जनम साखी गुरुनानक

CHECKED 1973
Initial GR

ੴ ਸਤਿਗੁਰਪ੍ਰਸਾਦਿ ॥

ਸਭ ਤੋਂ ਵੱਡੀ

ਜਨਮਸਾਖੀ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ

ਅਰਥਾਤ

ਭਾਈ ਬਾਲੇ ਵਾਲੀ ਜਨਮਸਾਖੀ

ਇਸ ਵਿੱਚ ਹੋਰਨਾਂ ਜਨਮਸਾਖੀਆਂ ਨਾਲੋਂ ਬਹੁਤ ਸਾਖੀਆਂ ਹੋਰ ਭੀ ਤਲਾਸ਼ ਕਰਕੇ ਲਿਖੀਆ ਹਨ, ਦਸਮ ਪਾਤਸ਼ਾਹੀ ਤਕ ਸਭਨਾਂ ਗੁਰੂ ਸਾਹਿਬਾਂ ਦਾ ਸੰਖੇਪਕ ਪ੍ਰਸੰਗ ਲਿਖਿਆ ਹੈ ਅਤੇ ਭਾਈ ਅਜਿੱਤੇ ਦੈਧਾਵੇ ਦੀ ਗੋਸ਼ਟ ਤੇ ਮੱਕੇ ਮਦੀਨੇ ਦੀ ਗੋਸ਼ਟ ਭੀ ਸਾਰੀ ਲਿਖੀ ਹੈ

(ਬਿ: ੧੯੬੯, ਨਾ: ੪੪੨, ਈ: ੧੯੧੨)

ਲਾਹੌਰ

ਰਾਇ ਸਾਹਿਬ ਮੁਨਸ਼ੀ ਗੁਲਾਬਸਿੰਘ ਐਂਡ ਸਨਜ਼

ਪ੍ਰਿੰਟਰਜ਼, ਪਬਲਿਸ਼ਰਜ਼, ਬੁਕਸੇਲਰਜ਼,

ਮਾਲਿਕਾਨ ਪੰਜਾਬ ਸੈਂਟਰਲ ਬੁਕ ਡਿਪੋ ਵ ਮੁਫ਼ੀਦਆਮ ਪ੍ਰੈਸ ਨੇ ਰਾਇ ਬਹਾਦਰ ਲਾਲਾ ਮੋਹਨਲਾਲ ਦੇ ਅਧਿਕਾਰ ਨਾਲ ਛਪਵਾਈ ॥

CC-0. Gurukul Kangri University Haridwar Collection. Digitized by S3 Foundation USA

CC-0. Gurukul Kangri University Haridwar Collection. Digitized by S3 Foundation USA

ੴ ਓਸਤਿਗੁਰਪ੍ਰਸਾਦਿ ॥

ਅਥ ਤਤਕਰਾ ਜਨਮ ਸਾਖੀ ਕਾ ਲਿਖਜਤੇ ॥

ਸਾਖੀਆਂ	ਪੰਨੇ
ਜਨਮਸਾਖੀ ਦੀ ਉਥਾਨਕਾ	੧
ਬਾਲੇ ਨੇ ਅੰਗਦ ਜੀ ਨੂੰ ਖੋਜਕੇ ਲੱਧਾ	੨
ਅੰਗਦ ਜੀ ਬਾਲੇ ਪਾਸੋਂ ਪੱਤ੍ਰੀ ਪੁਛੀ	੩
ਸਾਖੀ ਜਨਮ ਧਾਰਨ ਦੀ	੪
ਕਾਲੂ ਤੇ ਹਰਦਿਆਲ ਦਾ ਸੰਬਾਦ	੫
ਸਾਖੀ ਬਾਲਕਾਂ ਨਾਲ ਖੇਲਨ ਦੀ	੬
ਸਾਖੀ ਪਾਂਧੇ ਨਾਲ ਹੋਈ	੭
ਮਾਤਪਿਤਾ ਨੂੰ ਗੀਤਾ ਕਾ ਅਰਥ ਸੁਨਾਯਾ	੧੦
ਬਾਬੇ ਨੇ ਪੱਟੀ ਆਖੀ	੧੧
ਸਾਖੀ ਮੁੱਲਾਂ ਨਾਲ ਹੋਈ	੧੬
ਸਾਖੀ ਕੁਲ ਦੇ ਪਰੋਹਤ ਨਾਲ ਹੋਈ	੨੦
ਜਨੇਊ ਪਾਣ ਦੀ ਸਾਖੀ	੨੨
ਗਊ ਮਹਿਖ ਚਰਾਵਣੇ ਦੀ ਸਾਖੀ	੨੩
ਸ਼ੇਸ਼ਨਾਗ ਦੇ ਪਰਛਾਵੇਂ ਦੀ ਸਾਖੀ	੨੪
ਸਾਖੀ ਮਾਤਾ ਪਿਤਾ ਨਾਲ ਹੋਈ	੨੬
ਸਾਖੀ ਵੈਦ ਨਾਲ ਹੋਈ	੨੮
ਖਰੇ ਸੌਦੇ ਦੀ ਸਾਖੀ	੩੧
ਜੈਰਾਮ ਪਲਤੇ ਦੀ ਸਾਖੀ	੩੮
ਸਾਖੀ ਅਤੀਤ ਨਾਲ ਹੋਈ	੪੦
ਸਾਖੀ ਜੈਰਾਮ ਨਾਲ ਹੋਈ	੪੨
ਮੋਦੀਖਾਨੇ ਦੀ ਸਾਖੀ	੪੩
ਬਾਬੇ ਦੀ ਕੁੜਮਾਈ ਦੀ ਸਾਖੀ	੪੯
ਬਾਬੇ ਦੇ ਵਿਆਹ ਦੀ ਸਾਖੀ	੫੬
ਗੁਰੂਨਾਨਕ ਤੇ ਬੇਬੇ ਨਾਨਕੀ ਦਾ ਸੰਬਾਦ	੬੨
ਸਿਰੀ ਚੰਦ ਜੀ ਦੇ ਜਨਮ ਦੀ ਸਾਖੀ	੬੩
ਸਹੁਰੇ ਮੂਲੇ ਨਾਲ ਸਾਖੀ ਹੋਈ	੬੪
ਮੂਲਾ ਚੋਣਾ ਫ਼ਰਯਾਦੀ ਹੋਯਾ	੬੫
ਨਾਨਕ ਜੀ ਨਵਾਬ ਪਾਸ ਗਏ	੬੬
ਗੁਰੂ ਜੀ ਜੈਰਾਮ ਦੇ ਘਰ ਆਏ	੬੭
ਨਾਨਕ ਜੀ ਤੇ ਕਾਜੀ ਦੀਆਂ ਗੱਲਾਂ	੬੮
ਮਰਦਾਨਾ ਸੁਲਤਾਨਪੁਰ ਆਯਾ	੬੯
ਮਰਦਾਨਾ ਰਬਾਬ ਲੈਣ ਗਿਆ	੭੦
ਮਰਦਾਨਾ ਨਾਨਕੀ ਪਾਸੋਂ ਰੁਪੈਲੈਨ ਗਿਆ	੭੧

ਸਾਖੀਆਂ	ਪੰਨੇ
ਮਰਦਾਨਾ ਰਬਾਬ ਢੂੰਢਣ ਗਿਆ	੭੨
ਗੁਰੂ ਨਾਨਕ ਜੀ ਪਾਸ ਫਿਰੰਦਾ ਆਯਾ	੭੩
ਗੁਰੂਨਾਨਕਜੀ ਪਾਸੋਂ ਫਿਰੰਦਾ ਵਿਦਾ ਹੋਯਾ	੭੪
ਮਰਦਾਨਾ ਬੇਬੇ ਨਾਨਕੀ ਪਾਸ ਆਯਾ	੭੫
ਗੁਰੂਨਾਨਕ ਜੀ ਨਾਨਕੀ ਪਾਸ ਆਏ	੭੬
ਗੁਰੂ ਨਾਨਕ ਜੀ ਲਾਲੋ ਪਾਸ ਗਏ	੭੯
ਮਲਕ ਭਾਗੋ ਬ੍ਰਹਮਭੋਜ ਕੀਤਾ	੮੦
ਗੁਰੂ ਜੀ ਖਾਨਦੇ ਪੁਤ੍ਰ ਨੂੰ ਰਾਜੀ ਕੀਤਾ	੮੧
ਗੁਰੂਨਾਨਕ ਪਾਸੋਂ ਬਾਲਾ ਘਰ ਗਿਆ	੮੨
ਗੁਰੂਨਾਨਕ ਜੀ ਤਲਵੰਡੀ ਗਏ	੮੩
ਗੁਰੂਨਾਨਕ ਜੀ ਰਾਇਬੁਲਾਰ ਨੂੰ ਮਿਲੇ	੮੫
ਰਾਇਬੁਲਾਰ ਨਾਲ ਸਾਖੀ ਹੋਈ	੮੬
ਸਾਖੀ ਲਾਲੋ ਨਾਲ ਹੋਈ	੮੭
ਕੌਡੇ ਰਾਖ਼ਸ਼ ਦੀ ਸਾਖੀ	੮੮
ਬਿਸੰਭਰਪੁਰ ਦੀ ਸਾਖੀ	੯੦
ਸ਼ਾਲਸਰਾਇ ਜਵਾਹਰੀ ਦੀ ਸਾਖੀ	੯੩
ਗੁਰੂ ਨਾਨਕ ਜਾ ਮੱਛੀ ਪਰ ਗਏ	੯੫
ਦੇਵਲੂਤ ਦੀ ਸਾਖੀ	੯੭
ਰਾਜੇ ਭੀਖਨਸੈਨ ਦੀ ਸਾਖੀ	੧੦੦
ਕਲ ਦੀ ਸਾਖੀ	੧੦੧
ਝੰਡੇ ਬਾਢੀ ਦੀ ਸਾਖੀ	੧੦੨
ਰਾਜੇ ਸੁਧਰਸੈਨ ਦੀ ਸਾਖੀ	੧੧੧
ਸਿਲਮਿਲਾ ਦੀਪ ਦੀ ਸਾਖੀ	੧੧੨
ਰਾਜੇ ਮਧਰਬੈਣ ਦੀ ਸਾਖੀ	੧੧੪
ਸੂਰਨਪੁਰ ਦੀ ਸਾਖੀ	੧੧੫
ਸਾਖੀ ਧਰਮਸਿੰਘ ਨਾਲ ਹੋਈ	੧੧੯
ਸਾਖੀ ਰਾਜੇ ਕਵਲਨੈਨ ਨਾਲ ਹੋਈ	੧੨੦
ਪਿਛਲੀ ਸਾਖੀਆਂ ਦਾ ਭੱਤ	੧੨੩
ਸਾਖੀ ਮੱਕੇ ਮਦੀਨੇ ਦੇ ਜਾਨ ਦੀ	੧੨੪
ਸਵਾਲ ਜਵਾਬ ਸ਼ਾਹਸ਼ਰਫ਼ ਨਾਲ	੧੨੫
ਸਾਖੀ ਹਾਜੀਆਂ ਨਾਲ	੧੩੦
ਮੱਕੇ ਦੀ ਸਾਖੀ	੧੩੧
ਮਦੀਨੇ ਦੀ ਸਾਖੀ	੧੩੮

CC-0. Gurukul Kangri University Haridwar Collection. Digitized by S3 Foundation USA

ਸਾਖੀਆਂ	ਪੰਨੇ
ਸਾਖੀ ਬੇਬੇ ਨਾਨਕੀ ਨਾਲ ਹੋਈ	੨੩੫
ਗਰੂ ਜੀ ਬੇਬੇ ਪਾਸੋਂ ਵਿਦਾ ਹੋਏ	੨੩੬
ਸਾਖੀ ਅੰਮ੍ਰਿਤਰਸ ਚੋਣਦੀ	੨੩੭
ਗੁਰੂ ਜੀ ਹਿਮਾਚਲ ਪਰਬਤ ਪਰ ਗਏ	੨੩੮
ਸਾਖੀ ਸਿਰਧਾਰ ਪਰਬਤ ਦੀ	੨੩੮
ਸਾਖੀ ਊਨਾਂ ਪਰਬਤ ਦੀ	੨੪੧
ਸਾਖੀ ਸਿੱਧਾਂ ਨਾਲ ਹੋਈ	੨੪੨
ਸਾਖੀ ਸਿਲਕਾ ਪਰਬਤ ਦੀ	੨੪੪
ਸਿੱਧਾਂ ਨਾਲ ਗੋਸ਼ਟ	੨੪੫
ਨੌ ਨਾਥ ਚੌਰਾਸੀ ਸਿੱਧਾਂ ਦੇ ਨਾਮ	੨੬੫
ਸਾਖੀ ਦੱਤਾ ਤ੍ਰੈਉ ਅਵਧੂਤ ਨਾਲ ਹੋਈ	੨੬੭
ਸਾਖੀ ਕਾਗਭਸੁੰਡ ਨਾਲ ਹੋਈ	੨੬੯
ਸਾਖੀ ਅਲਲਾਚੀਨ ਪੰਛੀ ਨਾਲ ਹੋਈ	੨੭੧
ਸਾਖੀ ਪ੍ਰਹਲਾਦ ਨਾਲ ਹੋਈ	੨੭੨
ਸਾਖੀ ਜੰਗਲ ਦੇ ਪਰਬਤ ਦੀ	੨੭੩
ਸਾਖੀ ਧਰੂਅ ਭਗਤ ਦੀ	੨੭੪
ਸਾਖੀ ਸੱਚ ਖੰਡ ਦੀ	੨੭੫
ਅਕਾਲ ਪੁਰਖ ਦੇ ਦਰ ਦੀ ਉਸਤਿਤ	੨੭੬
ਗੁਰੂ ਜੀ ਸੱਚਖੰਡ ਥੋਂ ਧਰੂਅ ਪਾਸ ਆਏ	੨੭੭
ਸਾਖੀ ਸੀਲਾ ਪਰਬਤ ਦੀ	੨੭੮
ਸਾਖੀ ਅਹਾਰ ਪਰਬਤ ਦੀ	੨੭੯
ਸਾਖੀ ਸੀਲ ਸੈਣ ਨਾਲ ਹੋਈ	੨੮੦
ਸਾਖੀ ਇਕ ਸੰਤ ਨਾਲ ਹੋਈ	੨੮੨
ਸਾਖੀ ਨਵਾਂ ਖੰਡਾਂ ਦੀ	੨੮੩
ਸਾਖੀ ਰਾਮੇਸ਼ੁਰ ਦੀ	੨੮੮
ਸਹੰਸਰ ਨਾਮ ਉਚਾਰਿਆ	੨੮੯
ਮਰਦਾਨੇ ਨੂੰ ਵਸਤੀ ਭੇਜਿਆ	੨੯੪
ਸਾਖੀ ਸੱਜਣ ਠੱਗ ਦੀ	੨੯੫
ਸਾਖੀ ਸ਼ੇਖ ਸ਼ਰਫ਼ ਦੀ	੨੯੬
ਸਾਖੀ ਦਿੱਲੀ ਦੇ ਪਾਤਸ਼ਾਹ ਨਾਲ	੨੯੮
ਸਾਖੀ ਅੱਚਲ ਦੀ ਸਿੱਧਾਂ ਨਾਲ	੨੯੯
ਸਾਖੀ ਬੇਬੇ ਨਾਨਕੀ ਨਾਲ ਹੋਈ	੩੦੦
ਸਾਖੀ ਪਾਲੀ ਦੇ ਲੜਕੇ ਨਾਲ ਹੋਈ	੩੦੧
ਸਾਖੀ ਵਣਜਾਰੇ ਨਾਲ ਹੋਈ	੩੦੨
ਸਾਖੀ ਸਿਖ ਨਾਲ ਨਾਮ ਦੇ ਪ੍ਰਥਾਇ	੩੦੩
ਸਾਖੀ ਇਕ ਸਿੱਖ ਤ ਸ਼ਾਹੂਕਾਰ ਦੀ	੩੦੪

ਸਾਖੀਆਂ	ਪੰਨੇ
ਸਾਖੀ ਨਾਮ ਦੇ ਪ੍ਰਥਾਇ	੩੦੫
ਸਾਖੀ ਚੋਰਦੇ ਪ੍ਰਥਾਇ	੩੦੮
ਸਾਖੀ ਇੱਕ ਸਿੱਖ ਦੀ	੩੧੧
ਸਾਖੀ ਅਸਲੀ ਤੇ ਸਾਕਤ ਸਿੱਖ ਦੀ	੩੧੨
ਸਾਖੀ ਗੋਬਿੰਦ ਲੋਕਾਂ ਨਾਲ	੩੧੩
ਸਾਖੀ ਦੂਜੀ ਉਦਾਸੀ ਦੀ ਚਲੀ	੩੧੯
ਸਾਖੀ ਕਾਂਸ਼ੀ ਦੇ ਪੰਡਤ ਚਤਰਦਾਸ ਨਾਲ	੩੨੦
ਸਾਖੀ ਨਾਨਕ ਮਤੇ ਕੀ	੩੨੧
ਸਾਖੀ ਵਣਜਾਰੇ ਟਾਂਡੇ ਨਾਲ ਹੋਈ	੩੨੨
ਸਾਖੀ ਇਕ ਖੱਤ੍ਰੀ ਦੀ	੩੨੩
ਸਾਖੀ ਗੰਗਾ ਜੀ ਕੀ	੩੨੫
ਗੁਰੂ ਜੀ ਤੀਰਥ ਯਾਤ੍ਰਾ ਕੋ ਗਏ	੩੨੭
ਸਾਖੀ ਮਥਰਾ ਕੀ ਚਲੀ	੩੨੯
ਸਾਖੀ ਮਥਰਾ ਬਿੰਦ੍ਰਾਬਨ ਕੀ ਚਲੀ	੩੩੦
ਗਇਆ ਕੀ ਸਾਖੀ	੩੩੧
ਜਗਨਨਾਥ ਦੀ ਸਾਖੀ	੩੩੨
ਅਜੁਧਿਆ ਦੀ ਸਾਖੀ	੩੩੪
ਪ੍ਰਾਗਰਾਜ ਦੀ ਸਾਖੀ	੩੩੫
ਤ੍ਰਿਧਾ ਰਾਜ ਦੀ ਸਾਖੀ	੩੩੬
ਭੂਮੀਏ ਦੀ ਸਾਖੀ	੩੪੦
ਰਾਜੇ ਨੂੰ ਸੰਗਤ ਵਿੱਚੋਂ ਹੁਕਮ ਹੁਆ	੩੪੪
ਰਾਜੇ ਲੜਕੀ ਲੜਕਾ ਕਰਕੇ ਪਾਲੀ	੩੪੫
ਰਾਜੇ ਦੇ ਪੁਤ੍ਰ ਦਾ ਵਿਆਹ ਹੋਯਾ	੩੪੭
ਕਲਜੁਗ ਦੀ ਸਾਖੀ	੩੪੮
ਸਾਖੀ ਸ਼ਾਹੂਕਾਰ ਦੇ ਪ੍ਰਸਾਦ ਦੀ	੩੫੪
ਖਤ੍ਰੀ ਦੇ ਪ੍ਰਥਾਇ ਅਲਾਹਣੀਆਂ	੩੫੫
ਸਾਖੀ ਮਰਦਾਨੇ ਦੇ ਪਰਥਾਇ	੩੫੬
ਲੋਕਾਂ ਰਾਜੇ ਪਾਸੋਂ ਮੀਂਹ ਮੰਗਿਆ	੩੫੭
ਕੀੜੀ ਨਗਰ ਦੀ ਸਾਖੀ	੩੫੮
ਦੋਹ ਗਿਰਾਵਾਂ ਦੀ ਸਾਖੀ	੩੬੦
ਸ਼ੇਖ਼ ਫ਼ਰੀਦ ਨਾਲ ਗੋਸ਼ਟ	੩੬੧
ਬਾਢੀ ਸਿੱਖ ਦੀ ਸਾਖੀ	੩੬੫
ਝੰਡੇ ਬਾਢੀ ਦੀ ਸਾਖੀ	੩੬੭
ਝੰਡਾ ਬਾਢੀ ਭਲਵਾਨ ਨਾਲ ਘੁਲਿਆ	੩੬੮
ਮੀਏਂ ਮਿੱਠੇ ਦੀ ਸਾਖੀ	੩੬੯
ਸੈਦੇ ਘਿਓ ਦੀ ਸਾਖੀ	੩੭੪

CC-0. Gurukul Kangri University Haridwar Collection. Digitized by S3 Foundation USA

ਸਾਖੀਆਂ	ਪੰਨੇ
ਗੁਰੂ ਜੀ ਪੰਜਾਬ ਨੂੰ ਮੁੜੇ	੩੭੬
ਮਰਦਾਨੇ ਨੂੰ ਖੱਖੜੀਆਂ ਦਿਤੀਆਂ	੩੭੭
ਗੁਰੂ ਜੀ ਤਲਵੰਡੀ ਆਏ	੩੭੯
ਸਾਖੀ ਮਾਤਾ ਪਿਤਾ ਨਾਲ ਹੋਈ	੩੮੦
ਰਾਵੀ ਦੇ ਕਿਨਾਰੇ ਦੀ ਸਾਖੀ	੩੮੧
ਸਾਖੀ ਦੋਦੇ ਨਾਲ ਹੋਈ	੩੮੪
ਸਾਖੀ ਕਰੋੜੀਏ ਨਾਲ ਹੋਈ	੩੮੫
ਸਾਖੀ ਮਾਤਾ ਪਿਤਾ ਨਾਲ ਹੋਈ	੩੮੬
ਗੁਰੂ ਜੀ ਮਾਤਾ ਪਿਤਾਨੂੰ ਉਪਦੇਸ਼ਦਿਤਾ	੩੮੭
ਸਾਖੀ ਰਾਮਤੀਰਥ ਪਰ ਹੋਈ	੩੮੮
ਸਾਖੀ ਬ੍ਰਹਮਚਾਰੀ ਨਾਲ ਹੋਈ .	੩੯੨
ਦੁਨੀਚੰਦ ਦੀ ਸਾਖੀ	੩੯੩
ਗੁਰੂ ਜੀ ਸੁਲਤਾਨਪੁਰ ਆਏ	੩੯੬
ਸਾਖੀ ਘਰ ਦੀ ਦਾਸੀ ਨਾਲ ਹੋਈ	੩੯੭
ਬਾਬਾ ਜੀ ਸੈਦਪੁਰ ਗਏ	੩੯੮
ਸੈਦਪੁਰ ਦੇ ਉਜੜਨ ਦੀ ਸਾਖੀ	੩੯੯
ਸਾਖੀ ਮੀਰ ਬਾਬਰ ਨਾਲ	੪੦੦
ਸਾਖੀ ਬਾਲੀਏਂ ਨਾਲ ਹੋਈ	੪੦੧
ਰਾਜੇ ਸ਼ਿਵਨਾਭ ਦੀ ਸਾਖੀ	੪੦੩
ਸਾਖੀ ਸ਼ੇਖ ਬ੍ਰਹਮ ਨਾਲ ਹੋਈ	੪੦੮
ਸਾਖੀ ਇਕ ਸਿੱਖ ਨਾਲ ਹੋਈ	੪੧੩
ਸਾਖੀ ਸਿੱਖ ਦੇ ਪੁਤ੍ਰ ਜੀਵਾਵਨ ਦੀ	੪੧੪
ਸਾਖੀ ਸਿੱਖ ਦੇ ਲੜਕਾ ਵੇਚਨ ਦੀ	੪੧੫
ਸੰਤਾਂ ਦੇ ਮਿਲਨ ਦੇ ਫਲ ਦੀ ਸਾਖੀ	੪੧੬
ਸਾਖੀ ਆਰਤੀ ਸੋਹਿਲੇ ਦੀ	੪੧੭
ਸਾਖੀ ਘੋਹੇ ਜੱਟ ਦੀ	੪੨੩
ਸਾਖੀ ਸੰਤਾਂ ਨਾਲ ਹੋਈ	੪੩੩
ਸਾਖੀ ਅਰਬ ਦੇਸ਼ ਦੇ ਪਾਤਸ਼ਾਹ ਨਾਲ	੪੩੪
ਸਾਖੀ ਪਾਤਸ਼ਾਹ ਤੇ ਖਿਲਤੇ ਦੀ	੪੩੫
ਬਾਦਸ਼ਾਹ ਨੂੰ ਸਿੱਖ ਕੀਤਾ	੪੩੭
ਸਾਖੀ ਪਠਾਨ ਨਾਲ ਹੋਈ	੪੩੮
ਸਾਖੀ ਭਗਤਾਂ ਨਾਲ ਹੋਈ	੪੪੦
ਸਾਖੀ ਮ੍ਰਿਗ ਦੇ ਪ੍ਰਥਾਇ	੪੪੪
ਭੁਵਰੇ ਦੇ ਪ੍ਰਥਾਇ ਸ਼ਬਦ ਕਹਿਆ	੪੪੫
ਸਾਖੀ ਸ਼ੀਵਰ ਦੇ ਜਾਲ ਕੇ ਪ੍ਰਥਾਇ	੪੪੬
ਇਕ ਨਦੀ ਦਾ ਵਾਹ ਵਿਛੜਿਆ ਦੇਖਕੇ	

ਸਾਖੀਆਂ	ਪੰਨੇ
ਸ਼ਬਦ ਕਹਾ	੪੪੬
ਸਾਖੀ ਸ਼ਹੁ ਸੁਹਾਗਣ ਫਕੀਰ ਨਾਲ	੪੪੭
ਸਾਖੀ ਇਕ ਸਿੱਖ ਨਾਲ ਹੋਈ	੪੫੦
ਸਿੱਖ ਨੇ ਬਚਨ ਤੇ ਪੁਤ੍ਰੀ ਵੇਚੀ	੪੫੧
ਸਾਖੀ ਪੰਛੀਆਂ ਦੇ ਘਰ ਪਰਾਹੁਣੇ	੪੫੨
ਸਾਖੀ ਵੀਰਾਂ ਨਾਲ ਹੋਈ	੪੫੩
ਸਾਖੀ ਪੀਰ ਜਲਾਲ ਦੇ ਨਾਲ ਹੋਈ	੪੫੫
ਸਾਖੀ ਸਿੱਧਾਂ ਨਾਲ ਹੋਈ	੪੫੭
ਸਾਖੀ ਭਰਥਰੀਨਾਥ ਦੀ	੪੫੮
ਸਾਖੀ ਕਲਕਤੇ ਦੀ	੪੬੩
ਸਾਖੀ ਸੱਯਦ ਜਲਾਲ ਨਾਲ ਹੋਈ	੪੬੪
ਜਲਾਲ ਗੁਰਮੁਖਾਂ ਦੀ ਖਬਰ ਨੂੰ ਗਿਆ	੪੬੬
ਗੁਰਮੁਖਾਂ ਨੂੰ ਭੋਜਨ ਉਤਰਿਆ	੪੬੭
ਸੱਯਦਜਲਾਲਨੂੰ ਗੁਰਮੁਖਾਂ ਕੱਢ ਦਿੱਤਾ	੪੬੯
ਜੁਗਾਵਲੀ	੪੭੦
ਕੰਧਾਰ ਤੇ ਵਲੀ ਕੰਧਾਰੀ ਦੀ ਸਾਖੀ	੪੭੬
ਮਰਦਾਨੇ ਨਾਲ ਉਤ੍ ਪ੍ਰਸ਼ਨ	੪੭੮
ਸਾਖੀ ਕਾਬਲ ਵਿਚ ਮਾਲੇ ਖੱਤ੍ਰੀ ਨਾਲ	੪੭੯
ਸਾਖੀ ਬਾਲ ਗੁੰਦਾਈ ਨਾਲ ਹੋਈ	੪੮੨
ਸਾਖੀ ਇੱਕ ਰਾਜਾ ਨਾਲ ਹੋਈ	੪੮੩
ਸਾਖੀ ਕੁਟੰਤਰ ਦੇਸ਼ ਦੇ ਰਾਜਾ ਨਾਲ	੪੮੫
ਸਾਖੀ ਸਮੁੰਦ੍ ਦੇ ਗ੍ਰਾਮ ਰੋੜ੍ਹਨੇ ਦੀ	੪੮੬
ਸਾਖੀ ਦੇਵ ਨਾਲ ਹੋਈ	੪੮੭
ਸਾਖੀ ਗ੍ਰਾਮ ਸਾੜਨ ਦੀ ਦੇਵ ਨਾਲ	੪੮੮
ਸਾਖੀ ਰਾਵੀ ਤੇ ਆਏ	੪੯੦
ਸਾਖੀ ਅਬਦੁਲਰਹਿਮਾਨ ਨਾਲ	੪੯੧
ਸਾਖੀ ਮਰਦਾਨੇ ਨਾਲ ਹੋਈ	੪੯੨
ਸਾਖੀ ਕੋਹੜੀ ਫ਼ਕੀਰ ਨਾਲ	੪੯੩
ਉਨ੍ਹਾਂ ਲੋਕਾਂ ਨੂੰ ਸਾਖੀ ਸੁਣਾਈ	੪੯੫
ਰਾਜਾ ਤੇ ਚੋਰ ਦੀ ਸਾਖੀ	੪੯੭
ਸਾਖੀ ਪਠਾਣਾਂ ਦੇ ਦੇਸ ਦੀ	੪੯੯
ਸਾਖੀ ਕਾਬਲ ਦੀ ਮਸੀਤ ਦੀ	੫੦੫
ਸਾਖੀ ਮੂਲੇ ਖੱਤ੍ਰੀ ਨਾਲ ਹਈ	੫੦੭
ਸਾਖੀ ਕਸ਼ਮੀਰ ਦੀ	੫੦੮
ਕਸ਼ਮੀਰ ਦੇ ਅਧਾਲੀ ਦੀ ਸਾਖੀ	੫੦੯
ਕਸ਼ਮੀਰ ਦੇ ਲੋਕ ਆਏ	੫੧੦

CC-0. Gurukul Kangri University Haridwar Collection. Digitized by S3 Foundation USA

ਸਾਖੀਆਂ	ਪੰਨੇ
ਸਾਖੀ ਕਸ਼ਮੀਰ ਦੇ ਪੰਡਤ ਨਾਲ	੫੧੧
ਅਜੱਤੇ ਰੰਧਾਵੇ ਦੀ ਸਾਖੀ	੫੧੩
ਸਾਖੀ ਸਮੁੰਦ੍ ਦੀ	੫੪੬
ਸਾਖੀ ਹਾਰੂ ਦੇਸ਼ ਦੀ	੫੪੭
ਸਾਖੀ ਸਿੱਖਾਂ ਨੂੰ ਸੁਣਾਈ	੫੪੮
ਬ੍ਰਹਮਣ ਦੀ ਸਾਖੀ	੫੪੯
ਧਨੀ ਕੋ ਜਮਾਂ ਨੇ ਪਕੜਿਆ	੫੫੧
ਲਛਮੀ ਤੇ ਧਨੀ ਦਾ ਸੰਵਾਦ	੫੫੨
ਸਾਖੀ ਬਘਿਆੜ ਦੇ ਪ੍ਰਥਾਇ	੫੫੩
ਸਾਖੀ ਰਾਖਸ਼ਾਂ ਨਾਲ ਹੋਈ	੫੫੪
ਸਾਖੀ ਸਿੱਧਾਂ ਨਾਲ ਹੋਈ	੫੫੫
ਲੰਕਾ ਦੇ ਟਾਪੂ ਦੀ ਸਾਖੀ	੫੫੭
ਸਾਖੀ ਭਬੀਖਨ ਨਾਲ	੫੫੮
ਬਗ਼ਦਾਦ ਦੀ ਸਾਖੀ	੫੬੦
ਸਾਖੀ ਮਰਦਾਨੇ ਦੇ ਚਲਾਨੇ ਦੀ	੫੬੪
ਸਾਖੀ ਮੁਲਤਾਨ ਦੇ ਪੀਰਾਂ ਨਾਲ	੫੬੬
ਸਾਖੀ ਨੁਸ਼ਹਿਰੇ ਵਿਚ ਧਨੀ ਨਾਲ	੫੬੭
ਸਾਖੀ ਕੌਨਿਆਂ ਨਾਲ ਹੋਈ	੫੭੦
ਸਜਾਦੇ ਕੋ ਖੁਰਮੇ ਸ਼ਹਿਰ ਲੈ ਗਏ	੫੭੩
ਸਾਖੀ ਮੂਲੇ ਖੱਤ੍ਰੀ ਨਾਲ	੫੭੪
ਸਾਖੀ ਸੱਜਨ ਠੱਗ ਨਾਲ	੫੭੫
ਸਾਖੀ ਕੰਧਾਰ ਦੇ ਫਕੀਰਾਂ ਨਾਲ ਹੋਈ	੫੭੬
ਸਾਖੀ ਦੀਨਾਨਾਥ ਤੇ ਦਿਆਲ ਨਾਲ	੫੭੭
ਸਾਖੀ ਮੂਲੇ ਬ੍ਰਾਣੀਏਂ ਨਾਲ ਹੋਈ	੫੭੮
ਸਾਖੀ ਮੂਲੇ ਦੋਨੋ ਨਾਲ ਹੋਈ	੫੭੯
ਸਾਖੀ ਪਿਤਾ ਕਾਲੂ ਨਾਲ ਹੋਈ	੫੮੧
ਸਾਖੀ ਸਿੱਧਾਂ ਨਾਲ ਹੋਈ	੫੮੩
ਸਾਖੀ ਅਬਦੁਲ ਰਹਿਮਾਨ ਨਾਲ	੫੮੫
ਸਾਖੀ ਉਬਾਰੇ ਖਾਂ ਨਾਲ	੫੮੭
ਸਾਖੀ ਦਾਊਦ ਜੁਲਾਹੇ ਦੀ	੫੮੮
ਸਾਖੀ ਬ੍ਰਹਮਖਾਂ ਲੋਦੀ ਨਾਲ ਹੋਈ	੫੮੯

ਸਾਖੀਆਂ	ਪੰਨੇ
ਸਾਖੀ ਬਾਬਰ ਨਾਲ	੫੯੦
ਸਾਖੀ ਮਾਲੋ ਤਰਖਾਨ ਨਾਲ ਹੋਈ	੫੯੧
ਸਾਖੀ ਬੁੜੇ ਰੰਧਾਵੇ ਨਾਲ	੫੯੩
ਸਾਖੀ ਗੁਰੂ ਅੰਗਦ ਜੀ ਦੇ ਮਿਲਣ ਦੀ	੫੯੪
ਸਾਖੀ ਗੁਰੂ ਅੰਗਦ ਜੀ ਸੁਣਾਈ	੫੯੫
ਸਾਖੀ ਮੁਰਦੇ ਦੇ ਖਾਣ ਦੀ	੬੦੩
ਗੁਰੂ ਜੀ ਅੰਗਦ ਪਰ ਖੁਸ਼ੀ ਹੋਏ	੬੦੪
ਗੁਰਿਆਈ ਅੰਗਦ ਜੀ ਨੂੰ ਦਿੱਤੀ	੬੦੫
ਕਮਲੇ ਨੂੰ ਵਿਦਾ ਕੀਤਾ	੬੦੬
ਗੁਰੂ ਨਾਨਕ ਜੀ ਸਿਧਾਨੇ	੬੦੭
ਬਾਬੇ ਜੀ ਦੀ ਬਾਲੇ ਨਾਲ ਚਰਚਾ	੬੦੮
ਬਾਲੇ ਨੇ ਸਿੱਖਾਂ ਨੂੰ ਧੀਰਜ ਦਿੱਤੀ	੬੦੯
ਕਾਲ ਨਾਲ ਚਰਚਾ ਹੋਈ	੬੧੦
ਸੰਗਤ ਬਿਆਕੁਲ ਹੋਈ	੬੧੧
ਗੁਰੂ ਅੰਗਦ ਜੀ ਕੋ ਸਿੱਖ ਮਿਲੇ	੬੧੨
ਪਿਛਲੀ ਸਾਖੀ ਬਾਲੇ ਸੁਣਾਈ	੬੧੩
ਗੁਰੂਅੰਗਦਜੀ ਸਿੱਖਾਂਨੂੰਸਾਖੀਸੁਣਾਈ	੬੧੫
ਗੁਰੂਜੀ ਨੇ ਅੰਗਦਕੋ ਉਪਦੇਸ਼ ਦੀਆ	੬੧੬
ਜਪੁ ਮਹਾਤਮ ਕਹਾ	੬੧੭
ਗੁਰੂਅੰਗਦਜੀਸਮਾਧੀਆਂਦੀਨਗਰੀਗਏ	੬੧੮
ਗੁਰੂਅੰਗਦਜੀ ਕੋ ਸੁੰਨਸਮਾਧੀ ਮਿਲੇ	੬੧੯
ਸਾਖੀ ਬਾਲੇ ਦੀ ਤੇ ਅੰਗਦ ਜੀ ਦੀ	੬੨੦
ਗੁਰੂ ਅੰਗਦ ਜੀ ਨਾਲ ਹੋਰ ਸਾਖੀ	੬੨੩
ਗੁਰੂ ਅੰਗਦ ਜੀ ਨੇ ਕਟੋਰਾ ਕੱਢਿਆ	੬੨੪
ਚਲਾਣੇ ਦੀ ਸਾਖੀ	੬੨੫
ਬਾਬੇ ਜੀ ਗੁਰੂ ਅੰਗਦ ਕੋ ਗੱਦੀ ਦਿੱਤੀ	੬੨੯
ਗੁਰੂ ਜੀ ਦਸਮੀ ਨੂੰ ਸਮਾਏ	੬੩੦
ਬੇਟਿਆਂ ਨਾਲ ਬਾਤਾਂ	੬੩੧
ਸ੍ਰੀ ਬਾਬੇ ਜੀ ਦੀ ਚੜ੍ਹਾਈ	੬੩੨
ਨਵਾਂ ਗੁਰੂ ਸਾਹਿਬਾਂ ਦਾ ਹਾਲ	੬੩੪
ਚਮਕੌਰ ਦਾ ਜੰਗ	੬੫੫

CC-0. Gurukul Kangri University Haridwar Collection. Digitized by S3 Foundation USA

ੴ ਸਤਿਨਾਮੁਕਰਤਾਪੁਰਖੁਨਿਰਭਉਨਿਰਵੈਰੁ
ਅਕਾਲਮੂਰਤਿਅਜੂਨੀਸੈਭੰਗੁਰਪ੍ਰਸਾਦਿ ॥

ਅਥ ਜਨਮ ਸਾਖੀ ਸ੍ਰੀਗੁਰੂ ਨਾਨਕ ਸਾਹਿਬ ਜੀ ਦੀ ਲਿਖਜਤੇ

ਸ੍ਰੀ ਵਾਹਿਗੁਰੂ ਜੀ ਸਹਾਇ ॥ ਸੰਮਤ ੧੫੯੭ ॥ ਮਿਤੀ ਬੈਸਾਖ ਸੁਦੀ ਪੰਚਮੀ ਨੂੰ ਪੈੜੇਮੋਖੇ ਸੁਲਤਾਨਪੁਰਦੇ ਖਤਰੇਦੇ ਨੇ ਪੋਥੀ ਲਿਖੀ ॥ ਇਕ ਦਿਨ ਗੁਰੂ ਅੰਗਦਜੀ ਖਡੂਰ ਵਿਚ ਬੈਠੇ ਸੇ ਸ੍ਰੀ ਗੁਰੂ ਨਾਨਕਜੀ ਕੇ ਪ੍ਰੇਮਕਾ ਵਿਯੋਗ ਹੋਣੇਕਰ ਧਿਆਨ ਵਿਚ ਮਗਨ ਬੈਠੇ ਸੇ ਤਾਂ ਸ੍ਰੀ ਗੁਰੂਅੰਗਦਜੀਦੇ ਮਨ ਵਿੱਚ ਏਹ ਫੁਰੀ ਜੋ ਮੇਰੇ ਸਤਿਗੁਰੂ ਨਾਨਕ ਜੀ ਪੂਰਨ ਪੁਰਖਸੇ ਉਸ ਵਿੱਚ ਅਤੇ ਸ੍ਰੀ ਪ੍ਰਮੇਸ਼ੁਰ ਵਿੱਚ ਭੇਦਕਛੁ ਨਾਹੀਂ ਸੀ ਦੇਖਾ ਮੇਰੇ ਗੁਰੂ ਜਨਮ ਕਿਸ ਰੌਂ ਸਲੀਤਾਹੈ ਕੋਈ ਐਸਾ ਸਿਖ ਹੋਵੈ ਜੋ ਸ੍ਰੀਗੁਰੂਕੀ ਕਥਾ ਸੁਨਾਵੈ, ਤਾਂ ਭਾਈ ਬੁੱਢਾ ਜੀ ਬੋਲਿਆ ਗੁਰੂ ਜੀ ਐਸਾ ਸਿਖ ਤੋ ਬਾਲਾਸੰਧੂ ਹੈਤਲਵੰਡੀ ਰਾਇਭੋਇਦੀਰਹਿੰਦਾਹੈ ਓਹ ਅਤੇ ਮਰਦਾਨਾਦੋਵੇਂ ਸ੍ਰੀ ਗੁਰੂਨਾਨਕਜੀ ਦੇ ਨਾਲ ਰਹੇਹੈਨ ਓਹਨਾ ਸਭ ਕੌਤਕ ਦੇਖੇ ਹੈਨ ਉਸਨੂੰ ਆਪਬੁਲਾਵੋ ਓਹ ਸਭਕਥਾਸੁਨਾਵੇਗਾ ਜਾਂ ਏਹਬ੍ਰਿਤਾਂਤ ਖਡੂਰ ਵਿੱਚ ਹੋਯਾਤਾਂ ਗੁਰੂਅੰਗਦਜੀਮਨਵਿਚਬਾਲੇਨੂੰ ਯਾਦਕੀਤਾ ਤਾਂ ਤਲਵੰਡੀ ਵਿੱਚ ਭਾਈ ਬਾਲਾ ਬੈਠਾਸੀ ਤੇਸ੍ਰੀਗੁਰੂ ਨਾਨਕਜੀਦੀਆਂਬਾਰਤਾਂ ਸਿੱਖਾਂ ਨਾਲ ਕਰਦਾਸੀ ਤਾਂ ਬਾਲੇ ਆਖਿਆ ਭਾਈ ਸ੍ਰੀ ਗੁਰੂ ਨਾਨਕ ਜੀ ਤਾਂ ਬੈਕੁੰਠ ਧਾਮਨੂੰ ਗਏ ਅਪਣੇ ਅਸਥਾਨ ਕਿਸਨੂੰ ਬਠਾ ਗਏ ਹੈਨ ਤਾਂ ਇਕ ਸਿੱਖ ਬੋਲਿਆ ਭਾਈ ਕਿ ਸੇ ਪਾਸੋਂ ਸੁਣਿਆਹੈ ਜੋ ਇੱਕ ਸ੍ਰੀਅੰਗਦ ਨਾਮ ਖਤ੍ਰੀ ਹੈਤ੍ਰਿਹਣਜਾਤ ਹੈ ਫੇਰੂ ਦਾ ਪੁੱਤ੍ਰ ਹੈ ਓਸਨੂੰ ਬਾਬਾ ਨਾਨਕ ਜੀ ਆਪਣੇ ਅਸਥਾਨ ਤੇ ਬੈਠਾ ਗਏ ਹੈਨ ਭਾਈ ਬਾਲਾ ਏਹੋ ਚਾਹੁੰਦਾਸੀ ਜੋ ਗੁਰੂ ਪ੍ਰਗਟ ਹੋਵੇ ਤਾਂ ਦਰਸ਼ਨ ਕਰਨ ਜਾਈ ਏ ਜਿਸ ਵੇਲੇ ਭਾਈ ਬਾਲੇ ਸੁਣਿਆ ਜੋ ਸ੍ਰੀ ਅੰਗਦਜੀ ਗੁਰੂ ਹੋਯਾ ਹੈ ਤੇ ਖਡੂਰ ਮੈਂ ਰਹਿੰਦਾ ਹੈ ਏਹ ਸੁਣਕੇ ਭਾਈ ਬਾਲਾ ਸ੍ਰੀ ਗੁਰੂ ਅੰਗਦਾ ਜੀ ਦੇ ਦਰਸ਼ਨਨੂੰ ਆਯਾ ਜੋ ਕੁਛ ਸ਼ਕਤ ਆਹੀ ਸੋ ਪ੍ਰਸਾਦ ਵੇਟਾ ਲੈ ਆਯਾ ਖਡੂਰ ਜੀਆ ਪਹੁਤਾ ਅੱਗੇ ਸ੍ਰੀ ਗੁਰੂਅੰਗਦਜੀ ਛਪੇ ਰਹਿੰਦੇ ਸੇ ਤਾਂ ਭਾਈ ਬਾਲਾ ਪੁੱਛਕੇ ਜਿੱਥੇ ਗਰੂ ਜੀ ਰਹਿੰਦੇ ਸੇ ਤਿੱਥੇ ਆਯਾ ਤਾਂ ਅੱਗੇ ਸ੍ਰੀ ਗੁਰੂ ਅੰਗਦ ਜੀ ਅੰਦਰ ਬੈਠੇ ਸਨ ਭਾਈ ਬਾਲੇ ਜਾਕੈ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਅੰਗਦਜੀ ਬੋਲੇ ਆਉ ਭਾਈ ਸਿੱਖਾ ਕਰਤਾਰ ਕਰਤਾਰ ਬੈਠੋ ਭਾਈ ਜੀ ਤਾਂ ਭਾਈ ਬਾਲਾ ਬੈਠ ਗਿਆ ਸ੍ਰੀ ਗਰੂ ਅੰਗਦ ਜੀ ਹੋਰ ਪਾਸੇ ਤੋਂ ਬ੍ਰਿਤੀ ਸੰਕੋਚ ਕਰ ਭਾਈ ਬਾਲੇ ਨਾਲ ਬਾਰਤਾ ਕਰਨ ਲੱਗੇ ਭਾਈ ਬਾਲੇ ਨੂੰ ਪੁੱਛਨ ਲੱਗੇ ਭਾਈ ਸਿੱਖਾ ਕਿੱਥੋਂ ਆਇਆ ਹੈਂ ਅਤੇ ਕੌਣ ਹੈਂ ਦੇ ਹੋ ਜੀ ਤੇ ਕਿਉਂਕਰ ਆਉਣਾ ਹੋਯਾ ਹੈ ਤਾਂ

CC-0. Gurukul Kangri University Haridwar Collection. Digitized by S3 Foundation USA

ਅੰਗਦ ਜੀ ਪਾਸ ਆਏ ਆਣ ਕਰਕੇ ਜਨਮ ਪੱਤ੍ਰੀ ਸ੍ਰੀ ਗੁਰੂ ਜੀ ਦੇ ਅੱਗੇ ਰਖੀ ਅਤੇ ਮੱਥਾ ਟੇਕਿਆ ਤੇ ਭਾਈ ਲਾਲੂ ਦੀ ਭੇਟਾ ਦਿੱਤੀ ਮੱਥਾ ਵੀ ਟੇਕਿਆ ਤਾਂ ਦੇਖਕਰ ਸ੍ਰੀ ਗੁਰੂ ਅੰਗਦ ਜੀ ਖੁਸ਼ੀ ਹੋਏ ਤੇ ਆਖਣ ਲੱਗੇ ਭਾਈ ਬਾਲਾ ਤੈਨੂੰ ਕਰਤਾਰ ਚਿੱਤ ਆਵੇ ਅਜ ਤੁਸਾਂ ਅਸਾਨੂੰ ਸ੍ਰੀ ਗੁਰੂ ਨਾਨਕ ਜੀਦਾ ਦਰਸ਼ਨ ਕਰਾਇਆ ਹੈ ਤਾਂ ਗੁਰੂ ਅੰਗਦ ਜੀ ਜਨਮ ਪੱਤ੍ਰੀ ਹੱਥ ਲੈਕਰ ਅੱਖੀਆਂ ਤੇ ਰਖੀ ਅਤੇ ਸਿਰ ਤੇ ਰਖੀ ਜਾਂ ਖੋਲ੍ਹਕਰ ਦੇਖੀ ਤਾਂ ਅੱਖਰ ਸ਼ਾਸਤ੍ਰੀ ਹੈਨ ਤਾਂ ਗੁਰੂ ਅੰਗਦਜੀ ਵੀਚਾਰਕੀਤਾ ਜੋ ਕੋਈ ਅਜੇਹਾ ਸਿੱਖ ਹੋਵੇ ਜੋ ਦੋਵੇਂ ਅੱਖਰ ਪੜ੍ਹਿਆ ਹੋਵੇ ਅਤੇ ਦੋਵੇਂ ਲਿਖਣ ਜਾਣੇ ਤਾਂ ਮਹਿਮਾ ਖਹਿਰਾ ਜੱਟ ਬੋਲਿਆ ਜਿਸਦੇ ਘਰ ਸ੍ਰੀ ਗੁਰੂ ਅੰਗਦਜੀ ਰਹਿੰਦੇ ਸੇ ਉਸ ਆਖਿਆ ਗੁਰੂਜੀ ਸੁਲਤਾਨਪੁਰ ਵਿੱਚ ਪੈੜਾ ਮੋਖਾ ਖਤ੍ਰੀ ਹੈ ਓਹ ਦੋਵੇਂ ਅੱਖਰ ਪੜ੍ਹਿਆ ਹੈ ਅਤੇ ਦੋਵੇਂ ਅੱਖਰ ਲਿਖਦਾ ਹੈ ਤਾਂ ਗੁਰੂ ਅੰਗਦਜੀ ਕਹਿਆ ਭਾਈ ਮਹਿਮਾ ਉਸਨੂੰ ਜ਼ਰੂਰ ਆਂਦਾ ਚਾਹੀਏ ਤਾਂ ਮਹਿਮੇਆਖਿਆ ਭਲਾ ਗੁਰੂਜੀ ਮੈਂ ਜਾਂਦਾ ਹਾਂ ਮੇਰੇ ਆਖੇ ਝੱਬ ਆਵੇਗਾ ਤਾਂ ਮਹਿਮਾ ਸੁਲਤਾਨਪੁਰ ਗਿਆ ਪੈੜੇ ਮੋਖੇ ਨੂੰ ਲੈ ਆਇਆ ਤਾਂ ਪੈੜੇ ਮੋਖੇ ਆਇਕਰ ਸ੍ਰੀ ਗੁਰੂ ਅੰਗਦ ਜੀ ਅੱਗੇ ਮੱਥਾ ਟੇਕਿਆ ਤਾਂ ਗੁਰੂ ਅੰਗਦਜੀ ਉਸ ਤਾਂਈਂ ਜਨਮ ਪੱਤ੍ਰੀ ਦਿਖਾਈ ਤਾਂ ਭਾਈ ਪੈੜੇ ਤਾੜ ਤਾੜ ਵਾਚ ਸੁਨਾਈ, ਤਾਂ ਗੁਰੂ ਅੰਗਦ ਜੀ ਸੁਣਕਰ ਖ਼ੁਸ਼ ਹੋਏ ਤਾਂ ਸ੍ਰੀ ਗੁਰੂ ਅੰਗਦ ਜੀ ਆਖਿਆ ਸੁਣ ਭਾਈ ਪੈੜਾ ਏਹ ਜਨਮ ਪੱਤ੍ਰੀ ਸਾਨੂੰ ਗੁਰਮੁਖੀ ਅੱਖਰਾਂ ਵਿੱਚ ਲਿਖ ਦੇਹੁ ਤਾਂ ਭਾਈ ਪੈੜੇ ਆਖਿਆ ਭਲਾ ਗੁਰੂਜੀ ਕਾਗਤ ਸਿਆਹੀ ਅਤੇ ਕਲਮ ਮੰਗਵਾਦੇਓ ਤਾਂ ਮੈਂ ਲਿਖਦੇਂਦਾ ਹਾਂ ਸ੍ਰੀ ਗੁਰੂ ਅੰਗਦ ਜੀ ਨੇ ਕਾਗਤ ਅਤੇ ਸਿਆਹੀ ਅਰ ਕਲਮ ਮੰਗਵਾ ਦਿੱਤੀ ਤਾਂ ਭਾਈ ਪੈੜੇ ਮੋਖੇ ਜਨਮ ਪੱਤ੍ਰੀ ਲਿਖੀ ਅਤੇ ਸ੍ਰੀ ਗੁਰੂ ਅੰਗਦ ਜੀ ਲਿਖਵਾਈ ਪਰ ਮੁਖ ਸੇਤੀ ਭਾਈ ਬਾਲੇ ਸੰਧੂ ਦੇ ਅੱਗੇ ਅੱਖਰ ਸ਼ਾਸਤ੍ਰੀ ਸਾਰੇ ਸੰਸਾਰ ਮੇਂ ਪਰਸਿਧ ਹੈਗੇ ਸਨ ਏਹ ਗੁਰਮੁਖੀ ਅੱਖਰ ਸ੍ਰੀ ਗੁਰੂ ਨਾਨਕ ਜੀ ਬਣਾਏ ਅਤੇ ਸ੍ਰੀ ਗੁਰੂ ਅੰਗਦ ਜੀ ਜਗਤ ਵਿੱਚ ਵਰਤਾਏ ਐਸੇ ਪਰਉਪਕਾਰੀ ਗੁਰੂ ਜੀ ਨੇ ਜਗਤ ਦੇ ਉਧਾਰ ਕਰਨ ਦੇ ਵਾਸਤੇ ਗੁਰਮੁਖੀ ਅੱਖਰ ਬਨਾਏ ਕਿਉਂ ਜੋ ਸਹੰਸਕ੍ਰਿਤ ਸਮਝਨੀ ਪੜ੍ਹਨੀ ਬਡੀ ਔਖੀ ਸੀ ਅਤੇ ਗੁਰਮੁਖੀ ਸੁਖੈਨ ਹੀ ਸਮਝੀ ਜਾਂਦੀ ਹੈ ਕਲਜੁਗੀ ਜੀਵਾਂ ਦੀ ਬੁੱਧ ਮੋਟੀ ਜਾਨਕੇ ਸ੍ਰੀ ਗੁਰੂ ਨਾਨਕ ਜੀ ਗੁਰਮੁਖੀ ਅੱਖਰ ਰਚ ਦੀਏ ਹੈਨ ਸੀਧਾ ਗਾਡੀ ਗੁਰਮੁਖ ਰਸਤਾ ਬਨਾ ਦੀਆ ਹੈ ਜੋ ਸਿੱਖ ਸ੍ਰਧਾਵੰਤ ਜਿਸਕੇ ਚਿੱਤ ਮੇਂ ਮੋਖਜ ਹੋਣੇ ਕੀ ਚਾਹ ਹੋਵੇ ਸੋ ਸ੍ਰੀ ਗੁਰੂਜੀ ਕੇ ਸੁਖੈਨ ਰਸਤੇ ਪਰ ਚਲੇਗਾ ਸੋ ਸ੍ਰੀ ਪਰਮੇਸ਼ਰ ਜੀ ਕੇ ਪਰਮ ਧਾਮ ਕੋ ਪ੍ਰਾਪਤ ਹੋਵੇਗਾ, ਬੋਲੋ ਭਾਈ ਜੀ ਵਾਹਿਗੁਰੂ ॥

੧ ਓਸਤਿਗੁਰਪ੍ਰਸਾਦਿ ॥

ਅਥ ਸਾਖੀ ਸ੍ਰੀ ਗੁਰੂ ਨਾਨਕ ਜੀ ਕੇ ਅਵਤਾਰ ਧਾਰਨੇ ਕੀ

ਸ੍ਰੀ ਗੁਰੂ ਨਾਨਕ ਜੀ ਕੀ ਜਨਮ ਪਤ੍ਰੀ ਲਿਖਣੇ ਦੀ ਬਿਧ ॥ ਸ੍ਰੀ ਗੁਰੂ ਅੰਗਦਜੀ ਦੀਵਾਨ

CC-0. Gurukul Kangri University Haridwar Collection. Digitized by S3 Foundation USA

ਲਗਾਇ ਬੈਠੇ ਅਰ ਸਭ ਸਿੱਖ ਬੈਠੇ ਭਾਈ ਬੁੱਢੇ ਥੀਂ ਆਦਿ ਲੈ ਕਰ ਸਭ ਸੋਤੇ ਆਇ ਬੈਠੇ ਭਾਈ ਪੈੜਾ ਮੋਖਾ ਲਿਖਨ ਲੱਗਾ ਸੰਮਤ ੧੫੨੬ ਕੱਤਕ ਦੀ ਪੂਰਨਮਾਸ਼ੀ ਨੂੰ ਗੁਰੂ ਨਾਨਕ ਜੀ ਜਨਮ ਲੀਤਾ ਇੱਕ ਘੜੀ ਉੱਤੇ ਅਧੀ ਰਾਤ ਬੀਤੀ ਉਸ ਸਮੇਂ ਅਨੁਰਾਧਾ ਨਛੱਤ੍ਰ ਸੀ ਸ਼ੁਭ ਮਹੂਰਤ ਰਾਇ ਭੋਇ ਕੱਟੀ ਦੀ ਤਲਵੰਡੀ ਕਾਲੂ ਵੇਦੀ ਦੇ ਘਰ ਮਾਤਾ ਤ੍ਰਿਪਤਾ ਦੇ ਉਦਰ ਥੀਂ, ਤਾਂ ਕਾਲੂ ਨੂੰ ਖਬਰ ਹੋਈ ਕਾਲੂ ਵੇਦੀ ਦਾ ਪ੍ਰੋਹਤ ਹਰਿ ਦਿਆਲ ਸੀ ਨਾਲੇ ਕੁਲ ਦਾ ਗੁਰ ਦੇਵ ਸੀ ਕਾਲੂ ਵੱਡੀ ਵੇਲੇ ਉਠ ਕੇ ਹਰਿ ਦਇਆਲ ਦੇ ਘਰ ਗਇਆ ਜਾਇ ਕੇ ਆਖਿ ਉਸ ਪਾਂਧਾ ਜੀ ਮੱਥਾ ਦੇਕ ਦੇਹਾਂ ਤਾਂ ਅੱਗੋਂ ਹਰਿ ਦਇਆਲ ਆਖਿਆ ਕਾਲੂ ਇਤ ਵੇਲੇ ਕਿਉਂ ਆਯਾ ਹੈਂ ਕਾਲੂ ਆਖਿਆ ਜੀ ਬਾਲਕ ਨੇ ਜਨਮ ਲੀਤਾ ਹੈ ਤੁਸੀ ਚਲ ਕੇ ਜਨਮ ਪੱਤ੍ਰੀ ਲਿਖੋ ਤਤਾਂ ਹਰਿ ਦਇਆਂ ਲ ਨੇ ਕਹਿਆ ਭਲਾ ਮਹਤਾ ਕਾਲੂ ਮੈ ਸੇਵਾ ਪੂਜਾ ਕਰ ਕੇ ਆਂਵਦਾ ਹਾਂ ਤੂੰ ਚਲ ਘਰ ਤਾਂ ਕਾਲੂ ਅਪਣੇ ਘਰ ਆਯਾ ਪਿੱਛੋਂ ਪੰਡਿਤ ਪੰਜ ਘੜੀਆਂ ਦਿਨ ਚੜ੍ਹੇ ਆਯਾ ਕਾਲੂ ਨੂੰ ਅਸ਼ੀਰਬਾਦ ਦਿੱਤੀ ਤਾਂ ਕਾਲੂ ਪ੍ਰੋਹਤ ਨੂੰ ਅੰਦਰ ਲੈ ਗਿਆ ਅੱਗੇ ਕਾਲੂ ਵਿਛਾਵਣੇ ਕਰ ਰੱਖੇ ਆਹੇ ਪੰਡਿਤ ਨੂੰ ਬੈਠਾ ਲਿਆ ਪਾਂਧੇ ਬੈਠ ਕੇ ਆਖਿਆ ਕਾਲੂ ਕਾਗਤ ਕੇਸਰ ਲੈਆਉ ਤਾਂ ਕਾਲੂ ਕਾਗਤ ਕੇਸਰ ਤੇ ਥਾਲੀ ਵਿਚ ਚਾਵਲ ਗੁੜ ਲੈ ਆਯਾ ਤਾਂ ਪੰਡਿਤ ਆਖਿਆ ਕਾਲੂ ਮੈਨੂੰ ਸਬਦ ਸੁਨਾਉ ਜੋ ਉਸ ਵੇਲੇ ਕਿਆ ਸਬਦ ਲੈ ਕਰ ਜਨਮਿਆ ਹੈ ਅਤੇ ਵਕਤ ਸੁਣਾਇ ਕਿਸ ਵਕਤ ਜਨਮ ਲੀਤਾ ਹੈ, ਤਾਂ ਕਾਲੂ ਆਖਿਆ ਜੋ ਜਨਮ ਦੀ ਮੈਨੂੰ ਖਬਰ ਹੈ ਇੱਕ ਘੜੀ ਤੇ ਦੋ ਪਹਿਰ ਰਾਤ ਬੀਤੀ ਸੀ ਤਦ ਜਨਮ ਲੀਤਾ ਹੈ ਸੁ ਅਤੇ ਸਬਦ ਦੀ ਮੈਨੂੰ ਖਬਰ ਨਹੀਂ, ਤਾਂ ਪੰਡਿਤ ਆਖਿਆ ਕਾਲੂ ਅੰਦਰੋਂ ਜਾ ਕੇ ਦਾਈ ਪਾਸੋਂ ਪੁਛ ਤਾਂ ਕਾਲੂ ਅੰਦਰੋਂ ਦੌਲਤਾਂ ਦਾਈ ਨੂੰ ਬਾਹਰ ਸੱਦਿਆ ਦਾਈ ਬਾਹਰ ਆਈ ਆਖਨ ਲੱਗੀ ਮਹਿਤਾ ਜੀ ਮੈਨੂੰ ਕਜੋਂ ਸੱਦਿਆ ਹੈ ਤਾਂ ਕਾਲੂ ਨੇ ਕਹਿਆ ਦਾਈ ਜੋ ਪੰਡਿਤ ਹੋਰੀ ਪੁੱਛ ਦੇ ਹਨ ਸੋ ਤੂੰ ਜਾਣਦੀ ਹੈਂ ਤਾਂ ਦੱਸ ਤਾਂ ਦਾਈ ਆਖਿਆ ਪੰਡਿਤ ਜੀ ਕਿਆ ਪੁਛ ਦੇ ਹੋ ਤਾਂ ਪੰਡਿਤ ਕਹਿਆ ਦਾਈ ਬਾਲਕ ਕਿਆ ਸਬਦ ਲੈ ਕਰ ਜਨਮਿਆ ਹੈ ਤਾਂ ਦਾਈ ਬੋਲੀ ਪੰਡਿਤ ਜੀ ਮੇਰੇ ਹੱਥਾਂ ਵਿਚ ਕਈ ਬਾਲਕ ਜਨਮੇ ਪਰ ਅਜੇਹਾ ਬਾਲਕ ਇਸ ਤਰਾਂ ਕੋਈ ਨਹੀਂ ਜਨਮਿਆ ਇਸ ਦਾ ਅਵਾਜ ਇਸ ਤਰਾਂ ਨਿਕਲਿਆ ਹੈ ਜਿਸ ਤਰਾਂ ਕੋਈ ਵੱਡਾ ਸਿਆਣਾ ਹਸ ਕਰ ਮਿਲਦਾ ਹੈ ਇਸ ਬਾਲਕ ਦੀ ਮੈਨੂੰ ਵਡੀ ਹੈਰਾਨਗੀ ਲੱਗ ਰਹੀ ਹੈ ਤਾਂ ਪੰਡਿਤ ਕਹਿਆ ਸੁਣ ਕਾਲੂ ਬਾਲਕ ਸਤਾਈ ਏਂ ਨ ਛੱਤਰੀ ਪੂਰੀ ਜਨਮਿਆ ਹੈ ਜੇ ਪਹਿਲੇ ਦੋ ਪਹਿਰਾਂ ਦੇ ਅੰਦਰ ਜਨਮਿਆ ਹੈ ਤਾਂ ਸ਼ਾਹੂਕਾਰ ਹੋਵੇਗਾ ਜੇ ਪਿਛਲੇ ਪਹਿਰ ਰਾਤ ਢਲੀ ਹੋਈ ਜਨਮਿਆ ਹੈ ਤਾਂ ਅੱਜ ਵੱਡੀ ਪੁਰਬੀ ਦੀ ਰਾਤ ਆਹੀ ਇਸ ਦੇ ਸਿਰ ਤੇ ਛੱਤ੍ਰ ਫਿਰਿਆ ਲੋੜੀਏ ਮੈਨੂੰ ਬੜਾ ਅਸਚਰਜ ਆਉਂਦਾ ਹੈ ਦੇਖਾਂ ਕੇਹੜਾ ਛੱਤ੍ਰ ਫਿਰੈ ਪੰਡਿਤ ਬੜਾ ਵਿਚਾਰਵਾਨ ਹੈਸੀ ਤਾਂ ਪੰਡਿਤ ਕਹਿਆ ਕਾਲੂ ਮੈਨੂੰ ਬਾਲਕ ਦਾ ਦਰਸ਼ਨ ਕਰਾਉ ਤਾਂ ਕਾਲੂ ਅੰਦਰ ਜਾਇ ਕੇ ਬਾਲਕ ਮੰਗਿਆ ਤਾਂ ਅੱਗੋਂ ਨਾਨਕ ਜੀ ਦੀ ਮਾਤਾ ਬੋਲੀ ਮੈਂ ਬਾਲਕ ਨਹੀਂ ਦੇਂਦੀ ਠੰਡ ਦੇ ਦਿਨ ਹੈਨ ਤਾਂ ਪੰਡਿਤ ਕਹਿਆ ਬਾਲਕ ਦੇ ਵੇ ਜੇ ਕੁਛ ਬਾਲਕ ਨੂੰ ਵਿਘਨ

CC-0. Gurukul Kangri University Haridwar Collection. Digitized by S3 Foundation USA

ਦੇਵੇ ਭਾਂ ਮੈਂ ਹੱਛਾ ਕਰਾਂ ਗਾ ਤਾਂ ਬਾਲਕ ਮਾਤਾਨੇ ਦਿੱਤਾ ਤਾਂ ਕਾਲੂ ਪੋਤੜਿਆਂ ਵਿਚ ਲਪੇਟ ਕੇ ਲੈ ਆਯਾ ਤਾਂ ਆਇਕੇ ਪੰਡਿਤ ਦੇ ਅਗੇ ਲੈ ਬੈਠਾ ਅਤੇ ਪੰਡਿਤ ਗਿਆਨਵਾਨ ਸੀ ਪੰਡਿਤ ਅੱਗੋਂ ਉਠ ਖੜਾ ਹੋਯਾ ਦੋਇ ਹੱਥ ਜੋੜ ਕਰ ਨਮਸਕਾਰ ਕੀਤੀ ਤਾਂ ਪੰਡਿਤ ਨੇ ਆਖਿਆ ਜਾਹ ਕਾਲੂ ਲੈ ਜਾਹ ਤਾਂ ਬਾਲਕ ਨੂੰ ਕਾਲੂ ਨੇ ਅੰਦਰ ਦੇ ਦਿੱਤਾ ਤਾਂ ਫੇਰ ਕਾਲੂ ਆਇਕੇ ਆਖਿਆ ਪੰਡਿਤ ਜੀ ਇਸ ਬਾਲਕ ਦਾ ਨਾਉਂ ਦੱਸੋ ਜੋ ਕਹੇ ਮਹੂਰਤ ਜਨਮਿਆ ਹੈ ਇਸਦੇ ਲੱਛਨ ਦੱਸੋ ਤਾਂ ਪੰਡਿਤ ਨੇ ਕਹਿਆ ਕਾਲੂ ਇਸਦਾ ਨਾਉਂ ਮੈਂ ਸੋਧਕੇ ਰੱਖੋਂ ਗਾ ਤੇਰ੍ਹਾਂ ਦਿਨਾਂ ਨੂੰ ਨਾਉਂ ਭੀ ਰਖਾਂਗਾ ਤੇ ਚੌਲਾ ਭੀ ਪਾਉਂ ਗਾ ਤਾਂ ਪੰਡਿਤ ਘਰ ਨੂੰ ਆਇਆ ਤੇਰ੍ਹਾਂ ਦਿਨ ਵਿਚਾਰ ਕਰਦਾ ਰਹਿਆ ਜਾਂ ਤੇਰ੍ਹ ਦਿਨ ਹੋਏ ਤਾਂ ਪੰਡਿਤ ਆਯਾ ਬਾਲਕ ਨੂੰ ਚੌਲਾ ਪਾਇਆ ਅਤੇ ਨਾਉਂ ਰੱਖਿਆ ਨਾਨਕ ਨਿਰੰਕਾਰੀ ਤਾਂ ਕਾਲੂ ਕਹਿਆ ਪੰਡਿਤ ਜੀ ਤੁਸਾਂ ਏਹ ਨਾਉਂ ਨਹੀਸੀ ਰਖਣਾ ਏਹ ਨਾਉਂ ਹਿੰਦੂ ਤੁਰਕ ਦਾ ਸਾਂਝਾ ਹੈ ਤਾਂ ਪੰਡਿਤ ਆਖਿਆ ਕਾਲੂ ਏਹ ਵਡਾ ਅਵਤਾਰੀ ਹੈ ਤੇਰੇ ਘਰ ਆਇਆ ਹੈ ਏ ਵਡ ਅਵਤਾਰੀ ਅੱਗੇ ਕੋਈ ਨਹੀਂ ਹੋਇਆ ਸ੍ਰੀ ਰਾਮ ਚੰਦ ਤੇ ਕ੍ਰਿਸ਼ਨ ਹੰਦ ਹੋਏ ਹੈਨ ਸੋ ਓਹਨਾਂ ਨੂੰ ਹਿੰਦੂ ਪੂਜਦੇ ਸਨ ਇਸਨੂੰ ਹਿੰਦੂ ਤੁਰਕ ਦੋਵੇਂ ਪੂਜਨਗੇ ਇਸਦਾ ਨਾਉਂ ਜ਼ਿਮੀਂ ਅਸਮਾਨਾਂ ਵਿੱਚ ਰਵਿਜਾਵੇਗਾ ਵਣ ਤ੍ਰਿਣ ਨਾਨਕ ਹੋਇ ਜਾਵੇਗਾ ਇਸ ਤਾਂਈਂ ਸਮੁੰਦ ਰਾਹ ਦੇਵੇਗਾ ਅਤੇ ਧਰਤੀ ਵੀ ਰਾਹ ਦੇਵੇਗੀ ਆਸਮਾਨ ਵੀ ਰਾਹ ਦੇਵੇਗਾ ਏਹ ਏਕ ਨਿਰੰਕਾਰ ਹੀ ਜਪੇਗਾ ਅਤੇ ਲੋਕਾਂ ਨੂੰ ਜਪਾਵੇਗਾ ਵਡਾ ਧਰਮਾਤਮਾ ਗਜਾਨੀ ਧਜਾਨੀ ਹੋਵੇਗਾ ਅਤੇ ਕੀਤੇ ਨੂੰ ਕੀਤਾ ਹੀ ਜਾਣੇਗਾ ਬਿਨਾਂ ਪਰਮੇਸ਼ਰ ਦੇ ਹੋਰ ਕਿਸੇ ਨੂੰ ਨਹੀਂ ਜਾਣੇਗਾ ਕਾਲੂ ਏਹ ਅਰਮਾਨ ਮੈਨੂੰ ਰਹਿਸੀ ਕਿ ਆ ਜਾਣਾਂ ਮੈਂ ਇਸਦਾ ਪਰਤਾਪ ਦੇਖਾਂਗਾ ਕਿਨ ਦੇਖਾਂਗਾ ਕਿਆ ਜਾਪੈ ਜੇ ਮੇਰੀ ਆਰਬਲਾ ਕਿਤਨੀ ਹੈ ਏਹ ਵਡਾ ਅਵਤਾਰੀ ਜਨਮਿਆ ਹੈ ਨਉ ਨਾਥ ਚਉਰਾਸੀ ਸਿੱਧ ਛੇ ਜਾਤੀ ਬਵੰਜਾ ਬੀਰ ਚੌਸਠ ਜੋਗਣੀ ਭੂਤ ਪ੍ਰੇਤ ਦੇਵ ਦਾਨਵ ਦੇਵੀਆਂ ਰਿਖੀ ਮੁਨੀ ਪੀਰ ਪੈਕੰਬਰ ਸਭ ਇਸਦੀ ਆਗਿਆ ਮੰਨਨਗੇ ਏਹ ਆਪ ਨਿਰੰਕਾਰ ਜਗਤ ਦੇ ਉਧਾਰ ਕਰਨ ਨੂੰ ਆਇਆ ਹੈ ਏਹ ਵਾਰਤਾ ਆਖਕੇ ਪੰਡਿਤ ਆਪਣੇ ਘਰ ਨੂੰ ਗਿਆ ਕਾਲੂ ਸੁਣਕੇ ਬਹੁਤ ਪ੍ਰਸੰਨ ਹੋਇਆ ਅਤੇ ਲਗੇ ਬਾਲਕ ਦੀ ਪਾਲਨਾ ਕਰਨ ਅਤੇ ਕਾਲੂ ਨੇ ਘਰ ਵਿੱਚ ਅੰਨ ਬਸਨ ਗਊਆਂ ਬੀਂ ਆਦਿ ਲੈਕਰ ਦਾਨ ਕੀਤਾ ਅਨੰਦ ਮੰਗਲਾਚਾਰ ਹੋਏ ਸਰਬੱਤ ਪਰਵਾਰ ਨੇ ਖ਼ੁਸ਼ੀ ਕਰੀ ਮਾਤਾ ਤ੍ਰਿਪਤਾ ਨੂੰ ਸਰਬੱਤ ਤ੍ਰਿਆ ਨੇ ਮਿਲਕਰ ਵਧਾਈ ਦੀਨੀ ਮਾਤਾ ਸਰਬ ਕੋ ਆਸਿਖ ਦੀਨੀ ਮਾਨ ਕੀਆ ॥ ੨ ॥

ਸਾਖੀ ਬਾਲਕੋਂ ਸੰਗ ਖੇਡਨ ਦੀ ਸ੍ਰੀ ਗੁਰੂ ਜੀ ਕੀ

ਤਾਂ ਬਾਲੇ ਆਖਜਾ ਸ੍ਰੀ ਗੁਰੂ ਜੀ ਜਦ ਸ੍ਰੀ ਗੁਰੂ ਨਾਨਕ ਜੀ ਪੰਜਾਂ ਬਰਸਾਂ ਦੇ ਹੋਏ ਤਾਂ ਗੱਲਾਂ ਕਰਨ ਲੱਗੇ ਤੇ ਬਾਲਕਾਂ ਨਾਲ ਖੇਡਨ ਲਗੇ ਜੋ ਕੁਛ ਵਸਤੂ ਘਰ ਵਿੱਚੋਂ ਲੈ ਜਾਵਨ ਸੋ ਬਾਹਰ ਫ਼ਕੀਰਾਂ ਗਰੀਬਾਂ ਨੂੰ ਦੇ ਆਵਣ ਤਾਂ ਕਾਲੂ ਪੰਡਿਤ ਦੇ ਘਰ ਜਾਇਕੇ ਉਲ੍ਹਾਮਾ ਦੇਵੇ ਆਖੇ ਪੰਡਿਤ ਜੀ ਭਲਾ ਛੱਤ੍ਰ ਫਿਰਾਯਾ ਹੁਣੀ ਤਾਂ ਪੰਡਿਤ ਆਖਿਆ ਕਾਲੂ ਹੁਣ ਸੀ ਉਲ੍ਹਾਮਾ ਦੇਂ ਦੇ ਹੋ ਪਰ ਜਦ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਓਹ ਦਿਨ ਆਵਨਗੇ ਤਾਂ ਤੂੰ ਸਿੱਧੇ ਮੂੰਹ ਬੋਲਸੇਂ ਭੀ ਨਾਹੀਂ ਤਾਂ ਬਾਬਾ ਜੀ ਲਗੇ ਖੇਡਨ ਪਰ ਹੋਰ ਬਾਲਕਾਂ ਨਾਲੋਂ ਇਨ੍ਹਾਂਦੀ ਤਰਾਂ ਹੋਰ ਹੀ ਨਜਰਆਵੇ ਜਿੱਥੇ ਬੈਠਨ ਚੌਕੜੀਮਾਰਕੇਬੈਠੇ ਰਹਿਨਤਾਂਗੁਰੂਨਾਨਕਜੀਲਗੇਪਰਮੇਸ਼ਰਦੀਬਾਰਤਾਕਰਨਜੋਬਾਰਤਾਕਰਨਸੋਭਗਤੀਵਾਲੀ ਕਰਨ ਜਿਸਕਰ ਸਭਸਦਾ ਮਨ ਰਾਜੀ ਹੋਵੇ ਹਿੰਦੂਵੇਖਕੇ ਕਹਿਨ ਕਿ ਕੋਈ ਦੇਵਤਾ ਸਰੂਪ ਹੈ ਅਤੇ ਮੁਸਲਮਾਨਆਖਨ ਏਹ ਕੋਈ ਔਲੀਆ ਪੈਦਾ ਹੋਯਾ ਹੈ ਜਾਂ ਗੁਰੂਨਾਨਕ ਸੱਤਾਂ ਬਰਸਾਂਦਾ ਹੋਇਆ ਤਾਂਕਾਲੂ ਪਾਂਧੇਨੂੰ ਆਖਿਆ ਪੰਡਿਤਜੀ ਮਹੂਰਤਵੇਖੋ ਤਾਂਨਾਨਕ ਨੂੰ ਤੇਰੇ ਪਾਸਪੜ੍ਹਨ ਬੈਠਾਵਨੇ ਹਾਂ ਪਾਂਧੇ ਆਖਿਆ ਭਲਾ ਮਹਿਤਾ ਜੀ ਤਾਂ ਪਾਂਧੇ ਪੱਤ੍ਰੀ ਕੱਢਕੇ ਸੋਧਕੇ ਆਖਿਆ ਜੀ ਅੱਜ ਮਹੂਰਤਭਲਾਹੈ ਮੱਘਰਮਹੀਨਾਹੈ ਸੁਕਲਾ ਪੱਖਹੈ ਪੰਚਮੀ ਤਿਥੀਹੈ ਵੀਰਵਾਰਹੈ ਰੋਹਨੀ ਨਛੱਤ੍ਰਹੈ ਤਾਂ ਕਾਲੂ ਕੇਸਰ ਸੁਪਾਰੀ ਚਾਵਲ ਅਤੇ ਦੱਖਣਾ ਪ੍ਰਸਾਦ ਘਰੋਂ ਲੈਕਰ ਆਗਿਆਤੇ ਨਾਨਕਜੀਨੂੰ ਨਾਲ ਲੈਆਇਆ ਆਖਣ ਲੱਗਾ ਪੁੱਤ੍ਰ ਨਾਨਕ ਤੂੰ ਪਾਂਧੇ ਪਾਸ ਬੈਠ ਅੱਖਰ ਪੜ੍ਹ ਨਾਨਕਜੀਨੇ ਆਖਿਆ ਭਲਾ ਪਿਤਾਜੀ ਤਾਂ ਪਾਂਧੇਨੇ ਗਨੇਸ਼ ਜੀਮਨਾਇਕ ਰਪ੍ਰਸਾਦਵਰਤਾਯਾ ਤੇ ਪੈਂਤੀ ਲਿਖ ਦਿੱਤੀ ਨਾਨਕਜੀ ਲੱਗਾ ਪੜ੍ਹਨ ਤਾਂ ਕਾਲੂਆਪਣੇ ਘਰ ਨੂੰ ਆਯਾ ਤਾਂ ਸਾਰਾ ਦਿਨ ਬਾਬਾਜੀ ਪੜ੍ਹਦੇ ਰਹੇ ਰਾਤ ਨੂੰ ਘਰ ਆਏ ਦੇਖਕਰ ਮਾਤਾ ਬਹੁਤ ਰਾਜੀ ਹੋਈ ਨਾਨਕ ਜੀ ਨੂੰ ਗੋਦਵਿਚਲੀਤਾ ਤਾਂ ਸਿਰਚੁੰਮਿਆ ਪਿਆਰ ਦਿੱਤਾ ਪ੍ਰਸਾਦਿ ਖਵਾਇਆ ਸ੍ਰੀਨਾਨਕਜੀ ਸਾਦ ਖਾਇਕਰ ਪਲੰਘ ਪਰ ਸੁੱਤੇ ਜਾਂਪ੍ਰਭਾਤ ਹੋਈ ਤਾਂ ਜਾਗੇ ਤਾਂ ਮਾਤਾ ਜੀ ਜਲ ਲੈਕਰ ਮੂੰਹ ਧਵਾਇਆ ਤੇ ਇਸਨਾਨ ਕਰਾਇਆ ਬਸਤ੍ਰ ਪਹਿਰਾਏ ਤਾਂ ਪਾਂਧੇ ਪਾਸ ਕਾਲੂ ਨਾਲ ਲੈਗਿਆ ਜਾਂਪਾਂਧੇ ਫੇਰ ਪੱਟੀ ਲਿਖ ਦਿੱਤੀ ਤਾਂ ਗੁਰੂਨਾਨਕ ਜੀ ਪੱਟੀ ਰਖਕੇ ਬਹਿ ਰਹਿਆ ਤਾਂ ਪਾਂਧੇ ਆਖਿਆ ਨਾਨਕ ਤੂੰ ਪੜ੍ਹਦਾ ਕਿਉਂ ਨਹੀਂ ਤਾਂ ਗੁਰੂ ਨਾਨਕ ਜੀ ਕਹਿਆ ਪਾਂਧਾ ਤੂੰ ਆਪ ਕੁਛਪੜ੍ਹਿਆਹੈਂ ਜੋ ਮੈਨੂੰਤਾਈਂ ਪੜ੍ਹਾਂਵਦਾਹੈਂ ਤਾਂ ਪਾਂਧੇਆਖਿਆ ਮੈਂ ਸਭਕੁਛਪੜ੍ਹਿਆਹਾਂ ਸਮਾਂ ਖਰਚ ਸਵਾਏ ਡੇਉਢੇ ਲੈਣਾ ਦੇਣਾ ਮਿਣਤੀ ਗਿਣਤੀ ਹਿਸਾਬ ਏਹ ਸਭ ਪੜ੍ਹਿਆ ਹਾਂ ਹੋਰ ਗਾਇਤ੍ਰੀ ਭਰਪਣ ਸੰਧਿਆ ਬੇਦ ਪਾਠ ਸਭ ਕੁਛ ਪੜ੍ਹਿਆ ਹਾਂ ਤਾਂਸ੍ਰੀ ਗੁਰੂ ਨਾਨਕ ਜੀ ਆਖਿਆ ਪਾਂਧਾਜੀ ਏਨ੍ਹੀਂ ਪੜ੍ਹਨੀ ਗਲੀਂ ਢਾਹੇ ਪੈਦੇਹੈਨ ਏਹ ਜੋ ਪੜ੍ਹਨਾ ਹੈ ਸਭ ਬਾਦ ਹੈਤਾਂ ਪਾਧੇ ਆਖਿਆ ਹੋਰਕੇਹੜਾਪੜ੍ਹਨਾ ਹੈ ਜਿਸ ਕਰਕੇ ਢਾਹੇ ਨ ਪਉਨ ਜੋ ਜਾਣਦਾਂਹੈਂ ਤਾਂ ਸਾਨੂੰ ਸੁਣਾਇ ਅਤੇ ਸਾਰਾ ਸੰਸਾਰ ਤਾਂ ਏਹੋਈ ਪੜ੍ਹਦਾ ਹੈ॥ ੩॥ ਬੋਲੋ ਭਾਈ ਜੀ ਵਾਹਿਗੁਰੂ॥

ਸਾਖੀ ਪਾਂਧੇ ਨਾਲ ਉਪਦੇਸ਼ ਆਦੀ

ਅੱਗੇ ਸੰਮਤ ੧੫੩੩ ਮੱਘਰ ਸੁਦੀ ਸੱਤਮੀ ਨੂੰ ਸ੍ਰੀਗੁਰੂ ਨਾਨਕ ਜੀ ਪਾਂਧੇ ਗੁਪਾਲ ਪ੍ਰਤਿ ਸ਼ਬਦ ਸੁਣਾਇਆ॥ ਸਿਰੀਰਾਗ ਮਹਲਾ ੧

ਜਾਲੁਮੋਹੁਘਸਿਮਸੁਕਰਿਮਤਿਕਾਗਦਕਰਸਾਰੁ॥ ਭਾਉਕਲਮਕਰਿਚਿਤੁਲਿਖਾਰੀ ਗੁਰਪੁਛਿਲਿਖੁਬੀਚਾਰ॥ ਲਿਖੁਨਾਮੁਸਾਲਾਹਲਿਖੁਲਿਖੁਅੰਤਨਪਾਰਾਵਾਰ॥ ਬਾਬ

CC-0. Gurukul Kangri University Haridwar Collection. Digitized by S3 Foundation USA

ਏਹੁ ਲੇਖਾ ਲਿਖ ਜਾਣੁ॥ ਜਿਥੈ ਲੇਖਾ ਮੰਗੀਐ ਤਿਥੈ ਹੋਇ ਸਚਾ ਨੀਸਾਣੁ॥ ੧॥ ਰਹਾਉ॥
ਤਾਂ ਬਾਏ ਨਾਨਕ ਜੀ ਆਖਿਆ ਪਾਂਧਾ ਜੀ ਹੋਰ ਪੜ੍ਹਨਾ ਸੁਨਣਾ ਸਭ ਬਾਦ ਹੈ ਪੜ੍ਹਨਾ ਏਹ ਸਾਰ ਹੈ ਏਹ ਜੋ ਸੰਸਾਰ ਕਾ ਪੜ੍ਹਨਾ ਹੈ ਸੋ ਐਸਾ ਹੈ ਜੋ ਮਸ ਦੀਵੇ ਦੀ ਕਾਗਤ ਸਣੀ ਕਾ ਕਲਮ ਕਾਨੇ ਕੀ ਮਨ ਲਿਖਣਹਾਰਾ ਲਿਖਿਆ ਸੋ ਕਿਆ ਲਿਖਿਆ ਮਾਯਾ ਕਾ ਜੰਜਾਲ ਲਿਖਿਆ ਜਿਸ ਲਿਖਣੇ ਕਰ ਇਸਨੂੰ ਬੰਧਨ ਪੈਂਦੇ ਹੈਨ ਅਰ ਵਿਕਾਰ ਉਪਜਦੇ ਹੈਨ ਅਰ ਓਹ ਜੋ ਸੱਚਕਾ ਲਿਖਣਾ ਹੈ ਸੋ ਐਸਾ ਹੈ ਜੋ ਮਾਇਆ ਕਾ ਮੋਹ ਜਾਲਕਰ ਮਸ ਕਰੀਏ ਇਸਕੇ ਅੰਤਰ ਜੋ ਭਾਉ ਪ੍ਰੀਤਿ ਹੈ ਸੋ ਕਲਮ ਕਰੀਏ ਨਿਰਮਲ ਜੋ ਮਤ ਹੈ ਸੁਧ ਵਿਚਾਰ ਵਾਲੀ ਸੋ ਕਾਗਤ ਕਰੀਏ ਸੰਤਾਂ ਗੁਰਾਂ ਨੂੰ ਪੁਛਕੈ ਵਿਚਾਰਕਰ ਲਿਖੀਏ ਕਿਆ ਲਿਖੀਏ ਪਰਮੇਸ਼ਰ ਕਾ ਨਾਮ ਲਿਖੀਏ ਭਗਵੰਤ ਕੀ ਉਪਮਾ ਲਿਖੀਏ ਜਿਸ ਲਿਖਣੇ ਕਰ ਸਭ ਵਿਕਾਰ ਮਿਟ ਜਾਨ ਅਰ ਮਨ ਤਨ ਸੁਖੀ ਹੋਇ ਉਸ ਭਗਵੰਤ ਕਾ ਪਾਰਾਵਨ ਹੀਂ ਪਾਧਾ ਜਾਂ ਦਾ ਪਰਮੇਸ਼ੁਰ ਦੇ ਗੁਣ ਬੇਅੰਤ ਹੈਨ ਸੋ ਪਾਂਧਾ ਜੀ ਏਹ ਸਾਨੂੰ ਪੜ੍ਹਨਾ ਹੱਛਾ ਹੈ ਜੇ ਤੂੰ ਪੜ੍ਹਿਆ ਹੈਂ ਤਾਂ ਮੈਨੂੰ ਪੜ੍ਹਾਉ ਨਹੀਂ ਤਾਂ ਨਾਂ ਪੜ੍ਹਾਉ ਸੁਣੋ ਪਾਂਧਾ ਜੀ ਜਹਾਂ ਏਹ ਤੇਰਾ ਜੀਉ ਜਾਵੇਗਾ ਪ੍ਰਲੋਕ ਬਿਖੇ ਤਹਾਂ ਏਹ ਪੜ੍ਹਨਾ ਪਰਮੇਸ਼ਰ ਕੇ ਨਾਮਕਾ ਜੱਸ ਤੇਰੇ ਹੱਥ ਮੇਂ ਨਿਸਾਨ ਹੋਵੇਗਾ ਤਾਂ ਤੇਰੇ ਨਜੀਕ ਜਮਦੂਤ ਨ ਆਵੇਗਾ॥ ਤਾਂ ਪਾਂਧੇ ਕਹਾ ਨਾਨਕ ਜੀ ਏਹ ਬਾਤਾਂ ਤੈਂ ਕਿੱਥੋਂ ਸੁਨੀਆਂ ਹੈਂ ਤੇ ਅਜੇ ਤਾਂ ਤੂੰ ਬਾਲਕ ਹੈਂ ਪੜ੍ਹਨੇ ਆਧਾ ਹੈਂ ਐ ਨਾਨਕ ਜੀ ਜੋ ਪਰਮੇਸ਼ਰਕਾ ਨਾਮ ਜਪਦੇ ਹੈਨ ਉਨਕੋ ਕਿਆ ਫਲ ਪ੍ਰਾਪਤ ਹੋਤਾ ਹੈ॥ ੧॥
ਤਾਂ ਸ੍ਰੀ ਗੁਰੂ ਨਾਨਕ ਜੀ ਦੂਜੀ ਪਉੜੀ ਆਖੀ—

ਜਿਥੈ ਮਿਲਣ ਵਡਿਆਈਆਂ ਸਦ ਖੁਸੀਆਂ ਸਦ ਚਾਉ॥ ਤਿਨ ਮੁਖ ਟਿਕੇ ਨਿਕਲਹਿ ਜਿਨ ਮਨ ਸਚਾ ਨਾਉ॥ ਕਰਮ ਮਿਲੈ ਤਾਂ ਪਾਈਐ ਨਾਹੀ ਗਲੀ ਵਾਉ ਦੁਆਉ॥ ੨॥

ਗੁਰੂ ਨਾਨਕ ਜੀ ਆਖਿਆ ਪਾਂਧਾ ਜਹਾਂ ਏਹ ਜੀਵ ਜਾਵੇਗਾ ਤਹਾਂ ਪਰਮੇਸ਼ਰ ਕੇ ਨਾਮ ਜਪਨੇ ਕਾ ਤੇਰੇ ਪਾਸ ਪੁੰਨ ਹੋਵੇਗਾ ਤਹਾਂ ਤੇਰਾ ਆਦਰ ਹੋਵੇਗਾ ਸਦਾ ਖੁਸ਼ੀਆਂ ਹੋਨਗੀਆਂ ਬਡਾ ਅਨੰਦ ਹੋਵੇਗਾ ਬਡੇ ਮੰਗਲ ਹੋਣਗੇ ਸਰਬ ਸੁਖ ਸਰਬ ਨਿਧਾਨ ਪ੍ਰਾਪਤ ਹੋਨਗੇ ਜਿਨ੍ਹਾਂ ਮਨ ਕਰ ਪਰਮੇਸ਼ਰ ਕਾ ਨਾਮ ਸਿਮਰਿਆ ਹੈ ਤਿਨਕਾ ਦਰਗਾਹ ਮੇਂ ਬਡਾ ਪ੍ਰਤਾਪ ਹੋਵੇਗਾ ਅਰ ਗੱਲਾਂ ਕਰਕੇ ਪਰਮੇਸ਼ਰ ਨਹੀਂ ਪਾਈਤਾ ਜਦ ਪਰਮੇਸ਼ਰ ਦੀ ਕਿਰਪਾ ਹੋਵੇ ਤ ਭਜਨ ਵਿਖੇ ਮਨ ਲਗਦਾ ਹੈ ਏਹ ਬਾਤ ਸੁਨਕਰ ਪਾਂਧਾ ਹੈਰਾਨ ਹੋਇ ਗਿਆ ਫੇਰ ਪਾਂਧੇ ਕਹਿਆ ਹੇ ਨਾਨਕ ਜੀ ਇਕ ਪਰਮੇਸ਼ਰ ਕਾ ਨਾਮ ਲੈਂਦੇ ਹੈਨ ਤਿਨਕੋ ਕੋਈ ਜਾਨਤਾ ਨਹੀਂ ਤਿਨਕੋ ਰੋਟੀ ਕਪੜਾ ਭੀ ਨਹੀਂ ਜੁੜਦਾ ਅਰ ਇਕ ਪਾਤਸ਼ਾਹੀਆਂ ਕਰਦੇ ਹੈਂ ਅਰ ਸੁਖ ਭੋਗਤੇ ਹੈਂ ਤੇ ਓਹ ਪਰਮੇਸ਼ਰ ਨੂੰ ਜਾਨਤੇ ਭੀ ਨਹੀਂ ਦੇਖਾਂ ਉਨ ਕੌਨ ਪੁੰਨ ਕਰੇ ਹੈਨ ਕੌਨ ਹਵਾਲ ਉਨਕਾ ਹੋਵੇਗਾ ਜੋ ਪਾਤਿਸ਼ਾਹੀਆਂ ਕਰਦੇ ਹੈਨ ਤੇ ਪਰਮੇਸ਼ਰ ਪਾਸੋਂ ਡਰਦੇ ਨਹੀਂ ਉਨਕਾ ਬ੍ਰਿਤਾਂਤ ਕਹੀਐ ਜੀ॥ ੨॥ ਤਾਂ ਸ੍ਰੀ ਗੁਰੂ ਨਾਨਕ ਜੀ ਤੀਜੀ ਪਉੜੀ ਆਖੀ—

CC-0. Gurukul Kangri University Haridwar Collection. Digitized by S3 Foundation USA

ਇਕਿ ਆਵਹਿ ਇਕਿ ਜਾਹਿ ਉਠਿ ਰਖੀਅਹਿ ਨਾਵ ਸਲਾਰ॥ ਇਕਿ ਉਪਾਏ ਮੰਗਤੇ ਇਕਨਾ ਵਡੇ ਦਰਵਾਰ ॥ ਅਗੈ ਗਇਆ ਜਾਣੀਐ ਵਿਣੁ ਨਾਵੈ ਵੇਕਾਰ ॥ ੩ ॥

ਭਾਂ ਸ੍ਰੀ ਗੁਰੂ ਨਾਨਕ ਜੀ ਆਖਿਆ ਸੁਣੋ ਪਾਂਧਾ ਜੀ ਇਕ ਆਂਵਦੇ ਹੈਨ ਇਕ ਜਾਂਤੇ ਹੈਨ ਇਕ ਸ਼ਾਹ ਹੈਨ ਇੱਕ ਪਾਤਿਸ਼ਾਹ ਹੈਨ ਇੱਕ ਉਨ੍ਹਾਂਦੇ ਦਰਵਾਜ਼ੇ ਉੱਪਰ ਭਿੱਖਿਆ ਮੰਗ ਮੰਗ ਖਾਂਦੇ ਹੈਨ, ਪਾਂਧਾ ਜੀ ਜੋ ਈਹਾਂ ਪਾਤਿਸ਼ਾਹੀਆਂ ਕਰਦੇ ਹੈਨ ਅਰ ਸੁਖ ਭੋਗਤੇ ਹੈਨ ਅਰ ਪਰਮੇਸ਼ਰ ਨਹੀਂ ਜਪਤੇ ਤਿਨਕਾ ਅਗੇ ਐਸਾ ਹਾਲ ਹੋਵੇਗਾ ਐਸੀ ਸਜਾਇ ਤਿਨਕਉ ਮਿਲੇਗੀ ਜੈਸੇ ਦਾਣਿਆਂ ਕੋ ਚੱਕੀ ਦੇਤੀ ਹੈ ਜੈਸੇ ਤੇਲੀ ਤਿਲਾਂ ਕਉ ਦੇਤਾ ਹੈ ਜੈਸੇ ਦੂਧ ਕਉ ਮਧਾਨੀ ਮੱਥ ਕਰ ਦੇਤੀ ਹੈ ਅਰ ਜੈਸੇ ਕਪੜੇ ਕਉ ਧੋਬੀ ਦੇਤਾ ਹੈ ਸੋ ਪਾਂਧਾ ਜੀ ਉਨ ਕਉ ਐਸੀ ਸਜਾ ਮਿਲੇਗੀ ਅਤੇ ਜੋ ਹੜੇ ਏਥੇ ਪਰਮੇਸ਼ਰ ਜਪਤੇ ਹੈਂ ਤੇ ਮੰਗ ਮੰਗ ਖਾਂਦੇ ਹੈਨ ਉਨ ਕਉ ਦਰਗਹ ਪਰਮੇਸ਼ਰ ਦੀ ਵਿੱਚ ਵਡੀਆਂ ਵਡਿਆਈਆਂ ਮਿਲਨਗੀਆਂ ਬਡਾ ਮਾਨ ਹੋਵੇਗਾ ਧਰਮਰਾਇ ਉਨਕਾ ਆਦਰ ਕਰੇਗਾ ਏਹ ਵਾਰਤਾ ਸੁਣਕਰ ਪਾਂਧਾ ਹੈਰਾਂਨ ਹੋ ਗਿਆ ਫੇਰ ਪਾਂਧੇ ਆਖਿਆ ਨਾਨਕ ਤੂੰ ਕੋਈ ਬਡੀਆਂ ਭਗਤੀ ਵਾਲੀਆਂ ਬਾਰਤਾਂ ਕਰਦਾ ਹੈਂ ਅਜੇ ਤਾਂ ਤੂੰ ਬਾਲਕ ਹੈਂ ਕੁਛ ਮਾਤਾ ਪਿਤਾ ਕੁਟੰਬ ਕਾ ਸੁਖ ਦੇਖ ਅਜੇ ਤੇਰੀ ਕਿੱਥੇ ਓੜੀ ਹੈ ਅਜੇ ਤੂੰ ਗ੍ਰਿਹਸਤ ਕਰਨਾ ਹੈ ਹੁਣੇ ਐਸੀਆਂ ਬਾਰਤਾਂ ਕਰਦਾ ਹੈਂ, ਭਾਂ ਸ੍ਰੀ ਗੁਰੂ ਨਾਨਕ ਜੀ ਨੇ ਚੌਥੀ ਪਉੜੀ ਆਖੀ ॥

ਭੈ ਤੇਰੈ ਡਰੁ ਅਗਲਾ ਖਪਿ ਖਪਿ ਛਿਜੈ ਦੇਹ ॥ ਨਾਵ ਜਿਨਾ ਸੁਲਤਾਨ ਖਾਨ ਹੋਦੈ ਡਿਠੇ ਖੇਹ ॥ ਨਾਨਕ ਉਠੀ ਚਲਿਆ ਸਭਿ ਕੂੜੇ ਤੁਟੈ ਨੇਹ ॥ ੪ ॥

ਭਾਂ ਸ੍ਰੀ ਬਾਬੇ ਨਾਨਕ ਜੀ ਆਖਿਆ ਪਾਂਧਾ ਜੀ ਉਸ ਸਾਹਿਬ ਦਾ ਡਰ ਮੈਨੂੰ ਐਸਾ ਹੈ ਜੋ ਮੇਰੀ ਬੁਧਿ ਭੈਮਾਨ ਹੋਇ ਰਹੀ ਹੈ ਅਰ ਮੇਰੀ ਦੇਹ ਪਈ ਖੁਸਦੀ ਹੈ ਤੇ ਮੇਰਾ ਜੀਉ ਪਇਆ ਬਦਾ ਹੈ ਜੋ ਈਹਾਂ ਸੁਲਤਾਨ ਖਾਨ ਕਹਾਉਂਦੇ ਹੈਨ ਸੋ ਸੱਭੋ ਮਰਕਰ ਖਾਕ ਹੋਂਦੇ ਹੈਨ ਜਿਨਕਾ ਹੁਕਮ ਧਰਤੀ ਉੱਪਰ ਮੰਨੀਦਾ ਸੀ ਜਿਨਕੇ ਡਰ ਪ੍ਰਿਥਵੀ ਭੈਮਾਨ ਹੋਂਦੀ ਸੀ ਸੋ ਉਠ ਗਏ ਮਰਕਰ ਖਾਕ ਹੋ ਗਏ ਹੈਨ ਸੁਣੋ ਪਾਂਧਾ ਜੀ ਕੂੜਾ ਸਨੇਹ ਕਿਸ ਨਾਲ ਕਰਾਂ ਹਮ ਭੀ ਇਸ ਸਰੀਰ ਕਉ ਛੋਡ ਜਾਵੇਂਗੇ ਏਹ ਸਰੀਰ ਭੀ ਖਾਕ ਹੋ ਜਾਵੇਗਾ ਯਾਤੇ ਇਸ ਸੰਸਾਰ ਨਾਲ ਕੂੜਾ ਸਨੇਹ ਕਿਆ ਕਰਨਾ ਹੈ ਉਸ ਸਾਹਿਬ ਦੀ ਬੰਦਗੀ ਕਰਨੀ ਚਾਹੀਏ ਜੋ ਸਭ ਕੋ ਉਪਜਾਵਤਾ ਹੈ ਪਾਲਦਾ ਹੈ ਫਿਰ ਸੰਘਾਰਤਾ ਹੈ ਉਸ ਪ੍ਰਮੇਸ਼ੁਰ ਨਾਲ ਪ੍ਰੀਤ ਕਰੀਏ ਏਹ ਸ਼ਬਦ ਕਾ ਅਰਥ ਸੁਣਾ ਕੇ ਸ੍ਰੀ ਬਾਬਾ ਜੀ ਆਪਨੇ ਘਰ ਨੂੰ ਚਲੇ ਆਏ ਆਇ ਕਰ ਪ੍ਰਸਾਦ ਪਾਇਆ ਤੇ ਅਨੰਦ ਪੂਰਬਕ ਸੈਨ ਕਰ ਜਦ ਪ੍ਰਾਤਾਕਾਲ ਹੋਯਾ ਤਾਂ ਮਾਤਾ ਜੀ ਜਗਾਯਾ ਨਿਤਨੇਮ ਇਸ਼ਨਾਨ ਕਰਵਾਇਆ ਕਪੜੇ ਪਹਿਰਾਇ ਭਾਂ ਸ੍ਰੀ ਬਾਬਾ ਜੀ ਉਸ ਦਿਨ ਪਾਂਧੇ ਤੇ ਨਾ ਗਏ ਤੇ ਘਰ ਵਿੱਚ ਕਾਗਦ ਲੇਕਰ ਚਉਂਕੀ ਉੱਪਰ ਰੱਖਕਰ ਉੱਜਲ ਰੁਮਾਲ ਉੱਪਰ ਦੇਕਰ ਚੌਕੜੀ ਮਾਰਕੇ ਬੈਠ ਰਹਿਨ ਜੈਸੇ ਕੋਈ ਪੰਡਿਤ ਕਥਾ ਕਰਨ ਬੈਠਤਾ ਹੈ ਅਰੇ ਜੇ ਕੋਈ ਬਾਲਕ ਆਵੇ ਖੇਡਨ ਵਾਲਾ ਸੱਦੇ ਤਾਂ ਅੱਗੋਂ ਸ੍ਰੀ

CC-0. Gurukul Kangri University Haridwar Collection. Digitized by S3 Foundation USA

ਬਾਬਾ ਜੀ ਆਖਨ ਮੈਂ ਪੋਥੀ ਪੜ੍ਹਤਾ ਹਾਂ ਇਕ ਦਿਨ ਮਾਤਾ ਪਿਤਾ ਬਾਬੇ ਜੀ ਦੇ ਪਾਸ ਆਇ ਬੈਠੇ ਤੇ ਆਖਨ ਲੱਗੇ ਜੋ ਪੁੱਤ੍ਰ ਤੂੰ ਕੇਹੜੀ ਪੋਥੀ ਪੜ੍ਹਤਾ ਹੈਂ ਸੋ ਸੈ ੁਵੀ ਸੁਣਾਉ ਤਾਂ ਸ੍ਰੀਬਾਬੇ ਜੀ ਕਹਿਆ ਪਿਤਾ ਜੀ ਮੈਂ ਸਪਤ ਸਲੋਕੀ ਗੀਤਾ ਪੜ੍ਹਦਾ ਹਾਂ ॥

ਸਲੋਕ

੧ ਓਅੰਮਿਤਜੇਕਾਖਜਰੰ ਬ੍ਰਹਮ ਵਿਆਹਰਨ ਮਾਮਨ ਸਿਮਰਨ ਯਃ ਪ੍ਰਯਾਤਿ ਤਜੰ ਦੇਹੰ ਸਯਾਤੀ ਪਰਮਾਂਗਤਿੰ ॥ ੧ ॥ ਸਰਬਤਃ ਪਾਨਿ ਪਾਦ ਤਤਸਰਬ ਤੋਖਿ ਸਰੋ ਮੁਖੰ ॥ ਸਰਬਤਃ ਸ੍ਰੁਤਿਮਾਂਲੋਕ ਸਰਬਮਾ ਬ੍ਰਿਤਯ ਤਿਸ਼੍ਠਤੇਃ ॥ ੨ ॥ ਅਰਜਨੋ ਵਾਚ ॥ ਸਥਾਨੇ ਰਿਖੀ ਕੇਸ਼ ਤਵ ਪ੍ਰਕੀਰਤਿਆ ਜਗਤ ਪ੍ਰਹਰ ਸਿਯਰਾ ॥ ਤਜਨੁਰਜਤੇਕ ਰਖਜਸਿ ਭੀਤਾਨਿ ਦਿਸੋਦ੍ਵੰਤਿ ਸਰਬੇ ਨਮਸਜੰਤਿਚ ਸਿਧਸੰਘਾ ॥ ੩ ॥ ਕਵਿਪੁਰਾਣ ਮਨਸਾ ਸਿਤਾਰਮਣੋਰਨੀਆਂ ਸਮਨੁ ਸਮਰੇਦਜਾ ॥ ਸਰਵਸਜ ਧਾਤਾਰ ਮਾਂ ਚਿਤਜਰੂਪਃਮਾਂਦਿਤ ਵਰਨੰ ਤਮਸਃ ਪਰਸਤਾਤ ॥ ੪ ॥ ਊਰਧ ਮੂਲ ਮਧ ਸ਼ਾਖਾ ਮਵਸਿਥਤੰ ਪ੍ਰਾਹੁ ਰਵਜੰ ॥ ਛੰਦਾਂਸਿ ਯਸ ਪਰਣਾਨਿ ਯਸ਼ਜਤੰ ਵੇਦਸਵੇਦਵਿਤ ॥ ੫ ॥ ਸਰਵਸਜਚਾਹੰ ਹ੍ਰਿਦਿ ਸੰਨਿਵਿਸ੍ਟੋ ਮਤਃ ਸਮਿਰਤਿਰ ਗਜਾਨ ਮਪੋਹਨੰਚਵੇਦੈਃ ਸਰਬੈ ਰਹਿਮੇਵ ਵੇਦਜੋ ਵੇਦਾਂਤ ਕ੍ਰਿਤਵੇਦ ਵਦੇਵਾਚਾਹੰ ॥ ੬ ॥ ਮਨਮਨਾ ਭਵ ਮਦਭਗਤੋ ਮਥਯਾਜੀ ਮਾਂ ਨਮਸਚ ਰੁਃ ਮਾਮੇਵੈ ਸਮਜ ਯੁਕਤੇਵ ਮਾਤਮਾਂਨੰ ਮਤ ਪਰਾਇਣਃ ॥ ੭ ॥

ਜਬਸਪਤਸਲੋਕੀ ਗੀਤਾਕਾ ਉਚਾਰ ਗੁਰੂਨਾਨਕਜੀ ਕੀਤਾ ਤਾਂ ਮਾਤਾ ਪਿਤਾ ਸੁਣਕਰਪ੍ਰਸੰਨ ਹੂਏ ਤੇ ਪਿਤਾਨੇ ਕਹਾ ਹੇ ਪੁੱਤ੍ਰ ਨਾਨਕ ਅਸਾਡੀ ਸਮਝ ਮੇਂ ਏਹਸੰਸਕ੍ਰਿਤ ਨਹੀਂ ਆਂਵਦੀ ਇਸਦਾ ਅਸਾਂਨੂੰ ਅਰਥ ਕਰਕੇ ਸੁਣਾਉ ਤਬ ਪ੍ਰਸੰਨ ਹੋਇਕੇ ਸ੍ਰੀ ਗੁਰੂ ਜੀ ਅਰਥ ਲਗੇ ਕਰਨੇ ਸ੍ਰੀ ਗੁਰੂਜੀ ਬੋਲੇ ਸੁਨੋ ਪਿਤਾਜੀ ਸ੍ਰੀ ਕ੍ਰਿਸ਼ਨਭਗਵਾਨ ਜੀਨੇ ਅਪਨੇ ਪਰਮ ਪਿਆਰੇ ਭਗਤ ਅਰਜਨ ਤਾਈਂ ਉਪਦੇਸ਼ ਕੀਆਹੈ ਹੇ ਅਰਜਨ ਓਅੰਕਾਰ ਜੋ ਪ੍ਰਥਮ ਅੱਖਰ ਬੇਦਮੇਂ ਹੈ ਅਰ ਪ੍ਰਣਵੀ ਉਸੀਕਾ ਨਾਮਹੈ ਸੋ ਓਅੰਕਾਰਵ੍ਰਹਜੋ ਪਰਮਪੁਰਖੋਤਮ ਜਿਸਕੋਪੂਰਨਬ੍ਰਹਮ ਕਹਿਤੇਹੈਂ ਤਿਸਕੇ ਸ੍ਵਾਸੋਂਕਾ ਸ਼ਬਦ ਸੋ ਬਾਣੀ ਰੂਪ ਹੈਕੇ ਪ੍ਰਥਮੇ ਬ੍ਰਹਮਾਜੀਕੇ ਰਿਦੇਮੇਂ ਪ੍ਰਵੇਸ ਕੀਆ ਤੋ ਇਸੀ ਬਾਣੀਕੇ ਬਲਸੇ ਸੰਸਾਰਰਚਾ ਔਰ ਵੇਦ ਵੀ ਸੰਸਾਰਮੇਂ ਪ੍ਰਵਿਰਤਕੀਏ ਹੋਰ ਭਗਤੀ ਪਰਮੇਸ਼ਰਜੀਕਾ ਭਜਨਵੀ ਪ੍ਰਵਿਰਤ ਕੀਆ ਹੈ ਜੋ ਕੋਈ ਇਸ ਓਅੰਕਾਰ ਕਾ ਜਾਪ ਕਰੇਗਾ ਔਰ ਮੈਂ ਜੋ ਪਰਮ ਈਸ਼ਰ ਹੋਂ ਜੋ ਮੇਰਾ ਧਿਆਨ ਧਾਰੇਗਾ ਜਬ ਵ੍ਰਹ ਪ੍ਰਾਨੀ ਦੇਹ ਕਾ ਤਿਆਗ ਕਰੇਂਗੇ ਸੋ ਮੇਰੇ ਪਰਮ ਧਾਮ ਕੋ ਪ੍ਰਾਪਤ ਹੋਵੇਗਾ ਮੈਂ ਜੋ ਹਾਂ ਸਦਾ ਏਕ ਰਸ ਹੋਂ ਸੂਖਮ ਤੇ ਹੀ ਸੂਖਮ ਹਾਂ ਸਾਰੀ ਵਿਸ੍ਵ ਕਾ ਅਧਿਕਾਰੀ ਹੋਂ ਨਿਸਚਿੰਤ ਹੋਂ ਡਰ ਮੇਰਾ ਸਭਕੇ ਸਿਰ ਊਪਰ ਹੈ ਔਰ ਸਰਬ ਪ੍ਰਕਾਸ਼ ਮੇਰਾ ਹੀ ਹੈ ਕੋਟ ਸੂਰਜ ਕਾ ਚਾਂਦਨਾ ਮੇਰੇ ਪ੍ਰਕਾਸ਼

CC-0. Gurukul Kangri University, Haridwar Collection. Digitized by S3 Foundation USA

ਕੇ ਤੁੱਲ ਨਹੀਂ ਕਿਉਂ ਜੋ ਵੁਹ ਰਾਤ੍ਰੀਕੋ ਔਰ ਮੰਡਲੋਂ ਮੇਂ ਚਲਾ ਜਾਤਾ ਹੈ ਤੇ ਮੇਰਾ ਪਰਕਾਸ਼ ਜੁੱਗਾਂ ਦੇ ਆਦਿ ਜੁੱਗਾਂ ਦੇ ਅੰਤ ਭੀ ਔਰ ਮੱਧ ਭੀ ਏਕ ਰਸ ਹੈ ਕਾਹੇਤੇ ਜੋ ਅਗਿਆਨ ਰੂਪੀ ਅੰਧੇਰਾ ਸਪਰਸ਼ ਨਹੀਂ ਕਰ ਸਕਤਾ ਹੇ ਅਰਜਨ ਜੋ ਮੇਰੇ ਭਗਤ ਮੇਰੀ ਕਥਾ ਕੀਰਤਨ ਪ੍ਰੇਮ ਕਰਕੇ ਕਰਤੇ ਹੈਂ ਸੰਸਾਰ ਕੋ ਸੁਨਾ ਕੇ ਪਵਿਤ੍ਰ ਕਰਤੇ ਹੈਂ ਔਰ ਜੋ ਸੁਨਤੇ ਹੈਂ ਪ੍ਰਤੀਤ ਕੇ ਸਾਥ ਸੋ ਮੈਂ ਤਿਨਾਂ ਲੋਕਾ ਕੀ ਸਦਾ ਹੀ ਰੱਛਾ ਕਰਤਾ ਹੂੰ ਸੁਦਰਸ਼ਨ ਚੱਕ੍ਰ ਲੀਏ ਹੇ ਅਰਜਨ ਐਸਾ ਪੱਕਾ ਨਿਸਚਾ ਜੋ ਕੋਈ ਭਗਤ ਮੇਰਾ ਮੈਨੂੰ ਸਤਚਿਤ ਆਨੰਦ ਕੰਦ ਜਾਨਕੇ ਸਰਬ ਵਾਸ਼ਨਾ ਕੋ ਰੋਕ ਕੇ ਮੇਰਾ ਸਿਮਰਨ ਕਰਤੇ ਹੈਂ ਮੈਂ ਤਿਨਕੇ ਪੀਛੇ ਰੱਛਾ ਕਰਤਾ ਫਿਰਤਾ ਹੋਂ ਹੇ ਪਿਤਾ ਜੀ ਜਬ ਅਰਜਨ ਨੂੰ ਸ੍ਰੀ ਕ੍ਰਿਸ਼ਨ ਦੇਵ ਨੇ ਐਸਾ ਉਪਦੇਸ਼ ਕੀਆ ਤੋ ਅਰਜਨ ਕਾ ਭ੍ਰਮ ਮੋਹ ਦੂਰ ਹੋਗਿਆ ਤੋ ਐਸੇ ਗੁਰਨਾਨਕ ਜੀ ਮਾਤਾ ਪਿਤਾ ਕੋ ਗੀਤਾ ਸੁਣਾਈ ਮਾਤਾ ਪਿਤਾ ਬਡੇ ਪ੍ਰਸੰਨ ਹੂਏ ਫਿਰ ਮਾਯਾ ਪੜ ਗਈ ਆਖਨ ਲਗਾ ਚਲ ਪੁੱਤ੍ਰ ਪਾਂਧੇ ਪਾਸ ਸੋ ਲੈ ਗਿਆ ਤਾਂ ਪਾਂਧੇ ਆਖਿਆ ਨਾਨਕਾ ਤੂੰ ਕਲ ਨਹੀਂ ਆਯਾ ਹੁਣ ਤੂੰ ਪੱਟੀ ਲੈ ਤੈਨੂੰ ਪੱਟੀ ਲਿਖ ਦੇਨਾ ਹਾਂ ਤਾਂ ਬਾਬਾ ਜੀ ਨੇ ਆਸਾ ਰਾਗ ਵਿੱਚ ਸ਼ਬਦ ਉਚਾਰਿਆ॥ ਆਸਾ ਮਹਲਾ ੧ ਪੱਟੀ ਲਿਖੀ ॥ ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕ ਭਇਆ॥ ਸੇਵਤ ਰਹੇ ਚਿਤੁ ਜਿਨਕਾ ਲਾਗਾ ਆਇਆ ਤਿਨਕਾ ਸਫਲੁ ਭਇਆ॥ ਮਨ ਕਾਹੇ ਭਲੇ ਮੂੜ ਮਨਾ॥ ਜਬ ਲੇਖਾ ਦੇਵਹਿ ਬੀਰਾ ਤਉ ਪੜਿਆ ॥ ੧ ॥ ਤਾਂ ਸ੍ਰੀ ਗੁਰੂਜੀ ਬੋਲੇ ਸੋਈ ਕਰਤਾ ਹੈ ਜਿਸਨੇ ਸ੍ਰਿਸਟ ਸਾਜੀ ਹੈ ਸਭਨਾਂਦਾ ਸਾਹਿਬ ਇੱਕ ਹੈ ਜਿਨ੍ਹਾਂ ਇੱਕੋ ਸੇਵਿਆ ਹੈ ਆਇਆ ਤਿਨਕਾ ਸਫਲ ਹੈ ਹੋਰ ਜੇੜ੍ਹੇ ਪੜ੍ਹਨ ਵਾਲੇ ਹੈਨ ਤਿਨ੍ਹਾਂ ਸਭਨਾਂ ਧਰਮ ਰਾਇ ਦਾ ਲੇਖਾ ਦੇਣਾ ਹੈ ਏਹ ਮਨ ਭੁਲਾ ਹੋਯਾ ਮਾਨਸ ਜਨਮ ਖੋਂਵਦਾ ਹੈ ॥ ਰਹਾਉ ॥ ਕਹਿੰਦੇ ਹੈਨ ਮਨ ਵਿੱਚ ਨਾਮਦਾ ਠਹਿਰਾਉ ਹੋਵੇ ਤਾਂ ਇਸਨੂੰ ਲੇਖਾ ਨਾ ਪਵੇ ॥ ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ ॥ ਏਨਾ ਅਖਰਾਂ ਮੈ ਜੋ ਗੁਰਮੁਖਿ ਬੂਝੈ ਤਿਸ ਰਿਸਿ ਲੇਖੁ ਨ ਹੋਈ ॥ ੨ ॥

ਸ੍ਰੀ ਗੁਰੂਜੀ ਕਹਿਆ ਈ ਵੜੀ ਅਕਾਲਪੁਰਖ ਦੀ ਸ਼ਕਤਿ ਹੈ ਸਰਬਦਾ ਦਾਤਾ ਹੈ ਸੱਚਾ ਹੈ ਇਨ੍ਹਾਂ ਅੱਖਰਾਂ ਵਿੱਚ ਜੋ ਉਸਦੇ ਨਾਮ ਨੂੰ ਭਜਦੇ ਹੈਨ ਉਨ੍ਹਾਂ ਦੇ ਸਿਰ ਫੇਰ ਲੇਖ ਨਹੀਂ ਹੁੰਦਾ॥ ਊੜੈ ਉੜਮਾ ਭਾਂਕੀ ਕੀਜੈ ਜਾਕਾ ਅੰਤੁ ਨ ਪਾਇਆ ॥ ਸੇਵਾ ਕਰਹਿ ਸੇਈ ਫਲੁ ਪਾਵੈਹਿ ਜਿਨੀ ਸਚੁ ਕਮਾਇਆ ॥ ੩ ॥ ਸ੍ਰੀ ਗੁਰੂ ਨਾਨਕ ਜੀ ਬੋਲੇ ਹੇ ਪੰਡਿਤ ਜੀ ਊੜਾ ਓਅੰਕਾਰ ਦਾ ਰੂਪ ਹੈ ਇਸਨੇ ਜੋ ਸ੍ਰਿਸਟ ਉਤਪਤ ਕੀਤੀ ਉਸਦਾ ਅੰਤ ਨਹੀਂ ਪਾਇਆ ਜਾਂਦਾ ਊੜਾ ਅੱਖਰ ਕਹਿੰਦਾ ਹੈ ਤਿਸਦੀ ਉਪਮਾ ਕਰੀਏ ਜਿਨ੍ਹਾਂ ਸਤਿਗੁਰਾਂ ਦੇ ਸਬਦ ਤੇ ਸੰਤਾਂ ਨੂੰ ਸੇਵਿਆ ਹੈ ਉਨ੍ਹਾਂ ਨੂੰ ਗਿਆਨ ਦਾ ਫਲ ਪ੍ਰਾਪਤ ਹੋਇਆ ਹੈ ਜਿਨ੍ਹਾਂ ਸਚੇ ਹੋਇ ਕੇ ਕਮਾਈ ਕੀਤੀ ਹੈ ਸੋਈ ਖੁਸ਼ੀ ਹੋਏ ਹੈਨ ॥ ਛੈਛੈ ਛਿਆਨ ਬੂਝੈ ਜੇ ਕੋਈ ਪੜਿਆ ਪੰਡਿਤੁ ਸੋਈ ॥ ਸਰਬ ਜੀਆ ਮੈ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ ॥ ੪ ॥ ਛੈਛੈ ਅੱਖਰ ਆਖਿਆ ਜੋ ਸੱਚੇ ਸ਼ਬਦ

CC-0. Gurukul Kangri University Haridwar Collection. Digitized by S3 Foundation USA

ਨੂੰ ਵਿਚਾਰਦਾ ਹੈ ਤਾਂ ਪੜ੍ਹਿਆ ਭੀ ਸੋਈ ਅਤੇ ਪੰਡਿਤ ਭੀ ਸੋਈ ਹੈ ਸਰਬ ਜੀਆਂ ਵਿਚ ਇੱਕੋ ਜਾਤਾ ਹੈ ਜਿਸਨੇ ਤਾਂ ਉਸਦੀ ਹਉਮੈਂ ਮਿਟਜਾਂਦੀ ਹੈ ॥ ਕਕੈ ਕੇਸ ਪੁੰਡਰ ਜਬ ਹੂਏ ਵਿਣੁ ਸਾਬੂਣੈ ਉਜਲਿਆ ॥ ਜਮ ਰਾਜੇ ਕੇ ਹੇਰੂ ਆਏ ਮਾਇਆ ਕੈ ਸੰਗ ਲਿਬੰਧਿਲਇਆ ॥ ੫ ॥ ਕੱਕਾ ਆਖਦਾ ਹੈ ਕਲੰਕ ਰੂਪੀ ਕਾਲਖਨੂੰ ਮਲਮਲ ਧੋਵੇ ਤਉ ਭੀ ਉਜਲ ਨਹੀਂ ਹੋਂਦੇ ਜਿਸ ਸਮੇਂ ਚਿੱਟੇ ਕੇਸ ਆਂਵਦੇ ਹੈਨ ਸਾਬੂਣਥੋਂ ਬਿਨਾਂ ਉਜਲ ਹੋ ਜਾਂਦੇ ਹੈਨ ਪਹਿਲੇ ਥੋੜੇ ਜਿਹੇ ਕੇਸ ਕੰਨ ਉੱਤੇ ਚਿੱਟੇ ਆਂਵਦੇ ਹੈਨ ਮਾਨੋ ਜਮਰਾਜੇ ਦੇ ਹੇਰੂ ਹੈਨ ਓਹ ਮਨੁੱਖਾਂ ਦੇ ਕੰਨ ਵਿਚ ਆਖਦੇ ਹੈਨ ਜੈਸੀ ਖੇਤੀ ਪੱਕੀ ਹੋਈ ਚਿੱਟੀ ਹੋ ਜਾਂਦੀ ਹੈ ਤੈਸੇ ਅਬ ਤੇਰੀ ਜੁਆਨੀ ਬਤੀਤ ਹੋਗਈ ਹੈ ਹੁਨ ਤੂੰ ਨਾਮ ਜਪੇਂਗਾ ਸੰਤਾਂ ਦਾ ਸੰਗ ਕਰੇਂਗਾ ਤਾਂ ਤੇਰਾ ਮੁਖ ਉਜਲ ਹੋਵੇਗਾ ਪਿਛਲੇ ਪਾਪ ਤੇਰੇ ਧੋਤੇ ਜਾਵਨਗੇ ਅਤੇ ਜੇ ਹੁਨ ਭੀ ਤ੍ਰਿਸ਼ਨਾਂ ਕਰਦਾ ਰਹੇਂਗਾ ਤਾਂ ਜਮ ਤੈਨੂੰ ਸੰਗਲ ਪਾਇਕਰ ਲੈ ਜਾਵੇਗਾ ਅਤੇ ਫਿਰ ਇਸ ਵੇਲੇ ਨੂੰ ਪਛੋਤਾਵੇਂਗਾ ॥ ਖਖੈ ਖੁੰਦਕਾਰੁ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ ॥ ਬੰਧਨਿ ਜਾਕੈ ਸਭੁ ਜਗੁ ਬਧਿਆ ਅਵਰੀ ਕਾ ਨਹੀ ਹੁਕਮੁ ਪਇਆ ॥ ੬ ॥ ਖੱਖੇ ਅੱਖਰ ਕਹਿਆ ਸੰਪੂਰਨ ਸੰਸਾਰ ਦੇ ਮਾਲਕ ਸ੍ਰੀ ਵਾਹਿਗੁਰੂ ਹੈ ਜਿਨਾਂਨੇ ਨਾਮ ਰੂਪੀ ਧਨ ਦੇ ਕਰ ਸਾਰੇ ਜਗਤ ਨੂੰ ਮੁਲ ਲੀਤਾ ਹੈ ਜੋ ਪ੍ਰਾਣੀ ਤਿਨਾਂ ਸਤਿਗੁਰਾਂ ਦੇ ਗਿਆਨ ਦੇ ਬੰਧਨ ਵਿੱਚ ਬੰਧੇ ਹੈਨ ਤਿਨਾਂ ਨੂੰ ਧਰਮ ਰਾਇ ਦੇ ਬੰਧਨ ਨਹੀਂ ਪੌਂਦੇ ਉਨਾਂ ਦੇ ਉੱਪਰ ਹੋਰ ਕਿਸੇ ਦਾ ਹੁਕਮ ਨਾਹੀਂ ਪਉਂਦਾ ਸਤਿਗੁਰਾਂ ਦੇ ਪ੍ਰਤਾਪ ਕਰ ਨਿਰਭੈ ਰਹਿੰਦੇ ਹੈਨ ॥ ਗਗੈ ਗੋਇ ਗਾਇ ਜਿਨਿ ਛੋੜੀ ਗਲੀ ਗੋਬਿੰਦ ਗਰਬਿ ਭਇਆ ॥ ਘੜਿ ਭਾਂਡੇ ਜਿਨਿ ਆਵੀ ਸਾਜੀ ਚਾੜਨ ਵਾਹੈ ਤਈ ਕੀਆ ॥ ੭ ॥ ਗੱਗਾ ਸਬਦ ਬੋਲਦਾ ਹੈ ਸ੍ਰੀ ਮਹਾਰਾਜ ਜੀਨੇ ਜਿਤਨੀ ਗੋ ਪ੍ਰਿਥਵੀ ਤੇ ਬ੍ਰਹਮੰਡ ਰਚੇ ਹੈਂ ਬਣਾਏ ਹੈਨ ਸੋ ਏਹ ਜੀਵ ਗੋਬਿੰਦ ਨਾਲ ਗਰਬ ਕਰਤਾ ਹੈ ਜਿਤਨੇ ਸਰੀਰ ਰੂਪੀ ਭਾਂਡੇ ਘੜੇ ਹੈਨ ਸੋ ਬ੍ਰਹਮੰਡ ਰੂਪੀ ਆਵੇ ਪਰ ਚਾਹੜੇ ਹੈਨ ਐਸਾ ਬ੍ਰਹਮਾ ਮਹਾਰਾਜ ਨੇ ਉਤਪਤਿ ਕੀਤਾ ਹੈ ॥ ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੇ ਲਾਗਿ ਰਹੈ ॥ ਬੁਰਾ ਭਲਾ ਜੇ ਸਮਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ ॥ ੮ ॥ ਘੱਘਾ ਆਖਦਾ ਹੈ ਜਿਨਾਂ ਜੀਵਾਂ ਸਤਿਗੁਰਾਂ ਦੇ ਸ਼ਬਦ ਦਾ ਸਿਮਰਨ ਕੀਤਾ ਹੈ ਸੰਤੋਖ ਸੇਵਾ ਟਹਲ ਏਹ ਘਾਲ ਘਾਲੀ ਹੈ ਗੁਰਾਂ ਦੇ ਸ਼ਬਦ ਨਾਲ ਲਗ ਰਹੇ ਹੈਨ ਅਤੇ ਜਿਨਾਂਨੇ ਦੁਖ ਸੁਖ ਨੂੰ ਸਮਾਨ ਕਰ ਜਾਤਾ ਹੈ ਸੋ ਇਸ ਪ੍ਰਕਾਰ ਸਾਹਿਬ ਨੂੰ ਪ੍ਰਾਪਤ ਹੋਏ ਹੈਨ ॥ ਚਚੈ ਚਾਰਿ ਵੇਦ ਜਿਨਿ ਸਾਜੇ ਚਾਰੇ ਖਾਣੀ ਚਾਰਿ ਜੁਗਾ ॥ ਜੁਗੁ ਜੁਗੁ ਜੋਗੀ ਖਾਨੀ ਭੋਗੀ ਪੜਿ ਆਪੰਡਿਤ ਆਪਿ ਥੀਆ ॥ ੯ ॥ ਚਚਾ ਆਖਦਾ ਹੈ ਉਸ ਅਕਾਲ ਪੁਰਖ ਨੇ ਜੀਵਾਂ ਦੀ ਵਿਚਾਰ ਵਾਸਤੇ ਚਾਰੇ ਵੇਦ ਸਾਜੇ ਹੈਨ ਚਾਰ ਖਾਣੀ ਚਾਰ ਜੁਗ ਬਣਾਏ ਹੈਨ ਅਤੇ ਸਭਨਾਂ ਜੁੱਗਾਂ ਵਿੱਚ ਨਿਆਰਾ ਭੀ ਹੈ ਸਭਨਾਂ ਖਾਣੀਆਂ ਵਿਚ ਓਹ ਭੋਗਦਾ ਹੈ ਅਤੇ ਪੰਡਤ ਹੋ ਕਰ ਸ੍ਰੀ ਵਾਹਿਗੁਰੂ ਜੀ ਦਾ ਉਪਦੇਸ਼ ਕਰਦਾ ਹੈ ॥ ਛਛੈ ਛਾਇਆ ਵਰਤੀ ਸਭ ਅੰਤਹਿ ਤੇਰਾ ਕੀਆ ਭਰਮੁ ਹੋਆ ॥ ਭਰਮ ਉਪਾਇ ਭੁਲਾਈ ਅਨ ਆਪੇ

CC-0. Gurukul Kangri University Haridwar Collection. Digitized by S3 Foundation USA

ਤੇਰਾ ਕਰਮੁ ਹੋਇਆ ਤਿਨ ਗੁਰੁ ਮਿਲਿਆ ॥ ੧੦ ॥ ਛੱਛਾ ਆਖਦਾ ਹੈ ਉ ਸਵਾਹਿਗੁਰੂ ਦੀ ਮਾਇਆ ਦੀ ਜੋ ਛਾਇਆ ਹੈ ਸੋ ਸਾਰੇ ਜਗੰਤ ਤੇ ਵਰਤੀ ਹੈ ਮਹਾਰਾਜ ਕੀ ਆਗਿਆ ਕਰਕੇ ਭ੍ਰਮ ਉਤਪਤਿ ਹੋਇਆ ਹੈ ਭਰਮ ਨੂੰ ਉਤਪਤਿ ਕਰਕੇ ਜਗਤ ਨੂੰ ਭੁਲਾਇਆ ਹੈ ਜਿਸਨੂੰ ਈਸ਼ੂਰ ਦੀ ਕ੍ਰਿਪਾ ਹੋਈ ਹੈ ਤਿਸਨੂੰ ਸਤਿਗੁਰ ਮਿਲਿਆ ਹੈ ॥ ਜਜੈ ਦਾਨੁ ਮੰਗਤ ਜਨੁ ਜਾਚੈ ਲਖ ਚਉਰਾਸੀਹ ਭੀਖ ਭਵਿਆ॥ ਏਕੋ ਲੇਵੈ ਏਕੋ ਦੇਵੈ ਅਵਰੁ ਨ ਦੂਜਾ ਮੈ ਸੁਣਿਆ ॥ ੧੧॥ ਜੱਜਾ ਸ਼ਬਦ ਬੋਲਦਾ ਹੈ ਜਿਤਨੇ ਦਾਨ ਜਾਚਕ ਜਾਚੇ ਹੈ ਚੌਰਾਸੀ ਲਖ ਜੂਨ ਵਿੱਚੋਂ ਅਸਾਡੀ ਰੱਖਜਾ ਕਰੋ ਏਕੋ ਤੂੰਹੀਂ ਹੈਂ ਪਰਮੇਸ਼ਰ ਬਿਨਾਂ ਦੇਵਣੇ ਲੇਣੇ ਵਾਲਾ ਹੋਰ ਦੂਸਰਾ ਕੋਈ ਨਹੀਂ ॥ ਝਝੈ ਝੂਰਿ ਮਰਹੁ ਕਿਆ ਪ੍ਰਾਣੀ ਜੋ ਕਿਛੁ ਦੇਣਾ ਸੋ ਦੇ ਰਹਿਆ॥ ਦੇਦੇ ਵੇਖੈ ਹੁਕਮੁ ਚਲਾਏ ਜਿਉ ਜੀਆ ਕਾ ਰਿਜਕੁ ਪਇਆ ॥ ੧੨ ॥ ਝੱਝਾ ਆਖਦਾ ਹੈ ਹੇ ਬੰਦੇ ਤੂੰ ਪਛਤਾਵੇਂ ਕਜੋਂ ਸੋ ਜਿਸ ਵੇਲੇ ਮਹਾਰਾਜ ਤੁਸਾਨੂੰ ਉਤਪਤਿਕੀਤਾ ਹੈ ਜੋ ਕਿਛ ਤੁਸਾਡਾ ਰਿਜ਼ਕ ਹੈ ਤੁਸਾਡੇ ਮਸਤਕ ਤੇ ਲਿਖ ਦਿੱਤਾ ਹੈ ਵਾਹਿਗੁਰੂ ਦੇਂਦਾ ਭੀ ਹੈ ਅਤੇ ਵੇਖਦਾ ਭੀ ਹੈ ਅਤੇ ਅਪਨੇ ਹੁਕਮ ਵਿੱਚ ਚਲਾਂਵਦਾ ਹੈ॥ ਵੈਵੈ ਨਦਰਿ ਕਰੇ ਜਾ ਦੇਖਾ ਦੂਜਾ ਕੋਈ ਨਾਹੀ ॥ ਏਕੋ ਰਵਿ ਰਹਿਆ ਸਭ ਥਾਈ ਏਕੁ ਵਸਿਆ ਮਨ ਮਾਹੀ ॥ ੧੩ ॥ ਵੈਵੈ ਕਹਿਆ ਜਦ ਮੈਂ ਧਿਆਨ ਕਰਦਾ ਹਾਂ ਬਿਨਾਂ ਉਸ ਪ੍ਰਮਾਤਮਾ ਦੇ ਦੂਜਾ ਕੋਈ ਨਾਹੀਂ ਇਕੋ ਵਾਹਿਗੁਰੂ ਸਭਨਾਂ ਥਾਵਾਂ ਵਿੱਚ ਰਵਿ ਰਹਿਆ ਹੈ ਸੋਈ ਪਰਮੇਸ਼ਰ ਸਾਡੇ ਵਿੱਚ ਵਸਦਾ ਹੈ॥ ਟਟੈ ਟੰਚੁ ਕਰਹੁ ਕਿਆ ਪ੍ਰਾਣੀ ਘੜੀ ਕਿਮੁਹਤਿ ਕਿ ਉਠ ਚਲਣਾ॥ ਜੁਐ ਜਨਮੁ ਨ ਹਾਰਹੁ ਅਪਣਾ ਭਾ ਜਿਪੜ ਹੁ ਤੁਮ ਹਰਿ ਸਰਣਾ ॥ ੧੪ ॥ ਟੈਂਕਾ ਆਖਦਾ ਹੈ ਹੇ ਜੀਵ ਤੂੰ ਕਪਟ ਝੂਠ ਨਾ ਬੋਲ ਤੇ ਨਾ ਛਲ ਕਰ ਘੜੀ ਦੋ ਘੜੀਆਂ ਨੂੰ ਪ੍ਰਾਣ ਤਜਾਗ ਜਾਣੇ ਹੈਨ ਤੁਸੀ ਝਗੜਿਆਂ ਤੇ ਵਾਦਾਂ ਵਿੱਚ ਜਨਮ ਬਾਦ ਨਾ ਗਵਾਵੋ ਕੂੜ ਕਪਟ ਨੂੰ ਛਡ ਦਿਓ ਸਾਧ ਸੰਗਤਿ ਦੀ ਅਤੇ ਜੋ ਗੁਰਾਂ ਦੀ ਸਰਨ ਹੈ ਤਿਸਨੂੰ ਪ੍ਰਾਪਤਿ ਹੋਵੋ॥ ਠਠੈ ਠਾਢਿ ਵਰਤੀ ਤਿਨ ਅੰਤਰਿ ਹਰਿ ਚਰਨੀ ਜਿਨਕਾ ਚਿਤੁ ਲਾਗਾ॥ ਚਿਤੁ ਲਾਗਾ ਸੇਈ ਜਨ ਨਿਸਤਰੇ ਤਉ ਪ੍ਰਸਾਦੀ ਸੁਖੁ ਪਾਇਆ ॥ ੧੫ ॥ ਠੱਠਾ ਅੱਖਰ ਕਹਿੰਦਾ ਹੈ ਜਿਨਾਂ ਦੇ ਰਿਦੇ ਸੁਧ ਆਈ ਹੈ ਤਿਨਾਂ ਦਾ ਮਨ ਗੁਰਾਂ ਦੇ ਸਬਦ ਵਿੱਚ ਲਗਾ ਹੈ ਇਕਾਗਰ ਮਨ ਕਰਕੇ ਗੁਰਾਂ ਦੇ ਸਬਦ ਨਾਲ ਲਗਦਾ ਹੈ ਤਿਨਾਂ ਦਾ ਨਿਸਤਾਰਾ ਹੁੰਦਾ ਹੈ ਅਤੇ ਸੁਖੀ ਭੀ ਸੋਈ ਹੁੰਦੇ ਹੈਨ ਨਹੀਂ ਤਾਂ ਜਨਮਦੇ ਮਰਦੇ ਹੈਨ॥ ਡਡੈ ਡੰਫੁ ਕਰਹੁ ਕਿਆ ਪ੍ਰਾਣੀ ਜੋ ਕਿਛੁ ਹੋਆ ਸੋ ਸਭੁ ਚਲਣਾ ॥ ਤਿਸਹਿ ਸਰੇਵਹੁ ਤਾਂ ਸੁਖੁ ਪਾਵਹੁ ਸਰਬ ਨਿਰੰਤਰਿ ਰਵਿ ਰਹਿਆ ॥ ੧੬ ॥ ਡੱਡੇ ਆਖਿਆ ਵਿਸਵਾਸ ਕਿਉਂ ਕਰਦੇ ਹੋ ਹੇ ਪ੍ਰਾਣੀਓਂ ਜੋ ਕੁਛ ਦ੍ਰਿਸ਼ਟਆਂਵਦਾ ਹੈ ਸਭ ਚਲਾਇ ਮਾਨਹੈ ਤਿਸ ਵਾਹਿਗੁਰੂ ਨੂੰ ਸੇਵੋ ਤਾਂ ਸੁਖ ਪਾਵਹੁ ਜੋ ਸਰਬ ਵਿੱਚ ਸੱਤਤਾ ਦੇ ਰਹਿਆ ਹੈ॥ ਢਢੈ ਢਾਹਿ ਉਸਾਰੈ ਆਪੇ ਜਿਉ ਤਿਸੁ ਭਾਵੈ ਤਿਵੈ ਕਰੇ॥ ਕਰਿ ਕਰਿ ਵੇਖੈ ਹੁਕਮੁ ਚਲਾਏ ਤਿਸੁ ਨਿਸਤਾਰੇ ਜਾਕਉ ਨਦਰਿ ਕਰੇ ॥ ੧੭ ॥ ਢੱਢਾ ਅੱਛਰ ਬੋਲਦਾ ਹੈ ਬਣੇ ਨੂੰ ਤੋੜਦਾਹੈ ਤੁੱਟੇ

CC-0. Gurukul Kangri University Haridwar Collection. Digitized by S3 Foundation USA

ਨੂੰ ਬਣਾਉਂਦਾ ਹੈ ਪ੍ਰਮੇਸ਼ਰ ਸਰਬੱਤ ਨੂੰ ਉਸਾਰਦਾ ਹੈ ਜਿਉਂ ਤਿਸਦਾ ਭਾਣਾਹੈ ਤਿਵੇਂ ਕਰਦ ਹੈ ਅਪਣੇਹੁਕਮ ਵਿਚ ਚਲਾਂਵਦਾਹੈਤੇਵੇਖਦਾਹੈ ਜਿਸਨੂੰ ਕ੍ਰਿਪਾਦ੍ਰਿਸ਼ਟ ਕਰਕੇ ਗਯਾਨ ਦੇਂਦਾ ਹੈ ਤਿਸਨੂੰ ਨਿਸਤਾਰਦਾਹੈ ॥ ਣਾਣੈ ਰਵਤੁ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ ॥ ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥ ੧੯ ॥ ਣਾਣਾ ਆਖਦਾਹੈ ਸੰਪੂਰਨਵਿਚ ਕਰਤਾਰ ਰਵਿਆ ਹੈ ਜੋ ਹਰਿ ਦੇ ਗੁਣਾਵਾਦ ਗਾਂਵਦਾ ਹੈ ਸੋ ਜਾਣਦਾ ਹੈ ਜਿਸਨੂੰ ਵਾਹਿਗੁਰੂ ਆਪੇ ਸਾਧ ਸੰਗਤਿ ਵਿਚ ਮਿਲਾਂਵਦਾ ਹੈ ਫੇਰ ਉਨਾਂ ਨੂੰ ਜਨਮ ਨਹੀਂ ਹੁੰਦਾ ॥ ਤਤੈ ਤਾਰੂ ਭਵਜਲੁ ਹੋਆ ਤਾਕਾ ਅੰਤੁ ਨ ਪਾਇਆ ॥ ਨਾ ਤਰ ਨਾ ਤੁਲਹਾ ਹਮ ਬੂਡਸਿ ਤਾਰ ਲੇਹਿ ਤਾਰਨ ਰਾਇਆ ॥ ੧੯ ॥ ਤੱਤਾ ਅੱਛਰ ਆਖਦਾ ਹੈ ਅਗਯਾਨਰੂਪੀ ਸੰਸਾਰ ਬਡਾ ਅਥਾਹ ਹੈ ਤਿਸਦਾ ਅੰਤ ਨਹੀਂ ਪਾਯਾ ਜਾਂਦਾ ਨਾ ਕੋਈ ਬੇੜੀਹੈ ਨਾ ਤੁਲਹਾ ਹੈ ਬਿਨਾ ਸਾਧ ਸੰਗਤ ਸਾਰਾ ਜਗਤ ਡੁਬਦਾ ਹੈ ਜਿਸਨੂੰ ਤਾਰਨਾ ਹੁੰਦਾ ਹੈ ਸਾਧ ਸੰਗਤ ਨੂੰ ਮਿਲਾਇਕੇ ਤਾਰ ਲੈਂਦਾ ਹੈ ॥ ਥਥੈ ਥਾਨਿ ਥਨੰਤਰਿ ਸੋਈ ਜਾਕਾ ਕੀਆ ਸਭੁ ਹੋਆ ॥ ਕਿਆ ਭਰਮੁ ਕਿਆ ਮਾਇਆਕਹੀਐ ਜੋ ਤਿਸੁ ਭਾਵੈ ਸੋਈ ਭਲਾ ॥ ੨੦ ॥ ਥੱਥਾ ਬੋਲਦਾ ਹੈ ਥਾਨ ਥਨੰਤਰ ਪੁਰੀਆਂ ਲੋਆਂ ਵਿਚ ਪਰਮੇਸ਼ਰਜੀ ਵਿਆਪਿਆ ਹੋਯਾ ਹੈ ਜਿਸਦਾ ਕੀਤਾ ਸਭ ਹੁੰਦਾ ਹੈ ਮਾਇਆਦਾ ਭਰਮ ਜੋ ਹੈ ਸਭ ਝੂਠ ਹੈ ਜੋ ਸ੍ਰੀ ਵਾਹਿਗੁਰੂ ਜੀਦਾ ਭਾਣਾ ਹੈ ਸੋਈ ਭਲਾਹੈ॥ ਦਵੈਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵ ਜਨਾ ॥੨੧॥ਦੱਦਾ ਆਖਦਾਹੈ ਜੋ ਕਿਸੇ ਜੀਵਨੂੰ ਦੋਸ਼ ਕਿਆ ਦੇਵੀਏ ਜੋਜੋ ਕਰਮ ਲਿਖੇ ਹੋਏ ਹੈਨ ਸੋ ਸੋ ਭੋਗਦਾ ਹੈ ਹੋਰ ਸਰਬਜੀਵ ਜੋ ਹੈਨ ਸੋ ਜੰਤ੍ਰੀ ਹੈਨ ਵਾਹਿਗੁਰੂ ਵਜੰਤ੍ਰੀ ਹੈ ਜਿਉਂ ਵਜਾਂਵਦਾ ਹੈ ਤਿਉਂ ਤਿਉਂ ਵਜਦੇ ਹੈਨ॥ ਧਧੈ ਧਾਰਿਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗਕੀਆ॥ਤਿਸਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥ ੨੨ ॥ ਧੱਧਾ ਆਖਦਾ ਹੈ ਅਕਾਲ ਪੁਰਖ ਪ੍ਰਿਥਵੀ ਅਰ ਅਕਾਸ਼ ਦੀ ਕਲਾ ਧਾਰ ਛੱਡੀ ਹੈ ਸਭ ਜੀਆ ਜੰਤ ਦੇ ਰੰਗ ਕੀਤੇਹੈ ਸੁ ਜੇਹੋ ਜੇਹੇ ਕਰਮ ਹੈਨ ਤੇਹਾ ਵਾਹਿਗੁਰੂ ਦੇ ਛੋਡਿਆ ਹੈ ॥ ਨੰਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮਲਿਆ॥ ਗਲੀ ਹਉ ਸੋਹਾਗਣਿ ਭੈਣੇ ਕੰਤੁਨ ਕਬਹੂੰ ਮੈ ਮਿਲਿਆ॥ ੨੩॥ ਨੰਨੇ ਕਿਹਾ ਜੋ ਖ਼ਾਵੰਦ ਸੱਚਾ ਸਾਹਿਬ ਗੁਰੂ ਹੈ ਸੋ ਸਰਬਤਦਾ ਸੁਆਮੀ ਹੈ ਸਰਬ ਵਿਖੇ ਭੋਗਾਂ ਨੂੰ ਭੋਗਦਾ ਹੈ ਸਰਬਦਾ ਦ੍ਰਿਸ਼ਟਾਹੈ ਉਸਨੂੰ ਕੋਈ ਨਹੀਂ ਦੇਖ ਸਕਦਾ ਓਹ ਸਰਬ ਕਉ ਦੇਖਦਾ ਹੈ ॥ ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ॥ ਦੇਖੈ ਬੂਝੈ ਸਭ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ ੨੪ ॥ ਪੱਪੇ ਕਹਿਆ ਹੈ ਮਾਲਿਕ ਸਰਬ ਦਾ ਓਹ ਜਗਦੀਸ ਹੈ ਜਗਤ ਨੂੰ ਦੇਖਨ ਵਾਸਤੇ ਲੀਲਾ ਰਚੀਹੈ ਸਰਬ ਕਉ ਦੇਂਦਾ ਭੀ ਓਹੀ ਹੈ ਅਰ ਸਰਬੱਤ੍ਰ ਵਿਖੇ ਰਵਿਆ ਭੀ ਓਹੀ ਹੈ ॥ ਫਫੈ ਫਾਹੀ ਸਭੁ ਜਗੁ ਫਾਸਾ ਜਮ ਕੈ ਸੰਗਲਿ ਬੰਧਿ ਲਇਆ ॥ ਗੁਰ ਪਰਸਾਦੀ ਸੇ ਜਨ ਉਬਰੇ ਜਿ ਹੰਰਿ ਸਰਨਾਗਤਿ ਭਜਿ ਪਇਆ॥ ੨੫॥

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਫੱਫਾ ਆਖਦਾ ਹੈ ਸੰਪੂਰਨ ਸੰਸਾਰ ਇਸ ਮਾਇਆ ਕੇ ਜਾਲਮੇਂ ਫਾਥਾ ਹੂਆ ਹੈ ਜਮਕੇ ਸੰਗਲ ਸਾਥ ਬੰਧੇਹੈਂ ਗੁਰਾਂਦੀ ਕ੍ਰਿਪਾਤੇ ਸੰਸਿਆਂ ਤੋਂ ਛੁਟੇਹੈਂ ਜੋਹੜੇ ਸਾਧ ਸੰਗਤਦੀ ਸ਼ਰਨ ਪਏਹੈਂ॥ ਬਬੈ ਬਾਜੀ ਖੇਲਣ ਲਾਗਾ ਚੌਪੜਿ ਕੀਤੇ ਚਾਰਿ ਜੁਗਾ ॥ ਜੀਅ ਜਤ ਸਭ ਸਾਰੀ ਕੀਤੇ ਪਾਸਾ ਢਾਲਣਿ ਆਪਿਲਗਾ ॥ ੨੬ ॥ ਬੱਬਾ ਅੱਖਰ ਆਖਦਾ ਹੈ ਉਸ ਈਸ਼ੁਰ ਨੇ ਮਾਇਆ ਨੂੰ ਪਰੇਰ ਕਰਕੇ ਚਾਰ ਜੁਗ ਚੌਪੜ ਕੀਤੇ ਹੈਨ ਅਤੇ ਚੌਰਾਸੀ ਲਖ ਜੂਨ ਖਾਨੇ ਕੀਤੇ ਹੈਨ ਅਤੇ ਆਪ ਬਾਜੀ ਖੇਲਣ ਲਗਾਹੈ ਜੋਹੜੀਆਂ ਗੋਟਾਂ ਪੱਕੀਆਂ ਘਰ ਆਂਵਦੀਆਂ ਹੈਨ ਉਨਾਂਦਾ ਸਿਰ ਨੀਵਾਂ ਹੁੰਦਾ ਹੈ ਜੋਹੜੀਆਂ ਕੱਚੀਆਂ ਹੁੰਦੀਆਂ ਹੈਨ ਉਨਾਂ ਦਾ ਸਿਰ ਉੱਚਾ ਹੋਂਦਾਂ ਹੈ ਤੈਸੇ ਗੁਰਮੁਖ ਦਾ ਮਨ ਨੀਵਾਂ ਕਰਕੇ ਜਨਮ ਮਰਨ ਉਨਾਂ ਦਾ ਕੱਟਿਆ ਹੈ ॥ ਭਭੈ ਭਾਲਹਿ ਸੇ ਫਲੁ ਪਾਵਹਿ ਗੁਰ ਪਰਸਾਦੀ ਜਿਨ ਕਉ ਭਉ ਪਇਆ ॥ ਮਨਮੁਖ ਫਿਰਹਿ ਨ ਚੇਤਹਿ ਮੂੜੇ ਲਖ ਚਉਰਾਸੀਹ ਫੇਰੁ ਪਇਆ ॥ ੨੭ ॥ ਭੱਭਾ ਆਖਦਾ ਹੈ ਜੋ ਸਤਿਗੁਰਾਂ ਦੇ ਸ਼ਬਦ ਕੋ ਲਭਤਾ ਹੈ ਸੋ ਨਾਮ ਅਰ ਗਜਾਨ ਰੂਪੀ ਫਲ ਕੋ ਪ੍ਰਾਪਤ ਹੁੰਦਾ ਹੈ ਸੋ ਸੰਸਾਰ ਕੋ ਗੋਪਦ ਵਤ ਤਰ ਜਾਤਾ ਹੈ ਜੋ ਗੁਰਾਂ ਕੇ ਬਚਨ ਨਹੀਂ ਮੰਨਦੇ ਮਨਕਾ ਕਹਜਾ ਕਰਤੇ ਹੈਂ ਸੋ ਚਉਰਾਸੀ ਲੱਖ ਜੂਨਮੇਂ ਭਰਮਤੇ ਹੈਂ ॥ ਮੰਮੈ ਮੋਹੁ ਮਰਣੁ ਮਧੁਸੂਦਨੁ ਮਰਣੁ ਭਇਆ ਤਬ ਚੇਤਵਿਆ ॥ ਕਾਇਆ ਭੀਤਰਿ ਅਵਰੋ ਪੜਿਆ ਮੰਮਾ ਅਖਰੁ ਵੀਸਰਿਆ ॥ ੨੮ ॥ ਮੰਮਾ ਆਖਦਾ ਹੈ ਰਿਦੇ ਕੋ ਸ਼ੁਧਕ ਰਕੇ ਜੋ ਨਾਮ ਧਾਰਤਾਹੈ ਸੋਈ ਮਧਸੂਦਨ ਰੂਪ ਹੋਇਜਾਂਦਾ ਹੈ ਮਾਯਾ ਕਾ ਮੋਹ ਅਸਚਰਜ ਹੈ ਜੋ ਪ੍ਰਾਣਾਂਲਗ ਚਿਤ ਨਹੀਂ ਕਰਦਾ ਸੋ ਪਛੋਤਾਂਵਦਾ ਹੈ ॥ ਯਯੈ ਜਨਮੁ ਨ ਹੋਵੀ ਕਦਹੀ ਜੇਕਰਿ ਸਚੁ ਪਛਾਣੈ ॥ ਗੁਰਮੁਖਿ ਆਖੈ ਗੁਰਮੁਖਿ ਬੂਝੈ ਗੁਰ-ਮੁਖਿ ਏਕੋ ਜਾਣੈ ॥ ੨੯ ॥ ਯੱਯਾ ਆਖਦਾ ਹੈ ਜੋ ਸਤਿਗੁਰਾਂ ਦੇ ਉਪਦੇਸ਼ ਸੱਚੇ ਸਮਝ ਕਰ ਕਮਾਂਵਦੇਹੈਂ ਸੋ ਫੇਰ ਜਨਮ ਨਹੀਂ ਆਂਵਦੇ ਸਤਿਗੁਰਾਂਦੇ ਮੁਖਦਾ ਕਹਿਆ ਗੁਰਮੁਖ ਪਛਾਣਦੇ ਹੈਨ ਵਾਹਿਗੁਰੂ ਸਾਰੇ ਰਵਿਆ ਹੋਇਆ ਜਾਣਕੇ ਵੈਰ ਵਿਰੋਧ ਸਭ ਛਡ ਦੇਂਦੇ ਹੈਨ ॥ ਰਾਰੈ ਰਵਿਰਹਿਆ ਸਭਿਅੰਤਰਿ ਜੇਤੇ ਕੀਏ ਜੰਤਾ॥ ਜੰਤ ਉਪਾਇਧੰਧੈ ਸਭ ਲਾਏ ਕਰਮ ਹੋਆ ਤਿਨਿ ਨਾਮੁ ਲਇਆ ॥ ੩੦ ॥ ਰਾਰਾ ਆਖਦਾ ਹੈ ਜੋ ਸੰਪੂਰਨ ਜੀਵ ਚਰਾਚਰ ਹੈਨ ਤਿਨ ਕੇ ਵਿਖੇ ਰਾਮ ਰਵਿਆ ਹੂਆ ਹੈ ਜੈਸੇ ਸਾਰੀ ਪ੍ਰਿਥਵੀ ਮੇਂ ਜਲ ਰਵਿਆ ਹੂਆ ਹੈ ਜਹਾਂ ਕੂਪ ਖੋਦੀਤਾ ਹੈ ਤਹਾਂ ਹੀ ਜਲ ਪ੍ਰਕਾਸ਼ਤਾਹੈ ਤੈਸੇਹੀ ਗੁਰਮੁਖਾਂਕੀ ਸੰਗਤ ਕਰਨੈਤੇ ਸ਼ਾਂਤਆਵਤੀ ਹੈ ਜੋ ਨਾਮ ਜਪਤੇ ਹੈਂ ॥ ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ॥ ਖਾਣਾ ਪੀਣਾ ਸਮਕਰਿ ਸਹਿਣਾ ਭਾਣੈ ਤਾਕੈ ਹੁਕਮੁ ਪਇਆ ॥ ੩੧ ॥ ਲੱਲੇ ਅੱਖਰ ਆਖਿਆ ਸੰਪੂਰਣ ਸੰਸਾਰਨੂੰ ਈਸ਼ਰ ਨੇ ਧੰਧੇ ਲਾਇ ਛਡਿਆ ਹੈ ਮਾਯਾਕਾ ਮੋਹ ਮੀਠਾ ਲਾਇ ਦਿਤਾ ਹੈ ਖਾਂਦਾ ਹੈ ਪੀਂਦਾ ਹੈ ਹਸਦਾਹੈ ਸੋਂਵਦਾਹੈ ਪ੍ਰਮੇਸ਼ਰ ਦਾ ਨਾਮ ਭੁੱਲ ਗਿਆਹੈ॥ ਵਵੈ ਵਾਸੁਦੇਉ ਪ੍ਰਮੇਸਰੁ ਵੇਖਣ ਕਉ ਜਿਨਿ ਵੇਸੁ ਕੀਆ॥ ਵੇਖੈ ਚਾਖੈ ਸਭੁ ਕਿਛੁ ਜਾਣੈ ਅੰਤਰਿ ਬਾਹਰਿ ਰਵਿ

CC-0. Gurukul Kangri University Haridwar Collection. Digitized by S3 Foundation USA

ਰਹਿਆ ॥ ੩੨ ॥ ਵੱਵਾ ਆਖਦਾ ਹੈ ਵਾਸ਼ਨਾ ਕੋ ਰੋਕ ਕੇ ਜਿੱਤੇ ਇੰਦ੍ਰੇ ਜਿਸਨੇ ਜਗਤ ਕਉ ਕਉਤਕ ਦੇਖਣੇ ਵਾਸਤੇ ਸਤਿਗੁਰਾਂ ਦਾ ਰੂਪ ਧਾਰਿਆ ਹੈ ਸਰਬ ਜੀਆਂ ਮੇਂ ਸੱਤਾ ਦੇਇ ਕਰਕੇ ਦੇਖਤਾ ਹੈ ਜੋ ਉਸਕਾ ਹੁਕਮ ਸੱਤ ਕਰ ਮਾਨਤੇ ਹੈਂ ਸੋਈ ਗੁਰਮੁਖ ਪੁਰਸ਼ ਹੈਨ॥ ੜਾੜੈ ਰਾੜ ਕਰਹਿ ਕਿਆ ਪ੍ਰਾਣੀ ਤਿਸਹਿ ਧਿਆਵਹੁ ਜਿ ਅਮਰੁ ਹੋਆ॥ ਤਿਸਹਿਧਿਆਵਹੁ ਸਚਿ ਸਮਾਵਹੁ ਓਸੁ ਵਿਟਹੁ ਕੁਰਬਾਣੁਕੀਆ॥੩੩॥ੜਾੜਾਬਚਨਬੋਲਤਾਹੈਹੇਜੀਵਅੜਬੰਗ ਝੱਖੜ ਝਗੜੇ ਕਸੋਂ ਕਰਤੇ ਹੋ ਜੋ ਕਿਛ ਮਹਾਰਾਜ ਦਾ ਹੁਕਮ ਹੈ ਸੋ ਮੰਨੇ ਜੋ ਮਹਾਰਾਜ ਦਾ ਹੁਕਮ ਮੰਨਦਾ ਹੈ ਤਿਸਤੇ ਕੁਰਬਾਨ ਹੋਤੇ ਹੈਂ॥ ਹਾਹੈਹੋਰ ਨ ਕੋਈ ਦਾਤਾ ਜੀਅ ਉਪਾਇ ਜਿਨ ਰਿਜਕੁ ਦੀਆ ॥ ਹਰਿ ਨਾਮੁ ਧਿਆਵਹੁ ਹਰਿ ਨਾਮੁ ਸਮਾਵਹੁ ਅਨਦਿਨੁ ਲਾਹਾ ਹਰਿ ਨਾਮੁ ਲੀਆ ॥ ੩੪ ॥ ਹਾਹੇ ਸ਼ਬਦ ਆਖਿਆ ਜੋ ਪ੍ਰਮੇਸ਼ਰ ਨੇ ਜੰਤ ਉਤਪਤ ਕੀਤੇ ਹੈਂ ਸੋਸਭਨਾਂਕੇ ਰਿਜ਼ਕ ਕਾ ਦਾਤਾ ਹੈ ਜੋ ਸਤਿਗੁਰਾਂ ਨੇ ਸ਼ਬਦ ਉਚਾਰਿਆ ਹੈ ਸੋ ਗਿਆਨ ਕੇ ਦਾਤਾ ਹੈਂ ਈਸ਼ਵਰ ਅਰ ਗੁਰਾਂ ਬਿਨ ਹੋਰ ਦਾਤਾ ਕੋਈ ਨਹੀਂ ਜੋ ਸਭਨਾਂ ਜੀਆਂ ਕਉ ਕਰਮ ਦੇ ਅਨ-ਸਾਰ ਰਿਜ਼ਕ ਪਹੁਚਾਵਦਾ ਹੈ ਅਰ ਪਾਲਦਾ ਹੈ ਤਿਸ ਬਿਨਾ ਹੋਰ ਕੋਈ ਨਹੀਂ ॥ ਆਇੜੈ ਆਪਿ ਕਰੇ ਜਿਨਿ ਛੋਡੀ ਜੋ ਕਿਹੁ ਕਰਣਾ ਸੁ ਕਰਿ ਰਹਿਆ ॥ ਕਰੇ ਕਰਾਏ ਸਭ ਕਿਹੁ ਆਪੇ ਨਾਨਕ ਸਾਇਰ ਇਵ ਕਹਿਆ ॥ ੩੫॥ ਐੜਾ ਆਖਦਾ ਹੈ ਜਿਸ ਅਕਾਲ ਪੁਰਖਨੇ ਆਦਿਤੇ ਰਚ ਛੱਡੀ ਹੈ ਸੰਪੂਰਨ ਜੋ ਕੁਛ ਵਾਹਿਗੁਰੂ ਨੇ ਕਰਨਾ ਸੀ ਸੋ ਕਰ ਰਹਿਆ ਹੈ ਅਰ ਜੋ ਕਿਛ ਹੋਰ ਕਰੇ ਸੋਭੀ ਕਰਨੇ ਕੋ ਸਾਮਰਥ ਹੈ ਗੁਰੂ ਨਾਨਕ ਜੀ ਕਹਿੰਦੇ ਹੈਨ ਮੈਂ ਤਿਨਕਾ ਸ਼ਾਇਰ ਹੌਂ ਕਵੀਸ਼ਰ ਹੌਂ ਹੇ ਪੰਡਤ ਜੀ ਮੈਂ ਤੁਝਕੋ ਮਹਾਰਾਜ ਦੀ ਮਹਿਮਾ ਕਾ ਵਖਿਆਨ ਕੀਤਾ ਹੈ ਤੂੰ ਮਹਾਰਾਜਕਾ ਧਿਆਨਕਰ ਅਰ ਧੰਧੇ ਕੀ ਵਿੱਦਿਆਕੋ ਤਿਆਗ ਇਹੀ ਜੋ ਵਿੱਦਿਆ ਲੋਕੋਂ ਕੋ ਉਪਦੇਸ਼ ਦੇ ਵਾਸਤੇ ਸਿਖਾਈ ਦੀ ਹੈ ਸੋਈ ਬੰਧਨ ਕਾ ਮੂਲ ਹੈ ਤੇ ਅਪਨੇ ਕਮਾਵਣੇ ਵਾਸਤੇ ਸਿੱਖੀਦੀ ਹੈ ਸੋਈ ਬੰਧਨੋਂ ਕੋ ਖੋਲ੍ਹਨੇ ਵਾਲੀਹੈ॥ ਜਬ ਏਹ ਬਚਨ ਬਾਬੇ ਨੇ ਕਹੇ ਤਬ ਪੰਡਿਤ ਨੇ ਕਹਿਆ ਹੇ ਕਾਲੂ ਚਾਰੋਂ ਵੇਦੋਂ ਕੀ ਵਿੱਦਿਆ ਜਗਤ ਮਹਿਗੁਪਤ ਹੋਇਰਹੀ ਸੀ ਤੇਰਾ ਪੁਤ੍ਰ ਚਾਰੋਂ ਵੇਦੋਂ ਕੇ ਪ੍ਰਕਾਸ਼ ਕਰਨ ਵਾਸਤੇ ਪ੍ਰਗਟ ਹੋਯਾ ਹੈ ਜਾਂ ਬਾਬਾ ਜੀ ਅੰਦਰ ਬੈਠੇ ਤਾਂ ਕਈ ਦਿਨ ਅੰਦਰ ਹੀ ਸਮਾਧ ਲਗੀ ਰਹੈ ਜਾਂ ਨਦੀ ਤੇ ਬਾਹਿਰ ਜਾ ਬੈਠੇਤਾਂ ਉਹਾਂਹੀ ਸਮਾਧ ਲਗੀ ਰਹੇ ਜਹਾਂ ਬੈਠੇ ਤਹਾਂ ਹੀ ਚਰਚਾ ਕਰਦਿਆਂ ਕਈ ਦਿਨ ਬੀਤ ਜਾਵੈਂ ਕਾਲੂ ਪ੍ਰਸਾਦ ਲੇਕਰ ਪਿੱਛੇ ਪਿੱਛੇ ਫਿਰਦਾ ਰਹੇ ਬਾਬਾ ਜੀ ਸੰਤਾਂ ਸਾਧਾਂ ਨੂੰ ਖੁਵਾਇ ਦੇਵੈ ॥ ੪ ॥ ਸਾਖੀ ਪੂਰੀ ਹੋਈ

ਆਗੇ ਸਾਖੀ ਮੁੱਲਾਂ ਨਾਲ ਹੋਈ

ਜੋ ਕੋਈ ਪ੍ਰਮੇਸ਼ਰ ਜੀ ਕੇ ਮਿਲਨੇ ਕੀ ਚਰਚਾ ਕਰੇ ਤਾਂ ਗੁਰੂ ਨਾਨਕ ਜੀ ਬੜੇ ਰਾਜ਼ੀ ਹੋਵਨਤਾਂ ਕਾਲੂ ਗੁਰੂ ਨਾਨਕ ਜੀਦੀ ਚਾਲੀਦੇਖਕੇ ਬੜਾ ਚਿਤ ਵਿੱਚ ਚਿੰਤਾਵਾਨ ਰਹੇ ਤਾਂ ਰਾਇਬੁਲਾਰ ਨੇ ਸੁਨਿਆ ਜੋ ਨਾਨਕ ਜੀ ਤਾਂ ਉਦਾਸ ਹੀ ਰਹਿੰਦੇ ਹੈਨ ਤੇ ਪੁੱਤ੍ਰ ਦੀ ਚਿੰਤਾ ਕਰਕੇ ਕਾਲੂ ਭੀ

CC-0. Gurukul Kangri University Haridwar Collection. Digitized by S3 Foundation USA

S OF INTERNET
UTH
ABHINAV GAUR

ਦੁਖੀ ਰਹਿੰਦਾਹੈਂ ਤਾਂ ਰਾਇ ਬੁਲਾਰਨੇ ਕਾਲੂਨੂੰ ਸਦਵਾਇਕੇ ਆਖਿਆ ਹੇ ਕਾਲੂਤੂੰ ਚਿੰਤਾਨਾ ਕਰਤੂੰ ਪੁਤ੍ਰਨੂੰ ਮੁੱਲਾਂਦੇ ਪਾਸ ਫ਼ਾਰਸੀਪੜ੍ਹਨਾਪਾਉ ਜੋ ਫ਼ਾਰਸੀ ਪੜ੍ਹੇਗਾ ਤੇ ਆਪੇਹੀ ਅਕਲਮੰਦ ਹੋ ਜਾਵੇਗਾ ਤੇਮੈਂ ਭੀ ਮੁੱਲਾਂਨੂੰ ਫ਼ਰਮਾਇਸ਼ ਪਾਵਾਂਗਾ ਤਾਂ ਅਗਲੇ ਦਿਨਕਾਲੂ ਗੁਰੂ ਜੀਨੂੰ ਲੈਕੇ ਮੁੱਲਾਂਦੇ ਪਾਸ ਗਿਆਤੇ ਸਲਾਮ ਆਖਕੇ ਗੁਰੂ ਨਾਨਕ ਜੀਨੂੰ ਸਪੁਰਦਕਰ ਦਿੱਤਾਅਤੇ ਕਾਲੂ ਨੇ ਮੁੱਲਾਂ ਨੂੰ ਆਖਿਆ ਜੀ ਮੇਰੇ ਪੁਤ੍ਰ ਨੂੰ ਆਪ ਫ਼ਾਰਸੀ ਇਲਮ ਪੜ੍ਹਾਉ ਤੇ ਮੇਰੇ ਪਰ ਆਪਦੀ ਮੇਹਰਬਾਨੀ ਹੋਵੇਗੀਤੇ ਮੁੱਲਾਂਨੇ ਆਖਿਆ ਕਾਲੂ ਮਹਿਤਾ ਮੈਂ ਅਪਨਾ ਬੇਟਾ ਜਾਨਕੇ ਤੇਰੇ ਪੁਤ੍ਰਨੂੰ ਪੜ੍ਹਾਂਵਾਗਾਤੇ ਇਕ ਰੁਪਯਾ ਨਜ਼ਰ ਰੱਖਜਾਤੇ ਮੁੱਲਾਂਨੇ ਤਖ਼ਤੀ ਗੁਰੂਜੀਨੂੰਦਿੱਤੀ ਤੇ ਅਲਫ਼ ਥੀਂ ਯੇ ਤਕ ਹਰਫ਼ ਫ਼ਾਰਸੀਦੇ ਲਿਖਦਿੱਤੇ ਜਾਂ ਲੱਗਾ ਪੜ੍ਹਾਵਨਤਾਂ ਸ੍ਰੀਗੁਰੂਨਾਨਕ ਅੰਤਰਜਾਮੀਜਿਨਕੇਰਿਦੇਸੇਂ ਚਾਰੋਂ ਵੇਦ ਔਰਸਭਕਤੇਬਾਂ ਕੁਰਾਨਥੀਂ ਆਦਿਲੈਕੇ ਉਤਪਤ ਹੂਏ ਹੈਨਸੋ ਚੁਪਕਰਕੇ ਬੈਠਰਹੇ ਔਰ ਤਖ਼ਤੀਤੇ ਕਾਇਦਾ ਲੈਕੇ ਅਪਨੇ ਅੱਗੇ ਰਖ ਛੱਡਿਆ ਜਦੋਂ ਮੁੱਲਾਂਦਾਧਿਆਨ ਉਸਪਾਸੇ ਹੋਯਾਤਾਂ ਹੋਰਲੜਕੇ ਆਪੋਆਪਨੇਮਸਲੇਕਿਤਾਬਾਂਪੜ੍ਹਦੇ ਹੈਨਤਾਂ ਗੁਰੂਨਾਨਕਜੀ ਪਰਮੇਸ਼ਰਦੇ ਧਯਾਨ ਵਿੱਚ ਚੁੱਪ ਕਰਕੇ ਬੈਠੇ ਹੋਏ ਹੈਨਤਾਂ ਮੁੱਲਾਂਨੇ ਆਖਿਆਅਰੇ ਨਾਨਕਾਤੂੰ ਤਖ਼ਤੀਕਿਉਂ ਨਹੀਂਪੜ੍ਹਤਾ ਸਬਕਯਾਦਕਰਕੇ ਕਿਆਸੁਣਾਵੇਂਗਾ ਤਾਂ ਗੁਰੂਜੀ ਬੋਲੇਹੇ ਮੁੱਲਾਂ ਜੀਮੈਂ ਕੀ ਪੜ੍ਹਾਂ ਮੈਨੂੰ ਤੁਸੀ ਕੀ ਪੜ੍ਹਾਉਂਦੇ ਹੋਤਾਂ ਮੁੱਲਾਂਨੇ ਕਿਹਾ ਤੈਨੂੰ ਅਲਫ਼ ਥੀਂ ਲੈਕੇ ਯੇ ਤਕ ਸਾਰੇ ਹਰਫ਼ ਲਿਖ ਦਿੱਤੇ ਹੈਨ ਤੂੰ ਪੜ੍ਹ ਫੇਰ ਹੋਰ ਕਿਤਾਬ ਪੜ੍ਹਾਵਾਂਗਾ ਤਾਂ ਗੁਰੂਜੀ ਆਖਿਆ ਮੁੱਲਾਂਜੀ ਏਹ ਹਰਫ਼ ਕਿਸ ਕੰਮ ਆਵਣਗੇ ਤਾਂ ਮੁੱਲਾਂਨੇ ਕਿਹਾ ਨਾਨਕ ਏਹਪੜ੍ਹਿਆਂ ਅਕਲਆਉਂਦੀ ਹੈਤਾਂ ਗੁਰੂ ਨਾਨਕ ਜੀ ਨੇ ਉਸੀ ਅਲਫ਼ ਥੀਂ ਯੇ ਤਕਜੋ ਹਰਫ਼ ਹੈਸਨ ਸਭਕੇ ਖੁਦਾ ਪ੍ਰਸਤੀਦੇ ਮਾਇਨੇ ਕਰਕੇ ਮੁੱਲਾਂਨੂੰਸੁਣਾਏ ਤਾਂ ਮੁੱਲਾਂ ਦੀ ਨਿਸਾ ਹੋਈਤਾਂ ਮੁੱਲਾਂ ਆਖਿਆਤੂੰ ਸਭਕੁਛ ਆਪ ਪੜ੍ਹਿਆ ਹੈਂ ਤੈਨੂੰ ਕੀਪੜ੍ਹਾਉਣਾਹੈਤੂੰ ਕੁਲ ਦੁਨੀਆਂਨੂੰ ਪੜ੍ਹਾਵੇਂਗਾ॥ਜਾਂ ਇਤਨੇ ਸਬਦਬਾਬੇਜੀ ਕਹੇਤਾਂ ਮੁੱਲਾਂਨੇ ਕਹਿਆਹੇਕਾਲੂ ਏਹਤੇਰਾ ਪੁਤ੍ਰਜੋ ਹੈ ਸੋ ਕੋਈ ਵੱਡਾ ਵਲੀਹੀ ਹੋਯਾਹੈ ਇਸਨੇ ਹਿੰਦੂ ਅਤੇ ਮੁਸਲਮਾਨਾਂਦੋਹਾਂ ਨੂੰ ਨਿਵਾਜਣਾ ਹੈ ਅਰ ਗੰਗ ਬਨਾਰਸ ਮੇਂ ਅਤੇ ਮੱਕੇ ਮਦੀਨੇ ਮੇਂ ਇਸਕੀ ਕੀਰਤ ਹੋਵੇਗੀ ਜਦ ਉਨ੍ਹਾਂ ਬਾਲਕਾਂ ਨੇ ਸੁਣਿਆਂ ਜੋ ਗੁਰੂ ਨਾਨਕਜੀ ਮੁੱਲਾਂ ਕੇ ਪਾਸ ਪੜ੍ਹਨੇ ਬੈਠਾ ਹੈ ਤਾਂ ਜੋ ਬਾਲਕ ਬਾਬਾਜੀ ਪਾਸ ਰਹਿਨੇ ਵਾਲੇਸੇ ਸੋ ਸਭੀ ਮੁੱਲਾਂਕੇ ਪਾਸਪੜ੍ਹਨੇ ਬੈਠੇ ਗੁਰੂਜੀਕੀ ਪ੍ਰੀਤ ਕਰਕੇ ਮੁੱਲਾਂ ਜੋ ਕੁਝ ਲਿਖ ਦੇਵੇ ਸੋਈ ਬਾਬਾ ਤੁਰਤ ਸੀਖ ਲੇਵੇ ਮੁੱਲਾਂ ਹੈਰਾਨ ਹੋਕੇ ਕਹੇ ਹੇ ਸਾਹਿਬਜੀਵਾਹਿ ਤੇਰੀ ਕੁਦਰਤਜੋ ਇਸ ਤੁਰਕੀਕਾ ਪੜ੍ਹਨਾ ਬਹੁਤ ਮੁਸ਼ਕਲਹੈ ਕਿਤਨੀਆਂ ਬਰਸਾਂਪੜ੍ਹਤਾ ਰਹੇ ਤਉ ਪੜ੍ਹਤਾਹੈ ਮੈਂ ਇਸਨੂੰ ਇਕਵਾਰੀ ਤਖ਼ਤੀਲਿਖਦੇਂਦਾ ਹੋਂਤੇ ਤੁਰਤ ਪੜ੍ਹਲੈਂਦਾਹੈ ਅਜੇਹਾਫ਼ਹਮਮੈਂ ਕਿਸੇਦਾਨਹੀਂਦੇਖਿਆਇਸਕੋਸਾਹਿਬਕੀ ਵਡੀਇਨਾਇਤ ਹੈ ਇਹ ਥੋੜੇ ਦਿਨਾਂਮੈਂ ਪੜ੍ਹਿਆਹੈ ਹੋਰਬਾਲਕਾਂ ਨੂੰ ਦਸ ਦਸ ਬਰਸਬਿਤੀਤ ਹੋ ਚੁਕੇਹੈਨ

CC-0. Gurukul Kangri University Haridwar Collection. Digitized by S3 Foundation USA

ਪੜ੍ਹਦਿਆਂ ਨੂੰ ਅਜੇ ਤਕ ਨਹੀਂ ਪੜ੍ਹੇ ਇਸ ਪਰ ਸਾਹਿਬ ਕੀ ਮਿਹਰਬਾਨੀ ਹੈ॥ ਅਤੇ ਸ੍ਰੀ ਗੁਰੂਜੀ ਪਾਸਜੋ ਕੋਈ ਹਿੰਦੂ ਮੁਸਲਮਾਨ ਆਵੇ ਸੋ ਤਿਸਨੂੰ ਗੁਰੂਜੀ ਪਰਮੇਸ਼ਰ ਜੀਕੇ ਰਾਹ ਕੀਆਂ ਨਸੀਹਤਾਂ ਦੇਵੇਤਾਂ ਬਾਬੇਕੀਸਿਫਤ ਸਾਰਾਹੀ ਜਹਾਨਲਗਾ ਕਰਨੇਤੇ ਸਭਕੋਈਏਹ ਕਰੇਜੋ ਏਹ ਵੱਡਾ ਸਾਹਿਬਕਾ ਪਿਆਰਾਹੈ ਗੁਰਨਾਨਕਜੀ ਮੁਸਲਮਾਨੀ ਵਿੱਚ ਮੁਸਲਮਾਨਾਂ ਦੀ ਨਿਸ਼ਾ ਕਰੇ ਹਿੰਦੀ ਵਿਚ ਹਿੰਦੂਆਂ ਦੀ ਨਿਸ਼ਾ ਕਰੇਜੋ ਕੋਈ ਮਿਲੇ ਸਭ ਕੋਈਸੰਤੋਖਿਆ ਜਾਵੇ ਗੁਰੂ ਜੀ ਹਿੰਦੀ ਫ਼ਾਰਸੀ ਤੁਰਕੀ ਅਰਬੀ ਸਭ ਬੋਲੀਆਂ ਮੈਂ ਜੈਸਾ ਕੋਈ ਮਿਲੇ ਤੈਸਾ ਹੀ ਜਵਾਬ ਦੇਵਨ॥ਜਾਂ ਕਿਤਨੇਕ ਮਹੀਨੇ ਗੁਜਰੇ ਤਾਂ ਸ੍ਰੀ ਗੁਰੂ ਜੀ ਬਹੁਤ ਬੇਸ਼ੁਮਾਰਕੇਘਰ ਮੈਂ ਹੋਇ ਬੈਠੇ ਬੋਲੇ ਕਿਸੇ ਨਾਲ ਨਾਹੀਂ ਅਤੇ ਕਾਲੂ ਨੇ ਮੁੱਲਾਂ ਨੂੰ ਸਦਵਾਇਆ ਜਿਸ ਮੁੱਲਾਂ ਪਾਸ ਗੁਰੂ ਜੀ ਪੜ੍ਹਦੇ ਹੈਸਨਤਾਂ ਮੁੱਲਾਂ ਆਯਾ ਆਇਕਰ ਮੁੱਲਾਂਨੇ ਗੁਰੂ ਬਾਬੇ ਜੀਨੂੰ ਝਾੜਾ ਕੀਤਾ ਪਰ ਗੁਰੂ ਨਾਨਕਜੀ ਬੋਲੇ ਕਿਸੇ ਨਾਲ ਨਹੀਂ ਅਤੇ ਲੋਗ ਗੁਰੂ ਬਾਬੇ ਜੀਨੂੰ ਦੇਖਨ ਵਾਸਤੇ ਆਵਨਅਤੇ ਆਖਨਦੇਖੋਭਾਈ ਗੁਰੂਨਾਨਕ ਜੀਨੂੰ ਕਿਆਹੋਯਾ ਬੋਲਦਾ ਕਿਸੇਨਾਲ ਨਾਹੀਂ ਤਾਂਮੁੱਲਾਂਨੇਪਾਸਬੈਠਕਰ ਕਹਜਾ ਹੇਨਾਨਕਜੀਤੂੰ ਆਪਣੇਸਾਹਿਬਕੇਵਾਸਤੇਭੋਰਾਹਿਕ ਤਾਂ ਬੋਲਜੀਜਾਂ ਮੁੱਲਾਂਨੇ ਸਾਹਿਬਕਾ ਵਾਸਤਾ ਪਾਯਾਤਾਂ ਸ੍ਰੀਗੁਰੂ ਬਾਬਾ ਨਾਨਕਜੀ ਮੁੱਲਾਂਦੀ ਤਰਫ ਚਸ਼ਮਾਂ ਲਾਇਕਰ ਉਠ ਬੈਠਾਤਾਂ ਮੁੱਲਾਂ ਬਡਾ ਖ਼ੁਸ਼ੀ ਹੋਯਾਅਤੇ ਕਹਿਣ ਲਗਾ ਜੋ ਹੇ ਨਾਨਕਜੀ ਤੈਨੂੰ ਰਖਪੀਰਾਂਦੀ ਹੋਵੇ ਅਤੇ ਹੇਨਾਨਕਜੀਤੂੰਤਾਂ ਖੁਦਾਇਦਾ ਬਖਸ਼ਿਆਹੋਯਾਹੈਂ ਅਤੇ ਤੇਰੇ ਉੱਪਰਤਾਂ ਖੁਦਾਈ ਮਿਹਰ ਕੋਈ ਹੈ ਅਤੇ ਤੇਰੇ ਨ ਬੋਲਣੇ ਕਰਕੇ ਲੋਕ ਬਹੁਤ ਰੰਜ ਹੋਂਦੇ ਹੈਨਤੂ ਇਕ ਭੋਰਾਕ ਬੋਲਤਾਂ ਗੁਰੂ ਨਾਨਕ ਜੀਨੇ ਰਾਗ ਤਿਲੰਗਵਿਚ ਸ਼ਬਦ ਕਹਜਾ ਰਾਗ ਤਿਲੰਗ ਮਹਲਾ ੧ ॥ ਯੱਕ ਅਰਜ ਗੁਫਤਮ ਪੇਸ ਤੋ ਦਰ ਗੋਸ ਕੁਨ ਕਰਤਾਰ॥ ਹਕਾ ਕਬੀਰ ਕਰੀਮ ਤੂ ਬੇ ਐਬ ਪਰਵਰਦਗਾਰ॥ ਤਿਸਕਾਪਰਮਾਰਥ॥ ਗੁਰੂ ਨਾਨਕ ਜੀ ਕਹਿੰਦੇ ਹਨਜੋ ਹੇ ਸਾਹਿਬਜੀ ਤੇਰੇ ਪਾਸ ਮੇਰੀ ਇਕ ਬੇਨਤੀ ਅਰਜ਼ਹੈ ਸੋ ਤੂੰ ਕੰਨ ਦੇਕਰ ਸੁਣਜੀਤੂੰ ਕੈਸਾਹੈਂ ਜੀ ਕਰਤਾਰ ਕਰਣ ਕਾਰਣਹੈਂ ਜੀ ਅਤੇ ਏਹਬੰਦਾ ਐਬਾਂ ਦਾ ਭਰਿਆ ਹੋਯਾਹੈ ਅਤੇਤੂੰਬੇਐਬਹੈਂ ਜੀਜਿਤਨੇ ਜੀਵਹੈਂ ਤਿਨ੍ਹਾਂਦੀਪਰਵਰਸ਼ਕਰਦਾਹੈਂ ਅਰਤੇਰੇਬਿਨ ਹੋਰ ਕੋਈਨਹੀਂ ਤਾਂ ਫੇਰ ਮੁੱਲਾਂਨੇ ਕਹਿਆਹੇ ਨਾਨਕਜੀ ਤੇਰੇ ਗ਼ਮ ਖਾਵਨ ਨਾਲ ਸਭਲੋਕ ਦਿਲਗੀਰ ਹੋਏ ਹੈਨ ਸੋ ਤੂੰ ਉਠਕਰ ਬੈਠਤਾਂ ਸਹੀ ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਦੂਸਰੀ ਪਉੜੀ ਆਖੀ॥ ਦੁਨੀਆ ਮੁਕਾਮੇ ਫਾਨੀ ਤਹਕੀਕ ਦਿਲਦਾਨੀ॥ ਮਮਸਰ ਮੂਇ ਅਜਰਾਈਲ ਗ਼ਰਿਫਤਹ ਦਿਲਹੇਚਿ ਨ ਦਾਨੀ॥੧॥ ਰਹਾਉ॥ ਤਿਸਕਾ ਪਰਮਾਰਥ॥ ਗੁਰੂ ਨਾਨਕ ਜੀ ਕਹਿੰਦੇ ਹੈਨ ਸੁਣੋ ਮੁੱਲਾਂ ਜੀਮੈਂ ਕਿਸ ਨਾਲ ਬੋਲਾਂ ਦੁਨੀਆਂ ਤੇ ਫ਼ਨਾਹ ਹੁੰਦੀ ਜਾਂਦੀ ਹੈ ਏਹ ਬਾਤ ਮੈਂ ਤਹਕੀਕ ਦਿਲ ਨਾਲ ਲਾਇਕਰ ਦੇਖੀ ਹੈ ਇਸ ਬੰਦੇਕੇ ਸਿਰਦੇ ਵਾਲ ਫ਼ਰੇਸ਼ਤੇ ਨੇ ਹੱਥ ਵਿੱਚ ਫੜੇ ਹੋਏ ਹੈਨ ਪਕੜਕਰ ਲਈ ਖੜਾਹੈ ਬਿੰਦ ਹਿਕ ਜੀ ਰਸੇ

CC-0. Gurukul Kangri University Haridwar Collection. Digitized by S3 Foundation USA

S OF INTERNET
ITH
ABHINAV GAUR

ਵਿੱਚ ਲੈਜਾਵੇਗਾ ਸੁਣੋ ਮੁੱਲਾਂਜੀ ਇਸ ਬਾਤਕੀ ਖ਼ਬਰ ਇਸ ਮਨੁੱਖ ਕੋ ਹਰਗਿਜ਼ ਨਹੀਂ ਜੋ ਮੇਰੇ ਸਿਰਦੇ ਵਾਲ ਅਜ਼ਰਾਈਲਦੇ ਹੱਥਵਿਚ ਹੈਨਮੈਨੂੰ ਆਪ ਮਰਣਦੀ ਖਬਰਨਹੀਂ ਜੋ ਮੇਰਾ ਕੀਹਾਲ ਹੋਵੇਗਾਏਹ ਹੈਰਾਨਗੀ ਮੈਨੂੰ ਲੱਗ ਰਹੀਹੈ ਜੋ ਇਸ ਬੰਦੇਨੂੰ ਹੋਰਕੁਛ ਕੀਕੂੰ ਸੁਝਦਾ ਹੈ ਤਾਂ ਮੁੱਲਾਂ ਨੇ ਕਹਿਆ ਨਾਨਕਜੀ ਤੂੰ ਤਾਂ ਅਜੇ ਛੋਟਾ ਹੈਂ ਏਹਨਾਂ ਬੰਦਗੀਆਂ ਵਿੱਚਅਜੇ ਨਾ ਪਉਜਾਂਤੂੰ ਪੂਰ ਜਵਾਨ ਹੋਵੇਂਗਾ ਜੋ ਕੁਛ ਤੇਰੇ ਜੀਅ ਵਿਚਆਵੇ ਸੋ ਕਰੀਂਤਾਂ ਗੁਰੂਨਾਨਕਜੀ ਕਹਿਆਹੇ ਮੁੱਲਾਂ ਜੀਜੋ ਕੋਈ ਕਿਸੇ ਸਾਹਿਬਦਾ ਦਾਸ ਹੁੰਦਾ ਹੈ ਭਾਵੇਂ ਓਹ ਦਿਨਾਂ ਵਿੱਚਛੋਟਾ ਭੀ ਹੋਵੇ ਪਰ ਜਿਥੋਂ ਤਕ ਉਸਦੀ ਪਹੁੰਚ ਹੁੰਦੀ ਹੈ ਤਿਥੋਂ ਤਾਂਈਂ ਅਪਣੇ ਸਾਂਹਿਬਦੀ ਓਹਸੇਵਾ ਹੀ ਕਰਦਾ ਹੈਤਾਂ ਓਹ ਖਿਦਮਤਗਾਰ ਆਪਣੇਸਾਹਿਬਨੂੰ ਭਾਂਵਦਾਹੈ ਸੁਣੋਮੁੱਲਾਂ ਜੀਮੈਂ ਆਪਣੇ ਸਾਹਿਬਦੀਖਿਦਮਤ ਵਿੱਚਨਾ ਰਹਾਂਤਾਂ ਮੈਂ ਹਰਾਮਖੋਰ ਹੋਵਾਂਗਾ ਤਾਂ ਮੁੱਲਾਂਨੇ ਕਿਹਾ ਬਾਤ ਤਾਂ ਨਾਨਕ ਜੀ ਤੂੰ ਠੀਕ ਕਹੀ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਸੁਣੋ ਮੁੱਲਾਂਜੀ ਜਦਇਸਨੂੰ ਅੰਤਸਮੇ ਅਜ਼ਰਾਈਲਫੜੇਗਾਤਾਂਉਸਸਮੇ ਇਸਦੀਸਹਾਇਤਾ ਕੋਈਭੀ ਨਹੀਂ ਕਰ ਸਕਦਾ ਅਰਨਾ ਕੋਈ ਉਸ ਵੇਲੇ ਯਾਰਹੀ ਬਣਦਾ ਹੈ ਨਾ ਕੋਈ ਮਿਤ੍ਰ ਹੀਹੈ ਬਿਨਾਂ ਪਰਮੇਸ਼ਰਕੇ ਨਾਮ ਥੋਂ ਹੋਰ ਕੋਈਨਹੀਂ ਛੁਡਾਇ ਸਕਦਾ ਤਾਂ ਮੁੱਲਾਂ ਨੇ ਕਹਾ ਹੈ ਨਾਨਕਜੀ ਜਿਸ ਪਰ ਸਾਹਿਬ ਮਿਹਰ ਕਰੇ ਤਿਸੀ ਕੋ ਛੁਡਾਵੇ ਹੈ ਪਰ ਤੂੰ ਅਜੇ ਬਾਲਕ ਹੈਂ ਤੇਰੇ ਪਰ ਖੁਦਾਇ ਦੀ ਮਿਹਰ ਹੋਈ ਹੈ ਜੋ ਤੈਨੇ ਮਸੂਮ ਉਮਰ ਵਿਚ ਸਾਹਿਬ ਨੂੰ ਪਾਇਆਹੈ ਅਮਲ ਸਾਹਿਬ ਸੱਚੇ ਨੇ ਤੈਨੂੰ ਨੇਕ ਦਿੱਤੇ ਹੈਨ ਅਤੇ ਤੇਰੇ ਪਾਸੋਂ ਬਦੀ ਕੋਈ ਨਹੀਂ ਹੋਇ ਆਵੇਗੀ ਤਾਂ ਗੁਰੂ ਬਾਬੇ ਜੀ ਨੇ ਤੀਸਰੀ ਪਉੜੀ ਆਖੀ—

ਜਨ ਪਿਸਰ ਪਦਰ ਬਿਰਾਦਰਾਂ ਕਸ ਨੇਸ ਦਸਤੰਗੀਰ॥ ਆਖਰ ਬਿਅਫਤਮ ਕਸ ਨਦਾਰਦ ਚੂੰ ਸਵਦ ਤੁਕਬੀਰ॥੨॥ਸਬ ਰੋਜ ਗਸਤਮ ਦਰ ਹਵਾ ਕਰ ਦੇਮ ਬਦੀ ਖਿਆਲ ॥ ਗਾਹੇ ਨ ਨੇਕੀ ਕਾਰ ਕਰਦਮ ਮਮਈਂ ਚਿਨੀ ਅਹਿਵਾਲ ॥ ੩ ॥ ਤਿਸਕਾ ਪਰਮਾਰਥ॥ਸੁਣੋ ਮੁੱਲਾਂ ਜੀ ਏਹ ਬੰਦਾ ਅਵਾਈਆਂ ਹੀ ਗੱਲਾਂ ਵਿਚ ਰਹਿੰਦਾ ਹੈ ਅਠਾਂਪਹਿਰਾਂਵਿਚਇੱਕਘੜੀਭੀ ਸ੍ਰੀ ਪਰਮੇਸ਼ਰਜੀਨੂੰ ਨਹੀਂ ਯਾਦ ਕਰਦਾ ਅਰਪਰਾਈਆਂ ਹੀ ਬਦੀਆਂ ਵਿੱਚਰਹਿੰਦਾਹੈ ਅਤੇ ਇੱਕਘੜੀਭੀਨੇਕੀਨਾਹੀ ਹੋਇਆਂਵਦੀ ਅਰਸੁਣੋਮੁੱਲਾ ਮੇਰੇਤਾਂ ਏਹਫੇਲ ਹੈਨਏਹੋ ਜਿਹਾ ਮੈਂ ਸਾਹਿਬਦਾ ਬਜੇਗਾਰ ਹਾਂ ਤਾਂ ਫੇਰ ਮੁੱਲਾਂ ਨੇ ਕਹਿਆ ਹੇਨਾਨਕਜੀਤੂੰ ਸਾਹਿਬਦੇ ਨਾਲ ਸਹੀ ਹੋਯਾਹੈਂ ਤਾਂ ਗੁਰੂਨਾਨਕਜੀ ਚੌਥੀ ਪਉੜੀ ਆਖੀ॥

ਬਦ ਬਖਤ ਹਮਚੁ ਬਖੀਲ ਗਾਫਿਲ ਬੇਨਜ਼ਰ ਬੇਬਾਕ ॥ ਨਾਨਕ ਬੁਗੋਯਦ ਜਨ ਤੁਰਾ ਤੇਰੇ ਚਾਕਰਾਂ ਪਾਖਾਕ ॥ ੪ ॥ ਤਿਸਕਾ ਪਰਮਾਰਥ ॥

ਗੁਰੂ ਨਾਨਕ ਜੀ ਕਹਿੰਦੇ ਹੈਨਜੋਂ ਸੁਣੋ ਮੁੱਲਾਂਜੀ ਸ੍ਰੀ ਪਰਮੇਸ਼ਰ ਜੀਕੇ ਭੂਝਕੀ ਬਾਤ ਇਸ ਬੰਦੇਨੂੰ ਐਸਾ ਨਹੀਂਹੈ ਪਰ ਏਹ ਬੰਦਾ ਹਰ ਕਿਸੇ ਦੀ ਬਖੀਲੀਹੀ ਕਰਦਾ ਰਹਿੰਦਾਹੈ ਅਰ

CC-0. Gurukul Kangri University Haridwar Collection. Digitized by S3 Foundation USA

ਅਠੇਪਹਿਰ ਗਫ਼ਲਤਵਿਚਹੀਰਹਿੰਦਾਹੈ ਹਰਕਿਸੇਦਾ ਬੁਰਾਹੀ ਚਿਤਵਦਾ ਰਹਿੰਦਾਹੈਅਰ ਬਦ ਨਜਰਹੀ ਦੇਖਦਾ ਰਹਿੰਦਾਹੈ ਸੋ ਏਹਬੰਦਾ ਗਫ਼ਲਤ ਕਾ ਮਾਰਿਆਹੋਯਾ ਬੇਬਾਕ ਹੋਯਾ ਫਿਰਦਾਹੈ ਸੁਣੋ ਮੁੱਲਾਂਜੀ ਏਹਬੰਦਾ ਸਾਹਿਬਦੀ ਸਿਫਤਨਹੀਂ ਬੁਝਸਕਦਾ ਅਰ ਜੋਸਾਹਿਬ ਕੇ ਖ਼ਾਸ ਬੰਦੇ ਹੈਨਸੋ ਅੱਠੇ ਪਹਿਰ ਮਰਣੇ ਨੂੰ ਯਾਦਕਰਦੇਰਹਿੰਦੇ ਹੈਨਸੋ ਮੈਂ ਉਨਾਂਕੇ ਪੈਰਾਂ ਦੀ ਖ਼ਾਕ ਹਾਂਜੇਤਾਂ ਓਹ ਮੇਰੇਉਪਰ ਮੇਹਰਵਾਨ ਹੋਵਨ ਤਾਂਮੈਂ ਨਿਹਾਲਹੋਵਾਂ ਅਤੇਏਹਬੰਦਾ ਬੇਬਾਕ ਹੋਯਾ ਫਿਰਦਾਹੈ ਅਤੇ ਅਜੇ ਇਸ ਬੰਦੇ ਬਾਕੀ ਦੇਣੀਹੈ ਅਰ ਏਹ ਬੰਦਾ ਕਹਿੰਦਾਹੈ ਮੈਂਬਾਕੀਨਹੀਂਦੇਣੀ ਸੁਣੋਮੁੱਲਾਂਜੀਜਿਨਾਂਨੇਬਾਕੀਨਾਹੀਂ ਦੇਣੀਹੁੰਦੀਸੋਬੇਗਮਹੋਇ ਫਿਰਦੇ ਹੈਂਅਤੇ ਸੁਣ ਮੁੱਲਾਂਜੀਮੇਰੀਅਰਜ ਸਾਹਿਬਅੱਗੇਏਹਹੈਜੋਮੈਂ ਸਾਹਿਬਦੇਚਾਕਰਾਂਦੇ ਪੈਰਾਂਦੀ ਖ਼ਾਕਹੋਵਾਂ ਅਰਮੇਰੇਮਨ ਵਿਚਗਰੀਬੀ ਵਸੇਤਾਂ ਮੁੱਲਾਂਨੇ ਆਖਜਾਹੇ ਨਾਨਕਜੀਤੂੰਤਾਂਸਾਹਿਬ ਕੋ ਮਿਲਿਆ ਹੋਯਾਹੈਂ ਅਤੇ ਸਾਡਾਖਸਮਾਨਾ ਤੁਸਾਂਹੀਕਰਨਾਹੈ ਸੱਚੀ ਦਰਗਾਹਵਿਚਤਾਂਸ੍ਰੀ ਗੁਰੂ ਨਾਨਕਜੀ ਕਹਜਾ ਸੁਣੋ ਮੁੱਲਾਂਜੀ ਤੁਸੀ ਭੀ ਸਾਹਿਬਨੂੰ ਯਾਦ ਕਰਿਆ ਕਰੋ ਤਾਂ ਤੇਰਾ ਭੀਭਲਾਹੋਵੇਗਾ ਤੇ ਦਰਗਾਹਵਿਚ ਅਸੀਭੀਤੇਰੀ ਸਹਾਇਤਾ ਕਰਾਂਗੇ ਏਹਬਾਰਤਾ ਮੁੱਲਾਂਨੇ ਸੁਣਕਰ ਗੁਰੂਨਾਨਕਜੀ ਦਿਆਂ ਚਰਣਾਂ ਉਤੇ ਮੱਥਾ ਟੇਕਿਆ ਅਤੇ ਅਪਣੇ ਘਰ ਨੂੰ ਚਲਾ ਗਿਆ ਅਤੇ ਬਾਬੇਜੀਦੇ ਉਪਦੇਸ਼ ਕਰਨੇ ਕਰਮੁੱਲਾਂਕੇ ਮਨਦੀ ਪਰਮੇਸ਼ਰਦੀ ਤਰਫਲਿਵ ਲਾਗੀਵਿਸ਼ਿਆਂਨੂੰ ਛੋਡਕੇਇਕਮਨਹੋਇਕੇ ਪਰਮੇਸ਼ਰਸਿਮਰਨੇਲਾਗਾ ਅੰਤਕਾਲਭਗਵਾਨ ਜੀਕੇ ਧਾਮ ਕੋ ਗਿਆ ॥ ੫ ॥ ਬੋਲੋ ਭਾਈ ਜੀ ਵਾਹਿਗੁਰੂ

ਆਗੇ ਸਾਖੀ ਕੁਲ ਦੇ ਪਰੋਹਤ ਨਾਲ ਹੋਈ

ਜਾਂ ਗੁਰੂ ਨਾਨਕਜੀਨੋਂ ਬਰਸਾਂਦਾ ਹੋਯਾਤਾਂ ਜਨੇਊ ਪਾਵਣਦੀ ਰੀਤਕਰਨਵਾਸਤੇ ਕਾਲੂਨੇ ਪਰੋਹਤ ਹਰਦਿਆਲਕੋ ਬੁਲਾਇਆ ਸੁਭ ਮਹੂਰਤ ਦੇਖਕਰ ਪਰੋਹਤਜੀਨੇ ਸਭ ਸਮਿੱਗ੍ਰੀ ਮੰਗਵਾਈਜੋ ਜ਼ਾਤਭਾਈ ਕਾਲੂਕੇ ਥੇ ਸਭਕੋ ਕਹਾਅਰ ਬ੍ਰਾਹਮਣਜੋ ਵਹਾਂ ਰਹਿਤੇਥੇ ਸਭਕੋ ਨਿਉਤਾ ਦੀਆਸਭ ਭਾਈਬੰਦ ਜ਼ਾਤੀਕੇ ਅਰਬ੍ਰਾਹਮਣ ਭੀਇਕਤ੍ਰ ਹੋਇਕੈ ਸ੍ਰੀ ਗੁਰੂਬਾਬਾ ਜੀਕੋ ਜਨੇਊ ਪਾਵਣੇਲਗੇ ਅਸਥਾਨਕੋ ਲੇਪਨਕਰ ਬੇਦਬਿਧਚੌਕਪੂਰਨ ਕੀਆਬੇਦੀਬੰਸ ਕੇਸਭ ਭਾਈਔਰ ਬ੍ਰਾਹਮਣਜੋ ਬੇਦਬਿਧਕੇ ਗਜਾਤਾਥੇ ਸਰਬੱਤ੍ਰ ਇਕੱਠੇ ਹੋਇਕੈ ਬੈਠੇਬਾਬਾ ਨਾਨਕਜੀਕੋ ਇਸ਼ਨਾਨ ਕਰਵਾਇਕੇ ਬੁਲਾਯਾਤਾਂ ਬਾਬਾਜੀ ਇਸ਼ਨਾਨ ਕਰਕੇ ਆਇ ਬੈਠੇ ਐਸੇਸੋਭਾ ਪਾਵਤੇਹੈਂ ਜੈਸੇਸਭ ਤਾਰਾਮੰਡਲਮੇਂਚੰਦ੍ਰਮਾਂਸ਼ੋਭਾ ਪਾਵਤਾਹੈ ਪ੍ਰੋਹਤਨੇਛੱਡ੍ਹੀਓਂਕੀ ਰੀਤਬੇਦ ਬਿਹਤਸਭ ਕਰਵਾਈਜੋ ਪੁਰਾਤਨ ਰੀਤਥੀ ਅਰਕੁਲਾਚਾਰ ਸਭਸਿਖਾਨੇ ਲਗਾ ਸੰਧਜਾ ਤਰਪਨ ਸਿਖਾਸੂਤ ਧੋਤੀ ਜਨੇਊ ਮਾਲਾ ਤਿਲਕ ਖਟ ਕਰਮ ਗੁਰੂਜੀਨੂੰ ਸਿਖਾਵਨੇ ਲਾਗਾ ਤੋਸਰਬਸਾਮਰਥ ਗੁਰੂਨਾਨਕਜੀ ਮੁਕਤ ਭੁਗਤਕੇ ਦੇਣੇ ਵਾਲੇ ਪਰੋਹਤਨੂੰ ਕਹਿਣ ਲਗੇਹੇ ਮਿਸਰਜੀ ਏਸ ਜਨੇਊ ਕੇ ਪਾਏਤੇ ਕਿਆ ਅਧਿਕਤਾ ਹੁੰਦੀ ਹੈ ਇਸ ਜਨੇਊ ਪਾਏਦਾ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //

ਕਜਾ ਧਰਮ ਹੈ ਅਤੇ ਕੌਣ ਪਦਵੀ ਮਿਲਦੀ ਹੈ ਅਰ ਇਸਦੇ ਨਾ ਪਹਿਰਨੇ ਕਰ ਕੇਹੜੀ ਊਨਤਾਹੁੰਦੀਹੈਤਾਂਹਰਦਿਆਲਜੀਬੋਲੇਇਸਜਨੇਊਦੇਪਹਿਰਨੇਬਿਨਾਅਪਵਿੱਤ੍ਰਹੁੰਦਾਹੈ ਚੌਕੇ ਕਾ ਅਧਿਕਾਰਹੁੰਦਾ ਨਹੀਂ ਅਪਵਿੱਤ੍ਰ ਰਹਿੰਦਾ ਹੈ ਜਬ ਬੇਦਕੀ ਬਿਧ ਪੂਰਬਕ ਖੱਤ੍ਰੀਬ੍ਰਾਹਮਣ ਇਸ ਜਨੇਊ ਕੋ ਪਹਿਰਤੇ ਹੈਂ ਤਬ ਸਭ ਕਰਮ ਧਰਮ ਕੇ ਅਧਿਕਾਰੀ ਹੁੰਦੇ ਹੈਨ ਤਾਂ ਫੇਰ ਗੁਰੂ ਜੀ ਕਹਜਾ ਸੁਣੋ ਪੰਡਿਤਜੀ ਖੱਤ੍ਰੀ ਬ੍ਰਹਮਣ ਹੋਇਕਰ ਜਨੇਊ ਗਲ ਪਾਯਾ ਅਰ ਬੁਰੇ ਕਰਮ ਕਰਨੇ ਥੀਂ ਨਾ ਟਲਿਆ ਖੋਟੇ ਕਰਮ ਕਰਦਾ ਹੀ ਰਹਜਾ ਤਾਂ ਬ੍ਰਹਮਣ ਖੱਤ੍ਰੀ ਜਨੇਊ ਪਾਇਕੇ ਬਾਹਰਲੇ ਧਰਮਨੂੰ ਕਜਾ ਕਰੇਗਾ ਧਨ ਦੇ ਵਾਸਤੇ ਹਿੰਸਾ ਧ੍ਰੋਹ ਅਧਰਮ ਅੰਤ ਪ੍ਰਯੰਤ ਦੁਸ਼ਟਤਾ ਝੂਠ ਚੁਗਲੀ ਕੀਤੀ ਤਬ ਓਹ ਖੱਤ੍ਰੀ ਬ੍ਰਾਹਮਣ ਨਹੀਂ ਚੰਡਾਲ ਹੈ ਅੰਤ ਕੋ ਜਮ ਰਾਜ ਕੀ ਸਾਸਨਾ ਪਾਵੇਗਾ ਤਿਸਨੂੰ ਜਨੇਊ ਪਾਏ ਕਾ ਕਜਾ ਫਲ ਹੋਯਾ ਈਹਾਂ ਜੋ ਪਾਪ ਕਰੇਗਾ ਨਰਕ ਭੋਗੇਗਾ ਜਬ ਏਹ ਬਾਰਤਾ ਗੁਰੂ ਜੀਨੇ ਕਹੀ ਤਾਂ ਜਿਤਨੇ ਲੋਕ ਬੈਠੇ ਸਨ ਸਭ ਹੈਰਾਨ ਹੋਇ ਗਏ ਮਨ ਮੇਂ ਕਹਿਨੇ ਲਗੇ ਹੇ ਪਰਮੇਸ਼ਰਜੀ ਅਜੇ ਤਾਂ ਇਹ ਬਾਲਕ ਰੂਪ ਹੈ ਅਤੇ ਕੈਸੀਆਂ ਬਾਤਾਂ ਕਰਦਾ ਹੈ ਤਾਂ ਫੇਰ ਪੰਡਿਤ ਨੇ ਕਹਜਾ ਹੇ ਨਾਨਕ ਜੀ ਓਹ ਕੌਨਸਾ ਜਨੇਊ ਹੈ ਜਿਸ ਜਨੇਊ ਪਾਏ ਤੇ ਇਸ ਪ੍ਰਾਣੀ ਦਾ ਧਰਮ ਰਹਿੰਦਾ ਹੈ ਤਾਂ ਬਾਬੇ ਜੀਨੇ ਇਕ ਸ਼ਲੋਕ ਕਹਜਾ॥

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥ ਏਹ ਜਨੇਊ ਜੀਅ ਕਾ ਹਈ ਤ ਪਾਂਡੇ ਘਤੁ ॥ ਨਾ ਏਹ ਤੁਟੈ ਨ ਮਲੁ ਲਗੈ ਨਾ ਇਹੁ ਜਲੈ ਨ ਜਾਇ ॥ ਧੰਨ ਸੁ ਮਾਨਸ ਨਾਨਕਾ ਜੋ ਗਲਿ ਚਲੇ ਪਾਇ ॥ ੧ ॥ ਤਿਸਦਾ ਪਰਮਾਰਥ ॥ ਗੁਰੂ ਨਾਨਕ ਜੀ ਕਹਿੰਦੇ ਹੈਨ ਸੁਣੋ ਪੰਡਿਤ ਜੀ ਇਸ ਦੇਹੀ ਕਾ ਧਰਮ ਜਨੇਊ ਪਾਏ ਤੇ ਤਉ ਰਹਿੰਦਾ ਹੈ ਜੋ ਦਯਾ ਕੀ ਕਪਾਹ ਕਰੇ ਅਰ ਸੰਤੋਖ ਕਾ ਸੂਤ ਕਰੇ ਅਰ ਸਤ ਕਾ ਵਟ ਚੜ੍ਹਾਵੇ ਅਰ ਜਤ ਦੀਆਂ ਗੰਢੀਂ ਦੇਵੇ ਤਾਂ ਇਸਦੇ ਅੰਦਰ ਦਯਾ ਸੰਤੋਖ ਦਾ ਜਨੇਊ ਪਵੇ ਤਾਂ ਤੱਗ ਹੋਵੇ ਅਤੇ ਸੁਣੋ ਪੰਡਿਤ ਜੀ ਇਹ ਕਪਾਹ ਕਾ ਜਨੇਊ ਤਾਂ ਮੇਰੇ ਕੰਮ ਨਾਹੀਂ ਅਰ ਕਪਾਹ ਕਾ ਸੂਤ ਵੱਟਕੇ ਕਾਹੇ ਕੋ ਗਵਾਵਤੇ ਹੋ ਇਸ ਕਪਾਹ ਕਾ ਸੂਤ ਵੱਟਿਆ ਹੋਯਾ ਕਿਤੇ ਕੰਮ ਨਾਹੀਂ ਇਸ ਕਪਾਹ ਕਾ ਸੂਤ ਅੱਗ ਵਿੱਚ ਪਾਇਆਂ ਜਲ ਜਾਂਦਾ ਹੈ ਅਰ ਗਲ ਪਾਏ ਤੇ ਮੈਲ ਲਗ ਕਰ ਪੁਰਾਣਾ ਹੋਇਕੇ ਟੁਟ ਜਾਂਦਾ ਹੈ ਅਰ ਜੋ ਦਯਾ ਸੰਤੋਖ ਕਾ ਅਤੇ ਜਤ ਸਤ ਕਾ ਜਨੇਊ ਹੈ ਉਸਨੂੰ ਨਾ ਕਦੀ ਮਲ ਲਗਦੀ ਹੈ ਨਾ ਕਦੇ ਪੁਰਾਣਾ ਹੁੰਦਾ ਹੈ ਨਾ ਕਦੇ ਟੁਟਦਾ ਹੀ ਹੈ ਸੁਣੋ ਪੰਡਿਤ ਜੀ ਧੰਨ ਓਹ ਪੁਰਖ ਹੈਨ ਜਿਨਾਂ ਨੇ ਦਯਾ ਸੰਤੋਖ ਜਤ ਸਤ ਕਾ ਜਨੇਊ ਪਾਇਆ ਹੈ ਅਤੇ ਪੰਡਿਤ ਜੀ ਏਹ ਕਪਾਹ ਦਾ ਜਨੇਊ ਕੁਛ ਨਾਹੀਂ ਏਹ ਜਨੇਊ ਸਭ ਝੂਠੇ ਹੈਨ ਜੇਤਾਂ ਓਹ ਸੱਚ ਕਾ ਜਨੇਊ ਤੇਰੇ ਪਾਸ ਹੈ ਤਾਂ ਤੂੰ ਮੇਰੇ ਗਲ ਪਾਉ ਨਹੀਂ ਤਾਂ ਨਾ ਪਾਉ ਤਾਂ ਪੰਡਿਤ ਨੇ ਕਿਹਾ ਹੇ ਨਾਨਕ ਜੀ ਏਹ ਜਨੇਊ ਤਾਂ ਅਸਾਂ ਅੱਜ ਨਹੀਂ ਥਾਪਿਆ ਜੇਤਾਂ ਇਹ ਜਨੇਊ ਅਸਾਡਾ ਕੀਤਾ ਹੋਯਾ ਹੋਵੇ ਤਾਂ ਤੂੰ ਅਸਾਨੂੰ ਮਨਹਿਕਰ ਜੀ ਪਰ ਏਹ ਜਨੇਊ ਤਾਂ ਪਿਛੇ ਭੀ ਆਦਿ ਅੰਤ ਹੋਂਦਾ ਹੀ ਆਯਾ ਹੈ ਤਾਂ ਸ੍ਰੀ ਗੁਰੂ ਜੀ ਕਹਜਾ ਹੇ

CC-0. Gurukul Kangri University Haridwar Collection. Digitized by S3 Foundation USA

ਪੰਡਿਤ ਜੀ ਏਹ ਜਨੇਊ ਤਾਂ ਏਥੇਹੀ ਰਹਿ ਜਾਵੇਗਾ ਅਰ ਅੱਗੇ ਭਾਂ ਨਹੀਂ ਜਾਣੇ ਕਾ ਭਾਂ ਫੇਰ ਪਾਂਧੇ ਕਹਾ ਹੇ ਨਾਨਕਜੀ ਏਹ ਜਨੇਊ ਤਾਂ ਪਿੱਛੇ ਭੀ ਸਨਕਾਦਿਕਾਂਤੇ ਆਦਿਲੇਕਰਪਹਿਨਦੇ ਆਏ ਹੈਨ ਅਤੇ ਤੂੰ ਕਜੋਂ ਮਨਹਿ ਕਰਦਾ ਹੈਂ ਭਾਂ ਸ੍ਰੀ ਗੁਰੂਨਾਨਕ ਜੀ ਨੇ ਹੋਰਸ਼ਲੋਕ ਕਹਜਾ ਚਉਕੜਿਮੁਲਿਅਣਾਇਆਬਹਿਚਉਕੈਪਾਇਆਸਿਖਾਕੰਨਿਚੜਾਈਆਂਗੁਰੁਬ੍ਰਹਮਣੁਥਿਆ ॥ ਓਹੁ ਮੁਆ ਓਹੁ ਝੜ ਪਇਆ ਵੇਤਗਾਗਇਆ ॥ ੧ ॥ਮਃ ੧ ॥ ਲਖ ਚੋਰੀਆਲਖਜਾਰੀਆ ਲਖ ਕੂੜੀਆਂ ਲਖਗਾਲਿ ॥ ਲਖ ਠਗੀਆ ਪਹਿਨਾਮੀਆ ਰਾਤਦਿਨਸੁਜੀਅਨਾਲ ॥ ੨ ॥ ਤਿਸਕਾ ਪਰਮਾਰਥ ॥ ਗੁਰੂ ਨਾਨਕ ਜੀ ਕਹਿੰਦੇ ਹਨ ਸੁਣੋ ਪੰਡਿਤ ਜੀ ਏਹ ਐਵੇਂ ਹੀ ਗਲ ਹੈ ਏਹ ਤਾਂ ਸੱਭੋ ਗੱਲਾਂਮਨੁਖਾਂਦੀਆਂ ਥਾਪੀਆਂ ਹੋਈਆਂ ਹੈਨ ਆਪੇਹੀਮਨੁੱਖਾਂਨੇ ਚੌਕਾ ਪਾਯਾ ਆਪੇ ਹੀ ਮਨੁੱਖਾਂ ਨੂੰ ਚੌਕੇਵਿੱਚ ਬੈਠਾਇਆ ਤਾਂ ਆਪੇਹੀ ਬ੍ਰਾਹਮਣ ਨੂੰ ਗੁਰੂ ਕਰਕੇ ਸਮਝਿਆ ਜਨੇਊ ਪਾਇਆ ਉਸ ਮਨੁੱਖ ਨੇ ਕਹਜਾ ਇਹ ਬ੍ਰਾਹਮਣ ਮੇਰਾ ਗੁਰੂ ਹੋਇਪਹੁੰਚਿਆ ਹੈ ਜਿਸਨੇ ਮੈਨੂੰ ਦੀਖਿਆ ਦੇਕਰ ਜਨੇਊ ਪਾਇਆ ਹੈ ਅਤੇ ਸੁਣੋ ਪਾਂਧਾਜੀ ਜਾਂ ਓਹਮਨੁੱਖਮਰਗਿਆਤਾਂ ਓਹ ਜਨੇਊ ਭੀ ਜਲ ਗਿਆ ਅਤੇਓਹ ਜੀਵ ਭੀ ਵੇਤਗਾ ਗਇਆ ਅਤੇਸੁਣੋ ਪਾਂਧਾਜੀਬ੍ਰਹਮਣ ਭੀ ਉਸੇਜਨੇਊ ਨੂੰ ਥਾਪਣ ਜੋ ਜੋਹੜਾ ਜਨੇਊਅਗਲੀ ਦਰਗਾਹ ਵਿੱਚ ਨਾਲ ਚੱਲੇ ਅਤੇ ਜਿਤਨੀਆਂ ਵਸਤੂ ਸੰਸਾਰਨੇ ਥਾਪੀਆਂ ਹੈਨ ਸੋਏਥੇਹੀ ਰਹਿਜਾਂਵਣਗੀਆਂ ਅਤੇਉਹਵਸਤਾਂ ਭੀ ਇਥੇ ਹੀ ਰਹੇਂਗੀ ਅਤੇ ਸ੍ਰੀ ਪਰਮੇਸ਼ਰ ਜੀ ਕੀ ਦਰਗਾਹ ਵਿੱਚ ਉਸ ਵਸਤੂ ਕੀ ਸ਼ੋਭਾ ਨਾਹੀਂ ਹੋਂਦੀ ਅਰ ਜੋ ਸ੍ਰੀ ਪਰਮੇਸ਼ਰ ਜੀ ਨੇ ਵਸਤੂ ਥਾਪੀਆਂ ਹੈਨ ਸੋ ਵਸਤੂ ਸੰਸਾਰਨੂੰ ਨਹੀਂ ਭਾਂਵਦੀਆਂ ਸੋ ਸੁਣੋ ਪੰਡਿਤਜੀ ਅਸਾਨੂੰ ਤਾਂ ਸ੍ਰੀ ਪਰਮੇਸ਼ਰਜੀ ਨਾਲ ਮੁਦਾਹੈ ਅਤੇਤੂੰਅਸਾਨੂੰ ਸੰਸਾਰ ਦੀਆਂ ਗੱਲਾਂ ਦ੍ਰਿੜਾਂਵਦਾ ਹੈਂ ਸੋਤਾਂਅਸਾਡੇਕਿਸੇ ਕੰਮਨਾਹੀਂ ਸੋਜਿਸਨੇਤਾਂ ਏਹਬਚਨ ਗੁਰੂ ਨਾਨਕ ਜੀ ਦੇ ਸੁਣੇ ਸਨ ਸੋ ਤਾਂ ਵਾਹ ਵਾਹ ਕਰਕੇ ਉਠੇ ਅਰ ਕਹਿਣ ਲਗੇ ਹੇ ਸ੍ਰੀ ਪਰਮੇਸ਼ਰ ਜੀ ਤੂੰ ਇਤਨੇ ਬਾਲਕ ਨੂੰ ਕਿਆ ਕਿਰਪਾ ਕੀਤੀ ਹੈ ਤਾਂ ਫੇਰ ਪੰਡਿਤ ਨੇ ਕਹਜਾ ਹੇਨਾਨਕ ਜੀ ਤੇਰੇ ਜਨੇਊ ਪਾਵਣੇ ਕਰਕੇ ਕਾਲੂ ਨੈ ਇਤਨਾ ਦਰਬ ਖਰਚ ਕਰਿਆ ਹੈ ਅਰ ਕਿਤਨੇ ਹੀ ਭਾਈ ਸਨਬੰਧੀ ਇਕੱਠੇ ਹੋਏ ਹੈਨ ਅਤੇ ਆਇਕੇ ਬੈਠੇ ਹੋਏ ਹੈਨ ਪਰ ਜੇ ਤੂੰ ਹੁਣ ਜਨੇਊ ਨਾ ਪਾਵੇਂਗਾ ਤਾਂ ਜਿਤਨਾਂ ਪਦਾਰਥ ਲਗਾਇਆਹੈ ਸਭ ਐਵੇਂ ਹੀ ਜਾਵੇਗਾ ਜਿਤਨੇ ਸਨਬੰਧੀ ਆਏ ਹੈਨ ਅਤੇ ਬ੍ਰਾਹਮਨ ਬੇਦਪਾਠੀ ਆਏ ਹੋਏ ਹੈਨ ਸਭ ਬਿਰਥੇ ਜਾਵਨਗੇ ਅਗੇ ਜਿਉਂ ਤੇਰੇ ਜੀਅ ਮੇਂ ਆਵੇ ਤਿਵੇਂ ਕਰ ਜੀ ॥ ਤਾਂ ਗੁਰੂ ਨਾਨਕ ਜੀ ਹੋਰ ਸ਼ਲੋਕ ਕਹਿਆ ॥

ਤਗੁ ਕਪਾਹਹੁ ਕਤੀਐ ਬਾਮਣੁ ਵਟੇ ਆਇ ॥ ਕੁਹਿ ਬਕਰਾ ਰਿੰਨ ਖਾਇਆ ਸਭੁ ਕੋ ਆਖੇ ਪਾਇ ॥ ਹੋਇਪੁਰਾਣਾ ਸੁਟੀਐ ਭੀ ਫਿਰਿ ਪਾਈਐ ਹੋਰ ॥ ਨਾਨਕ ਜਗੁ ਨ ਤੁਟਈ ਜੇ ਭਗਿ ਹੋਵੈ ਜੋਰੁ ॥ ੧ ॥ ਤਿਸਕਾ ਪਰਮਾਰਥ ॥

ਗੁਰੂਨਾਨਕ ਜੀ ਕਹਿੰਦੇਹੈਨ ਜੋਹੇਸੁਆਮੀ ਦੇਉਤਾਤੂੰ ਅਸਾਡੇ ਗਲ ਵਿਚ ਜਨੇਉ ਤਦਪਾਉ

CC-0. Gurukul Kangri University Haridwar Collection. Digitized by S3 Foundation USA

S OF INTERNET
ITH
ABHINAV GAUR

ਜਾਂ ਏਹਤੁਰੇ ਨਹੀਂ ਜੇ ਏਹ ਜਨੇਊ ਤੁਟ ਪਿਆ ਤਾਂ ਇਸ ਜਨੇਊ ਪਾਏਕਾ ਕਿਆ ਗੁਣਹੋਯਾ ਅਰ ਸੁਣੋ ਹੇ ਸੁਆਮੀ ਜੀ ਏਹ ਭੱਗ ਭਾਵੇਂ ਤੂੰ ਕਿਤਨੇਹੀ ਪਾਉ ਪਰ ਇਸ ਭੱਗ ਨਾਲ ਮੁਕਤ ਨਹੀਂ ਤਾਂ ਫੇਰ ਪੰਡਿਤਨੇ ਕਹਿਆ ਮਹਿਤਾ ਕਾਲੂ ਤੇਰਾ ਪੁਤ੍ਰ ਕੋਈ ਦੇਵਤਾ ਹੈਆ ਹੈ ਜੋ ਜਨੇਊ ਪਾਵੇ ਤਾਂ ਮਹਿਤੇ ਕਾਲੂ ਕਹਿਆ ਬੱਚਾ ਮਹਾਂ ਪੁਰਖ ਭੀ ਜਗਤ ਦੀ ਚਾਲ ਕਰਤੇ ਆਏ ਹੈਨ ਤਾਂ ਬਾਬੇ ਕਹਜਾ ਜਿਵੇਂ ਤੁਹਾਡੀ ਰਜਾਇ ਤਾਂ ਪੰਡਿਤਨੇ ਕਹਾ ਹੇ ਨਾਨਕ ਜੀ ਏਸ ਜਨੇਊ ਕੋ ਪਵਿਤ੍ਰ ਕਰਉ ਤਾਂ ਬਾਬੇਜੀਨੇ ਜਨੇਊ ਪਾਯਾ ਫੇਰ ਪੰਡਿਤਨੇ ਕਹਿਆ ਹੇ ਨਾਨਕ ਜੀ ਜੋ ਸੱਚ ਕਾ ਭੱਗ ਹੈ ਅਰ ਜਿਸ ਵਿਚ ਧੋਰ ਹੈ ਅਤੇ ਮੈਲਾ ਭੀ ਕਦੇ ਨਾ ਹੋਵੇ ਅਰ ਦੁਦੇਵੀ ਨਾਹੀਂ ਸ੍ਰੀ ਪਰਮੇਸ਼ਰ ਜੀਕੀ ਦਰਗਾਹ ਵਿਚ ਭੀ ਪਹੁਚੇ ਸੋ ਭੱਗ ਕਹੀਏ ਤਾਂ ਸ੍ਰੀ ਗੁਰੂ ਜੀ ਨੇ ਇਕਸ਼ਲੋਕ ਕਹਿਆ॥

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥ ਦਰਗਹ ਅੰਦਰਿ ਪਾਈਐ ਭਗੁ ਨ ਭੂਟਸਿ ਪੂਤ॥ ਤਿਸਕਾ ਪਰਮਾਰਥ ॥ ਸੁਣੋ ਪੰਡਿਤਜੀ ਮਾਨੁਖ ਨੂੰ ਏਹ ਚਾਹੀਦਾਹੈ ਜੋ ਸ੍ਰੀ ਪਰਮੇਸ਼ਰਜੀ ਕੀ ਸਲਾਹ ਕਰੇ ਅਰ ਸੱਚੇਕੇ ਘਰਮੇਂ ਰਹੇ ਅਰ ਸਤਕੇਸੂਤ ਕਾ ਜਨੇਊ ਪਾਵੇ ਜਿਸ ਜਨੇਊ ਨੂੰ ਸੱਚ ਕਾ ਜੋਰ ਹੈ ਸੋ ਉਹ ਭੱਗ ਸਦਾਹੀ ਅਸਥਿਰ ਹੈ ਹੇ ਪੰਡਿਤਜੀ ਪਰਮੇਸ਼ਰ ਕਾ ਨਾਮ ਮੰਨਣਾ ਜੋ ਹੈ ਸੋ ਕਪਾਹ ਉਗਵੈ ਅਰ ਸਚੀ ਸਲਾਹ ਕਾ ਸੂਤ ਕੱਤੈ ਸ਼ ਗੁਰੂ ਦੇ ਦਰ ਬਾਰ ਸੱਚੇ ਕਾ ਭੱਗ ਪਾਏ ਸੋ ਭੱਗ ਟੂਟਦਾ ਨਹੀਂ ਐਸਾ ਭੱਗ ਪਰਮੇਸ਼ਰ ਦੀ ਕਿਰਪਾ ਹੋਇ ਤਾਂ ਇਸ ਜੀਵ ਨੂੰ ਮਿਲਦਾਹੈ ਸਰਬ ਅਸਥਾਨਾਂ ਵਿਚ ਏਹ ਨਾਲ ਹੀ ਰਹਿੰਦਾ ਹੈ ਇਹ ਚੁਪ ਦੇਸ਼ ਹਰਦਿਆਲ ਨੇ ਮਨ ਮੇਂ ਧਾਰਨ ਕੀਆ ਅਤੇ ਗੁਰੂ ਨਾਨਕ ਜੀ ਨੂੰ ਧੰਨ ਧੰਨ ਕਹਿਆ ਅਰ ਕਹਜਾ ਹੇ ਨਾਨਕ ਜੀ ਤੇਰੀ ਮਹਿਮਾਂ ਤੁਹੀਂ ਜਾਣੇ ਅਰ ਸਭ ਬੇਦੀ ਬੰਸਕੋ ਅਰ ਬ੍ਰਾਹਮਣੋਂ ਕੋ ਭੋਜਨ ਕਰਵਾਇਆ ਬਡੇ ਉਤਸਾਹ ਸਾਥ ਅਰ ਬ੍ਰਾਹਮਣੋਂ ਕਉ ਦੱਖਣਾ ਦਈ ਅਸੀਰਬਾਦ ਕਹਿਕਰ ਸਭ ਬ੍ਰਾਹਮਣ ਅਪਣੇ ਅਪਣੇ ਗ੍ਰਿਹਕਉ ਜਾਂਦੇ ਭਏ ਅਰ ਸਭ ਜ਼ਾਤ ਭਾਈ ਭੀ ਬਡੇ ਛੋਟੇ ਪ੍ਰਸੰਨ ਹੋਇਕਰ ਅਪਣੇ ਅਪਣੇ ਅਸਥਾਨਕੋ ਪ੍ਰਾਪਤ ਹੂਏ ॥ ੬ ॥

ਅੱਗੇ ਸਾਖੀ ਗਊ ਮਹਿਖ ਚਰਾਵਣ ਕੀ ਚਲੀ

ਇਕਦਿਨ ਪਿਤਾਨੇ ਆਖਿਆ ਪੁਤਰ ਨਾਨਕ ਤੂੰ ਆਪਣੇ ਘਰਦੀਆਂ ਗਊਆਂ ਮਹੀਆਂ ਚਾਰ ਲਿਆਇਆਕਰ ਅੱਗੇ ਤਾਂ ਨੌਕਰ ਜਾਂਦੇ ਹੈਨ ਤੇ ਦੁਨ ਭੁਸੀ ਆਪ ਜਾਵੇ ਤਾਂ ਹੱਛੀ ਤਰਾਂ ਰਜਾਕੇ ਲਿਆਯਾ ਕਰੇ ਨਾਲੇ ਬਾਹਰ ਫਿਰਕੇ ਪ੍ਰਸੰਨ ਰਹੇਂਗਾ ਅਤੇ ਤੇਰਾ ਮਨ ਪਰਚਿਆ ਰਹੇਗਾ॥ ਤਾਂ ਸ੍ਰੀ ਗੁਰੂ ਜੀ ਬੋਲੇ ਹੇ ਪਿਤਾਜੀ ਜੋ ਕੁਛ ਆਪ ਕਹੋਗੇ ਸੋਈ ਮੈਂ ਕਰਾਂਗਾ ਤਾਂ ਵਡੀ ਸਵੇਰ ਹੋਈ ਤਾਂ ਗੁਰੂਜੀ ਉਠੇ ਤੇ ਮਾਤਾਜੀਨੇ ਕੁਛ ਖਾਣੇ ਵਾਸਤੇ ਲੜ ਵਿਚ ਬੰਨ੍ਹ ਦਿਤਾ ਤੇ ਇਸ਼ਨਾਨ ਕਰਵਾਇਕਰ ਹਥ ਵਿਚ ਇਕ ਛੜੀ ਦਿਤੀ ਤਾਂ ਸ੍ਰੀ ਗੁਰੂਜੀ ਗਊਆਂ ਮਹੀਆਂ ਦੇ ਰੱਸੇ ਖੋਲ੍ਹ ਕੇ ਬਾਹਰ ਲੈਗਏ ਮਾਨੋ ਸ੍ਰੀ ਕ੍ਰਿਸ਼ਨ ਜੀ ਦੇ ਸਮਾਨ ਬ੍ਰਿਜ ਸੇਂ ਗਊਆਂ ਚਾਰਨੇ ਗਏ ਹੈਨ ਬ੍ਰਿੰਦ੍ਰਾਬਨ ਕੋ॥ ਆਗੇ ਮਹਾਰਾਜ ਜੀ ਗਊਆਂ ਕੋ ਚਾਰਤੇ ਏਕ ਸੁੰਦ੍ਰ ਅਸਥਾਨ ਦੇਖਕੇ ਏਕੰਤ

CC-0. Gurukul Kangri University Haridwar Collection. Digitized by S3 Foundation USA

ਬੈਠਗਏ ਔਰ ਸਮਾਧੀਮੇਂ ਇਸਥਿਤ ਹੋਗਏ ਸ੍ਰੀ ਪਰਮੇਸ਼ਰ ਜੀ ਦੀ ਬੰਦਗੀਮੇਂ ਲਿਵਲੀਨ ਹੋਇ ਰਹੇ ਜੋ ਗਊਆਂ ਮਹੀਆਂ ਮਹਾਰਾਜ ਦੀਆਂ ਚਰਦੀਆਂ ਚਰਦੀਆਂ ਏਕ ਬਡੀ ਸੁੰਦਰ ਪੈਲੀ ਹਰੀ ਪ੍ਰਫੁਲਤਹੋਈ ਦੇਖਕਰ ਉਸਮੇਂ ਜਾਇ ਵੜੀਆਂ ਸਬ ਚਰਕਰ ਰਜਕੇ ਉਸੀਖੇਤ ਕੇ ਵਿਖੇਬੈਠ ਰਹੀਆਂ ਸਪੁਰਨਖੇਤ ਉਜਾੜਕਰਾ ਇਤਨੇਮੇਂ ਖੇਤਕਾ ਮਾਲਕਆਯਾ ਦੇਖੇ ਤਾਂ ਖੇਤ ਖਾਇਕਰ ਗਊਆਂ ਮਹੀਆਂ ਬੈਠ ਰਹੀਆਂ ਹੈਨ ਤਾਂਉਸਨੇਗੁਰੂਨਾਨਕਜੀਨੂੰ ਆਖਿਆ ਭਾਈ ਤੂੰ ਪਟਵਾਰੀ ਦਾ ਪੁਤ੍ਰ ਹੈਂ ਤਾ ਮੇਰੀ ਖੇਤੀ ਸਬ ਉਜਾੜ ਕੀਤੀ ਹਈ ਏਸ ਉਜਾੜੇਦਾ ਜਬਾਬ ਕਰ ਤੂੰ ਭਲਾ ਚਰਾਵਾ ਬਣਿਆ ਹੈਂ ਤਾਂ ਗੁਰੂ ਨਾਨਕ ਜੀ ਆਖਿਆ ਭਾਈ ਤੇਰਾ ਤਾਂ ਕੁਛਨਹੀਂ ਉਜੜਿਆ ਤੂੰ ਕਿਉਂ ਬੋਲਦਾਹੈਂ ਕਜਾਹੋਯਾ ਜੋ ਕਿਸੇ ਪਸ਼ੂ ਨੇ ਮੂੰਹਿਪਾਯਾ ਖੁਦਾਇ ਇਸੇਵਿਚਬਰਕਤ ਘੱਤਸੀ ਤਾਂ ਓਹ ਚੁਪ ਨਾ ਕਰੇ ਲਗਾ ਨਾਨਕਜੀ ਨਾਲ ਲੜਨ ਤਾਨਾਨਕ ਜੀ ਤੇ ਓਹ ਜਿਮੀਦਾਰ ਦੋਵੇਂ ਝਗੜਦੇ ਝਗੜਦੇ ਰਾਇ ਬੁਲਾਰ ਦੇ ਪਾਸ ਆਏ ਜੋ ਤਲਵੰਡੀ ਦਾ ਹਾਕਮ ਸੀ ਤਾਂ ਉਸ ਖੇਤਵਾਲੇ ਪੁਕਾਰ ਕੀਤੀ ਰਾਇਜੀ ਤੇਰੇ ਪਟਵਾਰੀ ਦੇ ਪੁਤ੍ਰਨੇ ਮੇਰਾ ਸਾਰਾ ਖੇਤ ਉਜਾੜ ਦਿਤਾਹੈ ਤਾਂ ਪਾਸੋਂ ਲੋਕਾਂ ਆਖਿਆ ਜੋ ਨਾਨਕ ਤਾਂ ਦਿਵਾਨਾ ਹੈ ਪਰ ਕਾਲੂ ਨੂੰ ਸੱਦੋ ਤਾਂ ਰਾਇ ਨੇ ਕਾਲੂ ਨੂੰ ਸਦਵਾਇਆ ਜਦ ਕਾਲੂ ਆਯਾ ਤਾਂ ਰਾਇ ਨੇ ਆਖਿਆ ਕਾਲੂ ਤੂੰ ਇਸ ਪੁੱਤ੍ਰ ਨੂੰ ਸਮਝਾਂਵਦਾ ਨਹੀਂ ਜੋ ਗਰੀਬਦਾ ਖੇਤ ਉਜਾੜ ਆਯਾ ਹੈ ਭਲਾ ਦਿਵਾਨਾ ਕਰ ਛੱਡਿਆ ਹਈ ਭਾਈ ਜਾਇ ਕਰ ਇਸਦਾ ਉਜਾੜਾ ਭਰ ਦੇਹ ਨਹੀਂ ਤਾਂ ਏਹ ਤੁਰਕ ਹੈ ਪੁਕਾਰ ਕਰਸੀ ਤਾਂ ਕਾਲੂ ਆਖਿਆ ਰਾਇ ਜੀ ਮੈਂ ਕਿਆ ਕਰਾਂ ਏਹ ਤਾਂ ਮਸਤਾਨਾ ਹੋਇ ਰਹਿੰਦਾ ਹੈ ਕੁਛ ਕੰਮ ਨਹੀਂ ਕਰਦਾ ਤਾਂ ਰਾਇ ਆਖਿਆ ਕਾਲੂ ਤੂੰ ਜਾਇਕੇ ਉਜਾੜਾ ਭਰ ਦੇਹ ਹੋਰ ਮੈਂ ਕੁਛ ਨਹੀਂ ਆਖਦਾ ਤਾਂ ਨਾਨਕਜੀ ਆਖਿਆ ਰਾਇ ਜੀ ਤੁਸੀ ਕਿਉਂ ਲੜਦੇਹੋ ਉਥੇਂ ਤਾਂ ਇਕ ਬੂਟਾ ਭੀ ਨਹੀਂ ਉਜੜਿਆ ਤੇ ਕਿਸੇ ਪਸ਼ੂ ਪੈਰ ਭੀ ਨਹੀਂ ਪਾਇਆ ਏਹ ਤਾਂ ਏਵੇਂ ਹੀ ਕੂਕਦਾ ਹੈ ਤਾਂ ਓਹ ਜਟ ਬੋਲਿਆ ਮੇਰਾ ਖੇਤ ਸਭ ਉਜੜ ਗਿਆ ਹੈ ਮੈਂ ਮੁਠਾ ਹਾਂ ਮੇਰਾ ਨਜਾਉਂ ਕਰੋ ਓਥੇ ਤਾਂ ਇਕ ਬੂਟਾ ਭੀ ਨਹੀਂ ਰਿਹਾ ਤਾਂ ਨਾਨਕਜੀ ਆਖਿਆ ਰਾਇਜੀ ਤੁਸੀ ਆਪਣਾ ਆਦਮੀ ਭੇਜ ਦੇਵੋ ਓਥੇ ਤਾਂ ਇਕ ਪੱਠਾ ਭੀ ਨਹੀਂ ਟੁਕਿਆ ਤਾਂ ਰਾਇ ਬੁਲਾਰ ਨੇ ਅਪਨੇ ਪਿਆਦੇ ਭੇਜ ਦਿਤੇ ਜਾਂ ਓਹ ਜਾਇਕਰ ਦੇਖਨ ਤਾਂ ਖੇਤੀ ਸਬ ਸਾਬਤ ਖੜੀ ਹੈ ਇਕ ਪੱਠਾ ਭੀ ਨਹੀਂ ਖਾਧਾ ਗਿਆ ਚੁਫੇਰੇ ਫਿਰਕੇ ਦੇਖਿਆ ਕਿਧਰੇ ਪਸ਼ੂ ਦਾ ਖੋਜ ਭੀ ਨਜਰ ਨਹੀਂ ਆਇਆ ਤਾਂ ਓਹ ਜਟ ਵੇਖਕੇ ਅਚਰਜ ਹੋਇ ਗਇਆ ਪਿਆਦੇ ਮੁੜਆਏ ਆਖਣ ਲਗੇ ਰਾਇ ਜੀ ਖੇਤੀ ਤਾਂ ਸਭ ਸਾਬਤ ਖੜੀ ਹੈ ਇਕ ਬੂਟਾ ਭੀ ਨਹੀਂ ਟੁਕਿਆ ਤਾਂ ਰਾਇ ਬੁਲਾਰ ਨੇ ਖੇਤੀ ਵਾਲੇ ਨੂੰ ਝੂਠਾ ਕੀਤਾ ਤਾਂ ਸ੍ਰੀ ਗੁਰੂ ਨਾਨਕ ਜੀ ਤੇ ਕਾਲੂ ਦੋਵੇਂ ਘਰ ਨੂੰ ਆਏ ॥ ੭ ॥

ਸਾਖੀ ਸਰਪ ਦੇ ਪਰਛਾਵੇਂ ਦੀ ਚਲੀ

ਸੰਮਤ ਪੰਦ੍ਰਾਂਸੈ ਪੈਂਤੀ ਵਿਸਾਖ ਵਿਚ ਸ੍ਰੀ ਗੁਰੂਨਾਨਕ ਜੀ ਗਊਆਂ ਮੱਝੀਆਂ ਚਾਰੀਆਂ ਹੈਨ ਜਾਂ

CC-0. Gurukul Kangri University Haridwar Collection. Digitized by S3 Foundation USA

OF INTERNET TH ABHINAV GAUR

ਇੱਕਦਿਨ ਹੋਇਆਤੇ ਮੱਝੀਂ ਚਾਰਨ ਗਏ ਜਦ ਦੁਪਹਿਰ ਹੋਈਤਾਂ ਅਨੰਦ ਪ੍ਰਸੰਨਹੋ ਇੱਕ ਦਰਖ਼ਤਦੇ ਹੇਠਬੈਠ ਗਏਤੇ ਮਝੀਂ ਛਾਵੇਂ ਬਹਿਗਈਆਂ ਤਾਂ ਨਾਨਕਜੀਚੁੰਨੀ ਹੇਠਵਿਛਾਇ ਕੇ ਸੌਂ ਗਏ ਪਰਛਾਵਾਂ ਢਲ ਗਿਆ ਸ੍ਰੀ ਗੁਰੂਨਾਨਕ ਜੀਦੇ ਮੂੰਹ ਪਰ ਧੁਪ ਆਇ ਗਈ ਤਾਂ ਗਰਮੀ ਕਰਕੇ ਪ੍ਰਸੇਦ ਆਗਇਆ ਤਾਂ ਸ਼ੇਸ਼ਨਾਗ ਆਪਨਾ ਸੁਆਮੀ ਜਾਣਕੇ ਆਯਾ ਸੁਪੇਦ ਰੰਗ ਕਾ ਥਾ ਤੇ ਫਨ ਪਸਾਰਕਰ ਮੂੰਹਪਰ ਛਾਯਾ ਕਰੀਪਰ ਕਣਕਦੇ ਕੱਛਦੇ ਦਿਨਆਹੇ ਤਾਂ ਰਾਇਬੁਲਾਰ ਕੱਛ ਕਰਦਾ ਕਰਦਾ ਉਸੇ ਰਸਤੇ ਆਇਗਿਆ ਦੇਖੇ ਤਾਂ ਇੱਕ ਨੀਂਗਰਸੁੱਤਾ ਪਿਆਹੈ ਤੇ ਨਾਗਕੋਲ ਬੈਠਾਹੈ ਤੇ ਸਿਰਪਰ ਫਨ ਦੀ ਛਾਯਾ ਕੀਤੀਹੈ ਰਾਇਬੁਲਾਰ ਦੇਖਕੇ ਖੜਾਹੋਇਗਿਆ ਜੀ ਵਿੱਚਵਿਚਾਰਨਲਗਾਭਾਈ ਜੇ ਤਾਂ ਏਹਨੀਂਗਰਜੀਂਵਦਾ ਹੈਤਾਂ ਕੋਈ ਔਲੀਆ ਅੰਬੀਆਹੈ ਤੇ ਜੇਕਰ ਸਰਪ ਸਾਹ ਪੀਗਿਆਹੈ ਤਾਂ ਮਰਗਿਆਹੈ ਏਹ ਵਿਚਾਰਦਾ ਸੀ ਤਾਂਪਿੱਛੋਂ ਆਦਮੀਆਏ ਤਾਂ ਰਾਇ ਆਖਿਆ ਭਾਈ ਏਹ ਨੀਂਗਰ ਦੇਖੋ ਜੋ ਕੌਨ ਸੁੱਤਾਹੈ ਓਹਦੇਖਨਤਾਂਕਾਲੂ ਪਟਵਾਰੀਦਾ ਪੁਤ੍ਰਨਾਨਕਸੁੱਤਾ ਪਿਆਹੈਤਾਂ ਓਹਨਾਂਆਖਿਆਰਾਇਜੀ ਤੇਰੇ ਕਾਲੂ ਪਟਵਾਰੀਦਾ ਪੁੱਤ੍ਰ ਹੈਤਾਂ ਰਾਇਆਖਿਆ ਏਸਨੂੰ ਜਗਾਵੋ ਜਾਂ ਓਹ ਨੇੜੇ ਗਏਤਾਂ ਸਰਪ ਗੁੰਮ ਹੋਇਗਿਆ ਤਾਂ ਓਨ੍ਹਾਂਨਾਨਕਜੀਨੂੰ ਜਗਾਯਾ ਸ੍ਰੀ ਨਾਨਕਜੀ ਉਠਬੈਠੇ ਦੇਖੇਤਾਂ ਸਿਰਤੇਰਾਇਜੀ ਖੜਾਹੈ ਤਾਂ ਨਾਨਕਜੀ ਹਥ ਜੋੜਕੇ ਰਾਇਨੂੰ ਸਲਾਮ ਕੀਤਾ ਰਾਇਬੁਲਾਰ ਘੋੜੇ ਉਤੋਂ ਉਭਰਕੇ ਨਾਨਕਜੀਨੂੰ ਗਲਨਾਲ ਲਾਯਾਤੇ ਮੱਥਾ ਚੁੰਮਿਆਹਥ ਜੋੜਕੇਬੰਦਗੀ ਆਖੀਬਹੁਤ ਅਦਬਕੀਤੋਸੁ ਸਬ ਲੋਗਹੈਰਾਨ ਹੋਇਗਏ ਆਖਨਲਗੇ ਭਾਈਇਸਨੀਂਗਰ ਉੱਤੇ ਰਾਇਦੀ ਬਹੁਤ ਮਿਹਰਵਾਨਗੀ ਹੈ ਫੇਰ ਰਾਇ ਘਰ ਆਯਾ ਤੇ ਕਾਲੂ ਨੂੰ ਸਦਵਾਯਾ ਜਾਂ ਕਾਲੂ ਆਯਾ ਤਾਂ ਰਾਇ ਨੇ ਕਾਲੂ ਨੂੰ ਆਖਿਆ ਕਾਲੂ ਤੇਰਾ ਜੋ ਨਾਨਕ ਪੁਤ੍ਰ ਹਈ ਇਸ ਤਾਈਂ ਪੁਤ੍ਰ ਕਰਕੇ ਨਾ ਜਾਣੀ ਏਹ ਕੋਈ ਪਰਮੇਸ਼ਰਦਾ ਭਗਤ ਹੈ ਕਾਲੂ ਤੂੰ ਨਾਨਕ ਤਾਈਂ ਕਦੀਝਿੜਕੀਂ ਨਾਹੀਂਤੇ ਕੌੜਾ ਵੀ ਨ ਬੋਲੀਂਤੇ ਕਦੀਇਸ ਪੁੱਤ੍ਰ ਦਾ ਮੂੰਹਭੀ ਨਾ ਫਿਟਕਾਰੀਂ ਇਹਮਹਾਂ ਪੁਰਖਹੈ ਇਸਦਾ ਸਦਕਾ ਸ਼ਹਿਰਮੇਰਾ ਵਸਦਾਹੈ ਤੇ ਮੈਂ ਇਸਦਾਸਦਕਾਨਿਹਾਲ ਹੋਯਾਹਾਂ ਅਤੇ ਕਾਲੂੰਤੂੰ ਭੀ ਨਿਹਾਲਹੈਂ ਜੋ ਜਿਸਦੇ ਘਰਐਸਾ ਪੁੱਤ੍ਰ ਪੈਦਾ ਹੋਯਾਹੈ ਤਾਂ ਕਾਲੂ ਆਖਿਆਭਲਾ ਰਾਇਜੀ ਵਡਾ ਹੋਸੀ ਤਾਂ ਜਾਣਾਂਗੇ ਹੁਣਤਾਂ ਕੰਮ ਕਾਰ ਕੋਈ ਨਹੀਂ ਕਰਦਾ ਅਤੇ ਜੋਕੁਛ ਵਸਤਯ ੋਂ ਲੈ ਜਾਂਦਾਹੈ ਸੋ ਬਾਹਰ ਸੁੱਟ ਆਂਵਦਾ ਹੈ ਨ੍ਹਾਂ ਇਹ ਬਾਤ ਕਹਿਕਰ ਕਾਲੂ ਆਪਣੇ ਘਰ ਨੂੰ ਆਯਾ ਇੱਕਦਿਨ ਨਾਨਕ ਜੀ ਫੇਰ ਮੱਝੀਂ ਚਾਰਨ ਗਏ ਤਾਂ ਬਾਹਰ ਜਾਕੇ ਸੌਂਗਏ ਦੁਪਹਿਰ ਹੋਈਤਾਂ ਸਬਦਰਖ਼ਤਾਂਦੇ ਪ੍ਰਛਾਵੇਂ ਢਲਗਏ ਜਿਥੇ ਨਾਨਕ ਜੀਸੁੱਤੇ ਸੇ ਉਸਦਾ ਪਰਛਾਵਾਂਨਾ ਫਿਰਿਆਤਾਂ ਫੇਰ ਕੱਛ ਕਰਕੇਰਾਇਜੀਆਯਾਦੇਖੇਤਾਂਹੋਰਪਰਛਾਵੇਂ ਢਲਗਏਤੇ ਓਹਪ੍ਰਛਾਵਾਂ ਨਹੀਂਢਲਿਆ ਏਹਵੇਖਕੇ ਰਾਇ ਬੰਦਗੀਕਰਕੇ ਚਲਿਆਗਿਆ ਤਾਂ ਲੋਕਾਂਨੂੰ ਆਖਨ ਲਗਾ ਭਾਈ ਏਹ ਕਾਲੂ ਦਾ ਪੁਤ੍ਰ ਨਾਨਕ ਕੋਈ ਪੂਰਨ ਪੁਰਖ ਹੈ ਦੇਖੋ

CC-0. Gurukul Kangri University Haridwar Collection. Digitized by S3 Foundation USA

ਏਸਦੀਆਂ ਸਭੇ ਬਾਤਾਂ ਅਚਰਜ ਦੇਖੀਆਂ ਹੈਨ ਅੱਗੇ ਖੇਤੀਦੀ ਬਾਤ ਹੋਈ ਪਿੱਛੋਂ ਸਰਪਦੀ ਹੋਈਅਤੇ ਹੁਣਪਰਛਾਵਾਂ ਖੜੋ ਰਿਹਾਹੈ ਤਾਂ ਰਾਇਬੁਲਾਰ ਉਸਤਤਿਕਰਦਾ ਆਪਨੇ ਘਰਨੂੰ ਆਯਾਤੇ ਗੁਰੂ ਜੀਦੀ ਓਹਾ ਚਾਲੀਆਹੀ ਤਾਂ ਪਿਤਾ ਆਖੇ ਪੁਤ੍ਰ ਲੋਕਾਂਦੇ ਉਲਾਂਭਿਆਂ ਮੈਨੂੰ ਜਿੱਚ ਕੀਤਾਆਹਾਤੂੰ ਕੁਝਸਮਝਤਾਂ ਸ੍ਰੀਗੁਰੂਜੀਕਹਿਆਭਲਾਪਿਤਾਜੀਜੋਆਖੋਗੇਸੋਕਰਾਂਗਾ

ਆਗੇ ਸਾਖੀ ਮਾਤਾ ਪਿਤਾ ਨਾਲ ਹੋਈ

ਗੁਰੂਨਾਨਕ ਜੀਦੀ ਓਹੋ ਚਾਲੀਹੀ ਰਹੀਬੋਲੇ ਚਾਲੇ ਕਿਸੇ ਨਾਲ ਨਾਹੀਂ ਲੰਮਾਹੀਪਇਆ ਰਹੇ ਸਭਪਰਵਾਰ ਬੇਦੀਆਂਦਾ ਬੜਾ ਦਿਲਗੀਰ ਹੋਇਗਇਆ ਅਤੇਲੋਕ ਆਖਣਲਗੇ ਜੋ ਨਾਨਕਜੀਤਾਂ ਕਮਲਾ ਹੋਯਾਹੈ ਗੁਰੂਜੀ ਦੀ ਮਾਤਾਜੀ ਨਾਨਕ ਜੀ ਪਾਸ ਆਇਕਰ ਆਖਣ ਲਗੀਹੇਬੇਟਾ ਤੈਨੂੰਲੰਮੇ ਪੈ ਰਹਿਣਾ ਕਿਉਂਕਰ ਬਣਦਾਹੈਹੁਣ ਜੁਆਨਉਮਰ ਹੋਯਾਹੈਂਕੁਛ ਰੁਜ਼ਗਾਰ ਕਰਨਾ ਚਾਹੀਏ ਕਿਰਤ ਕੀਤਿਆਂ ਜਗਤ ਸ਼ੋਭਾ ਕਰਦਾ ਹੈ ਅਤੇ ਨਿਤ ਦੀਆਂ ਕਮਲੀਆਂ ਗੱਲਾਂ ਛਡਦੇਹ ਅਸਾਨੂੰ ਲੋਕ ਏਹ ਕਹਿੰਦੇ ਹੈਨ ਜੋ ਕਾਲੂਦਾ ਪੁਤ੍ਰ ਮਖੱਟੂ ਪੈਦੇ ਹੋਯਾਹੈ ਏਹੀਆਂ ਗੱਲਾਂਸੁਣਕੇ ਸ਼ਰੀਕਾਂਦੀਆਂ ਸਾਨੂੰਬੁਰੀਆਂ ਲਗਦੀਆਂਹੈਨਜਾਂ ਇਹਗੱਲ ਮਾਤਾਜੀਨੇ ਆਖੀਤਾਂ ਭੀ ਗੁਰੂਜੀਦੇ ਦਿਲ ਕੋਈ ਨਾਂ ਲਗੀ ਗੁਰੂਜੀ ਲੰਮੇਹੀ ਪਏ ਰਹਿਣ ਲੋਕ ਭੀ ਆਖਕੇ ਥਕ ਪਏ ਤਦ ਸ੍ਰੀਗੁਰੂਜੀ ਬੋਲੇ ਕਿਸੇ ਨਾਲ ਨਾਹੀਂ ਗੁਰੂ ਨਾਨਕ ਜੀਦੀ ਮਾਤਾ ਨੇ ਮਹਿਤੇ ਕਾਲੂ ਨੂੰ ਜਾਇਕਰ ਆਖਿਆ ਦੇਖੋ ਜੀ ਤੇਰੇ ਪੁਤ੍ਰ ਨੂੰ ਪਇਆਂ ਹੋਇਆਂ ਕਿਤਨੇ ਦਿਨਬੀਤ ਗਏ ਹੈਨਅਤੇ ਖਾਂਦਾਪੀਂਦਾ ਵੀਕੁਛ ਨਹੀਂਤਾਂ ਕਾਲੂਜੀ ਭੀਆਇਕਰ ਆਖਣ ਲਗਾ ਜੋ ਹੇ ਬੇਟਾ ਨਾਨਕ ਤੈਨੂੰ ਪਇਆਂ ਕਿਉਂ ਕਰ ਬਣਦੀ ਹੈ ਅਤੇ ਕੁਛ ਖਾਓ ਪੀਓ ਪਹਿਨੋ ਖ਼ੁਸ਼ੀ ਰਹਿਆ ਕਰੋ ਅਤੇਕੁਛ ਖੇਤੀਪੱਤੀਦੀ ਖ਼ਬਰ ਲੈਆਯਾ ਕਰੋ ਅਤੇਕੁਛ ਰੁਜ਼ਗਾਰ ਭੀਕੀਤਾ ਕਰੋ ਹੇ ਬੇਟਾਜੀਤੁਹਾਨੂੰਦੇਖਕਰ ਸਾਰਾ ਪਰਵਾਰਹੀਦਿਲਗੀਰਰਹਿੰਦਾ ਹੈਅਤੇ ਜੇਤੈਨੂੰ ਕਾਈਗੱਲ ਕਰਨੀਨਾਹੀਂ ਭਾਉਂਦੀਤਾਂ ਤੂੰ ਕੁਛ ਨਾਂ ਕਰਿਆਕਰ ਅਸੀ ਤੈਨੂੰ ਏਹਆਖਦੇਹਾਂ ਤੂੰ ਫਿਕਰਵਾਨ ਕਿਉਂ ਰਹਿੰਦਾਹੈਂ ਪਰਚਾ ਰੁਜ਼ਗਾਰਦਾ ਕਰਨਾ ਬਹੁਤਭਲਾ ਹੈ ਅਤੇ ਜੇਹੜੇ ਖੱਤ੍ਰੀਆਂਦੇ ਪੁਤ੍ਰਾਂ ਪਾਸਪੈਸੇ ਹੁੰਦੇਹੈਨਤਾਂ ਕਿਆ ਓਹਰੁਜ਼ਗਾਰ ਨਹੀਂਕਰਦੇ ਪਰਹੁਣ ਬੱਚਾ ਕਿਰਤਬਿਨ ਜੀਵਨਾ ਥੋੜਾਹੈ ਅਤੇ ਸੁਣਬੇਟਾ ਅਸਾਡੀਖੇਤੀ ਬਾਹਿਰਪੱਕੀ ਖੜੀਹੈ ਅਰਜੇਤੂੰ ਵਿਚਜਾਇਕਰ ਖੜਾਹੋਵੇਂ ਤਾਂਖੇਤੀਕਿਉਂ ਉਜੜੇਅਤੇ ਸਭਕੋਈ ਸ਼ਰੀਕ ਅਤੇ ਦੇਖਣ ਵਾਲੇ ਆਖਨਜੋ ਵਾਹਵਾਹ ਭਾਈ ਕਾਲੂਦਾ ਪੁਤ੍ਰ ਭਲਾ ਹੋਯਾਹੈ ਤੇ ਸੁਣ ਬੇਟਾ ਲੋਕਾਂਦੀ ਬਾਤਹੈ ਖੇਤੀਖਸਮਾਂਸੇਤੀਤਾਂ ਫੇਰਗੁਰੂਜੀ ਬੋਲੇਹੇ ਪਿਤਾਜੀਹੁਣ ਅਸਾਂ ਨਵੇਕਲੀ ਖੇਤੀਵਾਹੀਹੈ ਅਤੇ ਹਲ ਵਾਹਿਆਹੈ ਅਤੇ ਸਾਡੀ ਜ਼ਿਮੀ ਵੱਤ੍ਰ ਆਈਹੈ ਸੋ ਓਹ ਖੇਤੀ ਅਸੀਂ ਬਹੁਤ ਤਕੜੀ ਰਖਦੇਹਾਂ ਸੁਣੋ ਪਿਤਾਜੀ ਅਸੀ ਆਪਣੀ ਖੇਤੀ ਦੀ ਸੰਭਾਲ ਹੀ ਰਖਦੇ ਹਾਂ ਪਰਾਈ ਖੇਤੀਦੀ ਸਾਰਕਿਆ ਜਾਣੀਏ ਤਾਂ ਏਹਗੱਲ ਸੁਣਕਰ ਕਾਲੂ ਹੈਰਾਨ ਹੋਇਗਇਆ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਅਤੇ ਆਖਨ ਲਗਾਜੋ ਦੇਖੋ ਲੋਕੋਏਹਕੀ ਆਖਦਾ ਹੈ ਅਤੇ ਫੇਰ ਕਾਲੂਨੇ ਆਖਿਆ ਹੇ ਨਾਨਕ ਜੀਤੂੰ ਨਵੇਕਲੀਖੇਤੀ ਕਦੋਂਕਣੀ ਵਾਹੀ ਹੈ ਅਤੇ ਜੇਕਰ ਤੇਰੀਖੁਸ਼ੀ ਹੋਵੇਗੀ ਤਾਂ ਅਗਲੇ ਫਸਲ ਨੂੰ ਤੈਨੂੰ ਨਵੇਕਲੀਖੇਤੀ ਵਾਹ ਦੇਵਾਂਗੇ ਜੋ ਦੇਖਾਂਤੂੰ ਕਿਉਂਕਰ ਪਕਾਇਕਰ ਖਾਵੇਂਗਾ ਤਾਂ ਸ੍ਰੀ ਗੁਰੂਜੀ ਕਹਿਆਹੇ ਪਿਤਾਜੀ ਅਸਾਂ ਹੁਣ ਨਵੀਂ ਖੇਤੀ ਵਾਹੀ ਹੈ ਅਤੇ ਓਹ ਭਲੀ ਜੰਮੀਹੈ ਤਾਂ ਫੇਰਕਾਲੂਕਹਿਆਹੇ ਪੁਤ੍ਰ ਅਸਾਂਤਾਂਤੇਰੀਖੇਤੀਡਿੱਠੀਨਹੀਂ ਤਾਂਸ੍ਰੀ ਗੁਰੂਨਾਨਕਜੀਆਖਿਆ ਹੇ ਪਿਤਾਜੀ ਅਸਾਂ ਹੁਣਵਾਹੀਹੈ ਜੇਹੜੀ ਖੇਤੀਹੈ ਸੋ ਤੁਸੀਂ ਆਪੇਹੀ ਦੇਖੋਗੇ ਅਤੇ ਸੁਣੋਗੇ ਤਾਂ ਫੇਰ ਗੁਰੂਜੀਨੇ ਇਕ ਸ਼ਬਦ ਆਖਿਆ ਰਾਗਸੋਰਠ ਵਿਚ ਰਾਗ ਸੋਰਠਿ ਮਹਲਾ ੧ ਘਰੁ ੧

ਮਨੁ ਹਾਲੀਕਿਰਸਾਣੀਕਰਣੀ ਸਰਮੁ ਪਾਣੀਤਨੁਖੇਤੁ ॥ ਨਾਮੁ ਬੀਜੁਸੰਤੋਖੁਸੁਹਾਗਾ
ਰਖੁ ਗਰੀਬੀ ਵੇਸੁ॥ਭਾਉ ਕਰਮਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ ਬਾਬਾ
ਮਾਇਆਸਾਥਿਨਹੋਇ॥ਇਨਮਾਇਆਜਗੁਮੋਹਿਆਵਿਰਲਾਬੂਝੈਕੋਇ॥੧॥ਰਹਾਉ॥

ਤਾਂ ਕਾਲੂਨੇ ਆਖਿਆ ਹੇ ਨਾਨਕਜੀ ਮੈਨੂੰ ਇਸਦਾ ਅਰਥ ਸਮਝਾਉ ਤਾਂ ਬਾਬੇ ਨਾਨਕ ਜੀ ਕਹਿਆ ਹੇ ਪਿਤਾ ਜੀ ਏਹ ਜੇਹੜਾ ਮਨ ਹੈ ਇਸਨੂੰ ਮੈਂ ਸਾਧ ਸੰਗਤ ਦੀ ਟਹਿਲ ਵਿੱਚ ਜੋ ਲਾਯਾਹੈ ਸੋ ਹਾਲੀ ਕੀਤਾ ਹੈ ਅਤੇ ਤਨਰੂਪੀਖੇਤ ਵਿੱਚ ਭਲੀਆਂ ਕਰਣੀਆਂ ਦੀ ਕਿਰਸਾਣੀ ਕਿਆ ਵਾਹੀ ਕੀਤੀਹੈ ਸਾਧਾਂਦਾ ਸੰਗ ਜੋ ਕਰਣਾ ਹੈ ਸੋ ਪਾਣੀ ਦਿੱਤਾ ਹੈ ਪਰਮੇਸ਼ਰਦਾ ਨਾਮ ਜਪਣਾ ਸੋ ਬੀਜ ਪਾਇਆਹੈ ਸੰਤੋਖਕਰਣਾ ਏਹਸੁਹਾਗਾ ਦਿੱਤਾਹੈ ਭਲਿਆਂ ਕਰਮਾਂ ਨਾਲ ਭਾਉਕਰਨਾ ਏਹਪੈਲੀ ਜੰਮੀਂਹੈ ਸੋਈ ਘਰ ਭਾਗਵਾਨ ਹੈ ਜਿਸਘਰ ਵਿੱਚਐਸੀ ਪੈਲੀ ਦੀ ਆਮਦਨੀ ਆਈਹੈ ਬਾਬਾਹੋਰ ਜੋਮਾਇਆਦੀਰਚਨਾਹੈ ਸੋਧ੍ਰੋਹਹੈਤੇ ਪਰਮੇਸ਼ਰਦੇਪਾਸਿਓਂ ਓਹਭੁਲਾਂਵਦੀਹੈ ਅਤੇਨਾਲ ਭੀਨਹੀਂ ਜਾਂਦੀ॥੧॥ਤਾਂ ਕਾਲੂਨੇ ਆਖਿਆ ਬਚਾ ਖੇਤੀ ਨਹੀਂ ਕਰਦਾ ਤਾਂ ਤੂੰ ਹਟਹੀ ਕਢ ਬੈਠ ਅਸਾਂ ਖੱਤ੍ਰੀਆਂਦੀ ਖੇਤੀ ਤਾਂ ਹੱਟੀ ਹੈ ਤਾਂ ਗੁਰੂ ਨਾਨਕਜੀ ਦੂਸਰੀ ਪਉੜੀ ਆਖੀ ॥

ਪਉੜੀ ਦੂਸਰੀ

ਹਾਣੁਹਦੁ ਕਰਿ ਆਰਜਾ ਸਚੁਨਾਮੁ ਕਰਿਵਥੁ॥ਸੁਰਤਿ ਸੋਚਕਰਿਭਾਂਡ ਸਾਲਤਿਸੁ
ਵਿਚਿ ਤਿਸਨੋ ਰਖੁ ॥ ਵਣਜਾਰਿਆ ਸਿਉ ਵਣਜੁ ਕਰਿਲੈ ਲਾਹਾ ਮਨਿਹਸੁ ॥੨॥

ਤਿਸਦਾ ਪਰਮਾਰਥ॥ਹੇ ਪਿਤਾਜੀ ਅਸਾਂ ਏਹ ਹਟ ਕਢੀ ਹੈ ਮਾਨੁਖ ਦੇਹ ਕੀ ਜੋ ਆਰਥਲਾ ਹੈ ਸੋ ਅਸਾਂਨੇ ਹੱਟ ਕੀਤੀਹੈ ਸੁਰਤਦੀਆਂ ਬਿਰਤੀਆਂਨੂੰ ਪਾਪਾਂਥੀਂ ਹਟਾਇੰਕੇ ਪਵਿੱਤ੍ਰਕੀਤਾ ਹੈ·ਸੋਈਅਸਾਂ ਭਾਂਡਸਾਲ ਕੀਤੀਹੈ ਸੱਤਨਾਮ ਪਰਮੇਸ਼ਰਕਾ ਤਿਸਨੂੰ ਹਰਵੇਲੇ ਯਾਦ ਰਖਣਾ ਸੋਉਨ੍ਹਾਂ ਭਾਂਡਿਆਂ ਵਿਚ ਵਸਤ ਪਾਇਰਖੀਹੈ ਅਤੇਸੰਤਾਂ ਨਾਲਜੇਹੜਾ ਮਿਲਣਾਹੈਸੋ ਵਣਜ ਕਰਕੇ ਗਿਆਨ ਰੂਪੀ ਲਾਹਾ ਖੱਟਿਆ ਹੈ ॥੨॥ ਤਾਂ ਫੇਰ ਕਾਲੂਨੇ ਆਖਿਆ ਹੇ ਨਾਨਕ ਜੀ ਜੇ ਹੱਟਨਹੀਂ ਕਰਦਾ ਅਤੇ ਤੇਰਾ ਮਨ ਫਿਰਨੇ ਤੇ ਹੈ ਤਾਂ ਸਉਦਾਗਰੀ ਘੋੜਿਆਂ ਦੀਕਰਤਾਂ ਬਾਬੇਆਖਿਆਪਿਤਾਜੀ ਅਸਾਂਸਉਦਾਗਰੀਭੀ ਕੀਤੀਹੈ ਤਾਂਬਾਬੇਜੀ ਤੀਸਰੀਪਉੜੀਆਖੀ

CC-0. Gurukul Kangri University Haridwar Collection. Digitized by S3 Foundation USA

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈਚਲੁ ॥ ਖਰਚੁ ਬੰਨੁ ਚੰਗਿਆਈਆ ਮਤੁ ਮਨ ਜਾਣਹਿ ਕਲੁ ॥ ਨਿਰੰਕਾਰ ਕੈ ਦੇਸਿ ਜਾਇ ਤਾਂ ਸੁਖੁ ਲਹਹਿ ਮਹਲ ॥ ੩ ॥

ਤਿਸਦਾ ਪਰਮਾਰਥ॥ਹੇ ਪਿਤਾ ਜੀ ਸਤ ਸ਼ਾਸਤ੍ਰਾਂ ਨੂੰ ਸਰਵਣ ਕਰਨਾ ਅਤੇ ਤਿਨਾਂ ਨੂੰ ਮਨ ਵਿਚ ਧਾਰਨਾ ਏਹਤਾਂ ਅਸਾਂ ਸਉਦਾਗਰੀ ਕੀਤੀਹੈ ਅਤੇ ਜੋਹੜਾ ਸੱਚ ਬੋਲਣਾਹੈ ਸੋ ਅਸਾਂ ਘੋੜੇ ਕੀਤੇ ਹੈਨ ਅਰ ਬੁਰੇ ਕਰਮਾਂਦਾ ਤਿਆਗਅਤੇ ਭਲੇ ਕਰਮਾਂਦਾ ਗ੍ਰਹਿਣ ਕਰਨਾ ਏਹ ਖਰਚ ਬੀਨਿਆ ਹੈ ਅਰ ਮਨ ਵਿੱਚ ਦ੍ਰਿੜਤਾਹੈ ਜੋ ਪਰਮੇਸ਼ਰ ਜੀ ਹਾਜ਼ਰਾ ਹਜੂਰ ਸਾਡੇ ਅੰਗ ਸੰਗ ਹੈ ਤਿਸ ਭਗਵੰਤ ਦੀ ਕਿਰਪਾ ਕਰਕੇ ਨਿਰੰਕਾਰ ਦੇ ਦੇਸ਼ ਮੇਂ ਜਾਇ ਪ੍ਰਾਪਤ ਹੋਏ ਹਾਂ ਤਿਸ ਨਿਰੰਕਾਰਦੇ ਮਹਿਲ ਵਿੱਚ ਕਿਆ ਅਸਥਾਨ ਵਿੱਚ ਪਹੁੰਚੇ ਹਾਂ ਏਹ ਬੜਾ ਨਫ਼ਾ ਸਾਨੂੰ ਪ੍ਰਾਪਤਿ ਹੋਇਆ ਹੈ ਬੜੇ ਆਨੰਦ ਮੇਂ ਮਗਨ ਹਾਂ ॥ ਤਾਂ ਕਾਲੂ ਜੀ ਏਹ ਸੁਣ ਕਰ ਆਖਿਆਹੇ ਨਾਨਕ ਜੀ ਤੂੰ ਸਾਡੇਕੰਮ ਕਾਜ ਥੋਂ ਤਾਂ ਰਹਿਚੁਕੋਂ ਪਰ ਘਰਤਾਂ ਚਲ ਤੇ ਬੈਠ ਅਸਾਂ ਤੇਰਾ ਖਟਣਾ ਛਡਿਆ ਹੈ ਤੇਰੀ ਉਦਾਸੀ ਦੇਖਕੇ ਸ਼ਰੀਕ ਕਹਿੰਦੇ ਹੈਨ ਕਾਲੂਦਾ ਪੁਤ੍ਰ ਮਖੱਟੂ ਹੈ ਅਤੇ ਜੇ ਤੂੰ ਉਦਾਸ ਹੋਇਕੇ ਨਿਕਲਗਿਓਂ ਤਾਂ ਲੋਕ ਆਖਨਗੇ ਜੋ ਕਾਲੂਦਾ ਪੁਤ੍ਰ ਮਖੱਟੂ ਸੀ ਫ਼ਕੀਰ ਹੋਇਕੇ ਨਿਕਲ ਗਿਆ ਹੈ ਇਸ ਬਾਤ ਮੇਂ ਬੱਚਾ ਸਾਨੂੰ ਬੜੀ ਹਾਣ ਆਵੇਗੀ ਅਰਸੁਣ ਬੇਟਾਜੇ ਕੁਛ ਹੋਰ ਨਹੀਂ ਕਰ ਸਕਦਾ ਤਾਂ ਕਿਸੇਦੀ ਚਾਕਰੀ ਹੀ ਕਰ ॥ ਤਾਂ ਗੁਰੂ ਨਾਨਕ ਜੀ ਚਉਥੀ ਪਉੜੀ ਆਖੀ ॥

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥ਬੰਨੁ ਬਦੀਆ ਕਰਿ ਧਾਵਣੀ ਤਾਕੋ ਆਖੈ ਧੰਨੁ ॥ ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨੁ ॥ ੪ ॥

ਤਿਸਦਾ ਪਰਮਾਰਥ॥ਸੁਣੋ ਪਿਤਾ ਜੀ ਅਸਾਂ ਚਾਕਰੀ ਭੀ ਕੀਤੀ ਹੈ ਚਿਤ ਪਰਮੇਸ਼ਰ ਵਿਖੇ ਜੋਲਾਇਆਹੈ ਅਸਾਂਨੇ ਸੋਈਚਾਕਰੀਕੀਤੀਹੈ ਅਤੇ ਪਰਮੇਸ਼ਰਦਾ ਨਾਮਮੰਨਣਾ ਏਹਅਸੀਂ ਕੰਮਕੀਤਾਹੈ ਅਰਬਦੀਆਂਨੂੰ ਬੰਨਣਾਕਿਆ ਬਦੀਆਂਨੂੰ ਰੋਕਣਾਏਹ ਅਸਾਂਧਾਵਣੀਕੀਤੀਹੈ ਤਾਂ ਸਭਕੋਈਧੰਨਧੰਨ ਕਹਿੰਦਾਹੈ ਨਿਰੰਕਾਰਦੀ ਕ੍ਰਿਪਾ ਹੋਇਜੇ ਸਾਹਿਬਕ੍ਰਿਪਾ ਦੀ ਦ੍ਰਿਸ਼ਟ ਕਰਕੇ ਦੇਖੇ ਤਦ ਚੌਗੁਣਾਵੰਨਕਿਆ ਰੰਗ ਚੜ੍ਹਦਾ ਹੈ ਜਿਨ੍ਹਾਂ ਉਪਰ ਗੁਰੂਆਂਦੀ ਸੰਤਾਂ ਦੀ ਕ੍ਰਿਪਾ ਦ੍ਰਿਸ਼ਟ ਹੈ ਤਿਨਾਂਦੇ ਰਿਦੇ ਰੂਪ ਅਕਾਸ਼ ਮੇਂ ਗਿਆਨ ਰੂਪੀ ਚੰਦ੍ਰਮਾਂ ਚੜ੍ਹਦਾ ਹੈ ਤਾਂ ਓਹ ਨਿਰੰਕਾਰਦੇ ਦੇਸਵਿੱਚ ਪਹੁੰਚਦੇ ਹੈਨਏਹ ਸ਼ਬਦ ਸੁਣਕਰ ਕਾਲੂਜੀਦੀ ਨਿਸਾਹੋਈ ਅਤੇ ਸੁਣਕਰ ਚੁਪ ਕਰ ਰਿਹਾ ਅਤੇ ਗੁਰੂ ਨਾਨਕ ਜੀ ਦੀ ਓਹੋ ਚਾਲੀ ਰਹੀ ॥ ੯ ॥

ਆਗੇ ਸਾਖੀ ਵੈਦ ਨਾਲ ਹੋਈ

ਜਾਂ ਗੁਰੂਨਾਨਕਜੀ ਮਸਤਾਨਾਂ ਹੋਇ ਬੈਠਾਤੇ ਬੋਲੇ ਕਿਸੇਨਾਲ ਨਹੀਂ ਅਰਲੰਮਾਹੀ ਪਇਆ ਰਹੇ ਬਿਰਕਤਾਂਦੀ ਰੀਤਧਾਰਲੀਤੀਓਸ ਸੰਸਾਰਦੇ ਜੰਜਾਲਾਂਨੂੰ ਟੱਦਿੱਤਾ ਤਾਂ ਸਾਰਾ ਕੁਟੰਬ ਵੈਦੀਆਂ ਦਾ ਬਾਬੇ ਨਾਨਕਜੀ ਵਲ ਦੇਖ ਦੇਖਕੇ ਝੁਰਨ ਲਗੇ ਅਤੇ ਏਹ ਕਹਿਣ ਜੋ ਭਾਈ

CC-0. Gurukul Kangri University Haridwar Collection. Digitized by S3 Foundation USA

OF INTERNET
TH
ABHINAV GAUR

ਕਾਲੂ ਪਟਵਾਰੀ ਦਾ ਪੁਤ੍ਰ ਦਿਵਾਨਾ ਹੋਇ ਗਇਆ ਹੈ ਜੇਹੜੇ ਬਾਬੇ ਜੀ ਦੇ ਸੰਗੀ ਹੈਸਨ ਓਹ ਆਨਕੇ ਮਿਲਨ ਅਤੇ ਕੁਛ ਪੁਛਣ ਤਾਂ ਬਾਬਾ ਜੀ ਐਸੇ ਆਗੇ ਤੇ ਮਿਲਨ ਜਿਉਂ ਕਦੀ ਮਿਲਿਆ ਹੀ ਨਹੀਂ ਓਹ ਦੇਖਕਰ ਬਹੁਤ ਦੁਖੀ ਹੋਣ ਅਤੇ ਗੁਰੂਜੀ ਮਗਨ ਹੋਇ ਬੈਠਾ ਅਰ ਖਾਵੇ ਪੀਵੇ ਵੀ ਕੁਛ ਨਾਹੀ ਇਕੰਤਹੀ ਬੈਠਾ ਰਹੇ ਸਾਰਾ ਪਰਵਾਰ ਵੇਦੀਆਂ ਦਾ ਓਦਰ ਗਿਆ ਇਹ ਬਿਧਿ ਦੇਖਕੇ ਮਾਤਾ ਜੀ ਮਨ ਵਿੱਚ ਬਹੁਤ ਚਿੰਤਾਵਾਨ ਹੋਇਕਰ ਕਹਿਣ ਲਗੀ ਹੇ ਪੁਤ੍ਰ ਤੂੰ ਕੈਸੀ ਦਸ਼ਾ ਆਪਣੀ ਕਰ ਰਖੀ ਹੈ ਤੈਨੂੰ ਲੋੜੀਦਾ ਹੈ ਆਪਣੇ ਘਰਦਾ ਕਾਰਜ ਕਰਨਾ ਬਾਹਰ ਸੇ ਕਮਾਇਕਰ ਲਿਆਵਣਾ ਆਪਣੇ ਪਰਵਾਰ ਨੂੰ ਸੁਖੀ ਕਰਨਾ ਫ਼ਕਰਾਂਦੀ ਸੰਗਤ ਛਡ ਦਿਓ ਸੁਚੇਤ ਹੋਵਹੁ ਬਿਵਹਾਰ ਕਰੋ ਆਪਣੀ ਜਾਤ ਬਿਰਾਦਰੀ ਮੇਂ ਮਿਲਕੇ ਬੈਠਣਾ ਦੇਖੋ ਤੋ ਪਰਵਾਰ ਕੇ ਲੋਕ ਤੁਮਾਰੇ ਸਰੀਰਦੀ ਦਸ਼ਾ ਦੇਖਕਰ ਕੈਸੇ ਦੁਖੀ ਹੁੰਦੇ ਹੈਨ ਆਪਣੇ ਘਰ ਦੇ ਖ਼ਰਚ ਅਤੇ ਆਮਦਨੀ ਨੂੰ ਸੰਭਾਲੋ ਭਲੀ ਪ੍ਰਕਾਰ ਅਪਣੀ ਕਮਾਈ ਕਰਕੇ ਦਰਬ ਅਪਣੇ ਘਰ ਮੇਂ ਸੰਚਹੁਗੇ ਸੁਚੇਤ ਹੋਵਹੁਗੇ ਤਾਂ ਕੋਈ ਖੱਤ੍ਰੀ ਦੇਖਕਰਕੇ ਤੁਹਾਡੀ ਸਗਾਈ ਕਰੇਗਾ ਤੈਨੂੰ ਕਮਾਊ ਜਾਣਕੇ ਆਪਣੀ ਲੜਕੀ ਤੇਰੇ ਕੋ ਬਿਵਾਹ ਦੇਵੇਗਾ ਮੇਰੇ ਕੋਭੀ ਬੜਾ ਸੁਖ ਪ੍ਰਾਪਤਿ ਹੋਵੇਗਾ ਅਰ ਤੇਰੀ ਲੋਕ ਵਡਿਆਈ ਕਰਨਗੇ ਹੁਨ ਤੈਨੂੰ ਐਸਾ ਮਸਤਾਨਾ ਦੇਖਕੇ ਲੋਕ ਹਾਸੀ ਕਰਦੇ ਹੈਨ ਕਹਿੰਦੇ ਹੈਨ ਕੈਸਾ ਨਾਲਾਇਕ ਹੈ ਕਿਰਤ ਨਹੀਂ ਕਰਦਾ ਦਾਰਿਦ੍ਰੀ ਹੈ ਮਤਹੀਨ ਹੈ ਕੋਈ ਕਹਿੰਦਾ ਹੈ ਏਹ ਨਿਰਬਲ ਹੈ ਓਨਾਂ ਸ਼ਰੀਕਾਂ ਦਾ ਬੋਲਣਾ ਹਮਾਰੇ ਭਾਈਂ ਬੱਜਰ ਪੱਥਰ ਕੇ ਸਮਾਨ ਦੁਖ-ਦਾਇਕ ਹੁੰਦਾ ਹੈ ਹੇ ਪੁਤਰ ਮੇਰਾ ਰਿਦਾ ਸੁਣਸੁਣ ਕੇ ਜਲਦਾ ਹੈ ਏਹ ਬਾਤਾਂ ਮਾਤਾ ਦੀਆਂ ਸੁਣ ਕਰ ਬਾਬਾ ਜੀ ਚੁਪ ਕਰ ਰਹੇ ਉਤਰ ਕੋਈ ਭੀ ਨਾ ਦੀਆ ਰਾਤਭੀ ਦਿਨਭੀ ਪੜੇ ਰਹੇਂ ਬੋਲੇਂ ਕਿਸੇ ਸ਼ੇ ਨਾਹੀਂ ਅਰ ਨਾਂ ਸੁਚੇਤ ਹੋਇਕਰ ਬੈਠੇ ਜੈਸੇ ਕੋਈ ਬੜਾ ਉਨਮੱਤ ਹੋਤਾ ਹੈ ਐਸੇਹੀ ਅਬੋਲ ਹੋਇਕਰ ਪੜੇਰਹੇਂ ਮਾਤਾ ਬੜੇ ਹਿਤ ਨਾਲ ਕੁਛ ਭੋਜਨ ਕਰਾਵੇ ਬੜੇ ਯਤਨ ਸੇ ਤੋ ਕੁਛ ਖਾਵੇਂ ਕਦੀ ਨਹੀਂ ਭੀ ਖਾਵੇਂ ਤਨ ਬੜਾ ਦੁਰਬਲ ਹੋਇ ਗਿਆ ਦੇਖ ਕਰ ਮਾਤਾ ਕਹੇ ਹੇ ਪੁਤ੍ਰ ਤੇਰੇ ਕੋ ਕਿਆ ਰੋਗ ਹੈ ਤੂੰ ਆਪਣੀ ਦਵਾਈ ਹੀ ਕਰ ਤੇਰਾ ਮੁਖ ਪੀਲਾ ਹੋਇ ਰਹਿਆ ਹੈ ਤੇਰੇ ਅੰਗ ਭੀ ਸਭਸਿਥਲ ਹੋਇਰਹੇਹੈਨ ਰਾਤਦਿਨ ਪੜੇ ਰਹਿਤੇਹੋ ਖਾਂਦੇ ਪੀਂਦੇ ਕੁਛਨਹੀਂ ਹੋ ਭਾਈ ਸਨਬੰਧੀ ਦੇਖਣੇਕਉ ਆਉਂਦੇ ਹੈਨ ਹੇ ਪੁਤਰ ਸੁਚੇਤ ਹੋਵਹੁ ਐਸਾ ਦੇਖ ਕਰ ਮਾਤਾ ਤ੍ਰਿਪਤਾਂ ਜੀ ਬਡੀ ਅਧੀਨ ਹੋਇਕਰ ਪਰਮੇਸ਼ਰ ਕੇ ਆਗੇ ਡੰਡਵਤ ਬੰਦਨਾ ਕਰਦੀ ਹੈ ਕਿ ਹੇ ਭਗਵੰਤ ਮੇਰੇ ਪੁਤਰ ਕੋ ਅਰੋਗਤਾ ਹੋਵੇ ਨਿਰੋਗ ਹੋਵੇ ਬਾਰੰਬਾਰ ਪਰਮੇਸ਼ਰ ਦੇ ਅਗੇ ਬੇਨਤੀਆਂ ਕਰਦੀ ਹੈ ਇਕ ਦਿਨ ਪੁਤ੍ਰ ਦਾ ਹਾਥ ਪਕੜਕੇ ਬੋਲੀ ਪੁਤਰ ਅਪਨੀ ਪੀੜ ਕਹੁ ਮੈਂ ਬੈਦਕੋ ਬੁਲਾਇਕਰ ਤੇਰਾ ਇਲਾਜ ਕਰਾਵਾਂ ਬਹੁਤਹੀ ਕਹੀ ਅਤੇ ਬਾਬਾ ਨਾਨਕ ਜੀ ਚੁਪਕਰ ਰਹੇ ਸਭਜ਼ਾਤ ਭਾਈ ਖ਼ਬਰ ਲੈਣਵਾਸਤੇ ਆਏ ਜੋ ਬਾਬੇ ਨਾਨਕ ਜੀਨੂੰ ਮਸਤਾਨਾ ਦੇਖਕਰ ਬਡੇ ਦੁਖੀ ਹੁੰਦੇ ਸਨ ਸਾਰਾ ਪਰਵਾਰ ਦੇਖਦੇਖ ਝੁਰਦਾ ਹੈ ਰੋਗ ਨਹੀਂ ਜਾਣਿਆਂ ਜਾਂਦਾ

CC-0. Gurukul Kangri University Haridwar Collection. Digitized by S3 Foundation USA

ਜੋ ਕੌਣ ਰੋਗਹੈ ਅਰ ਸਭ ਪਰਵਾਰ ਦੇਖਕੇ ਕਾਲੂਨੂੰ ਆਖਣਲਗੇ ਤੂੰ ਮਚਲਾ ਹੋਇਕੇ ਬੈਠ ਰਹਿਆ ਹੈਂ ਅਤੇ ਤੇਰੇ ਪੁਤ੍ਰ ਨਾਨਕਨੂੰ ਪਇਆਂ ਹੋਇਆਂਕਈਦਿਨ ਗੁਜਰਗਏਹਨ ਪਇਆ ਹੀ ਰਹਿੰਦਾ ਹੈ ਤੂੰਕਿਸੇਬੈਦ ਨੂੰ ਸਦਕੇ ਇਸਦਾ ਇਲਾਜ ਕਰਾਉ ਇਕੋ ਇੱਕ ਤੇਰਾ ਪੁਤਰ ਹੈ ਪਦਾਰਥ ਦੇਖ ਰਛਿਆਂ ਪੁਤਰ ਰਾਜ਼ੀ ਹੋਵੇਗਾ ਤਾਂ ਕਈ ਤਰਾਂਦਾ ਪਦਾਰਥ ਖਟਲਿਆਵੇਗਾ ਪੁਤਰ ਦਾ ਸਨੇਹ ਮਨ ਤੇ ਤਜਾਗ ਕਰ ਪਦਾਰਥ ਪਿਆਰਾ ਮਤ ਕਰੋ ਪੁਤ੍ਰ ਪਿਆਰਾ ਕਰਨਾ ਚਾਹੀਦਾਹੈ ਪੁਤਰ ਰਾਜ਼ੀ ਹੋਵੇਗਾ ਤੋ ਕੈਸਾ ਸੁਖ ਹੋਵੇਗਾ ਅਤੇ ਸੁਨ ਕਾਲੂ ਪੈਸੇ ਕਿਤਨੇ ਹੋਵਨ ਤਾਂ ਉਹ ਕਿਸੇ ਕੰਮ ਨਹੀਂ ਤੂੰ ਵੈਦ ਨੂੰ ਸਦ ਮਤ ਕੱਖ ਦੇ ਓਲ੍ਹੇ ਲੱਖ ਪਰਮੇਸ਼ਰ ਕਰਦਾ ਹੋਵੇ ਇਤਨਾ ਸੁਨਕੇ ਕਾਲੂ ਆਪ ਉਠ ਖੜੋਤਾ ਅਤੇ ਭਾਈਲਾਲੂ ਜੀ ਨਾਨਕ ਪਾਸ ਬੈਠੇ ਰਹੇ ਤੇ ਬਾਬਾ ਨਾਨਕ ਜੀ ਅਪਨੇ ਮੁਖਪਰ ਕਪੜਾ ਲੀਏ ਪੌਢੇ ਰਹੇ ਮਹਿਤਾ ਕਾਲੂ ਜੀ ਹਰਿਦਾਸ ਨਾਮ ਬੈਦ ਨੂੰ ਸਦ ਲਿਆਇਆ ਜਿਥੇ ਬਾਬਾ ਨਾਨਕਜੀ ਪੌਢੇ ਸੇ ਬੈਦ ਤਿਸਅਸਥਾਨਆਯਾ ਕਾਲੂ ਜੀਨੇ ਆਖਿਆ ਵੇਦ ਹਰਦਾਸ ਜੀ ਨਾਨਕ ਦੀ ਬਾਂਹ ਦੇਖਕਰ ਕਹੋ ਇਸਨੂੰ ਕਿਆ ਰੋਗਹੈ ਦਿਨੇ ਰਾਤ ਆਲਸ ਕਰਕੇ ਪਿਆ ਰਹਿੰਦਾ ਹੈ ਖਾਣ ਪੀਣ ਦੇ ਵੱਲੋਂ ਭੀ ਮੂੰਹ ਮੋੜੀ ਰਖਦਾ ਹੈ ਮੂੰਹ ਇਸਦਾਪੀਲਾਅਤੇ ਤਨਖੀਨ ਹੋਯਾਹੈਏਹਬਾਤ ਸੁਣਕੇ ਹਰਿਦਾਸ ਵੈਦਨਿਕਟ ਜਇ ਬੈਠਾ ਬਾਬੇ ਜੀਦਾ ਮੁਖ ਦੇਖਕਰ ਨਾੜੀ ਦੇਖਨ ਨੂੰ ਹਾਥਲਗਾ ਦੇਖਣ ਜਾਂਬਾਬੇਜੀਦੀ ਨਾੜੀ ਦੇਖਣ ਲਗਾ ਤਾਂ ਬਾਬੇ ਨਾਨਕ ਜੀਨੇ ਆਪਨਾ ਹਥ ਵੈਦਦੇ ਹੱਥਵਿੱਚੋਂ ਖਿਚਲਿਆਤੇਆਪ ਭੀ ਉਠ ਬੈਠੇ ਅਤੇ ਆਖਜਾ ਸਾਡਾ ਹਾਥ ਤੂੰਨੇ ਪਕੜਿਆ ਹੈ ਸੋ ਕਿਆ ਜਾਣਕੇ ਤੋ ਹਰਿਦਾਸ ਬੋਲਿਆ ਰੋਗ ਦੇਖਦਾ ਹਾਂ ਜੋ ਕਿਆ ਰੋਗ ਹੈ ਤੁਮਾਰੇ ਤਾਈਂ ਜੈਸਾ ਰੋਗ ਹੋਇਗਾ ਤਿਸਦੀ ਦਵਾਈ ਦੇਵਾਂਗਾ ਪਥ ਦੇ ਸਾਥ ਦਵਾਈ ਖਾਵੋਗੇ ਤਾਂ ਅਰੋਗ ਹੋਇ ਜਾਵੋਗੇ ਸ਼ਰੀਰ ਕਰਕੇ ਸੁਖੀ ਹੋਵੋਗੇ ਤਉ ਬਾਬੇ ਨਾਨਕ ਜੀ ਤਿਸਦੇ ਪਰਥਾਇ ਸ਼ਬਦ ਉਚਾਰਿਆ ॥

ਸਲੋਕਮਃ ੧ ॥ਵੈਦ ਬੁਲਾਇਆ ਵੈਦਗੀ ਪਕੜ ਢੰਢੋਲੇ ਬਾਹਿ॥ ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥ ੧ ਮਃ੧ ॥ ਵੈਦਾ ਵੈਦ ਸੁਵੈਦ ਤੂੰ ਪਹਿਲਾ ਰੋਗ ਪਛਾਨ ॥ ਐਸਾ ਦਾਰੂ ਲੋੜਿਲਹੁ ਜਿਤ ਵੰਞੈ ਰੋਗਾ ਘਾਣਿ॥ ਜਿਤਦਾਰੂ ਰੋਗ ਉਠਿਅਹਿ ਤਨਿ ਸੁਖ ਵਸੈ ਆਇ ॥ ਰੋਗ ਗਵਾਇਹਿ ਆਪਣਾ ਤਾ ਨਾਨਕ ਵੈਦ ਸਦਾਇ ॥੨ ॥

ਤਿਸਦਾ ਪਰਮਾਰਥ

ਪਿਤਾ ਕਾਲੂਨੇ ਵੈਦ ਬੁਲਇਆ ਸੀ ਵੈਦਗੀ ਕਿਆ ਦਵਾਈ ਗੁਰੂ ਨਾਨਕ ਜੀਦੀ ਕਰਾਉਣ ਦੇਵਾਸਤੇਸੋ ਓਹਵੈਦ ਬਾਬੇ ਨਾਨਕਜੀਦੀ ਬਾਂਹਿਪਕੜ ਕਰਕੇਲਗਾ ਦੇਖਣ ਓਹ ਭੋਲਾਵੈਦ ਜੋ ਬਾਬੇ ਨਾਨਕ ਜੀਦੇ ਰੋਗ ਦਾ ਮਹਿਰਮ ਨਹੀਂ ਜੋਕਿਆ ਕਰਕੇ ਦੁਖਹੈ ਕਲੇਜੇ ਵਿਖੇ ਇਸਤੇ ਬਾਬਾ ਨਾਨਕਜੀ ਕਹਿਤੇਹੈਂ ਹੇਵੈਦ ਵੈਦ ਵੈਦ ਸੁਵੈਦ ਤੂ ਓੁੱਤਮ ਵੈਦ ਤੈਨੂੰ ਅਸੀਂ ਤਾਂ ਜਾਣੀਏ ਜੋ ਪਹਿਲ ਰੋਗ ਨੂੰ ਪਛਾਣੇਂ ਅਤੇ ਐਸਾ ਦਾਰੂ ਲੋੜਲਹੁ ਕਿਆ ਛੁੱਡ ਲਵੋ ਜਿਸ ਕਰਕੇ ਰੋਗਾਂ

CC-0. Gurukul Kangri University Haridwar Collection. Digitized by S3 Foundation USA

ਦਾ ਘਾਣ ਕਿਆ ਸੰਬੂਹ ਰੋਗ ਦੂਰ ਹੋਇ ਜਾਨ ਅਤੇ ਜਿਸ ਦਾਰੂ ਕਰਕੇ ਰੋਗ ਸਭ ਉਠ ਜਾਵਣ ਅਰ ਸਰੀਰ ਵਿਚ ਸੁਖ ਆਇਵਸਨ ਤਾਂ ਨਾਨਕ ਜੀ ਕਹਿੰਦੇ ਹੈਨ ਐਸਾ ਦਾਰੂ ਹਈ ਤੇਰੇ ਪਾਸ ਤਾਂ ਤੂੰ ਠੀਕ ਵੈਦ ਹੈਂ ਅਤੇ ਅਸਲ ਵੈਦ ਤੈਨੂੰ ਤਉ ਜਾਣੀਏ ਜੋ ਆਪਨਾ ਰੋਗ ਤੂੰ ਗਵਾਵੇਂ ਤਾਂ ਵੈਦਨੇ ਹਥ ਜੋੜਕਰ ਪ੍ਰਾਰਥਨਾ ਕੀਤੀ ਸਰਬ ਸਮਰਥ ਮਹਾਰਾਜ ਜੀ ਓਹ ਰੋਗ ਮੇਰੇ ਭਾਈਂ ਕਹੋ ਜਿਸ ਕਰਕੇ ਮੈਂ ਰੋਗੀ ਹਾਂ ਤਾਂ ਨਾਨਕ ਜੀ ਬਚਨ ਕਰਤੇ ਹੈਂ ਹੇ ਹਰਦਾਸ ਤੂੰ ਸ੍ਰਵਨ ਕਰ ਪਹਿਲੇ ਤੇ ਹਉਮੈਂ ਕਾ ਰੋਗ ਸਭ ਪ੍ਰਾਣੀਆਂ ਕੋ ਲਗਾ ਹੈ ਜਿਸ ਕਰਕੇ ਲੋਗ ਮਹਾਂ ਦੁਖੀ ਹੋਇ ਰਹੇ ਹੈਂ ਜੋ ਜਨਮ ਮਰਨ ਕਾ ਕਾਰਨ ਹੈ ਸੋ ਕਿਸੀ ਉਪਕਾਰ ਕਰਕੇ ਏਹ ਰੋਗ ਨਹੀਂ ਹਟਦਾ ਇਸ ਦੁਖ ਕਰਕੇ ਜੋ ਆਪਣੇ ਆਪਕੋ ਦੁਖੀ ਜਾਣਤੇ ਹੈਂ ਸੋ ਦੂਸਰੇ ਕਉ ਕਿਸ ਪ੍ਰਕਾਰ ਸੁਖੀ ਕਰਸਕੇਂਗੇ ਹੇ ਹਰਦਾਸ ਜਿਸ ਦਵਾਈ ਕਰਕੇ ਹਉਮੈਂ ਜਾਵੇ ਅਰ ਅਚਲ ਸੁਖ ਮੈਂ ਪ੍ਰਾਪਤ ਹੋਵੇ ਸੋ ਉਪਾਇ ਕਹੋ ਜੋ ਪ੍ਰਾਣੀ ਕਰੇ ਤਾਂ ਅਪਣੇ ਰੋਗ ਨੂੰ ਗਵਾਵੇ ਸੋ ਵੈਦ ਭਲਾ ਹੈ ਜਨਮ ਮਰਨ ਤੇ ਮੁਕਤਾ ਹੋਵੇ ਫੇਰ ਤਿਸ ਕੋ ਰੋਗ ਨਹੀਂ ਵਿਜਾਪਦਾ ਹੇ ਹਰਦਾਸ ਅਸੀ ਆਪਣੇ ਪਿਆਰੇ ਪਰਮੇਸ਼ਰ ਵਿੱਚ ਰੱਤੇ ਹੋਏ ਹਾਂ ਇਸ ਰੋਗ ਦਾ ਉਪਾਉ ਕੋਈ ਨਹੀਂ ਇਤਰ ਰੋਗ ਸੰਸਾਰ ਦੇ ਜੋ ਹੈਨ ਤਿਨਾਂ ਦੇ ਦਾਰੂ ਬਹੁਤ ਹੈਨ ਅਰ ਮਮਤਾ ਰੋਗ ਜੋ ਜਨਮ ਮਰਨ ਕਾ ਦੇਣੇ ਵਾਲਾ ਹੈ ਇਸਕੋ ਦੂਰ ਕਰੋ ਸਰਬ ਮੈਂ ਪਰਮੇਸ਼ਰ ਕੋ ਰਵਿਆ ਜਾਣਕੇ ਕਿਸੇ ਨਾਲ ਈਰਖਾ ਨਾ ਕਰੋ ਆਤਮਾ ਏਕਰਸ ਸਤਚਿਤ ਆਨੰਦ ਪੂਰਨ ਹੈ ਇਹ ਬਚਨ ਗੁਰੂ ਜੀ ਕੇ ਸੁਣਕਰ ਹਰਿਦਾਸ ਨੇ ਆਖਿਆ ਹੇ ਮਹਿਤਾ ਕਾਲੂ ਨਾਨਕ ਜੀ ਨੂੰ ਰੋਗ ਕੋਈ ਨਹੀਂ ਤੁਸੀਂ ਚਿੰਤਾ ਕੋਈ ਨਾ ਕਰੋ ਏਹ ਪਰਮੇਸ਼ਰ ਦੇ ਰੰਗਰਤਾ ਹੈ ਅਤੇ ਏਹ ਦੁਨੀਆਂ ਦੇ ਦੁਖ ਦੂਰ ਕਰਨੇ ਨੂੰ ਸਾਮਰਥ ਹੈ ਇਤਨਾ ਕਹਿਕੇ ਹਰਦਾਸ ਸ੍ਰੀ ਗੁਰੂ ਜੀ ਅੱਗੇ ਮੱਥਾ ਟੇਕ ਕੇ ਆਪਣੇ ਘਰ ਨੂੰ ਚਲਦਾ ਰਿਹਾ॥੧੦॥

ਆਗੇ ਸਾਖੀ ਸਾਧਾਂ ਨਾਲ ਖਰੇ ਸੌਦੇ ਦੀ ਚਲੀ

ਇੱਕ ਦਿਨ ਬਾਬਾ ਨਾਨਕ ਜੀ ਆਪਣੇ ਘਰ ਮੈਂ ਬੈਠੇ ਥੇ ਮਸਤਾਨੇ ਤੌਰ ਪਰ ਤਾਂ ਮਹਿਤਾ ਕਾਲੂ ਬਾਹਰੋਂ ਆਯਾ ਸੀ ਆਇਕਰ ਦੇਖੇ ਤਾਂ ਨਾਨਕ ਜੀ ਆਪਣੀ ਚਾਲੀ ਛੱਡੀ ਨਾਹੀਂ ਮਹਿਤਾ ਕਾਲੂ ਦੇਖ ਕਰ ਬੜਾ ਰੰਜ ਹੋਇਆ ਅਤੇ ਆਖਿਓਸੁ ਹੇ ਪੁਤ੍ਰ ਤੇਰਾ ਧੋਖਾ ਮੈਨੂੰ ਖਾਇ ਗਿਆ ਹੈ ਤੂੰ ਕੁਝ ਸਮਝਦਾ ਨਾਹੀਂ ਤਾਂ ਗੁਰੂ ਨਾਨਕ ਜੀ ਆਖਿਆ ਹੇ ਪਿਤਾ ਜੀ ਹੁਣ ਤੁਸੀ ਮੈਨੂੰ ਬਖਸ਼ੋ ਜੀ ਅਗੇ ਜੇ ਕੁਛ ਤੁਸੀ ਮੈਨੂੰ ਆਖੋਗੇ ਸੋਈ ਮੈਂ ਕਰਾਂਗਾ ਜੀ ਤਾਂ ਕਾਲੂ ਆਖਿਆ ਤੂੰ ਕੁਛ ਵਨਜ ਕਰਿਆ ਕਰ ਬਾਬੇ ਕਹਿਆ ਭਲਾ ਪਿਤਾ ਜੀ ਤਾਂ ਕਾਲੂ ਕਹਿਆ ਨਾਨਕ ਜੀ ਤੂੰ ਵੀ ਹਰੁ ਪੱਯੇ ਲੈ ਜਾਉ ਤੇ ਕੋਈ ਖਰਾ ਸਉਦਾ ਖਰੀਦ ਲੈ ਆਉ ਜੇ ਇਤਵਾਰੀ ਖਰਾ ਸਉਦਾ ਕਰ ਆਵੇਂਗਾ ਤਾਂ ਫੇਰ ਮੈਂ ਤੈਨੂੰ ਬਹੁਤ ਰੁਪੱਯੇ ਦੇਵਾਂਗਾ ਤਾਂ ਫੇਰ ਗੁਰੂ ਨਾਨਕ ਜੀ ਕਹਿਆ ਭਲਾ ਪਿਤਾ ਜੀ ਤੁਸੀਂ ਆਪੇ ਦੇਖੋਗੇ ਜੋ ਮੈਂ ਕੇਹਾ ਸੌਦਾ ਕਰਾਂਗਾ ਤਾਂ ਗੁਰੂ ਨਾਨਕ ਜੀ ਨੂੰ ਵੀ ਹਰੁ ਪਏ ਦਿੱਤੇ ਅਤੇ ਭਾਈ ਬਾਲੇ ਨੂੰ ਬੁਲਾਇਕਰ ਕਹਿਆ ਸੁਣ ਬਾਲਾ ਤੂੰ ਸਿਆਣਾ ਹੈਂ ਤੂੰ ਨਾਨਕ ਜੀ ਦੇ ਸੰਗ ਜਾਹ ਕਿਵੇ

CC-0. Gurukul Kangri University Haridwar Collection. Digitized by S3 Foundation USA

ਏਹ ਵਨਜ ਕਰਨ ਸਿੱਖੇ ਤੂੰ ਇਸਦਾ ਸੰਗੀ ਹੈਂ ਤਾ ਨਛਰ ਭਾਈ ਬਾਲੇ ਨੇ ਗੁਰੂ ਨਾਨਕਜੀ ਦੇ ਬਸਤ੍ਰ ਭੀ ਉਠਾਇ ਲੀਤੇ ਅਤੇ ਰੁਪੱਯੇ ਭੀ ਲੈਕੇ ਬਾਬੇ ਨਾਨਕ ਜੀ ਦੇ ਸੰਗ ਚਲਿਆ ਮਹਿਤਾ ਕਾਲੂ ਨਗਰ ਦੇ ਬਾਹਰ ਕਿਤਨੀਕ ਦੂਰ ਤਕ ਸਿੱਖਿਆ ਦੇਂਦਾ ਨਾਲ ਟੁਰਿਆ ਗਿਆ ਕਹੇ ਪੁੱਤ੍ਰ ਨਾਨਕ ਮੇਰੇ ਜੀਂਵਦੇ ਜੀ ਤੂੰ ਸਭੋ ਕੰਮ ਕਾਜ ਸੰਭਾਲਲਵੇਂ ਤਾਂ ਮੇਰਾ ਜੀਉ ਬਹੁਤ ਠੰਡਾ ਹੋਵੈ ਤੇਰੇ ਜੰਮਿਆ ਤੇ ਮੈਨੂੰ ਏਹ ਭਰੋਸਾ ਹੋਇਆਸੀ ਜੋ ਜੈਸਾ ਮੈਂ ਪਦਾਰਥ ਕਮਾਂਵਦਾ ਹਾਂ ਮੇਰੇ ਥੀਂ ਏਹ ਬਹੁਤ ਕਮਾਵੇਗਾ ਮੇਰਾ ਜਸ ਹੋਵੇਗਾ ਜਿਸਤਰਾਂ ਚੰਦ੍ਰਮਾਨੂੰ ਦੇਖਕੇ ਸਭ ਕੋਈ ਖੁਸ਼ੀ ਹੁੰਦਾ ਹੈ ਤਿਸੇ ਤਰਾਂ ਨਾਨਕ ਜੀਨੂੰ ਦੇਖਕੇ ਇਸਤ੍ਰੀ ਪੁਰਖ ਸਭ ਖੁਸ਼ੀ ਹੋਵਨ ਸੋ ਤੂੰ ਵਣਜ ਕਰਨ ਸਿੱਖੇਂ ਗਾ ਖਤ੍ਰੀਆਂ ਵਾਲੀ ਚਾਲੀ ਤੂੰ ਕਰੇਂ ਗਾ ਬਹੁਤ ਬਹੁਤ ਪਦਾਰਥ ਖੱਟਕੇ ਘਰ ਲਿਆਵੇਂ ਗਾ ਤਾਂ ਮੇਰਾ ਜੀਉ ਠੰਢਾ ਹੋਵੇਗਾ ਸੋਖਰਾ ਸੌਦਾ ਕਰੀਂ ਐਸੇ ਸਿੱਖਜਾ ਦੇ ਕਰ ਕਾਲੂ ਪਿਛਾਹਾਂ ਮੁੜਿਆ ਬਾਬਾ ਨਾਨਕਜੀ ਅਤੇ ਭਾਈ ਬਾਲਾ ਸਿਧਾਰੇ ਕਾਲੂ ਬਹੁਤ ਮੋਹ ਕਰਕੇ ਪਿਛਾਂਹਾਂ ਪਰਤ ਕੇ ਦੇਖਦਾ ਹੈ ਤੇ ਘਰ ਨੂੰ ਆਯਾ ਬਾਲੇ ਨੂੰ ਗੁਰੂ ਨਾਨਕਜੀ ਵਾਰ ਤਾ ਸੁਣਾਂਵਦੇ ਭਗਤ ਵੈਰਾਗ ਗਿਆਨ ਨਾਲ ਮਿਲੀਆਂ ਹੋਈਆਂ ਸਨੇ ਸਨੇ ਚਲੇ ਜਾਂਦੇ ਹੈਨ ਬਾਰਾਂ ਕੋਸ ਪੰਧ ਗਏ ਤਾਂ ਇਕ ਬਨ ਹੈ ਓਥੇ ਸੰਤ ਮੰਡਲੀ ਬੈਠੇ ਹੈਨ ਤਪਸੀ ਤਪ ਕਰਦੇ ਹੈਨ ਕੋਈ ਖੜੀਆਂ ਬਾਹਾਂ ਕਰਕੇ ਬੈਠੇ ਹੈਨ ਕੋਈ ਸੰਤ ਖੜੇ ਹੋਏ ਹੈਨ ਕੋਈ ਪਦਮਨਾ ਲਾਈ ਬੈਠੇ ਹੈਨ ਕੋਈ ਧੂਨੀਆਂ ਤਪਦੇ ਹੈਨ ਕੋਈ ਸਿਧਾਸਨ ਕਰ ਬੈਠੇ ਹੈਨ ਕਈ ਏਕ ਕੁਪੀਨ ਪਹਿਰੇ ਹੋਰ ਕਪੜਾ ਤਿਆਗ ਬੈਠੇ ਹੈਨ ਦਿਗੰਬਰ ਇਕ ਜਲ ਵਿਚ ਬੈਠੇ ਹੈਨ ਇਕ ਪੁਸਤਕ ਪੜ੍ਹਦੇ ਹੈਨ ਇਕ ਮੋਨਧਾਰੀ ਬੈਠੇ ਹੈਨ ਜਿਨ੍ਹਾਂ ਨੂੰ ਪਰਲੋਕ ਦੇ ਸੁਖਾਂ ਦੀ ਚਾਹ ਹੈ ਇਸਲੋਕ ਦੇ ਸੁਖ ਤਿਆਗਕੇ ਕਿਨਾਰਾ ਕਰ ਇਕੰਤ ਬੈਠੇ ਹੂਏ ਹੈਨ ਸਰਬ ਸੰਤ ਮੰਡਲੀ ਵਿਚ ਇਕ ਮਹੰਤ ਜੀ ਬੈਠੇ ਹੈਨ ਮ੍ਰਿਗਸ਼ਾਲਾ ਜਿਨਾਂ ਦੇ ਹੇਠ ਬਿਛੀ ਹੈ ਬ੍ਰਿਛ ਕੀ ਤੁਚਾ ਜਿਨਕੀ ਕੁਪੀਨ ਹੈ ਸਿਰ ਪਰ ਜਟਾਓਂ ਕਾ ਮੁਕਟ ਹੈ ਅਰ ਰਿਦੇ ਮੇਂ ਜਿਨ ਕੇ ਜਗਦੀਸ ਕਾ ਧਯਾਨ ਹੈ ਅਰ ਇਕ ਸਾਧੂ ਪਾਸ ਪੁਸਤਕ ਪੜ੍ਹ ਰਿਹਾ ਹੈ ਇਸ ਸੰਤ ਸਭਾ ਕੋ ਦੇਖਕਰ ਬਾਬਾ ਨਾਨਕ ਜੀ ਖੜੇ ਹੋਇਕਰ ਦੇਖਨ ਲਗੇ ਅਰ ਬਾਲੇ ਪ੍ਰਤਿ ਬਾਬਾ ਨਾਨਕਜੀ ਨੇ ਕਹਿਆ ਹੈ ਬਾਲਾ ਏਸ ਖਰੇ ਸਉਦੇ ਨਾਲੋਂ ਹੋਰ ਕੋਈ ਸਉਦਾ ਚੰਗਾ ਨਹੀਂ ਇਸ ਅਮੋਲ ਸਉਦੇ ਨੂੰ ਮੈਂ ਨਹੀਂ ਛੱਡ ਸਕਦਾ ਪਿਤਾ ਦੀ ਆਗਿਆ ਵੀ ਖਰੇ ਸੌਦੇ ਦੀ ਹੈ ਸੋ ਇਸ ਤੇ ਭਲਾ ਬਨਜ ਹੋਰ ਕੌਣ ਹੈ ਏਹੁ ਰੁਪੱਯੇ ਇਨਕੋ ਫੜਾਵਤੇ ਹੈਂ ਸੋ ਭੋਜਨ ਬਸਤ੍ਰ ਕਰਕੇ ਏਹ ਖੁਸ਼ੀ ਹੋਵਹਿੰਗੇ ਏਹ ਬਚਨ ਬਾਬੇ ਦੇ ਸੁਣਕੇ ਬਾਲੇ ਨੇ ਆਖਿਆ ਮਹਾਰਾਜ ਮਹਿਤੇ ਕਾਲੂ ਦਾ ਡਰ ਹੈ ਉਸਨੇ ਵਨਜ ਕਰਨੇ ਵਾਸਤੇ ਤੁਹਾਨੂੰ ਰੁਪੱਯੇ ਦਿਤੇ ਹੈਨ ਅਤੇ ਸੁਭਾਵਦਾ ਭੀ ਕਠਨ ਹੈ ਸੋ ਤੁਸੀ ਜਾਣੋਂ ਮੈਂ ਆਪਦਾ ਅਨੁਸਾਰੀ ਹਾਂ ਤੁਸੀ ਮਹਿਤੇ ਕਾਲੂ ਨਾਲ ਸਮਝ ਲੈਣਾਂ ਮੇਰੇ ਨਾਲ ਨਾ ਕੋਈ ਝਗੜਾ ਝਗੜੇ ਮੈਂ ਆਪਦਾ ਅਨੁਸਾਰੀ ਹਾਂ ਅਗੇ ਭੀ ਅਤੇ ਹੁਨ ਭੀ ਜਿਸ ਜਿਸ ਤਰਾਂ ਆਗਿਆ ਦਿੰਦੇ ਹੋ ਮੈਂ ਉਸੀ ਤਰਾਂ ਕਰਾਂਗਾ ਇਤਨਾ ਕਹਿ ਰੁਪੱਯੇ ਬੀਸ ਭਾਈ ਬਾਲੇ ਨੇ ਬਾਬੇ ਨਾਨਕ ਜੀ ਦੇ ਹੱਥ ਦੇ ਦਿੱਤੇ ਸੋ

CC-0. Gurukul Kangri University Haridwar Collection. Digitized by S3 Foundation USA

OF INTERNET
TH
ABHINAV GAUR

ਰੁਪਯੇ ਲੈਕਰ ਗੁਰੂਜੀ ਸੰਤ ਕੇ ਪਾਸ ਜਾਇਬੈਠੇ ਅਰ ਕੋਮਲ ਬਾਣੀਸੇ ਪਹਿਲੇ ਨਮਸਕਾਰ
ਕਰੀ ਕਰੁਣਾ ਨਿਧਾਨ ਗੁਰੂ ਜੀਨੇ ਪੁਛਿਆ ਹੇ ਸੰਤ ਜੀ ਆਪਬਸਤ੍ਰਨਹੀਂ ਪਹਿਰਤੇ ਹਾਥ
ਨਹੀਂ ਆਂਵਦਾ ਕਿ ਪਹਿਨਦੇ ਹੀ ਨਹੀਂ ਰਾਤ ਦਿਨ ਧੁਪ ਪਾਲਾ ਸਰਦੀਗਰਮੀ ਸਹਾਰਦੇਹੋ
ਬਰਖਾਪੜਤੀ ਦਿਗੰਬਰਹੀਰਹਿਤੇਹੋਆਪਦਾ ਸ਼ਰੀਰ ਦਿੱਵਜੋਤਿਹੈ ਭਸਮ ਲਗਾਇ ਰਾਖੀ
ਹੈ ਇਤਨਾ ਸੁਨਕਰ ਸੰਤ ਨੇ ਕਹਿਆ ਹੇ ਭਾਈ ਹਮ ਨਿਰਬਾਣ ਸਾਧੂ ਹੈਂ ਬਸਤ੍ਰ ਕਾਸੰਜਮਹੀ
ਰਖਣਾ ਚਾਹੀਏ ਅਰ ਤੈਨੂੰ ਕਿਆ ਪਰੋਜਨਹੈ ਪੂਛਣੇ ਕਾ ਤਾਂ ਬਾਲੇ ਕਹਿਆ ਨਾਨਕ ਜੀ ਤੂੰ
ਚਲਕੇ ਸਉਦਾ ਖਰੀਦ ਜੋ ਕੁਛ ਕਾਲੂ ਨੇ ਕਹਿਆ ਹੈ ਤਾਂ ਨਾਨਕ ਜੀ ਆਖਿਆ ਬਾਲਾ ਮੈਨੂੰ
ਪਤਾ ਨੇ ਖਰਾ ਸੌਦਾ ਖਰੀਦਣਾ ਆਖਿਆਹੈ ਬਾਲਾ ਤੂੰਭੀ ਮਸਲਤ ਖਰੇਸਉਦੇ ਖਰੀਦਨਦੀ
ਦੇਹ ਮੈਂ ਖਰਾ ਸੌਦਾ ਕਰਾਂ ਤਾਂ ਬਾਲੇ ਕਹਿਆ ਮੈਂ ਕਿਆ ਆਖਣਾ ਹੈ ਤੂੰ ਪੁਤ੍ਰਹੈਂ ਓਹ ਪਿਤਾਹ
ਤਾਂ ਫੇਰ ਗੁਰੂ ਨਾਨਕ ਜੀ ਨੇ ਆਖਜਾ ਸੰਤਜੀ ਤੁਮ ਬਸਤ੍ਰਤੋ ਨਹੀਂ ਪਹਿਰਤੇ ਤਉ ਭੋਜਨਭੀ
ਨਹੀਂ ਕਰਦੇ ਹੋਵੋਗੇ ਤਾਂ ਫ਼ੇਰਮਹੰਤਨੇ ਕਹਿਆ ਅਰੇਬਾਲਕੇ ਜੋ ਪਰਮੇਸ਼ਰ ਭੇਜਤਾਹੈ ਸੋਹਮ
ਖਾਇਲੇਤੇ ਹੈਂ ਅਤੇ ਹਮਤੋ ਉਦਾਸੀ ਹੈਂ ਇਸੀਵਾਸਤੇ ਹਮਉਦਿਆਨਮਹਿੰਵਸਤੇਹੈਂ ਵਸਤੀ
ਮੇਂ ਨਹੀਂ ਵਸਤੇ ਤਉ ਗੁਰੂਨਾਨਕਜੀਨੇ ਕਹਜਾ ਆਪਕਾ ਨਾਮ ਕਜਾਹੈ ਸੰਤਨੇ ਕਹਜਾ ਨਾਮ
ਹਮਾਰਾ ਸੰਤ ਰੇਨ ਹੈ ਸੁਨਕਰ ਨਾਨਕ ਜੀ ਬੜੇ ਪ੍ਰਸੰਨ ਹੂਏ ਅਰ ਕਹਿਓ ਨੇ ਹੇ ਬਾਲਾ ਏਹ
ਸੌਦਾ ਮੈਂ ਨਹੀਂ ਛੱਡਸਕਦਾ ਏਹ ਖਰਾਸੌਦਾ ਹੈ ਇਸਮੇ ਤੋਟਾ ਨਹੀਂ ਵਾਧਾ ਹੀ ਹੈ ਤਾਂ ਬਾਲੇ
ਕਹਜਾ ਨਾਨਕ ਜੀ ਤੁਸੀ ਜਾਣੋ ਅਤੇ ਕਾਲੂ ਜਾਣੇ ਅਤੇ ਮੈਂ ਕੀ ਜਾਣਾਂ ਏਹ ਖਰਾਸੌਦਾਹੈ ਯਾ ਖੋਟਾ
ਹੈ ਤਾਂ ਗੁਰੂਨਾਨਕਜੀ ਵੀਹਰੁਪੱਯੇ ਲੈਕੇ ਬਾਲੇਪਾਸੋਂ ਮਹੰਤਦੇ ਅੱਗੇਰਖੇ ਤਾਂ ਮਹੰਤਨੇ ਆਖਜਾ
ਅਰੇ ਬਾਲਕੇ ਏਹ ਰੁਪੱਯੇ ਹਮਾਰੇ ਕਿਸੇ ਕਾਮਨਹੀਂ ਤੁਝਕੋ ਬਾਪ ਨੇ ਬਿਪਾਰਕੇ ਲੀਏ ਦੀਏ ਹੈਂ
ਅਤੇ ਤੂੰ ਫ਼ਕੀਰੋਂ ਕੋ ਕਿਉਂ ਦੇਤਾ ਹੈਂ ਤੇਰੀ ਅਵਸਥਾ ਹੋਟੀ ਹੈ ਅਤੇ ਤੇਰਾ ਬਿਵਹਾਰ ਪਿਤਾਦੇ
ਅਧੀਨ ਹੈ ਸੋ ਬਾਪਨੇ ਤੇਰੇ ਕੋ ਕਿਸੀ ਕਾਮ ਦੇ ਵਾਸਤੇ ਭੇਜਾ ਹੈ ਤੂੰ ਰੁਪਯੇਫ਼ਕੀਰਾਂਨੂੰ ਦਿੰਦਾਹੈਂ
ਤਉ ਨਾਨਕਜੀ ਨੇ ਕਹਿਆ ਸੁਣੋ ਸੰਤ ਜੀ ਮੈਨੂੰ ਪਿਤਾਨੇ ਖਰਾ ਸੌਦਾ ਕਰਨੇ ਨੂੰ ਭੇਜਿਆ
ਹੈ ਸੋ ਏਹ ਖਰਾ ਸੌਦਾ ਹੈ ਹੋਰ ਸੌਦੇ ਖੋਟੇਹੈਨ ਤਾਂ ਮਹੰਤ ਨੇ ਕਹਿਆ ਹੇ ਲੜਕੇ ਤੇਰਾ ਨਾਉਂ
ਕਿਆ ਹੈ ਅਰ ਤੂੰ ਹੁੰਦਾ ਕੌਣ ਹੈਂ ਤਾਂ ਨਾਨਕ ਜੀ ਕਹਿਆ ਮੇਰਾ ਨਾਮਤੋ ਨਾਨਕ ਨਿਰੰਕਾਰੀ ਹੈ
ਅਤੇ ਕਾਲੂ ਖੱਤ੍ਰੀਦਾ ਪੁਤ੍ਰਹਾਂ ਤਾਂ ਮਹੰਤ ਬੋਲਿਆ ਅਰੇਬਾਲਕ ਏਹਕਿਆ ਨਾਨਕ ਨਿਰੰਕਾਰੀ
ਕਿਆ ਅਰ ਖੱਤ੍ਰੀ ਕਾ ਬੈਟਾ ਕਿਆ ਤਾਂ ਗੁਰੂ ਨਾਨਕ ਜੀ ਕਿਹਾ ਹੇ ਮਹੰਤ ਜੀ ਪਹਿਲੇ ਸਤ
ਜੁਗਵਿਚ ਨਿਰੰਕਾਰਜੀਕੀ ਭਗਤੀਕਰੀਥੀਸੋਭਗਤ ਹਮਾਰੀਪੂਰੀਨਹੀਂ ਹੋਈਥੀਤ੍ਰੇਤੇ ਜੁਗ
ਮੇਂ ਅਰ ਦੁਆਪਰ ਜੁਗ ਮੇਂ ਨਿਰੰਕਾਰ ਜੀ ਦੀ ਭਗਤ ਕਰੀ ਥੀਸੋ ਸੰਪੂਰਨ ਹੂਈ ਤਦਭੀ
ਹਮ ਨਿਰੰਕਾਰੀ ਥੇ ਅਬਭੀ ਨਿਰੰਕਾਰੀ ਹੈਂ ਤਉ ਮਹੰਤਨੇ ਕਹਿਆ ਅਰੇ ਬਾਲਕੇ ਕੁਛ ਮਾਂਗ
ਤਾਂ ਗੁਰੂਜੀ ਕਹਿਆ ਮੈਂ ਕਿਆ ਮਾਂਗਉਂ ਏਕ ਨਿਰੰਕਾਰਹੀ ਮਾਂਗਤਾ ਹੋਂ ਮਹੰਤ ਨੇ ਕਹਿਆ

CC-0. Gurukul Kangri University Haridwar Collection. Digitized by S3 Foundation USA

ਹੇ ਬਾਕਲ ਤੂੰਤੋ ਆਪ ਹੀ ਨਿਰੰਕਾਰ ਹੋਇ ਰਹਿਆ ਹੈਂ ਹਮ ਤੁਝਕੋ ਕਿਆ ਦੇਵਹਿੰ ਪਰ ਏਕ ਕਾਮ ਕਰ ਏਹ ਰੁਪਯੇ ਹਮਾਰੇ ਕਾਮ ਨਹੀਂ ਇਨਕਾ ਸੀਧਾ ਤੁਮ ਜਾਇਕਰ ਲਿਆਇ ਦੇਵੋ ਜੋ ਏਹ ਅਤੀਤ ਭੋਜਨ ਬਨਾਇ ਕਰ ਖਾਵਹਿੰਗੇ ਤਬ ਗੁਰੂ ਨਾਨਕ ਜੀ ਬਾਲੇ ਤੋਂ ਰੁਪੱਯੇ ਲੈਕਰ ਇਕ ਸ ਨਗਰੀਮੇਂ ਗਏ ਆਟਾ ਚਾਵਲ ਖੰਡ ਘਿਉ ਦੁਗਧ ਬਰਤਨ ਸਭ ਕੁਛ ਲੈਕਰ ਸੰਤਾਂ ਦੇਪਾਸ ਲਿਆਇਕਰ ਰਖ ਦੀਏ ਅਰ ਮੱਥਾ ਟੇਕਿਆ ਮਹੰਤ ਬੋਲਿਆ ਹੇ ਨਾਨਕ ਜੀ ਤੁਮ ਆਪ ਨਿਰੰਕਾਰ ਰੂਪਹੋ ਨਿਰੰਕਾਰ ਹੀ ਨਾਨਕ ਰੂਪ ਧਾਰਿਆ ਹੈ ਅਸਾਂ ਨੇ ਅੱਛੀ ਤਰਾਂ ਖੋਜ ਦੇਖਿਆ ਹੈ ਸੱਤ ਬ੍ਰਤ ਇਨਾਂ ਅਤੀਤਾਂ ਕੋ ਬੀਤਗਏ ਹੈਨ ਸੱਤਦਿਨ ਭੁਖਿਆਂ ਲੰਘਗਏ ਹੈਨ ਹੇ ਸ਼ਾਂਤ ਰੂਪ ਨਾਨਕ ਜੀ ਅਬ ਤੁਮ ਜਾਵੋ ਤਾਂ ਗੁਰੂ ਨਾਨਕ ਜੀ ਮਥਾ ਟੇਕਿਆ ਅਰ ਬਾਲੇਕੋ ਸਾਥ ਲੈਕਰ ਉਠ ਚਲੇ ਜਬ ਬਾਬਾ ਜੀ ਉਠ ਆਏ ਤਾਂ ਉਸ ਮਹੰਤ ਨੂੰ ਇਕ ਅਤੀਤ ਨੇ ਆਕੇ ਪੁਛਿਆ ਜੋ ਮਹੰਤ ਜੀ ਇਸ ਬਾਲਕੇ ਕਉ ਤੁਮਨੇ ਉਠਾਇ ਕਿਉਂ ਦੀਆ ਉਸ ਨੇ ਤੁਮਾਰੀ ਸੇਵਾ ਕਰਨੀ ਸੀ ਤਾਂ ਮਹੰਤਨੇ ਕਹਿਆ ਸੁਣੋ ਅਤੀਤਜੀ ਓਹ ਆਪਹੀ ਨਿਰੰਕਾਰ ਥਾ ਅਰ ਹਮਾਰੀ ਖਬਰ ਕੇ ਵਾਸਤੇ ਆਯਾ ਸੀ ਨਿਰੰਕਾਰਜੀ ਨੇ ਭੇਜਿਆ ਥਾ ਹਮਤੋ ਆਪਣਾ ਸੀਧਾ ਲੈਣਾ ਥਾ ਅਰ ਸੇਵਾ ਨਹੀਂ ਕਰਾਉਣੀ ਸੀ ਅਰ ਉਸਕਾ ਤੇਜ ਹਮਾਰੇ ਸੇ ਸਹਾਰਿਆ ਨਹੀਂ ਜਾਤਾ ਥਾ ਇੱਸੇ ਵਾਸਤੇ ਹਮਨੇ ਉਸਕੋ ਵਿਦਾ ਦਈ ਹੈ ਅਤੇ ਗੁਰੂਨਾਨਕਜੀ ਉਨ੍ਹਾਂ ਸਾਧੂਆਂ ਕੋਲੋਂ ਉਠ ਕਰ ਜਾਂ ਦੋ ਤਿੰਨ ਕੋਸ ਆਏ ਤਾਂ ਗੁਰੂ ਨਾਨਕ ਜੀ ਬਾਲੇਨੂੰ ਪੁਛਣ ਲਗੇ ਜੋ ਭਾਈ ਬਾਲਾ ਅਸਾਂ ਕਿਆ ਕੀਤਾ ਤਾਂ ਬਾਲੇ ਆਖਿਆ ਸੁਣ ਨਾਨਕ ਜੀ ਮੈਂ ਕੁਛ ਰੁਪਯੇ ਖਾਇਨਹੀਂ ਲੀਤੇ ਤੁਸਾਂ ਮੰਗੇ ਸੋ ਮੈਂ ਤੁਹਾਨੂੰ ਕਢ ਦਿੱਤੇ ਹੈਸਨ ਤਾਂ ਗੁਰੂ ਨਾਨਕਜੀ ਕਹਿਆ ਭਾਈ ਬਾਲਾ ਅਸੀਂ ਭੁੱਲੇ ਕਿਉਂ ਤਾ ਬਾਲੇ ਆਖਿਆ ਹੇ ਨਾਨਕਜੀ ਤੂੰ ਜਾਣ ਜੇ ਭੁੱਲਾ ਹੈਂ ਤਾਂ ਤੂੰ ਜਾਣ ਜੇ ਨਹੀਂ ਭੁੱਲਾ ਤਾਂ ਤੂੰ ਜਾਣ ਜੈਸੇ ਅੱਲ੍ਹੜ ਤੁਸੀਂ ਹੋ ਤੈਸਾ ਅੱਲ੍ਹੜ ਮੈਂ ਹਾਂ ਅਗੇ ਕਾਲੂ ਜਾਣੇ ਧਾ ਤੁਸੀ ਜਾਣੋ ਐਸੇ ਬਾਤਾਂ ਕਰਦੇ ਕਰਦੇ ਤਲਵੰਡੀਦੇ ਨਿਕਟ ਪਹੁੰਚੇ ਤਾਂ ਨਾਨਕ ਜੀ ਡਰਦੇ ਪਿਤਾ ਪਾਸੋਂ ਗਾਂਉਂਮੇ ਨ ਵੜੇ ਇਕਤਲਾਉਸੀ ਪਾਣੀਉਸਮੇਂ ਨਹੀਂ ਥਾ ਵਹਾਂਬੈਠਰਹੇਅਰ ਬਾਲਾ ਅਪਣੇ ਘਰ ਆਇ ਵੜਿਆ ਤੇ ਗੁਰੂ ਨਾਨਕਜੀ ਘਰ ਗਏਹੀਨਾਹੀਂ ਬਾਹਰਹੀਰਹੇ ਤਾਂ ਕਾਲੂ ਨੂੰ ਖਬਰ ਹੋਈ ਜੋਬਾਲਾ ਆਪਣੇ ਘਰ ਆਇ ਵੜਿਆ ਹੈ ਤੇ ਨਾਨਕ ਜੀ ਨਹੀਂ ਆਯਾ ਤਾਂ ਕਾਲੂ ਨੇ ਨਫ਼ਰ ਭੇਜਕੇ ਬਾਲੇ ਨੂੰ ਬੁਲਾਯਾ ਤਾਂ ਬਾਲਾ ਕਾਲੂਜੀਦਾ ਫਰਮਾਨ ਸੁਨ ਕਰ ਘਰ ਥੀਂ ਆਯਾ ਜਬ ਪਾਸ ਆਯਾ ਤਾਂ ਕਾਲੂਨੇ ਪੁੱਛਿਆ ਆਵੇ ਬਾਲਾ ਨਾਨਕਜੀਕਿਥੇ ਹਈ ਅਤੇ ਰੁਪਯੇ ਕਿੱਥੇ ਹੈਨੀ ਅਕੇ ਕਿਤੇ ਰੁਸ ਰਿਹਾ ਹਈ ਅਕੇ ਕਿਸੇ ਵਪਾਰ ਵਿਚ ਲਗ ਰਿਹਾ ਹੈ ਤਾਂ ਬਾਲੇ ਨੇ ਆਖਿਆ ਹੇ ਮਹਿਤਾ ਜੀ ਨਾਨਕ ਜੀ ਬਾਰਾਂਕੋਹ ਪੈਂਡਾਜਦ ਗਏ ਤਾਂ ਇਕ ਬਨ ਆਯਾ ਇਕ ਸੰਤ ਮੰਡਲੀ ਵਹਾਂ ਉਤਰੀਹੋਈ ਥੀ ਤਿਨਾਂ ਨੂੰ ਦੇਖਕੇ ਜਾਂਦਿਆਂ ਜਾਂਦਿਆਂ ਖੜੇ ਹੋਇ ਗਏ ਅਤੇ ਰੁਪਯੇ ਮੈਥੋਂ ਲੈਕੇ ਉਨਾਂ ਫ਼ਕੀਰਾਂਨੂੰ ਖਵਾਇ ਦਿੱਤੇ ਹਨ ਤਾਂ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਕਾਲੂ ਨੇ ਆਖਿਆ ਅਵੇ ਬਾਲਾ ਮੈਂ ਜੋ ਤੈਨੂੰ ਨਾਨਕ ਦੇ ਨਾਲ ਭੇਜਿਆਸੀ ਸੋ ਇਸੇ ਵਾਸਤੇ ਭੇਜਿਆ ਸੀ ਜੋ ਰੁਪਏ ਫਕੀਰਾਂ ਨੂੰ ਨ ਖਵਾਇ ਆਵੇ ਤਾਂ ਬਾਲੇ ਨੇ ਆਖਿਆ ਹੇ ਮਹਿਤਾਜੀ ਤੈਂ ਜੋ ਨਾਨਕ ਨੂੰ ਖਰਾ ਸੌਦਾ ਕਰਨ ਵਾਸਤੇ ਆਖਿਆਸੀ ਜੋ ਤੂੰ ਖਰਾ ਸੌਦਾ ਕਰੀਂ ਸੋ ਨਾਨਕ ਜੀ ਨੇ ਖਰਾ ਸੌਦਾ ਕੀਤਾਹਈ ਭਾਵੇਂ ਕੂਕ ਭਾਵੇ ਨਾਹੀਂ ਕੂਕਤਾਂ ਕਾਲੂ ਆਖਿਆ ਹੇ ਬਾਲਾ ਤੂੰ ਮੈਨੂੰ ਦਸ ਤਾਂ ਸਹੀ ਜੋ ਨਾਨਕ ਹੁਣ ਕਿਥੇ ਹਈ ਤਾਂ ਭਾਈ ਬਾਲਾ ਅਤੇ ਕਾਲੂ ਨਾਨਕ ਜੀ ਨੂੰ ਢੂੰਢਣ ਵਾਸਤੇ ਚਲੇ ਅਤੇ ਮਾਤਾ ਤ੍ਰਿਪਤਾ ਜੀ ਸੁਨਕਰ ਬਡੀ ਸ਼ੋਕਾਤੁ ਹੋਇਕਰ ਪਛਤਾਵਣੇ ਲਾਗੀ ਅਤੇ ਨਾਨਕ ਜੀ ਦੇ ਢੂੰਢਣ ਵਾਸਤੇ ਹੋਰ ਨ ਫਰਾਂ ਨੂੰ ਦੌੜਾਯਾ ਅਤੇ ਨਾਨਕੀ ਜੀ ਨੂੰ ਭੇਜਿਆ ਅਰ ਕਹਿਆ ਹੇ ਬੀਬੀ ਤੇਰੇ ਪਿਤਾ ਕਉ ਬਢਾ ਕ੍ਰੋਧ ਹੋਇ ਰਹਾ ਹੈ ਦੇਖ ਨਾਨਕ ਜੀ ਕੋ ਕੁਛ ਦੁਖ ਨ ਦੇਵੇ ਤਾਂ ਅੱਗੇ ਕਾਲੂ ਤੇ ਭਾਈ ਬਾਲਾ ਚਲੇ ਜਾਂਦੇ ਸੇ ਤਲਵੰਡੀ ਦੇ ਬਾਹਰ ਜਹਾਂ ਸ੍ਰੀ ਨਾਨਕ ਜੀ ਬੈਠੇ ਥੇ ਬਾਲੇ ਕਾਲੂ ਨੂੰ ਨਾਲ ਲੈਕੇ ਜਾਇ ਵਿਖਾਇਆ ਤਾਂ ਕਾਲੂ ਨੇ ਜਾਇਕਰ ਦੇਖਿਆ ਬੜਾ ਕ੍ਰੋਧ ਆਯਾ ਪਕੜਲੀਤਾ ਅਤੇ ਪੁਛਿਆ ਅਵੇ ਨਾਨਕ ਵੀਹ ਰੁਪੈ ਜੋ ਤੈਨੂੰ ਦਿਤੇ ਸਨ ਸੋ ਕਿੱਥੇ ਹੈਨੀ ਤਾਂ ਗੁਰੂ ਨਾਨਕ ਜੀ ਅੱਗੋਂ ਚੁਪ ਕਰ ਰਹੇ ਬੋਲੇ ਨਾਹੀਂ ਤਾਂ ਫੇਰ ਕਾਲੂ ਨੇ ਗੁੱਸਾ ਖਾਇ ਕਰ ਨਾਨਕ ਜੀ ਨੂੰ ਦੋਇ ਤਮਾਚੇ ਸੱਜੇ ਹੱਥ ਦੇ ਖੱਬੀ ਗੱਲ੍ਹ ਉਪਰ ਮਾਰੇ ਅਤੇ ਸੱਜੀ ਗੱਲ੍ਹ ਤੇ ਦੋਇ ਤਮਾਚੇ ਖੱਬੇ ਹੱਥ ਦੇ ਮਾਰੇ ਇਤਨੇ ਚਿਰਾਂ ਨੂੰ ਬੀਬੀ ਨਾਨਕੀ ਜੀ ਪਹੁੰਚੀ ਪਿਤਾ ਦੇ ਅੱਗੇ ਮੱਥਾ ਟੇਕਿਆ ਅਤੇ ਮੁਖ ਤੇ ਕਹਿਆ ਹੇ ਪਿਤਾ ਜੀ ਅਬ ਬਖਸ਼ੀਏ ਨਾਨਕ ਜੀ ਦੀਆਂ ਗੱਲ੍ਹਾਂ ਤੇ ਨੀਲ ਪੈ ਗਏ ਪਰ ਗੁਰੂ ਨਾਨਕ ਜੀ ਬੋਲਿਓ ਨਾਹੀਂ ਨੇਤ੍ਰਾਂ ਤੋਂ ਜਲ ਵਗਿਆ ਜਾਵੇ ਤਾਂ ਇਕਸ ਆਦਮੀ ਨੇ ਰਾਇ ਬੁਲਾਰ ਨੂੰ ਜਾਇਕਰ ਆਖਿਆ ਹੇ ਰਾਇ ਜੀ ਕਾਲੂ ਪਟਵਾਰੀ ਨੇ ਪੁਤ੍ਰ ਨੂੰ ਡਾਢੀ ਮਾਰ ਮਾਰੀ ਹੈ ਅਤੇ ਨਾਨਕੀ ਨੇ ਮੱਥਾ ਟੇਕ ਕੇ ਛਡ ਵਾਯਾ ਹੈ ਏਹ ਸੁਣਕੇ ਰਾਇ ਬੁਲਾਰ ਨੇ ਆਦਮੀ ਭੇਜਕੇ ਮਹਿਤੇ ਕਾਲੂ ਨੂੰ ਸੱਦਿਆ ਤਾਂ ਆਦਮੀ ਆਯਾ ਆਇਕੇ ਕਹਿਆ ਹੇ ਕਾਲੂ ਤੈਨੂੰ ਰਾਇ ਜੀ ਬੁਲਾਂਵਦਾ ਹੈ ਅਤੇ ਗੁਰੂ ਨਾਨਕ ਜੀ ਨੂੰ ਭੀ ਨਾਲ ਲੈ ਚਲ ਤਾਂ ਅਗੋਂ ਕਾਲੂ ਉਸ ਆਦਮੀ ਨੂੰ ਆਖਿਆ ਸੁਣੋ ਭਾਈ ਮੈਂ ਕਿਆ ਕਰਾਂ ਮੈਂ ਇਸਨੂੰ ਆਖ ਆਖਕੇ ਥੱਕ ਗਿਆ ਹਾਂ ਏਹ ਮੰਨਦਾ ਕਾਈ ਨਹੀਂ ਇਸਨੂੰ ਮੈਂ ਕਿਆ ਲੈ ਚਲਾਂ ਇਸ ਪੁਤ੍ਰ ਨੇ ਮੈਨੂੰ ਚੌੜ ਕਰ ਛਡਿਆ ਹੈ ਪੱਟ ਛਡਿਆ ਸੂ ਤਾਂ ਉਸ ਰਾਇ ਦੇ ਆਦਮੀ ਆਖਿਆ ਕਾਲੂ ਤੂੰ ਉੱਥੇ ਤਾਂ ਚਲ ਤਾਂ ਬਾਬਾ ਨਾਨਕ ਜੀ ਅਤੇ ਕਾਲੂ ਰਾਇ ਬੁਲਾਰ ਦੇ ਪਾਸ ਪਹੁੰਚੇ ਤਾਂ ਰਾਇ ਬੁਲਾਰ ਦਾ ਦੇਖਦਿਆਂ ਹੀ ਗੁਰੂ ਨਾਨਕ ਜੀ ਨੂੰ ਤੇ ਕਾਲੂ ਨੂੰ ਬੈਰਾਗ ਛੁਟ ਗਿਆ ਅਤੇ ਨਾਨਕ ਜੀ ਨੂੰ ਰਾਇ ਨੇ ਬਗਲ ਵਿੱਚ ਲੀਤਾ ਅਤੇ ਮੱਥਾ ਚੁਮਿਓ ਸੁ ਅਤੇ ਕਾਲੂ ਨੂੰ ਦੇਖਕੇ ਬਡਾ ਕ੍ਰੋਧ ਵਿੱਚ ਆਯਾ ਅਤੇ ਆਖਿਓ ਸ ਸੁਣ ਕਾਲੂ ਮੈਂ ਤੈਨੂੰ ਕਹਿਆ ਸੀ ਜੋ ਤੂੰ ਨਾਨਕ ਜੀ ਨੂੰ ਬੁਰਾ ਨ ਬੋਲੀਂ ਅਤੇ ਤੂੰ ਨਾਨਕ ਜੀ ਨੂੰ ਅਜੇਹੀ ਮਾਰ ਮਾਰੀ ਹੈ ਦੇਖਕੇ ਲੋਕ ਤ੍ਰਾਸ ਤ੍ਰਾਸ ਕਰਦੇ ਹੈਨ ਦੁਖੀ ਹੋਂਦੇ ਹੈਨ ਸੁਣ ਕਾਲੂ ਨਾ ਤੈਨੂੰ ਮੇਰੇ ਕਹੇ ਦਾ ਡਰ ਹੈ ਨਾ ਤੈਨੂੰ ਪਰਮੇਸ਼ਰ ਦਾ ਡਰ ਅਤੇ ਨਾ ਤੈਨੂੰ ਪੁਤ੍ਰ ਦਾ ਮੋਹ ਹੋਯਾ ਜੋ ਮੇਰੇ ਘਰ ਇਕੋ ਪੁਤ੍ਰ

CC-0. Gurukul Kangri University Haridwar Collection. Digitized by S3 Foundation USA

ਹੇ ਕਾਲੂਤੂੰ ਬਡਾ ਰਾਖਸ਼ ਹੈਂ ਤੇਰੇ ਘਰਦੇ ਲੰਾਇਕ ਗੁਰੂ ਨਾਨਕ ਨਹੀਂ ਅਤੇ ਮੈਂ ਕਿਆ ਕਰਾਂ
ਜੋ ਇਸਨੂੰਮੈਂ ਅਪਣੇਘਰ ਵਿੱਚ ਨਹੀਂ ਰਖ ਸਕਦਾ ਅਤੇ ਇਸਨੂੰ ਅਪਨੀਖ਼ਬਰ ਨਾਹੀਂ ਤੂੰ
ਇਸਦੀ ਅਵੱਗਿਆਜਿਤਨੀ ਕਰਦਾਹੈਂ ਸੋ ਹੱਛੀਨਹੀਂਕਰਦਾ ਇਸਨੂੰ ਜਿਤਨਾ ਤ੍ਰਾਸ ਦੇਨਾ
ਹੈਂ ਬਹੁਤ ਬੁਰਾ ਕਰਦਾ ਹੈਂ ਏਹ ਸਾਰੇ ਦੋਸ਼ ਮੈਨੂੰ ਲਗਦੇ ਹਨ ਏਹ ਕਲਾ ਵਾਲਾ ਲੋਕ ਹੈ
ਪਰਮੇਸ਼ਰਦਾ ਵਲੀਹੈ ਅਤੇ ਰਾਇ ਦੀ ਅੱਖੀਆਂ ਤੇ ਜਲ ਟੁਰਿਆ ਜਾਵੇ ਤੇ ਬੈਰਾਗ ਥੰਮੀਏ
ਨਾਹੀਂ ਬਾਬੇ ਜੀਦੇ ਮੋਹ ਕਰਕੇ ਕੰਠ ਰਾਇਦਾ ਗਦ ਗਦ ਹੋਇਗਿਆ ਕਾਲੂਦੇ ਖੋਟੇ ਸੁਭਾਵ
ਕਰਕੇਰਾਇਜੀਦਾਕ੍ਰੋਧਕਰਕੇ ਤਨ ਥਰਥਰ ਕਾਂਪਤਾਹੈ ਅਤੇ ਕਹਜਾ ਸੁਣਕਾਲੂ ਅੱਜਤੀਕਰ
ਮੈਂ ਤੈਨੂੰ ਕਦੀਖੋਟਾਬਚਨ ਨਾਹੀਂ ਕਹਜਾ ਅਤੇਅੱਜਮੈਂਤੈਨੂੰ ਆਖਦਾਹਾਂ ਸੁਣ ਸਈਦਾਤੂੰ
ਕੀ ਕੰਮ ਕੀਤਾ ਨਾਨਕਨੂੰ ਐਸੀਮਾਰ ਮਾਰਨੀਆਹੀ ਜੋ ਉਸਦੇ ਮੂੰਹਤੇ ਐਸੇ ਦਾਗ ਪਾਛਿੱਤੇ
ਨੀ ਤੂੰ ਬੜਾ ਜਲਾਦਹੈਂ ਬਡਾ ਕਠੋਰ ਹੈਂ ਤਾਂ ਕਾਲੂਡਰਕੇ ਲਗਾ ਆਖਣ ਰਾਇਜੀ ਮੈਂ ਕਿਆ
ਕਰਾਂ ਤੁਸੀ ਜਦ ਕਦ ਮੇਰੇ ਨਾਲ ਹੀ ਲੜਦੇ ਹੋ ਮੈਂ ਇਸ ਨੂੰ ਬਹੁਤੇਰਾ ਸਿਖਾਇ ਸਮਝਾਇ
ਰਹਿਆਹਾਂ ਕਿ ਸੁਣ ਨਾਨਕਤੂੰ ਮੇਰੇਘਰ ਇਕੋ ਇਕ ਪੁੱਤ੍ਰਹੈਂ ਸਿਆਣਾ ਹੋ ਮੈਂ ਵੀਹ ਰੁਪਯੇ
ਇਸਨੂੰ ਦਿਤੇ ਹੈਸਨ ਅਤੇ ਨਫਰ ਇਸਦੇ ਨਾਲ ਬਾਲਾ ਦਿੱਤਾ ਸੀ ਸੋ ਬਾਲਾ ਆਖਨ ਲਗਾ
ਮਹਿਤਾਜੀ ਨਾਨਕਨੇ ਜਾਂਦਿਆਂਹੀ ਰੁਪਯੇਫਕੀਰਾਂਨੂੰ ਖੁਵਾਇਦਿੱਤੇ ਹੈਸੁ ਦੇਖੋ ਕਿਤਨਾ ਹੱਛਾ
ਕੰਮ ਕੀਤਾ ਹੈਸੁ ਜਿਸ ਦਿਨਦਾ ਏਹ ਜਨਮਿਆ ਹੈ ਤੇ ਹੋਸ਼ ਸੰਭਾਲੀ ਹੈ ਕਈਵਾਰੀ ਇਸਨੇ
ਘਰਉਜਾੜਿਆਹੈ ਫੇਰ ਰੁਪਯੇਤਾਂਦਿੱਤੇ ਬਾਹਰਜੰਗਲਵਿਚਜਿਥੇ ਪਾਣੀਭੀ ਨਹੀਂ ਮਿਲਦਾ
ਓਥੇ ਲੁਕ ਬੈਠਾ ਬਾਲੇਘਰ ਆਏ ਨੂੰ ਪੁਛਿਆ ਤਉਇਸਨੇ ਦੱਸਿਆਹੈ ਏਹ ਸੁਣਕਰ ਰਾਇ
ਬੁਲਾਰਨੇ ਬਾਲੇ ਨੂੰ ਸੱਦਕੇ ਪੁਛਿਆ ਭਾਈ ਬਾਲੇ ਸਭ ਹਕੀਕਤ ਜਿਉਂ ਬੀਤੀ ਸੀ ਰਾਇਕੋ
ਸੁਣਾਈ ਤਾਂ ਰਾਇ ਜੀ ਕਾਲੂ ਨੂੰ ਆਖਿਆ ਸੁਣ ਕਾਲੂ ਤੇਰੀ ਪਰਾਰਬਧ ਖੋਟੀ ਹੈ ਤੂੰ ਇਸ
ਨਾਨਕ ਦਾ ਕਦਰ ਨਹੀਂ ਜਾਣਦਾ ਜਿਉਂ ਕਿਸੇ ਪਾਸ ਪਾਰਸ ਹੋਵੇ ਤੇ ਓਹ ਪੱਥਰ ਜਾਣਕੇ
ਸੁਟ ਦੇ ਅਰ ਕੌਡੀਆਂ ਦੇ ਮਗਰ ਫਿਰੇ ਜਿਸ ਤਰਾਂ ਕਿਸੇ ਅਜਾਣਨੂੰ ਜਵਾਹਰ ਮਿਲੇ ਅਰ
ਓਹ ਉਸਦੀ ਸਾਰ ਨਹੀਂ ਜਾਣਦਾ ਇਸੀ ਤੇ ਕੰਗਾਲ ਹੈ ਅਤੇ ਮੈਂ ਕਿਆ ਕਰਾਂ ਮੇਰਾ ਤਨ
ਮੁਸਲਮਾਨਹੈ ਏਹ ਹਿੰਦੂ ਹੈ ਇਸ ਅਯੋਗਤਾ ਕਰਕੇ ਮੈਂ ਕੁਛਕਰ ਨਹੀਂ ਸਕਦਾ ਅਤੇ ਕਾਲੂ
ਤੈਨੂੰ ਧਨ ਦੀ ਤ੍ਰਿਸ਼ਨਾਂ ਹੈ ਜੋ ਇਨ੍ਹਾਂ ਦੇ ਸ਼ਰੀਰ ਦਾ ਖਰਚ ਹੈ ਤੂੰ ਮੇਰੇ ਘਰ ਤੇ ਲੈਲਿਆ
ਕਰ ਇਤਨਾ ਕਹਿਕਨ ਰਾਇਬੁਲਾਰਦਾ ਨੌਕਰ ਜਿਸਦਾ ਨਾਮ ਉਮੈਦਾ ਸੀ ਤਿਸਨੂੰਰਾਇ
ਕੇਆਖਿਆ ਜਾਵੋ ਉਮੈਦਾਤੂੰ ਮੇਰੇਘਰਤੇ ਬੀਸਰੁਪਯੇ ਕਾਲੂਨੂੰ ਲਿਆਇਦੇਹ ਤਾਂਵੁਹਉਮੈਦਾ
ਰਾਇਬੁਲਾਰਦੀਰਾਣੀ ਤਿਸਦੀਜ਼ਾਤਖੋਖਰਾਂਸੀ ਤਿਸਪਾਸੋਂ ਰੁਪਯੇਵੀਹ ਜਾਇਮੰਗੇ ਰਾਣੀ
ਖੋਖਰਾਂ ਰੁਪਯੇ ਦਿੱਤੇ ਨੌਕਰਨੇ ਲੈਆਂਦੇ ਕਾਲੂ ਦੇ ਹੱਥਦਿਤੇ ਕਾਲੂ ਲਏ ਨਹੀਂ ਅਤੇ ਰਾਇ
ਮੋੜੇ ਨਾਹੀਂ ਰਾਇ ਬੁਲਾਰਨੇ ਆਖਿਆ ਮੈਂ ਕਿਆਕਰਾਂ ਜੋ ਮੇਰੈ ਘਰ ਗੁਰੂ ਨਾਨਕਜੀ ਰਹਿ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਨਹੀਂ ਸਕਦਾ ਨਹੀਂ ਭਾਂ ਮੈਂ ਆਪਣੇ ਘਰ ਰੱਖਾਂ ਅਤੇ ਹੁਣ ਤੇਰੇ ਘਰ ਰੱਖਦੇ ਹਾਂ ਅੱਜ ਕੱਲ ਕਿਥਾਉਂ ਅਸੀ ਨਾਨਕਜੀਨੂੰ ਸੌਂਪਦੇਂਦੇਆਹੇ ਭਾਂਕਾਲੂ ਰੁਪਯੇ ਲਵੇ ਨਹੀਂ ਅਤੇ ਕਾਲੂਕਹੇ ਹੇ ਰਾਇਜੀ ਏਹ ਰੁਪਯੇ ਕਿਸਦੇ ਅਤੇ ਅਸੀ ਕਿਸਦੇ ਹਾਂ ਅਤੇ ਨਾਨਕ ਕਿਸਦਾ ਹੈ ਏਹ ਸਭ ਕਿਛੁ ਆਪਦਾ ਹੀ ਹੈ ਕੁਛ ਰੁਪਯਾਂਨੂੰ ਭਾਂ ਮੈਂ ਨਹੀਂ ਝੂਰਦਾ ਰਾਇਨੇ ਕਹਿਆ ਕਾਲੂਜੋਕੁਛਤੂੰ ਕਰਦਾਹੈਂ ਸੋ ਭਲਾਹੀਕਰਦਾ ਹੈਂ ਪਰਤੂੰ ਰੁਪਯੇ ਲੈ ਅਤੇ ਜਿਤਨਾਂ ਚਿਰ ਨਾਨਕ ਜੀਅਵਾਣਾ ਸਿਆਨਾ ਹੈ ਤਿਤਨਾ ਚਿਰ ਨਾਨਕਜੀ ਦੀ ਖ਼ਿਦਮਤਅਸੀਂ ਕਰਾਂਗੇ ਭਾਂ ਫੇਰ ਕਾਲੂ ਰੁਪਯੇ ਦੇਵੇ ਤੇ ਰਾਇ ਜੀ ਲਵੇ ਨਾਹੀਂ ਭਾਂ ਉਮੈਦੇ ਆਖਿਆ ਕਾਲੂ ਰੁਪਯੇ ਹੁਣ ਤੂੰ ਲੈਲੈ ਅਤੇ ਰਾਇਜੀ ਦਾ ਆਖਿਆ ਫੇਰ ਨਾਹੀਂ ਭਾਂ ਕਾਲੂਨੇ ਰੁਪਯੇ ਲੈਲੀਤੇ ਅਤੇ ਰੁਪਯੇਲੈਕਰ ਕਾਲੂ ਹੈਰਾਨਹੋਇ ਰਹਿਆ ਰਾਇਨੇ ਕਹਿਆ ਕਾਲੂ ਅੱਜ ਥੀਂ ਲੈਕਰ ਨਾਨਕ ਜੀਨੂੰ ਪੋਸ਼ਾਕਾਂ ਭੀ ਅਸੀ ਬਣਾਇ ਦੇਵਾਂਗੇ ਖਰਚ ਭੀ ਇਸਦਾਸਾਡੇਘਰੋਂ ਲੀਤਾਕਰ ਤੂੰ ਮਾਇਆ ਦੇ ਲੋਭਕਰ ਐਸੇ ਸਤ ਧਰਮ ਵਾਲੇ ਨਾਨਕ ਪਰਮੇਸ਼ਰ ਦੇ ਪਿਆਰੇਨੂੰ ਨਾਲਾਇਕ ਨਾ ਆਖੀਂ ਜਿਤਨਾਤੇਰੇਘਰਦਾ ਦਰਬ ਨਾਨਕ ਨੇ ਗਵਾਯਾਹੈ ਸੋ ਹਿਸਾਬ ਕਰਕੇ ਸਭਮੇਰੇ ਕੋਲੋਂ ਲੈਲੈ ਰਾਇਬੁਲਾਰ ਦੇਵੇ ਤੇ ਕਾਲੂ ਲੇਵੇ ਨਾਹੀਂ ਬਾਰੰਬਾਰ ਰਾਇਬੁਲਾਰ ਏਹੀ ਆਖਿਆ ਕਾਲੂ ਤੇਰਾ ਪੁਤ੍ਰ ਜਗਤ ਦੇ ਧੰਧਨਾਂ ਨੂੰ ਹਟਾਵਣੇ ਵਾਸਤੇ ਮਨੁੱਖ ਦੇਹ ਧਾਰੀ ਹੈ ਏਹ ਤੇਰਾ ਪੁਤ੍ਰ ਭਾਂ ਸੰਤਹੈ ਇਸ ਨੂੰ ਵੇਖੀਂ ਕਦੀ ਖਿੜਕਦੋਂ ਭਾਂਕਾਲੂ ਬੜਾਲਜਤਹੋਇਗਇਆ ਆਪਣੇਘਰ ਆਇਆਅਤੇ ਤਲਵੰਡੀ ਜਿਤਨੇ ਲੋਕ ਖੱਤ੍ਰੀ ਬ੍ਰਾਹਮਣ ਹਿੰਦੂ ਤੁਰਕ ਆਹੇ ਅਤੇ ਜਟ ਬੂਟ ਸੋਸਭ ਕਾਲੂ ਨੂੰ ਬੁਰਾ ਬੁਰਾ ਆਖਣ ਲਗੇ ਕੋਈ ਸਲਾਹੇਨਾਹੀਂ ਅਤੇ ਕਹਿਣਲਗੇ ਦੇਖੋਭਾਈ ਪਹਿਲੋਂ ਭਾਂ ਕਾਲੂ ਨੇ ਐਸਾਨਿਰਦਈ ਹੋਕੇ ਪੁਤ੍ਰਨੂੰ ਮਾਰਿਆ ਹੈ ਚੰਡਾਲਦੀ ਤਰ੍ਹਾਂ ਮਾਰਪੁਤ੍ਰਨੂੰ ਕੀਤੀਹੈਸੁ ਅਤੇ ਦੂਜਾ ਰਾਇ ਬੁਲਾਰ ਪਾਸੋਂ ਰੁਪਯੇਭੀਲੀਤੇ ਹੈਸੁ ਭਾਂ ਫੇਰ ਅਗਲੇ ਭਲਕ ਕਾਲੂ ਰਾਇ ਬੁਲਾਰ ਪਾਸ ਆਯਾ ਅਰ ਆਇਕਰ ਰਾਇ ਬੁਲਾਰ ਦੇ ਪੈਰਾਂਤੇ ਢਹਿ ਪਇਆ ਅਤੇ ਆਖਿਓਸੁ ਰਾਇਜੀ ਮੇਰੀ ਜਗਹ ਹੋਹ ਕੋਈਨਹੀਂ ਏਹ ਰੁਪਯੇ ਤੁਸੀਂ ਆਪਣੇਫੇਰ ਲਵੋ ਜੀ ਭਾਂ ਰਾਇ ਬੁਲਾਰ ਨੇ ਕਹਿਆ ਹੇ ਕਾਲੂ ਏਹ ਰੁਪਯੇ ਅਸਾਂ ਤੈਨੂੰ ਨਾਹੀਂ ਦਿਤੇ ਅਸਾਂ ਗੁਰੂ ਨਾਨਕ ਜੀ ਦੇ ਰੁਪਯੇ ਦੇਵਣੇਆਹੇ ਸੋ ਅਸਾਂ ਨੇ ਦਿੱਤੇ ਹੈਨ ਫੇਰ ਅਸੀਂ ਤੇਰੇ ਪਾਸੋਂ ਰੁਪਯੇ ਕਹੇ ਲਈਏ ਭਾਂ ਕਾਲੂ ਨੇ ਕਹਿਆਹੇ ਰਾਇਜੀ ਨਾਨਕ ਦੇ ਪਾਸ ਰੁਪਯੇ ਕਿੱਥੋਂ ਆਹੇ ਜੋ ਤੁਸਾਂ ਉਸਦੇ ਪਾਸੋਂ ਉਧਾਰ ਲੀਤੇਆਹੈਤਾਂ ਰਾਇਬੁਲਾਰਨੇ ਕਹਿਆ ਣ ਕਾਲੂ ਤੈਨੂੰ ਇਸਬਾਤ ਦੀ ਖ਼ਬਰਕੋਈਨਾਹੀਂ ਜਿਤਨੀਮਾਯਾ ਇਸ ਜਹਾਨ ਦੇ ਉਪਰ ਦੁਨੀਆਂਦੇ ਵਿੱਚ ਸਭ ਇਸੇ ਦੀ ਹੈ ਸਭ ਦੌਲਤ ਦੁਨੀਆਂ ਦਾ ਏਹ ਮਾਲਕ ਹੈ ਜਿਤਨੇ ਮੇਰੇਘਰ ਵਿੱਚਸੁਖਹਨ ਘੋੜੇ ਰਥਦੌਲਤਹੁਕਮ ਏਨ ਸਭ ਨਾਨਕ ਜੀਦਾ ਹੀ ਸਿਰ ਸਦਕਾ ਮੇਰੇ ਘਰ ਵਿੱਚ ਹੈ ਮੈਂ ਇਸਦਾ ਦਿੱਤਾਹੀ ਖਾਂਦਾਂ ਪੈਹਨਦਾ ਹਾਂ ਅਸੀਂ ਛੋਡਕੇ ਹੋਕਾਲੂ ਸੰਸਾਰ ਸਾਰਾ ਹੀ ਇਸਦਾ ਦਿੱਤਾ ਖਾਂਦਾ ਹੈ ਇਸ ਬਾਤਨੂੰ ਸੁਣਕਰਸਭ ਲੋਕ ਜੋਹੜੇ

CC-0. Gurukul Kangri University Haridwar Collection. Digitized by S3 Foundation USA

ਪਾਸ ਬੈਠੇ ਹੈਸਨ ਓਨਾਂਦੀ ਨਿਸ਼ਾ ਹੋਇ ਗਈ ਤਬ ਕਾਲੂ ਘਰ ਕੋ ਆਯਾ ॥ ੧੧ ॥

ਅਗੇ ਸਾਖੀ ਜੈਰਾਮ ਪਲਤੇ ਦੀ ਚਲੀ

ਇਕ ਵਾਰੀ ਚੇਤ ਵਿਸਾਖ ਦੇ ਦਿਨ ਆਹੇ ਅਤੇ ਜੈਰਾਮ ਜਿਸਦਾ ਨਾਮ ਹੈ ਜਾਤਦਾ ਪਲਤਾ ਸੁਲਤਾਨ ਪੁਰ ਦਾ ਰਹਿਨੇ ਵਾਲਾ ਸੋ ਪੈਲੀਆਂਦੇ ਕੱਛ ਕਰਨੇ ਵਾਸਤੇ ਅਤੇ ਕਣ ਲੈਣ ਦੇ ਵਾਸਤੇ ਤਲਵੰਡੀ ਵਿਚ ਆਯਾ ਸੀ ਸੋ ਕਾਰ ਕੰਮ ਕਰਦੇ ਰਹੇ ਇਕ ਦਿਨ ਰਾਇਬੁਲਾਰਦੇ ਪਾਸ ਬੈਠੇ ਹੋਏ ਸੇ ਸਗਾਈ ਦੀ ਬਾਤ ਚਲਪੜੀ ਜੈਰਾਮ ਨੇ ਰਾਇ ਬੁਲਾਰ ਨੂੰ ਆਖਿਆ ਹੇ ਰਾਇ ਜੀ ਇੱਥੇ ਖੱਤ੍ਰੀਆਂ ਦੇਘਰ ਹੈਨ ਮੇਰੀ ਸਗਾਈ ਵਾਸਤੇ ਕੋਈ ਘਰ ਦੋਲੋ ਤਾਂ ਰਾਇਨੇ ਆਖਿਆ ਹੇ ਜੈਰਾਮ ਬੇਦੀਆਂ ਦੇ ਘਰ ਹੈਨ ਜੇ ਤੁਸਾਡੀਆਂ ਅਤੇ ਉਨ੍ਹਾਂ ਦੀਆਂ ਕਹਾਣੀਆਂ ਹੁੰਦੀਆਂਹੈਨ ਤਾਂਮੈਂਆਖਾਂਗਾ ਅਤੇ ਜੇਕਰ ਨਹੀਂ ਹੁੰਦੀਆਂ ਤਾਂਮੈਂ ਕਿਸਤਰਾਂਆਖਾਂ ਤਾਂ ਭਈਏ ਜੈਰਾਮ ਦੇ ਨਾਲ ਇਕ ਬ੍ਰਹਮਣ ਰਸੋਈਆ ਆਯਾ ਹੋਯਾ ਸੀ ਪਰਬਹੁਤ ਭਲਾ ਬ੍ਰਹਮਣ ਹੈਸੀ ਤਿਸਨਾਲ ਜੈਰਾਮ ਨੇ ਬਾਤ ਕੀਤੀ ਹੇ ਗੁਸਾਈਂ ਜੀ ਅਸਾਡੀਆਂ ਅਤੇ ਬੇਦੀਆਂ ਦੀਆਂ ਕਹਾਣੀਆਂ ਹੁੰਦੀਆਂ ਹੈਨ ਅਤੇ ਰਾਇਬੁਲਾਰ ਨੂੰ ਨਿਧੇ ਆਖਿਆ ਰਾਇਜੀ ਬੇਦੀਆਂ ਦੀਆਂ ਜੈਰਾਮ ਦੋਹਾਂ ਦੀਆਂ ਕਹਾਂਣੀਆਂ ਖਰੀਆਂ ਹੁੰਦੀਆਂ ਹੈਨ ਤਾਂ ਰਾਇਬੁਲਾਰ ਨੇ ਕਾਲੂ ਨੂੰ ਸੱਦਕੇ ਪੁੱਛਿਆ ਮਹਿਤਾ ਜੀ ਜੈਰਾਮ ਜੋ ਪਲਤਾ ਖੱਤ੍ਰੀ ਹੈ ਆਮਲ ਇਨ੍ਹਾਂ ਦੀਆਂ ਅਤੇ ਬੇਦੀਆਂ ਦੀਆਂ ਕਹਾਣੀਆਂ ਹੁੰਦੀਆਂ ਹਨ ਕਿ ਨਹੀਂ ਜੇ ਹੁੰਦੀਆਂ ਹੈਨ ਤਾਂ ਜੈਰਾਮ ਨਾਲ ਕਹਾਣੀ ਕਰਦਿਓ ਤਾਂ ਕਾਲੂ ਨੇ ਆਖਿਆ ਹੇ ਰਾਇ ਜੀ ਧੀਆਂ ਵਾਲੇ ਤਾਂ ਆਪ ਨਹੀਂ ਆਖਦੇ ਆਪੇ ਧੀਆਂ ਵਾਲੇ ਓਹ ਆਖਦੇ ਹੈਨ ਜਿਨ੍ਹਾਂ ਦੇ ਜੀਆ ਵਿੱਚ ਕੁਛ ਪਾਪ ਹੁੰਦਾ ਹੈ ਅਤੇ ਮੈਂ ਆਪਦਾ ਖ਼ਿਦਮਤਗਾਰ ਹਾਂ ਆਪਦੀ ਮਰਜ਼ੀ ਦੇ ਅਧੀਨ ਹਾਂ ਜੇਹੀ ਮੇਰੀ ਸ਼ਕਤ ਹੋਵੇਗੀ ਤੇਹੀ ਮੈਂ ਲੈਖੜਾ ਹੋਵਾਂਗਾ ਤਾਂ ਰਾਇ ਬੁਲਾਰ ਨੇ ਕਹਿਆ ਨਾ ਕਾਲੂ ਏਹ ਅਸਾਡੀ ਬੇਟੀ ਹੈ ਤੂੰ ਭਅੱਲਕ ਕੋਈ ਨਾ ਕਰਤਾਂ ਫੇਰ ਜੈਰਾਮ ਰਾਇ ਬੁਲਾਰ ਨੂੰ ਕਹਿਆ ਜੋ ਜੀ ਕਹਾਣੀ ਦੀ ਕਿਆ ਖ਼ਬਰ ਹੈ ਜੀ ਤਾਂ ਰਾਇਬੁਲਾਰ ਨੇ ਆਖਿਆ ਸੁਣੋ ਜੈਰਾਮ ਪਲਤਾ ਪਰਾਈਆਂ ਬੇਟੀਆਂ ਦਾ ਮੰਗਨਾ ਕੋਈ ਹਕੂਮਤ ਜ਼ਾਪਤਾ ਨਹੀਂ ਕਿਉਂ ਜੋ ਏਹ ਬਾਤ ਅਧੀਨਗੀ ਦੀ ਹੈ ਅਤੇ ਸੁਣ ਜੈਰਾਮ ਤੁਸੀਂ ਮਹਿਤੇ ਕਾਲੂ ਨੂੰ ਸੱਦਕੇ ਅਧੀਨਗੀ ਨਾਲ ਆਖੋ ਅਤੇ ਮੈਂ ਭੀ ਉਸ ਵਕਤ ਜੋ ਕੁਛ ਆਖਣਾ ਹੋਸੀ ਸੋ ਆਖਾਂਗਾ ਤਾਂ ਜੈਰਾਮ ਨੇ ਕਹਿਆ ਹੇ ਰਾਇਜੀ ਮੈਂ ਕਿਉਂਕਰ ਆਖਾਂ ਅਤੇ ਤੁਸੀ ਰਾਜੇ ਲੋਕ ਹਉ ਸਮਝ ਕਰ ਦੇਖੋ ਤਾਂ ਰਾਇ ਬੁਲਾਰ ਨੇ ਆਖਿਅ ਹੇ ਭੱਈਆ ਜੈਰਾਮ ਜੀ ਤੁਸੀਂ ਕਾਹੇ ਕੋ ਆਖਦੇ ਹੋ ਤੁਹਾਡਾ ਬ੍ਰਾਹਮਣ ਨਿਧਾ ਜੋਹੈ ਤਿਸਪਾਸੋਂ ਕਹਾਵੋ ਤਾਂ ਜੈਰਾਮ ਨੇ ਆਖਿਆ ਭਲਾ ਰਾਇਜੀ ਫਿਰ ਜੈਰਾਮ ਨੇ ਆਪਣੇ ਨਿਧੇ ਬ੍ਰਹਮਣ ਨੂੰ ਬੁਲਾਯਾ ਰਾਇ ਜੀ ਦੇ ਪਾਸ ਨਿਧੇ ਆਇ ਕਹਿਆ ਚੌਧਰੀ ਜੀ ਅਸੀਂ ਤੁਸੀਂ ਮਿਲਕੇ ਕਾਲ ਨੂੰ ਆਖੀਏ ਤਾਂ ਛਨਿਛਰਵਾਰ ਭੂਢ ਪਹਿਰ ਦਿਨ ਰਹਿੰਦੇ ਨਿਧੇ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਬ੍ਰਹਮਣਨੇ ਕਾਲੂਨੂੰ ਆਖਿਆ ਦੇਖ ਮਹਿਤਾ ਕਾਲੂਤੂੰ ਭੀ ਖੱਤ੍ਰੀਹੈਂ ਅਰ ਜੈਰਾਮਭੀ ਖੱਤ੍ਰੀਹੈ ਏਹਭਲਾ ਸੰਜੋਗਹੈ ਤੁਸੀਂ ਜੈਰਾਮਦੇ ਨਾਲ ਕਹਾਣੀਕਰੋ ਤਾਂ ਕਾਲੂਨੇ ਕਹਿਆ ਅਵੋਮਿਸਰ ਨਿਧਾਤੂੰ ਆਪੇਆਖਦਾਹੈਂ ਅਕੇਜੈਰਾਮ ਆਖਦਾਹੈ ਤਾਂਰਾਇ ਬੁਲਾਰਨੇਆਖਿਆ ਹੇਮਹਿਤਾ ਕਾਲੂ ਜੈਰਾਮ ਕਿਉਂਕਰ ਆਖੇ ਅਰ ਬ੍ਰਹਮਣ ਜੋ ਆਖਦਾਹੈ ਸੋ ਓ ਹੋਹੀ ਪਿਆ ਆਖਦਾ ਹੈ ਤਾਂਕਾਲੂਨੇ ਆਖਿਆਭਲਾ ਰਾਇਜੀਤੁਹਾਡਾ ਆਖਿਆਅਸਾਡੇਸਿਰਮੱਥੇਤੇਹੈ ਤਾਂ ਜੈਰਾਮਦੀ ਅਤੇਨਾਨਕੀਦੀਕਹਾਣੀਹੋਈਅਤੇਆਂਵਦੇਵੈਸਾਖਦੇਮਹੀਨੇਕਾਜਹੋਯਾਬਡੀਪ੍ਰਸੰਨਤਾਨਾਲ ਦੋਨੋਂਪਾਸਜੋਂ ਰਹਿਆਈਜੈਰਾਮਡੋਲੀਲੈਕਰਘਰਨੂੰਗਿਆ ਤਾਂ ਕਾਲੂਨੇ ਬਾਬੇ ਨਾਨਕਜੀਨੂੰ ਆਖਿਆਬੇਟਾਸੁਲਤਾਨਪੁਰਜਾਕੇਬੇਬੇ ਨਾਨਕੀਨੂੰਲੈਆਉ ਤਾਂਗੁਰੂਨਾਨਕਜੀਜਾਵੇਨਾਹੀਂ ਫੇਰਕਾਲੂ ਆਖਿਆ ਹੇਬੱਚਾ ਨਾਨਕਤੂੰਆਪਣੀਭੈਣਨਾਨਕੀਨੂੰ ਲੈਆਉ ਅਤੇਮਾਤਾਤ੍ਰਿਪਤਾ ਜੀਭੀਬਹੁਤਕਰਕੇ ਆਖਿਆ ਹੇਬੇਟਾਤੁਹਾਨੂੰਸੁਲਤਾਨਪੁਰ ਜਰੂਰ ਜਾਣਾਚਾਹੀਦਾਹੈ ਲੋਕਾਂ ਦੀਮਿਰਜਾਦਾ ਭੀਕਰਨੀਚਾਹੀਏਤਾਂਗੁਰੂਨਾਨਕਜੀਨੂੰਪਿਤਾ ਕਾਲੂਨੇ ਕਹਜਾਅਸੀਤੁਹਾਨੂੰ ਉਥੇਹੀ ਸੌਂਪਦੇਈਂਗੇ ਤਾਂ ਜੋਕੁਛ ਰਾਹ ਰਸਮਸੀ ਸੋ ਸਭ ਕੁਛ ਗੁਰੂਨਾਨਕਜੀ ਲੀਤਾ ਅਤੇ ਭਾਈਬਾਲੇ ਨਾਲਬਹੁਤ ਪਿਆਰਸੀਤਾਂ ਬਾਲਾਸੰਧੂਭੀ ਨਾਲ ਲੀਤਾ ਲੈਕਰ ਚਲਦੇਚਲਦੇ ਗੁਰੂ ਨਾਨਕਜੀ ਜਾਇ ਸੁਲਤਾਨ ਪੁਰਵੜੇ ਭੈਣ ਨਾਨਕੀ ਜੀ ਨੂੰ ਮਿਲੇ ਜੈਰਾਮ ਨੂੰ ਮਿਲੇ ਦੇਖਕਰ ਜੈਰਾਮ ਬਹੁਤ ਪ੍ਰਸੰਨ ਹੋਯਾ ਅਤੇ ਬਡਾ ਆਦਰ ਕੀਤਾ ਜਬ ਅਗਲਾ ਦਿਨ ਹੋਯਾ ਤਾਂ ਗੁਰੂਨਾਨਕਜੀ ਜੈਰਾਮ ਪਾਸੋਂ ਵਿਦਜਾ ਮੰਗੀ ਅਤੇ ਬੇਬੇ ਨਾਨਕੀ ਜੀਦੇ ਲੈਆਵਣਦੀ ਆਗਿਆ ਮੰਗੀ ਤਾਂ ਜੈਰਾਮ ਨੇ ਕਹਿਆਹੇ ਨਾਨਕਜੀਤੂੰ ਇਥੇਹੀ ਰਹੁ ਅਤੇਤੇਰੀ ਭੈਣਭੀ ਇਥੇਹੀ ਰਹੇਮੈਂ ਤੁਹਾਨੂੰ ਦੋਹਾਂਨੂੰ ਨਹੀਂ ਭੇਜਦਾਤਾਂ ਅਗੋਂ ਨਾਨਕਜੀ ਆਖਿਆ ਸੁਣੋਜੀਜਾ ਜੀਇਸਵਾਰੀਤਾਂ ਤੁਸੀਮੈਨੂੰਭੇਜਦੇਹੋ ਜੋਕਾਲੂਭੀਰੰਜ ਨ ਰਹਿਸੀਅਤੇ ਅੰਮਾਬੀਬੀਭੀਰਾਜੀ ਰਹਿਸੀਅਤੇ ਬੇਬੇ ਨਾਨਕੀਜੀ ਭੀ ਮਿਲ ਆਵੇਗੀ ਤਾਂ ਫੇਰ ਜੈਰਾਮ ਆਪਣੇ ਘਰ ਅੰਦਰ ਆਇਆ ਨਾਨਕੀਜੀਨੂੰ ਕਹਿਓਸ ਤੇਰਾ ਭਾਈ ਨਾਨਕਜੀ ਬਹੁਤ ਉਦਾਸ ਹੋਇਕਰ ਵਿਦਾ ਚਾਹੁੰਦਾਹੈ ਤਾਂ ਨਾਨਕੀਜੀ ਕਹਿਆਜਿਉਂ ਤੁਹਾਡੀ ਮਰਜੀ ਹੋਇ ਸੋ ਕਰੀਏ ਅਬਕੀਵਾਰ ਮੇਰੇਕੋ ਆਗਜਾ ਦਿਓਜੋ ਮਹਿਤਾ ਕਾਲੂ ਅੰਮਾਬੀਬੀਭੀ ਅਤੇ ਨਾਨਕਜੀਭੀ ਰਾਜੀਰਹਿਸੀ ਅਰ ਆਖੇਗਾ ਜੋਮੈਂ ਖਾਲੀਫਿਰਨ ਆਯਾ ਅਤੇਫੇਰ ਤੁਸਾਂ ਮੈਨੂੰ ਨਾ ਭੇਜਨਾ ਮੈਂ ਇਸ ਭ੍ਰਾਤਾ ਨਾਨਕਜੀ ਪਾਸੋਂ ਬਹੁਤਡਰਦੀਹਾਂ ਅਤੇ ਜਦਮੈਨੂੰ ਸੁਪਨਾ ਆਉਂਦਾਹੈ ਅਰਜੋਕੁਛਇਸਦੇ ਮੂੰਹੋਂਨਿਕਲਦਾਹੈ ਸੋਈਕੁਛ ਹੋਇਜਾਂਦਾ ਹੈ ਇਸਵਾਸਤੇਮੈਂ ਆਪ ਅੱਗੇ ਬੇਨਤੀਕਰਦੀਹਾਂ ਤਾਂ ਜੈਰਾਮਨੇਆਖਿਆ ਹੁਣਤੂੰਜਾਹ ਪਰ ਫੇਰਕਦ ਆਵੇਂਗੀਤਾਂਨਾਨਕੀ ਕਹਿਆਜਦਤੁਸੀ ਅਮਲਕਰਨ ਆਵਸੋ ਤਾਂ ਮੇਰੇ ਭਾਈਂ ਲੇਤੇ ਸੁਲਤਾਨਪੁਰ ਆਵੀਏ ਅਤੇਮੈਂ ਆਪੇਹੀ ਤਾਂ ਨਹੀਂ ਆਵਣਾ ਗੁਰੂ ਨਾਨਕ ਜੀ ਅਤੇ ਭੈਣ ਨਾਨਕੀ ਲੈਕਰ ਭਾਈ ਬਾਲਾ ਭੀ ਤਲਵੰਡੀ

CC-0. Gurukul Kangri University Haridwar Collection. Digitized by S3 Foundation USA

ਨੂੰ ਆਏ ਆਇਕਰ ਆਪਣੇਘਰ ਪਿਤਾਕਾਲੂ ਅਤੇ ਅੰਮਾ ਬੀਬੀ ਜੀਨੂੰ ਮਿਲੇ ਗਿਲੇ ਰਾਇ ਬੁਲਾਰਨੇ ਸੁਣਿਆ ਜੋ ਨਾਨਕਜੀ ਸੁਲਤਾਨ ਪੁਰੋਂ ਤਲਵੰਡੀ ਆਇ ਵੜਿਆਹੈ ਸਦਾਕਰ ਬਾਬੇ ਨਾਨਕਜੀਨੂੰ ਮਿਲੇ ਅਤੇ ਬਡਾਪ੍ਰਸੰਨਹੋਯਾ ਕਹਿਓਸੁ ਨਾਨਕਜੀ ਇਹਸੁਖ ਜਿਤਨੇ ਮੇਰੇਘਰ ਵਿੱਚਹੈਨ ਸੋ ਸਭ ਤੇਰੇ ਹੀ ਦਿਤੇ ਹੋਏ ਹੈਨ ਗੁਰੂ ਨਾਨਕ ਜੀ ਆਪਣੀ ਹੀ ਰੌਂਸ ਰੱਖੇ ਓਹੋ ਚਾਲੀ ਕਰਤਾਰ ਨਿਰੰਕਾਰਦੀ ਭਗਤਿਮੇਂ ਲਿਵਲੀਨਰਹੇ ਜਦ ਵੈਸਾਖਦੇਦਿਨ ਆਏ ਅਤੇ ਫੇਰ ਕੱਛਾਂ ਹੋਵਨ ਲਗੀਆਂਤਾਂ ਜੈਰਾਮ ਪਲਤਾ ਤਲਵੰਡੀ ਆਇਆ ਆਪਣਾ ਅਮਲ ਕਣ ਕਰਨ ਦੇ ਵਾਸਤੇ ਜਦੋਂ ਕਣ ਹੋ ਚੁਕਾ ਕੱਛਾਂ ਕਰ ਲਈਆਂ ਅਤੇ ਤਈਆਰ ਹੋਯਾ ਤਾਂ ਰਾਇਬੁਲਾਰਨੂੰ ਖਬਰ ਹੋਈ ਤਾਂ ਰਾਇਬੁਲਾਰਨੇ ਜੈਰਾਮਨੂੰ ਬਹੁਤ ਤਵਾਜਿਆ ਅਤੇ ਬੇਨਤੀ ਕਰਕੇ ਸੱਦਕੇ ਪਾਸਬਹਾਯਾ ਰਾਇ ਬੁਲਾਰ ਜੈਰਾਮ ਉਪਰਬਹੁਤ ਖੁਸ਼ੀਹੋਯਾ ਆਪਸਮੇਂ ਬਾਤ ਚੀਤਕਰਕੇ ਬੈਠੇ ਜੈਰਾਮ ਰਾਇਬੁਲਾਰਨੂੰ ਆਖਿਆ ਹੇਰਾਇ ਜੀਮੈਂ ਤੁਸਾਂ ਉਪਰਬਹੁਤਖੁਸ਼ੀਹਾਂ ਕੁਛਖਿਦਮਤਆਪਫੁਰਮਾਈਏਤਾਂਰਾਇਨੇਆਖਿਆਹੇਭਾਂਈਜੈਰਾਮ ਤੇਰਾ ਸਹੁਰਾ ਕਾਲੂਵੇਦੀਦੁਰਬਚਨੀਹੈ ਅਤੇਨਾਨਕ ਤੇਰਾ ਸਾਲਾ ਪੂਰਨਸਾਧੂਹੈ ਅਤੇਅਸੀਂ ਏਰਆਖਦੇਹਾਂ ਜੋਨਾਨਕਜੀਨੂੰ ਤੁਸੀਂ ਅਪਨੇ ਪਾਸ ਰਖੋਏਹਸਾਹਿਬਲੋਕਾਂ ਨਾਲ ਮਿਲਦਾ ਅਤੇ ਬੰਦਗੀਭੀ ਕਰਦਾਹੈ ਅਤੇ ਕਾਲੂ ਇਸਨੂੰ ਦੇਖਕੇ ਵਡਾ ਖਿਝਦਾਹੈ ਸੋ ਮੇਰਾਮਨਹੈ ਜੋ ਨਾਨਕਜੀ ਤੁਸਾਡੇ ਪਾਸਹੀਰਹੇ ਅਤੇ ਕੋਈਕਾਰ ਕਰਨੀਭੀ ਸਿਖਜਾਸੀਤਾਂ ਜੈਰਾਮਆਖਜਾ ਰਾਇਜੀ ਇਸਥਾਂਵਹੁ ਹੋਰਕੀ ਭਲਾਹੈ ਹੁਣੇਹੀਮੇਰੇਨਾਲ ਨਾਨਕਜੀ ਚਲੇ ਅਤੇਮੈਂ ਵਜਾਹ ਭੀ ਕਿਧਰੇ ਚੰਗ ਖੱਤ੍ਰੀਆਂਦੇ ਘਰਕਰਵਾਇ ਵਾਂਗਾ ਤਾਂ ਰਾਇਨੇ ਆਖਿਆ ਜੈਰਾਮਹੁਣ ਤੇਰੇਨਾਲਨਾਨਕਜੀਜਾਂਦਾ ਨਹੀਂਬਨਦਾ ਪਿੱਛੋਂ ਦੂਸਰੇਮਹੀਨੇਤੁਹਾਡੇਪਾਸਨਾਨਕਜੀਭੇਜ ਦੇਹਾਂਗੇ ਅਤੇ ਇਸਨੂੰ ਕਿਸੇ ਕਾਰਬਾਰਵਿੱਚਲਾਇ ਦੇਵੋਗੇ ਤਾਂ ਇਸਦੀ ਕਹਾਣੀ ਕਿਥਾਊਂ ਉਧਰੇਹੀ ਕਰ ਦੇਣੀ ਤਾਂ ਜੈਰਾਮ ਮੁਕਲਾਵਾ ਲੈਕਰ ਅਪਨੇ ਘਰ ਸੁਲਤਾਨ ਪੁਰ ਨੂੰ ਆਯਾ ॥੧੨॥

ਆਗੇ ਸਾਖੀ ਇਕ ਅਤੀਤ ਸਾਧ ਨਾਲ ਹੋਈ

ਇਕ ਦਿਨਦੀ ਬਾਤਹ ਜੋ ਸ੍ਰੀ ਗੁਰੂ ਨਾਨਕਜੀ ਬੀਸ ਬਰਸ ਦੇ ਹੋਏਤਾਂ ਸ੍ਰੀ ਨਾਨਕਜੀਦੀ ਓਹਾ ਚਾਲੀਆਹੀਜਿਸਪਾਸੇ ਇੱਛਾ ਵੇ ਓਸੇਪਾਸੇ ਚਲੇਜਾਵਣ ਜਿਥੇਬੈਠਨ ਓਥੇਹੀਬੈਠੇ ਰਹਿਨ ਇਸੇ ਤਰ੍ਹਾਂ ਸਮਾ ਬਿਤਾਇਆ ਹੈ॥ ਇਕ ਦਿਨ ਇਕ ਅਤੀਤ ਸ਼ਹਿਰ ਦੇ ਬਾਹਿਰ ਆਇਬੈਠਾ ਤਾਂ ਉਸਦੇ ਪਾਸ ਗੁਰੂਨਾਨਕ ਜੀ ਸਹਿਜ ਸੁਭਾਇਜਾ ਬੈਠੇ ਤਾਂ ਨਾਨਕਜੀਦੇ ਹੱਥਵਿਚ ਉਸਵੇਲੇ ਇਕ ਗਡਵਾ ਆਹਿਆ ਅਤੇ ਇਕ ਛਾਪ ਸ੍ਰੁਣਦੀ ਹਥਵਿੱਚਸੀ ਤਾਂ ਅਤੀਤ ਨੇ ਗੁਰੂ ਨਾਨਕ ਜੀ ਨੂੰ ਪੁਛਿਆ ਅਰੇ ਬਾਲਕੇ ਤੂੰ ਕਉਨ ਹੁੰਦਾ ਹੈਂ ਅਤੇ ਤੇਰਾ ਨਾਉਂ ਕਿਆਹੈ ਤਾਂ ਸ੍ਰੀ ਗੁਰੂ ਨਾਨਕ ਜੀਨੇ ਕਹਿਆ ਹੇ ਸਾਧ ਜੀ ਮੇਰਾ ਨਾਉਂ ਤਾਂ ਨਾਨਕ ਨਿਰੰਕਾਰੀ ਹੈ ਅਤੇ ਖੱਤ੍ਰੀ ਹੁੰਦਾ ਹਾਂ ਤਾਂ ਫੇਰ ਅਤੀਤ ਨੇ ਕਹਿਆ ਹੇ ਨਾਨਕ ਜੀ ਤੁਮ ਭੀ

CC-0. Gurukul Kangri University Haridwar Collection. Digitized by S3 Foundation USA

ਨਿਰੰਕਾਰੀ ਹੋ ਅਰ ਹਮ ਭੀ ਨਿਰੰਕਾਰਦੇ ਹੈਂ ਹਮਾਰੇ ਮੈਂ ਅਰਤੁਮਾਰੇ ਮੈਂ ਕਿਆ ਭੇਦਹੈਤਾਂ ਗੁਰੂਜੀ ਕਹਿਆ ਭੇਦਤੋ ਕੁਛਨਹੀਂ ਤਾਂਫੇਰ ਗੁਰੂਨਾਨਕਜੀਨੇ ਛਾਪ ਅਤੇ ਗਡਵਾ ਅਤੀਤ ਦੇ ਅੱਗੇ ਰਖ ਦਿਤਾ ਅਤੀਤਨੇ ਕਹਿਆ ਅਰੇ ਨਾਨਕਏਹ ਛਾਪ ਅਤੇਗਡਵਾ ਹਮਕੌਪਹੁੰਚ ਗਿਆਹੈ ਏਹਤੂੰ ਆਪਣੇਹੀ ਪਾਸ ਰਹਿਨਦੇਹ ਤਾਂ ਗੁਰੂਨਾਨਕਜੀ ਕਹਿਆ ਹੇ ਦੇਵਤਾਜੀ ਮੁਖਸਿਉਂ ਥੂਕਜੇ ਡਾਰੀਤੀਹੈ ਤਾਂ ਓਹਫੇਰ ਉਠਾਈਤੀਨਾਹੀਂ ਤਾਂਫੇਰ ਅਤੀਤਨੇ ਕਹਿਆ ਅਰੇਨਾਨਕਤੂੰ ਅਸਲੀਨਿਰੰਕਾਰੀਹੈਂ ਅਤੇ ਹਮਨਕਲੀ ਨਿਰੰਕਾਰੀਹੈਂ ਤਾਂਫੇਰਗੁਰੂਨਾਨਕ ਜੀਅਪਨੇ ਘਰ ਉਠਆਯਾਅਰ ਓਹ ਅਤੀਤਗਡਵਾ ਅਰਛਾਪ ਲੈਕਰ ਚਲਦਾ ਰਿਹਾਤਾਂ ਕਾਲੂ ਗੁਰੂਨਾਨਕ ਜੀ ਨੂੰ ਘਰਆਏ ਨੂੰ ਦੇਖਕਰ ਪੁਛਣ ਲਗਾ ਅਵੋ ਨਾਨਕ ਗਡਵਾ ਅਰ ਛਾਪ ਕਿਥੇ ਹਈਤਾਂ ਗੁਰੂਨਾਨਕਜੀ ਅੱਗੇ ਤੇ ਚੁਪਕਰ ਰਿਹਾ ਬੋਲੇ ਨਹੀਂਤਾਂ ਕਾਲੂ ਬਹੁਤ ਛਿਥਾਹੋਯਾ ਅਰਛਿਥਾ ਹੋਇਕਰ ਆਖਣਲਗਾ ਜਾਹਬਾਬਾਮੇਰੇਘਰੋਂ ਨਿਕਲਜਾਹਮੈਂ ਤੇਰਾ ਫਰੂ ਨਾਹੀਂਮੈਂ ਬਹੁਤ ਭੌਂਕਝੌਂਕ ਰਿਹਾ ਹਾਂ ਤੂੰ ਸਮਝਦਾ ਕੁਛਨਹੀਂ ਮੇਰੇ ਆਖਣਦੀਬਾਤ ਤੇਰੇ ਮਨਵਿਚ ਕੋਈਨਹੀਂ ਆਂਵਦੀ ਨਾ ਤੂੰ ਮੇਰੇ ਕਹੇਨੂੰ ਸਮਝਦਾਹੈਂ ਰਾਇਬੁਲਾਰਨੇ ਏਹ ਬਾਤ ਸੁਨਕਰ ਕਾਲੂਨੂੰ ਬੁਲਾਯਾ ਜਿਸ ਵਕਤ ਕਾਲੂ ਆਯਾ ਤਾਂ ਰਾਇਬੁਲਾਰਨੇ ਆਖਿਆ ਅਵੋਕਾਲੂ ਵਤ ਕਜਾ ਹੋਯਾਹੈ ਤਾਂ ਕਾਲੂਨੇ ਕਹਿਆ ਰਾਇਜੀ ਭੱਸ ਹੋਯਾਹੈ ਛਾਪਅਤੇਗਡਵਾ ਕਿਤੇਵਲ ਸਟ ਆਯਾਹੈ ਜਾਣਿਆਨਹੀਂ ਜਾਂਦਾ ਜੋ ਕਿਆਕੀਤੋਸੁ ਤਾਂ ਰਾਇਆਖਿਆਕਾਲੂ ਨਾਨਕ ਨੂੰ ਜੈਰਾਮ ਪਾਸ ਘਲ ਦੇਂਦੇ ਹਾਂ ਐਥੇ ਤੂੰ ਭੀ ਰੋਜ ਖਪਦਾ ਹੈਂ ਤੇ ਨਾਨਕ ਜੀ ਭੀ ਰੰਜ ਰਹਿੰਦਾਹੈ ਓਥੇ ਹੀ ਕੁਛ ਕੰਮਕਾਰ ਕਰੇਗਾਕਾਲੂ ਆਖਿਆਜੀਜਿਵੇਂ ਤੁਸਾਡੀਰਜਾਇ ਤਾਂ ਰਾਇਜੀਇਕਚਿੱਠੀਆਪਣੇਦਸਖਤੀ ਲਿਖਦਿਤੀ ਚਿੱਠੀਵਿਚ ਏਹਲਿਖਿਆਭਈਆ ਜੈਰਾਮ ਅਸਾਂਨਾਨਕਜੀਨੂੰ ਤੇਰੇਪਾਸ ਭੇਜਿਆਹੈ ਤੁਸਾਂ ਇਸਦੀਖਾਤਰ ਕਰਨੀਜੋਕੁਛਤੁਸਾਂ ਪਾਸੋਂ ਹੋਇਆਵੇ ਸੋ ਢਿਲ ਨਹੀਂ ਕਰਨੀ ਕਿਸੇ ਕੰਮਨੂੰ ਲਾਇ ਦੇਣਾ ਨਾਨਕ ਜੀਨੂੰ ਸਾਲਾ ਕਰਕੇ ਨਾ ਜਾਣੀ ਏਹ ਖੁਦਾਇ ਹਈਤਾਂ ਚਿੱਠੀਨਾਨਕ ਜੀਨੂੰ ਦਿਤੀ ਤਾਂ ਰਾਇਨੂੰ ਮਿਲਕੇ ਤਿਆਰਹੋਏ ਫਿਰਨਾਨਕਜੀ ਮਾਤਾਪਿਤਾਨੂੰ ਮਿਲਕੇ ਟੁਰਨਲਗਾ ਤਾਂਮਾਤਾ ਬਿਰਾਗਕਰਨ ਲਗੀਆਖਣਲਗੀ ਨਾਨਕਮੇਰੇ ਪਾਸਸੀਤਾਂ ਧਰਵਾਸਸੀ ਹੁਣਪਰਦੇਸ ਚਲਿਆਹੈਕਿਆ ਜਾਣੇਆਵੇ ਕਿ ਨਾ ਆਵੇ ਤਾਂ ਨਾਨਕਜੀ ਆਖਿਆ ਮਾਤਾ ਜੀ ਅਸੀ ਏਥੈ ਤੁਸਾਡਾ ਕੰਮ ਕੀ ਕਰਦੇ ਆਹੇ ਅਤੇਓਥੇ ਅਸਾਂ ਕੀ ਕਰਨਾਹੈ ਤਾਂ ਮਾਤਾਕਹਿਆ ਪੁਤ੍ਰ ਕੰਮਭਾਵੇਂ ਕਰਦਾਸੈਂ ਭਾਵੇਂ ਨਹੀਂਸੈਂ ਕਰਦਾ ਪਰਮੇਰੇਨੇਤ੍ਰ ਤਾਂ ਠੰਢੇਸਨਮੇਰੇਭਾਣੇ ਸਾਰਾਜਹਾਨਸੁਖੀਵਸਦਾਸੀ ਤਾਂ ਸ੍ਰੀਨਾਨਕਜੀ ਕ੍ਰਿਪਾਦ੍ਰਿਸ਼ਟੀਕਰਕੇਮਾਤਾਦਾ ਮੋਹਦੂਰਕਰਕੇਕਹਾ ਮਾਤਾਜੀ ਪਰਮੇਸ਼ਰ ਦਾ ਸਿਮਰਣ ਕਰਨਾ ਹੋਰ ਸਭਨੂੰ ਮਿਲਕਰ ਅਤੇ ਬਾਲੇਨੂੰ ਨਾਲ ਲੈਕਰ ਕ੍ਰਿਪਾ ਦ੍ਰਿਸ਼ਟੀ ਸੇ ਓਥੋਂ ਵਿਦਿਆਹੋਤੇਭਏਤਾਂ ਗੁਰੂਨਾਨਕਜੀ ਤਲਵੰਡੀਤੋਂ ਪੰਜਵੇਂਦਿਨਸੁਲਤਾਨਪੁਰਜਇ

CC-0. Gurukul Kangri University Haridwar Collection. Digitized by S3 Foundation USA

ਵੜੇ ਸੰਮਤ੧੫੪੪ ਮੱਘਰ ਸੁਦੀਸਤਮੀਨੂੰ ਨਾਨਕਜੀ ਬੇਬੇਨਾਨਕੀਜੀ ਨੂੰ ਜਾਇਮਿਲੇਤਾਂ ਬੇਬੇ ਨਾਨਕੀਗੁਰੂਨਾਨਕਜੀ ਦਿਆਂ ਪੈਰਾਂਤੇ ਢਹਿਪਈਤਾਂ ਗੁਰੂਨਾਨਕੀਜੀ ਕਹਿਆਬੇਬੇ ਤੂੰ ਵਡੀਹੈਂ ਸਗੋਂ ਮੈਂ ਤੇਰਿਆਂ ਪੈਰਾਂਤੇ ਪਵਾਂ ਕਿ ਤੂੰ ਮੇਰਿਆਂ ਪੈਰਾਂਤੇ ਪਵੇਂਤਾਂ ਬੇਬੇਨਾਨਕੀ ਜੀਨੇਕਹਿਆ ਭਾਈਜੀਤੂੰ ਸਚਆਖਦਾਹੈਂ ਪਰਜੋਤੂੰ ਆਦਮੀਹੋਵੇਂ ਤਾਂ ਏਹਬਾਤਾਂਕਰਾਂ ਅਤੇ ਤੂੰਤਾਂ ਮੈਨੂੰ ਪਰਮੇਸ਼ਰਹੀ ਨਜ਼ਰ ਆਂਵਦਾਹੈਂ ਤਾਂ ਅਗੋਂ ਜੈਰਾਮਘਰ ਨਹੀਂ ਆਹਾਤਾਂ ਬੇਬੇ ਨਾਨਕੀਨੇ ਗੁਰੂਨਾਨਕਜੀਨੂੰ ਪੀੜਾਪਾਇ ਦਿਤਾਤੇ ਬਾਬਾਜੀ ਬੈਠ ਗਏ ਅਤੇਲਗੀਪੁਛਣ ਕਿਉਂਭਾਈਜੀ ਬਹੁਤ ਖੁਸ਼ੀਹੋ ਤਾਂ ਗੁਰੂਨਾਨਕਜੀ ਬਾਰਤਾ ਕਰਨੇਲਗੇ ਹੀ ਆਹੇ ਇਚਰਾਂ ਨੂੰ ਜੈਰਾਮ ਭੀ ਘਰਆਇ ਵੜਿਆ ਜਾਂ ਆਇਕਰ ਦੇਖੇ ਤਾਂ ਗੁਰੂ ਨਾਨਕਜੀ ਘਰਬੈਠਾਹੈ ਅਤੇ ਗੁਰੂਨਾਨਕਜੀਨੇ ਭੀਡਿੱਠਾਜੋ ਜੀਜਾ ਜੈਰਾਮਭੀ ਆਯਾਹੈਤਾਂ ਗੁਰੂਨਾਨਕਜੀ ਉਠਦੇ ਹੀ ਜੈਰਾਮ ਦੇ ਪੈਰਾਂਤੇ ਢਹਿ ਪੈ ਅਤੇ ਜੈਰਾਮ ਭੀ ਮਹਾਂ ਸਿਆਣਾਸੀ ਤਾਂ ਜੈਰਾਮ ਨੇ ਗੁਰੂ ਨਾਨਕਜੀਦੇ ਹਥ ਪਕੜ ਲੀਤੇ ਅਤੇ ਆਪ ਗੁਰੂਨਾਨਕਜੀਦੇ ਪੈਰਾਂਤੇ ਹਥ ਰਖੇ ਤਾਂ ਗੁਰੂ ਨਾਨਕਜੀਆਖਿਆ ਜੀਜਾ ਜੀਏਹ ਅਪੁਠੀਰੀਤ ਕਿਉਂਕੀਤੀਆ ਤਾਂ ਜੈਰਾਮਨੇ ਆਖਿਆ ਹੇ ਨਾਨਕਜੀ ਤੁਸੀ ਜਾਣਦੇ ਹੋਵੋਗੇ ਜੋ ਏਹ ਅਸੀ ਸਾਲਾ ਜੀਜਾ ਆਹੇ ਅਤੇ ਮੈਂ ਤਾਂ ਤੈਨੂੰ ਪਰਮੇਸ਼ਰ ਹੀ ਕਰਕੇ ਜਾਣਦਾਹਾਂ ਅਰ ਮੇਰੇ ਭਾਗ ਬੜੇ ਹੋਏ ਹੈਨਜੋ ਤੁਸੀਮੇਰੇ ਪਾਸ ਆਇ ਪਹੁੰਚੇਹੋ ਅਤੇਮੈਨੂੰ ਦਰਸ਼ਨ ਦਿਤਾਹੈ ਜੀ ਅਰਮੈਂ ਨਿਹਾਲ ਹੋਯਾਹਾਂ ਪਰਜੀਹੁਣ ਤੁਸੀਕਰੋ ਕੁਛ ਨਹੀਂਜੀ ਅਤੇ ਬੈਠੇ ਸਹਿਜ ਨਾਲ ਪਰਮੇਸ਼ਰਦੇ ਗੁਣ ਗਾਓ ਅਰ ਗੁਜਰਾਨਕਰੋ ਤਾਂ ਗੁਰੂਨਾਨਕਜੀ ਅਗੋਂ ਆਖਿਆ ਭਲਾ ਜੀਜਾ ਜੀ ਪਰ ਕੁਛ ਕਿਰੜ ਹੋਇ ਆਵੇ ਤਾਂ ਬਹੁਤ ਭਲੀਗੱਲ ਹੈ ਤਾਂ ਜੈਰਾਮਨੇ ਆਖਿਆ ਭਾਈਜੀ ਜੋ ਤੁਸਾਡੇ ਜੀ ਵਿਚ ਉਪਜੀ ਹੈ ਤਾਂ ਏਹ ਭਲੀਗੱਲ ਹੈ ਤਾਂ ਜੈਰਾਮਨੇ ਪੁਛਿਆ ਹੇ ਨਾਨਕਜੀ ਤੁਸੀ ਕੁਛ ਤੁਰਕੀ ਭੀ ਪੜੇਹੋ ਤਾਂਗੁਰੂ ਨਾਨਕਜੀਕਹਿਆ ਜੀਜਾਜੀ ਅਸੀ ਹਿੰਦਗੀ ਪੜ੍ਹੇ ਹਾਂਤਾਂਜੈਰਾਮਨੇ ਆਖਿਆ ਹੇ ਸ੍ਰੀ ਨਾਨਕ ਜੀ ਮੈਂ ਤੁਹਾਨੂੰ ਮੋਦੀਖਾਨਾ ਨਵਾਬਦਾ ਲੈ ਦੇਵਾਂ ਤਾਂ ਗੁਰੂ ਨਾਨਕ ਜੀ ਆਖਿਆ ਕਿਹੜੇ ਨਵਾਬਦਾ ਮੋਦੀਖਾਨਾ ਲੈਦੇਂਵਦੇਹੋ ਤਾਂਜੈਰਾਮਨੇ ਆਖਿਆ ਨਾਨਕਜੀਨਵਾਬ ਦੌਲਤਖਾਂਨ ਲੋਦੀਦਾ ਤਿਸਦਾ ਮੋਦੀਖਾਨਾਵਡਾਹੈ ਤੁਹਾਡੇ ਪਾਸੋਂ ਜੇਕਰਹੋਇਆਵੇ ਤਾਂ ਓਹਕਿਰਤਕਰੋ ਤਾਂ ਗੁਰੂ ਨਾਨਕਜੀਆਖਿਆ ਭਲਾਭਾਈ ਜੈਰਾਮਜੀਜੇ ਕਰਤਾਰ ਨਿਬਾਹਕਰ ਦੇਵੇਗਾਤਾਂ ਅਸੀਓਹੋ ਕਿਰਤ ਕਰਾਂਗੇਤਾਂ ਗੁਰੂ ਨਾਨਕਜੀਦੀ ਭੈਣ ਬੇਬੇ ਨਾਨਕੀਜੀ ਬੋਲੀ ਭਾਈ ਜੀ ਤੂੰ ਤਾਂਪਰਮੇਸ਼ਰਦਾ ਰੂਪਹੈਂ ਜੈਸਾਰਿਜਕ ਪਰਮੇਸ਼ਰਨੇ ਦਿਤਾਹੈ ਤੂੰਭੀਬੈਠਾਖਾਹ ਅਤੇਅਸੀ ਭੀ ਪਰਮੇਸ਼ਰਦੇ ਦਿੱਤੇਵਿਚੋਂ ਖਾਂਦੇ ਹਾਂ ਤੂੰ ਏਹਨਾਂ ਜੰਜਾਲਾਂ ਵਿੱਚ ਨ ਪੌਤੂੰ ਸ੍ਰੀਨਿਰੰਕਾਰਜੀ ਦਾ ਭਗਤਹੈਂ ਅਤੇਫਕੀਰਾਂਦਾਦੋਸਤ ਮਿਲਨੇ ਵਾਲਾਹੈਂ ਤਾਂ ਅੱਗੋਂ ਗੁਰੂਨਾਨਕਜੀਆਖਿਆ ਭਲਾ ਬੇਬੇ ਜੀਜਿਵੇਂ ਤੁਸੀ ਆਖਸੋ ਤਿਉਂਹੀ ਕਰਾਂਗੇ ਅਤੇ ਕਿਰਤ ਕਰਕੇ ਖਾਈਦੀ ਹੈ ਤਾਂ

CC-0. Gurukul Kangri University Haridwar Collection. Digitized by S3 Foundation USA

OF INTERNET
TH
ABHINAV GAUR

ਪਵਿੱਤ੍ਰ ਹੋਵੀਦਾ ਹੈ ਅਤੇ ਤੁਸਾਂ ਨੇ ਭੀ ਏਹੋ ਕਹਿਆ ਹੈ ਜੋ ਹੱਕਹਲਾਲ ਕਰਕੇਖਾਣਾ ਭਲਾਹੈ ਤਾਂ ਬੇਬੇ ਨਾਨਕੀਜੀਨੇ ਆਖਿਆ ਭਲਾ ਭਾਈਜੀ ਜਸੋਂ ਤੁਹਾਡੀ ਮਰਜੀਹੈ ਜਸੋਂ ਤੁਹਾਡਜੀਅ ਵਿੱਚ ਉਪਜੀਹੈ ਸਾਈ ਭਲੀ ਗੱਲ ਹੈ ਤਾਂ ਫੇਰ ਬੇਬੇ ਨਾਨਕੀ ਜੀ ਨੇ ਜੈਰਾਮ ਨੂੰ ਪੁਛਿਆਜੋ ਜੀ ਇਸਦੇ ਹਾਲਦੇ ਆਪ ਮਹਰਮਹੋ ਕਿ ਨਹੀਂ ਜੀ ਤਾਂਜੈਰਾਮ ਬੋਲਿਆ ਹੇਬੰਦੀਪਰਮੇਸ਼ਰ ਦੀ ਮੈਂ ਮਹਰਮ ਹਾਂ ਤਾਂ ਬੇਬੇ ਨਾਨਕੀ ਜੀ ਆਖਿਆ ਸੁਣੋ ਜੀ ਇਸਦੀ ਕਿਥਾਊਂ ਕਹਾਣੀਭੀ ਕਰੀਐਜੀ ਤਾਂਇਸਦਾ ਗ੍ਰਹਸਤਨਾਲ ਮੋਹ ਪੈਜਾਏਗਾ ਤਾਂ ਇਸਪਾਸੋਂ ਕਿਰਤਭੀ ਹੋਆਵੇਗੀ ਤਾਂ ਜੈਰਾਮ ਨੇ ਆਖਿਆ ਹੇ ਬੰਦੀ ਪਰਮੇਸ਼ਰ ਦੀ ਜਾਂ ਏਹ ਕਿਰਤ ਲਗੇਗਾ ਤਾਂ ਕੋਈ ਖਤ੍ਰੋਟਾ ਇਸਦੀ ਕਹਾਣੀ ਭੀ ਕਰ ਜਾਸੀ ਤੂੰ ਉਤਾਵਲੀ ਨ ਹੋ ਪਰਮੇਸ਼ਰ ਨੂੰ ਚਿਤ ਕਰ ਸਭ ਕੁਛ ਹੱਛਾ ਹੋਇ ਜਾਵੇਗਾ ਮਨੁਖਾਂ ਨੂੰ ਕਿਰਤ ਕਰਕੇ ਖਾਣਾ ਵਾਜਬ ਹੈ ਜਾਂ ਏਹ ਕਿਰਤ ਲਗੇਗਾ ਚਾਰ ਪੈਸੇ ਇਸਦੇ ਪਾਸ ਹੋਵਨਗੇ ਇਜ਼ਤ ਇਤਬਾਰ ਬਣੇਗਾ ਤਾਂ ਦੇਖਕੇ ਲੋਕ ਕਹਾਣੀ ਭੀ ਕਰ ਦੇਂਦੇ ਹੈਨ ਪਰਮੇਸ਼ਰ ਹੱਛੀ ਕਰੇਗਾ ਤਾਂ ਬੇਬੇ ਨਾਨਕੀ ਨੇ ਆਖਿਆ ਭਲਾ ਜੀ ਮੈਂ ਤਾਂ ਤੁਸਾਡੇ ਕੋਲੋਂ ਸਿਆਣੀ ਨਾਹੀਂ ਜੀ ਪਰ ਜੀ ਤੁਹਾਨੂੰ ਆਖ ਛਡਨਾ ਸੀ ਤਾਂ ਜੈਰਾਮ ਨੇ ਮੱਘਰ ਸੁਦੀ ਚੌਦਸਨੂੰ ਬਾਬੇ ਨਾਨਕ ਜੀਦਾ ਨਵਾਬ ਦੌਲਤਖਾਂਨ ਨਾਲ ਮੇਲਕਰਾਯਾ ਬਾਬਾਨਾਨਕ ਜੀ ਅਤੇ ਜੈਰਾਮ ਅਗਲੇ ਦਿਨ ਨਵਾਬਪਾਸਗਏ ਜੈਰਾਮਨੇ ਆਖਿਆ ਨਵਾਬਜੀਆਪਮੋਦੀ ਖਾਨੇਵਾਸਤੇ ਕਹਿਆਸੀ ਸੋ ਇਹ ਨਾਨਕ ਨਾਮ ਇਸਦਾ ਹੈ ਮੋਦੀਖਾਨੇਦਾ ਕਾਰਕੰਮ ਇਸਨੂੰ ਦਿਓ ਨਵਾਬ ਦੇਖਕਰ ਖੁਸ਼ੀ ਹੋਯਾ ਅਤੇ ਕਹਿਆ ਹੇ ਜੈਰਾਮ ਏਹ ਬਹੁਤ ਹੁਸ਼ਿਆਰ ਨਜ਼ਰ ਆਂਵਦਾ ਹੈ ਮੋਦੀਖਾਨਾ ਬਹੁਤ ਹੱਛਾ ਚਲਾਵੇਗਾ ਸੋ ਬੜੀ ਪ੍ਰਸੰਨਤਾ ਨਾਲ ਨਵਾਬ ਕੋਲੋਂ ਜੈਰਾਮ ਨੇ ਮੋਦੀਖਾਨਾ ਗੁਰੂ ਨਾਨਕ ਜੀ ਨੂੰ ਦਿਵਾਇਆ ਬੇਬੇ ਜੀ ਨੰ ਬਹੁਤ ਖੁਸ਼ੀ ਹੋਈ ਜੋ ਭਾਈ ਜੀ ਕਿਰਤੇ ਲੱਗਾ ਹੈ ॥ ੧੩ ॥

ਸਾਖੀ ਮੋਦੀਖਾਨੇ ਦੀ ਚਲੀ

ਸੰਮਤ੧੫੪੭ ਮੱਘਰਦੀਪੁੱਨਜਾਂ ਵੀਰਵਾਰ ਜੈਰਾਮਨੇ ਨਵਾਬ ਪਾਸੋਂ ਪੇਸ਼ਗੀ ਇਕ ਹਜ਼ਾਰ ਰੁਪਜਾ ਲੈ ਦਿਵਾਇਆ ਤਾਂ ਗੁਰੂ ਨਾਨਕਜੀ ਮੋਦੀਖਾਨੇ ਵਿਚ ਜਾਇ ਬੈਠੇ ਤਾਂ ਕੋਈ ਕਾਲ ਮੋਦੀਖਾਨਾ ਚਲਾਇਆ ਤਾਂ ਭਾਈਬਾਲੇ ਇਕਦਿਨ ਬੇਨਤੀ ਕੀਤੀ ਹੇਗੁਰੂ ਨਾਨਕਜੀ ਤੁਸਾਂ ਮੋਦੀਖਾਨਾ ਲੀਤਾ ਹੈ ਤੁਸੀ ਏਸ ਪਾਸੇ ਲਗੇ ਹੋ ਹੁਣ ਸਾਨੂੰਭੀ ਬਿਦਿਆ ਦੇਵੋ ਜੋ ਅਸੀ ਭੀ ਆਪਨੀ ਵਾਹੀ ਦੀ ਕਿਰਤ ਕਰ ਖਾਵੀਏਂਗੇ ਤਾਂ ਗੁਰੂ ਨਾਨਕ ਜੀ ਆਖਿਆ ਸੁਣੋ ਭਾਈ ਬਾਲਾ ਹੁਣੇ ਕੱਚੀ ਪ੍ਰੀਤ ਕੀਤੀਆ ਅਸਾਂ ਤੇਰੇ ਨਾਲ ਅਜੇ ਕੰਮਹੈ ਹੁਣੇ ਜੀਂਵਦਿਆਂ ਹੀ ਛੱਡ ਚਲਿਓਂ ਤਾਂ ਭਾਈਬਾਲੇ ਆਖਿਆ ਹੇ ਨਾਨਕਜੀ ਤੁਸੀ ਤਾਂ ਖਤ੍ਰੀਪੁਤ੍ਰਆਹੇ ਸੋ ਤੁਸਾਂਆਪਣੀ ਕਿਰਤ ਕੀਤੀ ਅਤੇ ਹੁਣ ਅਸੀਭੀ ਆਪਣੀ ਕਿਰਤੇ ਲਗੀਏਤਾਂ ਗੁਰੂ ਨਾਨਕਜੀ ਆਖਿਆ ਸੁਣ ਭਾਈਬਾਲਾ ਕੋਈ ਦਿਨ ਤੂੰਅਸਾਨੂੰ ਝਟ ਕੱਢਨ ਦੇਹ ਅਸੀ ਏਹ ਕਸਬ ਕੀ ਕਰਨਾ ਹੈ

CC-0. Gurukul Kangri University Haridwar Collection. Digitized by S3 Foundation USA

ਅਤੇ ਜੋ ਅਸਾਡੀ ਕਿਰਤਹੈ ਸੋਈ ਅਸੀ ਕਰਾਂਗੇ ਤੂੰ ਨਿਰੰਕਾਰਦਾ ਤਮਾਸ਼ਾ ਵੇਖ ਜੋ ਨਿਰੰਕਾਰ ਕਿਆਕਰਦਾਹੈ ਤੂੰਅਸਾਂਹੀਨਾਲਰਹੁਗੁਜਰਾਨਕਰਤਾਂਭਾਈਬਾਲੇ ਆਖਿਆਗੁਰੂਜੀਤੁਹਾਡੀ ਖੁਸ਼ੀਲੋੜੀਦੀ ਹੈ ਜਿਉਂ ਤੁਸੀ ਆਖੋਗੇਸੋਈਮੈਂ ਕਰਾਂਗਾ ਬਾਲਪਣੇਥੀਂ ਤੁਹਾਡਾ ਅਨੁਸਾਰੀ ਹਾਂ ਜਿਉਂ ਜਿਉਂ ਪੂਰਦੇ ਰਹੇ ਹੋ ਤਿਉਂ ਹੀ ਮੈਂ ਕੀਤਾ ਹੈ ਜਿਉਂ ਜੰਤ ਜੰਤੀ ਦੇ ਵਸਹੁੰਦਾ ਹੈ ਤਿਉਂ ਹੀ ਮੈਂ ਆਪਦਾ ਅਨੁਸਾਰੀ ਹਾਂ ਮੈਂ ਤੇਰੀਆਗਜਾ ਵਿੱਚ ਹਾਂ ਬਾਲਾ ਗੁਰੂਨਾਨਕਜੀ ਦੇ ਪਾਸ ਲਗਾ ਰਹਿਨ ਅਤੇ ਕਿਰਤ ਕਰਨ ਲੱਗਾ ਹਿਸਾਬ ਮਹੀਨੇ ਦੇ ਮਹੀਨੇ ਬਾਬਾ ਜੀ ਨਵਾਬ ਨਾਲ ਕਰ ਆਵੇ ਕੁਛ ਨ ਕੁਛ ਬਾਬੇ ਦਾ ਵਾਧਾ ਹੀ ਨਿਕਲੇ ਅਤੇ ਹੋਰ ਭੀ ਜੋ ਕੋਈ ਸਵਾਲੀ ਸਵਾਲ ਆਇ ਕਰੇ ਬਾਬਾ ਨਾਨਕ ਜੀ ਤੁਰਤ ਹੀ ਪੂਰਾ ਕਰ ਦੇਵੇ ਕਪੜੇ ਵਾਲੇ ਨੂੰ ਬਾਬਾ ਜੀ ਕਪੜਾ ਦੇਵੇ ਰਸਤ ਵਾਲੇ ਨੋਂ ਰਸਤ ਦੇਵੇ ਰੋਕ ਵਾਲੇ ਨੋਂ ਬਾਬਾ ਰੋਕਭੀ ਦੇਵੇ ਬੜੀ ਭੀੜ ਲਗੀ ਰਹੇ ਦੁਕਾਨ ਦੇ ਉਪਰ ਅਤੇ ਜੋ ਮੋਦੀਖਾਨਿਓਂ ਨਵਾਬ ਦੇ ਹੁਕਮ ਨਾਲ ਕਿਸੇ ਨੂੰ ਮਿਲੇ ਤਾਂ ਪੰਜ ਸੇਰ ਦੀ ਜਾਗਾ ਸਾਢੇ ਪੰਜ ਸੇਰ ਓਸਨੂੰ ਬਾਬਾ ਨਾਨਕ ਜੀ ਤੋਲ ਦੇਵੇ ਓਹ ਲੋਕ ਬਡੇ ਖੁਸ਼ੀ ੨ ਜਾਵਨ ਅਤੇ ਬਡੇ ਆਸ਼ੀਰਬਾਦ ਦੇਵਨ ਇੱਸੇਤਰਾਂ ਬਾਬੇ ਦੀਕੀਰਤਿਜਗਤਵਿੱਚਫੈਲਗਈ ਤਲਵੰਡੀ ਵਿਚ ਇਕਨਾ ਰਬਾਬੀਆਂਨੇ ਜਾਇਕਰਬਾਬਾ ਨਾਨਕ ਜੀ ਦੀ ਬਡੀ ਕੀਰਤਿ ਕੀਤੀ ਤਾਂ ਮਹਿਤੇ ਕਾਲੂ ਨੇ ਸੁਣਿਆਂ ਜੋਸੁਲਤਾਨਪੁਰ ਵਿਚ ਨਾਨਕ ਜੀ ਬਡੀ ਬਖਸ਼ੀਸ਼ ਕਰਦਾਹੈ ਜੋ ਕੋਈ ਕੁਛ ਆਇ ਮੰਗਦਾਹੈ ਸੋ ਉਸਨੂੰ ਨਾਨਕਜੀ ਤੁਰਤ ਦੇਦਿੰਦਾ ਹੈ ਏਹਬਾਤ ਸੁਣਕੇ ਕਾਲੂ ਰਹਿ ਨਾ ਸਕਿਆ ਤੁਰਤ ਸੁਲਤਾਨ ਪੁਰ ਨੂੰ ਤੁਰ ਆਯਾ ਸੁਲਤਾਨਪੁਰ ਵਿਚ ਭੀ ਬਹੁਤਲੋਕਬਾਬੇਦਾਜਸਕ੍ਰੇਂਦੇਆਹੇਮਹਿਤਾਕਾਲੂਗੁਰੂਨਾਨਕ ਜੀਨੂੰ ਮਿਲਿਆ ਗੁਰੂਨਾਨਕਜੀ ਮਹਿਤੇ ਜੀਨੂੰ ਦੇਖਕਰ ਉਠਿਆ ਅਰ ਪੈਰਾਂ ਤੇ ਢਹਿ ਪਿਆ ਤਾਂ ਮਹਿਤੇ ਗੁਰੂਨਾਨਕਜੀਨੂੰ ਬਗਲ ਵਿਚਲੀਤਾ ਅਤੇ ਮੱਥਾ ਚੁਮਿਆ ਤੇ ਗਲੰਨਾਲਲਾਯਾ ਫੇਰਭਾਈਬਾਲੇ ਪੈਰੀਪੌਣਾਂ ਆਖਿਆ ਫੇਰ ਮਹਿਤਾ ਜੀ ਅਤੇ ਬਾਬਾ ਨਾਨਕਜੀਰਲਕੇਜੈਰਾਮ ਨੂੰ ਮਿਲਣ ਆਏ ਤਾਂ ਜੈਰਾਮ ਉਠ ਖਲੋਤਾ ਮਹਿਤੇ ਦੇ ਪੈਰਾਂ ਤੇ ਮੱਥਾ ਟੇਕਿਓਸ ਤਾਂ ਜਰਾਮਨੂੰ ਮਹਿਤੇ ਗਲਨਾਲਲਾਯਾ ਅਤੇ ੇਬੇ ਨਾਨਕਜੀਦੇ ਸਿਰਤੇ ਪਸਾਰ ਦਿੱਤਾ ਜੋ ਰਾਹਰਸਮਸੀ ਕਪੜਾ ਗਹਿਣਾ ਰੋਕ ਬੋਬੇਨੂੰ ਮਹਿਤੇਦਿਤਾ ਬਡੀਖੁਸ਼ੀ ਹੋਈ ਬੈਠੇ ਅਰ ਬਾਤਾਂ ਕਰਦੇ ਕਰਦੇ ਮਹਿਤੇ ਕਾਲੂ ਨਾਨਕਜੀਨੂੰ ਪੁੱਛਿਆ ਅਵੇ ਬੱਚਾ ਨਾਨਕ ਤੈਨੂੰ ਜੋਇਤਨਾ ਚਿਰਹੋਯਾ ਹੈ ਏਥੇ ਆਯਾਂ ਸੋ ਕਿਆ ਖੱਟਿਆ ਅਤੇ ਕਿਆ ਸੰਚਿਆ ਹਈ ਅਤੇ ਕਿਤਨਾਕੁ ਗਵਾਯਾਹਈ ਤਾਂਬਾਬੇ ਨਾਨਕਜੀ ਆਖਿਆ ਮਹਿਤਾ ਜੀ ਬਹੁਤ ਕੁਝ ਖਟਿਆ ਅਤੇ ਬਹੁਤਕੁਝ ਖਾਧਾ ਅਤੇ ਲੇਖਾਭੀ ਨਵਾਬਨਾਲ ਕਰਦੇ ਹੀ ਰਹੇ ਹਾਂ ਅਰ ਜੋ ਕੁਝ ਪੈਸੇ ਵਧਦੇ ਰਹੇ ਸੋ ਨਵਾਬ ਕੋਲੋਂ ਲੈਦੇਹੀਰਹੇ ਹਾਂ ਪਰ ਅਸਾਡੇ ਪਾਸ ਕੋਈ ਦਮੜੀ ਯਾ ਕੌਡੀ ਟਿਕਦੀ ਨਾਹੀਂ ਤਾਂਏਹ ਗਲਸੁਨਕੇ ਮਹਿਤਾ ਕਾਲੂ ਬਾਲੇ ਨਾਲ ਲਯਾ ਲਜ਼ਨ ਅਤੇ ਬੜੇ ਦੁਰਬਚਨ ਬੋਲਣਲਗਾ ਤਾਂ ਗੁਰੂਨਾਨਕਜੀਨੇ

CC-0. Gurukul Kangri University Haridwar Collection. Digitized by S3 Foundation USA

S OF INTERNET
UTH
ABHINAV GAUR

ਭਾਈ ਬਾਲੇਨੂੰ ਅਸ਼ਾਰਤ ਕੀਤੀ ਜੋ ਭਾਈ ਬਾਲਾ ਕਾਲੂ ਨਾਲ ਬੋਲਣਾ ਨਹੀਂ ਤਾਂ ਬਾਲਾ ਚੁਪ ਕਰ ਰਿਹਾ ਤਾਂ ਫੇਰ ਕਾਲੂ ਨੇ ਆਖਿਆ ਜੋ ਮੈਂ ਤਾਂ ਜਾਤਾ ਸੀ ਨਾਨਕ ਕਿਰਤ ਕਰਨ ਲਗਾ ਹੈ ਅਤੇ ਜੋ ਕੁਛ ਮੇਰਾ ਗਵਾਯਾ ਹੈਸੁ ਸੋ ਮੈਨੂੰ ਖੱਟਕੇ ਦੇਸੀ ਏਹੋ ਜੇਹੀਆਂ ਗੱਲਾਂ ਕਾਲੂ ਲੱਗਾ ਕਰਨ ਜੇਹੀਆਂ ਕਾਲੂ ਦੀਆਂ ਆਹੀਆਂ ਫੇਰ ਜੈਰਾਮ ਨੂੰ ਆਖਿਓਸ ਤੁਸਾਂ ਕੁਛ ਇਸਦੀ ਖਬਰ ਸਾਰ ਲੈਂਦੇ ਰਹਿਣੀ ਸੀ ਅਤੇ ਨਾ ਤੁਸਾਂ ਕਿਛ ਕਿਰਤ ਦੀ ਖੱਟੀ ਸਾਂਭੀ ਨਾ ਇਸਦੀ ਕਿਧਰੇ ਕਹਾਣੀ ਕੀਤੀ ਤਾਂ ਬੇਬੇ ਨਾਨਕੀ ਜੀ ਬੋਲੀ ਪਿਤਾ ਜੀ ਏਥੇ ਜੋ ਏਹ ਆਯਾ ਹੈ ਸੋ ਤੁਹਾਡਾ ਕੁਛ ਗਵਾਯਾ ਨਾਹੀਂ ਅਤੇ ਤੁਸੀ ਸ਼ੁਕਰ ਨਾਹੀਂ ਕਰਦੇ ਜੋ ਕਿਰਤੇ ਨਾਨਕ ਜੀ ਲਗਾ ਹੈ ਅਤੇ ਕਿਰਤ ਵਿਚ ਪਰਚਿਆ ਹੈ ਯਾਤੇ ਕਿਰਤ ਨਾਹੀਂ ਸੀ ਕਰਦਾ ਜਦ ਤਾਂ ਤੁਸੀਂ ਏਹੋ ਆਖਦੇ ਸੇ ਜੋ ਕਿਰਤ ਨਹੀਂ ਕਰਦਾ ਨਾਨਕ ਸੁੰਨ ਹੋਇ ਕਰ ਬੈਠਾ ਰਹਿੰਦਾ ਹੈ ਹੁਣ ਕਿਰਤੇ ਲਗਾ ਹੈ ਇਕ ਦਿਨ ਖਟ ਭੀ ਰਹਿਸੀ ਅਤੇ ਹੁਣ ਕਿਤੇ ਕਹਾਣੀ ਦੀ ਭੀ ਟੋਲ ਹੈ ਹੁਣੇ ਅਜ ਕਲ ਕਿਤੇ ਵਲ ਹੋਇ ਪਉਂਦੀ ਹੈ ਅਤੇ ਨਾਨਕ ਜੀ ਨੇ ਕੁਛ ਅਸਾਡਾ ਗਵਾਯਾ ਨਾਹੀਂ ਅਰ ਅਸਾਂ ਹੋਰ ਕਿਆ ਕਰ ਦੇਖਣਾ ਹੈ ਅਤੇ ਸੁਣੋ ਪਿਤਾ ਜੀ ਤੇਰੇ ਪਾਸੋਂ ਹੋਇ ਆਂਵਦੀ ਹੈ ਤਾਂ ਤੁਸੀਂ ਕਰਹੁ ਜੀ ਅਤੇ ਜੇਹਾ ਸਾਨੂੰ ਦਰਦ ਹੈ ਤੇਹਾ ਅਸਾਥੋਂ ਦੂਣਾ ਦਰਦ ਤੈਨੂੰ ਹੈ ਤਾਂ ਕਾਲੂ ਨੇ ਆਖਿਆ ਹੇ ਪੁਤ੍ਰ ਨਾਨਕੀ ਜੀ ਜੋ ਮੇਰੇ ਪਾਸੋਂ ਹੋਇ ਆਵੇਗੀ ਤਾਂ ਹੋਰ ਕਿਆ ਚਾਹੀਦਾ ਹੈ ਹੇ ਪੁਤ੍ਰ ਨਾਨਕੀ ਜੋ ਕਰੇਗੇ ਤਾਂ ਭਲੀ ਥਾਇ ਖੱਟ੍ਹੀ ਦੇਖਕੇ ਕਰਨੀ ਜੇਹੀ ਕੇਹੀ ਥਾਇ ਨਾ ਹੋਵੇ ਤਾਂ ਫੇਰ ਜੈਰਾਮ ਬੋਲਿਆ ਮਹਿਤਾ ਜੀ ਅਸਾਂ ਮਿੱਨਤ ਨਾਹੀਂ ਲਾਵਣੀ ਅਰ ਮੂਲਾ ਚੋਣਾ ਖੱਟ੍ਹੀ ਪੱਖੋਕੇ ਰੰਧਾਵੇ ਰਹਿੰਦਾ ਹੈ ਸੋ ਉਸ ਦੇ ਘਰ ਧੀਅ ਹੈ ਗੀ ਹੈ ਪੱਖੋਕੇ ਰੰਧਾਵਿਆਂ ਦਾ ਪਟਵਾਰੀ ਹੈ ਅਤੇ ਪੁੰਨ ਅਰਥ ਕਹਾਣੀ ਕਰਦਾ ਹੈ ਅਤੇ ਬਹੁਤ ਅਸਾਂ ਉਥੇ ਕਹਾਣੀ ਦੀ ਟੋਲ ਹੈ ਅਤੇ ਅੱਗੇ ਜੋ ਕਰਤੇ ਨੂੰ ਭਾਵੇ ਗੀ ਸੋਈ ਹੋਇਗੀ ਅਰ ਮਹਿਤਾ ਜੀ ਤੁਸੀ ਚਿੰਤ ਥਾਂਇ ਰਖੋ ਕਰਤਾਰ ਭਲੀ ਕਰੇਗਾ ਤਾਂ ਕਾਲੂ ਕਹਿਆ ਹੇ ਪੁਤ੍ਰ ਜੈਰਾਮ ਨਾਨਕੀ ਦਾ ਸੁਖ ਮੁਰਾਦ ਤਾਂ ਮੈਂ ਡਿੱਠਾ ਹੈ ਪਰ ਹੁਣ ਨਾਨਕ ਜੀ ਦਾ ਭੀ ਸੁਖ ਮੁਰਾਦ ਆਪਣੇ ਜੀਂਦੇ ਜੀਵ ਦੇਖਲਵਾਂ ਤਾਂ ਮੇਰਾ ਮਨ ਠੰਡਾ ਹੋਵੇਗਾ ਤਾਂ ਫੇਰ ਜੈਰਾਮ ਨੇ ਆਖਿਆ ਹੇ ਮਹਿਤਾ ਜੀ ਤੁਸੀ ਏਥੇ ਹੀ ਰਹੋ ਅਤੇ ਅੰਮਾ ਬੀਬੀ ਜੀ ਨੂੰ ਭੀ ਏਥੇ ਹੀ ਸਦਵਾਇ ਲੈਂਦੇ ਹਾਂ ਤਾਂ ਫੇਰ ਕਾਲੂ ਨੇ ਕਹਿਆ ਹੇ ਪੁਤ੍ਰ ਜੈਰਾਮ ਮੇਰਾ ਏਥੇ ਰਹਿਣਾ ਨਹੀਂ ਬਣਦਾ ਅਤੇ ਮੈਂ ਉਥੇ ਹੀ ਰੁੱਧਾ ਹੋਯਾ ਹਾਂ ਸਾਰਾ ਪਟਵਾਰ ਦਾ ਕੰਮ ਰਾਹ ਬੁਲਾਰ ਦਾ ਮੇਰੇ ਅਖ ਤੇ ਜਾਰ ਹੈ ਤਾਂ ਜੈਰਾਮ ਨੇ ਆਖਾ ਹੇ ਮਹਿਤਾ ਜੀ ਤੂੰ ਮੇਰੇ ਪਰਮਾਨੰਦ ਪਿਤਾ ਜੀ ਦੀ ਜਗਹ ਹੈਂ ਮੇਰੇ ਪਿਤਾ ਹੋ ਤਾਂ ਫੇਰ ਕਾਲੂ ਨੇ ਆਖਿਆ ਸੁਣ ਜੈਰਾਮ ਜਿਸ ਵੇਲੇ ਨਾਨਕ ਜੀ ਦੀ ਕੁੜਮਾਈ ਹੋਇ ਸੋ ਉੱਸੇ ਵਕਤ ਮੈਨੂੰ ਖ਼ਬਰ ਕਰਨੀ ਅਤੇ ਸੁਣ ਜੈਰਾਮ ਨਾਨਕ ਜੀ ਨੂੰ ਨਜ਼ਰ ਵਿਚ ਰੱਖਣਾ ਜੋ ਪੈਸਾ ਟਕਾ ਕਿਤੇ ਵਲ ਲਗਾਵੇ ਨਹੀਂ ਤਾਂ ਫੇਰ ਬੇਬੇ ਨਾਨਕੀ ਨੇ ਆਖਿਆ ਹੇ ਪਿਤਾ ਜੀ ਤੂੰ ਸ਼ੁਕਰ ਨਹੀਂ ਕਰਦਾ ਜੋ ਏਥੇ ਪਰਚਿਆ ਹੈ ਅਤੇ ਤੂੰ ਨਿਤ ਨਿਤ ਏਹੋ ਆਖਦਾ ਸੈਂ ਅਜ ਨਾਨਕ ਨੇ ਏਹ ਗਵਾਯਾ ਹੈ ਅਰ ਅੱਜ ਇਹ

CC-0. Gurukul Kangri University Haridwar Collection. Digitized by S3 Foundation USA

ਗਵਾਯ ਆਯਾ ਹੈ ਸੁਣੋ ਪਿਤਾ ਜੀ ਜੇ ਕੋਈ ਚੋਰੀ ਯਾਰੀ ਕਰਕੇ ਧਨ ਖ਼ਰਾਬ ਕਰਦਾ ਹੋਵੇ
ਤਾਂ ਅਸੀ ਹਟਕੀਏ ਆਪਣੀ ਖੱਟੀ ਕਮਾਈ ਵਿੱਚੋਂ ਨੰਗੇ ਭੁਖੇ ਨੂੰ ਕਪੜਾ ਰੋਟੀ ਦੇਂਵਦਾਹੈ
ਸੋ ਸ਼ੁਭ ਪਾਸੇਲਗੇਹੋਏ ਨੂੰ ਅਸੀਕਿਵਕਰ ਹਟਾਈਏ ਖੋਟੇਕਰਮ ਕਰਦਾਹੋਵੇ ਤਾਂਹਟਾਵਣਾ
ਧਰਮਹੈ ਅਤੇ ਜਦ ਫ਼ਕੀਰਾਂਨੂੰ ਖਵਾਉਂਦਾਹੈ ਤਾਂਸੁਣੋ ਪਿਤਾਜੀ ਸਾਡਾਮਨ ਬੜਾਡਰਦਾਹੈ
ਜੋਦੌਲਤਖਾਂਨ ਬੜਾਡਾਢਾਹਈਫ਼ਕੀਰਾਂਦੀ ਭੀੜਹੱਟੀਤੇ ਹਰਵੇਲੇ ਲਗੀ ਰਹਿੰਦੀਹੈ ਸਾਡਾ
ਜੀਉ ਕੰਬਦਾਹੈ ਜੋ ਸਰਕਾਰਦੇ ਪੈਸੇ ਨ ਘਟ ਜਾਵਨਕਿ ਜੋ ਅਸੀ ਸਰਕਾਰ ਵੱਲੋਂ ਸੁਰਖਰੂ
ਹੋਈਏ ਅਤੇ ਸੁਣੋਪਿਤਾਜੀ ਜਦਕਦਲੇਖਾ ਹੁੰਦਾਹੈ ਤਾਂਤਦੋਂ ਕੁਛਇੱਸੇਦਾਵਾਧਾਨਿਕਲਦਾ
ਹੈਇਸਤੇ ਜਾਣੀਦਾਹੈ ਜੋ ਇਹਮਨੁਖ ਨਹੀਂ ਏਹਤਾਂ ਆਪਨਿਰੰਕਾਰਹੈ ਅਸੀਇਸੀਵਾਸਤੇ
ਕੁਛ ਆਖਨਹੀਂ ਸਕਦੇ ਤਾਂਕਾਲੂਨੇ ਆਖਿਆਪੁਤ੍ਰਜੈਰਾਮ ਜਦਫੇਰ ਲੇਖਾਹੋਵੇ ਅਤੇਨਾਨਕ
ਦਾ ਜੋ ਕੁਛਵਧੇ ਸੋ ਤੁਸਾਂ ਆਪਣੀਵੱਲ ਛਿਕ ਲੈਣਾ ਤਾਂ ਭਲਾਕਰੋਗੇ ਅਤੇ ਨਾਨਕਦੇ ਭਾਣੇ
ਤਾਂ ਲੱਖਕੱਖਦੇ ਬਰਾਬਰਹੈ ਅਤੇ ਬਾਲੇਨੂੰ ਭੀ ਸੱਦਕਰਸਮਝਾਈਏ ਤੁਸੀਭੀਆਖੋ ਅਤੇਮੈਂ
ਭੀ ਆਖਨਾਹਾਂਤਾਂ ਜਰਾਮਨੇ ਆਪਣਾ ਆਦਮੀ ਭੇਜਕੇ ਭਾਈ ਬਾਲੇਨੂੰ ਸਦਵਾਯਾਤਾਂ ਭਾਈ
ਬਾਲਾ ਆਇਹਾਜਰ ਹੋਯਾ ਤਾਂ ਭੱਈਏ ਜੈਰਾਮਆਖਿਆ ਭਾਈਬਾਲਾਤੂੰ ਗੁਰੂ ਨਾਨਕਜੀਦਾ
ਖ਼ਾਸ ਹਜ਼ੂਰੀ ਯਾਰਹੈਂ ਅਤੇਅਸੀਂਤੈਨੂੰ ਇਉਂ ਕਰਕੇ ਜਾਣਦੇ ਹਾਂ ਜੇਹਾਗੁਰੂਨਾਨਕਹੈਤੇਹਾ
ਹੀਤੂੰ ਪਰਨਾਨਕਜੀਦਾਤੂੰ ਖ਼ਬਰਦਾਰਰਹੋਂ ਮਤਟਕਾ ਪੈਸਾ ਐਰਗ਼ੈਰ ਜਗਹਗਵਾਏਨਹੀਂ
ਤਾਂਫੇਰਕਾਲੂਨੇ ਭੀ ਏਹੋ ਆਖਿਆ ਹੇਪੁਤ੍ਰ ਬਾਲਾ ਤੈਨੂੰ ਨਾਲ ਰਹਿਆਂਦੀ ਲਾਜਜ਼ਰਮ ਏਹੋ
ਹੀ ਹਈ ਜੋ ਨਾਨਕ ਪੈਸਾ ਬਹੁਤ ਜਮਾ ਕਰੇ ਜੈਰਾਮ ਦੇ ਆਖੇਦੀ ਤਾਂ ਬੁਰੀ ਨਹੀਂ ਸੀ ਲੱਗੀ
ਪਰ ਕਾਲੂਦੇ ਆਖੇਦੀ ਬਹੁਤ ਬੁਰੀ ਲੱਗੀ ਤਾਂ ਬਾਲੇਨੂੰ ਰੋਹ ਆਯਾ ਤੇ ਕਾਲੂ ਨੂੰ ਆਖਿਆ
ਮਹਿਤਾਜੀ ਮਤਕੋਈ ਜੀਅਵਿਚ ਗੁਮਾਨ ਹੋਸੀ ਜੋਬਾਲਾ ਨਾਨਕ ਜੀਦੇ ਨਾਲ ਰਹਿੰਦਾ ਹੈ
ਸੋ ਕੁਛ ਫਜੂਲੀ ਕਰਦਾ ਹੋਸੀ ਸੁਣੋ ਮਹਿਤਾ ਜੀ ਅਸਾਡੇ ਭਾਣੇ ਤਾਂਘਿਉ ਭੀ ਬੁਰੀ ਵਸਤ
ਹਈਅਤੇ ਅਸਾਨੂੰ ਤਾਂ ਏਹ ਭੁਖ ਹਈ ਜੋ ਸ੍ਰੀ ਨਾਨਕ ਜੀਜੋ ਕਰੇ ਸੋ ਕਰੇ ਅਤੇ ਅਸੀ ਅੱਗੋਂ
ਉਜਰ ਨਾਹੀਂ ਕਰੀਏ ਤੇ ਸੁਣੋ ਮਹਿਤਾਜੀ ਜੇ ਕੁਛਤੇਰੇ ਕੋਲੋਂ ਹੁੰਦਾ ਹੈ ਤਾਂ ਤੂੰ ਆਪ ਇੱਥੇ
ਆਇਕੇ ਕਰ ਅਤੇਜੋਕੁਛਹਥਆਵੀ ਸੋਲੈਂਦਾ ਜਾਹ ਅਤੇਅਸਾਂਕੋਲੋਂ ਤਾਂਕੁਛ ਨਹੀਂਹੁੰਦਾ ਜੋ
ਨਾਨਕਜੀਨੂੰ ਅਸੀਂ ਕੁਛ ਆਖੀਏ ਤਾਂਜੈਰਾਮਬੋਲਿਆ ਸੁਣੋਮਹਿਤਾਜੀਬਾਲਾਸਚ ਆਖਦਾ
ਹੈ ਨਾਨਕਜੀ ਤਾਂ ਆਦਮੀ ਨਾਹੀਂ ਓਹਸਾਨੂੰ ਪਰਮੇਸ਼ਰ ਹੀ ਨਜਰੀ ਆਂਵਦਾ ਹੈ ਪਰ ਭਲਾ
ਮਹਿਤਾਜੀਹੁਣਤਾਂਤੁਸੀਸਿਧਾਵੋਅਤੇਜਿਤਵੇਲੇ ਨਾਨਕਜੀਦੀ ਕੁੜਮਾਈ ਹੋਈ ਤਿਤੇਘੜੀ
ਅਸਾਂਸ਼ਿਤਾਬੀ ਕਾਰਜਕਰਨਾਹੈ ਫੇਰਨਾਨਕਜੀਦਾ ਆਪਣੇ ਕਬੀਲੇਨਾਲ ਮੋਹ ਪੈਜਾਵੇਗਾ
ਤਾਂ ਆਪੇ ਹੀ ਸਮਝ ਜਾਵੇਗਾ ਤਾਂ ਕਾਲੂ ਆਪਣੇ ਘਰ ਨੂੰ ਤੁਰ ਆਯਾ ਆਇ ਤਲਵੰਡੀ
ਵੜਿਆ ਅੰਮਾ ਬੀਬੀ ਜੀਨੇ ਨਾਨਕੀ ਜੀਦੀ ਅਤੇ ਨਾਨਕ ਜੀ ਦੀ ਖ਼ਬਰ ਪੁਛੀ ਤਾਂ ਕਾਲੂ

CC-0. Gurukul Kangri University Haridwar Collection. Digitized by S3 Foundation USA

ABHINAV GAUR

ਆਖਿਆ ਨਾਨਕ ਦੀ ਚਾਲੀ ਤਾਂ ਓਹੋ ਹੀ ਹੈ ਓਹ ਆਪਣੀ ਚਾਲੀਓਂ ਨਹੀਂ ਹਟਦਾ ਫਕੀਰਾਂ ਦੀ ਭੀੜ ਹੱਟੀਉਤੇ ਲਗੀਰਹਿੰਦੀਹੈ ਕੋਈਆਕਰਜੋਕੁਛ ਮੰਗੇਫਕੀਰਾਂਨੂੰਓਹੋ ਕੁਛ ਦੇਦਿੰਦਾਹੈ ਇਸੇਤਰਾਂ ਜਦਇਕ ਮਹੀਨਾ ਗੁਜਰਿਆ ਤਾਂਗੁਰੂ ਨਾਨਕਜੀਦੇ ਉਪਰਇਕਸ ਭਲੇ ਆਦਮੀ ਸ੍ਰੀਨੇ ਜੈਰਾਮ ਪਾਸ ਚੁਗਲੀਖਾਧੀ ਕਿ ਸੁਣ ਜੈਰਾਮ ਤੇਰਾਸਾਲਾ ਜੋ ਮੋਦੀ ਹੈ ਸੋ ਤੂੰ ਉਸਨੂੰ ਸਮਝਾਂਵਦਾ ਨਹੀਂ ਅਤੇ ਤੂੰ ਜਾਣਦਾ ਹੈਂ ਜੋ ਪਠਾਣਾਂ ਦੀ ਖੋਇ ਕੈਸੀ ਹੈ ਅਤੇ ਨਾਨਕਪੈਸੇ ਖਰਚ ਕਰਦਾਹੈ ਕੁਛ ਢਿੱਲ ਨਹੀਂ ਕਰਦਾ ਨਵਾਬਨੇ ਸੁਣਿਆਂ ਤਾਂ ਬਾਕੀਤੇਰੇ ਪਾਸੋਂ ਵਸੂਲ ਕਰੇਗਾ ਤਾਂ ਜੈਰਾਮ ਨੇ ਏਹ ਗੱਲ ਸੁਣਕੇ ਬਹੁਤਾ ਹੀ ਗ਼ਮ ਖਾਧਾ ਅਰ ਬਡਾ ਚਿੰਤਾਵਾਨ ਹੋਇ ਕਰ ਘਰ ਨੂੰ ਆਯਾ ਆਂਵਦੇ ਨੂੰ ਨਾਨਕੀ ਨੇ ਦੇਖਿਆ ਕਿ ਹੇ ਪਰਮੇਸ਼ਰ ਜੀ ਅਜ ਕੀ ਹੋਯਾ ਕੈਸੇ ਚਿੰਤਾਵਾਨ ਹੈਨ ਤਾਂ ਜਿਸ ਵਖਤ ਬੈਠੇ ਤਾਂ ਨਾਨਕੀਨੂੰ ਇਕੰਤ ਲੈ ਬੈਠਾਅਤੇ ਆਖਨਲਗਾ ਹੇ ਪਰਮੇਸ਼ਰਦੀਬੰਦੀ ਤੂੰ ਸੁਣ ਅੱਜਫਲਾਨੇਸ਼ਖਸ ਨੇ ਮੈਨੂੰ ਆਖਿਆ ਹੈ ਸੁਣਜੈਰਾਮ ਤੇਰਾਸਾਲਾ ਮੋਦੀ ਪੈਸੇ ਲੁਟਾਂਵਦਾਹੈ ਸੋਤੂੰ ਉਸਨੂੰਸਮਝਾਂਇਦਾ ਕਿਉਂ ਨਹੀਂ ਸੋ ਤੂੰ ਹੁਣਮੈਨੂੰ ਮਸਲਤ ਕੋਹੀ ਸਲਾਹ ਦਸਜੋ ਹੁਣ ਮੈਂ ਕਿਆਕਰਾਂ ਇਸ ਬਾਤਨੂੰ ਸੁਣਕਰ ਅੱਗੋਂ ਨਾਨਕੀ ਜੀ ਨੇ ਆਖਿਆ ਜੀ ਜੋ ਕੁਛ ਤੁਸਾਡੇ ਜੀ ਵਿਚ ਆਵੇ ਸੋ ਕਰਹੁਜੀ ਮੈਂ ਕਿਆ ਆਖਣਾਹੈ ਜੀਅਤੇ ਮੈਂ ਭੀ ਤੁਸਾਡੇਹੀ ਆਖੇ ਵਿਚ ਚਲਣਾਹੈ ਜੀ ਪਰਜੀ ਤੁਹਾਨੂੰਅਜੇ ਪਰਤੀਤਨਹੀਂ ਆਂਵਦੀਅਤੇਤੁਸੀਜਾਣਦੇਹੋਵੋਗੇਜੋਭਰਾਉਦੀਰਖਣੀਕਰਦੀਹੈਪਰਜਿੱਥੋਂਤੋੜੀ ਸੰਸਾਰਦੇਵਿਚਮਾਯਾਹੈਸੋਸਭਸੈਦਾਖਾਂਵੰਦਮਾਲਕ ਗੁਰੂਨਾਨਕਜੀਹੈ ਅਤੇਸੱਭੋਮਾਯਾਨਾਨਕ ਜੀਦੇ ਹੱਥਾਂ ਵਿੱਚੋਂ ਨਿਕਲਦੀਹੈ ਇਸਦੇਹੁਕਮ ਵਿਚ ਸਾਰੇ ਸੰਸਾਰਦੀ ਮਾਯਾ ਕਾਰਕਰਦੀਹੈ ਪਰਜੀ ਭਲਾ ਤੁਸਾਡੇ ਜੀ ਵਿਚਵਰਤੀਹੈ ਤਾਂ ਤੁਸੀਂ ਜਾਣੋ ਪਰ ਹੁਣਤੁਸੀਂ ਇਕਵਾਰੀ ਲੇਖਾ ਕਰੋਭਾਵੇਂ ਵਧੇਭਾਵੇਂ ਨ ਵਧੇ ਘਟੇ ਕੁਛਨਾਹੀਂ ਤੁਸੀਂ ਕਿਸੇਦੇ ਕਹੇਸੁਣੇ ਭਟਕਣਾਨਹੀਂ ਤਾਂ ਜੈਰਾਮਨੇ ਕਹਿਆ ਨਾ ਬਹੁਜੀਮੈਂ ਲੇਖਾਨਹੀਂ ਸੰਭਾਲਦਾ ਜੇਤਾਂ ਤੁਸਾਂਨੂੰ ਪਰਤੀਤਹੈ ਤਾਂ ਮੈਂ ਕਜਾਕਹਿਣਾਹੈਤਾਂਫੇਰਨਾਨਕੀਜੀਨੇਕਹਿਆਜੀਹੁਣਤੁਸੀਂ ਗਈਗਲ ਨਕਰੋਅਤੇਮੈਂ ਭਾਈ ਜੀ ਨੂੰ ਸਦਾਇੰਦੀ ਹਾਂ ਤਾਂ ਬੇਬੇ ਨਾਨਕੀ ਜੀ ਨੇ ਤੁਲਸਾਂ ਨੂੰ ਆਖਿਆ ਜੋ ਤਲਸਾਂ ਤੂੰ ਮੇਰੇ ਭਾਈਜੀਨੂੰ ਜਾਇਕੇ ਕਹੁ ਭਾਈ ਤੁਸੀਂ ਮਿਹਰਬਾਨੀ ਕਰਕੇ ਅਸਾਂਨੂੰ ਦਰਸ਼ਨਦੇ ਜਾਵੋ ਤਾਂ ਤੁਲਸਾਂ ਲੌਂਡੀ ਗੁਰੂਨਾਨਕਜੀ ਪਾਸ ਗਈ ਜਾਇਕਰਨਿਮਸਕਾਰ ਕੀਤੋਸੁ ਤਾਂਗੁਰੂਨਾਨਕ ਜੀ ਆਖਿਆ ਕਜੋਂ ਤੁਲਸਾਂ ਅੱਜਤੂੰ ਕਜੋਂ ਆਈਹੈਂ ਤਾਂਤੁਲਸਾਂ ਨੇ ਆਖਜਾ ਹੇਠਾਕਰਜੀ ਬਹੂ ਜੀਨੇ ਕਹਿਆਹੈ ਜੋ ਮੈਨੂੰ ਆਪਣਾ ਦਰਸ਼ਨਦੇ ਜਾਵਹੁ ਸੋ ਇਸਵਾਸਤੇ ਮੈਂ ਆਈ ਹਾਂ ਜੀਤਾਂ ਗੁਰੂਨਾਨਕਜੀ ਕਹਿਆ ਭਾਈਬਾਲਾ ਮੈਨੂੰਬੇਬੇ ਜੀਨੇਕਿਉਂ ਸਦਿਆ ਹੈ ਤਾਂ ਬਾਲੇ ਕਹਿਆ ਗੁਰੂਜੀ ਕਿਸੇ ਵਾਸਤੇ ਸੱਦਿਆ ਹੋਸੀ ਤਾਂਗੁਰੂਨਾਨਕਜੀ ਆਖਿਆ ਸੁਣਭਾਈ ਬਾਲਾ ਮੇਰਾ ਜੀਉ ਉਗਾਹੀ ਦੇਂਦਾ ਹੈ ਜੋ ਮੇਰੇ ਉਤੇ ਕਿਸੇ ਚੁਗਲੀ ਖਾਧੀ ਹੈ ਤਾਂ ਬਾਲੇ ਕਹਿਆ ਗੁਰੂਜੀ

CC-0. Gurukul Kangri University Haridwar Collection. Digitized by S3 Foundation USA

ਤੇਰੇ ਉਤੇ ਕਿਸੇ ਕਿਆ ਚੁਗਲੀ ਕਰਨੀ ਹੈ ਤਾਂ ਨਾਨਕ ਜੀ ਕਹਿਆ ਭਾਈ ਬਾਲਾ ਅੰਦਰੋਂ ਪਤਾਸਿਆਂ ਦਾ ਭਾਂਡਾ ਕੱਢਲਿਆਓ ਤਾਂ ਬਾਲਾ ਪਤਾਸਿਆਂ ਦਾ ਭਾਂਡਾ ਲੈ ਆਇਆਤਾਂਗੁਰੂ ਨਾਨਕ ਜੀ ਝੋਲੀ ਕਰਕੇ ਜਿਤਨੇ ਪਤਾਸੇ ਭਾਂਡੇ ਵਿਚ ਆਹੇ ਸੋ ਪਵਾਇ ਲੀਤੇ ਝੋਲੀ ਵਿਚ ਅਢਾਈਸੇਰਪਤਾਸੇ ਆਹੇ ਤਾਂ ਗੁਰੂ ਨਾਨਕਜੀ ਬੇਬੇ ਨਾਨਕੀਦੇ ਘਰ ਆਏ ਤਾਂ ਤੁਲਸਾਂ ਨੇ ਕਹਿਆ ਬਹੁਜੀ ਭਾਈਜੀ ਆਏ ਤਾਂਬੇਬੇ ਨਾਨਕੀਉਠਖਲੋਤੀ ਅਤੇਮੁਖਥੀਂ ਕਹਿਆ ਆਉ ਭਾਈਆਜੀ ਅਤੇ ਬੇਬੇ ਜੀਨੇ ਪੀੜਾ ਵਿਛਾਇ ਦਿੱਤਾ ਤਾਂ ਗੁਰੂਨਾਨਕਜੀ ਪੀੜੇਤੇ ਬੈਠਗਏ ਅਤੇ ਬਾਲਾ ਭੀ ਨਾਲ ਆਹੇ ਤਾਂ ਬੇਬੇ ਜੀ ਨੇ ਬਾਲੇ ਨੂੰ ਭੀ ਪੀੜ੍ਹਾ ਵਿਛਾਇ ਦਿੱਤਾ ਬਾਲਾ ਜੀਭੀ ਬੈਠਗਏ ਤਾਂ ਗੁਰੂ ਨਾਨਕਜੀ ਨੇ ਪੁੱਛਿਆ ਬੇਬੇ ਜੀ ਮੈਨੂੰ ਕਿਉਂ ਸੱਦਿਆ ਹਈਤਾਂ ਬੇਬੇ ਨਾਨਕੀ ਜੀਨੇ ਅੱਗੋਂ ਆਖਿਆ ਭਾਈ ਜੀ ਬਹੁਤੇ ਦਿਨ ਹੋਏ ਆਹੇ ਤੁਹਾਡੇ ਦਰਸ਼ਨ ਕੀਤਿਆਂ ਮੈਨੂੰ ਦੇਖਨ ਦੀ ਸਿਕਆਹੀ ਸੋਇਸਵਾਸਤੇ ਮੈਂ ਤੁਹਾਨੂੰ ਦਰਸ਼ਨ ਕਰਨੇਦੇਲਈ ਸੱਦਿਆਸੀ ਤਾਂਗੁਰੂਨਾਨਕਜੀ ਕਹਿਆ ਬੇਬੇਜੀ ਮੈਨੂੰ ਵਿਸਵਾਸ ਪਇਆਹੈ ਜੋਮੈਨੂੰ ਕਿਉਂ ਸੱਦਿਆਹੈ ਤੁਸੀਂ ਜਿਉਂ ਕੀ ਤਿਉਂਹੀ ਆਖੋ ਤਾਂ ਬੇਬੇਜੀ ਬੋਲੀ ਸੁਣੋ ਭਾਈਜੀ ਤੁਹਾਨੂੰਤਾਂ ਸਭ ਕਿਛ ਮਾਲੂਮਹੈ ਮੈਂ ਕਿਆ ਆਖਾਂਜੀ ਤਾਂ ਗੁਰੂਨਾਨਕਜੀ ਆਖਿਆ ਮੇਰੇਪਾਸੋਂ ਬੇਬੇਜੀ ਹਿਸਾਬ ਆਪ ਲੈ ਲਵੀਏ ਮੈਂ ਭੀ ਏਹ ਜਾਨਦਾ ਹਾਂ ਮੇਰੇ ਉਪਰਕਿਸੇ ਚੁਗਲੀ ਖਾਧੀਹੈ ਸੋ ਮੈਥੋਂ ਲੇਖਾਲਵੋ ਤਾਂਬੇਬੇ ਨਾਨਕੀਨੇ ਦਿਲਾਸਾਦਿੱਤਾ ਤਾਂਗੁਰੂਨਾਨਕਜੀ ਆਖਿਆ ਨਾ ਬੇਬੇ ਜੀ ਏਹ ਗਲ ਲੇਖੇ ਹਿਸਾਬਦੀਹੈ ਸ਼ਰਮਦਾ ਅਤੇ ਮੁਲਾਹਜੇ ਦਾ ਕੰਮ ਕੋਈ ਨਾਹੀਂਤਾਂ ਬੇਬੇ ਜੀ ਕਿਹਾ ਭਲਾ ਭਾਈ ਜੀ ਤਾਂ ਸੰਮਤ ੧੫੪੭ ਫੱਗਣ ਸੁਦੀ ਪੰਚਮੀ ਵਾਲੇ ਦਿਨ ਲੇਖਾ ਕੀਤਾ ਦੌਲਤਖ਼ਾਨ ਲੋਦੀਨਾਲ ਤ੍ਰਿਹੁੰ ਮਹੀਨਿਆਂਦਾ ਇਕਸੌ ਪੈਂਤੀਰੁਪਯੇ ਗੁਰੂਨਾਨਕਜੀ ਦੇ ਨਿਕਲੇ ਖਾਇ ਪੀਅਕੇ ਲੈਇਦੇਇਕੇ ਵਧੇ ਤਾਂ ਗੁਰੂ ਨਾਨਕ ਜੀਨੇ ਜੈਰਾਮੰਨੂੰ ਆਖਿਆ ਲਵੋ ਜੀਜਾ ਤੁਣ ਤਾਂ ਤੇਰੇ ਮੁਖੋਂ ਅਸੀ ਸੁਰਖਰੂ ਹੋਏ ਹਾਂ ਹੁਣ ਏਹ ਮੋਦੀਖਾਨਾ ਕਿਸੇ ਹੋਰ ਨੂੰਸੌਂਪੋ ਅਤੇ ਅਸਾਡਾ ਕਰਤਾਰ ਕਰਤਾਰ ਹਈਤਾਂ ਜੈਰਾਮ ਏਹ ਗਲ ਗੁਰੂ ਨਾਨਕ ਜੀ ਦੀ ਸੁਣਕੇ ਬਹੁਤ ਡਰਿਆ ਅਤੇ ਬਾਬੇ ਦੇ ਪੈਰਾਂਤੇ ਢਹਿਪਇਆ ਅਤੇ ਬੇਬੇ ਨਾਨਕੀਵੀ ਰੋਵਨ ਲੱਗੀਅਤੇ ਕਹਿਉਸ ਭਾਈ ਪਹਿਲੇ ਤਾਂ ਮੈਨੂੰ ਮਾਰੋ ਅਤੇ ਪਿੱਛੇ ਤੁਸੀ ਕਿਧਰੇ ਜਾਵੋ ਤਾਂਗੁਰੂ ਨਾਨਕਜੀ ਕਹਿਆਜੀਜਾ ਜੀਹੁਣ ਤਾਂ ਲੇਖਾ ਪੂਰਾ ਹੋ ਚੁਕਾਹੈ ਅਤੇ ਫੇਰ ਘਟ ਵਧ ਜਾ ਤਾਂ ਤੁਸੀਕਿਉਂ ਜੰਜਾਲ ਵਿਚ ਪਉਂਦੇਹਉ ਅਗੋਂ ਜੈਰਾਮਨੇ ਕਹਿਆ ਭਾਈਨਾਨਕਜੀ ਅੱਗੇਮੈਂ ਕੁਛ ਜਾਣਦਾ ਸਾਂ ਕੁਛ ਨਹੀਂਜਾਣਦਾ ਸਾਂ ਪਰ ਹੁਣ ਮੈਨੂੰ ਦੋਵੇਂ ਸਿਰੋਂ ਪਰਤੀਤ ਆਈਅਤੇ ਹੁਨ ਮੇਰਾ ਤੁਸੀਗੁਨਾਹ ਬਖਸ਼ੋ ਜੀਮੈਂ ਭੁੱਲਾ ਜੋ ਮੈਂ ਤੇਰੀ ਭੈਣ ਨਾਨਕੀਦਾ ਕਹਿਆ ਖਾਤਰ ਤਲੇ ਨਹੀਂ ਲਿਆਇਆ ਤਾਂ ਫੇਰ ਬੇਬੇ ਨਾਨਕੀ ਨੇ ਕਹਿਆ ਹੇ ਭਾਈ ਨਾਨਕਜੀ ਜੋ ਕੁਛ ਘਟੇਗਾ ਤਾਂਮੈਂ ਜਿੱਥੇਕਿੱਥੇ ਜਵਾਬ ਕਰਾਂਗੀਤਾਂ ਫੇਰ ਜੈਰਾਮਨੇ ਅਤੇ ਬੇਬੇ ਨਾਨਕੀ ਨੇ ਭਾਈ

CC-0. Gurukul Kangri University Haridwar Collection. Digitized by S3 Foundation USA

OF INTERNET
TH
ABHINAV GAUR

ਬਾਲੇ ਨੂੰ ਕਹਿਆ ਜੋ ਭਾਈ ਬਾਲਾ ਤੁਸੀ ਗੁਰੂ ਨਾਨਕ ਜੀ ਨੂੰ ਆਖੋ ਤਾਂ ਭਾਈ ਬਾਲੇ ਗੁਰੂ ਨਾਨਕ ਜੀ ਨੂੰ ਕਹਿਆ ਜੋ ਗੁਰੂ ਜੀ ਤੂੰ ਤਾਂ ਕੋਈ ਜ਼ਾਹਿਰਾ ਪੀਰਹੈਂ ਅਤੇ ਤੈਨੂੰ ਟਾਂ ਅੱਗੇ ਹੀ ਕਿਉਂ ਕਰ ਖਬਰ ਹੋਇ ਜਾਂਦੀ ਹੈ ਪਰ ਭਲਾ ਗੁਰੂ ਜੀ ਤੈਨੂੰ ਭੈਣ ਅਤੇ ਭਨਵੋਈਆ ਦੋਨੋਂ ਪਏ ਮਿੰਨਤੀ ਕਰਦੇ ਹੈਨ ਅਤੇ ਤੁਸੀਕਰਤਾਰ ਵਲ ਵੇਖੋ ਅਰਮੇਰੇ ਪਰਮਿਹਰ ਕਰੋ ਜੀਤਾਂ ਗੁਰੂਨਾਨਕਜੀਕਹਿਆ ਹੇ ਭਾਈਬਾਲਾ ਤੇਰਾ ਭੀ ਆਖਿਆ ਫੇਰਿਆ ਨਹੀਂ ਜਾਂਦਾ ਤਾਂਬਾਲੇ ਗੁਰੂ ਨਾਨਕਜੀ ਅੱਗੇ ਮੱਥਾ ਟੇਕਿਆ ਫੇਰ ਬੇਬੇ ਨਾਨਕੀ ਅਤੇ ਭਈਏ ਜੈਰਾਮ ਨੇ ਬਾਲੇ ਨੂੰ ਆਖਿਆਜੋ ਸੁਣੋ ਭਾਈਬਾਲਾ ਅੱਜ ਤੁਧ ਅਸਾਨੂੰ ਨਵੇਂ ਸਿਰੇ ਨਾਨਕ ਜੀ ਦਿਤਾਹੈ ਤਾਂ ਇਕ ਸੌ ਪੈਂਤੀ ਰੁਪੱਯੇ ਨਾਨਕ ਜੀਨੂੰ ਨਵਾਬ ਪਾਸੋਂ ਚੁਕਾਇ ਮਿਲੇ ਅਤੇ ਸਤਾਰਾਂ ਸੌ ਰੁਪਯਾ ਹੋਰ ਪੇਸ਼ਗੀ ਮਿਲਿਆ ਤਾਂ ਜੈਰਾਮ ਬਾਬਾ ਨਾਨਕ ਜੀਨੇ ਆਪਣੇ ਘਰ ਆਂਦੇ ਬਾਬਾ ਨਾਨਕ ਜੀ ਰੁਪੱਯੇਲੈਕੇ ਆਪਣੇ ਹੱਟਤੇ ਆਇਬੈਠੇ ਹੋਰਜਿਤਨੇ ਕਾਰਖਾਨਿਆਂਵਾਲੇ ਲੋਕ ਆਹੇ ਸੋਸਭ ਬਾਬੇ ਨਾਨਕ ਜੀਨੂੰ ਆਇਕਰ ਮੁਬਾਰਕਾਂ ਲਗੇ ਦੇਵਨ ਅਤੇ ਵਧਾਈਆਂ ਦੇਵਨ ਲਗੇ ਹਿੰਦੂ ਭੀਅਤੇ ਮੁਸਲਮਾਨਭੀਦੋਵੇਂ ਅਤੇਬਡੇਖੁਸ਼ੀਆਂਮਨਾਵਣਲਗੇਜੋ ਬਾਬਾਨਾਨਕਨੇਮੋਦੀਖਾਨਾ ਨਏਸਿਰੇ ਉਠਾਯਾਹੈ ਅਤੇ ਆਪਸਮੇਂ ਕਹਿਨੇ ਲਗੇ ਕਿ ਹਮਨੇ ਸੁਨਿਆਥਾਜੋਬਾਬਾਨਾਨਕ ਨੇ ਮੋਦੀਖਾਨਾ ਛੋਡਿਆਹੈ ਤਾਂ ਹਮ ਬਹੁਤ ਦਿਲਗੀਰ ਹੋਏਥੇ ਤਾਂ ਗੁਰੂ ਨਾਨਕਜੀ ਸਭਦੀ ਤਰਫ਼ਤਾਜ਼ੀਮਕਰਨਲਗੇ ਤਾਂਬਾਬੇਨਾਨਕਜੀ ਦੀਚਾਲੀਓਹੋਹੀਰਹੀ ਜੋਕੋਈਕੁਛਆਣਕਰ ਮਾਂਗੇ ਸੋਈ ਦੇਂਦੇ ਜਾਵੇਂ ਅਟਕਾਂ ਨਾਹੀਂ ਇਸੀਬਾਤ ਪਰ ਸਭੁ ਕੋਈ ਖੁਸ਼ੀ ਜਾਵੇ ॥੧੪॥

ਆਗੇ ਸਾਖੀ ਗੁਰੂ ਨਾਨਕ ਜੀ ਦੀ ਕੁੜਮਾਈ ਦੀ ਚਲੀ

ਤਾਂ ਸ੍ਰੀਗੁਰੂਨਾਨਕਜੀਦੀ ਉਸਤਤ ਹੋਵੇਹਿੰਦੂਮੁਸਲਮਾਨਕੋਈਆਵੇਸਭਦੀ ਜਾਚਨੀ ਪੂਰੀ ਕਰਨ ਤਾਂ ਇਕਦਿਨ ਮੂਲਾ ਚੋਣਾ ਗੁਰੂ ਨਾਨਕਜੀਨੂੰ ਦੇਖਗਿਆ ਮੂਲਾ ਪੱਖੋਕੇ ਰੰਧਾਵਿਆਂ ਦਾ ਪਟਵਾਰੀ ਸੀ ਘਰ ਵਟਾਲੇ ਵਿਚ ਸਾਨ ਤਾਂ ਮੂਲੇ ਜੈਰਾਮ ਦੇ ਘਰ ਬੇਬੇ ਨਾਨਕੀਦੇ ਪਾਸ ਸ਼ਗਨ ਭੇਜਿਆ ਸੰਮਤ ੧੫੫੦ ਵਿੱਚ ਸਗਾਈਲੈਕੇ ਬ੍ਰਾਹਮਣ ਆਯਾ ਤੇਬੇਬੇ ਬੜੀਪ੍ਰਸੰਨ ਹੋਈ ਲਗੀਆਂ ਵਧਾਈਆਂ ਮਿਲਣ ਤਾਂ ਬੇਬੇ ਜੀ ਸੌ ਗੁਣੀ ਕਰ ਮੰਨੇ ਤਾਂ ਜੈਰਾਮ ਨੇ ਚਿੱਠੀ ਲਿਖੀ ਕੇਸਰ ਛਿਣਕਿਆ ਤੇ ਮਹਿਤੇ ਕਾਲੂ ਨੂੰ ਅਤੇ ਅੰਮਾ ਬੀਬੀ ਨੂੰ ਖਬਰ ਘਲੀ ਅਤੇ ਵਧਾਈ ਦਿਵਾਇ ਭੇਜੀ ਅਤੇ ਸਭ ਪ੍ਰਵਾਰਨੂੰ ਸਦਵਾਇ ਭੇਜਿਆ ਜੋ ਤੁਸੀ ਆਵੋਤਾਂ ਚੌਕੜ ਖਰਚੀਏਤਾਂ ਕਾਲੂਨੇ ਸੁਣਿਆ ਸੁਣਕਰ ਬਹੁਤ ਖੁਸ਼ੀ ਹੋਯਾ ਜੇਹੜਾ ਖਬਰ ਲੈਕੇ ਆਯਾ ਸੀ ਤਿਸਦਾ ਮੂੰਹਖੰਡ ਨਾਲਆਪਣੀ ਹੱਥੀਂ ਭਰਿਆ ਅਤੇ ਅੰਮਾਬੀਬੀਬੜੀਪ੍ਰਸੰਨਹੋਈ ਪ੍ਰਮੇਸ਼ਰ ਦਾ ਬਹੁਤ ਬਹੁਤ ਧੰਨਵਾਦ ਕਰੇ ਅਤੇ ਕਹੇ ਧੰਨ ਓਹ ਨਿਰੰਕਾਰ ਹੈ ਜਿਸਦੀ ਕ੍ਰਿਪਾ ਕਰਕੇ ਏਹ ਨਾਨਕ ਪੁਤ੍ਰ ਮੇਰੇ ਘਰ ਵਿਚ ਹੋਯਾ ਅਤੇ ਫੇਰ ਬਡੀ ਪਿਰਪਾ ਏਹ ਹੈ ਜੋ ਨਾਨਕ ਜੀਦੇ ਸੁਆਰਥਦਾ ਦਿਨ ਹੋਯਾਹੈ ਅਤੇ ਮੈਂ ਬਲਿਹਾਰ ਹਾਂ ਉਸ ਮੂੰਹ ਥੀਂ ਜਿਸ ਮੂੰਹ ਨਾਨਕਜੀ

CC-0. Gurukul Kangri University Haridwar Collection. Digitized by S3 Foundation USA

ਦੀ ਕੁੜਮਾਈਦੀ ਖਬਰਸੁਣੀਹੈ ਅਤੇ ਵਧਾਈਦਿਤੀਹੈ ਰਾਤਨੂੰ ਜਿਤਨਾ ਕਬੀਲਾ ਵੇਦੀਆਂ ਦਾ ਆਹਾ ਸਾਰੇ ਪ੍ਰਵਾਰ ਨੂੰ ਸੱਦਕੇ ਗਾਵਣ ਬੈਠਾਯਾ ਅਤੇ ਸਭੋ ਮਿਲਕੇ ਸ਼ਰੀਕਣੀਆਂ ਏਹੋ ਆਖਣ ਜੋ ਸਾਡੇ ਬੇਦੀਆਂ ਦੇ ਬੰਸ ਵਿਚ ਨਾਨਕ ਭਲਾ ਜੀਉ ਪੈਦੇ ਹੋਯਾ ਹੈ ਸਾਡੀ ਕੁਲ ਦਾ ਸੂਰਜ ਰੌਸ਼ਨ ਹੋਯਾਹੈ ਜੋ ਧਰਮ ਦੀ ਕੁੜਮਾਈ ਹੋਈਹੈ ਅਤੇਸਾਡੀ ਕੁਲ ਨਿਰਮਲ ਕੀਤੀ ਹੈਸ ਅਤੇ ਅੰਮਾਬੀਬੀਨੇ ਆਪਣੇ ਪੇਕਿਆਂਨੂੰ ਮਾਝੇ ਵਧਾਈ ਲਿਖ ਭੇਜੀ ਤਾਂ ਅੰਮਾਬੀਬੀਦਾ ਪਿਉ ਰਾਮਾ ਜਾਤਦਾ ਝੰਗੜ ਗੁਰੂਨਾਨਕਜੀਦੇ ਨਾਨਕੇ ਅਤੇ ਮਹਿਤੇ ਕਾਲੂਦੇ ਸਾਹੁਰੇਤਿਨਾਂ ਦੀਤਰਫ਼ ਖਬਰ ਲਿਖ ਭੇਜੀ ਅਤੇ ਆਖ ਭੇਜਿਆਤੁਸੀ ਤਲਵੰਡੀਆਵੋਤਾਂ ਰਲਕੇ ਸੁਲਤਾਨ ਪੁਰ ਚਲੀਏ ਅਰ ਕਲ ਚੌਕੜ ਖਰਚ ਕਰੀਏ ਤਾਂ ਓਥੋਂ ਨਾਨੀ ਭਿਰਾਈ ਆਈਅਤੇ ਮਾਮਾ ਕਿਸ਼ਨਾ ਅਤੇਨਾਨਾ ਰਾਮਾ ਸਭੋ ਤਲਵੰਡੀ ਆਇ ਪਹੁੰਚੇ ਕਾਲੂਨੂੰ ਮਿਲੇ ਬੜੀਖੁਸ਼ੀਹੋਈਫੇਰ ਤਲਵੰਡੀਓਂ ਅਕੱਠੇ ਹੋਇਕਰ ਚੱਲੇ ਕਾਲੂਤੇ ਲਾਲੂ ਵੇਦੀਅਤੇ ਅੰਮਾਬੀਬੀਅਤੇ ਰਾਮਾ ਅਤੇ ਕਿਸ਼ਨਾ ਝੰਗੜ ਅਤੇ ਨਾਨੀਭਿਰਾਈ ਛੇ ਆਦਮੀ ਤਜਾਰਹੋਏ ਦੋਇਨਫਰ ਰਾਮੇ ਨਾਲ ਅਤੇ ਚਾਰਹੋਰ ਸਭੇ ਬਾਰਾਂਆਦਮੀ ਸੁਲਤਾਨਪੁਰਨੂੰ ਚੱਲੇ ਪਰਰਾਮੇ ਝੰਗੜਨੇ ਬਹੁਤਕੁਛ ਖਰਚ ਕਰਨ ਵਾਸਤੇ ਲੀਤਾ ਜਦ ਦੁਰਨ ਲਗੇ ਤਾਂ ਕਾ ੂ ਰਾਇਬੁਲਾਰ ਪਾਸ ਵਿਦਾ ਹੋਣ ਵਾਸਤੇ ਆਯਾ ਅਰ ਰਾਇਬੁਲਾਰਦੇ ਪਾਸ ਜਾਇ ਖੜਾਹੋਯਾ ਰਾਇਬੁਲਾਰਨੇ ਆਖਿਆ ਕਿਉਂ ਕਾਲੂ ਤਾਂ ਕਾਲੂ ਨੈ ਆਖਿਆ ਰਾਇ ਜੀ ਗੁਰੂ ਨਾਨਕ ਜੀ ਦੀ ਕਹਾਣੀ ਪੱਖੋਕੇ ਰੰਧਾਵੇ ਹੋਈ ਹੈ ਅਤੇ ਅਸੀ ਚੌਕੜ ਖਰਚਨ ਜਾਂਦੇ ਆਹੇਅਸਾਨੂੰ ਰਜਾਇਦੇਵੋ ਤਾਂਅੱਗੋਂ ਰਾਇਬੁਲਾਰਨੇ ਕਹਿਆ ਸੁਣਕਾਲੂ ਅੱਗੇ ਗੁਰੂਨਾਨਕਜੀ ਹਈ ਖਬਰਦਾਰ ਹੋਵੀਂ ਤਾਂ ਕਾਲੂ ਨੇ ਕਹਿਆ ਹੇਰਾਇਜੀ ਮੈਨੂੰ ਵਿਸਵਾਸ ਘਤਿਓਈ ਤਾਂ ਰਾਇਬੁਲਾਰ ਨੇ ਕਹਿਆ ਨਾ ਕਾਲੂ ਮੈਂ ਤੈਨੂੰ ਹੋਰ ਵਾਸਤੇ ਆਖਿਆ ਹੈ ਕਿਉਂ ਜੋ ਓਹ ਅੱਗੇ ਸਾਧ ਹੈ ਮਤ ਕੋਈ ਵਿਗਾੜ ਕਰਦਾ ਹੋਵੇਂ ਤਾਂ ਕਾਲੂ ਨੇ ਆਖਿਆ ਨਾ ਰਾਇਜੀ ਏਹ ਤਾਂ ਮੇਰੀ ਮੁਰਾਦਹੈ ਅਤੇ ਰਾਇਜੀ ਤੁਸੀਪ੍ਰਮੇਸ਼ਰਨੇ ਜੋਗਕੀਤੇ ਹੋ ਸਗੋਂ ਤੁਸੀ ਮਿਹਰਬਾਨਗੀਕਰਕੇ ਆਖੋ ਜੀਤਾਂ ਰਾਇਬੁਲਾਰਨੇ ਕਹਿਆ ਜਾਹਕਾਲੂਤੈਨੂੰ ਮੁਬਾਹਹੈ ਪਰਮੇਸ਼ਰ ਆਪਣੀ ਮਿਹਰ ਕਰੇਗਾ ਅਤੇ ਸਭ ਕੰਮ ਤੇਰੇ ਹੱਛੇ ਹੋਵਨਗੇ ਪਰਮੇਰੇ ਹੁੰਦਾ ਬਹੁਤਬਹੁਤ ਹਿਤ ਕਰਕੇਬਾਬੇ ਨਾਨਕਜੀਦੇ ਕਦਮਾਂ ਤੇ ਹਥ ਲਾਵੇਂ ਬਗਲਵਿਚ ਲੈਕੇ ਮੱਥਾ ਚੁੰਮੇਂ ਅਤੇ ਮੇਰੀ ਤਰਫੋਂ ਦੋਵੇਂ ਹਥ ਜੋੜਕੇ ਬੰਦਗੀ ਆਖੇਂ ਅਤੇ ਜੈਰਾਮ ਨੂੰ ਭੀ ਮੇਰੀ ਬੰਦਗੀਕਹੀਂ ਅਤੇ ਹੁਣਜਾਹ ਤੈਨੂੰ ਸਾਈਂਦੀ ਪਨਾਹ ਹਈ ਤਾਂ ਕਾਲੂ ਰਾਇਬੁਲਾਰ ਪਾਸੋਂ ਵਿਦਿਆਹੋਯਾਅਤੇ ਛਕੜੇਤੇਸਵਾਰਹੋਕਰਸੁਲਤਾਨਪੁਰਨੂੰ ਚਲੇਪੰਜਵੇਂ ਦਿਨਸੁਲਤਾਨਪੁਰ ਆਇ ਪਰਮਾਨੰਦ ਪਲਤੇਦੇ ਘਰ ਆਇ ਵੜੇ ਅੱਗੋਂ ਵਧਾਈਆਂ ਮਿਲਨ ਲਗੀਆਂਤਾਂਗੁਰੂ ਨਾਨਕਜੀਨੂੰ ਖਬਰ ਹੋਈਜੋ ਮਾਤਾਪਿਤਾ ਆਏ ਹੈਨਅਤੇ ਚਾਚਾਲਾਲੂਭੀ ਅਤੇ ਨਾਨਾਰਾਮਾ ਅਤੇ ਮਾਮਾ ਕਿਸ਼ਨਾਅਤੇ ਨਾਨੀ ਭਿਰਾਈਭੀ ਆਈਹੈ ਅਤੇ ਮਰਦਾਨਾ ਦੁਮੇਟਾਭੀ ਆਯਾ ਹੈ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //
TH

ਤਾਂ ਗੁਰੂਨਾਨਕਜੀ ਮੋਦੀਖਾਨੇ ਤੋਂ ਉਠਕਰ ਆਯਾਅਤੇ ਆਂਵਦਿਆਂਹੀਕਾਲੂਦਿਆਂ ਪੈਰਾਂਤੇ ਵਹਿਪਜਾ ਅੱਗੋਂ ਕਾਲੂਨੇ ਬਗ਼ਲਵਿੱਚਲੀਤਾ ਤੇ ਮੱਥਾਚੁਮਜਾ ਤਾਂਗੁਰੂ ਜੀਨੇ ਪੁਛਜਾਪਿਤਾਜੀ ਰਾਇਜੀਤਾਂਰਾਜੀਆਹੇਤਾਂਕਾਲੂਨੇਆਖਜਾਪੁੱਤ੍ਰਭਲਾਯਾਦਵਿਵਾਯਾਹਈਰਾਇਜੀਨੇਤਾਂਤੇਰਾ ਮੱਥਾਚੁੰਮਣਾਂਆਖਜਾਸੀਅਰਅਸਾਨੂੰਵਿਸਰਗਜਾਸੀਤਾਂਕਾਲੂਨੇਰਾਇਬੁਲਾਰਦੇਹੁੰਦਾਨਾਨਕ ਦਾ ਮੱਥਾ ਚੁੰਮਯਾਂ ਅਰ ਸਿਰਤੇ ਹੱਥ ਫੇਰਿਆ ਗੁਰੂਨਾਨਕਜੀ ਅੱਮਾ ਬੀਬੀਦਿਆਂ ਪੈਰਾਂ ਤੇ ਪਿਆਤਾਂ ਫੇਰਚਾਚੇ ਲਾਲੂ ਦਿਆਂਪੈਰਾਂਤੇ ਪਿਆਤਾਂ ਅੱਗੋਂ ਲਾਲੂਨੇ ਸ੍ਰੀਗੁਰੂ ਜੀਨੂੰ ਗਲ ਵਿਚ ਲੀਤਾਅਤੇਆਖਿਓਸ ਹੇਪੁਤ੍ਰਨਾਨਕਤੂੰਅਸਾਡੇਕੁਲਨਿਰਮਲਕੀਤੇਹੈਨ ਪਰਅੱਗੋਂ ਦੀ ਖਬਰ ਪਰਮੇਸ਼ਰਜਾਣੇਪਰਐਥੇ ਤਾਂਨਿਰਮਲ ਕੀਤੇਹੈਨ ਤਾਂਫੇਰਗੁਰੂਨਾਨਕਜੀਨਾਨੇਰਾਮੇਦੇ ਪੈਰਾਂ ਉਤੇ ਮੱਥਾ ਟੇਕਿਆਤਾਂ ਨਾਨੇ ਰਾਮੇਨੇ ਗੁਰੂਨਾਨਕਜੀਨੂੰ ਗਲ ਵਿਚ ਲੀਤਾ ਪਰਗਲਵਿਚੋਂ ਛੱਡੇ ਨਾਹੀਂ ਤਾਂ ਰਾਮਾਂ ਇਧਰਉਧਰਦੇਖੇ ਜੋਮੰਗਤਾਭੀਕੋਈਨਹੀਂਨਾਨੀਭਿਰਾਈ ਨੇਆਖਜਾ ਤੂੰ ਇਸਨੂੰ ਗਲਵਿਚੋਂ ਛਡਤਾਂ ਰਾਮੇਨੇ ਭਿਰਾਈਨੂੰ ਆਖਿਆ ਬੰਦੀ ਪਰਮੇਸ਼ਰਦੀ ਜਾਂ ਮੈਂ ਬੀਸ ਰੁਪਯੇ ਨਾਨਕ ਜੀਦੇ ਸਿਰਤੋਂ ਵਾਰ ਸੁਟਾਂਗਾਤਾਂ ਮੇਰੀ ਸਿਕ ਪੂਰੀ ਹੋਵੇਗੀ ਤਾਂ ਨਾਨੀ ਭਿਰਾਈਨੇ ਆਖਿਆਜੋ ਤੂੰ ਵੀਹਰੁਪਯੇਵਾਰਸੁਟਤਾਂਰਾਮੇਨੇ ਆਖਿਆਕੋਈ ਮੰਗਤਾਭੀ ਲੈਣ ਵਾਲਾਹੋਵੇਤਾਂਨਾਨਕੀਨੇ ਆਖਿਆ ਜਾਹਨੀ ਭੁਲਸਾਂ ਕੋਈ ਮੰਗਤੇ ਹੈਨਤਾਂ ਸੱਦ ਲਿਆਓ ਤਾਂ ਭੁਲਸਾਂ ਦਾਸੀ ਸ਼ਹਿਰਵਿਚੋਂ ਮੰਗਤਿਆਂਨੂੰ ਬੁਲਾਵਨ ਗਈਤਾਂ ਢੂੰਡਕਰਭੁਲਸਾਂ ਮਗਤਿਆਂ ਨੂੰ ਲਿਆਈਤਾਂ ਫੇਰ ਨਾਨਕੀਨੇ ਆਖਿਆ ਨਾਨਾਜੀ ਬੀਸ ਰੁਪਯੇ ਰੋਕ ਵਾਰਹੁਗੇ ਕਿ ਟਕੇ ਮੰਗਾਇਕਰ ਵਾਰਹੁਗੇ ਤਾਂ ਰਾਮੇ ਝੰਗੜਨੇ ਆਖਿਆ ਬੇਟੀਜਿਸਤਰਾਂ ਤੂੰ ਆਖੇਂਗੀਸੋ ਤਿਉਂ ਹੀ ਕਰੀਏਂਗੇ ਤਾਂ ਫੇਰ ਨਾਨਕੀਨੇ ਆਖਿਆ ਨਾਨਾਜੀ ਟਕੇਮੰਗਾਵੋ ਤਾਂਰਾਮੇਨੇਪੁਤ੍ਰ ਕਿਸ਼ਨੇ ਨੂੰ ਆਖਿਆ ਹੇਕਿਸ਼ਨਾ ਵੀਹਾਂ ਰੁਪਯਾਂਦੇ ਟਕੇ ਲੈਆਉ ਤਾਂਭਿਰਾਈਨੇ ਆਖਿਆ ਪੁਤ੍ਰ ਦਸ ਰੁਪਯੇਮੇਰੇਪਾਸੋਂਲੈਕੇਮੇਰੇ ਭੀਟਕੇਲਿਆਉਅਤੇ ਪੰਜਾਰੁਪਯਾਂਦੇਟਕੇਆਪਣੇਂ ਪਾਸੋਂ ਕਿਸ਼ਨਾ ਲੈਆਯਾ ਤਾਂ ਸੱਭੇ ਪੈਂਤੀਸਰੁਪਯੇਦੇ ਟਕੇਆਏ ਕਿਸ਼ਨੇਨੇ ਟਕੇ ਵੀਹਾਂਦੇ ਪਿਤਾਰਾਮੇਨੂੰਦਿੱਤੇ ਅਤੇ ਦਸਾਂਦੇ ਟਕੇ ਅੰਮਾਭਿਰਾਈ ਦੇ ਹੱਥ ਦੇਕੇ ਪੰਜਾਂ ਦੇ ਆਪਣੇ ਪਾਸ ਰਖੇ ਸ਼ਭੋ ਟਕੇ ਵਾਰਾ ਫੇਰਾ ਕੀਤੇ ਵੀਹਾਂਦੇ ਟਕੇ ਰਾਮੇਨੇ ਵਾਰੇ ਅਤੇ ਦਸਾਂਦੇ ਟਕੇ ਨਾਨੀਨੇ ਵਾਰੇ ਅਤੇ ਪੰਜਾਂਦੇ ਟਕੇ ਮਾਮੇ ਕਿਸ਼ਨੇਨੇ ਵਾਰੇਤਾਂ ਸੱਭੋ ਪੈਂਤੀਸ ਰੁਪਯਾਂਦੇ ਟਕੇ ਗੁਰੂ ਨਾਨਕਜੀਦੇ ਸਿਰਦੇਉਤੋਂ ਵਾਰੇ ਸੰਮਤ ੧੫੫੦ ਮਿਤੀ ਮੱਘਰ ਸੁਦੀਪੰਚਮੀ ਵੀਰਵਾਰ ਸੁਲਤਾਨਪੁਰੋਂ ਭਲੇਮਹੂਰਤ ਨਾਲ ਚੱਲੇ ਕੌਣਕੌਣ ਚਲੇ ਕਾਲੂ, ਰਾਮਾ, ਕਿਸ਼ਨਾ, ਪਰਮਾਨੰਦ ਪਲਤਾ ਭੱਈਏ ਜੈਰਾਮਦਾ ਪਿਤਾ ਅਤੇ ਭੱਈਆ ਜੈਰਾਮ ਪਲਤਾ ਅਤੇਹੋਰ ਨਫਰ ਚਾਕਰ ਅਤੇਪਰਮਾਨੰਦਪਲਤੇਨੇ ਅਤੇਜੈਰਾਮ ਨੇ ਨਿਧੇ ਬ੍ਰਹਮਣਨੂੰ ਆਖਕੇ ਪੱਖੋਕੇ ਰੰਧਾਵੇ ਗਰਾਉਂ ਵਿਚ ਭੇਜਿਆ ਅਤੇਪੱਖੋਕੇ ਰੰਧਾਵੇਦਾ ਚੌਧਰੀ ਜਿੱਤਾ ਰੰਧਾਵਾਸੀ ਜਿਸਦਾ ਪਟਵਾਰੀ ਮੂਲਾ ਚੋਣਾ ਹੈਸੀ ਤਿਸਦੇ ਘਰ ਜਾਇਕਰ

CC-0. Gurukul Kangri University Haridwar Collection. Digitized by S3 Foundation USA

ਨਿਧੇ ਬ੍ਰਹਮਣ ਨੇ ਖ਼ਬਰ ਕੀਤੀ ਜੋ ਮਹਿਤਾ ਮੂਲ਼ਾ ਜੀ ਸੁਖੀ ਰਹੋ ਤਾਂ ਅੱਗੋਂ ਮਹਿਤੇ ਮੂਲੇ ਆਖਿਆ ਨਮਸਕਾਰ ਪਾਂਧਾ ਜੀ ਅਤੇ ਫੇਰ ਕਹਿਆ ਪਾਂਧਾ ਜੀ ਆਪਦਾ ਆਵਨ ਕਿਉਂਕਰ ਹੋਯਾਹੈ ਤਾਂ ਨਿਧੇ ਕਹਿਆ ਮੂਲਾ ਜੀ ਮੈਂ ਸੁਲਤਾਨਪੁਰਤੋਂ ਆਯਾ ਹਾਂ ਅਤੇ ਜੈਰਾਮ ਨੇ ਮੈਨੂੰ ਕਹਿਆਹੈ ਜੋ ਪਾਂਧਾ ਮੂਲੇ ਚੋਣੇਨੂੰ ਜਾਇਕਰ ਖਬਰਕਰ ਆਉਜੋ ਮਹਿਤਾਕਾਲੂਲਾਲੂ ਰਾਮਾ ਕਿਸ਼ਨਾ ਜੈਰਾਮ ਆਏ ਹੈਨ ਸੋਮੈਂ ਇਸਵਾਸਤੇਆਯਾਹਾਂ ਤਾਂ ਮੂਲੇਆਖਿਆ ਪਾਂਧਾਜੀ ਆਵਨ ਮੇਰੇ ਸਿਰ ਮਸੱਤਕ ਪਰ ਆਵੋ ਤਾਂ ਐਤਵਾਰ ਦਸਮੀਨੂੰ ਪਹਿਰ ਦਿਨ ਚੜ੍ਹੇ ਪੱਖੋਕੇ ਗਿਰਾਂਇ ਵਿੱਚਜਾਇ ਵੜੇ ਅੱਗੋਂ ਮੂਲੇਨੇ ਸਮਿਆਂਨ ਕਰ ਰਖਿਆਸੀ ਤਾਂ ਜਾਇਪਰਮਾਨੰਦ ਪਲਤੇਨੇ ਆਪਣੀਹੱਥੀਂ ਚੌਕੜ ਖਰਚਿਆ ਅਤੇ ਵਧਾਈ ਦੇਇਕਰ ਲੈਕਰ ਜੋ ਕੁਛ ਰਾਹ ਰੋਂਸਸੀ ਸੋ ਸੱਭੋਹੀ ਕਰਕੇ ਦੋਹਾਂਦੀ ਤਰਫੋਂਬੜੀ ਪ੍ਰਸੰਨਤਾਹੋਈਬੜੀ ਖੁਸ਼ੀਹੋਈਤਾਂ ਕਾਲੂਨੇ ਆਖਿਆ ਭਾਈਆ ਪਰਮਾਨੰਦ ਪਲਤਾ ਜੀਤੁਸੀ ਸਾਹਾਵੀ ਭੱਈਏ ੂਲੇ ਪਾਸੋਂ ਮੰਗੋ ਤਾਂ ਪਰਮਾਨੰਦ ਪਲਤਾ ਮੂਲੇ ਚੋਣੇਨੂੰ ਇਕੰਤ ਲੈ ਬੈਠਾ ਅਤੇ ਸਭ ਸ਼ਰੀਕੀ ਦੀਆਂ ਬਾਰਤਾਂ ਕੀਤੀਆਂ ਗੱਲਾਂ ਕਰਦਿਆਂ ਕਰਦਿਆਂਵਿਚ ਏਹਭੀਗੱਲ ਕਹੀਦੇਖੋਮਹਿਤਾ ਮੂਲਾ ਜੀ ਨੀਂਗਰਭੀ ਜੁਆਨ ਹੈਅਤੇ ਲੜਕੀਵੀ ਸਿਆਣੀ ਹੀਹੈ ਸੋ ਤੁਸੀਸਾਹੇਦੀ ਤਜਾਰੀਭੀ ਅਸਾਨੂੰ ਨਾਲਹੀਕਰਦੇਵੋ ਤਾਂ ਅੱਗੋਂ ਮੂਲੇਨੇ ਜੁਬਾਬ ਦਿੱਤਾ ਭਾਈਆ ਜੀ ਤੁਸੀ ਖਾਤਰਜਮਾ ਰੱਖੋ ਇੱਕਵਾਰੀ ਅਸਾਂਨੂੰ ਮੋਹਲਤ ਦੇਵੋਇੱਕ ਬਰਸਦੀ ਫੇਰ ਅਸੀਤੁਹਾਨੂੰ ਹੱਛਾਸਾਹਾ ਸੁਧਾਇਕਰ ਲਿਖ ਭੇਜਾਂਗੇਤਾਂ ਫੇਰਕਾਲੂ ਲਾਲੂ ਪਰਮਾਨੰਦ ਪਲਤਾ ਅਤੇਜੈਰਾਮ ਸੁਲਤਾਨਪੁਰ ਜਤਪਤ ਨਾਲ ਆਇਵਡੇ ਅਤੇ ਵਧਾਈਆਂ ਮਿਲਣ ਲੱਗੀਆਂ ਤਾਂ ਬੇਬੇ ਨਾਨਕੀ ਨੇ ਸ਼ਰੀਕਨੀਆਂ ਸੱਦਕੇ ਗਾਵਨ ਬਹਾਲੀਆਂ ਤਾਂਚੌਥੇਦਿਨ ਕਾਲੂ ਅਤੇ ਲਾਲੂਤਲਵੰਡੀਨੂੰ ਆਵਣਲੱਗੇ ਤਾਂਮਰਦਾਨੇ ਭੁਮੇਟੇ ਨੇ ਆਖਿਆ ਹੇਨਾਨਕਜੀ ਕੁਛ ਅਪਣੀਵਧਾਈ ਅਸਾਨੂੰਭੀ ਦੇਵਹੁਜੀ ਤਾਂ ਗੁਰੂ ਨਾਨਕਜੀ ਕਹਿਆ ਕਹੁ ਮਰਦਾਨਾ ਕੀ ਲੈਣਾ ਹੈ ਅਸਾਂ ਤਾਂ ਤੇਰੇ ਨਾਲ ਬੜਾ ਕੰਮ ਹੈ ਤਾਂ ਫੇਰ ਮਰਦਾਨੇ ਕਹਿਆ ਗੁਰੂ ਜੀਤੂੰ ਮੈਨੂੰਕਾਈ ਭਲੀਵਸਤ ਦੇਵੋਜੀ ਗੁਰੂ ਨਾਨਕ ਜੀ ਕਹਿਆ ਮਰਦਾਨਾ ਭਲੀ ਵਸਤੂਲੈਂਦਾ ਹੈਂ ਪਰ ਭਲੀ ਵਸਤ ਤੇ ਰੰਜ ਹੋਜਾਸੇਂ ਤਾਂ ਮਰਦਾਨੇ ਕਹਿਆਗੁਰੂਜੀਜੇ ਕਾਈਭਲੀਵਸਤੁਦੇਵੇਂਗਾਤਾਂਮੈਂ ਰੰਜਕਿਉਂਹੋਵਾਂਗਾ ਤਾਂਗੁਰੂਨਾਨਕਜੀ ਆਖਿਆ ਮਰਦਾਨਾ ਤੁਸੀਮਿਰਾਸੀ ਲੋਕੰਹੋ ਅਤੇ ਅਗਲੀ ਗੱਲਤੁਸੀਂ ਜਾਂਣਦੇ ਨਹੀਂਤਾਂਫੇਰ ਮਰਦਾਨੇ ਆਖਿਆ ਜੋ ਹੇਨਾਨਕਜੀ ਕਾਈਭਲੀ ਵਸਤਜਾਣਦੇਹੋ ਤਾਂ ਸੋਈਅਸਾਨੂੰ ਦੇਵਹੁਜੀ ਤਾਂ ਗੁਰੂਨਾਨਕ ਜੀਕਹਜਾ ਮਰਦਾਨਿਆਂਅਸਾਂ ਤੈਨੂੰਤਾਰਦਾਗੁਣਦਿੱਤਾ ਸੋਕਿੱਥੇ ਹਈਸੋਈਅਸਾਨੂੰ ਲੋੜੀਦਾ ਆਹਾਤਾਂ ਮਰਦਾਨੇ ਉਠਕਰ ਤਾਜ਼ੀਮ ਕੀਤੀਅਤੇ ਕਹਿਓਸ ਹੇ ਗੁਰੂਜੀ ਜਿਥੇ ਤੁਧ ਰਖਿਆ ਹੋਵੇਗਾ ਓਥੇਹੀਪਿਆ ਹੋਵੇਗਾ ਤਾਂ ਗੁਰੂਨਾਨਕ ਜੀਨੇ ਅਪਣੇ ਗਲੇਥੀਂ ਚੋਲਣਾ ਮਰਦਾਨੇ ਨੂੰ ਲਾਹਿਦਿੱਤਾ ਤਾਂ ਮਰਦਾਨੇ ਚੋਲਣਾ ਆਪਣੇ ਗਲੇਪਾਇਲਇਆ ਤਾਂਫੇਰਗੁਰੂਨਾਨਕਜੀ

CC-0. Gurukul Kangri University Haridwar Collection. Digitized by S3 Foundation USA

ABHINAV GAUR

ਕਹਿਆ ਮਰਦਾਨਿਆਂ ਤੂੰਇਕ ਅਸਾਡਾਬਚਨਮੰਨਤਾਂਮਰਦਾਨੇਆਖਿਆਫਰਮਾਈਏਗੁਰੂ ਜੀ ਤਾਂ ਫੇਰਗੁਰੂ ਨਾਨਕਜੀ ਨੇ ਆਖਿਆ ਸੁਨ ਮਰਦਾਨਾ ਤੂੰ ਵੇਦੀਆਂ ਦਾ ਮਰਾਸੀ ਹੈਂ ਅਤੇ ਹੋਰਸ ਪਾਸੋਂ ਮੰਗਣਾ ਨਹੀਂ ਤਾਂ ਮਰਦਾਨੇਆਖਿਆ ਗੁਰੂਜੀ ਮੈਂ ਏਹ ਗਲ ਮੰਨੀ ਪਰਜੀ ਤੁਸੀ ਸਾਡੀ ਸਾਰ ਵਿਚ ਰਹੋ ਤਾਂ ਗੁਰੂ ਨਾਨਕਜ ਆਖਿਆ ਮਰਦਾਨਾ ਕਰਤਾਰ ਸਭਨਾਂਦੀ ਸਾਰ ਵਿਚ ਹੈ ਤਾਂ ਮਰਦਾਨੇ ਗੁਰੂ ਜੀ ਦੇ ਅੱਗੇ ਮਥਾ ਟੇਕਿਆ ਤਾਂ ਸਰਬਪਰਵਾਰਘਰਾਂ ਨੂੰ ਵਿਦਿਆ ਹੋਏ ਅਤੇ ਗੁਰੂ ਨਾਨਕਜੀਦੀ ਚਾਲੀ ਓਹਾਹੀ ਰਹੀ ਜੋ ਕਦੀਮ ਦੀ ਆਹੀ ਭਾਵੇਂ ਕੋਈ ਸਾਧ ਸੰਤ ਫਕੀਰ ਆਵੇ ਜੋ ਸੁਆਲ ਆਇ ਕੇ ਕਰੇ ਖਾਲੀ ਕੋਈ ਨਾ ਜਾਵੇ ਅਤੇ ਲੋਕਾਂ ਵਿਚ ਭੀ ਏਹੋ ਗਲ ਮਸ਼ਹੂਰ ਆਨ ਹੋਈ ਜੋ ਨਾਨਕ ਜੈਰਾਮ ਦਾ ਸਾਲਾ ਦੇਖੋ ਅਜ ਕਲ ਕਿਧਰੇ ਨਿਕਲ ਜਾਂਦਾਹੈ ਏਹੋ ਗੱਲਾਂ ਪਈਆਂ ਹੋਵਨ ਜਿੱਥੇ ਕਿਥੇਅਤੇਬੇਬੇ ਨਾਨਕੀ ਨੂੰ ਅਤੇ ਭੁੱਈਏ ਜੈਰਾਮਨੂੰ ਭੀ ਆਨ ਆਨਕੇ ਏਹੋ ਆਖਣ ਕਿ ਸੁਣ ਜੈਰਾਮ ਸਾਨੂੰ ਏਹੀ ਸੁਝਦੀਹੈ ਜੋ ਅਜ ਭੀ ਅਤੇ ਕਲਭੀ ਨਾਨਕ ਨਿਕਲਿਆ ਖੜਾ ਜਾਨ ਅਸੀ ਤੇਰੇ ਮੁਢ ਕਦੀਮ ਦੇ ਮਿੱਤ੍ਰਾਂ ਤਾਂ ਤੈਨੂੰ ਆਖਦੇ ਹਾਂ ਜੋ ਇਸ ਸਾਲੇ ਦੇ ਪਿਛੈਨਵਾਬਦੀਵਲੋਂ ਤੇਰੀ ਪਤ ਰਹੇ ਤੈਨੂੰ ਕੁਛ ਭਰਨਾਂ ਨਾ ਪੈ ਜਾਵੇ ਤਾਂ ਜੈਰਾਮ ਘਰ ਆਇ ਕਰ ਬਾਤਾਂ ਕਰੇ ਦੇਖ ਪਰਮੇਸ਼ਰ ਦੀ ਬੰਦੀ ਲੋਕ ਏਹ ਆਖਦੇ ਹੈਨ ਮੈਂ ਕਿਆ ਕਰਾਂ ਨਾਨਕਦੀਚਾਲੀ ਓਹੋਹੀ ਚਲੀ ਜਾਂਦੀ ਹੈ ਤਾਂ ਨਾਨਕੀ ਆਖੇ ਦੇਖਣਾਂ ਮਹਾਰਾਜਜੀ ਲੋਕਾਂਦੇਕਹੇ ਮਤ ਭਰਮਣਾ ਅਤੇ ਜੈਰਾਮ ਅੰਦਰੋ ਅੰਦਰ ਗਿਨਤੀਆਂ ਖਾਵੇ ਪਰ ਬਾਹਰੋਂ ਸਾਹ ਨਾ ਕੱਢੇ ਤਾਂਇਸੇਤਰਾਂ ਕਿਤਨਾ ਕਚਿਰ ਬੀਤਿਆ ਤਾਂ ਇਕ ਦਿਨ ਗੁਰੂ ਨਾਨਕਜੀ ਆਪੇਹੀ ਜੈਰਾਮ ਨੂੰ ਆਣਕੇ ਆਖਿਆ ਭਈਆ ਜੈਰਾਮ ਜੀ ਸਰਕਾਰਕਾ ਹਿਸਾਬ ਦਿਵਾਈਐਲੇਖਾ ਕੀਤਿਆਂ ਬਹੁਤ ਦਿਨ ਹੋਏ ਹੈਨ ਤਾਂ ਜੈਰਾਮ ਨਵਾਬ ਦੇ ਪਾਸ ਆਯਾ ਅਰਜ਼ ਕੀਤੀਓਸੁ ਨਵਾਬ ਸਾਹਿਬ ਸਲਾਮਤ ਨਾਨਕ ਆਪਦਾ ਮੋਦੀ ਅਰਜ ਕਰਦਾ ਹੈ ਜੋ ਹਿਸਾਬ ਸਰਕਾਰ ਲਵੇ ਤਾਂ ਬਹੁਤਭਲੀਬਾਤ ਹੈ ਤਾਂ ਨਵਾਬਨੇ ਆਖਿਆ ਓਹ ਜੈਰਾਮ ਨਾਨਕ ਕੋ ਬੁਲਾਇਕਰ ਲਿਆਓ ਤਾਂ ਜੈਰਾਮਨੇਨਿਧੇ ਬ੍ਰਾਹਮਣ ਕੋ ਭੇਜਕਰ ਗੁਰੂਨਾਨਕਕੋ ਬੁਲਾਇ ਭੇਜਿਆ ਤਾਂ ਗੁਰੂ ਨਾਨਕ ਜੀ ਵਹੀਆਂ ਲੈਕਰ ਆਏ ਤਾਂ ਜੈਰਾਮ ਭੀ ਅਤੇ ਨਾਨਕ ਜੀ ਭੀ ਨਵਾਬ ਦੀ ਕਚਹਿਰੀਮੇਂ ਆਏ ਬਾਬਾ ਨਾਨਕ ਜੀ ਬੜੇ ਪ੍ਰਸੰਨ ਹੁਏ ਹੁਏ ਆਇ ਨਵਾਬ ਕੋ ਸਲਾਮ ਕੀਤੀ ਅਤੇ ਵਹੀਆਂ ਭੀ ਸਾਥ ਹੀ ਲੈ ਪਹੁੰਚੇ ਤਾਂ ਅੱਗੋਂ ਨਵਾਬ ਨੇ ਕਹਿਆ ਅਰੇ ਮੋਦੀਤੇਰਾਕਿਆਨਾਮ ਹੈ ਤਾਂਗੁਰੂਜੀਕਹਿਆਨਵਾਬਸਲਾਮਤਮੇਰਾ ਨਾਮਨਾਨਕ ਨਿਰੰਕਾਰੀ ਹੈ ਤਾਂ ਨਵਾਬ ਨੇ ਆਖਿਆ ਅਰੇ ਜੈਰਾਮ ਮੈਨੇ ਤੋ ਕੁਛ ਨਹੀਂ ਸਮਝਿਆ ਜੋ ਮੋਦੀ ਨੇ ਕਿਆ ਕਹਿਆ ਤਾਂ ਫੇਰ ਜੈਰਾਮ ਨੇ ਫਾਰਸੀ ਵਿਚ ਨਵਾਬ ਕੋ ਕਿਹਾ ਹੇ ਨਵਾਬ ਜੀ ਜਿਸਕੋ ਆਪ ਬੇਚੂਨਬੇਨਮੂਨ ਔਰ ਸੁਬਾ ਜਿਸਦਾ ਰੰਗ ਰੂਪ ਨਮੂਨਾ ਕੋਈ ਨਹੀਹੈਂ ਉਸ ਕਰਨ ਹਾਰ ਕੀ ਸਿਫਤ ਕਰਨ ਵਾਲਾ ਬੰਦਾ ਹੂੰ ਨਵਾਬ ਏਹ ਸੁਣ ਕਰਕੇ ਹੱਸਿਆ ਅਤੇ ਆਖਿਓਸੁ ਜੈਰਾਮ

CC-0. Gurukul Kangri University Haridwar Collection. Digitized by S3 Foundation USA

ਮੋਦੀ ਕਾ ਵਿਆਹ ਕੀਆ ਹੈ ਕਿ ਨਹੀਂ ਜੈਰਾਮ ਬੋਲਿਆ ਨਵਾਬ ਸਾਹਿਬ ਮੋਦੀ ਕਾ ਬਿਆਹ ਅਬਹੋਨੇ ਵਾਲਾਹ ਅਪਕੀਮਿਹਰਬਾਨੀ ਹੋਂਵੇਗੀਤੋ ਅਬੀ ਵਿਵਾਹ ਹੋਜਾਵੇਗਾ ਤਾਂ ਨਵਾਬ ਨੇ ਹੱਸ ਕਰਕੇ ਹਾਸੀ ਕਰੀ ਸੀ ਜੋ ਮੋਦੀ ਝੁਬਹੀ ਕਹਿਤੇ ਹੈਂ ਮੈਂ ਉਸ ਕਰਨਹਾਰ ਕਾ ਬੰਦਾ ਹੋਂ ਜਿਸਕੋ ਬੇਦ ਪੁਰਾਨ ਕਿਤਾਬ ਕੁਰਾਨ ਨੇਤਨੇਤ ਕਹਿਤੇ ਹੈਂ ਜੋ ਬੇਹਿਸਾਬਹੈਜਿਸਦਾਹਿਸਾਬ ਕੋਈਨਹੀਂ ਪਾਇਆ ਜਾਂਦਾ ਸੋ ਓਹ ਸਬਸਿਫ਼ਤਾਂਕਾਸਾਹਿਬ ਜੋ ਹੈ ਤਿਸਕਾ ਬੰਦਾ ਹੋਂ ਸੋਇਹ ਬਾਤ ਉਤਨਾਛਿਰਸੱਚੀਹੈ ਜਬਤਕਏਹਵਿਆਹਿਆ ਨਹੀਂ ਅਰਜਬਇਸਦੀਔਰਤਇਸਦੇ ਘਰਮੇਂ ਆਵੇਗੀਤਬਸਿਫ਼ਤੀ ਬੰਦਾ ਹੋਗਾ ਕਿ ਨਾ ਹੋਗਾਪਿੱਛੇ ਜਪੀ ਤਪੀ ਰਿਖੀ ਮੁਨੀ ਕਿਤਨੇ ਹੀ ਪੀਰ ਫਕੀਰ ਹੂਏਹੈਂ ਜਬ ਔਰਤੋਂਕੇ ਅੰਗ ਉਨੋਂਨੇ ਦੇਖੇ ਹੈਂ ਤਬ ਉਨਕੀ ਮਤ ਟਿਕਾਨੇ ਨਹੀਂ ਰਹੀ ਅਣਗਿਣਤ ਹੀ ਐਸੇ ਹੂਏਹੈਂ ਤਾਂ ਬਾਬਾ ਨਾਨਕ ਜੀ ਤਿਸਕੋ ਉੱਤਰ ਦੇਤੇਭਏ ਕਿ ਹੇ ਨਵਾਬ ਜੀ ਜਿਨਾਂਦੇ ਮਨਵਿਚ ਪ੍ਰਮੇਸ਼ਰਦਾ ਪ੍ਰੇਮਪੂਰਾਨਹੀਂ ਉਨਕੀਏਹਬਾਤਹੈਅਰ ਜਿਨਾਂਦਾ ਮਨ ਪ੍ਰਮੇਸ਼ਰਨਾਲੋਂ ਕਦੀ ਵਿਥ ਨਹੀਂ ਕਰਦਾਹਰਵਕਤਬੰਦਗੀਮਨਮੇਂ ਪ੍ਰਮੇਸ਼ਰ ਦੀ ਜਿਨਾਂਦੇ ਲਗੀ ਹੋਈ ਹੈ ਪਰਮੇਸ਼ਰ ਨੂੰ ਹਾਜਰਾ ਹਜੂਰ ਜਾਣਦੇ ਹਨ ਕਦੀ ਭਗਵੰਤ ਕੋ ਦੂਰ ਨਹੀਂ ਜਾਣਦੇ ਉਨਾਂਦੇ ਮਨਕੋ ਔਰਤ ਨੇ ਕਿਆ ਕਰਨਾ ਹੈ ਜਿਸ ਔਰਤ ਦੀ ਦੇਹ ਮੇਂ ਲੋਹੂ ਮਿੱਝ ਹਡ ਚਮੜਾ ਮਲ ਮੂਤਰ ਭਰੇ ਹੈਂ ਐਸੀ ਔਰਤਕਾ ਬਲ ਉਨਾਂਉਪਰਨਹੀਂ ਪੜਤਾ ਹੈ ਓਹ ਪਰਮੇਸ਼ਰ ਦੇ ਪਿਆਰੇ ਤਿਸਕੋ ਜਪ ਕੇ ਪਰਮੇਸ਼ਰ ਰੂਪ ਹੋਇ ਜਾਂਦੇ ਹੈਨ ਤਬ ਨਵਾਬ ਨਾਨਕ ਜੀਦੀ ਦ੍ਰਿੜ ਪ੍ਰਤੀਤ ਪਰਮੇਸ਼ਰ ਮੇਂ ਦੇਖਕਰ ਔਰ ਬਾਤ ਕਹਿਨੇਲਗਾ ਤਾਂ ਨਵਾਬਨੇ ਹੱਸਕੇ ਕਹਿਆ ਸੁਨੋ ਨਾਨਕ ਮੈਂ ਬਹੁਤ ਵਾਰੀਸੁਣਿਆ ਹੈ ਜੋਤੂੰਹਮਾਰੇਟਕੇ ਬਹੁਤ ਲੁਟਾਂਵਦਾ ਹੈਂ ਤੂੰ ਮੁਝਕੋ ਜਾਨਦਾ ਨਹੀਂ ਮੈਂ ਦੌਲਤਖਾਂ ਲੋਦੀਹੋਂ ਤਾਂ ਗੁਰੂਨਾਨਕਜੀਕਹਿਆ ਨਵਾਬ ਸਲਾਮਤਲੇਖਾਲੀਜੀਏ ਜੋ ਕੁਛਹਮਾਰਾ ਹਿਸਾਬ ਨਿਕਲੇ ਸੋ ਆਪਕੀ ਖੁਸ਼ੀ ਆਵੇਤੋ ਦੀਜੀਏ ਨਹੀਂ ਨਾ ਦੀਜੀਏ ਝੂਠਾ ਸਚਾ ਅਬੀ ਦੇਖ ਲੀਜੀਏ ਤਾਂਨਵਾਬ ਨੇ ਕਹਿਆ ਅਰੇ ਜੈਰਾਮ ਏਹਮੋਦੀ ਕਿਸ ਰੋਂ ਸਪਰ ਬੋਲਦਾਹੈ ਤਾਂ ਜੈਰਾਮ ਨੇ ਕਹਿਆ ਨਵਾਬਸਲਾਮਤਮੋਦੀ ਸਚਕਹਿੰਦਾ ਹੈ ਮੋਦੀ ਖਤਾ ਵਾਲਾ ਨਹੀਂ ਤਾਂ ਨਵਾਬ ਨੇ ਕਹਿਆ ਜਾਦੋਰਾਇ ਕੋ ਬੁਲਾਵੋ ਤਾਂ ਜਾਦੋ ਰਾਇ ਕੋ ਆਦਮੀ ਬੁਲਾਵਨੇ ਗਿਆ ਤਾਂ ਜਾਦੋਰਾਇ ਨੇ ਆਸਲਾਮ ਕੀਤਾ ਤਾਂ ਨਵਾਬ ਨੇ ਹੁਕਮ ਦੀਆ ਅਰੇਜਾਦੋਰਾਇਨਾਨਕ ਤੁਮਹਿਸਾਬਲੇਵੋਤਾਂ ਜਾਦੋਰਾਇਨੇ ਕਹਿਆਭਲਾ ਨਵਾਬਸਲਾਮਤ ਬਹੁਤਦਿਨਾਂਦਾ ਹਿਸਾਬਹੈ ਦੇਖੀਏ ਕਿਸਦੀਤਰਫਬਹੁਤਕੁਝਨਿਕਲਦਾਹੈ ਆਮਦਨ ਖਰਚ ਦੇਖਲੀਜੀਏ ਬਾਰੰਬਾਰਲੋਕਨਵਾਬਕੋਕਹਿੰਦੇਸ਼ੇਨਾਨਕਮੋਦੀਲੁਟਾਂਵਦਾਹੈ ਅਰਪੈਸੇਫਕੀਰਾਂ ਨੂੰ ਦੇਂਦਾ ਹੈ ਏਹਬਾਤਨਵਾਬਦੀ ਸੁਨਕਰ ਜਾਦੋਰਾਇਦੀਭੀਮਨਭਾਂਵਦੀ ਬਾਤ ਹੋਈ ਕਿ ਨਾਨਕ ਹਮਾਰੇ ਕੋਕਬੀਨਹੀਂ ਕੁਛਦੇਤਾਥਾ ਏਹ ਸੁਨਕੇਜਾਦੋਰਾਇਨੇਕਹਿਆ ਅਰੇ ਨਾਨਕ ਜੋ ਪੈਸੇ ਤੁਮਾਰੀ ਤਰਫ ਨਿਕਸੇਂਗੇ ਤੋ ਉਠਨੇ ਤਬ ਦੇਊਂਗਾ ਜਬ ਤੇਰੇ ਸੇ ਲੈ

CC-0. Gurukul Kangri University Haridwar Collection. Digitized by S3 Foundation USA

ABHINAV GAUR

ਲਊਂਗਾ ਅਰ ਫੇਰ ਮੋਦੀਖਾਨੇ ਪਰ ਬੈਠਨੇ ਭੀ ਨਾ ਪਾਵੇਂਗਾ ਹਮਾਰੇ ਕੋ ਭੂਨੇ ਕਬੀ ਰਿਸ਼ਵਤ ਨਹੀਂ ਦੀ ਫੇਰ ਇਕ ਅਸਥਾਨ ਪਰ ਬੈਠ ਗਏ ਪਾਂਚ ਦਿਨ ਹਿਸਾਬ ਹੋਤਾ ਰਹਿਆ ਕਈ ਅਝਾਵਣੀਆਂ ਜਾਦੋਰਾਇ ਨੇ ਪਾਈਆਂ ਪਰ ਪ੍ਰਮੇਸ਼ਰ ਨਾਲ ਅਤੇ ਸਚ ਨਾਲ ਕੋਈ ਬਾਤ ਪੇਸ਼ ਨਹੀਂ ਜਾਂਦੀ ਪਰ ਜੋ ਰੁਪਯਾ ਨਵਾਬ ਦੇ ਘਰੋਂ ਮਿਲਿਆ ਸੀ ਸੋ ਸਭ ਲਿਖਵਾਇ ਲੀਤਾ ਪੀਛੇ ਜੋ ਰੁਪਯਾ ਨਵਾਬ ਦੇ ਘਰ ਪਹੁੰਚਾ ਸੋ ਭੀ ਲਿਖਾਇ ਦਿਤਾ ਤੌ ਤਿੰਨ ਸੌ ਇੱਕੀ ਰੁਪਏ ਨਾਨਕ ਜੀ ਦੇ ਵਾਧਾ ਨਿਕਲੇ ਤਾਂ ਜਾਦੋਰਾਇ ਸ਼ਰਮਿੰਦਾ ਹੋਕਰ ਬੈਠਗਿਆ ਅਰ ਜੈਰਾਮਨੇ ਨਵਾਬ ਨੂੰ ਕਚੈਹਰੀ ਵਿਚਆਇ ਸਲਾਮ ਕੀਤਾ ਤਾਂ ਨਵਾਬਨੇ ਕਹਜਾ ਕਿਉਂ ਜੈਰਾਮ ਹਿਸਾਬ ਹੁਆ ਹੈ ਤਾਂ ਜੈ ਰਾਂਮ ਨੇਆਖਿਆ ਹੈ ਨਵਾਬ ਸਲਾਮਤ ਤੁਮ ਜਾਦੋਰਾਇ ਕੋ ਬੁਲਾਵੋ ਤਾਂ ਨਵਾਬ ਨੇ ਜਾਦੋਰਾਇ ਕੋ ਬੁਲਾਯਾ ਤਾਂ ਜਾਦੋਰਾਇ ਨੇ ਨਵਾਬ ਕੋ ਸਲਾਮ ਆਇ ਕੀਤਾ ਤਾਂ ਨਵਾਬ ਨੇ ਆਖਿਆ ਜਾਦੋਰਾਇ ਹਿਸਾਬ ਲੀਆ ਹੈ ਤਾਂ ਜਾਦੋਰਾਇ ਨੇ ਕਹਜਾ ਨਵਾਬ ਸਲਾਮਤ ਹਿਸਾਬ ਲੀਆ ਹੈ ਤੌ ਨਵਾਬਨੇ ਪੁਛਿਆ ਅਰੇ ਜਾਦੋਰਾਇ ਕਿਉਂ ਕਰ ਹਿਸਾਬ ਹੁਆ ਹੈ ਤਾਂ ਜਾਦੋਰਾਇ ਬੋਲਿਆ ਨਵਾਬ ਸਲਾਮਤ ਤੀਨ ਸੌ ਇੱਕੀ ਰੁਪਏ ਨਾਨਕ ਕੇ ਜਾਦਾ ਆਪਦੀ ਤਰਫ ਸਰਕਾਰ ਮੋਂ ਆਏ ਹੈਨ ਤਾਂ ਨਵਾਬ ਨੇ ਕਹਿਆ ਅਰੇ ਜਾਦੋਰਾਇ ਹਮਾਰੇ ਯਾ ਉਸਕੇ ਤਾਂ ਜਾਦੋਰਾਇਨੇ ਕਹਿਆ ਨਵਾਬ ਸਲਾਮਤ ਨਾਨਕਦੇ ਸਰਕਾਰ ਨੇ ਦੇਵਨੇ ਹੈਨ ਤਾਂ ਫੇਰ ਨਵਾਬਨੇ ਆਖਜਾ ਅਰੇ ਜਾਦੋਰਾਇ ਤੂੰ ਹਮਾਰੇ ਕੋ ਨਿਤ ਏਹੀ ਕਹਿਤਾ ਥਾ ਜੋ ਨਾਨਕ ਤੁਮਾਰੀ ਹੱਟ ਕੋ ਲੁਟਾਂਵਦਾ ਹੈ ਅਰ ਲੋਕਭੀ ਏਹੀ ਕਹਿੰਦੇ ਸੇ ਜੋ ਨਾਨਕ ਤੁਮਾਰੇ ਪੈਸੇ ਲੁਟਾਂਵਦਾ ਹੈ ਤਾਂ ਜੈਰਾਮਨੇ ਅਰਜ ਕੀਤੀ ਹੇ ਨਵਾਬ ਸਲਾਮਤ ਲੋਕ ਦੁਸ਼ਮਨੀ ਬਹੁਤ ਕਰਦੇ ਹੈਨ ਤਾਂ ਨਵਾਬਨੇ ਕਹਿਆ ਅਰੇ ਭਵਾਨੀਦਾਸ ਖਜਾਨਚੀ ਨਾਨਕ ਕੇ ਪੈਸੇ ਜੋ ਆਂਵਦੇ ਹੈਨ ਸੋ ਅਬੀ ਅਦਾ ਕਰੋ ਅਰ ਤੀਨ ਹਜ਼ਾਰ ਰੁਪਯਾ ਹੋਰ ਦੇਹੋ ਤਾਂ ਭਵਾਨੀਦਾਸ ਨੇ ਤੀਨ ਸੈ ਇੱਕੀ ਰੁਪਏ ਪਿਛਲੇ ਦਿਤੇ ਅਤੇ ਤਿੰਨ ਹਜਾਰ ਰੁਪਯਾ ਗੁਰੂ ਜੀ ਨੂੰ ਹੋਰ ਦਿਤਾ ਤਾਂ ਗੁਰੂ ਨਾਨਕ ਜੀ ਥੈਲੀਆਂ ਲੈਕਰ ਘਰ ਨੂੰ ਆਯਾ ਤਿੰਨ ਸੌ ਇਕੀ ਰੁਪਏ ਹੱਟ ਉਤੇ ਬਾਬਾ ਜੀ ਲੈ ਗਯਾ ਅਤੇ ਤਿੰਨ ਹਜਾਰ ਰੁਪਯਾ ਬੇਬੇ ਨਾਨਕੀ ਪਾਸ ਰਖਜਾ ਤਾਂ ਜੈਰਾਮ ਬਹੁਤ ਹੀ ਖੁਸ਼ੀ ਹੋਯਾ ਅਤੇ ਮੁਬਾਰਕਾਂ ਮਿਲੀਆਂ ਜੈਰਾਮ ਖੁਸ਼ੀ ਖੁਸ਼ੀ ਘਰ ਆ ਏ ਵੜਿਆ ਅੱਗੋਂ ਨਾਨਕੀ ਨੇ ਪੁਛਿਆ ਜੋ ਜੀ ਕਿਉਂ ਕਰ ਹਿਸਾਬ ਹੋਯਾ ਤਾਂ ਜੈਰਾਮਨੇ ਕਹਿਆ ਸੁਣ ਪ੍ਰਮੇਸ਼ਰ ਦੀ ਪਜਾਰੀਏ ਮੈਂ ਤਾਂ ਅਜਬ ਹੈਰਾਨ ਹੋਇ ਰਹਿਆ ਹਾਂ ਅਤੇ ਲੋਕਭੀ ਕਹਿੰਦੇ ਹੈਨ ਜੋ ਨਾਨਕ ਸਰੀਹਣੇ ਪੈਸੇ ਲੁਟਾਂਵਦਾ ਹੈ ਅਤੇ ਜਾਂ ਹਿਸਾਬ ਹੋਂਵਦਾ ਹੈ ਹਥੋਂ ਵਾਧਾ ਹੀ ਨਿਕਲਦਾ ਹੈ ਤਾਂ ਨਾਨਕੀ ਜੀਨੇ ਕਹਿਆ ਜੋ ਜੀ ਅਜ ਕਿਆ ਵਾਧਾ ਨਿਕਲਿਆ ਹੈ ਤਾਂ ਜੈਰਾਮ ਨੇ ਕਹਿਆ ਸੁਨ ਬੰਦੀ ਪ੍ਰਮੇਸ਼ਰ ਦੀ ਤਿੰਨ ਸੌ ਇੱਕੀ ਰੁਪਏ ਅਜ ਖਾਂਦਿਆਂ ਪੀਂਦਿਆਂ ਲੁਟਾਂ-ਵਦਿਆਂ ਵਧ ਨਿਕਲੇ ਹੈਨ ਤਾਂ ਨਾਨਕੀ ਨੇ ਕਹਿਆ ਜੋ ਜੀ ਇਸਪਾਸੋਂ ਰਾਇ ਬੁਲਾਰ ਬਹੁਤ ਵਰਸਾਣਾ ਹੈ ਇਤਨਾ ਹੋਰ ਕੋਈ ਨਹੀਂ ਵਰਸਾਯਾ ਅਤੇ ਨਾ ਵਰਸਾਵੇਗਾ ਤਾਂ ਜੈਰਾਮ ਕਹਿਆ

CC-0. Gurukul Kangri University Haridwar Collection. Digitized by S3 Foundation USA

ਸੁਣ ਪ੍ਰਮੇਸਰ ਦੀ ਪਿਆਰੀ ਰਾਇ ਇਕ ਵਰਸਾਡਾ ਹੈ ਇਸ ਪਾਸੋਂ ਭਾਂ ਬਹੁਤ ਹੀ ਲੋਕ ਵਰਸਾਵੇਂਗੇ ਤਾਂ ਨਾਨਕੀ ਜੈਰਾਮ ਦੇ ਕਹਿਣੇ ਕਰਕੇ ਬਹੁਤ ਹੀ ਖੁਸ਼ੀ ਹੋਈ ॥ ੧੫ ॥

ਅੱਗੇ ਸਾਖੀ ਗੁਰੂ ਨਾਨਕ ਜੀ ਦੇ ਵਿਆਹ ਦੀ ਚਲੀ

ਭਾਂ ਗੁਰੂਨਾਨਕਜੀ ਫੇਰ ਮੋਦੀਖਾਨਾ ਲਗੇ ਕਰਨ ਤਾਂ ਸੰਃ ੧੫੫੧ ਮਿਤੀ ਹਾੜ ਸੁਦੀ ਸਤਮੀਂ ਸਾਹਾਂ ਲਿਖਜਾ ਆਯਾ ਭਾਂ ਬੇਬੇ ਨਾਨਕੀ ਨੇ ਅਪਨੇ ਘਰ ਵਧਾਈ ਕੀਤੀ ਅਤੇ ਤਲਵੰਡੀ ਪਿਤਾ ਕਾਲੂ ਨੂੰ ਅਤੇ ਅੰਮਾਂ ਬੀ ਨੂੰ ਨਿਧੇ ਬ੍ਰਾਹਮਣ ਦੇ ਹੱਥ ਕੁੰਗੂ ਨਾਲ ਛਿੜਕ ਕੇ ਖਤ ਲਿਖ ਭੇਜਿਆ ਅਰ ਪਤਾਸੇ ਤੇ ਪੰਜ ਰੁਪਏ ਰੋਕ ਤਲਵੰਡੀ ਕਾਲੂ ਦੇ ਘਰ ਭੇਜ ਦਿਤੇ ਤਾਂ ਕਾਲੂ ਦੇ ਘਰ ਅਨੰਦ ਮੰਗਲ ਲਗੇ ਹੋਵਣ ਤਾਂ ਕਾਲੂ ਨੇ ਆਪਨੇ ਸਾਹੁਰੇ ਆਦਮੀ ਭੇਜਿਆ ਅਤੇ ਉੱਥੇ ਭੀ ਵਧਾਈ ਹੋਈ ਤਾਂ ਲਗੇ ਭਾਜੀਆਂ ਵੰਡਣ ਤਾਂ ਕਾਲੂ ਰਾਇ ਬੁਲਾਰ ਪਾਸ ਗਿਆ ਤਾਂ ਜਾਇ ਕਰ ਕਹਿਆ ਹੇ ਰਾਇਜੀ ਨਾਨਕ ਤੁਸਾਡੇ ਦਾਸ ਦਾ ਵਿਆਹ ਹੈ ਮੈਂ ਸੁਲਤਾਨਪੁਰ ਜਾਵਾਂ ਸਾਹਾ ਲਿਖਿਆ ਆਯਾ ਹੈ ਏਹ ਬਾਤ ਸੁਨਕਰ ਰਾਇ ਬੁਲਾਰ ਬੜਾ ਤੰਗ ਹੋਯਾ ਰਾਇ ਕੋ ਬੜਾ ਗੁੱਸਾ ਆਯਾ ਅਰ ਕਹਿਆ ਹੇ ਕਾਲੂ ਤੇਰੀ ਮਤ ਨੂੰ ਕੀ ਹੋਯਾ ਤੂੰ ਨਾਨਕ ਨੂੰ ਆਪਨਾ ਪੁਤ੍ਰ ਜਾਣਦਾ ਹੈਂ ਓਹ ਤਾਂ ਸਰਬ ਸੰਸਾਰਦਾ ਮਾਲਕ ਹੈ ਮੈਨੂੰ ਤੂੰ ਆਖਦਾ ਹੈਂ ਤੇਰਾ ਦਾਸ ਹੈ ਓਹ ਦਾਸ ਨਹੀਂ ਓਹ ਤਾਂ ਸਰਬ ਕਾ ਪਾਲਕ ਹੈ ਏਹ ਸੁਨਕਰ ਕਾਲੂ ਨੇ ਕਹਿਆ ਹੇ ਰਾਇ ਜੀ ਬਖਸ਼ੀਏ ਫੇਰ ਏਹ ਬਾਤ ਮੈਂ ਨਹੀਂ ਕਹੋਂਗ ਫੇਰ ਰਾਇ ਨੇ ਕਹਿਆ ਕਿ ਕਾਲੂ ਤੇਰਾ ਸੁਭਾਉ ਬੜਾ ਖੋਟਾ ਹੈ ਬੋਲ ਵਿਗਾੜ ਹੈਂ ਦੇਖੀਂ ਕੁਛ ਬੋਲ ਵਿਗਾੜੀ ਕਰਦੋਂ ਅਤੇ ਮੂਲਾ ਭੀ ਤੇਰਾ ਕੁੜਮ ਓ ਹਭੀ ਬੜਾ ਸਖਤ ਹੈ ਦੋਨੋਂ ਇਕੋ ਜੇਹੇ ਹੋ ਮਤ ਕੋਈ ਕੰਮ ਵਿਗਾੜਦੋਂ ਤਾਂ ਕਾਲੂ ਨੇ ਕਹਿਆ ਰਾਇ ਜੀ ਇਕੋ ਮੇਰਾ ਪੁਤ੍ਰ ਹੈ ਉਸਦਾ ਬਿਵਾਹ ਹੈ ਐਸੇ ਅਨੰਦ ਵਿਚ ਮੈਂ ਕਿਉਂ ਕ ਬੋਲ ਬੋਲਾਂਗਾ ਰਾਇ ਨੇ ਕਹਿਆ ਓਹ ਭੀ ਨਾਨਕਜੀ ਹਈ ਤੇ ਤੂੰ ਕਾਲੂ ਹੈਂ ਤਾਂ ਕਾਲੂ ਨੇ ਕਹਿਆ ਹੇ ਰਾਇ ਜੀ ਤੁਸੀ ਵਡੇ ਹੋ ਅਰ ਵਕਤ ਦੇ ਹਾਕਮ ਹੋ ਅਤੇ ਤੁਸੀ ਏਹ ਬਚਨ ਕਿਸ ਤਰਾਂ ਕਹਾ ਤੁਸੀ ਸ਼ੁਭ ਬਚਨ ਕਹੋ ਪ੍ਰਮੇਸ਼ਰ ਦੇ ਪਿਆਰੇ ਹੋ ਤਾਂ ਰਾਇ ਨੇ ਆਖਿਆ ਭਲਾ ਕਾਲੂ ਜਾਹ ਤੈਨੂੰ ਖੁਦਾਇ ਬਖਸ਼ੇਗਾ ਅਤੇ ਤੇਰੀ ਮੁਰਾਦ ਸਭ ਹਾਸਲ ਹੋਵੇਗੀ ਸੁਲਤਾਨਪੁਰ ਨੂੰ ਜਾਹ ਮੇਰਾ ਨਾਨਕਜੀ ਨੂੰ ਸਲਾਮ ਆਖੀਂ ਅਤੇ ਮੇਰੀ ਤਰਫੋਂ ਨਾਨਕ ਜੀ ਦੇ ਚਰਨਾਂ ਤੇ ਮੱਥਾ ਟੇਕੀਂ ਅਤੇ ਬਗਲ ਵਿਚ ਲਵੀਂ ਤਾਂ ਕਾਲੂ ਰਾਇ ਬੁਲਾਰ ਕੋਲੋਂ ਵਿਦਿਆ ਲੈਕਰ ਚਲਿਆ ਤਾਂ ਸਾਹੇ ਉਪਰ ਕੌਣ ਕੌਣ ਚਲੇ ਕਾਲੂ, ਲਾਲੂ, ਪਰਸਰਾਮ, ਇੰਦਰਸੈਨ, ਫਿਰੰਦਾ, ਜਗਤਮਲ, ਲਾਲਚੰਦ, ਜਗਤਰਾਇ, ਜੱਟਮਲ ਅਤੇ ਹੋਰ ਜਿਤਨੇ ਵੇਦੀ ਆਹੇ ਸੋ ਸਭ ਤਿਆਰ ਹੋਏ ਅਤੇ ਮਾਝਿਓਂ ਰਾਮਾ ਜੀ ਨਾਨਾ ਭੀ ਆਯਾ ਜਾਂ ਹਾੜ ਦੀ ਸੰਕ੍ਰਾਂਤ ਚੜ੍ਹੀ ਤਲਵੰਡੀਓਂ ਚਲੇ ਤਾਂ ਆਏ ਪਰਮਾਨੰਦ ਪਲਤੇ ਦੇ ਘਰ ਵੜੇ ਜਾਂ ਪੰਜ ਦਿਨ ਸਾਹੇ ਵਿਚ ਰਹੇ ਤਾਂ ਵਿਆਹ ਦਾ ਅਰੰਭ ਕੀਤਾ ਅਤੇ ਸੁਲਤਾਨਪੁਰੋਂ ਭਲੇ ਮਾਰਤ ਚਲੇ ਤਾਂ ਜਾਇ ਸਾਹੇ ਉੱਪਰ ਖੜੇ ਹੋਏ ਭਾਈ ਜੈਰਾਮ ਦੇ ਪਿਤਾ ਪਰਮਾਨੰਦ ਪਲਤੇ ਨੇ ਨਿਧੇ ਬ੍ਰਾਹਮਣ ਨੂੰ ਮੂਲੇ ਦੇ

CC-0. Gurukul Kangri University Haridwar Collection. Digitized by S3 Foundation USA

S OF INTERNET ITH // ABHINAV GAUR //

ਘਰ ਭੇਜਿਆਸੀ ਹੇ ਨਿਧਾ ਬ੍ਰਹਮਣ ਜੀ ਤੁਸੀ ਜਾਇਕਰ ਮੂਲੇ ਚੋਣੇ ਨੂੰ ਖਬਰ ਕਰ ਆਓ ਜੋ ਵੇਦੀਆਂਦੀ ਜੰਞ ਬਾਰਮੈਂ ਆਇ ਉਤਰੀ ਹੈ ਸੋ ਤੁਸਾਨੂੰ ਮਾਲੂਮ ਹੋਵੇ ਤਾਂ ਮੂਲੇ ਚੋਣੇਨੂੰ ਨਿਧੇ ਬ੍ਰਾਹਮਣ ਨੇ ਜਾਇਕੇ ਖਬਰਕੀਤੀ ਅਤੇ ਜਾਇਕਰ ਅਸੀਰਬਾਦ ਕਹੀ ਅਤੇ ਆਖਿਓਸ ਹੇ ਜਜਮਾਨ ਜੰਞ ਬਾਰਾਵਿਚ ਆਇਉਤਰੀਹੈ ਤੁਹਾਨੂੰ ਖਬਰਕਰਨਦੇਵਾਸਤੇਭਈਯੇ ਪਰਮਾ-ਨੰਦ ਨੇ ਤੁਹਾਡੇ ਪਾਸ ਭੇਜਿਆਹੈ ਜੋ ਜਾਇਕਰ ਖਬਰ ਮੂਲੇ ਨੂੰਕਰ ਆਓ ਤਾਂ ਪਾਂਧੇ ਨੂੰ ਮੂਲੇ ਆਖਿਆ ਭਲਾਪਾਂਧਾਜੀ ਬਹੁਤ ਭਲਾ ਕੀਤਾ ਤਾਂ ਮੂਲੇ ਨੇ ਉਠਕਰ ਆਪਣੀ ਬਿਰਾਦਰੀਦੇ ਭਿਰਾਉ ਭਾਈ ਇਕੱਠੇ ਜਾਇਕੀਤੇ ਅਜੱਤੇ ਰੰਧਾਵੇ ਪਾਸਭੀ ਜਾਇਕਰ ਕਹਿਆ ਜੋ ਪੱਖੋਕੇ ਗਾਉਂਦਾ ਚਉਧਰੀ ਸੀ ਲਗਾ ਆਖਣ ਚਉਧਰੀ ਜੀ ਵੇਦੀਆਂ ਦੀ ਜੰਞ ਬਾਰਾਵਿਚ ਆਇ ਉਤਰੀ ਹੈ ਆਪ ਚਲੀਏ ਤਾਂ ਹਿਤੇ ਰੰਧਾਵੇ ਅਜੱਤੇ ਦੇ ਪਿਤਾ ਨੇ ਆਖਿਆ ਅਜੱਤਿਆ ਤੂੰ ਮੂਲੇ ਨਾਲ ਜਾਹ ਭਾਈ ਮੇਰਾ ਸਰੀਰ ਬਿਰਧ ਹੈ ਮੈਂ ਜਾਇ ਨਹੀਂ ਸਕਦਾ ਅਤੇ ਜੋ ਮੂਲਾ ਆਖੇਗਾ ਸੋਸੱਭੋਅੱਛੀ ਤਰਹ ਕਰਣੀ ਅਤੇ ਸੁਣ ਮੂਲਾ ਤੇਰੇਨਾਲ ਮੈਂ ਹੀ ਹੋਵਾਂ ਪਰ ਮੇਰੀ ਦੇਹ ਵੱਡੀਹੈ ਤਾਂਮੂਲੇਨੇ ਆਖਿਆ ਭਲਾ ਚਉਧਰੀ ਜੀ ਤੁਸਾਡਾ ਹੁਕਮ ਜੋ ਹੈ ਸੋਤੁਸੀ ਹੀਹੋ ਤਾਂਫੇਰ ਅਜੱਤੇ ਰੰਧਾਵੇਨੇ ਆਖਿਆ ਸੁਣ ਮੂਲਾ ਤੇਰੇ ਘਰ ਭਲੇਲੋਕ ਬੇਦੀ ਢੁੱਕੇ ਹੈਨੀ ਤੂੰਕੁਛ ਸ਼ਰਮ ਰਖੀਂ ਅਤੇ ਉਨਾਂਦੀ ਸ਼ਰਮ ਰਖਣ ਨੂੰ ਲੋਚੀਂ ਅਤੇ ਜੀਭਨੂੰ ਰੋਕ ਦੇਵੀਂ ਅਸਾਡਾ ਆਖਿਆ ਏਹੋ ਹਈ ਅਤੇ ਮੈਂ ਸੁਣਦਾ ਹਾਂ ਜੋਕਾਲੂ ਬੇਦੀ ਭਟੀਆਂ ਦਾ ਪਟਵਾਰੀ ਹੈ ਪਰਓਹ ਪੁਤ੍ਰਨੂੰ ਬੁਰਾ ਹੀ ਬੋਲਦਾ ਹੈ ਅਤੇਤੂੰਭੀ ਜੁਬਾਨਦਾ ਕਉੜਾ ਹੀ ਹੈਂ ਅਤੇ ਪ੍ਰਮਾਨੰਦਾ ਜੀ ਜੋ ਹਨ ਭਲੇ ਆਦਮੀ ਵਿਚ ਆਖਦੇ ਹਨ ਪਰ ਭਲਾ ਤੁਸੀ ਆਪਣੀ ਵੱਲੋਂ ਅਦਬ ਹੀ ਕਰਨਾ ਤਾਂ ਮੂਲੇ ਆਖਿਆ ਭਲਾ ਚੌਧਰੀ ਜੀ ਤੁਸੀ ਅਸਾਡੀ ਪੁਸ਼ਤ ਪਨਾਹ ਹੋ ਇਕ ਪਰਮੇਸ਼ਰ ਦੀ ਓਟ ਹੈਜਾਂ ਤੁਸਾਡੀ ਓਟ ਹੈ ਤਾਂ ਅਜੱਤੇ ਰੰਧਾਵੇ ਆਖਿਆ ਭਲਾ ਮੂਲਾ ਅਸਾਨੂੰ ਤੁਹਾਨੂੰ ਦੋਹਾਂ ਨੂੰ ਸੱਚੇ ਪਰਮੇਸ਼ਰਦੀਹੀ ਓਟ ਹੈ ਤਿਸੇਦਾ ਆਸਰਾਰਖੋ ਅਤੇ ਜਾਇਕਰ ਜੰਞਦਾ ਅਗਾ ਲਵੋ ਤਾਂਭਾਈ ਮੂਲੇ ਨੇ ਨਿਧੇ ਬ੍ਰਹਮਣਨੂੰਅਗੇਤਰਾ ਭੇਜਦਿਤਾ ਅਤੇ ਆਪਸਭ ਪੰਚ ਪਰਮੇਸ਼ਰ ਨਾਲ ਲੈਕੇ ਜੰਞਦਾ ਅੱਗਾਲੈਣੇਵਾਸਤੇਸਿਧਾਰੇ ਅਜੱਤਾਭੀ ਨਾਲੇ ਆਯਾ ਅਤੇਬਦੇਹਰੀ ਦੇ ਸਮਿਆਨਭੀ ਨਾਲੇਹੀ ਲੀਤੇਗਏਆਹੇ ਜੰਞਦਾ ਭਲਾਆਦਰ ਭਾਉਲੀਤਾ ਅਤੇ ਭਲੀਪ੍ਰਕਾਰਵਾਜੇ ਵਜਦੇ ਆਹੇ ਵਡਾਉਤਸਾਹਹੋਇਆ ਗਉਆਂ ਦੇ ਆਵਣਦੇਵੇਲੇ ਜੰਞ ਸ਼ਹਿਰਵਿਚ ਆਈ ਇਕ ਪਾਸੇ ਕਾਲੂਦੂਜੇਪਾਸੇ ਜੈਰਾਮਦਾਪਿਤਾ ਪੈਸੇ ਟਕੇਰੁਪਧੇ ਸੁਟਦੇ ਧਨਕੀ ਬਰਖਾ ਕਰਦੇ ਕਰਦੇ ਡੇਰੇ ਆਏ ਜਹਾਂ ਉਤਾਰਾ ਦੀਆਬਾ ਦੂਲੋਕੋ ਦੇਖਕਰ ਨਰ ਨਾਰੀ ਬੜੇ ਪ੍ਰਸੰਨ ਹੋਏਅਰ ਮੂਲੇਕੇ ਭਾਗੋਂਕੀਸਰਾਹਤਾਕਰਤੇਹੈਂ ਅਠਾਈ ਹਜ਼ਾਰ ਦੇਵਤਿਆਂ ਸਮੇਤ ਇੰਦ੍ਰ ਬ੍ਰਹਮਾਂ ਵਿਸ਼ਨ ਸ਼ਿਵ ਆਪਣੀਆਂ ਸ਼ਕਤੀਆਂ ਨਾਲ ਲੈਕਰ ਬਾਬੇ ਜੀਕਾ ਵਿਵਾਹ ਦੇਖਣ ਆਏ ਅਤੇਲੱਛਮੀ ਜੀ ਪਾਰਬਤੀਜੀਇੰਦ੍ਰਾਣੀ ਬ੍ਰਾਹਮਣੀਹਾਥਮੇਂ ਆਰਤੀਲੈਕਰਹੋਰ ਪੂਜਾਤੇਸਾਮਾਨਲੈਕੇਬਾਬੇਦੇ

CC-0. Gurukul Kangri University Haridwar Collection. Digitized by S3 Foundation USA

ਵਿਆਹਕੇ ਗੀਤਗਾਂਵਦੀਆਂਹੈਂ ਜਬ ਮੂਲੇਕੇ ਘਰ ਢੁਕਾਉ ਹੋਯਾਉਤਸਮੈ ਨਾਨਕ ਨਿਰੰਕਾਰ ਜੀਕੀ ਆਰਤੀ ਕਰੀ ਗੁਰੂ ਨਾਨਕਜੀ ਕਾ ਨਾਮ ਲੈ ਲੈ ਕਰ ਗੀਤਗਾਂਵਦੀਆਂਹੈਂ ਬੇਦਬਿਹਤ ਕਰ ਚੌਕ ਪੂਰਿਆ ਬ੍ਰਹਮਾ ਬੇਦਾਂ ਕਰਕੇ ਲਗਾ ਉਸਤਤਿ ਕਰਨ ਗਣਾਂ ਕੇ ਸਮੇਤ ਸ਼ਿਵਜੀ ਮੁਕਟਲੈਕਰਆਏ ਗਣਗੰਧਰਬ ਸਭ ਮਿਲਕੇ ਮੰਗਲਾਚਾਰਲਗੇ ਗਾਉਣਅਤੇ ਸਨਕਾਦਿਕ ਸੇਹਰੇਲੈਕਰਆਏ ਸਭ ਦੇਵੀ ਦੇਵਤੇ ਤੰਬੋਲ ਦੇਕਰ ਜੈਜੈਕਾਰ ਕਰਨੇਲਗੇਅਤੇ ਨਉਂ ਨਾਥ ਚਉਰਾਸੀ ਸਿੱਧ ਸਭ ਭੇਟਾ ਲੈਕਰ ਆਏ ਹਾੜ ਸ਼ੁਕਲਾ ਪੱਖ ਦੀ ਸਤਮੀ ਕੋ ਅੰਮ੍ਰਿਤ ਵੇਲੇ ਬਾਬੇ ਨਾਨਕ ਜੀਕਾ ਵਿਆਹਹੋਯਾ ਮਾਤਾ ਸੁਲੱਖਨੀ ਜੀ ਕੋ ਇਸ਼ਨਾਨ ਕਰਾਇ ਨਵੀਨ ਬਸਤ੍ਰ ਪਹਿਨਾਇਕਰ ਬੇਦ ਬਿਧੀ ਅਨੁਸਾਰ ਖਾਰਿਆਂ ਪਰ ਬਾਬੇ ਨਾਨਕ ਜੀ ਕੇ ਪਾਸ ਲਿਆਕਰ ਬੈਠਾਯਾ ਅਗਨ ਦੇਵਤਾ ਕੋ ਜਗਾਇਕਰ ਗਣੇਸ਼ ਪੂਜਣ ਕਰਕੇ ਘ੍ਰਿਤ ਕੀ ਆਹੁਤੀ ਪਾਇ ਕਰ ਲਾਵਾਂ ਲੈਤੇਹੈਂ ਅਰ ਬਾਜੰਤ੍ਰ ਬਾਜਤੇ ਹੈਂ ਜੈ ਜੈਕਾਰ ਹੋਇ ਰਹੇ ਹੈਂ ਪੰਜ ਘੜੀਆਂ ਰਾਤ ਰਹਿੰਦੀ ਲਾਵਾਂ ਹੋਈਆਂ ਤਾਂ ਲਾਵਾਂ ਲਗੀਆਂ ਮਿਲਨ ॥ ਰਾਗਸੂਹੀਮਹਲਾ ੧ ਸ੍ਰੀਮੁਖਵਾਕ

ਰਾਮ ਪਹਿਲੜੀ ਲਾਉ ਸਤਿਗੁਰ ਸਤਿਜੁਗ ਸਾਜਿਆ ਬਲਰਾਮ ਜੀਉ ॥ ਤ੍ਰੈਗੁਣ ਬਿਸਥਾਰਅਨਹਦਵਾਜਿਆਬਲਰਾਮਜੀਉ ॥ ਬਜਾਇਆਅਨਹਦਸਮੁੰਦਮਥਿਜਾ ਲਛ ਕਉਲਾ ਨਿਕਲੀ ॥ ਤੇਤੀਸ ਕਰੋੜੀ ਛਡ ਕੈ ਆਇ ਠਾਕੁਰ ਕਉ ਮਿਲੀ ॥ ਵਿਆਹ ਠਾਕੁਰ ਚਰਨ ਲਾਈ ਓੜਭਗਤ ਨਿਬਾਹੀਆ ॥ ਅਰਦਾਸਨਾਨਕ ਲਾਉਂ ਪਹਿਲੀ ਭਲਾ ਸਤਿਜੁਗ ਸਤਿਗੁਰਸਾਜਿਆ ॥ ੧ ॥ ਰਾਮਦੂਸਰੀਲਾਉਂ ਤੇਤਾਜੁਗ ਵਰਤਾਇਆਬਲਰਾਮਜੀਉ॥ਧੰਨਧੰਨ ਸੰਤਪਿਆਰੇ ਜਿਨ ਹਰਿਨਾਮ ਧਿਆਇਆ ਬਲਰਾਮ ਜੀਉ ॥ ਸੰਤ ਜਪਤੇ ਨਾਮ ਹਰਿਕਾ ਮਿਲੇ ਰਾਮ ਪਿਆਰਿਆ ॥ ਗੰਡੀਵ ਧਨਖ ਰਘੁਪਤ ਚੜਾਇਆ ਪਰਸਰਾਮ ਕਾ ਬਲ ਹਾਰਿਆ ॥ ਬਿਆਹਸੀਤਾਗ੍ਰਿਹ ਮਾਹਿਆਣੀ ਓੜਭਗਤਿ ਨਿਬਾਹੀਆ॥ਅਰਦਾਸ ਨਾਨਕ ਲਾਉਂ ਦੂਜੀ ਸੀਤਾਰਾਮ ਬਿਆਹੀਆ॥ ੨ ॥ ਰਾਮਤੀਜੀਲਾਉਂ ਜੁਗਦੁਆਪੁਰਵਰਤਾਇਆਬਲਰਾਮਜੀਉ ॥ ਸਰਬ ਸਖੀਆਂ ਸਹਿਜ ਸੇਤੀ ਰੁਕਮਣੀ ਮੰਗਲ ਗਾਇਆ ਬਲਰਾਮ ਜੀਉ ॥ ਰੁਕਮਣੀਮੰਗਲ ਗਾਇਆ ਸਹਿਜਸੇਤੀ ਸਸਪਾਲਰਾਜਾਮਾਰਿਆਬਲਰਾਮਜੀਉ॥ ਬਚਨ ਪੂਰੇ ਦੋਸ ਧਰਿਆ ਚਕਰ ਸੰਖ ਬਿਦਾਰਿਆ ॥ ਬਿਆਹ ਰੁਕਮਣੀ ਗ੍ਰਿਹ ਮੇਂਆਣੀ ਓੜਭਗਤ ਨਿਬਾਹੀਆ ॥ ਅਰਦਾਸ ਨਾਨਕ ਲਾਉਤੀਜੀ ਰੁਕਮ੍ਣੀ ਕ੍ਰਿਸ਼ਨਜੀ ਵਰ ਪਾਇਆ॥ ੩॥ਰਾਮ ਚੌਥੀ ਲਾਉਂ ਕਰਤੇਕਲਜੁਗ ਪ੍ਰਗਟਾਇਆ ਬਲਰਾਮਜੀਉ॥ਜਿਨਾਂ ਹਰਿਸਿਉ ਪ੍ਰੀਤ ਨਾਹੀਂ ਤੇਸੰਗ ਭਰਮੇ ਮਾਇਆ ਬਲਰਾਮ ਜੀਉ ॥ ਮਾਇਆ ਤ ਲਾਗੇ ਭਰਮ ਜਾਗੇ ਸਗਲ ਵਜਹੁ ਤਿਨ ਘਾਟਿਆ॥ਨਾਮਦਾਨ ਇਸ਼ਨਾਨ ਨਹੀਂ ਕੀਆ ਜਮਕਾ ਪੰਥ ਨ ਕਾਟਿਆ॥ਨਿਹਕਲੰਕੀ ਆਪਹੋਆਛਪਹਿ ਨਾਹਿਛਪਾਇਆ॥ਅਰਦਾਸਨਾਨਕਲਾਉਂ ਚੌਥੀ ਪ੍ਰਭਸਭਨਾਮਾਹਿ ਸਮਾਇਆ॥੪॥

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਅਗੇ ਮੰਗਲ ਰਾਗ ਸੂਹੀ ਵਿਚ ਚਲਿਆ ॥ ਸ੍ਰੀ ਮੁਖਵਾਕ ਮੰਗਲ ॥
ਰਾਮ ਪਹਿਲੜੈ ਮੰਗਲ ਹਰਿ ਹਰਿ ਨਾਮ ਧਿਆਈਐ ॥ ਮੇਰੇ ਮਨਤਨ ਸ੍ਰੀਰੰਗ ਅਗਰ ਚੰਦਨ ਘਸ ਲਾਈਐ ॥ ਅਗਰ ਚੰਦਨ ਘਸ ਲਾਇ ਕਪੂਰ ਕੁੰਗੂਚੋਈਐ ॥ ਰਾਮ ਨਾਮ ਉਚਰੰਤ ਰਸਨਾਂ ਸਦਾ ਹਰਿ ਰਸ ਗੋਈਐ ॥ ਘਸ ਲਗਾਈਐ ਅਗਰ ਚੰਦਨ ਕੁੰਗੂ ਪ੍ਰੇਮ ਪ੍ਰਭ ਕਾ ਪਾਈਐ॥ਕੁਰਬਾਨ ਕੀਤਾ ਗੁਰੂ ਵਿਟੋਂ ਜਿਸ ਏਹਕਾਜ ਰਚਾਈਐ ॥ ੧ ॥ ਰਾਮ ਦੂਜੜੈ ਮੰਗਲ ਕਾਜ ਸੁਹਾਇਆ ॥ ਉਤਸਾਹ ਹੋਯਾ ਸੋਭ ਸੇਤੀ ਫੁਲੀਂ ਮਾਂਗ ਭਰਾਈਆ॥ ਫੁਲੀਂ ਤਾਂਮਾਂਗ ਭਰਾਈਐ ਆਪ ਕਰਤਾ ਪੁਰਖ ਬਿਆਹੁਣ ਆਇਆ ॥ ਸੁਰਨਰ ਗਣ ਗੰਧਰਬਸਭਹੀ ਕੌਤਕਦੇਖ ਬਿਸਮਾਇਆ ॥ ਕੁਰਬਾਨ ਕੀਤਾ ਗੁਰੂ ਵਿਟਹੁ ਜਿਸ ਏਹ ਕਾਜ ਰਚਾਇਆ ॥ ਬਿਨਵੰਤ ਨਾਨਕ ਸੁਣਹੁ ਸੰਤਹੁ ਸਭ ਸਫਲਿਓ ਕਾਜ ਸੁਹਾਇਆ ॥ ੨ ॥ ਰਾਮ ਤੀਜੜੈ ਮੰਗਲ ਪੀੜ ਭਾਜਣ ਲਿਆਈਐ॥ਇੰਦ੍ਰਪੁਰੀਵਿਚਜਨਮਭਾਜਣਸੁਰਗੋਂਜੀਨਮੰਗਾਈਐ ॥ ਗਲ ਸਚ ਰੰਢੀ ਪਾਇ ਭਾਜਣ ਲਗਾਮ ਤੁਰਤ ਕਰਾਈਐ ॥ ਅਜਬ ਸੋਭਾਪਾਇ ਭਾਜਣਠਾਕਰ ਆਪ ਸਜਾਈਐ ॥ ਜਿਤ ਚੜੈ ਸ੍ਰੀ ਰੰਗ ਆਪ ਸੁਆਮੀ ਅਜਬਸੋਭ ਸੋਹਾਈਐ ॥ ਬਿਨਵੰਤ ਨਾਨਕ ਤੀਜੜੈ ਮੰਗਲ ਪੀੜ ਭਾਜਣ ਲਿਆਈਐ ।੩॥
ਰਾਮ ਚੌਥੜੈਮੰਗਲ ਸਤਿਗੁਰੂ ਬਿਆਹੁਣਆਇਆ ॥ ਏਹ ਅਜਬ ਦਰਸਅਪਾਰ ਤੇਰਿਆਂ ਸੰਤਾਂ ਕੇ ਮਨ ਭਾਇਆ ॥ ਤੇਤੀਸ ਕਰੋੜੀ ਸਰਬ ਸੰਗਤ ਨਾਲ ਗਣਪਤ ਆਇਆ ॥ ਸਦ ਬ੍ਰਹਮੇਸਾਰਦਾਦਿਕ ਮੋਤੀਆਂ ਚੌਂਕ ਪੁਰਾਇਆ ॥ ਧਰੋ ਖਾਰੇ ਦੇਹੁ ਫੇਰੇ ਸਤਿਗੁਰੂ ਬਿਆਹਣ ਆਇਆ ॥ ਬਿਨਵੰਤ ਨਾਨਕ ਮੰਗਲ ਚਉਥੇ ਸਰਬ ਕਾਜ ਸੁਹਾਇਆ ॥ ੪ ॥ ਭਾਂ ਗੁਰੂ ਨਾਨਕ ਜੀ ਕਾ ਵਿਆਹ ਹੋਯਾ ਪਰ ਬਡਾ ਰਸ ਰਹਿਆ ਭਾਂ ਬਾਲੇ ਆਖਿਆ ਸੁਣੋ ਗੁਰੂ ਜੀ ਏਹ ਗੱਲ ਮੈਂ ਆਖਦਾ ਹਾਂ ਸੋ ਮੈਂ ਆਪਣੀਅੱਖੀਂ ਡਿੱਠੀਆਖਦਾ ਹਾਂ ਸੁਣੀਆਂ ਾਲਾਂ ਮੈਂਨਹੀਂਆਖਦਾਜੀ ਭਾਂਗੁਰੂਅੰਗਦ ਜੀ ਬਾਜੀਆਂ ਗੱਲਾਂ ਸੁਣਕੇ ਰੰਗਵਿਚ ਬੈਰਾਗਕਰਦਾ ਰਹੇ ਜਾਂ ਲਾਂਵਾਂਦਾ ਵੇਲਾਹੋਇਆਸੀ ਉਸ ਵੇਲੇ ਬਾਬੇ ਨਾਨਕ ਜੀ ਆਖਿਆ ਭਾਈ ਬਾਲਾ ਤੂੰ ਮੇਰੇ ਪਾਸ ਹੀ ਰਹੁ ਭਾਂ ਮੈਂ ਆਖਿਆ ਭਲਾ ਗੁਰੂਜੀਮੈਂ ਤੁਹਾਡੇ ਪਾਸਹੀ ਹਾਂ ਅਤੇ ਸੁਣੋਗੁਰੂ ਜੀ ਜੋਕੁਛ ਗੁਝਾ ਖ਼ਰਚ ਗੁਰੂਨਾਨਕ ਜ਼ੀਦਾ ਆਹਾ ਸੋ ਮੇਰੇ ਪਾਸਹੀ ਆਹਾ ਭਾਂ ਗੁਰੂਨਾਨਕ ਜੀ ਦੇ ਵਿਆਹ ਦਾ ਦੋਨੋਂ ਪਾਸੇ ਭਲਾ ਰਸਰਹਿਆਅਤੇ ਤਿੰਨਦਿਨ ਜੰਞਰਹੀ ਫੇਰ ਚੌਥੇਦਿਨ ਜੰਞਵਿਦਿਆਹੋਈਭਾਂ ਗੁਰੂਨਾਨਕ ਜੀ ਡੋਲੀਲੈਕਰ ਸੁਲਤਾਨਪੁਰ ਆਇ ਵੜੇ ਭਾਂ ਕਾਲੂ ਤੇ ਲਾਲੂਦੋਨਹੁ ਭਾਈਆਖਣ ਲਗੇ ਜੋ ਨੀਂਗਰ ਅਤੇ ਵਹੁਟੀ ਆਪਣੇ ਘਰ ਤਲਵੰਡੀ ਨੂੰ ਚੱਲਨ ਅਤੇ ਨਾਨਕੀਜੀ ਅਰ ਜੈਰਾਮ ਆਖਣਜੋ ਏਥੇਹੀ ਰਹਿਣ ਤਲਵੰਡੀ ਭੇਜੇ ਨਾਹੀਂ ਏਹ ਝਗੜਾ ਕੀਤੋਨੇ ਜਾਂ ਅਗਲਾ ਦਿਨ

CC-0. Gurukul Kangri University Haridwar Collection. Digitized by S3 Foundation USA

ਹੋਯਾਤਾਂ ਪਰਮਾਨੰਦਨੇ ਕਹਿਆ ਸੁਣ ਮੂਲਚੰਦ ਏਹ ਹੁਣ ਪਹਿਲੀ ਵਾਰੀ ਹੈ ਅਤੇ ਨੀਂ ਗਰਦੀ ਮਾਉਂ ਦੀ ਭੀ ਸਿੱਕ ਮੁਰਾਦ ਹੈ ਅਤੇ ਏਹ ਹੁਣ ਆਪਣੇ ਘਰ ਨੂੰ ਜਾਵਣ ਅਰ ਫੇਰ ਆਇ ਕਰ ਇਥੇਹੀ ਰਹਿਣਗੇ ਕਿਉਂ ਜੋ ਕਿਰਤ ਮੋਦੀਖਾਨੇ ਦੀ ਭੀ ਇਥੇ ਹੀ ਹੈ ਇਨਾਂ ਦਾ ਓਥੇ ਰਹਿਣਾ ਕਿਉਂ ਕਰ ਬਣਦਾ ਹੈ ਅਤੇ ਡੋਲੀ ਘਰ ਲੈ ਜਾਨ ਤਾਂ ਗੁਰੂ ਨਾਨਕ ਜੀ ਅਤੇ ਮਾਤਾ ਚੋਣੀ ਦੀ ਡੋਲੀ ਤਲਵੰਡੀ ਨੂੰ ਲੈ ਗਏ ਅਤੇ ਗੁਰੂ ਨਾਨਕ ਜੀ ਭੀ ਤਲਵੰਡੀ ਨੂੰ ਚਲੇ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਭਾਈ ਬਾਲਾ ਅਸਾਂ ਆਂਵਦਿਆਂ ਤੀਕਰ ਤੁਸੀ ਕੰਮ ਚਲਾਵੋ ਤਾਂ ਅਗੋਂ ਬਾਲੇ ਆਖਿਆ ਗੁਰੂਜੀ ਮੈਂ ਤਉ ਜੱਟ ਹਾਂ ਮੈਥੋਂ ਕੰਮ ਮੋਦੀਖਾਨੇ ਦਾ ਕਿਉਂ ਕਰ ਚਲੇਗਾ ਤਾਂ ਗੁਰੂ ਨਾਨਕਜੀ ਕਹਿਆ ਹੇ ਭਾਈ ਬਾਲਾ ਏਹ ਕੰਮ ਕਰਤਾਰ ਚਲਾਵੇਗਾ ਪਰ ਤੁਸੀ ਵਿਚ ਖੜੇ ਰਹੋ ਇਕ ਮਹੀਨੇ ਨੂੰ ਜ਼ਰੂਰ ਅਸੀ ਆਵੀਏਂਗੇ ਤਾਂ ਬਾਲੇ ਆਖਿਆ ਭਲਾ ਗੁਰੂਜੀ ਜੋ ਤੁਹਾਡੀ ਰਜਾਇ ਤਿਉਂ ਹੀ ਕਰਉ ਹੇ ਗੁਰੂਜੀ ਜੋ ਕੁਛ ਤੁਸੀ ਆਖੋਗੇ ਸੋਈ ਮੈਂ ਕਰਉਂਗਾ ਤਾਂ ਗੁਰੂ ਨਾਨਕ ਜੀ ਤਲਵੰਡੀ ਨੂੰ ਗਏ ਤਾਂ ਬਾਲੇ ਆਖਿਆ ਸੁਣੋ ਗੁਰੂ ਜੀ ਓਥੋਂ ਦੀ ਖਬਰ ਮੈਨੂੰ ਕੋਈ ਨਾਹੀਂ ਹੈ ਜੋ ਦੇਖਾਂ ਗੁਰੂ ਨਾਨਕ ਜੀ ਤਲਵੰਡੀ ਵਿਚ ਕਿਆ ਕਿਆ ਚੋਜ ਕੀਤੇ ਹੈਨ ਤਾਂ ਗੁਰੂ ਨਾਨਕ ਜੀ ਇਕ ਮਹੀਨਾਂ ਤਲਵੰਡੀ ਰਹੇ ਮਹੀਨੇ ਪਿਛੋਂ ਸੁਲਤਾਨਪੁਰ ਵਿਚ ਆਇ ਵੜੇ ਤਾਂ ਫੇਰ ਗੁਰੂ ਨਾਨਕ ਜੀ ਭੈਣ ਨਾਨਕੀ ਜੀ ਨੂੰ ਅਤੇ ਜੈਰਾਮ ਨੂੰ ਆਇ ਮਿਲੇ ਅਤੇ ਮਾਤਾ ਚੋਣੀ ਜੀ ਭੀ ਆਇਕਰ ਨਿਨਾਣਦੀ ਪੈਰੀਂ ਪਈ ਤਾਂ ਅਗੋਂ ਬੇਬੇ ਨਾਨਕੀ ਆਖਿਆ ਠੰਢੜੀ ਠਰੀ ਹੋਵੇਂ ਤਾਂ ਅਗਲੇ ਦਿਨ ਗੁਰੂ ਨਾਨਕ ਜੀ ਮੋਦੀਖਾਨੇ ਆਇ ਬੈਠੇ ਅਤੇ ਮਾਤਾ ਚੋਣੀ ਜੀ ਪੇਕੇ ਗਈ ਮੂਲਾ ਆਇਕਰ ਆਪਣੇ ਘਰ ਲੈ ਗਿਆ ਤਾਂ ਗੁਰੂ ਨਾਨਕ ਜੀ ਮੋਦੀਖਾਨੇ ਜਾਇਕਰ ਲੱਗੇ ਕੰਮ ਚਲਾਵਨ ਬਾਬਾ ਨਾਨਕ ਜੀ ਗੱਦੀ ਪਰ ਤੱਕੜੀ ਪਕੜ ਕਰ ਬੈਠੇ ਜੋ ਕੋਈ ਕੁਛ ਆਇਮੰਗੇ ਸੋ ਬਾਬਾਜੀ ਦਿੰਦਾ ਜਾਵੇ ਅਤੇ ਬਾਲਾ ਲਿਆਇਕੇ ਪਕੜਾਂਵੇ ਤਾਂ ਬਾਬਾ ਤੋਲਕਰ ਦਿੰਦਾ ਜਾਵੇ ਜੋ ਚਾਲੀ ਕਦੀਮ ਦੀ ਆਹੀ ਸੋਈ ਬਾਬੇ ਦੀ ਰਹੀ ਲੋਕ ਦੇਖਕਰ ਇਹ ਆਖਨ ਭਾਈ ਮੋਦੀਖਾਨਾ ਨਵਾਬਦਾ ਕਰਦਾਹੈ ਦੌਲਤ ਨਵਾਬਦੀ ਲੁਟਾਂਵਦਾਹੈ ਅਤੇ ਨਵਾਬ ਨੂੰ ਭੀ ਜਾਇਕੇ ਆਖਨ ਤੇਰਾ ਮੋਦੀ ਬਹੁਤ ਫਕੀਰਾਂ ਨੂੰ ਲੁਟਾਂਵਦਾਹੈ ਕੋਈ ਆਖਨ ਇਸ ਦੇ ਪਾਸ ਪਾਰਸ ਹੈ ਪੁੰਨ ਜੋ ਵਸਤ ਹੈ ਸੋਈ ਉਸ ਪੁੰਨ ਦੀ ਏਹ ਦੇਹੀ ਧਾਰ ਬੈਠਾ ਹੈ ਐਸੀਆਂ ਬਾਤਾਂ ਸੁਣ ਕੇ ਕਾਲੂ ਕਿਆ ਆਹਾ ਮੂਲਾ ਇਸ ਥੀਂ ਭੀ ਵਧੀਕ ਮਿਲਆ ਕੋਈ ਕਾਲ ਬੇਬੇ ਨਾਨਕੀ ਜੀ ਦੇ ਘਰ ਵਿਚ ਰਹੇ ਫੇਰ ਬਾਬਾਜੀ ਆਪਣਾ ਘਰ ਬਣਾਇਕੇ ਓਥੇ ਰਹਿਨੇ ਲਗੇ ਤੋ ਜੋ ਸਰਬਰੁਤ ਮੇਂ ਸੁਖਦਾਈ ਆਹਾ ਅਤੇ ਸਭ ਵਸਤੂ ਜੋ ਘਰ ਵਿਚ ਲੋੜੀਦੀ ਆਹੀ ਬਾਬੇ ਜੀ ਨੇ ਸਭ ਮੰਗਾਇ ਰਖੀ ਬਸਤ੍ਰ ਭੂਖਣ ਨਿਤ ਨਵੀਨ ਬਨਾਇਕੇ ਘਰ ਮੈਂ ਦੇਵਨ ਹੋਰ ਸਰਬ ਪ੍ਰਕਾਰ ਦੇ ਸੁਖ ਤਯਾਰ ਕਰਕੇ ਦੇਂਦੇ ਰਹਿਨ ਅਤੇ ਕਬੀਲੇ ਨਾਲ ਮੋਹ ਥੋੜਾ ਕਰਨ ਇਸ ਵਾਸਤੇ ਸੁਲੱਖਣੀ ਜੀ ਜਦੋਂ ਬੇਬੇ ਨਾਨਕੀ ਜੀ ਪਾਸ ਜਾਵੇ ਤਾਂ ਗੁੱਸੇ ਰਹੇ ਬੇਬੇ ਭੀ ਛੋਟੀ ਭਰਜਾਈ ਜਾਨਕੇ ਬਹੁਤ ਦਾਰੀ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //
UTH

ਕ ਸ਼ਾਮਤ ਕਰਦੀ ਰਹੇ ਮਾਤਾ ਚੋਣੀ ਮੂਲੇ ਚੋਣੇਦੀ ਧੀ ਇਸੀਵਾਸਤੇ ਸੁਲੱਖਣੀ ਭੀ ਚੋਣੀ ਭੀ ਨਾਮ ਆਖਦੇ ਹੈਨ ਬੇਬੇ ਨਾਨਕੀ ਨਾਲ ਚੋਣੀ ਛਿੱਥੀ ਹੋਂਦੀ ਰਹੇ ਅਤੇ ਗੁਰੂ ਜੀ ਦੀ ਖੁਸ਼ੀ ਆਵੈ ਤਾਂ ਆਵਨ ਜੇ ਦਿਲ ਨਾ ਕਰੇ ਤਾਂ ਨਾ ਆਵਨ ਆਪਨੇਘਰ ਕਈਦਿਨ ਗੁਜ਼ਰਜਾਵਨ ਘਰ ਵਡਿਆਂ ਅਤੇ ਮਹਾਰਾਜਦਾ ਸਹੁਰਾ ਜਦ ਧੀਨੂੰ ਮਿਲਨ ਆਵੇ ਤਾਂ ਅੱਗੋਂ ਮਾਤਾ ਚੋਣੀ ਆਖੇ ਤੁਸਾਂ ਮੈਨੂੰ ਕਿੱਥੇ ਦਿਤਾ ਹੈ ਓਹ ਘਰ ਨਹੀਂ ਆਂਵਦਾ ਮੇਰੇ ਨਾਲ ਨਹੀਂ ਬੋਲਦਾ ਤਾਂ ਮੂਲਾ ਜੈਰਾਮ ਪਾਸ ਆਇਕਰ ਬਡਾ ਗੁੱਸਾ ਕਰਕੇ ਉੱਚੀ ਬੋਲੇ ਤੇ ਕਹੇ ਤੁਸਾਂ ਮੇਰੀ ਬੇਟੀ ਨੂੰ ਪਾਇ ਬੋੜਿਆ ਅਤੇ ਨਾਨਕਜੀ ਨੂੰ ਆਖੇ ਅਵੇ ਤੂੰ ਕਿਥੇ ਪੈਦੇ ਹੋਯਾ ਹੈਂ ਮੇਰੀ ਜਿੰਦ ਨੂੰ ਲਿਖਿਆ ਲਧਾ ਆਹੋ ਗੁਰੂ ਨਾਨਕਜੀ ਬੋਲੇ ਨਹੀਂ ਅਤੇ ਓਹ ਝਖ ਕੇ ਉਠ ਜਾਵਨ ਮੂਲਾ ਅਤੇ ਮੂਲੇਦੀ ਘਰਨੀ ਚੰਦੋਰਾਣੀ ਮਹੀਨੇ ਮਹੀਨੇ ਆਇਕਰ ਝਸ ਕਰ ਜਾਵਨ ਤਾਂ ਇਕ ਦਿਨ ਚੰਦੋਰਾਣੀ ਬੇਬੇ ਨਾਨਕੀ ਪਾਸ ਆਈ ਆਇਕਰ ਨਾਨਕੀ ਨਾਲ ਲੜਨ ਲਗੀ ਕਿ ਉਂ ਜੀ ਅਜੇਹੀ ਆਂਹ ਕੁਮਤਾਂ ਕਰਨ ਲਗੇ ਹੋ ਤੁਸਾਨੂੰ ਪ੍ਰਮੇਸ਼ਰ ਦਾ ਭਉ ਨਾਹੀਂ ਅਤੇ ਭਰਾਉ ਨੂੰ ਏਹ ਨਹੀਂ ਸਮਝਾਂਵਦੀ ਅਤੇ ਭਰਜਾਈ ਨੂੰ ਨਹੀਂ ਏਕਰ ਗਿਣਦੀ ਅਤੇ ਨਾ ਤੂੰ ਭਰਜਾਈ ਦੀ ਖਬਰ ਲੈਂਦੀ ਂ ਅਤੇ ਨਾ ਭਣਵੱਈਆ ਸਾਲੇ ਨੂੰ ਸਮਝਾਂਵਦਾ ਹੈ ਤੁਸਾਡੇ ਜੀਅ ਵਿਚ ਕਿਆ ਆਯਾ ਹੈ ਸੋ ਤੁਸੀ ਆਖੋ ਤਾਂ ਬੇਬੇ ਨਾਨਕੀ ਨੇ ਆਖਯਾ ਸੁਣ ਮਾਸੀ ਮੈਂ ਜੋ ਤਿਰਾਉ ਨੂੰ ਸਮਝਾਵਾਂ ਸੋ ਕਿਆ ਸਮਝਾਵਾਂ ਤਿਰਾਉ ਮੇਰਾ ਚੋਰੀ ਨਾਹੀਂ ਕਰਦਾ ਜੁਆਰੀਆ ਨਾਹੀਂ ਯਾਰੀ ਨਾਹੀਂ ਕਰਦਾ ਹੋਰ ਕੋਈ ਬੁਰਾ ਕੰਮ ਭੀ ਨਹੀਂ ਕਰਦਾ ਜਿਸ ਕੰਮ ਥੀਂ ਉਸਨੂੰ ਸਮਝਾਵਾਂ ਅਤੇ ਆਪਣੀ ਕਮਾਈ ਵਿਚੋਂ ਨੰਗੇ ਭੁਖੇ ਨੂੰ ਵੰਡਖਾਂਵਦਾ ਹੈ ਦਾਨ ਪੁੰਨ ਕਰਦਾ ਹੈ ਸੋ ਇਨਾਂ ਕੰਮਾਥੀਂ ਵਰਜਣਾ ਭਲਾ ਨਾਹੀਂ ਅਤੇ ਮਾਸੀ ਜੀ ਤੁਸੀ ਉਲਾਮੇ ਤਦ ਦੇਵਹੁ ਜੋ ਤੁਹਾਡੀ ਧੀ ਅਨੰਗੀ ਭੁਖੀ ਰਹਿੰਦੀ ਹੋਵੇ ਕਪੜਾ ਗਹਿਣਾ ਅਤੇ ਚੰਗਾ ਖਾਵਣਾ ਸੋ ਨਿਤ ਨਵਾਂ ਤੇਰੀ ਬੇਟੀ ਨੂੰ ਬਣਦਾ ਰਹਿੰਦਾ ਹੈ ਚੰਗਿਆਂ ਭਲਿਆਂ ਖਾਂਦਿਆਂ ਪੀਂਦਿਆਂ ਅਸਾਨੂੰ ਖੁਆਰ ਕਰੋ ਤਾਂ ਤੁਸੀ ਜਾਣੋ ਅਸਾਡਾ ਮੂੰਹ ਸੁਆਦ ਨਹੀਂ ਦੇਂਦਾ ਜੋ ਇਸ ਮੂੰਹ ਅਸੀ ਤੁਸਾਨੂੰ ਕੁਛ ਆਖੀਏ ਗਹਿਣੇ ਦੀ ਜਗਾ ਗਹਿਣਾ ਅਤੇ ਰੋਟੀ ਕਪੜੇ ਦੀ ਪਰਵਾਹ ਕੁਛ ਨਹੀਂ ਅਤੇ ਮੈਂ ਅਸਤ ਪਈ ਕਰਦੀ ਹਾਂ ਭਾਬੀ ਬਿਨਾ ਮੈਂ ਹੋਰ ਇਸਨੂੰ ਮੂੰਹੋਂ ਕਦੀ ਸੱਦਿਆ ਨਹੀਂ ਅਤੇ ਤੁਸੀ ਅਸਾਨੂੰ ਅਤੇ ਖੱਤ੍ਰੀ ਦੇ ਪੁਤ੍ਰ ਨੂੰ ਅਨਹੱਕ ਬੇਨਹਕ ਖੁਆਰ ਕਰੋ ਤਾਂ ਸਾਡਾ ਕਿਆ ਵਸ ਹੈ ਅੱਗੇ ਤੁਸੀ ਜਾਣੋ ਤੁਹਾਡੀ ਖੁਸ਼ੀ ਅਸੀ ਤਾਂ ਤੁਹਾਨੂੰ ਕੁਛ ਨਹੀਂ ਆਖਦੇ ਇਤਨੀਆਂ ਬਾਤਾਂ ਸੁਣਕਰ ਚੰਦੋਰਾਣੀ ਚੁਪ ਕਰਕੇ ਸ਼ਰਮਿੰਦੀ ਹੋਇਕੇ ਉਠ ਗਈ ਤਾਂ ਚੰਦੋ ਰਾਣੀ ਧੀ ਪਾਸ ਆਈ ਆਇਕੇ ਆਖਿਓਸ ਸੁਣ ਬੇਟੀ ਸੁਲੱਖਣੀ ਤੇਰੀ ਨਿਨਾਣ ਨੇ ਤਾਂ ਮੈਨੂੰ ਹਥੋਂ ਸ਼ਰਮਿੰਦਿਆਂ ਕਰ ਛਡਿਆ ਹੈ ਅਤੇ ਮੈਨੂੰ ਜਵਾਬ ਕੋਈ ਭੀ ਨਹੀਂ ਆਯਾ ਅਤੇ ਸੁਣ ਬੇਟੀ ਸੁਲੱਖਣੀ ਤੂੰ ਭੀ ਕੁਛ ਨਿਵ ਚਲਿਆ ਕਰ ਤਾਂ ਅਗੇ ਤੇ ਸੁਲੱਖਣੀ ਆਖਿਆ ਮਾਂ ਜੀ ਮੈਂ ਕੁਛ ਨੰਗੀ ਭੁਖੀ ਤਾਂ ਨਹੀਂ ਰਹਿੰਦੀ ਅਤੇ ਖਾਵਣ ਪੀਵਣ ਨੂੰ ਤਾਂ ਸਭੋ ਕੁਛ ਹੈ ਅਤੇ ਗਹਿਣੇ ਕਪੜੇ ਭੀ

CC-0. Gurukul Kangri University Haridwar Collection. Digitized by S3 Foundation USA

ਬਹੁਤ ਹੈਨ ਤਾਂ ਚੰਦੋ ਆਖਿਆ ਬੇਟੀ ਖਾਵਨ ਪੀਵਣਨੂੰ ਸਭੋ ਕੁਛ ਹੈ ਤਾਂ ਤੂੰ ਉਸ ਖੱਤ੍ਰੀ ਦੇ ਪੁਤ੍ਰ ਨੂੰ ਕਿਉਂ ਖੁਆਰ ਕਰਦੀ ਹੈਂ ਤਾਂ ਅੱਗੋਂ ਮਾਤਾ ਚੋਣੀ ਕਹਿਆ ਅੰਮਾਂਜੀ ਮੈਂ ਕਿਆ ਕਰਾਂ ਮੈਨੂੰ ਮੂੰਹ ਨਾਹੀਂ ਲਾਂਵਦਾ ਅਤੇ ਸਿੱਧੇ ਮੂੰਹ ਬੋਲਦਾ ਭੀ ਨਹੀਂ ਅਰ ਮੈਂ ਕਿਸ ਅਗੇ ਆਖਾਂ ਇਤਨਾ ਸੁਣਕਰ ਚੰਦੋਰਾਣੀ ਬੇਬੇ ਨਾਨਕੀ ਪਾਸ ਫੇਰ ਆਈ ਅਤੇ ਆਖਿਕਰ ਆਖਣ ਲੱਗੀ ਸੁਣ ਬੇਟੀ ਤੇਰੀ ਭਰਜਾਈ ਕਹਿੰਦੀ ਹੈ ਸੁਣੋ ਅੰਮਾਂ ਮੈਂ ਕੁਛ ਨੰਗੀ ਭੁਖੀ ਨਹੀਂ ਰਹਿੰਦੀ ਗਹਿਣੇ ਕਪੜੇ ਬਹੁਤ ਹੈਨ ਪਰ ਮੇਰੇ ਨਾਲ ਸਿੱਧੇ ਮੂੰਹ ਬੋਲਦਾ ਨਹੀਂ ਪਹਿਲੇ ਤਾਂ ਘਰ ਆਵਣਾ ਹੀ ਮੁਸ਼ਕਲ ਹੈ ਜੇ ਆਧਾ ਮਹੀਨੇ ਦੋ ਮਹੀਨੇ ਪਿਛੋਂ ਤਾਂ ਬੋਲਦਾ ਨਹੀਂ ਬੇਬੇ ਨਾਨਕੀ ਆਖਿਆ ਨੋ ਮਾਸੀ ਜੀ ਭਾਬੀ ਦੀ ਤਰਾਂ ਭੀ ਬੁਰੀ ਕਰੜੀ ਹੈ ਮੈਂ ਕਈ ਵਾਰ ਸੱਦ ਘਲਦੀ ਹਾਂ ਤਾਂ ਆਂਵਦੀ ਨਹੀਂ ਜੇ ਕਦੀ ਆਂਵਦੀ ਹੈ ਤਾਂ ਕੇਹੀ ਜੇਹੀ ਆਂਵਦੀ ਹੈ ਜੋ ਲੋਹੀ ਲਾਖੀ ਹੋਇਕੇ ਆਂਵਦੀ ਹੈ ਤਾਂ ਮੈਂ ਏਹ ਜੀ ਵਿੱਚ ਆਖਦੀ ਹਾਂ ਜੋ ਏਹ ਮੇਥੀਂ ਛੋਟੀ ਭਰਜਾਈ ਹੈ ਜਿਸ ਤਰਾਂ ਏਹ ਰਾਜੀ ਰਹੇ ਓਸੇ ਤਰਾਂ ਹੀ ਸਹੀ ਕਿਉਂ ਜੋ ਅਸਾਂ ਗੋਦੀ ਪਾਇਆਂ ਦੀ ਹੈ ਅਤੇ ਭਲੇ ਖੱਤ੍ਰੀਆਂ ਦੀ ਧੀ ਹੈ ਭਲਾ ਏਹ ਆਪ ਹੀ ਸਿਆਣੀ ਹੋਇ ਜਾਵੇਗੀ ਏਹ ਸਮਝ ਕੇ ਮੈਂ ਅਸਤ ਅਸਤ ਭਾਬੀ ਜੀ ਭਾਬੀ ਜੀ ਪਈ ਆਖਨੀ ਹਾਂ ਮੂੰਹ ਵੱਲ ਦੇਖਦੀ ਰਹਿੰਦੀ ਹਾਂ ਇਸ ਦਾ ਸੁਭਾਉ ਡਾਢਾ ਹੈ ਏਹ ਗਲ ਸੁਣਕੇ ਚੰਦੋਰਾਣੀ ਨੇ ਆਖਿਆ ਹੈ ਬੱਚੀ ਨਾਨਕੀ ਘਰ ਵਿੱਚ ਕਮੀਂ ਤਾਂ ਕਿਸੇ ਗੱਲ ਦੀ ਨਾਹੀਂ ਪਰ ਤੂੰ ਆਪ ਸਿਆਣੀ ਹੈਂ ਤੀਮਤਾਂ ਨੂੰ ਦਿਲਾਸਾ ਲਹੁਤ ਲੋੜੀਦਾ ਹੈ ਬੇਬੇ ਨਾਨਕੀ ਕਹਿਆ ਭਲਾ ਮਾਸੀ ਜੀ ਤੂੰ ਭੀ ਸੱਚੀ ਹੈਂ ਪ੍ਰਮੇਸ਼ਰ ਭਲੀ ਕਰਸੀ ਪਰ ਤੂੰ ਭੀ ਧੀਅ ਦਾ ਦਿਲਾਸਾ ਹੀ ਕਰ ਅਤੇ ਸਮਝਾਉ ਭੀ ਇਸ ਦਾ ਸੁਭਾਉ ਐਸਾ ਸਖਤ ਨ ਲੋੜੀਏ ਘਰ ਆਏ ਮਰਦ ਨੂੰ ਹਸ ਕਰ ਬਾਤ ਨਹੀਂ ਕਰੀਦੀ ਤਾਂ ਮਰਦ ਦਾ ਚਿਤ ਖੁਸ਼ੀ ਨਹੀਂ ਹੁੰਦਾ ਅਰ ਮਾਸੀ ਜੀ ਤੂੰ ਜਾਣਦੀ ਹੋਵੇਂਗੀ ਜੋ ਏਹ ਭਿਰਾਉ ਦੀ ਰਖਣੀ ਕਰਦੀ ਹੋਵੇਗੀ ਪਰ ਮੈਂ ਤਾਂ ਨਾਨਕ ਜੀ ਨੂੰ ਪ੍ਰਮੇਸ਼ਰ ਹੀ ਕਰ ਜਾਣਦੀ ਹਾਂ ਤੂੰ ਸਤ ਪ੍ਰਤੀਤ ਕਰ ਇਸ ਗੱਲ ਵਿੱਚ ਫੇਰ ਕੋਈ ਨਹੀਂ ਪਰ ਭਲਾ ਮਾਸੀ ਜੀ ਹੁਣ ਤਾਂ ਤੁਸੀ ਜਾਹੋ ਅਤੇ ਪ੍ਰਮੇਸ਼ਰ ਭਾਵੇਗਾ ਤਾਂ ਮੈਂ ਭਾਬੀ ਨੂੰ ਦਿਲਾਸਾ ਦਿਵਾਂਵਾਂਗੀ ਚੰਦੋਰਾਣੀ ਆਪਣੇ ਘਰ ਨੂੰ ਗਈ ਤਾਂ ਇਕ ਦਿਨ ਗੁਰੂ ਨਾਨਕ ਜੀ ਜੈਰਾਮ ਨੂੰ ਮਿਲਣ ਆਏ ਸੀ ਅਤੇ ਬੇਬੇ ਨਾਨਕੀ ਨੂੰ ਆਇ ਮਿਲੇ ਤਾਂ ਬੇਬੇ ਨਾਨਕੀ ਅਗੋਂ ਉਠ ਖੜੋਤੀ ਬੜਾ ਆਦਰ ਕੀਤਾ ਅ ਬੇਬੇ ਜੀ ਨੇ ਆਖਿਆ ਹੇ ਭਾਈ ਜੀ ਅੱਜ ਮੇਰੇ ਉਪਰ ਪ੍ਰਮੇਸ਼ਰ ਬਹੁਤ ਹੀ ਮਿਹਰਵਾਨ ਹੋਯਾ ਹੈ ਜੋ ਤੁਸਾਂ ਮੈਨੂੰ ਦਰਸ਼ਨ ਦਿਤਾ ਹੈ ਤਾਂ ਗੁਰੂ ਜੀ ਆਖਿਆ ਬੇਬੇ ਜੀ ਮੈਂ ਤਾਂ ਤੁਹਾਡਾ ਗੁਲਾਮ ਹਾਂ ਤਾਂ ਬੇਬੇ ਨਾਨਕੀ ਆਖਿਆ ਭਾਈ ਜੀ ਏਹ ਗੱਲ ਤੂੰ ਮੇਰੇ ਤਾਈਂ ਮਤ ਆਖਿਆ ਕਰੋ ਜੀ ਤਾਂ ਗੁਰੂ ਨਾਨਕ ਜੀ ਕਹਿਆ ਬੇਬੇ ਜੀ ਤੂੰ ਵੱਡੀ ਹੈਂ ਤਾਂ ਬੇਬੇ ਨਾਨਕੀ ਨੇ ਕਹਿਆ ਭਾਈ ਜੀ ਦਿਨਾਂ ਵਿੱਚ ਤਾਂ ਵੱਡੀ ਹਾਂ ਪਰ ਜੀ ਕਰਮਾਂ ਵਿਚ ਤਾਂ ਵੱਡੀ ਨਾਹੀਂ ਅਰ ਭਾਈ ਜੀ ਵਡਾ ਸੋਈ ਹੈ ਜੋ ਕਰਮਾਂ ਵਿਚ ਵੱਡਾ ਹੋਵੇ ਤਾਂ ਗੁਰੂ ਨਾਨਕ ਜੀ ਕਹਿਆ ਬੇਬੇ ਜੀ ਏਹ ਬਾਤ ਪ੍ਰਮੇਸ਼ਰ ਨੇ ਤੁਧੇ ਨੂੰ ਬੁਝਾਈ ਹੈ ਅਰ ਪ੍ਰਮੇਸ਼ਰ ਤੇਰੇ

CC-0. Gurukul Kangri University Haridwar Collection. Digitized by S3 Foundation USA

OF INTERNET
ABHINAV GAUR

ਉਪਰ ਮਿਹਰਵਾਨ ਹੈ ਤਾਂ ਬੇਬੇ ਨਾਨਕੀ ਆਖਿਆ ਸੁਣੋ ਭਾਈ ਜੀ ਪਰਮੇਸ਼ਰ ਮੇਰੇ ਉਤੇ ਮਿਹਰਵਾਨ ਤਾਂ ਜਾਣਾਂਗੀ ਜੋ ਤੂੰ ਮੇਰਾ ਆਖਿਆ ਮੰਨੇਂ ਤਾਂ ਗੁਰੂ ਨਾਨਕ ਜੀ ਖੁਸ਼ੀ ਹੋਇ ਕੇ ਕਹਿਆ ਆਖੋ ਬੇਬੇ ਜੀ ਜੋ ਕੁਛ ਤੂੰ ਆਖੇਂਗੀ ਸੋ ਮੈਂ ਮੰਨਾਂਗਾ ਤੂੰ ਮੇਰੀ ਵੱਡੀ ਭੈਣ ਹੈਂ ਅਤੇ ਤੇਰਾ ਮੇਰਾ ਪਿਛਲੇ ਜਨਮ ਵਿੱਚ ਭੀ ਭੈਣਭਿਰਾਉਦਾ ਸਨਬੰਧ ਹੋਂਦਾ ਹੀਆਯਾ ਹੈ.ਅਰ ਤੂੰ ਹਮਾਰੀ ਬਹੁਤ ਸੇਵਾ ਕੀਤੀਆਹੀ ਸੋਤੇਰਾ ਭਾਰ ਅਸਾਡੇ ਸਿਰਉਤੇ ਹੈ ਅਰ ਜੋ ਤੂੰ ਆਖੇਂਗੀ ਸੋਈ ਮੰਨਾਂਗਾ ਤਾਂ ਬੇਬੇਨਾਨਕੀਨੇ ਆਖਿਆ ਭਾਈਜੀ ਅਸੀ ਬਹੁਤ ਸ਼ਰਮਿੰਦੇਹੋਂਦੇ ਆਹੇਜੋ ਤੂੰ ਭਾਬੀ ਨੂੰ ਦਿਲਾਸਾ ਨਹੀਂ ਦੇਂਦਾ ਅਤੇ ਤੀਮਤਾਂ ਦਾ ਦਿਲਾਸਾ ਨਾਹੀਂ ਹੋਂਦਾ ਤਾਂ ਬਹੁਤ ਸ਼ਰਮਿੰਦਿਆਂ ਹੋਵੀਦਾ ਹੈ ਅਰ ਤੂੰਤਾਂ ਸਾਧੂਹੈਂ ਸੋਤੂੰ ਆਪਣੇ ਜੀਅਵਿਚਾਰ ਕਰਦੇਖ ਤਾਂਗੁਰੂ ਨਾਨਕ ਜੀ ਆਖਿਆ ਬੇਬੇਜੀ ਕਿੱਸੇਗੱਲੋਂ ਵਿਰਵੀ ਰਹਿੰਦੀ ਹੈ ਤਾਂਬੇਬੇਨਾਨਕੀਨੇਆਖਿਆ ਜੋ ਭਾਈ ਜੀ ਵਿਰਵੀ ਕਿਉਂ ਰਹੇ ਜੋ ਸਭ ਕੁਛ ਪਰਮੇਸ਼ਰ ਦਾ ਦਿੱਤਾ ਹੋਯਾ ਹਾਜ਼ਰ ਹੈ ਪਰ ਇਕ ਮੂੰਹ ਦਾ ਦਿਲਾਸਾ ਸਭਨਾਂ ਗੱਲਾਂ ਥੋਂ ਤੀਮਤਾਂ ਦੀ ਜਾਤ ਨੂੰ ਵਡਾ ਹੈ ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਆਖਿਆ ਸੁਣ ਬੇਬੇ ਜੀ ਤੂੰ ਇਸ ਗੱਲ ਦਾ ਮਨ ਤੇ ਸੰਤੋਖ ਕਰ ਅਤੇ ਜੋ ਕੁਛ ਤੂੰ ਆਖੇਂਗੀ ਸੋਈ ਮੈਂਕਰਾਂਗਾ ਹੁਣ ਤੂੰ ਏਹ ਗੱਲ ਛੱਡਦੇਹ ਅਤੇ ਕਾਈ ਹੋਰ ਗੱਲ ਕਰ ਤਾਂ ਬੇਬੇ ਨਾਨਕੀ ਜੀਨੇ ਆਖਿਆ ਸੁਣੋ ਭਾਈਜੀ ਮੇਰੇਮਨਤਾਂਏਹਗੱਲਹੈਜੋਤੇਰੀਔਲਾਦਦੇਖਾਂ ਅਤੇ ਅਪਣੇ ਕੁੱਛੜ ਖਿਡਾਵਾਂ ਤਾਂਗੁਰੂਨਾਨਕਜੀ ਆਖਿਆ ਭਲਾ ਬੇਬੇਜੀ ਜੋ ਕੁਛ ਤੂੰ ਮੰਗਦੀ ਹੈਂ ਸੋ ਭੀ ਹੋਇ ਰਹਿਸੀ ਤਾਂ ਏਹ ਬਾਤ ਆਖਕਰ ਗੁਰੂ ਨਾਨਕ ਜੀ ਚਲਦੇ ਰ ਅਤੇ ਫੇਰ ਗੁਰੂ ਨਾਨਕ ਜੀ ਆਪ ਭੀ ਲੱਗੇ ਘਰ ਵਿਚ ਵਾਸ ਕਰਨ ॥ ੧੬ ॥

ਸਾਖੀ ਹੋਰ ਚਲੀ

ਨਾਨਕਵੇਦੀਸੁਲਤਾਨਪੁਰ ਦਉਲਤਖ਼ਾਨ ਦਾਮੋਦੀ ਆਹਾ ਸੁਲਤਾਨਪੁਰ ਵਿਚ ਮੋਦੀਖਾਨਾ ਕਮਾਂਵਦਾ ਆਹਾ ਜਾਂ ਵਰ੍ਹਿਆਂ ਬਾਈਆਂ ਦਾ ਨਾਨਕ ਹੋਯਾਸੀ ਤਾਂ ਨਾਨਕਦੇ ਘਰ ਇਕਪੁੱਤ੍ਰ ਹੋਯਾ ਅਤੇ ਨਾਉਂ ਸਿਰੀਚੰਦ ਰਖਿਆ ਜਾਂ ਸਿਰੀਚੰਦ ਵਰਿਆਂ ਸਾਢਿਆਂ ਚਹੁ ਦਾ ਹੋਯਾ ਤੇ ਲੱਖਮੀਦਾਸ ਪੇਟਸੀਬਾਬਾਨਾਨਕਜੀ ਨਿਤਪ੍ਰਤ ਪਹਿਰਰਾਤਰਹਿੰਦੀਇਸ਼ਨਾਨਕਰਣਜਾਵੇ ਇਕ ਦਿਨ ਟੁਬਕੀ ਮਾਰੀ ਵਿੱਚੇਗੁੰਮਹੋਇਗਿਆ ਤਾਂ ਮੋਦੀਖਾਨੇ ਸਰਕਾਰ ਵਿਚ ਡੰਡਪੈਗਈ ਜੋ ਨਾਨਕ ਵੇਦੀ ਗੁੰਮਹੋਯਾ ਕੋਈ ਆਖੇ ਸਰਕਾਰਦੇ ਪੈਸੇ ਖੋਇਗਿਆਫ਼ਕੀਰਾਂਨੂੰ ਖਵਾਇੰਦਾ ਸੀ ਏਹ ਡੰਡ ਹੋਇ ਰਹੀ ਤਾਂ ਤੀਜੇ ਦਿਨ ਨਾਨਕ ਬਾਹਰ ਨਿਕਲਿਆ ਸ਼ੋਰ ਪਿਆ ਜੋਨਾਨਕ ਵੇਦੀਨੂੰ ਭੂਤਨਾਲਗਾਖਪਤੀ ਹੋਯਾ ਤਾਂਦਉਲਤਖ਼ਾਨਲੋਦੀਜੈਰਾਮਨੂੰਪਕੜਮੰਗਾਯਾਪੈਸਿਆਂ ਕਾ ਜਬਾਬਤੂੰਕਰੀਂਜੈਰਾਮ ਨਾਨਕਪਾਸ ਆਯਾਆਖਿਓਸਦਉਲਤਖ਼ਾਨਟਕਿਆਂਕਾਹਿਸਾਬ ਮੰਗਦਾਹੈ ਚਲਕਰ ਹਿਸਾਬਕਰਨਾਨਕ ਉਠਕਰ ਨਾਲਹੋਯਾ ਜਾਇ ਹਿਸਾਬ ਦਿਤਾਸੁ ਸੱਤ ਸੈ ਸੱਠ ਰੁਪਯੇ ਨਾਨਕ ਦੇ ਵਾਧਾ ਨਿਕਲੇ ਖ਼ਬਰ ਦਉਲਤ ਖ਼ਾਨ ਨੂੰ ਹੋਈ ਤਾਂ ਦਉਲਤ ਖ਼ਾਨ

CC-0. Gurukul Kangri University Haridwar Collection. Digitized by S3 Foundation USA

ਕਹਜਾ ਤੂੰ ਮੋਦੀਖ਼ਾਨੇ ਬੈਠ ਆਪਣਾਹਿਸਾਬਕੁਝਆਵੇ ਸੋਲੈ ਅੱਗੇ ਮੋਦੀਖ਼ਾਨੇਦਾਕੰਮਚਲਾਇ ਭਾਂ ਨਾਨਕ ਜੀ ਕਹਿਆ ਖ਼ਾਨਜੀ ਏਹ ਪੈਸੇਮੇਰੇਨਾਹੀਂ ਏਹ ਪੈਸੇ ਖੁਦਾਇਕੇਹੈਂ ਏਹਪੈਸੇਫੇਰ ਫ਼ਕੀਰਾਂ ਕੋ ਖੁਲਾਵੋ ਨਾਨਕ ਫ਼ਕੀਰ ਹੋਯਾ ਘਰ ਨ ਵੜਿਆ ਮੂਲਾ ਨਾਨਕ ਦਾ ਸਹੁਰਾ ਜਲਕੇ ਅੰਗਾਰ ਹੋਇ ਗਿਆ ਮੂਲਾ ਸ਼ਾਮੇਂ ਪੰਡਿਤਦਾਸੇਵਕ ਆਹਾ ਭਾਂਸ਼ਾਮੇਂ ਪੰਡਿਤ ਪਾਸਜਾਇਰੁੰਨਾ ਦੇਖਜੀ ਨਾਨਕ ਨਾਂਕਿਛ ਕਿਰਤ ਕਰਦਾ ਹੈਨ ਕਿਤੇਵੱਲ ਨਿਕਲਦਾਹੈ ਮੈਂ ਬਹੁਤ ਦੁਖੀ ਹੋਯਾ ਹਾਂ ਸ਼ਾਮੇਂ ਪੰਡਿਤ ਕਹਿਆ ਚਲ ਦਿਖਾ ਮੂਲਾ ਨਾਨਕ ਕਿੱਥੇ ਹੈ ਮੂਲੇ ਕਹਿਆ ਓਹ ਗੋਰਾਂਵਿੱਚ ਬੈਠਾ ਰਹਿੰਦਾ ਹੈ ਭਾਂ ਮੂਲਾ ਸ਼ਾਮਾਂਦੋਵੇਂ ਨਾਨਕਪਾਸ ਆਏ ਨਾਨਕ ਗੋਰਾਂਵਿੱਚਬੈਠਾਆਹਾਤਾਂ ਸ਼ਾਮੇਂ ਪੰਡਿਤਕਹਿਆ ਨਾਨਕ ਇਹ ਕਿਆਸਾਂਗਬਣਾਯਾਹਈ ਕਿਆ ਕੱਚੀਆਂਗੱਲਾਂ ਕਰਦਾ ਹੈਂ ਚੱਲ ਕਿਛ ਕਿਰਤ ਕਰ॥ ਬਸੰਤਦੀ ਰੁਤ ਆਹੀ ਬਾਬੇ ਨਾਨਕ ਨੂੰ ਸ਼ਬਦ ਪ੍ਰਾਪਤਿ ਹੋਯਾ

ਰਾਜਾ ਬਾਲਕ ਨਗਰੀ ਕਾਚੀ ਦੁਸਟਾ ਨਾਲ ਪਿਆਰੋ॥ਦੁਇ ਮਾਈ ਦੁਇਬਾਪਾਕ ਹੀ ਅਹਿ ਪੰਡਿਤ ਕਰਹੁ ਬੀਚਾਰੋ ॥ ੧ ॥ ਸੁਆਮੀਪੰਡਿਤਾਤੁਮ ਦੇਹੁ ਮਤੀ॥ਕਿਨਬਿਧਿ ਪਾਵੌ ਪ੍ਰਾਨਪਤੀ ॥ ੧ ॥ ਰਹਾਉ ॥ ਤਿਸਕਾ ਪਰਮਾਰਥ

ਕਾਯਾ ਕਚੀ ਨਗਰੀ ਹੈ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਪੰਜੇ ਦੁਸ਼ਟਹੈਨ ਦੁਇਮਾਈ ਅਖੀਂ ਹੈਨ ਦੁਇ ਬਾਪ ਸ੍ਰਵਨਹੈਨਤਾਂ ਫਿਰਮੂਲਾਸਹੁਰਾਬੋਲਿਆ ਜੋ ਏਹ ਛਿੰਡ ਵਧਾਵਣ ਦੀਅੱਗ ਲੱਗੀ ਆਹੀਆ ਹੁਣੇ ਬੇਜ਼ਾਰ ਹੋਇਨੱਠੋਂ ਭਾਂ ਫਿਰ ਗੁਰੂ ਨਾਨਕ ਸ਼ਬਦ ਬੋਲਿਆ ॥

ਭੀਤਰ ਅਗਨਿ ਬਨਾਸਪਤ ਮਉਲੀ ਸਾਗਰ ਪੰਡੇ ਪਾਇਆ ॥ ਚੰਦ ਸੂਰਜ ਦੁਇ ਘਟ ਹੀ ਭੀਤਰ ਐਸਾ ਗਿਆਨੁ ਨ ਪਾਇਆ ॥ ੨ ॥

ਤਿਸਕਾ ਪਰਮਾਰਥ ॥ ਅੰਤਰ ਅਗਨਿ ਜੋ ਹੈ ਸੋ ਤ੍ਰਿਸਨਾ ਹੈ ਬਨਾਸਪਤਿ ਜੋ ਹੈ ਸੋ ਪੁਤ ਧੀਆਂ ਹੈਨ ਅਰ ਜੋਰੂ ਤੇ ਧਨ ਰੁਜ਼ਗਾਰ ਕੁਟੰਬ ਸੋ ਗੁਰੂਸ਼ਾਮਾਂ ਪੰਡਿਤ ਤੁਸੀਹੋਚੰਦ ਸੂਰਜਦਾ ਚਾਦਨਾਂ ਹੈ ਨਾਭਕਮਲ ਵਿਚ ਓਹ ਚਾਂਦਨਾਂਹੈ ਭਾਂ ਜਾਗੇ ਜਾਂ ਗੁਰੂ ਪੂਰਾ ਮਿਲੇਤਾਂ ਅੰਧਿਆਰਾ ਭਾਗੇ ਗਿਆਨ ਪ੍ਰਾਪਤਿਹੋਵੇ ਭਾਂਸ਼ਾਮਾਂਪੰਡਿਤਬੋਲਿਆ ਜੋ ਨਾਨਕ ਘਰਹੀਵਿਚ ਸਿਮਰ ਅਤੇ ਕਿਰਤ ਕਰ ਰਾਮ ਸਭਨਾਂ ਦੀ ਸਾਰ ਵਿਚ ਹੈ ਤਾਂ ਨਾਨਕ ਜੀ ਸ਼ਬਦ ਬੋਲਿਆ॥

ਰਾਮ ਰਵੰਤਾ ਜਾਣੀਐ ਇਕ ਮਾਈ ਭੋਗ ਕਰੇਇ॥ਤਾਕੇ ਲਖਣ ਜਾਣੀਅਹਿ ਖਿਮਾ ਧੰਨ ਸੰਗ੍ਰਹੇਇ॥ ੩ ॥ ਤਿਸਕਾ ਪਰਮਾਰਥ ॥ ਰਾਮ ਸਭਨਾਂ ਦੀ ਸਾਰ ਵਿਚ ਹੈ ਪਰਕਿਰਪਾਤਿਸੇਉਪਰਹੈ ਜਿਸਨੋਂ ਖਿਮਾਤੇਧੀਰਜਬਖਸ਼ਿਆਹੈਸੁ ਭਾਂ ਫਿਰਮੂਲਾ ਬੋਲਿਆ ਜੀ ਏਹ ਭਾਂ ਸਿਰੜੀ ਹੋਯਾ ਹੈ ਕਿਸੇ ਦਾ ਆਖਿਆ ਨਹੀਂ ਮੰਨਦਾ ਭਾਂ ਨਾਨਕਜੀ ਬੋਲਿਆ

ਕਹਿਆ ਸੁਣਹਿ ਨ ਖਾਇਆ ਮਾਨੈ ਤਿਨਾਹੀ ਸੇਤੀ ਵਾਸ॥ਪ੍ਰਣਵਤਿ ਨਾਨਕ ਦਾਸਨਿ ਦਾਸਾ ਖਿਨ ਤੋਲਾ ਖਿਨ ਮਾਸਾ ॥ ੪ ॥ ਤਿਸਦਾ ਪਰਮਾਰਥ ॥ ਏਹ ਰਸ਼ਨਾ ਜੋਹੈ ਸੋ ਕਿਸੇਦੇ ਕਹੈ ਨਹੀਂ ਜਾਣੀ ਦੀ ਅੱਠੇ ਪਹਰਇਸੇ ਨਾਲ ਵਾਸਾਹੈਖਿਨਤੋਲਾ ਖਿਨਮਾਸਾ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਹੇ ਸ਼ਾਮਾ ਪੰਡਿਤ ਜੇ ਕਰਤਾਰ ਮੇਹਰਵਾਨ ਹੋਵੇ ਤਾਂ ਏਹ ਰਸਨਾਂ ਵਿਖਿਆਂ ਵੱਲੋਂ ਹਟੇ॥੧੭॥

ਸਾਖੀ ਹੋਰ ਚਲੀ

ਤਾਂ ਮੂਲਾ ਚੋਣਾ ਨਵਾਬ ਪਾਸ ਜਾਇ ਫਰਯਾਦੀ ਹੂਆ ਨਵਾਬ ਦਉਲਤ ਖਾਨ ਨੇ ਕਹਿਆ ਅਰੇ ਯਾਰਖ਼ਾਨ ਏਹ ਕਉਣ ਹੋਤਾ ਹੈ ਫ਼ਰਯਾਦੀ ਕਿਸ ਉਪਰ ਹੈ ਮੂਲੇ ਕਹਿਆ ਜੀ ਮੈਂ ਨਾਨਕ ਮੋਦੀਦਾ ਸਹੁਰਾ ਹੋਂ ਅਰ ਨਾਨਕ ਪਰ ਫਰਯਾਦੀ ਹੋਂ ਨਵਾਬ ਕਿਹਾ ਐ ਯਾਰਖ਼ਾਨ ਇਸਕੋ ਅੱਗੇ ਲੈਆਉ ਯਾਰਖਾਨ ਮੂਲੇਨੂੰ ਨਜ਼ੀਕ ਲੈਗਿਆ ਤਾਂ ਨਵਾਬ ਕਿਹਾ ਰੇ ਤੂੰ ਕਿਉਂ ਨਾਨਕਜੀ ਪਰ ਫਰਯਾਦੀ ਹੈਂ ਮੂਲੇ ਅਰਜ਼ ਕੀਤੀ ਨਵਾਬ ਸਲਾਮਤ ਸੱਤ ਸੈ ਸੱਠ ਰੁਪਯੇ ਜੋ ਨਾਨਕ ਕੇ ਵਧੇ ਹੈਂ ਸੋ ਨਾਨਕ ਕੇ ਕਬੀਲੇਕੋ ਮਿਲੇਂ ਤਾਂ ਨਵਾਬਕਿਹਾ ਅਰੇ ਮੂਲਾ ਨਾਨਕ ਤਾਂ ਕਹਿਆ ਹੈ ਜੋ ਫ਼ਕੀਰਾਂ ਕੋ ਦੇਹੋ ਤਾਂ ਫਿਰ ਮੂਲੇ ਕਹਿਆ ਨਵਾਬ ਸਲਾਮਤ ਨਾਨਕ ਤਾਂ ਸਿਰਫ਼ੀ ਹੂਆਹੈ ਤਾਂ ਨਵਾਬ ਕਹਿਆ ਸੁਨ ਯਾਰਖ਼ਾਨ ਹੱਕ ਤੋ ਤਿਨੋਂ ਕਾ ਹੈ ਪਰ ਜੇ ਨਾਨਕ ਆਖੇ। ਤਾਂ ਨਾਨਕ ਕੋ ਮੂਲਾ ਲਗਾ ਆਖਣ ਜੋ ਖੱਟ ਨਹੀਂ ਖਾਇਆਹੈ ਤਾਂ ਫ਼ਕੀਰਾਂ ਕਉਦੇਹ ਤਾਂ ਮੂਲੇ ਇਕ ਮੁੱਲਾਂਨੂੰ ਸੱਦ ਆਂਦਾ ਨਾਨਕਨੂੰ ਮੁੱਲਾਂ ਲਗਾ ਝਾੜਾਕਰਨੇ ਤਾਂ ਨਾਨਕ ਮਗਨ ਹੋਇ ਰਹਿਆ ਜਾਂ ਨਾਨਕ ਦੇ ਨੱਕ ਵਿਚ ਪਲੀਤੇ ਸਾੜਕੇ ਲਗੇ ਦੇਵਣ ਤਾਂ ਨਾਨਕ ਬੋਲਜਾ

ਖੇਤੀ ਜਿਨਕੀ ਉਜੜੇ ਖਲਵਾੜੇ ਕਿਆ ਥਾਉ ॥
ਨਾਨਕ ਧ੍ਰਿਗ ਤਿਨਾਂ ਦਾ ਜੀਵਿਆ ਜੋ ਲਿਖ ਲਿਖ ਵੇਚਨ ਨਾਉ ॥

ਫਿਰ ਮੁੱਲਾਂ ਕੈਹਣ ਲਗਾ ਜੋ ਤੂੰ ਕੌਣ ਹੁੰਦਾ ਹੈਂ ਤੂੰ ਆਪਣਾ ਨਾਂਉਂ ਅਸਾਨੂੰ ਦੱਸ ਤਾਂ ਨਾਨਕ ਜੀ ਰਾਗ ਮਾਰੂ ਵਿੱਚ ਸ਼ਬਦ ਬੋਲਿਆ—

ਕੋਈ ਆਖੈ ਭੂਤਨਾ ਕੋ ਕਹੇ ਬੇਤਾਲਾ ॥ ਕੋਈ ਆਖੈ ਆਦਮੀ ਨਾਨਕੁ ਵੇਚਾਰਾ ॥ ੧ ॥ ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ ॥ ਹਉ ਹਰਿ ਬਿਨੁ ਅਵਰੁ ਨ ਜਾਨਾ ॥੧॥ ਰਹਾਉ ॥ ਤਉ ਦੇਵਾਨਾ ਜਾਣੀਐ ਜਾ ਭੈ ਦੇਵਾਨਾ ਹੋਇ॥ ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ ॥੨॥ ਤਉ ਦੇਵਾਨਾ ਜਾਣੀਐ ਜਾ ਏਕਾ ਕਾਰ ਕਮਾਇ॥ ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਕਾਇ ॥ ੩ ॥ ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰੁ ॥ ਮੰਦਾ ਜਾਣੈ ਆਪ ਕਉ ਅਵਰੁ ਭਲਾ ਸੰਸਾਰੁ ॥ ੪ ॥

ਤਾਂ ਮੁਲਾਂ ਨਵਾਬ ਪਾਸ਼ ਜਾਇ ਕਹਿਆ ਨਵਾਬ ਸਲਾਮਤ ਨਾਨਕ ਖਪਤੀ ਤਾਂ ਨਹੀਂ ਹੂਆ ਉਸਕੇ ਭਾਈਂ ਕੋਈ ਅਉਲੀਆ ਮਿਲਿਆ ਹੈ ਓਹ ਖ਼ਬਰਦਾਰ ਹੈ ਨਵਾਬ ਕਿਹਾ ਜੈਰਾਮ ਕੋ ਬੁਲਾਵੋ ਤਾਂ ਜੈਰਾਮਨੂੰ ਨਵਾਬ ਬੁਲਾਯਾ ਤਾਂ ਜੈਰਾਮ ਆਇਆ ਆਇ ਸਲਾਮ ਕੀਤੋਸੁ ਤਾਂ ਨਵਾਬ ਕਹਿਆ ਆਖ ਜੈਰਾਮ ਕਿਆ ਕਰੀਏ ਮੈਂਤੋ ਨਾਨਕ ਕੇ ਪੈਸੇ ਰਖਣੇ ਨਹੀਂ ਨਾਨਕ ਕਿਹਾ ਜੋ ਫ਼ਕੀਰਾਂ ਕੋ ਖੁਲਾਵੋ ਅਰ ਉਸਕਾ ਸੁਸਰਾ ਉਸਪਰ ਫ਼ਰਿਆਦੀਹੈ ਹਮੇਂ ਜਾਣਿਆਂ ਥਾ ਜੋ ਨਾਨਕ ਖਪਤੀ ਹੂਆ ਹੈ ਪਰ ਮੁੱਲਾਂਨੇ ਕਿਹਾ ਜੋ ਓਹ ਖਬਰਦਾਰ ਹੈ ਕਹੁ ਜੋ ਤੂੰ ਕਹੈਂ

CC-0. Gurukul Kangri University Haridwar Collection. Digitized by S3 Foundation USA

ਸੋ ਕਰੀਏ ਭਾਂ ਜੈਰਾਮ ਕਿਹਾ ਜੀ ਮੈਂ ਨਾਨਕ ਪਾਸੋਂ ਬਹੁਤ ਡਰਦਾ ਹਾਂ ਭਾਂ ਜੈਰਾਮ ਚੁਪਕਰ ਰਹਿਆ ਭਾਂ ਨਵਾਬ ਫੇਰ ਆਖਿਆ ਅਰੇ ਜੈਰਾਮ ਤੂੰ ਜਵਾਬ ਕਿਉਂ ਨਹੀਂ ਦੇਂਦਾ ਭਾਂ ਜੈਰਾਮ ਕਹਿਆ ਮੈਂ ਕਿਆ ਜਵਾਬ ਦੇਊਂ ਭਾਂ ਨਵਾਬ ਕਹਿਆ ਸੁਣ ਜੈਰਾਮ ਹੱਕ ਕਬੀਲੇਕਾ ਭੀ ਹੈ ਅਰ ਨਾਨਕ ਫ਼ਕੀਰਾਂ ਕਉ ਭੀ ਆਖਿਆ ਹੈ ਜਿਉਂ ਤੂੰ ਕਹੇਂ ਤਿਵੇਂ ਕਰੀਏ ਭਾਂ ਜੈਰਾਮ ਕਹਿਆ ਨਵਾਬ ਸਲਾਮਤ ਨਾਨਕ ਭੀ ਹਾਜ਼ਰ ਹੀ ਹੈ ਕਹੀਂ ਦੂਰ ਗਯਾ ਨਹੀਂ ਭਾਂ ਨਵਾਬ ਕਿਹਾ ਨਾਨਕ ਨੋ ਬੁਲਾਵੋ ਭਾਂ ਨਾਨਕ ਕੋ ਆਦਮੀ ਬੁਲਾਵਨੇ ਗਯਾ ਭਾਂ ਨਾਨਕ ਆਵੈ ਨਾਹੀਂ ਅੱਗੋਂ ਨਾਨਕ ਆਖਿਆ ਜੋ ਰੇ ਮੇਰਾ ਨਵਾਬ ਸੋਂ ਕਿਆ ਕਾਮ ਹੈ ਭਾਂ ਆਦਮੀ ਫਿਰ ਆਯਾ ਆਇ ਕਰ ਨਵਾਬ ਪਾਸ ਆਖਣ ਲਗਾ ਜੀ ਵਹੁ ਆਵਤਾ ਨਹੀਂ ਨਵਾਬ ਦਉਲਤਖਾਨ ਗੁੱਸਾ ਖਾਧਾ ਕਿਹਾ ਜਾਵੋ ਪਕੜ ਲੈ ਆਵੋ ਭਾਂ ਫਿਰ ਜਾਇ ਆਦਮੀ ਕਹਿਆ ਐ ਨਾਨਕ ਨਵਾਬ ਬਹੁਤ ਗਿਲਾਵੰਦ ਭਯਾ ਹੈ ਤਾਂ ਨਾਨਕ ਉਠ ਖੜ੍ਹਾਹੂਆ ਨਵਾਬ ਪਾਸ ਆਯਾ ਪਰ ਸਲਾਮ ਨ ਕੀਤੋਸੁ ਭਾਂ ਨਵਾਬਕਿਹਾ ਅਰੇ ਨਾਨਕ ਆਵਤਾ ਕਿਉਂ ਨਾ ਥਾ ਭਾਂ ਨਾਨਕ ਕਹਿਆ ਸੁਣ ਨਵਾਬ ਜਾਂ ਚਾਕਰ ਤੇਰਾ ਥਾ ਤਬ ਤੇਰੇ ਪਾਸ ਆਵਤਾ ਥਾ ਅਬ ਹਮ ਤੇਰੇ ਚਾਕਰ ਨਹੀਂ ਅਬ ਖ਼ੁਦਾਇਕੇ ਚਾਕਰ ਹੂਏ ਹੈਂ ਭਾਂ ਨਵਾਬ ਕਹਿਆ ਜੀ ਜੇ ਤੁਮ ਐਸੇ ਹੂਏ ਹੋ ਭਾਂ ਤੁਮ ਜਾਇ ਹਮਾਰੇ ਸਾਥ ਨਮਾਜ਼ ਕਰਹੁ ਜੁਮੇ ਕਾ ਰੋਜ਼ ਹੈ ਭਾਂ ਨਾਨਕ ਕਹਿਆ ਚਲੋ ਜੀ ਹੋਰ ਕਿਤਨੇ ਲੋਕ ਗਿਣੀਐ ਜੋ ਜੁਮੇ ਮਸੀਤ ਵਿਚ ਜੁੜੇਆਹੇ ਤਿਤਨੇ ਆਪਣੀ ਜਗਾਂ ਸਭ ਆਖਣ ਲਗੇ ਜੋ ਏਹ ਪਰਲੋ ਅਜ ਆਯਾ ਹੈ ਅਤੇ ਜਿਤਨੇ ਮਹਾਜਨ ਲੋਕ ਹਿੰਦੂ ਆਹੇ ਸੁਲਤਾਨ ਪੁਰ ਵਿਚ ਸੋ ਸਭ ਵਿਚ ਡੰਡ ਪੈ ਗਈ ਤਾਂ ਜੈਰਾਮ ਖਰਾ ਦਿਲਗੀਰ ਹੋਇ ਕੇ ਘਰ ਆਇ ਵੜਿਆ ਭਾਂ ਨਾਨਕੀ ਆਖਜਾ ਅੱਜ ਮੇਰਾ ਖਾਵੰਦ ਖਰਾ ਦਲਗੀਰ ਹੈ ਤਾਂ ਨਾਨਕੀ ਉਠ ਖੜੀ ਹੋਈ ਆਖਿ ਓਸ ਜੀ ਅੱਜ ਕਿਆ ਵਾਸਤਾ ਹੈ ਤੁਸੀਂ ਜੋ ਐਸੇ ਦਿਲਗੀਰ ਆਏ ਹੋ ਭਾਂ ਜੈਰਾਮ ਕਿਹਾ ਸੁਣ ਪ੍ਰਮੇਸ਼ਰਦੀ ਬੰਦੀ ਤੇਰੇ ਭਰਾ ਉ ਨਾਨਕ ਕਿਆ ਕੀਤਾ ਹੈ ਭਾਂ ਨਾਨਕੀ ਕਹਜਾ ਜੀ ਕਿਆ ਕੀਤਾ ਹੈ ਸੁ ਭਾਂ ਜੈਰਾਮ ਕਹਿਆ ਨਵਾਬ ਨਾਲ ਜੁਮੇਂ ਮਸੀਤ ਨੇ ਨਮਾਜ਼ ਕਰਨ ਗਿਆ ਹੈ ਅਤੇ ਸਾਰੇ ਸ਼ਹਿਰ ਵਿਚ ਹਿੰਦੂ ਮੁਸਲਮਾਨਾਂ ਵਿਚ ਡੰਡ ਪਈ ਹੈ ਅੱਜ ਨਾਨਕ ਤੁਰਕ ਹੋਯਾ ਹੈ ਮੈਂ ਕਿਆ ਦਿਲਗੀਰ ਨ ਹੋਵਾਂ ਜੇ ਮੈਂ ਨੂੰ ਏਹ ਡਾਢੀ ਸ਼ਰਮਿੰਦਗੀ ਆਇ ਲਗੀ ਹੈ ਭਾਂ ਅੱਗੋਂ ਨਾਨਕੀ ਕਹਿਆ ਜੀ ਤੁਸੀ ਉਠ ਕਰ ਖ਼ੁਸ਼ੀ ਨਾਲ ਰਸੋਈ ਜੇਂ ਵਹੁ ਤੁਸੀਂ ਨਾਨਕ ਦੀ ਵੱਲੋਂ ਧੋਖਾ ਕੋਈ ਨ ਕਰੋ ਅਚਿੰਤ ਹੋਇ ਰਹੋ ਚਿੰਤਾ ਕਿਛੁ ਨਾਹੀਂ ਕਰੋ ਨਾਨਕ ਜੋ ਹੈ ਸੋ ਡਾਢੇ ਦਾ ਹਿਮਾਇਤੀ ਹੈ ਉਸ ਵੱਲ ਕੋਈ ਬੁਰੀ ਦ੍ਰਿਸ਼ਟ ਨਹੀਂ ਦੇਖ ਸਕਦਾ ਉਠੋ ਤੁਸੀਂ ਅਨੰਦ ਨਾਲ ਰਸੋਈ ਜੇਵਹੁ ਤਾਂ ਜਿਸ ਵਕਤ ਸ਼ੋਰ ਪਇਆ ਆਹਾ ਅਤੇ ਤਿਤੇ ਵਕਤ ਨਿਧਾ ਬ੍ਰਹਮਨ ਜੈਰਾਮ ਨੇ ਜਸੂਸ ਲਾਇ ਛੱਡ ਜਾਸੀ ਇਤਨੀ ਗੱਲ ਕਰਦੇ ਆਹੇ ਜੋ ਨਿਧਾ ਬ੍ਰਹਮਨ ਫਿਰ ਆਯਾ ਆਇ ਜੈਰਾਮ ਨੂੰ ਵਧਾਈ ਦਿੱਤੀ ਓਸ ਭਾਂ ਨਾਨਕੀ ਤੇ ਜੈਰਾਮ ਨੇ ਨਿਧੇ ਨੂੰ ਪੁਛਿਆ ਆਖ ਮਿਸ਼ਰ

CC-0. Gurukul Kangri University Haridwar Collection. Digitized by S3 Foundation USA

UTH INTERNET ABHINAV GAUR

ਕਿਉਂ ਕਰ ਹੋਇ ਨਿਬੜੀ ਤਾਂ ਨਿਧੇ ਆਖਿਆ ਜੀ ਮੈਂ ਅੰਦਰ ਨਾ ਸਾ ਪਰ ਮੈਂ ਤੁਰਕਾਂ ਦੇ ਮੂੰਹੋਂ ਸੁਣਿਆ ਜੋ ਨਵਾਬ ਨਮਾਜ਼ ਕੀਤੀ ਅਤੇ ਨਾਨਕ ਖੜਾ ਰਿਹਾ ਅਤੇ ਜਾਂ ਨਵਾਬ ਨਮਾਜ਼ ਕਰ ਚੁੱਕਾ ਤਾਂ ਨਵਾਬ ਨਾਨਕ ਨੂੰ ਕਹਿਣੇ ਲਗਾ ਅਰੇ ਨਾਨਕ ਤੂੰ ਜੇ ਨਮਾਜ਼ ਕਰਨੇ ਆਯਾ ਥਾ ਤੈਂ ਕਿਉਂ ਨ ਕੀਤੀ ਤਾਂ ਨਾਨਕ ਕਹਿਆ ਤੂੰ ਤਾਂ ਕੰਧਾਰ ਘੋੜੇ ਖਰੀਦਨੇ ਗਇਆ ਥਾ ਮੈਂ ਨਮਾਜ਼ ਕਿਸ ਸਿਉਂ ਕਰਤਾ ਤਾਂ ਦਉਲਤਖਾਨ ਕਿਹਾ ਨਾਨਕ ਇਤਨਾ ਝੂਠ ਬੋਲਦਾ ਹੈਂ ਮੈਂ ਤਾਂ ਈਹਾਂ ਖੜਾ ਹੋਂ ਨਾਨਕ ਕਿਹਾ ਖ਼ਾਨਜੀ ਤੇਰੀ ਦੇਹੀ ਈਹਾਂ ਖੜੀ ਥੀ ਅਰ ਨਮਾਜ਼ ਕਰਨੇ ਵਾਲਾ ਜੋ ਸਾ ਸੋ ਘੋੜੇ ਖਰੀਦ ਕਰਨੇ ਗਯਾ ਥਾ ਤਾਂ ਕਾਜ਼ੀ ਕਿਹਾ ਦੇਖੋ ਖ਼ਾਨ ਸਲਾਮਤ ਹਿੰਦੂ ਇਤਨਾ ਝੂਠ ਬੋਲਦਾ ਹੈ ਤਾਂ ਨਵਾਬ ਕਿਹਾ ਕਾਜ਼ੀ ਨਾਨਕ ਸਚ ਕਹਿੰਦਾ ਹੈ ਜਬ ਮੈਂ ਸਿਜਦੇ ਦੇ ਵਕਤ ਖੜਾ ਹੋਯਾ ਤਾਂ ਮੇਰਾ ਦਿਲ ਕੰਧਾਰ ਘੋੜਿਆਂ ਕੋ ਗਇਆ ਥਾ ਫਿਰ ਕਾਜ਼ੀ ਚੁਗਲੀ ਕੀਤੀ ਸੁਣ ਖਾਨ ਜੀ ਹਮ ਤਾਂ ਨ ਗਏ ਥੇ ਹਮ ਸੇਤੀ ਨਮਾਜ ਕਰਤਾ ਫਿਰ ਨਵਾਬ ਕਹਿਆ ਨਾਨਕ ਤੂੰ ਕਾਜ਼ੀ ਕੇ ਸਾਥ ਨਮਾਜ਼ ਕਰਤਾ ਤਾਂ ਨਾਨਕ ਕਹਿਆ ਕਾਜ਼ੀ ਤੋ ਵਛੇਰੇ ਕੋ ਭਾਲਨੇ ਗਿਆ ਥਾ ਮਤ ਵਛੇਰਾ ਖਾਤੇ ਵਿਚ ਪੈਂ ਦਾ ਹੋਵੇ ਤਾਂ ਦੋਹਾਂ ਨੂੰ ਪਰਤੀਤ ਆਈ ਭੱਯਾ ਜੀ ਇਉਂ ਮੈਂ ਸੁਣ ਕਰ ਆਯਾ ਹਾਂ ਤਾਂ ਨਾਨਕੀ ਬੋਲੀ ਮਿਸਰ ਜੀ ਨਾਨਕ ਕਿਥੇ ਛੋਡਿਓ ਤਾਂ ਨਿਧੇ ਕਿਹਾ ਜਜ-ਮਾਨ ਮੈਂ ਉਥੇ ਹੀ ਛੋਡ ਆਯਾ ਹਾਂ ਜੈਰਾਮ ਨਿਧੇ ਨਾਲ ਲੜਨੇ ਲਗਾ ਤੂੰ ਤਾਂ ਸ਼ਾਇਤ ਉਥੇ ਖੜਾ ਹੋਵੇਂ ਨਿਧੇ ਕਿਹਾ ਓਹ ਤਾਂ ਮਸੀਤ ਵਿਚ ਆਹਾ ਅਤੇ ਜਿਤਨੇ ਲੋਕ ਆਹੇ ਤਿਤਨੇ ਆਪਨੇ ਘਰਨੂੰ ਫਿਰ ਆਏ ਓਹ ਤਾਂ ਮੈਨੂੰ ਨਦਰ ਨਾ ਆਇਆ ਤਾਂ ਨਾਨਕੀ ਕਹਿਆ ਜੀ ਤੁਸੀ ਗੇਣਤੀ ਕਾਈ ਨ ਕਰੋ ਨਾਨਕ ਹੁਣੇ ਆਂਵਦਾ ਹੈ ਏਹਾ ਗੱਲ ਕਰਦੇ ਆਹੇ ਤਾਂ ਨਾਨਕ ਜੈਰਾਮ ਦੇ ਘਰ ਆਇ ਵੜਿਆ ਤਾਂ ਤੁਲਸਾਂ ਲੌਂਡੀ ਹੇਠੋਂ ਕੂਕੀ ਬਹੂਜੀ ਤੁਸਾਡਾ ਭਾਈ ਆਯਾ ਹੈ ਨਾਨਕੀ ਇਕਥੀਂ ਚਾਰ ਹੋਗਈ ਕਜੋਂ ਜੀ ਮੈਂ ਤਾਂ ਆਖਦੀਸੀ ਜੋ ਨਾਨਕ ਡਾਢੇ ਦਾ ਹਿਮਾਇਤੀ ਹੈਗਾ ਨਾਨਕ ਵੇਵੱਲ ਕੋਈ ਨਹੀਂ ਦੇਖਸਕਦਾ ਜੈਰਾਮ ਬਹੁਤ ਖ਼ੁਸ਼ੀ ਹੋਯਾ ਅਰ ਲੱਜਾ ਨਾਨਕ ਨੂੰ ਪੁਛਣ ਭਾਈ ਨਾਨਕ ਜੀ ਕਜੋਂ ਕਰ ਮਜ਼ਕੂਰ ਹੋਯਾ ਅਸਾਂ ਤਾਂ ਬਹੁਤ ਹੌਲ ਕੀਤਾ ਤੁਸੀਂ ਆਪਣੀ ਕਹੁ ਨਾਨਕ ਕਿਹਾ ਜੀ ਜੋ ਕੁਛ ਹੋਈ ਸੋ ਹੋਇ ਵਰਤੀ ਫੇਰ ਜੈਰਾਮ ਕਹਿਆ ਅਸਾਂ ਤੇ ਕੋਈ ਪੁਛੇ ਤਾਂ ਕਿਆ ਕਹੀਐ ਲੋਕਾਂ ਦੀ ਫਾਹੀਆਂ ਦੀ ਖ਼ਬਰ ਕੁਛ ਨਹੀਂ ਜੋ ਕੁਛ ਤੁਸਾਡੇ ਮੂੰਹੋਂ ਜਾਨੀਐਗੀ ਸੋ ਖਰੀ ਖਬਰ ਤਾਂ ਨਾਨਕ ਕਿਹਾ ਜੀਜਾ ਜੀ ਦਉਲਤੇ ਖਾਨ ਜਦ ਲਗਾ ਨਮਾਜ ਕਰਨ ਅਤੇ ਕਾਂਜੀ ਭੀ ਲਗਾਕਰਨ ਤਾਂ ਅਸੀਂ ਖੜੇ ਰਹੇ ਜਾਂ ਨਵਾਬ ਨਮਾਜ ਕਰ ਚੁਕਾ ਤਾਂ ਅਸਾਨੂੰ ਲਗਾ ਆਖਣ ਅਰੇ ਨਾਨਕ ਤੂੰ ਨਮਾਜ ਕਰਨੇ ਆਯਾ ਥਾ ਕਿ ਖੜਾ ਹੋਨੇ ਆਯਾ ਥਾਂ ਤੈਂ ਤੋ ਨਮਾਜ ਕੀਤੀ ਨਾਹੀਂ ਤਾਂ ਜੀਜਾ ਜੀ ਅਸਾਂ ਕਿਹਾ ॥ ਮੱਥਾ ਠੋਕੇ ਜਿਮੀ ਪਰ ਮਨ ਉਠੇ ਅਸਮਾਨ। ਘੋੜੇ ਕੰਧਾਰ ਖਰੀਦ ਕਰੇ ਦੌਲਤ ਖਾਨ ਪਠਾਨ ॥ ਤਾਂ ਅਸਾਂ ਕਿਹਾ ਨਵਾਬ ਜੀ ਤੂੰ ਤਾਂ ਕੰਧਾਰ ਘੋੜੇ ਖਰੀਦ ਕਰਨ ਗਿਆ ਸੀ ਅਸੀਂ ਨਮਾਜ ਕਿਸ ਨਾਲ ਕਰਨੀ ਆਹੀ

CC-0. Gurukul Kangri University Haridwar Collection. Digitized by S3 Foundation USA

ਤਾਂ ਕਾਜੀ ਕਿਹਾ ਦੇਖੋ ਖ਼ਾਨਜੀ ਹਿੰਦੂ ਕਿਤਨਾ ਝੂਠ ਬੋਲਤਾਹੈਤਾਂਖ਼ਾਨ ਕਹਿਆ ਕਾਜੀਹਿੰਦੂ ਸੱਚਾ ਹੈ ਜਿਤ ਵਕਤ ਹਮ ਸਧਦੇ ਕੋ ਗਏ ਥੇ ਉਸ ਵਕਤ ਹਮਾਰਾ ਦਿਲਘੋੜਿਆਂਕੋਕੰਧਾਰ ਗਿਆ ਥਾ ਤਾਂ ਫਿਰ ਕਾਜੀ ਕਿਹਾ ਤੁਮ ਘੋੜਿਆਂ ਕੋ ਕੰਧਾਰ ਗਏਥੇ ਤੋ ਹਮਤੋ ਕਹੀਂ ਨ ਗਏ ਥੇ ਹਮਾਰੇ ਸਾਥ ਨਮਾਜਕਰਤਾ ਤਾਂ ਅਸਾਂ ਫੇਰਕਾਜ਼ੀਨੂੰ ਆਖਿਆ ਸੁਣਕਾਜੀ ਜਾਂਤੂੰਮਸੀਤ ਆਯਾ ਹੈਂ ਤਾਂ ਤੇਰਾ ਦਿਲ ਘਰ ਸੀ ਕਜੋਂ ਜੋ ਤੇਰੇ ਅੰਛਣ ਇਕਖਾਤਾਖਟਜਾਖੜਾ ਸੀਜਾਂ ਤੈਨੇ ਜਿਮੀ ਤੇ ਸਧਦਾ ਕੀਤਾ ਤਾਂ ਤੇਰਾ ਰੂਹ ਵਛੇਰੇ ਕੇ ਸਾਥ ਗਿਆਥਾ ਤਾਂ ਨਵਾਬ ਕਹਿਆ ਤੁਮ ਏਹ ਕਿਆ ਕਿਹਾ ਤਾਂ ਅਸਾਂ ਨਵਾਬ ਨੂੰ ਕਿਹਾ ਕਿ ਖ਼ਾਨ ਜੀ ਕਾਜੀ ਦੀ ਘੋੜੀ ਅੱਜ ਸੂਈਹੈ ਅਤੇ ਵਛੇਰਾ ਜਣਜਾ ਹੈਸੁ ਅਤੇ ਵੇਹੜੇਵਿਚ ਖਾਤਾਹੈ ਤਾਂ ਕਾਜੀ ਜਿਮੀ ਪਰ ਸਧਦਾਕੀਤਾਹੈਸੁਅਤੇ ਰੂਹ ਕਾਜੀਦਾ ਵਛੇਰੇ ਵਿਚ ਜਾਇ ਰਿਹਾਹੈ ਜੋ ਮਤ ਵਛੇਰਾ ਖਾਤੇ ਵਿਚ ਪੌਂਦਾ ਹੋਵੇ ਹਮੋਏਹ ਕਿਹਾ ਹੈ ਖ਼ਾਨ ਜੀ ਤਾਂ ਦੌਲਤ ਖ਼ਾਨ ਹਸਿਆ ਅਰ ਕਹਿਣੇ ਲਗਾ ਕਹੁ ਕਾਜੀ ਨਾਨਕ ਕਜਾ ਕਹਿੰਦਾ ਹੈ ਸਚ ਕਹੀਓ ਤਾਂ ਕਾਜੀ ਕਿਹਾ ਖਾਨ ਜੀ ਐਸੀਹੀ ਬਾਤ ਹੈ ਤਾਂ ਨਵਾਬ ਕਹਿਆ ਕਾਜੀ ਨਾਨਕ ਕਾਮਲ ਫਕੀਰ ਹੋਯਾਹੈ ਅਬ ਇਸਕੋ ਹਰਫ਼ ਕੋਈ ਨਹੀਂ ਚਲਤਾ ਤਾਂ ਫੇਰ ਅਸਾਂ ਨੂੰ ਨਵਾਬ ਆਖਜਾ ਸੁਣ ਨਾਨਕ ਤੇਰੇ ਪੈਸੇ ਜੋ ਹੈਂ ਹਮੇਂ ਤੋ ਰਖਨੇ ਨਾਹੀਂ ਤੇਰਾ ਸੁਸਰਾ ਫਰਯਾਦੀ ਹੂਆ ਥਾ ਹਕ ਕਬੀਲੇ ਕਾ ਭੀ ਹੈ ਅਤੇ ਤੈਂ ਕਹਿਆ ਥਾ ਜੋ ਫ਼ਕੀਰਾਂਕੋ ਦੇਹੋ ਕ ਅਬ ਪੈਸੇ ਕਿਸ ਕੋ ਦੇਊਂ ਤਾਂ ਅਸਾਂ ਨਵਾਬਕੋ ਕਹਿਆ ਕਿ ਮੈਂ ਤਾਂ ਤੁਮ ਕੋ ਕਹਿ ਚੁਕਾਂ ਹਾਂ ਅਗੇ ਤੂੰ ਜਾਣ ਤਾਂ ਨਵਾਬ ਕਿਹਾ ਸੁਨ ਨਾਨਕ ਅਧੇ ਪੈਸੇ ਤੇਰੇ ਕਬੀਲੇ ਕਉ ਦੇਤੇ ਹੈਂ ਅਰ ਅਧੇ ਤੂੰ ਫ਼ਕੀਰਾਂ ਕੋ ਅਪਣੇ ਹਥ ਕਰ ਦੇਹੁ ਤਾਂ ਅਸਾਂ ਕਹਿਆ ਅਸੀ ਕਿਛੁ ਨਾਹੀਂ ਜਾਨਦੇ ਤੂੰ ਜਾਣ ਨਵਾਬ ਕਹਿਆ ਸੁਣ ਨਾਨਕ ਜਿਵੇਂ ਤੇਰੀ ਰਜਾਇ ਤਾਂ ਇਹ ਗਲ ਕਰਕੇ ਅਸੀ ਚੁਪ ਕਰ ਆਏ ਜੀਜਾਜੀ ਅਗੇ ਤੁਸਾਡੇ ਜੀ ਭਾਵੇਂ ਭਲੀ ਲਗੇ ਭਾਵੇਂ ਬੁਰੀ ਲਗੇ ਤਾਂ ਜੈਰਾਮ ਕਿਹਾ ਜੀ ਜੋਤੁਸਾਥੋਂ ਹੋਈ ਸੋਪੂਰਹੋਈ ਫਿਰ ਨਾਨਕੀ ਆਖਜਾ ਅਜੇ ਨਾਹੀਂ ਪਤੀਜਦਾ ਤਾਂ ਜੈਰਾਮ ਕਿਹਾ ਬਹੁ ਜੀ ਤੂੰ ਨਾਨਕ ਦੀ ਭੈਣ ਹੈਂ ਤੈਨੂੰ ਇਸਦਾ ਕੁਛ ਅਸਰ ਹੈ ਅਤੇ ਅਸੀ ਭਰਮ ਵਿਚ ਆਹੇ ਧੰਨ ਪਰਮੇਸਰ ਹੈ ਅਤੇ, ਧੰਨ ਨਾਨਕ ਹੈ ਅਤੇ ਤੂੰ ਭੀ ਧੰਨ ਇਸ ਦੀ ਜੋ ਭੈਣ ਹੈਂ ਥੋੜੇ ਜੇਹੇ ਅਸੀਂ ਭੀ ਧੰਨ ਹਾਂ ਜੋ ਤੇਰੇ ਨਾਲ ਮੰਗ ਹੈ ਫਿਰ ਮੂਲਾ ਆਪਣੀ ਧੀ ਨੂੰ ਛਡੇ ਨਾਹੀਂ ਅਤੇ ਚੰਦੋਰਾਣੀ ਭੀ ਆਈ ਅਤੇ ਲਖਮੀ ਦਾਸ ਕੁਛਝ ਆਹਾ ਅਤੇ ਸਿਰੀ ਚੰਦ ਪਉਣਿਆਂ ਪੰਜਾਂ ਵਰ੍ਹਿਆਂ ਦਾ ਆਹਾ ॥ ੧੮ ॥

ਸਾਖੀ ਹੋਰ ਚਲੀ

ਜਾਂ ਸੰਮਤ ੧੫੫੩ ਹੋਯਾ ਤਾਂ ਨਾਨਕ ਨਿਕਲ ਖੜਾ ਹੋਯਾ ਤਾਂ ਚੰਦੋ ਅਤੇਮੂਲਾਅਪਣੀਧੀ ਨੂੰ ਛਡਸਕੇ ਨਾਹੀਂ ਅਤੇ ਨਾਨਕੀ ਤੇ ਜੈਰਾਮਦੇ ਵਸ ਨਾਹੀਂ ਅਤੇ ਏਹਾ ਸਲਾਹਹੋਈ ਭਲਾ ਸਿਰੀ ਚੰਦ ਮੇਰੇ ਪਾਸ ਰਹੇ ਅਤੇ ਭਾਬੀ ਨੂੰ ਅਤੇ ਲਖਮੀਦਾਸ ਨੂੰ ਤੁਸੀ ਲੈ ਜਾਓ ਚੰਦੋਰਾਣੀ

CC-0. Gurukul Kangri University Haridwar Collection. Digitized by S3 Foundation USA

ABHINAV GAUR

ਜਿਉਂ ਗੁਰੂ ਨਾਨਕ ਨੂੰ ਡਿੱਠਾ ਤਿਉਂ ਕੜਕੀ ਜਿਉਂ ਬਿਜਲੀ ਕੜਕਦੀ ਹੈ ਆਖਣ ਲਗੀ ਸੁਣ ਤੋ ਵੇ ਨਾਨਕ ਇਸੇ ਗਲ ਨੂੰ ਵਿਆਹ ਕਰਦਾ ਸੈਂ ਜੋ ਟੱਬਰ ਵਧਾਇਕੇ ਛਡਚੱਲਿਓਂ ਤਾਂ ਗੁਰੂ ਨਾਨਕ ਜੀ ਨੇ ਮਾਰੂ ਰਾਗ ਵਿੱਚ ਸ਼ਬਦ ਬੋਲਿਆਃ—

ਮਾਤ ਪਿਤਾ ਮਿਲਪਿੰਡ ਕਮਾਇਆ॥ ਤਿਨ ਕਰਤੇ ਲੇਖ ਲਿਖਾਇਆ॥ ਲਿਖ ਨਾਉ ਜੋਤ ਵਡਿਆਈ॥ ਮਿਲਿ ਮਾਇਆ ਸੁਰਤ ਗਵਾਈ॥ ੧॥ ਮੂਰਖ ਮਨ ਕਾਹੇ ਕਰਸਹਿ ਮਾਣਾ॥ ਉਠ ਚਲਸੀ ਖਸਮੈ ਭਾਣਾ॥ ੧॥ ਰਹਾਉ॥ ਤਜ ਸਾਦ ਸਹਿਜ ਸੁਖ ਹੋਈ ॥ ਘਰ ਛਡਣੇ ਰਹੈ ਨ ਕੋਈ॥ ਕਿਛ ਖਾਜੈ ਕਿਛ ਧਰਜਾਈਐ॥ ਜੇ ਬਾਹੁੜ ਦੁਨੀਆ ਆਈਐ॥ ੨॥ ਸਜ ਕਾਇਆ ਪੱਟ ਹੰਡਾਏ॥ ਫੁਰਮਾਇਸ ਬਹੁਤ ਚਲਾਏ॥ ਪੈ ਸੇਜ ਸੁਖਾਣੀ ਸੋਵੈ॥ ਹਥੀ ਪਉਂਦੀ ਕਾਹੇ ਰੋਵੈ॥ ੩॥ ਘਰ ਘੁੰਮਣ ਵਾਣੀ ਭਾਈ॥ ਪਾਪ ਪੱਥਰ ਤਰਿਆ ਨਾ ਜਾਈ॥ ਭਉ ਬੇੜਾ ਜੀਉ ਚੜਾਊ॥ ਕਹੁ ਨਾਨਕ ਦੇਵੈ ਕਾਹੂ॥ ੪॥

ਫਿਰ ਕਿਤਨਿਆਂ ਕ ਦਿਨਾਂ ਕੋ ਤਲਵੰਡੀਓਂ ਮਰਦਾਨੇ ਨੂੰ ਕਾਲੂ ਨੇ ਖ਼ਬਰ ਲੈਣੇ ਨੂੰ ਭੇਜਿਆ ਸੀ ਜੋ ਜਾਹ ਨਾਨਕ ਦੀ ਖ਼ਬਰ ਲੈ ਆਉਂ ਮੈਂ ਉਡਦੀ ਜੇਹੀ ਗਲ ਸੁਣੀ ਹੈ ਜੋ ਨਾਨਕ ਫ਼ਕੀਰ ਹੋਯਾ ਹੈ ਤਾਂ ਮਰਦਾਨਾ ਸੁਲਤਾਨਪੁਰ ਆਯਾ ਮਰਦਾਨਾ ਦੇਖੇ ਤਾਂ ਕਿ ਆ ਦੇਖੇ ਜੋ ਨਾਨਕ ਤਪਾ ਹੋਇ ਬੈਠਾ ਹੈ ਤਾਂ ਮਰਦਾਨਾ ਆਯਾ ਨਾਨਕੀ ਪਾਸੋਂ ਖ਼ਬਰ ਲੀਤੀ ਲਗਾ ਪੁਛਣ ਰਜਾਦੀ ਜੀ ਏਹ ਕਿਆ ਹੋਯਾ ਮਹਿਤੇ ਕਾਲੂ ਮੈਨੂੰ ਖ਼ਬਰ ਨੂੰ ਭੇਜਿਆ ਆਹਾ ਤਾਂ ਨਾਨਕੀ ਕਹਿਆ ਭਾਈ ਮਰਦਾਨਾ ਏਹੋ ਹੀ ਖ਼ਬਰ ਹੈ ਜੋ ਦੇਖਦਾ ਹੈਂ ਅਤੇ ਹੋਰ ਕਾਈ ਖ਼ਬਰ ਲੈਨੀ ਹੈ ਤਾਂ ਭਾਈ ਨਾਨਕ ਜੀ ਪਾਸੋਂ ਜਾਇ ਲੈ ਜੋ ਕੋਈ ਜਵਾਬ ਦੇਵੀਗਾ ਸੋ ਲੈ ਜਾਵੀਂ॥ ੧੯॥

ਸਾਖੀ ਹੋਰ ਚਲੀ

ਮਰਦਾਨਾ ਆਇ ਨਾਨਕ ਨੂੰ ਮਿਲਿਆ ਆਖਿਓਸ ਨਾਨਕ ਜੀ ਇਹ ਕਿਆ ਕੀਤੋ ਚੰਗੇ ਭਲੇ ਛੱਡ ਕੇ ਅੰਗੋਛਾ ਸਿਰ ਬੰਧਿਓ ਤਾਂ ਨਾਨਕ ਬੋਲਿਆ ਮਰਦਾਨਾ ਅਸਾਂ ਤੈਨੂੰ ਤਾਰਦਾ ਗੁਣ ਦਿੱਤਾ ਸੀ ਸੋ ਅੱਜ ਦੇ ਦਿਨ ਨੂੰ ਅਸੀ ਤੁਧਨੂੰ ਉਡੀਕ ਦੇਸੇ ਤਾਂ ਮਰਦਾਨੇ ਕਹਿਆ ਕਹੁ ਜੀ ਮੈਨੂੰ ਆਖ ਗੁਰੂ ਨਾਨਕ ਆਖਿਆ ਅਸਾਡੇ ਨਾਲ ਚਲ ਤਾਂ ਮਰਦਾਨੇ ਆਖਿਆ ਕਿ ਧਰ ਜੀ ਤਾਂ ਨਾਨਕ ਜੀ ਆਖਿਆ ਜਿਧਰ ਕਰਤਾਰ ਲੈ ਜਾਵੇ ਤਾਂ ਮਰਦਾਨੇ ਆਖਿਆ ਨਾਨਕ ਜੀ ਮੈਨੂੰ ਤਾਂ ਮਹਿਤੇ ਕਾਲੂ ਖ਼ਬਰ ਨੂੰ ਭੇਜਿਆ ਆਹਾ ਅਤੇ ਅੰਮਾਂ ਬੀਬੀ ਉਡੀਕ ਵਾਨ ਦੇਖਦੇ ਹੋਸਨ ਤੁਸੀ ਆਖਦੇ ਹੋ ਅਸਾਡੇ ਨਾਲ ਚਲ ਮੈਂ ਕਿਆ ਕਰਾਂ ਨਾਨਕ ਜੀ ਆਖਿਆ ਸੁਣ ਮਰਦਾਨਿਆਂ ਅਸਾਂ ਨਾਲ ਨੰਗ ਭੁੱਖ ਹਈ ਅਤੇ ਸੁਖ ਭੋਗ ਮੰਗੇਂ ਤਾਂ ਤਲਵੰਡੀ ਜਾਹ ਤਾਂ ਮਰਦਾਨੇ ਕਹਿਆ ਮੈਨੂੰ ਜਾਣਾ ਓਖਾ ਹੋਯਾ ਹੁਣ ਮੈਂ ਕਿਥੇ ਜਾਵਾਂ ਹੁਣ ਮੈਨੂੰ ਸੰਸਾਰ ਉਤੇ ਕੋਈ ਨਾਹੀਂ ਨਦਰਿ ਆਂਵਦਾ ਤਾਂ ਗੁਰੂ ਨਾਨਕ ਆਖਿਆ ਮਰਦਾਨਿਆਂ ਤਾਰ ਵਜਾਇ ਤਾਂ ਮਰਦਾਨੇ ਆਖਜਾ ਜੀ ਮੈਂ ਤਾਂ ਤਾਰ ਕਦੇ ਨਹੀਂ ਵਜਾਈ ਤਾਂ ਨਾਨਕ ਜੀ ਆਖਿਆ ਅਸਾਂ ਤੈਨੂੰ ਤਾਰਦਾ ਗੁਣ ਦਿੱਤਾ ਸੀ ਸੋ ਕਿੱਥੇ ਘਤਿਓ ਤਾਂ ਮਰਦਾਨੇ ਆਖਿਆ

CC-0. Gurukul Kangri University Haridwar Collection. Digitized by S3 Foundation USA

ਜੀਮੈਂ ਤਾਂ ਵੇਚਖਾਧਾ ਨਾਹੀਂ ਜਿਥੇ ਰਖਿਆ ਹੈ ਤਿਥਾਉਂ ਪਿਆ ਹੋਗ ਨਾਨਕ ਜੀ ਕਹਿਆ ਵਜਾਏ
ਮਰਦਾਨਾ ਮਰਦਾਨੇ ਪਾਸ ਰਬਾਬ ਨ ਥਾ ਤਾਂ ਮਰਦਾਨੇ ਹੁਕਮ ਮੰਨਿਆ ਮਰਦਾਨਾ ਸ਼ਹਿਰ ਵਿਚ
ਆਯਾ ਆਇਕਰ ਕੋਈ ਢਾਡੀ ਲਗਾ ਵੇਲਣ ਦੇਖੇ ਤਾਂ ਹਿਕ ਡੂਮੇਟਾ ਹਿਕ ਪਠਾਨ ਅੱਗੇ ਬੈਠਾ
ਗਾਂਵਦਾ ਆਹਾ ਅਤੇ ਮਝੋਲਾ ਰਬਾਬ ਹੱਥ ਵਜਾਇੰਦਾ ਹੈ ਮਰਦਾਨੇ ਉਸਨੂੰ ਦੁਆਇ ਸਲਾਮਤ
ਦਿੱਤੋ ਸੁ ਤਿਚਰ ਨੂੰ ਪਠਾਨ ਉਠ ਖੜਾ ਹੋਯਾ ਤਾਂ ਮਰਦਾਨੇ ਉਸਨੂੰ ਆਖ ਜਾ ਚਲ ਭਾਈ ਮਿਰਾਸੀਆ
ਹਿਕ ਬੰਦਾ ਖੁਦਾਇੰਦਾ ਤੈਨੂੰ ਸੱਦਦਾ ਹੈ ਓਹ ਮਿਰਾਸੀ ਉਠ ਖੜਾ ਹੋਯਾ ਰਾਹ ਵਿਚ ਲਗਾ
ਪੁੱਛਣ ਭਾਈ ਤੂੰ ਮਿਰਾਸੀ ਹੋਂਦਾ ਹੈਂ ਤਾਂ ਮਰਦਾਨੇ ਕਹਿਆ ਹਾਂ ਜੀ ਮਿਰਾਸੀ ਹੋਂਦਾ ਹਾਂ ਫਿਰ ਉਸ
ਪੁੱਛਿਆ ਤੂੰ ਕਿੱਥੋਂ ਹੈਂ ਤੇਰਾ ਨਾਉਂ ਕਿਆ ਹੈ ਤਾਂ ਮਰਦਾਨੇ ਆਖਿਆ ਮੇਰਾ ਨਾਉਂ ਮਰਦਾਨਾ ਹੈ
ਅਤੇ ਵਤਨ ਰਾਇ ਭੋਇ ਦੀ ਤਲਵੰਡੀ ਹੈ ਤਾਂ ਮਰਦਾਨਾ ਉਸਨੂੰ ਨਾਲ ਲੈ ਕਰ ਨਾਨਕ ਜੀ ਪਾਸ ਲੈ
ਆਯਾ ਉਸਨੂੰ ਆਖਿ ਉਸ ਭਾਈ ਤੂੰ ਤਾਰ ਵਜਾਇ ਤਾਂ ਗੁਰੂ ਨਾਨਕ ਦੀ ਸਮਾਧ ਲਗੀ ਆਹੀ ਜਾਂ
ਉਸ ਡੂਮੇ ਦੇ ਤਾਰ ਵਜਾਈ ਤਉ ਨਾਨਕ ਅੱਖੀਂ ਖੋਲੀਆਂ ਆਖਿ ਉ ਸਅਵੇ ਮਰਦਾਨਾ ਤੂੰ ਵਜਾਇ
ਤਾਂ ਮਰਦਾਨੇ ਹੁਕਮ ਮੰਨਿਆਂ ਮਰਦਾਨਾ ਵਜਾਇਨਾ ਹਿ ਜਾਨ ਦਾ ਸਾ ਮਰਦਾਨਾ ਲਗਾ ਵਜਾਵਣ
ਮਰਦਾਨੇ ਅਜੇਹੀ ਤਾਰ ਵਜਾਈ ਜੋ ਜੰਗਲ ਦੇ ਮ੍ਰਿਗ ਬੇਸੁਧ ਹੋਇਕੇ ਢਹਿ ਪਏ ਗੁਰੂ ਨਾਨਕ ਨੂੰ
ਬਹੁਤ ਰੀਝਾਯਾ ਅਤੇ ਮਰਦਾਨਾ ਆਪਣੇ ਜੀ ਵਿਚ ਬਹੁਤ ਰਾਜ਼ੀ ਹੋਯਾ ਜਾਣੇ ਜੋ ਮੈਂ ਤਾਂ ਵਜਾਇ
ਨਾਹਾ ਜਾਣਦਾ ਮੈਨੂੰ ਅਜ ਗੈਬ ਦੀ ਛਤੇ ਹੋਈ ਅਤੇ ਓਹ ਢਾਢੀ ਹੈਰਾਨ ਹੋਗਯਾ ਅਤੇ ਆਖਿ ਓਸ
ਮੈਂ ਵਡੇ ਵਡੇ ਢਾਢੀ ਡਿੱਠੇ ਆਹੇ ਪਰ ਏਹ ਗੁਣ ਕਿਸੇ ਵਿੱਚ ਨਾ ਹ ਡਿੱਠਾ ਫੇਰ ਗੁਰੂ ਨਾਨਕ ਕਹਿਯਾ
ਕਿਉਂ ਮਰਦਾਨਾ ਤਾਂ ਮਰਦਾਨੇ ਉਠ ਕੇ ਸਲਾਮ ਕੀਤਾ ਜੀ ਮੈਂ ਤੈਨੂੰ ਖੁਦਾਇ ਵਲੋਂ ਹੀ ਜਾਣਦਾ
ਹਾਂ ਜੋ ਤੂੰ ਫੁਰਮਾਏਂ ਸੋ ਹਉਂ ਕਰਾਂ ਤਾਂ ਗੁਰੂ ਨਾਨਕ ਆਖਿਆ ਮਰਦਾਨਾ ਰਬਾਬ ਗੁਰਮੁਖੀ ਹੈ
ਅਤੇ ਢਡ ਅਤੇ ਹੋਰ ਵਾਜਾ ਜੋ ਹੈ ਸੋ ਸਭੋ ਵਿਕਾਰ ਹੈ ਤਾਂ ਮਰਦਾਨੇ ਆਖਿਆ ਜੀ ਰਬਾਬ ਮਿਲੇ
ਤਾਂ ਗੁਰੂ ਨਾਨਕ ਆਖਿਆ ਮਰਦਾਨਾ ਸੁਆਲ ਕਰਨਾ ਭਲਾ ਨਾਹੀਂ ਪਰ ਜ਼ਰੂਰ ਤ ਕਰਾਂ ਵਦੀ ਹੈ
ਪਰ ਜਾਇਕੇ ਬੇਬੇ ਜੀ ਪਾਸ ਆਖ ਜੋ ਬੇਬੇ ਜੀ ਨਾਨਕ ੈਥੇ ਇਕ ਸਵਾਲ ਕੀਤਾ ਹੈ ਜੇ ਮੰਨੇਂ ਤਾਂ
ਆਖੀਐ ਅਤੇ ਨ ਮੰਨੇਂ ਤਾਂ ਨਾਹੀਂ ਆਖਦਾ ਜੇ ਮੰਨਿ ਉਸ ਤਾਂ ਆਖੀਂ ਜੋ ਹਿਕ ਰਬਾਬ ਲੈ ਦੇਇ
ਤਾਂ ਮਰਦਾਨਾ ਉਠ ਖੜਾ ਹੋਯਾ ਉਸ ਰਬਾਬੀ ਕਹਿਆ ਏਹ ਰਬਾਬ ਤਾਂ ਹਾਜਰ ਹੈ ਫੇਰ ਗੁਰੂ
ਨਾਨਕ ਕ ਹਜ਼ਾ ਭਾਈ ਢਾਢੀ ਆਯਾ ਸਾਨੂੰ ਪਹੁੰਚਯਾ ਭਉ ਦਿੱਤਾ ਪਰ ਏਹ ਆ ਸਾਡੇ ਕੰਮ ਦਾ ਨਹੀਂ
ਤਾਂ ਮਰਦਾਨਾ ਜਾਇ ਨਾਨਕੀ ਪਾਸ ਖੜਾ ਹੋਯਾ ਤਾਂ ਨਾਨਕੀ ਪੁੱਛਿਆ ਕਿਉਂ ਭਾਈ ਮਰਦਾਨਾਂ
ਤਾਂ ਮਰਦਾਨੇ ਆਖਿਆ ਜੀ ਮੈਨੂੰ ਨਾਨਕ ਜੀ ਤੁਸਾਡੇ ਪਾਸ ਭੇਜਿਆ ਹੈਗਾ ਤਾਂ ਮਰਦਾਨੇ
ਆਖਿਆ ਜੀ ਹਿਕ ਸੁਆਲ ਕੀਤਾ ਹੈਸੁ ਆਖਜਾ ਹੈਸੁ ਮੰਨੇ ਤਾਂ ਆਖਾਂ ਨਹੀਂ ਤਾਂ ਨਾ ਆਖਾਂ
ਤਾਂ ਨਾਨਕੀ ਆਖਿਆ ਆਖ ਭਾਈ ਮਰਦਾਨਾ ਨਿਸੰਗ ਆਖ ਮਰਦਾਨੇ ਆਖਿਆ ਜੀ ਹਿਕ
ਰਬਾਬ ਜਿਤਨੇ ਤੋਂ ਮਿਲੇ ਤਿਤਨੇ ਤੋਂ ਲੈ ਦੇਇ ਨਾਨਕੀ ਆਖਿਆ ਹਿਕ ਕੇਹਾ ਜੇ ਆਖੇ ਤਾਂ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਲੈ ਦੇਵਾਂ ਪਰ ਮੈਨੂੰਮੁਖਦਿਖਲਾਜਾਵਉਫਿਰਮਰਦਾਨੇਗੁਰੂਨਾਨਕਜੀਨੂੰਆਇਕੇਆਖਜਾ ਬੇਬੇਜੀਆਖਦੀ ਹੈ ਹਿਕ ਕਿਆ ਸੌਆਖੇ ਤਾਂ ਸੌ ਲੈਦੇਵਾਂ ਪਰ ਮੈਨੂੰ ਆਪਨਾ ਮੁਖਦਿਖਲਾਇ ਜਾਵੋ ਤਾਂ ਗੁਰੂਨਾਨਕ ਆਖਿਆ ਚਲ ਭਾਈ ਮਰਦਾਨਾ ਸਾਥੋਂ ਬੇਬੇ ਨਾਨਕੀ ਦਾ ਆਖਿਆ ਫੇਰਿਆ ਨਹੀਂ ਜਾਂਦਾ ਨਾਨਕੀ ਅਸਾਡੇ ਪਿਛਲੇ ਜਨਮ ਦੀ ਭੈਣਆਹੀ ਅਤੇ ਜਬਭੀਅਸਾਡੀ ਸੇਵਾ ਬਹੁਤ ਕੀਤੀ ਆਹੀ ਚਲ ਭਾਈਮਰਦਾਨਾ ਬੇਬੇ ਪਾਸ ਜਾਈਐ ਤਾਂ ਗੁਰੂਨਾਨਕਅਤੇ ਮਰਦਾਨਾ ਰਬਾਬੀ ਬੇਬੇ ਨਾਨਕੀ ਪਾਸ ਆਏ ਅੱਗੋਂ ਨਾਨਕੀ ਪੀੜ੍ਹਾ ਵਛਾਇ ਦਿੱਤਾ ਅਤੇ ਮਰਦਾਨੇ ਨੂੰ ਪੀੜ੍ਹੀ ਪਾਇ ਦਿੱਤੀ ਦੋਵੇਂ ਬੈਠ ਕੇ ਆਖਿਆ ਬੇਬੇਜੀ ਕਿਛ ਆਖੀਐਤਾਂਬੇਬੇ ਕਹਿਆ ਭਾਈ ਜੀ ਜੋ ਤੁਸੀ ਮੂੰ ਆਖੋ ਸੋ ਮੈਨੂੰ ਕਬੂਲ ਹੈ ਪਰ ਹਿਕ ਸਾਡਾ ਆਖਿਆ ਮੰਡੋਂ ਅੱਗੋਂ ਗੁਰੂ ਜੀ ਕਹਿਆ ਭਲਾਬੇਬੇ ਤੁਸੀਆਖੋ ਨਾਨਕੀ ਆਖਿਆਭਾਈਜੀਤੁਸੀਫ਼ਰਮਾਇਸ਼ ਕਰੋ ਅਤੇ ਤੁਸੀ ਮੇਰੇ ਪਾਸ ਹੀ ਰਹੋ ਤਾਂ ਗੁਰੂ ਨਾਨਕ ਜੀ ਆਖਿਆ ਬੇਬੇ ਜੀ ਅਸੀ ਤੁਸਾਡੇ ਪਾਸਹੀ ਹਾਂ ਜਿਤ ਵੇਲੇ ਤੁਸੀ ਯਾਦ ਕਰੋ ਤਿਤੇ ਵੇਲੇ ਹਜ਼ਾਰ ਹਾਂ ਤਾਂ ਫੇਰ ਨਾਨਕੀ ਆਖਿਆ ਭਾਈ ਮਰਦਾਨਾ ਤੁਸੀ ਰਬਾਬ ਖੋਜ ਕਰੋ ਜੋ ਕਿਛ ਮੁੱਲ ਲਗੇ ਸੋ ਮੇਰੇ ਪਾਸੋਂ ਲੈ ਜਾਵੋ ਤਾਂ ਮਰਦਾਨੇ ਗੁਰੂ ਨਾਨਕਜੀ ਨੂੰ ਪੁਛਿਆ ਕੇਹਾਕੁ ਹੋਵੇ ਤਾਂ ਗੁਰੂ ਨਾਨਕਜੀ ਕਹਿਆਮਰਦਾਨਾ ਪੁਛ ਬੇਬੇਜੀਪਾਸੋਂ ਜੇਹੇ ਮੁਲ ਦਾ ਆਖੇ ਤੇਹੋ ਜੇਹਾ ਲੈ ਤਾਂਨਾਨਕੀਆਖਿਆ ਭਾਈ ਮਰਦਾਨਾ ਜੇਹਾ ਤੇਰੀ ਖ਼ੁਸ਼ੀ ਆਵੇ ਤੇਹਾ ਲੈ ਤਾਂ ਨਾਨਕੀ ਆਖਿਆ ਭਾਈ ਮਰਦਾਨਾ ਰਸੋਈਜੇਂਵਕਰ ਜਾਇ ਅਤੇਬਾਲੇ ਸੰਧੂਨੂੰ ਸੱਦਲੈਆਉ ਤਾਂ ਮਰਦਾਨਾ ਗਯਾ ਬਾਲੇਨੂੰ ਸੱਦਣ ਜਾਇ ਮਰਦਾਨੇ ਬਾਲੇਨੂੰ ਆਖਿਆ ਜਜਮਾਂਨ ਤੈਨੂੰ ਨਾਨਕਜੀ ਅਤੇ ਬੇਬੇਨਾਨਕੀਸੱਦਿਆਹੈਤਾਂਬਾਲੇਕਹਿਆ ਕਿਉਂ ਭਾਈਮਰਦਾਨਾ ਮਰਦਾਨੇ ਆਖਿਆ ਭਾਈ ਰਸੋਈ ਕੀਤੀਹੈ ਸੁ ਗੁਰੂਨਾਨਕਨੂੰ ਅਤੇ ਤੈਨੂੰ ਅਤੇ ਮੈਨੂੰ ਸੱਦਿਆ ਹੈਸ ਤਾਂਬਾਲੇ ਆਖਜਾ ਸੁਨਮਰਦਾਨਾਂ ਮੈਂ ਤਾਂ ਘਰ ਚਲਿਆਸੀਪਰ ਤੂੰ ਜੋਹੁਣ ਆਇਓਂ ਤਾਂਜਾਂਦਾਨਹੀਂ ਚਲਤਾਂ ਮਰਦਾਨਾਬਾਲੇਸੰਧੂਨੂੰਨਾਲਲੈਆਯਾ ਅੱਗੋਂਗੁਰੂ ਨਾਨਕ ਕਹਿਆ ਆਓ ਭਾਈ ਬਾਲਾ ਆਉਂਦਾ ਹੀਪੈਰਾਂਤੇ ਢਹਿ ਪਿਆਗੁਰੂਨਾਨਕਕਹਿਆ ਭਾਈਬਾਲਾ ਕਰਤਾਰ ਚਿਤਆਵੇ ਤਾਂ ਪ੍ਰਸਾਦਤੈਹਾਂਜੇਂਵਿਆਂ ਤਾਂ ਬਾਲੇ ਵਿਦਾ ਮੰਗੀ ਗੁਰੂਜੀ ਅਸੀ ਘਰਾਂਨੂੰ ਜਾਂਦੇ ਹਾਂ ਅਸਾਨੂੰਖੁਸ਼ੀਹੋਵੇ ਤਾਂ ਗੁਰੂ ਜੀ ਆਖਿਆ ਕਜੋਂ ਭਾਈਬਾਲਾਅਸਾਂਤੇ ਰੰਜ ਹੋਏ ਹੋ ਤਾਂ ਬਾਲੇ ਆਖਿਆ ਗੁਰੂ ਜੀ ਅਸਾਡਾ ਬਿਤੁ ਹੈ ਜੋ ਅਸੀ ਤੁਸਾਂ ਉਪਰ ਰੰਜ ਹੋਵੀਐ ਅਸੀ ਤੁਸਾਂ ਪਾਂਸੋਂਕਿਛ ਮੰਗਿਆ ਲੋੜਦੇਆਹੇ ਤਾਂ ਗੁਰੂਨਾਨਕਆਖਿਆਮੰਗਭਾਈ ਬਾਲਾ ਜੋ ਮੰਗੋ ਸੋ ਕਰਤਾਰ ਪਾਸੋਂ ਦੇਵਾਈਐ ਤਾਂ ਬਾਲੇ ਆਖਿਆ ਜੀ ਏਹੋ ਮੰਗਦਾ ਹਾਂ ਜੋ ਕਰਤਾਰ ਚਿੱਤਆਵੇ ਤੇਰੀ ਚਾਲੀਦੇਖਕਰਜੀਉਭਰਮੇਂ ਨਾਹੀਂ ਸੰਸਾਰ ਕੋਈ ਕੁਹ ਆਖਦਾਹੈ ਕੋਈ ਕੁਹ ਅਖਦਾ ਹੈ ਤਾਂ ਗੁਰੂਨਾਨਕ ਕਹਿਆ ਭਾਈ ਬਾਲਾ ਤੈਨੂੰ ਕਰਤਾਰ ਅਡੋਲ ਰੱਖੇਗਾ ਸੰਸਾਰਪਿਆ ਝਖ਼ ਮਾਰੇ ਸੰਸਾਰਸਗਦੀ ਨਿਆਈਂ ਭੌਂਕਦਾਹੈ ਤਾਂ ਬਾਲਾ ਘਰਾਂ ਨੂੰ ਵਿਦਾਹੋਯਾ

CC-0. Gurukul Kangri University Haridwar Collection. Digitized by S3 Foundation USA

ਨਾਨਕਜੀ ਨੇ ਕਾਲੂ ਅਤੇਅੰਮਾਬੀਬੀ ਨੂੰ ਹੱਛੇਸਨੇਹੇਦਿੱਤੇਭਾਈ ਬਾਲਾ ਲੈਗਯਾ ਮਰਦਾਨੇ ਨੂੰ ਗੁਰੂਨਾਨਕਨੇਰਬਾਬਨੂੰਭੇਜਿਆ ਨਾਨਕੀ ਆਖਿਆ ਭਾਈ ਮਰਦਾਨੇ ਹੱਛਾ ਮਿਲੇਖੁਸ਼ਕਰਲੈ ਆਵੀਂ ਤਾਂਮਰਦਾਨੇਉਠਤਾਜ਼ੀਮਕੀਤੀ ਅਤੇਗੁਰੂਨਾਨਕਜੀ ਬਹੁਤਖੁਸ਼ੀਹੋਏ ਤਾਂ ਮਰਦਾਨਾ ਲਗਾਮਿਰਾਸੀਆਂਦੇਘਰਟੋਲਣਜਿੱਥੇਜਾਏਤਿਥੇਕੋਈ ਮਿਰਾਸੀਹੋਇਅੱਗੋਂਆਖਨਆਯਾਈ ਕੁਰਾਹੀਆਂਦਾਡੂਮ ਮਰਦਾਨੇਨੂੰਕੋਈਆਦਰਦੇਵੈਨਾਹੀਂ ਕਿਤਨੇਦਿਨਮਰਦਾਨਾਫਿਰ ਥੱਕਾ ਫੇਰਮਰਦਾਨਾਗੁਰੂਨਾਨਕਪਾਸਆਯਾਗੁਰੂਨਾਨਕਮਰਦਾਨੇਨੂੰਪੁੱਛਜਾਕਿਉਂਭਾਈ ਮਰਦਾਨਾ ਮਰਦਾਨੇ ਆਖਿਆਜੀ ਤੈਨੂੰ ਸਭ ਕੁਛ ਮਲੂਮਹੈ ਫਿਰ ਗੁਰੂ ਨਾਨਕ ਆਖਜਾ ਮਰਦਾਨਿਆ ਨਿਸੰਗ ਆਖ ਤਾਂ ਮਰਦਾਨੇ ਆਖਿਆ ਜੀ ਨਿਸੰਗ ਆਖਨਦੀ ਗਲਨਾਹੀਂ ਗੁਰੂ ਨਾਨਕ ਰੰਗਵਿਚਆਆਖਿਓ ਸਅਵੇਮਰਦਾਨਾਨਿਸੰਗਆਖਤਾਂਮਰਦਾਨਾਕੰਬਿਓਕੰਬਕਰਆਖਜੋਸ ਜੀਸੰਸਾਰਆਖਦਾ ਹੈ ਆਯਾਈ ਕੁਰਾਹੀਆਂ ਦਾਡੂਮ ਔਰਗੱਲਾਂਹੋਂਦੀਆਂਨੀਅਤੇਡੂਮ ਕੋਈ ਆਦਰ ਦੇਂਦਾ ਨਹੀਂ ਅਤੇ ਤੁਸਾਂ ਆਖਿਆ ਜੋ ਕੋਈ ਰਸਿਆਹੋਯਾਲੈਆਓ ਤਾਂਗੁਰੂਨਾਨਕ ਆਖਿਆ ਮਰਦਾਨਾਂ ਏਹ ਸੰਸਾਰ ਐਵੇਂ ਝਖ ਮਾਰਦਾ ਆਯਾ ਹੈ ਸੰਸਾਰਭਸਖਾਇਆਪੇ ਤੈਂ ਵੱਲਆਵੇਗਾ ਤੂੰ ਰਬਾਬ ਕੋਈ ਟੋਲਲੈਆਉ ਤਾਂਮਰਦਾਨੇਆਖਿਆਜੀ ਕੋਈਮਿਰਾਸੀ ਮੈਨੂੰ ਆਦਰ ਦੇਂਦਾ ਨਹੀਂ ਤਾਂ ਗੁਰੂ ਨਾਨਕ ਆਖਿਆ ਮਰ ਦਾਨਿਆਂ ਮੇਰਾ ਆਖਿਆ ਮੰਨ ਤਾਂ ਮਰਦਾਨੇ ਆਖਜਾ ਜੀ ਕੁਛ ਆਖੇਂ ਤਾਂ ਗੁਰੂ ਨਾਨਕ ਆਖਜਾਮਰਦਾਨਿਆਂਜੰਗਲਦੇ ਅੰਦਰ ਗਿਰਾਉਂ ਜੱਟਦਾ ਹੈ ਦੋਹਾਂ ਨਦੀਆਂ ਦੇ ਵਿੱਚ ਗਿਰਾਉਂਦਾ ਨਾਉਂ ਅਬੱਕਪੁਰਹੈਉਸ ਵਿੱਚ ਹਿੱਕ ਰਬਾਬੀ ਰਹਿੰਦਾ ਹਈ ਨਾਉਂ ਉਸਦਾਫਿਰੰਦਾ ਹਿੰਦੂ ਸੱਦਦੇ ਹੈਨ ਅਤੇ ਨਾਲੇਫੇਰੂ ਭੀ ਸੱਦੀਦਾ ਹੈ ਤੂੰ ਉਸ ਪਾਸੋਂ ਜਾਇ ਮੰਗ ਜੇ ਨਾ ਦੇਵੇ ਤਾਂ ਅਸਾਡਾ ਨਾਮ ਲਈਂ ਤਾਂ ਮਰਦਾਨੇ ਆਖਿਆ ਭਲਾ ਜੀ ਕੁਛ ਮੁਲਵੀ ਪੱਲੇ ਹੋਵੇ ਤਾਂ ਗੁਰੂਨਾਨਕ ਜੀ ਕਹਿਆਜਾਇਮਰਦਾਨਾ ਜੋ ਕਿਛ ਮੁਲਲੋੜੀਦਾ ਹੈ ਸੋ ਬੇਬੇਨਾਨਕੀ ਜੀ ਪਾਸੋਂ ਲੈਜਾਇ ਤਾਂ ਮਰਦਾਨਾਬੇਬੇਨਾਨਕੀ ਪਾਸ ਆਯਾ ਤਾਂ ਮਰਦਾਨੇ ਕਹਿਆ ਬੇਬੇਜੀਜਿਤਨਾਸ਼ਹਿਰਸੀ ਮੈਂ ਸਭੋਟੋਲਥੱਕਾਮੈਨੂੰ ਹਥ ਨ ਆਯਾ ਹੁਨਦੂਰਭੇਜਦਾਹੈਮੁੱਲਵਾਸਤੇ ਤੇਰੇਪਾਸਆਯਾਹਾਂਤਾਂਨਾਨਕੀਆਖਜਾਭਲਾਭਾਈ ਜੋਕੁਛ ਆਖੇ ਸੋ ਦੇਵਾਂ ਮਰਦਾਨੇ ਕਹਿਆ ਬੇਬੇ ਜੀ ਸੱਤ ਰੁਪਯੇ ਦੇਵੋ ਨਾਨਕੀ ਸੱਤ ਰੁਪਯੇ ਅੰਦਰੋਂ ਕੱਢ ਮਰਦਾਨੇ ਦੇ ਹੱਥ ਦਿੱਤੇ ਤਾਂ ਮਰਦਾਨਾ ਗੁਰੂਨਾਨਕਜੀ ਪਾਸਆਯਾ ਤਾਂ ਗੁਰੂ ਨਾਨਕ ਕਹਿਆ ਕਿਉਂ ਭਾਈ ਮਰਦਾਨਾ ਮੁਲ ਆਂਦਾ ਹਈ ਤਾਂਜਾਹ ਤਾਂ ਮਰਦਾਨਾ ਬਚਨ ਮੰਨਕੇ ਓਥੋਂ ਟੁਰਿਆ ਤ੍ਰਿਹੁੰ ਦਿਨਾਂ ਵਿਚ ਮਰਦਾਨਾ ਓਥੇ ਗਿਆ ਜਾਇਕਰਲਗਾਟੋਲਣ ਜੋਭਾਈ ਏਥੇ ਫਿਰੰਦਾ ਅਤੇ ਫੇਰੂ ਰਬਾਬੀ ਕਿੱਥੇ ਰਹਿੰਦਾ ਹੈ ਅੱਗੋਂ ਕੋਈਦੱਸੇ ਨਾਹੀਂ ਦੋਇ ਦਿਨ ਮਰਦਾਨਾ ਢੂੰਡਦਾ ਰਹਿਆ ਤਾਂ ਮਰਦਾਨਾ ਅੱਕ ਪਿਆ ਤਾਂਮਰਦਾਨੇ ਕਹਿਆ ਭਾਈ ਏਥੇ ਤਾਂ ਕੋਈ ਨਾਹੀਂ ਫਿਰ ਚਲੀਏ ॥ ੨੭ ॥

CC-0. Gurukul Kangri University Haridwar Collection. Digitized by S3 Foundation USA

S OF INTERNET
UTH
ABHINAV GAUR

ਆਗੇ ਸਾਖੀ ਹੋਰ ਚਲੀ

ਭਾਂ ਮਰਦਾਨੇ ਆਖਜਾ ਮੈਂ ਕਿਥੋਂ ਛੁੰਡਾਂ ਉਦਾਸ ਹੋਇਕੇ ਚੱਲਣ ਲਗਾਤਾਂ ਭੀ ਜੋ ਦਿਨ ਫਿਰੰਦਾ ਰਬਾਬੀ ਮਰਦਾਨੇ ਨੂੰ ਆਇ ਮਿਲਜਾ ਆਇਕਰ ਲੱਗਾ ਪੁਛਨ ਭਾਈ ਤੂੰ ਕੌਨ ਹੈਂ ਤੂੰ ਕਿਸਨੂੰ ਟੋਲਦਾ ਹੈਂ ਭਾਂ ਮਰਦਾਨੇ ਆਖਜਾ ਜੀ ਏਥੇ ਇਕ ਰਬਾਬੀ ਫਿਰੰਦਾ ਹੈ ਅਤੇ ਫੇਰੂ ਭੀ ਸੱਦੀਦਾ ਹੈ ਭਾਂ ਫਿਰੰਦੇ ਆਖਜਾ ਤੇਰਾ ਨਾਉਂ ਕਿਆ ਹੈ ਤੂੰ ਹੁੰਦਾ ਕੌਨ ਹੈਂ ਤੂੰ ਭੇਜਿਆ ਕਿਸਦਾ ਹੈਂ ਅਤੇ ਤੇਰਾ ਵਤਨ ਕੌਣ ਹੈ ਭਾਂ ਮਰਦਾਨੇ ਕਿਹਾ ਜੀ ਮੇਰਾ ਵਤਨ ਰਾਇਭੋਏ ਦੀ ਤਲਵੰਡੀ ਹੈ ਨਾਉਂ ਮਰਦਾਨਾ ਹੈ ਭੇਜਿਆ ਨਾਨਕ ਵੇਦੀ ਫਕੀਰ ਹੈ ਹੁਕਮ ਕੀਤਾ ਹੈਸੁ ਜੋ ਰਬਾਬ ਲੈਆਓ ਭਾਂ ਫਿਰੰਦੇ ਆਖਜਾ ਫੇਰੂ ਮੈਂ ਹੀ ਹਾਂ ਅਤੇ ਤੁਹਾਨੂੰ ਨਾਨਕ ਵੇਦੀ ਮੈਂ ਹੀ ਤੇ ਘਲਜਾ ਹੈ ਅਤੇ ਰਬਾਬ ਭੀ ਮੈਥੇ ਹੀ ਹੈ ਅਤੇ ਨਾਨਕ ਵੇਦੀ ਮੇਰਾ ਚਰੋਕਨਾ ਅਛਨਾਉ ਹੈ ਭਾਂ ਮਰਦਾਨੇ ਆਖਜਾ ਜੀ ਰਬਾਬ ਮੈਨੂੰ ਦੇਵੋ ਭਾਂ ਫਿਰੰਦੇ ਆਖਜਾ ਸੁਣ ਮਰਦਾਨਾ ਰਬਾਬ ਲੈ ਫਿਰੰਦਾ ਨ ਜਾਣੀਐ ਜੋ ਰਬਾਬ ਕਿਥੋਂ ਲੈਆਯਾ ਭਾਂ ਮਰਦਾਨਾ ਦੇਖੇ ਭਾਂ ਕਜਾ ਦੇਖੇ ਰਬਾਬ ਕੁਦਰਤੀਹ ਭਾਂ ਮਰਦਾਨੇ ਕਹਜਾ ਜੀ ਕੁਛ ਮੁਲ ਭੀ ਕਹੋ ਭਾਂ ਫਿਰੰਦੇ ਆਖਜਾ ਭਾਈ ਮਰਦਾਨਾ ਤੇਰੇ ਪਾਸ ਰਬਾਬ ਦਾ ਮੁਲ ਨਾਹੀਂ ਅਤੇ ਇਸਦਾ ਮੁਲ ਭੀ ਅਸਾਂ ਲੈਣਾ ਨਹੀਂ ਭਾਂ ਮਰਦਾਨਾ ਰੈਹ ਨ ਸਕਜਾ ਆਖ-ਓਸਜੀ ਇਸਦਾ ਮੁਲ ਤੂੰ ਕਜੋਂ ਨਹੀਂ ਲੈਣਾ ਫਿਰੰਦੇ ਆਖਜਾ ਮਰਦਾਨਾ ਏਹ ਰਾਬਬ ਅਸਾਨੂੰ ਕੁਦਰਤ ਨਾਲ ਹੱਥ ਆਯਾ ਹੈ ਅਵਾਜ ਇਸਦਾ ਏਹੀ ਨਿਕਲਦਾ ਹੈ ਜੋ ਫਿਰੰਦਾ ਏਹ ਰਬਾਬ ਹੋਰਸ ਅਗੇ ਨਹੀਂ ਵਜਾਵਣਾ ਇਕ ਨਾਨਕ ਬੇਦੀ ਖਤ੍ਰੀ ਪੈਦੇ ਹੋਸੀਆ ਏਹ ਰਬਾਬ ਉਸਦੇ ਅਗੇ ਵਜਾਵਣਾ ਤੂੰ ਉਸ ਅਗੇ ਵਜਾਇ ਭਾਂ ਮਰਦਾਨਾ ਇਸਦਾ ਮੁਲ ਅਸਾਂ ਲੈਣਾ ਨਾਹੀਂ ਪਰ ਭਾਈ ਚਲ ਦੇਖਾਂ ਓਹ ਨਾਨਕ ਹੈ ਕਿ ਕੋਈ ਹੋਰ ਹੈ ਭਾਂ ਮਰਦਾਨੇ ਕਿਹਾ ਚਲੋ ਜੀ ਪਰ ਜੇ ਹੁਕਮ ਹੋਵੇ ਭਾਂ ਵਜਾਇ ਦੇਖਾਂ ਭਾਂ ਫਿਰੰਦੇ ਕਹਿਆ ਜੀ ਹੋਰਸੁ ਅਗੇ ਹੁਕਮ ਨਾਹੀਂ ਭਾਂ ਮਰਦਾਨੇ ਕਹਿਆ ਭਾਈ ਜੀ ਮੈਨੂੰ ਉਸੇ ਨਾਨਕ ਭੇਜਿਆ ਹੈ ਭਾਂ ਫਿਰੰਦੇ ਕਹਿਆ ਭਾਈ ਤੂੰ ਜਾਣ ਉਸੇ ਨਾਨਕ ਭੇਜਜਾ ਹੈ ਭਾਂ ਵਜਾਇ ਭਾਂ ਮਰਦਾਨੇ ਰਬਾਬ ਹਥ ਲੈਕੇ ਥਾਟ ਬਣਾਇ ਕੈ ਵਜਾਇਆ ਭਾਂ ਅਵਾਜ ਵਿਚੋਂ ਨਿਰੰਕਾਰ ਹੀ ਨਿਰੰਕਾਰ ਆਵੇ ਅਤੇ ਪਿਛੋਂ ਦੀ ਨਾਨਕ ਦੀ ਅਧੀਨਗੀ ਨਿਕਲੇ ਅਤੇ ਕੋਈ ਹੋਰ ਅਵਾਜ ਨਾ ਨਿਕਲੇ ਭਾਂ ਮਰਦਾਨੇ ਹੈਰਾਨ ਹੋਇ ਕਰ ਆਖਿ ਓਸੁ ਭਾਈ ਫਿਰੰਦਾ ਝਬ ਚਲ ਫਿਰੰਦਾ ਅਤੇ ਮਰਦਾਨਾ ਦੋਵੇਂ ਚਲੇ ਨਾਵੇਂ ਦਿਨ ਗੁਰੂ ਬਾਬੇ ਪਾਸ ਆਇ ਖੜੇ ਹੋਇ ਰਬਾਬ ਅਗੇ ਰਖਜਾ ਅਤੇ ਦੋਹਾਂ ਮੱਥਾ ਟੇਕਿਆ ਭਾਂ ਗੁਰੂ ਨਾਨਕ ਕਿਹਾ ਮਰਦਾਨਾ ਇਤਨਾ ਚਿਰ ਕਿਉਂ ਲਾਇਓ ਭਾਂ ਮਰਦਾਨੇ ਆਖਿਆ ਜੀ ਤੇਰੀ ਤੂੰ ਜਾਣ ਅਸਾਨੂੰ ਕੁਛ ਮਾਲੂਮ ਨਹੀਂ ਹੋਈ ਜੇ ਤੂੰ ਭਗਤ ਹੈਂ ਕਿ ਨਿਰੰਕਾਰ ਹੈਂ ਅਸੀ ਵਡੇ ਹੈਰਾਨ ਆਹੇ ਜਿਥੇ ਤੈਂ ਅਸਾਨੂੰ ਭੇਜਜਾ ਸੀ ਤਿਥੇ ਤੋਂ ਜਾਇ ਢੂੰਡ ਰਿਹਾ ਦਸੇ ਕੋਈ ਨਾਹੀਂ ਤੀਸਰੇ ਦਿਨ ਮੈਂ ਚਲਣੇ ਤੇ ਹੋਯਾ ਭਾਂ ਏਹ ਸਾਧ ਆਇ ਮਿਲਜਾ ਇਸ ਆਪੇ ਪੁਛਜਾ ਪੁਛਕੇ

CC-0. Gurukul Kangri University Haridwar Collection. Digitized by S3 Foundation USA

ਹਕੀਕਤ ਲੀਤੀਓਸ ਰਬਾਬ ਕਿਤੇ ਵਲੋਂ ਕਢਿਓਸ ਹੋਰ ਹਕੀਕਤ ਇਸ ਥੋਂ ਲੈਵਹੁ ॥
ਗੁਰੂ ਨਾਨਕ ਫਿਰੰਦੇ ਨੂੰ ਪੁਛਜਾ ਕਹੁ ਭਾਈ ਤੂੰ ਕੌਣ ਹੈਂ ਫਿਰੰਦੇ ਰਬਾਬੀ ਕਹਿਆ ਜੀਗੁਰੂ ਜੀ ਤੈਨੂੰ ਓਹ ਦਿਨ ਵਿਸਰ ਗਯਾ ਹੈ ਤੂੰ ਦੁਆਪੁਰ ਗੁਰੂ ਹਰੀਚੰਦ ਹੋਂਦਾ ਸੈਂ ਮੈਂ ਤੁਸਾਡਾ ਸਿਖ ਸਾਂ ਤੁਸੀਂ ਮੈਨੂੰ ਕੈਂਹਦੇ ਆਹੇ ਇਕਾਗਰ ਭਗਤਿ ਕੀਤਾ ਕਰੋ ਤੁਸਾਡਾ ਦਰਸ਼ਨ ਕਰਕੇ ਜੋ ਭਗਤਿ ਕਰਦੇਆਹੇ ਅਤੇਤੁਸਾਡੇਅਗੇ ਸਰੋਦ ਮੈਂ ਕਰਦਾਸੀ ਮੇਰਾ ਜਨਮ ਨੀਚਦੇ ਘਰ ਆਹਾ ਅਤੇਲੋਕ ਕੋਈਆਖੇ ਏਹਨੀਚ ਜਨਮਹੈ ਤੁਸਾਡੀਜੋ ਦਯਾ ਮੇਰੇਉਤੇ ਹੁੰਦੀਆਹੀ ਸੋ ਤੁਸਾਡੇ ਪ੍ਰਸਾਦ ਕੋਈ ਫੋਲ ਨਾ ਕਰੇ ਤਾਂ ਗੁਰੂਨਾਨਕਪੁਛਜਾ ਤੇਰਾਨਾਉਂ ਕਜਾਹੈ ਤਾਂਫਿਰੰਦੇ ਆਖਿਆਜੀ ਮੇਰਾ ਨਾਉਂ ਪ੍ਰੇਮਾਂ ਆਹਾ ਤਾਂ ਗੁਰੂਨਾਨਕ ਕਿਹਾ ਏਹ ਰਬਾਬ ਤੈਨੂੰ ਕਿਥੋਂ ਹਥ ਆਯਾ ਭਾਈਫਿਰੰਦਾ ਏਹ ਗਲਮੈਥੋਂ ਮਰਦਾਨੇ ਪੁਛਣੀਹੈ ਤੈਥੇ ਹੀ ਸੁਣਲੈ ਤਾਂ ਮਰਦਾਨੇ ਆਖਜਾ ਜੀ ਮੈਂ ਤਾਂ ਸਭਾ ਪੁਛ ਮੁਕਾ ਹਾਂ ਅਗੇ ਪੁਛਨ ਦੀ ਕਾਈ ਨਾਹੀਂ ਜੀ ਗੁਰੂ ਨਾਨਕ ਪੁਛਜਾ ਕਿਥੋਂ ਹਥਆਇਓ ਤਾਂ ਭਾਈਫਿਰੰਦਾਬੋਲਜਾ ਦੇਖਜੀ ਮੈਂ ਜਦ ਰਬਾਬਵਜਾਇੰਦਾ ਸੀ ਤਾਂ ਜਿਤ੍ਰਨੇ ਦੂਤ੍ਰਮ ਆਹੇ ਸਭੇ ਅਸਾਂ ਤੁਸਾਂ ਤੇ ਦੇਖਦੇ ਆਹੇ ਜਦ ਤੁਹਾਡੇ ਅਗੇ ਸਰੋਦ ਕਰਦੇ ਆਹੇ ਤਾਂ ਸ਼ੈਹਰੋਂ ਬਾਹਰ ਕੋਹਾਂ ਤ੍ਰੈ ਤੇ ਜਾਇ ਰਬਾਬ ਵਜਾਂਦਾਆਹਾ ਉਥੇਭਗਤ ਕਰਦਾਆਹਾ ਅਜੀ ਏਹ ਉਤਵੇਲੇਦਾ ਰਬਾਬਹੈ ਤਾਂ ਫਿਰੰਦਾ ਮੱਥਾ ਟੇਕਕੇ ਵਿਦਾਹੋਯਾ ਤਾਂ ਮਰਦਾਨੇ ਆਖਜਾਜੀ ਵਿਦਾ ਕਰਆਵਾਂ ਤਾਂ ਗੁਰੂਨਾਨਕ ਕਿਹਾ ਜਾਹ ਮਰਦਾਨਾ ਤਾਂ ਮਰ-ਦਾਨਾ ਕੋਹਅੱਧ ਤੋੜੀ ਨਾਲਗਿਆ ਤਾਂਮਰਦਾਨੇਦੇਦੇਖਦਜਾਂਹੀ ਛਲ ਹੋਇਗਯਾ ਮਰਦਾਨਾ ਦੇਖੇ ਤਾਂ ਮੈਂ ਅੰਨਾਂਭੀ ਤਾਂ ਨਾਹੀਂ ਮੈਨੂੰ ਤਾਂ ਸਭ ਕਿਛੁ ਨਜਰਆਂਵਦਾ ਹੈ ਏਹ ਕਜਾ ਹੂਆਹੈ ਹੈਰਾਨ ਹੋਯਾ ਹੈਰਾਨ ਹੋਇਕੇ ਗੁਰੂਨਾਨਕ ਪਾਸ ਆਯਾ ਗੁਰੂਨਾਨਕ ਮਰਦਾਨੇ ਨੂੰ ਹਸਕਰ ਪੁਛਜਾ ਆਖ ਮਰਦਾਨਾ ਕਿਥੋਂ ਤੋੜੀ ਵਿਦਾ ਕਰ ਆਯਾ ਤਾਂ ਮਰਦਾਨੇ ਕਿਹਾ ਜੀ ਓਹ ਤਾਂ ਮੈਥੋਂ ਛਲ ਹੋਗਿਆ ਮੈਥੋਂ ਦਿਸਆਵਣੋ ਰੈਹ ਗਯਾ ਤਾਂ ਗੁਰੂ ਜੀ ਆਖਿਆ ਸੁਨ ਮਰਦਾਨਾ ਓਹ ਗਲਾਂ ਥੋਂ ਫਾਰਗ ਫਿਰਦੇ ਹੈਨ ਅਸਾਂ ਹੀ ਨੂੰ ਕਰਤਾਰ ਜ਼ਾਹਿਰ ਕਰਨਾ ਹੈ ਗੁਰੂਨਾਨਕ ਮਰਦਾਨੇਦੇ ਹਥ ਰਬਾਬਦਿਤਾ ਤਾਂਮਰਦਾਨੇ ਹਥ ਰਬਾਬਲੀਤਾ ਲਗਾ ਥਾਟ ਬਨਾਵਣਤਾਂ ਗੁਰੂਹੁਕਮਕੀਤਾ ਮਰਦਾਨਾ ਥਾਟਆਪੇ ਬਣਜਾਵੇਗਾ ਝਬਹੋ ਤਾਂਮਰਦਾਨੇਹੁਕਮ ਮੰਨਿਆ ਤਾਂ ਥਾਟ ਆਪੇਬਣ ਗਿਆ ਲਗਾ ਮਰਦਾਨਾਤਾਰਵਜਾਵਣਤਾਰਵਿਚੋਂ ਏਹੀਆਵਾਜਨਿਕਲੇ ਤੂਹੀਨਿਰੰਕਾਰਤੂਹੀ ਨਿਰੰਕਾਰਨਾਨਕਤੇਰਾਬੰਦਾ ਤਾਂਗੁਰੂਨਾਨਕਜੀਦੀਸਮਾਧਿਲਗਗਈ ਮਰਦਾਨਾਦੇਖੇ ਤਾਂਏਹਬਿਦੇਹ ਹੋਇਗਯਾਹੈਦੁਇ ਰਾਤੀਤੇਦੁਇ ਦਿਨਸਮਾਧਿ ਲਗੀ ਰਹੀ ਤਾਂਮਰਦਾਨੇ ਰਬਾਬਵਜਾਵਣੋਛਡ ਦਿਤਾਗੁਰੂਨਾਨਕ ਨਿਰੰਕਾਰੀਹੋਯਾ ਤਾਂਮਰਦਾਨੇਨੂੰਭੁਖ ਲਗੀਤਾਂਮਰਦਾਨੇਦਾਜੀ ਭਟਕਿਆਅਤੇਛਡਭੀਸਕੇ ਨਾਹੀਂਏਹੋਜੀਅਵਿਚਵਿਚਾਰਕਰੇਕਦੀ ਜਾਗੇਤਾਂ ਮੈਂ ਵਿਦਾਲਵਾਂ ਜਾਂ ਤੀਸਰਾਦਿਨ ਹੋਯਾ ਤਾਂ ਗੁਰੂਨਾਨਕ ਪਲਕਾਂਲਾਹੀਆਂ ਪੁਛਣ

CC-0. Gurukul Kangri University Haridwar Collection. Digitized by S3 Foundation USA

ਲਗਾ ਕਜੋਂ ਭਾਈਮਰਦਾਨਾ ਕਿਆ ਖਬਰਹਈ ਤਾਂ ਮਰਦਾਨੇ ਆਖਜਾ ਜੀ ਤੇਰੀ ਭੁਖ ਅਰ ਦੁਖ ਕਰਤਾਰ ਦੂਰ ਕੀਤੀ ਹੈ ਅਤੇ ਅਸਾਡੀ ਤਾਂ ਨਹੀਂ ਦੂਰ ਹੋਈ ਤੂੰ ਤਾਂ ਓਹੋ ਹੋਇ ਰਿਹਾ ਹੈਂ ਅਤੇ ਅਸੀਂ ਤਾਂ ਆਦਮੀਹਾਂ ਤੇਰਾ ਤੇ ਅਸਾਡਾ ਸੰਗ ਕਿਥੋਂ ਰਲੇ ਤਾਂ ਗੁਰੂਨਾਨਕ ਆਖਜਾ ਭਾਈ ਮਰਦਾਨਾ ਅਸਾਂ ਪਾਸ ਏਹੋ ਦੁਖ ਭੁਖ ਹਈ ਅਤੇ ਨਾ ਕਬੂਲ ਕਰੇਂ ਤਾਂ ਜਾਹ ਤਾਂ ਮਰਦਾਨੇ ਕਹਿਆ ਜੀ ਇਕੇ ਤਾਂ ਮੈਨੂੰ ਆਪ ਜੇਹਾ ਕਰ ਇਕੇ ਤਾਂ ਮੇਰਾ ਇਲਾਜ ਕਰ ਤਾਂ ਤੇਰੇਪਾਸ ਰਹਾਂ ਤਾਂਗੁਰੂਨਾਨਕ ਕਿਹਾ ਸੁਣ ਮਰਦਾਨਾਂ ਏਹ ਦੋਨੋਂ ਗੱਲਾਂ ਕਰਤਾਰ ਪਾਸ ਹੈਨਅਤੇ ਅਸਾਂਪਾਸ ਸੋਹਜਹੈ ਜੇਹੀਬਣੇ ਤੇਹੀ ਕੱਟਣੀ ਅਗੇ ਤੇਰੀ ਖੁਸ਼ੀ ਜੇ ਜਾਣਦਾਹੈਂ ਤਾਂ ਰਹੁ ਨਹੀਂਤਾਂ ਜਾਹੁ ਤਾਂਮਰਦਾਨੇ ਆਖਜਾ ਜੀ ਹਉਂ ਜਾਂਦਾਹਾਂ ਤਾਂ ਬਾਬੇ ਆਖਜਾ ਜਾਹ ਪਰ ਏਹ ਰਬਾਬ ਬੇਬੇਨਾਨਕੀਜੀਨੂੰ ਸੌਂਪ ਜਾਈਂ ਮਰਦਾਨਾ ਰਬਾਬ ਲੈਕੇ ਬੇਬੇਜੀ ਪਾਸਆਯਾ

॥ ੨੧ ॥

ਸਾਖੀ ਹੋਰ ਚਲੀ

ਤਾਂਨਾਨਕੀਜੀਨੂੰ ਮਨ ਧ੍ਰੋਹ ਪਿਆ ਕੈਹਨਲਗੀ ਮਰਦਾਨਾਂ ਏਹ ਰਬਾਬ ਕਿਤਨੇ ਨੂੰ ਆਯਾ ਬਹੁਤੇ ਦਿਨਪਿਛੋਂ ਆਇਓਂ ਅਤੇ ਮੇਰਾ ਭਾਈਕਿਥੇ ਛਡਿਓ ਤਾਂ ਮਰਦਾਨਾ ਆਖਨ ਲਗਾ ਬੇਬੇਜੀ ਓਹ ਤਾਂ ਸਾਧ ਫ਼ਕੀਰ ਹੈ ਉਸ ਭਾਈਂ ਤਾਂ ਭੁਖਦੁਖ ਕਾਈਨਹੀਂ ਅਤੇ ਅਸੀਂ ਬੰਦੇ ਅਸਾਂ ਭਾਈਂਤਾਂ ਦੁਖਭੁਖ ਲਗੀ ਹੋਈ ਹੈ ਅਸੀਂ ਨਾਨਕਜੀ ਪਾਸੋਂ ਵਿਦਾ ਲੈ ਆਏਹਾਂ ਗੁਰੂ ਨਾਨਕਜੀ ਅਸਾਨੂੰ ਖੁਸ਼ੀਨਾਲ ਵਿਦਾ ਦਿੱਤੀਹੈ ਅਤੇਕਿਹਾ ਹੈਸੁ ਰਬਾਬ ਬੇਬੇਜੀਨੂੰ ਸਉਂਪ ਜਾਇ ਤਾਂਬੇਬੇ ਨਾਨਕੀ ਦਾ ਬੈਰਾਗ ਛੁਟ ਗਿਆ ਕਿਥਾਉਂ ਥੰਮੀਐ ਨਾਹੀਂ ਤੁਲਸਾਂ ਲੌਂਡੀ ਬਹੁਤੇਰਾ ਆਖੇ ਅਤੇ ਮੂੰਹਪੁੰਜੇ ਪਰ ਦੇਹਦਾ ਮੋਹ ਵਜਾਪ ਗਯਾ ਦਿਨ ਬੀਤਗਿਆ ਸੰਧਿਆ ਪੈਗਈ ਤਾਂ ਭੁਈਆ ਜੈਰਾਮ ਘਰਆਯਾ ਤਾਂ ਜੈਰਾਮ ਦੇਖਕੇ ਹੈਰਾਨ ਹੋਇ ਗਯਾ ਤਾਂ ਲਗਾ ਪੁਛਨ ਕਜੋਂਰੀ ਤੁਲਸਾਂ ਬਹੁਜੀ ਇਤਨਾ ਰੁਦਨ ਕਜੋਂ ਕਰਦੀਹੈ ਅਜਕਿਆਹੈ ਤਾਂ ਤੁਲਸਾਂ ਕਹਿਆ ਠਾਕਰ ਜੀ ਅਜ ਮਰਦਾਨਾਂ ਭਾਈ ਜੀਨੂੰ ਛਡ ਚਲਿਆ ਹੈ ਇਸ ਵਾਸਤੇ ਬੈਰਾਗ ਕਰਦੀ ਹੈ ਤਾਂ ਜੈਰਾਮ ਕਿਹਾ ਕਜੋਂ ਬਹੁ ਜੀ ਅਸੀਂ ਤਾਂ ਤੁਹਾਡੇ ਹੁਕਮ ਥੀਂ ਬਾਹਰ ਨਾਹੀਂ ਜਿਸ ਵਜਾ ਜਿਸ ਸੂਰਤ ਨਾਨਕਜੀਤੁਸਾਡੇ ਪਾਸਰਹੇ ਅਤੇ ਤੁਸਾਡਾ ਮਨ ਸੰਤੋਖਵਿੱਚਆਵੇ ਸੋਈਸੂਰਤਦਸੋ ਅਸੀਂਸੋਈਕਰੀਏ ਤਾਂ ਨਾਨਕੀ ਬੋਲੀਜੀਮੈਂਤਾਂ ਸੰਤੋਖਵਿੱਚ ਆਹੀ ਭਲਾ ਮਰਦਾਨਾਂ ਨਾਲ ਆਹਾ.ਮਰਦਾਨਾ ਭਾਈ ਜੀ ਨੂੰ ਛਡ ਆਯਾ ਹੈ ਜੈਰਾਮ ਬੋਲਜਾ ਕਜਾ ਹੋਯਾ ਏਹਆਯਾਹੈ ਜੋ ਤੁਸੀਂਭਟਕੇ ਤੁਸੀਂਤਾਂ ਸਾਨੂੰ ਉਪਦੇਸ਼ਦੇਂਦੇਸੇ ਅਤੇਹੁਣ ਆਪਹੀਭਟਕਣ ਲਗੇ ਗੁਰੂਨਾਨਕ ਮਰਦਾਨੇ ਭੋੜੀ ਨਾਹਿਰਿਹਾ ਨਾਨਕਜੀ ਆਪਣੇ ਹੀ ਪੈਰਾਂਤੇ ਹੈ ਤੁਸੀਂ ਖਤਰਾ ਕੋਈਨਾ ਕਰੋ ਅਤੇ ਜਿਉਂ ਮਰਦਾਨਾਂਜੀ ਨਾਲ ਰੈਂਹਦਾਹੈ ਤਿਉਂਹੀ ਰਖੋ ਅਸੀਤਾਂ ਬਹੁਤ ਰਾਜੀਆਹੇ ਤਾਂਨਾਨਕੀ ਬਹੁਬੋਲੀ ਜੇ ਤੁਸੀਂ ਮਰਦਾਨੇ ਨੂੰ ਕਹੋ ਜੋ ਮਰਦਾਨਾ ਜਾਵੈ ਨਾਹੀਂ ਤਾਂ ਜੈਰਾਮਕਿਹਾ ਭਾਈਮਰਦਾਨਾਂ ਨਾਨਕਜੀਨੂੰ ਕਜੋਂ ਛੱਡਨਾਂ ਹੈਂ ਤੇਰੇ ਨਾਲ ਉਸ

CC-0. Gurukul Kangri University Haridwar Collection. Digitized by S3 Foundation USA

ਦਾ ਬਹੁਤ ਪਿਆਰਹੈ ਤਾਂ ਮਰਦਾਨੇ ਕਹਿਆ ਭਈਆ ਜੀ ਮੈਂ ਕਿਆ ਕਰੋਂ ਉਸਦੀ ਸਮਾਧ ਲਗਦੀਹੈ ਤਾਂ ਖੁਲ੍ਹਦੀ ਨਾਹੀਂ ਅਤੇ ਕਿਸੇ ਸ਼ੈਹਰਵਿੱਚ ਹੋਵੇ ਤਾਂ ਖਤਰਾ ਨ ਹੋਵੇ ਉਜਾੜਵਿੱਚ ਖਤਰਾ ਰੈਂਹਦਾ ਹੈ ਜੈਰਾਮ ਕਿਹਾ ਮਰਦਾਨਾ ਜੇ ਤੂੰ ਰੋਟੀ ਕਪੜੇ ਵਾਸਤੇ ਕੈਂਹਦਾ ਹੋਵੇਂ ਤਾਂ ਰੋਟੀ ਕਪੜਾ ਏਥੇ ਮਜੂਦਹੈ ਅਤੇ ਭਲਾ ਕੋਈਦਿਨ ਨਾਨਕਜੀ ਨਾਲ ਗੁਜਰਾਨਕਰ ਭਾਈ ਮਰਦਾਨਾਂਏਹਗਲ ਨਜਰ ਤਾਂ ਆਂਵਦੀਹੈ ਜੋ ਨਾਨਕਨਾਲਪਹੁੰਚ ਕੌਨਸਕਦਾਹੈ ਪਰਭਲਾ ਜਿਚਰ ਚੱਾਰਾ ਹੈ ਤਿਚਰ ਕੁਝ ਕੀਜੈ ਤਾਂ ਨਾਨਕੀ ਅਤੇ ਜੈਰਾਮ ਦੋਹਾਂ ਮਰਦਾਨੇ ਨੂੰ ਆਖਜਾ ਭਲਾ ਜੇ ਤਾਂ ਇਸ ਸ਼ੈਹਰ ਰਹੋਂ ਤਾਂ ਦੋਇਵਕਤ ਰਸੋਈ ਜੋਂਵ ਜਾਵੋ ਅਤੇ ਭਾਈਜੀ ਦੁਰੇਡੇ ਜਾਵੋ ਤਾਂ ਖਰਚ ਲੈ ਜਾਵੋ ਤਾਂ ਇਤ ਗਲ ਮਰਦਾਨਾਂ ਖੁਸ਼ੀਹੋਯਾ ਤਾਂ ਮਰਦਾਨੇਆਖਜਾ ਭਲਾ ਭਈਆਜੀ ਜੋ ਤੁਸੀਂਆਖੋਗੇ ਸੋ ਕਰਾਂਗੇ ਅਤੇਨਾਲੇ ਨਾਨਕੀ ਖੁਸ਼ੀਹੋਈ ਮਰਦਾਨੇਨੂੰ ਰਾਤ ਰਖਜਾ ਅਤੇ ਪ੍ਰਸ਼ਾਦ ਖਵਾਯਾ ਭਲਕ ਹੋਯਾ ਤਾਂ ਮਰਦਾਨੇ ਆਖਿਆ ਜੀ ਹਉਂ ਜਾਂਦਾ ਹਾਂ ਤਾਂ ਜੈਰਾਮ ਕਿਹਾ ਮਰਦਾਨੇ ਰਸੋਈ ਜੋਂਵ ਜਾਵੋ ਅਤੇ ਕੁਝ ਖ਼ਰਚ ਭੀ ਲੈ ਜਾਵੋ ਤਾਂ ਮਰਦਾਨੇ ਕਿਹਾ ਭਲਾ ਜੀ ਤਾਂ ਮਰਦਾਨੇ ਨੂੰ ਰਸੋਈ ਜਿਵਾਈ ਫੁਰ ਜੈਰਾਮ ਅਪਨਾ ਚੋਲਾ ਬੁਰਕੇਵਿਚੋਂ ਕਢਕੇ ਮਰਦਾਨੇਦੇ ਗਲਪਾਯਾ ਅਤੇਆਖਿਓਸ ਬਹੂਜੀ ਮਰਦਾਨੇਨੂੰ ਕੁਛਖਰਚਵੀਦੇਹ ਤਾਂ ਨਾਨਕੀਕਿਹਾਜੀ ਤੁਸੀਂ ਕਹੋ ਸੋ ਦੇਵਾਂਤਾਂ ਜੈਰਾਮਕਿਹਾਬਹੂਜੀ ਜੋ ਤੁਸਾਡੇਜੀ ਵਿਚਆਂਵਦੀ ਹੈ ਸੋ ਦੇਵੋ ਮੈਂ ਬਹੁਤ ਰਾਜ਼ੀਹਾਂ ਤਾਂਨਾਨਕੀਵੀਹ ਰੁਪਯੇ ਮਰਦਾਨੇਦੇਹੱਥਵਿਤੇ ਅਤੇਆਖਿਓਸਭਾਈਜੀਨੂੰਆਖਣਾ ਜੋ ਮੈਨੂੰਦਰਸ਼ਨਦੇਵਣਾ ਤਾਂਮਰਦਾਨਾ ਚੋਲਾ ਗਲ ਪਾਇਕਰ ਅਤੇ ਵੀਹ ਰੁਪਯੇ ਲੈਕਰ ਗੁਰੂ ਨਾਨਕ ਪਾਸ ਆਯਾ ਆਇਕਰ ਮੱਥਾ ਟੇਕਜਾਸੂ ਤਾਂ ਗੁਰੂਨਾਨਕ ਕਹਿਆ ਅਵੋ ਮਰਦਾਨਾਂ ਰਬਾਬ ਫੇਰ ਕਿਉਂ ਲੈ ਆਇਓਂ ਤਾਂ ਮਰਦਾਨੇ ਕਹਿਆ ਜੀ ਬੇਬੇ ਨਾਨਕੀ ਬਹੁਤ ਵੈਰਾਗਕੀਤਾ ਭੱਯਾ ਜੈਰਾਮ ਆਯਾ ਉਨਭੀਮੇਰਾ ਦਿਲਾਸਾ ਕੀਤਾ ਭਈਯਾ ਜੈਰਾਮ ਮੈਨੂੰ ਆਖਨ ਲਗਾ ਜੋ ਗੁਰੂਨਾਨਕ ਪਾਸੋਂ ਜਾਹ ਨਾਹੀਂਤੂੰ ਨਾਨਕਦੇ ਪਾਸ ਰਹੁ ਮੈਂ ਕਿਹਾ ਭਈਯਾ ਜੀ ਹੱਛੀ ਗਲ ਮੇਰੇ ਗਲ ਜੈਰਾਮ ਅਪਨਾ ਚੋਲਾ ਪਾਯਾ ਅਤੇ ਵੀਹ ਰੁਪਯੇ ਖਰਚ ਭੀ ਦਿੱਤੇ ਹੈਸੁ ਅਤੇ ਆਖਣ ਲਗੇ ਜਿਚਰ ਸ਼ਹਿਰ ਵਿਚ ਹੋਵੇ ਤਿਚਰ ਦੋਵੇਂ ਵਕਤ ਰਸੋਈ ਜੋਂਵ ਜਾਵੋ ਅਤੇ ਦੂਰ ਜਾਹੋ ਤਾਂ ਖਰਚ ਆਪਣੇ ਪਾਸ ਰਖੋ ਅਤੇ ਬੇਬੇ ਜੀ ਕਹਿਆ ਮੈਨੂੰ ਆਪਨਾ ਦਰਸ਼ਨ ਦੇਹੋ ਗੁਰੂਨਾਨਕ ਕਹਿਆ ਅਵੋ ਮਰਦਾਨਾ ਕਿਆ ਕੀਤੋ ਅੱਤ ਭੂਮ ਹੋਇਗਇਓਂ ਅਗੇਹੀ ਉਨਾਂਨੂੰ ਸਿਰੀਚੰਦ ਪਾਲਣਾ ਪਿਆ ਹੈ ਏਹਤੂੰ ਕਿਆ ਕਰਆਇਓਂ ਤਾਂ ਮਰਦਾਨੇ ਕਿਹਾ ਜੀ ਮੈਂ ਤਾਂ ਮੰਗੇ ਨਾਹੀਂ ਉਨਾਂ ਆਪੇ ਖ਼ੁਸ਼ੀ ਹੋਇ ਕਰ ਦਿਤੇ ਹੈਨ ਤਾਂ ਨਾਨਕ ਕਿਹਾ ਜਾਹ ਮਰਦਾਨਾ ਰੁਪਯੇ ਫੇਰਦੇਹ ਅਤੇ ਚੋਲਾ ਤੈਨੂੰ ਮੁਬਾਯਹੈ ਅਤੇ ਮਰਦਾਨਾਂ ਨਦਰ ਕਰਤਾਰ ਉਪਰ ਰਖੀਐ ਜੋਹੜਾ ਸਦਾ ਰਿਜ਼ਕ ਦੇਂਦਾਹੈ ਅਤੇ ਬੰਦੇ ਦੀ ਆਸਵਿਚ ਅਉਗਣ ਵਡਾ ਹੈ ਜਾਹ ਰੁਪਯੇ ਫੇਰ ਦੇ ਆਉ ਤਾਂ ਮਰਦਾਨੇ ਕਿਹਾ ਜੀ ਤੂੰ ਭੀ ਚਲ ਬੇਬੇ

CC-0. Gurukul Kangri University Haridwar Collection. Digitized by S3 Foundation USA

ABHINAV GAUR

ਜੀ ਨੂੰ ਦਰਸ਼ਨ ਦੇਹੋ ਤੇਰੇ ਦਰਸ਼ਨਨੂੰ ਬਹੁਤ ਤਲਬਦੀਹੈ ਤੂੰ ਇਤਨਾ ਚਿੱਤਕਠੋਰਨਾਕਰ ਤਾਂਗੁਰੂਨਾਨਕਜੀਆਖਿਆ ਭਲਾ ਮਰਦਾਨਾ ਤੇਰਾ ਆਖਣਾ ਭੀ ਫੇਰਨਾਂ ਨਹੀਂ ਅਸਾਂ ਤੇਰੇ ਨਾਲ ਕੰਮ ਹੈ ਮਰਦਾਨਾ ਗੁਰੂ ਨਾਨਕ ਨੂੰ ਬੇਬੇ ਨਾਨਕੀ ਪਾਸ ਲੈ ਆਯਾ ਤਾਂ ਤੁਲਸਾਂ ਗੁਰੂ ਨਾਨਕਨੂੰ ਆਂਦਾਡਿਠਾਤਾਂ ਦਉੜਉਪਰ ਚੜੀਜਾਇਆਖਣਲੱਗੀਬਹੁਜੀਤੁਮਾਰਾਭਾਈ ਜੀਆਯਾਹੈ ਤਾਂ ਬਹੁਜੀ ਆਖਿਆ ਤੁਲਸਾਂ ਤੂੰ ਝੂਠੀ ਹੈਂ ਤਾਂ ਤੁਲਸਾਂ ਕਹਿਆ ਬਹੁਜੀ ਮੇਰੀ ਮਜਾਲਹੈ ਜੋ ਮੈਂ ਤੁਸਾਂਅਗੇ ਝੂਠਬੋਲਾਂਤਿਚਰਨੂੰ ਦੋਵੇਂ ਆਇ ਉਪਰ ਚੜ੍ਹੇ ਤਾਂ ਨਾਨਕੀਪੈਰਾਂ ਤੇ ਡਿਗਣ ਲੱਗੀ ਗੁਰੂ ਨਾਨਕ ਨਾਨਕੀ ਦਾ ਮੱਥਾ ਦੋਹਾਂ ਹਥਾਂ ਤੇਲੀਤਾ ਆਖਣਲਗਾਬੇਬੇ ਜੀ ਮੈਂ ਇਸੇਢਾਸਤੇ ਤੇਰੇਪਾਸ ਆਵਣਾ ਨਾਹੀਂ ਜੋਤੂੰਪੈਰਾਂਨੂੰ ਦਉੜਦੀਹੈਂ ਮੈਥੋਂਵੱਡੀਹੈਂ ਅਤੇ ਪਰਮੇਸ਼ਰਦੀ ਪਿਆਰੀਹੈਂ ਮੇਰਾ ਤੇ ਤੇਰਾ ਤੇਰਾ ਤੇਰਾਪਰਦਾਸਨਬੰਧ ਹੁੰਦਾਆਯਾਹੈ ਅਤੇਹੁਣ ਕਲਜੁਗਵਿੱਚਭੀ ਹੋਯਾਹੈ ਜੇਹੇਅਸੀ ਤੇਹੀਤੂੰ ਅਸਾਨੂੰਵਡਾਐਂਗਣ ਹੁੰਦਾਹੈਤੂੰ ਜੋ ਮੇਰੇ ਪੈਰਾਂਤੇ ਡਿਗਦੀਹੈਂ ਤੂੰ ਏਵੇਂ ਜਾਣ ਜੋ ਮੈਂ ਸਚਆਖਦਾਹਾਂਤਾਂ ਨਾਨਕੀਆਖਿਆ ਭਲਾ ਭਾਈਆਜੀ ਜਿਵੇਂ ਤੁਸੀ ਰਾਜ਼ੀ ਹੋਵੋਗੇ ਮੈਂ ਤਿਵੇਂ ਕਰਾਂਗੀ ਪਰ ਤੁਸੀ ਮੈਨੂੰ ਦਰਸ਼ਨ ਦਿੱਤਾਕਰੋਫਿਰਗੁਰੂ ਨਾਨਕਆਖਿਆ ਲੈਆਓ ਮਰਦਾਨਾ ਰੁਪਯੇ ਬੇਬੇ ਜੀਨੂੰ ਦੇਹ ਗੁਰੂਨਾਨਕ ਕਹਿਆਬੇਬੇਜੀ ਤੁਸੀਅਸਾਨੂੰ ਕਰਤਾਰ ਪਾਸ ਸਉਂਪਛੋਡਉ ਤੂੰ ਪਰਮੇਸ਼ਰ ਕੀ ਭਗਤਣੀਹੈਂ । ਵਡਿਆਂ ਦਾ ਆਖਿਆ ਪਰਮੇਸ਼ਰ ਸੁਣਦਾਹੈ ਫੇਰਨਾਨਕੀ ਕਹਿਆਜੀ ਤੁਸੀਜਾਣਦੇਹੋਵੋਗੇ ਜੋ ਤਿਰਾਵ. ਕਰਜਾਣਦੀ ਹੈ ਮੈਂ ਸਾਨੂੰ ਪਰਮੇਸ਼ਰਹੀਜਾਣਦੀਹਾਂ ਤਾਂ ਗੁਰੂਨਾਨਕ ਕਹਿਆਬੇਬੇਜੀਮੂੰਹੋ ਆਖਣਦੀ ਨਹੀਂ ਏਹ ਰੁਪਯੇ ਤੁਸੀ ਲੈਹੋ ਅਰ ਇਹ ਬਚਨ ਅਸਾਡਾ ਮੰਨਹੁਗੇ ਤਾਂ ਅਸੀ ਅਟਕੀਐਂਗੇਤਾਂਨਾਨਕੀਆਖਿਆਭਾਈਜੀਤੁਸੀਨਿਸੰਗ ਆਖੋ ਮੁਲੰਮਾ ਕੋਈਰੱਖੋਨਾਹੀਂਤਾਂ ਗੁਰੂਨਾਨਕ ਆਖਿਆ ਬੇਬੇਜੀ ਜੋਮਰਦਾਨਾ ਅੱਗੇਪਿੱਛੇ ਆਵੇ ਅਸੀ ਹੋਵੀਐਨਾਹੋਵੀਐ ਤਾਂ ਮਰਦਾਨੇਨੂੰ ਖਾਲੀ ਨਹੀਂ ਛਡਣਾ ਤੂੰਭੀ ਵੇਦੀਆਂਦੀ ਅੰਸਹੈਂ ਅਸਾਡਾਇਸਨਾਲਬਚਨ ਹੈ ਅਤੇ ਸਿਰੀਚੰਦਤਾਂ ਤੈਂ ਗੋਦ ਪਾਇਲੀਤਾਹੈ ਅਤੇ ਤੂੰ ਅਸਾਨੂੰਖੁਸ਼ੀ ਕਰ ਜੋ ਅਸੀਇੱਥੇਭਲੇ ਨਾਹੀਂ ਰਮਦੇਝਮਦੇਹੀ ਭਲੇ ਆਹੇ ਤਾ ਨਾਨਕੀਆਖਿਆਜੀਜੇਤੂੰ ਇਥੇਫਿਰਦਾਹੈਂਤਾਂ ਮੈਨੂੰ ਵਡਾ ਧੀਰਜਹੈ ਅਤੇ ਅਸਾਨੂੰ ਤੂੰਭਾਵੇਂ ਕਦੀਦਰਸ਼ਨ ਦੇਂਦਾ ਹੈਂ ਤਾਂ ਨਹੀਂ ਓਦਰਦੀ ਅਤੇ ਜੇ ਦੂਰੇਡੇਜਾਂਹਿਗਾਤਾਂ ਮੈਂਖਰੀਓਦਰਜਾਵਾਂਗੀ ਅੱਗੇਭਾਈਜੀਜੋ ਤੁਸਾਡੀਰਜਾਇਹੋਵੇਗੀਸੋ ਕਰਹੁਗੇ ਮੇਰੇ ਵਸਕਿਆਹੈ ਤਾਂ ਗੁਰੂਨਾਨਕ ਕਹਿਆ ਬੇਬੇਜੀ ਤੁਸੀ ਖਾਤਰਜਮਾ ਕਰੋ ਜਿਤ ਵੇਲੇ ਤੁਸੀਯਾਦਕਰੋਗੇ ਤਿਤੇਵੇਲੇਮੈਂ ਤੁਸਾਡੇ ਹਾਜ਼ਰਹੋਸਾਂ ਤਾਂ ਨਾਨਕੀਕਹਿਆਭੁਲਾਭਾਈ ਜੀਤੁਸੀ ਅਸਾਡਾ ਮੋਹਤੋੜਚਲੇਤਾਂ ਗੁਰੂਨਾਨਕਆਖਿਆ ਬੇਬੇਜੀਮੋਹਤੋੜਿਆਹੀਲੋੜੀਦਾ ਹੈ ਰੱਖਿਆ ਨਹੀਂਬਣਦਾਤਾਂ ਰੁਪਯੇਦੇਕਰ ਗੁਰੂਨਾਨਕਅਤੇ ਮਰਦਾਨਾ ਦੋਵੇਂਵਿਦਾਹੋਏਜਾਂ ਸੁਲਤਾਨਪੁਰੋਂ ਬਾਹਰਨਿਕਲੇਤਾਂ ਗੁਰੂਨਾਨਕਮਰਦਾਨੇਨੂੰ ਪੁਛਿਆ ਆਖਮਰਦਾਨਾਂਬਿਧਰ

CC-0. Gurukul Kangri University Haridwar Collection. Digitized by S3 Foundation USA

ਜਾਈਐ ਤਾਂ ਮਰਦਾਨੇ ਆਖਿਆ ਜੀਮੈਂ ਕਿਆ ਜਾਣਾ ਅੱਗਾ ਤੇਰਾ ਅਤੇ ਪਿੱਛਾ ਮੇਰਾ ਜਿਧਰ ਜਾਣੇ ਤਿਧਰਚਲ ਫਿਰ ਗੁਰੂਨਾਨਕ ਕਹਿਆ ਚਲ ਮਰਦਾਨਾਂ ਹਿਕ ਭ੍ਰਿਖਾਨ ਲਾਲੋ ਏਮਨਾਂ ਬਾਦ ਦੇ ਪਰਗਣੇ ਰਹਿੰਦਾ ਹੈ ਅਤੇ ਸਾਧ ਹੈ ਉਸਦਾ ਦਰਸ਼ਨ ਕਰ ਆਵੀਐ ॥ ੨੨ ॥

ਸਾਖੀ ਹੋਰ ਚਲੀ

ਤਾਂ ਮਰਦਾਨੇਆਖਿਆ ਭਲਾਜੀ ਚਲੋਤਾਂ ਸੁਲਤਾਨਪੁਰੋਂ ਵਿਦਾਹੋਕਰ ਚਲੇਸੱਤਾਂਦਿਨਾਂਵਿਚ ਲਾਲੋਦੇ ਘਰਜਾਇਵੜੇ ਤਾਂ ਲਾਲੋ ਅੱਗੇਬੈਠਾ ਕਿੱਲੇ ਘੜਦਾ ਆਹਾ ਦੇਖੇਤਾਂ ਹਿਕ ਤਪਾ ਜੇਹਾ ਹੈ ਅਤੇ ਗਲ ਜੰਞੂਹੈਸੁ ਅਤੇ ਹਿਕ ਡੁਮੇਟਾ ਨਾਲ ਹੈਸੁ ਤਾਂ ਲਾਲੋ ਅੱਗੋਂ ਉਠ ਖੜਾ ਹੋਯਾ ਗੁਰੂ ਨਾਨਕ ਆਖਿਆ ਬੈਠ ਭਾਈਲਾਲੋ ਬੈਠਕੇ ਕਿਰਤ ਕਰ ਤਾਂ ਲਾਲੋਬੈਠਕੇ ਪੁਛਣਲਗਾਜੀਮੈਂ ਮਹਿਰਮ ਨਾਹੀਂ ਤੁਸੀ ਜ਼ਾਹਰਕਰੋ ਗੁਰੂਨਾਨਕ ਆਖਿਆ ਭਾਈਲਾਲੋ ਅਸੀਪਰਦੇਸੀਆਹੇ ਤਾਂ ਫਿਰ ਲਾਲੋ ਆਖਿਆ ਜੀ ਪਰਦੇਸੀ ਤਾਂ ਸੱਭੋ ਸੰਸਾਰ ਹੈ ਪਰ ਤੁਸੀ ਮੁਲੰਮਾ ਛੋਡ ਦੇ ਤੁਸੀ ਭਲੇ ਲੋਕ ਨਜ਼ਰ ਆਂਵਦੇ ਹੋ ਜਿਉਂ ਦੀ ਤਿਉਂ ਆਖੋ ਤਾਂ ਗੁਰੂ ਨਾਨਕ ਕਹਿਆ ਭਾਈ ਲਾਲੋ ਤੂੰ ਜਾਣਦਾ ਹੈਂ ਕੋਈ ਅਜਾਣ ਹੋਵੇ ਤਾਂ ਆਖੀਐ ਜਾਣਦੇ ਨੂੰ ਕਿਆ ਆਖੀਐ ਤਾਂ ਲਾਲੋ ਬੋਲਿਆ ਕਰਤਾਰ ਦੀ ਕਰਤਾਰ ਜਾਣੈ ਪਰ ਓਹ ਜੋ ਨਾਨਕ ਸਾਧ ਪ੍ਰਗਟ ਹੋਯਾ ਹੈ ਮੈਨੂੰ ਤੂੰ ਓਹ ਨਜ਼ਰ ਆਵਨਾ ਹੈਂ ਫਿਰ ਗੁਰੂਨਾਨਕ ਕਹਿਆ ਭਾਈ ਲਾਲੋ ਪੁਛਦਾ ਕਿਉਂ ਹੈ ਤਾਂ ਲਾਲੋ ਕਹਿਆ ਜੀ ਅਸਾਡੀ ਕਚੀ ਮੱਤ ਹੈ ਅਸੀ ਕਿਆ ਜਾਨਦੇ ਹਾਂ ਤਾਂ ਫਿਰ ਗੁਰੂਨਾਨਕ ਕਹਿਆ ਭਾਈ ਲਾਲੋ ਇਹ ਕੱਚੀ ਮੱਤ ਵਾਲਿਆਂ ਦਾ ਆਖਣ ਨਹੀਂ ਤਾਂ ਫਿਰ ਭਾਈ ਲਾਲੋ ਕਹਿਆ ਜੀ ਤੁਸਾਡਾ ਨਾਉਂ ਕਿਆ ਹੈ ਤਾਂ ਫਿਰ ਮਰਦਾਨਾਂ ਬੋਲਿਆ ਭਾਈ ਲਾਲੋ ਇਨ੍ਹਾਂ ਦਾ ਨਾਉਂ ਨਾਨਕ ਨਿਰੰਕਾਰੀਹੈ ਅਤੇਮੇਰਾ ਨਾਉਂ ਮਰਦਾਨਾ ਮਿਰਾਸੀ ਹੈ ਤਾਂ ਲਾਲੋ ਪੈਰਾਂ ਤੇ ਢਹਿ ਪਿਆ ਤਾਂ ਗੁਰੂ ਨਾਨਕ ਕਹਿਆ ਭਾਈ ਲਾਲੋ ਤੁਸਾਡਾ ਅਸਾਡਾ ਏਹ ਬਚਨ ਆਹਾ ਤੂੰ ਫਿਰ ਲਾਲੋ ਕਹਿਆ ਅੱਗੇ ਛੇੜਨੀ ਨਾਹੀਂ ਅੰਦਰ ਦੀ ਅੰਦਰ ਰੱਖਣੀ ਜ਼ਾਹਰਨਾਹੀਂ ਕਰਨੀ ਤਾਂ ਗੁਰੂ ਨਾਨਕ ਹੱਸਿਆ ਤਾਂ ਲਾਲੋ ਕਹਿਆ ਜੀ ਕਜੋਂ ਹੱਸੇ ਫਿਰ ਗੁਰੂਨਾਨਕ ਕਹਿਆ ਭਾਈ ਲਾਲੋ ਕਿੱਥੇ ਛਪਿਆ ਭੀ ਰਹੀਐ ਤਾਂ ਛਿਪੀ ਨਾਂਹੀਂ ਰਹਿੰਦੀ ਤਾਂ ਫਿਰ ਲਾਲੋ ਆਖਿਆ ਜੀ ਰਜਾਇ ਤੁਸਾਡੀ ਅਸੀਂ ਕੀ ਆਖੀਐ ਏਹ ਗੱਲ ਕਰਕੇ ਲਾਲੋ ਰਸੋਈ ਦੇ ਆਹਰ ਹੋਯਾ ਫਿਰ ਮਰਦਾਨੇ ਗੁਰੂ ਜੀਨੂੰ ਪੁੱਛਿਆ ਜੋ ਏਹ ਲਾਲੋ ਕੋਈ ਪੂਰਨ ਪੁਰਖ ਹੈ ਤਾਂ ਗੁਰੂਜੀ ਆਖਿਆ ਏਹ ਅਤੇ ਓਹ ਅਤੇ ਤੁਸੀ ਅਸੀਂ ਕਿਤਨੇ ਜੁਗ ਅੱਠੇ ਹੁੰਦੇ ਆਏ ਆਹੇ ਤਾਂ ਮਰਦਾਨੇ ਪੁਛਿਆ ਜੀ ਅਸਾਂ ਤਾਂ ਸੁਣਿਆਂ ਹੈ ਜੋ ਪੂਰਨ ਪੁਰਖ ਵਤ ਜਨਮ ਨਾਹੀਂ ਆਂਵਦੇ ਫਿਰ ਗੁਰੂਜੀ ਆਖਿਆ ਮਰਦਾਨਿਆਂ ਜੋ ਅਵਤਾਰ ਦੀ ਪੂਜਾ ਕਰਦੇ ਹਨ ਭਾਵੇਂ ਕੇਹਾ ਭਗਤ ਹੋਵੇ ਤਾਂ ਫਿਰ ਜਨਮ ਆਂਵਦਾ ਹੈ ਅਰ ਜੇ ਨਿਰਗੁਣੀ ਹੋਵੇ ਅਤੇ ਬਾਂਛਾ ਕਾਈ ਚਿਤ ਵੇ ਨਾਹੀਂ ਬਿਨਾ ਪ੍ਰਮੇਸ਼ਰ ਥੀਂ ਤਾਂ ਓਹ ਜਨਮ ਨਾਹੀਂ ਆਂਵਦੇ ਨਾਹੀਂ ਤਾਂ ਵਾਸਨਾ ਜਨਮ ਲੈ ਆਂਵਦੀ ਹੈ ਅਤੇ ਜੋ ਹਿਕ ਨਿਰੰਕਾਰ ਦੀ ਵਾਸ਼ਨਾ ਕਰਦਾ ਹੈ ਅਤੇ ਨਿਰੰਕਾਰ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //

ਵਿੱਚ ਭੇਦ ਕੋਈਨਹੀਂ ਜਾਣਦਾ ਤਾਂ ਓਹ ਪੁਰਖਜਨਮ ਨਾਹੀਂ ਆਂਵਦਾ ਅਤੇ ਸੁਣਮਰਦਾਨਾ ਅਵਤਾਰ ਦਾ ਸਿਮਰਨ ਕਰੇ ਅਤੇ ਕਾਈਵਾਸ਼ਨਾ ਕਰੇ ਤਾਂ ਭੀ ਚੌਰਾਸੀ ਭੋਗੇਗਾ ਮਰਦਾਨਾਂ ਏਹ ਬਚਨ ਸੱਤ ਪਰਤੀਤ ਕਰ ਜਾਣੇ ਅਤੇ ਮਰਦਾਨਾ ਕਰਤਾਰ ਦੇ ਹੁਕਮ ਨਾਲ ਅਸੀ ਤਾਂ ਕੇਈ ਜਨਮ ਖੇਡਦੇ ਆਏ ਹਾਂ ਤਾਂ ਲਾਲੋ ਰਸੋਈ ਤੱਯਾਰ ਕਰਕੇ ਸੱਦਣ ਆਯਾ ਤਾਂ ਲਾਲੋ ਆਖਿਆ ਗੁਰੂ ਜੀ ਪ੍ਰਸਾਦ ਤਿਆਰ ਹੈ ਤਾਂ ਗੁਰੂ ਨਾਨਕ ਆਖਿਆ ਭਾਈ ਲਾਲੋ ਏਥੇ ਹੀ ਲਿਆਉ ਤਾਂ ਲਾਲੋ ਆਖਿਆ ਜੀ ਤੁਸਾਡੇ ਗਲ ਵਿਚ ਜੰਞੂ ਹੈਗਾ ਤਾਂ ਗੁਰੂ ਨਾਨਕ ਜੀ ਆਖਿਆ ਭਾਈ ਲਾਲੋ ਜਿਤਨੀ ਧਰਤੀ ਤਿਤਨਾ ਚਉਂਕਾ ਏਥੇ ਹੀ ਲੈ ਆਉ ਤਾਂ ਲਾਲੋ ਪ੍ਰਸਾਦ ਲੈਕਰ ਅੱਗੇ ਆਣ ਰੱਖਿਆ ਜਾਂ ਮਰਦਾਨਾ ਦੇਖੇ ਤਾਂ ਕੋਧਰੇ ਦੀ ਰੋਟੀ ਅਤੇ ਸਰੋਂ ਦੀ ਪਿੰਨੀ ਹੈ ਤਾਂ ਮਰਦਾਨੇ ਗਿਣਤੀ ਖਾਧੀ ਤਾਂ ਗੁਰੂ ਨਾਨਕ ਅੰਤਰਜਾਮੀ ਆਹਾ ਤਾਂ ਗੁਰੂ ਜੀ ਮਰਦਾਨੇ ਨੂੰ ਪੁਛਿਆ ਕਯੋਂ ਮਰਦਾਨਾਂ ਤਾਂ ਮਰਦਾਨੇ ਆਖਿਆ ਸੁਖਜੀ ਗੁਰੂ ਨਾਨਕ ਜੀ ਆਖਿਆ ਭਾਈ ਮਰਦਾਨਾ ਖਾਵੇਂਗਾ ਤਾਂ ਆਖੇਂਗਾ ਤਾਂ ਮਰਦਾਨੇ ਟੁਕਰ ਭੰਨ ਕਰ ਮੂੰਹ ਵਿਚ ਪਾਯਾ ਤੇ ਅੰਮ੍ਰਿਤ ਦਾ ਸਵਾਦ ਆਯਾ ਤਾਂ ਗੁਰੂ ਨਾਨਕ ਕਹਿਆ ਮਰਦਾਨਾਂ ਦੇਹ ਖਾਂ ਖਬਰ ਪ੍ਰਸਾਦ ਕੇਹਾ ਕੁ ਹੈ ਤਾਂ ਮਰਦਾਨੇ ਆਖਿਆ ਜੀ ਕੇਡਾ ਕੁ ਸੁਵਾਦ ਲਵਾਂ ਤੁਸਾਂ ਲਾਲੋ ਆਖਿਆ ਜੀ ਤੂੰ ਨਿਰੰਕਾਰੀ ਹੈਂ ਤੁਸਾਂ ਪ੍ਰਸਾਦ ਵਲੋਂ ਵੇਖਣਾ ਨਹੀਂ ਤੁਸੀ ਅਸਾਡੀ ਵੱਲੋਂ ਦੇਖਣਾ ਤਾਂ ਗੁਰੂ ਨਾਨਕ ਕਹਿਆ ਭਾਈ ਲਾਲੋ ਜੀ ਕੋਈ ਅੰਮ੍ਰਿਤ ਜੋ ਆਖੀਦਾ ਹੈ ਸੋ ਤੁਹਿ ਪ੍ਰਸਾਦਿ ਵਿੱਚ ਪਾਯਾ ਹੈ ਤਾਂ ਭਾਈ ਲਾਲੋ ਮੱਥਾ ਟੇਕਿ ਆਖਿਓ ਸਜੀ ਤੁਧ ਮੈਨੂੰ ਅੱਜ ਨਿਹਾਲ ਕੀਤਾ ਅਤੇ ਮੇਰੀ ਜਨਮ ਜਨਮ ਦੀ ਮਲ ਲਾਹੀਆ ਲਾਲੋ ਕਹਿਆ ਜੀ ਤੈਂ ਮੈਨੂੰ ਨਿਹਾਲ ਕੀਤਾ ਹੈ ਤਾਂ ਮਰਦਾਨੇ ਨੂੰ ਗੁਰੂ ਨਾਨਕ ਕਹਿਆ ਆਖ ਮਰਦਾਨਾ ਕਿਧਰ ਚਲਦਾ ਹੈਂ ਤਾਂ ਮਰਦਾਨੇ ਆਖਿਆ ਜੀ ਜਿਧਰ ਤੁਸਾਡੀ ਖੁਸ਼ੀ ਹੋਵੇ ਫੇਰ ਗੁਰੂ ਨਾਨਕ ਕਹਿਆ ਮਰਦਾਨਾ ਤੂੰ ਆਖਹਿ ਸੋਈ ਕਰੀਏ ਮਰਦਾਨੇ ਕਹਿਆ ਜੀ ਮੈਂ ਆਖ ਨਾਹੀਂ ਸਕਦਾ ਪਰ ਜੀ ਇਸ ਧਰਤੀ ਅਸਾਡੀ ਨਿੰਦਿਆ ਬਹੁਤ ਹੋਂਦੀ ਹੈ ਫਿਰ ਗੁਰੂ ਨਾਨਕ ਆਖਿਆ ਦੇਖ ਭਾਈ ਮਰਦਾਨਾ ਤਿੰਨ ਦਿਨ ਅਸੀ ਲਾਲੋ ਦੇ ਘਰ ਰਹੇਆਹੇ ਅਤੇ ਆਤਮਾ ਪ੍ਰਸੰਨ ਰਹਿਆ ਹੈ ਹੁਨ ਲਾਲੋ ਥੋਂ ਵਿਦਾ ਲੀਜੈ ਅਤੇ ਇਥੇ ਦੁਖਣਾ ਦੁਖੰਣਾ ਪਉਸੀ ਅਸੀ ਫ਼ਕਰ ਆਹੇ ਅਸਾਂ ਕਿਸੇ ਨਾਲ ਪਰੋਜਨ ਨਹੀਂ ਜਿਥੇ ਸਾਧੂ ਮੂਰਤ ਹੈ ਤਿਥੇ ਅਸਾਡੀ ਰਹਿਤ ਹੈ ਤਾਂ ਮਰਦਾਨੇ ਆਖਿਆ ਜੀ ਮੇਰੇ ਮਨ ਦੀ ਬੁਝੀਆ ਜਿਸ ਗਲੀ ਕੂਚੇ ਆਇ ਨਿਕਲਦੇ ਆਹੇ ਸੋਈ ਅਸਾਨੂੰ ਆਖਦੇ ਹੰਨ ਜੋ ਏਹ ਕੋਈ ਫੱਛੇ ਸ਼ੂਦ੍ਰ ਹੈਨ ਅਤੇ ਅਸਾਨੂੰ ਆਖਦੇ ਹੈਨ ਆਏ ਹੈਨ ਕੁਰਾਹੀ ਤੇਰੀ ਤੂੰ ਜਾਂਨ ਪਰ ਅਸੀਤਾਂ ਦੁਖ ਜਾਂਦੇ ਆਹ ਪਰਭਾਤ ਹੋਈ ਤਾਂ ਗੁਰੂ ਨਾਨਕ ਆਖਿਆ ਭਾਈ ਲਾਲੋ ਤੈਨੂੰ ਕਰਤਾਰ ਚਿੱਤ ਆਵੈ ਅਸਾਂਨੂੰ ਖੁਸ਼ੀ ਕਰ ਅਸੀ ਹੁਨ ਰਮਦੇ ਝਮਦੇ ਖੇਲੀਏਂ ਗੇ ਤਾਂ ਲਾਲੋ ਆਖਿਆ ਗੁਰੂ ਜੀ ਅਸਾਂ ਵਿਚ ਅਵਗਿਆ ਕਿਆ ਪਈ ਤਾਂ ਗੁਰੂ ਨਾਨਕ ਜੀ ਆਖਿਆ ਭਾਈ ਲਾਲੋ ਤੁਸਾਂ ਵਿੱਚ ਅਵਗਿਆ ਕਾਈ ਨਾਹੀਂ ਪਰ ਅਸਾਂ ਪਾਸੋਂ ਸੰਸਾਰ ਦੁਖਦਾ ਹੈ ਤਾਂ ਲਾਲੋ ਆਖਿਆ ਜੀ

CC-0. Gurukul Kangri University Haridwar Collection. Digitized by S3 Foundation USA

ਭੁਸੀ ਪਰਮੇਸ਼ਰ ਦੀ ਜਾਤ ਹੋ ਭੁਸਾਂ ਪਾਸੋਂ ਕਿਆ ਕੋਈ ਦੁਖੇਗਾ ਭੁਸਾਂ ਕਿਸੇਨਾਲ਼ ਕਾਈ ਸਾਂਝ
ਰੱਖੀ ਨਾਹੀਂ ਭੁਸਾਡੀ ਸਾਂਝ ਪਰਮੇਸ਼ਰ ਨਾਲ ਇਕੇਸਾਧਾਂ ਸੰਤਾਂ ਨਾਲ਼ ਹੈ ਗੁਰੂ ਨਾਨਕ ਕਹਿਆ
ਲਾਲੋ ਭੁਸੀ ਸਚ ਆਖਦੇਹੋ ਪਰ ਲਾਲੋ ਸੰਸਾਰ ਵਿਕਰਾਲ ਰੂਪ ਹੈ ਆਪਣੀਆਂ ਭਾਂਵਦੀਆਂ
ਕਰਦਾਹੈ ਭਾਣਾ ਮੰਨਦੇ ਨਾਹੀਂ ਤਾਂ ਫਿਰ ਲਾਲੋ ਕਹਿਆ ਜੀ ਭੁਸੀ ਅੰਦਰ ਬੈਠੇ ਰਹੋ ਜੇਹਾ ਰੁੱਖਾ
ਅਲੂਣਾ ਟੁਕੜਾ ਹੈ ਤੇਹਾ ਤੁਸਾਡੇ ਅੱਗੇ ਹੈ ਬਾਬੇ ਕਿਹਾ ਭਾਈ ਲਾਲੋ ਸੰਸਾਰ ਪਾਸੋਂ ਕਰਤਾਰ ਰਖੇ ਤੁਾਂ
ਰਹੀਐ ਹੁਣ ਭੂੰਅਸਾਨੂੰ ਵਿਦਾ ਦੇ ਹਤਾਂ ਫਿਰ ਲਾਲੋ ਆਖਿਆ ਤੁਸੀ ਕੋਈ ਦਿਹਾੜਾ ਈਹਾਂ ਗੁਜਰਾਨ
ਕਰੋ ਗੁਰੂ ਨਾਨਕ ਕਹਿਆ ਸੁਣ ਭਾਈ ਲਾਲੋ ਤੇਰਾ ਹੋਂਦਾ ਕੋਈ ਨਾਹੀਂ ਪਰ ਅਸਾਥੋਂ ਕੋਈ
ਦੁਖੇਗਾ ਅਸੀਜਾਨਦੇਆਹੇ ਅਤੇ ਮਰਦਾਨੇਦਾਭੀ ਦਿਲ ਉਦਾਸ ਹੋਯਾ ਹੈ ਲਾਲੋ ਆਖਿਆ ਜੀ
ਹਿਕ ਮਹੀਨਾ ਤਾਂ ਜਿਉਂ ਕਿਉਂ ਰਹੋ ਫਿਰ ਗੁਰੂ ਨਾਨਕ ਆਖਿਆ ਮਰਦਾਨਾਂ ਭਾਈ ਲਾਲੋ ਦਾ
ਭੀ ਆਖਿਆ ਮੰਨੀਐ ਤਾਂ ਮਰਦਾਨੇ ਆਖਿਆ ਜੀ ਭਲਾ ਹੋਵੈ ਲਾਲੋ ਪਾਸ ਗੁਰੂ ਨਾਨਕ ਟਿਕਿਆ
ਦੁਇ ਦਿਨ ਗੁਜਰੇ ਤਾਂ ਮਰਦਾਨੇ ਆਖਿਆ ਜੀ ਭੁਸੀ ਤਾਂ ਮਹੀ ਨਾ ਟਿਕੇ ਹੋ ਮੈਨੂੰ ਹੁਕਮ ਕਰੋ ਤਾਂ
ਤਲਵੰਡੀ ਓਂ ਫਿਰ ਆਵਾਂ ਤਾਂ ਗੁਰੂ ਨਾਨਕ ਆਖਿਆ ਮਰਦਾਨਾ ਤੁਹਿ ਅਸਾਡੇ ਨਾਲ ਰਹਿਣਾ ਹੈ
ਕਿੱਥੇ ਜਾਂਦਾ ਹੈਂ ਤਾਂ ਮਰਦਾਨੇ ਆਖਿਆ ਜੀ ਮੈਂ ਥੋੜੇ ਦਿਨਾਂ ਵਿੱਚ ਫਿਰ ਆਂਵਦਾ ਹਾਂ ਤਾਂ ਗੁਰੂ
ਨਾਨਕ ਆਖਿਆ ਜਾਹ ਭਾਈ ਮਰਦਾਨਾਂ ਪਰ ਇਬ ਆਵੀਂ ਮਰਦਾਨਾ ਗੁਰੂ ਨਾਨਕ ਥੋਂ ਵਿਦਾ ਲੈ
ਕਰ ਤਲਵੰਡੀ ਗਿਆ ਗੁਰੂ ਨਾਨਕ ਦਿਨ ਜੰਗਲ ਵਿੱਚ ਕੱਟੇ ਅਤੇ ਰਾਤ ਨੂੰ ਲਾਲੋ ਪਾਸ ਰਹੇ
ਜਾਂ ਦਿਨ ਪੰਦ੍ਰਾਂ ਗੁਜਰੇ ਤਾਂ ਮਲਕ ਭਾਗੋ ਹੇਰੜ ਖੱਤ੍ਰੀ ਸਰੀਨ ਸੀ ਉਸ ਬ੍ਰਹਮਭੋਜ ਕੀਤਾ ਹਾ ਰੇ
ਵਰਨਨੂੰ ਨਿਉਤਾ ਦਿੱਤਾ ਬ੍ਰਹਮਣ ਦੀ ਨਦਰੀ ਗੁਰੂ ਨਾਨਕ ਵੀ ਪਿਆ ਤਾਂ ਬ੍ਰਹਮਣ ਗੁਰੂ ਨਾਨਕ
ਨੂੰ ਆਖਿਆ ਮਲਕ ਬ੍ਰਹਮਭੋਜ ਕੀਤਾ ਹੈ ਸੱਭੇ ਨਗਰ ਦੇ ਲੋਕ ਨਿਵਦੇ ਹੈਨ ਤੂੰ ਭੀ ਆਵੇਂ ਗੁਰੂ
ਨਾਨਕ ਆਖਿਆ ਸੁਣ ਪਾਂਧਾ ਅਸੀ ਫ਼ਕੀਰ ਆਹੇ ਅਸੀ ਕਿਨ੍ਹਾਂ ਵਿਚ ਆਹੇ ਤਾਂ ਬ੍ਰਹਮੇ ਕਹਿਆ
ਤੂੰ ਅੱਗੇ ਹੀ ਕੁਰਾਹੀ ਆਖੀਦਾ ਹੈਂ ਅਤੇ ਜੇ ਬ੍ਰਹਮਭੋਜ ਵਿਖੇ ਨਾ ਆਯੋਂ ਤਾਂ ਮਲਕ ਭਾਗੋ ਰੰਜ
ਹੋਵੀਗਾ ਤੂੰ ਜਾਣ ਜਾਂ ਬ੍ਰਹਮਭੋਜ ਹੋਯਾ ਤਾਂ ਨਾਨਕ ਜੀ ਨ ਗਿਆ ਲਾਲੋ ਦੇ ਗੁਜਰਾਨ ਕੀ ਤੀਤਾਂ
ਬ੍ਰਹਮਣ ਮਲਕ ਪਾਸ ਚੁਗਲੀ ਖਾਧੀ ਅਤੇ ਬ੍ਰਹਮਣ ਦੁਸਰੀ ਅੱਗੇ ਭੀ ਕਰਦਾ ਆਹਾ ਤਾਂ
ਬ੍ਰਹਮਣ ਮਲਕ ਨੂੰ ਕਹਿਆ ਜੀ ਨਾਨਕ ਤਪਾ ਤੁਸਾਡੇ ਬ੍ਰਹਮ ਭੋਜ ਵਿੱਚ ਆਇਓ ਨਹੀਂ ਤਾਂ
ਮਲਕ ਬ੍ਰਹਮਣ ਨੂੰ ਪੁੱਛਿਆ ਪਾਂਧਾ ਭਉਨਿਉਤਾ ਪਾਇਆ ਆਹਾ ਤਾਂ ਬ੍ਰਹਮਣ ਕਹਿਆ ਜੀ
ਮੈਂ ਬਹੁਤ ਬਹੁਤ ਕੀਤੀ ਆਹੀ ਤਾਂ ਮਲਕ ਬ੍ਰਾਹਮਣ ਨੂੰ ਕਹਿਆ ਜਾਹ ਉਸ ਤਾਈਂ ਸੱਦ ਲੈ
ਆਉ ਤਾਂ ਬ੍ਰਹਮਣ ਲਾਲੋ ਦੇ ਘਰ ਗਿਆ ਤਾਂ ਬ੍ਰਹਮਣ ਲਾਲੋ ਨੂੰ ਕਹਿਆ ਨਾਨਕ ਤਪਾ ਏਥੇ
ਹੈ ਤਾਂ ਲਾਲੋ ਆਖਿਆ ਜੀ ਆਹੋ ਏਥੇ ਹੈ ਤਾਂ ਬ੍ਰਹਮਣ ਆਖਿਆ ਲਾਲੋ ਬਾਹਰ ਭੇਜ ਦੇਹ ਤਾਂ
ਗੁਰੂ ਨਾਨਕ ਆਖਿਆ ਕਿਉਂ ਪਾਂਧਾ ਤਾਂ ਬ੍ਰਹਮਣ ਆਖਿਆ ਤੈਨੂੰ ਮਲਕ ਸੱਦਦਾ ਹੈ ਤੂੰ ਮਲਕ
ਪਾਸ ਚਲ ਗੁਰੂ ਨਾਨਕ ਕਹਿਆ ਪਾਂਧਾ ਮੇਰੇ ਨਾਲ ਮਲਕ ਦਾ ਕਿਆ ਕੰਮ ਹੈ ਬਹਮਣ ਜਾਇ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਮਲਕ ਪਾਸ ਦੂਜੀ ਚੁਗਲੀ ਖਾਧੀ ਦੇਖੋ ਮਲਕ ਜੀ ਖੱਤ੍ਰੀ ਦਾ ਪੁਤ੍ਰ ਹੈ ਔਰ ਸ਼ੂਦ੍ਰ ਦੇਘਰ ਜੂਨ ਕਰਦਾ ਹੈ ਬ੍ਰਹਮਭੋਜ ਨੂੰ ਨਾਉਂ ਰਖਦਾ ਹੈ ਤੀਜੇ ਤੁਸਾਡੇ ਸੱਦੇ ਆਂਵਦਾ ਨਹੀਂ ਤਾਂ ਮਲਕ ਗੁੱਸੇ ਹੋਕੇ ਪੰਜੇ ਨੂੰ ਆਖਿਆ ਜਾਇਕੇ ਪਕੜ ਲੈ ਆਉ ਤਾਂ ਬ੍ਰਾਹਮਣ ਜਾਇ ਤਬੀਆ ਕੀਤਾ ਚਲ ਨਾਨਕ ਮਲਕ ਗੁੱਸੇ ਹੋਯਾ ਹੈ ਤਾਂ ਗੁਰੂ ਨਾਨਕ ਚਲਜਾ ਪਿੱਛੋਂ ਲਾਲੋ ਰਹਿ ਨ ਸਕਿਆ ਤਾਂ ਲਾਲੋ ਪਿੱਛੋਂਗਿਆ ਤਾਂ ਪੰਜੇਬ੍ਰਾਹਮਣਜਾਇ ਮਲਕਭਾਗੋ ਨੂੰ ਆਖਿਆ ਜੀ ਨਾਨਕ ਤਪਾ ਆਇਆ ਹੈ ਮਲਕ ਕਹਿਆ ਪੰਜਾ ਅੰਦਰ ਲੈ ਆਉ ਪੰਜੇ ਬ੍ਰਾਹਮਣ ਗੁਰੂ ਨਾਨਕ ਨੂੰ ਅੰਦਰਸੱਦਜਾ ਤਾਂ ਗੁਰੂਨਾਨਕਜੀਅੰਦਰਗਿਆਅੰਦਰਜਾਇਕੇ ਆਖਿਆ ਕਿਉਂ ਮਲਕ ਮੈਨੂੰ ਕਜੋਂ ਸੱਦਜਾ ਤਾਂ ਮਲਕ ਕਹਿਆ ਕਿਉਂ ਤਪਾ ਤੂੰ ਬ੍ਰਹਮਭੋਜ ਵਿੱਚ ਕਿਉਂ ਨਾ ਆਇਓਂ ਗੁਰੂਨਾਨਕ ਕਹਿਆ ਸੁਣ ਮਲਕ ਅਸੀਂ ਫ਼ਕੀਰ ਆਹੇ ਜਿਥੇ ਗੁਜ਼ਰੀ ਤਿਥਾਉਂ ਗੁਜ਼ਰੀ ਮਲਕ ਗੁੱਸੇ ਹੋਇਕਰ ਆਖਿਆ ਤਪਾ ਨਾਂਵ ਰਖਾਵਣਾ ਅਤੇ ਸ਼ੂਦ੍ਰ ਭੂਖਾਣਦੇ ਘਰ ਖਾਵਣਾ ਅਤੇ ਬ੍ਰਹਮਭੋਜ ਤੇ ਨਾ ਆਵਣਾ ਤਉ ਕਿਆ ਸਮਝੀਐ ਤਾਂ ਗੁਰੂਨਾਨਕ ਕਹਿਆ ਮਲਕ ਕੁਛਹੁਣ ਖਵਾਇੰਦਾਹੈਂ ਤਾਂਮਲਕ ਕਹਿਆ ਅਵੋਪੰਜਾਇਸਭਪੈਨੂੰ ਕੁਛਆਣਖਵਾਇ ਜਾਂ ਗੁਰੂ ਨਾਨਕਜੀ ਪਿਛੇ ਦੇਖੇ ਤਾਂ ਲਾਲੋ ਖੜਾਹੈ ਗੁਰੂਨਾਨਕਜੀਨੇਆਖਜਾ ਲਾਲੋਤੂੰਭੀ ਲੈ ਆਉ ਲਾਲੋ ਦੌੜਿਆ ਘਰ ਆਯਾ ਖੰਨੀ ਰੋਟੀ ਕੋਧ੍ਰੋਦੀ ਲੈ ਗਿਯਾ ਉਧਰੋਂ ਪੰਜਾ ਬ੍ਰਾਹਮਣ ਲੁੱਚੀ ਕਚੌਰੀ ਲੈਆਯਾ ਗੁਰੂਨਾਨਕ ਸੱਜੇਹੱਥ ਕੋਧ੍ਰੋਦੀ ਰੋਟੀ ਲੀਤੀ ਲਾਲੋ ਦੀ ਅਤੇ ਖੱਬੇ ਹੱਥ ਲੁੱਚੀਆਂ ਕਚੌਰੀਆਂ ਲੀਤੀਆਂ ਮਲਕਭਾਗੋਦੀਆਂ ਤਾਂ ਦੋਵੇਂਹਥਞਪੀੜੇਕੋਧ੍ਰੋਦੀਰੋਟੀ ਵਿੱਚੋਂ ਦੁੱਧ ਸਿੰਮਜਾਂ ਅਤੇ ਲੁੱਚੀਆਂ ਕਚੌਰੀਆਂ ਵਿੱਚੋਂ ਲਹੂਸਿੰਮਜਾਂ ਜਿਤਨੀਮਜਲਸਬੈਠੀ ਆਹੀ ਤਿਤਨੀਬਿਸਮਾਦਹੋਇਗਈਗੁਰੂਨਾਨਕ ਆਖਜਾਮਲਕਭਾਗੋਏਹਤਾਂ ਆਦਮੀਆਂਦੇ ਲੋਹੂ ਦਾ ਬ੍ਰਹਮਭੋਜ ਕੀਤਾਹਈ ਏਹਾਰੋਟੀ ਅਸਾਂਨੂੰ ਖਵਾਂਇੰਦਾਆਹੇਬ੍ਰਹਮਭੋਜਤਾਂਲਾਲੋਦੇ ਘਰਨਿਤਾਪ੍ਰਤਿਹੁੰਦਾਹਈਮਲਕਦਾਚਾਰਾਕੁਝਚਲੇਨਾਹੀਂਮਨਵਿੱਚਬਹੁਤੇਰਾਗੁੱਸਾਕਰੇ।੨੩

ਸਾਖੀ ਹੋਰ ਚਲੀ

ਭਾਂਖ਼ਾਨਦਾਪੁਤ੍ਰਬਹੁਤਦੁਖੀਪਿਆਆਹਾਦਾਰੂਬਹੁਤਕਰੇਂਦੇਆਹੇਤਾਂਖ਼ਾਨਮਲਕਭਾਗੋਨੂੰਸੱਦ ਕਰ ਕਹਿਆ ਐ ਮਲਕ ਭਾਗੋ ਮੈਂ ਕਿਆ ਕਰਾਂ ਮੇਰਾਬੇਟਾ ਜੁਆਨ ਚੰਗਾ ਹੋਂਦਾਨਾਹੀਂ ਤਾਂ ਮਲਕਭਾਗੋਕਹਿਆ ਖ਼ਾਨਜੀ ਕੋਈਕਾਮਲਫ਼ਕੀਰਪਕੜੋ ਤਾਂਤੇਰਾਬੇਟਾਚੰਗਾਹੋਵੈਤਾਂਪਠਾਣ ਕਹਿਆ ਮਲਕ ਮੈਂ ਕਿਆ ਜਾਨਤਾ ਹਾਂ ਜੋ ਕਾਮਲ ਕੌਣ ਹੈ ਅਤੇ ਨਾ ਕਾਮਲ ਕੌਣ ਹੈ ਤਾ ਮਲਕਕਹਿਆ ਭੁਮ ਫ਼ਕੀਰਾਂਸਭਨਾਂਕੋਪਕੜੋਤਾਂਫ਼ਕੀਰਲਗੇਪਕੜੀਵਨ ਵਿੱਚਰਾਹੇਫਿਰਦਾ ਗੁਰੂਨਾਨਕਭੀ ਪਕੜਿਆ ਖ਼ਬਰ ਲਾਲੋਤ੍ਰਖਾਂਣਨੂੰ ਹੋਈ ਲਾਲੋ ਜਾਇਦੇਖੇ ਤਾਂ ਕਿਆ ਦੇਖੈ ਗੁਰੂਨਾਨਕਭੀ ਵਿੱਚਬੈਠਾ ਤਾਂ ਲਾਲੋ ਦੇਖਕਰ ਬੈਰਾਗ ਵਿੱਚ ਆਯਾ ਜਾਂਗੁਰੂਨਾਨਕਦੇਖੈ ਤਾਂ ਕਿਆਦੇਖੈ ਜੋ ਲਾਲੋਬੈਰਾਗਕਰਦਾਹੈਤਾਂਗੁਰੂਨਾਨਕ ਕਹਿਆਕਿਉਂਕਹੁਭਾਈਲਾਲੋ ਤਾਂ

CC-0. Gurukul Kangri University Haridwar Collection. Digitized by S3 Foundation USA

ਲਾਲੋ ਕਿਹਾਗੁਰੂਜੀਏਹਕਿਆਹੁਆਤਾਂਗੁਰੂਨਾਨਕ ਕਹਿਆ ਭਾਈਲਾਲੋ ਦੇਖ ਕਰਤਾਰਦੇ ਤਮਾਸ਼ੇ ਓਹਕਿਆ ਕਰਦਾਹੈ ਤਾਂਗੁਰੂਨਾਨਕ ਕਹਿਆ ਭਾਈਲਾਲੋਇਸਪਠਾਣਦੇਪੁਤ੍ਰਨੂੰ ਤੂੰ ਅਪਣਾ ਜੂਠਾ ਟੁੱਕਰ ਦੇਹ ਅਤੇ ਉਸਨੂੰਜਾਇਕੇ ਨਾਲੇ ਹੀ ਲੈਆਉ ਤਾਂ ਭਾਈ ਲਾਲੋ ਆਖਾ ਗੁਰੂਬਾਬੇਦਾ ਜੂਠਾ ਟੁੱਕਰ ਉਸ ਖ਼ਾਨਦੇਪੁਤ੍ਰਨੂੰ ਦਿੱਤਾ ਤਾਂ ਟੁਕੜਾ ਖਾਵਨਨਾਲ ਓਹਬਾਲਕ ਉਠਬੈਠਾ ਵਾਹਿਗੁਰੂਵਾਹਿਗੁਰੂਵਾਹਿਗੁਰੂਆਖਦਾਉਠਦਉੜਿਆਆਖਣ ਲਗਾ ਧੰਨ ਗੁਰੂ ਨਾਨਕਜੀ ਜਿਸਦੇਪ੍ਰਸਾਦਿਮੈਨੂੰਕੁਸ਼ਲਹੋਯਾ ਮੈਨੂੰਵਡਾਸੰਕਲਪ ਪਿਆਹੈ ਪਰ ਗੁਰੂ ਨਾਨਕ ਦੇਪ੍ਰਸਾਦਿ ਅੱਜਮੈਂ ਜਨਮ ਲੀਤਾ ਧੰਨ ਅਸਾਡੇਭਾਗ ਜੇਅਸੀ ਪਾਪੀ ਉਧਰੇ ਏਹਅਸਚਰਜ ਦੇਖਕਰ ਮਲਕਭਾਗੋਦੇ ਕਪਾਟ ਖੁਲ੍ਹਗਏ ਗਲ ਵਿੱਚ ਕਪੜਾ ਪਾਇ ਲੀਤਾ ਆਖਣ ਲਗਾ ਜੋ ਮੇਰੀ ਤਕਸੀਰ ਮੈਨੂੰ ਮਾਫ਼ ਕਰੋਤਾਂਬਾਬੇ ਨਾਨਕਜੀ ਆਖਿਆ ਮਲਕਭਾਗੋ ਅਸਾਂਤੈਨੂੰਕੀ ਆਖਣਾ ਹੈ ਪਰ ਫ਼ਕੀਰ ਨਾਲ ਅੜਨਾ ਭਲਾ ਨਾਹੀਂ ਤਾਂ ਮਲਕ ਭਾਗੋ ਆਖਿਆ ਤੂੰ ਵਡੀ ਦਾਤ ਦਾ ਖ਼ਾਵੰਦਹੈਂ ਅਤੇਚਰਨਪਕੜਕੇ ਜਾਇਢੱਠਾ ਤਾਂਗੁਰੂਨਾਨਕ ਖੁਸ਼ੀ ਹੋਇਕਰਆਖਜਾ ਜਾਹਮਲਕਭਾਗੋ ਤੂੰ ਨਿਹਾਲ ਹੋਯਾ ਤਾਂਖਾਨਆਇਕੇਪੈਰਾਂਤੇ ਢਹਿਪਿਆਗ਼ਰੀਬਨਵਾਜਏਹ ਗੁਨਾਹ ਮੈਨੂੰਮਾਫ਼ਹੋਵੇ ਜੋ ਮੈਂ ਸਭਨਾਂ ਫ਼ਕੀਰਾਂ ਨੂੰ ਬੰਦੀਖ਼ਾਨੇਦਿੱਤਾ ਹੈ ਤੂੰ ਫ਼ਕੀਰ ਡਾਢਾ ਹੈਂ ਮੇਰੀ ਇਥੇਹੀ ਖ਼ਲਾਸੀਕਰ ਤਾਂ ਗੁਰੂ ਬਾਬੇ ਆਖਿਆ ਮਲਕਭਾਗੋ ਅਤੇ ਖ਼ਾਨ ਦੋਵੇਂ ਜਾਇ
ਕਰਸਭਨਾਂ ਫ਼ਕੀਰਾਂਦੀ ਖੁਸ਼ੀਲੇਵਹੁਸੁਣਦੇਸਾਰ ਖ਼ਾਨ ਉਠ ਦਉੜਪਿਆਇਕਇਕਫ਼ਕੀਰ ਅੱਗੇ ਮੱਥਾ ਟੇਕਦਾਫਿਰੇ ਖ਼ਾਨ ਬਾਬੇ ਨਾਨਕਦਾ ਮੁਰੀਦਹੂਆਅਤੇ ਮਲਕਭਾਗੋ ਸਿੱਖ ਹੂਆ ਸਾਥ ਹੀ ਨਗਰੀ ਮੁਰੀਦ ਹੂਈ ਅਤੇ ਜੋ ਮਰਦਾਨਾ ਰਬਾਬੀ ਘਰ ਨੂੰ ਗਿਆ ਸੀ ਅੱਗੇ ਬਾਲਾ ਸੰਧੂ ਤਲਵੰਡੀ ਗਿਆ ਸੀ ਪਿੱਛੋਂ ਮਰਦਾਨਾ ਗਿਆ ਅੱਗੇ ਕਾਲੂ ਵੇਦੀ ਪੁੱਛਦਾ ਸੀ ਅਹੋਬਾਲਾ ਤੁਹਿ ਮੇਰਾ ਪੁਤ੍ਰ ਚੰਗਾ ਭਲਾ ਖੱਟਦਾ ਖਾਂਵਦਾ ਗਵਾਯਾ ਤਾਂ ਬਾਲੇ ਕਹਿਆ ਕਾਲੂ ਤੂੰ ਧੀਅ ਤੇ ਜਵਾਈ ਨੂੰ ਜਾਇ ਪੁੱਛ ਤਾਂ ਮੈਨੂੰ ਕੁਝ ਆਖ ਅਸਾਂ ਹੱਥੋਂ ਆਪਣੀ ਕਮਾਈ ਨਾਨਕ ਦੇ ਪਿੱਛੇ ਗਵਾਈ ਤਿਵੇਂ ਉੱਤੋਂ ਮਰਦਾਨਾ ਗਿਆ ਮਰਦਾਨੇ ਕਾਲੂਨੂੰਜਾਇ ਕਲਿਆਣਦਿੱਤਾਕਾਲੂਆਖਿਆਦੇਹਮਰਦਾਨਾ ਨਾਨਕਦੀਆਂਖਬਰਾਂਤਾਂਮਰਦਾਨੇਆਖਿਆ ਮਹਿਤਾਜੀ ਤੁਸੀ ਗਿਣਤੀ ਕਾਈ ਨ ਕਰੋ ਨਾਨਕ ਤੇਰੇ ਘਰ ਚੰਦਸੂਰਜ ਅਕੇਰਾਮਕ੍ਰਿਸ਼ਨ ਅਵਤਾਰ ਲੀਤਾ ਹੈ ਮਹਿਤਾ ਜੀ ਤੁਸੀ ਆਨੰਦ ਗਾਵਹੁ ਕਾਲੂਆਖਿਆ ਜੋ ਸੁਨਤੇਹੋ ਲੋਕੋਜੋ ਨਾਨਕਮੇਰਾਨਾਉਜੀਂਵਦਿਆਂਹੀ ਡੋਬਿਆ ਅਤੇਏਹ ਬਿਅਕਲੜੂਮਆਖਦਾਹੈ ਜੋ ਤੇਰੇਘਰ ਚੰਦਸੂਰਜ ਪੈਦਾਹੋਯਾਹੈ ਤਾਂਮਰਦਾਨੇ ਆਖਿਆ ਜਜਮਾਨਤੈਨੂੰ ਈਹਾ ਖਬਰਹੈਅਤੇ ਉਸਨੂੰ ਸਾਰੀਪੈਦਾਇਸ਼ਦੀਖ਼ਬਰਹੈਰਾਇਬੁਲਾਰਆਦਮੀਭੇਜਕਰਮਰਦਾਨੇਨੂੰਸੱਦਿਆ ਤਾਂ ਮਰਦਾਨੇ ਆਇਕਲਿਆਣਦਿੱਤਾ ਰਾਇਆਖਿਆਆਖਮਰਦਾਨਾ ਨਾਨਕ ਦੀਆਂ ਖਬਰਾਂਤਾਂਮਰਦਾਨੇ ਆਖਿਆਰਾਇਜੀਨਾਨਕਪਾਤਿਸ਼ਾਹਾਂਦਾਪਾਤਿਸ਼ਾਹਨਾਨਕਪੀਰਾਂਸਿਰਪੀਰਨਾਨਕਫ਼ਕੀਰਾਂ

CC-0. Gurukul Kangri University Haridwar Collection. Digitized by S3 Foundation USA

ਸਿਰਫ਼ਕੀਰ ਰਾਇਜੀ ਨਾਨਕਦੇ ਤੁੱਲਕੋਈ ਨਹੀਂ ਨਾਨਕ ਉਪਰ ਇਕ ਖੁਦਾਇਹੈ ਨਾਨਕ ਨੂੰ ਖੁਦਾਇ ਵੱਡਾ ਮਰਾਤਬਾ ਦਿੱਤਾਹੈਤਾਂਰਾਇ ਕਹਿਆ ਮਰਦਾਨਾਅਸੀਬਿਰਧਹੋਏ ਆਹੇਤੂੰ ਕਿਵੇਂ ਨਾਨਕਨੂੰ ਏਥੇਭੀ ਲੈ ਆਵੇਂ ਉਸਦਾ ਦੀਦਾਰ ਕਰੀਐ ਤਾਂ ਮਰਦਾਨੇ ਆਖਿਆ ਰਾਇ ਜੀ ਓਹਮੇਰੇ ਹੱਥ ਨਾਹੀਂ ਮੈਂ ਉਸਦੇਹੱਥਹਾਂ ਅਤੇਆਪਣੀ ਵੱਲੋਂ ਤਗੀਦ ਬਹੁਤਕਰਸਾਂ ਤਾਂ ਰਾਇ ਆਖਿਆ ਮਰਦਾਨਾ ਏਹ ਚੰਗਿਆਈ ਅਸਾਂ ਨਾਲ ਕਰਸੀਤਾਂਮਰਦਾਨੇਆਖਿਆਜੀ ਹਿਕ ਹੋਰਕੰਮ ਕਰੋ ਤਾਂ ਰਾਇ ਆਖਿਆ ਆਖੋ ਜੀ ਮਰਦਾਨੇਆਖਿਆਜੀ ਮੇਰੇਨਾਲ ਬਾਲਾ ਸੰਧੂ ਮਿਲੈ ਤਾਂ ਰਾਇਬਾਲੇਸੰਧੂਨੂੰ ਸੱਦ ਘੱਲਿਆ ਤਾਂ ਬਾਲਾ ਸੰਧੂਆਯਾ ਤਾਂਰਾਇਆਖਿਆ ਭਾਈ ਬਾਲਾ ਤੂੰਮਰਦਾਨੇ ਨਾਲ ਜਾਹ ਅਤੇ ਨਾਨਕ ਨੂੰ ਅਸਾਂਤੋੜੀ ਲੈਆਉ ਅਤੇਨਾ ਆਵੇ ਤਾਂ ਮੇਰੀ ਬਹੁਤ ਆਜਜ਼ੀ ਕਰਨੀ ਅਤੇ ਆਖਣਾ ਜੋ ਰਾਇ ਕਹਿੰਦਾ ਹੈ ਇਕਵਾਰੀਖੁਦਾਇ ਦੇਵਾਸਤੇ ਮੈਨੂੰਦਰਸ਼ਨਦੇਹੁ ਤਾਂਬਾਲੇਆਖਿਆ ਭਲਾ ਰਾਇ ਜੀ ਤੁਸੀ ਇਕਵਾਰੀ ਭੇਜ ਦੇਹੋ ਅਸੀ ਤੁਸਾਡੀ ਵਾਸਤੇ ਦਸਵੇਰੀ ਜਾਂਹਗੇ ਤਾਂ ਰਾਇਕਹਿਆਭਲਾਭਾਈਬਾਲਾਖੁਦਾਇ ਤੇਰਾ ਭੁਲਾ ਕਰੇਗਾ ਮਰਦਾਨਾ ਅਤੇ ਬਾਲਾ ਏਮਨਾਬਾਦ ਲਾਲੋ ਦੇ ਘਰਆਏ ਆਇਕਰ ਗੁਰੂਜੀ ਨੂੰ ਆਖਣ ਲਗੇ ਗੁਰੂਜੀ ਰਾਇਬੁਲਾਰ ਭੱਟੀ ਤੁਸਾਡੇ ਦੀਦਾਰ ਦੀ ਚਾਹ ਬਹੁਤ ਰਖਦਾ ਹੈ ਤੁਸੀ ਰਾਇਤਾਂਈਂਦੀਦਾਰਦੇਹੋਤਾਂਗੁਰੂਨਾਨਕ ਆਖਿਆਭਾਈਬਾਲਾ ਅੱਗੇਕਾਲੂਹੈ ਦੁਖਣਾ ਪਉਸੀ ਤਾਂਬਾਲੇ ਕਹਿਆ ਜੀ ਤੁਸਾਂ ਉੱਥੇ ਰਹਿਣਾਂ ਨਾਹੀਂ ਅਤੇਰਾਇਕਹਿਆਹੈ ਮੇਰੀਦੇਹ ਵੱਡੀ ਹੋਈਹੈ ਨਾਹੀਂ ਤਾਂ ਮੈਂ ਆਪ ਸਿਰਦੇ ਪਰਣੇ ਤੇਰੇਦਰਸ਼ਨਨੂੰਆਂਵਦਾਤਾਂਗੁਰੂਨਾਨਕ ਕਹਿਆ ਭਾਈ ਬਾਲਾ ਰਾਇ ਦਾ ਭਾਰਾ ਅਸਾਡੀਗਰਦਨਤੇਹੈ ਚਲੋਤਾਂਲਾਹਿਆਵੀਐ ਤਾਂ ਬਾਲਾਸੰਧੂ ਅਤੇ ਮਰਦਾਨਾਮਿਰਾਸੀਬਹੁਤ ਖ਼ੁਸ਼ੀਹੋਏਗੁਰੂਨਾਨਕ ਜੀ ਆਖਿਆਭਾਈਲਾਲੋ ਅਸੀ ਤਲਵੰਡੀ ਜਾਂਦੇਆਹੇਤਾਂ ਲਾਲੋ ਆਖਿਆ ਜੀ ਤੁਸੀ ਤਾਂ ਮਹੀਨਾ ਪੂਰਾਹੋਵਣੇਦੇਹੋ ਤਾਂ ਗੁਰੂਨਾਨਕਆਖਿਆ ਜੋ ਭਾਈਲਾਲੋ ਪੰਝੀ ਦਿਨ ਹੋਏਹੈਨ ਫੇਰਪੰਜਦਿਨਆਇ ਰਹੀਏਂਗੇ ਤਾਂਲਾਲੋ ਆਖਿਆ ਹੇ ਭਾਈ ਬਾਲਾ ਤੂੰ ਕਿਧਰੋਂ ਆਇ ਪਿਆਤਾਂਬਾਲੇਆਖਿਆਭਾਈ ਲਾਲੋ ਤੁਧ ਵਾਂਗੂੰ ਰਾਇ ਭੀ ਬਹੁਤ ਪਿਆਰਾਹੈ ਤਾਂਲਾਲੋ ਆਖਿਆ ਭਾਈ ਬਾਲਾਡਾਢਿਆਂ ਨਾਲ ਜੋਰ ਕੋਈ ਨਾਂਹੀਂ ਚਲਦਾ ਭਾਂ ਓਥੋਂ ਵਿਦਾ ਲੀਤੀ ॥ ੨੪ ॥

ਅੱਗੇ ਸਾਖੀ ਹੋਰ ਚਲੀ

ਗੁਰੂਨਾਨਕ ਅਤੇ ਬਾਲਾ ਅਤੇਮਰਦਾਨਾ ਤਿੰਨੇਹੀ ਚਲੇ ਦਸਵੇਂ ਦਿਨ ਆਇ ਤਲਵੰਡੀਵੜੇ ਤਾਂ ਰਾਇ ਨੂੰ ਖਬਰ ਹੋਈ ਬਾਲਾ ਅਤੇ ਮਰਦਾਨਾ ਗੁਰੂ ਨਾਨਕ ਨੂੰ ਲੈ ਆਏਹੈਨ ਤਾਂਕਾਲੂ ਅਤੇ ਲਾਲੂ ਅਤੇ ਅੰਮਾ ਬੀਬੀ ਤ੍ਰੈਏ ਇਕੱਠੇ ਹੋਇਬੈਠੇ ਏਨਾ ਸੁਣਿਆਂ ਜੋ ਨਾਨਕ ਅਸਾਡਾ ਪੁਤਰ ਏਥੇ ਆਯਾ ਹੈ ਪਰ ਕਿੱਥੇ ਹੈ ਚੰਦਰਭਾਨ ਸੰਧੂ ਦੇ ਖੂਹ ਉੱਤੇ ਬੈਠਾ ਹੈ ਚੰਦਰਭਾਨ

CC-0. Gurukul Kangri University Haridwar Collection. Digitized by S3 Foundation USA

ਬਾਲੇਦਾ ਪਿਉ ਸੀ ਇਹ ਤ੍ਰੈਏ ਇਕੱਠੇ ਹੋਇ ਕਰ ਗੁਰੂ ਨਾਨਕ ਵੱਲ ਗਏ ਜਾਇ ਦੇਖਨ ਤਾਂ ਕਿਆ ਦੇਖਨ ਜੋ ਸਿਰ ਤੇ ਗਜਾਂ ਚਹੁੰ ਦਾ ਅੰਗੋਛਾ ਹੈ ਅਤੇ ਤੇੜ ਚਾਦਰ ਹੈ ਇਕ ਚਾਦਰ ਉਤੇ ਹੈ ਅਰ ਇਕ ਅੰਗੋਛਾ ਹੱਥ ਹੈਸੁ ਗਜ ਡੇਢ ਦਾ ਇਕ ਅੰਗੋਛਾ ਤੇੜ ਭੀ ਹੈ ਤਾਂ ਕਾਲੂ ਦੇਖਕਰ ਕਉੜੀਲਾ ਹੋਇ ਗਿਆ ਤਾਂ ਲਾਲੂ ਸਿਆਣਾ ਸੀ ਪਰ ਕਾਲੂ ਥੀਂ ਛੋਟਾ ਸੀ ਤਾਂ ਲਾਲੂ ਆਖਿਆ ਭਾਈ ਕਾਲੂ ਸਿਉ ਰਾਮਦੇ ਪੁਤ੍ਰ ਅਸੀ ਦੋਵੇਂ ਆਹੇ ਅਤੇ ਹਿਕ ਸੇ ਬਨਾਰਸੀ ਮਾਇ ਦੇ ਪੇਟੋਂ ਆਹੇ ਸੋ ਤੇਰੀ ਅਤੇ ਮੇਰੀ ਸ਼ਰਮ ਹਿਕਾ ਹੈ ਤੂੰ ਇਸ ਤਾਈਂ ਰਾਇ ਪਾਸ ਲੈ ਚਲ ਤਾਂ ਕਾਲੂ ਚੁਪ ਕਰ ਰਹਿਆ ਤਾਂ ਲਾਲੂ ਆਖਿਆ ਤੂੰ ਭਾਬੀ ਬੀਬੀ ਅਤੇ ਮੇਰੇ ਵੱਲੋਂ ਦੇਖ ਤਾਂ ਲਾਲੂ ਆਖਿਆ ਪੁੱਤ੍ਰ ਨਾਨਕ ਮੈਂ ਤੇਰਾ ਚਾਚਾ ਹਾਂ ਅਤੇ ਤਉ ਵਿਚ ਅਤੇ ਮੈਂ ਵਿਚ ਫਰਕ ਵਰ੍ਹਿਆਂ ਕਾ ਥੋੜਾ ਹੈ ਭਲਾ ਤੂੰ ਕਾਲੂ ਵੱਲੋਂ ਨ ਦੇਖ ਪਿਉ ਤੇ ਚਾਚੇ ਵਿਚ ਫਰਕ ਕੁਝ ਨਾਹੀਂ ਤੂੰ ਘਰ ਚਲ ਤਾਂ ਗੁਰੂ ਨਾਨਕ ਆਖਿਆ ਚਾਚਾ ਜੀ ਅਸਾਂ ਘਰ ਇੱਕੋ ਮੱਲਿਆ ਹੈ ਬਹੁਤੇ ਘਰ ਛੱਡੇ ਤਾਂ ਅੰਮਾਂ ਬੀ ਬੀ ਪੈਰਾਂ ਤੇ ਢਹਿ ਪਈ ਤਾਂ ਲਾਲੂ ਆਖਿਆ ਪੁਤ੍ਰ ਨਾਨਕ ਤੂੰ ਸਾਧ ਹੈਂ ਅਤੇ ਸਾਧਾਂ ਨੂੰ ਦਇਆ ਲੋੜੀਦੀ ਹੈ ਭਲਾ ਤੇਰੀ ਮਾਉਂ ਹੈ ਅਤੇ ਮੈਂ ਤੇਰਾ ਚਾਚਾ ਹਾਂ ਅਤੇ ਭਾਈ ਕਾਲੂ ਪਿਤਾ ਹੈ ਦੇਖੋ ਭਰਾਉ ਸ਼ਰੀਕ ਹੈ ਮੈਂ ਇਸ ਅੱਗੇ ਹੁਤ ਨਾਹੀਂ ਕੱਢ ਸਕਦਾ ਕਿਉਂ ਜੋ ਮੈਥੋਂ ਵੱਡਾ ਹੈ ਅਰ ਤੇਰਾ ਪਿਤਾ ਹੈ ਤਾਂ ਗੁਰੂ ਨਾਨਕ ਜੀ ਰਾਗ ਰਾਮਕਲੀ ਵਿਚ ਸ਼ਬਦ ਬੋਲਿਆ॥

ਖਿਮਾਂ ਹਮਾਰੀ ਮਾਤਾ ਕਹੀਐ ਸੰਤੋਖ ਹਮਾਰਾ ਪਿਤਾ॥ ਸਤਿ ਹਮਾਰਾ ਚਾਚਾ ਕਹੀਐ ਜਿਸ ਸੰਗ ਮਨੂਆ ਜਿਤਾ॥ ੧॥ ਸੁਣਿ ਲਾਲੂ ਗੁਣ ਐਸਾ॥ ਸਗਲੇ ਲੋਕ ਬੰਧਨ ਕੇ ਬੰਧੇ ਸੋ ਗੁਣ ਕਹੀਐ ਕੈਸਾ॥ ੧॥ ਰਹਾਉ॥ ਭਉ ਭਾਈ ਸੰਗ ਹਮਾਰੇ ਪ੍ਰੇਮ ਪ੍ਰੀਤ ਸੋ ਚਾਚਾ॥ ਧੀਆ ਹਮਾਰੀ ਧੀਰਜ ਬਨੀ ਹੈ ਐਸਾ ਸੰਗ ਹਮਾਰਾ॥ ੨॥ ਸਾਂਤਿ ਹਮਾਰੀ ਸੰਗ ਸਹੇਲੀ ਮਤਿ ਹਮਾਰੀ ਚੇਲੀ॥ ਏਹ ਕੁਟੰਬ ਹਮਾਰਾ ਕਹੀਅਹਿ ਸਾਸਿ ਹਮਾਰੀ ਖੇਲੀ॥ ੩॥ ਏਕੰਕਾਰ ਹਮਾਰਾ ਖਾਵੰਦ ਜਿਨ ਇਹ ਬਣਤ ਬਨਾਈ॥ ਉਸਕੋ ਤਿਆਗ ਅਵਰ ਕੋ ਲਾਗੇ ਨਾਨਕ ਸੋ ਦੁਖ ਪਾਈ॥ ੪॥

ਤਾਂ ਫਿਰ ਲਾਲੂ ਕਹਿਆ ਭਾਈ ਕਾਲੂ ਏਹ ਨਾਨਕ ਅਸਾਂ ਬੇਰ ਹਿਆ ਹੀ ਪਰ ਇਸ ਤਾਂਈਂ ਇਕ ਵਾਰੀ ਰਾਇ ਪਾਸ ਲੈ ਚਲੀਐ ਤੇਰਾ ਅਰਮਾਨ ਭੀ ਨਰਹੈ ਤਾਂ ਲਾਲੂ ਆਖਿਆ ਭਲਾ ਪੁਤ੍ਰ ਨਾਨਕ ਰਾਇ ਪਾਸ ਤਾਂ ਚੱਲ ਭਲਾ ਜੀ ਚਲੀਐ ਤਾਂ ਚਲੇ ਰਾਇ ਪਾਸ ਰਾਇ ਅੱਗੇ ਮੰਜੀ ਉਤੇ ਬੈਠਾ ਆਹਾ ਪਰ ਦੇਹ ਵੱਡੀ ਆਹੀ ਜਸੋਂ ਨਾਨਕ ਨੂੰ ਡਿੱਠਾ ਤਿਉਂ ਉਠਣ ਲੱਗਾ ਨਾਨਕ ਜੀ ਜਾਂ ਦੇ ਮੰਜੀ ਉਤੇ ਥੰਮਿਆ ਅਤੇ ਰਾਇ ਦੇ ਪੈਰਾਂ ਤੇ ਹੱਥ ਰੱਖੇ ਰਾਇ ਕਹਿਆ ਤਪਾ ਵਡਾ ਜੁਲਮ ਕੀਤੋ ਮੈਂ ਨੂੰ ਪੁਛਣੇ ਵਾਸਤੇ ਸੱਦਿਆ ਸੀ ਤਉ ਮੈਨੂੰ ਹੱਥੋਂ ਮਾਰਿਆ ਤਾਂ ਗੁਰੂ ਨਾਨਕ ਕਹਿਆ ਰਾਇ ਜੀ ਤੂੰ ਸੀ ਵੱਡੇ ਹੋਅ ਸੀ ਤੁਹਾਡੇ ਨ ਛਰਹੈ ਗੇ ਹਾਂ ਰਾਇ ਕਹਿਆ ਤਪਾ ਮੈਨੂੰ ਤੂੰ ਬਖ਼ਸ਼ ਅਤੇ ਕਰਤਾਰ ਥੋਂ ਭੀ ਬਖ਼ਸ਼ਾਇ ਗੁਰੂ ਨਾਨਕ ਕਹਿਆ ਰਾਇ ਜੀ ਤੁਸੀ ਧੁਰ ਦੇ ਬਖ਼ਸ਼ੇ ਹੋ ਤਾਂ ਫਿਰ ਰਾਇ ਕਹਿਆ

CC-0. Gurukul Kangri University Haridwar Collection. Digitized by S3 Foundation USA

ABHINAV GAUR

ਤਪਾਮੈਂਉਤੇਕੁਝਆਪਣੀਵੱਲੋਂਭੀ ਕਿਰਪਾ ਕਰ ਤਾਂ ਗੁਰੂਨਾਨਕ ਜੀ ਕਹਿਆ ਜਿੱਥੇ ਅਸੀ ਤਿੱਥੇ ਤੁਸੀ ਤਾਂ ਰਾਇ ਕਹਿਆ ਮੇਰੀ ਪੂਰੀ ਤਾਂ ਪਵੈਜੇਤੂੰਆਪਨੇਪੈਰਮੇਰੇਸਿਰਉਤੇਰੱਖੇਂਤਾਂ ਰਾਇ ਬਹੁਤ ਅਧੀਨ ਹੋਯਾ ਤਾਂ ਗੁਰੂ ਨਾਨਕਜੀ ਮੰਜੀ ਉਪਰ ਬੈਠਾ ਤਾਂ ਰਾਇਪੈਰਆਪਨੇ ਸਿਰ ਤੇ ਰੱਖੇ ਅਤੇ ਬਹੁਤ ਬਿਗਸਿਆ ਫੇਰ ਰਾਇ ਕਹਿਆ ਅਵੋ ਉਮੈਦਾ ਸੁੱਧੇ ਬ੍ਰਾਹਮਣ ਨੂੰ ਸੱਦ ਲੈ ਆਉ ਸੁੱਧੇ ਆਇ ਰਾਇ ਨੂੰ ਅਸੀਰਬਾਦ ਦਿੱਤਾ ਆਖਿਓਸ ਰਾਇ ਜੀ ਸੁਖੀ ਰਹੋ ਤਾਂ ਰਾਇ ਕਹਿਆ ਜਾਹ ਸੁੱਧਾ ਆਪਨੇ ਘਰੋਂ ਭਾਂਡੇ ਲੈ ਆਉ ਅਤੇ ਏਥੇ ਰਸੋਈ ਕਰ ਅਤੇ ਤਪੇਨੂੰਮੇਰੇਹਾਜ਼ਰ ਜਿਵਾਇ ਅਤੇਰਾਇ ਆਖਿਆ ਤਪਾ ਜੀਰਸੋਈਕੇਹੀਜੇਂਵਦੇ ਹੋਤਾਂ ਗੁਰੂਨਾਨਕ ਜੀ ਕਹਿਆ ਰਾਇਜੀ ਜੋਕੁਝਕਰਤਾਰਭੇਜਦਾਹੈਸੋਈਜੇਂਵਦੇ ਆਹੇ ਤਾਂ ਰਾਇ ਕਹਿਆ ਨਾਂ ਤਪਾ ਮੈਂ ਹੋਰ ਵਾਸਤੇ ਪੁੱਛਿਆ ਹੈ ਆਖੇਂ ਅਤੇ ਜੇ ਖਾਵੇਂ ਤਾਂ ਬੱਕਰਾ ਸਉਰਾਵਾਂ ਤਾਂ ਗੁਰੂ ਨਾਨਕ ਜੀ ਆਖਿਆ ਏਥੇ ਫ਼ਰਮਾਇਸ਼ ਦੀ ਜਾਇ ਨਾਹੀਂ ਜੋਕੁਛ ਆਪਣੀਖੁਸ਼ੀ ਭੇਜੋਸੋਈਅਸਾਨੂੰਹੱਛਾਹੈਤਾਂਰਾਇਕਹਿਆ ਅਵੋਉਮੈਦਾਬੱਕਰਾਝਬ ਸਵਰਾਉ ਪ੍ਰਸ਼ਾਦਿ ਕਰ ਤੁਰਤਹੋ ਤਾਂਸੁੱਧਾਬ੍ਰਾਹਮਣਭਾਂਡੇਲੈਆਯਾ ਤਾਂ ਸੁੱਧੇ ਕਹਿਆ ਰਾਇ ਜੀ ਮੈਂ ਭਾਂਡੇ ਲੈ ਆਯਾ ਹਾਂ ਤਾਂ ਰਾਇ ਕਹਿਆ ਭਲਾਸੁੱਧਾ ਪਹਿਲੇ ਕੁਛ ਮਿੱਠਾ ਕਰਲੇਹੁ ਅਤੇ ਪਿੱਛੋਂ ਸਲੂਨਾਖਾਸਨਤਾਂ ਗੁਰੂ ਨਾਨਕ ਜੀ ਰਾਗ ਮਾਰੂ ਵਿੱਚ ਸ਼ਬਦ ਬੋਲਿਆ ॥

ਮਿਠਾ ਸਰਮ ਸਲੋਨਾ ਸੰਜਮੁ ਖਟਾ ਖਰਾ ਧਿਆਨੁ ॥ ਐਸਾ ਭੋਜਨ ਜੋ ਨਰ ਅਚਵੈ ਸੋ ਮਾਣਸਪਰਧਾਨ॥੧॥ਰਾਇਜੀਭੋਜਨਐਸਾਕਰੀਐ॥ਔਰਸਗਲਪਰਹਰੀਐ॥੧॥ਰਹਾਉ ॥ ਸੇਵਾ ਮਗਨ ਲਗਾ ਸਚੁ ਸੇਤੀ ਜਿਸ ਖਾਧੇ ਤ੍ਰਿਪਤਾਵੈ ॥ ਦੂਖ ਭੂਖ ਸਗਲਾ ਹੀਨਾਸੇ ਜਾਂ ਸਚਨਾਮ ਚਿਤਆਵੈ ॥ ੨ ॥ ਅੰਮ੍ਰਿਤਫਲੁਹੈ ਨਾਮ ਧਨੀ ਕਾ ਸੋ ਪੀਵੈ ਜਿਸਦੇਵੈ॥ਸਫਲਿਓ ਦਰਸਨ ਅਕਾਲਮੂਰਤਿ ਹੈ ਤਾਂਕੇ ਰਿਦੇ ਸਮਾਵੈ ॥ ੩ ॥ ਕਹੁਨਾਨਕ ਸੋਖਰਾ ਸੁਆਦੀਏਕੰ-ਕਾਰ ਰਸ ਲੀਆ ॥ ਅਉਰ ਸੁਆਦ ਸਭ ਫੀਕੇ ਲਾਗੇ ਜਦ ਸਚੁ ਨਾਮ ਮੁਖ ਦੀਆ ॥ ੪ ॥ ਤਾਂਫਿਰਕਾਲੂਲਾਲੂਨੂੰਪੁੱਛਿਆਕਿਉਂ ਕਾਲੂ ਕਜੈਂ ਤਾਂ ਲਾਲੂ ਕਾਲੂ ਨੂੰ ਆਖਿਆ ਭਾਈ ਤੇਰਾ ਕੰਮ ਬੋਲਣ ਕਾ ਨਹੀਂ ਅੰਮਾਂ ਬੀਬੀ ਘੁੰਡ ਕੱਢਕੇ ਰਾਇ ਦੇ ਪੈਰਾਂਤੇਢਹਿਪਈ ਅਜੀਰਾਇ ਜੀ ਅਸਾਡੀ ਹੋਰ ਜਗਹ ਕਾਈ ਨਾਹੀਂ ਰਾਇਜੀ ਜਿਉਂ ਜਾਨੋਤਿਉਂ ਨਾਨਕਨੂੰਆਪਨੇਪਾਸ ਰੱਖੋ ਤਾਂਰਾਇਕਹਿਆ ਤਪਾਜੀ ਮਾਉਂ ਤੇਰੀ ਬਹੁਤ ਬਿਰਲਾਪ ਕਰਦੀ ਹੈ ਅਤੇ ਅਸੀ ਤੈਨੂੰ ਆਖ ਨਹੀਂਸਕਦੇਤਾਂਗੁਰੂਨਾਨਕਜੀਆਖਿਆ ਰਾਇਜੀਤੁਸੀ ਨਿਸੰਗ ਆਖੋਜੀ ਕਿਛੁ ਤੁਸਾਂ ਆਖਨਾਂਹੋਵੇ ਤਾਂ ਰਾਇਕਹਿਆ ਤਪਾ ਜੀ ਏਥੇਰਹੋ ਤੇ ਖੇਤੀ ਕਰੋ ਤੁਸਾਡੇ ਅੱਗੇ ਕਾਂਮੇ ਲਾਇ ਦੇਂਦੇ ਆਹੇ ਅਤੇ ਨ ਹਾਲਾ ਨ ਪੱਤਾ ਤਾਂਗੁਰੂਨਾਨਕ ਰਾਗ ਸੋਰਠਿ ਵਿੱਚ ਸ਼ਬਦ ਬੋਲਿਆ ॥

ਮਨਹਾਲੀ ਕਿਰਸਾਣੀ ਕਰਣੀ ਸਰਮਪਾਣੀਤਨਖੇਤ ॥ ਨਾਮਬੀਜ ਸੰਤੋਖਸੁਹਾਗਾ ਰਖ ਗਰੀਬੀ ਵੇਸ॥ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖ ॥੧॥ ਬਾਬਾ

CC-0. Gurukul Kangri University Haridwar Collection. Digitized by S3 Foundation USA

ਮਾਇਆ ਸਾਥ ਨ ਹੋਇ ॥ ਇਨ ਮਾਇਆ ਜਗੁ ਮੋਹਿਆ ਵਿਰਲਾਬੂਝੈਕੋਇ॥੧॥ਰਹਾਉ॥
ਤਾਂਲਾਲੂਆਖਿਆਜੀਜੇਹੋਰਟਹੀਆਖੇਤਾਂਹੋਰਬਹੇ ਤਾਂਫਿਰ ਗੁਰੂ ਨਾਨਕ ਜੀ ਪਉੜੀ ਆਖੀ ॥

ਹਾਣੁ ਹਟੁ ਕਰ ਆਰਜਾ ਸਚ ਨਾਮ ਕਰ ਵੱਥ ॥ ਸੁਰਤਿਸਬਦਿਕਰਿਭਾਂਡਿਸਾਲ
ਤਿਸ ਵਿਚ ਤਿਸਨੋ ਰਖ ॥ ਸੰਤਾਂ ਸੇਤੀ ਵਣਜ ਕਰਿ ਲੈ ਲਾਹਾ ਮਨ ਹਸ ॥ ੨ ॥

ਤਾਂ ਫੇਰ ਕਾਲੂ ਰਾਇ ਥੀਂ ਅਖਵਾਯਾ ਜੇ ਜੀ ਇਸਦਾ ਮਨ ਫਿਰਨ ਤੇ ਹੈ ਤਾਂ ਘੋੜਿਆਂ ਦੀ ਸਉਦਾਗਰੀ ਕਰੇ ਤਾਂ ਫਿਰ ਗੁਰੂ ਨਾਨਕ ਜੀ ਪਉੜੀ ਆਖੀ ॥

ਸੁਣ ਸਾਸਤ੍ਰ ਸਉਦਾਗਰੀ ਸਤ ਘੋੜੇ ਲੈ ਚਲੁ ॥ ਖਰਚ ਬੰਨ ਚੰਗਿਆਈਆਂ ਮਤ
ਮਨ ਜਾਣੈ ਕਲ ॥ ਨਿਰੰਕਾਰ ਕੈ ਦੇਸ ਜਾਇ ਤਾਂ ਸੁਖ ਲਹੈ ਮਹਲ ॥ ੩ ॥

ਤਾਂ ਕਾਲੂ ਆਖਿਆਜੀ ਕਿਸੇਦੀਚਾਕਰੀਕਰੇਂਗਾ ਤਾਂਫੇਰਗੁਰੂਨਾਨਕ ਜੀ ਪਉੜੀ ਆਖੀ ॥

ਲਾਇ ਚਿਤ ਕਰ ਚਾਕਰੀ ਮੰਨ ਨਾਮ ਕਰ ਕੰਮ ॥ ਬੰਨ ਬਦੀਆ ਕਰ ਧਾਵਨੀ
ਤਾਕੋ ਆਖੈ ਧੰਨੁ ॥ ਨਾਨਕ ਨਾਮ ਅਰਾਧ ਤੂੰ ਚੜੈ ਚਵਗਨ ਵੰਨ ॥ ੪ ॥

ਤਾਂ ਫੇਰ ਰਾਇ ਬੁਲਾਰ ਆਖਿਆ ਜੀ ਤਪਾ ਕੁਛ ਅਸਾਂ ਨੂੰ ਫਰਮਾਇਸ ਕਰ ਅਸੀ ਕਬੂਲ ਪਵੀਐ ਤਾਂ ਗੁਰੂ ਨਾਨਕ ਜੀ ਰਾਗ ਸਾਰੰਗ ਵਿਚ ਸ਼ਬਦ ਬੋਲਿਆ ॥

ਇਕ ਫੁਰਮਾਇਸ਼ ਆਖੀਐ ਜੇ ਮੰਨੈ ਸਾਂਈ ॥ ਜਿਸਤੇ ਜੋਰ ਨ ਚਲਈ ਕਰਿ ਜੋਰ
ਧਿਆਈ॥ਐਸਾ ਸਤਿਗੁਰੁ ਰਾਇਜੀ ਕਿਸੈਹਾਥ ਨਆਵੈ॥ਸੋਈਕਾਰ ਕਮਾਵਣੀ ਜੋ
ਉਸਕੋ ਭਾਵੈ ॥੧॥ ਰਹਾਉ ॥ ਹਿਕਮਤਿ ਹੁਕਮ ਨ ਚਲਈ ਕੋਈ ਕਰਿਦੇਖੈ॥ ਸੇਖ
ਮਸਾਇਕ ਸਿਧ ਸਾਧ ਸਭ ਲਿਖੀਐ ਲੇਖੈ ॥ ੨ ॥ ਦਸ ਅਵਤਾਰੀਆਇਆ ਜਗੁ
ਹੁਕਮ ਚਲਾਇਆ ॥ ਅੰਤਕਾਲ ਧਰਤੀ ਪਏ ਕੁਝ ਹਥ ਨਆਇਆ॥੩॥ ਵਡੇਵਡੇ
ਮਹਾਂਬਲੀ ਜੋਧੇ ਅਰ ਸੂਰੇ ॥ ਕਹੁ ਨਾਨਕ ਸਭ ਦੇਖਿਆ ਸਭ ਧਰਤੀ ਧੂਰੇ ॥ ੪ ॥

ਤਾਂਫੇਰਰਾਇਕਹਿਆਤਪਾ ਜੀ ਤੁਸੀ ਲੰਗਰ ਚਲਾਵੋ ਤੈ ਖੁਹ ਤੁਸਾਡੇ ਤੱਲਕ ਕਰਨੇ ਆਹੇ ਨਾ ਹਾਲਾ ਨਾਪੱਤਾ ਤੁਸੀਫ਼ਕੀਰਾਂਨੂੰਖੁਵਾਵਹੁਤਾਂਗੁਰੂਨਾਨਕਰਾਗਆਸਾਵਿੱਚ ਸ਼ਬਦਬੋਲਿਆ ॥

ਲੰਗਰ ਏਕ ਖੁਦਾਇਦਾ ਦੂਸਰ ਲੰਗਰ ਨਾਹੀਂ ॥ ਦੂਸਰਲੰਗਰਨਾਂਚਲੈਜਗੁਥਿਰ
ਨ ਰਹਾਈ ॥ ੧ ॥ ਰਾਇਬੁਲਾਰ ਸੁਣਿ ਬੇਨਤੀ ਯਹਅਰਜਹਮਾਰੀ॥ਖਾਲਕ ਸਚਾ
ਏਕਹੈ ਜਿਨਿ ਖਲਕ ਸਵਾਰੀ ॥੧॥ ਰਹਾਉ॥ ਦਾਤਾ ਆਪ ਰਹੀਮ ਹੈ ਖਲਕ ਸਭ
ਖੇਲੈ ॥ ਦੇਵਨਿਕੋ ਆਪੇ ਧਨੀ ਸਗਲਿਆਂ ਪ੍ਰਤਿਪਾਲੈ ॥ ਜੀਉਪ੍ਰਾਨਤਨਧਨਦੀਏ
ਦੀਨੇ ਰਸ ਭੋਗ ॥ ਆਪੋ ਕਛੂ ਨ ਹੋਵਈ ਪ੍ਰਭ ਕੀਏ ਸਜੋਗ ॥ ਸਭਨਾਕੇ ਸਿਰਏਕ
ਹੈ ਸਿਧ ਸਾਧ ਬੀਚਾਰੇ ॥ ਨਾਨਕ ਮੰਗਤਾ ਸਭ ਕੋ ਇਕ ਦਾਤਾ ਸਿਰਜਨਹਾਰੇ ॥

ਸੰਮਤ ੧੫੫੫ ਮਿਤੀ ਪੋਹ ਵਦੀ ੬ ਗੁਰੂ ਨਾਨਕ ਝਲਵੰਡੀਓਂ ਚੱਲਣ ਲਗੇ ਤਾਂ ਰਾਇ ਨੂੰ ਖ਼ਬਰ ਹੋਈ ਜੋ ਨਾਨਕ ਤਪਾ ਫੇਰ ਚਲਿਆ ਹੈ ਤਾਂ ਕਾਲੂ ਲਾਲੂ ਦੋਵੇਂ ਰਾਇ ਪਾਸ ਜਾਇ ਰੁੰਨੇ

CC-0. Gurukul Kangri University Haridwar Collection. Digitized by S3 Foundation USA

ਭਾਂਰਾਇਉਮੈਦੇਨੂੰਭੇਜਿਆ ਨਾਨਕਤਪੇਨੂੰ ਸੱਦ ਲੈਆਉ ਉਮੈਦਾ ਰਾਇਦਾ ਨਫਰ ਨਾਨਕ ਨੂੰ ਸੱਦ ਲੈਗਿਆ ਗੁਰੂਨਾਨਕ ਆਇਰਾਇਨੂੰ ਦੁਆਇਆਖੀ ਤਾਂ ਰਾਇਆਖਿਆ ਤਪਾਜੀ ਮੈਨੂੰਗੁਸਤਾਖੀ ਮਾਫਕਰਨੀ ਭਾਂਗੁਰੂਨਾਨਕਜੀਆਖਿਆ ਜੀ ਤੁਸੀਂ ਦਰਗਾਹੋਂ ਮਾਫਹੋ ਭਾਂ ਰਾਇ ਕਹਿਆ ਤਪਾਜੀ ਤੁਸੀਕਰੋਕੁਛਨਾਹੀਂਪਰਏਥੇਹੀ ਰਹੋ ਭਾਂਗੁਰੂਨਾਨਕਜੀਕਹਿਆ ਰਾਇਜੀ ਅਸਾਡੇ ਹੱਥ ਨਾਹੀਂ ਅਸੀਂ ਏਥੇ ਰਹੀਐ ਭਾਂਰਾਇ ਬਹੁਤਜਤਨਕੀਤਾ ਪਰ ਗੁਰੂ ਨਾਨਕ ਉਦਾਸ ਹੋਇ ਚਲਿਆ ਭਾਂ ਰਾਇ ਡਿੱਠਾ ਜੋ ਇਹਰਹਿੰਦਾਨਾਂਹੀਭਾਂਰਾਇ ਕਹਿਆ ਤਪਾਜੀ ਕਾਈਭੀਫਰਮਾਇਸ਼ਕਰੋਭਾਂਗੁਰੂਨਾਨਕਆਖਿਆ ਜੀ ਫਰਮਾਇਸ਼ ਅਸਾਂਦੀ ਇੱਕੋ ਝਲਣਵਾਲਾਹੈਹੁਨਤੁਸੀਅਸਾਨੂੰ ਰਜਾਇਦੇਹੋਜੋ ਤੁਸਾਡੀ ਰਜਾਇ ਲੋੜੀਦੀ ਹੈ ਭਾਂ ਗੁਰੂਜੀ ਪਿਛਲੀਰਾਤ ਨੂੰ ਨ੍ਹਾਵਣਗਿਆ ਦੇਖੇ ਭਾਂ ਖੂਹ ਚਲਦਾ ਕੋਈਨਾਹੀਂ ਭਾਂਗੁਰੂਨਾਨਕਦੇਮੂੰਹੋਂ ਨਿਕਲਿਆਜੋ ਟੋਭਾਭੀਕੋਈਨਹੀਂਭਾਂਇਹਗੱਲਰਾਇਸੁਣੀ ਰਾਇਖ਼ਬਰਦਾਰ ਆਹਾ ਰਾਇ ਆਖਿਆਤਪੇਦੇਮੂੰਹੋਂਟੋਭਾਨਿਕਲਿਆਹੈਇਥੇਟੋਵਾਖੱਟੋਪਰ ਤਪੇ ਦੇ ਨਾਂਵਦਾ ਗੁਰੂਨਾਨਕ ਜੀ ਓਥੋਂ ਰਮੇਂ ॥ ਸਾਖੀ ਪੂਰੀ ਹੋਈ ॥ ੨੫ ॥ ਪ੍ਰਥਮ ਉਦਾਸੀ ਗੁਰੂਬਾਬੇਨਾਨਕਕੀਚਲੀ॥

ਅੱਗੇ ਸਾਖੀ ਹੋਰ ਚਲੀ

ਭਾਂ ਗੁਰੂ ਨਾਨਕ ਅਤੇ ਬਾਲਾ ਅਤੇਮਰਦਾਨਾ ਤ੍ਰੈਏਲਾਲੋਦੇ ਘਰ ਵਤਆਏ ਭਾਂਲਾਲੋਬਹੁਤ ਖ਼ੁਸ਼ੀ ਹੋਯਾ ਭਾਂ ਲਾਲੋਆਖਿਆਜੀ ਮੈਂਨਿਹਾਲਹੋਯਾ ਜੋਤੁਸਾਂਮੈਨੂੰਦਰਸ਼ਨਦਿੱਤਾ ਪੰਜਦਿਨ ਰਹਿਕੇ ਫੇਰ ਖ਼ੁਸ਼ੀ ਲੀਤੀ ਫੇਰ ਗੁਰੂਨਾਨਕਜੀਅੰਤ੍ਰਧਿਆਨ ਹੋਏ ਧਰਤੀਢਾਕੇਬੰਗਾਲੇਦੀ ਗਏ ਉਥੇਇਕਦਿਨ ਦੁਇਦਿਨ ਤ੍ਰੈਦਿਨ ਕੁਝਨ ਪਹੁਚਿਆ ਭਾਂਗੁਰੂਨਾਨਕਪਵਨਅਹਾਰੀ ਹੋਇਰਹਿਆ ਭਾਂਮਰਦਾਨੇ ਆਖਿਆ ਜੀ ਮੈਂ ਭੁਖਾ ਮਰਦਾ ਹਾਂ ਮੇਰਾ ਕੋਈ ਇਲਾਜ ਕਰੋ ਗੁਰੂ ਨਾਨਕ ਦੇਖੇ ਭਾਂ ਮਰਦਾਨਾ ਮਰਦਾ ਹੈ ਭਾਂ ਗੁਰੂਨਾਨਕ ਪੁਛਿਆ ਕਿਉਂ ਮਰਦਾਨਾਭਾਂ ਮਰਦਾਨੇ ਆਖਿਆ ਜੀਮੈਂ ਭੁਖਾਹਾਂ ਕਲੇਜੇਨੂੰ ਭੁਖ ਖਾਇਗਈ ਹੈਭਾਂ ਗੁਰੂ ਨਾਨਕ ਆਖਿਆ ਮਰਦਾਨਿਆਂਇਨ੍ਹਾਂਬੂਟਿਆਂਦੇਨਾਲਖੱਖੜੀਆਂਹੈਨਜਿਤਨੀਆਂਖਾਇਸਕੈਂਤਿਤਨੀਆਂਖਾਹ ਅਤੇਹੋਰਪੱਲੇਬੰਨ੍ਹੀਨਾਹੀਂ ਮਰਦਾਨਾਲਗਾਤ੍ਰੋੜਤ੍ਰੋੜਖਾਵਣ ਜਿਉਂਜਿਉਂਖਾਵੈ ਤਿਓਂਤਿਓਂ ਅੰਮ੍ਰਿਤਦਾ ਸੁਆਦ ਆਵੈ ਛੋੜਸਕੈ ਨਾਹੀਂ ਕਿਤਨੀਕੁ ਖਾਵੈ ਅੰਮ੍ਰਿਤਦਾ ਸੁਆਦ ਜੋਲਗੋਸ ਤ੍ਰੋੜਕੇ ਪੱਲੇ ਭੀ ਬੰਨ੍ਹ ਲਈਓਸ ਅਗਲੇ ਭਲਕ ਜੋ ਭੁਖ ਲਗੀਓਸ ਤਾਂ ਚੁਪਾਤਿਓਂ ਕਢਕੇ ਲਗਾ ਖਾਵਣ ਜਾਂ ਖਾਧੀਓਸ ਤਿਉਂ ਘੜੀ ਨਾਗੁਜਰੀ ਜੋ ਹਥਪੈਰਲਗਗਿਆਮਾਰਨ ਤਾਂ ਗੁਰੂਨਾਨਕਜੀਹਸਿਆਤਾਂਮਰਦਾਨੇਆਖਿਆਜੀਮੈਂਮਰਦਾਹਾਂਤੂੰਹਸਦਾਹੈਂ ਤਾਂ ਗੁਰੂਨਾਨਕ ਆਖਿਆ ਮਰਦਾਨਿਆਂ ਮੈਂਤਾਂਤੈਨੂੰ ਆਖਿਆਸੀ ਜੋ ਪੱਲੇ ਨਾ ਬੰਨੀਂ ਤਉ ਲੀਤੀਆਂ ਅਤੇ ਖਾਧੀਆਂ ਮੈਂਤਾਂ ਤੈਨੂੰ ਮਨ੍ਹਾ ਕੀਤਾ ਆਹਾ ਖਾਨਾ ਆ ੋ ਤਾਂਮੈਥੋਂਪੁਛਕਰ ਖਾਵੈਂ ਓਹਤਾਂਬੂਟਾ ਅੱਕਦਾਆਹਾਤਾਂਗੁਰੂਨਾਨਕ ਅਪਣੇ ਹੱਥੋਂ ਤ੍ਰੋੜ ਕਰ ਖੱਖੜੀਆਂ ਮਰਦਾਨੇਨੂੰਖਵਾਈਆਂਤਾਂ

CC-0. Gurukul Kangri University Haridwar Collection. Digitized by S3 Foundation USA

ਮਰਦਾਨਾ ਖਾਵਣ ਨਾਲ ਉਠ ਬੈਠਾ ਤਾਂ ਉੱਥੋਂ ਗੁਰੂ ਨਾਨਕ ਜੀ ਅੱਗੇ ਚਲੇ ਤਾਂ ਇਕ ਵਲਾਇਤ ਅਸਰਾਪਨਾਹਾ ਰਾਜੇ ਦੀ ਆਈ ਉਸ ਵਲਾਇਤ ਨੂੰ ਗੁਰੂ ਨਾਨਕ ਜੀ ਚਲਿਆ ਜਿੱਥੇ ਝੰਡੇ ਬਾਢੀ ਦੀ ਮੰਜੀ ਹੈ ਸਮੁੰਦ੍ਰ ਦੇ ਟਾਪੂ ਵਿਚ ਹੈ ਤਾਂ ਮਰਦਾਨਾ ਉੱਚੇ ਵਿੱਟਰ ਖੜਾਹੁਆ ਗੁਰੂਨਾਨਕ ਜੀ ਦੀ ਰੀਝ ਤਾਰ ਤੇ ਆਹੀ ਮਰਦਾਨਾ ਆਖੇ ਜੀ ਮੈਂ ਅੱਗੇ ਜਾਂਦਾ ਨਹੀਂ ਮੈਨੂੰ ਵਿਦਾ ਕਰ ਤਾਂ ਗੁਰੂਨਾਨਕ ਆਖਿਆ ਮਰਦਾਨਾ ਅੱਗੇ ਰਾਹ ਵਿੱਚ ਵਡੀਆਂ ਬਲਾਈਂ ਹੈਨ ਤੂੰ ਜਾਨਦਾ ਨਾਹੀਂ ਤੂੰ ਅਸਾਂ ਹੀ ਨਾਲ ਰਹੁ ਮਰਦਾਨਾ ਚਹੇ ਨਾਹੀਂ ਤਾਂ ਗੁਰੂ ਨਾਨਕ ਆਖਿਆ ਭਾਈ ਬਾਲਾ ਮਰਦਾਨਾ ਅਸਾਡੇ ਆਖੇ ਲਗਦਾ ਨਹੀਂ ਬਾਲਾ ਗੁਰੂ ਅੰਗਦ ਅੱਗੇ ਆਖਦਾਏ ਹੇ ਗੁਰੂਜੀ ਮੈਂ ਤਾਂ ਮਰਦਾਨੇਨੂੰ ਆਖਿਆ ਮਰਦਾਨਿਆਂ ਨਾਨਕ ਨਿਰੰਕਾਰੀ ਹੈਈ ਤੂੰ ਸੰਮਾਲਜੀ ਮਰਦਾਨੇਨੂੰ ਜੋ ਕੋਈ ਭੂਤਨਾ ਲਗਾ ਮਰਦਾਨਾ ਮੰਨੇ ਕਾਈ ਨਹੀਂ ਆਖ ਰਹੇ ਮਰਦਾਨੇ ਗੁਰੂਨਾਨਕ ਪਾਸੋਂ ਵਿਦਾ ਲੀਤੀ ਓਥੋਂ ਹੀ ਪਿਛਾਂ ਫਿਰ ਗਿਆ ਤਾਂ ਗੁਰੂਨਾਨਕ ਮੈਨੂੰ ਪੁਛਿਆ ਭਾਈ ਬਾਲਾ ਹੁਣ ਕਿਆ ਕਰੀਐ ਤਾਂ ਮੈਂ ਗੁਰੂਨਾਨਕ ਜੀ ਨੂੰ ਆਖਿਆ ਜੀ ਜੋ ਤੁਸਾਡੇ ਜੀਅ ਆਵੇ ਤਾਂ ਗੁਰੂਨਾਨਕ ਜੀ ਓਹ ਦਿਨ ਜੰਗਲ ਵਿਚ ਬੈਠ ਰਹਿਆ ਅੱਗੇ ਚਲੇ ਨਾਹੀਂ ਜਾਂ ਦੁਇ ਪਹਿਰ ਗੁਜ਼ਰੇ ਤਾਂ ਗੁਰੂਨਾਨਕ ਜੀ ਬੋਲਿਆ ਭਾਈ ਬਾਲਾ ਮਰਦਾਨੇ ਨੂੰ ਰਾਖਸ ਪਕੜਿਆ ਹੈ ਅਤੇ ਕੜਾਹੇ ਵਿਚ ਤਲਦਾ ਹੈ ਤਾਂ ਮੈਂ ਗੁਰੂਨਾਨਕ ਜੀ ਪਾਸ ਆਖਿਆ ਤਲੀ ਵਨਦੇ ਹੋ ਆਖੇ ਲਗਦਾ ਨਾਹੀਂ ਤਾਂ ਗੁਰੂਨਾਨਕ ਉਠ ਖੜਾਹੁਆ ਆਖਣ ਲਗਾ ਭਾਈ ਬਾਲਾ ਨਾਲ ਲੀਤੇ ਦੀ ਸ਼ਰਮ ਭਾਰੀ ਹੈ ਅਤੇ ਅਸਾਡੇ ਕੰਮ ਦਾ ਹੈ ਮਾਂ ਫੇਰ ਗੁਰੂਨਾਨਕ ਨੂੰ ਪੁਛਿਆ ਜੀ ਕੇਤਾਕ ਦੂਰ ਹੈ ਤਾਂ ਗੁਰੂਨਾਨਕ ਆਖਿਆ ਭਾਈ ਬਾਲਾ ਕੋਹਾਂ ਨਵਾਂ ਉਪਰ ਹੈ ਤਾਂ ਮੈਂ ਫੇਰ ਗੁਰੂਨਾਨਕ ਜੀ ਨੂੰ ਆਖਿਆ ਅਸਾਡੇ ਜਾਂਦਿਆਂ ਨੂੰ ਖਾਇ ਲੈਸੀ ਤਾਂ ਗੁਰੂਨਾਨਕ ਮੇਰਾ ਹੱਥ ਪਕੜਿਆ ਹਿਕ ਪਲਕ ਤਾਂ ਬਹੁਤ ਹੋਂਦੀ ਹੈ ਜਾਪੇ ਨਹੀਂ ਜੇ ਇੱਥੇ ਆਹੇ ਕਿ ਉਥੇ ਆਹੇ ਤਾਂ ਗੁਰੂਨਾਨਕ ਹੱਸਕੇ ਪੁੱਛਣ ਲੱਗਾ ਤਾਂ ਮਰਦਾਨਾ ਸ਼ਰਮਿੰਦਾ ਹੋਯਾ ਤਾਂ ਗੁਰੂਨਾਨਕ ਆਖਿਆ ਭਾਈ ਬਾਲਾ ਏਹ ਕੜਾਹਾ ਜੋ ਤਪਦਾ ਹੈ ਈ ਸੋ ਮਰਦਾਨੇ ਵਾਸਤੇ ਜੋ ਰਾਖਸ ਮਰਦਾਨੇਨੂੰ ਤਲ ਕਰ ਖਾਵੇ ਪਰ ਅਸੀ ਛਪ ਰਹੀਐ ਤਾਂ ਮੈਂ ਗੁਰੂਨਾਨਕ ਜੀ ਨੂੰ ਆਖਿਆ ਜੇਹੇ ਆਏ ਤੇਹੇ ਨਾ ਆਏ ਤਾਂ ਗੁਰੂ ਨਾਨਕ ਆਖਾ ਦੇਖ ਭਾਈ ਬਾਲਾ ਕਰਤਾਰ ਕਿਆ ਕਰਦਾ ਹੈ ਜਿਉਂ ਮਰਦਾਨਾ ਖੜਾ ਆਹਾ ਤਿਉਂ ਰਾਖਸ ਪਕੜ ਮਰਦਾਨੇਨੂੰ ਕੜਾਹੇ ਵਿਚ ਗੁੱਸੇ ਨਾਲ ਘਤਿਆ ਅੱਗੋਂ ਕੜਾਹਾ ਇਜੇਹਾ ਠੰਢਾ ਹੋ ਗਿਆ ਜੇਹਾ ਪੋਹ ਮਾਘ ਦਾ ਕੱਕਰ ਠੰਡਾ ਜਲ ਹੁੰਦਾ ਹੈ ਤਾਂ ਰਾਖਸ ਹੈਰਾਨ ਹੋਇ ਗਿਆ ਹੋਠੋਂ ਅਗਨਿ ਬੁਝ ਗਈ ਤਾਂ ਗੁਰੂਨਾਨਕ ਸਾਵਧਾਨ ਦਿਖਾਈ ਦਿੱਤੀ ਤਾਂ ਰਾਖਸ ਬੋਲਿਆ ਸਚ ਆਖ ਤੂੰ ਕੌਨ ਹੁੰਦਾ ਹੈਂ ਤੇਰੇ ਆਏ ਜੋ ਮੇਰਾ ਕੜਾਹਾ ਤਪਿਆ ਹੋਯਾ ਸੀ ਤਲ ਹੋ ਗਿਆ ਸੋ ਸਚ ਆਖ ਤੂੰ ਕਉਣ ਹੈਂ ਤਾਂ ਗੁਰੂਨਾਨਕ ਹੱਸਕਰ ਆਖਿਆ ਜੋ ਕੌਡਾ ਰਾਖਸ਼ ਇਸ ਤਾਈਂ ਖਾਇ ਕਿਉਂ ਨਹੀਂ ਖਾਂਦਾ ਕਿਉਂ ਰਖਿਆ ਹੈ ਈ ਤਾਂ ਰਾਖਸ਼ ਬੋਲਿਆ ਤੂੰ ਮੇਰਾ ਨਾਉਂ ਕਿਉਂ ਕਰ ਜਾਣਦਾ ਹੈਂ

CC-0. Gurukul Kangri University Haridwar Collection. Digitized by S3 Foundation USA

TERNET ABHINAV GAUR

ਅਤੇ ਤੂੰ ਮੇਰਾ ਸੁੰਹਾ ਕਿਧਰੋਂ ਆਇ ਪੈਦਾ ਹੋਯਾ ਹੈਂ ਤੂੰ ਸਚ ਆਖ ਤਾਂ ਗੁਰੂਨਾਨਕ ਰਾਗ ਮਾਰੂ ਵਿੱਚ ਸ਼ਬਦ ਬੋਲਿਆ ॥

ਆਂਡਾਫੂਟਾਭਰਮਕਾਗੁਰਰਿਦੇਕੀਆ ਗਾਸ ॥ ਬੇੜੀ ਕਾਟੀ ਪਗਹੁਤੈ ਗੁਰਕੀਨੀ ਬੰਦਖਲਾਸ ॥੧॥ਬਾਬਾ ਮੇਰਾਆਵਣਜਾਣ ਰਹਿਓ ॥ ਤਪੜਕੜਾਹਾਬੁਝਿਗਇਆ ਗੁਰਸੀਤਲਨਾਮਦੀਓ ॥੧॥ ਰਹਾਉ ॥ ਜਬਕਾਸਾਧੂ ਸੰਗ ਭਇਆ ਤਬ ਛੋਡਗਏ ਨਿਗਹਾਰ॥ਜਿਸਿਕੀ ਅਟਕ ਤਿਸਤੇ ਛੁਟੀਤਬ ਕਹਾਂਕਰੇਕੁਟਵਾਰ॥੨॥ਚੂਕਾਭਾਰਾ ਭਰਮ ਕਾ ਹੋਇ ਨਿਹਕਰਮਾ ॥ ਸਾਗਰ ਤੇ ਕੰਢੇ ਚੜੇ ਗੁਰਕੀਨੇ ਧਰਮਾ॥ ੩ ॥ਸਚੁ ਥਾਨੁ ਸਚੁ ਬੈਸਕਾ ਸਚੁ ਸੁਆਉ ਬਣਾਇਆ॥ ਸਚ ਪੂੰਜੀ ਸਚ ਵਖਰੋ ਨਾਨਕ ਘਰੁ ਪਾਇਆ ॥ ੪ ॥ ਤਾਂ ਕੌਡਾ ਰਾਖਸ ਗੁਰੂ ਨਾਨਕ ਦੇ ਪੈਰਾਂ ਤੇ ਢਾਹ ਪਇਆ ਉੱਠੇ ਨਹੀਂ ਆਖੇ ਜੀ ਮੈਂ ਵੱਡੇ ਪਾਪ ਕੀਤੇ ਹੈਨ ਮੈਨੂੰ ਬਖਸ਼ੀਏ ਤਾਂ ਗੁਰੂਨਾਨਕ ਆਖਜਾ ਕੌਡਾਤੇਰਾਰਾਮਦਾਸਮਰਦਾਨਾਰਬਾਬੀਹੈਇਸਤਾਂਈਂ ਮੰਨੇਗਾ ਤਾਂਤੇਰੀਗਤਿਹੋਵੇਗੀਤਾਂ ਕੌਡੇ ਰਾਖਸ਼ ਆਖਿਆਜੀਏਹਭੀ ਮੇਰੇਸਿਰਤੇ ਹੋਰਕੋਈ ਆਖੋ ਸੋਭੀ ਮੇਰੇ ਸਿਰਤੇ ਪਰ ਮੈਨੂੰਸੁੱਟੇ ਨਾਹੀਂਅੱਜਮੇਰੇ ਕਰਮ ਖੁਲ੍ਹੇ ਹੈਨ ਜੋ ਤੈਂ ਦਰਸਨ ਦਿੱਤਾਹੈ ਤਾਂਗੁਰੂ ਨਾਨਕ ਹੱਸਿਆ ਹੱਸ ਆਖਿਓਸ ਕਿਉਂ ਭਾਈ ਬਾਲਾ ਤਾਂ ਮੈਂ ਗੁਰੂਨਾਨਕ ਜੀ ਨੂੰ ਆਖਿਆ ਤੇਰੀ ਤੂੰ ਜਾਣ ਤਾਂ ਗੁਰੂਨਾਨਕ ਆਖਿਆ ਕੌਡਾ ਤੁਸਾਡੇ ਵਾਸਤੇ ਹਜ਼ਾਰਾਂ ਕੋਹਾਂਤੇਆਏਹਾਂ ਤਾਂ ਕੌਡੇ ਆਖਿਆ ਜੀ ਮੈਨੂੰਹੁਕਮ ਹੋਵੇ ਜੋਮੈਂ ਕੁਝ ਪ੍ਰਸਾਦਲੈਆਵਾਂ ਤਾਂ ਗੁਰੂਨਾਨਕ ਆਖਿਆ ਕੌਡਾਅਸਾਂ ਪ੍ਰਸ਼ਾਦ ਤੁਸਾਡੀ ਭਾਵਨਾਦਾ ਲੈਣਾਹੈ ਤਾਂ ਕੌਡਾਰਾਖਸ਼ਜੰਗਲਨੂੰਦਉੜਪਿਆ ਜਾਇਕਰਇਤਨੇਮੇਵੇ ਲੈਆਯਾ ਜਿਤਨੇ ਖੁਸ਼ੀ ਤੇ ਆਏ ਗੁਰੂਨਾਨਕਦੇ ਅੱਗੇ ਰਖਿਓਸਤਾਂ ਗੁਰੂਨਾਨਕ ਆਖਿਆ ਮਰਦਾਨਿਆ,ਖਾਉ ਤਾਂ ਮਰਦਾਨੇ ਆਖਿਆ ਜੀ ਮੈਂ ਸੱਭੋਕੁਛ ਖਾਧਾਹੈ ਪਰਤੂੰ ਮੈਨੂੰਅਪਣੀ ਖੁਸ਼ੀਕਰ ਮੈਂਤੇਰਾ ਆਖਿਆ ਨਹੀਂਮੰਨਿਆ ਗੁਰੂਨਾਨਕ ਆਖਿਆਭਾਈਮਰਦਾਨਾ ਅਸੀਂ ਤੇਰੇ ਤੇ ਰਾਜ਼ੀਆਹੇ ਤੂੰਅਸਾਂਤੇਰਾਜ਼ੀਰਹੁ ਖਾਇਮੇਵਾ ਤਾਂਮਰਦਾਨੇਆਖਿਆਜੀ ਜੇਹਾ ਬਾਂਦਾ ਮੈਨੂੰਆਂਵਦਾਹੈ ਤੇਹਾ ਜੇਹਾਦੇਹੋ ਤਾਂਗੁਰੂ ਨਾਨਕ ਬਾਲੇਨੂੰ ਆਖਿਆ ਭਾਈ ਬਾਲਾ ਤੂੰਬਖਰੇ ਬਰਾਬਰਕ ਰਅਤੇਵੰਡਤਾਂਬਾਲੇਤੂੰਏ ਬਖਰੇਕੀਤੇਹਿਕ ਬਖਰਾ ਮਰਦਾਨੇਨੂੰ ਦਿੱਤਾ ਅਤੇਹਿਕ ਗੁਰੂਨਾਨਕ ਦੇ ਅੱਗੇ ਰਖਿਆ ਇਕ ਆਪ ਲੀਤੋਸ ਤਾਂ ਲਗੇਖਾਵਨ ਤਾਂਗੁਰੂਨਾਨਕਅਪਨਾ ਬਖਰਾ ਕੌਡੇ ਰਾਖਸ਼ ਨੂੰ ਦਿੱਤਾ ਕੌਡੇ ਕੁਝ ਨਾਹ ਨਿਬਰ ਨ ਕੀਤੀ ਤਾਂ ਕੌਡੇ ਲੈਂਦੇ ਮੂੰਹ ਵਿੱਚ ਪਾਇਲੀਤੋ ਜਾਂਕੌਡੇ ਮੂੰਹ ਪਾਇਆ ਤਾਂ ਕਪਾਟ ਖੁਲ੍ਹਗਏ ਾਡਾ ਹੋਰ ਸਰੂਪ ਹੋਇਗਜਾ ਜਾਂਬਾਲਾਤੇਮਰਦਾਨਾ ਦੇਖੇ ਤਾਂ ਕਿਆ ਦੇਖੇ ਜੋ ਅੱਜ ਕੌਡਾ ਗ਼ੈਬੀਫ਼ ਹਲੈਗਿਆਹੈਤਾਂ ਬਾਲੇ ਪੁਛਿਆਜੀ ਅਸਾਨੂੰ ਵੱਡੀਹੈਰਾਨਗੀ ਹੈਤਾਂਗੁਰੂਨਾਨਕ ਆਖਿਆ ਭਾਈ ਬਾਲਾ ਕਰਤਾਰਜੋ ਅਸਾਨੂੰ ਇਸ ਧਰਤੀ ਏਨਾਂ ਜੀਆਂਦੇ ਉਧਾਰਨ ਵਾਸਤੇਲੈਆਯਾਹੈ ਦੇਖ ਕਰਤਾਰਦੇਰੰਗ

CC-0. Gurukul Kangri University Haridwar Collection. Digitized by S3 Foundation USA

ਤਮਾਸ਼ੇ ਦੇਖਦਾ ਜਾਏ ਝਾਂ ਬਾਲੇ ਆਖਿਆ ਭਲਾਜੀਜੋਕਰਤਾਰ ਦੇਖਾਇ ਸੋ ਦੇਖਨਾਂਤਾਂ ਗੁਰੂ ਨਾਨਕ ਸੱਤ ਦਿਨ ਕੌਡੇ ਰਾਖਸ ਪਾਸ ਰਹਿਆ ਸੱਤਵੇਂ ਦਿਨ ਗੁਰੂਨਾਨਕਜੀ ਰਮਦੇ ਰਹੇ ਮਜੀ ਕੌਡੇ ਨੂੰ ਦਿੱਤੀ ਮੰਜੀ ਬਹਾਇਕੇ ਆਗੇ ਚਲੇ ॥ ੨੬ ॥

ਸਾਖੀ ਹੋਰ ਚਲੀ

ਅੱਗੇ ਸੰਤਾਲੀਦਿਨਾਂ ਦਾ ਰਾਹ ਆਹਾ ਹਿਕਦਿਨਮਰਦਾਨੇਨੂੰਡਾਢੀਭੁੱਖ ਲਗੀ ਤਾਂ ਮਰਦਾਨੇ ਆਖਿਆਜੀ ਹਉਂਤੁਰਨਹੀਂਸਕਦਾ ਤਾਂਗੁਰੂਨਾਨਕ ਆਖਿਆ ਚਲ ਮਰਦਾਨਾ ਅੱਗੇ ਵੱਡਾ ਸ਼ਹਿਰ ਆਂਵਦਾਹੈ ਓਥੇ ਜੋ ਤੂੰ ਆਖੇਂਗਾ ਸੋ ਕਰੀਐਂਗੇ ਤਾਂ ਮਰਦਾਨੇ ਆਖਿਆਜੀ ਪੱਲੇ ਤਾਂ ਕੁਝ ਨਾਹੀਂ ਅਤੇ ਸ਼ਹਿਰ ਮੁਰਦੇ ਨੂੰ ਲੈਜਾਸੋ ਤਾਂਗੁਰੂ ਨਾਨਕ ਪੈਰਾਂ ਨਾਲ ਰੇਤ ਫਰੋਲੀ ਤਾਂ ਵਿੱਚੋਂਲਾਲਨਿਕਲਆਯਾ ਆਖਓਸ ਚਾਇਲੈ ਮਰਦਾਨਾਪੱਲੇਬੰਨ੍ਹ ਤਾਂਮਰਦਾਨੇ ਆਖਿਆ ਜੀ ਮੈਂ ਇਸ ਪੱਥਰ ਨੂੰਕਿਆਕਰਾਂਤਾਂਫੇਰ ਗੁਰੂਨਾਨਕ ਆਖਿਆ ਮਰਦਾਨਾ ਪੱਲੇਨੂੰਢੂੰਡਦਾ ਆਹੋ ਲੈ ਪੱਲੇ ਬੰਨ੍ਹ ਤਾਂਮਰਦਾਨੇਆਖਿਆਜੀਪੇਟ ਪਾਏ ਬਾਝੋਂ ਪੱਲੇਬਧੇ ਭੁਖ ਨਹੀਂ ਜਾਂਦੀ ਤਾਂਗੁਰੂਨਾਨਕ ਕਹਿਆ ਓਹਦੇਖ ਸ਼ਹਿਰ ਨਜ਼ਰ ਆਂਵਦਾਹੈ ਤਾਂਮਰਦਾਨੇਕਹਿਆਭਲਾਜੀ ਤ੍ਰਿਹ ਕੋਹਾਂ ਤੇ ਸ਼ਹਿਰ ਨਜ਼ਰਆਯਾ ਸੀ ਜਾਂਦੇਜਾਂਦੇ ਮਰਦਾਨਾ ਛਿੱਥਾ ਹੋਇਗਿਆ ਤਾਂ ਉਸ ਸ਼ਹਿਰ ਆਇਵੜੇ ਤਾਂਮਰਦਾਨੇਆਖਿਆਜੀ ਕੁਛਆਖਤਾਂਗੁਰੂਨਾਨਕ ਆਖਿਆ ਮਰਦਾਨਾ ਇਸ ਸ਼ਹਿਰ ਦਾ ਨਾਉਂ ਜਾਣਦਾਹੈਂ ਤਾਂ ਮਰਦਾਨੇਆਖਿਆ ਜੀ ਮੈਂ ਕਿਆ ਜਾਣਾਂ ਤਾਂ ਗੁਰੂ ਨਾਨਕ ਅੰਤਰਜਾਮੀਆਹਾ ਆਖਓਸਭਾਈ ਮਰਦਾਨਾਜਾਹਜਵਾਹਰੀਟੋਲਕਰਏਹ ਲਾਲ ਬੇਚ ਲੈਆਉ ਅਤੇ ਭਾਈਮਰਦਾਨਾਇਸ ਸ਼ਹਿਰਦਾ ਨਾਉਂ ਬਿਸ਼ੰਭਰਪੁਰਹੈ ਤਾਂ ਮਰਦਾਨੇ ਆਖਿਆਜੀ ਇਸਦਾ ਮੁੱਲ ਕਿਆ ਹੈ ਤਾਂ ਗੁਰੂਨਾਨਕਜੀ ਨੇ ਆਖਿਆ ਮਰਦਾਨਿਆਂ ਕੋਈ ਮੁੱਲ ਆਖੀਗਾ ਸੋ ਮੈਨੂੰ ਆਇਆਖੀਂ ਤਾਂਮਰਦਾਨਾ ਸ਼ਹਿਰਵਿੱਚਆਯਾ ਇਕ ਜਵਾਹਰੀ ਨੂੰ ਆਨ ਦਿਖਲਾਯਾ ਤਾਂ ਉਸ ਜਵਾਹਰੀ ਆਖਿਆ ਇਸਕੇ ਤਿੰਨ ਪੈਸੇ ਮੁੱਲਹੈਂ ਤਾਂ ਮਰਦਾਨੇ ਵਿਚਾਰਕੀਤਾ ਜੋ ਇਸਲਾਲ ਦਾ ਮੁੱਲ ਤਾਂ ਬਹੁਤ ਆਖਦੇਹੈਨ ਮੈਂ ਪੁੱਛ ਆਵਾਂ ਤਾਂ ਆਇ ਮਰਦਾਨੇ ਗੁਰੂਨਾਨਕ ਪਾਸ ਆਖਿਆਜੀ ਇਸਲਾਲਦੇ ਤਿੰਨ ਪੈਸੇ ਮਿਲਦੇ ਹੈਨ ਤਾਂ ਗੁਰੂ ਨਾਨਕ ਆਖਿਆ ਭਾਈ ਮਰਦਾਨਾ ਵਡੇ ਜਵਾਹਰੀਪਾਸਜਾਹ ਮਰਦਾਨੇ ਆਖਿਆ ਗੁਰੂਜੀ ਮੈਂ ਵਡਾ ਅਤੇ ਛੋਟਾ ਕੋਈ ਨਹੀਂ ਜਾਣਦਾ ਤੁਸੀਂ ਮੈਨੂੰ ਦੱਸੋ ਤਾਂ ਗੁਰੂ ਨਾਨਕਜੀ ਆਖਿਆ ਮਰਦਾਨਿਆਂ ਸਾਲਸਰਾਇ ਜਵਾਹਰੀਦਾਨਾਉਂਹੈ ਤੂੰ ਉਸਪਾਸ ਜਾਇਏਹ ਵਤ ਜਾਇਕਰ ਪੁੱਛਣ ਲਗਾ ਆਖੇ ਸਾਲਸ ਰਾਇ ਜਵਾਹਰੀ ਦਾ ਦੁਕਾਨ ਕੇਹੜਾ ਹੈ ਤਾਂ ਲੋਕਾਂ ਦੱਸਿਆ ਭਾਈ ਓਹ ਘਰ ਹੋਂਦਾ ਹੈ ਤਾਂ ਮਰਦਾਨਾ ਉਸਥੀਂ ਉਸ ਦਾ ਘਰ ਪੁਛਾਇ ਕਰ ਗਿਆ ਜਾਇ ਅਵਾਜ਼ਕੀਤੀਓਸ ਤਾਂ ਉਸ ਜਵਾਹਰੀ ਅੰਦਰੋਂ ਗੁਲਾਮ ਭੇਜਦਿੱਤਾ ਜੋਤੂੰ ਕਉਣ ਹੈਂ ਭਾਈ ਮਰਦਾਨੇਕਹਿਆ ਜੀ ਕੁਛ ਸੌਦਾ ਵੇਚਣਾਹੈ ਤਾਂ ਜਵਾਹਰੀ ਕਹਿਆ ਅੰਦਰ ਲੈਆਉ

CC-0. Gurukul Kangri University Haridwar Collection. Digitized by S3 Foundation USA

OF INTERNET ABHINAV GAUR

ਤਾਂ ਮਰਦਾਨੇ ਨੂੰ ਅੰਦਰ ਲੈਗਿਆ ਪੁੱਛਣ ਲਗੇ ਕਹੁ ਭਾਈ ਕਿਆ ਸੌਦਾ ਕਰਨ ਆਯਾ ਹੈਂ ਤਾਂ ਮਰਦਾਨੇ ਹਥੋਂ ਲਾਲ ਕੱਢ ਦਿੱਤਾ ਤਾਂ ਜਵਾਹਰੀ ਹੱਥ ਲੈਕਰ ਦੇਖੇ ਤਾਂ ਕਿਆ ਦੇਖੇ ਜੋ ਇਸ ਲਾਲ ਉਪਰ ਲਿਖਿਆ ਹੈ ਜੋ ਏਹ ਲਾਲ ਬੇਚਣ ਲੈਆਵੈ ਤਿਸਨੂੰ ਸਉ ਰੁਪੱਯਾ ਮਿਹਮਾਨੀ ਦੇਵਣੀ ਵਰਾਈ ਮੁੱਲ ਭਾਵੇਂ ਖ਼ਾਵੰਦ ਵੇਚੇ ਭਾਵੇਂ ਨਾ ਵੇਚੇ ਤਾਂ ਜਵਾਹਰੀ ਸਉ ਰੁਪਯਾ ਆਨ ਮਰਦਾਨੇ ਦੇ ਹੱਥ ਦਿੱਤਾ ਅਤੇ ਲਾਲ ਆਪਣੇ ਪਾਸ ਰੱਖਿਆ ਤਾਂ ਮਰਦਾਨੇ ਆਖਿਆ ਜੀ ਮੈਂ ਖ਼ਾਵੰਦ ਪਾਸੋਂ ਪੁੱਛ ਆਵਾਂ ਤਾਂ ਜਵਾਹਰੀ ਕਹਿਆ ਜਾਇ ਭਾਈ ਪੁੱਛ ਆਓ ਤਾਂ ਮਰਦਾਨੇ ਸਉ ਰੁਪਯਾ ਗੁਰੂ ਨਾਨਕ ਦੇ ਅੱਗੇ ਆਨ ਰੱਖਿਆ ਗੁਰੂ ਨਾਨਕ ਆਖਿਆ ਏਹ ਕੇਹਾ ਮੁੱਲ ਲੈ ਆਇਓਂ ਤਾਂ ਮਰਦਾਨੇ ਆਖਿਆ ਜੀ ਉਸ ਦਿੱਤਾ ਮੈਂ ਲੈਆਇਆ ਹਾਂ ਫੇਰ ਗੁਰੂ ਨਾਨਕ ਆਖਿਆ ਜਾਹ ਪੁੱਛ ਜੋ ਇਹ ਸਉ ਰੁਪਯਾ ਮੁਲ ਦਿਤਾ ਹੈ ਸ ਕਿ ਕੇਹਾ ਦਿੱਤਾ ਹੈ ਸ ਤਾਂ ਮਰਦਾਨੇ ਆਖਿਆ ਭਲਾ ਜੀ ਮਰਦਾਨੇ ਫੇਰ ਜਵਾਹਰੀ ਨੂੰ ਜਾਇ ਪੁੱਛਿਆ ਜੀ ਇਸ ਲਾਲ ਦਾ ਖ਼ਾਵੰਦ ਆਖਦਾ ਹੈ ਏਹ ਸਉ ਰੁਪਯਾ ਤੁਸਾਂ ਕੈਸਾ ਦਿੱਤਾ ਹੈ ਇਸ ਦਾ ਮੁੱਲ ਦਿੱਤਾ ਹੈ ਈ ਤਾਂ ਉਸ ਜਵਾਹਰੀ ਆਖਿਆ ਭਾਈ ਇਸ ਲਾਲ ਤੇ ਲਿਖਿਆ ਹੈ ਜੋ ਕੋਈ ਏਹ ਲਾਲ ਲੈਆਵੇ ਭਾਵੈਂ ਵੇਚੇ ਭਾਵੈਂ ਨਾ ਵੇਚੈ ਉਸ ਤਾਈਂ ਸਉ ਰੁਪਯਾ ਮਹਿਮਾਨੀ ਦੇਵਣੀ ਭਾਵੇਂ ਵੇਚੈ ਭਾਵੇਂ ਨਾ ਵੇਚੈ ਤਾਂ ਗੁਰੂ ਨਾਨਕ ਜੀ ਆਖਿਆ ਕਿਉਂ ਮਰਦਾਨਾ ਵੇਚਨਾਂ ਹੈਂ ਤਾਂ ਮਰਦਾਨੇ ਕਹਿਆ ਜੀ ਮੈਂ ਕੇ ਜਾਣਾ ਤੂੰ ਜਾਣ ਫੇਰ ਗੁਰੂ ਨਾਨਕ ਜੀ ਆਖਿਆ ਮਰਦਾਨਾ ਮੈਂ ਤੈਨੂੰ ਕਿਸ ਵਾਸਤੇ ਪੁੱਛਨਾ ਹਾਂ ਤਾਂ ਮਰਦਾਨੇ ਆਖਿਆ ਮੈਂ ਨਾਹੀਂ ਜਾਣਦਾ ਤੂੰ ਮੈਨੂੰ ਕਿਸ ਵਾਸਤੇ ਪੁੱਛਦਾ ਹੈਂ ਗੁਰੂ ਨਾਨਕ ਆਖਿਆ ਮਰਦਾਨਾ ਮੈਂ ਤੈਨੂੰ ਇਸ ਵਾਸਤੇ ਪੁੱਛਦਾ ਹਾਂ ਜੋ ਏਹ ਲਾਲ ਨਾਹੀਂ ਏਹ ਪਰਮੇਸ਼ਰ ਦਾ ਨਾਉਂ ਹੈ ਉਹ ਜਵਾਹਰੀ ਤਿੰਨ ਪੈਸੇ ਦੇਂਦਾ ਆਹਾ ਉਸ ਦੀ ਓਹਾਨ ਦਰ ਆਹੀ ਅਤੇ ਏਹ ਜਵਾਹਰੀ ਸੌ ਰੁਪਯਾ ਵਿਣਾ ਮੁੱਲ ਲੀਤੇ ਦੇਵਨ ਲੱਗਾ ਏਹ ਕਰਤਾਰ ਦਾ ਨਾਉਂ ਲਾਲ ਹੈ ਈ ਭਾਵੇਂ ਵੇਚ ਭਾਵੇਂ ਰੱਖ ਜੇ ਨੰਗ ਭੁੱਖ ਕਬੂਲ ਕਰੇਂ ਤਾਂ ਰੱਖ ਨਾਹੀਂ ਤਾਂ ਵੇਚ ਖਾਉ ਤਾਂ ਮਰਦਾਨਾ ਸਮਝ ਗਿਆ ਤਾਂ ਮਰਦਾਨੇ ਆਖਿਆ ਜੀ ਮੈਂ ਨਾਹੀਂ ਵੇਚਦਾ ਤਾਂ ਫੇਰ ਗੁਰੂ ਨਾਨਕ ਆਖਿਆ ਜੇ ਮਰਦਾਨੇ ਨਹੀਂ ਬੇਚਦਾ ਤਾਂ ਸਉ ਰੁਪਯਾ ਫੇਰ ਦੇਆਉ ਅਤੇ ਲਾਲ ਅਪਣਾ ਫੇਰ ਲੈਆਉ ਤਾਂ ਮਰਦਾਨੇ ਆਖਿਆ ਭਲਾ ਜੀ ਤਾਂ ਮਰਦਾਨਾ ਉਸ ਜਵਾਹਰੀ ਪਾਸ ਗਿਆ ਜਾਇ ਕਰ ਆਖਣ ਲੱਗਾ ਸ਼ਾਹ ਜੀ ਤੁਸੀ ਸਉ ਰੁਪਿਆ ਆਪਣਾ ਲਓ ਅਤੇ ਲਾਲ ਦੇਓ ਖ਼ਾਵੰਦ ਨਾਹੀਂ ਵੇਚਦਾ ਤਾਂ ਜਵਾਹਰੀ ਕਹਿਆ ਭਲਾ ਭਾਈ ਲੈ ਆਪਣਾ ਲਾਲ ਲਾਲ ਮਰਦਾਨੇ ਦੇ ਹੱਥ ਦਿੱਤਾ ਤਾਂ ਮਰਦਾਨੇ ਅਪਣਾ ਲਾਲ ਲੀਤਾ ਅਤੇ ਮਰਦਾਨੇ ਸੌ ਰੁਪਯਾ ਜਵਾਹਰੀ ਦੇ ਹੱਥ ਦਿੱਤਾ ਆਖਿਓ ਸਜੀ ਆਪਣਾ ਇਹ ਸੌ ਰੁਪਯਾ ਗਿਣ ਲਓ ਤਾਂ ਜਵਾਹਰੀ ਮਰਦਾਨੇ ਤਾਂਈਂ ਆਖਿਆ

CC-0. Gurukul Kangri University Haridwar Collection. Digitized by S3 Foundation USA

ਅਰੇ ਭਾਈ ਇਸ ਲਾਲ ਉਪਰ ਲਿਖਿਆ ਹੈ ਜੋ ਕੋਈ ਏਹ ਲਾਲ ਲੈ ਆਵੇ ਤਿਸਨੂੰ ਸਉ ਰੁਪਯਾ ਮਹਿਮਾਨੀਦੇਵਣੀ ਹਮਤੋਆਪਣਾ ਧਰਮਰੱਖਿਆਹੈ ਏਹਰੁਪਯੇਤੁਸਾਡੇਹੈਨ ਹਮਾਰੇ ਤੋ ਨਹੀਂ ਭਾਵੇਂ ਲਾਲਵੇਚੋ ਭਾਵੇਂ ਨਾ ਵੇਚੋ ਰੁਪਯੇ ਤਾਂ ਅਸਾਂਲੈਣੇਨਾਹੀਂ ਤਾਂਮਰਦਾਨੇ ਨਾਲੇ ਲਾਲ ਨਾਲੇਰੁਪਯੇਦੋਵੇਂ ਵਸਤੂਗੁਰੂਨਾਨਕਜੀ ਅੱਗੇ ਆਣਰੱਖੀਆਂ ਗੁਰੂ ਨਾਨਕ ਆਖਿਆ ਮਰਦਾਨਿਆ ਏਹ ਰੁਪਯੇ ਕਿਉਂ ਆਂਦੇ ਹੈਨ ਤਾਂਮਰਦਾਨੇ ਆਖਿਆ ਜੀ ਮੈਂ ਤਾਂ ਰੁਪਯੇਦੇ ਰਹਿਆ ਓਹਲਵੇ ਨਹੀਂ ਓਹਆਖੇ ਅਰੇਭਾਈ ਹਮੇਂ ਤਾਂ ਆਪਣਾ ਧਰਮ ਰੱਖਿਆਹੈ ਲਾਲ ਉਪਰ ਲਿਖਿਆ ਹੈ ਜੋ ਕੋਈ ਇਹ ਲਾਲ ਆਣ ਦਿਖਾਵੈ ਤਿਸਨੂੰ ਸਉ ਰੁਪਯਾਮਹਿਮਾਨੀ ਦੇਵਣੀ ਅਬ ਇਹ ਤੁਮਾਰੇ ਹੈਨ ਹਮਾਰੇ ਨਹੀਂ ਮੈਂ ਕਿਆ ਕਰਾਂ ਤਾਂ ਫੇਰ ਗੁਰੂਨਾਨਕ ਜੀ ਕਹਿਆ ਤੂੰ ਇਵੇਂ ਜਾਇਕਰ ਆਖ ਸ਼ਾਹ ਜੀ ਵੇਚੀਏ ਤਾਂ ਮਿਹਮਾਨੀ ਲਈਏ ਤਾਂਮਰਦਾਨੇ ਆਖਿਆ ਭਲਾਜੀ ਤਾਂ ਮਰਦਾਨਾ ਉਸ ਜਵਾਹਰੀਦੇ ਸਉ ਰੁਪਯਾ ਫੇਰ ਲੈ ਗਇਆ ਜਾਇ ਕਰ ਆਖਿਓਸ ਸ਼ਾਹਜੀ ਅਸੀ ਰੁਪਯੇ ਤੇਰੇ ਕਹੇ ਲਈਏ ਜਾਂ ਵੇਚੀਏ ਤਾਂ ਮਿਹਮਾਨੀ ਭੀ ਲਈਏ ਏਹ ਰੁਪਯੇ ਤੁਸੀ ਫੇਰ ਲਓ ਇਸ ਲਾਲ ਦਾ ਖ਼ਾਵਿੰਦ ਨਹੀਂ ਲੈਂਦਾ ਤਾਂ ਅੱਗੋਂ ਓਹ ਜਵਾਹਰੀ ਲਏ ਨਾਹੀਂ ਤਾਂ ਮਰਦਾਨਾ ਰੁਪਯੇ ਫੇਰ ਲੈਆਯਾ ਤਾਂ ਸ੍ਰੀਗੁਰੂਨਾਨਕਜੀ ਰੁਪੱਯੇ ਰੱਖੇ ਨਹੀਂ ਅਤੇ ਜਵਾਹਰੀ ਰੁਪਯੇ ਲਏ ਨਹੀਂ ਤਾਂ ਸੱਤ ਫੇਰੇ ਮਰਦਾਨੇ ਨੇਪਾਏ ਤਾਂ ਮਰਦਾਨਾ ਛਿੱਬਾ ਹੋਇਕਰ ਰੁਪਈਏ ਜਵਾਹਰੀਦੇਘਰਸੁੱਟ ਆਯਾ ਤਾਂਜਵਾਹਰੀਨੇ ਆਪਣੇ ਜੀਅਵਿਚਾਰਕੀਤਾ ਜੋ ਭਾਈਏਹਰੁਪਯੇ ਮੈਨੂੰਲੈਨੇ ਨਾਹੀਂ ਬਣਦੇ ਅਤੇਏਹ ਮਾਯਾਅਜੇਹੀ ਵਸਤੂ ਹੈ ਜੋ ਇਸ ਮਾਇਆ ਨੇ ਸਨਕਾਦਿ ਬ੍ਰਹਮਾਦਿਕ ਮੋਹੇ ਹੈਨ ਅਤੇ ਲਾਲ ਭੀ ਅਚੰਭੇ ਦਾ ਡਿੱਠਾ ਜਿਸਤੇ ਲਿਖਿਆ ਆਹਾ ਮੇਰੀਉਮਰ ਏਡੀਹੋਈਹੈ ਵਡੇਵਡੇ ਮੁੱਲਵੇਲਾਲ ਡਿੱਠੇ ਆਹੇ ਪਰਏਹ ਮਿਹਮਾਨੀਕਿਸੇ ਲਿਖੀਨਾਹੀਂ ਇਹਕੁਦਰਤੀਲਾਲਡਿੱਠਾ ਪਰਉਸ ਖ਼ਾਵਿੰਦ ਨੂੰ ਭੀ ਡਿੱਠਾ ਚਾਹੀਐ ਏਹੋ ਵਿਚਾਰਕਰਕੇ ਉਸ ਆਪਣੇ ਅਧਰਕੇ ਗੁਲਾਮਨੂੰ ਸੱਦਿਆਅਰ ਕਹਿਆ ਅਧਰਕਾਤੂੰਦਉੜ ਮਤਓਹ ਕਿਧਰੇ ਜਾਂਦੇ ਰਹਿਣ ਤਾਂਉਨਾਂਨੂੰ ਤੂੰ ਜਾਨ ਨ ਦੇਈਂ ਅਤੇ ਮੈਂ ਭੀ ਆਵਨਾ ਹਾਂ ਤੂੰ ਚਲ ਤਾਂ ਅਧਰਕਾ ਗੁਲਾਮ ਸ਼ਹਿਰੋਂ ਬਾਹਿਰ ਨਿਕਲ ਆਯਾ ਆਇਕਰਦੇਖੇਤਾਂਕਿਆ ਦੇਖੈ ਤ੍ਰੈ ਸਾਧ ਬੈਠੇ ਹੈਨ ਤਾਂ ਅਧਰਕਾ ਗੁਲਾਮ ਦੂਰਬੈਠਰਹਿਆ ਅਤੇ ਮਰਦਾਨਾ ਬੋਲਨਾਹੀਂ ਸਕਦਾ ਅਜੇਹੀਭੁੱਖਲਗੀਹੈ ਜੋਆਖਣਬੋਲਨ ਦੀ ਸੁਧ ਨਹੀਂ ਪਰ ਡਰਦਾ ਮੂੰਹੋ ਕੁਝਆਖਦਾਨਹੀਂ ਗੁਰੂਨਾਨਕ ਮਰਦਾਨੇ ਵੱਲੋਂ ਦੇਖੇ ਤਾਂ ਅੰਦਰ ਨਾਹੀਂ ਸਹਿੰਦਾਹੈ ਪਰ ਮੂੰਹੋਂ ਚੁੱਪਕਰ ਰਹਿਆਹੈ ਇਕਘੜੀ ਗੁਜਰੀ ਤਾਂ ਸਾਲਸਰਾਇ ਭੀ ਸਾਜਸ ਨਾਲ ਆਯਾ ਨਫ਼ਰ ਦੇ ਸਿਰ ਤੇ ਚਵਾਇਕਰ ਆਣ ਵਸਤੂ ਸਭੇ ਰੱਖੀਆਂ ਰੱਖ ਕਰ ਹੱਥ ਜੋੜਕਰ ਅੱਗੇ ਖੜਾਹੋਯਾ ਤਾਂ ਗੁਰੂਨਾਨਕ ਆਖਿਆ ਕਿਉਂ ਭਾਈ ਜੀ ਕਿਉਂ ਤਾਂ ਸਾਲਸ ਰਾਇ ਆਖਿਆਜੀ ਏਹ ਸੌ ਰੁਪਯੇ ਤੁਮਾਰੇ ਹੈਨ ਤੁਸੀ ਆਪਣੇਰੁਪਯੇਲਓ ਤਾਂ ਗੁਰੂਨਾਨਕ

CC-0. Gurukul Kangri University Haridwar Collection. Digitized by S3 Foundation USA

ABHINAV GAUR

ਆਖਿਆ ਸਾਲਸਰਾਇ ਜੀ ਜੇ ਵੇਚੀਐ ਤਾਂ ਮਿਹਮਾਨੀ ਲਈਐ ਅਤੇ ਜੇ ਨਾ ਵੇਚੀਐ ਤਾਂ ਕੇਹੀ ਲਈਐ ਫੇਰ ਜਵਾਹਰੀ ਕਹਿਆ ਜੋ ਮੈਂ ਨਹੀਂ ਜਾਣਦਾ ਜੋ ਉਹ ਲਾਲ ਥਾ ਕਿ ਤੁਮ ਹੀ ਲਾਲ ਹੋ ਮੈਂ ਤੋ ਬਹੁਤ ਬਿਸਮਾਦ ਹੋਇ ਗਿਆ ਹੋਂ ਤਾਂ ਗੁਰੂ ਨਾਨਕ ਰਾਗ ਮਾਝ ਵਿਚ ਸ਼ਬਦ ਬੋਲਿਆ॥

ਲਾਲੋ ਲਾਲ ਉਪਾਇਆ ਲਾਲੋ ਲਾਲ ਦਿਸੰਨ ॥ ਜਿਨਾ ਲਾਲੀ ਨੇਤ੍ਰ ਮਹਿ ਦੂਜਾ ਨਾਹਿ ਜਾਣੰਨ ॥ ਸੁਣ ਸਾਲਸ ਤੂੰ ਜਉਹਰੀ ਆਪਣਾ ਲਾਲ ਪਛਾਣ॥ ਕੂੜੇ ਲਾਲ ਨ ਰੰਢ ਬੰਨ ਆਪਣਾ ਸਾਹ ਸਿਵਾਣ ॥੧॥ ਰਹਾਉ ॥ ਕੰਕਰ ਪਥਰ ਮੇਲ ਕੇ ਨਾਉਂ ਸਦਾਇਓ ਸ਼ਾਹ ॥ ਬਿਨ ਸਤਿਗੁਰ ਪੂਰੇ ਅੰਧ ਹੈ ਮੂਲ ਨ ਬੂਝੈ ਰਾਹੁ ॥ ੨ ॥ ਮੇਰਾ ਮੇਰਾ ਕਰ ਸੰਜਿਓ ਰਾਤੀ ਅਤੇ ਡੇਹ॥ ਕਾਈ ਸਾਥ ਨ ਊਪਜੀ ਕੱਲਰ ਵੁਠੇ ਮੇਹ ॥ ੩ ॥ ਸੁਣ ਸਾਲਸ ਇਕ ਬੇਨਤੀ ਜੇ ਕਰਮ ਪਰਾਪਤਿ ਹੋਇ ॥ ਨਾਨਕ ਏਕ ਅਰਾਧੀਐ ਦੂਖ ਨ ਲਾਗੈ ਕੋਇ ॥ ੪ ॥

ਤਾਂ ਸਾਲਸਰਾਇ ਕਹਿਆ ਜੀ ਤੁਮਾਰਾ ਨਾਉਂ ਕਿਆ ਹੈ ਅਰ ਤੁਮ ਹੋਤੇ ਕਉਣ ਹੋ ਅਰ ਤੁਮਾਰਾ ਦੇਸ਼ ਕਉਣ ਹੈ ਅਰ ਤੁਮਾਰਾ ਭੇਖ ਕਉਣ ਹੈ ਹਮਕੋ ਹੈਰਾਨਗੀ ਲਗ ਰਹੀ ਹੈ ਵਡੇ ਵਡੇ ਅਤੀਤ ਖਟ ਦਰਸ਼ਨ ਕੇ ਦੇਖੇ ਹੈਂ ਔਰ ਭੀ ਕਈ ਦੇਖੇ ਹੈਂ ਪਰ ਤੁਮਾਰਾ ਭੇਖ ਕੁਛ ਪਾਇਆ ਨਹੀਂ ਜਾਤਾ ਮੈਂ ਤੋ ਬਿਸਮਾਦ ਹੋਇ ਰਹਿਆ ਹੋਂ ਤੁਮ ਆਪਹੀ ਬਤਾਵਹੁ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਸਾਲਸਰਾਇ ਨਾਮ ਹਮਾਰਾ ਨਾਨਕ ਨਿਰੰਕਾਰੀ ਹੈ ਹੋਤੇ ਨਿਰੰਕਾਰ ਕੇ ਦੇਸ਼ ਹੈਂ ਅਰ ਭੇਖ ਭੀ ਨਿਰੰਕਾਰੀ ਦਾ ਹੈ ਤਾਂ ਸਾਲਸਰਾਇ ਕਹਿਆ ਜੀ ਤੁਮ ਨਿਰੰਕਾਰ ਦੇਖਿਆ ਹੈ ਤਾਂ ਗੁਰੂ ਨਾਨਕ ਜੀ ਰਾਗ ਮਾ_ ਵਿਚ ਸ਼ਬਦ ਬੋਲਿਆ ॥ ਰਾਗ ਮਾਰੂ ਮਹਲਾ ੧

ਬਿਮਲ ਮਝਾਰਿ ਬਸਸਿ ਨਿਰਮਲ ਜਲ ਪਦਮ ਨਿਜਾਵਲ ਰੇ ॥ ਪਦਮ ਨਿਜਾ-ਵਲ ਜਲ ਰਸ ਸੰਗਤਿ ਸੰਗ ਦੋਖ ਨਹੀ ਰੇ ॥ ੧॥ ਦਾਦਰ ਤੂੰ ਕਬਹਿ ਨ ਜਾਨਸਿ ਰੇ ॥ ਬਖਸਿਸਿ ਬਾਲੁ ਬਸਸਿ ਨਿਰਮਲ ਜਲ ਅੰਮ੍ਰਿਤੁ ਨਾ ਲਖਸਿ ਰੇ॥੧॥ ਰਹਾਉ ॥ ਬਸੁ ਜਲ ਨਿਤ ਨ ਵਸਤ ਅਲੀ ਅਲ ਮੇਰ ਚ ਚਾਗੁ ਨ ਰੇ ॥ ਚੰਦ ਕੁਮੁਦਨੀ ਦੂਰਹੁ ਨਿਵਸਸਿ ਅਨਭਉ ਕਾਰਨ ਰੇ॥੨॥ ਅੰਮ੍ਰਿਤ ਖੰਡੁ ਦੂਧ ਮਧੁ ਸੰਚਸਿ ਤੂੰ ਬਨ ਚਾਤੁਰ ਰੇ॥ ਅਪਨਾ ਆਪੁ ਤੂ ਕਬ ਹੁ ਨ ਛੋਡਸਿ ਪਿਸਨ ਪ੍ਰੀਤ ਜਿਉ ਰੇ ॥ ੩ ॥ ਪੰਡਿਤ ਸੰਗਿ ਵਸਹਿ ਜਨ ਮੂਰਖ ਆਗਮ ਸਾਸ ਸੁਨੇ ॥ ਅਪਨਾ ਆਪੁ ਤੂੰ ਕਬਹੂੰ ਨ ਛੋਡਸਿ ਸੁਆਨ ਪੂਛ ਜਿਉ ਰੇ ॥ ੪ ॥ ਇਕਿ ਪਾਖੰਡੀ ਨਾਮਿ ਨ ਰਾਚਹਿ ਇਕਿ ਹਰਿ ਹਰਿ ਚਰਨੀ ਰੇ ॥ ਪੂਰਬ ਲਿਖਿਆ ਪਾਵਸਿ ਨਾਨਕ ਰਸਨਾ ਨਾਮੁ ਜਪਿ ਰੇ ॥ ੫ ॥

ਤਾਂ ਉਸ ਜਵਾਹਰੀ ਕਹਿਆ ਮੈਨੂੰ ਨਿਹਾਲ ਕਰੋ ਏਹ ਰੁਪਯੇ ਲਓ ਤਾਂ ਗੁਰੂ ਨਾਨਕ ਕਹਿਆ ਭਾਈ ਜਵਾਹਰੀ ਏਹ ਰੁਪਯੇ ਤੁਸਾਨੂੰ ਰਖਣੇ ਬਣਦੇ ਹੈਨ ਤੁਸਾਡੇ ਕੰਮ ਦੇ ਹੈਨ ਤੁਸਾਨੂੰ ਸੋਹਿੰਦੇ ਹੈਨ ਅਸੀ ਫ਼ਕੀਰ ਅਤੀਤ ਆਹੇ ਤਾਂ ਜਵਾਹਰੀ ਕਹਿਆ ਜੀ ਏਹ ਮੇਵਾ ਤੇ ਪਕਵਾਨ ਅਤੇ ਕੁਝ

CC-0. Gurukul Kangri University Haridwar Collection. Digitized by S3 Foundation USA

ਹੋਰ ਭੋਜਨ ਅਚਵੋ ਗੁਰੂ ਨਾਨਕ ਅੰਗੀਕਾਰ ਕਰੇ ਨਾਹੀਂ ਅਤੇ ਮਰਦਾਨਾ ਬੋਲੇ ਨਹੀਂ ਅਤੇ ਅੰਦਰੋਂ ਆਖੇ ਕਿਵੇਂ ਲਏ ਤਾਂ ਭਲਾ ਹੋਵੇ ਮੈਂ ਤਾਂ ਭੁੱਖਾ ਮਰਦਾ ਹਾਂ ਤਾਂ ਗੁਰੂ ਨਾਨਕ ਰਾਗਮਾਰੂ ਵਿਚ ਸ਼ਬਦ ਕੀਤਾ ॥

ਪ੍ਰੀਤ ਪਕਵਾਨ ਸੋ ਭੋਜਨ ਕਰੀਐ ਲੁਚੀ ਲੋਚਾ ਪੂਰੀ॥ ਮਿਠਾਈ ਰਸਨਾ ਰਸਿਕਸਿ ਬੋਲੇਤਾਂ ਮਨੁ ਰਹੇ ਹਜੂਰੀ॥ ੧ ॥ ਰਹਾਉ॥ ਸੁਨ ਸਾਲਸ ਤੂੰ ਭਾਈ ਮੇਰੇ॥ ਸਮਝਿ ਪਵੀਤਾਂ ਹੋਇ ਨਿਬੇਰੇ॥ ੧॥ ਮੇਵਾ ਮਿਲਨ ਤੁਮਾਰਾ ਕਹੀਐ ਸਤ ਕੇ ਬਾਗੇ ਜੋੜੇ ॥ ਖਾਵਣ ਖਾਇ ਅਘਾਵੈ ਸੋਈ ਜੋ ਬਿਖ ਤੋਂ ਮਨ ਤੋੜੇ ॥ ੨ ॥

ਤਾਂ ਅਧਰਕੇ ਗ਼ੁਲਾਮ ਅੱਗੇ ਹੀ ਖ਼ਾਵੰਦ ਪਾਸੋਂ ਗੁਰੂ ਨਾਨਕ ਦੇ ਪੈਰਾਂ ਤੇ ਮੱਥਾ ਟੇਕਿਆ ਤਾਂ ਗੁਰੂ ਨਾਨਕ ਅਧਰਕੇ ਗੁਲਾਮ ਤੇ ਬਹੁਤ ਖੁਸ਼ੀ ਹੋਯਾ ਤਾਂ ਬਾਬੇ ਬਚਨ ਕੀਤਾ ਮਰਦਾਨਿਆਂ ਪ੍ਰਸਾਦ ਲੈ ਅੱਗੇ ਮਰਦਾਨਾ ਏਹਾ ਬਾਤ ਮੰਗਦਾ ਆਹਾ ਮਰਦਾਨੇ ਪ੍ਰਸਾਦਿ ਲੀਤਾ ਗੁਰੂ ਬਾਬੇ ਅੱਗੇ ਅਰਦਾਸ ਕੀਤੀ ਓਸ ਜੀ ਗ਼ਰੀਬਨਿਵਾਜ ਕਿਉਂ ਕਰ ਹੁਕਮ ਹੈ ਤਾਂ ਬਾਬੇ ਆਖਿਆ ਮਰਦਾਨਿਆਂ ਅਸਾਂ ਤੇਰੇ ਵਾਸਤੇ ਸਾਲਸ ਰਾਇ ਆਂਦਾ ਹੈ ਤੂੰ ਪ੍ਰਸਾਦਿ ਖਾਹੁ ਤਾਂ ਮਰਦਾਨਾ ਬਹੁਤ ਖ਼ੁਸ਼ੀ ਹੋਯਾ ਅਤੇ ਲਗਾ ਖਾਵਣ ਤਾਂ ਗੁਰੂ ਨਾਨਕ ਪਉੜੀ ਆਖੀ॥

ਉਤਮ ਜਨਮ ਸੋ ਸਾਕਤ ਕਹੀਐ ਨੀਚ ਨਰਾਇਨ ਪਾਵੋ ॥ ਲੋਭ ਲਹਿਰ ਤੇ ਭੇਈ ਛੂਟੇ ਸਾਧ ਸੰਗਤਿ ਗੁਣ ਗਾਵੋ ॥ ੩ ॥ ਸੁਣ ਸਾਲਸ ਇਹ ਗੋਲਾ ਤੇਰਾ ਆਪ ਨਰਾਇਣ ਮਾਨਾ ॥ ਨਾਨਕ ਭਗਤ ਸੰਗ ਮਿਲ ਉਚੇ ਪਦ ਠਹਿਰਾਨਾ ॥ ੪ ॥

ਤਾਂ ਫਿਰ ਸਾਲਸ ਰਾਇ ਹੱਥ ਜੋੜ ਕਰ ਆਜਜ਼ੀ ਕੀਤੀ ਜੀ ਮੇਰੀ ਗਤੀ ਕਰੋ ਆਪਣੇ ਸਾਈਂ ਦੇ ਵਾਸਤੇ ਅਸਾਨੂੰ ਇਸ ਬਲਾਇ ਨਾਲੋਂ ਕੱਢੋ ਤਾਂ ਗੁਰੂ ਨਾਨਕ ਕਹਿਆ ਸੁਣ ਸਾਲਸ ਰਾਇ ਤੂੰ ਆਪਣੇ ਅਧਰਕੇ ਗੁਲਾਮ ਦੇ ਪੈਰਾਂ ਤੇ ਢਹਿ ਪਉ ਤਾਂ ਤੇਰੀ ਗਤਿ ਹੋਵੇਗੀ ਤਾਂ ਸਾਲਸ ਰਾਇ ਕਹਿਆ ਗੁਰੂ ਜੀ ਅਧਰਕਾ ਤਾਂ ਸਾਧੂ ਹੈ ਜੇ ਤੁਸੀ ਆਖੋ ਤਾਂ ਮੈਂ ਸਗ ਦੀ ਪੈਰੀ ਪਵਾਂ ਤਾਂ ਸਾਲਸ ਰਾਇ ਢਹਿ ਪੈਰਾਂ ਤੇ ਪਿਆ ਜੀ ਮੇਰੇ ਵਾਸਤੇ ਕਰਤਾਰ ਤੁਸਾਨੂੰ ਲੈ ਆਯਾ ਹੈ ਗੁਰੂ ਜੀ ਸਾਲਸ ਰਾਇ ਉੱਤੇ ਬਹੁਤ ਖ਼ੁਸ਼ੀ ਕੀਤੀ ਆਪਣੇ ਸਿਰ ਉੱਤੋਂ ਅੰਗੋਛਾ ਦਿੱਤਾ ਭਾਈ ਸਾਲਸ ਰਾਇ ਲੈਕਰ ਸਿਰ ਤੇ ਬੱਧਾ ਬੰਨ੍ਹਣ ਨਾਲ ਸਾਲਸ ਰਾਇ ਦੇ ਕਪਾਟ ਖੁਲ੍ਹ ਗਏ ਸਾਲਸ ਰਾਇ ਦਾ ਰੰਗ ਹੋਰ ਹੋਇ ਗਿਆ ਤਾਂ ਸਾਲਸ ਨੂੰ ਸ਼ਬਦ ਪਰਾਪਤਿ ਹੋਯਾ ॥

ਸਤਿਗੁਰ ਦਾਤਾ ਨਾਮ ਕਾ ਦੀਨੇ ਖੋਲ ਕਪਾਟ ॥ ਏਕੋ ਵਣਜਾ ਵਣਜਿਆ ਬਹੁੜ ਨ ਆਵੈ ਘਾਟ॥ ੧॥ ਸਤਿਗੁਰੂ ਨਾਨਕ ਪੂਰਾ ॥ ਬਚਨ ਕਾ ਸੂਰਾ॥ ੧॥ ਰਹਾਉ॥ ਅਗਮ ਨਿਗਮ ਦਿਖਾਵੈ ਤਾਂ ਖੋਲੇ ਨੇਤ੍ਰ ਅਨੰਤ॥ ਜਗਤ ਵਣਜਾਰਾ ਸਗਲ ਹੈ ਸ਼ਾਹ ਏਕ ਭਗਵੰਤ ॥ ੨ ॥ ਵਣਜ ਹਮਾਰਾ ਸਤਿਗੁਰੂ ਪੂੰਜੀ ਹਮਾਰੀ ਨਾਮ ॥ ਆਠ ਪਹਿਰ ਧੁਨਿ ਲਾਗ ਰਹੇ ਸੋਈ ਹਮਾਰੇ ਕਾਮ॥ ੩॥ ਸਾਲਸ ਬਿਨਵੈ ਬੇਨਤੀ ਤੁਮ ਸੁਨਿ ਲੇਹੁ ਕਰ-

CC-0. Gurukul Kangri University Haridwar Collection. Digitized by S3 Foundation USA

ABHINAV GAUR

ਤਾਰ ॥ ਕਚਾ ਰੰਗ ਉਤਾਰ ਕੇ ਚਾੜੇ ਰੰਗਿ ਅਪਾਰ ॥ ੪ ॥ ਰਾਗੁ ਬਿਲਾਵਲੁ ਸ਼ਬਦ ਗੁਰੂ ਨਾਨਕ ਜੀ ਕੀਤਾ ॥ ਗੁਰੂ ਸ਼ਬਦ ਨਿਧਾਨ ਹੈ ਮਨ ਮੁਖਿ ਆਵਾਗਉਣ ॥ ਲਖ ਜੂਨੀ ਭਰਮਾਈਐ ਫਿਰਪਾਵੈਗਾ ਭਉਣ ॥ ੧ ॥ ਤੇਰਾ ਨਿਰਮਲਹੀਰਾਨਾਮਹੈ ਕੋਈਪਰਖੇ ਪਰਖਣਹਾਰ ॥ ੧ ॥ ਰਹਾਉ ॥ ਬੇਦੀ ਅੰਤੁਨਜਾਣਿਆਪੜ ਪੰਡਿਤ ਵੀਚਾਰ ॥ ਬੇੜਾਹਰਿ ਕਾਨਾਮ ਹੈ ਜਿਸ ਚੜ ਉਤਰੇਪਾਰ ॥ ੨ ॥ ਅੰਜਨ ਪਾਏ ਸਭ ਕੋ ਦੇਖਣ ਵਿਚ ਵਿਣਾਸ ॥ ਜਿਨ ਲੋਇਣ ਜਗਦੇਖੀਐ ਸੋ ਲੋਇਣ ਪਰਗਾਸ ॥ ੩ ॥ ਕੰਚਨ ਕੰਚਨ ਹੋਇਆ ਮਾਨਕ ਧਰੇ ਅਪਾਰ ॥ ਜੰਦਰਾ ਖੋਲਾ ਕੋਠੜੀ ਜਨ ਨਾਨਕ ਧਰਮਦੁਆਰ ॥ ੪ ॥

ਤਾਂ ਗੁਰੂ ਨਾਨਕ ਜੀ ਬਿਸ਼ੰਭਰਪੁਰ ਅਧਰਕੇ ਗ਼ੁਲਾਮ ਨੂੰ ਅਤੇ ਸਾਲਸਰਾਇ ਜਵਾਹਰੀ ਨੂੰ ਦੋਹਾਂ ਨੂੰ ਸਤਿਗੁਰੂ ਕੀਤਾ ਮਿਹਰਵਾਨਗੀ ਕੀਤੀ ਉਨ੍ਹਾਂ ਨੂੰ ਮੰਜੀ ਬਹਾਯਾ ਸਿੱਖੀ ਪ੍ਰਗਟਾਇ ਸਾਰੇ ਦੇਸ ਵਿਚ ਨਾਮ ਦਾਨ ਪ੍ਰਗਟਾਯਾ ਆਖਿਓ ਸੁਣ ਸਾਲਸਰਾਇ ਜਿਚਰ ਤੂੰ ਜੀਵੇਂ ਤਿਚਰ ਤੇਰੀ ਮੰਜੀ ਹੈ ਅਤੇ ਜਾਂ ਤੇਰੀ ਦੇਹਛੁਟੇ ਤਾਂ ਅਧਰਕਾ ਬਹੇਗਾ ਅਉਰ ਤੇਰੀ ਔਲਾਦ ਕਾ ਕੰਮ ਨਹੀਂ ਪਹਿਲੇ ਮੰਜੀ ਇਸੇ ਅਧਰਕੇ ਕੀ ਆਹੀ ਪਰ ਅਸਾਂ ਤੇਰਾ ਭਾਉ ਰੱਖਿਆਹੈ ਕਿਉਂ ਜੋਇੱਕ ਸੰਸਾਰੀਸੂਤਵਿੱਚ ਇਸਦਾਤੂੰ ਸਾਹਿਬ ਹੈਂ ਅਤੇ ਦਿਨਭੀ ਥੋੜੇ ਆਇਰਹੇ ਹੈਨ ਵਰ੍ਹੇ ਦੁਇ ਤੇ ਸੱਤ ਮਹੀਨੇ ਤੁਹਿ ਜੀਵਣਾ ਹੈ ਫੇਰ ਤੇਰੀ ਦੇਹ ਛੁਟੇਗੀ ਇਸ ਵਾਸਤੇ ਤੈਨੂੰ ਪਹਿਲੇ ਮੰਜੀ ਬੈਠਾਯਾਹੈ ਅਤੇ ਅਧਰਕੇ ਦੇਦਿਲ ਵਿੱਚ ਕਾਈ ਨਾਹੀਂ ਪਰ ਹੁਕਮ ਕਰਤਾਰ ਦਾ ਏਵੇਂ ਹੈ ਤਾਂ ਗੁਰੂ ਨਾਨਕ ਜੀ ਬੋਲੇ ਹੇ ਸਾਲਸਰਾਇ ਜਿਨ੍ਹਾਂ ਹੁਕਮ ਕਰਤਾਰ ਦਾ ਸੁਣ ਕੇ ਮੰਨਿਆ ਹੈ ਸੋਈ ਮਹਾਂ ਪੁਰਖ ਪਰਮ ਪਦ ਕੋ ਪ੍ਰਾਪਤਿ ਹੋਤੇ ਹੈਣ ਅਤੇ ਸੋਈ ਏਸ ਜਗਤਮੇਂ ਪੂਜੇ ਜਾਤੇਹੈਂ ਸੋਈ ਸੰਤਰੂਪਹੈਂ ਹੇ ਸਾਲਸਰਾਇ ਜਵਾਹਰੀ ਜੋਕੋਈ ਜਵਾਹਰੀਹੈ ਉਸਤਾਦ ਪੂਰੇ ਦਾ ਸ਼ਾਗਿਰਦ ਵੋਹਤੋ ਜਵਾਹਰਕੋ ਦੇਖਤੇਹੀ ਖਰਾ ਖੋਟਾਪਹਿਚਾਨ ਲੇਤਾ ਹੈ ਸੋ ਖਰੇ ਲਾਲਕੋ ਤਾਂ ਬਡੇ ਅਦਬਨਾਲ ਰੱਖ ਲੇਤਾਹੈ ਅਤੇ ਖੋਟੇ ਕੋ ਸੱਟ ਦੇਤਾਹੈ ਤੈਸੇਹੀ ਸੰਤ ਮਹਾਤਮਾ ਇਸ ਸੰਸਾਰਮੈਂ ਜੋ ਕੋਈ ਸ਼ੁਧੇਮਨ ਕੋ ਦੇਖਤੇਹੈਨ ਤਿਨਾਂਕੇ ਉੱਪਰ ਕ੍ਰਿਪਾਦ੍ਰਿਸ਼ਟ ਕਰਤੇ ਹੈਂ ਚਾਹੇ ਜਾਤੀ ਕੋਈ ਹੋਵੇ ਸੋ ਤੂੰ ਮਨਮੇਂ ਸੰਸਾ ਮਤਕਰ ਜੋ ਮੇਰੀ ਆਰਬਲਾ ਥੋੜੀ ਹੈ ਸੰਸਾਰ ਮੈਂ ਤੂੰ ਸ੍ਰੀਭਗਵੰਤ ਜੀਕੋ ਯਾਦ ਕਰਿਆ ਕਰ ਤੇਰੀਮੁਕਤੀ ਹੋਗੀ ਸਤਿ ਕਰ ਜਾਣੀ ॥ ੨੭ ॥

ਸਾਖੀ ਹੋਰ ਚਲੀ

ਬਿਸ਼ੰਭਰਦੇਸ਼ ਸਮੁੰਦਰੰਦੇ ਟਾਪੂਵਿੱਚਆਹਾ ਓਥੋਂ ਅੱਗੇਚਲੇ ਤਾਂਮਰਦਾਨੇਆਖਿਆ ਗੁਰੂਜੀ ਹੁਣ ਕਿਧਰਚਲਿਆਹੈਂ ਤਾਂ ਗੁਰੂਨਾਨਕ ਕਹਿਆ ਮਰਦਾਨਾ ਬਿਸ਼ੰਭਰਦੇਸ਼ਸਮੁੰਦ੍ਰਦੇਟਾਪੂ ਵਿੱਚ ਉਥੇ ਹਿਕ ਸਾਧੂਹੈ ਉਸਦਾ ਦਰਸ਼ਨ ਜਾਇ ਕਰੀਏਂਗੇ ਅਤੇ ਸੁਣ ਮਰਦਾਨਾਜਿੱਧਰ ਕਰਤਾਰ ਲੈਜਾਵੇ ਤੂੰ ਭੀ ਉਧਰਹੀ ਚੱਲ ਤਾਂ ਗੁਰੂ ਨਾਨਕਜੀ ਓਥੋਂ ਅੱਗੇ ਚਲੇ ਜਾਂਦੇ ਜਾਂਦੇ ਦੇਖਨਤਾਂ ਕਿਆ ਦੇਖਨ ਜੋ ਧਰਤੀ ਤਾਂਨਦਰਕਹੀਂ ਆਵਤੀਨਾਹੀਂ ਮਰਦਾਨੇ ਆਖਿਆਜੀ

CC-0. Gurukul Kangri University Haridwar Collection. Digitized by S3 Foundation USA

ਅਸੀਂ ਕਿਸ ਉੱਪਰ ਜਾਂਦੇ ਆਹੇ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆ ਅਸੀ ਮੱਛੀ ਦੀ ਪਿੱਠ ਤੇ ਜਾਂਦੇ ਆਹੇ ਤਾਂ ਮਰਦਾਨੇ ਪੁੱਛਿਆ ਜੀ ਏਡੀ ਮੱਛੀ ਹੈ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆਂ ਏਹ ਪੈਂਤੀ ਕੋਹ ਲੰਮੀ ਹੈ ਅਤੇ ਪੰਜ ਕੋਹ ਚੌੜੀ ਹੈ ਤਾਂ ਮਰਦਾਨੇ ਚਿੱਤਵਿਚਗਿਣਤੀਖਾਧੀ ਅਤੇ ਮੂੰਹੋਂ ਕੁਛਨਾਆਖਿਓਸ ਤਿੰਨਦਿਨਤੇ ਤਿੰਨਰਾਤੀਂ ਉਸ ਮੱਛੀਦੀ ਪਿੱਠ ਤੇ ਸਹਿਜ ਨਾਲ ਚੜ੍ਹੇਗਏ ਤਾਂ ਮਰਦਾਨੇ ਨੂੰ ਚਿਹਨ ਦਾ ਚਿਹਨ ਨਜ਼ਰ ਆਯਾ ਤਾਂ ਮਰਦਾਨਾ ਹੈਰਾਨ ਹੋਇਗਿਆ ਜਾਂਮੱਛੀ ਮੂੰਹਅੱਡਿਆ ਤਾਂਮਰਦਾਨਾ ਕੰਬਿਆ ਤਾਂ ਬਾਲੇ ਆਖਿਆ ਅਵੋ ਮਰਦਾਨਾ ਕਿਉਂ ਕੰਬਦਾ ਹੈਂ ਤਾਂ ਮਰਦਾਨੇ ਆਖਿਆ ਜਜਮਾਨ ਮੱਛੀ ਅਸਾਨੂੰ ਨਿਗਲਦੀਹੈ ਤਾਂਬਾਲੇ ਗੁੱਸੇ ਹੋਇਕੇ ਆਖਿਆ ਅਵੋ ਮਰਦਾਨਾ ਅਜੇ ਤੈਨੂੰ ਪਰਤੀਤ ਨਹੀਂਆਂਵਦੀ ਤਾਂਗੁਰੂਨਾਨਕਜੀ ਬਿਸਮਾਦਹੋਇਰਹਿਆ ਹੇਨਿਰੰਕਾਰ ਤੇਰੀਆਂ ਕੁਦਰਤਾਂ ਤੁਝੇ ਬਣ ਆਵਣ ਇਕੋ ਘੜੀ ਗੁਜ਼ਰੀ ਤਾਂ ਮੱਛੀ ਉਗਾਲੀ ਕੀਤੀ ਮੱਛੀ ਦੇ ਮੂੰਹ ਵਿੱਚੋਂ ਅਨੇਕ ਪ੍ਰਕਾਰਦੇ ਭੋਜਨਨਿਕਲੇ ਤਾਂਮਰਦਾਨਾ ਖ਼ੁਸ਼ੀਹੋਯਾ ਤਾਂ ਗੁਰੂਨਾਨਕਜੀ ਕਹਿਆ ਭਾਈ ਤੂੰ ਕਉਣ ਹੈਂ ਅੱਗੋਂ ਮੱਛ ਬੋਲਿਆ ਜੀ ਮੈਂ ਮੱਛਹਾਂ ਗੁਰੂਨਾਨਕ ਆਖਿਆ ਜੋਤੂੰ ਹੈਂ ਸੋਈਆਖ ਤਾਂ ਮੱਛ ਬੋਲਿਆ ਤੂੰ ਨਾਨਕ ਨਿਰੰਕਾਰੀਹੈਂ ਤਾਂ ਗੁਰੂ ਨਾਨਕ ਕਹਿਆ ਭਾਈ ਜੀ ਤੂੰ ਕਿਆ ਜਾਨਤਾਹੈਂ ਫਿਰ ਮੱਛਬੋਲਿਆ ਗੁਰੂਜੀਮੈਂ ਜਨਕ ਬਿਦੇਹੀਅਰਮੈਂ ਤੁਸਾਡਾ ਦਾਸ ਆਹਸਤਾਂ ਫੇਰ ਬਾਬੇ ਆਖਿਆ ਤੂੰ ਮੱਛ ਕਿਉਂਕਰ ਹੋਇਓਂ ਤਾਂ ਮੱਛਬੋਲਿਆ ਜੀ ਮੈਂ ਤੁਮਾਰਾ ਸਿਖ ਥਾ ਇਕਦਿਨ ਮੈਨੂੰ ਤੁਸਾਂ ਕੰਮ ਆਖਿਆ ਤਾਂ ਮੈਂ ਗਾਫਲੀ ਕੀਤੀ ਤੁਸਾਂ ਮੈਨੂੰ ਆਖਿਆਜਦ ਤੈਨੂੰ ਕੰਮ ਆਖਦੇਆਹੇ ਤਾਂ ਮੱਛੀਦੇਤਰਾਂ ਤੜਫ਼ਦਾਹੈਂ ਉਸਬਚਨਦਾਸਦਕਾ ਮੈਨੂੰ ਮੱਛਦਾਜਨਮ ਪ੍ਰਾਪਤਿ ਹੂਆਹੈ ਤਾਂ ਗੁਰੂਨਾਨਕ ਹੱਸਕੇਆਖਿਆ ਹੁਣਕਜਾਆਖਦਾਹੈਂ ਤਾਂ ਮੱਛਆਖਿਆਜੀ ਮੈਂ ਤੇਰਾ ਰਾਹਉਡੀਕਦਾ ਆਹਸ ਜੋਮੈਂ ਵਾਸਤੇਇਸਰਾਹਿਆਵੇਗਾ ਹੁਣਤੂੰਆਯਾਹੈਂ ਤਾਂ ਗੁਰੂ ਨਾਨਕਆਖਿਆ ਤੂੰ ਆਪਣਾਮਨੋਰਥਆਖ ਮੱਛਬੋਲਿਆਜੀ ਮੇਰਾਜਨਮ ਪੂਰਾ ਹੋਯਾਹੈ ਅਤੇ ਮੇਰੀ ਭੀ ਖਲਾਸੀ ਕਰੋ ਤਾਂ ਗੁਰੂ ਨਾਨਕ ਆਖਿਆ ਏਹਾ ਖਲਾਸੀ ਆਹੀ ਕੱਲ ਤੇਰੀ ਦੇਹ ਛੁਟੇਗੀ ਮੱਛ ਬੋਲਿਆ ਜਿਚਰ ਮੇਰੀਦੇਹ ਛੁਟਦੀਨਾਹੀਂ ਤਿਚਰਤੁਸੀ ਮੇਰੇਹੀਪਾਸਰਹੋ ਕਿਛੁ ਇਸਦੇ ਜੀਅਦਾ ਭਲਾਹੋਵੇਤਾਂ ਗੁਰੂ ਨਾਨਕ ਹੱਸਿਆ ਕਿਉਂ ਭਾਈਬਾਲਾਤਾਂ ਬਾਲੇਆਖਿਆ ਜੀ ਬਾਲੇ ਦੇ ਆਖਣਦੀ ਰਹੀਕਾਈ ਨਾਹੀਂ ਤਾਂਮਰਦਾਨੇ ਆਖਿਆਜੀ ਮੈਂ ਬੁਰਾਆਖਦਾਹਾਂ ਤਾਂ ਗੁਰੂ ਨਾਨਕ ਆਖਿਆ ਮਰਦਾਨਾ ਅਸਾਂ ਤੈਨੂੰ ਕਦ ਆਖਿਆਹੈ ਜੋਤੂੰ ਬੁਰਾਕਰਦਾਹੈਂ ਤਾਂ ਮਰਦਾਨੇਆਪਣਾਆਪ ਸੰਭਾਲਛਿੱਠਾ ਜੋ ਏਹ ਪਰਮੇਸ਼ਰਦੀਜਾਤਹੈ ਅਤੇਮੈਂ ਸਰੋਤੀਜਵਾਬ ਦੇਂਦਾ ਹਾਂ ਏਹਮੈਂ ਭਲਾ ਕਰਦਾਨਹੀਂ ਤਾਂਮਰਦਾਨਾ ਗਲਵਿਚ ਪੱਲਾ ਘੱਤਕੇ ਆਇਖੜੋਤਾ ਤਾਂ ਗੁਰੂਨਾਨਕ ਕਹਿਆ ਕਿਉਂਮਰਦਾਨਾ ਕਿਉਂਕੇ ਆਖਦਾ ਹੈਂ ਤਾਂਮਰਦਾਨੇਆਖਿਆਜੀ ਜਿਤਨੀ ਮੁਦਤ ਹੋਈਹੈ ਤੇਰੇਨਾਲ ਫਿਰਦਿਆਂ ਹੋਯਾਂ ਪਰ ਤੈਨੂੰ ਅਸਾਂ ਜਾਤੋ ਨਾਹੀਂ ਅਸੀ

CC-0. Gurukul Kangri University Haridwar Collection. Digitized by S3 Foundation USA

ABHINAV GAUR

ਭੁੱਲੇ ਆਹੇ ਤੂੰ ਅਸਾਂਨੂੰ ਬਖਸ਼ ਤਾਂ ਗੁਰੂ ਨਾਨਕ ਆਖਿਆ ਮਰਦਾਨਾ ਅਸਾਂ ਜੋ ਤੈਨੂੰ ਨਾਲ ਲੀਤਾ ਹੈ ਸੋ ਅਸਾਂ ਤੇਰੀਆਂ ਸਭੇ ਕਬੂਲ ਕਰ ਲੀਤੀਆਂ ਹੈਨ ਤੁਸੀਂ ਅਸਾਡੇ ਜੀਅਪ੍ਰਾਨ ਹੋ ਦਿਲ ਵਿਚ ਕਾਈ ਗਿਨਤੀ ਨਾ ਕਰੋ ਰਾਤ ਮੱਛੀ ਦੀ ਪਿੱਠ ਉੱਤੇ ਰਹੇ ਭਲਕ ਹੋਯਾ ਤਾਂ ਸਵਾ ਪਹਿਰ ਦਿਨ ਚੜ੍ਹਿਆ ਮੱਛ ਦੇਹ ਛੋੜੀ ਤਾਂ ਬਚਨ ਹੋਯਾ ਚਲ ਭਾਈ ਮੱਛਾ ਅਸੀਂ ਭੀ ਆਇ ਮਿਲਾਂਗੇ॥੨੮॥

ਆਗੇ ਸਾਖੀ ਹੋਰ ਚਲੀ

ਤਾਂ ਗੁਰੂ ਬਾਬਾ ਨਾਨਕ ਜੀ ਆਗੇ ਚਲੇ ਜਾਂ ਦੇ ਜਾਂ ਦੇ ਕਿਥਾਉਂ ਧਰਤੀ ਕਿਥਾਉਂ ਸਮੁੰਦ੍ਰ ਈਂ ਵੇਂ ਚਲੇ ਗਏ ਇਕ ਸ਼ੈਹਰ ਪਹਾੜ ਉਪਰ ਆਹਾ ਤਾਂ ਮਰਦਾਨੇ ਆਖਿਆ ਜੀ ਇਸ ਪਹਾੜ ਉਪਰ ਕੋਈ ਸ਼ੈਹਰ ਨ ਦਰੀ ਆਂਵਦਾ ਹੈ ਤਾਂ ਗੁਰੂ ਨਾਨਕ ਜੀ ਹੱਖਿਆ ਹੱਸ ਕਰ ਆਖਿਓਸੁ ਮਰਦਾਨਾ ਤੇਰਾ ਜੀਉ ਸ਼ੈਹਰ ਵਿਚ ਵਸਦਾ ਹੈ ਤਾਂ ਮਰਦਾਨੇ ਆਖਿਆ ਜੀ ਤੁਧਨੂੰ ਪਰਮੇਸ਼ਰ ਦਾ ਤਰਸ ਨਾਹੀਂ ਅਸੀਂ ਤ੍ਰੈ ਦਿਨ ਤੇ ਤ੍ਰੈ ਰਾਤਾਂ ਈਂ ਵੇਂ ਭੁੱਖੇ ਚਲੇ ਆਏ ਆਹੇ ਅਤੇ ਹੁਣ ਸ਼ਹਿਰ ਆਯਾ ਹੈ ਤਾਂ ਮੇਹਣੇ ਦੇਂਦਾ ਹੈਂ ਤਾਂ ਗੁਰੂ ਨਾਨਕ ਕਹਿਆ ਸੁਣ ਭਾਈ ਬਾਲਾ ਮਰਦਾਨਾ ਕਿਉਂ ਕਰ ਆਖਦਾ ਹੈ ਤਾਂ ਮੈਂ ਆਖਿਆ ਗੁਰੂਜੀ ਮਰਦਾਨਾ ਸੱਚਾ ਹੈ ਇਕ ਤਾਂ ਭੁੱਖਾ ਹੈ ਅਤੇ ਜਨਮਦਾ ਸੁਭਾਉ ਭੀ ਨਹੀਂ ਜਾਂਦਾ ਤਾਂ ਮਰਦਾਨੇ ਆਖਿਆ ਜਜਮਾਨ ਤੈਨੂੰ ਤਾਂ ਗੁਰੂ ਸਵਾਰਿਆ ਪਰ ਮੈਨੂੰ ਤਾਂ ਨਾ ਸਵਾਰਿਓ ਸੁਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਏਹ ਏਹੋ ਜੇਹਾ ਸ਼ਹਿਰ ਹੈ ਈ ਜਿੱਥੇ ਕੜਾਹੇ ਵਿਚ ਤਲੀਂ ਦੇ ਆਹੇ ਤਾਂ ਮਰਦਾਨੇ ਆਖਿਆ ਜੀ ਮੈਂ ਨਾਹੀਂ ਦੇਖਦਾ ਤਾਂ ਗੁਰੂ ਨਾਨਕ ਆਖਿਆ ਮਰਦਾਨੇ ਏਹ ਸ਼ੈਹਰ ਤਾਂ ਜ਼ਰੂਰ ਦੇਖਣਾ ਹੈ ਤਾਂ ਮਰਦਾਨੇ ਆਖਿਆ ਜੀ ਤੁਸੀਂ ਜਾਣੋਂ ਕੋਹਾਂ ਦੁੰਹ ਉਪਰ ਸ਼ੈਹਰ ਆਯਾ ਉਥੋਂ ਚਲਕਰ ਪਹਾੜੀ ਹੇਠ ਜਾਇ ਬੈਠੇ ਤਾਂ ਮਰਦਾਨੇ ਗੁਰੂ ਨਾਨਕ ਜੀ ਨੂੰ ਪੁੱਛਿਆ ਜੀ ਇਸ ਸ਼ੈਹਰ ਦਾ ਨਾਉਂ ਕਿਆ ਹੈ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆਂ ਇਸ ਸ਼ੈਹਰ ਦਾ ਨਾਉਂ ਦੇਵ ਗੰਧਾਰ ਹੈ ਅਤੇ ਇਥੋਂ ਦਾ ਰਾਜਾ ਦੇਵਲੂਤ ਹੈ ਏਹ ਦੇਵ ਬੜਾ ਰਾਜ ਕਰਦਾ ਹੈ ਸਤਾਰਾਂ ਲੱਖ ਦੇਵ ਇਸਦੇ ਸਲਾਮੀ ਹੈਨ ਤਾਂ ਬਾਬੇ ਨੇ ਆਖਿਆ ਜੋ ਇਸ ਸ਼ੈਹਰ ਵੜਨਾ ਜ਼ਰੂਰ ਹੈ ਤਾਂ ਮਰਦਾਨੇ ਆਖਿਆ ਭਲਾ ਗੁਰੂ ਜੀ ਏਹ ਗੱਲਾਂ ਹੁੰਦੀਆਂ ਸਨ ਜੋ ਦੇਵਲੂਤ ਰਾਜਾ ਸ਼ਿਕਾਰ ਖੇਡਨ ਆਯਾ ਦੇਖੇ ਤਾਂ ਤ੍ਰੈ ਮਨੁਖ ਬੈਠੇ ਹੈਨ ਸੋ ਮੇਰੀ ਖੁਰਾਕ ਹੈਂ ਤਾਂ ਦੇਵਲੂਤ ਇਕ ਦੇਵ ਨੂੰ ਕਹਾ ਤੂੰ ਏਨਾਂ ਨੂੰ ਪਕੜ ਲੈ ਆਓ ਏਹ ਸ਼ਿਕਾਰ ਮੈਨੂੰ ਬਹੁਤ ਮੁਦਤ ਪਿਛੋਂ ਹੱਥ ਆਯਾ ਹੈ ਤ੍ਰੈ ਦੇਵ ਉਤਰੇ ਜਿਉਂ ਮਰਦਾਨਾ ਬੈਠਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਗੱਲਾਂ ਕਰਦਾ ਸੀ ਤਿਉਂ ਦੇਵ ਨੂੰ ਦੇਖਕਰ ਰੰਗ ਜ਼ਰਦ ਹੋਇਗਿਆ ਤਾਂ ਸ੍ਰੀ ਗੁਰੂ ਨਾਨਕ ਜੀ ਆਖਿਆ ਕਿਉਂ ਮਰਦਾਨਾ ਸਾਵਾ ਜ਼ਰਦ ਹੋਇ ਗਿਓਂ ਤਾਂ ਮਰਦਾਨੇ ਆਖਿਆ ਗੁਰੂ ਜੀ ਦੇਵ ਤਾਂ ਆਏ ਹਨ ਅਸੀਂ ਕਿਆ ਕਰੀਐ ਤਾਂ ਗੁਰੂ ਨਾਨਕ ਜੀ ਕਹਾ ਮਰਦਾਨਾ ਦੇਖ ਕਰਤਾਰ ਦੇ ਤਮਾਸ਼ੇ ਬੈਠਾ ਦੇਖ ਜੋ ਕਰਤਾਰ ਦਿਖਾਈ ਤਾਂ ਮਰਦਾਨਾ ਚੁੱਪ ਕਰਕੇ ਬੈਹ ਗਿਆ ਜਾਂ ਤ੍ਰੈ ਦੇਵ ਨੇੜੇ ਆਏ ਤਾਂ ਅੰਨ੍ਹੇ ਹੋਇਗਏ ਤਾਂ ਭਾਈ ਬਾਲੇ ਗੁਰੂ ਅੰਗਦ ਜੀ ਕੇ ਅਗੇ ਆਖਿਆ

CC-0. Gurukul Kangri University Haridwar Collection. Digitized by S3 Foundation USA

ਗੁਰੂ ਜੀ ਾਰਸਭੋ ਕਿਛੁ ਨਦਰਿਆਵੈ ਪਰ ਅਸੀਂ ਤੈ ਨਦਰਿ ਨ ਆਵੀਐ ਤਾਂ ਓਹਦੇਵ ਫਿਰ ਆਏ ਉਨਾਂ ਰਾਜੇ ਦੇ ਜਾਇ ਕਹਿਆ ਜੀ ਓਥੇ ਤਾਂ ਅਸਾਨੂੰ ਕਿਛ ਨਜ਼ਰ ਨਹੀਂ ਆਂਵਦਾ ਤਾਂ ਦੇਵ ਲੂਤ ਕਹਿਆ ਅਰੇ ਅਉਰ ਜਾਵੋ ਤੈ ਦੇਵ ਅਉਰ ਆਏ ਓਹ ਭੀ ਅੰਨ੍ਹੇ ਹੋਗਏ ਇਸੀ ਤਰਾਂ ਸੱਤ ਵਾਰੀ ਦੇਵ ਆਏ ਸੱਭੇ ਅੰਧੇ ਹੋਗਏ ਤਾਂ ਰਾਜੇ ਅਪਨੇ ਵਜ਼ੀਰ ਕਉ ਕਹਿਆ ਅਰੇ ਦੇਵਦੂਤ ਵਜ਼ੀਰ ਯਿਹ ਕਿਆ ਹੋਯਾ ਹੈ ਜੋ ਜਾਤਾ ਹੈ ਸੋਈ ਅੰਧਾ ਹੋਇ ਜਾਤਾ ਹੈ ਤਾਂ ਦੇਵਦੂਤ ਵਜ਼ੀਰ ਕਹਿਆ ਜੇ ਜੀ ਏਹ ਕੋਈ ਕਲਾਵਾਨ ਪੁਰਖ ਹੈ ਏਕ ਮੇਰੇ ਜੀਅ ਮਸਲਤ ਆਈ ਹੈ ਜੇ ਤੁਮਾਰੇ ਜੀਅ ਲਗੇ ਤਾਂ ਕ ਤਾਂ ਰਾਜੇ ਕਹਿਆ ਕਹੁ ਵਜ਼ੀਰ ਜੋ ਤੂੰ ਕਹੇਂਗਾ ਸੋ ਭਲੀ ਹੀ ਕਹੇਂਗਾ ਤਾਂ ਵਜ਼ੀਰ ਕਹਿਆ ਜੀ ਮੈਂ ਉਨਕੀ ਸੇਵਾ ਕੇ ਨਮਿਤ ਜਾਤਾ ਹੂੰ ਜਉ ਮੈਂ ਅੰਧਾ ਨ ਹੂਆ ਤਾਂ ਤੁਮ ਉਨਕੀ ਸੇਵਾ ਕਰੀਐ ਅਰ ਜਉ ਮੈਂ ਅੰਧਾ ਹੂਆ ਤਉ ਤੁਮਾਰੇ ਜੀਅ ਆਵੈ ਸੋ ਕਰੀਐ ਤਾਂ ਰਾਜੇ ਦੇਵਲੂਤ ਕਹਿਆ ਭਲਾ ਵਜ਼ੀਰ ਤੈਂ ਭਨਾ ਕਹਿਆ ਤਾਂ ਦੇਵਦੂਤ ਆਪਣਾ ਆਤਮਾ ਸ਼ੁੱਧ ਕਰਕੇ ਗੁਰੂ ਨਾਨਕ ਜੀ ਪਾਸ ਆਧਾ ਆਣਿਕਰ ਮੱਥਾ ਟੇਕਿਓਸੁ ਤਾਂ ਵਜ਼ੀਰ ਆਪਣੇ ਜੀਅ ਵਿਚ ਵਿਚਾਰ ਕੀਤਾ ਜੋ ਭਾਈ ਮੈਂ ਤਾਂ ਅੰਧਾ ਨਹੀਂ ਹੂਆ ਏਹ ਕੋਈ ਕਲਾਵਾਨ ਪੁਰਖ ਹੈਨ ਤਾਂ ਵਜ਼ੀਰ ਪੁੱਛਿਆ ਜੀ ਤੁਮ ਕਿਸ ਨਗਰ ਸੇ ਆਏ ਹੋ ਤਾਂ ਗੁਰੂ ਨਾਨਕ ਕਹਾ ਹਮ ਅਮਰਾ ਨਗਰ ਸੇ ਆਏ ਹੈਂ ਤਾਂ ਵਜ਼ੀਰ ਪੁੱਛਿਆ ਜੀ ਅਮਰਾ ਨਗਰ ਕਿਸ ਤਰਫ਼ ਹੈ ਤਾਂ ਗੁਰੂ ਨਾਨਕ ਕਹਿਆ ਅਮਰਾ ਨਗਰ ਤਰਫ਼ਾਂ ਥੀਂ ਨਿਆਰਾ ਹੈ ਤਾਂ ਵਜ਼ੀਰ ਪੁੱਛਿਆ ਤੁਮਾਰਾ ਨਾਮ ਕਿਆਹੈ ਤਾਂ ਗੁਰੂ ਨਾਨਕ ਜੀ ਕਹਿਆ ਨਾਉਂ ਹਮਾਰਾ ਨਾਨਕ ਨਿਰੰਕਾਰੀ ਹੈ ਤਾਂ ਵਜ਼ੀਰ ਕਹਿਆ ਤੁਮ ਹੋਤੇ ਕੌਣ ਹੋ ਤਾਂ ਗੁਰੂ ਨਾਨਕ ਕਹਿਆ ਹਮ ਹੋਤੇ ਭੀ ਨਿਰੰਕਾਰੀ ਹੈਂ ਤਾਂ ਵਜ਼ੀਰ ਕਹਿਆ ਤੁਮ ਸ਼ਹਿਰ ਮੇਂ ਚਲੋ ਤਾਂ ਗੁਰੂ ਨਾਨਕ ਕਹਿਆ ਸੁਣ ਵਜ਼ੀਰ ਹਮ ਅਤੀਤ ਫ਼ਕੀਰ ਹੈਂ ਜਹਾਂ ਬੈਠੇ ਤਹਾਂ ਬੈਠੇ ਤਾਂ ਵਜ਼ੀਰ ਜਾਇ ਰਾਜੇ ਦੇਵਲੂਤ ਨੂੰ ਖਬਰ ਕੀਤੀ ਰਾਜਾ ਜੀ ਤੇਰੇ ਸ਼ਹਿਰ ਵਿਚ ਵਡਾ ਕਲਾਵਾਨ ਪੁਰਖ ਆਯਾ ਹੈ ਤਾਂ ਵਜ਼ੀਰ ਕਹਿਆ ਰਾਜਾ ਤੂੰ ਚਲ ਜੋ ਕੋਈ ਤੇਰੇ ਮਨ ਮੇਂ ਆਵੇ ਸੋ ਧਾਰ ਚਲ ਜੇ ਤੇਰੀ ਪੂਰੀ ਹੋਵੇ ਤਾਂ ਜਾਣ ਜੋ ਕਲਾਵਾਨ ਹੈ ਅਰ ਜੇ ਨ ਪੂਰੀ ਹੋਵੇ ਤਉ ਜਾਣੋ ਜੋ ਕਲਾਵਾਨ ਨਹੀਂ ਤਾਂ ਰਾਜੇ ਕਹਿਆ ਭਲਾ ਵਜ਼ੀਰ ਚਲੀਐ ਤਾਂ ਰਾਜੇ ਮਨਮੇਂ ਏਹਾ ਧਾਰੀ ਜੋ ਮੇਰੀ ਤਉ ਖੁਰਾਕ ਹੈ ਮੈਂ ਤੋ ਉਨਕੋ ਖਾਵਾਂਗਾ ਅਰ ਜੇ ਮੈਂ ਭੀ ਅੰਨ੍ਹਾ ਹੂਆ ਤਾਂ ਮੈਂ ਭੀ ਉਨਕੀ ਸੇਵਾ ਕਰੇਂਗਾ ਏਹਾ ਗੱਲ ਜੀ ਵਿੱਚ ਧਾਰਕਰ ਚਲਿਆ ਨਾਲੇ ਵਜ਼ੀਰ ਨਾਲੇ ਲਸ਼ਕਰ ਦੇਵਾਂ ਦਾ ਜਿਤਨੇ ਰਾਜੇ ਸਣੇ ਆਏ ਆਹੇ ਸੱਭੇ ਅੰਧੇ ਹੋਇ ਗਏ ਇੱਕੋ ਵਜ਼ੀਰ ਸੁਜਾਖਾ ਰਹਿਆ ਤਾਂ ਵਜ਼ੀਰ ਰਾਜੇ ਕੋ ਪੁਕਾਰਿਆ ਕਿਉਂ ਰਾਜਾ ਜੀ ਕਿਆ ਖਬਰ ਹੈ ਤੁਮ ਆਪਣੇ ਆਤਮੇ ਕੀ ਕਹੋ ਤਾਂ ਰਾਜੇ ਕਹਿਆ ਵਜ਼ੀਰ ਤੂੰ ਸੱਚ ਕਹਿਤਾ ਹੈਂ ਏਹ ਕੋਈ ਕਲਾਵਾਨ ਮਹਾਂ ਪੁਰਖ ਹੈ ਜੋ ਮੈਂ ਮਨਮੇਂ ਏਹ ਧਾਰਿਆ ਹੈ ਜੋ ਮੇਰੀ ਖੁਰਾਕ ਹੈ ਮੈਂ ਤਾਂ ਇਨਕੋ ਖਾਵੇਂਗਾ ਸੋ ਤਾਂ ਮੈਨੂੰ ਨਦਰ ਕਿਛ ਆਂਵਦਾ ਨਾਹੀਂ ਤਾਂ ਵਜ਼ੀਰ ਕਹਿਆ ਅਬ ਤੁਮਾਰੇ ਮਨ ਕਿਆ ਆਵਤੀ ਹੈ ਤਬ ਰਾਜੇ ਕਹਿਆ ਅਬ

CC-0. Gurukul Kangri University Haridwar Collection. Digitized by S3 Foundation USA

UTH ERNET ABHINAV GAUR

ਮੇਰੇ ਮਨ ਆਵਤੀ ਹੈ ਜੋ ਨਜਰ ਆਵੈ ਤਾਂ ਚਰਨ ਜਾਇ ਪਕੜੋਂ ਤਾਂ ਵਜ਼ੀਰ ਕਹਿਆ ਤੂੰ ਸੱਚ ਕਹਿਤਾ ਹੈਂ ਕਿ ਮੁਖ ਸਿਉਂ ਬਿਲਾਸ ਕਰਤਾ ਹੈਂ ਤਾਂ ਰਾਜੇ ਕਹਿਆ ਵਜ਼ੀਰ ਮੈਂ ਸੱਚ ਕਹਿਤਾ ਹੋਂ ਅਬ ਮੈਂ ਜੋ ਕੁਛ ਦੇਖਨਾ ਥਾ ਸੋ ਦੇਖ ਰਹਿਆ ਹੋਂ ਤਾਂ ਵਜ਼ੀਰ ਕਹਿਆ ਹੇ ਨਾਨਕ ਨਿਰੰਕਾਰੀ ਤੂੰ ਤਾਂ ਪੂਰਨ ਕਲਾਵਾਨ ਮਹਾਂ ਪੁਰਖ ਹੈਂ ਤੁਮ ਰਾਜੇ ਕਉ ਭੀ ਦਰਸ਼ਨ ਦੇਹੋ ਅਬ ਰਾਜੇ ਕੇ ਮਨ ਕੋ ਪੱਕੀ ਪ੍ਰਤੀਤ ਆਈ ਹੈ ਤਾਂ ਗੁਰੂ ਨਾਨਕ ਜੀ ਕਹਿਆ ਕਿਉਂ ਰਾਜਾ ਦੇਵਲੂਤ ਤੂੰ ਅੱਖੀਆਂ ਖੋਲ੍ਹਕਰ ਦੇਖਤਾ ਕਿਉਂ ਨਹੀਂ ਤਾਂ ਰਾਜੇ ਦੇਵਲੂਤ ਦੀਆਂ ਅੱਖੀਆਂ ਖੁਲ੍ਹ ਗਈਆਂ ਰਾਜਾ ਦੇਵਲੂਤ ਚਰਨੀ ਆਇ ਲਗਾ ਤਾਂ ਗੁਰੂ ਨਾਨਕਜੀ ਬੋਲਿਆ ਰਾਜਾ ਤੈਨੂੰ ਗੁਰੂ ਚਿੱਤ ਆਵੈ ਅਤੇ ਤੂੰ ਆਪਣਾ ਭੁੱਖ ਛੱਡ ਤਾਂ ਰਾਜਾ ਬੋਲਿਆ ਮੇਰੇ ਪਾਸ ਤੇ ਛੁੱਟਾ ਤੁਮ ਮੇਰੇ ਹੀ ਵਾਸਤੇ ਇਸ ਨਗਰਮੇਂ ਆਏਥੇ ਤਾਂ ਗੁਰੂ ਨਾਨਕਜੀ ਬੋਲੇ ਤੇਰੇ ਨਾਲ ਅਸਾਡਾ ਬਚਨ ਆਹਾ ਅਸੀਂ ਇਸੇ ਵਾਸਤੇ ਤੇਰੇ ਪਾਸ ਆਇ ਆਹੇ ਤਾਂ ਰਾਜੇ ਕਹਿਆ ਗੁਰੂ ਜੀ ਚਲੋ ਮੰਦਰਮੇਂ ਬੈਠੋ ਅਰ ਰਸੋਈ ਭੋਜਨ ਕਰੋ ਤਾਂ ਗੁਰੂਨਾਨਕਜੀ ਹੱਸ ਕਰ ਕਹਾ ਰਾਜਾ ਤੇਰਾ ਖਾਜ ਅਸਾਡੇ ਕੰਮ ਨਾਹੀਂ ਤਾਂ ਰਾਜੇ ਕਹਿਆ ਜੀ ਤੁਸੀ ਆਪਣਾਹੀ ਖਾਜ ਖਾਹੋ ਤਾਂ ਗੁਰੂ ਨਾਨਕਜੀ ਉਠਕਰ ਰਾਜੇ ਨਾਲ ਚਲੇ ਜਾਂ ਸ਼ਹਿਰ ਵਿਚ ਆਏ ਤਾਂ ਰਾਜਾ ਮੰਦਰ ਵਿਚ ਲੈ ਚੜ੍ਹਿਆ ਤਾਂ ਰਾਜੇ ਦੇਵਾਂ ਨੂੰ ਹੁਕਮ ਕੀਤਾ ਜੋ ਬਹੁਤੇ ਹੱਛੇ ਹੱਛੇ ਮੇਵੇ ਚੁਨ ਲੈਆਵੋ ਤਾਂ ਸੱਤਦੇਵ ਵਿਦਾ ਕੀਤੇ ਮੇਵੇ ਨੂੰ ਅਤੇ ਸੱਤ ਦੇਵ ਹੋਰਸ ਸੀਧੇ ਨੂੰ ਵਿਦਾ ਕੀਤੇ ਤਾਂ ਚਉਦਹ ਦੇਵ ਸੱਭ ਸਮਗ੍ਰੀ ਲੈ ਆਏ ਆਨ ਕਰ ਰਾਜੇ ਦੇ ਅੱਗੇ ਰੱਖੀ ਤਾਂ ਫੇਰ ਗੁਰੂ ਨਾਨਕ ਜੀ ਕਹਾ ਰਾਜਾ ਜੇ ਤੂੰ ਭਲਾ ਕਰੇਂ ਏਹ ਖਾਜ ਛੋਡ ਦੇਹ ਤਾਂ ਰਾਜੇ ਕਹਿਆ ਤੂੰ ਛੱਡਾਵੇਂ ਤਾਂ ਛਡਹਿੰਗੇ ਤਾਂ ਗੁਰੂਨਾਨਕਜੀ ਕਹਿਆ ਰਾਜੇ ਸੁਧਰਸੈਣ ਨੂੰ ਜਾਨਦਾ ਹੈਂ ਤਾਂ ਰਾਜੇ ਦੇਵਲੂਭ ਕਹਿਆ ਜੀ ਹਉਂ ਜਾਣਤਾ ਹਉਂ ਉਹ ਤਾਂ ਮੇਰੀ ਖੁਰਾਕ ਹੈ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਰਾਜਾ ਜੇ ਤੂੰ ਉਸ ਤਾਈਂ ਅਸਾਂ ਜੇਹਾ ਕਰ ਦੇਖੇਂ ਤਾਂ ਤੇਰਾ ਪ੍ਰਸਾਦਿ ਅਚਵੀਏਂ ਗੇ ਤਾਂ ਰਾਜੇ ਕਹਿਆ ਜੀ ਤੁਮ ਸਭਿ ਕਰ ਜਾਣੋ ਤੁਮਾਰਾ ਬਚਨ ਪੂਰਨ ਹੋਇ ਰਹੇਗਾ ਹਮ ਤੁਮ ਤੇ ਭੀ ਅਧਿਕ ਕਰ ਜਾਣੀਐਂ ਗੇ ਤਾਂ ਗੁਰੂਨਾਨਕਜੀ ਮੇਵਾ ਪ੍ਰਸਾਦਿ ਅਚਵਿਆ ਅਤੇ ਮੈਨੂੰ ਹੁਕਮ ਹੋਯਾ ਭਾਈ ਬਾਲਾ ਤੁਸੀ ਪ੍ਰਸਾਦਿ ਤਈਯਾਰ ਕਰੋ ਤਾਂ ਮਰਦਾਨਾ ਬਹੁਤ ਭੁੱਖਾ ਆਹਾ ਬਹੁਤੇ ਦਿਨਾਂ ਕਾ ਰਾਤ ਡੇਢ ਪਹਿਰ ਗਈ ਆਹੀ ਜਾਂ ਪ੍ਰਸਾਦਿ ਤੱਈਆਰ ਹੋਯਾ ਰਾਜਾ ਅਤੇ ਵਜੀਰ ਦੋਨੋਂ ਹੱਥ ਜੋੜ ਖੜੇ ਹੋਏ ਆਖਣ ਲਗੇ ਗੁਰੂ ਜੀ ਪ੍ਰਸਾਦ ਤੱਈਆਰ ਹੈ ਪ੍ਰਸਾਦਿ ਆਇ ਕਰ ਅੰਚਵੋ ਤਾਂ ਜਾਇਕਰ ਪ੍ਰਸਾਦਿ ਜੇਵਣ ਲਗੇ ਤਾਂ ਮਰਦਾਨੇ ਭੀ ਜੇਂਵਿਆ ਤੇ ਗੁਰੂਜੀ ਮੈਂ ਭੀ ਜੇਂਵਿਆ ਅਤੇ ਗੁਰੂ ਨਾਨਕਜੀ ਪ੍ਰਸਾਦਿ ਜੇਂਵਦੇ ਦੀ ਸਮਾਧਿ ਲੱਗ ਗਈ ਜਾਂ ਸਮਾਧ ਖੁਲ੍ਹੀ ਜੋ ਅਪਣੇ ਅੱਗੇ ਪ੍ਰਸਾਦਿ ਰਹਿਆ ਸੀ ਰਾਜੇ ਅਤੇ ਵਜੀਰ ਦੁਹਾਂ ਨੂੰ ਗੁਰੂ ਨਾਨਕ ਜੀ ਦਿੱਤਾ ਜਾਂ ਉਨ੍ਹਾਂ ਦੋਹਾਂ ਖਾਧਾ ਤਾਂ ਦੋਹਾਂ ਨੂੰ ਅਗਮ ਨਿਗਮਦੀ ਸੋਝੀ ਹੋਈ ਤਾਂ ਦੋਨੋਂ ਮਸਤ ਹੋਇਗਏ ਤਾਂ ਆਖਿਆ ਦੇਖ ਭਾਈ ਮਰਦਾਨਾ ਕਰਤਾਰ ਦੇ ਰਗ ਤਮਾਸ਼ੇ ਜਾਂ ਚਾਰ ਘੜੀਆਂ

CC-0. Gurukul Kangri University Haridwar Collection. Digitized by S3 Foundation USA

ਗੁਜਰੀਆਂ ਭਾਂ ਦੋਹਾਂ ਦੀ ਖ਼ੁਮਾਰੀ ਉਤਰੀ ਪਰ ਓਹ ਦੋਵੇਂ ਪੂਰਨ ਹੋਇ ਗਏ ਭਾਂ ਲੱਗੇ ਗੁਰੂ ਜੀ ਨੂੰ ਆਖਣ ਜੋ ਅਸੀ ਕੱਖ ਕੰਨੋਂ ਭੀ ਕਿਛੁ ਨਾਹੀਂ ਖਾਕ ਕੰਮ ਆਂਵਦੀ ਹੈ ਅਤੇ ਅਸੀ ਕਿਸੇ ਕੰਮ ਨਹੀਂ ਭਾਂ ਗੁਰੂ ਨਾਨਕ ਕਹਿਆ ਸੁਣ ਰਾਜਾ ਦੇਵਲੂਤ ਅਸਾਂ ਤੈਨੂੰ ਏਥੋਂ ਦਾ ਮਸੰਦ ਕੀਤਾ ਅਤੇ ਤੇਰਾ ਵਜ਼ੀਰ ਟਹਿਲੀਆ ਕੀਤਾ ਤੂੰ ਨਿਰੰਕਾਰ ਜਪ ਅਤੇ ਕਿਸੇ ਜੀਅਦਾ ਬੁਰਾ ਨਾ ਮੰਗ ਕਿਸੇ ਜੀਅਦਾ ਘਾਤ ਨ ਕਰ ਸਿੱਧਾ ਖਾਜਾ ਖਾਹ ਭਾਂ ਉਨ੍ਹਾਂ ਦੋਹਾਂ ਆਖਿਆ ਗੁਰੂ ਜੀ ਅਸਾਨੂੰ ਭਾਂ ਕੱਖ ਤੋੜਨੇ ਦੀ ਸ਼ਕਤਿ ਨਾਹੀਂ ਰਹੀ ਭਾਂ ਗੁਰੂ ਨਾਨਕ ਜੀ ਉੱਥੇ ਦੇਵਾਂ ਦੀ ਸੰਗਤਿ ਕੀਤੀ ਦੇਵ ਲਗੇ ਨਿਰੰਕਾਰ ਜਪਨ ਅਤੇ ਅਪਨੇ ਨਗਰ ਦੇ ਲੋਕਾਂ ਨੂੰ ਲਗੇ ਜਪਾਵਣ ਭਾਂ ਨਉਂ ਮਹੀਨੇ ਗੁਰੂ ਨਾਨਕ ਜੀ ਉੱਥੇ ਰਹੇ ਫੇਰ ਉਥੋਂ ਵਿਦਾ ਲੀਤੀ ॥ ੨੯ ॥

ਸਾਖੀ ਹੋਰ ਚਲੀ

ਉੱਥੋਂ ਗੁਰੂ ਨਾਨਕ ਜੀ ਪਸਰ ਨਾਮਾ ਸ਼ਹਿਰ ਨੂੰ ਚਲੇ ਉਥੋਂ ਜਾਂਦਿਆਂ ਤੈ ਮਹੀਨੇ ਲਗੇ ਉੱਥੋਂ ਦਾ ਰਾਜਾ ਭੀਖਨਸੈਨ ਆਹਾ ਬਣਮਾਨੂੰਆਂ ਦਾ ਰਾਜਾ ਆਹਾ ਅਤੇ ਆਪ ਭੀ ਬਣਮਾਨੂੰ ਆਹਾ ਭਾਂ ਉਸ ਸ਼ਹਿਰ ਵਿਚ ਗੁਰੂ ਨਾਨਕ ਜੀ ਗਏ ਭਾਂ ਬਣਮਾਨੂੰਆਂ ਦੀ ਨਜਰ ਪਈ ਭਾਂ ਬਾਲੇ ਆਖਿਆ ਗੁਰੂਜੀ ਬਣਮਾਨੂੰ ਅਸਾਥੋਂ ਡਰਨ ਅਤੇ ਮਰਦਾਨਾ ਉਨਾਂਥੋਂ ਡਰਿਆ ਭਾਂ ਗੁਰੂ ਨਾਨਕ ਆਖਿਆ ਕਿਉਂ ਭਾਈ ਬਾਲਾ ਮੈਂ ਆਖਿਆ ਸੁਖ ਗੁਰੂ ਜੀ ਭਾਂ ਫੇਰ ਗੁਰੂ ਨਾਨਕ ਮਰਦਾਨੇ ਨੂੰ ਆਖਿਆ ਅਤੇ ਪੁੱਛਿ ਓਸ ਕਿਉਂ ਭਾਈ ਮਰਦਾਨਾ ਕਿਆ ਆਖਦਾ ਹੈਂ ਭਾਂ ਮਰਦਾਨੇ ਆਖਿਆ ਜੀ ਏਹ ਕਿਆ ਬਲਾਈਂ ਹੈਨ ਭਾਂ ਗੁਰੂ ਜੀ ਆਖਿਆ ਏਹ ਬਣਮਾਨੂੰ ਹੈਨ ਭਾਂ ਮਰਦਾਨੇ ਆਖਿਆ ਜੀ ਬਣਮਾਨੂੰ ਏਹੋ ਹੈਨ ਭਾਂ ਗੁਰੂ ਨਾਨਕ ਜੀ ਕਹਿਆ ਏ ਬਣਮਾਨੂੰ ਹੈਨ ਭਾਂ ਕਹਿਆ ਗੁਰੂ ਜੀ ਹੋਰ ਭਾਂ ਸਭੇ ਨੱਸ ਗਏ ਪਰ ਜੀ ਇਕ ਖੜਾ ਰਹਯਾ ਤਿਸਨੂੰ ਮੈਂ ਪੁੱਛਿਆ ਭਾਈ ਤੂੰ ਕੌਣ ਹੈਂ ਭਾਂ ਉਸ ਬਣਮਾਨੂੰ ਅੱਗੋਂ ਚੀਕ ਮਾਰੀ ਜਸੋਂ ਜੰਗਲ ਦੇ ਪ ੂ ਚੀਕ ਮਾਰਦੇ ਹੈਨ ਭਾਂ ਮੈਂ ਆਖਿਆ ਗੁਰੂ ਜੀ ਇਹ ਭਾਂ ਚੀਕਾਂ ਮਾਰਦੇ ਹੈਨ ਏਹ ਭਾਂ ਬੋਲਦੇ ਨਾਹੀਂ ਭਾਂ ਗੁਰੂ ਨਾਨਕ ਜੀ ਆਖਿਆ ਭਾਈ ਬਾਲਾ ਇਨ੍ਹਾਂ ਦੀ ਬੋਲੀ ਏਹੋ ਹੈ ਗੁਰੂ ਜੀ ਓਹ ਜੋ ਹੜਾ ਚੀਕ ਮਾਰ ਕੇ ਨੱਸ ਗਿਆ ਸੀ ਸੋ ਜੰਗਲ ਦਾ ਮੇਵਾ ਲੈ ਆਯਾ ਦੂਰੋਂ ਅੱਗੇ ਰੱਖ ਕੇ ਆਪ ਹਟ ਖਲੋਤਾ ਭਾਂ ਗੁਰੂ ਨਾਨਕ ਜੀ ਆਖਿਆ ਭਾਈ ਬਾਲਾ ਚਾਇ ਲੈ ਭਾਂ ਮੈਂ ਆਖਿਆ ਗੁਰੂ ਜੀ ਤੁਸੀ ਭਾਂ ਜੇਹਾ ਕੇਹਾ ਪ੍ਰਸਾਦ ਮੂੰਹ ਨਾਹੀਂ ਪਾਇੰਦੇ ਭਾਂ ਗੁਰੂ ਨਾਨਕ ਜੀ ਆਖਿਆ ਭਾਈ ਬਾਲਾ ਇਹ ਪ੍ਰਸਾਦਿ ਪਵਿਤ੍ਰ ਹੈ ਇਹ ਬਣਮਾਨੂੰ ਹੈਨ ਕੰਦ ਮੂਲ ਦਾ ਅਹਾਰ ਕਰਦੇ ਹਨ ਅਤੇ ਜੀ ਅਜੰਤ ਪਾਸੋਂ ਡਰਦੇ ਹੈਨ ਉੱਥੇ ਜੰਗਲ ਵਿਚ ਇਕ ਮਹੀਨਾ ਰਹੇ ਇਸ ਤਰਾਂ ਸੇਵਾ ਬਣਮਾਨੂੰ ਕਰਦੇ ਰਹੇ ਫੇਰ ਗੁਰੂ ਜੀ ਉਥੋਂ ਰਮਦੇ ਰਹੇ ॥ ੩੦ ॥

ਆਗੇ ਸਾਖੀ ਹੋਰ ਚਲੀ

ਅਗੇ ਸਮੁੰਦ੍ਰ ਲਹਿਰਾਂ ਦੇਂਦਾ ਆਹਾ ਤਾਂ ਮਰਦਾਨੇ ਆਖਿਆ ਗੁਰੂ ਜੀ ਅਗੇ ਤਾਂ ਸਮੁੰਦ੍ਰ ਲਹਿਰਾਂ

CC-0. Gurukul Kangri University Haridwar Collection. Digitized by S3 Foundation USA

INTERNET
ABHINAV GAUR

ਦੇਂਦਾ ਹੈ ਜਹਾਜ਼ ਕੋਈ ਨਾਹੀਂ ਤੂੰ ਕਿਧਰ ਜਾਵੇਂਗਾ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਬੋਲ ਨਾਹੀਂ ਚੁੱਪ ਕਰ ਜਾਹ ਤਾਂ ਮੈਂ ਆਖਿਆ ਅਵੋ ਮਰਦਾਨਾ ਤੂੰ ਤਾਂ ਗਲ ਵਿੱਚ ਪੱਲਾ ਘੱਤ ਖੜੋਤਾ ਆਹੋ ਵਤ ਤੈਨੂੰ ਕਿਧਾ ਹੋਧਾ ਤਾਂ ਮਰਦਾਨੇ ਆਖਿਆ ਜਜਮਾਨ ਅੱਗੇ ਤਾਂ ਰਾਹ ਕੋਈ ਨਾਹੀਂ ਤਾਂ ਮੈਂ ਆਖਿਆ ਮਰਦਾਨਾ ਦੇਖ ਤਮਾਸ਼ੇ ਕਰਤਾਰ ਦੇ ਅਤੇ ਚੁੱਪ ਕਰਕੇ ਚਲਿਆ ਜਾਹ ਤਾਂ ਗੁਰੂ ਨਾਨਕ ਕਹਿਆ ਮਰਦਾਨਾ ਜਿਸ ਸਿਖ ਦੇ ਮੂੰਹ ਵਿੱਚ ਏਹ ਸ਼ਲੋਕ ਹੋਵੇਗਾ

੧ ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ ॥ ਆਦਿ ਸਚੁ ਜੁਗਾਦਿ ਸਚੁ ॥ ਹੈਭੀ ਸਚੁ ਨਾਨਕ ਹੋਸੀ ਭੀ ਸਚੁ ॥ ਅਤੇ ਪੜ੍ਹਦਾ ਜਾਵੇਗਾ ਅਤੇ ਜਿਤਨੀ ਸੁਣੇਗੀ ਤਿਤਨੀ ਪਾਰ ਲੰਘੇਗੀ ਮਰਦਾਨਾ ਤੁਸੀ ਮੇਰੇ ਪਿੱਛੇ ਚਲੇ ਆਵਹੁ ਤਾਂ ਅੱਗੇ ਗੁਰੂ ਨਾਨਕ ਜੀ ਪਿੱਛੇ ਮੈਂ ਤੇ ਮਰਦਾਨਾ ਜਿਉਂ ਧਰਤੀ ਤੇ ਚਲੇ ਆਂਵਦੇ ਆਹੇ ਤਿਵੇਂ ਸਮੁੰਦ੍ਰ ਤੇ ਚਲੇ ਜਾਈਐ ਤਾਂ ਮਰਦਾਨਾ ਗੁਰੂ ਨਾਨਕ ਜੀ ਨੂੰ ਆਖਣ ਲਗਾ ਜੀ ਤਉ ਤੇ ਖੁਦਾਇ ਵਿੱਚ ਭੇਦ ਕਿਛੁ ਨਾਹੀਂ ਗੁਰੂ ਨਾਨਕ ਜੀ ਕਹਿਆ ਚੁੱਪ ਮਰਦਾਨਾ ਚੁੱਪ ਕਰ ਜਾਹ ਤਾਂ ਮਰਦਾਨੇ ਆਖਿਆ ਜੀ ਹੁਣ ਅਸਾਨੂੰ ਡਰ ਕਿਸਦਾ ਹੈ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਅੱਗੇ ਵਡੀ ਬਲਾ ਇਆਂਵਦੀ ਹੈ ਤਾਂ ਮਰਦਾਨੇ ਆਖਿਆ ਜੀ ਵਤ ਅੱਗੇ ਕਿਉਂ ਜਾਂਦਾ ਹੈਂ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਜੇ ਮੁੜਦੇ ਆਹੇ ਤਾਂ ਭੀ ਛੱਡਦੀ ਨਾਹੀਂ ਉਸ ਥੋਂ ਅੱਗੇ ਹੀ ਕਿਉਂ ਨ ਚਲੀਐ ਪੰਜ ਰਾਤੀ ਤੇ ਪੰਜ ਦਿਨ ਸਮੁੰਦ੍ਰ ਵਿੱਚ ਚਲੇ ਗਏ ਤਾਂ ਅੱਗੋਂ ਕਲ ਆਂਵਦੀ ਹੈ ਵਡੇ ਦੰਦ ਅਤੇ ਬਿਕਰਾਲ ਰੂਪ ਕਰਕੇ ਆਈ ਤਾਂ ਗੁਰੂ ਨਾਨਕ ਜੀ ਨੂੰ ਇੱਕ ਡੰਡਾ ਗਜ ਸਵਾ ਇਕ ਦਾ ਨਦਰਿ ਪੈ ਗਿਆ ਤਾਂ ਗੁਰੂ ਨਾਨਕ ਆਖਿਆ ਮਰਦਾਨਾ ਓਹ ਡੰਡਾ ਚਾਇ ਲੈ ਆਉ ਤਾਂ ਮਰਦਾਨੇ ਡੰਡਾ ਚਾਇ ਕੇ ਗੁਰੂ ਨਾਨਕ ਦੇ ਹੱਥ ਦਿੱਤਾ ਤਾਂ ਗੁਰੂ ਨਾਨਕ ਜੀ ਡੰਡਾ ਅਪਨੇ ਹੱਥ ਲੀਤਾ ਕਲ ਵਡੇ ਦੰਦ ਅਤੇ ਵਿਕਰਾਲ ਰੂਪ ਕਰਕੇ ਆਈ ਤਾਂ ਗੁਰੂ ਨਾਨਕ ਜੀ ਦੇ ਸਾਮ੍ਹਣੇ ਜੋ ਦਉੜੀ ਜਿਉਂ ਨਜੀਕ ਆਈ ਤਿਉਂ ਗੁਰੂ ਨਾਨਕ ਜੀ ਕਲ ਦੇ ਮੂੰਹ ਡੰਡਾ ਦਿੱਤਾ ਸੋ ਕੂਕਦੀ ਨੱਠੀ ਤਾਂ ਪਿੱਛੇ ਨਾਰਦ ਗੁਸਾਂਈਂ ਆਧਾ ਤਾਂ ਗੁਰੂ ਨਾਨਕ ਨੂੰ ਆਇ ਮਿਲਿਆ ਤਾਂ ਗੁਰੂ ਨਾਨਕ ਆਖਿਆ ਭਾਈ ਬਾਲਾ ਤੂੰ ਕਲ ਨਾਲ ਖਬਰਦਾਰ ਹੋ ਅਤੇ ਅਸੀ ਗੁਸਾਈਂ ਨਾਰਦ ਨਾਲ ਖੇਲੀਐ ਤਾਂ ਗੁਸਾਂਈਂ ਨਾਰਦ ਕਹਿਆ ਜੀ ਤੁਸੀ ਕਲ ਤਾਈਂ ਕੇ ਆਖਦੇ ਹੋ ਕਲ ਤਾਂ ਹੁਕਮ ਨਰੰਕਾਰ ਦੇ ਨਾਲ ਕਾਰ ਕਰਦੀ ਫਿਰਦੀ ਹੈ ਤਾਂ ਗੁਰੂ ਨਾਨਕ ਕਹਿਆ ਗੁਸਾਂਈਂ ਨਾਰਦ ਸੰਸਾਰ ਉਪਰ ਇਸਦੀ ਕਾਰ ਹੈ ਕਿ ਅਸਾਂ ਉਪਰ ਭੀ ਹੈ ਤਾਂ ਗੁਸਾਂਈਂ ਨਾਰਦ ਕਹਜਾ ਜੀ ਸੰਸਾਰ ਉਪਰ ਹੈ ਤਾਂ ਗੁਰੂ ਨਾਨਕ ਕਹਿਆ ਗੁਸਾਈਂ ਜੀ ਏਹ ਅਸਾਂ ਪਾਸ ਕਿਉਂ ਆਈ ਹੈ ਤਾਂ ਨਾਰਦ ਕਹਿਆ ਜੀ ਉਸ ਪਾਸੋਂ ਸੱਦ ਕੇ ਪੁਛੀਐ ਤਾਂ ਗੁਰੂ ਨਾਨਕ ਕਹਿਆ ਜੀ ਤੁਸੀ ਹੀ ਪੁੱਛੋ ਤਾਂ ਨਾਰਦ ਗੁਸਾਂਈਂ ਕਲ ਨੂੰ ਸੱਦਿਆ ਕਲ ਆਗੇ ਆਇ ਖੜੀ ਹੋਈ ਤਾਂ ਨਾਰਦ ਗੁਸਾਂਈਂ ਕਹਿਆ ਕਲ ਮਾਤਾ ਤੈਨੂੰ ਸਾਧਾਂ ਤੇ ਆਵਣ ਦਾ ਹੁਕਮ ਨਾਹੀਂ ਤੂੰ ਇੱਥੇ ਕਿਉਂ ਆਈਓਂ ਤਾਂ ਕਲ

CC-0. Gurukul Kangri University Haridwar Collection. Digitized by S3 Foundation USA

ਮਾਤਾ ਆਖਿਆ ਜੀ ਇਕੇ ਤਾਂ ਆਪ ਛੁਟੇ ਇਕੇ ਤਾਂ ਲੋਕਾਂ ਨੂੰ ਛੁਡਾਏ ਤਾਂ ਗੁਰੂ ਨਾਨਕ ਆਖਿਆ ਜੋ ਅਸਾਡਾ ਸਿੱਖਹੋਵੇਗਾ ਸੋ ਸਭੋਹੀ ਛੁਟੇਗਾ ਅਤੇਤੇਰੇਦੰਦਭੰਨੇਗਾ ਅਤੇਤੇਰੇਵਾਲ ਪੱਟੇਗਾ ਤਾਂ ਕਲ ਬੋਲੀ ਜੀ ਮੈਂ ਤਾਂ ਹੁਕਮਨਾਲ ਫਿਰਦੀਹਾਂ ਤਾਂ ਗੁਰੂ ਨਾਨਕ ਜੀ ਕਹਿਆ ਤੂੰਕਿਸਦੇ ਹੁਕਮ ਨਾਲ ਫਿਰਦੀਹੈਂ ਤਾਂ ਕਲ ਆਖਿਆ ਜੀ ਮੈਂ ਨਿਰੰਕਾਰਦੇ ਹੁਕਮ ਨਾਲ ਫਿਰਦੀ ਹਾਂ ਤਾਂ ਗੁਰੂਨਾਨਕ ਜੀ ਕਹਿਆ ਅਸੀ ਕਿਸਦੇ ਆਹੇ ਤਾਂ ਕਲ ਕਹਿਆ ਤੁਸੀਭੀ ਨਿਰੰਕਾਰ ਦੇ ਹੋ ਤਾਂ ਗੁਰੂ ਨਾਨਕ ਜੀ ਕਹਿਆ ਤੈਨੂੰ ਏਥੇ ਆਵਣਾ ਜੋਗ ਨਹੀਂ ਹੋਰ ਸੰਸਾਰ ਤੈਨੂੰ ਥੋੜਾ ਪਿਆਹੈ ਤਾਂ ਗੁਰੂਨਾਨਕ ਜੀ ਕਹਿਆ ਜੋ ਸਾਡਾ ਉਪਦੇਸ਼ਕਮਾਵੇਗਾ ਤਿਸਤੇਤੇਰਾ ਜੋਰ ਚਲੇਗਾ ਨਾਹੀਂ ਤੂੰ ਭਾਵੇਂ ਕੇਹਾ ਜੋਰ ਕਰੇਂਗੀ ਅਸਾਂ ਕਰਤਾਰ ਥੋਂ ਅੱਗੇਹੀ ਬਖ਼ਸ਼ਾਏ ਹੈਨ ਭਾਂ ਨਾਰਦ ਗੁਸਾਈਂ ਕਹਿਆ ਸੁਣਕਲਮਾਤਾ ਇਹਡਾਢਾਹੈ ਇਹਨਾਨਕ ਨਿਰੰਕਾਰੀਹੈ ਤੈਨੂੰ ਏਥੇ ਅਦਬ ਹੀ ਬਣਦਾ ਹੈ ਤਾਂ ਕਲ ਉੱਥੋਂ ਹਟ ਖੜੀ ਹੋਈ॥ ਬੋਲਹੁ ਭਾਈ ਜੀ ਵਾਹਿਗੁਰੂ

॥ ੩੦ ॥

ਸਾਖੀ ਹੋਰ ਚਲੀ

ਤਾਂਗੁਰੂ ਬਾਬਾ ਨਾਨਕਜੀ ਉਥੋਂ ਅੱਗੇਚਲੇ ਪੰਦ੍ਰਾਂਦਿਨਤੇਪੰਦਰਾਂਰਾਤੀਂ ਈਂਵੇਂ ਪਉਣਅਹਾਰੀ ਚਲੇਗਏ ਅਗੇਸਮੁੰਦ੍ਰਦੇ ਟਾਪੂ ਵਿੱਚ ਬਿਸਹਰਦੇਸ ਆਹਾ ਤਿਸਦਾ ਰਾਜਾ ਸੁਧਰਸੈਣਆਹਾ ਵਡਾਰਾਜ ਕਰਦਾ ਆਹਾ ਉਸ ਸ਼ਹਿਰ ਵਿੱਚ ਗੁਰੂਨਾਨਕਜੀ ਜਾਇ ਉਤਰਿਆ ਇਕਦਿਨ ਗੁਜਰਿਆ ਦੂਜਾ ਦਿਨ ਗੁਜਰਿਆ ਤਾਂ ਮਰਦਾਨੇ ਆਖਿਆ ਗੁਰੂ ਜੀ ਜੇ ਹੁਕਮ ਹੋਵੇ ਤਾਂ ਮੈਂ ਸ਼ਹਿਰ ਵਿਚ ਜਾਵਾਂ ਤਾਂ ਗੁਰੂ ਨਾਨਕ ਜੀ ਆਖਿਆ ਕਿਉਂ ਮਰਦਾਨਾ ਕਿਉਂ ਜਾਂਦਾ ਹੈਂ ਤਾਂ ਮਰਦਾਨੇ ਆਖਿਆ ਜੀ ਮੈਂ ਬਹੁਤ ਭੁੱਖਾਹਾਂ ਸ਼ਹਿਰ ਵਿੱਚੋਂ ਕੁਝ ਮੂੰਹਪਵੇਤਾਂਪਾਇਆਵਾਂ ਤਾਂ ਗੁਰੂ ਨਾਨਕਜੀਪੁੱਛਿਆ ਕਿਉਂ ਭਾਈ ਬਾਲਾ ਤਾਂ ਮੈਂ ਕਹਿਆ ਜੀ ਜਨਮ ਦਾ ਸੁਭਾਉਜਾਂਦਾ ਨਾਹੀਂ ਅਤੇ ਤੁਸੀ ਨਿਰੰਕਾਰ ਦੀ ਜਾਤ ਹੋ ਤਾਂ ਗੁਰੂਨਾਨਕ ਜੀ ਹੱਸਿਆ ਹੱਸਕਰ ਆਖਿਓਸ ਕਿਉਂ ਮਰਦਾਨਾ ਕਿਧਰ ਜਾਸੀ ਤਾਂ ਮਰਦਾਨੇ ਆਖਿਆ ਜੀ ਜਿਧਰ ਹੁਕਮ ਹੋਸੀ ਤਾਂ ਗੁਰੂ ਨਾਨਕਜੀ ਆਖਿਆ ਮਰਦਾਨਾ ਇਕਝੰਡਾਬਾਢੀ ਤ੍ਰਿਖਾਣਹੈਈ ਤੂੰ ਉਂਥੇਜਾਵੇਂ ਤਾਂ ਮਰਦਾਨੇ ਆਖਿਆ ਜੀ ਮੈਂ ਉਸਨੂੰਜਾਣਦਾ ਨਾਹੀਂ ਤੁਸੀ ਕਾਈ ਨਿਸ਼ਾਨੀ ਦੱਸੋ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਉਸਦੇ ਪਿਉ ਦਾ ਨਾਉਂ ਪਾਖਰ ਹੈਈ ਤੂੰ ਏਹੋ ਜਾਇਕਰ ਪੁੱਛ ਜੋ ਭਾਈ ਪਾਖਰਬਾਢੀਦਾ ਪੁਤ੍ਰ ਝੰਡਾਬਾਢੀ ਹੈ ਸੋ ਕਿੱਥੇ ਰਹਿੰਦਾਹੈ ਤਾਂ ਮਰਦਾਨੇਆਖਿਆਜੀ ਸੱਤ ਬਚਨ ਤਾਂ ਮਰਦਾਨਾ ਉੱਠ ਚਲਿਆ ਜਾਇਕਰ ਸ਼ਹਿਰ ਵਿੱਚ ਲੱਗਾ ਪੁੱਛਣ ਜੋ ਭਾਈ ਪਾਖਰਬਾਢੀ ਦਾ ਪੁੱਤ੍ਰ ਜੋ ਝੰਡਾ ਬਾਢੀ ਹੈ ਸੋ ਕਿਸ ਤਰਫ ਰਹਿੰਦਾ ਹੈ ਤਾਂ ਪੁੱਛਦਾ ੨ ਕੋਹ ਤੋੜੀ ਗਿਆ ਤਾਂ ਇਕਸ ਆਦਮੀ ਆਖਿਆ ਤੂੰ ਕਉਣ ਹੋਂਦਾ ਹੈਂ ਅਤੇ ਕਿੱਥੋਂ ਆਯਾ ਹੈਂ ਅਤੇ ਝੰਡੇ ਬਾਢੀ ਨੂੰ ਕਿਉਂ ਪੁੱਛਦਾ ਹੈਂ ਤਾਂ ਮਰਦਾਨੇਆਖਿਆ ਭਾਈ ਤੂੰ ਮੈਨੂੰ ਦੱਸ ਓਹਮੈਨੂੰ ਆਪੇ ਪੁੱਛ ਲਏਗਾ ਤੂੰ ਮੈਨੂੰ ਉਸਝੰਡੇਦਾਘਰਦੱਸ ਤਾਂਉਸਆਖਿਆ ਭਾਈਮੈਂ ਈਂ ਤਾਂ ਨਹੀਂ ਦੱਸਦਾ ਤੂੰ ਆਪਣਾ

CC-0. Gurukul Kangri University Haridwar Collection. Digitized by S3 Foundation USA

ABHINAV GAUR

ਨਾਉਂ ਅਤੇ ਵਤਣ ਦੱਸੇਂ ਤਾਂ ਹਉਂ ਤੈਨੂੰ ਦੱਸੀਂ ਤਾਂ ਮਰਦਾਨੇ ਆਖਿਆ ਭਾਈਜੀ ਇਸ ਨਗਰੀ ਦੀ ਰੀਤ ਏਹਾ ਹੈ ਤਾਂ ਉਸ ਆਖਯਾ ਜੀ ਏਥੇ ਰਾਜੇ ਦਾ ਹੁਕਮ ਹੈ ਜੋ ਕੋਈ ਅਭੂਮੀਆ ਆਵੇ ਤਿਸ ਨੂੰ ਪੁੱਛੇ ਬਿਨਾਂ ਦੱਸਣਾ ਕੁਛ ਨਾਹੀਂ ਏਥੋਂ ਦੀ ਰੀਤ ਏਹਾ ਹੈ ਤਾਂ ਮਰਦਾਨੇ ਆਖਿਆ ਭਾਈ ਮੇਰਾ ਨਾਉਂ ਮਰਦਾਨਾ ਹੈ ਅਤੇ ਵਰਨ ਮੇਰਾ ਮਿਰਾਸੀ ਦਾ ਹੈ ਤਾਂ ਉਸ ਫੇਰ ਪੁੱਛਿਆ ਮਰਦਾਨਾ ਤੇਰਾ ਵਤਨ ਕੌਣ ਹੈ ਤਾਂ ਮਰਦਾਨੇ ਆਖਿਆ ਜੀ ਕਦੀ ਪੰਜਾਬ ਸੁਣਿਆ ਹੋਯਾ ਹੈ ਉਸ ਪੰਜਾਬ ਦੇ ਪਰਗਣੇ ਰਾਇ ਭੋਇ ਦੀ ਤਲਵੰਡੀ ਹੈ ਓਹ ਮੇਰਾ ਵਤਨ ਹੈ ਤਾਂ ਉਸ ਫੇਰ ਪੁੱਛਿਆ ਭਾਈ ਮਰਦਾਨਾ ਉੱਥੇ ਇਕ ਨਾਨਕ ਤਪਾ ਖੱਤ੍ਰੀ ਪੈਦਾ ਹੋਯਾ ਹੈ ਉਸ ਦਾ ਵੀ ਤੂੰ ਮਹਿਰਮ ਹੈਂ ਤਾਂ ਮਰਦਾਨਾ ਹੱਸਿਆ ਤਾਂ ਮਰਦਾਨੇ ਆਖਿਆ ਭਾਈ ਤੂੰ ਅਪਨਾ ਨਾਉਂ ਦੱਸ ਮੈਂ ਤਾਂ ਓਸੇ ਨਾਨਕ ਦਾ ਮਿਰਾਸੀ ਹਾਂ ਤੂੰ ਉਸ ਨੂੰ ਕਿਆ ਜਾਣਦਾ ਹੈਂ ਤਾਂ ਉਸ ਹੱਸ ਕਰ ਆਖਿਆ ਸੁਣ ਮਰਦਾਨਾ ਉਹ ਤਾਂ ਅਸਾਡਾ ਪੁਰਾਤਮੀ ਯਾਰ ਹੈ ਤਾਂ ਉਸ ਆਖਿਆ ਜੀ ਤੂੰ ਉਸ ਨੂੰ ਸਿਞਾਣਦਾ ਹੈਂ ਤਾਂ ਚੱਲ ਓਸ ਕਿਹਾ ਮੈਂ ਕਿਸ ਤਰਾਂ ਚਲਾਂ ਤੇਰਾ ਮਿੱਤ੍ਰ ਹੈ ਤਾਂ ਉਸ ਆਖਿਆ ਭਾਈ ਮਰਦਾਨਾ ਜੇ ਨ ਦਰਿਆ ਵੇ ਤਾਂ ਸਿਞਾਣ ਲਈਐ ਤਾਂ ਮਰਦਾਨੇ ਆਖਿਆ ਭਾਈ ਓਹ ਤਾਂ ਬਾਹਰ ਬੈਠਾ ਹੈ ਈ ਤਾਂ ਉਸ ਆਖਿਆ ਚੱਲ ਭਾਈ ਮਰਦਾਨਾ ਮੈਨੂੰ ਦਿਖਾਇ ਤਾਂ ਮਰਦਾਨੇ ਆਖਿਆ ਭਾਈ ਜੀ ਗੁਰੂ ਨਾਨਕ ਜੀ ਮੇਰੇ ਉੱਤੇ ਰੰਜ ਹੋਵੇਗਾ ਪਹਿਲੇ ਤੂੰ ਝੰਡੇ ਬਾਢੀ ਨੂੰ ਤਾਂ ਦੱਸ ਤਾਂ ਪਿੱਛੇ ਤੈਨੂੰ ਗੁਰੂ ਨਾਨਕ ਪਾਸ ਲੈ ਜਾਵਾਂਗਾ ਉਸ ਆਖਿਆ ਚੱਲ ਭਾਈ ਮਰਦਾਨਿਆਂ ਤਾਂ ਓਹ ਭਾਈ ਮਰਦਾਨੇ ਨੂੰ ਝੰਡੇ ਬਾਢੀ ਪਾਸ ਲੈ ਚਲਿਆ ਜਾਂ ਰਾਹ ਵਿੱਚ ਆਏ ਤਾਂ ਮਰਦਾਨੇ ਉਸ ਨੂੰ ਪੁੱਛਿਆ ਜੋ ਭਾਈ ਤੈਨੂੰ ਮੈਂ ਸਭ ਹਕੀਕਤ ਕਹੀ ਤੇ ਤੈਂ ਮੈਨੂੰ ਆਪਣਾ ਨਾਉਂ ਨਾ ਦੱਸਿਆ ਆਖ ਭਾਈ ਤੇਰਾ ਨਾਉਂ ਕਿਆ ਹੈ ਤੂੰ ਮੈਨੂੰ ਆਪਣਾ ਨਾਉਂ ਦੱਸ ਤਾਂ ਉਸ ਆਖਿਆ ਭਾਈ ਮੇਰਾ ਨਾਉਂ ਗੁਰੂ ਨਾਨਕ ਜੀ ਜਾਣਦਾ ਹੈ ਤਾਂ ਮਰਦਾਨੇ ਆਖਿਆ ਜੀ ਗੁਰੂ ਨਾਨਕ ਜੀ ਤਾਂ ਜਾਣਦਾ ਹੈ ਪਰ ਮੈਂ ਤਾਂ ਜਾਣਦਾ ਨਹੀਂ ਤੂੰ ਮੈਨੂੰ ਆਪਨਾ ਨਾਉਂ ਦੱਸ ਤਾਂ ਉਸ ਆਖਿਆ ਭਾਈ ਮਰਦਾਨਾ ਮੇਰਾ ਨਾਉਂ ਇੰਦ੍ਰ ਸੈਣ ਹੈ ਤਾਂ ਮਰਦਾਨੇ ਆਖਿਆ ਭਾਈ ਇੰਦ੍ਰ ਸੈਣ ਤੁਸੀਂ ਹੋਂਦੇ ਕਉਣ ਲੋਕ ਹੋ ਤਾਂ ਇੰਦ੍ਰ ਸੈਣ ਆਖਿਆ ਸੁਣ ਭਾਈ ਮਰਦਾਨਾ ਇਥੋਂ ਦਾ ਜੋ ਰਾਜਾ ਹੈ ਉਸ ਦਾ ਮੈਂ ਭਣੇਵਾਂ ਹਾਂ ਤਿਚਰ ਨੂੰ ਜਾ ਇ ਝੰਡੇ ਬਾਢੀ ਦੇ ਘਰ ਵੜ ਝੰਡਾ ਬਾਢੀ ਅੱਗੇ ਬੈਠਾ ਮੰਜੀ ਬੁਨਦਾ ਆਹਾ ਇੰਦ੍ਰ ਸੈਣ ਨੂੰ ਜੋ ਝੰਡੇ ਬਾਢੀ ਡਿੱਠਾ ਸੋ ਉਠ ਖੜਾ ਹੋਯਾ ਬਹੁਤ ਅਦਬ ਕੀਤਾ ਸੁ ਮੰਜੀ ਵਿਛਾਇ ਦਿਤੀ ਓਸ ਤਾਂ ਇੰਦ੍ਰ ਸੈਣ ਆਖਿਆ ਭਾਈ ਮਰਦਾਨਾ ਬਹੁ ਤਾਂ ਮਰਦਾਨੇ ਆਖਿਆ ਜੀ ਤੁਸੀ ਭੀ ਬਹੁ ਤਾਂ ਇੰਦਰ ਸੈਣ ਮਰਦਾਨੇ ਨੂੰ ਹੱਥ ਪਕੜ ਕਰ ਬੈਠਾਯਾ ਦੋਵੇਂ ਮੰਜੀ ਉਪਰ ਬੈਠੇ ਤਾਂ ਝੰਡੇ ਬਾਢੀ ਪੁੱਛਿਆ ਜੀ ਇਹ ਸਾਧ ਕਿੱਥੋਂ ਹੈ ਤਾਂ ਇੰਦ੍ਰ ਸੈਣ ਆਖਿਆ ਭਾਈ ਝੰਡੇ ਤੇਰਾ ਘਰ ਪੁੱਛਦਾ ਫਿਰਦਾ ਆਹਾ ਮੈਂ ਇਸ ਨੂੰ ਲੈ ਆਯਾ ਹਾਂ ਤਾਂ ਝੰਡੇ ਬਾਢੀ ਪੁੱਛਿਆ ਜੀ ਹੇ ਸਾਧ ਤੂੰ ਕਿਥੋਂ ਹੈਂ ਅਤੇ ਭਾਈ ਤੇਰਾ ਨਾਉਂ ਕਿਆ ਹੈ ਤਾਂ ਮਰਦਾਨੇ ਆਖਿਆ ਭਾਈ ਮੇਰਾ ਨਾਉਂ ਮਰਦਾਨਾ ਹੈ ਅਤੇ ਹੋਂਦਾ ਮਿਰਾਸੀ ਹਾਂ ਅਤੇ ਆਯਾ ਹਾਂ

CC-0. Gurukul Kangri University Haridwar Collection. Digitized by S3 Foundation USA

ਗੁਰੂ ਨਾਨਕ ਪਾਸੋਂ ਤਾਂ ਝੰਡੇ ਬਾਢੀ ਪੁੱਛਿਆਂ ਭਾਈਮਰਦਾਨਾਂ ਤੂੰ ਜੋਅਸਾਂਨੂੰ ਪੁੱਛਦਾਆਹੋ ਸੋ ਤਉ ਅਸਾਂ ਨਾਲਕਿਆ ਕੰਮਹੈ ਅਸਾਂਨੂੰ ਤੂੰ ਕਿਆ ਜਾਣਦਾ ਹੈਂ ਤਾਂ ਮਰਦਾਨੇ ਆਖਿਆ ਜੀ ਅਸਾਂ ਤੁਸਾਡੇ ਨਾਲ ਕੰਮਹੈ ਜੋ ਗੁਰੂਨਾਨਕਜੀ ਅਸਾਂਨੂੰ ਤੁਸਾਂਪਾਸ ਭੇਜਿਆ ਹੈ ਤਾਂ ਝੰਡੇਬਾਢੀ ਆਖਿਆ ਭਾਈ ਮਰਦਾਨਾ ਅਸੀਂ ਤਾਂ ਗੁਰੂਨਾਨਕਨੂੰ ਨਹੀਂ ਜਾਣਦੇ ਜੋ ਨਾਨਕਜੀਕਉਣ ਲੋਕ ਹੋਂ ਦੇਹਨ ਤਾਂ ਮਰਦਾਨੇ ਆਖਿਆ ਜੀ ਤੁਸੀ ਤਾਂ ਨਾਹੀਂ ਜਾਣਦੇ ਪਰ ਓਹ ਤਾਂ ਤੁਸਾਂਨੂੰ ਜਾਣਦੇ ਹੈਨ ਤਾਂ ਓਨ੍ਹਾਂ ਅਸਾਨੂੰ ਤੁਸਾਂਪਾਸਭੇਜਿਆਹੈ ਤੁਸੀ ਉਥੋਂ ਤੋੜੀਤਾਂਚਲੋ ਤਾਂਝੰਡੇਬਾਢੀ ਆਖਿਆ ਭਲਾ ਭਾਈ ਮਰਦਾਨਾ ਚਲਦੇ ਆਹੇ ਅਸਾਂ ਨੂੰ ਮੰਜੀ ਬੁਣ ਲੈਣ ਦੇਹੋ ਤਾਂਚਲਦੇ ਆਹੇ ਜਾਂਮੰਜੀ ਬੁਨ ਚੁੱਕਾ ਤਾਂ ਮਰਦਾਨੇ ਆਖਿਆ ਭਾਈਜੀ ਚਲੋ ਤਾਂ ਝੰਡੇਬਾਢੀ ਆਖਿਆ ਭਾਈ ਮਰਦਾਨਾ ਕਿਉਂ ਉਤਾਵਲਾ ਹੋਯਾਹੈਂ ਤਾਂ ਮਰਦਾਨੇਆਖਿਆ ਭਾਈ ਜੀ ਗੁਰੂਨਾਨਕ ਜੀ ਉਡੀਕਦੇ ਹੈਨ ਤੁਸੀ ਝਬ ਚਲੋ ਤਾਂ ਝੰਡੇਬਾਢੀ ਅਪਨੇ ਮਨ ਵਿਚਾਰ ਕੀਤਾ ਭਾਈ ਝ ਲੈ ਭੀ ਜਾਈਐ ਤਾਂ ਝੰਡੇ ਬਾਢੀ ਆਖਿਆ ਭਾਈ ਮਰਦਾਨਾ ਸੱਚ ਆਖਨਾਨਕਜੀਦਾਸਰੂਪ ਕੇਹਾਹੈ ਜੇਹਾ ਤੂੰ ਦੱਸੇਂ ਤੇਹੀਭੇਟ ਲੈਜਾਈਐ ਤਾਂ ਮਰਦਾਨੇ ਆਖਿਆ ਜੀ ਨਾਨਕਜੀ ਤਪਾ ਸਦੀਂਦਾਹੈ ਤਾਂ ਝੰਡੇਬਾਢੀ ਸਮਝਿਆ ਜੋ ਅਤੀਤ ਫ਼ਕੀਰਹੈ ਕੁਝ ਹੱਢਾ ਭੋਜਨ ਬਣਾਇਲੈ ਜਾਈਐ ਤਾਂ ਝੰਡੇਬਾਢੀ ਮਰਦਾਨੇਨੂੰ ਆਖਿਆ ਭਾਈ ਜੋ ਤੁਧ ਆਖਿਆ ਸੋ ਮੈਂ ਸਮਝਿਆਹੈ ਪਰ ਤੂੰ ਉਤਾਵਲਾ ਨਾ ਹੋਹੁ ਓਹ ਅਤੀਤ ਫ਼ਕੀਰ ਹੈ ਉਸ ਪਾਸ ਖਾਲੀ ਕਿਉਂਕਰ ਜਾਈਏ ਤਾਂ ਮਰਦਾਨੇ ਜੀਅ ਵਿਚ ਵਿਚਾਰਕੀਤਾ ਓਹ ਤਾਂ ਪਉਣਅਹਾਰੀ ਹੈਨ ਅਤੇਮੈਂ ਤਾਂਓਨਾਂਦੇ ਨਾਲ ਹਠਕਰਦਾ ਫਿਰਦਾ ਹਾਂ ਭਲਾ ਹੁਣਤਾਂ ਭੋਜਨਦੀ ਜਾਹਗਾਆਯਾਹਾਂ ਭਲਾਭੋਜਨਤਾਂ ਪਾਈਐ ਐਸੇ ਸ਼ਹਿਰ ਵਿਚਤਾਂ ਇਸ ਵਾਸਤੇਆਯਾਹਾਂ ਤਾਂਮਰਦਾਨੇਝੰਡੇਬਾਢੀਨੂੰ ਆਖਿਆ ਭਾਈ ਝੰਡਾ ਤਉਕੁਝ ਸਮਝੀਹੈ ਸੋ ਭਲੀਹੀ ਸਮਝੀਹੈ ਪਰਝੱਬਹੋਇ ਦੁਇ ਫ਼ਕੀਰ ਬਾਹਿਰ ਭੁੱਖੇ ਬੈਠੇ ਹੈਨੀਤਉਕੁਝ ਕਰਨਾਹੈ ਸੋਝੱਬ ਕਰ ਤਾਂ ਝੰਡੇ ਆਖਿਆਜੀ ਝੱਬਹੀ ਹੋਂਦੇਆਹੇ ਤਾਂ ਝੰਡੇਬਾਢੀ ਕਿਆ ਕੀਤਾ ਜੋ ਸੁਧਰ ਸੈਣ ਦੇ ਬਾਗ਼ਵਿਚ ਗਿਆ ਝੰਡਾਓਥੋਂ ਦੇ ਰਾਜੇਦਾ ਤ੍ਰਿਖਾਣ ਭੀ ਆਹਾ ਅਤੇ ਘਰ ਆਖਗਿਆ ਏਹ ਜੋ ਕਢਲ ਬਢਲ ਦੇਫਲ ਮੈਂ ਆਂਦੇ ਸੇ ਸੋ ਤੁਸੀ ਸਲੂਣਾ ਕਰੋ ਅਤੇ ਨਾਲ ਰੋਟੀਆਂ ਪਕਾਵੋ ਅਰ ਫੁੱਲਾਂ ਦਾ ਸਾਗ ਛਮਕੋ ਏਹ ਗੱਲ ਘਰ ਆਖ ਗਿਆ ਅਤੇ ਆਪ ਬਾਗੋਂ ਹੱਛੇ ਮੇਵੇ ਲੈ ਆਯਾ ਲੈਕੇ ਪ੍ਰਸਾਦਿ ਅਤੇ ਮੇਵਾ ਸਿਰ ਤੇ ਰੱਖਿਓਸੁਅਤੇਮਰਦਾਨੇ ਨੂੰ ਆਖਿਓਸੁ ਚੱਲ ਭਾਈ ਮਰਦਾਨਾ ਤੇਰਾ ਨਾਨਕ ਸਾਧਫ਼ਕੀਰ ਕਿੱਥੇ ਹੈ ਤਾਂ ਗੁਰੂਅੰਗਦ ਜੀ ਦੇ ਅੱਗੇ ਬਾਲਾ ਆਖਦਾਹੈ ਗੁਰੂਜੀ ਝੰਡੇ ਬਾਢੀ ਨੂੰ ਮਰਦਾਨਾ ਲੀਤੇਲੀਤੇਤਿੱਥੇ ਆਇਆ ਜਿੱਥੇਗੁਰੂਨਾਨਕਜੀਅਤੇਮੈਂ ਬੈਠੇਆਹੇਉ ਦਿਆਨ ਜੰਗਲ ਵਿੱਚ ਬੈਠੇ ਆਹੇ ਤਾਂ ਸ੍ਰੀ ਗੁਰੂਨਾਨਕ ਜੀ ਅਤੇ ਮੈਂ ਦੋਹਾਂ ਅੱਗੋਂ ਆਖਿਆ ਆਉ ਭਾਈ ਮਰਦਾਨਾ ਕਰਤਾਰ ਕਰਤਾਰ ਅੱਗੋਂ ਉਸ ਭੀ ਆਖਿਆ ਗੁਰੂਜੀ ਸਤਿਕਰਤਾਰ ਸਤਿਕਰਤਾਰ ਤਾਂ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //

ਝੰਡੇ ਭੀ ਆਖਿਆਜੀ ਕਰਤਾਰ ਕਰਤਾਰ ਤਾਂ ਗੁਰੂ ਨਾਨਕਜੀ ਹੱਸਿਆਹੱਸਕਰ ਆਖਿਓਸੁ ਆਓ ਭਾਈ ਝੰਡਾ ਸਤਿ ਕਰਤਾਰ ਪਿੱਛੋਂ ਮੈਂ ਭੀ ਆਖਿਆ ਜੀ ਸਤਿ ਕਰਤਾਰ ਤਾਂ ਝੰਡੇ ਪ੍ਰਸਾਦ ਅੱਗੇ ਰੱਖਿਆ ਤਾਂ ਗੁਰੂ ਨਾਨਕ ਕਹਿਆ ਭਾਈ ਝੰਡਾ ਇਹ ਕਿਆ ਲੈਆਯਾ ਹੈਂ ਂਡੇ ਆਖਿਆ ਜੀ ਤੁਸਾਡੇ ਵਾਸਤੇ ਰਸੋਈ ਲੈ ਆਯਾ ਹਾਂ ਤਾਂ ਗੁਰੂ ਨਾਨਕਜੀਆਖਿਆ ਭਾਈ ਝੰਡਾ ਤੂੰ ਅਸਾਂ ਨੂੰ ਕਿਆ ਜਾਣਦਾ ਹੈਂ ਝੰਡੇ ਆਖਿਆ ਜੀ ਮੈਂ ਤਾਂ ਨਾਹੀਂ ਜਾਣਦਾ ਪਰ ਤੁਸੀ ਤਾਂ ਜਾਣਦੇ ਹੋ ਨਾਂ ਤਾਂ ਤੁਸਾਂ ਅਸਾਨੂੰ ਯਾਦ ਕੀਤਾ ਹੈ ਤਾਂ ਗੁਰੂ ਨਾਨਕ ਆਖਿਆ ਭਾਈ ਝੰਡਾ ਏਹ ਪ੍ਰਸਾਦ ਕਿਥੋਂ ਆਯਾ ਹੈ ਤਾਂ ਝੰਡੇ ਆਖਿਆ ਜੀ ਏਹ ਪ੍ਰਸਾਦ ਪਰਮੇਸਰ ਭੇਜਿਆਹੈ ਤਾਂ ਫੇਰ ਗੁਰੂ ਨਾਨਕ ਆਖਿਆ ਭਾਈ ਝੰਡਾ ਤੂੰ ਪਰਮੇਸ਼ਰ ਨੂੰ ਜਾਣਦਾ ਹੈਂ ਤਾਂ ਝੰਡੇ ਆਖਿਆ ਜੀ ਕਉਣ ਹੈ ਜੋ ਪਰਮੇਸ਼ਰ ਨੂੰ ਨਹੀਂ ਜਾਣਦਾ ਮੈਂ ਤਾਂ ਆਦਮੀ ਹਾਂ ਜੀਅ ਜੰਤ ਪਸ਼ੂ ਪੰਖੇਰੂ ਪਰਮੇਸ਼ਰ ਨੂੰ ਜਾਣਦੇ ਹੈਨ ਤਾਂ ਗੁਰੂ ਨਾਨਕਜੀ ਹੱਸਕਰ ਆਖਿਆ ਭਾਈ ਝੰਡਾ ਤੂੰ ਸੱਚ ਆਖ ਤੂੰ ਕਦੋਂਕਣਾ ਪਰਮੇਸ਼ਰ ਨੂੰ ਜਾਣਦਾ ਹੈਂ ਤਾਂ ਝੰਡੇ ਬਾਢੀ ਆਖਿਆ ਜੀ ਪਰਸਾਦਿ ਤਾਂ ਅਚਵੇ ਬਹੁਤੇਦਿਨਾਂਦੇ ਭੁੱਖੇ ਹੋ ਹੋਰ ਹਕੀਕਤ ਪਿਛੋਂ ਕਰਾਂਆਹੇ ਤਾਂ ਮਰਦਾਨੇਆਖਿਆ ਜੀ ਏਹ ਸਿੱਖ ਸੱਚ ਆਖਦਾਹੈ ਪ੍ਰਸਾਦਿ ਤਾਂ ਮੁੰਹਪਾਵੇ ਅਤੇ ਹੋਰ ਹਕੀਕਤਾਂ ਨੱਸ ਤਾਂ ਨਾਹੀਂ ਗਈਆਂ ਤਾਂ ਗੁਰੂ ਨਾਨਕ ਹੱਸਿਆ ਹੱਸਕਰ ਆਖਿਓਸ ਸੁਣ ਭਾਈ ਬਾਲਾ ਤਾਂ ਮੈਂ ਆਖਿਆ ਜੀ ਮਰਦਾਨਾ ਸੱਚਾ ਹੈ ਮਰਦਾਨਾ ਬਹੁਤ ਦਿਨਾਂ ਦਾ ਭੁੱਖਾਹੈ ਤਾਂ ਗੁਰੂ ਨਾਨਕਜੀਆਖਿਆ ਭਾਈ ਝੰਡਾ ਤੇਰੇ ਨਾਲ ਇਥੇ ਜੋੜ ਕਿਸਦਾਹੈ ਤਾਂਝੰਡੇਬਾਢੀ ਅਤੇ ਇੰਦ੍ਰਸੈਣ ਰਾਜੇ ਸੁਧਰਸੈਣ ਦਾ ਭਣੇਵਾਂ ਗਿਆਨ ਧਿਆਨ ਕਰ ਇਕੱਠੇ ਚਲਦੇ ਆਹੇ ਤਾਂ ਝੰਡੇਬਾਢੀਆਖਿਆਜੀ ਤੁਸੀ ਰਸੋਈ ਤਾਂ ਮੁੰਹਪਾਵੋ ਤਾਂ ਗੁਰੂਨਾਨਕ ਜੀ ਮੁੰਹ ਤਿਥਾਉਂ ਚੋਲਦੇ ਆਹੇ ਜਿੱਥੇ ਪਵਿਤ੍ਰਭੋਜਨ ਹੁੰਦਾ ਆਹਾ ਨਹੀਂਤਾਂ ਪਉਣਅਹਾਰੀ ਰਹਿੰਦਾ ਆਹਾ ਤਾਂ ਫੇਰ ਝੰਡੇ ਆਖਿਆਗੁਰੂਜੀ ਤੁਸੀਂ ਏਹਪ੍ਰਸਾਦ ਤਾਂ ਮੁੰਹਪਾਵੋ ਤਾਂਗੁਰੂਨਾਨਕਜੀ ਆਖਿਆਭਾਈਝੰਡਾ ਪੰਜ ਬਾਂਟੇ ਕਰ ਅਤੇ ਇਕ ਬਾਂਟਾ ਮਰਦਾਨੇ ਨੂੰ ਕੱਢਦੇਹ ਤਾਂ ਝੰਡੇ ਆਖਿਆਜੀ ਤੁਸੀ ਤੈ ਹੋ ਪੰਜ ਂਡੇ ਕਿਉਂ ਕਰਦੇਹੋ ਤਾਂ ਗੁਰੂ ਨਾਨਕ ਆਖਿਆ ਭਾਈ ਝੰਡਾ ਤੈ ਅਸੀ ਆਹੇ ਚਉਥਾ ਤੂੰ ਹੈਂ ਅਤੇ ਪੰਜਵਾਂ ਤੇਰੇ ਨਾਲ ਪਰਚਨਵਾਲਾ ਇੰਦ੍ਰਸੈਣ ਹੈ ਸੋ ਉਸਤਾਈਂ ਲੈ ਆਵਸੀ ਤਾਂ ਅਸੀਂ ਪ੍ਰਸਾਦ ਅਚਵੀਐਂਗੇ ਤਾਂ ਝੰਡੇ ਬਾਢੀ ਪੰਜ ਵੰਡੇ ਕੀਤੇ ਇੱਕੋ ਜੇਹੇ ਅਤੇ ਇਕ ਮਰਦਾਨੇ ਨੂੰ ਦੇਵਣ ਲੱਗੇ ਤਾਂ ਮਰਦਾਨੇ ਆਖਿਆ ਜੀ ਮੈਂਤਾਂ ਅੱਗੇ ਨਾਹੀਂ ਖਾਂਦਾ ਤਾਂ ਗੁਰੂਨਾਨਕ ਆਖਿਆ ਮਰਦਾਨਾਤੂੰਕਿਉਂ ਨਹੀਂ ਖਾਂਦਾ ਤਾਂ ਮਰਦਾਨੇ ਆਖਿਆ ਗੁਰੂਜੀ ਜੇ ਤੁਸੀ ਖਾਵੋਗੇ ਤਾਂਮੈਂ ਭੀ ਖਾਵਾਂਗਾ ਤਾਂਗੁਰੂਨਾਨਕ ਆਖਿਆ ਮਰਦਾਨਾ ਤੂੰ ਭੁੱਖਾਹੈਂ ਂ ਪ੍ਰਸਾਦ ਖਾਹ ਅਤੇ ਅਸਾਡੇ ਖਿਆਲ ਨ ਪਿਆਕਰ ਜਾਂ ਗੁਰੂਨਾਨਕ ਆਖਿਆ ਤਾਂ ਮਰਦਾਨੇਪ੍ਰਸਾਦ ਮੁੰਹਪਾਯਾ ਤਾਂ ਝੰਡੇਬਾਢੀ ਆਖਿਆ ਜੀ ਤੁਸੀਭੀ ਪ੍ਰਸਾਦ ਮੁੰਹਪਾਵੋ ਤਾਂ ਗੁਰੂ ਨਾਨਕ ਆਖਿਆ ਭਾਈ ਝੰਡਾ ਜੇ ਤੂੰ ਇੰਦ੍ਰਸੈਨ ਨੂੰ ਲੈ ਆਵਸੇਂ ਤਾਂ

CC-0. Gurukul Kangri University Haridwar Collection. Digitized by S3 Foundation USA

ਅਸੀ ਪ੍ਰਸਾਦ ਅਚਵੀਏਂ ਗੇ ਤਾਂ ਝੰਡੇ ਆਖਿਆ ਜੀ ਜੇਤੁਸੀਂ ਪ੍ਰਸਾਦ ਮੁੰਹ ਪਾਵੋ ਤਾਂ ਸਰਧਾ ਪੂਰੀ ਹੋਵੈ ਤਾਂ ਗੁਰੂ ਨਾਨਕ ਆਖਿਆ ਭਾਈ ਝੰਡਾ ਤੂੰ ਆਖਦਾ ਹੈਂ ਜੋ ਏਹ ਪ੍ਰਸਾਦ ਮੁੰਹ ਪਾਵਨ ਤਾਂ ਮੇਰੀ ਸਰਧਾ ਪੂਰੀ ਹੋਵੇ ਅਤੇ ਹਉਂ ਆਖਦਾ ਹਾਂ ਜੇ ਝੰਡੇ ਅਤੇ ਇੰਦ੍ਰਸੈਣ ਦੇ ਕਪਾਟ ਖੁਲ੍ਹਨ ਤਾਂ ਮੇਰੀ ਮਨਸ਼ਾ ਪੂਰੀ ਹੋਵੇ ਤਾਂ ਅਸੀ ਪ੍ਰਸਾਦ ਮੁੰਹ ਪਾਈਐ ਤਾਂ ਝੰਡੇ ਦੇ ਮਨ ਵਿਚ ਗਿਆਨ ਉਪਜਿਆ ਜੋ ਭਾਈ ਇਹ ਤਾਂ ਪੂਰਨ ਸਾਧ ਹੈ ਅਤੇ ਅਸੀ ਭੀ ਏਹੋ ਗਿਆਨ ਕਰਦੇ ਆਹੇ ਸੋ ਈ ਅਸਾਨੂੰ ਆਇ ਮਿਲਿਆ ਤਾਂ ਇੰਦ੍ਰਸੈਣ ਆਖਿਆ ਕਿਉਂ ਭਾਈ ਝੰਡਾ ਕਿੱਥੋਂ ਤਾਂ ਝੰਡੇ ਬਾਢੀ ਕਹਿਆ ਓਹ ਮਰਦਾਨਾ ਮਿਰਾਸੀ ਜੋ ਤੁਸਾਂ ਮੇਰੇ ਪਾਸ ਆਂਦਾ ਸੀ ਉਸਦਾ ਜੋ ਗੁਰੂ ਨਾਨਕ ਹੈ ਸੋ ਏਹ ਗੱਲਾਂ ਕਰਦਾ ਹੈ ਤਾਂ ਇੰਦ੍ਰਸੈਣ ਆਖਿਆ ਭਾਈ ਝੰਡਾ ਮੈਂ ਉਸਤਾਈਂ ਜਾਣਦਾ ਹਾਂ ਓਹ ਤਾਂ ਮੇਰਾ ਪੁਰਾਤਨੀ ਅਸ਼ਨਾਉ ਹੈ ਅਸੀ ਤੇ ਓਹ ਮਿਲੇ ਹੋਏ ਆਹੇ ਤਾਂ ਝੰਡੇ ਨੂੰ ਹੈਰਾਨਗੀ ਲੱਗੀ ਤਾਂ ਝੰਡੇ ਆਖਿਆ ਜੀ ਓਹ ਆਖਦਾ ਹੈ ਜੋ ਪੰਦ੍ਰਾਂਸੈ ਕੋਹਾਂ ਤੁਸਾਡੇ ਵਾਸਤੇ ਆਏ ਆਹੇ ਅੱਗੇ ਤਾਂ ਇੱਥੇ ਕਦੀ ਨਹੀਂ ਆਯਾ ਅਤੇ ਤੁਸੀ ਆਖਦੇ ਹੋ ਜੋ ਅਸਾਡਾ ਪੁਰਾਤਨੀ ਅਸ਼ਨਾਉ ਹੈ ਇਤਨਾ ਝੂਠ ਤੁਸਾਂ ਕਿਹਾ ਬੋਲਿਆ ਹੈ ਤਾਂ ਇੰਦ੍ਰਸੈਣ ਆਖਿਆ ਭਾਈ ਝੰਡਾ ਤੈਨੂੰ ਆਪੇ ਖਬਰ ਹੋਇਗੀ ਜੇ ਮਿਲੀਏਂ ਗੇ ਤਾਂ ਝੰਡੇ ਬਾਢੀ ਕਹਿਆ ਜੀ ਤੁਸੀ ਚਲੋ ਜੋ ਮੈਂ ਪ੍ਰਸਾਦਿ ਲੈ ਗਿਆ ਆਹਾ ਸੋ ਓਨਾਂ ਤੁਸਾਡੇ ਵਾਸਤੇ ਮੁੰਹ ਨਹੀਂ ਪਾਇਆ ਤੁਸੀ ਚਲੋ ਤਾਂ ਭਲਾ ਕਰੋ ਤਾਂ ਇੰਦ੍ਰਸੈਣ ਵੀਚਾਰ ਕੀਤਾ ਜੋ ਅੱਗੇ ਤਾਂ ਅਸਾਨੂੰ ਕੋਈ ਨਹੀਂ ਜਾਨਦਾ ਅਤੇ ਹੁਣ ਅਸਾਨੂੰ ਜਾਹਿਰ ਕਰਨ ਆਏ ਹਨ ਤਾਂ ਇੰਦ੍ਰਸੈਣ ਝੰਡੇ ਨੂੰ ਆਖਿਆ ਭਾਈ ਝੰਡਾ ਤੂੰ ਤਾਂ ਹੁਣ ਜਾਹ ਅਸੀਂ ਭਲਕੇ ਮਿਲੀਏਂ ਗੇ ਤਾਂ ਝੰਡੇ ਕਹਿਆ ਜੀ ਓਹ ਭੋਜਨ ਅਮਾਨਤ ਪਇਆ ਹੈ ਓਹ ਮੁੰਹ ਪਾਇੰਦੇ ਨਾਹੀਂ ਅਤੇ ਤੁਸੀ ਆਖਦੇ ਹੋ ਅਸੀ ਭਲਕੇ ਮਿਲੀਏਂ ਗੇ ਏਹ ਗੱਲ ਬਣਦੀ ਨਾਹੀਂ ਤਾਂ ਇੰਦ੍ਰਸੈਣ ਕਹਿਆ ਚਲ ਭਾਈ ਝੰਡਾ ਤਾਂ ਛਿਹ ਘੜੀਆਂ ਰਾਤ ਗੁਜ਼ਰ ਗਈ ਤਾਂ ਇੰਦ੍ਰਸੈਣ ਤੇ ਝੰਡਾ ਬਾਢੀ ਦੋਵੇਂ ਗੁਰ ਨਾਨਕ ਪਾਸ ਆਏ ਦੋਹਾਂ ਵੀਚਾਰ ਕੀਤਾ ਤਾਂ ਇੰਦ੍ਰਸੈਣ ਝੰਡੇ ਨੂੰ ਪੁੱਛਿਆ ਭਾਈ ਝੰਡਾ ਤੂੰ ਕਿਛੁ ਬੋਲੀ ਦਾ ਭੀ ਮਹਿਰਮ ਹੈਂ ਜੋ ਕਿਆ ਬੋਲਦਾ ਹੈ ਤਾਂ ਝੰਡੇ ਬਾਢੀ ਆਖਿਆ ਜੀ ਬੋਲੀ ਤਾਂ ਭਲੀ ਬੋਲਦਾ ਹੈ ਆਖਦਾ ਹੈ ਕਰਤਾਰ ਕਰਤਾਰ ਤਾਂ ਇੰਦ੍ਰਸੈਣ ਤੇ ਝੰਡਾ ਬਾਢੀ ਇੱਕ ਪਹਿਰ ਰਾਤ ਗਈ ਆਹੀ ਤਾਂ ਦੋਹਾਂ ਗੁਰੂ ਨਾਨਕ ਜੀ ਨੂੰ ਕਰਤਾਰ ਕਰਤਾਰ ਆਣ ਆਖਿਆ ਤਾਂ ਗੁਰੂ ਨਾਨਕ ਜੀ ਹੱਸ ਕਰ ਆਖਿਆ ਆਉ ਭਾਈ ਸਤਿ ਕਰਤਾਰ ਆਉ ਭਾਈ ਪੁਰਾਤਮੀ ਧਾਰ ਤਾਂ ਝੰਡੇ ਬਾਢੀ ਆਖਿਆ ਜੀ ਤੁਸੀ ਤਾਂ ਅਸਾਂ ਨੂੰ ਹੁਣ ਮਿਲੇ ਹੋ ਅਸੀ ਕਦੋਂ ਕਣੇ ਪੁਰਾਤਮੀ ਧਾਰਾ ਆਹੇ ਤਾਂ ਗੁਰੂ ਨਾਨਕ ਆਖਿਆ ਪੁੱਛ ਭਾਈ ਇੰਦ੍ਰਸੈਣ ਨੂੰ ਪੁੱਛ ਤਾਂ ਝੰਡੇ ਇੰਦ੍ਰਸੈਣ ਨੂੰ ਪੁਛਿਆ ਜੀ ਇਹ ਸਾਧ ਕਿਆ ਆਖਦਾ ਹੈ ਤਾਂ ਇੰਦ੍ਰਸੈਣ ਮਚਲੇ ਹੋਇ ਕੇ ਆਖਿਆ ਜੀ ਮੈਂ ਤਾਂ ਕੁਛ ਨਾਹੀਂ ਜਾਣਦਾ ਤਾਂ ਮਰਦਾਨੇ ਆਖਿਆ ਜੀ ਤੁਸੀ ਜੋ ਮੈਨੂੰ ਦੇਹੋਂ ਆਖਦੇ ਹੋ ਜੋ ਨਾਨਕ ਮੇਰਾ ਪੁਰਾਤਮੀ ਅਸ਼ਨਾਉ ਹੈ ਹੁਣ ਕਿਉਂ ਮੁਕਰਦਾ ਹੈਂ ਤਾਂ ਇੰਦ੍ਰਸੈਣ ਆਖਿਆ ਭਾਈ ਮਰਦਾਨਾ ਜੋ

CC-0. Gurukul Kangri University Haridwar Collection. Digitized by S3 Foundation USA

ABHINAV GAUR

ਕਾਈ ਨਿਸ਼ਾਨੀ ਦੇਵੈਂ ਭਾਂ ਜਾਨੀਐ ਜੇ ਓਹੋ ਹੈ ਭਾਂ ਗੁਰੂ ਨਾਨਕ ਜੀ ਕਹਿਆ ਸੁਣ ਭਾਈ ਇੰਦ੍ਰਸੈਣ ਇਸ ਝੰਡੇ ਨੂੰ ਭਾਂ ਕਾਈ ਖਬਰ ਨਹੀਂ ਪਰ ਤੂੰ ਭਾਂ ਖਬਰਦਾਰ ਹੈਂ ਤੈਨੂੰ ਭਾਂ ਆਪਣੀ ਖਬਰ ਸੱਭਾਹੈ ਕਿਉਂ ਭਾਂ ਇੰਦ੍ਰਸੈਣ ਮਚਲੇ ਹੋਇ ਕਰ ਆਖਿਆ ਜੀ ਮੈਂ ਭਾਂ ਨਾਹੀਂ ਜਾਣਦ ਜੇ ਭੁਸੀ ਕੇਹੀ ਮਲੂਮੀ ਦਸਦੇਹੋ ਭਾਂ ਫੇਰਗੁਰੂਨਾਨਕਜੀ ਕਹਿਆ ਸੁਣ ਭਾਈ ਇੰਦ੍ਰਸੈਣ ਓਹ ਦਿਨ ਯਾਦ ਕਰ ਜੋ ਰਾਜੇ ਜਨਕ ਦੇਭੁਸੀ ਸੇਵਕ ਹੋਂਦੇਆਹੇ ਅਤੇ ਤ੍ਰੇਤੇ ਜੁਗ ਵਿਚ ਰਾਜੇ ਜਨਕ ਹੰਸਨੀ ਬਾਬਤ ਸਾਂਗ ਉਠਾਯਾਸੀ ਅਤੇ ਆਖਿਓਸੁ ਜੋ ਹੰਸਨੀ ਮੇਰੀ ਹੈ ਅਤੇ ਹੰਸਨੀ ਹੰਸਦੀ ਆਹੀ ਅਤੇ ਭੁਸਾਨੂੰ ਪੁੱਛਿਓਸੁ ਜੋ ਹੰਸਨੀ ਕਿਸਦੀ ਹੈ ਭੁਸਾਨੂੰ ਕਾਰਨ ਭਉ ਦਿਵਾਯਾ ਭੁਸਾਂ ਝੂਠੀ ਸ਼ਾਹਦੀ ਭਰੀ ਭੁਸੀਂ ਰਾਜੇਦੇ ਬਹੁਤ ਨਜ਼ੀਕ ਰਹਿੰਦੇ ਆਹੇ ਭੁਸਾਂ ਜਾਤਾ ਜੋ ਅਸਾਡਾ ਪੂਰਨ ਗੁਰੂ ਹੈ ਅਸਾਨੂੰ ਕੇਹਾ ਡਰ ਹੈ ਅਤੇ ਰਾਜੇ ਜਨਕ ਜੀ ਭਾਂ ਛਲ ਕੀਤਾ ਆਹਾ ਨਹੀਂ ਭਾਂ ਰਾਜੇ ਜਨਕ ਹੰਸਨੀ ਕੀ ਕਰਨੀ ਆਹੀ ਭੁਸਾਨੂੰ ਕਰਤੇ ਭੁਲਾਯਾ ਭਾਂ ਭੁਸਾਂ ਝੂਠੀ ਸਾਖ ਭਰੀ ਭਾਂ ਅਸੀ ਕਿਆ ਕਰੀਐ ਭਾਂ ਰਾਜੇ ਜਨਕ ਭੁਸਾਨੂੰ ਆਪਣੇ ਮੂੰਹ ਥੀਂ ਕਹਜਾ ਜੇ ਫੇਰ ਭੁਸਾਨੂੰ ਜਨਮ ਹੈ ਭਦੋਂ ਏਹ ਭੇ ਭੁਸੀ ਅਕੱਠੇ ਰਹਿੰਦੇ ਆਹੇ ਭਾਂ ਭੁਸਾਂ ਫੇਰ ਆਖਿਆ ਜੀ ਕਿਆ ਜਾਪੇ ਇਥੋਂ ਦੇ ਵਿਛੜੇ ਕਿਥੇ ਜਾਇ ਪਵੀਐਂ ਗੇ ਤੇਰਾ ਭੇ ਅਸਾਡਾ ਮੇਲ ਹੋਵੇਗਾ ਕਿ ਨ ਹੋਵੇਗਾ ਭਾਂ ਅਸਾਂ ਭੁਸਾਨੂੰ ਆਖਿਆ ਦੇਖ ਭਾਈ ਭੁਸਾਡੀ ਭਗਤ ਪੂਰਨ ਹੋਈ ਪਰ ਭੁਸਾਂ ਵਿੱਚ ਦੋਇ ਖਭੇ ਹੋਏ ਆਹੇ ਇਕ ਭਾਂ ਭੁਸੀਂ ਮੂਰਤ ਪੂਜਦੇ ਆਹੇ ਅਤੇ ਇਕ ਝੂਠ ਬੋਲਿਆ ਆਹਾ ਪਰ ਭੁਸਾਨੂੰ ਰਾਜਾ ਜਨਕ ਜੀ ਮਨ੍ਹਾ ਕਰਦੇ ਆਹੇ ਜੋ ਭੁਸੀਂ ਮੂਰਤ ਨ ਪੂਜੋ ਪਰ ਭੁਸੀ ਪੂਜਦੇ ਰਹੇ ਅਤੇ ਭੁਸਾਂ ਨਾਲ ਜੋ ਅੱਗੇ ਟਹਿਲੂਆ ਆਹਾ ਸੋ ਮੱਛ ਹੋਇਆਹੈ ਫੇਰ ਭੁਸੀਂ ਮਿਲਕਰ ਰਾਜੇ ਜਨਕ ਪਾਸ ਖੜੇ ਹੋਏ ਭਾਂ ਭੁਸਾਂ ਆਖਿਆ ਰਾਜਾਜੀ ਏਹ ਕਿਆ ਹੂਆ ਅਸਾਂ ਤੇਰਾ ਆਖਿਆ ਮੰਨਿਆ ਸੀ ਅਤੇ ਅਸੀਂ ਜੋ ਫੇਰ ਜਨਮ ਸੱਟੇ ਏਹ ਕਿਆ ਭੁਸਾਡੇ ਆਭਮੇ ਕਿਆ ਆਈ ਭਾਂ ਫੇਰ ਜਨਕ ਜੀ ਕਿਹਾ ਭਾਈ ਮੈਂ ਭੁਸਾਨੂ ਸਚ ਦ੍ਰਿੜ੍ਹਾਯਾਸੀ ਮੈਂ ਭੁਸਾਨੂੰ ਝੂਠ ਨਾਹਿ ਦ੍ਰਿੜਾਯਾ ਭੁਸੀ ਮੇਰੇ ਆਖੇ ਲਗੇ ਨਾਹੀਂ ਭਾਂ ਮੈਂ ਕਿਆ ਕਰਾਂ ਪਰ ਮੇਰੀ ਸੇਵਾ ਦਾ ਭੁਸਾਨੂੰ ਏਹੋ ਫਲ ਹੈ ਜੋ ਭੁਸੀਂ ਮਨੁੱਖ ਜਨਮ ਆਵੋਗੇ ਭਾਂ ਫੇਰ ਭੁਸੀ ਆਖਿਆ ਜੋ ਜੀ ਅਸੀ ਜਨਮ ਹੀ ਆਂ ਵਦੇ ਰਹੀਐਂ ਗੇ ਕਿ ਕਦੀ ਅਸਾਡੀ ਖਲਾਸੀ ਭੀ ਹੋਸੀ ਭਾਂ ਰਾਜੇ ਜਨਕ ਕਿਹਾ ਭਾਈ ਭੁਸਾਡੀ ਭਗਤਿ ਪੂਰਨ ਹੋਸੀ ਪਰ ਜਨਮ ਭੋਗ ਕੇ ਕਲਜੁਗ ਵਿਚ ਉਧਰੋਗੇ ਅਤੇ ਕਲਜੁਗ ਵਿਚ ਭੁਸਾਨੂੰ ਪੂਰਨ ਪੁਰਖ ਮਿਲੇਗਾ ਅਤੇ ਕਲਜੁਗ ਵਿਚ ਨਾਨਕ ਨਾਉਂ ਧਰੇਗਾ ਅਤੇ ਭੁਸਾਡੇ ਸਾਥ ਬਹੁਤ ਲੋਕ ਤਰਨਗੇ ਅਤੇ ਮੈਂ ਭੁਸਾਨੂੰ ਆਪੇ ਢੂੰਡ ਮਿਲਾਂਗਾ ਭਾਂ ਇੰਦ੍ਰਸੈਣ ਨੂੰ ਆਖਿਆ ਜੋ ਸੁਣ ਭਾਈ ਕਾਈ ਹੋਰ ਨਿਸ਼ਾਨੀ ਮੰਗੋਂ ਭਾਂ ਭੀ ਦੇਵਾਂ ਅਤੇ ਜੋ ਏਹੋ ਨਸ਼ਾਨੀ ਤੇ ਨਿਸਾ ਹੋਈ ਆਭਾਂ ਤੂੰ ਜਾਣ ਭਾਂ ਇੰਦ੍ਰ ਸੈਨ ਬੋਲਿਆ ਜੀ ਧੰਨ ਭਾਈ ਮੇਰੇ ਭਾਗ ਜੋ ਮੈਨੂੰ ਦਰਸ਼ਨ ਹੋਯਾ ਭਾਂ ਇੰਦ੍ਰਸੈਣ ਮੱਥਾ ਟੇਕਿਆ ਅੱਗੋਂ ਬੋਲਿਓ ਨਾਹੀਂ ਜਾਂ ਇਕ ਘੜੀ ਗਜ਼ਰੀ ਭਾਂ ਬੋਲਿਆ ਜੀ ਹੁੱਕ ਜਵਾਬ ਤੂੰ

CC-0. Gurukul Kangri University Haridwar Collection. Digitized by S3 Foundation USA

ਮੈਨੂੰ ਦੇਹ ਤਾਂ ਗੁਰੂਨਾਨਕਜੀ ਆਖਿਆ ਆਖਭਾਈ ਇੰਦ੍ਰਸੈਨ ਨਿਸੰਗਆਖ ਤਾਂਇੰਦ੍ਰਸੈਣ ਆਖਿਆਜੀ ਹੁਣਤੇਰਾ ਮਨੋਰਥ ਕਿਆ ਹੈ ਤਾਂਗੁਰੂਨਾਨਕਜੀ ਆਖਿਆਮੇਰਾਮਨੋਰਥ ਏਹ ਆਹਾ ਜੋ ਅਸੀ ਤੁਸੀ ਅਕੱਠੇਰਹਿੰਦੇ ਆਹੇ ਅਤੇਤੁਸਾਂਭਗਤਿਭੀ ਵਡੀ ਕੀਤੀ ਆਹੀ ਇਸ ਵਾਸਤੇਅਸੀਤੁਸਾਂਪਾਸਆਏ ਆਹੇ ਤਾਂ ਇੰਦ੍ਰਸੈਨ ਆਖਿਆ ਭੈਨੂੰ ਪਰਮੇਸ਼ਰ ਆਂਦਾ ਹੈ ਤਾਂ ਅਸਾਡਾ ਉਧਾਰ ਕਰਕੇ ਵੰਞ ਤੁਧ ਅਸਾਂ ਨਾਲ ਬਚਨ ਕੀਤਾਆਹਾ ਤਾਂ ਇੰਦ੍ਰਸੈਨਬੋਲਿਆ ਭਾਈਬਾਲਾਜੀ ਮੈਂਭੀ ਨਾਨਕਜੀਦਾ ਸੇਵਕਹਾਂ ਅਤੇਮੈਂਭੀ ਜਾਣਦਾਹਾਂ ਜੋ ਤੁਸਾਂ ਮੇਰੇ ਉੱਤੇ ਵਡੀਦਯਾ ਕੀਤੀਹੈ ਪਰ ਜੇ ਕਰਦੇਹੋ ਤਾਂ ਕੁਝ ਝੰਡੇ ਦਾ ਕਰੋ ਜੋ ਕੁਛ ਝੰਡੇ ਨਾਲ ਕਰੋਗੇ ਸੋ ਅਸਾਂਨਾਲਹੀ ਹੋਸੀ ਤਾਂ ਗੁਰੂਨਾਨਜੀ ਬੋਲਿਆ ਸੁਣ ਭਾਈਇੰਦ੍ਰਸੈਣ ਅਸੀ ਤੇਰੇ ਵਾਸਤੇ ਆਏਹਾਂ ਅਤੇ ਝੰਡੇਦੇ ਵਾਸਤੇਭੀ ਆਏਹਾਂ ਪਰ ਤੇਰੇਨਾਲ ਅਸਾਡਾ ਬਚਨ ਆਹਾ ਤਾਂ ਇੰਦ੍ਰ ਸੈਣ ਆਖਿਆਜੀ ਬਚਨਾਂਦਾ ਪੂਰਾਹੈਂ ਪਰ ਬਚਨਤਾਂ ਤੇਰਾਪੂਰਾਹੋਯਾ ਅਤੇ ਜੋਕਿਛੁ ਤੁਸੀ ਚਾਹੁੰਦੇਹੋ ਸੋ ਅਸਾਨੂੰ ਖ਼ੁਸ਼ਨਾਹੀਂ ਆਂਵਦੀ ਅਸਾਂਤਾਂ ਆਪਹੀਨਾਲਕੰਮਹੈ ਘਸੀਟ ਅਸਾਨੋਂ ਖ਼ੁਸ਼ ਨਹੀਂ ਆਂਵਦੀ ਜੋ ਕਿਝ ਕਰਦੇ ਹੋ ਸੋ ਝੰਡੇ ਹੀ ਨਾਲ ਕਰਦੇਹੋ ਝੰਡੇਨਾਲਕਰੋਗੇ ਸੋ ਅਸਾਂ ਨਾਲਹੀਹੋਸੀਤਾਂਗੁਰੂਨਾਨਕਜੀ ਆਖਿਆ ਰਜਾਇਤੁਸਾਡੀ ਅਸਾਂਬਚਨਪੂਰਾਕਰਨਾ ਆਹਾ ਅੱਗੇ ਜੋ ਤੁਸਾਂਭਾਵੇਸੋ ਥਾਂਇਪਵੇਤਾਂਇਦ੍ਰਸੈਣਆਖਿਆ ਆਉਭਾਈਝੰਡਾਜੋਕਿਛਗੁਰੂ ਨਾਨਕਜੀ ਆਖਦੇਹੈਨਸੋਮੰਨੋ ਤਾਂ ਝੰਡਾ ਬਾਢੀ ਬੋਲਿਆਜੀਮੈਂ ਕਿਆਜਾਣਾਂ ਜੋਨਾਨਕਜੀ ਕਜਾ ਆਖਦੇਹੈਨ ਤਾਂਗੁਰੂਨਾਨਕਜੀ ਰਾਗ ਰਾਮਕਲੀ ਵਿਚਸ਼ਬਦਬੋਲਿਆ ॥ ਮਹਲਾ ੧

ਈਂਧਨ ਤੇ ਬੈਸੰਤਰਭਾਗੈ॥ਮਾਦੀ ਕਉ ਜਲਦਹਿਦਿਸ ਤਿਆਗੈ ॥ ਊਪਰਚਰਨ ਤਲੈ ਆਕਾਸ ॥ ਘਟ ਮੈਂ ਸਿੰਧ ਕੀਆ ਪ੍ਰਗਾਸ ॥ ੧ ॥ ਐਸਾ ਸਮਰਥ ਪ੍ਰਭ ਕਾ ਨਾਉ ॥ ਆਠ ਪਹਿਰ ਮਨ ਤਾਕਉ ਧਿਆਇ ॥ ੧ ॥ ਰਹਾਉ ॥

ਤਾਂ ਝੰਡੇ ਆਖਿਆ ਜੀ ਮੈਂ ਤਾਂ ਕਿਛ ਨਹੀਂ ਸਮਝਿਆ ਤਾਂ ਗੁਰੂਨਾਨਕਜੀ ਅਰਥਦਿੱਤਾ ਈਂਧਨਦੇਹੀ ਵਿਚਹੱਡੀਆਂਹੈਨ ਅਤੇਬੈਸੰਤਰ ਦੇਹੀਵਿਚ ਜਠਰਅਗਨਿਹੈਅਤੇਮਾਟੀਏਹ ਦੇਹੀ ਹੈ ਅਤੇ ਮਾਤਾ ਜੋ ਪਾਣੀ ਪੀਂਦੀਹੈ ਸੋਬਾਲਕਦੀਦੇਹੀਕੱਚੀਹੋਂਦੀਹੈ ਸੋਇਸਤਾਂਈਂ ਪੋਹ ਨਾਹੀਂ ਸਕਦੀ ਕਿਉਂ ਨਾਹੀਂ ਪੋਹ ਸਕਦੀ ਜੋ ਇਸਨੂੰ ਨਾਮਦੀ ਲਿਵਹੋਂਦੀਹੈਪ੍ਰਭਕਾ ਸਿਮਰਨ ਕੈਸਾਹੈ ਭਾਈਝੰਡਾ ਤੂੰ ਨਿਰੰਕਾਰ ਜਪ ਤੇਰੇਤਾਈਂ ਲਗੇਗਾ ਕਿਛਨਾਹੀਂਤਾਂ ਝੰਡੇ ਕਹਿਆਜੀ ਤੁਸੀਂ ਤਾਂ ਆਖਦ ਹੋ ਜੋ ਤੁਸੀਂ ਪਰਮੇਸ਼ਰਜਪੋ ਅਤੇਮੈਂ ਗਰੀਬ ਤ੍ਰਿਖਾਣਮੇਰਾ ਕਬੀਲਾ ਕਿਥੋਂ ਖਾਵੇ ਤਾਂ ਗੁਰੂਨਾਨਕ ਜੀ ਦੂਜੀ ਪਉੜੀ ਆਖੀ ॥

ਪ੍ਰਥਮ ਮਾਖਨ ਪਾਛੈ ਦੂਧ ॥ ਮੈਲੋ ਕੀਨੋ ਸਾਬਨ ਸੂਧ॥ ਭੈ ਤੇ ਨਿਰਭਉ ਡਰਤਾ ਫਿਰੈ ॥ ਹੋਂਦੀ ਕਉ ਅਨਹੋਂਦੀ ਹਰੈ ॥

ਤਾਂ ਫੇਰਝੰਡੇਆਖਿਆਜੀ ਮੈਂ ਤਾਂਕਿਛੁਨਹੀਂਸਮਝਿਆ ਤਾਂ ਗੁਰੂਨਾਨਕਜੀਅਰਥਦਿੱਤਾ ਜਾਂ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //
UTH

ਬਾਲਕ ਗਰਭ ਵਿੱਚ ਹੁੰਦਾ ਹੈ ਤਾਂ ਦੁੱਧ ਨਹੀਂ ਨਿਕਲਦਾ ਮਾਖਨ ਜੰਮਜਾਂਦਾ ਹੈ ਜਾਂ ਬਾਲਕ ਜਨਮਦਾਹੈ ਤਾਂਦੁੱਧਨਿਕਲਦਾ ਹੈ ਤੂੰ ਚਿੰਤਾ ਨਕਰ ਅਚਿੰਤਹੋਇਰਹੁ ਉਸ ਸਾਹਿਬ ਰਿਜ਼ਕ ਪੈਹਲੇ ਪੈਦਾਕੀਤਾਹੈ ਅਤੇ ਜੀਉ ਪਿੱਛੋਂ ਪੈਦਾਕੀਤਾਹੈ ਸੋਤੂੰ ਕਿਉਂ ਡਰਦਾ ਹੈਂ ਤੂੰਤਾਂ ਨਿਰਭੌ ਹੈਂਭੈਤੇਰਾਹੈ ਏਹ ਜੋ ਦੇਹ ਤੇਰਿਜ਼ਕ ਆਖਦੇ ਹੈਨ ਸੋ ਇਹ ਅਣਹੋਂਦੀ ਹੈ ਅਤੇ ਤੂੰ ਜੋ ਹੈਂ ਸੋ ਸਦਾ ਹੋਂਦਾ ਆਯਾਹੈਂ ਏਹ ਤੇਰਾ ਪਸਾਰਾਹੈ ॥ ੨ ॥ ਤਾਂ ਈਂਡੇ ਆਖਿਆਜੀ ਤੁਸੀਂ ਜੋ ਆਖਦੇ ਹੋਸੋ ਓਹ ਗੱਲਾਂ ਗੁਪਤ ਹੈਨ ਮੈਂ ਕਿਆ ਜਾਣਾਂ ਜੀ ਤਾਂ ਗੁਰੂ ਜੀ ਤੀਜੀ ਪਉੜੀ ਆਖੀ॥

ਦੇਹੀ ਗੁਪਤ ਬਦੇਹੀ ਦੀਸੈ ॥ ਸਗਲੇ ਸਾਜ ਕਰੇ ਜਗਦੀਸੈ॥ ਸਾਧ ਸੰਗਤਿ ਮਿਲ ਕਰੋ ਬਖਿਆਨ ॥ ਸ਼ਾਸਤ੍ਰ ਸਿਮਰਤ ਬੇਦ ਪੁਰਾਨ ॥ ੩ ॥

ਤਾਂ ਫੇਰਈਂਡੇ ਆਖਿਆਜੀ ਮੈਂ ਤਾਂ ਕਿਛੁ ਨਹੀਂ ਸਮਝਜਾ ਤਾਂ ਗੁਰੂਨਾਨਕ ਜੀ ਅਰਥ ਦਿੱਤਾ ਏਹਦੇਹੀ ਏਥੇਹੀ ਰਹੇਗੀ ਤੇਅੰਦਰਇਸਦੇ ਮੁਸ਼ਟ ਦੇਹੀਹੈ ਸੋ ਗੁਪਤ ਹੈ ਉਸ ਦੇਹੀ ਨਾਲ ਏਹ ਜਾਸੀਅਤੇ ਏਹਦੇਹੀ ਏਥੇਹੀ ਰਹੇਗੀ ਓਹ ਦੇਹੀ ਇਸੀ ਪ੍ਰਾਣੀ ਨੂੰ ਸੁਝਦੀ ਨਹੀਂ ਏਹ ਸਭੇ ਸਾਜ ਜਗਦੀਸ ਦੇ ਬਨਾਏਹੋਏ ਹੈਂ ਇਸ ਗੱਲਦਾ ਵਿਚਾਰ ਕਰਨਾ ਆਯਾ ਸਾਧਸੰਗਤ ਵਿੱਚ ਕਰੇ ਭਾਵੇਂ ਵੇਦਸ਼ਾਸਤ੍ਰ ਵਿੱਚ ਕਰੇ ਪਰ ਸਾਧਸੰਗਤ ਵਿੱਚ ਤੁਰਤ ਲਭੇਗਾ ॥ ੩ ॥ ਤਾਂ ਈਂਡੇ ਫੇਰ ਆਖਿਆ ਜੀ ਓਹਤਾਂ ਦਿੱਸ ਨਾਹੀਂ ਆਂਵਦਾ ਅਤੇ ਏਹ ਤਾਂ ਦਿਸ ਆਂਵਦਾ ਹੈ ਸੱਭੇ ਸਰੂਪ ਜਿਤਨੇ ਹੈਂ ਤਿਤਨੇ ਹੈਂ ਤਾਂ ਗੁਰੂ ਨਾਨਕ ਭੋਗ ਦੀ ਪਉੜੀ ਆਖੀ ॥

ਦ੍ਰਿਸ਼ਟਮਾਨ ਕੋ ਕਹੈ ਅਦ੍ਰਿਸ਼ਟਿ ॥ ਅਦ੍ਰਿਸ਼ਟ ਦੇਖ ਭੂਲੀ ਸਭ ਸ੍ਰਿਸ਼ਟਿ ॥ ਬ੍ਰਹਮ ਵੀਚਾਰ ਵੀਚਾਰੇ ਕੋਇ ॥ ਨਾਨਕ ਤਾਂਕੀ ਪਰਮਗਤਿ ਹੋਇ ॥ ੪ ॥

ਤਾਂ ਈਂਡੇ ਆਖਜਾਜੀ ਮੈਂ ਤਾਂ ਕੁਝ ਨਹੀਂ ਸਮਝਜਾ ਤਾਂ ਗੁਰੂਨਾਨਕਜੀ ਅਰਥ ਦਿੱਤਾ ਸੁਣ ਭਾਈ ਜਿਤਨੀ ਦ੍ਰਿਸ਼ਟਾ ਦ੍ਰਿਸ਼ਟਮਾਨ ਹੈ ਸੋ ਸਭ ਅਦ੍ਰਿਸ਼ਟਹੈ ਹੋਇ ਹੋਇਕੇ ਛਪਜਾਂਦੀਹੈ ਇਕ ਖਿਨਵਿਚ ਕਈ ਰੰਗਤਮਾਸ਼ੇ ਕਰਦਿਖਾਂਵਦੀ ਹੈ ਜਾਹਰ ਜੋ ਨਦਰ ਆਂਵਦਾ ਹੈ ਤਿਸ ਨੂੰ ਸੰਸਾਰ ਅਦ੍ਰਿਸ਼ਟ ਕੈਂਹਦਾਹੈ ਅਤੇ ਜੋਦੇਖਦਿਆਂ ਅੱਖੀਂਅੱਗੇ ਜਾਂਦੇਰਹਿੰਦੇਹੈਨ ਤਿਨਾਂਨੂੰ ਆਖਦੇ ਹੈਨ ਦਿੱਸਨਹੀਂਆਵਦੇ ਦਿਸਟਮਾਨ ਹੈ ਜੋਕੋਈ ਅਜੇਹਾ ਬ੍ਰਹਮਬੀਚਾਰੇ ਤਿਸਦੀ ਪਰਮਗਤ ਹੋਵੇਗੀ ॥੪॥ ਤਾਂ ਈਂਡਾਬਾਢੀ ਗੁਰੂਨਾਨਕ ਜੀਦੇ ਪੈਰਾਂ ਤੇ ਢੈਹ ਪਯਾ ਏਹੋ ਆਖੇ ਜੀ ਮੈਂਭੁੱਲਾਹਾਂਤੂੰਮੈਨੂੰਬਖਸ਼ਜੋਮੈਂਤੇਰੇਨਾਲ ਏਤਨੀਆਂਗੱਲਾਂ ਕੀਤੀਆਂ ਹੈਨ ਤਾਂ ਇੰਦ੍ਰਸੈਣ ਆਖਿਆ ਉੱਠ ਭਾਈ ਈਂਡਾ ਕੋਈ ਡਰ ਨਾਹੀਂ ਗੁਰੂ ਨਾਨਕ ਜੀ ਤੇਰੇ ਵਾਸਤੇ ਆਯਾ ਹੈ ਤਾਂ ਈਂਡਾ ਉੱਠ ਖੜਾ ਹੋਯਾ ਤਾਂ ਫਿਰ ਗੁਰੂਨਾਨਕ ਜੀ ਕਿਹਾ ਭਾਈਈਂਡਾਪ੍ਰਸਾਦਲੈਆਉਕਿ ਹੈਈ ਪੈਹਰ ਅਢਾਈਰਾਤਗਈ ਸੀਤਾਂਈਂਡੇ ਪ੍ਰਸਾਦ ਅਗੇਆਣਰੱਖਿਆਲਗੇਪ੍ਰਸਾਦਜੇਵਣ ਗੁਰੂ ਨਾਨਕ ਜੀ ਅਤੇ ਮੈਂ ਇੰਦ੍ਰਸੈਣ ਲਗੇ ਪ੍ਰਸਾਦ ਜੇਵਣ ਅੱਧਾ ਪ੍ਰਸਾਦ ਗੁਰੂਨਾਨਕਜੀ ਜੇਵਿਆ ਅਤੇ ਅੱਧਾ ਰਿਹਾ ਤਾਂ ਗੁਰੂ ਨਾਨਕ ਆਖਿਆ ਲੈਹੁ ਭਾਈ ਈਂਡਾ ਏਹ ਪ੍ਰਸਾਦ ਤੂੰ

CC-0. Gurukul Kangri University Haridwar Collection. Digitized by S3 Foundation USA

ਜੇਵ ਤਾਂਇੰਦ੍ਰਸੈਣਆਖਿਆਲੈਭਾਈਝੰਡਾਪ੍ਰਸਾਦ ਉਠਾਇਲੈ ਤਾਂਝੰਡੇ ਪ੍ਰਸਾਦ ਚਾਇ ਲੀਤਾ
ਲੈਕਰ ਲਗਾਜੇਵਣ ਜਿਉਂ ਅੱਧਾਪ੍ਰਸਾਦ ਜੇਵਿਆਂਆਹਾ ਤਿਉਂਝੰਡੇ ਦੇ ਕਪਾਟ ਖੁਲ੍ਹ ਗਏ
ਝੰਡਾ ਬਿਦੇਹ ਹੋਯਾ ਤਾਂਝੰਡੇਨੂੰ ਸਭਕਿਛ ਵਿਸਰਗਿਆ ਜਾਂ ਇੰਦ੍ਰਸੈਣਦੇਖੇਤਾਂਝੰਡਾ ਬਿਦੇਹ
ਹੋਇ ਗਿਆ ਹੈ ਤਾਂ ਇੰਦ੍ਰਸੈਣ ਗੁਰੂਨਾਨਕ ਜੀਨੂੰ ਆਖਿਆ ਜੀ ਏਹ ਕਿਆ ਕੀਤੋ ਤਾਂ ਗੁਰੂ
ਨਾਨਕਜੀ ਆਖਿਆ ਭਾਈਇੰਦ੍ਰਸੈਣ ਅਸਾਨੂੰਜੋਕਰਤਾਰ ਇਥੇਲੈਆਯਾਹੈ ਏਸੇਵਾਸਤੇ ਲੈ
ਆਯਾ ਹੈ ਅਸੀ ਕਿਆ ਕਰੀਐ ਤਾਂ ਇੰਦ੍ਰਸੈਣ ਆਖਿਆਜੀ ਤੁਸਾਂ ਕਰਨਾਕੀਆਹਾ ਤੇਕੀਤੋ
ਕਜਾ ਤਾਂ ਗੁਰੂਨਾਨਕਜੀ ਆਖਿਆ ਭਾਈਇੰਦ੍ਰਸੈਣ ਜੋਕੁਝ ਤੁਸੀਕਹੇ ਸੋ ਹੋਵੇ ਤਾਂਇੰਦ੍ਰਸੈਨ
ਆਖਿਆਜੀ ਤੁਸੀ ਇਸਨੂੰ ਮੰਜੀ ਬਹਾਵਣਾ ਆਹਾ ਇਸਵਖਤ ਮੰਜੀਕਿਥੋਂਬਹੇਗਾਤਾਂਗੁਰੂ
ਨਾਨਕਜੀ ਕਹਿਆ ਰਾਤ ਕਿਤਨੀਕ ਹੈ ਤਾਂ ਮੈਂਆਖਿਆਜੀ ਰਾਤਪਹਿਰਹੈ ਤਾਂਗੁਰੂਨਾਨਕ
ਜੀ ਆਖਿਆ ਭਾਈ ਜਲ ਲੈ ਆਵੋ ਇਸ਼ਨਾਨ ਕਰੀਐ ਅਤੇ ਝੰਡੇਨੂੰ ਭੀ ਨ੍ਹਵਾਵਹੁਤਾਂ ਗੁਰੂ
ਨਾਨਕ ਇਸ਼ਨਾਨ ਕੀਤਾ ਅਤੇ ਝੰਡੇਨੂੰਭੀ ਨ੍ਹਵਾਯਾ ਤਾਂ ਝੰਡੇਦੀ ਖੁਮਾਰੀਉਤਰੀਝੰਡਾਬਾਢੀ
ਗੁਰੂਨਾਨਕਦੇ ਪੈਰਾਂ ਤੇ ਢਹਿ ਪਯਾ ਤਾਂ ਗੁਰੂਨਾਨਕਜੀ ਕਹਿਆ ਭਾਈ ਝੰਡਾ ਅਸਾਂ ਤੈਨੂੰ
ਮੰਜੀ ਬਹਾਵਣਾ ਹੈ ਤਾਂ ਝੰਡੇ ਆਖਿਆ ਜੀ ਜੋ ਕੁਝ ਤੁਸਾਡੀ ਰਜਾਇ ਤਾਂ ਗੁਰੂਨਾਨਕਝੰਡੇ
ਬਾਢੀਨੂੰ ਮੰਜੀਸਉਂਪੀ ਸਤਿਗੁਰ ਕੀਤਾ ਤਾਂ ਰਾਜੇ ਸੁਧਰਸੈਣਨੂੰ ਖਬਰਹੋਈ ਜੋ ਇਕ ਤੇਰੇ
ਨਗ੍ਰਮੇਂ ਤਪਾ ਆਯਾ ਹੈ ਉਸ ਝੰਡੇਨੂੰ ਮੰਜੀ ਸਉਂਪੀ ਅਤੇ ਸਤਗੁਰ ਕੀਤਾ ਸੁਧਰਸੈਣ ਰਾਜੇ
ਕਹਿਆ ਉਸਤਪੇ ਨੂੰ ਮੇਰੇਪਾਸ ਲੈਆਓ ਤਾਂਗੁਰੂਨਾਨਕਜੀਅਤੇਮੈਂਤੇਮਰਦਾਨਾਅਤੇ ਇੰਦ੍ਰ
ਸੈਣ ਅਤੇ ਝੰਡਾਬਾਢੀ ਪੰਜੇ ਅਸੀ ਉਦਿਆਨ ਜੰਗਲਵਿਚਬੈਠੇ ਆਹੇ ਜੋ ਰਾਜੇ ਦੇਆਦਮੀ
ਆਇ ਆਇਕਰ ਆਖਨ ਲਗੇ ਤਪਾ ਈਹਾਂ ਕਉਣ ਹੈ ਰਾਜੇ ਨੇ ਬੁਲਾਯਾਹੈ ਤਾਂ ਇੰਦ੍ਰਸੈਣ
ਉੱਠ ਖੜਾ ਹੋਯਾ ਅਰ ਰਾਜੇ ਕੇ ਆਦਮੀਆਂ ਕੋ ਕਹਿਆ ਜੋਤੁਮਚਲੋ ਮੈਂ ਰਾਜੇਕੀਨਿਸ਼ਾਕਰ
ਆਵਤਾ ਹੋਂ ਤਾਂ ਗੁਰੂਨਾਨਕਜੀ ਕਹਿਆ ਬਹੁ ਇੰਦ੍ਰਸੈਣ ਬਹੁ ਇੰਦ੍ਰਸੈਣਕਹਿਆਜੀ ਓਹ
ਤਾਂ ਤੁਮਕੋਜਾਨਤਾਨਹੀਂ ਅਰਜੀ ਓਹ ਮੇਰਾ ਮਾਮਾਹੈ ਉਸਕਾਬਿਘਨ ਨਾਹੋਵੇਉਸਕੀਨਿਸ਼ਾ
ਕਰ ਆਵਤਾਹੋਂ ਤੁਮਕਜਾ ਕਹਿਤੇਹੋ ਤਾਂਇੰਦ੍ਰਸੈਣ ਰਾਜੇਸੁਧਰਸੈਣਨੂੰ ਜਾਇਸਲਾਮ ਕੀਤਾ
ਤਾਂਸੁਧਰਸੈਣਕਹਿਆਆਓਪੁਤ੍ਰਕੁਛਕਹੇਂਗਾਤਾਂਇੰਦ੍ਰਸੈਣਕਹਿਆਜੀਮੈਂ ਕਹਿਣ ਹੀ ਆਯਾ
ਹਾਂ ਤਾ ਰਾਜੇਸੁਧਰਸੈਣ ਕਹਿਆਕਹੁਪੁਤ੍ਰ ਤੂੰ ਕਿਆਕਹਿਤਾਹੈਂ ਤਾਂਇੰਦ੍ਰਸੈਣਕਹਿਆ ਰਾਜਾ
ਜੀ ਤੁਪੇ ਕੋ ਬੁਲ੍ਹਾਵਣੇ ਆਦਮੀ ਤੁਮ ਭੇਜੇ ਥੇ ਤਾਂ ਰਾਜੇ ਕਹਿਆ ਹਾਂ ਪੁਤ੍ਰ ਮੈਂ ਭੇਜੇ ਥੇ ਤਾਂ
ਇੰਦ੍ਰਸੈਣ ਕਹਿਆ ਕਿਸਵਾਸਤੇ ਤਾਂ ਰਾਜੇਕਹਿਆਪੁਤ੍ਰਮੈਂ ਸੁਣਿਆਥਾਜੋਝੰਡੇਬਾਢੀਨੂੰਪੂਰਨ
ਕੀਤਾ ਹੈਸੁ ਮੈਂ ਇਸਵਾਸਤੇ ਬੁਲਾਯਾ ਥਾ ਜੋ ਮੈਂਭੀ ਉਸਕੋ ਦੇਖੋਂ ਤਾਂਇੰਦ੍ਰਸੈਣ ਕਹਜਾਰਾਜਾ
ਜੀ ਦੇਖਣੇ ਦੇਖਣੇ ਮੇਂ ਬੜਾ ਫ਼ਰਕ ਹੈ ਏਕ ਦੇਖਣੇ ਮੇਂ ਭਲਾ ਹੋਤਾ ਹੈ ਏਕ ਦੇਖਣੇਮੇਂਬੁਰਾ
ਹੋਤਾਹੈ ਤਾਂ ਰਾਜੇ ਕਹਿਆ ਜਿਸਦੇਖਣੇ ਮੇਂ ਭਲਾਹੋਵੈ ਸੋ ਮੁਝਕੋ ਕਹੋ ਮੈਂਉਸੀਤਰੋਂਦੇਖਾਂਤਾਂ

CC-0. Gurukul Kangri University Haridwar Collection. Digitized by S3 Foundation USA

S OF INTERNET
UTH
ABHINAV GAUR

ਇੰਦ੍ਰਸੈਣਕਾਹੇਆਜੀ ਓਹਤਾਂ ਪੂਰਨ ਸਾਧਹੈ ਉਸ ਅਰ ਕਰਤਾਰ ਮੇਂ ਭੇਦ ਕੁਛ ਨਹੀਂ ਅਰ ਓਹਤਾਂ ਬੇਤਮਾਉਹੈ ਤੂੰ ਕਿਸਪਰੋਜਨ ਪਰ ਦੇਖਤਾਹੈਂ ਤਾਂ ਰਾਜੇ ਕਹਿਆ ਮੈਂ ਤਾਂ ਸਾਧਮੂਰਤ ਕਰ ਦੇਖਤਾਹਾਂ ਤਾਂ ਇੰਦ੍ਰਸੈਣ ਕਹਿਆ ਰਾਜਾਜੀ ਸਾਧਮੂਰਤਦੇਖਣੇ ਕੀ ਯੇਹ ਤਰਾਂ ਨਾਹੀਂ ਜੋ ਜਾਬਤੇ ਸਿਉਂ ਘਰਬੁਲਾਈਐ ਸਾਧਕੀ ਮੂਰਤਿਆਪਨਿਵਾਰਕਰ ਆਪਦੇਖਣੇ ਜਾਈਐ ਤਾਂ ਰਾਜੇ ਕਹਿਆ ਭਲਾ ਪੁਤ੍ਰੂੰ ਭਲਾਕਹਿਤਾਹੈ ਜੋਤੂੰਕਹੇਂਗਾਓਹੋਮੈਂਕਰਾਂਗਾ ਤਾਂ ਇੰਦ੍ਰਸੈਣ ਕਹਿਆ ਜੋ ਰਾਜਾਜੀ ਭਲਾ ਭੋਜਨ ਲੇਹੁ ਅਰ ਭਲੇਮੇਵੇ ਲੇਹੁ ਅਰ ਅਧੀਨਗੀ ਸੇਤੀ ਜਾਇ ਮੱਥਾ ਚਰਨੋਂ ਪਰ ਰੱਖੋ ਸਾਧਮੂਰਤ ਦੇਖਨੇਕੀ ਯੇਹ ਰਉਂ ਸਹੈ ਰਾਜਾਸੁਧਰਸੈਣ ਕਰਮਾਂਦਾ ਬਲੀਆਹਾਰਾਜੇਓਹੋਗੱਲ ਮੰਨਲੀਤੀ ਭਲੇਭੋਜਨ ਲੀਤੇ ਅਰ ਭਲੇ ਮੇਵੇ ਲੀਤੇ ਅਰ ਭਲੇ ਬਸਤ੍ਰ ਲੀਤੇ ਨਾਲ ਇੰਦ੍ਰਸੈਣ ਨੂੰ ਲੀਤਾ ਆਨ ਗੁਰੂਨਾਨਕ ਜੀ ਦੇ ਅੱਗੇ ਰੱਖੇ ਦੱਖ ਕਰ ਚਰਨੋਂ ਤੇ ਮੱਥਾ ਟੇਕਿਆ ਜੋ ਕਿਛੁ ਲਿਆਯਾ ਸੀ ਸੋ ਆਨ ਅੱਗੇ ਰੱਖਿਓਸ ਤਾਂ ਇੰਦ੍ਰਸੈਣ ਆਖਿਆ ਜੀ ਰਾਜਾ ਕਰਮਵੰਤ ਹੈ ਇਸ ਪਰ ਕ੍ਰਿਪਾ ਕੀਜੇ ਤਾਂ ਗੁਰੂ ਨਾਨਕ ਜੀ ਕੰਡ ਉੱਪਰ ਥਾਪੀ ਦਿੱਤੀ ਅਤੇ ਰਾਗ ਬਿਲਾਵਲ ਵਿਚ ਸ਼ਬਦ ਬੋਲਿਆ ॥

ਏਕੋਰਾਜਦੀਆਸੁਧਰਸੈਣ ॥ ਅੰਜਨਗਿਆਨ ਪਾਇਆ ਜਿਹ ਨੈਣ ॥ ਮਿਟੇ ਅੰਧਿ ਆਰਾ ਗਏ ਬਿਕਾਰਾ ॥ ਐਸਾਸਾਹਿਬ ਮੀਤ ਹਮਾਰਾ ॥ ੧ ॥ ਸੁਧਰਸੈਣਯਿਹ ਬਾਤ ਹਮਾਰੀ ॥ ਏਕੋ ਰਾਜ ਦੀਆ ਛਤ੍ਰਧਾਰੀ ॥ ੧ ॥ ਰਹਾਉ ॥ ਅਠਾਰਾਂ ਰਾਜੇ ਤੁਮਾਰੀ ਰਯਤਿ ਕੀਨੇ ॥ ਸਭਸੇਵਖਰੇ ਪ੍ਰਭ ਸਿਉ ਮਨਭੀਨੇ ॥ ਐਸੀ ਪ੍ਰਭ ਜੀ ਕ੍ਰਿਪਾਧਾਰੀ ॥ਜਦਗੁਰਮਤਿਉਪਜੀਰਿਦੇਵਿਚਾਰੀ॥੨॥ਸਉਟਾਪੂਕਾਰਾਜਤੁਮਾਰਾ ॥ ਤੀਨਦੀਪ ਤੁਮਚਰਨਪੂਜਾਰਾ ॥ ਬ੍ਰਹਮਾ ਬਿਸ਼ਨ ਮਹੇਸ਼ਤੇ ਊਚੇ ॥ ਸੁਧਰਸੈਣ ਤੁਮ ਨਿਰਮਲ ਸੂਚੇ ॥ ੩ ॥ ਇੰਦ੍ਰਸੈਣ ਇਸ ਸੰਗ ਤੁਮਾਰਾ ॥ ਕਰਣ ਕਾਰਣ ਆਪੇ ਕਰਤਾਰਾ॥ ਕਹੁ ਨਾਨਕ ਜਿਸ ਆਪਦਇਆਲਾ ॥ ਤਿਸ ਸਰਬਸੁਖਸਭਮਿਟੈਜੰਜਾਲਾ ॥ ੪ ॥

ਗੁਰੂਨਾਨਕਜੀਸੁਧਰਸੈਣਨੂੰਸਉਟਾਪੂਦਾ ਰਾਜਾ ਕੀਤਾ ਨਿਖੱਤ੍ਰ ਰਾਜ ਦਿੱਤਾ ਅੱਗੇ ਅਠਾਰਾਂ ਰਾਜੇ ਰਾਜ ਕਰਦੇਆਹੇ ਗੁਰੂਨਾਨਕਜੀ ਅਤੇ ਨਾਲੇਇੰਦ੍ਰਸੈਣਦੇ ਪਰਸੰਗ ਤਿੰਨ ਦੀਪ ਦਾ ਰਾਜ ਲੱਗਾ ਕਰਨ ਅਤੇ ਨਾਲੇ ਮਹਾਂਪੁਰਖ ਹੋਯਾ ਤਾਂ ਗੁਰੂਨਾਨਕ ਜੀ ਕਹਿਆ ਹੇ ਰਾਜਾ ਸੁਧਰਸੈਣਦੇਖੇਂ ਮਤਝੰਡੇ ਦੀ ਰੀਸਕਰਦਾ ਹੋਵੇਂ ਮਤ ਕਦੀਰਾਜਤੇਜਵਿਚਆਇ ਜਾਵੇਂ ਤੂੰ ਜਾਣ ਤਾਂ ਰਾਜਾ ਸੁਧਰਸੈਣ ਹੱਥਜੋੜ ਖੜਾ ਹੋਯਾ ਅਤੇ ਆਖਿਓਸ ਗੁਰੂ ਜੀ ਮੈਂ ਰਾਜ ਭੀ ਇੰਸਨੂੰ ਦੇਂਦਾਹਾਂ ਅਤੇ ਮੈਂ ਤੁਸਾਡੇਨਾਲਫਿਰਦਾਹਾਂ ਐਸਾਵਖਤ ਮੈਨੂੰ ਕਦ ਹੱਥ ਆਂਵਦਾ ਹੈ ਤਾਂ ਗੁਰੂਨਾਨਕਜੀ ਕਹਿਆ ਸੁਣ ਰਾਜਾ ਸੁਧਰਸੈਣ ਅਸਾਂ ਇੱਥੇ ਜੋ ਝੰਡੇਬਾਢੀ ਨੂੰ ਏਹਾਯਾ ਹੈ ਸੋ ਮੰਜੀ ਅਸਾਡੀਹੈ ਅਤੇ ਤੈਨੂੰ ਜੋਇਕਛਤ੍ਰ ਰਾਜਦਿਤਾਹੈ ਸੋ ਰਾਜ ਭੀ ਅਸਾਡਾ ਹੈ ਤੈਨੂੰ ਰਾਜ ਅਤੇ ਮੰਜੀ ਦੋਵੇਂਦਿੱਤੇਹੈਨਤੇਝੰਡਾਅਸਾਨੂੰ ਕਰ ਦੇਖਣਾ ਤਾਂਝੰਡੇ ਅਤੇ ਇੰਦ੍ਰਸੈਣ ਦੋਹਾਂ

CC-0. Gurukul Kangri University Haridwar Collection. Digitized by S3 Foundation USA

ਮੱਥੇ ਟੇਕੇ ਤਾਂ ਗੁਰੂ ਨਾਨਕ ਜੀ ਕਹਿਆ ਹੁਣ ਅਸੀ ਵਿਚਰੀਐਂ ਗੇ ਤੁਸਾਡੇ ਹੀ ਵਾਸਤੇ ਕਰਤਾਰ ਅਸਾਨੂੰ ਇਸ ਧਰਤੀ ਲੈ ਆਯਾ ਹੈ ਸੋਈ ਪੂਰੀ ਹੋਈ ਤਾਂ ਰਾਜੇ ਸੁਧਰਸੈਣ ਦਾ ਬੈਰਾਗ ਛੁਟ ਗਿਆ ਤਾਂ ਗੁਰੂ ਨਾਨਕ ਕਹਿਆ ਕਿਉਂ ਰਾਜਾ ਕਿਉਂ ਤਾਂ ਰਾਜੇ ਕਹਿਆ ਜੀ ਜੇ ਤੁਸੀ ਗਉਣ ਕਰੋਗੇ ਤਾਂ ਅਸਾਡੇ ਪ੍ਰਾਣ ਹਤ ਹੋਣਗੇ ਤਾਂ ਗੁਰੂ ਨਾਨਕ ਕਹਿਆ ਰਾਜਾ ਅਸੀ ਤੁਸਾਡੇ ਪਾਸ ਹੀ ਆ ਹੇ ਅਸੀ ਤੁਸੀ ਇਕ ਹੋ ਇਜਾ ਵੀਐਂ ਗੇ ਤੁਸੀ ਗਿਣਤੀ ਕਾਈ ਨ ਹੀਂ ਕਰਨੀ ਆਨੰਦ ਨਾਲ ਰਹਿਣਾ ਤਾਂ ਰਾਜੇ ਸੁਧਰਸੈਣ ਕਹਿਆ ਜੀ ਤੁਸੀ ਕੋਈ ਦਿਨ ਇੱਥੇ ਹੀ ਰਹੋ ਅਸਾਡਾ ਆਤਮਾ ਠਹਿਰੇ ਤਾਂ ਇੰਦ੍ਰਸੈਣ ਆਖਿਆ ਭਲਾ ਜੀ ਰਾਜੇ ਕਾ ਬੀ ਆਖਿਆ ਮੰਨੀਐ ਇਕ ਮਹੀਨਾ ਇੱਥੇ ਰਹੋ ਤਾਂ ਗੁਰੂ ਨਾਨਕ ਆਖਿਆ ਭਲਾ ਜੀ ਤੇਰਾ ਭੀ ਆਖਿਆ ਫੇਰਨਾ ਨਹੀਂ ਇਕ ਮਹੀਨਾ ਗੁਰੂ ਨਾਨਕ ਜੀ ਈਂਡੇ ਅਤੇ ਸੁਧਰਸੈਣ ਅਤੇ ਇੰਦ੍ਰਸੈਣ ਪਾਸ ਰਹੇ ਫੇਰ ਗੁਰੂ ਨਾਨਕ ਜੀ ਵਿਦਾ ਲੀਤੀ ॥ ਬੋਲਹੁ ਭਾਈ ਜੀ ਵਾਹਿਗੁਰੂ ॥ ੩੨ ॥

ਸਾਖੀ ਹੋਰ ਚਲੀ

ਫੇਰ ਗੁਰੂ ਨਾਨਕ ਜੀ ਸਿਲਮਿਲਾ ਦੀਪ ਨੂੰ ਚਲੇ ਸਮੁੰਦ੍ ਪਾਣੀ ਉਪਰ ਇਵੇਂ ਚਲੇ ਜਾਵਨ ਜਿਉਂ ਧਰਤੀ ਉੱਪਰ ਜਾਈਦਾ ਹੈ ਇਵੇਂ ਸਮੁੰਦ੍ ਤੇ ਚਲੇ ਗਏ ਛੇ ਮਹੀਨੇ ਸਹਿਜ ਨਾਲ ਚਲੇ ਗਏ ਜਿੱਥੇ ਗੁਰੂ ਨਾਨਕ ਦੀ ਖੁਸ਼ੀ ਆਵੇ ਤਿਥੇ ਬਹਿ ਜਾਈਐ ਅਗੇ ਸਿਲਮਿਲਾ ਦੀਪ ਵਿੱਚ ਧੁੰਮ ਪਈ ਆ ਹੀ ਇਕ ਤਪਾ ਆਯਾ ਰਾਜੇ ਸੁਧਰਸੈਣ ਪਾਸ ਸੁਧਰਸੈਣ ਨੂੰ ਤਿੰਨ ਦੀਪਾਂ ਦੇ ਰਾਜ ਦਾ ਬਚਨ ਕੀਤਾ ਹੈ ਸੁ ਅਤੇ ਉੱਥੇ ਇਕ ਈਂਡਾ ਬਾਢੀ ਤਰਖਾਣ ਰਹਿੰਦਾ ਹੈ ਤਿਸਨੂੰ ਪੂਰਨ ਮਹਾਂਪੁਰਖ ਕੀਤਾ ਹੈ ਸ ਏਹੋ ਧੁੰਮ ਹੋਇ ਰਹੀ ਆ ਹੀ ਅਸੀ ਤ੍ਰੈਏ ਉਦਿਆਨ ਮੈਂ ਜਾਇ ਬੈਠੇ ਜਾਂ ਸੱਤ ਦਿਨ ਗੁਜਰੇ ਤਾਂ ਮਰਦਾਨੇ ਆਖਿਆ ਜੀ ਜੇ ਹੁਕਮ ਹੋਵੇ ਤਾਂ ਮੈਂ ਸ਼ਹਿਰ ਵੇਖ ਆਵਾਂ ਤਾਂ ਗੁਰੂ ਨਾਨਕ ਜੀ ਹੱਸਿਆ ਹੱਸ ਕਰ ਬੋਲਿਆ ਕਿਉਂ ਮਰਦਾਨਾ ਕਿੱਛ ਭੁਖ ਲੱਗੀ ਹੈ ਈ ਤਾਂ ਮਰਦਾਨੇ ਆਖਿਆ ਜੀ ਤੁਸਾਨੂੰ ਤਾਂ ਕਰਤਾਰ ਏਹੋ ਜੇਹਾ ਕੀਤਾ ਹੈ ਅਤੇ ਮੈਂ ਤੁਸਾਡੇ ਨਾਲ ਹਠ ਕਰਦਾ ਫਿਰਦਾ ਹਾਂ ਹੁਣ ਸ਼ਹਿਰ ਆਯਾ ਹਾਂ ਇੱਥੋਂ ਤਾਂ ਕੁਛ ਮੂੰਹ ਪਾਇਆਵਾਂ ਤਾਂ ਗੁਰੂ ਨਾਨਕ ਆਖਿਆ ਮਰਦਾਨਿਆਂ ਕੁਛ ਸੰਤੋਖ ਪਕੜ ਤਾਂ ਮਰਦਾਨੇ ਆਖਿਆ ਭਲਾ ਗੁਰੂ ਜੀ ਤਾਂ ਮਰਦਾਨਾ ਚੁੱਪ ਕਰਕੇ ਬੈਠ ਗਿਆ ਬੈਠ ਕਰ ਮਰਦਾਨੇ ਆਖਿਆ ਗੁਰੂ ਜੀ ਇਸ ਸ਼ਹਿਰ ਦਾ ਨਾਉਂ ਕਿਆ ਹੈ ਤਾਂ ਗੁਰੂ ਨਾਨਕ ਕਹਿਆ ਮਰਦਾਨਾ ਇਸ ਸ਼ਹਿਰ ਦਾ ਨਾਉਂ ਬ੍ਰਹਮਪੁਰ ਹੈ ਅਤੇ ਇੱਥੋਂ ਦਾ ਰਾਜਾ ਮਧਰ ਬੈਣ ਹੈ ਅਤੇ ਵਰਨ ਬ੍ਰਾਹਮਣ ਦਾ ਹੈ ਸ ਏਹੋ ਗੱਲਾਂ ਹੋ ਦੀਆਂ ਸਨ ਰਾਜਾ ਮਧਰ ਬੈਣ ਸ਼ਿਕਾਰ ਖੇਡਨ ਆਯਾ ਸੀ ਸ਼ਿਕਾਰ ਖੇਡਦਾ ਖੇਡਦਾ ਇਧਰ ਆਯਾ ਜਿਧਰ ਅਸੀ ਤ੍ਰੈਏ ਬੈਠੇ ਆ ਹੇ ਤਾਂ ਅਸਾਨੂੰ ਰਾਜਾ ਦੇਖਕਰ ਖੜਾ ਹੋਇ ਰਹਿਆ ਤਾਂ ਲੱਗਾ ਪੁੱਛਣ ਤੁਸੀ ਕਉਣ ਹੋ ਜੋ ਉਜਾੜ ਵਿੱਚ ਬੈਠੇ ਹੋ ਤਾਂ ਮਰਦਾਨਾ ਬੋਲਿਆ ਹਮ ਆਦਮੀ ਹੋਤੇ ਹੈਂ ਤਾਂ ਰਾਜੇ ਕਹਿਆ ਸ਼ਹਿਰ ਸੇ ਬਾਹਰ ਕਿਉਂ ਬੈਠੇ ਹੋ ਤਾਂ ਮਰਦਾਨੇ ਕਹਿਆ ਸ਼ਹਿਰ ਜਾਇ ਕਰ ਕਿਸਕੇ ਦੁਆਰੇ

CC-0. Gurukul Kangri University Haridwar Collection. Digitized by S3 Foundation USA

S OF INTERNET
UTH
ABHINAV GAUR

ਬੈਠੇ ਤਾਂ ਰਾਜੇ ਪੁੱਛਿਆ ਜੀ ਤੁਮ ਅਤੀਤ ਹੋ ਤਾਂ ਮਰਦਾਨੇ ਕਹਿਆ ਜੀ ਤੈਨੂੰ ਕਿਆ ਨਦਰ ਆਂਵਦਾ ਹੈ ਤਾਂ ਰਾਜੇ ਕਹਿਆ ਤੂੰ ਕਿਸ ਰੌਂਸ ਪਰ ਬੋਲਤਾਹੈਂ ਤਾਂਮੈਂ ਡਿੱਠਾ ਜੋ ਗੁਰੂ ਨਾਨਕਜੀ ਤਾਂ ਬੋਲਦਾ ਨਹੀਂ ਅਤੇ ਮਰਦਾਨਾ ਭੁੱਖਨਾਲਿ ਛਿੱਥਾ ਹੋਗਿਆਹੈ ਤਾਂ ਮੈਂ ਆਖਿਆ ਰਾਜਾਜੀ ਅਸੀ ਤਾਂ ਪਰਦੇਸੀਹਾਂ ਤਾਂ ਰਾਜੇ ਕਹਿਆ ਅਰੇ ਭਾਈ ਤੁਮਕਿਸ ਨਗਰਸੋਂ ਆਏਹੋ ਤੁਮਾਰੀ ਬੋਲੀ ਤੋ ਸਮਝੀ ਨਾਹੀਂ ਜਾਤੀ ਤਾਂ ਹਮ ਕਹਜਾ ਰਾਜਾਜੀ ਹਮ ਪੰਜਾਬਕੀ ਧਰਤੀਸੇ ਆਏਹੈਂ ਕਦੀ ਤਾਂ ਪੰਜਾਬ ਸੁਣਾ ਹੋਇਗਾ ਤਾਂ ਰਾਜੇ ਸਮਝਿਆ ਜੇਪਰਮੇਸ਼ਰਨਾ ਭੁਲਾਏ ਤਾਂ ਓਹਸਾਧ ਹੈਨ ਤਾਂ ਰਾਜੇ ਪੁੱਛਿਆ ਅਰੇ ਭਾਈ ਬਿਸਹਰ ਦੇਸ਼ ਰਾਜੇ ਸੁਧਰਸੈਣ ਕਾ ਹੈ ਤੁਮ ਓਹ ਭੀ ਦੇਖਿਆਹੈ ਤਾਂ ਹਮ ਕਹਿਆ ਰਾਜਾਜੀ ਉੂਹਾਂ ਸੇ ਹਮ ਆਏਹਾਂ ਤਾਂ ਮੈਂ ਫੇਰ ਰਾਜੇ ਨੂੰ ਪੁੱਛਿਆ ਜੀ ਤੁਮਾਰਾ ਨਾਉਂ ਕਿਆਹੈ ਅਰਤੁਮ ਹੋਤੇ ਕੌਣ ਹੋ ਤਾਂ ਰਾਜੇ ਕਹਿਆ ਹਮ ਆਪਣਾ ਨਾਉਂ ਬਤਾਵੇਂਗੇ ਪਰ ਤੁਮ ਆਪਣਾ ਨਾਉਂ ਬਤਾਵਹੁ ਮਹੰਤ ਤੁਮਾਰਾ ਤੋ ਬੋਲਦਾ ਨਹੀਂ ਪਰ ਤੁਮ ਇਸਕਾ ਨਾਉਂ ਹੀ ਬਤਾਵਹੁ ਤਾਂ ਮੈਂ ਆਖਿਆ ਜੀ ਮਹੰਤਕਾ ਨਾਉਂ ਨਾਨਕ ਨਿਰੰਕਾਰੀਹੈ ਅਤੇ ਮੇਰਾ ਨਾਉਂ ਬਾਲਾਹੈ ਅਰ ਇਸਕਾ ਨਾਉਂ ਮਰਦਾਨਾਹੈ ਤਾਂ ਰਾਜੇ ਕਹਿਆ ਸੁਣਭਾਈ ਬਾਲਾ ਰਾਜੇਸੁਧਰਸੈਣ ਅਰ ਝੰਡੇਬਾਢੀਕੋ ਯਹੀ ਪਰਤਾਪ ਦੇ ਆਯਾ ਹੈ ਸੱਚ ਹੀ ਕਹੀਓ ਤਾਂ ਮੈਂ ਆਖਿਆ ਰਾਜਾਜੀ ਏਹੀ ਦੇਆਯਾਹੈ ਪਰ ਤੂੰ ਆਪਣਾ ਨਾਉਂ ਭੀ ਬਤਾਇ ਅਰ ਆਪਣਾ ਵਰਣ ਭੀ ਬਤਾਇ ਅਰ ਸ਼ਹਿਰਕਾ ਨਾਉਂ ਭੀ ਬਤਾਇ ਰਾਜੇ ਕਹਿਆ ਸੁਣ ਅਤੀਤ ਹਮਾਰਾ ਨਾਉਂ ਮਧਰਬੈਣਹੈ ਅਰ ਸ਼ਹਿਰ ਕਾ ਨਾਉਂ ਬ੍ਰਹਮਪੁਰ ਹੈ ਇਸ ਵਲਾਇਤ ਕੇ ਹਮ ਰਾਜੇ ਹੋਤੇਹੈਂ ਅਰ ਵਰਣ ਹਮਾਰਾ ਬ੍ਰਾਹਮਣਕਾ ਹੋਤਾਹੈ ਤਾਂ ਮੈਂ ਫੇਰ ਰਾਜੇਨੂੰ ਕਹਿਆ ਭਲਾ ਰਾਜਾ ਜੀ ਅਬ ਨਿਸ਼ਾ ਹੋਈ ਪਰ ਏਹ ਦੀਪਕਉਣ ਕਹੀਤਾਹੈ ਤਾਂ ਰਾਜੇ ਕਹਿਆ ਸੁਣ ਅਤੀਤ ਇਹ ਸਿਲਮਿਲਾਦੀਪ ਕਹੀਤਾਹੈ ਤਾਂ ਮੈਂ ਫੇਰ ਪੁੱਛਿਆ ਜੀ ਈਹਾਂ ਕੇਤੇ ਰਾਜੇ ਰਾਜ ਕਰਤੇ ਹੈਂ ਤਾਂ ਰਾਜਾ ਬੋਲਿਆ ਸੁਣ ਭਾਈ ਅਤੀਤ ਈਹਾਂ ਤੀਨਾਂ ਦੀਪਾਂ ਮੇਂ ਅਠਾਰਾਂ ਰਾਜੇ ਰਾਜਕਰਤੇਹੈਂ ਤਾਂ ਮੈਂ ਫੇਰ ਪੁੱਛਿਆ ਜੀ ਓਨਾਂ ਰਾਜਿਆਂਦਾ ਨਾਂਉ ਕਿਆਹੈ ਤਾਂ ਰਾਜੇ ਮਧਰਬੈਣ ਕਹਿਆ ਸੁਣ ਅਤੀਤ ਰਾਜਿਆਂ ਕੇ ਨਾਮ ਰਾਜਾ ਕਵਲ ਨੈਨ ੧ ਮਧੁਬੈਨ ੨ ਸੁਧੁਸੈਣ ੩ ਸੁਖਚੈਨ ੪ ਅਸਨਾਹਾਪ ਸਗਰਸੈਨ ੫ ਬੀਰਬੈਨ ੬ ਲਾਲਨੈਨ ੭ ਰਾਇਐਨ ੮ ਸੁਖਸਾਗਰ ੯ ਨਾਗਪਰਸ-ਰਾਮ ੧੦ ਰਾਜਾਅਟਕਾਘਟਕਾ ੧੧ ਸੁਧਸਮਾਲਕਾ ੧੨ ਬੁੱਧ ਬਬੇਕਬਾਲਕਾ ੧੩ ਰਾਜਾ ਨੈਨਜੋਤ ੧੪ ਰਾਜਾ ਬਾਲਸਿੰਗਾਰ ੧੫ ਰਾਜਾ ਤੁਰਤਿਰੰਗ ੧੬ ਰਾਜਾਮਗਨਰਾਇ ੧੭ ਜਾਂ ਰਾਜੇ ਰਾਜਿਆਂ ਅਠਾਰਾਂ ਕੇ ਨਾਮ ਕਹੇ ਤਾਂ ਮੈਂ ਰਾਜੇ ਮਧਰਬੈਣ ਕੋ ਕਹਿਆ ਰਾਜਾ ਜੀ ਇਤਨੀ ਬਾਤ ਤੈਂ ਕਹੀ ਪਰ ਜੀ ਇਨੋਂ ਅਠਾਰੋਂ ਰਾਜਿਆਂ ਮੇਂ ਸਿਰਦਾਰਕਉਣਹੈ ਤਾਂ ਰਾਜੇ ਕਹਿਆਸੁਣੋਭਾਈਅਤੀਤੋ ਸਭਨਾਂਕੇ ਉਪਰ ਰਾਜਾ ਕਵਲਨੈਨ ਹੈ ਤਾਂ ਮੈਂ ਕਹਿਆਰਾਜਾਜੀ ਏਹਗੱਲ ਕਿਉਂ ਝੂਠ ਬੋਲਿਆ ਤਾਂ ਰਾਜੇ ਕਹਿਆ ਅਤੀਤ ਏਹਬਾਤ ਕਿਆ ਸਮਝਕਰਕਹੀ

CC-0. Gurukul Kangri University Haridwar Collection. Digitized by S3 Foundation USA

ਭਾਂ ਮੈਂ ਕਹਿਆ ਰਾਜਾ ਜੀ ਸਭਨਾਂ ਦੇ ਉਪਰ ਕਵਲਨੈਨ ਨਹੀਂ ਸਭਨਾਂ ਦੇ ਉਪਰ ਰਾਜਾ ਸੁਧਰਸੈਣ ਹੈ ਭਾਂ ਰਾਜੇ ਕਹਿਆ ਅਤੀਤ ਤੂੰ ਕਿਆ ਜਾਨਤਾ ਹੈਂ ਭਾਂ ਮੈਂ ਕਹਿਆ ਰਾਜਾ ਜੀ ਮੈਂ ਜਾਨਤਾਹੋਂ ਜੋ ਮੇਰੇ ਗੁਰੂ ਨਾਨਕ ਨੇ ਸਭਨਾਂਕੇ ਉਪਰ ਸੁਧਰਸੈਣ ਰਾਜਾ ਆਖਿਆ ਹੈ ਭਾਂ ਰਾਜੇ ਮਧਰਬੈਨ ਕਹਿਆ ਸੁਣਅਤੀਤ ਤੇਰਾ ਮਹੰਤ ਕਹਿਤਾਹੈਕਿਤੂੰ ਕਹਿਤਾਹੈਂ ਤੇਰਾਮਹੰਤ ਭਾਂ ਬੋਲਤਾ ਨਹੀਂ ਭਾਂ ਮੈਂ ਰਾਜੇ ਨੂੰ ਕਹਿਆ ਸੁਣ ਰਾਜਾ ਮੇਰਾ ਗੁਰੂ ਤਦ ਬੋਲੇਗਾ ਜਬਕੋਈ ਬੁਲਾਵਣੇ ਵਾਲਾ ਆਵੇਗਾ ਭਾਂ ਰਾਜੇ ਕਹਿਆ ਅਤੀਤ ਹਮ ਬੁਲਾਵੇਂਗੇ ਭਾਂ ਮੈਂ ਆਖਿਆ ਬੁਲਾਇ ਰਾਜਾਜੀਬੁਲਾਇਸਕਤਾਹੈਂ ਭਾਂਰਾਜਾਘੋੜੇਉਤੋਂ ਉਤਰਿਆ ਉਤਰਕਰਨੇੜੇਆਯਾ ਨਜ਼ੀਕਆਇਕਰ ਲੱਗਾ ਪੁੱਛਣ ਅਰੇਭਾਈ ਇਨੋਂਕੀ ਆਵਾਜ਼ ਕੀਹੈ ਭਾਂਮੈਂ ਕਿਹਾ ਰਾਜਾਜੀ ਇਨੋਂ ਕੀਅਵਾਜ਼ ਕਰਤਾਰਕਰਤਾਰ ਏਹੀਆਵਾਜ਼ਹੈਤਾਂ ਰਾਜੇਨੇੜੇ ਹੋਇਕਰ ਆਖਿਆ ਮਹੰਤ ਜੀ ਕਰਤਾਰ ਕਰਤਾਰ ਭਾਂ ਗੁਰੂ ਨਾਨਕ ਦੀ ਸਮਾਧ ਖੁਲ੍ਹੀ ਭਾਂ ਗੁਰੂ ਨਾਨਕ ਜੀ ਬੋਲਿਆ ਸਤਿ ਕਰਤਾਰ ਜੀ ਸਤਿ ਕਰਤਾਰ ਆਉ ਭਾਈ ਬੈਠੋ ਭਾਂ ਰਾਜੇ ਮੱਥਾ ਟੇਕਿਆ ਭਾਂ ਗੁਰੂ ਨਾਨਕਜੀ ਕਹਿਆ ਆਉ ਰਾਜਾ ਮਧਰਬੈਣ ਭਾਂ ਰਾਜੇ ਕਿਹਾ ਤੁਮ ਨਗਰੀਮੇਂ ਚਲੋ ਭਾਂ ਗੁਰੂ ਨਾਨਕਜੀਕਹਿਆ ਰਾਜਾ ਹਮਾਰਾ ਨਗਰ ਏਹੀਹੈ ਭਾਂ ਰਾਜੇ ਕਹਿਆਨਗਰੀਮੇਂ ਚਲੋਉਜਾੜ ਮੇਂ ਬੈਠਨਾ ਕਿਆ ਫ਼ਾਇਦਾ ਹੈ ਭਾਂ ਗੁਰੂਨਾਨਕ ਕਹਿਆ ਰਾਜਾ ਅਸੀਫ਼ਕੀਰ ਅਤੀਤਆਹੇ ਹਮ ਕਉ ਉਜਾੜ ਹੀ ਵਸਤੀ ਹੈ ਭਾਂ ਰਾਜੇ ਕਹਿਆ ਜੀ ਨਗਰ ਮੇਂ ਕੋਈ ਭੰਡਾਰਕੀ ਖਬਰ ਲਏਗਾ ਭਾਂ ਗੁਰੂ ਨਾਨਕ ਰਾਗ ਬਿਲਾਵਲ ਵਿਚ ਸ਼ਬਦ ਬੋਲਿਆ ॥

ਏਕ ਭੰਡਾਰਾ ਨਾਮਕਾ ਜਿਨ ਸਭ ਕਿਛ ਦੀਨਾ ॥ ਭੂਖ ਨੰਗ ਸਭ ਛੀਨ ਕੇ ਅਪਣਾ ਕਰ ਲੀਨਾ ॥ ਐਸਾ ਨਾਮ ਨ ਛੋਡੀਐ ਸਦਾ ਸੰਗ ਹਮਾਰੇ ॥ ਲੇਖਾ ਕਬੀ ਨਾ ਪੁੱਛਈ ਮਨ ਮੀਤ ਪਿਆਰੇ ॥ ੧ ॥ ਰਹਾਉ ॥ ਭੋਜਨ ਉਤਮ ਹਮ ਕੀਆ ਸੰਤਨ ਪ੍ਰਸਾਦਿ ॥ ਜਲ ਸੀਤਲੁ ਹਿਰਦੇ ਪੀਆ ਰਿਦੈ ਮਹਿ ਸਾਂਤਿ ॥ ੨ ॥ ਬਸਤ੍ ਬ੍ਰਹਮ ਪਛਾਨਿਆ ਕਾਂਇਆਂ ਕੇ ਸੰਗ॥ ਲਖ ਚਉਰਾਸੀ ਏਕਹੈ ਤੂੰਹੈ ਨਿਰਭੰਗ॥ ੩॥ ਨਾਨਕਕਹੈ ਗਜਿੰਦ੍ ਸੁਣ ਸਭ ਝੂਠ ਪਸਾਰਾ ॥ ਦਿਸਟਮਾਂਨ ਸਭ ਬਿਨਸਜਾਇ ਰਹੈ ਏਕੰਕਾਰਾ ॥ ੪ ॥

ਭਾਂ ਰਾਜਾ ਮਧਰਬੈਣ ਗੁਰੂਨਾਨਕਦੇ ਪੈਰਾਂ ਤੇ ਢਹਿਪਿਆ ਆਖੇਜੀ ਕੁਛਮੈਨੂੰ ਆਗਿਆਕਰੋ ਜੋਮੈਂ ਸੇਵਾ ਕਰੋਂ ਭਾਂ ਗੁਰੂਨਾਨਕ ਕਹਿਆ ਸੁਣ ਰਾਜਾ ਮਧਰਬੈਣ ਅਸੀ ਤੁਸਾਂਨੂੰ ਏਹੋ ਗੱਲ ਆਖਦੇਆਹੇ ਜੋ ਅਸਾਂ ਸੁਧਰਸੈਣਨੂੰ ਰਾਜਨਿਛੱਤ੍ ਰਾਜਦਿਤਾਹੈ ਜੋ ਕੋਈਮੰਨੇਗਾ ਭਾਂ ਉਸਦਾ ਭਲਾ ਹੋਵੇਗਾ ਅਤੇ ਜੋ ਕੋਈਨਾ ਮੰਨੇਗਾ ਭਾਂਓਹਜਾਣੈ ਅਸੀ ਭਾਂ ਆਪਣੀ ਵੱਲੋਂ ਆਖਛੱਡਣਾ ਸੀ ਭਾਂ ਰਾਜੇ ਕਹਿਆ ਗੁਰੂਜੀ ਓਹ ਅਸਾਡਾ ਪਾਤਸ਼ਾਹ ਹਮਉਨਕੀਰੱਯਤ ਭਾਂ ਗੁਰੂਨਾਨਕ ਕਹਿਆ ਰਾਜਾ ਤੈਨੂੰ ਕਰਤਾਰ ਚਿਤਆਵੈ ਭਾਂ ਗੁਰੂਨਾਨਕ ਕਹਿਆ ਸੁਣ ਭਾਈਮਧਰਬੈਣ ਰਾਜਭਾਗ ਇੱਥੇਹੀ ਰਹਿੰਦਾਹੈ ਅਤੇਨਾਲ ਨਹੀਂ ਚਲਦਾ ਅਤੇਜਿਨ੍ਹਾਂ ਪੁਰਖਾਂ ਸੰਤਾਂਦੇਬਚਨ

CC-0. Gurukul Kangri University Haridwar Collection. Digitized by S3 Foundation USA

OF INTERNET ABHINAV GAUR

ਸਤਿ ਕਰ ਜਾਤੇ ਹੈਨ ਓਹ ਕੀਰਤਿ ਨਾਲ ਚਲਦੇਹੈਂ ਤਾਂਰਾਜੇਮਧਰਬੈਣਕਹਿਆ ਗੁਰੂਜੀ ਅਸਾਂ ਤੁਸਾਡੇ ਬਚਨ ਨਾਲਕੰਮਹੈ ਰਾਜ ਕਿਆ ਵਸਤੁਹੈ ਅਰ ਭਾਗਕਿਆਵਸਤ ਹੈ ਤਾਂਗੁਰੂ ਨਾਨਕਜੀ ਬਹੁਤ ਉਸਪਰ ਖੁਸ਼ੀਹੋਯਾ ਤਾਂ ਫੇਰਗੁਰੂਨਾਨਕਕਹਿਆ ਸੁਣਰਾਜਾ ਮਧਰਬੈਣ ਅਸੀ ਹੁਣਰਮਦੇਆਹੇ ਰਾਜੇ ਮਧਰਬੈਣ ਬੇਨਤੀਕੀਤੀ ਅਜੀ ਅਸਾਨੂੰ ਜਿਸਤਰਹ ਹੁਕਮ ਹੋਵੇਤਿਸੇਤਰਾਂਰਾਜੇਸੁਧਰਸੈਣਨੂੰ ਮਿਲੀਐ ਤਾਂਗੁਰੂਨਾਨਕ ਕਹਿਆ ਸੁਣ ਰਾਜਾ ਮਧਰਬੈਣ ਜਿਸ ਤਰਾਂ ਅਸਾਡੇ ਅੱਗੇ ਬੇਨਤੀ ਕਰਦੇਹੋ ਤਿਸੇ ਤਰਾਂ ਰਾਜੇਸੁਧਰਸੈਣ ਅੱਗੇਖੜਾ ਹੋਵਣਾ ਤਾਂ ਰਾਜੇ ਮਧਰਬੈਣ ਕਹਿਆ ਜੋ ਜੀ ਅਸੀ ਤੁਸਾਂ ਥੋਂ ਭੀ ਅਧਕ ਕਰ ਜਾਣੀਐਂਗੇ ਤਾਂ ਗੁਰੂਨਾਨਕ ਜੀ ਕਹਿਆ ਐਸੇ ਹੀ ਲੋੜੀਦਾ ਹੈ ਤਾਂ ਮਧਰਬੈਣ ਅਰਦਾਸ ਕੀਤੀ ਜੋਕੋਈ ਦਿਨ ਈਹਾਂ ਗੁਜ਼ਰਾਨ ਕਰੋ ਤਾਂ ਮੈਂ ਆਖਿਆ ਜੀ ਇਸਕੀ ਭੀ ਭਾਵਨਾ ਪੂਰਨਕਰੀਐ ਤਾਂ ਗੁਰੂਨਾਨਕ ਜੀ ਉੱਨੀ ਮਹੀਨੇ ਰਾਜੇ ਮਧਰਬੈਣ ਪਾਸ ਰਹੇ ਅੱਗੇ ਵਿਦਾ ਲੀਤੀ ਬਿਸਹਰ ਦੇਸ ਥੀਂ ਅੱਗੇ ਚਲੇ ਸਿਲਮਿਲਾ ਦੀਪ ਸੋਂ ਚਲੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੩੩॥

ਆਗੇ ਸਾਖੀ ਹੋਰ ਚਲੀ

ਤਾਂ ਗੁਰੂਨਾਨਕ ਜੀ ਓਥੋਂ ਚਲੇ ਰਾਜੇ ਕਵਲਨੈਨ ਕੇ ਦੇਸ ਜਾਇ ਨਿਕਲੇ ਅੱਰੇ ਜਾਂਦੇਜਾਂਦੇ ਜਿਥੇਜਾਣ ਤਿਥੇਗੁਰੂਨਾਨਕਜੀਦੀ ਸਮਾਧਿ ਲਗਜਾਇ ਉਥੇ ਬੈਠੇ ਹੀ ਰਹਿਜਾਵਣ ਚਾਰ ਦਿਨ ਪੰਜ ਦਿਨ ਕਦੀ ਸੱਤਦਿਨ ਕਦੀ ਦੁਇਦਿਨ ਏਵੇਂ ਸੱਤ ਮਹੀਨੇ ਤੇ ਤੇਰਾਂ ਦਿਨਾਂ ਵਿਚ ਸਮੁੰਦਰ ਦੇ ਟਾਪੂ ਵਿਚ ਚਲੇਜਾਵਨ ਤਾਂਅੱਗੇ ਇਕ ਸ਼ਹਿਰ ਕੁਦਰਤੀਦਾਆਯਾਕੋਹਾਂਚਹੁੰਤੇ ਨਦਰ ਆਵਨਲਗਾ ਤਾਂਮਰਦਾਨੇਆਖਿਆਜੀ ਕੋਈਸ਼ਹਿਰਭੀ ਆਵਸੀ ਕਿ ਉਜਾੜ ਵਿਚ ਚਲੇ ਜਾਸੀਆਂ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਭੁਖ ਲਗੀ ਹੈਈ ਤਾਂ ਮਰਦਾਨੇ ਆਖਿਆਜੀਜੇਭੁਖਲਗੀਹੈ ਤਾਂ ਕਿਸੇਕਿਆਏਥੇਅੱਗੇ ਆਣ ਧਰਿਆਹੈ ਜੋ ਖਾਈਐ ਤਾਂ ਗੁਰੂ ਨਾਨਕਜੀਆਖਿਆ ਓਹਦੇਖਸ਼ਹਿਰਨਦਰਆਂਵਦਾਹੈਈ ਜੋਤੇਰੀ ਖੁਸ਼ੀ ਆਵੇਗੀ ਸੋ ਖਾਈਂ ਤਾਂ ਮਰਦਾਨੇ ਆਖਿਆ ਜੀ ਕਿਸੇ ਦਿਨ ਇਵੇਂ ਜਿੰਦ ਨਿਕਲ ਜਾਸੀ ਤਾਂਗੁਰੂਨਾਨਕਜੀ ਆਖਿਆ ਮਰਦਾਨਾ ਜੇ ਜਿੰਦ ਨਿਕਲੇਗੀ ਤਾਂਅਸੀਂਫੇਰਪਾਇਲਈਐਂਗੇ ਤੂੰਡਰਨਾਹੀਂਤਾਂ ਮਰਦਾਨੇਆਖਿਆਜੀ ਸੱਚਆਖਦਾਹੈਂ ਤੈਨੂੰਭਮਾਂ ਕਿਸੇ ਗੱਲਦਾ ਨਾਹੀਂ ਅਸੀ ਕਿਆ ਜਾਪੇ ਤੇਰੇਨਾਲਕਿਉਂਕਰਜੀਂਵਦੇਫਿਰਦੇ ਆਹੇ ਪਰ ਅਸਾਨੂੰ ਕਰਤਾਰ ਜੀਵਾਈਂਦਾ ਹੈ ਤਾਂ ਗੁਰੂ ਬਾਬੇ ਨਾਨਕ ਜੀ ਆਖਿਆਚਲਅੱਗੇਦੇਖਕਰਤਾਰਕਿਆਕਰਦਾਹੈ ਤਾਂਮਰਦਾਨੇ ਆਖਿਆ ਭਲਾਜੀਤਾਂਆਸਤੇਆਸਤੇਚਹੁੰਕੋਹਾਂਤੇ ਮਰਦਾਨੇ ਨੂੰ ਬਿਲਾਈਂਦੇ ਲੈਗਏ ਸ਼ਹਿਰ ਦੇ ਗੋਹਿਰੇ ਜਾਇਬੈਠੇਤਾਂਗੁਰੂਨਾਨਕਆਖਿਆਮਰਦਾਨਿਆਂਸ਼ਹਿਰਆਯਾਹੀਜਾਇ ਕਿਛੁ ਖਾਇ ਆਇ ਤਾਂ ਮਰਦਾਨੇ ਆਖਿਆਜੀ ਪੱਲੇਤਾਂ ਕੁਛਨਾਹੀਂ ਮੈਂਕਿਥੋਂ ਖਾਵਾਂ ਤਾਂਗੁਰੂਨਾਨਕ ਜੀ ਬਚਨ ਕੀਤਾ ਮਰਦਾਨਾ ਅਸਾਂ ਤੈਨੂੰਸਾਰਾ ਸ਼ਹਿਰ ਸਉਂ ਪਿਆਹੈ ਭਾਵੇਂਕਿਥੋਂਖਾਇਏਥੇਤੈਨੂੰਅਟਕ

CC-0. Gurukul Kangri University Haridwar Collection. Digitized by S3 Foundation USA

ਕਾਈਨਾਹੀਂਮਰਦਾਨੇਆਖਿਆਜੀ ਕੋਈ ਚੋਰਕਰ ਪਕੜੇਗਾ ਤਾਂ ਕਿਆਕਰਾਂ ਤਾਂ ਫੇਰ ਗੁਰੂ ਨਾਨਕ ਜੀ ਬਚਨ ਕੀਤਾ ਮਰਦਾਨੇ ਜੇ ਕੋਈ ਤੈਨੂੰ ਚੋਰ ਕਰ ਪਕੜੇ ਤਾਂ ਅਸਾਡਾ ਨਾਉਂ ਲਈਂ ਤੈਨੂੰ ਪਕੜ ਛੱਡ ਦੇਵੇਗਾ ਭਾਵੇਂ ਕਿੱਥੇ ਹੱਥ ਘੱਤੇਂ ਤਾਂ ਮਰਦਾਨੇ ਜੀਵਿਚ ਜਾਤਾ ਜੋ ਇਸਦੇ ਜਿੱਥੇ ਕਿੱਥ ਪੁਰਾਤਮੀ ਯਾਰ ਹੈਨ ਮਰਦਾਨਾਜਾਇਸ਼ਹਿਰਵਿਚਵੜਿਆ ਜਾਇਕਰ ਦੇਖੇ ਤਾਂਸਭ ਸੁਵਰਨਦੀ ਧਰਤੀ ਹੈ ਜਿੱਥੇ ਕਿੱਥੇ ਸੁਵਰਨ ਨਦਰਆਂਵਦਾਹੈ ਤਾਂ ਮਰਦਾਨਾ ਕੁਦਰਤ ਦੇਖਕਰ ਹੈਰਾਨ ਹੋਇਰਿਹਾ ਤਾਂਮਰਦਾਨੇਦੀ ਭੁੱਖ ਦੂਰਹੋਇਗਈ ਤਾਂ ਮਰਦਾਨੇ ਇਕਸ ਆਦਮੀ ਨੂੰ ਪੁੱਛਿਆ ਜੀ ਇਸ ਸ਼ਹਿਰਦਾ ਨਾਉਂ ਕਿਆਹੈ ਤਾਂ ਉਸ ਪੁੱਛਿਆ ਅਰੇ ਭਾਈ ਤੂੰ ਕਹਾਂਤੇ ਆਯਾਹੈਂ ਤਾਂਮਰਦਾਨੇ ਕਹਿਆਜੀ ਹਮਦੂਰਸੇਆਏਹੈਂ ਪਰ ਜੀ ਤੂੰ ਇਸ ਨਗਰੀ ਦਾ ਨਾਉਂ ਦੱਸ ਉਸ ਕਹਿਆ ਤੂੰ ਅਪਣਾ ਨਾਉਂ ਬਤਾਇ ਤਾਂ ਮਰਦਾਨੇ ਕਹਿਆ ਮੇਰਾ ਨਾਉਂ ਤਾਂ ਮਰਦਾਨਾਹੈ ਤੂੰ ਮੈਨੂੰ ਇਸ ਨਗਰ ਦਾ ਨਾਉਂ ਦੱਸ ਤਾਂਉਸ ਕਹਿਆ ਅਰੇ ਮਰਦਾਨਾ ਇਸਸ਼ਹਿਰਦਾ ਨਾਉਂਸੁਵਰਨਪੁਰਹੈ ਤਾਂ ਉਸ ਕਹਿਆਅਰੇਭਾਈਈਹਾਂ ਰਾਜਾ ਕਉਣ ਹੈ ਤਾਂਉਸ ਕਹਿਆ ਅਰੇਭਾਈਮਰਦਾਨਾ ਇਸਨਗਰਕੇਰਾਜੇਕਾਨਾਉਂ ਕਵਲਨੈਨ ਹੈ ਸੁਰਸਿਧਕਾਬੇਟਾਹੈ ਜਿਸਕੇ ਸਲਾਮੀ ਸੱਭੋਰਾਜੇ ਹੈਨ ਤਾਂ ਮਰਦਾਨੇ ਕਹਿਆ ਅਰੇ ਭਾਈ ਈਹਾਂ ਕਾ ਚਲਨ ਕਿਆ ਹੈ ਈਹਾਂ ਤੋ ਸੋਨੇ ਕੀ ਧਰਤੀ ਹੈ ਅਰਤੇਰਾਨਾਉਂਕਿਆਹੈਤਾਂ ਉਸ ਕਹਿਆ ਮੇਰਾ ਨਾਉਂਧਰਮਸਿੰਘਹੈ ਨਗਰਕਾਚਲਨਏਹਹੈ ਜੋਕੋਈ ਈਹਾਂ ਆਵੇ ਜੋ ਉਸਨੂੰ ਚਾਹੀਐ ਸੋ ਕੋਈ ਲੇਖਾਵੇ ਈਹਾਂ ਧਰਮਕੀ ਚਾਲੀਹੈ ਤਾਂ ਮਰਦਾਨਾ ਬ ਤ ਖੁਸ਼ੀ ਹੋਯਾ ਤਾਂ ਆਖਿਓਸ ਸੁਣਧਰਮਸਿੰਘ ਮੈਨੂੰਭੁੱਖ ਲਗੀਹੈਈ ਤਾਂਧਰਮਸਿੰਘਕਹਿਆ ਭਾਈਮਰਦਾਨਾ ਈਹਾਂ ਤਾਂ ਕਿਸੇਕਉ ਮਨਾਹੀ ਨਾਹੀਂ ਜਿਸ ਦੁਕਾਨਉਪਰਜਾਵੇ ਜੋਕੁਛਚਾਹੀਐਤਿਸੇ ਪਰਸੇ ਉਠਾਇਲਵੋਤਾਂਮਰਦਾਨੇਕਹਿਆ ਮੇਰੇਪਾਸੋਂਏਹਤੋ ਹੋਤਾਨਾਹੀਂ ਕੋਈਅਪਣੇਹੱਥ ਦੇਉ ਤਾਂ ਹਉਂ ਲੇਉਂ ਤਾਂ ਉਸ ਪੁੱਛਿਆ ਤੇਰੇਨਾਲ ਕੋਈ ਅਉਰ ਭੀ ਹੈ ਤਾਂ ਮਰਦਾਨੇਕਿਹਾਜੀ ਦੋਇ ਅਉਰ ਭੀ ਹੈਨ ਤਾਂ ਉਨ ਕਹਿਆਭਾਈ ਉਨਕਉ ਭੀ ਲੇਆਓ ਤਾਂਮਰਦਾਨੇਕਹਿਆ ਜੀ ਓਹ ਇਥ ਨਾਹੀਂ ਆਵਤੇ ਓਹ ਵਡੇਸੰਤੋਖੀਹੈਨ ਉਸਕਹਿਆ ਚਲਭਾਈਤੂੰਖਾਹਮਰਦਾਨੇ ਨੂੰ ਲੈ ਇਕਸ ਦੁਕਾਨ ਪਰ ਖੜਾਕੀਤੋਸ ਕਹੁ ਭਾਈਮਰਦਾਨਾਕਿਆਲੇਤਾਹੈਂ ਤਾਂਮਰਦਾਨੇ ਕਹਿਆ ਜੋ ਕੋਈ ਕੁਛ ਦੇਵੇ ਸੋ ਹਮ ਲੇਤੇ ਹੈਂ ਤਾਂ ਧਰਮ ਸਿੰਘ ਕਹਿਆ ਭਾਈ ਤੂੰ ਆਪਣਾ ਅਹਾਰ ਲੈ ਤਾਂਮਰਦਾਨੇਕਿਹਾਭਾਈਮੇਰਾਅਹਾਰ ਤਾਂ ਢਾਈਸੇਰਹੈ ਤਾਂ ਧਰਮਸਿੰਘ ਕਹਿਆ ਭਾਈਅਢਾਈਸੇਰ ਮਿਠਿਆਈ ਲੁੱਚੀਆਂ ਤੋਲਦੇ ਜਾਂ ਉਸ ਵੱਟੇਪਾਏ ਤਾਂਮਰਦਾਨਾ ਡਿੱਠਾ ਜੋ ਸੋਨੇਕੇ ਵੱਟੇ ਹੈਨ ਸੋਇਨੇਕੀ ਡੰਡੀ ਹੈ ਸੋਨੇ ਕੇ ਛਾਬੇ ਹੈਨ ਅ ਮੁੱਲ ਕੋਈ ਕਿਛੁ ਲੈਂਦਾ ਨਾਹੀਂ ਤਾਂਮਰਦਾਨੇ ਅਪਨਾ ਅਹਾਰ ਲੈਖਾਧਾ ਖਾਇਕਰ ਆਖਿਓਸ ਧਰਮਸਿੰਘ ਜੀ ਮੇਰੀ ਤੁਮ ਨਿਸ਼ਾ ਕਰੋ ਸੋਨੇਕੀ ਧਰਤੀ ਸਭ ਸੋਨਾ ਹੈ ਅਤੇ ਮੁੱਲ ਕੋਈ ਲੈਂਦਾਨਾਹੀਂ ਦੇਖਾਂ ਇਉਂ

CC-0. Gurukul Kangri University Haridwar Collection. Digitized by S3 Foundation USA

ABHINAV GAUR

ਕੰਮ ਕਿਉਂਕਰ ਚਲਤਾ ਹੈ ਤਾਂ ਧਰਮ ਸਿੰਘ ਕਹਿਆ ਮਰਦਾਨਾ ਇੱਥੇ ਜਤਨ ਇੱਕੋ ਹੀ ਹੈ ਪੀਹਣ ਪਕਾਵਣ ਦਾ ਅਤੇ ਅੰਨ ਕੁਦਰਤ ਨਾਲ ਜੰਮਦਾ ਹਈ ਰਾਜੇਦਾ ਹੁਕਮ ਏਹੀ ਹੈ ਜੋ ਚਾਹੀਏ ਸੋ ਬਾਹਰੋਂ ਲੈਆਵੋ ਤਈਆਰ ਕਰਕੇ ਰੱਖੋ ਜੋ ਭਾਵੇ ਸੋ ਆਪ ਭੀ ਖਾਵੋ ਜੋ ਆਵੇ ਸੋ ਆਪਨਾ ਅਹਾਰ ਲੈਜਾਵੇ ਅਰ ਅਉਰ ਜੇਤੇ ਕਾਰਖ਼ਾਨੇ ਹੈਨ ਅਰ ਕਾਰੀਗਰ ਹੈਨ ਕੋਈਕੰਮ ਕਰਾਇ ਲੈਜਾਵੇ ਉਇਆਪਹੀ ਕਰ ਦੇਤੇ ਹੈਨ ਨ ਕੋਈ ਮੁੱਲ ਨ ਮਜ਼ੂਰੀ ਕਿਛੁ ਨਾਹੀਂ ਮੰਗਤੇ ਰਾਜੇ ਦਾ ਹੁਕਮ ਹੈ ਧਰਮਨਗਰੀ ਹੈ ਭਾਈਮਰਦਾਨਾ ਇਉਂ ਕੰਮ ਚਲਤਾਹੈ ਤਾਂ ਮਰਦਾਨਾ ਇਹ ਗੱਲਸੁਣਕੇ ਬਹੁਤ ਖ਼ੁਸ਼ੀ ਹੋਯਾ ਤਾਂ ਮਰਦਾਨੇ ਜੀਅ ਵਿਚ ਆਖਿਆ ਇਸੇ ਸ਼ਹਿਰ ਵਿੱਚ ਰਹੀਐ ਫਿਰ ਮਰਦਾਨਾ ਆਪਣਾ ਸੰਤੋਖ ਕਰਕੇ ਗੁਰੂਨਾਨਕ ਪਾਸ ਆਯਾ ਤਾਂ ਗੁਰੂਨਾਨਕ ਆਖਿਆ ਮਰਦਾਨਾ ਦੇਹ ਸ਼ਹਿਰ ਦੀਆਂ ਗੱਲਾਂ ਤਾਂ ਮਰਦਾਨੇ ਆਖਿਆ ਲੇਹੁ ਗੁਰੂ ਜੀ ਸ਼ਹਿਰ ਦੀਆਂ ਗੱਲਾਂ ਗੁਰੂ ਜੀ ਇਸ ਸ਼ਹਿਰ ਵਿਚ ਧਰਤੀ ਸੋਨੇ ਕੀ ਹੈ ਜੋ ਸਮਿੱਗ੍ਰੀ ਹੈ ਸੋ ਸੱਭੇ ਸੋਨੇ ਕੀਹੈ ਅਤੇ ਭਲੇ ਭੋਜਨ ਤੱਈਆਰ ਕੀਤੇ ਹੋਏ ਹੈਨ ਨ ਕੋਈ ਮੁੱਲ ਲੇਤਾਹੈ ਨ ਕੋਈ ਮਜ਼ੂਰੀ ਮਾਂਗਤਾ ਹੈ ਕੋਈ ਕੁਛ ਲਏ ਸੋ ਮਾਂਗਤਾ ਕੋਈ ਕਿਛ ਨਹੀਂ ਅਤੇ ਕੁਦਰਤਿ ਨਾਲ ਦਾਣਾ ਪੈਦਾ ਹੁੰਦਾ ਹੈ ਜਤਨ ਕੋਈ ਨਾਹੀਂ ਨ ਕੋਈ ਇੱਥੇ ਖੂਹ ਹੈ ਜਲ ਮੀਂਹ ਦਾ ਸਰਾਂ ਅਤੇ ਦੋਭਿਆਂ ਵਿੱਚ ਬਹੁਤ ਹੈ ਅਜੀ ਅਜੇਹੀਆਂ ਇਸਸ਼ਹਿਰਦੀਆਂ ਗੱਲਾਂ ਹੈਨ ਤਾਂ ਮਰਦਾਨੇ ਗੁਰੂਨਾਨਕ ਜੀ ਨੂੰ ਆਖਿਆ ਜੀ ਮੈਨੂੰ ਇੱਕ ਸਾਧ ਜੇਹਾ ਮਿਲ ਗਿਆ ਮੈਂ ਉਸਨੂੰ ਗੱਲਾਂ ਪੁੱਛੀਆਂ ਉਸ ਮੈਨੂੰ ਸੱਭੋ ਦੱਸੀਆਂ ਅਤੇ ਉਸ ਮੈਨੂੰ ਢਾਈਸੇਰ ਮਿਠਿਆਈ ਅਤੇ ਲੁੱਚੀਆਂ ਖੁਲਾਈਆਂ ਇਕਸ ਦੁਕਾਨਦਾਰਨੂੰ ਆਖਿਉਸ ਇਸਨੂੰ ਅਢਾਈ ਸੇਰ ਲੁੱਚੀਆਂ ਤੋਲ ਦੇ ਜਾਂ ਓਹ ਤੋਲਣ ਲੱਗਾ ਤਾਂ ਮੈਂ ਦੇਖਿਆ ਤਾਂ ਤਕੜੀ ਕੀ ਡੰਡੀ ਅਰ ਛਾਬੇ ਸਬ ਸੋਨੇ ਕੇ ਹੈਂ ਅਰ ਵੱਟੇ ਭੀ ਸੋਨੇ ਕੇ ਹੈਨ ਅਰ ਜੀ ਜਾਂ ਮੈਂ ਮਿਠਾਈ ਝੋਲੀ ਪਾਈ ਤਾਂ ਉਸ ਇਕ ਹੋਰ ਭੀ ਗੱਲ ਆਖੀ ਆਹੀ ਜੇ ਕੋਈ ਤੇਰੇ ਨਾਲ ਹੈ ਤਾਂ ਬੁਲਾਇ ਲੈ ਆਇ ਤਾਂ ਮੈਂ ਆਖਿਆ ਜੀ ਓਹ ਬੜੇ ਸੰਤੋਖੀ ਹੈਂਗੇ ਤਾਂ ਮਰਦਾਨੇ ਆਖਿਆ ਗੁਰੂ ਜੀ ਏਹ ਰਾਜੇ ਸੁਧਰਸੈਣ ਨਾਲੋਂ ਭੀ ਵਡਾ ਰਾਜਾ ਹੈ ਤਾਂ ਗੁਰੂਨਾਨਕ ਆਖਿਆ ਮਰਦਾਨਾ ਸੁਧਰ ਸੈਣਨੂੰ ਕਰਤਾਰ ਤੇ ਅਸਾਂ ਵੱਡਾ ਕਰਾਯਾ ਹੈ ਨਹੀਂ ਤਾਂ ਓਹ ਇਸਦਾ ਸਲਾਮੀ ਆਹਾ ਤਾਂ ਫਿਰ ਮਰਦਾਨੇ ਆਖਿਆ ਗੁਰੂ ਜੀ ਹਉਂ ਆਖ ਨਾਹੀਂ ਸਕਦਾ ਪਰ ਤੁਸੀ ਪਉਣਅਹਾਰੀ ਹੋ ਪਰ ਹੁਣਤਾਂ ਸ਼ਹਿਰ ਵਿੱਚ ਆਹੇ ਹਾਂ ਹੁਣ ਭਾਂ ਕਿਛੁ ਅਹਾਰ ਖਾਹੁ ਤਾਂ ਮੈਂ ਲੈਆਵਾਂ ਤੁਸੀ ਤਾਂ ਸ਼ਹਿਰ ਵਿਚ ਜਾਂਦੇ ਨਾਹੀਂ ਤਾਂ ਗੁਰੂਨਾਨਕ ਕਹਿਆ ਮਰਦਾਨਾ ਦੇਖ ਕਰਤਾਰਦੇ ਰੰਗਤਮਾਸ਼ੇ ਚੁੱਪਕਰ ਜਾਹ ਤਾਂ ਮਰਦਾਨਾ ਚੁੱਪ ਕਰਕੇ ਬਹਿ ਗਿਆ ਸੱਤ ਦਿਨ ਗੁਜ਼ਰ ਗਏ ਮਰਦਾਨਾ ਜਾਏ ਖਾਇ ਆਵੇ ਜਾਂ ਅੱਠਵਾਂ ਦਿਨ ਹੋਯਾ ਤਾਂ ਮਰਦਾਨਾ ਸ਼ਹਿਰ ਨੂੰ ਗਿਆ ਤਾਂ ਮਰਦਾਨੇ ਨੂੰ ਉਸ ਕਹਿਆ ਅਰ ਭਾਈ ਤੂੰ ਕਹਿਤਾ ਹੈਂ ਜੋ ਮੇਰੇ ਸਾਥ ਅਤੀਤ ਹੋਰ ਹੈਨ ਓਹ ਤਾਂ ਹਮੇਂ ਦੇਖੇ ਨਾਹੀਂ ਵੈਕ ਹਾਂਹੈਂ ਅਕੇ ਤਾਂ ਤੂੰ ਝੂਠ ਬੋਲਤਾ ਹੈਂ ਤਾਂ ਮਰਦਾਨੇ ਆਖਿਆ ਜੀ ਓਹ ਦੋਨੋਂ ਅਤੀਤ ਉਦਿਆਨ ਮੋਂ

CC-0. Gurukul Kangri University Haridwar Collection. Digitized by S3 Foundation USA

ਬੈਠੇ ਹੈਂ ਅਰ ਬਹੁਤ ਸੰਤੋਖੀ ਹੈਨ ਓਹ ਕਿਸੀ ਕੇ ਦੁਆਰ ਪਰ ਜਾਤੇ ਨਾਹੀਂ ਧਰਮ ਸਿੰਘ ਕਹਿਆ ਜੋ ਕੋਈ ਉਨਕੋ ਲੈਜਾਵੇ ਤਾਂ ਖਾਵਨ ਕਿ ਨਾ ਖਾਵਨ ਤਾਂ ਮਰਦਾਨੇ ਆਖਿਆ ਜੀ ਜੇ ਉਨ੍ਹਾਂ ਦੀ ਖ਼ੁਸ਼ੀ ਆਵੇ ਤਾਂ ਖਾਵਨ ਨਹੀਂ ਤਾਂ ਨ ਖਾਵਨ ਤਾਂ ਉਸਫੇਰਕਹਿਆ ਜੀ ਏਹ ਕਿਆ ਤਾਂ ਮਰਦਾਨੇ ਕਹਿਆ ਜੀ ਏਵੇਂ ਪਵਨ ਅਹਾਰੀਹੈਨ ਜੋਕਹੀਂ ਪਵਿਤ੍ਰ ਦੇਖਤੇ ਹੈਨ ਤਾਂ ਅਚਵਤੇ ਹੈਨ ਨਹੀਂ ਤਾਂ ਨਹੀਂ ਅਚਵਤੇ ਤਾਂ ਧਰਮਸਿੰਘ ਕਿਹਾ ਤੈਂ ਈਹਾਂ ਕੁਪਾਵਨ ਕਿਆ ਦੇਖਿਆ ਹੈ ਤਾਂ ਮਰਦਾਨੇ ਕਹਿਆ ਜੀ ਮੈਂ ਤਾਂ ਕੁਪਾਵਨ ਕਿਛ ਨਾਹੀਂ ਦੇਖਿਆ ਤਾਂ ਉਸ ਕਹਿਆ ਤੈਂ ਏਹ ਬਾਤ ਕਿਉਂ ਕਹੀ ਤਾਂ ਮਰਦਾਨੇ ਕਹਿਆ ਜੀ ਤੁਮ ਲੈ ਚਲੋ ਤਾਂ ਧਰਮਸਿੰਘ ਪੰਜ ਸੇਰ ਵਸਤ ਆਪ ਲੀਤੀ ਅਤੇ ਅਢਾਈ ਸੇਰ ਮਰਦਾਨੇ ਨੂੰ ਖਵਾਈ ਤਾਂ ਉਸ ਕਹਿਆ ਭਾਈ ਮਰਦਾਨਾ ਚਲ ਮੈਂ ਭੀ ਆਵਤਾ ਹੋਂ ਭਾਈ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਆਯਾ ਤਾਂ ਫੇਰ ਮਰਦਾਨੇ ਆਖਿਆ ਜੀ ਪਾਤਸ਼ਾਹ ਏਥੇ ਮੈਂ ਅਜਬ ਤਮਾਸ਼ਾ ਦੇਖਿਆ ਹੈ ਏਥੇ ਕੰਮ ਕਿਉਂਕਰ ਚਲਦਾ ਹੋਇਗਾ ਤਾਂ ਫਿਰ ਗੁਰੂਨਾਨਕ ਜੀ ਆਖਿਆ ਮਰਦਾਨਾ ਏਥੇ ਧਰਮ ਨਗਰੀ ਹੈ ਏਥੇ ਪਾਪ ਕੋਈ ਨਾਹੀਂ ਕਰਦਾ ਸੱਚ ਅਤੇ ਸੰਤੋਖ ਹੀ ਵਰਤਦਾ ਹੈ ਏਥੇ ਤੁਰਕਦੀ ਜ਼ਾਤ ਨਾਹੀਂ ਦੇਖੀਂ ਮਤਮੂੰਹੋਂ ਆਖਦਾਹੋਵਹਿ ਜੋ ਮੈਂ ਮਿਰਾਸੀ ਤੁਰਕਹਾਂ ਏਥੇ ਤੁਰਕਨੂੰ ਜਾਣਦਾ ਕੋਈ ਨਾਹੀਂ ਅਤੇ ਨ ਕੋਈ ਸੂਰਤ ਨੂੰ ਜਾਣਦਾ ਹੈ ਧਰਮ ਨਗਰੀ ਜੋ ਕਹਿੰਦੇ ਹੈਨ ਸੋ ਈਹਾਂ ਹੈ ਤਾਂ ਮਰਦਾਨੇ ਗੁਰੂ ਨਾਨਕਜੀਨੂੰ ਕਹਿਆ ਜੀਇਸੇਨਗਰੀਰਹੀਐ ਤਾਂਗੁਰੂਨਾਨਕਜੀਕਹਿਆ ਮਰਦਾਨਾਅਸਾਡੇ ਹੱਥ ਨਾਹੀਂ ਹੱਥ ਕਰਤਾਰਦੇ ਹੈ ਜਿੱਥੇ ਰਾਖੇ ਤਿੱਥੇ ਰਹੀਐ ਤਾਂ ਫਿਰ ਮਰਦਾਨੇ ਗੁਰੂ ਨਾਨਕਜੀ ਨੂੰ ਆਖਯਾ ਜੀ ਏਥੇ ਇਸਤ੍ਰੀ ਪੁਰਖ ਮੈਥਨ ਕਰਦੇ ਹਨ ਕਿ ਨਾਹੀਂ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਏਥੇ ਮੈਈਥਨ ਨਹੀਂ ਹੋਂਦਾ ਦਿਸ਼ਟ ਭੋਗ ਹੋਂਦਾ ਹੈ ਤਾਹੀਂ ਧਰਮਕਲਾ ਵਰਤਦੀ ਹੈ ਜਿੱਥੇ ਮਈਥਨ ਹੋਂਦਾ ਹੈ ਤਿੱਥੇ ਧਰਮਕਲਾ ਉਠਜਾਂਦੀ ਹੈ ਤਾਂ ਫੇਰ ਮਰਦਾਨੇ ਕਹਿਆ ਜੀ ਏਹ ਤਾਂ ਅਜਬ ਸੁਣਾਇਓ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਕਰਤਾਰ ਦੀਆਂ ਬਾਤਾਂ ਅਸਚਰਜਹੀ ਹੈਨ ਕਿਤਨੀ ਕੋਈ ਦੇਖੇ ਜੋ ਕੁਦਰਤ ਤਿਸਦੀਦਾ ਕੁਝ ਅੰਤ ਨਹੀਂ ਓਹ ਬੇਅੰਤਹੈ ਜੋ ਕੋਈ ਇੱਕ ਰਾਈ ਸਮਾਨ ਦੇਖਤਾ ਹੈ ਤਾਂ ਏਹ ਬੰਦਾ ਆਫਰ ਜਾਂਦਾਹੈ ਜਰ ਨਾਹੀਂ ਸਕਦਾ ਅਰ ਓਹ ਕਰਤਾਰ ਕੈਸਾਹੈ ਜੋ ਦਿਖਾਵੇ ਹੋਰ ਅਰ ਕਰੇ ਹੋਰ ਤਾਂ ਫੇਰ ਮਰਦਾਨੇ ਗੁਰੂ ਨਾਨਕ ਜੀ ਨੂੰ ਪੁਛਿਆ ਜੀ ਇਸ ਰਾਜੇ ਦੀ ਹੱਦ ਕਿੱਥੋਂ ਤੋੜੀ ਹੈ ਤਾਂ ਗੁਰੂ ਨਾਨਕ ਕਹਿਆ ਜਿਥੋਂ ਅਸੀ ਚਲੇ ਆਹੇ ਤਿੱਥੋਂ ਮਿਟੀ ਤੇ ਪਾਣੀ ਤੇ ਚਲੇ ਆਏ ਉਥੋਂ ਤੋੜੀ ਇਸ ਰਾਜੇ ਕੀ ਹੱਦ ਹੈ ਅਤੇ ਮਰਦਾਨਾ ਅੰਨ ਜੰਮਣ ਦੇ ਵਾਸਤੇ ਕਰਤਾਰ ਜੀਆਂ ਨੂੰ ਰਿਜ਼ਕ ਅੰਨ ਪਹੁਚਾਯਾ ਲੋ ਸੋਨਾ ਤਾਂ ਕਿਸੀ ਖਾਵਣਾ ਨਾਹੀਂ ਅਤੇ ਓਹ ਉਚਾ ਪਹਾੜ ਜੋ ਦੇਖਦਾ ਹੈਂ ਉਸਤੋਂ ਪਰੇ ਸਭ ਸੋਨੇ ਦੀ ਧਰਤੀ ਹੈ ਆਠ ਪਹਾੜ ਸੋਨੇ ਦੇ ਹੈਨ ਤਾਂ ਮਰਦਾਨੇ ਪੁੱਛਿਆ ਜੀ ਇਸ ਰਾਜੇ ਦੀ ਹੱਦ ਕਿਥੋਂ ਤੋੜੀ ਹੈਂ ਅਰ ਕੋਸ ਕਿਤਨੇ ਹੈ ਤਾਂ ਗੁਰੂਨਾਨਕ ਜੀ ਕਹਿਆ ਮਰਦਾਨਾ ਇਸਦੀ ਹੱਦ ਨਉਂ ਸੈ

CC-0. Gurukul Kangri University Haridwar Collection. Digitized by S3 Foundation USA

UTH ERNET ABHINAV GAUR

ਸੱਤ ਹਜ਼ਾਰ ਜੋਜਨਹੈ ਏਡਾਰਾਜਾ ਕਲਜੁਗਵਿੱਚ ਕੋਈ ਨਾਹੀਂ ਏਹਕਲੀ ਕਾਲ ਵਿੱਚ ਵਡਾ ਰਾਜਾਹੈ ਇਸਦੇ ਤੁੱਲ ਕੋਈ ਨਹੀਂ ਤਾਂ ਏਹਗੱਲਾਂ ਕਰਕੇ ਗੁਰੂਨਾਨਕ ਜੀ ਦੀ ਸਮਾਧ ਲਗ ਗਈ ਤਾਂ ਧਰਮਸਿੰਘ ਆਖਾ ਤਾਂ ਮਰਦਾਨੇਨੂੰ ਪੁੱਛਿਆ ਜੋ ਭਾਈ ਇਨ੍ਹਾਂਕੀ ਅਵਾਜ਼ ਕਿਆਹੈ ਤਾਂ ਮਰਦਾਨੇ ਕਹਿਆਜੀ ਇਨਕੀ ਅਵਾਜ਼ਕਰਤਾਰਕਰਤਾਰਹੈ ਤਾਂ ਧਰਮਸਿੰਘ ਕਹਿਆ ਜੀ ਕਰਤਾਰਕਰਤਾਰ ਤਾਂ ਗੁਰੂਨਾਨਕਜੀਦੀ ਸਮਾਧਖੁਲ੍ਹੀਤਾਂਕਿਹਾ ਆਉਭਾਈ ਸਤਿਕਰਤਾਰ ਤਾਂ ਧਰਮਸਿੰਘਕਹਿਆਜੀ ਤੁਮਾਰੇਵਾਸਤੇ ਗੋਵਿੰਦ ਪ੍ਰਸਾਦਿ ਲੇਆਏਹਾਂ ਤਾਂ ਗੁਰੂਨਾਨਕ ਜੀ ਕਹਿਆ ਭਾਈ ਤੇਰਾ ਨਾਉਂ ਕਿਆਹੈ ਤਾਂ ਉਸ ਕਹਿਆਜੀ ਮੇਰਾ ਨਾਉਂ ਧਰਮਸਿੰਘ ਹੈ ਅਰ ਈਹਾਂ ਜਾਤ ਵਰਨ ਸਭਨਾਂ ਕਾ ਏਕ ਹੈ ਈਹਾਂ ਘਟਵੱਧ ਕੋਈ ਨਹੀਂ ਈਹਾਂ ਸਭ ਤੇ ਵੱਡਾ ਗੋਵਿੰਦ ਹੈ ਤਾਂ ਫੇਰਗੁਰੂਨਾਨਕਜੀ ਕਹਿਆ ਭਾਈਧਰਮਸਿੰਘ ਈਹਾਂਕਾ ਰਾਜਾ ਕਵਨਹੈ ਤਾਂ ਧਰਮਸਿੰਘ ਕਹਿਆ ਈਹਾਂਕਾ ਰਾਜਾ ਕਵਲਨੈਨ ਹੈ ਫੇਰ ਗੁਰੂਨਾਨਕ ਜੀ ਕਹਿਆ ਭਾਈ ਰਾਜਾ ਜੋ ਰਾਜ ਕਰਦਾ ਹੈ ਸੋ ਤਾਂ ਵੱਧਹੈ ਤਾਂ ਧਰਮਸਿੰਘ ਕਹਿਆਜੀ ਉਸਕੇ ਸਿਰਪਰ ਛੱਤ੍ਰ ਕਰਤਾਰ ਨੇ ਦੀਆ ਹੈ ਪਰ ਉਸਕੇ ਸਿਰਪਰ ਛੱਤ੍ਰਹੈ ਤਾਂ ਓਹ ਕਿਸੀ ਪਾਸੋਂ ਸਲਾਮ ਨਾਹੀਂ ਕਰਾਵਤਾ ਆਪੇਹੀ ਸਲਾਮੀ ਸਭ ਰੱਯਤਹੈ ਅਰਸਤਾਰਾਂ ਰਾਜੇ ਇਨਕੀ ਆਨ ਮਾਨਤੇ ਹੈਨ ਪਰ ਏਹ ਕਿਸੀ ਪਰ ਜ਼ਾਬਤਾ ਨਾਹੀਂ ਕਰਤਾ ਏਹੀ ਸਮਝਤਾ ਹੈ ਜੋ ਗੋਬਿੰਦ ਕੇ ਸਭ ਬੰਦੇ ਹੈਨ ਜੈਸੇਏਹ ਸਭੀਹੈਂ ਤੈਸਾ ਇਕ ਮੈਂਭੀ ਬੰਦਾਹਾਂ ਤਾਂ ਗੁਰੂਨਾਨਕਜੀ ਅਪਨੇਜੀ ਵਿੱਚ ਧਾਰੀ ਜੋ ਅਸਾਂ ਸੁਧਰਸੈਨਨੂੰ ਇਸਦੇ ਉੱਪਰਕੀਤਾਹੈ ਦੇਖਾਂ ਕਰਤਾਰਕਿਆਕਰੇਗਾ ਏਹਾ ਵੀਚਾਰ ਗੁਰੂਨਾਨਕਜੀ ਦੇ ਜੀਅ ਬਸੀ ਤਿਚਰ ਨੂੰ ਧਰਮਸਿੰਘ ਕਹਿਆਜੀ ਪ੍ਰਸਾਦ ਅਚਵੀਐ ਤਾਂ ਗੁਰੂਨਾਨਕਜੀ ਕਹਿਆ ਭਾਈ ਧਰਮਸਿੰਘਜੀਅਸੀਪ੍ਰਸਾਦਨਹੀਂਅਚਵਦੇ ਤਾਂ ਧਰਮਸਿੰਘ ਕਹਿਆਜੀ ਤੁਸੀ ਪ੍ਰਸਾਦ ਕਿਉਂਨਹੀਂ ਅਚਵਦੇ ਇਸਵਿੱਚ ਤੁਮ ਦੋਖ ਕਿਆ ਰੱਖਿਆ ਤਾਂ ਫੇਰ ਗੁਰੂ ਨਾਨਕਜੀ ਕਹਿਆ ਭਾਈ ਧਰਮਸਿੰਘ ਪ੍ਰਸਾਦ ਵਿੱਚ ਤਾਂ ਦੋਖ ਕੋਈ ਨਹੀਂ ਪਰ ਰਾਜੇਵਿੱਚ ਦੋਖਹੈ ਤਾਂ ਧਰਮਸਿੰਘ ਕਿਹਾਜੀ ਤੁਮਰਾਜੇਕੋ ਕਿਆਦੋਖ ਲਗਾਯਾ ਹੈ ਰਾਜਾ ਤਾਂ ਧਰਮਾਤਮਾਹੈ ਪਰ ਜੇਕੋਈ ਰਾਜੇ ਕਾ ਦੋਖ ਤੁਮਕਉ ਨਦਰਿਆਯਾਹੈ ਤਾਂ ਤੁਮ ਹਮਕੋ ਕਹੋ ਤਾਂਗੁਰੂਨਾਨਕ ਕਿਹਾਭਾਈ ਜਿਸਮੈਂਦੋਖਹੋਤਾਹੈ ਸੋਈਜਾਨਤਾਹੈ ਔਰਕੋਈ ਕਿਆਜਾਨਤਾ ਹੈਅਰ ਸੰਸਾਰ ਸਰਬਭੱਛੀਹੈ ਤਾਂ ਧਰਮਸਿੰਘਕਿਹਾਜੀ ਏਹ ਨਿਰਵਾਰ ਕਿਉਂਕਰਹੋਵੇ ਤਾਂ ਫੇਰ ਗੁਰੂਨਾਨਕ ਕਹਿਆਜੀ ਤੁਮ ਰਾਜੇਕੋ ਖਬਰ ਕਰੋਗੇ ਤਬ ਰਾਜਾ ਹਮਸੋਂ ਸਮਝੇਗਾ ਤਬ ਹਮ ਪ੍ਰਸਾਦਅਚਵੀਐਂਗੇ ਤਾਂਧਰਮਸਿੰਘ ਅਵਾਜ਼ਕੀਤੀਭਾਈਏਹੋਅਸਚਰਜਹੋਯਾਜੋਰਾਜੇਨੂੰ ਏਨਾਂਦੋਖਲਗਾਯਾ ਤਾਂ ਧਰਮਸਿੰਘਨੂੰ ਹੈਰਾਨਗੀਲੱਗੀ ਤਾਂਧਰਮਸਿੰਘ ਰਾਜੇ ਕਵਲਨੈਨ ਨੂੰ ਆਇ ਕਹਿਆ ਜੋ ਰਾਜਾਜੀ ਤੇਰੇਨਗਰਮੇਂ ਤੀਨ ਅਤੀਤ ਆਇਉਤਰੇਹੈਨ ਇਕਤੋਆਇ ਸ਼ਹਿਰਮੇਂ ਅਹਾਰਕਰਤਾਹੈ ਅਰਦੁਇਤਾਂਆਵਤੇਨਹੀਂ ਤਿਨਕੇ ਤਾਂਈਂਮੈਂ ਅਹਾਰ ਲੈ ਗਿਆ

CC-0. Gurukul Kangri University Haridwar Collection. Digitized by S3 Foundation USA

ਥਾ ਓਹ ਤੋ ਅਚਵਦੇਨਾਹੀਂ ਮੈਂ ਤਾਂ ਉਨਕੋ ਕਹਿਆ ਸਾਧਜੀਏਹਤਾਂ ਧਰਮਨਗਰੀਹੈ ਤੁਮ ਅਚਵਤੇਕਿਉਂਨਾਹੀਂ ਤੁਮਅਹਾਰ ਕਉਕਿਆ ਦੋਖਲਗਾਧਾਹੈ ਅਰ ਓਹ ਜੋ ਉਨਕਾ ਮਹੰਤ ਹੈ ਉਨਕਹਿਆਜੀ ਪ੍ਰਸਾਦਿਕੋਦੋਖ ਕੋਈਨਾਹੀਂ ਦੋਖਰਾਜੇਮੇਂਹੈ ਤਾਂਫੇਰਧਰਮਸਿੰਘ ਕਹਿਆ ਜੀ ਮੈਂ ਇਹ ਬਾਤ ਕਹੀਥੀ ਪਰ ਉਸਨੇ ਕਹਿਆ ਭਾਈ ਜਿਸਮੇ ਦੋਖਹੋਤਾਹੈ ਸੋਈ ਜਾਨਤਾ ਹੈ ਅਰ ਮਾਨਤਾਹੈ ਤਾਂ ਰਾਜੇ ਕਹਿਆ ਧਰਮਸਿੰਘਜੀ ਤੁਮਹਮਾਰਾ ਦੋਖ ਬੀਚਾਰੋ ਉਨਹਮ ਕਉਕਵਨਦੋਖਲਗਾਧਾਹੈਤਾਂਧਰਮਸਿੰਘਨੇ ਕਹਾਜੀ ਤੁਮ ਚਲਕਰ ਪੂਛੋ ਤਬਰਾਜੇ ਕਵਲ ਨੈਨ ਕਹਿਆ ਧਰਮਸਿੰਘ ਜੀ ਓਇ ਕਹਾਂ ਬੈਠੇ ਹੈਨ ਤਾਂ ਧਰਮਸਿੰਘ ਕਹਿਆ ਜੀ ਓਹ ਸਿਲਮਿਲਾ ਪਹਾੜੀਕੀਦਾਹਨੀਬੈਠੇਹੈਨ ਤਾਂ ਰਾਜੇਕਿਹਾਅਵੋ ਘੋੜਾ ਲੈਆਵੋ ਤਾਂ ਰਾਜੇ ਘੋੜਾ ਮੰਗਾਧਾ ਅਰ ਜੀਅਵਿੱਚ ਵਿਚਾਰ ਕੀਤਾ ਜੋਮੇਰੇ ਸ਼ਹਿਰਮੇਂ ਭੰਡਾਰੇਕਾ ਤੋ ਕਿਸੀ ਕਉ ਅਟਕਾ ਨਹੀਂ ਅਤੇਜੋ ਮੈਂ ਕਛੁ ਲੈਜਾਤਾ ਹਾਂ ਅਤੇ ਓਹ ਕਬੂਲ ਨਾ ਕਰਨ ਤਾਂ ਇਹਭੀ ਕਿਛੁ ਨਾਹੀ ਭਲਾ ਹੁਣਤਾਂ ਈਵੇਂਜਾਵਾਂ ਇਤਨੀ ਗੁਜ਼ਰੀ ਤਾਂ ਘੋੜਾ ਆਇਖੜਾਹੋਧਾ ਤਾਂਰਾਜੇਕਹਿਆ ਜੋ ਧਰਮਸਿੰਘ ਜੀ ਚਲੋ ਅਤੇ ਓਹ ਅਤੀਤ ਕਹਾਂ ਹੈਨ ਤਾਂਧਰਮਸਿੰਘ ਰਾਜੇਕਵਲਨੈਨਨੂੰਲੈ ਆਧਾ ਜਿੱਥੇ ਗੁਰੂਨਾਨਕ ਅਤੇ ਬਾਲਾ ਬੈਠੇ ਥੇ ਅਤੇ ਮਰਦਾਨਾ ਤਾਰ ਵਜਾਇੰਦਾ ਹੈ ਅਤੇ ਗੁਰੂਨਾਨਕਜੀਤੇ ਮੈਂ ਭੀ ਮਸਤ ਮਗਨਬੈਠੇਆਹੇ ਅਤੇਸਮਾਧਲਗੀਹੋਈਆਹੀ ਮਰਦਾਨਾ ਤਾਰਵਜਾਇੰਦਾਸੀ ਪਰਮਸਤਹੋਇਰਹਿਆਸੀਤਾਂਰਾਜਾਘੋੜੇਤੋਂ ਉਤਰਖੜਾਹੋਧਾਮਰਦਾਨਾ ਭੀ ਨਾਹੀਂ ਜਾਣਦਾ ਜੋ ਕੋਈ ਆਧਾਹੈ ਕਿ ਨਾਹੀਂਆਧਾ ਤਾਂ ਰਾਜੇ ਕਵਲਨੈਨ ਧਰਮਸਿੰਘ ਨੂੰ ਕਹਿਆ ਦੇਖ ਧਰਮਸਿੰਘ ਇਨਕੀ ਅਵਾਜ਼ ਕਿਆਹੈ ਤਾਂ ਧਰਮਸਿੰਘ ਕਹਿਆ ਜੀ ਏਹ ਪੂਰਨ ਸਾਧ ਹੈਨ ਤਾਂ ਰਾਜੇ ਕਹਿਆ ਹਮ ਕਿਉਂਕਰ ਜਾਣੈਂ ਧਰਮਸਿੰਘ ਕਹਿਆ ਜੀ ਤੁਮ ਇਨਕਉ ਬੁਲਾਵੋਤਾਂਰਾਜੇਕਹਿਆ ਕਿਉਂਕਰ ਬੁਲਾਈਐ ਤਾਂ ਧਰਮਸਿੰਘ ਕੰਹਿਆ ਜੀਤੁਮ ਇਨਕੋਕਹੋ ਸਾਧਜੀ ਕਰਤਾਰਕਰਤਾਰ ਤਾਂਰਾਜੇ ਕਹਿਆ ਇਉਂਹੀਕਹੀਐ ਤਾਂ ਧਰਮਸਿੰਘ ਕਹਿਆਜੀ ਇਉਂਹੀ ਕਹੀਐ ਤਾਂਰਾਜੇ ਨੇੜੇਹੋਇਕੇਆਖਿਆ ਸਾਧਜੀਕਰਤਾਰਕਰਤਾਰਤਾਂ ਗੁਰੂਨਾਨਕਜੀਦੀ ਸਮਾਧ ਖੁਲ੍ਹੀ ਤਾਂ ਗੁਰੂਨਾਨਕਜੀ ਕਹਿਆ ਸਤਿਕਰਤਾਰਸਤਿਕਰਤਾਰ ਭਾਈਜੀ ਆਵੋਜੀ ਬੈਠੋਜੀ ਬੈਠਕਰ ਰਾਜੇ ਕਹਿਆ ਮਹੰਤਜੀ ਤੁਮਜੋ ਭੰਡਾਰ ਨਾ ਅਚਵਿਆ ਅਰ ਹਮਕਉ ਦੋਖਲਗਾਧਾ ਸੋਤੋ ਹਮਕਉ ਦੋਖਬਤਾਵੋ ਅਰਹਮਾਰਾਦੋਖ ਦੂਰਕਰੋ ਤਾਂ ਗੁਰੂ ਨਾਨਕਜੀ ਕਹਿਆ ਸੁਣਰਾਜਾ ਦੋਖ ਤੁਮਕੋ ਯਿਹ ਲਗਾਹੈ ਜੋ ਤੁਮ ਕਹਿਤੇਹੋ ਸੱਭੇ ਗੋਬਿੰਦ ਕੇ ਕੀਏਹੈਂ ਐਸੇਏਕ ਹਮ ਵੀ ਕੀਏਹੈਂ ਜੋ ਤੁਮ ਯਿਹ ਬਾਤ ਜਾਨਤੇਹੋ ਭਉ ਅੱਵਰਾਂ ਪਾਸਤੇ ਆਨ ਕਿਉਂ ਮਨਾਵਤੇਹੋ ਤਬਰਾਜੇ ਕਹਿਆਜੀ ਹਮਕਿਸੀਪਾਸਤੇਆਨ ਨਹੀਂ ਮਨਾਵਤੇ ਓਹ ਤੋ ਆਪੇਹੀ ਮਨਾਵਤੇਹੈਂ ਹਮ ਕਿਸੀਪਰਫ਼ਰਮਾਇਸ਼ ਨਹੀਂ ਕਰਤੇ ਕਿਸੀਪਰ ਜ਼ਾਬਤਾਨਹੀਂ ਕਰਤੇ ਤਾਂ ਗੁਰੂਨਾਨਕਜੀ ਬਚਨ ਕੀਤਾ ਸੁਨ ਰਾਜਾ ਕਵਲਨੈਨ ਅਸਾਂ ਸੁਧਰਸੈਣ ਨੂੰ ਤੁਸਾਂ

CC-0: Gurukul Kangri University Haridwar Collection. Digitized by S3 Foundation USA

S OF INTERNET
ITH
ABHINAV GAUR

ਸਭਨਾਂ ਦੇ ਉਪਰਸਰਦਾਰ ਕੀਤਾਹੈ ਅਤੇ ਹੋਰਜਿਤਨੇ ਸਭਰਾਜੇਹੈਨ ਸਭਉਸਦੇ ਸਲਾਮੀ
ਅਸਾਂ ਕੀਤੇਹਨ ਤੁਸਾਡੇਜੀਅਵਿਚ ਕਿਆ ਆਂਵਦੀ ਹੈ ਤਾਂ ਕਵਲਨੈਨਕਹਿਆਜੀਈਹਾਂਤੋ
ਪਰਮਕੁਸਲਹੈ ਹਮੋਂ ਤੁਮਾਰਾ ਕਹਿਆ ਸਿਰਪਰਮਾਨਿਆ ਪਰਜੀਹਮਾਰਾਦੋਖਦੂਰਕਰੋ ਤਾਂ
ਗੁਰੂਨਾਨਕਜੀ ਬਚਨਕੀਤਾ ਰਾਜਾ ਤੁਮਾਰਾ ਦੋਖ ਦੂਰ ਕਰਨ ਦੇ ਵਾਸਤੇ ਹਜ਼ਾਰਾਂ ਜੋਜਨਾਂ
ਆਏ ਆਹੇ ਰਾਜਾ ਤੁਮੀਅਸਾਨੂੰਨਹੀਂਜਾਨਦੇ ਪਰਅਸੀ ਤਾਂ ਤੁਸਾਂਨੂੰ ਜਾਨਦੇ ਆਹੇ ਅਤੇ ਜੇ
ਰਾਜੇ ਸੁਧਰਸੈਣ ਦਾ ਸਲਾਮੀਰਹੇਂਗਾ ਤਾਂਤੇਰਾਭਲਾਹੋਵੇਗਾ ਅਤੇਇਹਸਾਰੀਸਮੱਗ੍ਰੀਥਾਂਇ
ਪਵੇਗੀਨਹੀਂਤਾਂਤੇਰੀਖੁਸ਼ੀਆਵੇਸਾਈਕਰੀਂਤਾਂਰਾਜੇਕਵਲਨੈਨਕਹਿਆਜੀਜੋਤੁਮਕਹਿਆ
ਹੈਸੋਭਲਾਕਹਿਆਹੈਤੁਮਾਰੇਚਰਨੋਂਕੇਪਰਸਾਦਿਮੈਂਉਨਕਾਕਹਿਆ ਨ ਫੇਰੋਂਗਾ ਯਿਹਬਚਨ
ਤੁਮ ਸਤ ਕਰ ਮਾਨੀਓ ਪਰ ਜੀ ਮੇਰੇ ਆਤਮੇ ਕਾ ਭਰਮ ਦੂਰਕਰੋ ਤੁਮੇਂਜੋਕਹਿਆਹੈ ਜੋਤੂੰ
ਹਮਕਉ ਨਹੀਂ ਜਾਨਤਾ ਅਰ ਹਮ ਤੁਮਕੋ ਜਾਨਤੇਹੈਂ ਅਜੀ ਕਦਕੀਅਸ਼ਨਾਈਹੈ ਅਰਕਦ
ਕੀ ਪ੍ਰੀਤਹੈ ਸੋ ਕ੍ਰਿਪਾ ਕਰਕੇ ਕਹੀਐ ਤਾਂ ਗੁਰੂਨਾਨਕ ਜੀ ਕਹਿਆ ਸੁਣ ਰਾਜਾ ਕਵਲਨੈਣ
ਜਦ ਰਾਜਾ ਜਨਕ ਬਿਦੇਹੀਥਾ ਤਬਤੂੰ ਰਾਜੇਕਾ ਖਾਸਇਸ਼ਨਾਨੀਥਾ ਜਦਸਵਾਪਹਿਰ ਰਾਤ
ਰਹਿੰਦੀ ਥੀ ਤਬ ਰਾਜੇ ਕਉ ਇਸ਼ਨਾਨ ਤੂੰਹੀ ਕਰਾਵਤਾ ਥਾ ਰਾਜੇ ਕੀ ਤੇਰੇ ਉਪਰ ਬਹੁਤ
ਮਿਹਰਥਾਨਗੀ ਥੀ ਪਰ ਇਕ ਦਿਨ ਰਾਜੇ ਤੁਮਕਉ ਕਹਿਆ ਅਰੇ ਮੱਘਰਾ ਤੂੰ ਹਮਕੋਜਲ
ਸੀਤਲ ਪਿਲਾਉ ਪਰ ਕਹਾਂਕਾ ਜਹਾਂਕਾਮੈਂਕਹੂੰ ਤਾਂ ਤੈਂ ਕਹਿਆ ਕਹੀਐਰਾਜਾਜੀ ਤਾਂ ਰਾਜੇ
ਜਨਕਕਹਿਆ ਅਰੇ ਮੱਘਰਾਜਹਾਂ ਹਿਮਾਚਲ ਤਹਾਂਕਾ ਤਉ ਜਬਤੂੰ ਜਲਕੋਗਿਆ ਤਬ ਤੇਰੇ
ਆਤਮੇਂ ਏਹੀਵਾਸ਼ਨਾ ਉਪਜੀ ਕਿਹਮਰਾਜੇਨ ਹੂਏਜੋਹਮਾਰਾਭੀਅਮਰਚਲਤਾ ਤਬਤੈਂ ਜਲ
ਰਾਜੇ ਕੇ ਅੱਗੇ ਆਨ ਰੱਖਿਆ ਤਬ ਰਾਜੇ ਜਲ ਪੀਆ ਰਾਜਾ ਤੇਰੇ ਉਪਰਬਹੁਤਪ੍ਰਸੰਨ ਹੂਆ
ਅਰ ਤੁਝਕੋ ਰਾਜੇਨੇ ਕਹਾ ਅਰੇ ਮੱਘਰਾ ਤੂੰ ਕੁਛ ਮਾਂਗ ਤਾਂ ਤੈਂਕਹਿਆ ਜੀ ਮੈਂ ਕਿਛੁ ਨਾਹੀਂ
ਮਾਂਗਤਾ ਤਾਂ ਰਾਜਾ ਜਨਕ ਅੰਤ੍ਰਜਾਮੀ ਆਹਾ ਤਾਂ ਰਾਜੇ ਜਨਕਕਹਿਆ ਅਰੇਮੱਘਰਾਤੂੰਮਾਂਗ
ਚੁਕਾ ਹੈਂ ਅਬ ਕਿਉਂ ਮੁਕਰਦਾ ਹੈਂ ਜੋ ਤੈਂ ਮਾਂਗਿਆ ਹੈ ਸੋ ਹਮ ਤੁਮਕੋ ਦੀਆ ਹੈ ਫਿਰਤੈਨੇ
ਕਹਿਆਜੀ ਮੈਂਤਾਂ ਕਿਛੁ ਨਾਹੀਂ ਮਾਂਗਿਆ ਤਉ ਫਿਰਰਾਜੇ ਤੁਮਕਉ ਕਹਿਆ ਅਰੇ ਮੱਘਰਾ
ਜਬ ਤੂੰ ਜਲ ਕਉ ਗਿਆ ਥਾ ਤਬ ਤੈਂ ਅਪਣੇ ਮਨਮੈਂ ਕਹਿਆ ਥਾ ਜੋ ਹਮ ਰਾਜੇ ਨ ਹੂਏ
ਅਬਤੂੰਜਾਹ ਹਮ ਤੁਮਕਉ ਰਾਜਦੀਆਹੈ ਪਰ ਹਮਸੇ ਭੀ ਬੜਾਰਾਜਕਰੋਂਗੇ ਰਾਜਾ ਹਮਾਰੀ
ਤੁਮਾਰੀਉਤਾਂਕੀ ਅਸ਼ਨਾਈਹੈ ਅਰ ਪ੍ਰੀਤਿਹੈ ਤਬਰਾਜੇਕਵਲਨੈਨਕਹਿਆਜੀ ਤਬਤੁਮਾਰਾ
ਨਾਉਂ ਕਿਆ ਥਾ ਅਰ ਮੇਰਾ ਨਾਉਂ ਕਿਆ ਥਾ ਤਾਂਫਿਰਗੁਰੂਨਾਨਕਜੀ ਕਹਿਆ ਸੁਣਰਾਜਾ
ਕਵਲਨੈਨ ਤੇਰਾ ਨਾਉਂ ਸਫਾਚੰਦ ਥਾ ਅਰ ਹਮਾਰਾ ਨਾਮ ਨਿਰੰਕਾਰੀਥਾ ਤਬਕਵਲਨੈਨ
ਕਹਿਆ ਤੁਮ ਓਹੀ ਨਿਰੰਕਾਰੀ ਹੋ ਅਬ ਤੁਮਾਰਾ ਨਾਉਂ ਕਿਆ ਹੈ ਤਾਂ ਫਿਰਗੁਰੂਨਾਨਕਜੀ
ਕਹਿਆਅਬਹਮਾਰਾਨਾਉਂਨਾਨਕਨਿਰੰਕਾਰੀਹੈਤਬਰਾਜੇਕਵਲਨੈਨ ਪਰਦੱਖਣਾ ਕੀਤੀਆਂ

CC-0. Gurukul Kangri University Haridwar Collection. Digitized by S3 Foundation USA

ਅਰ ਕਹਿਆ ਜੀ ਬਲਿਹਾਰ ਜਾਊਂ ਗੁਰੂਜੀ ਤੇਰੇਚਰਨਾਂ ਕੋਜਿਨ ਅਪਨੇਚੇਰੇ ਕਉ ਸਮਾਲ ਕਰੀ ਅਰ ਆਇ ਦਰਸ਼ਨ ਦੀਆ ਹਮਕੋ ਤੁਮ ਨਿਹਾਲ ਕੀਆ ਹਮਾਰੀਸ਼ਰਧਾ ਪੂਰੀਹੋਈ ਚਰਨਾਂ ਉਪਰਢਹਿਪਿਆ ਫੇਰਉਠਕਰਚਰਨਬੰਦਨਾਕਰੀ ਤਬਰਾਜੇਕਵਲਨੈਨ ਕਹਿਆ ਗੁਰੂ ਜੀ ਚਲੋ ਮੰਦਰਾਂ ਮੇਂ ਗੁਜ਼ਰਾਨ ਕਰੋ ਤਬ ਗੁਰੂਨਾਨਕ ਜੀ ਕਹਿਆ ਤੁਮਮੰਦਰਾਂਮੇਂ ਸ਼ੋਭਤੇ ਹੋ ਹਮ ਉਦਿਆਨਮੇਂਸ਼ੋਭਤੇਹਾਂ ਤਬਰਾਜੇ ਕਹਿਆ ਗੁਰੂਜੀਏਹਰਾਜ ਤੁਮਾਰਾਦੀਆ ਹੂਆ ਹੈ ਤੁਮ ਬੈਠ ਕਰ ਰਾਜ ਕਰੋ ਅਰ ਹਮ ਤੁਮਾਰੇ ਅੱਗੇ ਟਹਿਲ ਕਮਾਹਿੰ ਤਾਂ ਫੇਰ ਗੁਰੂ ਨਾਨਕਜੀਕਹਿਆ ਸੁਣਰਾਜਾ ਜੋ ਤੂੰ ਰਾਜਕਰਤਾਹੈਂ ਅਰਗਲਤਾਨਹੈਂ ਤੈਸਾ ਏਕ ਹਮਾਰਾ ਮਿਰਾਸੀਮਰਦਾਨਾ ਤਾਰਵਿਚਮਸਤਹੈ ਏਹਮਰਦਾਨਾਭੀਨਹੀਂ ਜਾਨਦਾ ਜੋਕੋਈਆਖਾਕਿ ਨਾਹੀਂ ਆਖਾ ਤਾਂ ਫਿਰਰਾਜੇ ਕਵਲਨੈਨ ਕਹਿਆ ਗੁਰੂਜੀ ਹਮਾਰਾਦੋਖਭੀ ਦੂਰਕਰੋ ਅਰ ਮੰਦਰਾਂਮੇਂ ਚਲੋ ਹਮਾਰੀਸ਼ਰਧਾ ਪੂਰੀ ਕਰੋ ਤਾਂਗੁਰੂਨਾਨਕਜੀ ਕਹਿਆ ਰਾਜਾ ਦੋਖ ਤੁਮਕੋ ਏਹੀ ਲਗਾ ਹੈ ਜੋ ਤੁਮ ਕਹਿਤੇ ਹੋ ਜੋ ਸਭੀ ਗੋਬਿੰਦਕੇਕੀਏਹੈਂ ਐਸਾਇੱਕਮੈਂਭੀਹੋਂ ਜੋਤੁਮ ਏਹਬਾਤਜਾਨਤੇਹੋ ਤਾਂਔਰਪਾਸਤੇਆਨਕਿਉਂਮਨਾਤੇਹੋ ਤਾਂਰਾਜੇਕਹਿਆਜੀ ਹਮ ਤੋ ਕਿਸੀ ਕੋ ਕਿਛੁ ਫ਼ਰਮਾਇਸ਼ ਨਹੀਂ ਕਰਤੇ ਅਰਕਿਸੀ ਪਰ ਜ਼ਾਬਤਾ ਨਾਹੀਂ ਕਰਤੇ ਤਾਂਗੁਰੂਨਾਨਕ ਜੀ ਬਚਨ ਕੀਤਾ ਸੁਣਰਾਜਾਕਵਲਨੈਨ ਅਸਾਂਸੁਧਰਸੈਣਨੂੰਭੁਸਾਂ ਸਭਨਾਂ ਉਪਰ ਸਰਦਾਰ ਕੀਤਾ ਹੈ ਅਤੇ ਹੋਰਜਿਤਨੇ ਰਾਜੇਹੈਨ ਸੋ ਸਭੇ ਉਸਦੇ ਸਲਾਮੀ ਕੀਤੇਹੈਨ ਤੁਸਾਡੇਜੀਵਿੱਚ ਕਿਆ ਆਂਵਦੀ ਹੈ ਤਾਂ ਰਾਜੇ ਕਵਲਨੈਨ ਕਹਿਆ ਜੀ ਈਹਾਂ ਤਾਂ ਪਰਮਸੁਖਹੈਹਮ ਤੁਮਾਰਾ ਕੀਆ ਸਿਰ ਪਰ ਮਾਨਿਆ ਪਰਹਮਾਰਾ ਦੋਖ ਦੂਰ ਕਰੋ ਤਾਂਗੁਰੂਨਾਨਕਜੀਕਹਿਆ ਰਾਜਾ ਤੇਰਾ ਦੋਖ ਦੂਰ ਕਰਨ ਵਾਸਤੇ ਸੱਤ ਹਜ਼ਾਰ ਜੋਜਨ ਆਏ ਹੈਂ ਤਾਂਬਾਲੇ ਆਖਿਆ ਗੁਰੂਜੀ ਜੋ ਤੁਸੀ ਆਖਦੇਹੋ ਸੋ ਰਾਜਾ ਮਾਨਤਾਹੈ ਫਿਰ ਆਗੇਕਿਆਬਾਤਹੈ ਜੋਰਾਜਾਕਹਿਤਾਹੈ ਸੋ ਤੁਸੀ ਭੀ ਮੰਨੋ ਤਾਂ ਫਿਰ ਗੁਰੂਨਾਨਕਜੀਕਹਿਆ ਕਹੁ ਰਾਜਾ ਅਬ ਤੂੰ ਕਿਆ ਕਹਿਤਾਹੈਂ ਤਾਂ ਰਾਜੇ ਕਹਿਆ ਜੀ ਮੇਰੇ ਮੰਦਰ ਪਵਿਤ੍ਰ ਕਰੋ ਤਾਂਗੁਰੂਨਾਨਕਜੀਕਹਿਆ ਭਲਾ ਰਾਜਾਜੀ ਚਲੋ ਤਾਂ ਰਾਜਾ ਗੁਰੂਨਾਨਕ ਅਤੇ ਬਾਲਾ ਅਤੇ ਮਰਦਾਨੇ ਨੂੰ ਲੈਕਰ ਮੰਦਰ ਵਿਚਆਯਾ ਗੁਰੂਨਾਨਕ ਦੇਖੇ ਤਾਂਨਗਰ ਸਭੋਧਰਮਾਤਮਾਹੈ ਰਾਜੇਜਨਕਦੇ ਬਚਨਪਾਇਕੇਫਿਰਰਾਜੇਕਵਲਨੈਨਗੁਰੂ ਨਾਨਕਜੀ ਪੰਦ੍ਰਾਂ ਮਹੀਨੇਰਖਿਆ ਫਿਰ ਵਿਦਾ ਹੋਏ ਤਾਂਰਾਜੇਕਹਿਆ ਜੀ ਏਹਰਾਜਕਿਸੀਕੋ ਅਪਣੇ ਹੱਥੀਂਕਰਦੇਉ ਅਰਮੈਂਤੁਮਾਰੇਸਾਥ ਚਲਤਾ ਹਾਂ ਤਾਂਗੁਰੂਨਾਨਕ ਜੀ ਕਹਿਆ ਸੁਣ ਰਾਜਾ ਤੁਮ ਰਾਜਜੋਗ ਗ੍ਰਿਹ ਭੀਤਰ ਬੈਠੇ ਕਮਾਵਹੁ ਤਾਂ ਗੁਰੂਨਾਨਕ ਜੀ ਨਗਰਤੇ ਬਾਹਿਰ ਨਿਕਲਖੜੇਹੋਏ ਤਾਂਰਾਜੇ ਪ੍ਰਦਖਣਾਕੀਤੀਆਂ ਪਰਦਖਣਾਲੇਕਰਚਰਨਾਂਉਪਰਢੈਹਪੜਾਫੇਰ ਡੰਡੌਤ ਕਰੀ ਅਰ ਬੇਨਤੀਕਰੀ ਗੁਰੂਜੀ ਆਦਿਅੰਤਤੁਮਾਰਾਹੀਧਯਾਨਹੋਵੇ ਤਾਂ ਗੁਰੂਨਾਨਕ ਕਹਿਆ ਤੁਮ ਸਦਾਹੀਅਡੋਲਰਹੋਗੇ ਫੇਰਗੁਰੂਨਾਨਕਸੁਮੇਰਪਰਬਤ ਨੂੰ ਚਲੇ ਤਾਂ ਮਰਦਾਨੇ

CC-0. Gurukul Kangri University Haridwar Collection. Digitized by S3 Foundation USA

ES OF INTERNET // ABHINAV GAUR
UTH

ਅਰਦਾਸਕੀਤੀਗੁਰੂਜੀਤੈਂਸੱਭਾ ਧਰਤੀ ਦੇਖੀਂ ਏਡੀਆਂਜਗਾਂ ਪਰ ਜੀ ਤੁਰਕਆਖਦੇ ਹੈਨ ਮੱਕੇਕੀਜ਼ਯਾਰਤਕਾ ਬਹੁਤ ਫ਼ਾਇਦਾ ਹੈ ਜੀ ਓਹ ਮੱਕਾ ਕਿਤਵਲਹੈ ਮੈਨੂੰ ਓਹਭੀ ਜ਼ਯਾਰਤ ਕਰਾਵੋਗੇ ਤਾਂ ਗੁਰੂ ਨਾਨਕ ਕਹਿਆ ਮਰਦਾਨੇ ਓਹ ਤਾਂ ਪੱਛਮਤੇ ਹੈ ਪਰ ਗੁਰੂਜੀਆਖਿਆ ਭਾਈ ਬਾਲਾ ਚਲੋ ਪਹਿਲੇ ਮਰਦਾਨੇ ਨੂੰ ਮੱਕਾ ਦੇਖਾਈਐ ਕਿਉਂ ਜੋ ਵਾਸ਼ਨਾ ਫੇਰ ਜਨਮਲੈ ਆਂਵਦੀਹੈ ਅਤੇਸਰੀਰਦਾਵਸਾਹਕੋਈਨਹੀਂ ਨਾਹੀਂਤਾਂ ਓਧਰਭੀ ਜਾਣਾਹੈ ਪਰ ਮਰਦਾਨੇ ਕੀ ਵਾਸ਼ਨਾ ਉੱਠੀ ਹੈ ਅਬ ਹੀ ਇਸਕੋ ਜ਼ਯਾਰਤ ਮਨ ਕੀ ਚਾਲ ਸੋਂ ਕਰਾਈਐ ਤਾਂ ਮੈਂ ਆਖਿਆ ਜੀ ਤੁਸਾਡੀ ਰਜਾਇ ॥ ਬੋਲਹੁ ਭਾਈ ਜੀ ਵਾਹਿਗੁਰੂ ॥ ੩੪ ॥

ਸਾਖੀ ਹੋਰ ਚਲੀ

ਜਦ ਗੁਰੂਨਾਨਕਜੀ ਭਾਈ ਲਾਲੋ ਪਾਸੋਂ ਚੱਲੇਸੇ ਉਤ੍ਰਾਖੰਡਦੀ ਉਦਾਸੀ ਕੋ ਤਾਂਏਕ ਮਹੀਨਾ ਕਸ਼ਮੀਰ ਰਹੇ ਫੇਰ ਬੰਗਾਲੇ ਵਿਚਦੇਂਅਸਰਾਪੁਰਦੀ ਵਲਾਇਤ ਦਿਨੀਪੰਦ੍ਰੀਂ ਗਏ ਕੋਂਡੇ ਪਾਸ ਦਿਨ ਸੱਤ ਰਹੇ ਅੱਗੇ ਮਹੀਨੇ ਡੇਢਨੂੰ ਬਿਸੰਭਰਪੁਰ ਗਏ ਦੁਇ ਵਰ੍ਹੇਤੇ ਸੱਤ ਮਹੀਨੇ ਸਾਲਸ ਰਾਇ ਪਾਸਰਹੇ ਅੱਗੇ ਦਿਨਵੀਹ ਪਉਣਅਹਾਰੀਚਲੇਗਏ ਬਿਸਹਰਦੇਸਗਏ ਇਕਮਹੀਨਾ ਸੁਧਰਸੈਣ ਪਾਸਰਹੇ ਫੇਰ ਉਨੀਮਹੀਨੇ ਮਧੁਰਬੈਣਪਾਸਰਹੇ ਫੇਰਦੇਵਗੰਧਾਰਨੂੰਜਾਂਦੇਦਿਨ ਸੱਤ੍ ਰਹੇ ਨਉਂ ਮਹੀਨੇ ਦੇਵਲੂਤ ਪਾਸ ਰਹੇ ਫੇਰ ਪਸਰ ਨਾਮਾ ਸ਼ਹਿਰ ਨੂੰ ਚਲੇਡ੍ਹੈ ਮਹੀਨੇ ਜਾਂਦਿਆਂ ਲੱਗੇ ਫੇਰ ਇਕ ਮਹੀਨਾ ਬਣਮਾਨੂਆਂ ਪਾਸ ਰਹੇ ਫੇਰ ਸਵਰਨ ਪੁਰ ਚਲੇ ਸੱਤ ਮਹੀਨੇ ਤੇ ਤੇਰਾਂ ਦਿਨ ਜਾਂਦਿਆਂਲੱਗੇ ਫੇਰ ਪੰਦ੍ਰਾਂ ਮਹੀਨੇ ਕਵਲਨੈਨ ਪਾਸ ਰਹੇ ਇਤਨੀ ਮੁੱਦਤ ਗੁਜ਼ਰੀਸੀ ਵਰ੍ਹੇ ਛਿਹ ਅਤੇ ਮਹੀਨੇ ਸੱਤ ਦਿਨ ਵੀਹ ਜੋਮਰਦਾਨੇ ਨੂੰ ਗੁ ਨਾਨਕ ਜੀ ਆਖਿਆ ਮਰਦਾਨਾ ਕੀ ਡਿੱਠਾਲੋੜਦਾਹੈਂ ਅਤੇਆਰਬਲਾਗੁਰੂਬਾਬੇਦੀਵਰ੍ਹਿਆਂਪਉਣਿਆਂ ਉਣਤਾਲੀਆਂ ਦੀ ਆਹੀ ਅਤੇ ਦਾਹੜੀ ਗੁਰੂ ਜੀਦੀ ਹੱਛੀ ਚਾਪਵਾਸਾ ਹੈਸੀ ਮਸਤਕ ਪਰ ਲਾਲੀ ਜੋਤ ਨਿਰੰਕਾਰਦੀ ਜਾਂਏਹਗੱਲ ਮਰਦਾਨੇ ਤੋਂ ਪੁੱਛੀਸੀਹੱਸਕੇ ਤਾਂ ਮਰਦਾਨੇਆਖਜਾ ਗੁਰੂਜੀ ਤੁਰਕ ਮੱਕੇ ਦੀ ਤਾਰੀਫ਼ ਬਹੁਤ ਕਰਦੇ ਹਨ ਓਹਭੀ ਦਿਖਾਓ ਤਾਂਭਲਾਹੈ ਤਾਂਗੁਰੂ ਨਾਨਕਜੀਕਹਿਆਮਰਦਾਨਾ ਓਹ ਤਾਂਕਿਧਰੇਪਰੇਦੂਰਰਹਿਆਹੈ ਅਤੇਮਰਦਾਨਾਹਿੰਦੂਆਂਨੂੰ ਜਾਣ ਭੀ ਨਾਹੀਂ ਦੇਂਦੇ ਤਾਂ ਮਰਦਾਨੇ ਆਖਿਆ ਜੀ ਕੀ ਬਹਾਨੇ ਕਰਦੇ ਹੋ ਕੁਛ ਦੂਰ ਨਹੀਂ ਤੁਸਾਡੀ ਤਾਂ ਇਕ ਪਲਕ ਹੈ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਇਥੋਂ ਅਢਾਈਹਜ਼ਾਰ ਜੋਜਨ ਕੋਹਾਂ ਹੈ ਤਾਂ ਮਰਦਾਨੇ ਆਖਿਆ ਜੀ ਤੁਸਾਡੀ ਤਾਂ ਅਢਾਈ ਪਲਕਾਂਨੇ ਅਤੇ ਤੂੰ ਜੋ ਕਹਿੰਦਾ ਹੈਂ ਹਿੰਦੂਆਂਨੂੰ ਨਾਹੀਂ ਜਾਣ ਦੇਂਦੇ ਸੋਤੈਨੂੰ ਕੌਣ ਮਨਹ ਕਰਦਾ ਹੈ ਤਾਂ ਗੁਰੂਨਾਨਕ ਆਖਿਆ ਭਲਾ ਮਰਾਦਾਨਾ ਤੇਰਾਆਖਿਆ ਸਾਥੋਂ ਫੇਰਿਆ ਨਹੀਂ ਜਾਂਦਾ ਅਸਾਂ ਤਾਂ ਪਹਿਲੇ ਸੁਮੇਰ ਨੂੰ ਲੈ ਜਾਣਾ ਸੀ ਪਰ ਤੈਨੂੰ ਉਧਰੇ ਹੀ ਲੈ ਚਲੀਐ ॥ ੩੫ ॥

CC-0. Gurukul Kangri University Haridwar Collection. Digitized by S3 Foundation USA

ਅਥ ਪਾਕ ਨਾਵਾਂ ਸਾਖੀ ਮੱਕੇ ਮਦੀਨੇ ਕੀ ਲਿਖਜਤੇ

ਨਸੀਹਤ ਨਾਮਾ ਬਾਬੇ ਨਾਨਕ ਜੀਕਾ ਸ਼ਾਹਸ਼ਰਫ਼ ਤੇ ਕਾਜੀ ਰੁਕਨ ਦੀਨ ਨਾਲ ਹੋਯਾ ਰਾਗਤਿਲੰਗ ਮਹਲਾ ੧ ॥ ਗੁਜ਼ਸ਼ਤਹਰਾ ਸਲਵਾਤ ॥ ਅਵਤਾਰ ਪੈਕੰਬਰਾਂ ਹਮ ਬਿਲਕੁਲ ਸਫਾਤ ॥ ੧॥ ਰਹਾਉ ॥ ਏਕੋ ਏਕ ਖੁਦਾਇਹੈ ਹੈਵਾਂਨ ਨਬਾਤ ॥ ਬੇਚੁਨ ਬੇਚਗੁਨਹੈ ਤਿਸ ਜਨਮ ਮਰਨ ਨ ਜਾਤਿ ॥ ੧ ॥ ਹੋਇ ਖ਼ਉਫ਼ ਖ਼ੁਦਾਇਦਾ ਮੁਖਹੁ ਅਲਾਏ ਤਾਕ॥ਲਾਇਲਾ ਇੱਲਿਲਾ ਗੋਬਿੰਦ ਨਾਨਕ ਖ਼ਲਫ਼ ਅਲੁ॥ ੧ ॥ਘਰ ਰਿਸਾਲਿਆਂ ਦੇ ਗਾਵਣਾ॥ ਬਾਬੇਨਾਨਕ ਜੀਤਮਾਮ ਆਲਮ ਤਾਰਨੇਕੇ ਨਮਿੱਤ ਭੇਖਉਦਾਸੀ ਕਾ ਧਰ ਕਰ ਸਭ ਧਰਤੀਕਾਸੈਲ ਕੀਆ ਅਤੇ ਸਭਨਾਂ ਠਉਰਾਂਵਿਖੇ ਆਪਣੇਆਸਨਮੁਕਾਮ ਥਾਪੇ ਇਕ ਦਿਨ ਸ਼ਹਿਰ ਬਿਦਰ ਦੱਖਣ ਦਿਸ਼ਾ ਅੰਦਰ ਬਾਬਾ ਨਾਨਕ ਬੈਠਾਸੀ ਤਾਂ ਹਾਜੀਮੱਕੇਕੀ ਹੱਜਕਉ ਚਲੇਹੈਸਨ ਤਾਂ ਮਰਦਾਨੇ ਰਬਾਬੀ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਹਾਜੀ ਮੱਕੇਮਦੀਨੇ ਕੀ ਹੱਜ ਕਉ ਚਲੇਹੈਨ ਕਿਉਂ ਜੋ ਮੱਕਾ ਮਦੀਨਾ ਖ਼ੁਦਾਇਦਾ ਘਰ ਹੈ ਜੋ ਕੋਈ ਮੱਕੇ ਮਦੀਨੇ ਕੀ ਹੱਜ ਕਰਦਾ ਹੈ ਸੋ ਖ਼ੁਦਾਇ ਵੱਲ ਆਂਵਦਾ ਹੈ ਜੇ ਹੁਕਮ ਹੋਵੇ ਤਾਂ ਹਉਂ ਭੀ ਮੱਕੇ ਮਦੀਨੇ ਕਾ ਹੱਜ ਕਰ ਆਵਾਂ ਤਾਂ ਬਾਬਾ ਨਾਨਕ ਬੋਲਿਆ ਜੋਮਰਦਾਨਾ ਮੱਕਾ ਮਦੀਨਾ ਇਸਦੇਹ ਅੰਦਰਹੈ ਮਿਹਰਆਂਵਦੀ ਹੈ ਤਾਂ ਘਰ ਹੀ ਬੈਠਾ ਮੱਕੇ ਮਦੀਨੇ ਦਾ ਹੱਜ ਕਰਦਾ ਹੈ ਬਜ਼ੁਰਗਵਾਰ ਦਾਨਸ਼ਵੰਦ ਸਦੀਦਾ ਹੈ ਤਾਂ ਬਾਬੇ ਨਾਨਕ ਸ਼ਲੋਕ ਬੋਲਿਆ ॥

ਸ਼ਲੋਕ॥ ਮੁਕਾਮ ਮੱਕਾ ਮਨ ਮਦੀਨਾ ਸਿਰ ਮੁਸੱਲਾ ਮਸਤਕ ਮਸੀਤ॥ ਨਕ ਕਬਰ ਬਾਜੂ ਵਾਰਾਨਾ ਇਮਾਮ॥ ਕਲਮਾ ਮਾਲਾ ਕੁਰਾਨ ਜਬਾਨ॥ ਤਮਾਮ ਅੰਗ ਸੀਹਰਫ ਕਾਇਦਾ ਅਲਫ਼ ਬੇਪਛਾਨ ॥ ਰੂਹ ਅਜਾਇਸ ਕੰਮ ਬਕਾਦਾਦ ॥ ਨੈਨ ਨਬੀ ਕਰਨ ਕਾਬਾ ਹੱਥ ਹਜ਼ਰਤ ਪੈਰ ਰਸੂਲ ॥ ਨਾਨਕ ਐਸਾ ਅਮਲ ਜੋ ਕਰੈ ਸੋ ਦਰਗਾਹਿ ਪਵੈ ਕਬੂਲ ॥ ੧ ॥

ਜਾਂਏਹ ਬਚਨ ਬਾਬੇ ਬੋਲਿਆ ਤਾਂ ਮਰਦਾਨਾ ਵਿਸਮਾਦ ਹੋਇਕਰ ਚੁੱਪਕਰ ਰਹਿਆ ਤਾਂ ਫੇਰ ਬਾਬਾ ਬੋਲਿਆ ਮਰਦਾਨਿਆਂ ਜੋ ਏਹ ਆਦਮੀ ਆਪਣਾ ਅੰਦਰ ਸੋਧੇ ਅਤੇ ਆਪਨੂੰ ਪਛਾਣੈ ਤਾਂ ਸਭ ਕੁਛ ਏਹ ਹੈ ਪਰ ਏਹ ਦੁਨੀਆਂਦੇ ਲਾਲਚ ਭੁੱਲਾ ਫਿਰਦਾ ਹੈ ਆਪਣਾ ਆਪ ਭੁਲਾਇ ਦਿੱਤਾ ਹੈਸ ਮਿਰਗ ਕੀ ਨਾਭ ਵਿਚ ਕਸਤੂਰੀ ਹੈ ਅਤੇ ਝਾੜਾਂ ਨੂੰ ਸੁੰਘਦਾ ਫਿਰਦਾ ਹੈ ਤਾਂ ਫੇਰ ਮਰਦਾਨੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੋਤੇਰੇ ਦਿਲ ਆਂਵਦੀ ਹੈ ਸੋਈ ਕਰਹੁ ਜੀ ਤਾਂ ਫੇਰ ਬਾਬਾ ਬੋਲਿਆ ਜੋ ਮਰਦਾਨਾ ਤੂੰ ਭੀ ਸੱਚ ਆਖਦਾ ਹੈਂ ਜੋ ਕੋਈ ਫਕੀਰਾਂਨੂੰ ਦੇਸ ਪਰਦੇਸ ਦੇਖਣਾ ਭਲਾ ਹੈ ਅਸੀਭੀ ਮੱਕਾ ਮਦੀਨਾ ਦੇਖਾਂਗੇ ਅਤੇ ਇਕ ਦੁਇ ਸੁਖਨ ਕਾਜੀ ਰੁਕਨ ਦੀਨ ਨਾਲ ਮਜ਼ਹਬ ਦੇ ਭੀ ਕਰਨੇ ਹੈਨ ਤਾਂ ਇਕ ਦਿਨ ਬਾਬਾਜੀ ਅਤੇ ਮਰਦਾਨਾ ਮੱਕੇ ਦੀ ਹੱਜ ਕੋ ਉਠ ਚਲੇ ਜਾਂ ਦੂਜੀ ਮੰਜ਼ਲ ਗਏ ਤਾਂ ਚਾਰ ਹਾਜੀ ਅਰ ਇਕ ਫਕੀਰ ਸ਼ਾਹਸ਼ਰਫ਼ ਰਾਹ ਵਿੱਚ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //
UTH

ਇਨ੍ਹਾਂ ਨੂੰ ਮਿਲੇ ਤਾਂ ਸ਼ਾਹਸ਼ਰਫ਼ ਦੇਖਕੇ ਫ਼ਕੀਰੀ ਦੀਆਂ ਪੇਂਵਦਾਂ ਵੱਲੋਂ ਹੈਰਾਨ ਹੋਇਗਿਆ ਤਾਂ ਹਾਜੀਆਂ ਨੂੰ ਕਹਿਣੇ ਲੱਗੇ ਜੇ ਤੁਸੀ ਖੜੇ ਹੋਵੋ ਤਾਂ ਇਸ ਫ਼ਕੀਰ ਪਾਸੋਂ ਫ਼ਕੀਰੀਦਾ ਸੁਵਾਲ ਕਰਦੇ ਹਾਂ ਜੇ ਇਸ ਫ਼ਕੀਰੀ ਦਾ ਜਵਾਬ ਦਰੁਸਤ ਦਿੱਤਾ ਤਾਂ ਕਾਮਲਫ਼ਕੀਰ ਹੈ ਅਤੇ ਜੇ ਇਸ ਫ਼ਕੀਰੀਦਾ ਜਵਾਬ ਦਰੁਸਤ ਨ ਦਿੱਤਾ ਤਾਂਇਸਦੇ ਬਸਤ੍ਰ ਕਿਸਬ ਫ਼ਕੀਰੀਦਾ ਸੱਭੋਖੋਹਲਵਾਂਗੇ ਤਾਂ ਸ਼ਾਹ ਸ਼ਰਫ਼ ਬਾਬੇ ਨਾਨਕ ਪਾਸ ਆਯਾ ਆਇਕਰ ਕਹਿਣੇਲਗਾ ਅਰੇ ਭਾਈ ਤੁਮ ਕੌਣ ਹੋਤੇ ਹੋ ਤਾਂ ਬਾਬਾ ਬੋਲਿਆ ਸੁਣ ਅਹਿਲ ਦਰਵੇਸ਼ਾ ਅਵਾਰ ਪੁੱਛਣਾ ਫ਼ਕੀਰ ਭਕਸੀਰ ਹੈ ਕਿਸ ਵਾਸਤੇ ਜੋ ਫ਼ਕੀਰ ਦੁਨੀਆਂ ਕੋਲੋਂ ਨਾਉਮੈਦ ਹੈ ਤਾਂ ਸ਼ਾਹਸ਼ਰਫ਼ ਹੈਰਾਨ ਹੋਕੇ ਚੁੱਪਕਰ ਰਹਿਆ ਤਾਂ ਸ਼ਾਹ ਸ਼ਰਫ਼ ਮਨ ਵਿਚ ਕਹਿਆ ਕਿ ਹੇ ਭਾਈ ਏਹ ਫ਼ਕੀਰੀ ਦੇ ਫ਼ਿਰਕੇ ਵਿਚ ਕਾਮਲ ਹੈ ਜਿਸਨੇਐਸਾ ਜਬਾਬ ਫ਼ਕੀਰੀ ਦਾ ਦਿੱਤਾ ਹੈ ਪਰ ਫੇਰ ਭੀ ਪੁੱਛਦੇ ਹਾਂ ਦੇਖਾਂ ਕਜਾ ਕਹੇਗਾ॥

ਸੁਆਲ ਸ਼ਾਹ ਸ਼ਰਫ਼ ॥ ਅੱਵਲ ਫ਼ਕੀਰੀ ਅੱਵਲ ਸ਼ੁਮਾਰਾ ਮੇਂ ਪੁਰਸਮ ਈਂ ਸੁਖ਼ਨਰਾ ਜਵਾਬ ਬਿਦਿਹ ਦਰਵੇਸ਼ਾ ਅੱਵਲੇਫ਼ਕੀਰੀਚੀਸ੍ਤ ਆਖ਼ਰਫ਼ਕੀਰੀ ਚੀਸ੍ਤ ਖਾਨਾਫ਼ਕੀਰੀ ਚੀਸ੍ਤ ਕੁਲਦ ਫ਼ਕੀਰੀ ਚੀਸ੍ਤ ਕਦੀਲ ਫ਼ਕੀਰੀ ਚੀਸ੍ਤ ਮਕਬਰੋ ਫ਼ਕੀਰੀ ਚੀਸ੍ਤ ਗੰਜ ਫ਼ਕੀਰੀ ਚੀਸ੍ਤ ਰੇਸ਼ਮ ਫ਼ਕੀਰੀ ਚੀਸ੍ਤ ਖ਼ਿਰਕਾ ਫ਼ਕੀਰੀ ਚੀਸ੍ਤ ਕਫ਼ਨੀ ਫ਼ਕੀਰੀ ਚੀਸ੍ਤ ਫ਼ਹੋੜੀ ਫ਼ਕੀਰੀ ਚੀਸ੍ਤ ਜਾਮਾ ਫ਼ਕੀਰੀ ਚੀਸ੍ਤ ਵਸਲਾ ਫ਼ਕੀਰੀ ਚੀਸ੍ਤ ਸੇਲੀ ਫ਼ਕੀਰੀ ਚੀਸ੍ਤ ਕਿਸ਼ਤੀਫ਼ਕੀਰੀਚੀਸ੍ਤ ਮੁਤਕਾ ਫ਼ਕੀਰੀ ਚੀਸ੍ਤ ਹਰ ਇਕ ਸਵਾਲਰਾ ਜਵਾਬ ਬਿਦਿਹੰਦ ਆਂਕਾਮਲ ਫ਼ਕੀਰੀ ਅਸਤ ਵਾ ਇਲਾ ਨਾ ਕਾਮਲੇ ਫ਼ਕੀਰੀ ਅਸਤ ਕਿ ਜਬਾਬਰਾ ਫ਼ਕੀਰੀ ਨ ਦਿਹੰਦ॥੧॥ ਜਬਾਬ ਨਾਨਕ ਸ਼ਾਹ॥ ਅੱਵਲ ਫ਼ਕੀਰੀ ਫ਼ਨਾਹ ਅਸਤ ਆਖ਼ਰ ਫ਼ਕੀਰੀ ਬਕਾ ਅਸਤ ਖ਼ਾਨਾ ਫ਼ਕੀਰੀ ਮੁਸਲਮ ਅਸਤ ਕੁਲਦ ਫ਼ਕੀਰੀ ਖ਼ਾਮੋਸ਼ੀ ਅਸਤ ਕਦੀਲ ਫ਼ਕੀਰੀ ਅਜ਼ਦੀਵ ਬੰਦਗੀ ਅਸਤ ਮਕਬਰੇ ਫ਼ਕੀਰੀ ਹੇਲੀਮੀ ਅਸਤ ਗੰਜ ਫ਼ਕੀਰੀ ਪਾਇ ਬੋਸੀ ਅਸਤ ਤਰੀਕੀ ਫ਼ਕੀਰੀ ਬਿਦਾਰੀ ਅਸਤ ਸੋ ਜਨ ਫ਼ਕੀਰੀ ਅਕਲ ਅਸਤ ਰੇਸ਼ਮ ਫ਼ਕੀਰੀ ਦੀਦਾਰ ਅਸਤ ਲੁਕਮਾਂ ਫ਼ਕੀਰੀ ਸਬੂਰੀ ਅਸਤ ਖ਼ਿਰਕਾ ਫ਼ਕੀਰੀ ਰਾਸਤੀ ਅਸਤ ਕਫ਼ਨੀ ਫ਼ਕੀਰੀ ਜ਼ਿੰਦਾ ਮੁਰਦਾ ਅਸਤ ਧੂਆਂ ਫ਼ਕੀਰੀ ਮਾਨਿੰਦ ਪਸੁ ਖ਼ੁਰਦ ਹਕਾਕ ਅਸਤ ਫ਼ਹੋੜੀ ਫ਼ਕੀਰੀ ਖ਼ਾਕ ਰੋਬੀ ਅਸਤ ਜਾਮਾ ਫ਼ਕੀਰੀ ਹਰ ਕਿ ਆਇਦ ਆਰਾਮ ਰਾ ਹਾਸਲ ਕੁਨਦ ਵ ਕੁਸ਼ਾਦ ਅਸਤ ਸੇਲੀ ਫ਼ਕੀਰੀ ਬਰਦਾ ਪੇਸ਼ ਮੁਰਸ਼ਦਾ ਅਸਤ ਕਿਸ਼ਤੀ ਫ਼ਕੀਰੀ ਰੋਇ ਗਰਦਾ ਅਜਰ ਜਹਾਨ ਵਸਲਾ ਫ਼ਕੀਰੀ ਜ਼ਬਾਨ ਸੈਫ਼ ਸਾਹਿਬ ਕਰਾਮਾਤ ਅਸਤ ਦਰ ਮਿਹਰ ਵ ਕਹਿਰਪੁਰ ਮਾਮੂਰ ਅਸਤ ਮੁਤਕੀ ਫ਼ਕੀਰੀ ਮਨ ਬਸਕਾ ਕਾਸਾ ਨਸ਼ੀਨੀ ਅਸਤ ਅਗਰ ਕਸੇ ਬਈਂ ਤਰੀਕਾ ਅਮਲ ਕੁਨੰਦ ਆਂ ਕਾਮਲ ਫ਼ਕੀਰੀ ਅਸਤ ਵਇਲਾ ਨ ਲੁਕਮੇ ਫ਼ਕੀਰੀ ਅਸਤ ਫ਼ਕੀਰੀ ਰਾਚਿ ਦਾਨਦ ਰਾਹ ਫ਼ਕੀਰੀ ਰਾ ਗੁਮਕਰਦਾ ਅਸਤ॥ ਤਦ ਫੇਰ ਸ਼ਾਹਸ਼ਰਫ਼ ਪੁੱਛਜਾ ਜੋ ਸਵਾਲ ਕੁਜਾ ਮਨੀ ਕੁਜਾ ਮਨੀ ਜਵਾਬ ਯਾ ਮਨੀ ਯਾ ਮਨੀ ਤਾਂ ਫੇਰ ਸ਼ਾਹਸ਼ਰਫ਼ ਪੁਛਜਾ ਚਿਹ ਸਤ ਮਨੀ ਜਵਾਬ ਤਾਂ ਬਾਬੇ ਆਖਿਆ

CC-0. Gurukul Kangri University Haridwar Collection. Digitized by S3 Foundation USA

ਬਗੋਨਾਨਕ ਏਕ ਧਨੀ ਏਕ ਧਨੀ ਤਾਂ ਫੇਰ ਸ਼ਾਹਸ਼ਰਫ਼ ਪੁਛਿਆ ਸੁਆਲਤੁਮਾ ਮੇਂ ਪੁਰਸਮ ਅਹਿਲਜਵਾਬਬਗੋਦਰਵੇਸ਼ਾ॥ਬਿਦਹੰਦਕੁਲਹਸ਼ੁਮਾਚਿਮਜ਼ਹਬਅਸਤ॥ਜਵਾਬਨਾਨਕਸ਼ਾਹ

ਜੋ ਮਨੂਆਮੁੰਡੇ ਤਬ ਮੁੰਡਮੁੰਡਾਏ ॥ ਬਿਨ ਮਨ ਮੁੰਡੇਜੁਗਤ ਨ ਪਾਏ॥ਮੂੰਡਕਾਟਗੁਰ ਆਗੈ ਧਰੈ॥ ਮਨ ਮਤ ਤਿਆਗ ਗੁਰਮਤ ਲੈ ਤਰੈ ॥ ਮੂੰਡ ਮੁੰਡਾਏ ਹੋਇ ਸਭ ਰੇਨਾ ॥ ਸੋਬੈਰਾਗੀ ਪਰਖੈਗੁਰਬੈਨਾ ॥ ਮੂੰਡਮੁੰਡਾਏਕੀ ਏਹਗਤ ਭਾਈ॥ਕੋਵਿਰਲਾ ਗੁਰਮੁਖ ਮੂੰਡ ਮੁੰਡਾਈ ॥ ਸੁਆਦ ਸਨੇਹ ਮਮਤਾ ਸਭ ਤਜੀਐ॥ ਤਉਨਾਨਕਇਹ ਬਿਧਿ ਕੁਲਹਿ ਪਹਿਰੀਐ ॥ ੩ ॥ ਤਾਂ ਫੇਰ ਸ਼ਾਹਸ਼ਰਫ਼ ਨੇ ਪੁੱਛਿਆ ਸ਼ੁਮਾਮੇ ਪੁਰਸ ਅਹਿਲ ਜਵਾਬ ਬਗੋ ਦਰਵੇਸ਼ਾ ਖ਼ਿਰਕਾ ਸ਼ੁਮਾਚਿਮਾ ਜਵਾਬ ਅਸਤ ॥ ਜਵਾਬ ਨਾਨਕਸ਼ਾਹ

ਪੀਰ ਮਤ ਮੁਰੀਦ ਰਹਿਨੰ॥ ਖਫ਼ਨੀਟੋਪਮਨ ਸਬਦ ਗਹਿਨੰ॥ ਬਹਤਾਦਰੀਆਉ ਕੀਏ ਬਰੇਤੀ ॥ ਸਹਜਘਰ ਬੈਠ ਤਹਾ ਸਿਖਜਾ ਦੇਤੀ ॥ ਹਰਖਸੋਗ ਕੀਨਾ ਅਸਾਰੰ ॥ ਪਹਿਰ ਖਫ਼ਨੀ ਦੁਸਟਾ ਬਿਦਾਰੰ ॥ ਸੁੰਨਘਰਲੇ ਵਸਤੀ ਬਸਾਈ ॥ ਤਉਕਫ਼ਨੀ ਟੋਪੀ ਕੀ ਜੁਗਤ ਪਾਈ ॥ ਕੁਟੰਬ ਛੋਡ ਹੂਆ ਅਕੇਲਾ ॥ ਪਹਿਰ ਕਫ਼ਨੀ ਨਾਨਕ ਭਇਆਸੁਹੇਲਾ ॥ ੪ ॥ ਤਾਂ ਫੇਰ ਸ਼ਾਹ ਸ਼ਰਫ਼ ਨੇ ਪੁਛਿਆਸੁਆਲ ਤੁਰਾਪੁਰਸਮ ਜਵਾਬਬਗੋਅਹਿਲਦਰਵੇਸ਼ਾ ॥ ਕਪੀਨ ਸ਼ੁਮਾਚਿਮਜ਼ਬ ਅਸਤ ॥ ਜਵਾਬਨਾਨਕਸ਼ਾਹ ॥

ਗੁਰਸਬਦ ਦੀਖਿਆ ਮਨ ਸਹਿਜ ਗਹਿਨੰ ॥ ਪੰਚਇੰਦ੍ਰੀਆਂਦ੍ਰਿਢਅਟਲਰਹਿਨੰ ॥ ਦ੍ਰਿਸਟਿ ਬੰਧ ਭਰਮਾ ਠਹਿਰਾਨੰ ॥ ਦਸਵੇਂਦੁਆਰ ਤਾਲਾ ਚੜ੍ਹਾਨੰ॥ਅਠ ਸਠ ਹਟ ਤਾੜ ਕਰਨੰ ॥ ਬਿਲੰਦਮਤਿ ਗੁਰ ਹਿਰੀ ਚੋਟੰ॥ਇਹਬਿਧਨਾਨਕਪਹਿਰਬੋਲੰਗੋਟੰ ॥ ੫ ॥ ਤਾਂ ਫੇਰ ਾਹਸ਼ਰਫ਼ਨੇ ਪੁੱਛਿਆ ਸੁਆਲ ਤੁਰਾਮੇ ਪੁਰਸ਼ਮ ਜਵਾਬ ਬਗੋ ਅਹਿਲ ਦਰਵੇਸ਼ਾ ॥ ਪਾ ਪੋਸ਼ ਤੁਰਾ ਚਿ ਮਜ਼ਹਬ ਅਸਤ ਬਿਦਹੰਦ ॥ ਜਵਾਬ ਨਾਨਕ ਸ਼ਾਹ ॥

ਸਰਬਗਿਆਨਮਹਿਨਿਸਰੀਤੰ ॥ ਪਾਵਕ ਪਵਨ ਜਾਤ ਮਨਕੀਤੰ ॥ ਧਰਨਤਰਵਰ ਕੀਰਹਤੰ ਰਹਨੰ ॥ ਕਾਟਨ ਮੋਦਨਾ ਮਨ ਮਹਿ ਮਹਨੰ ॥ ਦਰੀਆਉਸੈਲਾਰੀਤਬ ਕਰੀਆਢੀ॥ਭਾਉਭਗਤਿਕਰਲੀਉਸਾਖੀ॥ ਇਹ ਮਤਮਥ ਕਰਿ ਰਹੋ ਪਿਨਹਨੰ ॥ ਤਜ ਪਾਪੋਸ਼ ਬ੍ਰਹਮ ਹੋਇ ਰਹਨੰ ॥ ਬਿਨ ਬ੍ਰਹਮ ਕੀਨੇ ਪਾਪੋਸ਼ ਤਿਆਗੈ ॥ ਕਹੁ ਨਾਨਕ ਉਹਤਿੜਾ ਲਾਗੈ ॥ ੬ ॥ ਫ਼ਕਰ ਕਹਾਵੈ ਬਾਂਧੈ ਦੁਆਰ ॥ ਮਾਇਆ ਸੰਗ ਕਰੇ ਪਾਸਾਰ ॥ ਫਕਰਕਹਾਵੈ ਪਕੜੈ ਲਾਠੀ ॥ਉਹਫਕਰ ਨਹੀਂ ਅਮਰਕਾ ਸਾਥੀ॥ ਫਕੰਰ ਕਹਾਵੈ ਪਹਿਰੈ ਪੈਜਾਰ ॥ ਉਹਕੀਜਾਣੈ ਫ਼ਕੀਰੀ ਕੀ ਸਾਰ ॥ ਫਕਰ ਕਹਾਵੈ ਪਕੜੈ ਕਾਸਾ ॥ ਟੂਕ ਪਕੜਕੀਬੰਧੇਆਸਾ ॥ ਫ਼ਕਰ ਕਹਾਵੈ ਕਪੜੇ ਹੰਢਾਵੈ ॥ ਓਹ ਫ਼ਕੀਰੀਗ੍ਰਿਸਤਮਾਹਿਸਮਾਵੈ ॥ ਫ਼ਕਰ ਕਹਾਵੈ ਕਮਰਤਲਵਾਰ॥ਫ਼ਕੀਰਨਹੀਂ ਓਹ ਮਨਸਬਦਾਰ ॥ ਫ਼ਕਰਹੋਇਸੁਖਆਸਨਚੜੈ॥ ਤਾਂਕਉਅਸਮਾਨ ਭੂਟਨਾਹੀਂ ਪੜੈ॥

CC-0. Gurukul Kangri University Haridwar Collection. Digitized by S3 Foundation USA

॥ ਫ਼ਕਰ ਕਹਾਵੇ ਸਿਰ ਦਸਤਾਰੁ ॥ ਉਹੁ ਫ਼ਕਰ ਹਰ ਹਰਫ਼ ਮੇਂ ਖ਼ੁਆਰੁ ॥ ਫ਼ਕਰ ਕਹਾਵੇ ਚੜੈ ਤੁਰੰਗ॥ ਸਰਗਰਦਾਨ ਮਾਇਆ ਕੇ ਸੰਗ ॥ ਫ਼ਕਰ ਕਹਾਵੈ ਕਰੈ ਸੁਆਲ ॥ ਮਹਾਂ ਜੰਜਾਲੀ ਸਦਾ ਜੰਜਾਲ ॥ ਫ਼ਕਰ ਕਾ ਮੁਸਾਫ਼ਰ ਪਾਣੀ ਪਉਣ ॥ ਦਲ ਦਸਤਾਰ ਮਤਾ ਆਵਾਗਉਣ ॥ ਇਤਨਿਆਂ ਫ਼ਕੀਰਾਂ ਥੀਂ ਗਿਰਹੀ ਭਲਾ ॥ ਨਾਨਕ ਖ਼ੈਰ ਕਮਾਵੇ ਸਫਲਿਉ ਫਲਾ ॥ ਤਾਂ ਫੇਰ ਸ਼ਾਹ ਸ਼ਰਫ਼ ਸੁਆਲ ਕੀਤਾ ਕਿ ਹੇ ਬਾਬਾ ਨਾਨਕ ਜੀ ਯੇਹ ਜੋ ਫ਼ਕੀਰੀ ਕੇ ਬਸਤ੍ਰ ਪਹਿਰਤੇ ਹੈਨ ਅਰ ਫ਼ਕੀਰੀ ਕਾ ਭੇਖ ਕਰਕੇ ਆਪ ਕਉ ਬੜਾ ਕਹਾਵਤੇ ਹੈਨ ਸੋ ਤਉ ਇਸਤਰਹ ਫ਼ਕੀਰੀ ਹਾਸਲ ਨ ਹੋਈ ਨ ਗ੍ਰਿਹੀ ਨ ਉਦਾਸੀ ਕੁਰਾਹੀ ਰਹਜਾ ਪਰ ਏਕ ਅਵਰ ਹਮਾਰੇ ਮਨ ਮਹਿ ਬਾਤ ਰਹੀ ਹੈ ਜੋ ਜੇਤੇ ਬਸਤ੍ਰ ਫ਼ਕੀਰੀ ਕੇ ਹੈਨ ਤਿਨ ਕੀ ਸਭ ਖ਼ਾਸੀਯੱਤ ਕਹੀਐ ਜੀ ਜੋ ਹਮਾਰੀ ਨਿਸ਼ਾ ਹੋਵੇ ਤਾਂ ਬਾਬੇ ਆਖਿਆ ਸੁਣਹੁ ਸ਼ਾਹਸ਼ਰਫ਼ ਫ਼ਕੀਰ ਪਹਿਲਾਂ ਫ਼ਕੀਰੀ ਅੰਦਰ ਚਾਹੀਐ ਫ਼ਕੀਰੀ ਐਸੀ ਹੈ ਭਾਵੇਂ ਗ੍ਰਿਹਸਤ ਮਹਿੰ ਰਹੇ ਭਾਵੇਂ ਉਦਾਸੀ ਮਹਿੰ ਹੋਵੇ ਅਰ ਫ਼ਕੀਰ ਹੋਵੇ ਅਰ ਅਮਲ ਗ੍ਰਿਹਸਤੀਆਂ ਕੇ ਕਰੇ ਅਰ ਲਿਬਾਸ ਫ਼ਕੀਰੀ ਕਾ ਕਰੇ ਮੂੰਡ ਮੁੰਡਾਵਣਾ ਅਰ ਟੋਪੀ ਕਫ਼ਨੀ ਲੰਗੋਟੀ ਪੰਹਿਰਣੀ ਤਬ ਇਸਕੇ ਬਸਤ੍ਰ ਤੋਂ ਬਹ ਕਰ ਉਠਤੇ ਹੈਂ ਅਰ ਕਹਿਤੇ ਹੈਨ ਜੋ ਹੈ ਵਾਨ ਖ਼ੁਦਾਇ ਦੇ ਤੂੰ ਜੋ ਅਸਾਨੂੰ ਪਹਿਰਦਾ ਹੈਂ ਸੋ ਤੂੰ ਕਿਉਂ ਪਹਿਨਦਾ ਹੈਂ ਅਰ ਜਿਸਕੇ ਅਸੀ ਬਸਤ੍ਰ ਹਾਂ ਜੇ ਉਨ੍ਹਾਂ ਹੀ ਜੇਹਾ ਹੋਵੇਂ ਤਾਂ ਤੂੰ ਅਸਾਨੂੰ ਪਹਿਰ ਤਬ ਟੋਪੀ ਬੋਲੀ ਸੁਨਹੁ ਹੈਵਾਨ ਖ਼ੁਦਾਇ ਦੇ ਬੰਦੇ ਟੋਪੀ ਪਹਿਰਣੀ ਅਰ ਸਿਰ ਮੁੰਡਵਾਣਾ ਜੋ ਹੈ ਸੋ ਬਾਲਕਿਆਂ ਕਾ ਕਾਮ ਹੈ ਜੇ ਬਾਲਕ ਕੀ ਭਾਂਤ ਮਨ ਹੋਵੇ ਤਾਂ ਮੈਨੂੰ ਪਹਿਰ ਅਤੇ ਸਿਆਣਾ ਹੋਵੇ ਤਾਂ ਨ ਪਹਿਰ ਸਿਰ ਅਜ਼ਾਬ ਚੜ੍ਹੀਗਾ ਅਰ ਬਹੁੜ ਕਫ਼ਨੀ ਬੋਲੀ ਜੁਵੇ ਬੰਦੇ ਖ਼ੁਦਾਇ ਦੇ ਤੂੰ ਜੋ ਮੈਨੂੰ ਪਹਿਰਦਾ ਹੈਂ ਸੋ ਕਿਉਂ ਪਹਿਰਦਾ ਹੈਂ ਜੋ ਮੈਂ ਕਫ਼ਨੀ ਹਾਂ ਸੋ ਮੁਰਦੇ ਦਾ ਪਹਿਰਣਾ ਹਾਂ ਜੇ ਜੀਵੰਦਿਆਂ ਮੋਇਰਹੇਂ ਤਾਂ ਮੈਨੂੰ ਪਹਿਰ ਅਤੇ ਜੇ ਕੋਈ ਦੁਨੀਆਂਦੀ ਹਿਰਸ ਮਨ ਵਿਚ ਹਈ ਤਾਂ ਮੈਨੂੰ ਨਾ ਪਹਿਰ ਗ੍ਰਿਹਸਤ ਹੀ ਵਿਚ ਰਹੁ ਬਹੁੜੋ ਪਹੋੜੀ ਬੋਲੀ ਸੁਨਹੁ ਵੇ ਬੰਦੇ ਖ਼ੁਦਾਇ ਦੇ ਤੂੰ ਜੋ ਮੈਨੂੰ ਹੱਥ ਲੈਂਦਾ ਹੈਂ ਸੋ ਕਿਉਂ ਲੈਂਦਾ ਹੈਂ ਮੈਂ ਜੋ ਫਹੋੜੀ ਹਾਂ ਸੋ ਮਿਸਲ ਗੁੱਦੜੀ ਦੀ ਹਾਂ ਜੋ ਗੁੱਦੜਦੀ ਭਾਂਤ ਹੋਇ ਰਹੇਂ ਅਤੇ ਧੂਏਂ ਦੀ ਸੁਆਹ ਨਾਲ ਮਿਲ ਰਹੇਂ ਬੁਰਾ ਭਲਾ ਸਭ ਹੂੰਝ ਸੁਟੇਂ ਤਾਂ ਤੂੰ ਮੈਨੂੰ ਹੱਥ ਫੜ ਨਹੀਂ ਤਾਂ ਮਤ ਫੜ ਤਾਂ ਫੇਰ ਧੁੰਆਂ ਬੋਲਿਆ ਜੇ ਵੇ ਬੰਦੇ ਖ਼ੁਦਾਇਦੇ ਤੂੰ ਮਤ ਜਲਾਇਜੇ ਤੂੰ ਆਪਣੇ ਪੰਜ ਹਵਾਸ ਪਹਿਲੇ ਜਲਾਏਂ ਤਾਂ ਮੈਨੂੰ ਜਲਾਇ ਨਹੀਂ ਤਾਂ ਮਤ ਜਲਾਇ ਜਿਉਂ ਕਰ ਮੈਂ ਦਿਨ ਰਾਤ ਜਲਦਾ ਰਹਿੰਦਾ ਹਾਂ ਜੋ ਏਵੇਂ ਜਲੇ ਵਾਂਗੂੰ ਅਤੇ ਖ਼ੁਦਾਇ ਵੱਲ ਹੋਵਹਿੰ ਤਾਂ ਮੈਨੂੰ ਜਲਾਇ ਨਹੀਂ ਤਾਂ ਮਤ ਜਲਾਇ ਮੇਰੇ ਹੀ ਵਾਂਗੂੰ ਸੁਆਹ ਦੀ ਢੇਰੀ ਹੋਇ ਰਹੁ ਤਾਂ ਫੇਰ ਡਿੱਬੀ ਬੋਲੀ ਜੇ ਮੀਆਂ ਵੇ ਬੰਦੇ ਖ਼ੁਦਾਇ ਦੇ ਮੈਨੂੰ ਜੋ ਹੱਥ ਲੈਂਦਾ ਹੈਂ ਸੋ ਕਿਉਂ ਲੈਂਦਾ ਹੈਂ ਹੋਰਨਾਂ ਭਾਂਡਿਆਂ ਦੇ ਮੂੰਹ ਸਿੱਧੇ ਹੈਨ ਅਤੇ ਮੇਰਾ ਮੂੰਹ ਅਪੁੱਠਾ ਹੈ ਈ ਜੇ ਲੋਕ ਜਹਾਨ ਦੇ ਸ਼ਨਾਲੋਂ ਮੂੰਹ ਅਪੁੱਠਾ ਕਰ ਰੱਖੇਂ ਤਾਂ ਮੈਨੂੰ ਹੱਥ ਲੈ ਨਹੀਂ ਤਾਂ ਮਤ ਮੇਰੇ ਨਜ਼ੀਕ ਆਵੇ

CC-0. Gurukul Kangri University Haridwar Collection. Digitized by S3 Foundation USA

ਤਾਂ ਫੇਰ ਸੇਲ੍ਹੀ ਬੋਲੀ ਅਵੇ ਬੰਦੇ ਖੁਦਾਇਦੇ ਮੈਂ ਬੰਧਨ ਬਰਦੇ ਦਾਹਾਂ ਜੇ ਮੈਨੂੰ ਗੱਲ ਰੱਖਦਾਹੈਂ ਤਾਂ ਪਹਿਲੇ ਮੁਰਸ਼ਦਦੇ ਅੱਗੇ ਬਰਦਾ ਹੋਇਰਹੁ ਜਿੱਧਰ ਤੈਨੂੰ ਚਿਤੈ ਤਿਧਰਹੀਤੂੰਜਾਹ ਅਤੇ ਉਜ਼ਰ ਨ ਆਣ ਤਾਂ ਤੂੰ ਮੈਨੂੰਗਲਪਾਇ ਨਹੀਂ ਤਾਂ ਮੜਗਲ ਪਾਇਫੇਰ ਪਊਏ ਬੋਲੇ ਵੇ ਬੰਦੇ ਖੁਦਾਇਦੇ ਅਸੀਸੰਗਲ ਬੰਦੀਵਾਨਾਂਦੇ ਹਾਂ ਜੇ ਅਸਾਂਨੂੰ ਪੈਰੀਂਪਾਂਇ ਅਤੇ ਪਾਇਆ ਲੋੜੇਂ ਤਾਂ ਆਪਨੀ ਦਉੜ ਦਲੀਲ ਦੁਨੀਆਂਦੀ ਵਰਜਰੱਖ ਦਰਦਰ ਖੁਆਰ ਨ ਹੋਂਦਾ ਫਿਰ ਖੁਦਾਇ ਵੱਲਆਉ ਆਸਨ ਦ੍ਰਿੜ੍ਹ ਕਰ ਏਹ ਤਾਂ ਫ਼ਕੀਰੀ ਦੇ ਬਸਤ੍ਰ ਬੋਲੇ ਬਹੁੜ ਫ਼ਕੀਰੀਕਾ ਕਿਆ ਰਾਹਹੈ ਜੋ ਇਕਵਾਰ ਘਰਤਿਆਗਨਿਕਲੇ ਫਿਰਘਰਘਰ ਹੱਥ ਅੱਡੇਨਹੀਂ ਜਾਇਸਬਰਕਰ ਗੋਸ਼ਾ ਪਕੜਕਰ ਬਹਿਰਹੇ ਅਤੇ ਰੱਬਵੱਲ ਧਿਆਨਲਾਇ ਇਕੇ ਤਾਂ ਦਮ ਨਿਕਲਦੋ ਗਿਆ ਇਕੇ ਤਾਂ ਖੁਦਾਇ ਆਇ ਮਿਲਿਆ ਫਿਰ ਜਿਸ ਦੁਨੀ ਨੂੰ ਤਰਕ ਨਿਕਲੇ ਅਤੇ ਫਿਰ ਉਸ ਦੁਨੀਆਂਦਿਆਂ ਲੋਕਾਂ ਅੱਗੇ ਟੁਕੜੇ ਮੰਗਣ ਲਗਾ ਤਾਂ ਖੁਦਾਇਨਾਲੋਂ ਫਿਰਿਆ ਜ਼ਰਦਰੋਇ ਹੋਯਾ ਕਿਸੇ ਮਜਲਸਨਪਹੁਤਾ ਜੇਅਵੇਹੀਫ਼ਕੀਰੀ ਕਮਾਵੇ ਤਾਂਘਰਹੀਭਲਾਹੈ ਜੇ ਖੁਦਾਇਦੇ ਰਾਹਚਲੇ ਅਤੇ ਦੁਨੀਆਂਨਾਲੋਂ ਸੁਰਖ਼ਰੂ ਹੋਵੇ ਜਦਕਦ ਖੁਦਾਇਦੇ ਫ਼ਕੀਰ ਆਖਗਏ ਹੈਨ ਜਿਸਅੰਦਰ ਫ਼ਕੀਰੀਕੀਤੀ ਸੋਫ਼ਕੀਰਹੋਯਾ ਖੁਦਾਇਨੂੰ ਪਹੁਤਾ ਅਤੇਜਿਸ ਨਕੀਤੀਸੋਸ੍ਵਾਂਗੀ ਹੋਯਾ ਜੈਸੇ ਭਗਤੀਆ ਜੋਗੀਕਾ ਸਾਂਗਕਰਆਂਵਦਾਹੈ ਓਹ ਜਾਨੀਤਾਹੈ ਜੋ ਜੋਗੀਹੀ ਹੈ ਪਰ ਉਸਦੇ ਲੱਛਨ ਜ਼ਾਹਰਹੋਂਦੇ ਹੈਨ ਤਾਂਸਭਕੋਈ ਆਖਦਾਹੈ ਜੋ ਭੰਡ ਭਗਤੀਆ ਸਾਂਗੀ ਹੈ ਤੇ ਭੇਖ ਜੋਗੀਦਾ ਕੀਤਾਹੈ ਤਿਉਂਹੀ ਸਿੱਧ ਹੋਵੇ ਪੀਰਹੋਵੇ ਸੰਤਹੋਵੇ ਮਹਾਂਪੁਰਖ ਭਗਤ ਹੋਵੇ ਜੇ ਫ਼ਕੀਰੀਦਾਵੇ ਹੋਇਰਹੇ ਤਾਂ ਸੱਚੀ ਫ਼ਕੀਰੀ,ਨਾਹੀਂ ਤਾਂ ਝੂਠੀਫ਼ਕੀਰੀ ਦੀਨਦੁਨੀਆਂ ਵੱਲੋਂ ਗਿਆ ਪਰ ਇਹ ਗੱਲ ਹੈ ਜੋ ਬੰਦੇ ਦੇ ਹੱਥ ਕੁਛ ਨਾਹੀਂ ਜਿਸਹਿ ਦੇਹ ਤਿਸਹਿ ਮਉਲਾ ॥

ਸਲੋਕ

ਗੱਲਾ ਵਾਤ ਨਾ ਜੋਗੀਆ ਪੈਰੀ ਜੋਗ ਨ ਪੰਧ ॥
ਤਿਥੈ ਅਕਲ ਨਾ ਅਪੜੈ ਜਿੱਥੈ ਪਿਰੀਆ ਦੀ ਸੰਧ ॥

ਤਾਂ ਫੇਰ ਸ਼ਾਹ ਸ਼ਰਫ਼ ਆਖਿਆ ਵਾਹ ਵਾਹ ਬਾਬਾ ਨਾਨਕਜੀ ਵਾਹ ਵਾਹ ਤੇਰੀ ਫ਼ਕੀਰੀ ਨੂੰ ਅਤੇਵਾਹਵਾਹਖੁਦਾਇਨੂੰ ਜਿਸਦੀਆਂ ਏ ਵਡਿਆਈਆਂ ਹੈਨ ਫ਼ਕੀਰੀ ਇਸਦਾ ਨਾਉਂਹੈ ਜੋ ਬਾਬੇ ਨਾਨਕਜੀ ਤੁੱਧਕੀਤੀਹੈ ਅਤੇਜੀ ਗੁਰਿਆਈਭੀ ਤੇਰੇਹੀਨਾਇ ਅਤੇਤੇਰੇਹੀਲਾਇਕ ਹੈ ਅਰਜ਼ੁਹਦਉਸਦਾ ਨਾਉਂਹੈ ਜੋਸ਼ੇਖ਼ਫ਼ਰੀਦਕੀਤੀਹੈ ਪੀਰੀਓਹੀਹੈ ਜੋ ਖ਼ੁਵਾਜੇ ਮੋਨਦੀਨ ਚਿਸ਼ਤੀਕੀਤੀਹੈ ਅਤੇ ਪਾਤਸ਼ਾਹੀ ਓਹੀ ਹੈ ਜੋ ਰਸਾਤਲ ਪਨਾਹ ਕੀਤੀਹੈ ਅਦਲ ਉਸਦਾ ਨਾਉਂ ਹੈ ਜੋ ਉਮਰ ਖ਼ਿਤਾਬ ਕੀਤਾ ਹੈ ਅਤੇ ਭਗਤੀਓਹੀਹੈ ਜੋਕਬੀਰਭਗਤਕੀਤੀਹੈ ਜੋਗ ਓਹੀਹੈ ਜੋ ਗੋਰਖਨਾਥ ਕੀਤਾਹੈ ਤਿਆਗਓਹੀਹੈ ਜੋ ਰਾਜੇ ਭਰਥਰੀ ਅਤੇ ਗੋਪੀਚੰਦ ਕੀਤਾ ਹੈ ਤਪ ਓਹੀਹੈ ਜੋ ਰਾਜੇ ਜਨਕ ਕੀਆ ਹੈ ਸੰਨਿਆਸ ਓਹੀ ਹੈ ਜੋ ਦੇਵਦੱਤ ਕੀਆ ਹੈ ਜਤ ਓਹੀ ਹੈ ਜੋ ਲਛਮਨ ਕੀਆ ਹੈ ਜ਼ੋਰ ਓਹੀ ਹੈ ਜੋ ਹਣਵੰਤ ਬੀਰ ਕਰਾ ਹੈ ਜੁਧ ਓਹੀ ਹੈ ਜੋ

CC-0. Gurukul Kangri University Haridwar Collection. Digitized by S3 Foundation USA

ਦਹਿਸਿਰ ਕੀਆ ਹੈ ਬਿਓਗ ਓਹੀ ਹੈ ਜੋ ਰਾਮਚੰਦ ਕੀਆ ਹਠ ਓਹੀਹੈ ਜੋ ਧਰੂਅਭਗਤ ਕੀਆਹੈਸਭਓਹੀਹੈਜੋ ਸੀਤਾਕੀਆਹੈਗ੍ਰਿਸਭਓਹੀਹੈ ਜੋ ਬਾਵੇਆਦਮਕੀਆਹੈ ਇਤਨੀਆਂ ਸਿਫ਼ਤਾਂ ਜਾਂਸ਼ਾਹਸ਼ਰਫ਼ਕੀਤੀਆਂ ਤਾਂ ਫੇਰ ਬੈਰਾਗ ਵਿਚ ਹੋਇਗਿਆ ਤਾਂ ਸ਼ਬਦ ਬੋਲਿਆ ॥

ਰਾਗ ਧਨਾਸਰੀ ੧॥ਚਕਵੀ॥ ਨਿਤ ਪੁਛਹੁ ਪੰਡਿਤਜੋਤਸੀ॥ ਪੀਆਕਬਹੁੰਮਿਲਾਵਾ ਹੋਇਸੀ ॥ ਮਿਲ ਦਰਦ ਵਿਛੋੜਾ ਖੋਇ ਸੀ ॥ ਤਪ ਰਹੀਅਸੁ ਮਾਏ ਜੀਉ ਬਲੇ ॥ਮੈਂ ਕੰਤ ਨ ਦੇਖਿਆ ਨੈਨਭਰੇ॥੧॥ ਰਹਾਉ ॥ ਨਿਤ ਕਾਂਗ ਉਡਾਰਹੁ ਬਨ ਰਹੌਂ ॥ ਨਿਸਤਾਰੇ ਗਣਤੀ ਨ ਸਵੌਂ॥ ਜਿਵ ਲਵੈ ਬਬੀਹਾਤਿਵੈਲਵੌਂ ॥੨॥ਮੈਂ ਪੀਆਬਿਨ ਪਲੁ ਨ ਵਿਹਾਵਏ॥ਜਿਉਜਲ ਬਿਨ ਮੀਨ ਤੜਫੜਾਵਏ॥ਜਿਉ ਵਿਛੁੜੀਕੂੰਜ ਕੁਰ ਲਾਵਏ ॥ ੩ ॥ ਸ਼ੇਖ ਸ਼ਰਫ਼ ਨ ਥੀਉ ਉਤਾਵਲਾ ॥ ਇਕ ਚੋਟ ਨ ਥੀਸਨ ਚਾਵਲਾ ॥ ਕਿਆ ਦਰਸ਼ਨ ਭੂਲਾ ਬਾਵਲਾ ॥ ੪ ॥ ਜਬਾਬ ਬਾਬਾ ਨਾਨਕ ਸ਼ਾਹ ॥ ਰਾਗੁ ਧਨਾਸ਼ਰੀ ॥ ਜਕਵੜੀ ॥ ਕਰ ਸਹਿਜ ਸੀਗਾਰ ਬਣਾਈਐ ॥ ਕਰ ਕਰਣੀ ਕਾਜਲ ਪਾਈਐ ॥ ਮਨ ਮਾਰਣੁ ਮਾਂਗ ਭਰਾਈਐ॥ ਇਉਂਕੰਤ ਮਿਲਾਵਾ ਹੋਇਸੀ ॥ਪੁਛਹੁਪੰਡਿਤੁਸਿਆਣਾ ਜੋਇਸੀ ॥ ਸਹਦਰਦਵਿਛੋੜਾ ਖੋਇਸੀ ॥ ੧ ॥ਰਹਾਉ॥ ਸਹੁਮਿਲਿਆਂ ਤਪਤਿ ਬੁਝਾਈਐ ॥ ਦੇਖ ਦਰਸ਼ਨ ਨੈਣ ਅਘਾਈਐ॥ ਸਹੁ ਮਹਲੀ ਸਦੁ ਬੁਲਾਈਐ॥ ਜਾਂ ਭਾਣਾ ਤਾਂ ਗਲਿਲਾਈਐ॥੨॥ ਕਿਉਂ ਕਾਂਗ ਉਡਾਰਉ ਬਨ ਰਹੌਂ ॥ ਕਿਉਂਤਾਰੈਗਿਨਤੀ ਦੁਖ ਸਹੌਂ ॥ ਪੀਬੂੰਦਬਬੀਹਾਚੁਪ ਰਹੋ॥ ਜੋਬਿਛੁੜਿਆ ਹੋਵੈ ਗਮਦਹੋ॥੩॥ਕਹੈਨਾਨਕਤੂੰਸੁਣ ਬਾਵਲਾ ॥ ਸ਼ਾਹਸ਼ਰਫ਼ ਨ ਥੀ ਉਤਾਵਲਾ॥ ਕਿਉ ਦਬਾਂ ਦੇਵਹੁ ਚਾਵਲਾ ॥ ਕਾਹੇ ਭੂਲਾ ਫਿਰੈ ਉਤਾਵਲਾ ॥ ੪ ॥

ਜਾਂ ਬਾਬੇਜੀ ਇਹਸਵਾਬ ਸੁਆਲ ਸਭਕਾ ਦਿੱਤਾ ਤਾਂ ਸ਼ਾਹਸ਼ਰਫ਼ਕੇਮਨਵਿਚਸੰਤੋਖਆਯਾ ਅਤੇ ਨਿਸ਼ਾ ਹੋਈਓਸੁ ਤਾਂ ਢਹਿ ਬਾਬੇ ਜੀ ਦੀ ਪੈਰੀਂ ਪਿਆ ਅਤੇਵਿਦਿਆਹੋਯਾ ਜਾਇਕਰ ਹਾਜੀਆਂ ਦੀ ਮਜਲਸ ਵਿਚ ਵੜਿਆ ਤਾਂ ਹਾਜੀਆਂ ਸ਼ਾਹਸ਼ਰਫ਼ਨੂੰਪੁਛਿਆਕਹੁਸ਼ਾਹਸ਼ਰਫ਼ ਜੀ ਫ਼ਕੀਰ ਪਾਸੋਂ ਫ਼ਕੀਰੀਦਾ ਜਬਾਬ ਪੁੱਛਿਆ ਕਹੈ ਜੀ ਫ਼ਕੀਰ ਫ਼ਕੀਰੀ ਦੇ ਵਿੱਚ ਬਹੁਤ ਕਾਮਲਹੈ ਇਤਨੇ ਨੂੰ ਬਾਬਾ ਜੀ ਭੀ ਹਾਜੀਆਂਦੇਵਿਚ ਆਇਵੜਿਆਇਕੱਠੇ ਹੋਇਚਲੇ ਤਾਂ ਹਾਜੀਆਂ ਆਪਸਵਿਚਕਹਿਆਕਿ ਇਹ ਫਕੀਰਹਿੰਦੂਹੈ ਕਿਮੁਸਲਮਾਨਹੈ ਤਾਂਇਕਸ ਹਾਜੀ ਪੁਛਿਆ ਫ਼ਕੀਰਜੀ ਤੂੰਹਿੰਦੂਹੈਂਕਿਮੁਸਲਮਾਨਹੈਂ ਤਾਂਬਾਬੇਜੀਕਹਿਆਜੀ ਅਸੀਹਿੰਦੂਫ਼ਕੀਰ ਹਾਂਤਾਂਹਾਜੀਆਂਕਹਿਆਜੋਜੀਇਹਰਾਹ ਹਿੰਦੂਆਂਕਾਨਹੀਂਹਿੰਦੂਆਂਦੀਹੱਦਦੁਆਰਕਾ ਤਕ ਹੈ ਅੱਗੇਤੁਰਕਿਸਤਾਨ ਹੈ ਤਾਂ ਕਿਤਨੀ ਇਕ ਮੁਦਤਪਿੱਛੋਂ ਦੁਆਰਕਾਜਾਇਪਹੁੰਚੇ ਜਾਂਅੱਗੇ ਚਲੇ ਤਾਂਫੇਰਹਾਜੀਆਂ ਕਹਿਆ ਜੋ ਜੀ ਹਿੰਦੂ ਫ਼ਕੀਰ ਹੋਇਕਰ ਅਗੇ ਕਿਉਂਚਲੇ ਹੋ ਅੱਗੇ ਜੋ ਇਕ ਜਾਹਗਾ ਆਵੇਗੀ ਓਥੇ ਹਿੰਦੂਆਂ ਨੂੰ ਮਾਰਛਡਦੇਹੈਨ ਅਤੇਜਿਨ੍ਹਾਂ ਮੁਸਲਮਾਨਾਂਨਾਲ

CC-0. Gurukul Kangri University Haridwar Collection. Digitized by S3 Foundation USA

ਹਿੰਦੂ ਜਾਂਦਾ ਹੈ ਉਨ੍ਹਾਂ ਨੂੰ ਭੀ ਓਥੋਂ ਦੇ ਹਾਜੀ ਬਜੇਗਾਰ ਕਰਤੇ ਹੈਨ ਤਾਂ ਫੇਰ ਬਾਬਾ ਬੋਲਿਆ ਜੋ ਜੀ ਜਿੱਥੇ ਓਹ ਜਾਗਾ ਆਵੇਗੀ ਤਿੱਥੇ ਅਸਾਂਨੂੰ ਛੱਡ ਜਾਇ ਆਹੋ ਅਸੀ ਆਪਣਾ ਆਪ ਬਚਾਇਲਵਾਂਗੇ ਤਾਂ ਫੇਰ ਹਾਜੀਆਂ ਕਹਿਆ ਜੋਜੀ ਤੁਸੀ ਅਸਾਡੇ ਨਾਲ ਨ ਆਵਹੁ ਤਾਂ ਬਾਬਾ ਜੀਉਂ ਥੇਹੀ ਬਹਿਰਹਿਆ ਅਤੇ ਕਹਿਣੇ ਲੱਗੇ ਮਰਦਾਨਿਆਂ ਏਨਾਂ ਹਾਜੀਆਂ ਤਾਈਂ ਜਾਣੇ ਦੇਹ ਜੇ ਅਸਾਡੇ ਨਸੀਬ ਹੱਜ ਕਾ ਬੇਦੀ ਹੈ ਤਾਂ ਅਸੀਂ ਭੀ ਜਾਂਹਿਗੇ ਮਰਦਾਨਿਆਂ ਏਹ ਰਾਹ ਐਸਾ ਹੈ ਜੇ ਮਿਹਰ ਮੁਹੱਬਤ ਖਿਦਮਤ ਕਰਦਿਆਂ ਜਾਈਐ ਤਾਂ ਫ਼ੈਜ਼ ਪਾਵੀਦਾ ਹੈ ਅਤੇ ਜੇ ਹੁਜ਼ਤ ਹਾਸ਼ਾ ਮਸਕਰੀ ਰੰਜ ਕਰਦਿਆਂ ਜਾਈਐ ਤਾਂ ਹਾਜੀ ਨਹੀਂ ਹੋਈਦਾ ਤਾਂ ਫੇਰ ਹਾਜੀਆਂ ਕਹਿਆ ਜੋਜੀ ਹਾਜੀ ਕਿਉਂ ਕਰ ਹੋਈਦਾ ਹੈ ਅਤੇ ਮੇਹਰ ਕਿਉਂ ਕਰ ਕਰੀਐ ਅਰ ਓਹ ਅਮਲ ਕਿਉਂ ਕਰ ਹੈਨ ਜਿਨ੍ਹਾਂ ਅਮਲਾਂ ਕਰ ਹੱਜ ਦਰੁਸਤ ਹੋਵੇ ਤਾਂ ਬਾਬੇ ਨਾਨਕਜੀ ਹਾਜ਼ਰਨਾਮਾ ਕੀਤਾ ॥

ਹਾਜਰਾਂ ਕਉ ਮੇਹਰ ਹੈ॥ਗ਼ੈਰ ਹਾਜ਼ਰਾਂ ਕੋ ਕਹਿਰ ਹੈ ॥ ਈਮਾਨ ਦੋਸਤ ਹੈ॥ ਬੇਈਮਾਨ ਕਾਫ਼ਰ ਹੈ ॥ ਗੁਮਾਨ ਲਾਨਤ ਹੈ॥ ਪਸ ਗ਼ੈਬਤ ਕਾ ਮੂੰਹ ਕਾਲਾ ਹੈ ॥ ਦਿਆਨਤ ਦਾਰ ਸੁਰਖ਼ ਇ ਹੈ॥ਬੇਦਿਆਨਤ ਸਿਆਹ ਰੋਇ ਹੈ॥ ਅਕਿਰਤ ਘਨ ਜ਼ਰਦ ਰੋਇ ਹੈ॥ ਦਰੋਗ਼ ਦੋਜ਼ਖ਼ ਹੈ ॥ ਸੱਚ ਭਿਸਤ ਹੈ ॥ ਹਿਰਸੀ ਫ਼ਿਰਾਊਨ ਹੈ ॥ ਬੇਹਿਰਸੀ ਔਲੀਆ ਹੈ ॥ ਇਲਮ ਹਲੀਮੀ ਹੈ ॥ ਤਵੱਜਾ ਬਲੰਦੀ ਹੈ ॥ ਫ਼ਕਰ ਸਬੂਰੀ ਹੈ ॥ ਨਾਸਬੂਰੀ ਮਕਰੂਹ ਹੈ ॥ ਜ਼ੋਰ ਜ਼ੁਲਮ ਹੈ॥ ਬੇਜ਼ੋਰ ਪਾਕ ਹੈ ॥ ਦੁਆ ਦਉਲਤ ਹੈ ॥ ਬਦਦੁਆਉ ਕਹਿਰ ਹੈ ॥ ਇਨਸਾਫ਼ ਸਾਫ਼ ਹੈ॥ਚੋਰੀ ਲਾਲਚ ਹੈ ॥ ਕਰਾਮਤ ਕੁਦਰਤਿ ਹੈ॥ ਰਾਹ ਪੀਰਾਂ ਹੈ ॥ ਬੇਰਾਹ ਬੇਪੀਰਾਂ ਹੈ॥ਦਰਦਵੰਦ ਦਰਵੇਸ਼ ਹੈ॥ਬੇਦਰਦ ਕਸਾਈ ਹੈ॥ ਰੋਜ਼ੀ ਬਖਸ਼ ਰਹੀਮ ਹੈ ॥ ਦੇਗ ਤੇਗ ਮਰਦਾਂ ਹੈ॥ਅਦਲ ਪਾਤਸ਼ਾਹਾਂ ਹੈ॥ ਇਤਨੀਆਂ ਟੋਲਾਂ ਜੋ ਜਾਣ ਜਨਾਵੈ ॥ ਤਉ ਨਾਨਕ ਦਾਨਸ਼ਵੰਦ ਕਹਾਵੈ ॥ ੧ ॥

ਜਦ ਇਤਨਾ ਹਾਜ਼ਰਨਾਮਾ ਬਾਬੇ ਨਾਨਕਜੀ ਕਹਿਆ ਤਾਂ ਹਾਜੀ ਹਰਾਨ ਹੋਇ ਰਹੇ ਆਖਨ ਲਗੇ ਬਾਬਾ ਨਾਨਕਜੀ ਅਸੀਂ ਖੁਦਾਈਆਂ ਪਾਸੋਂ ਡਰਦੇ ਹਾਂ ਕਿਉਂ ਜੋ ਉਹ ਹੁਜਤੀ ਹੈਨ ਅਤੇ ਖੋਜੀ ਨਾਹੀਂ ਬਾਦੀ ਹੈਨ ਮੁਸਲਮਾਨੀ ਅਸਾਂ ਜਾਤੀ ਸੀ ਅਸਾਨੀ ਹੈ ਪਰ ਅਮਲ ਕਰਨੇ ਇਸਦੇ ਬਹੁਤ ਮੁਸ਼ਕਲ ਹੈਨ ਤਾਂ ਬਾਬਾ ਬਹਿਗਿਆ ਆਖਣ ਲੱਗਾ ਜੋ ਮਰਦਾਨਿਆਂ ਏਨਾਂ ਹਾਜੀਆਂ ਨੂੰ ਜਾਣ ਦੇਹ ਇਤਨੇ ਮੈਂ ਹਾਜੀ ਰਮਦੇ ਰਹੇ ਤਾਂ ਗੁਰੂ ਬਾਬੇ ਜੀ ਬਚਨ ਕੀਤਾ ਮਰਦਾਨਿਆਂ ਤੂੰ ਸ਼ਬਦ ਗਾਉਂ ਜਦ ਭੋਗ ਪਵੇਗਾ ਤਾਂ ਮੱਕੇ ਜਾ ਪਹੁੰਚੀਏਂਗੇ ਤਬ ਮਰਦਾਨਾ ਰਬਾਬੀ ਲੱਗਾ ਸਬਦ ਗਾਵਨ ਤਬ ਜੰਗਲ ਵਿੱਚ ਬਘਿਆੜ ਸ਼ੀਂਹ ਆਇ ਅੱਕਠੇ ਹੋਏ ਤਾਂ ਮਰਦਾਨਾ ਡਰ ਗਿਆ ਕਹਿਣ ਲਗਾ ਜੋ ਸੱਚੇ ਪਾਤਸ਼ਾਹ ਜੀ ਉਜਾੜੀ ਵਿੱਚ ਕਿਉਂ ਬੈਠੇ ਹੋਏ ਹੋ ਅਸਾਨੂੰ ਕੋਈ ਹੁਣੇ ਸ਼ੀਂਹ ਬਘਿਆੜ ਖਾਇ ਜਾਸੀ ਤਾਂ ਅਸੀ ਕੀ ਕਰਸਾਂਗੇ ਤਾਂ ਫੇਰ ਬਾਬਾ ਜੀ ਬੋਲਿਆ ਮਰਦਾਨਾ ਤੈਨੂੰ ਬਘਿਆੜ ਸ਼ੀਂਹ ਖਾਨਗੇ ਤਾਂ ਅਸੀਂ ਸੰਸਾਰ ਕੋ ਕਿਉਂ ਕਰ ਰੱਖਾਂਗੇ

CC-0. Gurukul Kangri University Haridwar Collection. Digitized by S3 Foundation USA

ES OF INTERNET
WTH
ABHINAV GAUR

ਅਸੀਤੇਰੀ ਹਰਕਿਤੇ ਥਾਂਇਰੱਖਿਆ ਕਰਦੇਹਾਂ ਪਰਤੈਨੂੰ ਅਸਾਡੀ ਪਰਤੀਤਨਹੀਂ ਆਂਵਦੀ
ਤਾਂ ਮਰਦਾਨੇਅਰਦਾਸਕੀਤੀ ਜੋਜੀ ਅਸਾਨੂੰ ਤੁਹਾਡੀ ਪਰਤੀਤਹੋਵੇ ਨਹੀਂ ਤਾਂਤੁਸਾਡੇਨਾਲ
ਕਿਉਂਕਰਫਿਰਾਂ ਜੋ ਤੁਸਾਡੀਪਰਤੀਤਹੈਤਾਂਤੁਸਾਡੇਪਿੱਛੇਲਗੋਫਿਰਦੇਹਾਂਤਾਂਮਰਦਾਨਾ ਸ਼ਬਦ
ਗਾਵਣਲਗਾਗਾਂਵਦਿਆਂ ਗਾਂਵਦਿਆਂ ਜਾਂ ਤੀਸਰਾਪਹਿਰਹੋਯਾ ਤਾਂਮਰਦਾਨੇਭੋਗਸ਼ਬਦਕਾ
ਪਾਯਾ ਅਰਦਾਸਕੀਤੀ ਜੋ ਸੱਚੇ ਪਾਤਸ਼ਾਹ ਬਚਨਸਾ ਜੋ ਸ਼ਬਦਕੇ ਭੋਗ ਪਾਉਂਦੇਹੀਮੱਕੇਜਾਇ
ਪਹੁੰਚਾਂਗੇ ਤਾਂਬਾਬੇਨਾਨਕਜੀਆਖਿਆ ਜੋਮਰਦਾਨਿਆਂ ਉਠਕਰਦੇਖ ਲਹਿੰਦੇ ਧੁਰੋਂ ਜੋਮੱਕਾ
ਓਹੀਹੈ ਜਾਂ ਉਠਕਰ ਮਰਦਾਨਾਦੇਖੇ ਤਾਂ ਕੀਦੇਖੇਜੋਮੱਕੇਦੇ ਮੁਨਾਰੇਅਤੇਬੁਰਜ ਦਿਸਨ ਲਗੇ
ਹੈਨ ਤਾਂਮੱਕੇਦੇ ਨਜ਼ੀਕ ਆਇਪਹੁੰਚੇਹਾਂ ਅਤੇ ਨਸ਼ਾਨੀਆਂ ਮੱਕੇਦੀਆਂ ਦਿੱਸਆਂਵਦੀਆਂ ਹੈਨ
ਤਾਂ ਮਰਦਾਨਾਬੋਲਿਆਜੀ ਸੱਚੇਪਾਤਸ਼ਾਹ ਅਸੀਮੱਕੇ ਆਇ ਪਹੁਚੇਹਾਂ ਤਾਂ ਮਰਦਾਨਾ ਬਹੁਤ
ਖੁਸ਼ੀਹੋਯਾ ਆਖਿਓਸਫ਼ਰੀਬਨਿਵਾਜ ਜਿੱਥੇਅਸੀ ਬੈਠੇਸਾਂਤਿਥੋਂ ਮੱਕਾਵਰੁੰਦਿਹਾਂਕਾਰਾਹਸੀ
ਅਰ ਤੇਰੀਕੁਦਰਤ ਨਾਲ ਬੈਠਿਆਂਹੀ ਤ੍ਰਿਹੁੰਪਹਿਰਾਂਵਿੱਚ ਆਇ ਪਹੁੰਚੇਹਾਂ ਪਾਤਸ਼ਾਹ ਤੇਰੀ
ਗਤਿਤੂਹੋਂ ਜਾਣਅਸੀਮਲਮੂਤ੍ਰਦੀਦੇਹੀਕੇਕੀਟਹਾਂਤਾਂਬਾਬਾਨਾਨਕਜੀਬੋਲਜਾਮਰਦਾਨਿਆਂ
ਅਸਾਂ ਇਕ ਦੁਇਸੁਖਨ ਕਾਜ਼ੀ ਰੁਕਨਦੀਨ ਮੱਕੇ ਦੇ ਕਾਜ਼ੀ ਨਾਲ ਕਰਨੇ ਸਨ ਅਤੇ ਇਕ
ਦੁਇਨਸੀਹਤਾਂ ਕਾਰੁਹਮੀਦਪਾਤਿਸ਼ਾਹ ਮਦੀਨੇਦਾਹੈ ਉਸਨਾਲ ਕਰਨੇ ਹੈਨ ਮਤ ਖੁਦਾਇ
ਵਲ ਆਂਵਦਾ ਹੋਵੇ ਪਰਬਹੁਤ ਜਾਲਮਹੈ ਜੋ ਕੋਈ ਉਸਦੀਬੰਦ ਵਿੱਚ ਆਂਵਦਾਹੈਸੋਵਿੱਚਹੀ
ਮਰਦਾ ਹੈ ਤਬ ਬਾਬਾ ਨਾਨਕ ਜੀ ਮੱਕੇ ਦੇ ਨਜ਼ਦੀਕ ਆਇਕੇ ਹਾਜੀਆਂ ਕਾ ਬਾਣਾ ਨੀਲਾ
ਕੀਆ ਅਰ ਹਥਮਹਿ ਆਸਾ ਲੀਆ ਅਰ ਏਕ ਹਥਮਹਿ ਤਸਬੀ ਲਈ ਸਿਰ ਪਰ ਮੁਸੱਲਾ
ਪਹਿਰਿਆ ਬਗ਼ਲਵਿੱਚ ਕਿਤਾਬ ਦੱਖੀ ਹਾਜੀ ਦਰਵੇਸ਼ ਹੋਇਕਰੇ ਜਾਇ ਮੱਕੇਦੀ ਹੱਜ ਕਉ
ਹਾਜ਼ਰਭਏ ਤਬ ਮੱਕੇ ਮਸੀਤ ਵਿੱਚਬੈਠੇ ਲਗੇਸੁਰੇ ਕਲਾਮਦੀ ਸਿਫ਼ਤ ਕਰਨ ਗਾਵਣਲਗੇ
ਦਿਨ ਗੁਜ਼ਰਾਨਕੀਆ ਅਰ ਰਾਤਕਉ ਉਸੀਮਸੀਤਵਿੱਚਪੈਸੁੱਤੇ ਅਤੇ ਮੱਕੇ ਵੱਲ ਪੈਰ ਕੀਤੇ
ਅਤੇ ਸਿਰ ਉੱਤਰਦੀ ਵੱਲ ਕੀਤਾ ਜਾਂ ਪਹਿਰਡੇਢ ਰਾਤਰਹੀ ਤਾਂ ਮੁੱਲਾਂ ਜੀਵਣ ਮਸੀਤਕਾ
ਝਾੜੂਕਨ ਆਯਾ ਝਾੜੂਦੇਨ ਤਾਂ ਦੀਵਾ ਬਾਲਕਰ ਹਾਜੀ ਧਿਰੋਂ ਲਗਾ ਦੇਖਣ ਜਾਂ ਦੇਖੇਤਾਂ ਹੋਰ
ਹਾਜੀ ਸੱਭੋ ਆਪੋ ਆਪਣੀ ਮੁਕਾਮੀ ਵੱਲ ਸੁੱਤੇ ਪਏ ਹੈਨ ਅਰ ਕੱਲ ਜੋ ਨਵਾਂ ਹਾਜੀ ਦਰਵੇਸ਼
ਆਯਾ ਹੈ ਸੋ ਬੇਤਰਹ ਕਿਬਲੇ ਵੱਲ ਲੱਤਾਂ ਕਰ ਸੁੱਤਾ ਹੈ ਤਾਂਜੀਵਣ ਮਨ ਵਿੱਚ ਗੁੱਸਾਖਾਧਾ ਜੋ
ਏਹਨ ਮੋਮਨਹੈ ਕਿਮੁਨਾਫ਼ਕਹੈ ਜੋਖੁਦਾਇਦੇਘਰਵੱਲਪੈਰਕਰਸੁੱਤਾਹੈ ਤਾਂਮੁੱਲਾਂਜੀਵਣਗੁੱਸਾ
ਖਾਇਕਰਬਾਬੇ ਜੀਦੇ ਮਗਰਵਿੱਚ ਇੱਕ ਲੱਤ ਮਾਰੀ ਆਖਣ ਲੱਗਾ ਅਵੇ ਬੰਦੇ ਖੁਦਾਇਦੇ ਤੂੰ
ਕਉਨ ਹੈਂ ਹਿੰਦੂ ਹੈਂ ਕਿ ਮੁਸਲਮਾਨਹੈਂ ਜੋ ਤੂੰ ਖੁਦਾਇਦੇ ਘਰ ਵੱਲ ਪੈਰ ਕਰ ਸੁੱਤਾ ਹੈਂ ਤਾਂ
ਬਾਬੇ ਆਖਿਆਜੀ ਭੁੱਲਾਜੀਮੁੱਲਾਂਜੀ ਜੀਵਣਜੀ ਭੁੱਲੇਹਾਂ ਅਸੀਤਾਂ ਤੁਸੀਅਸਾਡੇਪੈਰ ਸਿੱਧੇ
ਚਾਇਕਰ ਤਾਂ ਮੁੱਲਾਂਜੀਵਣ ਬਾਬੇਦੀਆਂ ਲੱਤਾਂ ਪਕੜਕਰ ਫੇਰ ਦਿੱਤੀਆਂ ਤਾਂਨਾਲੇ ਮੱਕੇਦਾ

CC-0. Gurukul Kangri University Haridwar Collection. Digitized by S3 Foundation USA

ਮੁਖ ਫਿਰੇ ਤਾਂ ਮੁੱਲਾਂ ਜੀਵਣ ਦੇਖੇ ਤਾਂ ਅੱਗੇ ਪੂਰਬ ਦਿਸ਼ਾ ਮੁੰਹਥੀਂ ਹੁਣ ਫਿਰ ਕਰ ਉੱਤਰ ਦਿਸ਼ਾ ਹੋਇ ਖੜੋਤਾ ਹੈ ਤਾਂ ਮੁੱਲਾਂਜੀਵਣ ਅਤੇ ਹੋਰ ਹਾਜੀ ਜੋ ਮਸੀਤ ਵਿੱਚ ਸੇ ਸੋ ਸੱਭੋ ਹੈਰਾਨ ਹੋਇ ਗਏ ਤਾਂ ਮੁੱਲਾਂ ਜੀਵਣ ਤਾਜ਼ੀਆਨਾ ਪਕੜਕਰ ਮਾਰਨੇ ਉਠ ਜੁਟਾ ਅਤੇ ਹਾਜੀਆਂ ਨੂੰ ਆਖਣਲਗਾ ਯਾਰੋ ਹੁਣ ਕਿਆਮਤ ਦਾ ਦਉਰ ਨਜ਼ਦੀਕ ਆਯਾ ਹੈ ਅਤੇ ਯਾਰੋ ਏਹ ਕੋਈ ਅਉਲੀਆ ਹੈ ਅਰ ਅਲਹਿਦਾ ਹੈ ਇਸਦੀ ਕੀਮਤ ਕੋਈ ਨਾਹੀਂ ਪਾਇ ਸਕਦਾ ਏਹ ਇਸ ਜ਼ਮਾਨੇਦਾ ਕੋਈ ਵਲੀ ਪੈਦਾ ਹੋਯਾ ਹੈ ਤਾਂਬਾਬਾ ਉਠ ਖੜਾ ਹੋਯਾ ਅਰ ਉਠਕਰ ਉਜੂ ਕਰਨੇ ਲਗਾ ਅਤੇ ਕਿਬਲੇ ਵੱਲ ਖੜਾ ਹੋਯਾ ਅਰ ਸ਼ਬਦ ਰਾਗ ਬਸੰਤ ਵਿੱਚ ਅਲਾਪਿਆ ਤੱਦੁਹੁ ਚੇ ਕੇ ਦਿਨਸਨ ਅਰ ਜਿਤ ਮਉਸਮ ਬਾਬਾ ਹੱਜ ਕਾਬੇਕੀ ਜਾਇ ਪਹੁਤਾਸੀ ਤਬ ਈਦਕੇ ਦਿਨ ਮੱਕੇ ਦਾ ਹੱਜ ਹੋਂਦਾ ਹੈ ਤਾਂ ਗੁਰੂ ਨਾਨਕਜੀ ਸ਼ਬਦ ਰਾਗ ਬਸੰਤ ਵਿੱਚ ਬੋਲਿਆ॥

ਰਾਗੁ ਬਸੰਤ ਮਹਲਾ ੧ ਅਸ਼ਟਪਦੀ

ਨਉ ਸਤਿ ਚਉਦਹ ਤੀਨਿਚਾਰਿ ਕਰਿ ਮੁਹਲਤਿ ਚਾਰਿ ਬਹਾਲੀ॥ ਚਾਰੇ ਦੀਵੇ ਚਹੁ ਹਥ ਦੀਏ ਏਕਾ ਏਕੀ ਵਾਰੀ॥ ੧॥ ਮਿਹਰਵਾਨ ਮਧੁਸੂਦਨ ਮਾਧੌ ਐਸੀ ਸਕਤਿ ਤੁਮਾਰੀ॥ ੧॥ ਰਹਾਉ॥ ਘਰਿ ਘਰਿ ਲਸਕਰੁ ਪਾਵਕੁ ਤੇਰਾ ਧਰਮੁ ਕਰੇ ਸਿਕਦਾਰੀ॥ ਧਰਤੀ ਦੇਗ ਮਿਲੈ ਇਕ ਵੇਰਾ ਭਾਗੁ ਤੇਰਾ ਭੰਡਾਰੀ॥ ੨॥ ਨਾ ਸਾਬੂ ਹੋਵੈ ਫਿਰਿ ਮੰਗੈ ਨਾਰਦ ਕਰੇ ਖੁਆਰੀ॥ ਲਬੁ ਅੰਧੇਰਾ ਬੰਦੀਖਾਨਾ ਅਉਗਣ ਪੈਰ ਲੁਹਾਰੀ॥ ੩॥ ਪੁੰਜੀ ਮਾਰ ਪਵੈ ਨਿਤ ਮੁਦਗਰ ਪਾਪੁ ਕਰੇ ਕੋਟਵਾਰੀ॥ ਭਾਵੈ ਚੰਗਾ ਭਾਵੈ ਮੰਦਾ ਜੈਸੀ ਨਦਰਿ ਤੁਮਾਰੀ॥ ੪॥ ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ॥ ਦੇਵਲ ਦੇਵਡਿਆ ਕਰੁ ਲਾਗਾ ਐਸੀ ਕੀਰਤਿ ਚਾਲੀ॥ ੫॥ ਕੂਜਾ ਬਾਂਗੁ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ॥ ਘਰਿ ਘਰਿ ਮੀਆਂ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ ੬॥ ਜੇ ਤੂੰ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ॥ ਚਾਰੇ ਕੁੰਟ ਸਲਾਮੁ ਕਰਹਿਗੇ ਘਰਿ ਘਰਿ ਸਿਫਤ ਤੁਮਾਰੀ॥ ੭॥ ਤੀਰਥਿ ਸਿਮ੍ਰਿਤਿ ਪੁੰਨ ਦਾਨ ਕਿਛੁ ਲਾਹਾ ਮਿਲੈ ਦਿਹਾੜੀ॥ ਨਾਨਕ ਨਾਮੁ ਮਿਲੈ ਵਡਿਆਈ ਮੇਕਾ ਘੜੀ ਸਮਾਲੀ॥ ੮॥

ਜਾਂ ਏਹ ਅਸ਼ਟਪਦੀ ਬਾਬੇ ਨਾਨਕ ਜੀ ਮੱਕੇ ਦੇ ਅੱਗੇ ਖੜੋ ਇਕ ਰਉਚਰੀ ਤਾਂ ਹਾਜੀਆਂ ਪੁੱਛਿਆ ਜੋ ਹਾਜੀ ਦਰਵੇਸ਼ ਏਹ ਸਰੋਦ ਜੋ ਤੁਸਾਂ ਆਪਣੀ ਹਿੰਦੀ ਜ਼ੁਬਾਨ ਵਿੱਚ ਆਖਿਆ ਸੋ ਤੁਸਾਂ ਮੱਕੇ ਕੇ ਆਗੇ ਜਾਣਕਰ ਸਿਫ਼ਤ ਕੀਤੀ ਅਸਾਂ ਕੂੰ ਤਾਂ ਮਲੂਮ ਕੁਝ ਨ ਹੋਯਾ ਤਾਂ ਬਾਬੇਨਾਨਕ ਜੀ ਆਖਿਆ ਮੁੱਲਾਂ ਜੀਵਨ ਇਸ ਸ਼ਹਿਰਕਾ ਮਹਿਰਮ ਖੁਦਾਇਹੈ ਇਕੇ ਥੋੜਾ ਬਹੁਤਾ ਚਾਰ ਕਤੇਬਾਂ ਹੈਨ ਅਰ ਏਹ ਮੱਕਾ ਮਦੀਨਾ ਆਦਿ ਜੁਗਾਦਿਕਾ ਤੀਰਥ ਹੈ ਮਹਾਂਦੇਵ ਕਾ ਇਸ ਮਹਿ ਲਿੰਗ ਹੈ ਚੌਹਾਂ ਕੁੰਟਾਂ ਵਿੱਚ ਬ੍ਰਹਮਾ ਬਿਸ਼ਨ ਮਹਾਂਦੇਵ ਕੇ ਮੁਕਾਮ ਹੈਨ ਅਤੇ ਮਹਾਂਦੇਵ ਕਉ ਬਾਵਾ ਆਦਮ ਭੀ ਕਹਿੰਦੇ ਹੈਨ ਅਰ ਪਾਰਬਤੀ ਕਉ ਅੰਮਾਂ ਹੱਵਾ ਕਹਿੰਦੇ ਹੈਨ ਅਰ ਹਿੰਦੂ

CC-0. Gurukul Kangri University Haridwar Collection. Digitized by S3 Foundation USA

ABHINAV GAUR

ਮੁਸਲਮਾਨ ਦੋਹਾਂਦਾ ਵੱਡਾਹੈ ਹਿੰਦੂਆਂਕੇ ਅਠਸਠ ਤੀਰਥ ਤਦਪਾਕਪਵਿਤ੍ਰਹੋਵਣ ਜੋਚਾਰ ਕੁੰਟ ਉੱਤਰ ਦੱਖਣ ਪੂਰਬ ਪਸਚਮ ਚਾਰੋਂਤਰਫ ਲਿੰਙਕਾ ਮੁਕਾਨ ਤੀਰਥਾਂਕੀ ਹੱਜ ਕਾ ਦਰਸ਼ਨ ਕਰਨ ਅਤੇ ਇਸੀਤਰਹ ਮੁਸਲਮਾਨਾਂਕੋ ਭੀ ਕਹਿੰਦੇਹੈਨ ਜਿਚਰ ਸੁਮੇਰਕੁਮੇਰਕੇ ਗਿਰਦ ਨਹੀਂਫਿਰਦੇ ਤਿਚਰਕ ਪਾਕਨਹੀਂਹੋਂਦੇ ਤੀਰਥਹੱਜਥਾਂਇਕਿਸੇਦਾਨਾਹੀਂਪਾਂਵਦਾ ਹਿੰਦੂ ਮੁਸਲਮਾਨਾਂਕੇ ਮੁਕਾਮ ਟੱਦਦੇ ਹੈਨ ਅਤੇ ਮੁਸਲਮਾਨ ਹਿੰਦੂਆਂਕੇ ਮੁਕਾਮ ਰੱਦਕਰਦੇ ਹੈਨ ਦੋਵੇਂ ਫਿਰਕੇ ਖੁਦਾਇ ਮੁਕਾਮਾਂਦਾ ਬੁਰਾ ਚਿਤਵਦੇਹੈਨ ਭਾਂ ਮੁੱਲਾਂ ਜੀਵਣ ਬੋਲਿਆਜੀ ਓਹਜੋ ਸਰੋਦ ਤੁਸਾਂਕਹਿਆਸਾ ਉਨ੍ਹਾਂਦਾ ਭੀ ਬਿਆਨਮੈਂਕੂ ਸਮਝਾਈਐ ਭਾਂ ਬਾਬਾਬੋਲਿਆ ਹੁਕਮਹੋਯਾ ਮੁੱਲਾਂਜੀਵਨ ਅੱਵਲ ਖੁਦਾਇਤਾਲਾਆਪਣੀਕੁਦਰਤਿ ਕਰਕੇਨਉਖੜ ਜ਼ਮੀਨ ਸਾਜੀ ਏਹ ਨਉ ਮੁਕਾਮ ਆਦਮੀ ਕੀ ਠਉਰ ਕੀਤੇ ਤਿਸਦੇ ਉੱਪਰ ਅਸਮਾਨਕੀਤਾਸੱਤ ਸਿਤਾਰੇਤਮਾਮਕੇ ਸ਼ਾਹਕੀਤੇਹੈਨ ਨੇਕੀਬਦੀਕੇਗਵਾਹਏਹੋ ਸਾਤੋਂ ਅਸਮਾਨ ਵਿੱਚ ਫ਼ਰੇਸ਼ਤੇ ਹੈਨ ਚਉਦਹ ਤਬਕ ਹੈਨ ਸਾਤ ਤਬਕ ਉੱਪਰ ਸਾਤ ਤਬਕ ਤਲੇ ਜ਼ਮੀਨਕੇਹੈਨ ਬਾਦ੧ ਆਬ੨ ਆਤਸ਼੩ ਖ਼ਾਕ੪ ਏਹ ਚਾਰੋਂ ਤੱਤ ਅਰਬਾਨਾਸਰਕੀ ਸਿਫ਼ਤ ਚਹੁੰਆਂਕਤੇਬਾਂਵਿੱਚ ਕੀਤੀਹੈ ਚਾਰੇ ਕਤੇਬਾਂ ਚਹੁੰ ਜ਼ਮਾਨਿਆਂ ਵਿੱਚ ਸਰਦਾਰ ਹੈਨ ਚੌਹਾਂ ਹੱਥਾਂ ਬ੍ਰਹਮੇ ਦਿਆਂ ਵਿੱਚ ਹੈਨ ਬ੍ਰਹਮੇ ਕਉ ਹਜ਼ਰਤ ਜ਼ਬਰਾਈਲ ਭੀ ਕਹਿੰਦੇਹੈਨ ਤੀਨਕੌਮਾਂ ਬਾਬੇ ਆਦਮ ਆਪਨੇ ਜੁੱਸੇ ਥੀਂ ਪੈਦੇ ਕੀਤੀਆਂ ਹੈਨ ਦੇਵਤੇ ਆਦਮੀ ਰਾਖਸ਼ ਤਿਨਕਉ ਤੀਨੋਂ ਲੋਕ ਬੰਨ੍ਹ ਦੀਏ ਹੈਨ ਏਹ ਸਭ ਪੈਦੇ ਕਰਕੇ ਚਹੁੰ ਜੁਗੋਂ ਕੀ ਮੁਹਲਤ ਤਿਨ ਕਉ ਬੰਨ੍ਹ ਬਹਾਲੀ ਹੈ ਸੋਈ ਚਾਰੋਂ ਦੀਵੇ ਆਪੋ ਅਪਣੇ ਜ਼ਮਾਨੇ ਜਾਗਦੇ ਹੈਨ ਅਰ ਚਾਰੋਂ ਕਤੇਬਾਂ ਚਹੁੰਕੁਟਾਂ ਵੱਲ ਕਿਸਮਤ ਕਰਦੀਆਂ ਹੈਨ ਜੁਗਹ ਜੁਗੰਤਰ ਚਾਰੋਂ ਚਰਾਗ ਬ੍ਰਹਮਾ ਰੋਸ਼ਨ ਕਰਦਾ ਹੈ ਐਸੀ ਸ਼ਕਤਿ ਮਦਸੂਦਨ ਮਾਧੋਕੀ ਹੈ ਜੋ ਚਾਰੋਂ ਜ਼ਮਾਨੇ ਆਇ ਇਕੱਠੇ ਹੋਏਹੈਨ ਮਜ਼ਹਬ ਹਿੰਦੂ ਮੁਸਲਮਾਨ ਆਪਸਵਿੱਚਖੁਦੀ ਬਖੀਲੀ ਕਰ ਕਰ ਮਰਦੇਹੈਨ ਦੋਵੇਂ ਫਰਜ਼ੰਦ ਬਾਬੇ ਆਦਮਕੇ ਜ਼ਿੱਦ ਕਰ ਕਰ ਜੁੱਸੇ ਹਰਾਮਵਿੱਚ ਲੜ ਲੜ ਮਰਦੇ ਹੈਨ ਦੁਨੀਆਂ ਹਰਾਮ ਖੁਰਦਨੀਵਾਸਤੇਪ੍ਰ ਬੇਸ਼ਕਦੋਵੇਂ ਤਰਫਾਂ ਦੋਜ਼ਕ ਚਲੀਆਂ ਜਾਂਦੀਆਂਹੈਨ ਹੁਣਤ੍ਰੈਹੁੰਕਤੇਬਾਂ ਕਾਅਮਲਬੰਦਹੋਯਾਹੈ ਮਸਰਕ ਜਨੂਬ ਗ਼ਰੂਬ ਤਿੰਨਾਂਦੀਆਂ ਕਤੇਬਾਂ ਰਿਗ ਉਰਫ਼ ਤਉਰੇਤ ਮਸਰਕੀ ੧ ਜੁਜਰ ਉਰਫ਼ ਅੰਜੀਲਜਨੂਬ ੨ ਸਿਆਮ ਉਰਫ਼ ਜੰਬੂਰ ਮਗ਼ਰਬੀ ੩ ਅਰ ਜੋਹੜੇਮਸਰਕੀਹੈਨਸੋ ਬ੍ਰਹਮ ਬਰਨ ਕਹੀਅਨ ਅਤੇਜੋਹੜੇ ਜਨੂਬੀਹੈਨ ਸੋਖੱਤ੍ਰੀਕਹੀਅਨ ਅਤੇ ਜੋਹੜੇ ਮਗ਼ਰਬੀਹੈਨ ਸੋਵੈਸਕਹੀਅਨ ਅਤੇਜੋਹੜੇ ਸੁਮਾਲੀਹੈਨ ਸੋ ਸੂਦਰ ਕਹੀਅਨ ਹੁਣ ਅਮਲ ਅਥਰਬਣ ਉਰਫ਼ਾਨ ਫ਼ੁਰਕਾਨ ਹੈ ਸ਼ਮਾਲੀ ਰੋਇ ਇਸਕਾ ਮੁਖ ਹੈ ਸੋ ਸੋ ਖਾਲੀਆਂ ਹੈਂ ਅੱਗੋਂ ਸਿਆਮ ਉਰਫ਼ ਜੰਬੂਰ ਭੀ ਸ਼ੇਖਾਂਤੁਲੇ ਥਾ ਅਬਵੈਸ਼ੋਂਕਾ ਮਜ਼ਹਬਛਾਡਕੇ ਸੂਦਰੋਂਕਾਮਜ਼ਹਬਮੱਲਿਆਹੈਨੇ ਜਾਂ ਸ਼ੇਖਾਂਕੀ ਵਾਰੀਆਈ ਤਾਂਸ਼ੇਖਾਂਦੇ ਵੱਲ ਦੇਵਤਿਆਂ ਅਰ

CC-0. Gurukul Kangri University Haridwar Collection. Digitized by S3 Foundation USA

ਹਿੰਦੂਆਂਕੇ ਆਸਣ ਥੇ ਤਿਨਕਉ ਕਰ ਲਗਾਯਾ ਹਾਸਲ ਲਗੇ ਲੈਨ ਅਰ ਐਸੀ ਕੀਰਤਿ ਸੇਖਾਂਨੇ ਚਲਾਈ ਅਰ ਆਪਨੇ ਮੁਕਾਮ ਜਾਹਰ ਕੀਤੇ ਲਗੇ ਗੋਰਸਤਾਨਾਂ ਕੀ ਪੂਜਾ ਕਰਣ ਹਿੰਦੂ ਅਰਹਿੰਦੂਆਂਕੇ ਮਦੇਮਢੀਆਂ ਗਿੜਾਇ ਦੀਏ ਮਨਸੂਖ ਕੀਤੇ ਤਿਸਕਰਕੇ ਜਿਦਉਠ ਖੜੀ ਹੋਈ ਅਰ ਸਚ ਅਦਲ ਭੁੱਲ ਗਿਆ ਤਬ ਦਰਗਾਹਿ ਮਹਿ ਦੇਵਤਿਆਂ ਫਰਿਆਦ ਕੀਤੀ ਕਹਿਣ ਲੱਗੇ ਕਿ ਹੇ ਪਰਮੇਸਰ ਜੀ ਅਬ ਹਮਾਰਾ ਤੇਜ ਕਲਜੁਗ ਵਿਚ ਘਟਗਿਆ ਹੈ ਜੱਗ ਹੋਮ ਹੇਮ ਬਲ ਵੈਸ ਪੁਰਖ ਹਿੰਦੂਆਂ ਕਉ ਸ਼ੇਖ ਜੋ ਤੁਸਾਂ ਸੰਸਾਰ ਵਿਚ ਭੇਜੇ ਹੈਨ ਤੇਰੀਪ੍ਰਸੰਨਤਾ ਨਹੀਂ ਕਰਣੇਦੇਤੇ ਜਬਇਤਨੀ ਅਰਜ ਦੇਵਤਿਆਂਕੀ ਨਿਰੰਕਾਰ ਸੁਣੀ ਤਬ ਨਿਰੰਕਾਰ ਕ੍ਰੋਧ ਅੰਦਰ ਆਯਾ ਦਰਗਾਹ ਅੱਗੇ ਸਭ ਪੀਰ ਪੈਕੰਬਰ ਅਉਲੀਏ ਸਾਲਕ ਸਾਦਕ ਸਿਧ ਸਾਧ ਜੋਕੋਈ ਉਸ ਮੁਕਾਮ ਪਹੁਤਾਹੈ ਕੀ ਹਿੰਦੂ ਕੀ ਮੁਸਲਮਾਨ ਸਭ ਹਾਜ਼ਰ ਸਨ ਤਾਂ ਸਚੇ ਸਾਹਿਬਕੀ ਨਿਗਾਹ ਨਾਨਕ ਦਰਵੇਸ਼ ਉਪਰ ਪਈਤਾਂਨਾਨਕਕੋ ਭੇਜਾ ਤਬ ਬਾਰੀਤਾਲਾ ਖੁਦਾਇਕਾ ਹੁਕਮਹੋਯਾ ਜੋ ਨਾਨਕ ਦਰਵੇਸਅੱਗੇ ਆਓ ਤੇਰੇਕਉਮੈਂ ਆਪਣਾ ਹੁਕਮਦੀਆ ਜਾਇਸੰਸਾਰਬੀਚਸੱਚਕਾ ਰਾਹ ਦਰੁਸਤਕਰ ਅਰ ਦਰੋਗ਼ ਕਉ ਉਠਾਇ ਦੇਹ ਤਬ ਅੱਗੋਂ ਤੇ ਨਾਨਕ ਦਰਵੇਸ ਹੱਥ ਜੋੜਕਰ ਅਰਜਕੀਤੀ ਕਿ ਹੇ ਸੱਚੇਸਾਹਿਬ ਅੱਗੇਤੁਧ ਖ਼ਤਮ ਪੈਕੰਬਰਦਾ ਪੈਕੰਬਰ ਮੁਹੰਮਦ ਮੁਸਤਫਾ ਸੰਸਾਰ ਵਿਚ ਭੇਜਿਆ ਹੈ ਅਤੇ ਹੁਣਤਕ ਉਸਕਾ ਅਮਲ ਸ਼ੇਖ ਲਈ ਜਾਂਦੇਹੈਨ ਹੋਰਸ ਕਿਸੇਕਾ ਹੁਕਮ ਚਲਣੇ ਨਾਹੀਂ ਦੇਂਦੇ ਅਰ ਅਸਾਡਾ ਹੁਕਮ ਕਦ ਚਲਣ ਦੇਵੈਂਗੇ ਤਾਂ ਬਾਰੀਖੁਦਾਕਾ ਹੁਕਮਹੋਯਾ ਨਾਨਕ ਦਰਵੇਸ਼ ਹਉਂ ਅਥਰਬਣ ਬੇਦਕਾ ਹੁਕਮ ਮੁਹੰਮਦਕਉਦੀਆਸੀਜੋਤੂੰ ਇੱਕੋਇੱਕ ਖੁਦਾਇਕਾਨਾਮਜਪਾਇ ਹੋਰਸ ਕਾ ਨਾਮ ਕੋਈਨਾ ਜਪੇ ਅਤੇ ਤ੍ਰੀਹ ਸਿਪਾਰੇ ਫੁਰਕਾਨਕੇ ਉਪਰ ਅਮਲ ਕਰ ਸੋ ਤਾਂ ਓਇ ਦੁਨੀਆਂਵਿਚ ਜਾਇਕੇ ਜ਼ੋਰਜ਼ੁਲਮ ਗਉ਼ਰੀਬਕਉ ਲਗਾ ਤਕਰੀਬ ਕਰਨੇ ਤਿਸਤੈਂ ਉਸਕੀ ਉਮਰ ਕਾ ਨਾਸ਼ਹੋਯਾ ਅਰ ਫ਼ਾਨੀ ਹੋਯਾ ਅਬਨਾਨਕਦਰਵੇਸ਼ ਤੁਮਕਉ ਹੁਕਮ ਹੈ ਛੱਤ੍ਰੀਹ ਸਿਪਾਰੇ ਕੀ ਕਿਤਾਬਤੁਮਕਰੋ ਤੀਸ ਸਿਪਾਰੇ ਫ਼ਰਕਾਨਕਾ ਮਤ ਅਰ ਛਿਅ ਸਿਪਾਰੇ ਅਸਾਡੀਤਰਫੋਂ ਛੱਤੀਸਕਾ ਗ੍ਰੰਥ ਬੰਦਕਰ ਚਾਰੋਂ ਕੂੰਟ ਵਰਤਾਇ ਦੇਹ ਅਰ ਏਕਹੀ ਨਾਮ ਕੀ ਮਹਿਮਾ ਕਰੋ ਅਰਦੂਸਰਾਮੇਰਾ ਸ਼ਰੀਕ ਕੋਈ ਨਹੀਂ ਜਿਸਕਉ ਜਪੀਐ ਸੋਹੁਣ ਹੁਕਮ ਨਾਨਕ ਦਰਵੇਸ਼ ਕੰਉ ਆਯਾ ਹੈ ਜੋ ਤੂੰ ਜਾਇਕਰ ਜਗਤ ਵਿਚ ਖ਼ੈਰ ਕਾ ਦਉਰ ਫੇਰ ਜੋ ਕੋਈ ਹੱਕ ਰਾਸਤੀ ਉਪਰ ਖੜੋਵੇਗਾ ਸੋਈ ਪਾਕ ਹੋਵੇਗਾ ਅਤੇ ਹੁਣ ਮੀਆਂ ਜੀਵਣ ਜੀ ਰਾਜ ਪਾਤਸ਼ਾਹੀ ਤੁਸਾਡੀ ਹੈ ਅਰ ਤੁਸਾਡੇ ਹੀ ਲਸ਼ਕਰ ਹੈਨ ਅਰ ਤੁਸਾਡੇ ਹੀ ਪਾਸ ਘੋੜੇ ਹੈਨ ਅਤੇ ਘਰ ਘਰ ਮੀਆਂ ਸਭਨਾਂ ਜੀਆਂ ਕਾ ਜੋ ਸਾਹਿਬ ਹੈ ਸੋ ਭੀ ਤੁਸੀ ਹੀ ਹੋ ਅਰ ਬੋਲੀ ਭੀ ਤੁਮਾਰੀ ਹੋਰ ਹੈ ਅਰ ਬੋਲੀ ਤੁਮਾਰੀ ਕੋਲੋਂ ਹਿੰਦੂ ਲੋਕ ਡਰਦੇ ਹੈਨ ਸਮਝਦੇ ਨਾਹੀਂ ਜੋ ਰੱਬ ਫੁਰਮਾਯਾ ਹੈ ਜੋ ਕੋਈ ਧਰਮ ਕੀ ਕੋਟਵਾਰੀ ਕਰੇਗਾ ਤਿਸ ਹੀ ਕੀ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਧਰਤੀ ਅਰ ਤਿਸਹੀਕੀ ਦੇਗ ਤੇਗ ਅਰ ਜੋ ਕੋਈ ਵਾੜੀ ਪਕਦੀਹੈ ਜਹਾਂ ਤਕ ਨਿਆਮਤਾਂ ਹੈਨ ਸੋ ਸਭ ਇਕਤੇ ਹੀ ਵੇਰੀ ਪਕਦੀਆਂ ਹੈਨ ਅਰ ਭਾਗ ਭੰਡਾਰੀ ਹੈ ਅਰ ਜੈਸੀ ਕਿਸੇ ਦੇ ਬਾਬ ਕਲਾਮ ਭਾਗ ਦੀ ਵਗੀ ਹੈ ਤੇਹਾ ਹੀ ਭਾਗ ਉਸ ਨੂੰ ਮਿਲਿਆ ਹੈ ਜੋ ਸੱਚ ਕੀ ਕੁਟਵਾਰੀ ਕਰੇਗਾ ਤਿਸਕੀ ਭਾਉ ਭੰਡਾਰੀਹੈ ਅਰ ਜਿਸਕਉ ਐਡੀ ਬਖਸ਼ਸ਼ ਹੋਵੇ ਅਰਫਿਰ ਕੁਛ ਹੋਰ ਮੰਗੇ ਦੁਨੀਆਂ ਦੀ ਹਿਰਸ ਕਰ ਤਿਸ ਕਾ ਕੀ ਹਾਲ ਹੋਵੇਗਾ ਅਰ ਸ਼ੈਤਾਨ ਕਾ ਹੁਕਮ ਤਿਸ ਪਰ ਗ਼ਾਲਬ ਹੋਇਗਾ ਅਰ ਲਬ ਅੰਧੇਰੇ ਕੇ ਬੰਦੀਖਾਨੇ ਪਾਈਅਹਿੰਗੇ ਅਰ ਲਾਨਤ ਕਾ ਤਉਕ ਉਸਕੇ ਗਲ ਪੜੇਗਾ ਅਰਬੰਦਕਾਰੀ ਕੇ ਜੰਜੀਰ ਤਿਸਕੇ ਪਾਵਹੁੰਪੜੇਂਗੇ ਅਰ ਲਾਹਾ ਉਸ ਕੋ ਸਜਾਇ ਕਾ ਮਿਲੇਗਾ ਅਰ ਨਾਰਦ ਸ਼ੈਤਾਨ ਕੇ ਹਵਾਲੇ ਕਰੀਅਹਿੰਗੇ ਖ਼ੁਆਰੇ ਸੰਸਾਰਵਿਚ ਪਏ ਕਰਸਨਗੇ ਅੱਗੇ ਮੁੱਲਾਂ ਜੀਵਣਜੀ ਭਾਵੇਂ ਮੰਦਾ ਕਰੋ ਭਾਵੇਂਚੰਗਾ ਜੈਸੇ ਕਰਹਿੰਗੇ ਤੈਸਾ ਦਰਗਾਹ ਸਾਹਿਬਕੀ ਪਾਵਹਿੰਗੇ ਅਬਲੁਮ ਆਦਿਪੁਰਖ ਕਉ ਅਲਹ ਕਹਿਤੇ ਹੋ ਅਰ ਵਡਿਆਈ ਤੁਮਾਰੇ ਕਉ ਸ਼ੇਖਾਂ ਕੀ ਮਿਲੀ ਹੈ ਅਰ ਦੇਵਲ ਦੇਵਤੇ ਅਰ ਪੁਰਾਤਨ ਤੀਰਥ ਜੋ ਹੈਂ ਖ਼ੁਦਾਇਕੇ ਸੋ ਤਉ ਖ਼ੁਦਾਇ ਨੇ ਹਿੰਦੂਆਂ ਕੋ ਦੀਏ ਥੇ ਸੋ ਤੁਮਹੁੰ ਨੇ ਸਮਸੂਖ਼ ਕਰਕੇ ਤਿਨਕੋ ਕਰ ਲਗਾਧਾਹੈ ਅਰ ਐਸੀਕੀਰਤੀ ਤੁਮਾਰੀਕਲਜੁਗਵਿਚ ਚਲੀ ਹੈ ਕੂਜਾ ਬਾਂਗ ਅਰ ਮੁਸੱਲਾ ਜੋ ਨੀਲਰੂਪ ਬਨਵਾਰੀਕਾ ਭੇਖਸਾ ਸੋ ਤੁਮਾਰੇ ਘਰਘਰ ਮੀਆਂ ਸਭਨਾਂ ਜੀਆਂ ਵਿੱਚ ਵਰਤਿਆ ਹੈ ਅਰ ਚਾਰੋਂਕੂੰਟਾਂ ਤੁਮਾਰੇ ਅੱਗੇ ਸਲਾਮ ਕਰਦੀਆਂ ਹੈਨ ਕਿਸਵਾਸਤੇ ਜੋ ਹੁਕਮ ਰੱਬਦਾ ਹੈ ਅਜੇ ਤੁਮਾਰਾ ਹੱਥ ਹੈ ਅਰ ਬੋਲੀ ਭੀ ਤੁਮਾਰੀ ਹੋਰ ਹੈ ਇਸ ਕਾਰਣ ਤੇ ਸੰਸਾਰ ਤੇ ਜੋ ਹਿੰਦੂ ਹੈਨ ਸੋ ਡਰਦੇ ਹੈਨ ਅਰ ਤੁਸੀ ਮਹੀਪਤਿ ਸਾਹਿਬ ਹੋ ਅਰ ਘਰ ਘਰ ਤੁਮਾਰੀ ਸਿਫ਼ਤ ਹੋਤੀਹੈ ਅਰ ਨਾਨਕ ਦਰਵੇਸ਼ ਜੋ ਚਾਰੋਂ ਕੂੰਟਾਂ ਕੇ ਤੀਰਥਹੁੰ ਕਾ ਦੀਦਾਰ ਕਰ ਆਯਾ ਹੈ ਕੁਛ ਲਾਹਾ ਵਡਿਆਈ ਆਖਰੀ ਜਮਾਨੇ ਇਹ ਮੰਗਦਾ ਹੈ ਜੋ ਰੱਬਨੂੰ ਮੈਂ ਇਕਘੜੀ ਯਾਦਕਰਾਂ ਤਾਂ ਰੱਬ ਮੈਨੂੰ ਵਿਸਰੇ ਨਾਹੀਂ ਜਾਂ ਇਤਨੀਆਂ ਗੱਲਾਂਬਾਬੇ ਆਖੀਆਂ ਤਾਂ ਫੇਰ ਮੁੱਲਾਂਜੀਵਨਆਖਿਆ ਜੋ ਨਾਨਕਦਰਵੇਸ਼ ਜੀਤੁਸਾਂ ਹੱਜਮਾਫ਼ਕ ਚਹੁਆਂਕਤੇਬਾਂ ਦੇ ਦਰੁਸਤ ਕੀਤੇ ਹੈਨ ਅਸਾਂਕੂੰ ਤਾਂ ਇਕ ਮਗ਼ਰਬੀ ਦੀ ਖਬਰ ਹੈ ਅਰ ਇਹ ਕੀ ਸਿਰਰ ਹੈ ਤੁਾਂ ਬਾਬੇ ਆਖਿਆ ਮੁੱਲਾਂ ਜੀਵਣ ਜੀ ਇਸ ਹਕੀਕਤ ਕਉ ਕੋਈ ਨਹੀਂ ਪਾਇ ਸਕਤਾ ਇਹ ਜੋ ਲੋਹ ਕਲਮ ਜ਼ਮੀਨ ਸਮਾਨ ਖਲਾ ਹੈ ਬਾਬੇ ਆਦਮ ਕਾ ਜੁੱਸਾ ਏਹੋ ਹੈ ਅਰ ਖ਼ਾਕੀ ਬੁੱਤ ਹੈ ਰੋਜ਼ ਜ਼ਬ ਚਾਰੋਂ ਕੂੰਟਾਂ ਕਉ ਸਜਦਾ ਕੀਤਾਹੈ ਆਫ਼ਤਾਬ ਮਹਿਤਾਬ ਉਸਕੀਆਂ ਚਸ਼ਮਾਂਹੈਨ ਚਾਰੋਂ ਤਰੱਫ਼ ਖ਼ੁਦਾਇਹੈ ਇਸਹੀ ਆਲਮ ਕਬੀਰ ਤੇ ਕਈ ਆਲਮ ਸਗ਼ੀਰ ਪੈਦੇ ਹੋਇ ਕਰ ਮਰ ਮਰ ਨਾਉਂ ਪੈਦਾ ਕਰ ਗਏ ਹੈਨ ਅਰ ਚਾਰੋਂ ਕਤੇਬਾਂ ਅਰ ਚਾਰੋਂ ਜੁਗ ਵਿਚ ਤਮਾਮ ਦਿਨ ਅਰ ਰਾਤ ਸਿਜਦੇ ਕਰਤੀਆਂ ਹੈਨਅਰ ਚਾਰੋਂਤਰਫ਼ਕਉ ਬਾਬਾ ਆਦਮ ਐਸਾ ਅਮਲ ਕਰੇ ਅਰ ਉਸ ਕੀ ਉਸਤਤਿ ਹਿੰਦੂ ਮੁਸਲਮਾਨ ਕਰੇਂ ਸ਼ੈਤਾਨ ਪਰ ਹੁਕਮ ਚਲੇ ਹੁਣਹੁਕਮ

CC-0. Gurukul Kangri University Haridwar Collection. Digitized by S3 Foundation USA

ਪਾਇਕਰ ਖ਼ੁਦਾਇ ਕਾ ਦਰਵੇਸ਼ ਨਾਨਕ ਕਉ ਆਖਾ ਹੈ ਜੋ ਆਗੇ ਸ਼ੇਖਾਂ ਕਉ ਹਉਂ ਹੁਕਮ ਦੀਆ ਸਾ ਜੋ ਤੁਸੀ ਸੱਚਦੇ ਦਿਲਪਰ ਚਲਹੁ ਸਭਨਾਂ ਫ਼ਿਰਕਿਆਂ ਅੰਦਰਇੱਕੋ ਰੱਬਜਾਣਹੁ ਸੋ ਤਾਂ ਆਪਣੀਆਂ ਤਦਬੀਰਾਂ ਕਰਕੇ ਲਗੇ ਸੰਸਾਰਕੋ ਅਜ਼ਾਬ ਦੇਣੇ ਹਰਾਮ ਹਲਾਲ ਅਪਣੇ ਅਖਤੀਆਰ ਵਿੱਚ ਰੱਖਿਆ ਹੈਨੇ ਕਤੇਬਾਂਦੇ ਰਾਹਤੇ ਭੁੱਲ ਗਏ ਹੈਨ ਕਤੇਬਾਂ ਕੁਛ ਔਰ ਕਹਿ-ਤੀਆਂ ਹੈਂ ਵੁਹ ਕੁਛ ਅਵਰ ਅਮਲ ਕਰਤੇ ਹੈਨ ਅਬ ਉਨਹੁ ਕਾ ਅਮਲ ਮਨਸੂਖ ਹੁਆ ਹੈ ਅਮਲ ਨਾਨਕ ਦਰਵੇਸ਼ ਤੁਮਾਰਾ ਚਲਿਆ ਹੈ ਤੂੰ ਆਪਸ ਕਉ ਸਮਾਲ ਦੁਨੀਆਂ ਅੰਦਰ ਜਾਹ ਸਭ ਥਾਨ ਮੁਕਾਮ ਜੇਤੇ ਨਉ ਖੰਡ ਪਿਰਥਵੀ ਉੱਪਰ ਹੈਨ ਤਿਨਾਂ ਕੀ ਜ਼ਿਆਰਤ ਕਰਕੇ ਹਜ਼ਰਤ ਮੱਕੇ ਮਦੀਨੇ ਹੱਜ ਕਰ ਅਰ ਉਮਤੀ ਜੋ ਹੈਨ ਤਮਾਮ ਆਲਮ ਹਯਦਹ ਹਜ਼ਾਰ ਕੀਆ ਤਿਨ ਕੀ ਰੱਖਿਆ ਕਰ ਕੀ ਹਿੰਦੂ ਕੀ ਮੁਸਲਮਾਨ ਕੀ ਦੇਵ ਕੀ ਦਾਨੋਂ ਕੀ ਹੋਰ ਆਲਮ ਬਹੁਤੀਆਂ ਭਾਂਤਾਂਕਾਹੈ ਤਿਨ੍ਹਾਂ ਕੀ ਖ਼ਬਰ ਲੈਹੁ ਮੁੱਲਾਂ ਜੀਵਨਜੀ ਅਸੀ ਇਸ ਆਲਮ ਕਾ ਮੁਸ਼ਾਹਦਾ ਦੇਖ ਕਰ ਅਜਬ ਹੈਰਾਨ ਹੋਇ ਗਏ ਹਾਂ ਅਤੇ ਅਜਬ ਹੈਰਾਨਗੀ ਮਨ ਵਿੱਚ ਵਰਤ ਰਹੀਹੈ ਜੋ ਦਰਗਾਹ ਵਿਚ ਤਾਗੀਦ ਪੈਦਰਪੈ ਪੈਕੰਬਰ ਅਵਤਾਰਾਂ ਕਉ ਏਹਾ ਹੋਂਦੀ ਹੈ ਜੇ ਖ਼ਲਕ ਸਭ ਖ਼ਾਲਕ ਕੇ ਜੁੱਸੇ ਤੇ ਹੋਈ ਹੈ ਜੋ ਖ਼ਾਲਕ ਕਉ ਖ਼ਲਕ ਯਾਦ ਕਰੈ ਤਉ ਫੇਰ ਖ਼ਾਲਕ ਕਉ ਮਿਲੇ ਆਦਮ ਜ਼ਾਤ ਹੋਇ ਕਰ ਦੁਨੀਆਂ ਹਰਾਮ ਬਦਕਾਰ ਸ਼ੈਤਾਨ ਕੀ ਪਰਸਤਾਮ ਕਰੇ ਸੋ ਫੇਰ ਕਿਆਮਤ ਦੇ ਵਕਤਿ ਜੁੱਸਾ ਸ਼ੈਤਾਨ ਕਾ ਧਰੇਗਾ ਅਰ ਫੇਰ ਖ਼ਰਾਬ ਹੋਵੇਗਾ ਚਉਰਾਸੀਹ ਲੱਖ ਜੀਆਜੋਨਮਹਿ ਫਿਰੇਗਾ ਕੀ ਹਿੰਦੂ ਕੀ ਮੁਸਲਮਾਨ ਆਪੋਆਪਣੇ ਅਮਲ ਪਰਵਾਣ ਹੁਕਮਨਾਨਕ ਫ਼ਕੀਰਹਿੰਦੂ ਜੇ ਕੋਈ ਰਦ ਸੁਣੀਂਦਾਆਹੇ ਸੋ ਤਿਸਨੋ ਸੱਚੇ ਸਾਹਿਬਕਾ ਹੁਕਮ ਹੈ ਜੋ ਦੁਨੀਆਂਵਿਚ ਜਾਹ ਆਪਣਾ ਇਲਮ ਨਸੀਹਤ ਜ਼ਾਹਰ ਕਰ ਨਾਉਂ ਏਕ ਖ਼ੁਦਾਇ ਦਾ ਜ਼ਾਹਰ ਕਰ ਅੱਗੇ ਇਕ ਲੱਖ ਅੱਸੀ ਹਜ਼ਾਰ ਪੈਕੰਬਰ ਅਤੇ ਹੋਰ ਅਵਤਾਰ ਭਗਤ ਸਿਧਸਾਧਿਕ ਵਲੀ ਅਉਲੀਏ ਗ਼ਉਸ ਕੁਤਬ ਸਲਾਰ ਮੁੱਲਾ ਪੰਡਿਤ ਜੋ ਦੁਨੀਆਂ ਵਿਚ ਭੇਜੇ ਹੈਨ ਜੋ ਆਲਮ ਕਉ ਰਾਹ ਹੱਕ ਕਾ ਦ੍ਰਿੜ੍ਹਾਇ ਕਰ ਤਮਾਮ ਉੱਮਤੀ ਕੋ ਭਿਸਤ ਦਾਖਲ ਕਰਨ ਸੋ ਨਾਨਕ ਉਹ ਸਗੋਂ ਆਪਣੀ ਰੋਟੀ ਕੱਪੜੇ ਵਾਸਤੇ ਲਾਲਚ ਵਿਚ ਫਸੇ ਹੈਨ ਸਚ ਕਾ ਰਾਹ ਛੋਡ ਦੀਆ ਹੈ ਚਾਰ ਕਤੇਬੀਂ ਹੋਂਦੇ ਆਲਮ ਵਿਚ ਅੰਧੇਰ ਹੋਇ ਰਹਿਆ ਹੈ ਹੁਕਮ ਪਾਕ ਰੱਬ ਦਾ ਦਰਵੇਸ ਨਾਨਕ ਕਉ ਏਹੋ ਹੋਯਾ ਹੈ ਜੋ ਚਾਰੋਂ ਚਰਾਗ਼ ਕਲਿਜੁਗ ਵਿਚ ਰੌਸ਼ਨ ਕਰ ਚਾਰੋਂ ਕਦਮ ਸਬਾਬ ਦੇ ਦਰੁਸਤ ਕਰ ਨਹੀਂ ਤਾਂ ਏਹ ਜਮੀਨ ਗ਼ਰਕ ਹੋਂਦੀਹੈ ਅਤੇ ਦੁਨੀਆਂਵਿਚ ਤਾਰੀਕੀ ਹੋਇਰਹੀਹੈ ਜੋ ਕੋਈ ਕਲਜੁਗ ਵਿਚ ਬੀੜਾ ਚਾਇਗਿਆ ਹੈ ਸੋ ਅਪਣੀ ਵਡਿਆਈ ਉਪਮਾਂ ਵਿਚ ਖ਼ੁਆਰ ਹੋਯਾ ਰੂਹ ਸਜਾਹ ਆਪਣਾ ਕਰਕੇ ਏਥੇ ਆਯਾ ਹੈ ਅੱਗੋਂ ਦੋਜ਼ਕ ਅਤੇ ਲਾਨਤ ਕਾ ਤਉਕ ਦਰਗਾਹ ਵਿਚ ਤਯਾਰ ਹੈ ਅਤੇ ਫੇਰ ਹੁਕਮ ਰੱਬਦਾ ਇਸ ਰਉਂਸ ਹੋਯਾ ਹੈ ਜੋ ਸਭ ਪੈਕੰਬਰਾਂ ਕਾ ਖ਼ਤਮ ਮੁਹੰਮਦ

CC-0. Gurukul Kangri University Haridwar Collection. Digitized by S3 Foundation USA

ABHINAV GAUR

ਮੁਸਤਫਾ ਦੁਨੀਆਂਵਿਚ ਬੀੜਾ ਚਾਇਗਇਆਹੈ ਤਿਸਨੇ ਬਹੱਤੁਫਿਰਕੇ ਆਪਣੇ ਮਜ਼ਹਬਦੇ ਬਧੇਹੈਨ ਅਤੇਹੋਰ ਜੋਦਸਨਾਮਸੰਨਿਆਸੀ ਬਾਰਹਪੰਥ ਕੰਨਪਾਟੇਰਾਵਲ ਆਪਣੇ ਬੰਮੇ ਰਾਮਾ ਨੰਦਬੈਰਾਗੀਕੇ ਸੰਸਾਰਵਿਚਵਰਤੇਹੈਨ ਅਰ ਹੋਰ ਫਿਰਕਿਆਂ ਕੀ ਗਣਤੀ ਕਛੁ ਨਾਹੀਂ ਜੋ ਆਪੋਧਾਪੀ ਹੋਇ ਫਿਰੇ ਹੈਨ ਤਿਨਾਂਕੀ ਧੁੰਮਧੁਰਿ ਦਰਗਾਹ ਸਾਹਿਬ ਸੱਚੇ ਦੀ ਸੁਣੀਹੈ ਅਰ ਮੁੱਲਾਂ ਜੀਵਣਜੀ ਅਸੀ ਝੂਠਾ ਨ ਰਹਿਨ ਦੇਹਾਂਗੇ ਹਉਂ ਕਲਜੁਗ ਵਿਚ ਕਈ ਜੁੱਸੇ ਬਕਾਈ ਰਖਾਂਗੇ ਜੋ ਕਿਛ ਕਰਾਮਾਤ ਸਿਫਤ ਦਰਗਾਹ ਤੋਂ ਅਸਾਂ ਜੋਗ ਮਿਲਿਆ ਹੈ ਸੋਈ ਸਭਨਾਂ ਮਹਿਲਾਂ ਜੁੱਸਿਆਂ ਮੇਰਿਆਂ ਵਿਚ ਆਦਿਜੁਗਾਦਿ ਵਰਤੇਗਾ ਅਤੇਖੁਦਾਇਤਾਲਾ ਸਦਾਸ੍ਬਦਾ ਇਕੋ ਵਰਨ ਧਰਦਾਆਯਾਹੈ ਅਰ _ਣ ਤਾਂ ਕਲੀਕਾਲ ਕਲਜੁਗ ਵਿੱਚ ਨਾ ਸਭੇਹਿੰਦੂ ਹੋਇ ਮੁੱਕੇ ਨਾ ਸਭੇ ਮੁਸਲਮਾਨ ਹੋਇ ਮੁੱਕੇ ਆਪੋ ਆਪਣੀ ਸ਼ੈਤਾਨੀ ਮੇਂ ਰਚੇ ਰੋਟੀਕਪੜੇ ਕਾਰਨ ਸਭਾ ਬਨ ਬੈਠੀ ਹੈ ਵੇਖਾਂ ਅੱਗੇ ਜੋ ਰੱਬ ਭਾਵਸੀ ਸੋਇ ਹੋਇਗੀ ਅਰ ਅਸਾਡੀ ਗੱਲ ਕੋਈ ਨਾਹੀਂ ਚਲਦੀ ਕਲਜੁਗ ਵਿਚ ਖੁਦਾਇ ਆਪੋ ਆਪਣੇ ਨਿਆਉਂ ਤਪਾਵਸ ਕਰੇਗਾ ਜੇਹੇ ਅਮਲ ਕੋਈ ਕਰੇ ਤਿਵੇਹੀ ਪਾਵੇਗਾ ਜਦ ਇਤਨੀ ਗੱਲ ਮੁੱਲਾਂ ਜੀਵਣਨੈਸੁਣੀ ਤਾਂ ਤਮਕ ਵਿੱਚ ਆਯਾ ਲੈਂਦੇ ਤਾਜੀਆਨਾ ਜਿਤਨੇ ਹਾਜੀ ਸੁੱਤੇ ਪਏਆਹੇ ਸਨ ਮੱਕੇਦੀ ਮਸੀਤ ਵਿੱਚ ਬੇਖਬਰੇ ਤਿਨ ਕਉ ਦੇਹ ਦੇਹ ਮਾਰਨ ਜੁੱਟ ਗਇਆ ਆਖਣ ਲਗਾ ਯਾਰੋ ਸੁਣੋ ਨਾਨਕ ਦਰਵੇਸ਼ ਹਿੰਦੀਕੀ ਨਸੀਹਤ ਅਤੇ ਸਾਥਹੀ ਅਸਾਡੇ ਰੁਖਵੱਲੋਂ ਮੱਕਾ ਫਿਰ ਖਲੋਤਾਹੈ ਅਤੇ ਮੁੱਲਾਂ ਜੀਵਣ ਬਾਬੇ ਨੋਂ ਕਹਿਨੇ ਲਾਗਾ ਦਰਵੇਸ਼ਜੀ ਏਹ ਤੇਰੇ ਹਿੰਦਕੇ ਹਾਜੀ ਦਰੋਗ ਗੋਇ ਆਇਕੇ ਕਾਬੇਦੇ ਲੋਕਭੀ ਖਰਾਬਕੀਤੇ ਹੈਨ ਤਬਇਤਨੇ ਨੂੰ ਕਾਜੀ ਰੁਕਨਦੀਨ ਅਉਲੀਆ ਨਮਾਜ ਉਪਰ ਕਾਜੀ ਮੱਕੇ ਦਾ ਆਇ ਖਲੋਤਾ ਬਾਬੇ ਜੀ ਦੀ ਅਰ ਕਾਜੀ ਰੁਕਨਦੀਨ ਦੀ ਸਲਾਮਾਂਲੇਕੀ ਹੋਈ ਤਬ ਬਾਬੇ ਆਖਿਆ ਕਾਜੀ ਜੀ ਅਸੀ ਤੁਸਾਡੇ ਦੀਦਾਰਕੀਹੱਜਵਾਸਤੇ ਹਜਾਰਾਂ ਕੋਹਾਂ ਤੋਂ ਆਏਹਾਂ ਅਸਾਡਾ ਮੁਕਾਬਲਾ ਹੋਰ ਸਭਨਾਂ ਕਉਮਾਂ ਨਾਲ ਹੋਯਾ ਹੈ ਅਤੇ ਰੱਦ ਬਦਲ ਕਰ ਮਨਸੂਖ ਕੀਤੀਆਂ ਹੈਨ ਅਰ ਬਾਕੀ ਹਿਕ ਫਿਰਕਾ ਮੁਸਲਮਾਨਾਂ ਦਾ ਰਹਿਆਹੈ ਅਰ ਹਿਕ ਫਿਰਕਾ ਹਿੰਦੂਆਂ ਦਾ ਦੋਵੈਂ ਰਾਹ ਰਹੇ ਹੈਨ ਅਰ ਮੁਸਲਮਾਨ ਮਨਸੂਖ ਹੈਨ ਅਤੇ ਅਸਾਨੂੰ ਹੁਕਮ ਪਾਕ ਖੁਦਾਇ ਦਾ ਹੋਯਾ ਜੋ ਚਾਰੋਂ ਕਤੇਬਾਂ ਉੱਪਰ ਅਮਲ ਕਰੋ ਅਬ ਪੜ੍ਹੇ ਗੁੜ੍ਹੇ ਸਵਾਬ ਨਾਹੀਂ ਅਮਲ ਕਰਨਾ ਸਵਾਬਹੈ ਹੋਰ ਪੜ੍ਹਨਾਂ ਗੁੜ੍ਹਨਾ ਦਰਕਾਰ ਨਾਹੀਂ ਖਾਸਾਮਤਲਬਅਮਲ ਕਰਨਾ ਖੁਦਾਇ ਫ਼ਰਮਾਯਾਹੈਇਸ ਆਖ਼ਰੀ ਜ਼ਮਾਨੇ ਮੇਂ ਬਗ਼ੈਰ ਬੰਦਗੀ ਅਤੇ ਨੇਕਅਮਲਾਂ ਬਾਝ ਖ਼ਲਾਸੀ ਨਾਹੀਂ ਕਾਜ਼ੀ ਜੀ ਇਕ ਦੁਇ ਸੁਖਨ ਹੱਕਰਾਸਤੀ ਕੇ ਕਰਣੇਸਨ ਸੋ ਜੀਂਵਦਿਆਂ ਮੇਲਖੁਦਾਇਕੀਤਾਹੈ ਕਲਜੁਗ ਵਿੱਚਦੁਇਫਿਰਕੇ ਭਹਕੀਕ ਕੀਤਹੈਨ ਅਜੇਤਿਨਾਂਦੇ ਵਿੱਚਭੀ ਸ਼ੱਕਹੈ ਕਾਫ਼ਰਾਂ ਮੁਲਹਦਾਂ ਕਾ ਜੋ ਸੱਚਹੈ ਸੋ ਇਸ ਪਾਕ ਨਾਮੇ ਵਿਚ ਦਰਜ ਕੀਤੇ ਅਤੇ ਜੋ ਦਰੋਗ ਗੁਮਰਾਹ ਹੈਨ ਤਿਨਕਉ ਰੱਦ ਕਰੀਏ ਤੁਸਾਡੇ

CC-0. Gurukul Kangri University Haridwar Collection. Digitized by S3 Foundation USA

ਦੀਨ ਘਰ ੱਕਾ ਮਦੀਨਾਹੈਜੋਇੱਥੇ ਕਜ਼ਾਇ ਹੋਇ ਨਿਬੜੇ ਸੋ ਸਹੀ ਆਪੋ ਆਪਣੇ ਅਮਲ ਜ਼ਾਹਰ ਕੀਚਨ ਸੱਚ ਰੱਖੀਐ ਦਰੋਗ ਮਨਸੁਖ ਕਰੀਐ ਜਵਾਬ ਸਵਾਲ ਹੱਕ ਰਾਸਤੀ ਕਾ ਚਲਿਆ ਇਕ ਵਲ ਬਾਬਾ ਨਾਨਕ ਹੱਕ ਰਾਸਤੀ ਕੀ ਗੁਫ਼ਤ ਸ਼ੁਨੀਦ ਹੋਈ ਸੱਚ ਸ਼ਬਦ ਉੱਪਰ ਨਿਬੇੜਾ ਹਿੰਦੂ ਤੁਰਕ ਦਾ ਬਾਬੇ ਨਾਨਕਜੀ ਕੀਤਾ ਹਿੰਦੂ ਹਿੰਦੂ ਕਰ ਖਲਾਰੇ ਅਤੇ ਮੁਸਲਮਾਨ ਮੁਸਲਮਾਨ ਹੋਇ ਖੜੋਤੇ ਚਾਰੋਂ ਮਜ਼ਹਬ ਆਪੋ ਆਪਣੇ ਰਾਹ ਉਪਰ ਕਾਮਲ ਕੀਤੇ ਅਰ ਬ੍ਰਾਹਮਣ ਖੱਤ੍ਰੀ ਵੈਸ਼ ਸ਼ੂਦ੍ ਆਪੋ ਅਪਣੀ ਕਤੇਬਾਂ ਉਪਰ ਚਾਰੋਂ ਮਜ਼ਹਬ ਚੱਲਨ ਕੋਈ ਕਿਸੇ ਕਉ ਰੱਦੇ ਨਾਹੀਂ ਆਪੋ ਆਪਣੇ ਜਮਾਨੇ ਅੰਦਰ ਸਭ ਸਰਦਾਰ ਹੈਨ ਘਟ ਵੱਧ ਕੋਈ ਨਾਹੀਂ ਜਿਸ ਈਮਾਨ ਅੰਦਰ ਕੋਈ ਖੜਾ ਹੈ ਤਿਸ ਕਉ ਓਹ ਈਮਾਨ ਪਾਰ ਪੁਰਸਲਾਤ ਕਰੇਗਾ ਦਰਗਾਹ ਰੱਬਦੀ ਜ਼ਾਤ ਸਫਾਤ ਮਜ਼ਹਬ ਕੋਈਪੁੱਛੀਦਾ ਨਾਹੀਂ ਨੇਕੀ ਬਦੀ ਪੁੱਛੀਐਗੀ ਪਾਤਸ਼ਾਹ ਉਮਰਾਉ ਕਾਜ਼ੀ ਮੁਫ਼ਤੀ ਮੁੱਲਾਂ ਇਨਾਂ ਥੋਂ ਲੋਹ ਅਦਾਲਤਕਾ ਹਿਸਾਬ ਪੁੱਛੀਐਗਾ ਜੋ ਤੁਮੋਂ ਫਰਮਾਨ ਰਬਦਾ ਲੇਕਰ ਕਿਸਕਉ ਹੱਕ ਪੌਂਚਾਯਾ ਹੈ ਜਿਨੋਂ ਅਮਲ ਨਾਹੀਂ ਕੀਤਾ ਤਿਨੋਂ ਕੇ ਹੱਡ ਦੋਜ਼ਕ ਹਾਵੀਏ ਅੰਦਰ ਪਏ ਸੜਦੇ ਹੈਨ ਅਰ ਤੋਬਹ ਤੋਬਹ ਕਰਦੇ ਹੈਨ ਅਰ ਕਬੂਲ ਕਾਈਨਾਹੀਂ ਪਾਉਂਦੀਜ਼ਾਂ ਇਤਨੀ ਨਸੀਹਤ ਬਾਬੇਨਾਨਕ ਜੀ ਆਖੀ ਭਾਂ ਮੁੱਲਾਂ ਜੀਵਣ ਗੁੱਸਾ ਕਰਕੇ ਅਵਾਜ ਕੀਤਾ ਸੂਰੇ ਕਲਾਮ ਰੱਬਦੇਲੱਗਾਪੜ੍ਹਨ

ਸੁਆਲ ਮੁੱਲਾਂ ਜੀਵਣ ਸੂਰਾ

ਹਮਦਸਨਾਈ ਰਬ ਨੋਂ ਦੋਇਮ ਨਬੀ ਰਸੂਲ ॥ ਸੋਇਮ ਚਾਰੋਂ ਯਾਰ ਹੈਨ ਪੜ੍ਹ ਕਲਮਾ ਪਏ ਕਬੂਲ ॥ ਲਿਖਿਆ ਧੁਰ ਦਰਗਾਹ ਦੇਇ ਇੱਕੇ ਪਾਕ ਅਲਾਇ ॥ ਉਪਰਿ ਕਲਮਾ ਨਬੀ ਦਾ ਪੜਿਆਂ ਹੋਇ ਪਾਕ ਅਉਰਾਹਿ ॥ ਇਸਰਾਈਲ ਫਰੇਸਤਾ ਜਦਿ ਫੂਕੇਸੀ ਕਰਨਾਇ ॥ ਤਿਸ ਰੋਜ਼ ਮਹਸ਼ਰ ਛੇਹੜੇ ਪਉਸੀ ਗ਼ੁਲ ਕਹਾਇ ॥ ਉਡਸੀ ਦੁਨੀਆਂ ਐਤ ਭਾਂਤ ਜਿਉਂ ਪੇਂਵੇ ਦੀ ਕਪਾਹਿ ॥ ਤਪਸਨਿ ਜ਼ਿਮੀ ਅਸਮਾਨ ਦੁਇ ਰੂਹ ਖਾਸਨਿਵਡੇ ਤਾਹਿ ॥ ਤਦ ਕਾਜ਼ੀ ਹੋਸੀ ਆਪ ਰੱਬ ਮੁਫਤੀ ਨਬੀ ਰਸੂਲ ॥ ਪੁੱਛਸਨਿ ਖੋਲ੍ਹ ਕਿਤਾਬ ਨੋਂ ਨੇਕ ਬਦਾਂ ਸਭ ਮੂਲ ॥ ਸੱਭ ਛੱਡ ਪੁੱਛਸਨਿ ਉੱਮਤੀ ਜਿਨਾਂ ਕੀਏ ਸਵਾਬ ਅਜ਼ਾਬ ॥ ਹਜਰਤ ਕਾ ਫ਼ਰਮਾਇਆ ਲਿਖਿਆ ਵਿਚ ਕਿਤਾਬ ॥ ਤਿਸ ਰੋਜ਼ ਮਹਾਮਰ ਜੇਹੜੇ ਹੋਸਨਿ ਸੋਈ ਖਰਾਬ ॥ ਜੋ ਦਿੱਤੀ ਬਾਂਗ ਨ ਜਾਗਦੇ ਸੁੱਤੇ ਪਏ ਨਪਾਕ ॥ ਮੁਤਫ਼ਿ ਬੀਏ ਰੱਬਦੇ ਦਰਤੇ ਮਿਲੀ ਤਲਾਕ ॥ ਬੇ ਨਮਾਜ਼ਾਂ ਤੇ ਸੱਗ ਭਲੇ ਜੋ ਰਹਿੰਦੇ ਰਾਤੀ ਜਾਗ ॥ ਓਇ ਕਰਨ ਅੱਲਹ ਦੀ ਬੰਦਗੀ ਵਡੇ ਤਿਨਾੜੇ ਭਾਗ ॥ ਹੱਡ ਪਲੀਤੀ ਕਾਫ਼ਰਾਂ ਪਰ ਅਉਰਤ ਨਾਲ ਮੁਹਾਬ ॥ ਓਇ ਵੇਲਾ ਵਖਤ ਨ ਜਾਨਦੇ ਨਾ ਕਿਛ ਉਮਰ ਖ਼ਿਤਾਬ ॥ ਦੋਜਕ ਸੜਦੇ ਪਾਈਐ ਤਨ ਤੇ ਸਹਿਨ ਅਜ਼ਾਬ ॥ ਅਜ਼ਰਾਈਲ ਫ਼ਰੇਸ਼ਤਾ ਆਖ਼ਰ ਕਰੇ ਖ਼ਰਾਬ ॥ ਸੂਰ ਸ਼ਰਾਬ ਹਰਾਮ ਹੈ ਬੋਜਾ ਭੰਗ ਗੁਨਾਹ ॥ ਜੀਵਣ ਸ਼ਾਮਤ ਨਫ਼ਸ ਦੀ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਪਾਸਨ ਕੱਲੇ ਸਜ਼ਾਇ ॥ ਜਵਾਬ ਬਾਬਾ ਨਾਨਕ ਸ਼ੂਰੇ ਕੀਤਾ ॥ ਹਮਦ ਸਨਾਈਂ ਰਬ ਨੋਂ ਵਾਇਦ ਲਾ ਸ਼ਰੀਕ ॥ ਅਵਤਾਰਾਂ ਪੈਕੰਬਰਾਂ ਇਕ ਸਕਿਆ ਨ ਕਰ ਤਹਕੀਕ ॥ ਲਖ ਚਉਰਾਸੀਹ ਆਲਮਾ ਕਾਨ ਹੈਵਾਨ ਨਬਾਤ ॥ ਵਾਹਿਦ ਲਾਸ਼ਰੀਕ ਹੈ ਨਿਤ ਮੁਖਹੁ ਅਲਾਵਹਿ ਜ਼ਾਪ ॥ ਵਾਹਿਦ ਲਾ ਸ਼ਰੀਕ ਹੈ ਇਕ ਕਾਦਰ ਪਾਕ ਅਲਾਹਿ ॥ ਕੁਦਰਤਿ ਲੱਖ ਰਸੂਲ ਹੈਨ ਸੱਚ ਦਰਗਾਹ ਪਾਨ ਨ ਰਾਹ ॥ ਕੱਲਾ ਇਕ ਖੁਦਾਇ ਹੈ ਕੁਦਰਤ ਕਈ ਰਸੂਲ ॥ ਜੀਵਣ ਨੀਅਤ ਰਾਸ ਕਰ ਦਰਗਹਿ ਪਵਹਿ ਕਬੂਲ ॥ ਲਿਖਿਆ ਧੁਰ ਦਰਗਾਹ ਦੇ ਏਕੋ ਪਾਕ ਖੁਦਾਇ ॥ ਦੋਇਮੁ ਹੋਆ ਨ ਹੋਇਗਾ ਜੋ ਹੋਆ ਥੀਆ ਫ਼ਨਾਹਿ ॥ ਇਸਰਾਈਲ ਫ਼ਰੇਸ਼ਤਾ ਜਦ ਫੂਕੇਸੀ ਕਰਨਾਇ ॥ ਜ਼ਿਮੀ ਅਸਮਾਨ ਇਉਂ ਉਡਸਨ ਜਿਉਂ ਪੇਂਵਾ ਪਿੰਵੇ ਕਪਾਹਿ ॥ ਮੁਫ਼ਤੀ ਕੋਈ ਨ ਰੱਬ ਦਾ ਜੋ ਖੋਲ੍ਹੇ ਪਾਸ ਕਿਤਾਬ ॥ ਯਾਰ ਨ ਕੋਈ ਅੱਲਹ ਦਾ ਜੋ ਕਰੇ ਸੁਆਲ ਜਬਾਬ ॥ ਵਾਹਿਦ ਲਾ ਸ਼ਰੀਕ ਹੈ ਕਾਜ਼ੀ ਮੁਫ਼ਤੀ ਆਪ ॥ ਆਪੇ ਖੋਲ੍ਹ ਕਿਤਾਬ ਨੋਂ ਆਪੇ ਕਰੇ ਹਿਸਾਬ ॥ ਆਪੇ ਬਖ਼ਸ਼ ਮਿਲਾਇੰਦਾ ਦੇਇ ਸਜਾਈਂ ਆਪ ॥ ਇਕੋ ਇੱਕ ਖ਼ੁਦਾਇ ਹੈ ਜਿਸਦਾ ਮਾਇ ਨ ਬਾਪ ॥ ਚਾਂਦੀ ਧੋਵੈ ਸੁਨਿਆਰ ਜਿਉਂ ਖੋਟੇ ਖਰੇ ਮਿਲਾਇ ॥ ਸਿੱਕਾ ਸੱਚ ਰਲਾਇ ਕੈ ਖੋਟੇ ਕੱਢੇ ਜਲਾਇ ॥ ਹਾਂਡੀ ਚਾੜ੍ਹ ਜਲਾਇਸੀ ਆਪ ਸੁਨਿਆਰਾ ਰੱਬ ॥ ਖੋਟੇ ਥੀਸਨ ਖਾਕੜੀ ਕਾਇਮ ਖਰੇ ਕੁਤੱਬ ॥ ਜ਼ਰਬਾਂ ਲੱਗਸਨ ਖੋਟਿਆਂ ਪਰ ਖੋਟੇ ਕਿਤੇ ਨ ਕੰਮ ॥ ਸਾਹਿਬ ਐਵੇਂ ਪਰਖਸੀ ਜਿਵੇਂ ਸਰਾਫ਼ਾਂ ਦੰਮ ॥ ਖਰੇ ਖ਼ਜ਼ਾਨੇ ਪਉਸਨੀ ਖੋਟੇ ਦਿਚਨ ਡਾਲ ॥ ਖੋਟੇ ਮਿਲਸਨ ਖ਼ਾਕ ਨਾਲ ਖਾਸੀ ਜਾਇ ਰਵਾਲ ॥ ਨਾਨਕ ਆਖੀ ਜੀਵਣਾ ਮੁਖਤੇ ਸੱਚ ਅਲਾਇ ॥ ਰੋਜ਼ ਮਹਸ਼ਰ ਡੇਹੜੇ ਪਉਸੀ ਗੁਲ ਕਹਾਇ ॥ ਹੋਸੀ ਕਿਆਮਤ ਦੁਨੀ ਪਰ ਅੰਤ ਨ ਓੜਕ ਤਾਹਿ ॥ ਤਦ ਕਾਜ਼ੀ ਮੁਫ਼ਤੀ ਕੋ ਨਹੀਂ ਕਾਜ਼ੀ ਆਪ ਅਲਾਹਿ ॥ ਖ਼ੈਰ ਹਿਸਾਬ ਨ ਹੋਸੀਆ ਰੱਬਾਨੀ ਦਰਗਾਹਿ ॥ ਤਲਬਾਂ ਪਉਸਨ ਆਕੀਆਂ ਕੀਤੇ ਜਿਨਾਂ ਗੁਨਾਹਿ ॥ ਓਇ ਪਉਸਨ ਦੋਜ਼ਕ ਹਾਵੀਏ ਗਲ ਸੰਗਲ ਰੋਇ ਸਿਆਹਿ ॥ ਨੇਕਾਂ ਅਮਲਾਂ ਵਾਲੜੇ ਦੇਖਸਨ ਪਾਕ ਅਉਰਾਇ ॥ ਬਦ ਅਮਲੀ ਬਦ ਮਾਮਲੀ ਸੇ ਹੋਸਨ ਅੰਤ ਫਨਾਹਿ ॥ ਅਮਲੀ ਸੋਫੀ ਉਤ ਦਿਹਿ ਮਿਲਿ ਕਰਸਨ ਬੈਠ ਸਲਾਹਿ ॥ ਹੋਰ ਨ ਹੋਸੀ ਪਾਸ ਕੋ ਇਕ ਹੋਸੀ ਅਲਹ ਗੁਆਹਿ ॥ ਅਮਰ ਹਯਾਤੀ ਭਿਸ਼ਤ ਵਿਚ ਪਾਸਨ ਸੱਚ ਅਲਾਹਿ ॥ ਛੁੱਟਸਨ ਸੋਈ ਨਾਨਕਾ ਮੁਰਸ਼ਦ ਜਿਨਾਂ ਪਨਾਹਿ ॥ ਹਦੀਸ ॥ ਮੁਸਲਮਾਨ ਕਹਾਵਣ ਮੁਸ਼ਕਲ ਜੇ ਹੋਇ ਤਾਂ ਮੁਸਲਮਾਨ ਕਹਾਵੈ ॥ ਅਵਲ ਅਉਲ ਦੀਨ ਕਰ ਮਿੱਠਾ ਮੁਸਲਮਾਨਾ ਮਾਲ ਮੁਸਾਵੈ ॥ ਰੱਬ ਕੀ ਰਜਾਇ ਮੰਨੈ ਸਿਰ ਉਪਰਿ ਕਰਤਾ ਮੰਨੈ ਆਪ ਗਵਾਵੈ ॥ ਹੋਇ ਮੁਸਲਮ ਦੀਨ ਮੁਹਾਣੇ ਮਰਣ ਜੀਵਣ ਕਾ ਭਰਮ ਚੁਕਾਵੈ ॥ ਨਾਨਕ ਸਰਬ

CC-0. Gurukul Kangri University Haridwar Collection. Digitized by S3 Foundation USA

ਜੀਆ ਮਿਹਰੰਮਤ ਹੋਵੈ ਤਾਂ ਮੁਸਲਮਾਨ ਕਹਾਵੈ ॥ ਆਇਤ ॥ ਮਿਹਰ ਮਸੀਤ ਸਿਦਕ ਮੁਸਲਾਹਕਹਲਾਲਕੁਰਾਨਿ ॥ ਸਰਮਸੁੰਨਤਿਸੀਲ ਰੋਜਾ ਹੋਹ ਮੁਸਲਮਾਨ ॥ ਕਰਨੀ ਕਾਬਾ ਸਚੁ ਪੀਰ ਕਲਮਾ ਕਰਮ ਨਿਵਾਜ ॥ ਤਸਬੀਸਾਤਿਸ ਭਾਵਸੀ ਨਾਨਕਰਖੈਲਾਜ ॥ ਮੁਸਲਮਾਨ ਮੁਸਾਵੈ ਆਪ ॥ ਸਿਦਕ ਸਬੂਰੀ ਕਲਮੇ ਪਾਕ ॥ ਖੜੀ ਨ ਛੋਡੈ ਪੜੀ ਨ ਚਾਇ ॥ ਸੋ ਮੁਸਲਮਾਨ ਭਿਸਤ ਕੋ ਜਾਇ ॥ ਸੂਫਾ ॥ ਹਕਿ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥ ਗੁਰਪੀਰ ਹਾਮਾ ਤਾਂਭਰੇ ਜਾਂ ਮੁਰਦਾਰ ਨਾ ਖਾਇ ॥ ਗਲੀ ਭਿਸਤਿ ਨਜਾਈਐ ਛੁਟੈ ਸਚੁਕਮਾਇ ॥ ਮਾਰਣਪਾਹਿ ਹਰਾਮਮਹਿ ਹੋਇਹਲਾਲ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ ॥ ਸੂਰਾ ॥ ਜਿਨਾਂ ਸਚਿ ਪਛਾਣਿਆ ਪਉਸਨ ਭਿਸਤੀ ਜਾਇ ॥ ਹਕ ਹਲਾਲੀ ਖਾਵਣਾ ਸਚੁ ਤਿਨਾੜੇਭਾਇ॥ ਜੋਰ ਨ ਕੀਜੈਕਿਸੀਪਰ ਉਤਮ ਮਧਿਮ ਨ ਕੋਇ ॥ ਹਿੰਦੂ ਮੁਸਲਮਾਨ ਨੋਂ ਦੁਹਾਂ ਨਸੀਹਤ ਹੋਇ ॥ ਨਸੀਹਤ ਹਿੰਦੂਆਂ ॥ ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤਵਟੁ ॥ ਏਹੁ ਜਨੇਊ ਜੀਅਕਾ ਹਈ ਤਪਾਂਡੇਘਤੁ ॥ ਨਾਇਹ ਤੁਟੈ ਨ ਮਲੁ ਲਗੈ ਨਾ ਇਹੁ ਜਲੈ ਨ ਜਾਇ ॥ ਧੰਨੁ ਸੁਮਾਣਸ ਨਾਨਕਾ ਜੋ ਗਲਿ ਚਲੇ ਪਾਇ ॥ ਹਦੀਸ ॥ ਚਉਕੜਿਮੁਲਿਅਣਾਇਆ ਬਹਿਚਉਕੈਪਾਇਆ ॥ ਸਿਖਾਕੰਨਿਚੜਾਈਆ ਗੁਰੁ ਬ੍ਰਾਹਮਣ ਥਿਆ ॥ ਓਹੁ ਮੁਆ ਓਹੁ ਝੜਿ ਪਇਆ ਵੇਤਗਾ ਗਇਆ ॥ ਆਇਤ ॥ ਲਖ ਚੋਰੀਆਲਖਜਾਰੀਆਲਖਕੂੜੀਆਲਖਗਾਲਿ ॥ ਲਖਠਗੀਆਪਹਿਨਾਮੀਆਰਾਤਿਦਿਨਸੁ ਜੀਅ ਨਾਲਿ ॥ ਤਗੁਕਪਾਹਹੁਕਤੀਐਬਾਮਣੁਵਟੇਆਇ ॥ ਕੁਹਿਬਕਰਾਰਿੰਨਿਖਾਇਆਸਭੁ ਕੋ ਆਖੈ ਪਾਇ ॥ ਹੋਇਪੁਰਾਣਾ ਸੁਟੀਐ ਭੀਫਿਰਿ ਪਾਈਐਹੋਰੁ ॥ ਨਾਨਕਤਗੁਨਤੁਟਈ ਜੋ ਤਗੁਹੋਵੈਜੋਰੁ ॥ ਨਾਇਮੰਨਿਐਪਤਿਊਪਜੈਸਾਲਾਹੀਸਚੁ ਸੂਤੁ ॥ ਦਰਗਹ ਅੰਦਰਿ ਪਾਈਐ ਤਗੁ ਨਤੂਟਸਿਪੂਤ ॥ ਤਗੁਨਇੰਦ੍ਰੀ ਤਗੁਨਨਾਰੀ ॥ ਭਲਕੇਥੁਕਪਵੈਨਿਤ ਦਾੜੀ ॥ ਤਗੁ ਨ ਪੈਰੀਤਗੁਨਹਥੀ ॥ ਤਗੁਨਜਿਹਵਾਤਗੁਨਅਖੀ ॥ ਵੇਤਗਾਆਪੇ ਵਤੈ ॥ ਵਟਿ ਧਾਗੇ ਅਵਰਾ ਘਤੈ ॥ ਲੈਭਾੜਿਕਰੇਵੀਆਹੁ ॥ ਕਢਿਕਾਗਲੁਦਸੇਰਾਹੁ ॥ ਇਵੇਖਹੁਲੋਕਾ ਏਹੁ ਵਿਡਾਣੁ ॥ ਮਨਿ ਅੰਧਾ ਨਾਉਸੁਜਾਣੁ ॥ ਜੇਮੋਹਾਕਾਘਰੁਮੁਹੈਘਰੁਮੁਹਿਪਿਤਰੀਦੇਇ ॥ ਅਗੈਵਸਤਸਿਵਾਣੀਐਪਿਤਰੀਚੋਰਕਰੇਇ ॥ ਵਢੀਅਹਿਹਥਦਲਾਲਕੇਮੁਸਫੀਏਹਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇਘਾਲੈਦੇਹਿ ॥ ਤਗੁਨ ਹਿੰਦੂਪਾਇਆਤਗੁਨਮੁਸਲਮਾਨ ॥ ਦੋਵੈਭੂਲੇ ਰਾਹਿਤੇ ਗਾਲਬ੍ਰਭਇਆਸੈਤਾਨ ॥ ਹਿੰਦੂਸੰਗਲਸੂਤਦਾਤਿਸਕਾਭਉਨਹੀਂ ਕੋਇ ॥ ਭਾਵੈਬੈਠੇਚੌਕ ਵਿਚ ਭਾਵੈਬਾਹਰਹੋਇ ॥ ਹਿੰਦੂਬਧਾਸੂਤਸਿਉਤਿਨਕਉ ਛੁਟਨ ਆਸਾਨ ॥ ਤ੍ਰਿਕਲਸੰਗਲ ਸ਼ਰੇਦਾ ਛੁਟੈ ਨਮੁਸਲਮਾਨ ॥ ਕੈਧੀਜਿਉਦਰਯਾਦੀਦੀਨਕਿਨਾਰੇਦੇਇ ॥ ਆਪੋਆਪਣੇਦੀਨਵਿਚ ਬਧੇ ਦਿਸਨ ਦੋਇ ॥ ਹਿੰਦੂ ਬੰਧਨਜੋਕ ਟੇਕੋਇ ਨਾ ਸ਼ਕੇਤੋੜ ॥ ਬੰਧਨ ਕਟੇ ਤੁਰਕਜੇਮਾਰਨ ਪਿੜਿ ਅਧੋੜ ॥ ਬੰਧਨ ਰੰਗਾ ਸੂਤਦਾ ਤੁਟੇਪਾਈਐ ਹੋਰ ॥ ਜੇਬੰਧਨਤੁ ਟੈਤੁਰਕਦਾਤਾਂ ਕਾਫ਼ਰ

CC-0. Gurukul Kangri University Haridwar Collection. Digitized by S3 Foundation USA

ਹੋਇ ਨਕੋਰ ॥ ਕਰਮੀ ਬਧੇ ਜੇ ਮਰਣ ਮਰ ਫਿਰਿ ਫਿਰਿ ਆਵਹਿ ਜਾਹਿ ॥ ਖੁਲੇ ਬੰਧਨ ਜੇ ਮਰਣ ਫਿਰ ਜਨਮ ਮਰਨਾ ਭਾਹਿ ॥ ਸੁੰਨਤ ਹਿੰਦੂ ਤੁਰਕ ਦੀ ਕਾਨੇ ਸੁਨੀਐ ਦੋਇ॥ ਸੁੰਨਤ ਬਾਝੋਂ ਜੀਵਣਾ ਹਿੰਦੂ ਤੁਰਕ ਨ ਕੋਇ॥ ਆਲਤ ਕਦੀਐ ਤੁਰਕ ਦੀ ਹਿੰਦੂ ਗੋਸ਼ ਛਿਦਾਇ॥ ਜ਼ਰਬ ਲਗਾਵਣਿ ਆਪਨੀ ਨਿਆਰਾ ਰਹਿਆ ਖੁਦਾਇ॥ ਹਿੰਦੂ ਮੁਸਲਮਾਨ ਦੋਇ ਦਰਗਹ ਲਹਿਨ ਨ ਜਾਇ॥ ਫੈਲ ਫਕਰ ਜਹਾਨ ਵਿਚ ਹਿੰਦੂ ਤੁਰਕ ਕਹਾਇ ॥ ਕਲਜੁਗ ਵਿਚ ਮਨਸੂਖ ਹੈਨ ਹਿੰਦੂ ਮੁਸਲਮਾਨ ॥ ਭੀਜਾ ਦੀਨ ਚਲਾਇਆ ਮੁਸ਼ਕਲ ਥੀਆ ਅਸਾਨ ॥ ਸੁਆਲ ਰੁਕਨਦੀਨ ਕਾਜੀ ॥ ਆਖੇ ਕਾਜੀ ਰੁਕਨਦੀਨ ਸੁਣ ਨਾਨਕ ਦਰਵੇਸ਼ ॥ ਐਥੋਂ ਕਲਮੇ ਪਾਕ ਜੋ ਸੋ ਅੱਲਹਦੇ ਦਰਵੇਸ਼॥ ਅੱਵਲ ਨਾਇ ਖੁਦਾਇਦਾ ਦੋਇਮ ਨਬੀ ਰਸੂਲ ॥ ਨਾਨਕ ਕਲਮਾ ਯਾਦਕਰ ਦਰਗਹ ਪਵੈ ਕਬੂਲ॥ ਲਿਖਿਆ ਧੁਰਦਰਗਾਹ ਦੇ ਹਿਕਸ ਬਾਝ ਨ ਕੋਇ ॥ ਕਹੈ ਮੁਹੰਮਦ ਉੱਮਤੀ ਕਲਮਾ ਪਾਕ ਬੁਗੋਇ॥ ਸਾਹਿਬ ਕਾ ਫ਼ਰਮਾਇਆ ਲਿਖਿਆ ਵਿੱਚ ਕਿਤਾਬ ॥ ਦੋਜਕ ਜਲਦੇ ਨਾ ਪਵਨ ਜੋ ਪੜ੍ਹਦੇ ਕਲਮਾਂ ਪਾਕ ॥ ਭ੍ਰੀਹੇ ਰੋਜੇ ਜੋ ਰੱਖਨੀ ਪੰਜੇ ਵਖਤ ਨਮਾਜ॥ ਭਿਸਤ ਤਿਨਾਂਕੋ ਰੋਜੜੀ ਲੱਥੇ ਸੱਭਅਜਾਬ॥ ਆਤਸ਼ਦੋਜ਼ਕਹਾਵੀਏ ਕਾਫ਼ਰ ਨਿਤ ਜਲੰਨਿ ॥ ਮੁਸਲਮਾਨ ਮੁਸੱਲਮੀ ਜੇ ਖ਼ਾਕੂਸੰਗ ਮਿਲੰਨਿ ॥ ਕਾਇਮ ਹੋਇਕਿਆਮਤੀ ਵਤ ਨ ਆਵਨ ਜਾਨ ॥ ਰੁਕਨਲ ਰੂਹ ਅਮਾਨਤੀ ਜੇ ਸਾਬਤ ਰਖੇ ਈਮਾਨ ॥ ਜਵਾਬ ਨਾਨਕ ਸ਼ਾਹ ਸੂਰਾ ॥ ਸੁਨਹੋ ਕਾਜੀ ਰੁਕਨਦੀਨ ਆਖੀ ਨਾਨਕਸ਼ਾਹ ॥ ਜਿਨਾਂ ਈਮਾਨ ਸਲਾਮਤੀ ਸੇ ਦਰਗਹ ਪਾਇਨਰਾਹ॥ ਅੱਵਲਨਾਇ ਖੁਦਾਇਦਾ ਕੇਤੇ ਨਬੀ ਰਸੂਲ॥ ਰੁਕਨਲ ਨੀਅਤਿ ਰਾਸਕਰ ਦਰਗਹਿ ਪਵੇਂ ਕਬੂਲ॥ ਲਿਖਿਆ ਦਰ ਖੁਦਾਇਦੇ ਹਿਕਸ ਬਾਝ ਨ ਕੋਇ ॥ ਦੂਜੀ ਕੁਦਰਤਿ ਸਾਜਕੈ ਰੰਗ ਦਿਖਾਏ ਦੋਇ ॥ ਇਕਦਰ ਦਾਤਿ ਲੱਖਕਰ ਲਖਹੁ ਲਖ ਅਸੰਖ॥ ਨਾਨਕਕੀਮਤਿ ਨ ਪਵੈ ਸਾਹਿਬ ਅਗਮਅਥੰਤ॥ ਆਦਮ ਹੱਵਾ ਸਿਰਜਿਆ ਕੁਦਰਤਿ ਬੰਦੇ ਦੋਇ॥ ਦੁਹੀ ਹੱਥੀ ਉਪਜੀ ਮੇਦਨੀ ਜੀਆ ਜੰਤ ਅਲੋਇ ॥ ਲੈ ਪੈਕੰਬਰ ਆਇਆ ਇਸ ਦੁਨੀਆ ਕੇ ਮਾਹਿ॥ ਨਾਉ ਮੁਹੰਮਦ ਮੁਸਤਫ਼ਾ ਹੋਆ ਬੇਪਰਵਾਹਿ ॥ ਡਿਠੀ ਅਸਚਾਰ ਕਤਾਬ ਸੋਧ ਹਿਕਸ ਬਾਝ ਨ ਕੋਇ ॥ ਵਾਹਿਦਲਾਸ਼ਰੀਕਹੈ ਦੂਜਾ ਹੋਆ ਨ ਹੋਇ ॥ ਚੌਡਸ ਚਉਦਹ ਤਬਕ ਫਿਰ ਸੂਰਤ ਨਾਹਿ ਖੁਦਾਇ॥ ਸੁਣਿ ਸਿਅਵਾਜ਼ਾ ਅਰਸਦਾ ਗ਼ੈਬੀ ਪਰਦੇ ਮਾਹ॥ ਪਰਦੇ ਅੰਦਰ ਨੂਰ ਹੈ ਬਿਅੰਤ ਆਛਤਾਬ ਮਹਤਾਬ॥ ਨਾਹਿ ਨਮੂਨਾ ਰੱਬਦਾ ਨਾਹੀਂ ਜ਼ਾਤ ਸਫ਼ਾਤ ਕਿਤਾਬ ॥ ਫਿਰ ਸੋਧਿਆਸੁ ਅੰਦਰ ਆਪਣਾ ਆਪੇ ਆਪ ਖ਼ੁਦਾਇ॥ ਪਾਕ ਪੜ੍ਹਿਓਸੁ ਕ਼ਲਮਾਂ ਹਿਕਸਦਾ ਮੁਹੰਮਦਨਾਲ ਮਿਲਾਇ॥ ਹੋਯਾ ਮਸ਼ੂਕ ਖੁਦਾਇਦਾ ਹੋਆ ਤੁਲ ਅਲਾਹਿ ॥ ਅੱਲਹਿ ਬੇਨਮੂਨ ਹੈ ਬੇ ਚਗੂਨ ਕਹਾਇ ॥ ਅੱਲਹ ਆਸ਼ਕ ਸੱਚਦਾ ਹੋਰ ਮਸ਼ੂਕ ਨ ਕੋਇ ॥ ਰਹਿੰਦਾ ਬੇਪਰਵਾਹ ਹੈ ਇਕੋ ਕਰਤਾ ਸੋਇ ॥ ਇਕ ਦਿਹਾੜੇ ਜਾਂਦਿਆਂ ਸ਼ਬ ਮੇਰਾਝੇ ਮਾਹਿ॥ ਮਨ ਵਿਚ ਖੁਦੀ ਵਿਚਾਰੀਅਸ ਮੇਰੇ ਤੁਲ ਕੋ ਨਾਹਿ॥ ਅੰਦਰ ਸ਼ਬ ਮੇਰਾਜ ਦੇ ਕੀਤੀਅਸੁ ਖ਼ੁਦੀ ਬਿਕਾਰ ॥

CC-0. Gurukul Kangri University Haridwar Collection. Digitized by S3 Foundation USA

ਅਜ਼ਰਾਈਲ ਦਿਖਾਈਅਨਿ ਕੁਦਰਤ ਸ਼ੁਤਰ ਕਤਾਰ ॥ ਹਿਕਸ ਹਿਕਸ ਸ਼ੁਤਰ ਪਰ ਤ੍ਰੈ ਤ੍ਰੈ ਹੈਂ ਸੰਦੂਕ॥ਹਿਕ ਹਿਕਹੈ ਸਰਵਾਣ ਸੰਗ ਪਉਂਦੀ ਜਾਂਦੀ ਕੂਕ ॥ ਅੱਵਲ ਆਖ਼ਰ ਦੇਖਕਰ ਹੋਇ ਰਹਿਆ ਹੈਰਾਨ॥ਕਦੀ ਰਾਹ ਨ ਖੁੱਲਈ ਚੁਕੇ ਸਾਨ ਅਸਾਨ॥ਪੁਛਿਓਸ ਜਬਰਾਈਲਨੋਂ ਕਦ ਖੁੱਲ੍ਹੇਗਾ ਰਾਹ॥ ਜਬਰਾਈਲ ਪੁਕਾਰਿਆ ਹੈਨ ਬਿਅੰਤ ਅਥਾਹ॥ ਹਉਂ ਬੀ ਪੈਦਿ ਨ ਹੋਇਆ ਅੱਗੇਹੀ ਦੇ ਖੇਲ॥ਆਮਦ ਰਫਤ ਕਦੀਮ ਹੈ ਕਦੀ ਨ ਰਹਿੰਦੇ ਮੇਲ॥ਆਖਿਆ ਜਬਰਾਈਲ ਤਬ ਖੋਲ੍ਹ ਸੰਦੂਕਾਂ ਦੇਖ॥ ਇਕਲੀਤੋਸੁ ਸ਼ੁਤਰ ਕਤਾਰ ਤੇ ਸਚ ਨਾਨਕ ਕਹੇ ਬਿਬੇਕ॥ਡਿਠੋਸੁ ਖੋਲ੍ਹ ਸੰਦੂਕ ਹਿਕ ਅੰਡੇ ਭਰੇ ਮਿਆਨ॥ਗ਼ੈਬ ਅਜ਼ਗੈਬ ਤਿਲਸਮਾਤ ਕਰਤੇ ਰਚੀ ਚਉਗਾਨ ॥ ਹਿਕ ਡਿਠਾਸੁ ਅੰਡਾ ਫੋੜਕੇ ਹੋਆ ਅੰਧ ਗੁਬਾਰ॥ ਚਾਨਣ ਫੇਰ ਦਿਖਾਇਓਨ ਵਿਚ ਵਸਦੇ ਤਬਕ ਅਪਾਰ ॥ ਹਿਕਸੇ ਹਿਕਸੇ ਤਬਕ ਵਿਚ ਕਈ ਅਸੰਖ ਅਉਤਾਰ ॥ ਕਈ ਮੁਹੰਮਦ ਮੁਸਤਫ਼ਾ ਕੁਛ ਅੰਤ ਨ ਪਾਰਾਵਾਰ ॥ ਪੁਛੇ ਮੁਹੰਮਦ ਮੁਸਤਫ਼ਾ ਇਥੇ ਪੈਕੰਬਰ ਕੋਇ ॥ ਅਗੈ ਕਹਿਣ ਪੈਕੰਬਰਾਂ ਕਈ ਅਸੰਖਾਂ ਲੋਇ॥ਡਿਠੋਸ ਸਪਤ ਪਾਤਾਲ ਫੇਰ ਡਿਠੋਸ ਸਪਤ ਅਕਾਸ ॥ ਇਕਸੇ ਇਕਸੇ ਤਬਕ ਵਿਚ ਕਈ ਰਸੂਲ ਖਵਾਸ ॥ ਫਿਰ ਆਖਿਓਸ ਮੁਹੋਂ ਕਲਾਮ ਇਹ ਵਾਹਿਦ ਲਾਸ਼ਰੀਕ॥ ਅਸੰਖ ਔਤਾਰ ਪੈਕੰਬਰਾਂ ਕਿਸੇ ਨ ਲੰਘੀ ਲੀਕ॥ ਕੇਤੇ ਨੂਰ ਮੁਹੰਮਦੀ ਡਿਠੇ ਨਬੀ ਰਸੂਲ॥ਨਾਨਕ ਕੁਦਰਤਿ ਦੇਖਕਰ ਖ਼ੁਦੀ ਗਈ ਸਭ ਭੂਲ॥ਅੱਲਹ ਵਾਲੀ ਦਰ-ਗਾਹ ਦਾ ਅੰਤ ਨਾ ਪਾਰਾਵਾਰ ॥ ਕਈ ਅਸੰਖਾਂ ਤਬਕ ਕਰ ਬਿਅੰਤ ਬੇਸ਼ੁਮਾਰ ॥ ਇੱਕੋ ਦਰ ਦਰਗਾਹ ਇਕ ਇੱਕੋ ਪਾਕ ਖ਼ੁਦਾਇ ॥ ਦੂਜੀ ਕੁਦਰਤਿ ਸਾਜਕੇ ਹੋਆ ਬੇਪਰਵਾਹਿ ॥ ਇੱਕੋ ਆਸ਼ਕ ਆਪ ਹੋਰ ਮਸ਼ੂਕ ਨ ਹੋਇ ॥ ਕੁਦਰਤਿ ਕਈ ਮਸ਼ੂਕ ਹੈ ਦਾਵਾ ਕਰਦੇ ਸੋਇ ॥ ਸਾਹਿਬ ਕਿਸੈ ਨਾ ਦੇਖਿਆ ਸਭ ਕੁਦਰਤਿਨੋਂ ਲਪਟਾਇ॥ਕੁਦਰਤਿ ਅੰਤ ਨ ਪਾਵਨੀ ਫਿਰ ਫਿਰ ਧੱਕੇ ਖਾਇ ॥ ਕੇਤੇ ਲਖ ਪੈਕੰਬਰਾਂ ਮਰ ਫਿਰ ਹੋਵੇ ਖ਼ਾਕ ॥ ਖ਼ਾਕੂ ਤੇ ਫਿਰ ਊਪਜਹਿ ਕਈ ਅਸੰਖਾਂ ਲਾਖ ॥ ਜਿਤੁ ਦਰ ਲਖ ਮੁਹੰਮਦਾ ਲਖ ਬ੍ਰਹਮੇ ਬਿਸ਼ਨ ਮਹੇਸ ॥ ਲਖ ਲਖ ਰਾਮ ਵਡੀਰੀਅਹਿ ਲਖ ਰਾਵਣ ਲਖ ਵੇਸ ॥ ਲਖ ਲਖ ਓਥੈ ਜਤੀ ਹੈਨ ਸਤੀਅਹੁ ਤੇ ਸੰਨਿਆਸ॥ਲਖ ਲਖ ਓਥੈ ਗੋਰਖਾ ਲਖ ਨਾਥਾਂ ਲਖ ਨਾਥ ॥ ਲਖ ਲਖ ਓਥੈ ਆਸਨਾਂ ਗੁਰ ਚੇਲੇ ਰਹਿਰਾਸ॥ਲਖ ਲਖ ਦੇਵੀ ਦੇਵਤੇ ਲਖਦਾਨੋ ਲਖ ਨਿਵਾਸ ॥ ਲਖਪੀਰ ਪੈਕੰਬਰ ਅਉਲੀਏ ਲਖ ਕਾਜੀ ਮੁਲਾਂ ਸੇਖ ॥ ਕਿਸੈ ਸਾਂਤ ਨ ਆਈਆ ਬਿਨ ਸਤਿਗੁਰਕੇ ਉਪਦੇਸ ॥ ਸਾਧਿਕ ਸਿਧ ਅਗਣਤ ਹੈ ਕੇਤੇ ਲਖ ਅਪਾਰ॥ਏਡ੍ਹਿਆਂ ਅਪਵਿਤ੍ਰ ਹੈਂ ਬਿਨ ਸਤਿਗੁਰਕੇ ਸਬਦ ਵੀਚਾਰ॥ ਸਿਰਨਾਥਾਂ ਕੈ ਇਕ ਨਾਥ ਸਤਿਨਾਮ ਕਰਤਾਰ ॥ ਨਾਨਕ ਤਾਕੀ ਕੀਮਤਿ ਨ ਪਵੈ ਬੇਅੰਤ ਬੇਸੁਮਾਰ ॥ ਲਖ ਧਰਤੀ ਅਕਾਸ ਹੈਨ ਪੁਰੀਆ ਲਾਖ ਅਨੰਤ ॥ ਲਖ ਲਖ ਕੂਰਮ ਮਛਿ ਕਛਿ ਲਖ ਲਖ ਭਏ ਬੈਰਾਹ॥ਲਖ ਲਖ ਉਥੈ ਨਾਰਸਿੰਘ ਬਾਵਨ ਲਖ ਅਲਾਹ ॥ ਰਾਮ ਕ੍ਰਿਸ਼ਨ ਅਗਿਨਤਿ ਹੈਂ ਬੋਧਿ ਕਲੰਕੀ ਲੱਖ ॥ ਆਵਣ ਜਾਣਾ ਹੁਕਮ ਵਿਚ ਕਰਤੇ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਆਂਖ ਫਰਕ॥ਕੇਤੜਿਆਂਅਵਤਾਰਲਖ ਬੀਤੇ ਅੰਤ ਨ ਪਾਰ॥ ਕੇਤੀ ਹੋਈਆਉ ਮੱਤੀ ਕਿਛ ਅੰਤ ਨ ਪਾਰਾਵਾਰ॥ ਲਖ ਪੀਰ ਪੈਕੰਬਰ ਅਉਲੀਏ ਗ਼ਉਸ ਕੁਤਬ ਲਖ ਪੀਰ॥ ਭਰਸਨ ਖੜੇ ਦੀਦਾਰ ਨੂੰ ਦਿੱਸਨ ਖੜੇ ਜ਼ਹੀਰ॥ ਨਾਨਕ ਸੱਚਾ ਪਾਤਸ਼ਾਹ ਸਿਰ ਸ਼ਾਹਾਂ ਪਾਤਸ਼ਾਹ॥ਕਾਇਮ ਦਾਇਮ ਕੁਦਰਤੀ ਕਾਦਰ ਬੇਪਰਵਾਹ॥ਏਹ ਮੇਆਇਨ ਆਖ ਦੇ ਬੇਦ ਪੜਹਿ ਮੁਖ ਚਾਰ॥ ਬਿਸਨ ਕਿਸਨ ਕੋਈ ਬਪੜੇ ਹੁਕਮੀ ਧਰਹਿ ਅਉਤਾਰ॥ ਸਿਵ ਪੁਕਾਰਨ ਦਰਖੜੇ ਦੇਵੀ ਦੇਵ ਅਸੰਖ॥ ਅਪੁਠੇ ਹੋਵਹਿ ਝੁਰਮਰਹਿ ਸਚ ਸਦਾ ਬਖਸੰਦ॥ ਚਾਰ ਕਤੇਬਾਂ ਸੋਧੀਆਂ ਸੋਧੇ ਚਾਰੋਂ ਬੇਦ॥ ਸੋਧੀ ਨਉਖੰਡ ਪਿਰਥਮੀ ਬਹੁ ਬਿਧ ਹੋਏ ਭੇਦ॥ ਸਾਹਿਬ ਹਿੱਕੋ ਰਾਹ ਦੁਇ ਹਿੰਦੂ ਮੁਸਲਮਾਨ॥ ਦਾਵੇ ਉਤੇ ਲੜ ਮਰੇ ਰਹਿਆ ਖੁਦਾਇ ਅਮਾਨ॥ ਨਾਨਕ ਦਾਵਾ ਛੱਡਿਆ ਜਗ ਵਿਚ ਵਰਤੈ ਖੈਰ॥ ਨਾ ਕਾਹੂੰ ਸੋ ਦੋਸਤੀ ਨਾ ਕਾਹੂੰ ਸੋ ਬੈਰ॥ ਨਾਨਕ ਆਖੈ ਰੁਕਨ ਦੀਨ ਸਚੇ ਸੁਣੋ ਜਵਾਬ॥ ਸਾਹਿਬ ਕਾਫ਼ਰ ਮਾਇਆ ਲਿਖਿਆ ਵਿੱਚ ਕਿਤਾਬ॥ ਦੁਨੀਆਂ ਦੋਜਕ ਜੋ ਸੜਨ ਸੋ ਕਿਉਂ ਕਰ ਕਲਮੇਂ ਪਾਕ॥ ਮਕਰੂਹੀ ਰੋਜੜੇ ਪੰਜ ਨਿਮਾਜ ਤਲਾਕ॥ ਲੁਕਮਾਂ ਖਾਹਿ ਹਰਾਂ ਮਦਾ ਸਿਰ ਤੇ ਚੜਹਿ ਅਜਾਬ॥ ਜੋ ਰਾਹ ਸ਼ੈਤਾਨੀ ਗੁਮਥੀ ਏ ਸੇ ਕਿਉਂ ਕਰ ਕਰਨਿ ਨਮਾਜ॥ ਆਤਸ਼ ਦੋਜਕ ਹਾਵੀਏ ਪਾਇਆ ਤਿਨਾਂ ਨਸੀਬ॥ ਭਿਸਤਿ ਹਲਾਲੀ ਖਾਵਣਾ ਕੀਤਾ ਜਿਨਾਂ ਪਲੀਤ॥ ਮੁੱਸਲਮਾਨ ਮੁਸੱਲਮੀ ਜੋ ਜੁੱਸੇ ਵਿਚ ਮਰੰਨਿ॥ ਕਾਇਮ ਹੋਇ ਕਿਆਮਤੀ ਫੇਰ ਨ ਜਨਮ ਧਰੰਨਿ॥ ਨਾਨਕ ਆਖੀ ਰੁਕਨ ਦੀਨ ਕਲਮਾ ਸਚ ਪਛਾਣ॥ ਇਕੋ ਰੂਹ ਅਮਾਨਤੀ ਜੇ ਸਾਬਤ ਰਖੇ ਈਮਾਨ॥ ਮੁਸਲਮਾਨ ਖੁਦਾਇ ਦੇ ਹਿੰਦੂ ਆਖਣ ਰਾਮ॥ ਦੁਹਾਂ ਦਾਵਾ ਪਕੜਿਆ ਗ਼ਾਲਬ ਭਇਆ ਸ਼ੈਤਾਨ॥ ਹਿੰਦੂ ਮੂਰਤਿ ਨਿਰਮਲੀ ਮੁਸਲਮਾਨੀ ਪਾਕ॥ ਅਮਲਾਂ ਉਪਰਿ ਨਿਬੜੇ ਸਹੇ ਨਿਮਾਣੀ ਖਾਕ॥ ਅਰਬਾ ਨਾਸਰ ਮੇਲ ਕੈ ਜੁੱਸੇ ਰਚੇ ਖੁਦਾਇ॥ ਆਪੇ ਸਾਜਿ ਨਿਵਾਜਦਾ ਆਪੇ ਕਰੇ ਫਨਾਹਿ॥ ਕਾਇਮ ਦਾਇਮ ਕੁਦੰਰਤੀ ਸਚੇ ਬੇਪਰਵਾਹਿ॥ ਨਾਨਕ ਸਾਹਿਬ ਏਕ ਹੈ ਹੋਰ ਸੈਤਾਨੀ ਰਾਹਿ॥ ਸਵਾ ਲਖ ਪੈਕੰਬਰਾ ਆਏ ਦੁਨੀਆਂ ਮਾਹਿ॥ ਆਪੋ ਆਪਣੀ ਨਉਬਤੀ ਸਭੋ ਚਲਾਏ ਰਾਹਿ॥ ਐਥੇ ਓਥੇ ਏਕ ਹੈ ਦੂਜਾ ਨਾਹੀ ਕੋਇ॥ ਦੂਜਾ ਆਪ ਜਨਾਇ ਕੈ ਗਈ ਸਬਹੀ ਹੋਇ॥ ਨੀਚਾਂ ਅੰਦਰ ਨੀਚ ਜਾਤ ਨੀਚੀ ਹੂ ਅਤਿ ਨੀਚ॥ ਜਿਥੈ ਨੀਚ ਸਮਾਲੀਅਨਿ ਉਥੈ ਨਦਰ ਤੇਰੀ ਬਖ਼ਸ਼ੀਸ਼॥ ਬਾਦ ਪੀਰ ਅੰਬੀ ਪਦਰ ਖਾਕਸਿ ਬਾਦਰ ਜਾਨ॥ ਦਾਈ ਦਾਇਆ ਰੋਜ ਸ਼ਬ ਖੇਲੇ ਸਗਲ ਜਹਾਨ॥ ਨੇਕੀ ਬਦੀ ਵਖਾਣੀਐ ਮਲਕ ਲ ਮਉਤ ਹਜ਼ੂਰ॥ ਅਮਲੀ ਆਪੋ ਆਪਣੀ ਕੋ ਨੇੜੈ ਕੋ ਦੂਰ॥ ਜਿਨਾਂ ਹੁਕਮ ਪਛਾਣਿਆ ਚੱਲੇ ਮਸਕਤ ਘਾਲ॥ ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲ॥ ੫॥

ਸੁਆਲ ਰੁਕਨ ਦੀਨ ਸੂਰਾ ॥ ਆਖੇ ਰੁਕਨਲ ਨਾਨਕਾ ਕਹੇ ਰਸੂਲ ਖੁਦਾਇ ॥ ਜੋ ਕੋਈ ਕਰੇ ਬੁਰਿਆਈਆਂ ਸੋਈ ਲਹੈ ਸਜਾਇ॥ ਨਾ ਮਾਈ ਨਾ ਬਾਪੜੇ ਨਾ ਭਾਈ ਨਾ ਬੀਰ॥ ਜੋ ਬਦ ਅਮਲ ਕਮਾਂਵਦੇ ਤਿਨਾਂ ਗਲੀਂ ਜੰਜੀਰ॥ ਤਿਨਾਂ ਉਪਰ ਮੁਸਤਫ਼ਾ ਭਰਹੀ ਨਾਹਿ ਸਫ਼ਾਤ॥ ਦੋਜਕ ਆਤਸ਼ ਘਤੀਅਨਿ ਤੋਬਹ ਕਰਨ ਨਪਾਕ॥ ਤੋਬਹ ਪੁਕਾਰਨ ਲਖ ਵਾਰ ਪੈ ਪਵੈ ਨ ਕੋਇ

CC-0. Gurukul Kangri University Haridwar Collection. Digitized by S3 Foundation USA

ਕਬੂਲ ॥ ਮਿਲਨ ਸਜਾਈਂ ਰੂਹ ਨੋਂ ਪੁਛੀਐ ਭੂਲ ਅਭੂਲ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ ਰੁਕਨ ਦੀਨ ਏਕੋ ਪਾਕ ਖੁਦਾਇ॥ ਆਪੇ ਬੁਰਾ ਕਰਾਇਦਾ ਆਪੇ ਭਲਾ ਕਰਾਇ ॥ ਆਪੇ ਬਖਸ ਮਿਲਾਇਦਾ ਆਪੇ ਦੇਇ ਸਜਾਇ ॥ ਇਕੋ ਇੱਕ ਵਰਤਾਇਦਾ ਹੋਰ ਕਿਸਨੋਂ ਪੁਛੋ ਜਾਇ ॥ ਹੁਕਮ ਪਛਾਣੈ ਖਸਮ ਦਾ ਆਖਾ ਸੋ ਪਰਵਾਣ ॥ ਨਾਨਕ ਤਾਕੋ ਤਾਕ ਹੈ ਇਕੋ ਰੂਹ ਅਮਾਨ॥ਬੇੜੀ ਜਿਉਂ ਦਰਯਾਦੀ ਰਹਨ ਮੁਹਾਨੇ ਪੀਰ॥ਬੰਨ੍ਹਣ ਪੰਡ ਜਕਾਤਕੀ ਬਹੁਤ ਮੁਰੀਦ ਬਿਪੀਰ॥ ਪੁੱਛਨਿ ਖੋਲ੍ਹ ਜਗਾਤੀਏ ਮੰਗਨ ਮਾਲ ਜਗਾਤ ॥ ਦੇਣੀ ਆਈ ਤਿਨਾਕੂ ਜਿਨੀ ਕਮਾਏ ਪਾਪ ॥ ਬੰਨ੍ਹਨ ਪੁਲ ਦਰੀਆਵ ਦੇ ਪਾਤਸਾਹ ਪਾਤਸਾਹ ॥ ਲੰਘੇ ਅਗਣਤੀ ਮੇਦਨੀ ਪੁਛ ਨ ਸਕੈ ਅਗਾਹਿ॥ ਲੰਘੇ ਸਬਾਹੀ ਮਤੀ ਲਖ ਅਸੰਖਾਂ ਪੂਰ ॥ ਅਮਲੀ ਆਪੋ ਆਪਣੀ ਕੋ ਨੇੜੈ ਕੋ ਦੂਰ ॥ ਜਿਨੀਂ ਨਾਮ ਧਿਆਇਆ ਸੋ ਜਗ ਵਿੱਚ ਪਾਤਸਾਹ ॥ ਅਮਲੀ ਆਪੋਆਪਣੀ ਲੇਖੈ ਮਿਲੈ ਸਜਾਇ ॥ ਕਟਿਕ ਗਏ ਘਰ ਆਪਣੇ ਪਾਤਿਸਾਹ ਗਏ ਦਰਬਾਰ ॥ ਚੋਰ ਮਿਲੇ ਵਿਚ ਬੰਦੀਏ ਰਈਯਤਿ ਗਈ ਘਰ ਬਾਰਿ॥ ਬਾਜਾਰੀ ਬਜਾਰ ਵਿਚ ਉਨਾ ਆਇ ਲਾਏ ਬਜਾਰ ॥ ਕਰਨ ਕਿਸੇ ਬਸਦਾਤੀਏ ਕਿੱਸਾ ਖਾਨੀ ਜਾਇ॥ ਨਚਨ ਭੰਡ ਅਤਾਈਆਂ ਤਾਹੇ ਸਾਂਗ ਬਣਾਇ ॥ ਵਾਚਨ ਪੰਡਤ ਪੋਥੀਆਂ ਗੀਤਾ ਭਗਵਤ ਗਾਇ ॥ ਮੁੱਲਾਂ ਪੜ੍ਹਨ ਰਸਾਲੜੇ ਕਰਨ ਸਰੋਦ ਹੂ ਹਾਇ॥ ਆਪੋ ਆਪਣੀ ਕਾਰ ਬਾਰ ਲਗੀ ਸਭਾ ਜਾਇ॥ ਪੂਰੇ ਗੁਰਮੁਖ ਭੌਜਲੋ ਲਾਇ ਚਰਨੀ ਘਤੀ ਲੰਘਾਇ ॥ ਸੁਣਹੁ ਕੰਨੀ ਪੁਰਸਲਾਤ ਵਾਲੋਂ ਨਿਕੀ ਕਹਾਇ ॥ ਖੰਡੇ ਕੋਲੋਂ ਤਿੱਖੜੀ ਅਗਿਲੋ ਹੇ ਜਿਉਂ ਤਪਤਾਇ ॥ ਭਲੇ ਵਹੈ ਨਦੀ ਪੂੰ ਰੱਤ ਦੀ ਉਥੇ ਲੇਤ ਗਿਰਾਇ ॥ ਸਰਪ ਅਠੂਹੇਂ ਵਿਚ ਫਿਰਿ ਜੋਂ ਕਟਿ ਕਟਿ ਪਾਪੀਆਂ ਖਾਹਿ॥ ਪੀਰ ਖੜੇ ਲਈ ਬੇੜੀਆਂ ਸਦ ਲੈਣ ਮੁਰੀਦ ਬੈਠਾਇ॥ਚੋਰ ਉਚੱਕੇ ਲਾਲਚੀ ਹਰਾਮ ਖੋਰ ਬਦ ਰਾਹਿ॥ ਠਗ ਬਟਪਾਰੇ ਰਾਹ ਜ਼ਨਿ ਲਾਇਤ ਬਾਰੀ ਖਾਹਿ॥ ਬੇਉਸਤਾਦ ਬੇ ਮੁਰਸ਼ਦਾਂ ਇਨਾਂ ਮਿਲਦੀ ਬਹੁਤ ਸਜਾਇ॥ ਲੂਣ ਹਰਾਮੀ ਕਿਰਤਘਨ ਤਾਂ ਓਹ ਲਗੇ ਕਰਨ ਕਹਾਇ॥ ਕੁਟਣੀਆਂ ਅਤੇ ਲੋਲੀਆਂ ਇਨਾਂ ਰੂਹਾਂ ਵੱਡੀ ਸਜਾਇ॥ ਕਰਕੇ ਜੋਰ ਗ਼ਰੀਬ ਪਰ ਮਾਇਆ ਲੈਨ ਛਿਪਾਇ॥ ਰੱਖ ਪਰਾਈ ਅਮਾਨਤੀ ਜਦ ਮੰਗੇ ਮੁੱਕਰ ਪਾਇ॥ ਖਸ ਲੈਨ ਪਰਾਈ ਜਿਮੀ ਨੂੰ ਦੇ ਵੱਢੀ ਸਚਾ ਕਹਾਇ॥ ਕਰਕੇ ਲੇਖਾ ਕੂੜ ਦਾ ਲੈਂਦੇ ਦਰਬ ਭੁਲਾਇ॥ ਇਨਾਂ ਕਉਮਾਂ ਜਾਮਨ ਕੋ ਨਹੀਂ ਤਾਰ ਉਤੇ ਦੇਨ ਚੜ੍ਹਾਇ ॥ ਕਟ ਉਤਾਰੇ ਪੁਲਸਲਾਤ ਬਹੁ ਕੂਕੇ ਕਰਹਿ ਕਹਾਇ॥ ਕਟਕੇ ਫੇਰ ਸਵਾਰੀ ਅਨਿਰਾਹਵਤ ਉਤੇਹੀ ਪਾਇ॥ ਕੇਤੇ ਅਸੰਖ ਜੁਗਾਂ ਵਿੱਚ ਭਉਜਲ ਲਹਨ ਸਜਾਇ ॥ ਬੀਤੇ ਅਸੰਖਾਂ ਚਉਕੜੀ ਫਿਰ ਸ਼ਟੀਅਨਿ ਧਰਤੀ ਪਾਇ॥ ਲਖ ਚਉਰਾਸੀ ਜੋਨ ਵਿਚ ਭੰਭਲ ਭੂਸੇ ਖਾਇ॥ ਜੂਨ ਗਉਦੀ ਭੋਗ ਕੇ ਫਿਰ ਆਦਮ ਦੇਹੀ ਪਾਇ॥ ਮਾਣਸ ਦੇਹੀ ਪਾਇਕੇ ਫਿਰ ਸਾਹਿਬ ਕਰੈ ਨ ਯਾਦ ॥ ਅੰਦਰੋਂ ਕਪਟੀ ਭਾਉ ਸੁਖ ਨਿਉਂਦਾ ਜਿਵੇਂ ਕਮਾਨ॥ ਤੋਪਚੀ ਨਿਵੇ ਬੰਦੂਕ ਲੈ ਲੈਂਦਾ ਮਿਰਗੇ ਮਾਰ॥ ਕਢੇ ਘੁੰਟ ਹਰਾਮੜੀ ਨਿਵ ਬੇਮੁਖ ਕਰਨ ਸੰਘਾਰ ॥ ਅੰਦਰਿ ਹੋਵਸ ਸੱਚ ਜੇ ਭਾਵੇਂ ਕਿ

CC-0. Gurukul Kangri University Haridwar Collection. Digitized by S3 Foundation USA

ਨਾਹਿ ॥ ਓਹਦਰਗਾਹ ਅੰਦਰ ਸੁਰਖ਼ਰੂ ਅੰਮ੍ਰਿਤਫਲਚੁਣਖਾਇ॥ਕੋਵਿਰਲਾ ਮਾਰਗ ਸੱਚਦੇ ਕੋਟੀਮੱਧੇਹੋਹਿ॥ਸੈਈਂ ਹਜ਼ਾਰੀਂ ਨਾ ਲਹਾਂ ਲੱਖੀ ਨ ਪਾਈਐ ਸੋਇ ॥ ਜਿਉਂ ਪਾਰਸ ਅੰਦਰਿ ਪੱਥਰਾਂ ਜਿਉਂ ਪਾਰਜਾਤ ਬਨਆਹਿ॥ਜਿਉਂ ਗਊਆਂ ਅੰਦਰਿ ਕਾਮਧੇਨ ਤਿਉਂ ਸਾਧੂ ਮਾਨੁਖ ਮਾਹਿ ॥ ਕੋਈ ਲਖ ਨ ਹੰਘਈ ਸਾਧੂ ਚਲਤ ਅਪਾਰ ॥ ਜੋਈਸਿਵਾਣੇ ਇਕ ਕੂ ਤਉ ਓਹਭੀ ਸਾਧ ਬਿਚਾਰ॥ ਨਾਤਰ ਸੱਭਾ ਦਰੋਬਾਜ ਬੈਠੇ ਜਾਲ ਵਿਛਾਇ॥ਮਾਯਾ ਮੂਲੋਂ ਵਿਛਾਇਕੇ ਫਿਰ ਮਾਯਾ ਲੈਨ ਫਹਾਇ॥ਸਭ ਬੈਠੇ ਜਾਲ ਵਿਛਾਇਕੇ ਕੋ ਫਾਸੇ ਐਥੇ ਆਇ॥ਇਕ ਮੁਰਗ਼ਅਵੇਹੇ ਆਂਵਦੇ ਲੈਜਾਂਦੇ ਜਾਲਉਡਾਇ॥ਬਚ ਕਚਆਪਣੇ ਵਾਸਤੇ ਸਿਰ ਲੈਂਦੇ ਪਾਪਅਫਾਰ॥ ਬਜਰ ਪਾਪ ਨ ਉਤਰਨਿ ਰਸਾਤਲ ਖੜਨ ਪਤਾਰ॥ ਕਉਡੀਤੁਲ ਹਲਾਲਦੀ ਨਹੀਂ ਦਮੜਾਕੋਟ ਹਰਾਮ ॥ ਕਉਡੀ ਅਖੁਟ ਭੰਡਾਰਹੈ ਕੋਟ ਦਰਬ ਨ ਕਤਹੂ ਕਾਮ॥ ਜੈਸੀਚਿਣਗਅਨਾਰਦੀ ਵਣਖੰਡ ਸਕਲ ਜਲਾਇ ॥ ਰੰਚਕ ਸਿਮਰਣ ਪ੍ਰਭੂ ਕੇ ਕੋਟ ਪਾਪ ਜਲਜਾਇ ॥ ਪਾਪੀ ਬਹੁ ਪਰਕਾਰ ਕੇ ਉੱਤਮ ਮੱਧਮ ਜਾਨ ॥ ਹੱਤਿਆ ਖਟਪਰਕਾਰਹੈਮਨਮਹਿਲੇਹੁ ਪਛਾਣ॥ ਗਊ ਬ੍ਰਹਮਣ ਮਾਰੀਐ ਗੋੜੀ ਹਤਿ ਕਰਾਇ ॥ ਰਿਣ ੱਤਿਆ ਕੰਨਿਆ ਹੱਤਿਆ ਵਿਸ੍ਵਾਸਘਾਤਿ ਅਧਿਕਾਇ ॥ ਕੋਟਿ ਛਿਨਵੇਂ ਪਾਪਸਮ ਹੱਤਿਆ ਏਕ ਕਹਾਇ॥ਖਟ ਹੱਤਿਆ ਕੇਤੁਲ ਹੈ ਗੁਰ ਤੇ ਸਿਖ ਫਿਰਜਾਇ॥ਵਿ ਾਸਘਾਤ ਇਕ ਕੋਟਸਮ ਹਤੇਮਾਇ ਅਰ ਬਾਪ॥ ਅਉਰ ਹੱਤਿਆ ਸਭ ਉਤਰੇ ਇਹ ਹੱਤਿਆ ਨਹੀਂ ਜਾਤਿ ॥ ਕੋਟ ਪਾਪਕੇ ਤੁਲਹੈ ਅਕਿਰਤਘਣ ਨਰਜੋਇ॥ ਮਹਾਂਪਾਤਕੀ ਜਾਣੀਐ ਜੋ ਰਵੇ ਪਰਾਈ ਨਾਰ॥ਏਸੱਭੇ ਪਾਪ ਇਕੱਠੁਕਰ ਜੇਤੇਵਰਤਨਲੋਇ ॥ਅਦਿਸ਼ਟਿ ਵੀਚਾਰੇਦੇਖਕੇ ਸਭ ਪਾਪਚੜੇ ਸਿਰਸੋਇ॥ਸਾਈਆਂ ਨਿੰਦਕ ਨਾ ਮਰੇ ਨਾ ਜੀਵੇ ਬਰਸ ਅਪਾਰ ॥ ਸਭਪਾਪੀਦਾ ਫੋੜਿਆ ਨਿੰਦਕਦੇਸਿਰਭਾਰ ॥ ਪੜ੍ਹਨ ਕੁਰਾਨ ਪੁਰਾਨਬਹੁ ਭੇਦ ਨ ਪਾਵੇਕੋਇ॥ਚਾਰ ਕਤੇਬਾਂ ਬੇਦ ਚਾਰ ਪੜ੍ਹਗੁੜ ਚੱਲੇ ਰੋਇ॥ਮੁੱਲਾਂ ਬਾਂਗ ਨਮਾਜ਼ ਕਰ ਅਹਿਨਿਸਕਰਹਿਪੁਕਾਰ ॥ ਖ਼ਲਕਭ ਕੂਕ ਸੁਣਾਇਦੇ ਲਹੈ ਨ ਆਪਨ ਸਾਰ ॥ ਪੜ੍ਹਿਆ ਨ ਪਾਵੇ ਭੇਦ ਕਿਹੁ ਬੁਝਿਆ ਸੋਈ ਪਾਇ॥ਜਿਨ ਬੂਝਿਆ ਤਿਨ ਸੂਝਿਆ ਸਾਚਾ ਇੱਕਖੁਦਾਇ॥ ਮੋਟੀ ਪਗੜੀਬੰਨ੍ਹਕੇ ਲੰਮਾ ਸ਼ਮਲਾ ਖੋਲ੍ਹ॥ ਲੁਕਮਾਂ ਖਾਵਨ ਰਿਸ਼ਵਤੀ ਕਹਿਨ ਦਰੋਗੀ ਬੋਲ ॥ਛੱਡਨ ਰਾਹ ਕਿਤਾਬਦਾ ਪੜ੍ਹਨ ਰਾਹਸ਼ੈਤਾਨ॥ਦੁਨੀਆਂਦੇਜ਼ਕਜਲਮਰਨ ਕਿਆਮਤਹੋਇ ਹਰਾਮ॥ਲਖਚਉਰਾਸੀ.ਉੱਮਤੀ ਸਿਰਜੀ ਆਪ ਅਲਾਹ॥ਗੁਨਾਗੁਨਉਪਾਇਕੇ ਕੀਤੀਅਸੁ ਫੇਰ ਸਲਾਹ ॥ ਇੱਕੋ ਪਾਕਖੁਦਾਇਹੈ ਸਿਰਸ਼ਾਹਾਂ ਪਾਤਿਸਾਹ ॥ ਬਿਨਾਵਜ਼ੀਰੇਰਾਜਹੈਅਗੰਮ ਬਿਅੰਤਅਥਾਹ॥ਦੂਜੀਕੁਦਰਤਿ ਸਾਜਕੇ ਕੀਤੀ ਆਦਮ ਰੂਪ ॥ ਕਾਨਹੈਵਾਨਨਬਾਤ੍ਰੈਸਿਰ ਤੀਨੋਂਕੇਭੂਪ॥ਖਾਸੇਬੰਦੇਕੁਦਰਤੀ ਸਿਰਜੇ ਖੁਦਕਰਤਾਰ ॥ ਸਿਫਤਕਰਨੇ ਕਿਤਾਬ ਪੜ ਸਭ ਉਪਰ ਸਿਰਦਾਰ॥ਇਕਦੂ ਆਦਮ ਲਖ ਕਰ ਲੱਖੋ ਲੱਖ ਅਸੰਖ ॥ ਇੱਕ ਜੁੱਸਾ ਰੂਹ ਇਕ ਰਾਹ ਸ਼ੈਤਾਨ ਬਿਅੰਤ ॥ ਸਭਨੀਂ ਰਾਹੀਂ ਇੱਕ ਰੱਬ ਕੁਦਰਤ ਕਈ ਰਸੂਲ ॥ ਚਾਰ ਕਤੇਬਾਂ

CC-0. Gurukul Kangri University Haridwar Collection. Digitized by S3 Foundation USA

ਕੁਦਰਤੀ ਮੰਨੇ ਪਵੈ ਕਬੂਲ ॥ ਬੰਦੇਇੱਕ ਖੁਦਾਇ ਦੇ ਹਿੰਦੂ ਮੁਸਲਮਾਨ ॥ ਦਾਵਾਰਾਮ ਰਸੂਲ ਕਰ ਲੜਦੇ ਬੇਈਮਾਨ ॥ ਜੋਰਾਂ ਕੁਫ਼ਰ ਹਰਾਮ ਹੈ ਕਿਸੇ ਨ ਕਰਹੁ ਰੰਜੂਲ ॥ ਜੇਤੀਦੁਨੀਆਂ ਬੰਦਗੀ ਦਰਗਹ ਪਵੈ ਕਬੂਲ॥ਖਾਸਾ ਜੁੱਸਾ ਆਦਮੀ ਚੁਣਿਆ ਸਭਨਾ ਮਾਂਹਿ ॥ ਦੇਵੇ ਖਬਰ ਖੁਦਾਇ ਦੀ ਬਦ ਕਤੇਬ ਸੁਣਾਇ॥ਦਾਵਾਛੱਡੋ ਮੋਮਨੋ ਦਰਗਹ ਪਵੇ ਕਬੂਲ॥ਚਾਰਕਤੇਬਾਂ ਸੋਧਕੈ ਆਪੇ ਪਾਕ ਰਸੂਲ ॥ ਇੱਕੋ ਨੂਰ ਖੁਦਾਇ ਹੈ ਇੱਕੋ ਆਦਮ ਰੂਹ॥ ਜਾਨਬੂਝ ਦਾਵਾ ਕਰਹਿ ਪਵਹਿ ਕੁਫਰਕੇ ਖੂਹ ॥ ਇੱਕੋ ਪਾਕ ਖੁਦਾਇ ਹੈ ਇੱਕੋ ਤਸਬੀ ਹਾਥ ॥ ਮਣਕੇ ਇਕਸੇ ਰੰਗ ਹੈਂ ਕੁਫਰ ਦਿਖਾਏ ਲਾਖ ॥ ਜੀਵਤਿਆਂ ਮਾਰਹਿ ਜੀਅਕਉ ਤਿਹਪਰ ਛੁਰੀ ਹਰਾਮ ॥ ਮਾਰ ਮੁਰਦਿਆਂ ਪਾਕ ਹਲਾਲ ਹੈ ਕੁੱਠੀ ਰਵਾ ਕਲਾਮ ॥ ਜਿਸਨੋਂ ਕੋਈ ਮਾਰਸੀ ਸੋ ਭੀ ਮਾਰਨਹਾਰ ॥ ਕਿਆਮਤੀ ਲੇਖਾ ਨਿੱਬੜੈ ਛੁੱਟੈ ਕਿਵੈ ਨ ਧਾਰ ॥ ਇਕਸ ਆਦਮ ਬਾਹੁਰੀ ਸੱਭੇ ਸ਼ੈਈਂ ਹਲਾਲ ॥ ਰੱਬ ਰਜਾਈਂ ਜੇਮਰਹਿ ਤਿਨਪਰ ਛੁਰੀ ਕਲਾਮ ॥ ਜਿਤਨੀ ਉੱਮਤ ਰੱਬਦੀ ਅਰਬਾਨਾਸਰ ਮਾਹਿ ॥ ਕਾਨਹੈਵਾਨ ਨਬਾਤ ਤ੍ਰੈ ਚਉਥਾ ਇਨਸ ਕਹਾਇ ॥ ਸਭਨਾਂ ਇਕਉ ਰੂਹਹੈ ਪੰਜ ਤਨ ਪਾਕ ਖ਼ੁਦਾਇ ॥ ਬਾਝੁ ਅਲਹਦੀ ਬੰਦਗੀ ਪਹਿਰੇ ਖਾਹਿ ਗੁਨਾਹਿ ॥ ਕਾਇਮ ਦਾਇਮ ਕੁਦਰਤੀ ਇਕ ਉਪਾਇ ਅਲਾਇ ॥ ਚਉਪੜ ਬਾਜੀ ਖਲਕ ਦੀ ਫਿਰ ਫਿਰ ਆਵੈ ਜਾਇ ॥ ਸੁਆਲ ਕਾਜੀ ਰੁਕਨਦੀਨ ਸੂਰਾ ॥ ਰੁਕਨਲ ਆਖੈ ਨਾਨਕਾ ਸੱਚਕਤੇਬ ਕੁਰਾਨ ॥ ਤ੍ਰੈ ਕਤੇਬ ਮਨਸੂਖਕਰ ਚੌਥਾਮੰਨ ਫੁਰਕਾਨ ॥ ਹੁਕਮ ਨ ਚੱਲੇ ਤ੍ਰਿਹਾਂਦਾ ਮੰਨਨ ਮੁਸਲਮਾਨ॥ਏਕਾਏਕੀ ਹੋਇਰਹੈ ਸਾਬਤਰਖਈਮਾਨ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੈ ਰੁਕਨਦੀਨ ਪੜ੍ਹਕੇ ਦੇਖਕਿਤਾਬ॥ ਚਾਰ ਕਿਤੇਬਾਂ ਚਾਰਜੁਗ ਚਹੁ ਮਜਹਬ ਵਿਚਆਪ॥ਚਾਰਕਤੇਬਾਂਚਹੁੰਜੁਗੀ ਵਰਤਹਿ ਆਦਿ ਜੁਗਾਦਿ ॥ ਤ੍ਰੈ ਰੱਚੀਆਂ ਭੁਹਿਰੁਕਨਦੀਨ ਤਿਸਤੇਲਗਹਿ ਅਜਾਬ॥ ਮੰਨਅਲੰਹਦੇ ਕਉਲਿ ਨੋਂ ਮੰਨਕਤੇਬਾਂਚਾਰ॥ ਅਰਬਾ ਨਾਸਰ ਮੰਨ ਤੂੰ ਜੋ ਚਾਰ ਅਲਹਦੇ ਯਾਰ ॥ ਚਾਰੇ ਕਉਲ ਖੁਦਾਇਦੇ ਚਾਰੋਂ ਮਜਹਬਏਕ ॥ ਚਉਹਾਂਵਿੱਚਖੁਦਾਇ ਹੈ ਏਕਾ ਏਕੀ ਵੇਖ ॥ ਬ੍ਰਹਮਣ ਛੱਤ੍ਰੀ ਵੈਸ਼ਸ਼ੂਦਰ ਚਾਰੋਂ ਵਰਨ ਪਛਾਣ॥ਆਪੋ ਅਪਣੀ ਨਉਬਤੀ ਚਲੇ ਬਜਾਇ ਨੀਸ਼ਾਨ ॥ ਚਾਰੇ ਜਾਗੇ ਚਹੁ ਜੁਗੀ ਚਹੁਆਂ ਚਲਾਏ ਰਾਹ ॥ ਚਾਰੇ ਵੇਖ ਜਹਾਨ ਵਿਚ ਰਖ ਈਮਾਨ ਖੁਦਾਇ ॥ ਖੁਦੀ ਨਾਕਿਸੈਮੰਟੀਆ ਕਰਦੇਖਿੱਚੋਤਾਣ ॥ ਆੜਾ ਗੋੜੀ ਨਿਤਕਰਹਿ ਹਿੰਦੂਮੁਸਲਮਾਨ ॥ ਕਾਦਰ ਕਿਨੇ ਨ ਦੇਖਿਆ ਕੁਦਰਤਿ ਗਰਬ ਗੁਮਾਨ ॥ ਦਾਵੇ ਉਤੇ ਲੜ ਮਰਹਿ ਪੜ੍ਹਨ ਕੁਰਾਨ ਪੁਰਾਨ ॥ ਕੇਤੇ ਲਖ ਪੈਕੰਬਰਾਂ ਉੱਮਤ ਲਖ ਅਲੋਇ ॥ ਕਲਮਾਂ ਇਕ ਖੁਦਾਇਹੈ ਦੂਜੀ ਦਰੋਗ਼ ਬਗੋਇ ॥ ਵਾਹਿਦਲਾਸ਼ਰੀਕ ਹੈ ਪੰਜ ਤਨ ਪਾਕ ਖੁਦਾਇ॥ਨਾਹਿ ਨਮੂਨਾ ਜਿਸਦਾ ਬੇ ਚਗੂਨ ਕਹਾਇ ॥ ਕਿਸੇ ਨਾਲ ਨਾ ਬੋਲਦਾ ਦੂਆ ਹੋਆ ਨ ਹੋਇ ॥ ਨਾਨਕ ਆਖੇ ਰੁਕਨਦੀਨ ਅੱਲਹ ਯਾਰ ਨ ਕੋਇ ॥ ਚਾਰੋਂ ਯਾਰ ਖ਼ੁਦਾਇਦੇ ਅਰਬਾਨਾਸਰ

CC-0. Gurukul Kangri University Haridwar Collection. Digitized by S3 Foundation USA

ਭਾਲ ॥ ਬਾਦੀ ਆਬੀਆਤਸ਼ੀ ਖ਼ਾਕ ਨਿਮਾਣੀ ਨਾਲ ॥ ਪੰਜਵਾਂਰੂਹ ਮਿਲਾਇਕੇ ਹੋਇਪੰਜ ਤਨ ਪਾਕ ॥ ਚਹੁ ਤੇ ਬਾਹਰ ਜੋ ਰਹੈ ਤਿਨਾਂਕਉ ਨਾਪਾਕ ॥ ਇਕਨਾਂ ਮਸ਼ਰਕ ਥਾਪਿਆ ਇਕਨਾਂ ਮੰਨਿਆ ਗ਼ਰੂਬ ॥ ਇਕ ਜਨੂਬ ਮਨਾਇਦੇ ਰਹੀ ਸ਼ਮਾਲ ਦਰੂਦ ॥ ਤ੍ਰੈਏ ਕੁੰਡਾਂ ਭਾਲੀਆਂ ਤ੍ਰੈਏ ਸੋਧੇ ਬੇਦ ॥ ਤਉਰੇਤ ਅੰਜੀਲ ਜ਼ਬੂਰਤ੍ਰੈਪੜ੍ਹਸੁਣ ਡਿਠੇ ਵੇਦ ॥ ਰਹਿਆ ਫ਼ੁਰਕਾਨ ਕਤੇਬੜੇ ਕਲਜੁਗ ਮਹਿ ਪਰਵਾਣ ॥ ਮਤਲਬ ਦੁਹਾਂ ਨ ਪਾਇਆ ਹਿੰਦੂ ਮੁਸਲਮਾਨ ॥ ਜਿਸ ਗੁਣ ਦੇਹਿ ਨ ਪਾਇਸੀ ਜਿਸ ਕਉ ਭਇਆ ਨਸੀਬ ॥ ਨਾਨਕ ਕਲਜੁਗਤਾਰਨਿਪਰਗਟਭਇਆ ਰਸੀਦ ॥ ਬੇਦ ਅਥਰਬਣ ਬਾਹਰੇ ਜੇਕੋ ਕਰਮ ਕਰੇ ॥ ਤਿਸ ਪਰ ਗ਼ਜ਼ਬ ਸ਼ੈਤਾਨ ਦਾ ਰੱਬ ਨ ਢੋਈ ਦੇਇ ॥ ਨਾਹਿ ਸੈਗੋਤ੍ਰੀ ਤਰਪਣੋਂ ਰੋਜ਼ਾਨਾਹਿ ਨਿਮਾਜ ॥ ਅਮਲਾਬਾਝੋਂ ਮੋਮਨੋਦੋਜਕ ਦੁਨੀ ਅਜਾਬ ॥ ਦੋਜਕ ਦੁਨੀਆ ਕਾਰਨੇ ਅਹਿਨਿਸ ਫਿਰਹਿ ਰੰਜੂਲ ॥ ਕਰਮ ਨਮਾਜ਼ਾਂ ਬਹੁਕਰੈ ਪਵੈ ਨ ਕਾਇ ਕਬੂਲ ॥ ਦੁਖੀ ਦੁਨੀ ਸਹੇੜੀਐ ਜਾਇ ਤ ਲਗਹਿਦੁਖ ॥ ਨਾਨਕਸਚੇਨਾਮ ਬਿਨ ਕਿਸੈ ਨ ਲੱਥੀਭੁੱਖ॥ਦੂਜੀ ਦੁਨੀਆਂਕੁਫ਼ਰ ਹੈ ਅੰਦਰ ਰਖਹਿ ਛਪਾਇ॥ ਸੱਚ ਇਸਲਾਮ ਖੁਦਾਇ ਹੈ ਕੂਕਨ ਬਾਂਗ ਅਲਾਇ ॥ ਕੂਕਨ ਢੋਲ ਵਜਾਇਕੇ ਰਬਾਬ ਮਿਰਦੰਗਾਂਨਾਲ ॥ ਨਚਨਚਨਾਮਪੁਕਾਰਦੇ ਦੇ ਦੇ ਪੂਰਹਿ ਤਾਲ॥ ਕੂਕਨ ਜੱਲੀ ਪਾਇਕੇ ਹਿੰਦੂ ਮੁਸਲਮਾਨ ॥ ਰੱਬ ਨਾ ਸੁਣਦਾ ਇਕ ਗੱਲ ਝਖ ਝਖ ਮੁਏ ਅਜਾਨ ॥ ਕਾਫ਼ਰਾਂਝੂਠੀਬੰਦਗੀਬੁਰਿਆਈ ਕਰਮਨਿਮਾਜ ॥ ਸੱਚੇਮਾਰਹਿ ਝੂਠ ਪਰ ਕਾਜ਼ੀ ਕਰਹਿਅਕਾਜ ॥ ਦੀਨਗਵਾਯਾ ਦੁਨੀਸਿਉ ਦੁਨੀ ਨ ਚਾਲੀਸਾਥ ॥ ਦੁਨੀਆ ਦੋਜਕਜਲ ਮੁਈ ਭਈ ਅਸੰਖ ਨਪਾਕ ॥ ਸ਼ਰਾ ਸ਼ਰੀਅਤ ਸੋਧਕੇ ਹਰਾਮ ਹਲਾਲ ਪਛਾਣ ॥ ਕਰੋ ਅਦਾਲਤ ਸੱਚਕੀ ਰਾਹ ਸ਼ਰੀਅਤ ਮਾਨ ॥ ਪਾਈਐਰਾਹਸ਼ਰੀਯਤੇਕਰਕੇਅਮਲਬਿਕਾਰ ॥ ਪਹੁੰਚੇਹਕਹਕੀਕਤੇ ਮਾਰਫ਼ਤੀ ਮਨਮਾਰ ॥ ਮਨ ਮੂਆ ਆਲਮ ਮੂਆ ਚਾਹਿ ਅਚਾਹਿ ਮਰ ਜਾਇ ॥ ਹੁਕਮਪਛਾਣੈਰੱਬਦਾ ਸੱਚੈਮਹਲਿਸਮਾਇ ॥ ਸੱਚ ਪੁਰਾਣਾਨਾਥੀਐ ਨਾਮ ਨ ਮੈਲਾ ਹੋਇ ॥ ਸੱਚੋ ਓਰੇ ਸਭ ਕੋ ਸਬ ਥੱਕਿ ਰਹੀਖਲੋਇ ॥ ਸੁਣੀਐਕਾਜ਼ੀਰੁਕਨਦੀਨਪੜ੍ਹਕੇਵੇਖ ਕੁਰਾਨ ॥ ਇੱਕੋਰੂਹਅਮਾਨਤੀ ਜੇ ਸਾਬਤਰਖੇਈਮਾਨ ॥ ਏਥੈ ਓਥੈ ਦੋਹੀਂ ਜਗ ਥਾਪੇ ਦੋਇ ਜਹਾਨ ॥ ਏਥੈ ਦੇਇ ਓਥੈ ਲੈ ਗੱਲਾਂ ਹੋਰ ਸ਼ੈਤਾਨ ॥ ਜੇਹਾ ਬੀਜੈ ਸੋ ਲੁਣੈ ਜੋ ਖੱਟੇ ਸੋ ਖਾਇ॥ ਅਮਲੀ ਆਪੋ ਆਪਣੀ ਲੇਖੈ ਮਿਲੈ ਸਜਾਇ ॥ ਮਿੱਟੀ ਮੁਸਲਮਾਨ ਕੀ ਪੇੜੈ ਪਈਕੁੰਭਾਰ॥ ਘੜਿ ਭਾਂਡੇ ਇੱਟਾਂ ਕੀਆਂ ਜਲਦੀ ਕਰੇ ਪੁਕਾਰ॥ ਜਲ ਜਲ ਰੋਵੈ ਬਪੁੜੀ ਝੜ ਝੜ ਪਵਹਿ ਅੰਗਾਰ॥ਨਾਨਕ ਜਿਨ ਕਰਤੇ ਕਾਰਨ ਕੀਆ ਸੋ ਜਾਣੈ ਕਰਤਾਰ ॥ ਅੱਵਲ ਦੁਸ਼ਮਨ ਨਫ਼ਸ ਹੈ ਦੂਜਾ ਹੈ ਸ਼ੈਤਾਨ ॥ ਤੀਜਾ ਦੁਸ਼ਮਨ ਦੁਨੀਹੈ ਕਰਦੀ ਗਰਬ ਗੁਮਾਨ॥ ਚਉਥਾ ਦੁਸ਼ਮਨ ਖ਼ਾਬਹੈ ਜਪਨ ਨ ਦੇਂਦੀ ਨਾਮ ॥ ਪੰਜਵਾਂ ਦੁਸ਼ਮਨ ਕੋੜਮਾ ਜਿਸ ਸੇਤੀ ਗਲਤਾਨ ॥ ਛੇਵਾਂ ਦੁਸ਼ਮਨ ਤਾਂਮਹੈ ਜਿਸ ਬਾਝੋਂ ਹੈਰਾਨ॥ ਨਾਨਕ ਏਤੇ ਵੈਰੀ ਹੁੰਦੇ ਸੋ ਕਿਉਂਕਰ ਰਹੇਈਮਾਨ॥

CC-0. Gurukul Kangri University Haridwar Collection. Digitized by S3 Foundation USA

ਸਾਬਤ ਰੱਖਨ ਰੂਹ ਨੋਂ ਤਉ ਸਾਬਤ ਈਮਾਨ ॥ ਓਹ ਹੋਨ ਮੁਸੱਲਮ ਕਿਆਮਤੀ ਤਉਹੀ ਮੁਸਲਮਾਨ ॥ ਪੰਜ ਹਵਾਸ ਖਵੀਸ ਹਨ ਸਾਬਤ ਕਰਨ ਨ ਦੀਨ ॥ ਰੂਹ ਨ ਕਾਇਮ ਲੈ ਉਡਣ ਅਮਲਾਂ ਬਾਝੂ ਹੀਨ ॥ ਸਾਹਿਬ ਕਾ ਫਰਮਾਇਆ ਲਿਖਿਆ ਵਿਚ ਕਿਤਾਬ ॥ ਬਿਨਾ ਇਬਾਦਤ ਬੰਦਗੀ ਹੋਰ ਅਮਲ ਨ੍ਹੈਤਾਨ॥ਨਾਨਕ ਨਾਉਂ ਖੁਦਾਇਦਾ ਦਿਲਹਛੇ ਮੁਖਲੇਇ॥ ਅਵਰ ਦਿਵਾਜੇ ਦੁਨੀਕੇ ਝੂਠੇ ਅਮਲ ਕਰੇਇ॥ਖ਼ਾਕੀ ਬੁਤਬਣਾਇਆ ਖ਼ਾਕੇ ਮਿਲਸੀ ਜਾਇ ॥ਜੀਵਤ ਖ਼ਾਕੀ ਹੋਇ ਰਹੈ ਫਿਰ ਖ਼ਾਕ ਨ ਤਿਸੈ ਖਾਇ ॥ ਕੇ ਲੈ ਆਯੋ ਮੋਮਨੋਂ ਫਿਰਤੂੰ ਕੇ ਲੈ ਜਾਇ॥ਥੋਰੈ ਜੀਵਨਕਾਰਣੇ ਬੁਰੇ ਨ ਅਮਲ ਕਮਾਇ ॥ ਨਾਨਕ ਦੁਨੀਆਂ ਭਸੁ ਰੰਗ ਭਸੂਹੂ ਭਸ ਖੇਹ॥ਭਸੋ ਭਸ ਕਮਾਈਐ ਭੀ ਭਸਭਰੀਐ ਦੇਹ॥ਜਾਂ ਰੂਹ ਵਿਚੋਂ ਕਢੀਐਭਸੂਭਰਿਆ ਜਾਇ॥ ਆਗੈ ਲੇਖੈ ਮੰਗੀਐ ਹੋਰ ਦਸੂਣੀ ਪਾਇ ॥ ੮ ॥ ਸੁਆਲ ਕਾਜ਼ੀ ਰੁਕਨਦੀਨ ਸੂਰਾ ॥ ਆਖੈ ਰੁਕਨਲ ਨਾਨਕਾ ਲਿਖਿਆ ਵਿੱਚ ਕੁਰਾਨ ॥ ਆਇਆ ਮੁਹੰਮਦ ਮੁਸਤਫ਼ਾ ਖਾਸਾ ਮੁਸਲਮਾਨ ॥ ਜੁੱਸਾ ਧਰਿ ਉਸ ਪਾਕ ਦਾ ਸਾਯਾ ਉਸ ਨ ਮੂਲ॥ ਸਾਯਾ ਜੁੱਸੀਂ ਸਭਨੀ ਬਾਝੂ ਪਾਕ ਰਸੂਲ ॥ ਨੂਰੀ ਜੁੱਸਾ ਨਬੀ ਦਾ ਮੱਖੀ ਬਹੇ ਨ ਮੂਲ ॥ ਕਾਇਮ ਰਹਿਸੀ ਕਿਆਮਤੀ ਸਾਹਿਬ ਨਬੀ ਰਸੂਲ ॥ ਦੁਨੀਆਂ ਅੰਦਰ ਆਇਆ ਦੌਰ ਕਿਆਮਤੀਮਾਹਿ॥ ਕਲਮਾ ਪਾਕ ਸੁਨਾਇਆ ਉਮਤੀ ਭਿਸਤ ਕਰਾਹਿ ॥ ੯ ॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਰੁਕਨਦੀਨ ਨੂਰੀ ਇਕ ਖੁਦਾਇ॥ਜੁੱਸਾ ਉਸਦਾ ਆਤਸ਼ੀ ਮੱਖੀ ਬਹੇ ਨ ਕਾਇ॥ਖ਼ਾਕੀ ਜੁੱਸਾ ਆਦਮੀ ਸਾਏ ਬਿਨਾ ਨ ਕੋਇ॥ਜਿਨ੍ਹਾਂ ਸਾਯਾ ਰੱਬਦਾ ਰਹੇ ਨਿਮਾਨੇ ਹੋਇ ॥ ਕਾਇਮਨਾਉ ਕਿਆਮਤੀ ਜੁੱਸਾ ਰਲਸੀ ਖ਼ਾਕ॥ਨਾਨਕ ਆਖਾ ਦੁਨੀ ਵਿਚ ਮੁਖੋਂ ਅਲਾਇ ਤਾਕ॥ਕਲਮਾ ਇੱਕੋ ਰੱਬਹੈ ਦੂਜਾ ਰਹਿਆਨ ਕੋਇ॥ਸਿਫ਼ਤੀ ਕਈ ਮੁਹੰਮਦੀ ਚਲੇਸੱਭੇ ਰੋਇ॥ਕਾਇਮਦੇਹ ਨ ਰੱਖੀਆ ਜਗਵਿੱਚ ਕਿਸੇ ਨ ਮੂਲ॥ ਨਾਉਂ ਇਬਾਦਤ ਬੰਦਗੀ ਰੱਖਿਆ ਨਬੀ ਰਸੂਲ ॥ ਜਿਚਰ ਜੁੱਸਾ ਨਬੀਦਾ ਕਰੇ ਨ ਉਮਤੀਪਾਪ ॥ ਕੀਤਾ ਸਫ਼ਰ ਰਸੂਲ ਜਬਰਹਿਆਸੁਆਲਹਿ ਪਾਕ॥ਬੋਲਨਕੂੜਅਮਿੱਤਿਆ ਦੁਨੀਆਂਲਾਲਚਭੂਲ॥ਵਰਜਨ ਸੱਕ ਨ ਉੱਮਤੀਬਾਝੋਂ ਨਬੀ ਰਸੂਲ ॥ ਰਹੀ ਕਿਤਾਬ ਅਮਾਨਤੀ ਸਚ ਕਿਤੇਬ ਕੁਰਾਨ ॥ ਨਫ਼ਸੇ ਮਾਰਿਆ ਉੱਮਤੀ ਲਗ ਦੋਜ਼ਕ ਦੁਨੀ ਹਰਾਮ ॥ ਪੜ੍ਹਨਾ ਗੁੜ੍ਹਨਾ ਰਹਿਗਿਆ ਘੇਰੇ ਦੁਨੀ ਨਪਾਕ॥ਰੂਹ ਵਿਚ ਦੋਜ਼ਕ ਜਲਮੂਆ ਜਲਤ ਪੁਕਾਰੇ ਖ਼ਾਕ ॥ ਜੀਵਤੇ ਰੱਦੇ ਆਤਸ਼ੇ ਦੋਜ਼ਕ ਧਰਿਆ ਨਾਉਂ ॥ ਦੋਜਕ ਦੁਨੀਆਂ ਬੰਦਗੀ ਜਿਉਂ ਅਗਨਿਝਲੂਠੇ ਕਾਉ॥ਰੱਖਨਜੁੱਸਾ ਪਾਕਬਹੁ ਅੰਦਰੋਂ ਮੈਲ ਨਜਾਇ ॥ ਵਾਤ ਤਿਨਾੜੇ ਕਿਰਬਤੀ ਬਾਝ ਇਬਾਦਤ ਨਾਹਿ॥ਚਾਰ ਕਤੇਬੀਂ ਇੱਕ ਹੈ ਚਾਰੋਂ ਕਉਲ ਖ਼ੁਦਾਇ॥ਚਾਰੋਂ ਕਦਮ ਸਬਾਬ ਦੇ ਕਾਜ਼ੀ ਦਿਲਵਿਚ ਲਾਇ ॥ ਅਵਲ ਦੁਨੀ ਮੁਸੱਲਮੀ ਦੂਜੀ ਖਰਾਇਤ ਜਾਨ॥ਤੀਜੀ ਨੀਯਤ ਰਾਸ ਕਰ ਹਰਾਮ ਹਲਾਲ ਪਛਾਣ॥ਚਉਥਾ ਹੋਇ ਮਹਿਮਾਨ ਰਹੁ ਜਨਮਮਰਨਭਉ ਡਾਰ॥ਹੋਇਸਵਾਬ ਮੁਸੱਲਮੀ ਜੁਮਲੀ ਉੱਮਤਤਾਰ॥ਚਾਰ ਵਰਨ ਚਾਰ

CC-0. Gurukul Kangri University Haridwar Collection. Digitized by S3 F

OF INTERNET // ABHINAV GAUR //

ਮਜ਼ਹਬਾ ਇਕੋ ਨੂਰ ਖੁਦਾਇ॥ਦੂਜਾਹੋਯਾਨਹੋਇਗਾ ਨਾਨਕ ਸੱਚਅਲਾਇ॥ ਨਾਨਕ ਆਖੇ ਰੁਕਨਦੀਨ ਸੱਚਾ ਸੁਣਹੁ ਜਵਾਬ॥ਚਾਰੋਂ ਕੂਟ ਸਲਾਮ ਕਰ ਤਾਂਤੁਹਿ ਹੋਹਿਸਵਾਬ ॥ ਖਾਲਕ ਆਦਮ ਸਿਰਜਿਆ ਆਲਮ ਵੱਡਾ ਕਬੀਰ॥ਕਾਇਮ ਦਾਇਮ ਕੁਦਰਤੀ ਸਿਰ ਪੀਰਾਂਦੇਪੀਰ ॥ ਤਿਸਵਿਚ ਆਲਮ ਬਹੁਤਹੈ ਆਵੇਜਾਇਅਨੰਤ॥ ਆਲਮ ਵਡਾਸਲਾਮਤੀ ਕੋਇ ਨ ਜਾਨੈ ਅੰਤ ॥ ਆਫ਼ਤਾਬ ਮਹਿਤਾਬ ਦੁਇ ਏਹ ਆਦਮਕੇਨੇਤ॥ਇਨ੍ਹਾਂਬਾਝ ਨ ਸੁਝਈਨਾਨਕਕਹੇ ਬਿਬੇਕ॥ਚਰਖ ਫਿਰੇ ਅਸਮਾਨ ਵਿਚ ਰੈਨ ਦਿਵਸਕੇ ਮਾਹਿ॥ਸਭੋ ਫਿਰਤੀਆਂ ਉੱਮਤੀ ਲੱਖ ਚਉਰਾਸੀਆਹਿ॥ਸਯਦੇਕਰੇਖੁਦਾਇਨੂੰ ਆਲਮਵਡਾਕਬੀਰ॥ਨਿਉਂਦਾਚਾਰੋਕੂਟਕੋਜਾਨਣ ਪੀਰਫਕੀਰ ॥ ਕਾਇਮਕੁਰਸੀਅਰਸ਼ਹੈ ਕੁਤਬ ਸਤਾਰਾਏਕ ॥ ਤੁੰਭੀ ਕਾਇਮ ਰੁਕ ਨਦੀਨ ਜੋ ਸਭਮਹਿ ਜਾਣਹਿ ਏਕ ॥ ਕਾਰਨ ਨਫ਼ਸਸ਼ੈਤਾਨਦੇ ਕਸਮਾਂਕਰੇ ਹਜ਼ਾਰ॥ਰੋਜਕਿਆਮਤ ਡੇਹੜੇ ਕਰਸਨ ਅਮਲ ਖੁਆਰ ॥ ਵੇਖ ਫ਼ਉਰੇਤ ਅੰਜੀਲਨੂੰ ਜੰਬੂਰੇ ਫੁਰਕਾਨ ॥ ਏਹੋਚਾਰ ਕਤੇਬ ਹੈਨ ਨਾਲ ਪੁਰਾਨ ਕੁਰਾਨ ॥ ਝੂਠੀ ਕਸਮ ਕਤੇਬਦੀ ਕਰਹੁਨਕੋਇ ਕਬੂਲ॥ ਐਸੀ ਰਹਿਨੀ ਜੋ ਰਹੈ ਸਾਈ ਪਾਕ ਰਸੂਲ ॥ ਖਾਵਣਕਸਮ ਕੁਰਾਨਦੀ ਕਾਰਨ ਦੁਨੀ ਹਰਾਮ॥ ਆਤਸ਼ ਅੰਦਰ ਸਾਫ਼ੀਅਨ ਆਖੇ ਨਬੀ ਕਲਾਮ ॥ ੧੦ ॥ ਸੁਆਲ ਕਾਜੀ ਰੁਕਨਦੀਨਸੂਰਾ ॥ ਸੁਣਹੁ ਨਾਨਕ ਹਿੰਦੂਆ ਆਖੀ ਰੁਕਨਲਦੀਨ ॥ਆਯਾਮੁਹੰਮਦਮੁਸਤਫ਼ਾਸਾਬਤ ਕਰਨ ਯਕੀ ॥ ਸਾਬਤ ਕੀਤੋਸੁ ਦੀਨਨੋਂ ਪੜ੍ਹਕਰ ਕਲਮਾਂ ਪਾਕ॥ ਕਾਫਰ ਸਾਬਤ ਨ ਥੀਏ ਵਿਚ ਆਤਸ਼ ਜਲਨ ਨਾਪਾਕ॥ਹੂਰਾਂ ਪਰੀਆਂ ਭਿਸਤਤੇ ਹੋਇ ਨ ਉਹ ਮਹਰੂਮ॥ ਪਉਸਨਦੋਜ਼ਕ ਹਾਵੀਏ ਸੁਣਸੀ ਨਬੀ ਨ ਧਰੂਮ ॥ ਮੁਸਲਮਾਨੀ ਪਾਕ ਹੈ ਪੜ੍ਹਨ ਕਤੇਬ ਕੁਰਾਨ ॥ ਕਰਨ ਨਮਾਜ਼ਾਂ ਰੋਜੜੇ ਦੋਜ਼ਕ ਭਿਨਾਂ ਹਰਾਮ ॥ ੧੧ ॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੀ ਨਾਨੰਕਰੁਕਨਦੀਨ ਸਚੇਸੁਣਹੁ ਜਵਾਬ॥ ਕਈ ਮੁਹੰਮਦਮੁਸਤਫ਼ਾ ਮੋਏਵਿਚ ਅਜ਼ਾਬ ॥ਸਾਬਤ ਦੀਨ ਨ ਕਰਸੱਕਿਆ ਮਰ ਮਰ ਹੋਏਖਾਕ॥ ਖਾਕੂ ਫੇਰ ਜਲਾਈਆਂ ਘੜ ਘੜ ਭਾਂਡੇ ਪਾਕ॥ ਇਕਨਾਂ ਦੁਧ ਸਮਾਈਐ ਇਕਨਾਂ ਵਿਚ ਪੇਸ਼ਾਬ ॥ ਗੁਨਾ ੂਨ ਨਿਆਮਤੀਂ ਕਈ ਇਲਾਮਤ ਸਾਜ ॥ ਮਿੱਟੀ ਮੁਸਲਮਾਨ ਦੀ ਵਿਚ ਆਤਸ਼ ਲ ੇ ਅਜ਼ਾਬ॥ ਕਲਮਾਂ ਰਹਿਆ ਕਿਨਾਰੜੇ ਜਲ ਬਲ ਹੋਏ ਖ਼ਾਕ॥ਆਤਸ਼ਬਾਝ ਨ ਸੁੱਧਰੇ ਕੇਤੇ ਨਬੀ ਰਸੂਲ॥ਜਲਦੇ ਦੋਜਕ ਹਾਵੀਏ ਤੋਬਾ ਨ ਪਵੇ ਕਬੂਲ ॥ ਕਿੱਥੇਨਮਾਜ਼ਾਂ ਰੋਜੜੇ ਕਿਥੇਸੁਭਿਸ਼ਤਾਂਹੂੰਰ॥ ਕਿਥੇਸੇ ਪੜ੍ਹਨ ਕੁਰਾਨੜੇ ਜਲ ਬਲ ਹੋਏ ਧੂਰ ॥ ਅੱਗੈ ਨ ਮੁਸਲਮਾਨੜੀ ਕਾਫ਼ਰ ਨਾਹਿ ਦਿਸੰਨ ॥ ਜਲਦੇ ਦਿੱਸਨ ਦੋਵਹੇ ਖਾਕੂ ਵਿੱਚ ਮਿਲੰਨ॥ ਖੁਦੀ ਤਕੱਬਰੀ ਕਰਮੂਏ ਸਾਬਤ ਭਇਆ ਨ ਦੀਨ ॥ ਦੁਨੀਆਂ ਦੋਜ਼ਕ ਜਲ ਮਰਨ ਸੇ ਕਿਉਂਕਰ ਕਰੇ ਯਕੀਨ॥ਲਿਖਿਆ ਦਰਦਹਗਾਹਦੇਇਕਸ ਬਾਝ ਨ ਕੋਇ॥ ਕੇਤੇ ਲੱਖ ਮੁਹੰਮਦੀ ਢੋਈ ਲਹਿਨ ਨ ਹੋਇ ॥ ਰੋਂਦੀ ਡਿੱਠੀ ਏਮਨਾ ਵਾਇ ਮੁਹੰਮਦ ਵਾਇ॥ਬਾਝਮੁਹੰਮਦਮੁਸਤਫ਼ਾ ਰੋਵੇਹਾਇਹਾਇ॥ਆਈ ਅੰਦਰ ਖਾਬਦੇ ਡਿੱਠੀਅਸ

CC-0. Gurukul Kangri University Haridwar Collection. Digitized by S3 Foundation USA

ਦਰਗਹਨੂਰ॥ਦਿਸ ਨ ਆਇਓ ਮੁਸਤਫ਼ਾ ਰੋਇਰੋਇ ਭਈਮਨੂਰ॥ਕੀਤੋਸੁ ਫੇਰ ਅਵਾਜੜਾ ਹਾਇ ਮੁਹੰਮਦ ਹਾਇ॥ਮੈਨੂੰ ਦੇਹਜਵਾਬ ਪੁੱਤ੍ ਰੋਵੈਕਰੇ ਕਹਾਇ॥ ਕੇਤੇਲੱਖ ਮੁਹੰਮਦਾ ਅੱਗੋਂ ਉਠੇਪੁਕਾਰ॥ਕੇਹੜਾ ਪੁੱਛਦੀਏਂ ਮੁਸਤਫ਼ਾ ਫਿਰਹਿ ਅਸੰਖਅਪਾਰ॥ ਓੜਕ ਅੰਤ ਨ ਪਾਈਐ ਕੇਤੇ ਜਬਰਾਈਲ॥ ਸੱਭੋ ਅੰਦਰ ਹੁਕਮਦੇ ਕੇਤੇ ਮੇਕਾਈਲ॥ ਕਈ ਅਸੰਖ ਫਰੇਸ਼ਤੇ ਮਲ ਕਲ ਮਉਤ ਬਿਅੰਤ॥ ਤਰਸਨ ਸਚ ਅਲਾਹਿਤੇ ਰਾਖਸ ਜਿੰਨ ਅਸੰਖ॥ ਡਿੱਠੋਸੁ ਏਹ ਮਸ਼ਾਹਦਾ ਹੋਇਰਹੀਹੈਰਾਨ॥ਏਥੇਕੋਈ ਨ ਜਾਣਦਾ ਦੁਨੀਆਂਫ਼ਾਨੀਜਹਾਨ॥ਹੂਰਾਂਭਿਸ਼ਤ ਨ ਦਿੱਸਨੀ ਦੋਜ਼ਕ ਦਿਸੇ ਨ ਕੋਇ॥ਜੀਂਵਦਿਆਂਦੀਸਾਹਿਬੀ ਮੁਇਆਂ ਖਬਰ ਨ ਹੋਇ॥ ਮੋਏ ਖ਼ਾਕੂ ਰੰਗ ਮਿਲੇ ਅਰਬਾ ਨਾਸਰ ਮਾਹਿ॥ਸੋ ਭੀ ਫੇਰ ਜਮਾਈਓਨਿ ਗੂਨਾ ਗੂਨ ਰੁਆਹਿ॥ ਕੂਕਾਦਾਵਾ ਰਹਿ ਗਇਆ ਬਾਦਮਰੇ ਸੰਸਾਰ॥ ਹਿੰਦੂ ਮੁਸਲਮਾਨ ਦੁਇ ਜਲਬਲ ਹੋਇ ਛਾਰਿ॥ ਦੂਜਾ ਆਖਨ ਸ਼ੱਕਹੈ ਨਾ ਕੋ ਹੋਆ ਨ ਹੋਇ॥ਇੱਕੋ ਪਾਕ ਖੁਦਾਇਹੈ ਰਵਿਰਹਿਆ ਸਭਲੋਇ॥ ਨਹੀਂ ਮੁਹੰਮਦ ਮੁਸਤਫ਼ਾ ਨਾਹੀਂ ਕੋ ਅਉਤਾਰ॥ ਨਹੀਂ ਪੀਰ ਪੈਕੰਬਰ ਅਉਲੀਏ ਗ਼ਉਸ ਕੁਤਬ ਸਾਲਾਰ॥ਜੀਂਵਦਿਆਂ ਸਭਦਿਸਨੀਮੁਇਆਂ ਦਿੱਸੇਨਕੋਇ॥ ਨਾਨਕ ਕਾਜ਼ੀ ਕੂੜਦੀ ਆਖਰ ਕੂੜੀ ਹੋਇ॥ਏਹ ਸਭ ਜੁੱਸੇ ਖਾਕਦੇ ਧਰਤੀ ਅਤੇ ਅਸਮਾਨ॥ਚਉਦਹ ਤਬਕ ਨ ਰਹਿਸਨੀ ਆਖ਼ਰ ਫ਼ਾਨੀ ਜਾਨ॥ ਬਾਦੀ ਆਬੀ ਆਤਸ਼ੀ ਚਉਥੀ ਖ਼ਾਕੀ ਨਾਲ॥ ਮਰਮਰ ਫਿਰ ਫਿਰ ਉਪਜਨੀ ਜੀਅਜੰਤ ਵਸਕਾਲ॥ਏਹ ਸਭ ਬੰਦੇਹੁਕਮਦੇ ਹੁਕਮੀ ਆਵਨ ਜਾਨ॥ ਹੁਕਮ ਨ ਬੁਝਨ ਨਾਨਕਾ ਖਪ ਖਪ ਮਰਨ ਅਜਾਨ॥ ੧੨॥

ਸੁਆਲ ਕਾਜ਼ੀ ਰੁਕਨਦੀਨ ਸੂਰਾ॥ ਆਖੀ ਰੁਕਨਲ ਨਾਨਕਾ ਲਿਖਿਆ ਵਿੱਚ ਕੁਰਾਨ॥ਚਉਦਹਤਬਕਜਹਾਨਵਿਚ ਜਿਮੀ ਅਤੇ ਅਸਮਾਨ॥ਤਿਸਵਿੱਚਨੂਰ ਮੁਹੰਮਦੀ ਰੌਸ਼ਨਬ ਚਰਾਗ॥ਜਿਤੀ ਉੱਮਤ ਨਬੀਦੀ ਤਿਨ੍ਹਾਂਦੋਜ਼ਕ ਆਂਚ ਨ ਲਾਗ॥ ਰਹੇਕੁਰਾਨੋਂਬਾਹਰੇਤਿਨਾਂ ਨਬੀ ਨ ਭਰੇਸਫ਼ਾਤ॥ ਓਹ ਪਾਕਾਂਵਿਚ ਨ ਲਿਖਿਅਨ ਰਹੇ ਸਦਾ ਨਾਪਾਕ॥ ੧੩॥ ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖੀ ਰੁਕਨਦੀਨ ਸੱਚਾ ਸੁਣਹੁ ਸੁਆਲ॥ ਅਸਮਾਨਾ ਅਸਮਾਨ ਲਖ ਲਖਪਾਤਾਲਾਂਪਾਤਾਲ॥ ਕੇਤੇ ਨੂਰ ਮਹੰਮਦੀ ਰੌਸ਼ਨ ਬਲੇ ਚਰਾਗ॥ ਜੋ ਲੋੜਦੇ ਦੁਨੀਆਂ ਦਾਵੜੇਵਿਚ ਸੜਦੇ ਦੋਜ਼ਕ ਆਗ॥ ਗੂਨਾ ਗੂਨ ਕੁਰਾਨੜੇ ਗੂਨਾ ਗੂਨ ਰਸੂਲ॥ ਗੂਨਾ ਗੂਨੀ ਉੱਮਤੀ ਬਹਿਬਹਿ ਕਰਨ ਮਲੂਲ॥ਨੂਰ ਮੁਹੰਮਦ ਕੇਤੜੇ ਪੀਰ ਮੁਹੰਮਦ ਲੱਖ॥ ਲੱਖ ਮੁਹੰਮਦ ਮੁਸਤਫ਼ਾ ਵਿਚ ਹੋਏ ਅੱਖ ਫਰੱਕ॥ ਨਾਵਾਂ ਥਾਂਵ ਨ ਗਿਣਸਕਾਂ ਡਿੱਠੇਨਬੀਰਸੂਲ॥ ਮਜ਼ਹਬ ਕਈ ਅਸੰਖ ਲੱਖ ਗਿਣੇ ਨ ਜਾਹੀ ਮੂਲ॥ਮੱਕੇਡਿੱਠੇ ਕਈਲੱਖਲੱਖ ਮਦੀਨੇਨਾਲ॥ ਹਾਜੀ ਕਈ ਅਸੰਖ ਲੱਖ ਲੱਖ ਗੂਨਾ ਗੂਨ ਸੰਭਾਲ॥ ਬੇਦ ਬਿਆਸ ਅਸੰਖ ਲੱਖ ਕਰਦੇ ਬੇਦ ਬੀਚਾਰ॥ਇਕਸੇ ਇਕਸੇ ਤਬਕ ਵਿੱਚ ਕਈ ਅਸੰਖ ਅਉਤਾਰ॥ ਲਖ ਅਸੰਖਾਂ ਤਬਕ ਵਿਚ ਕੇਤੜਿਆਂ ਅਵਤਾਰ॥ ਪੀਰ ਪੈਕੰਬਰ ਕੇਤੜੇ ਗ਼ਉਸ ਕੁਤਬ ਸਾਲਾਰ॥ ਫਿਰਨ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR

ਤਬਕ ਅਸਮਾਨ ਵਿਚ ਚਸ਼ਮੀ ਦੇਖ ਪਸਾਰ ॥ ਉਥੇ ਪਕੰਬਰ ਕਈ ਲੱਖ ਕਈ ਲੱਖ ਅਸੰਖ ਅਉਤਾਰ॥ ਫਿਰਦੇ ਰਹਿੰਦੇ ਰੋਜ਼ਭੀਹੁਕਮ ਅੱਲਾਦੇਨਾਲ॥ਅਸੰਖਅਉਤਾਰਪੈਕੰਬਰਾਂ ਫਿਰਦੇ ਹੇਠ ਪਤਾਲ ॥ ਰੁਕਨਲ ਕਾ ਸ਼ੀ ਕੇਤੜੇ ਮੋਨ ਦੀਨ ਮਾਦਾਰ ॥ ਹਜ਼ਰਤ ਪੀਰਾਂ ਕੇਤੜੇ ਪੀਰਾਂ ਦੇ ਸਰਦਾਰ ॥ ਸ਼ਾਹ ਸ਼ਹੀਦਾਂ ਕੇਤੜੇ ਸਰਵਰ ਅੰਤ ਨ ਪਾਰ ॥ ਉਮਰ ਖ਼ਤਾਬਾਂ ਅਬੂਬਕਰ ਸ਼ੇਰ ਅਲੀ ਅਪਾਰ ॥ ਡਿਠੇ ਲੱਖ ਅਸਮਾਨ ਮੈਂ ਚਾਰੇ ਯਾਰ ਅਸੰਖ ॥ ਨਾਨਕ ਅੰਤ ਨ ਜਾਪਨੀ ਅਲਖਅਪਾਰ ਬਿਅੰਤ ॥ ਕਈਅਸੰਖ ਅਮਾਮਹੈਂ ਸ਼ਾਹ ਸ਼ਹਾਬ ਅਨੇਕ ॥ਸਭਨਾਂ ਕੇ ਸਿਰ ਇੱਕ ਰੱਬ ਅਲਖਅਪਾਰ ਅਲੇਖ ॥ ਨਾਰਦ ਸਾਰਦ ਕੇਤੜੇ ਬਿਸਵਾਮਿਤ੍ਰ ਬਸਿਸ਼ਟ ॥ ਕਈ ਮਛੰਦ੍ਰ ਗੋਰਖਾ ਕਈ ਅਸੰਖ ਸ੍ਰਿਸ਼ਟ॥ਚਰਪਟ ਭਰਥਰ ਕੇਤੜੇ ਈਸ਼ਰ ਗੋਪੀਚੰਦ ॥ ਦੱਤਾਤ੍ਰੇਵਅਸੰਖ ਹੈਂ ਕੇਤੇ ਰਾਮਾਨੰਦ ॥ ਸਿਧਚਉਰਾਸੀਮੰਡਲੀਆਂ ਫਿਰਦੀਆਂ ਲੱਖ ਅਪਾਰ॥ ਇਹ ਸਭੇ ਮਨਸੂਖ ਹੈਂ ਬਾਝਹੁਅਲਖਅਪਾਰ॥ ਬੇਦਕਤੇਬਾਂ ਕੇਤੜੇ ਬਹਿਬਹਿਕਰਨ ਵੀਚਾਰ ॥ ਗੁਨਾਗੁਨਨ ਸੀਹਤਾਂ ਗੁਨਾਗੁਨ ਕਰਾਰ ॥ ਗੁਨਾ ਗੁਨ ਪੈਕੰਬਰਾਂ ਗੁਨਾਂ ਗੁਨ ਕੁਰਾਨ ॥ ਗੁਨਾਂ ਗੁਨ ਰਸਾਲੜੇ ਗੁਨਾਗੁਨ ਕਲਾਮ ॥ ਕਲਜੁਗ ਨਾਨਕ ਨਿਰਮਲਾ ਪੰਥ ਚਲਾਯਾ ਆਇ॥ ਬੇਦ ਕਤੇਬਾਂ ਬਾਹਿਰਾ ਇੱਕੋ ਜਪਿਆ ਖੁਦਾਇ ॥ ਦਿਬੇ ਦੋਏ ਦੁਨੀਤੋਂ ਕੀਤੇ ਢਾਹਿ ਮੈਦਾਨ॥ ਕੀਤੀ ਹੈ ਮਨਸੂਖ ਸਭ ਸੱਚੀ ਰਚ ਚਉਗਾਨ ॥ ੧੪ ॥ ਸੁਆਲ ਕਾਜੀ ਰੁਕਨ ਦੀਨ ਸੂਰਾ ॥ ਆਖੀ ਰੁਕਨਲਨਾਨਕਾਤੁੱਧਵਿਚਵਡਕ ਰਾਮਾਤ॥ ਕੀਤੇਨੀ ਮਨਸੂਖਸਭ ਬਾਝੋਂ ਅਲਹ ਪਾਕ॥ ਜਿਤੀ ਪਰਦੇ ਦੁਨੀ ਦੇ ਡਿੱਠੇਨੀ ਸਭ ਉਠਾਇ ॥ ਕੋਇਨ ਕਿਸੇਜਾਣਸੀਬਾਝੋਂ ਪਾਕ ਅਲਾਹ॥ ਬਿਨਾਂ ਖ਼ਲੀਫ਼ੇਮੁਰਸ਼ਦੇ ਕੋਇ ਨ ਪਵੈਕਬੂਲ ॥ ਬਿਨਾਂਅਮਾਮਪੈਕੰਬਰੇ ਬਾਝੋਂ ਯਾਰਰਸੂਲ॥ ਉੱਮਤੀ ਥਾਂਇਨਪਾਵਨੀਬਿਨਾਂਰਸੂਲਖੁਦਾਇ॥ਲਿਖਿਆਵਿਚਕੁਰਾਨਦੇਜਬਰਾਈਲਗਵਾਹਿ॥ ੧੫ ॥ਜਵਾਬਨਾਨਕਸ਼ਾਹਸੂਰਾ॥ਆਖੀ ਨਾਨਕ ਰੁਕਨਦੀਨ ਇਕੋ ਪਾਕਖੁਦਾਇ॥ਦੂਜੀਕੁਦਰਤ ਕੂੜਹੈਅਲਹਆਪ ਗੁਆਹਿ ॥ ਜਿਚਰ ਕੂੜ ਨਬੁੱਝਿਆ ਸਿਰਪਰਮੁਰਸ਼ਦਥਾਪ ॥ ਮਹਿਰਮ ਹੋਇ ਕਲਾਮਦਾ ਖੁਦੀ ਉਠਾਵਹੁ ਤਾਪ॥ ਕਰੋ ਪਨਾਹ ਖੁਦਾਇ ਦੀ ਉੱਮਤਦੀ ਛੱਡਆਸ ॥ ਅਮਲੀ ਆਪੋਆਪਣੀ ਨੇਕੀਹੋਕਿਸਾਸ ॥ ਅਮਲੀ ਆਪੋ ਆਪਣੀ ਸਿਰਸਿਰਹੋਇਹਿਸਾਬ ॥ ਆਪੇ ਨਬੀ ਰਸੂਲ ਹੈ ਆਪੇ ਹੈ ਇਸਹਾਬ ॥ ਸਭ ਵਡਿਆਈਆਂ ਰੱਬ ਹੱਥ ਦੇ ਕਰ ਫਿਰ ਖਸ ਲੇਇ ॥ ਦੁਨੀਆਂ ਕਾਰਨ ਉੱਮਤੀ ਬਹਿਬਹਿ ਮੇਲ ਕਰੇਇ॥ਦੁਨੀਆਂ ਦਰੋਗ਼ੀ ਵਾਹਮੇ ਖ਼ਾਤਰ ਤੇ ਕਰਦੂਰ ॥ ਮੱਥਾ ਰੱਖ ਜ਼ਮੀਨ ਪਰ ਖ਼ਾਤਰ ਰੱਖ ਹਜ਼ੂਰ॥ ਏਕਾਏਕੀਹੋਇਰਹੁ ਦੂਜਾ ਸੰਗ ਨਿਵਾਰ ॥ ਦੂਜਾ ਸੰਗ ਕੁਸੰਗ ਹੈ ਫਾਨੀ ਏਹ ਸੰਸਾਰ ॥ ਦੁਨੀ ਵਲੇਵੇ ਕਾਰਣੇ, ਹਾਰਣ ਅਪਣਾ ਦੀਨ ॥ ਛੋਡ ਤਕਬਰ ਖੁਦੀ ਕਉ ਪਕੜਹੁ ਪਾਕ ਜ਼ਮੀਨ ॥ ਪੰਦਨਸੀਹਤ ਹਾਜੀਆਂ ਨਾਨਕ ਕਹੈ ਫ਼ਕੀਰ ॥ ਜੋ ਰਾਹ ਸ਼ੈਤਾਨੀ ਗੁੰਮਥੀਏ ਤਿਨਾਂ ਗਲੀਂ ਜੰਜੀਰ ॥ ਆਵਹਿ ਜਾਹਿ ਭਵਾਈਅਹਿ ਦੋਜ਼ਕਲਹੈਸਜਾਇ॥ ਲਿਖਿਆ ਵਿਚ ਕਿਤਾਬਦੇ ਆਖਿਆਪਾਕ ਖੁਦਾਇ॥ ਨੌਂ

CC-0. Gurukul Kangri University Haridwar Collection. Digitized by S3 Foundation USA

ਸੈ ਨਦੀ ਨਵਿੰਨਵੇ ਮਿਲਨ ਸਮੁੰਦਰ ਜਾਇ॥ ਸੱਤ ਸਮੁੰਦਰ ਅਵੇਆ ਨਦੀਆਂ ਅੰਤ ਨ ਪਾਇ॥ ਪਉਂਦੇ ਵਿਚ ਗੜਾੜਦੇਬੂੰਦ ਤਿਵੈਂ ਤਪਤਾਇ॥ ਬਲਨਤਲੇਤਿਨਾਂਦੀਆਂ ਹੱਡੀਆਂ ਜੋ ਬੇਅਦਲੀ ਪਾਤਸ਼ਾਹ॥ ਕਾਜ਼ੀ ਮੁਫ਼ਤੀ ਕਾਰਕੁਨ ਫ਼ਉਜਦਾਰ ਕੁਟਵਾਲ॥ ਉਮੰਰੇ ਤੇ ਦੀਵਾਨ ਵਜੀਰ ਅਮੀਰ ਨਾਲ॥ਬਖਸ਼ੀਏਬੂਤਾਤੀਏਨਾਲੇਫੋਤੇਦਾਰ॥ ਦਾਰੋਗੇਮੁਸਤੋਫ਼ੀਆ ਕਰਦੇ ਕੂੜ ਵਾਪਾਰ॥ ਜੋੜਨ ਬਹੁਤ ਜਮਾਇਤੀਂ ਹੋਇ ਜਮਾਇਤ ਦਾਰ॥ ਖਾਨਗਰੀਬਾਂਲੁੱਟ ਕੇ ਕਰਦੇ ਜੋਰ ਅਫਾਰ॥ ਵਾਟਾਂਪਾੜੇ ਚਉਧਰੀ ਮਹਿਰ ਮੁਕੱਦਮਕੂੜ॥ਚੌਕੀਦਾਰਪਿਆਦਿਆਂ ਜਲ ਬਲ ਹੋਏਧੂੜ॥ਕੁਟਨੀਆਂਹਰਾਮੀਆਂਜੋਧਰੀਂਬਿਗਾਨੀਜਾਨ॥ ਵੇਸਵਾਅਤੇਗਸ਼ਤੀਆਂ ਅਹਿਨਿਸਿ ਕਰਹਿ ਹਰਾਮ॥ ਚੋਰਾਂ ਯਾਰਾਂ ਚੋਗਲਾਂ ਖਾਂਵਨ ਲਾਇਤਬਾਰ॥ ਲੂਣ ਹਰਾਮੀ ਵਿਸਾਸਘਾਤ ਦਰਗਹ ਹੋਇ ਖੁਆਰ॥ ਚੜਨਪਰਾਈ ਵੇਲੜੀ ਕੰਤੀਸੇਜਵਿਛਾਇ॥ਸਰਪਰ ਦੋਜ਼ਕ ਪੈਸਨੀ ਲਹਸਨ ਬਹੁਤ ਸਜਾਇ॥ ਰਾਹਦਾਰ ਜਗਾਤੀਆਂ ਲੇਖਾਂ ਲਿਖਣ ਆਹਿ॥ ਦੁਇਦੁਇਜੋਰਾਂਵਾਲਿਆਂ ਪਰਘਰਹੰਢਣਆਇ॥ਸਰਪਰ ਉਨਾਂਵੰਞਣਾ ਦੋਲਾਂਇੰਤਣਆਹਿ॥ਚੰਮੈ ਦੇ ਦੁਇ ਛਾਬਰੇ ਪਥਰ ਦਾ ਕਰ ਸੇਰ॥ਚੰਗਾਕਰਬਹਾਲੀਐਮੁਹਿਪਰਾਏਢੇਰ॥ਕਰਨ ਹਰਾਮ ਹਰਾਮਖੋਰ ਤਿਨਾਂਨੀ ਹਡ ਜਲਾਇ॥ ਖਾਵਨਿ ਕਾਂਵ ਨਮਾਸਤਿਹ ਖਸ ਮਾਲਬਿਗਾਨਾ ਖਾਹਿ॥ ਜਲਦੇ ਦੋਜ਼ਕ ਹਾਵੀਏ ਜੋ ਦੇਨਗੁਆਹੀ ਕੂੜ॥ ਘੁਟ ਲੰਘਾਇਨਦੁਖਤਰਾ ਜਲਦੇ ਡਿੱਠੇ ਪਰ॥ਸੁਨਹੁ ਕਾਜੀ ਰੁਕਨਦੀਨ ਪੰਧ ਨਸੀਹਤਲੇਇ॥ ਛਡਹੁਰਾਹ ਸ਼ਿਤਾਨਦਾ ਸੱਚ ਹਕੀਕਤਏਹ॥ਬਾਝ ਅਲਹਦੀਬੰਦਗੀ ਛਡਹੁ ਅਮਲ ਬਿਕਾਰ॥ ਦਰਗਾਹਗਇਆ ਜਾਣੀ-ਅਹਿ ਨਾਨਕ ਏਹ ਅਸਾਰ॥ ਕਰਹੁਮਸ਼ੱਕਤ ਜੁਹਦ ਦੀ ਸੀਸ ਉਠਾਵਹੁਭਾਰ॥ ਨਖਿਸਿਖ ਪਵੈ ਪਸੀਨੜਾ ਸੋਈ ਕਰਹੁ ਅਹਾਰ॥ ਦਸਵਾਂ ਹਿਸਾ ਵੰਡਕੇ ਰਾਹ ਖੁਦਾਇ ਦੇਹ॥ ਪਾਵਹਿ ਰਾਜ ਬਹਿਸ਼ਤ ਦਾਰਾਹ ਹਕੀਕਤਏਹ॥ਪਾਣੀਪੱਖਾ ਪੀਸਣਾ ਧੋਵਹੁ ਕਦਮਪਖਾਰ॥ ਕਰਹੁ ਵਿਛਾਈ ਦੱਭਦੀ ਲੱਜਤ ਸਭਾ ਵਿਸਾਰ॥ ਸਭੇ ਲੱਜਤ ਰੋਗਹੈਨਦੇਹੀਨੂੰ ਪੀੜੇਨ॥ਈਖਜਿਵੇਂ ਰਸ ਨਿਕਲੇ ਬਹੁਤ ਸਜਾਈਂਦੇਨ॥ ਜਵਾਂ ਦੀ ਖਾਇ ਰੋਟੜੀ ਲੋਂਨਨ ਨਾਲ ਰਲਾਇ॥ ਠੰਢਾ ਪਾਣੀ ਪੀਅਕੇ ਸੱਚਾ ਰੱਬ ਧਿਆਇ॥ ਛਡਹੁ ਸਭੇ ਨਿਆਮਤੀਂ ਕਿਆਮਤ ਨੂੰ ਕਰ ਯਾਦ॥ ਜੁੱਸਾ ਉਡਸੀ ਰੂੰਇ ਜਿਉਂ ਜਿ ਪਲਿਆ ਮਿਠੇ ਸਵਾਦ॥ ਖਾਧਾ ਪੀਤਾ ਨਿਕਲੈ ਜਿਉਂ ਤਿਲ ਘਾਣੀਤੇਲ॥ਰਸਕ ਸਖਾਧੇਬਹੁਘਣੇ ਸੰਗ ਕੁਸੰਗੇ ਬੇਲ॥ ਓੜਨਿਬਾਹੇ ਕੋਇਨਾ ਜੀਂਦਿਆਂ ਮਾਰਿ ਮਾਰ॥ ਦੁਨੀਆਂਖੋਟੀ ਰਾਸੜੀ ਮਨਹੁ ਚਿਤਹੁਵਿਸਾਰ॥ਸੁੱਖਾਂਨੋਂ ਢੂੰਢੇਦਿਆਂਡੁਖੜੇਹੱਡ ਪਏ॥ ਡੁੱਖੇ ਡੁਖ ਵਿਹਾਂਵਦਾ ਸੁਖੜੇ ਨੱਸ ਗਏ॥ ੧॥ ਸੁਆਲ ਕਾਜ਼ੀ ਰੁਕਨਦੀਨ ਸੂਰਾ॥ ਰੁਕਨਲ ਆਖੇ ਨਾਨਕਾ ਲਿਖਿਆ ਵਿਚਕੁਰਾਨ॥ਵਾਲਹੁਨਿਕੀਪੁਰਸਲਾਤਖੰਡਿਅਹੁਤ੍ਰਿਖੀ ਜਾਨ॥ ਉਥੈਟਿਕੈ ਨ ਭੁਣਭੁਣਾ ਠਹਿਰ ਨ ਸਕਨਿਪੈਰ॥ ਮੁਸ਼ਕਲ ਤਿਨਾਂ ਲੰਘਣਾ ਜਿਨੀ ਕਮਾਏਵੈਰ॥ ਸਾਇਰਲੋਹੂ ਪੂੰਇਦਾਅਗਨਿਚਲੇ ਧੜਿੜਾਇ॥ਕੰਧੀ ਦਿਸਨਆਵਈਧਾਹੀਂ

CC-0. Gurukul Kangri University Haridwar Collection. Digitized by S3 Foundation USA

ਪਵੈ ਕਹਾਇਆ॥ਉਥੈ ਬੇਲੀ ਮੁਹੰਮਦ ਮੁਸਤਫ਼ਾ ਉੱਮਤ ਪਾਰ ਲੰਘਾਇ॥ਕਾਫ਼ਰ ਪਾਰ ਨ ਜਾਇਨੀ ਤਪਨ ਤੇ ਬਿਲਲਾਇ ॥ ਜਿਨਾਂ ਕਲਾਮ ਨ ਜਾਣੀਐ ਸੋ ਖੜੇ ਪੁਕਾਰਨ ਹਾਇ॥ਤਿਨਾਂ ਏਲੀ ਨ ਹੋਵੇ ਮੁਸਤਫ਼ਾ ਲਏ ਨ ਫੇਰ ਛੁਡਾਇ॥ਭਰੇ ਸਫ਼ਾਤ ਨ ਤਿਨਾਂ ਦੀ ਦਰਗਹ ਦੇਹ ਜ਼ੂਰ॥ਬੇਈਮਾਨ ਕਸੂਮਤੀ ਨਿੱਤ ਕਮਾਵਨ ਕੂਰ ॥ ੧੭ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੈ ਰੁਕਨਦੀਨ ਮੁਖਤੇ ਸਮਝ ਅਲਾਇ॥ ਜਿਥੈ ਸਾਇਰ ਆਤਸ਼ੀ ਏਡੇ ਬਹੁਤ ਮਲਾਇ॥ ਕਈ ਮੁਹੰਮਦ ਮੁਸਤਫ਼ਾ ਖੜੇ ਲੰਘਾਵਣ ਪੂਰ ॥ ਗੁਨਾਗੁਨੀ ਉੱਮਤੀ ਕਈ ਸਚ ਕਈ ਕੂਰ॥ ਪੁੱਛਣ ਤਿਨਾਂ ਜਗਾਤੀਏ ਜਿਨਾਂ ਕੀਤੇ ਬਹੁਤ ਅਜ਼ਾਬ॥ ਕਈ ਮੁਹਾਣੇ ਮੁਸਤਫ਼ਾ ਸਕਹਿਨ ਦੇਹ ਜਵਾਬ ॥ ਨੇਕੀ ਬਦੀ ਵੀਚਾਰੀਏ ਮਲਕਲ ਮਉਤ ਹਜ਼ੂਰ॥ ਕਦ ਉਤਾਰੇ ਪੁਰਸਲਾਤ ਜਲ ਬਲ ਹੋਵਨ ਪੂਰ ॥ਮੂੰਹਤੇ ਕਲਮਾ ਆਖਕੇ ਦੁਇਦਰੋਗ ਮਿਲਾਇ ॥ ੱਗੇ ਮੁਹੰਮਦ ਮੁਸਤਫ਼ਾ ਸਕੇ ਨ ਤਿਨਾਂ ਛੁਡਾਇ॥ ਸਾਇਰ ਦੇ ਮਰਜੀਂਵਦੇ ਏਂਵਿਆਂ ਦੇ ਮਲਾਹਿ॥ ਜਲਨ ਉਨਾਂ ਦੀ ਉੱਮਤੀ ਵਿਚ ਸਾਇਰ ਅਗਨਿ ਅਥਾਹ॥ ਏਪੀਰਾਂ ਏ ਮੁਰਸ਼ਦਾਂ ਵੋਈ ਕੋਇਨ ਦੇਇ॥ਰਾਹੇ ਵਿਚਫਰੇਸ਼ਤੇ ਮਾਲ ਜਗਾਤੀਲੇਇ॥ਬਦੀਆਂ ਤੁੱਲਨ ਨੇਕੀਆਂ ਮੀਜਾਂ ਕਰਨ ਹਿਸਾਬ॥ਬਾਕੀ ਜਿਨਾਂ ਦੇਵਣੀ ਹੋਵਨ ਸੋਈ ਖਰਾਬ ॥ ਓਹਿ ਫਿਰ ਖਾਕੂ ਨਾਲ ਮਿਲਾਈਅਨਿ ਜੰਮਨ ਹੋਇ ਕਪਾਹਿ ॥ ਚੁਣ ਚੁਣ ਕਢੀਅਨ ਫੁੱਟੀਆਂ ਖੁੰਡੀ ਮਿਲੇ ਸਜਾਇ ॥ ਵੇਲਣੇ ਵੇਲ ਵਿਲਾਈਐ ਫਿਰ ਪਿੰਞਨ ਪੀੜਾਂ ਖਾਇ ॥ ਕੱਤਨ ਕਤ ਕਤਾਈਐ ਭੰਦੂ ਖੈਂਚ ਕਢਾਇ ॥ ਫਿਰ ਅਗਨੀ ਖੁੰਬ ਚੜਾਈਐ ਮੁੰਗਲੀ ਦੱਬ ਕੁਟਾਇ॥ ਕੜਨ ਕੈਂਚੀ ਕੱਟੀਐ ਸੂਈ ਜੋੜ ਸਿਵਾਇ॥ਪਹਿਰਨ ਹੋਇ ਕਜ਼ਾਈਐ ਫਿਰ ਤਿਸ ਮੈਲੂ ਖਾਇ॥ ਹੋਇ ਪੁਰਾਨਾ ਸੁਟੀਐ ਅੱਚ ਨ ਮੁਲ ਵਿਕਾਇ ਕਰਨ ਮਸਾਲਮਸ਼ਾਲਚੀ ਆਤਸ਼ ਨਾਲਿ ਜਲਾਇ॥ ਜਲ ਬਲ ਹੋਵੈ ਖਾਕ ਫੀ ਭਪੇ ਤੇ ਵਿਲਲਾਇ ॥ ਸੱਦੋ ਮੁਹੰਮਦ ਮੁਸਤਫ਼ਾ ਲਏ ਕਪਾਹਿ ਛੁਡਾਇ ॥ ਇੱਕ ਕਪਾਹਿ ਦੀ ਜੂਨ ਵਿਚ ਏਤੀ ਮਿਲੇ ਸਜਾਇ ॥ਪੇਂ ਵੇ ਪਾਇ ਪੀੜਾਈਐ ਕਢੀਐ ਘਾਣੀ ਤੇਲ ॥ ਵੱਟੀ ਵੱਟ ਕਪਾਹ ਦੀ ਦੀਵੇ ਅੰਦਰ ਮੇਲ॥ ਇੱਕਾ ਮਿੱਟੀ ਤ੍ਰਿਹਾਂ ਦੀ ਇਉਂ ਜਲਦੇ ਮੁਸਲਮਾਨ ॥ ਜਲ ਬਲ ਰੋਵਣ ਬਪੜੇ ਫਿਰ ਕੋਇ ਨ ਪੁਛਣ ਆਨਿ ॥ਫਿਰ ਇਸ ਜੋਨੋਂ ਕੱਢਿਆ ਤਿਲ ਹੋਇ ਜੰਮਿਆ ਸੋਇ ॥ ਤੇਲੀ ਪੀੜੀਐ ਘਾਣੀਐ ਦੇਦੇ ਦੱਬਾਂ ਰੋਇ॥ਦੀਵੇ ਪਾਇ ਜਲਾਈਐ ਜਲ ਜਲ ਮਾਟੀ ਹੋਇ॥ਸੱਦੋ ਮੁਹੰਮਦ ਮੁਸਤਫ਼ਾ ਤਿਸੇ ਸੁਣਾਏ ਰੋਇ ॥ ਤਿਲਦੀ ਜੋਨੋਂ ਕੱਢਿਆ ਫਿਰ ਜੰਮਿਆ ਹੋਇ ਕਮਾਦ ॥ ਦੰਦੇ ਭੰਨ ਪੀੜਾਈਐ ਲਹਦਾ ਬਹੁਤ ਅਜ਼ਾਬ ॥ ਇਖ ਜਿਵੇਂ ਰਸ ਕੱਢੀਐ ਪਵੈ ਕੜਾਹੇ ਮਾਹਿ ॥ ਦੇਦੇ ਤਾਉ ਪਕਾਈਐ ਸੱਕਰ ਖੰਡ ਕਰਾਇ॥ਖਾਧਿਆਂ ਹੋਵੇ ਕੁਵਤੀ ਫੇਰ ਨ ਛੋਂਹਦਾ ਕੋਇ॥ ਸੱਦੋ ਮੁਹੰਮਦ ਮੁਸਤਫ਼ਾ ਤਿਸੈ ਸੁਣਾਓਂ ਰੋਇ॥ ੇਤੀ ਜੋਨ ਅਵੇਹੀਆ ਗਿਨਤੀ ਗਿਣੀ ਨ ਜਾਇ॥ਫਿਰ ਚਉਰਾਸੀ ਭਉਂਦਿਆਂ ਬਹੁਤੀ ਲਹੈ ਸਜਾਇ॥ਮਰ ਮਰ ਜੰਮਨ ਫੇਰ ਫਿਰ ਜੂਨੀ ਭਵਹਿ ਅਸੰਖ॥ਦੁਖੁ ਸੁਖ ਬਹੁਤ ਕਮਾਂਵਦੇ ਗਣਤਿ ਨ ਗਣੇ ਬਿਅੰਤ॥ਸੁਣੇ ਨਰਾਮ

CC-0. Gurukul Kangri University Haridwar Collection. Digitized by S3 Foundation USA

ਰਸੂਲ ਕੋ ਰੂਹਾਂ ਦੀ ਫ਼ਰਿਯਾਦ ॥ ਦੁਨੀਆਂ ਅੰਦਰ ਆਇਕੇ ਉਮਰ ਗਵਾਈ ਬਾਦ ॥ ਕੂੜੀ ਮਜਲਸ ਬੈਠਕਰ ਕੀਤੋਸੁ ਕੂੜ ਵਾਪਾਰ॥ਜਾਂ ਫਿਰ ਉੱਠੀ ਚੱਲਿਆ ਲੱਦ ਅਥਰਬਣਭਾਰ॥ ਬੰਨਚਲਾਯਾਅਜਰਾਈਲਸਾਥੀ ਸੰਗ ਨ ਕੋਇ॥ਲਹੇਸਜ਼ਾਈਂ ਅਗਲੀਆਂ ਕਿਸੇ ਸੁਣਾਏ ਰੋਇ ॥ ਮਿਲਨ ਸਜਾਈਂ ਬਹੁਤੀਆਂ ਮਲਕੁਲਮੌਤ ਹਜ਼ੂਰ ॥ ਲੇਖਾ ਮੰਗਨ ਚਿੱਤ੍ਰ ਗੁਪਤ ਜੋਛਿਪ ਕਮਾਏਧੂੜ॥ ਨਾਸਾਂ ਲੋਇਣ ਮੁਕਰੇ ਡੋਬਹਕਰ ਪੁਕਾਰ॥ਦੇਵਨ ਕੰਨ ਉਗਾਹੀਆਂ ਅੰਧਾ ਰੂਹ ਬਕਾਰ॥ਆਲਤ ਜਿਹਵਾ ਮੁੱਕਰੇ ਚਖਚਖ ਸਾਦ ਬਿਕਾਰ॥ਹੱਥਾਂ ਪੈਰਾਂਚਾਕਰੀਹੁਕਮਕਮਾਵਨ ਕਾਰ॥ਪੰਜਹ ਵਾਸ ਬਖੀਲਸੰਗ ਡੋਬਹਕਰਨ ਪੁਕਾਰ॥ ਅਸੀ ਬੰਦੇ ਹੁਕਮਦੇ ਹੁਕਮ ਕਮਾਵਨ ਕਾਰ॥ਰੂਹ ਕਰਨ ਬਦਫੈਲ ਬਹੁ ਰੱਖਪਨਾਹ ਰਸੂਲ॥ਲੱਗੀ ਮਿਲਨ ਸਜ਼ਾਇ ਜਬ ਗਏਸੁ ਸੱਭੇ ਭੂਲ॥ਰਾਮ ਰਸੂਲ ਨ ਦਿਸਨੀ ਲੈਵਨ ਰੂਹ ਛਡਾਇ॥ ਸੱਚ ਜੁ ਸਾਥੀ ਸਭਸਦਾ ਮੂਵਨ ਪੱਲੈ ਪਾਇ॥ਸੱਚ ਸਰੰਦਾਪਾਤਸ਼ਾਹਆਦਿਜੁਗਾਦੀ ਸੋਇ॥ਹੈ ਭੀ ਹੋਸੀ ਸਚਹੈ ਅਵਰ ਨ ਦੂਜਾ ਕੋਇ ॥ਦੂਜੀਕਾਰ ਬਿਕਾਰ ਹੈ ਪੂਰੀ ਕਿਸੈ ਨ ਪਾਇ॥ਨਾਨਕ ਆਖੈ ਰੁਕਨਦੀਨਸੱਚਾ ਇੱਕ ਖੁਦਾਇ ॥ਮੁਇਆਂ ਜੀਵੰਦਿਆਂ ਸੰਗ ਸਦਾ ਸਾਈਂ ਸਚਾ ਸੋਇ॥ ਸਚੇ ਬਾਹਰ ਜੋਰ ਹੈ ਸੋ ਅਡੀਚਲੇ ਰੋਇ ॥ ਦਰਗਹ ਜਾਣਨ ਜੋਰ ਹੈ ਅਬੇਡਬੇ ਨਹੀਂ ਹੋਇ॥ਸਚੋ ਸਚ ਨਿਆਉਂ ਹੈ ਕਰਤਾ ਕਰੇਸੁ ਹੋਇ ॥ ਨਾਨਕ ਮੁਰਸ਼ਦ ਸਚ ਹੈ ਦੇਵੇ ਸੱਚ ਮਿਲਾਇ॥ ਸਚੇ ਮੁਰਸ਼ਦ ਬਾਹਰਾ ਭੰਭਲਭੂਸੇ ਖਾਇ ॥ ਮਰਦੇ ਮੁਸਲਮਾਨ ਹੋਇ ਰੱਖਨ ਕਬਰ ਬਣਾਇ॥ਸੈ ਵਰ੍ਹਿਆਂ ਹੋਇ ਖ਼ਾਕੜੀ ਖ਼ਾਕੂਸੋਂ ਮਿਲ ਜਾਇ॥ਫਿਰ ਪਉਂਦੀ ਵੱਸ ਕੁਲਾਲ ਦੇ ਭਾਂਡੇ ਘੜੇ ਬਣਾਇ॥ ਇੱਟਾਂ ਘੜੇ ਬਨਾਇਕੇ ਆਵੀ ਦੇਣ ਚੜ੍ਹਾਇ॥ਖਾਵਣ ਅੱਗ ਨਿਤ ਭੱਠਦੀ ਜਲਬਲ ਕਰਨ ਕਹਾਇ॥ਜਲਬਲ ਰੋਵਣ ਬਪੁੜੇ ਲੋਕਾਂ ਕਿਆ ਪਰਵਾਹਿ॥ਮਰੇ ਵਿਚਾਰਾ ਹਿੰਦੜੂ ਵਿਚ ਅੱਗੀ ਦੇਨ ਜਲਾਇ॥ ਜਲਬਲ ਹੋਵੇ ਭਸਮਡੀ ਪਉਣਾ ਖੜੇ ਉਡਾਇ॥ਪੜ੍ਹਕੇ ਦੇਖ ਕੁਰਾਨ ਵਿਚ ਕਿਸਨੂੰ ਵਡੀ ਸਜ਼ਾਇ ॥ ਸੋਈ ਕਾਫ਼ਰ ਦੋਜ਼ਖੀ ਜੋ ਬਹੁਤੇ ਖਾਂਦਾ ਭਾਇ॥ਪਹਿਲਾਂ ਆਤਸ਼ਸਿਉਂ ਜਲੇ ਫਿਰ ਤਿਨਾਂ ਜਲਾਏ ਕਉਨ ॥ ਖ਼ਾਕ ਸਮਾਣੀ ਖ਼ਾਕਸਿਉਂ ਪਉਣ ਸਮਾਣੀ ਪਉਣ ॥ ਆਬ ਸਮਾਣਾ ਆਬਸਿਉਂ ਅਰਬਾਨਾਸਰ ਪਾਕ ॥ ਕਿਆਮਤ ਫੇਰ ਉਠਾਈਐ ਰੂਹ ਨਿਮਾਣੀ ਖ਼ਾਕ ॥ ਜਿਤੀ ਕੀਤੀ ਖਾਹਸ਼ਾਂ ਫਿਰਲੈ ਉਠਿਆ ਨਾਲ॥ ਕੀਤਾ ਆਪਣਾ ਭੋਗਨਾ ਫਿਰ ਪਾਯਾ ਵੱਸ ਜੰਜਾਲ॥ ਖੇਲੇ ਲੱਖ ਚਉਰਾਸੀਆਂ ਧਰਧਰ ਰੂਪ ਅਨੇਕ ॥ ਰੰਗ ਤਮਾਸ਼ੇ ਖੇਲਕੇ ਅੰਤ ਏਕ ਕਾ ਏਕ ॥ ਮਿੱਟੀ ਵਿੱਚ ਬੈਠਾਈਐ ਖਾਸੇ ਮੁਸਲਮਾਨ ॥ ਜੋਗੀ ਤੇ ਸੰਨਿਆਸੀਆਂ ਖਟ ਦਰਸਨ ਹਿੰਦਵਾਣ ॥ ਪਹਿਲੇ ਖਾਕੂਸੰਗ ਮਿਲਨ ਫਿਰਗੀਦੇਹੋਇ ਖਬੀਰ॥ਧਰਤੀਦੇ ਵਿਚ ਪੀੜੀਅਨਹੋਵਨ ਬਹੁਤ ਜ਼ਹੀਰ ॥ ਇਕਦੂ ਰੂਹੋਂ ਲਾਖ ਹੋਨ ਧਰਧਰ ਕੀੜੇ ਰੂਪ ॥ ਮਰਮਰ ਖ਼ਾਕੂ ਸੰਗ ਮਿਲਨ ਕਰ ਕਰ ਰੰਗ ਕਰੂਪ॥ਸੈ ਵਰ੍ਹਿਆਂ ਵਿਚ ਖਾਕ ਹੋਨ ਸਹਿਸਹਿ ਵਡੇ ਅਜ਼ਾਬ॥ ਫਿਰ ਪਉਂਦੇ ਵਸ ਕੁਲਾਲਦੇਭਾਂਡੇਘੜੇਸ਼ਤਾਬ॥ ਭਾਂਡੇਇੱਟਾਂਬਹੁੜਬਿੱਧਜਲਨਪਜਾਵੀਂ ਸਾਲ॥ਜਲਜਲ ਕਰਦੇ

CC-0. Gurukul Kangri University Haridwar Collection. Digitized by S3 Foundation USA

ਹਾਇਹਾਇਕੋਇਨਪੁਛੈਹਾਲ॥ ਯਾਰਮੁਹੰਮਦੜੀ ਜੋਤੜੇ ਫਾਤਿਆਂ ਦੇਨ ਦੁਆਇ ॥ ਜਲਦੇ ਵਿਚਪਜਾਵਿਯਾਂਕੋਇਨਕੱਢੇਆਇ ॥ ਦੁਨੀਆਂਦੀਆਂਵਡਿਆਈਆਂਰਹੀਆਂਦੁਨੀਆਂਮਾਂਹਿ ॥ਬਹਿਬਹਿਯਾਰਮੁਹੰਮਦੀ ਭਰਭਰਲੁਕਮੇ ਖਾਇ॥ ਜੀਂਵਦਿਆਂਭੇਜਨ ਬਹਿਸ਼ਤਵਿਚਫਿਰ ਮੁਆਂ ਲਹਨ ਨ ਸਾਰ ॥ ਜਲਦੇ ਵਿਚ ਪਜਾਵੀਆਂ ਜਲਬਲ ਹੋਇ ਅੰਗਾਰ ॥ ਭਾਂਡੇ ਇੱਟਾਂ ਪਕਾਂਇਦੇ ਕੱਢੇ ਫੇਰ ਕੁਲਾਲ॥ ਗੂਨਾ ਗੂਨੀ ਭਾਂਡੜੇ ਪੱਕਣਕਾਲੇ ਸਾਲ ॥ਫਿਰਉਤਰਨ ਜਾਇ ਬਜ਼ਾਰ ਵਿਚ ਪਵੈ ਕਸੀਰਾ ਮੁਲ ॥ਅਮਲੀਂਆਪੋ ਆਪਣੀ ਪਏ ਸੈ ਗਲੀਏਂਰੁਲ॥ ਇਕਨਾਂ ਪਵਨ ਨਿਆਮਤੀਂ ਇਕਨਾਂ ਪਵੈ ਪਿਸ਼ਾਬ॥ ਅਮਲੀਂਆਪੋਆਪਨੀ ਲਹਨਅਜ਼ਾਬਸਵਾਬ॥ ਸੁਨਹੁਕਾਜ਼ੀਰੁਕ੍ਨਦੀਨਨਾਨਕਕਹੇਜਵਾਬ॥ ਸਾਹਿਬਦਾਫੁਰਮਾਇਆਲਿਖਿਆਵਿੱਚਕਿਤਾਬ ॥੧੮॥ਸੁਆਲ ਕਾਜ਼ੀ ਰੁਕਨਦੀਨ ਸੂਰਾ॥ਆਖੇਕਾਜ਼ੀਰੁਕਨਦੀਨ ਸੁਣਹੁ ਨਾਨਕ ਪੀਰ ॥ ਅਰਬਾਨਾਸਰ ਕੈਤਿ ਭਿਤ ਉਪਜੀ ਕਰ ਭਦਬੀਰ॥ ਕਿਉਂ ਕਰ ਉਪਜੀਆਂ ਨਿਆਮਤਾਂ ਏਹ ਭੀ ਦੇਇ ਬਤਾਇ ॥ ਇਕੇ ਭ ਜਾਨਣ ਫਕਰ ਫ਼ ਇਕੇ ਬੁਝੇ ਆਪ ਖ਼ੁਦਾਇ ॥ ਹੋਰ ਨ ਕੋਈ ਜਾਣਹੈ ਗ਼ੈਬੀ ਸਿਰਰਖੁਦਾਇ॥ਪੁੱਛੇ ਪੰਡਿਤ ਜੋਤਸੀ ਕਾਜ਼ੀ ਤੇ ਉਲਮਾਇ॥ਖ਼ਾਤਰ ਨਿਸ਼ਾ ਨ ਕੋ ਕਰੇ ਕਰਥੱਕੇ ਬਹੁ ਭਦਬੀਰ॥ ਬਿਨਾਂਫ਼ਕੀਰੇਸਾਦਕੇ ਕੋਇ ਨ ਕਟੇ ਜੰਜੀਰ॥ ੧੯॥ ਜਵਾਬ ਨਾਨਕ ਸ਼ਾਹ ਸੂਰਾ ॥ ਸੁਣਹੁ ਕਾਜ਼ੀ ਰੁਕਨਦੀਨ ਕਹਿੰਦੇ ਅਦਲਫ਼ਕੀਰ ॥ ਸੁਣੀਐਸੱਚਸੰਦੇਸਝਾਜੋ ਬੁੱਝ ਨ ਸੱਕਣ ਪੀਰ ॥ ਮੁੱਲਾਂਬੁਝਨ ਸਕਨੀ ਪੜਹਿ ਕੁਰਾਨ ਕਤੇਬ ॥ ਪੰਡਤਭੇਦਨ ਪਾਇਨੀ ਪੜ੍ਹਸੁਣ ਚਾਰੇਂ ਵੇਦ॥ ਵੇਦਕਤੇਬੋਂ ਬਾਹਰਾਕਹਿਨਫ਼ਕੀਰਸੁਣਾਇ ॥ਏਹ ਹਕੀਕਤ ਗੈਬਦੀ ਜਾਣੈ ਆਪਖੁਦਾਇ॥ਰੱਖੀ ਪੁਸ਼ੀਦਾ ਗੋਸ਼ੜੇ ਕੋਇਨ ਪਾਵੈ ਭੇਦ ॥ ਪਵੇ ਵਿਰੋਲਣ ਪਾਣੀਐ ਕਥ ਸੁਣ ਵੇਦ ਕਤੇਬ ॥ ਉਤਪਤਿ ਪਰਲੈ ਖ਼ਲਕਦੀ ਨਾਨਕ ਕਹੇ ਫ਼ਕੀਰ ॥ ਸੁਨੋਹਕੀਕਤਸੱਚਦੀਕਰਕੇਬਹੁਤਦਬੀਰ ॥ ਖਾਣੀਚਾਰਉਪਾਈਆਂ ਚਾਰੋਂ ਬਾਣੀ ਨਾਲ॥ਸੇਤਜ ਅੰਡਜ ਉਤਭੁਜਾਂ ਚਉਥੀ ਜੇਰਜ ਭਾਲ॥ਪਾਣੀਉਪਜਿਆਸੇਤਜੋਂ ਸਭਜੀਆਂ ਕਾ ਜੀਉ ॥ ਸੇਤਜਤੇਅੰਡਜਭਈ ਅੰਡਿਓਂ ਧਰਤੀ ਕੀਉ॥ ਭਏ ਪਦਾਇਸ਼ ਧਰਤੀਓਂ ਅੰਡੇ ਭਏ ਗ਼ਲੀਜ਼ ॥ ਭਾਂਤੇ ਉਪਜੇ ਅੰਨ ਬਹੁ ਅੰਨਹੁ ਜੇਰਜ ਕੀਨ॥ ਉਪਜੀਚਾਰੋਂਖਾਣ ਭਬ ਲਖ ਚਉਰਾਸੀਹ ਫੇਰ ॥ ਗੂਨਾ ਗੂਨ ਪੈਦਾਇਸ਼ੀ ਜੀਆ ਜੋਨੀ ਵੇਰ॥ਸਭਨਾਂ ਦੇ ਸਿਰਤਾਜ ਕਰ ਸਾਜਿਆਆਦਮਆਪ॥ਸੱਭੇ ਸ਼ਈਂ ਪਛਾਣਦਾਜਾਣੇ ਪਾਕ ਨਪਾਕ ॥ ਜਾਣੈਜੀਆਜਾਤ ਸੱਭ ਲਿਖੇ ਬੇਦ ਕਤੇਬ॥ ਇਕੰਆਦਮ ਤੇ ਲਖ ਭਏ ਬਹੁਬਿੱਧ ਕੀਤੇ ਭੇਦ॥ ਜਾਤੀਜਿਨਸੀਬਹੁਤ ਬਿੱਧ ਬਹੁਬਿੱਧ ਰੱਖੇਨਾਵ ॥ ਬਹੁਬਿੱਧਬੇਦਕਤੇਬੜੇਭਏਅਸੰਖਾਂਭਾਵ॥ਦਾਨੋਂਦੇਵਾਂਨਾਂਗਕਰ ਰਾਛਸ ਭੂਤ ਪਿਸ਼ਾਚ ॥ ਸ਼ਿਵਸ਼ਕਤੀ ਕਈ ਅਸੰਖਕਰ ਖ਼ਲਕ ਜਪੇ ਤਿਹ ਜਾਪ॥ ਏਹ ਸਭ ਖ਼ਾਕੂਤੇ ਭਏ ਫਿਰ ਖ਼ਾਕੂ ਮਾਹਿ ਸਮਾਤ॥ ਖ਼ਾਕਸੁਬੀਰਜ ਖ਼ਲਕਦਾਉਪਜਹਿ ਤੇ ਖਪਜਾਹਿ॥ ਦਾਨਾ ਏਕ ਗਡਾਈਐਖ਼ਾਕੂਨਾਲ ਮਿਲਾਇ॥ ਹੋਇਨਪੈਦਾਖ਼ਾਕਵਿਚਨਾਵ ਨਸ਼ਾਨ ਨ ਕਾਇ

CC-0. Gurukul Kangri University Haridwar Collection. Digitized by S3 Foundation USA

॥ਇਕਤੇ ਦਾਣੇ ਲੱਖ ਹੋਇ ਆਬ ਖ਼ਾਕਦੇ ਜੀਅ॥ ਐਸੀ ਕੁਦਰਤਿ ਰੱਬਦੀ ਅਜ਼ਗ਼ੈਬ ਪੈਦਾਇਸ਼ ਕੀਅ ॥ ਖ਼ਲਕ ਖਪਾਵਨ ਕਾਰਣੇ ਫਿਰਕੇ ਰਚੇ ਅਨੇਕ ॥ ਦਾਵਾ ਕਰਕੇ ਲੜ ਮਰਹਿ ਭੁਲੈ ਅਬਿਬੇਕ ਬਿਬੇਕ ॥ ਸਾਹਿਬ ਦਾਵੈ ਬਾਹਰਾ ਸਭਨਾਂ ਦੇ ਸਿਰ ਪੀਰ ॥ ਦਾਵੈ ਅੰਦਰ ਜੋ ਰਹੈ ਹੋਏ ਅੰਤ ਜ਼ਹੀਰ ॥ ਦਾਵਾ ਛੱਡੋ ਮੋਮਨੋ ਮਿਲਹੁ ਸਖ਼ਾਕੂ ਨਾਲ ॥ ਕਾਇਮ ਹੋਵੈ ਜੁੱਸੜਾ ਛੁਟਨ ਕਾਲ ਜੰਜਾਲ॥ ਜੀਂਵਦਿਆਂ ਖ਼ਾਕੂ ਸੰਗ ਮਿਲੇ ਫਿਰ ਖ਼ਾਕ ਨ ਤਿਸੇ ਖਾਇ॥ ਕਾਇਮ ਤਿਸਦਾ ਜੁੱਸੜਾ ਮਰੇ ਨਾ ਆਵੈ ਜਾਇ ॥ ਬਾਝੂ ਕਾਇਮ ਜੁੱਸੜੇ ਹੋਇਨ ਮੁਸਲਮਾਨ॥ ਫਿਰ ਫਿਰ ਅਗਨ ਜਲਾਵਈ ਪਾਇਆ ਵੱਸ ਸ਼ੈਤਾਨ ॥ ਕਾਇਮ ਜੁੱਸਾ ਨਾ ਜਲੈ ਹੋਇ ਜੇ ਕਾਇਮ ਧਾਤ ॥ ਸੋ ਨ ਅਗਨ ਜਲਾਇ ਤਿਸ ਨਿਤ ਨਿਤ ਵਧਤੀ ਜਾਤ ॥ ਸੋਇਨਾ ਕਾਇਮ ਧਾਤ ਵਿਚ ਸਕੇ ਨ ਅਗਨ ਜਲਾਇ ॥ ਧਰਤੀ ਵਿਚ ਦਬਾਈਐ ਫਿਰ ਖ਼ਾਕ ਨ ਸੱਕੇ ਖਾਇ॥ ਧਾਤ ਸੁਇਨੇ ਬਾਹਰੀ ਜਾਵੇ ਧਰਤੀ ਖਾਇ ॥ ਜਲ ਬਲ ਹੋਵਨ ਖ਼ਾਕੜੀ ਫਿਰ ਖਾਕੂ ਸੰਗ ਮਿਲ ਜਾਇ ॥ ਮਰ ਮਰ ਜੰਮਨ ਮੁਨਾਫ਼ਕਾਂ ਕੁਫ਼ਰ ਜਿਨਾਂਦੇ ਚਿਤ ॥ ਜੋਨਹੁ ਜੋਨ ਭਵਾਈਅਨਿ ਮਰ ਮਰ ਜੰਮਨ ਨਿਤ ॥ ਸੁਣਹੋ ਕਾਜ਼ੀ ਰੁਕਨਦੀਨ ਪੜ੍ਹਕੇ ਦੇਖ ਕਿਤਾਬ ॥ ਬੁਝੇ ਬਿਨਾਂ ਬਿਬੇਕੜੇ ਲੱਗਨ ਬਹੁਤ ਅਜ਼ਾਬ ॥ ੨੦ ॥ ਸੁਆਲ ਕਾਜ਼ੀ ਰੁਕਨਦੀਨ ਸੂਰਾ ॥ ਰੁਕਨਲ ਆਖੇ ਨਾਨਕਾ ਦੇਵਹੁ ਸਚ ਨੀਸ਼ਾਨ ॥ ਗਊ ਸੂਅਰ ਦੀ ਹੱਦ ਹੈ ਿ ਿਦੂ ਮੁਸਲਮਾਨ ॥ ਹਿੰਦੂ ਗਊ ਨ ਖਾਵਨੀ ਤੁਰਕ ਨ ਖਾਵਨ ਸੂਰ॥ ਦੁਹਾਂ ਦਾਵਾ ਪਕੜਿਆ ਸਚ ਲਿਖਿਆ ਕਿ ਕੂੜ॥ ਇਹ ਕਿਉਂ ਰੱਦੇ ਆਪ ਵਿੱਚ ਹੋਈ ਚੇਰ ਜਹਾਨ ॥ ਰੁਕਨਲ ਆਖੇ ਨਾਨਕਾ ਮੁਸ਼ਕਲ ਕਰਹੁ ਅਸਾਨ ॥ ੨੧ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ ॥ ਗਊ ਸੂਅਰ ਨੋਂ ਮਾਰਿਆਂ ਲੱਗਨ ਬਹੁਤ ਅਜ਼ਾਬ॥ ਗਊ ਚਉਧਵਾਂ ਰਤਨ ਹੈ ਕਾਮਧੇਨ ਤਿਹ ਨਾਮ ॥ ਪੂਜਨ ਸਭ ਅਉਤਾਰ ਤਿਹ ਕਰਕੇ ਮਾਤ ਸਮਾਨ ॥ ਖ਼ੀਰ ਜਿਨਾਂ ਦਾ ਪੀਵੀਐ ਤਿਸ ਮਾਰਿਆਂ ਬਹੁਤ ਗੁਨਾਹ ॥ ਨਾਨਕ ਆਖੇ ਰੁਕਨਦੀਨ ਬਹੁ ਭੁਖਿਆਂ ਹੋਇ ਪਨਾਹ ॥ ਸੂਰ ਬੈਰਾਹੋਂ ਉਪਜਿਆ ਤਿਸ ਪੂਜਨ ਕਰ ਅਵਤਾਰ ॥ ਸਭ ਪੈਕੰਬਰਾਂ ਛੱਡਿਆ ਕਰ ਹਰਾਮ ਅਹਾਰ ॥ ਭੂਟਿਆਂ ਰੋਮਾਂ ਗਊ ਦਿਆਂ ਦੁੱਧ ਸਿਉਂ ਮਿਲਿਆ ਜੁ ਖਾਇ॥ ਜਾਰ ਸਾਤਲ ਵਾਸ ਲੈਨ ਜੋਨ ਸਰ ਪੱਕੀ ਪਾਇ॥ ਪੁਣੇ ਬਿਨਾ ਦੁੱਧ ਗਊ ਦਾ ਖਾਧਿਆਂ ਗਇਆ ਪਤਾਲ ॥ ਜੋ ਗਊ ਸੂਅਰ ਮਾਸ ਖਾਨ ਤਿਨਾਂ ਵਡੇ ਜੰਜਾਲ ॥ ਜੋ ਜੀ ਮਾਰ ਜਵਾਇਅਨਿ ਤਿਨ ਸੇ ਮਾਸ ਹਲਾਲ ॥ ਜੋ ਮੂਏ ਫੇਰ ਜੀਵਨ ਨਹੀਂ ਫਿਰ ਮੰਗਨ ਮਾਸ ਸੰਭਾਲ ॥ ਗਊ ਸੂਅਰ ਹਰਾਮ ਕਰ ਦੋਨੋਂ ਦੀਏ ਉਠਾਇ॥ ਇਕਨਾ ਦੁੱਧ ਹਲਾਲ ਹੈ ਮਾਸ ਨਾ ਪਾਕ ਕਰਾਇ॥ ਮਹਿਰਮ ਰਾਹਾਂ ਦੁਹਾਂਦਾ ਦਰਗਹ ਸਿੱਝੇ ਸੋਇ ॥ ਕਾਫਰ ਜਲਦੇ ਕ਼ਫ਼ਰ ਵਿਚ ਜਿਨਾਂ ਪਛਾਤੇ ਦੋਇ॥ ੨੨॥ ਸੁਆਲ ਕਾਜ਼ੀ ਰੁਕਨਦੀਨ ਸੂਰਾ ॥ ਰੁਕਨਲ ਆਖੇ ਨਾਨਕਾ ਸੱਚਾ ਦੇਹ ਜਵਾਬ ॥ ਦਰਗਹ ਤਿਨਾਂ ਕਉਨ ਹਾਲ ਜੋ ਪੀਵੈਂ ਭੰਗ ਸ਼ਰਾਬ ॥ ਪੀਵਨ ਪਿਆਲੇ ਬਦ ਅਮਲ ਖਾਵਣ ਨਾਲ ਕਬਾਬ ॥ ਭੰਗੀ ਅਫ਼ੀਮੀ ਪੋਸਤੀ

CC-0. Gurukul Kangri University Haridwar Collection. Digitized by S3 Foundation USA

ਛਕਨ ਉਲਮ ਨਪਾਕ ॥ ਖਾਂਨ ਮਜੂਨਾਂ ਕਤਲੀਆਂ ਨਾਲ ਹਛੀਮ ਮਿਲਾਇ॥ਕਰਦੇਇਸ਼ਕ ਹਰਾਮ ਪਰਨਾਰੀ ਕੰਠਲਗਾਇ ॥ ਮੁਹਨ ਬਿਗਾਨੇ ਮਾਲਨੋਂ ਭਾਇਛੇ ਭੰਡ ਨਚਾਇ॥ਦਮੜਾ ਲੈਨ ਹਰਾਮ ਦਾ ਦੇਨ ਹਰਾਮੇ ਜਾਇ॥ਜੂਏ ਖੇਲਨ ਕੁਮਾਰਬਾਜ ਕਰਕੇ ਦਮੜੇ ਢੇਰ ॥ ਪੰਜੇ ਐਬ ਜੂਆਰੀਏ ਚਿਤਦਾ ਫਿਰਦਾ ਫੇਰ॥ਜੈਸਾ ਵਹਿਨ ਸਮੁੰਦ੍ ਦਾ ਗਿਆ ਨ ਆਵੈ ਵੱਤ ॥ ਰੁਕਨਲ ਆਖੇ ਨਾਨਕਾ ਇਹਫਿਰਹੇ ਕਿਤ ਭੱਤ ॥ ਸੁਝਨਨਾਹੀਂ ਅਜਰਾਈਲ ਦੇਂ ਦਾਬਹੁਤ ਸਜਾਇ ॥ ਦੇਹ ਖ਼ਬਰ ਦਰਗਾਹਦੀ ਸਚੀ ਮੁਖਹੁ ਅਲਾਇ ॥ ਹਾਲਤਿਨਾਂਕੀ ਹੋਇਗਾ ਜੋ ਪੀਵਣ ਅਮਲਬਿਕਾਰ॥ ਸੱਚ ਸਨੇਹਾਸੋਫੀਆਂ ਏਹਭੀ ਕਰੋਬੀਚਾਰ ॥ਤਾਂਹਉਂ ਮੰਨੀਨਾਨਕਾ ਕਲਵਿੱਚ ਅੱਵਲ ਫਕੀਰ॥ ਤਰਕੇ ਅਮਲਬਿਕਾਰਜੋ ਕਰਸੱਚੀਤਦਬੀਰ । ਸਿਫਤਸੁਨਾਉਂ ਸੋਫ਼ੀਆਂ ਜੋ ਪੀਅਨ ਪਿਆਲੇ ਸਚ ॥ ਰਹਿਨ ਖੁਮਾਰੀ ਰਾਤਦੀਮਨਹੁਤਿਆਗਨਕੱਚ॥ਆਖੇ ਰੁਕਨਲਨਾਨਕਾਸਚਗੁਵਾਹੀ ਦੇਹਿ ॥ਅਮਲੀ ਰੱਦਨਸੋਫੀਆਂ ਸੋਫੀਅਮਲਰਦੇਇ॥ਝਗੜਾ ਨਿਬੇੜੋ ਦੁਹਾਂਦਾ ਇਕ ਕੂੜਾ ਕਰ ਖਲਾਇ॥ਲਿਖਿਆਵਿੱਚਕਿਤਾਬਜੋ ਸੋਈਮੁਖਹੁੰ ਅਲਾਇ ॥੨੩॥ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕਆਖੈ ਰੁਕਨਦੀਨ ਲਿਖਿਆ ਵਿੱਚ ਕਿਤਾਬ ॥ ਦਰਗਾਹਅੰਦਰਮਾਰੀਅਨ ਜੋ ਪੀਂਦੇਭੰਗ ਸ਼ਰਾਬ॥ਚਰਸ ਅਫ਼ੀਮੀਪੋਸਤੀ ਚਿਲਮਾਂਛਿਕਨ ਪਿਸ਼ਾਬ ॥ ਖਾਨ ਮਜੂਨਾਂ ਕਤਲੀਆਂ ਸੀਖੀਂ ਲਾਇ ਕਬਾਬ ॥ ਪੀਂਦੇਭੰਗ ਤ੍ਰੁਕਾਇਕੇ ਜਹੂਰੀ ਨਾਲਰਲਾਇ ॥ ਦੁਨੀਆਂ ਮਾਨਣਮਸਤੀਆਂ ਦਰਗਾਹਲਹਨਸਜ਼ਾਇ॥ਜਿਉਂ ਤਿਲਘਾਣੀ ਪੀੜੀਅਨ ਦੁਹਾਂ ਜਹਾਨਾਂ ਮਾਹਿ ॥ ਰਵਣ ਪਰਾਈਆਂ ਅਉਰਤਾਂ ਤਪਤ ਥੰਮ ਗਲ ਲਾਇ॥ ਸਿੱਕਾਗਾਲ ਸਹੰਸ੍ ਮਣ ਮੁਹੀਂ ਤਿਨਾਂਦੀ ਪਾਹਿ॥ ਜੋਅਮਲ ਬਿਕਾਰੀ ਸੰਗਕਰੇ ਤਿਨਾਂਮਿਲੇ ਸਜਾਇ॥ਦੁਹੀਂ ਜਹਾਨੀਜਰਦਰੋਇ ਰਹਿੰਦੇ ਸਦਾਖੁਆਰ ॥ ਸੋਫੀਖਾਸੇਮਜਲਸੀਤਿਨਾਂਸੱਚ ਖੁਮਾਰ॥ ਚੋਰਹਰਾਮੀਕੁਮਾਰਬਾਜ ਇਨਾਂ ਪੀੜਨ ਘਾਣੀ ਪਾਇ ॥ ਮੁਖਹੁੰ ਪੁਕਾਰਨ ਹਾਇ ਹਾਇ ਅੱਗੋਂ ਸੁਣੀਐ ਨਾਹੀਂਕਾਇ॥ਬਾਝੋਂ ਰੋਦੀਪਾਣੀਐ ਹੋਰ ਨ ਖਾਣੈਖਾਨ॥ ਕਰਨ ਅਲਹ ਦੀਬੰਦਗੀ ਸਾਬਤ ਰੱਖਈਮਾਨ ॥ ਪੀਨ ਬਿਕਾਰੀ ਅਮਲਨੂੰ ਦਰਗਹ ਲਹਨਨ ਢੋਇ ॥ ਮੁਖ ਤਿਨਾਂਦੇਕਿਰਬਤੀ ਬਾਤ ਨ ਪੁੱਛੇਕੋਇ ॥ਨਾਨਕ ਆਖੇ ਰੁਕਨਦੀਨ ਸੱਚਾ ਇਹ ਜਵਾਬ ॥ ਜੋ ਦਰਗਹ ਅੰਦਰ ਵਰਤਦਾ ਲਿਖਿਆ ਵਿੱਚਕਿਤਾਬ॥ਬਾਝਅਲਹਦੀਬੰਦਗੀਗੱਲਾਂਹੋਰ ਸ਼ੈਤਾਨ ॥ ੨੪ ॥ ਸੁਆਲ ਕਾਜ਼ੀ ਰੁਕਨਦੀਨ ਸੂਰਾ ॥ ਰੁਕਨਲ ਆਖੇ ਨਾਨਕਾ ਸੱਚ ਸੁਨਾਵਹੁ ਬਾਤ ॥ ਕਿੱਥੋਂ ਆਵਨ ਆਦਮੀ ਕਾਨ ਹੈਵਾਨ ਨਬਾਤ ॥ ਫਿਰ ਫਿਰ ਮਿਲਦੇ ਨਾਲ ਰੂਹ ਕਿਥੇ ਜਾਇ ਸਮਾਇ ॥ ਗੈਬੀਖਬਰ ਖੁਦਾਇਦੀ ਦੇਵਣ ਫਕਰ ਸੁਨਾਇ॥ ਕਰ ਤਦਬੀਰਾਂ ਲਿਖਿਆ ਬੇਦਕਤੇਬ ਬਨਾਇ॥ਗੈਬੀਖਬਰਖੁਦਾਇਦੀ ਕੋਇ ਨ ਮੁਖੋਂ ਅਲਾਇ ॥ ਘਤਜੰਜੀਰੀ ਮਾਰਦੇ ਕਾਜੀ ਤੇ ਉਲਮਾਇ ॥ ਜੇਕੋ ਸੱਚ ਅਲਾਇਦਾ ਤਿਸ ਆਤਸ਼ ਦੇਨ ਜਲਾਇ॥ਹਿੰਦੂ ਮੁਸਲਮਾਨ ਦੁਇ ਸੱਚ ਨ ਕਹਿਣ ਸੁਣਾਇ॥ਦੋਵੇਂ ਦੋਜਕ ਪਉਸਨੀ ਲਹਸਨ

CC-0. Gurukul Kangri University Haridwar Collection. Digitized by S3 Foundation USA

ਬਹੁਤ ਸਜਾਇ ॥ ਦੋਜਕ ਭਿਸਤ ਕਿਤਾਬ ਵਿਚ ਪੜ੍ਹ ਕਰ ਖਲਕ ਸੁਨਾਇ॥ ਮੋਯਾਂ ਫੇਰਨ ਆਇਆ ਜੋ ਖ਼ਬਰਾਂ ਦੇਵੈਆਇ॥ਪੀਰ ਪੈਕੰਬਰ ਅਉਲੀਏ ਤਿਨਾਂਸਿਰਕੀ ਹਾਲਬਿਹਾਇ॥ ਦੱਬੇਪਏ ਜਮੀਨਵਿਚ ਕਈਲੱਖਾਂ ਜੁਗਬਿਤਾਇ ॥ ਫੇਰ ਕਿ ਸੂਰਤ ਤਿਨਾਂਦੀ ਡਿੱਠੀਕਿਸੈਨਾ ਮੂਲ ॥ ਈਸਾ ਮੂਸਾ ਇਬਰਾਹੀਮ ਹੋਰ ਕੇਤੇ ਨਬੀ ਰਸੂਲ॥ਫੇਰ ਨ ਡਿੱਠੀਆਂ ਸੂਰਤਾਂ ਰਹੇ ਤਿਨਾਂਦੇਨਾਲ॥ਰਹੇ ਨ ਉਮਰੇ ਪਾਤਸ਼ਾਹਿ ਜਿਨਾਂ ਵਸਾਏ ਗਾਂਵ॥ਖਾਕੂ ਸੇਤੀ ਮਿਲਗਏ ਕਈ ਵਜੀਰ ਪਾਤਸਾਹਿ॥ਰੱਯਤਅੰਤਨਪਾਈਐ ਅਗਮ ਬਿਅੰਤ ਅਥਾਹਿ॥ਇਕਪਾਸ ਰਹਿਪਾਤਿ-ਸਾਹ ਦੇ ਇਕ ਵਜੀਰਸਿਰ ਹੋਇ॥ਇਤਨੀਆਂ ਉਮਤੀ ਪੈਕੰਬਰਾਂ ਅੰਤਨਾਹੀਂ ਕੋਇ॥ਖਤਰਾ ਮਨਹੁ ਨ ਉਤਰੇਬਿਨਾਂ ਫਕੀਰ ਅਲਾਹਿ॥ਖਬਰ ਸੁਣਾਇਅਜ਼ਗੈਬਦੀ ਸੰਸਾ ਮਨਹੁ ਚੁਕਾਇ ॥ ੨੫ ॥ ਜਵਾਬ ਨਾਨਕਸ਼ਾਹ ਸੂਰਾ ॥ ਨਾਨਕ ਆਖੇ ਰੁਕਨਦੀਨ ਸੱਚ ਸੁਣਾਵਹੁ ਬਾਤ॥ਮਰਮਰ ਮਿਲਦੇ ਖਾਕਨਾਲ ਫਿਰਹੋਇ ਜਮਦੇ ਘਾਹ ॥ ਗੂਨੀਗੂਨੀ ਬੂਟੀਆਂ ਸੁਰਖੀ ਸਬਜ਼ ਸਿਆਹਿ॥ਨੀਲੀਆਂ ਪੀਲੀਆਂ ਚਿੱਟੀਆਂ ਹੋਰ ਗੁਲਾਬੀਵੰਨ॥ਭਾਰਅਠਾਰਹਬਨਾਸ ਪਤ ਬਹੁਮੇਵੇ ਬਹੁ ਅੰਨ॥ਖਾਨ ਹੈਵਾਨਾਂ ਆਦਮੀ ਪਾਇਪਰਿੰਦੇ ਲੱਖ॥ਹੋਵਨਤੁਹਫੇ ਬੂਟੀਓਂ ਮਰ ਫਿਰ ਜੰਮਨਵੱਤ॥ਆਵਾਗਉਨ ਨ ਮਿਟਈ ਜਿਉਂ ਵਹਿੰਦੇ ਵਰੀਆਇ॥ ਇਤਨੀ ਖ਼ਬਰ ਅਜ਼ਗੈਬਦੀ ਦੇਨ ਫ਼ਕੀਰਸੁਣਾਇ॥ ਇਹ ਸੁਣ ਯਾਦ ਖ਼ਲਕਦੀ ਬਹੁਤ ਵਧਾਇ ਨ ਵੈਰ ॥ ਦਾਣਾ ਪਾਣੀ ਖਾਇਕੇ ਰੱਖਨਡਿੰਗੇ ਪੈਰ॥ ਖਾਕੂਦੇ ਸਭ ਪੁਤਲੇ ਖਸਮੇਂਦੇ ਹੱਥ ਕੱਲ॥ ਮਰਨਾ ਚਿੱਤਨਆਵਈਚਸੇ ਮਰੇਕੇਪੱਲ॥ਜੀਆਖਾਵਨਜੀਅਕਉਜੀਆਂਜੀਅਆਹਾਰ॥ਆਪੋਆਪਣੇ ਖੇਲ ਕਰ ਇਹ ਭੱਕੇ ਬਿਉਹਾਰ॥ ਸੁਣੀਐ ਕਾਜ਼ੀ ਰੁਕਨਦੀਨ ਨਾਨਕ ਕਹੇ ਫ਼ਕੀਰ ॥ ਇਕੋ ਰਾਹ ਮੁਰੀਦ ਦਾ ਇੱਕੋ ਸਿਰ ਪਰ ਪੀਰ॥ਇਕ ਪੈਕੰਬਰਦੁਨੀਵਿਚ ਫਿਰਕਾਭੀ ਇੱਕ ਹੋਇ॥ ਐਥੇ ਦੀਨ ਅਗਿਣਤ ਹੈਨ ਪਾਰਲੰਘਾਏਕੋਇ॥ਰਾਜਜਿਨਾਂਦਾਦੁਨੀਵਿਚ ਸਿੱਕਾ ਤਿਨਾਂ ਦਾ ਹੋਇ॥ਜਰਬਾਂ ਲਗਨ ਅਨੇਕਬਿੱਧਿ ਹੁਕਮ ਨਾ ਮਾਨੈਕੋਇ॥ ਇੱਕੋ ਰਾਹਦਰਗਾਹ ਇਕਇੱਕੋ ਛੱਡ੍ ਅਟੱਲ ॥ ਇੱਕਾਜਰਬਜਹਾਨ ਵਿਚ ਨਾਨਕ ਰਾਜ ਅਛੱਲ॥ਮਸ਼ਰਕਅਤੇਮਗਰਬੋਂ ਔਰ ਜਨੂਬਸ਼ਮਾਲ॥ਦਰਸਨ ਦੇਖਓਆਉਂਗੀਉੱਮਤੀ ਅੰਤਨ ਭਾਲ॥ਸੱਤਰਜਾਮੇਦੁਨੀਵਿਚ ਰੱਖੇ ਬਕਾਈਫੇਰ॥ਮਜ਼ਹਬਨਜਾਣੈਦੇਸਨੀ ਰੱਖਸਨ ਉੱਮਤ ਘੇਰ॥ਨਾਨਕ ਦਰਸਨ ਕਲੀ ਵਿਚ ਹੋਰ ਨ ਦਰਸਨ ਭਾਲ॥ਜੁਗਜੁਗ ਦਰਸਨ ਨਉਤਨਾ ਨਾਨਕਸਾਹ ਕਤਾਲ॥ ਚਾਦਰ ਪਾਈ ਦਰਗਾਹਤੇ ਨਾਨਕਸਾਹਫਕੀਰ॥ਤਲੇ ਬਹੇ ਘਰਾਣਾ ਕਿਸੇਦਾ ਸੋ ਕਦੇ ਨ ਹੋਇ ਜਹੀਰ॥ ਜੇ ਕੋ ਆਵੇਚੱਲਕੇ ਬਹੇ ਚਾਦਰਹੇਠ ॥ ਕਲੀ ਕਾਲ ਬੇਤਾਲਦੀਤਿਸਹਿ ਨ ਲਾਗੈਫੇਟ ॥ ਘਿਉ ਮੈਦਾ ਖੰਡ ਸ਼ੱਕਰਾਂ ਮਾਖਿਓਂ ਮਾਝੇ ਦੁੱਧ॥ਖੀਰਖੰਡ ਮਠਿਆਈਆਂ ਰੱਬ ਸਭਕਿਛੁ ਦਿੱਤਾਮੁੱਝ ॥ ਕਰਸਨ ਭੋਗਬਿਲਾਸ ਬਹੁ ਗੂਨਾ ਗੂਨ ਪਰਸਾਦਿ॥ਜੋ ਸਰਨ ਪਏ ਗੁਰਦੇਵਦੀ ਸੋਭੋਗਨ ਆਦਿ ਜੁਗਾਦਿ ॥ ਝਗੜ ਚੁਕਾਵਨ ਕਾਰਨੇ ਆਏ ਦੁਨੀ ਫਕੀਰ॥ ਹਿੰਦੂ ਮੁਸਲਮਾਨ ਦੁਇ

CC-0. Gurukul Kangri University Haridwar Collection. Digitized by S3 Foundation USA

OF INTERNET ABHINAV GAUR TH

ਡਿਠੇ ਖਰੇਜਹੀਰ॥ਹਿੰਦੂਜਾਤ ਅਠੂਹਿਆਂ ਤੁਰਕ ਸਿਕਾਲੇਨਾਗ॥ਹਿੰਦੂ ਦਗੇਕਮਾਂਵਦੇਤੁਰਕ ਜੋਰ ਜਹਾਬ ॥ ਹਿੰਦੂ ਨ ਭਾਵੈ ਹਿੰਦੂਆਂ ਜੇਕੋ ਵਡਾ ਕਹਾਇ ॥ ਤੁਰਕ ਸਲਾਹੈ ਤੁਰਕ ਨੋ ਕਰ ਵੱਡਾ ਦੀਨ ਸਲਾਹਿ ॥ ਹਿੰਦੂ ਚਾਹਿਨ ਹਿੰਦੂਆਂ ਤੁਰਕਾਂ ਰੱਦ ਕਰੇਨ ॥ ਦੋਵੇਂ ਅੱਖੀਂ ਮੀਟਕੇ ਸਗਲੇਧਰਮ ਰਦੇਨ॥ਤੁਰਕ ਰੱਦੇ ਰਾਹਹਿੰਦੂਆਂ ਅਪਨਾ ਦੀਨਸਲਾਹਿ॥ ਹਿੰਦੂ ਮੁਸਲਮਾਨ ਦੁਇ ਕਰ ਮਨਸੂਖ ਉਠਾਇ ॥ ਅੰਧੇ ਕਾਣੇ ਦੋਜ਼ਕੀ ਦੋਜ਼ਕ ਪਵਨੀ ਜਾਇ ॥ ਕਾਣਿਆਂ ਦਾ ਛੱਡ ਸੰਗਤੂੰ ਅੰਨਿਆਂ ਨਾਲ ਨ ਜਾਇ॥ ਦੋਹੀਂ ਚਸਮੀਂ ਦੇਖਤੂੰ ਤਾਂ ਸਚ ਲਹੇ ਮਹੱਲ॥ ਨਾਨਕ ਕਲ ਵਿੱਚ ਨਿਰਮਲੀ ਗੁਰਸਿੱਖੀ ਪਰਵਾਨ ॥ ਅਗਿਣਤ ਲੰਘੇ ਉੱਮਤੀ ਸੱਚਨਾਮਪਰਵਾਨ ॥ਸੱਚੇ ਚਾਹੈ ਸਭ ਖੜੀਦਰਗਹ ਲਹਨ ਨ ਢੋਇ॥ ਰੋਟੀਕਪੜੇ ਕਾਰਨੇ ਕੂੜ ਕਮਾਵਨ ਲੋਇ॥ ਖਾਵਣ ਪਹਿਰਨ ਰੱਬ ਦਾ ਕਰਮੀ ਪੱਲੈ ਪਾਇ॥ਆਸਬਿਗਾਨੀ ਜੋਕਰੇਨ ਸੇਦਰਗਹਲਹਨ ਸਜਾਇ॥ ਫਿੱਟ ਤਿਨਾਂਦਾ ਜੀਵਿਆ ਜੋ ਪਰ ਕੀ ਆਸਕਰੇਨ ॥ ਰੋਟੀ ਕਪੜੇ ਕਾਰਣੇ ਮੁਖਹੁ ਕੂੜ ਬੋਲੇਨ ॥ ਸੁਣਹੁ ਕਾਜ਼ੀ ਰੁਕਨਦੀਨ ਸੱਚਾ ਏਹ ਜਵਾਬ ॥ ਸਾਹਿਬਦਾ ਫੁਰਮਾਇਆ ਲਿਖਿਆਵਿੱਚਕਿਤਾਬ॥ਐਥੇ ਦੇਖ ਸਿਵਾਣ ਲੈ ਅੱਗੇ ਜਾਇਪਛਾਣ ॥ ਵਿੱਚ ਫਕੀਰੀਖਲਕ ਦੀ ਹਿੰਦੂ ਮੁਸਲਮਾਨ ॥ ਨਿਕਲੀ ਜ਼ਰ ਸਰਕਾਰਤੇ ਆਈ ਸੁਨਿਆਰੇ ਹੱਥ ॥ ਕਿਸੇ ਬਣਾਏ ਛੱਲੜੇ ਕਿਸੇ ਬਨਾਈ ਨੱਥ ॥ ਕਿਸੇ ਤਨਉੱਜ਼ੇ ਵਾਲੀਆਂ ਕੰਛਣ ਘੜੇ ਸਵਾਰ॥ ਸੋਨਾਂ ਇਕਸੇ ਜਾਤ ਦਾ ਜੇਵਰ ਬਹੁ ਪਰਕਾਰ ॥ ਮਾਨਸ ਇਕਸੇ ਜਾਤ ਦੇ ਦੀਨ ਭਿੰਨ ਭਿੰਨ ਹੋਇ॥ ਕੋਇ ਕਰਾਏ ਸੁੰਨਤੀ ਜੱਤ ਰਖਾਏ ਕੋਇ॥ਦੋਹਾਂ ਬੱਧੇ ਮੋਰਚੇ ਰੈਬਾਰਾ ਸੈਤਾਨ॥ਦਾਵਾ ਰਾਮ ਰਸੂਲ ਕਰ ਲੜਦੇ ਬੇਈਮਾਨ ॥ ਦਾਵਾ ਛੱਡੋ ਮੋਮਨੋਂ ਬਾਦ ਮਿਟਾਵਹੁ ਕੂੜ ॥ ਹਿੰਦੂਮੁਸਲਮਾਨ ਜੋ ਕਰਦੋਵੇਂ ਮਨਸੂਖ ॥ ਪਕੜਹੁ ਰਾਹ ਖੁਦਾਇਦਾ ਦਰਗਹ ਪਵਹੁ ਕਬੂਲ ॥ ਲਿਖਿਆ ਵਿੱਚ ਕਿਤਾਬਦੇ ਝਗੜਾ ਰਾਮਰਸੂਲ॥ਵਿਚਿਵਿਚ ਗੱਲਾਂ ਕੂੜੀਆਂ ਸੋਧਹੁ ਬੇਦਕਤੇਬ॥ਪੜਦੇ ਪਾਏ ਭਰਮਦੇ ਬਹੁਬਿਧ ਕੀਨੇ ਭੇਦ ॥ ਬਾਰਾਂਬੁਰਜ ਅਸਮਾਨ ਵਿਚ ਨਾਲ ਸਤਾਰੇਸੱਤ॥ ਪੰਦਰਾਂ ਥਿਤ ਮਹੂਰਤਾਂ ਹੋਰ ਸਤਾਈ ਨਿਖੱਤ ॥ ਭਦਰਾਂ ਪੰਜ ਕਿ ਜੋਗਨੀ ਚਸੇ ਪਲ ਬੀਚਾਰਿ॥ਏਹ ਰੱਬਾਨੀ ਲੋਹਹੈ ਲਿੱਖੇ ਖੁਦ ਕਰਤਾਰ ॥ ਜਿਉਂ ਸੂਰਜ ਬਾਰਹ ਬੁਰਜ ਵਿਚ ਤਿਉਂ ਇੱਕੋ ਇਕ ਖੁਦਾਇ ॥ ਦੂਸਰ ਹੋਯਾ ਨ ਹੋਇਗਾ ਮਨ ਵਿਚ ਦੇਖ ਨਗਾਇ॥ਚੰਗਾ ਮੰਦਾ ਲੇਖ ਸਭ ਨਉਂ ਗ੍ਰਹਿ ਵਿਚ ਹੋਇ॥ ਨਉਂ ਗ੍ਰਹਿ ਬਾਰਹ ਬੁਰਜ ਵਿਚ ਇਕੋ ਸੱਚਾ ਸੋਇ ॥ ਗੱਲਾਂ ਹੋਰ ਸ਼ੈਤਾਂਨ ਦੀ ਵਰਤਨ ਕੋ ਸੰਸਾਰ ॥ ਬਾਦ ਬਿਖਾਦੀ ਝਗੜੇ ਜਨਮੇ ਤੇ ਸੰਘਾਰ ॥ ਸਿਰ ਸਿਰ ਲੇਖ ਅਲੇਖ ਦਾ ਉਤਮ ਮੱਧਮ ਜਾਣ ॥ ਕਰਮੀ ਆਪੋ ਆਪਣੀ ਮਸਤਕ ਭਏ ਨਿਸ਼ਾਨ॥ਫਿਰਨ ਚੱਕਰ ਸਿਰ ਉਪਰੇ ਰੈਨਦਿਵਸਕੇ ਮਾਹਿ॥ ਕਾਰਜ ਸਭ ਸੰਸਾਰ ਦੇ ਹੁਕਮੇ ਵਿਚ ਹਵਾਇ ॥ ਕਲਾ ਰੱਖੀ ਅਸਮਾਨ ਵਿਚ ਚਾਰੇ ਤੱਤ ਪਤਾਲ ॥ ਜਿਉਂ ਜਿਉਂ ਕਲਾ ਫਿਰਾਈਐ ਤਿਉਂ ਤਿਉਂ ਫਿਰੈ ਸੰਸਾਰ ॥ ਉਲਟਾ ਖੇਲ ਖਸੱਮ ਦਾ ਸਿਰ ਉਪਰ ਭਲ ਪਾਇ ॥ ਸਿਰਤਲਵਾਹੇ

CC-0. Gurukul Kangri University Haridwar Collection. Digitized by S3 Foundation USA

ਜੰਮਦੇ ਨਿਹਚਲ ਕਿਉਂ ਕਰ ਜਾਇ ॥ ਸਿਰ ਤਲ ਵਾਏ ਕੰਮ ਵਿੱਚ ਬਾਹਰ ਭੀਤਰ ਹੋਇ ॥ ਉਪਰੁ ਹਯਾਤੀ ਪਾਇਨੀ ਨਾਨਕ ਸੱਚ ਬਿਗੋਇ॥ ਮੱਥਾ ਧਰਕੇ ਜ਼ਿਮੀਂ ਪਰ ਖਾਤਰ ਰੱਖ ਹਜ਼ੂਰ ॥ ਮਿਲਿਆ ਰਹੇ ਖੁਦਾਇ ਨਾਲ ਹੋਇ ਨ ਕਬਹੂ ਦੂਰ ॥ ੨੬ ॥ ਸੁਆਲ ਕਾਜ਼ੀ ਰੁਕਨਦੀਨ ਸੂਰਾ ॥ ਰੁਕਨਲ ਆਖੇ ਨਾਨਕਾ ਦਰਗਹ ਦੀ ਖਬਰ ਸੁਨਾਇ ॥ ਕੇਹਾ ਰੰਗ ਮਹੱਲਦਾ ਜਿਥੇ ਰਹੇ ਖੁਦਾਇ॥ ਕੇਹੇ ਬੁਰਜ ਮਹੱਲਦੇ ਛੱਜੇ ਤੇ ਚਉਕਾਠ ॥ ਕੇਹੀਆਂ ਡਿੱਠੀਆਂ ਬੈਠਕਾਂ ਕਿਸ ਨਾਲ ਕੀਤੇ ਰਾਸ ॥ ਕੇਹਾ ਗਾਰਾ ਚੂਨੜਾ ਕਉਣ ਬਨਾਵਣਹਾਰ ॥ ਸੂਰਤ ਕਉਣ ਮਹੱਲਦੀ ਕਿਉਂ ਕਰ ਹੋਇਦੀਦਾਰ॥ ਦਰਤੇ ਲਿਖਿਆ ਕੇ ਕੁਝ ਏਹ ਭੀ ਦੇਇ ਬਤਾਇ॥ ਕੇਹੜਾ ਯਾਰ ਖੁਦਾਇਦਾ ਜਿਸ ਨੋਂ ਠਾਕ ਨ ਪਾਇ॥ ਪਹੁੰਚੇ ਕੇਹੜੀ ਬੰਦਗੀ ਕਰਕੇ ਕਉਣ ਨਮਾਜ਼ ਸੱਚੋ ਸਚ ਬਤਾਇ ਤੂੰ ਸੱਚਾ ਕੇਹੜਾ ਸਾਜ਼ ਕੇਹੜੀ ਸੁੰਨਤ ਪਾਈਐ ਜਾਇ ਦੀਦਾਰ ਖੁਦਾਇ ॥ ਕਉਣ ਰਸੂਲ ਪਹੁੰਚਾਇਦਾ ਦਰਗਹ ਸੱਚੀ ਜਾਇ ॥ ਸਭ ਨਿਸ਼ਾਨੀਆਂ ਦੇਹ ਖਾਂ ਤਾਂ ਤੂੰ ਅੱਵਲ ਫ਼ਕੀਰ॥ ਪੀਰਾਂ ਅੰਦਰ ਪੀਰ ਤੂੰ ਮੀਰਾਂ ਅੰਦਰ ਮੀਰ ॥ ੨੭ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ ਰੁਕਨਦੀਨ ਦਰਗਾਹਦੀ ਸੁਧ ਲੇਹ ॥ ਰੰਗ ਅਜਾਇਬ ਮਹਿਲਦਾ ਹੀਰੇ ਲਾਲ ਜੜੇਇ ॥ ਮੋਤੀ ਤੇ ਯਾਕੂਤੀਆਂ ਮਣੀ ਜਮੁਰਦਾਂ ਨਾਲ ॥ ਲਖ ਆਫ਼ਤਾਬ ਮਹਿਤਾਬ ਲਖ ਰੌਸ਼ਨ ਬਲਨ ਮਸ਼ਾਲ॥ ਰੰਗ ਮਹੱਲ ਹੈ ਕੁਦਰਤੀ ਜਿਸ ਵਿੱਚ ਤਖਤ ਸੁਬਹਾਨ ॥ ਬੈਠਾ ਸੱਚਾ ਪਾਤਸ਼ਾਹ ਸੁਲਤਾਨਾਂ ਸੁਲਤਾਨ ॥ ਬਾਰਾਂ ਬੁਰਜ ਮਹੱਲ ਦੇ ਨਉਂ ਦਰਵਾਜੇ ਨਾਲ॥ ਪੰਜ ਖਵਾਸਹੈਂ ਪਾਹਰੂ ਚਉਕੀ ਦੇਨ ਸੰਭਾਲ॥ ਬੁਰਜ ਸਵਾਰੇ ਜਰੀਕੇ ਮੀਨਾਕਾਰੀ ਰਾਸ ॥ ਬਣੇ ਚਉਕਾਠਾਂ ਛੱਜੜੇ ਬਾਵਨ ਚੰਦਨ ਕਾਠ ॥ ਪੱਥਰ ਪਾਰਸ ਲਾਈਐ ਪਾਰਸ ਜਾਤ ਸੰਗ ਬਾਰ॥ ਕਾਂਮਧੇਨ ਲਖ ਲਛਮੀਆਂ ਹੋਇ ਗੋਲੀ ਕਰਨ ਅਰਦਾਸ॥ ਲੇਪਨ ਮੇਦਕ ਸੂਤ੍ਰੀਆ ਚੋਏ ਬਹੁ ਪਰਕਾਰ॥ ਰੰਗ ਅਜਾਇਬ ਬੈਠਕਾਂ ਗਾਰੇ ਮੁਸ਼ਕ ਅਪਾਰ ॥ ਨਉਂ ਦਰਵਾਜੇ ਕੋਟ ਦੇ ਦਸਵਾਂ ਨੂਰ ਮਹੱਲ॥ ਹਉਜ਼ ਹਯਾਤੀ ਪਰ ਭਰੇ ਤਿਸ ਵਿਚ ਕਉਲ ਅਚੱਲ॥ ਗਿਰਦ ਮਹੱਲ ਦੇ ਕੋਟ ਹੈਂ ਬਾਵਨ ਕਿੰਗਰੇ ਤਿਸ॥ ਕਿੰਗਰੇ ਕਿੰਗਰੇ ਤੋਪਚੀ ਵੜਨ ਨ ਦੇਂਦੇ ਕਿਸ ॥ ਸੱਤ ਸਮੁੰਦਰ ਖਾਈਆਂ ਨਦੀਆਂ ਅੰਤਨ ਪਾਰ॥ ਕਈ ਰਖਵਾਲੇ ਸੂਰਮੇ ਪਿਆਦੇ ਤੇ ਅਸਵਾਰ॥ ਇਕ ਮਹੱਲ ਦੁਇ ਬਾਰੀਆਂ ਸ਼ਿਵ ਸ਼ਕਤੀ ਸੁਲਤਾਨ ॥ ਖਿੜਕੀ ਖੋਲਦੀ ਦਾਰ ਦੇਨ ਬਹੁ ਭਵਧਾਇਨ ਮਾਨ॥ ਗੈਬੀ ਵੱਜਨ ਨਉਬਤਾਂ ਸੰਖ ਨਗਾਰੇ ਭੇਰ॥ ਸਰਨਾਈਆਂ ਤੇ ਮੁਰਲੀਆਂ ਨਾਲ ਅਨਾਦੇ ਫੇਰ॥ ਬਾਗਾਂ ਬੁਰਜਾਂ ਸਿੰਙੀਆਂ ਸਾਰੰਗੀਆਂ ਰਬਾਬ ॥ ਵੱਜਣ ਛੈਣੇਂ ਕੈਂਸੀਆਂ ਤੇ ਰੇ ਰਾਗਾਂ ਸਾਜ॥ ਗਾਵਹਿ ਛਤੀਸ ਰਾਗਨੀ ਸੰਗ ਖਸ਼ਟ ਅਲਾਪਹਿ ਰਾਗ ॥ ਸੰਗ ਅਲਾਪਹਿ ਨਾਇਤਾਂ ਵਾਰੋ ਵਾਰੀ ਜਾਗ॥ ਪਹਿਲੇ ਭੈਰੋ ਗਾਵਹੀ ਪੰਚ ਰਾਗਨੀ ਸੰਗ॥ ਭੈਰਵ ਤੇ ਬਿਲਾਵਲੀ ਨਾਲ ਬੰਗਾਲੀ ਚੰਗ॥ ਪੁੰਨਜਾਂ ਕੀ ਅਸਲੇਖੀ ਸ਼ਾਹ ਪਾਂਚੋਂ ਨਾਰ ਸੰਗ ਬੀਚਾਰ ॥ ਮਾਲਕ ਉਸਫੁਨ ਗਾਵਹੇ ਪੰਚ ਸੰਗ ਲੇ ਬਾਰ ॥ ਗੋਡਕਰੀ ਅਲਾਪਹੇ ਦੇਵਗੰਧਾਰੀ ਨਾਲ ॥ ਸੋਰਠ ਗੰਧਾਰੀ ਕਹੇ ਧਨਾਸਰੀ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR TH

ਸੰਗ ਭਾਲ॥ਗਾਵੈ ਫੁਨ ਹਿੰਡੋਲ ਰਾਗ ਪਾਂਚ ਰਾਗਨੀ ਸਾਥ॥ਤੇਲੰਗੀ ਦੇਵਕਰੀ ਕਹੁਬਸੰਤੀ ਸੰਧੂਰ॥ਸਰਸ ਅਹੀਰੀ ਭਾਰਜਾ ਗਾਵਹਿ ਰਾਗ ਚੰਡੂਰ॥ ਗਾਵਹਿ ਦੀਪਕ ਰਾਗ ਫੁਨ ਪਾਂਚ ਰਾਗਨੀ ਸਾਥ ॥ ਕਾਛੇਲੀ ਪਟਮੰਜਰੀ ਟੋਡੀ ਗਾਵ ਅਲਾਪ ॥ ਕਾਮੋਦੀ ਅਰ ਗੂਜਰੀ ਸੰਗ ਦੀਪਕਕੇਲਾਇ॥ਗਾਂਵਨ ਊਚੀ ਸੁਰ ਲੀਏ ਬੈਠਾ ਸੁਨੇ ਖੁਦਾਇ॥ਪੰਚਮ ਗਾਵਹਿਸਿਰੀਰਾਗ ਪੰਚ ਰਾਗਨੀ ਕੋਲ॥ਬੈਰਾਰੀਕਰਨਾਟਕੀਗਉੜੀਸੁਨਾਇਬੋਲ॥ਪੰਚਮਗਾਵੈਸਿੰਧਵੀ ਸਿਰੀ ਰਾਗਕੀਨਾਰ॥ਵਾਰੀਆਪੋ ਆਪਣੀ ਸੱਭੇ ਰਾਗ ਉਚਾਰ॥ਮੇਘਰਾਗਸੰਗ ਪੰਚਹੈਂ ਪਾਵੈਗੁਨੀ ਬੀਚਾਰ॥ਤੀਸ ਰਾਗਨੀਗਾਵਹੇ ਗਾਵਹਿ ਖਟਹੀ ਰਾਗ॥ਜੋ ਜਾਗੇ ਸੋਈ ਸੁਣੇ ਜਾਗਨਤਿਸਕੇ ਭਾਗ॥ਰਾਗਾਂਵਿਚ ਕਈਰਾਗਹੈਂ ਕਾਢਹਿ ਸੁਘੜ ਬਣਾਇ॥ਤੀਸ ਰਾਗਨੀ ਖਟਰਾਗ ਸਦਾ ਸਰਬਦਾ ਆਇ ॥ ਗਾਵਹਿ ਭਾਲ ਮਿਲਾਇਕੇ ਸਮੇ ਸਮੇ ਕਰ ਰਾਗ॥ ਸਾਜ ਬਾਜ ਸਭ ਸੰਗ ਬਜਹਿ ਹੋਵਹਿ ਨਾਦ ਅਨਾਦ॥ਉਪਰ ਖਾਸੇ ਮਹਿਲਪਰ ਦੇਵੈ ਬਾਂਗ ਖੁਦਾਇ॥ਸੁੱਤੇਬਾਂਗਨ ਸੁਨ ਸਕਨ ਰਹਿਆ ਖੁਦਾਇ ਜਗਾਇ ॥ ਸੁੱਤੀ ਪਈ ਨਿਭਾਗ ਸਭ ਸੁਣੇ ਨ ਬਾਂਗਾਂ ਕੋਇ॥ਜੋ ਜਾਗੇਸੋਈ ਸੁਣੇ ਸਾਈਂ ਸੰਦੀ ਸੋਇ ॥ ਰਾਹਖੁਦਾਇਭੀ ਹਾਵਲਾ ਵਾਲਹੁ ਦਸਵੇਂ ਭਾਇ॥ਹਥੀ ਜਾਇ ਨ ਸਕਨੀ ਹਉਮੈ ਰਖੇ ਅੜਾਇ॥ਸੁਰਤ ਰੰਗਮਹੱਲ ਦੀ ਮਨਪਰ ਰੱਖਹੁ ਲਾਇ॥ਦਰ ਦੇ ਉਪਰ ਲਿਖਿਆ ਇੱਕੋ ਪਾਕ ਖੁਦਾਇ॥ਕੁਦਰਤ ਕਈ ਰਸੂਲ ਹੈਂ ਯਾਰਾਂ ਅੰਤ ਨ ਪਾਇ॥ ਜਿਸਕੀ ਯਾਰੀ ਧੁਰ ਚੜ੍ਹੈ ਪਹੁਤਾ ਜਾਣਹੁਸੋਇ॥ਆਵਣਜਾਣ ਫਰਮਾਨ ਲਏ ਕਈ ਇਜਾਰੇ ਚਾਇ ॥ਕੇਤੇ ਲੱਖ ਮੁਰੀਦ ਕਰ ਹਉਮੈ ਅੰਦਰ ਪਾਇ ॥ ਰਹੀਆਂ ਉਰੇ ਉੱਮਤੀ ਨਾਲੇ ਨਬੀ ਰਸੂਲ ॥ ਨਿਗੁਰੇ ਰਾਹਿ ਨ ਪਾਇਨੀ ਮਣੀ ਗਿਆਨੇ ਭੂਲ॥ਸੱਚ ਸਰੀਯਤ ਬੰਦਗੀ ਸਚੀ ਸੁੰਨਤ ਏਹ॥ਸੱਚ ਦੀਦਾਰ ਖੁਦਾਇਦਾ ਸੱਚ ਨਿਮਾਜ ਕਰੇਇ ॥ ਸੱਚ ਬਰਾਬਰ ਨ ਯਾਰ ਕੋ ਜੋ ਦੇਵੈ ਖੁਦਾਇ ਮਿਲਾਇ॥ ਹਿੰਦੂ ਮੁਸਲਮਾਨਦਾ ਦਾਵਾ ਦੇਇ ਉਠਾਇ॥ ਨਾਨਕ ਲੇਖੇ ਇਕ ਗਲ ਹੋਰ ਗਲਾਂ ਸ਼ੈਤਾਨ॥ਅਮਲਾਂ ਉਪਰਿ ਨਿਬੜੇ ਸਾਬਤ ਰਖ ਈਮਾਨ॥ ੨੯ ॥ ਜਾਂ ਇਤਨੀ ਨਸੀਹਤ ਸੁਰਾ ਕਲਾਮਕੀ ਕਾਜ਼ੀ ਰੁਕਨਦੀਨ ਨਾਲ ਹੋਈ ਤਾਂ ਹੋਰ ਹਾਜੀ ਅਵਰਦੇਸ਼ੋਂ ਕੇਨਏ ਮੁੱਲਾਂ ਹਾਜੀ ਜਿਨੋਂ ਨੇ ਨਸੀਹਤ ਨਾਮੇਕਾਮਗ਼ਜ਼ ਨ ਪਾਯਾ ਥਾ ਸੋ ਬੋਲੇ ॥ ੧ ॥ ਸੁਰਾ ॥ ਹਾਜੀ ਆਖਨ ਨਾਨਕਾ ਸੁਨ ਤੂ ਸੱਚ ਜਵਾਬ ॥ ਹਿੰਦੂ ਜਲਦੇ ਵਿਚ ਆਤਸ਼ੀ ਸਹਿੰਦੇ ਬਹੁਤ ਅਜ਼ਾਬ ॥ ਬਡਾ ਦੋਜ਼ਕ ਆਤਸ਼ੀ ਨੇੜੇ ਜਾਇਨ ਕੋਇ ॥ ਹਿੰਦੂ ਜਲਦੇ ਤਿਸਵਿਚ ਦੋਜ਼ਕ ਪਹੁਤੇ ਸੋਇ ॥ਉੱਮਤ ਪਾਕ ਮੁਹੰਮਦੀ ਮਿਲੇ ਸੁ ਖਾਕੂਸਾਥ॥ ਕਿਆਮਤ ਫੇਰ ਉਠਾਇਸੀਕਾਜੀ ਮੁਹੰਮਦ ਆਪ॥ਨੇਕੀਬਦੀ ਕਸੀਸਜੋ ਔਰਤਪੁਰਸ ਨ ਕੋਇ॥ਕਜਾਮਤਹੋਇਹਿਸਾਬਸਭ ਮੁਸਲਮਾਨ ਜੋ ਸੋਇ ॥ ਜਿਸਕਾ ਜੁੱਸਾ ਤਿਸਕਉ ਦੂਜਾ ਮਿਲੈ ਨ ਹੋਰ ॥ ਰੋਜ਼ ਕਿਆਮਤ ਭੇਹੜੇ ਪਉ ਸਨ ਵੱਡੇ ਸ਼ੋਰ॥ਇਸਰਾਫ਼ੀਲ ਫਰੇਸ਼ਤਾ ਜਦ ਫੂਕੇਸੀ ਕਰਨਾਇ॥ ਉਠ ਸਨ ਸਭੇ ਉੱਮਤੀ ਜੋ ਖ਼ਾਕੂ ਸੰਗ ਸਮਾਇ॥ ਆਪ ਮੁਹੰਮਦ ਮੁਸਤਫ਼ਾ ਮੀਜ਼ਾਂ ਕਰੇ ਹਿਸਾਬ॥ ਨੇਕੀ ਬਦੀ ਬੀਚਾਰ ਕੇ ਦੇਸੀ

CC-0. Gurukul Kangri University Haridwar Collection. Digitized by S3 Foundation USA

ਅਜ਼ਾਬ ਸਵਾਬ॥ਕਲਮਾਂ ਜਿਨਾਂ ਪਛਾਣਿਆ ਸਹਿਨ ਨ ਵੱਡੇ ਭਾਇ॥ਲਿਖਿਆ ਵਿੱਚ ਕੁਰਾਨ ਦੇ ਕਹੇ ਰਸੂਲ ਖ਼ੁਦਾਇ ॥੨੯॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ ਕਾਜ਼ੀਆਂ ਸੁਣੀਏ ਸੱਚ ਸੁਆਲ॥ਹਿੰਦੂ ਜਲਦੇ ਇੱਕਵਾਰ ਤੁਰਕ ਵੱਡੇ ਜੰਜਾਲ॥ਮਿੱਟੀ ਮੁਸਲਮਾਨ ਦੀ ਜੰਮੇ ਹੋਇ ਨਬਾਤ॥ਜਲਨ ਨਬਾਤੀ ਹਮੇਸ਼ ਵਿਚ ਆਤਸ਼ ਸਹਿਨ ਕਿਸਾਸ॥ਜਲ ਬਲ ਕੋਲੇ ਹੋਇਕੇ ਫਿਰ ਮਿਲਿਸੀ ਖਾਕੂ ਨਾਲ॥ਕਿੱਥੇ ਮੁਹੰਮਦ ਮੁਸਤਫ਼ਾ ਮੀਜ਼ਾਂ ਕਰੇ ਸੰਭਾਲ॥ਕਜਾਮਤ ਚਸਮੀ ਦੇਖੀਐ ਅੰਦਰ ਇਸੇ ਜਹਾਨ॥ਹਿੰਦੂ ਮੁਸਲਮਾਨ ਦੁਇ ਅੰਦਰ ਆਂਚ ਜਲਾਨ॥ਮੁਹੰਮਦ ਮੁਹੰਮਦ ਕਜਾ ਕਰੋ ਮੁਹੰਮਦ ਘਰ ਘਰ ਹੋਇ॥ਇਕ ਮੁਹੰਮਦ ਮੁਸਤਫ਼ਾ ਕਈ ਮੁਹੰਮਦ ਲੋਇ॥ਪੜਦਾ ਕੂੜਾ ਡਾਲਕੇ ਰੱਖਜਾ ਸੱਚ ਛਿਪਾਇ॥ਓੜਕ ਸੱਚ ਸਲਾਮਤੀ ਦੇਸੀ ਕੂੜ ਉਡਾਇ॥ਇੱਕੋ ਸੱਚ ਪਛਾਣ ਕੇ ਇਕੋ ਜਾਣੋ ਸੋਇ॥ਆਮਦ ਰਫਤ ਨ ਰਹਿਸਕੇ ਰੱਖ ਨ ਸਕੇ ਕੋਇ॥ ਭਾਵੇਂ ਆਖੇ ਖ਼ੁਦਾਇ ਜਬ ਇਕਤੇ ਕਰੇ ਅਨੇਕ ॥ ਫੇਰ ਅਨੇਕੋਂ ਇਕ ਕਰੇ ਨਾਨਕ ਕਹੇ ਬਿਬੇਕ ॥ ਜਿਸਦੇ ਮਰਗ ਨਸੀਬ ਹੈ ਕਿਆਮਤ ਤਿਸਦੇ ਭਾਇ ॥ ਇਸਰਾਫ਼ੀਲ ਫਰੇਸ਼ਤਾ ਜਬ ਫੂਕੇਸੀ ਕਰਨਾਇ ॥ ਉਠੇ ਜੁੱਸਾ ਤਿਸਦਾ ਜਿਸਦੇ ਮਰਗ ਨਸੀਬ॥ਇਕਦੂ ਜੁੱਸੇ ਅਸੰਖ ਹੋਨ ਨਾਨਕ ਕਹੇ ਰਸੀਦ ਆਪੇ ਇੱਕ ਖ਼ੁਦਾਇ ਹੈ ਕਈ ਮੁਹੰਮਦ ਲੋਇ ॥ ਵਾਰੀ ਆਪੋ ਆਪਨੀ ਉੱਠੀ ਚਲੇ ਰੋਇ ॥ ਕੂੜਾ ਝਗੜਾ ਹਾਜੀਓ ਮਨ ਤੇ ਰਖਹੁ ਨ ਮੂਲ ॥ ਇੱਕੋ ਪਾਕ ਖ਼ੁਦਾਇ ਹੈ ਹੋਰ ਕੇਤੇ ਨਬੀ ਰਸੂਲ ॥ ਓੜਕ ਡਿੱਠਾ ਹਾਜੀਆਂ ਰਹੇ ਸਭੇ ਮੁਰਝਾਇ॥ ਹੁੱਜਤ ਹਾਜਤ ਸ਼ਰ੍ਹਾਦੀ ਸਕਨ ਨ ਮੁਖਹੁ ਅਲਾਇ ॥ ਸ਼ਰਾ ਸ਼ਰੀਯਤ ਸੋਧਕੇ ਸੱਚ ਸ਼ਰੀਯਤ ਕੀਨ ॥ ਪਕੜਹੁ ਰਾਹ ਤਰੀਕਤੇ ਕਰਕੇ ਸਾਬਤ ਦੀਨ ॥ ਪਾਵਹੁ ਰਾਹ ਹਕੀਕਤੇ ਹੱਕ ਹਲਾਲ ਗੁਆਹਿ॥ਰਾਹ ਪਛਾਣਹੁ ਮਾਰ ਫ਼ਤ ਆਪੇ ਆਪ ਅਲਾਹਿ॥ਨਾਨਕ ਆਖੇ ਹਾਜੀਆਂ ਚਾਰ ਕਤੇਬ ਗੁਆਹਿ॥ਭਿਸ਼ਤਾਂ ਭਿਸ਼ਤਾਂ ਕਿਆ ਕਹੋ ਦੋਜ਼ਕ ਦਿਹੋਂ ਦਿਖਾਇ॥ਜਲਦੇ ਦਿੱਸਨ ਦੋਵੜੇ ਕੂਕ ਪੁਕਾਰਨ ਹਾਇ॥ਮੁਸਲਮਾਨੀ ਹੇਜ਼ਮਾਂ ਕਰੇ ਨਬਾਤੀ ਜਿਸ ॥ ਅੰਦਰੋਂ ਬਾਹਰੋਂ ਆਤਸ਼ੀ ਭੇਦ ਨ ਪਾਵੈ ਕੋਇ॥ ਨਾਨਕ ਆਖੇ ਹਾਜੀਆਂ ਜਲਦੇ ਦਿਸਨ ਦੋਇ॥ਭਿਸ਼ਤਾਂ ਦਿਸਨ ਜਲਦੀਆਂ ਹਾਵੀਏ ਦੋਜ਼ਕ ਨਾਲ ॥ ਹਿੰਦੂ ਮੁਸਲਮਾਨ ਦਾ ਕੋਇ ਨ ਪੁੱਛੇ ਹਾਲ॥ਦੁਨੀਆਂ ਦੋਜ਼ਕ ਆਤਸ਼ੀ ਸਭ ਘੱਤੇ ਦੀਨ ਜਲਾਇ॥ਪੇਟ ਨ ਪਾਵਨ ਰੋਟੀਆਂ ਵਿਸਰ ਜਾਇ ਖ਼ੁਦਾਇ॥ਜੇਤੇ ਫ਼ਿਰਕੇ ਦੁਨੀਂ ਵਿਚ ਖਾਣੇ ਨਾਲ ਪੈਵੰਦ॥ਇੱਕੋ ਫ਼ਿਰਕਾ ਰੱਬਦਾ ਤਿਸ ਵਿਚ ਬਹੁਤੇ ਬੰਦ॥ਆਬੀ ਖ਼ਾਕੀ ਆਤਸ਼ੀ ਚਉਥਾ ਬਾਦੀ ਨਾਲ॥ਚਾਰੋਂ ਜਲਦੇ ਦਿੱਸਨੀ ਕਿਸਨੂੰ ਆਖਣ ਹਾਲ॥ਜਲਸਨ ਰੂਹ ਨਿਮਾਨੜੇ ਵਡ ਆਤਸ਼ ਕੇ ਸੰਗ ॥ ਦਿੱਸਨ ਦੋਜ਼ਕ ਭਿਸ਼ਤ ਵਿਚ ਜਲਦੇ ਬਲਦੇ ਨੰਗ ॥ ੨ ॥ ਸੁਆਲ ਹਾਜੀ ਸੂਰਾ ॥ ਹਾਜੀ ਆਖਣ ਨਾਨਕਾ ਕਹੇ ਮਜੀਦ ਕਲਾਮ ॥ ਰਖੇ ਰੂਹ ਅਮਾਨਤੀ ਖ਼ਾਲਕ ਵਿਚ ਅਸਮਾਨ ਜੁੱਸੇ ਰੱਖੇ ਖ਼ਾਕ ਵਿੱਚ ਰੋਜ਼ ਕਿਆਮਤ ਸੱਦ ॥ ਕਿਆਮਤ ਫੇਰ ਉਠਾਈਅਨ ਪੁੱਛੀਐ ਨੇਕ ਅਰ ਬਦ॥ਮੁਸਲਮਾਨ ਮੁਸੱਲਮੀ ਪੁਛੇ ਰਸੂਲ ਖ਼ੁਦਾਇ ॥ ਕਾਫ਼ਰਾਂ ਕੋਇ ਨ ਪੁੱਛਸੀ ਰਾਹ ਸ਼ੈਤਾਨੀ

CC-0. Gurukul Kangri University Haridwar Collection. Digitized by S3 Foundation USA

INTERNET // ABHINAV GAUR //

ਪਾਇ॥ਜਲਸਨ ਦੋਜ਼ਕ ਹਾਵੀਏ ਕੋਇ ਨ ਸੁਣੈ ਪੁਕਾਰ ॥ ਅਜਰਾਈਲ ਫ਼ਰੇਸ਼ਤਾ ਕਰਸੀ ਅੰਤ ਖੁਆਰ ॥ ੩੧ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੈ ਹਾਜੀਓ ਸੁਣਹੁ ਹਕੀਕਤ ਪਾਕ॥ਅਰਬਾਨਾਸਰ ਮਿਲਕਰ ਨਾਉਂ ਧਰਾਯਾ ਖ਼ਾਕ॥ਰੂਹ ਸਮਾਣੇ ਖਾਕ ਵਿਚ ਖਾਲਕ ਕੀਏ ਬਨਾਇ॥ਦੇਦੇ ਆਬ ਉਠਾਈਅਨ ਗੁਨਾ ਗੁਨ ਅਉਰਾਹ॥ਲਖ ਚਉਰਾਸੀ ਮੇਦਨੀ ਹੋਈਬੀਚ ਜਹਾਨ॥ਕਾਨ ਹੈਰਾਨ ਨਬਾਤਹੈ ਚਉਥਾਹੈ ਇਨਸਾਨ॥ਉਪਜਨ ਚਾਰੋਂ ਕਾਨਤੇ ਫਿਰਚਾਰੋਂ ਮਾਹਿਸਮਾਇ॥ਨਕੋਈਦੇ ਹਿਸਾਬਕਉ ਲੈਣਹਾਰਭੀਨਾਹਿ॥ਜੀਵਦਿਆਂ ਹੋਇਨਿਬੜੇ ਨੇਕੀਬਦੀ ਹਿਸਾਬ॥ਮੁਇਆਂਕੋਇ ਨ ਪੁੱਛਸੀ ਗਏ ਸਵਾਬਅਜ਼ਾਬ॥ਨੇਕੀ ਬਦੀ ਹਿਸਾਬ ਸਭ ਕਿਆਮਤਹੀ ਦਿਨ ਹੋਇ॥ਉਰੇਪਰੇ ਨਾ ਪੁੱਛੀ ਅਨ ਖਾਕ ਸਮਾਣੇ ਸੋਇ॥ਇਕਸੇ ਇਕਸੇ ਭੁਖਮ ਵਿਚ ਜ਼ਿਮੀ ਤੇ ਅਸਮਾਨ॥ਅੰਦਰ ਬਾਹਰ ਇਕਹੈ ਨਾਨਕ ਸੱਚੀ ਜਾਨ ॥ ਅਰਬਾ ਨਾਸਰ ਚਾਰ ਮਿਲ ਪੰਜਵਾਂ ਪੋਲ ਅਕਾਸ਼॥ ਤਿਸਤੇ ਭਯਾ ਅਵਾਜੜਾ ਨਾਉਂ ਧਰਾਯਾ ਸਾਸ॥ਗੁਨਾ ਗੁਨੀ ਰੰਗੜੇ ਜੀਆਜੰਤ ਅਪਾਰ॥ਸਭਨਾਂ ਅਗਨ ਜਲਾਇਸੀ ਕਿਆਮਤ ਏਹ ਅਸਾਰ॥ਦੋਜ਼ਕਭਿਸਤ ਵਖਾਣੀਐ ਦੋਵੇਂ ਇਸਹਿਜਹਾਨ॥ਇਕਚੜ੍ਹ ਝੁਲਦੇ ਪਾਲਕੀ ਇਕ ਪੈਰਪਿਆਦੇਜਾਨ॥ਇਕਨਾ ਗਲੀ ਜੰਜੀਰੀਆਂ ਬੱਧੇ ਕਰਨ ਸਲਾਮ॥ਮਿਲਨ ਸਜਾਈਂ ਬਾਦ ਵਿਚਸੁਣੈਨਕੋਇਕਲਾਮ॥ਰਾਮ ਰਸੂਲਾਂਬਹੁ ਕਰੇ ਤੋਬਾਕਰ ਫ਼ਰਯਾਦ ॥ਜਾਮਨ ਕੋਇ ਨਾ ਬੁਰੇ ਦਾ ਮਾਰਨ ਦੇਇਅਜ਼ਾਬ॥ ਚੋਰਉਚੱਕੇਲਾਲਚੀਹਿੰਦੂਮੁਸਲਮਾਨ॥ਕੀਤਿਆਂਬਹੁਤਗੁਨਾਹਦੇ ਸਭਕੋ ਕਹੈਸ਼ੈਤਾਨ॥ਹਿੰਦੂ ਮੁਸਲਮਾਨਦਾ ਰਹਿਆਸੋਦਾਹਵਾਦੂਰ॥ਪਕੜਿਆਰਾਹਗੁਨਾਹਦੇ ਕੂਕੇ ਖੜਾ ਹਜੂਰ॥ਕਰਦੇ ਹਾਕਮ ਬਹੁ ਹੁਕਮ ਮਾਰਹੁ ਗਰਦਨ ਜਾਇ॥ਚੋਰੀਯਾਰੀਜੋਕਰੇ ਦੇਹੋ ਤਿਨੀਸਜਾਇ॥ਸੱਚਿਆਂ ਕੋਇ ਨ ਪੁੱਛਈ ਜੋ ਰੱਤੇ ਸਚਨਾਲ॥ਜਿਨ੍ਹਾਂਕੂੜਕਮਾਇਆ ਤਿਨ੍ਹਾਂ ਵਡੇਜੰਜਾਲ॥ਜਿਨ੍ਹਾਂ ਪੰਡਾਂ ਪਾਪਦੀਆਂ ਸੀਸ ਉਠਾਏ ਭਾਰ॥ਦਿੱਸਨਵਿੱਚ ਜਹਾਨਦੇ ਹੋਏ ਸੋਈ ਖੁਆਰ॥ਅੱਗੇਦੀਕਿਸ ਡਿਠੀਆ ਏਥੇਹੀ ਹੋਇਨਬੇੜ॥ਅੱਖੀਂ ਦਿੱਸੇਸੋ ਕਹੀਐਪੜ੍ਹ ਮੁਲਾਂ ਬਹੁਤਨਝੇੜ॥ਨਾਨਕ ਝਗੜ ਚੁਕਾਇਆ ਅੰਦਰ ਇੱਸੇਜਹਾਨ॥ਦਸਹਿੱਸੇ ਇਸਦੁਨੀ ਵਿਚ ਸੱਤਰਕਿਆਮਤ ਜਾਨ॥ਸੁਤਿਆਂ ਮੁਇਆਂਜੋਦਿਸੇਸੋਈਕੀਚੈਬਾਤ॥ਮੋਇਆਸੁੱਤਾਸੁੰਨ ਹੈ ਜੈਸੀਦਿੱਸੇ ਖਾਕ॥ਮੁੱਲਾਂਛੋਡਤਕੱਬਰੀ ਰਾਹਮਾਰਫ਼ਤ ਚੱਲ॥ਭਿਸ਼ਤਾਂ ਦੋਜ਼ਖ ਦੁਨੀ ਵਿਚ ਅੱਗੇ ਭੀ ਕਿਛ ਗੱਲ॥ਦੁਖਸੁਖ ਭੋਗੇ ਦੁਨੀ ਵਿੱਚ ਦੋਜ਼ਖ਼ ਭਿਸ਼ਤ ਕਹਾਇ॥ਕੋਇ ਨ ਸੱਕਾ ਤਿਨਾਂਕੂੰ ਦੁੱਖਾਂਕਣੋਂ ਛੁੰਡਾਇ॥ਸੁਖੀਏ ਰਹਿੰਦੇ ਸੁਖਾਂਵਿਚ ਭਿਸਤਤਿਨਾੜੇਭਾਇ॥ਭੁੱਖੇਦੁਖੀ ਪੁਕਾਰਦੇ ਕਰਦੇ ਹਾਇ ਕਹਾਇ॥ਨਾਨਕ ਆਖੇ ਹਾਜੀਆਂ ਸੁਣੀਐ ਸੱਚ ਕਲਾਮ॥ਜਿਤਨੀ ਖ਼ਾਕ ਜ਼ਮੀਨ ਪਰ ਸੱਭਾ ਮੁਸਲਮਾਨ॥ਖਾਕੋਂ ਹੋਨ ਰੂਹਾਨੀਏ ਕਾਨ ਹੈਵਾਨ ਨਬਾਤ॥ਲੱਖ ਚਉਰਾਸੀ ਮੇਦਨੀ ਸਭਪੈਦਾਇਸ਼ ਖ਼ਾਕ॥ਖ਼ਾਕਹੁ ਉਪਜਹਿ ਹਿੰਦੂਆਂ ਕਾਫ਼ਰਤੇ ਮੁਲਹੱਦ॥ ਈਸਾਈਆਂਮੂਸਾਈਆਂ ਬਹੁਤਜੋ ਹੁੰਦਾ ਰੱਦ॥ਰੂਮੀ ਜੰਗੀ ਇਰਮਨੀ ਹਬਸ਼ੀ ਤੇ ਕਿਲਮਾਕ॥

CC-0. Gurukul Kangri University Haridwar Collection. Digitized by S3 Foundation USA

ਈਰਾਨੀ ਭੂਰਾਨੀਆਂ ਸਭਨਾਂ ਇੱਕਾ ਖ਼ਾਕ॥ਫਿਰਕੇਲੱਖ ਚਉਰਾਸੀਆਂ ਗਿਣੀਨ ਜਾਹੀਂ ਜ਼ਾਤ ॥ਖ਼ਾਕੂ ਹੀਤੇ ਉਪਜਤੇ ਫਿਰ ਹੋਂਦੇ ਆਖ਼ਰ ਖਾਕ॥ਫਿਰਕੇ ਲੱਖ ਚਉਰਾਸੀਆਂ ਸਭ ਖ਼ਾਕੂ ਦੇ ਜੀਅ ॥ਜੀਆ ਵੈਰੀ ਜੀਅਦੇ ਕੁਦਰਤ ਕਰਤੇ ਕੀਅ॥ਜੇਤੇ ਖ਼ਾਕੀ ਰੂਹ ਹੈਨ ਜਲਬਲ ਹੋਂਦੇ ਖ਼ਾਕ॥ ਸੱਦੋ ਮੁਹੰਮਦ ਮੁਸਤਫ਼ਾ ਰੂਹਾਂ ਭਰੇ ਸਫ਼ਾਤ॥ਕੀਤੇ ਆਪ ਖੁਦਾਇ ਦੇ ਜੋ ਹਿੰਦੂ ਮੁਸਲਮਾਨ॥ਸੜਦੇ ਵਿਚ ਪਜਾਵਿਆਂ ਵੇਖੇ ਸਭ ਜਹਾਨ॥ਕਿਆ ਮਤ ਭਈ ਰੂਹਾਨੀਆਂ ਜੀਂ ਵਦਿਆਂ ਕਿਆ ਪਰਵਾਹ ॥ਜੀਂ ਵਦਿਆਂ ਨਹੀਂ ਮਾਰਦੇ ਮਰਦੇ ਕਰਨ ਕਹਾਇ॥ਰਾਮ ਰਸੂਲਨ ਦੇਖਨੀ ਰੂਹਾਂ ਲੈਨ ਛੁਡਾਇ ॥ ਏਹ ਵਿਚਾਰਾ ਕਿਆ ਮਤੀ ਕਿਆ ਆਗੇ ਭਏ ਫ਼ਨਾਇ॥ਦਿੱਸੇ ਨਾਹੀਂ ਮੁਸਤਫ਼ਾ ਲਏ ਸੁ ਖ਼ਬਰੀ ਆਇ॥ ਚਾਰੇ ਯਾਰ ਨ ਦਿਸਨੀ ਉੱਮਤ ਲੈਨ ਛੁਡਾਇ॥ ਕੂੜੀ ਬਾਜ਼ੀ ਉੱਮਤੀ ਵੇਖਨ ਭੁਲੋ ਮੂਲ॥ਦੁਨੀ ਵਲੇਵੇ ਕਾਰਨੇ ਕਲਮਾ ਪੜ੍ਹਨ ਰਸੂਲ॥ਕਲਮੇ ਇਕ ਪੁਕਾਰਿਆ ਦੂਜਾ ਨਾਹੀਂ ਕੋਇ॥ਦੂਜੀ ਕੁਦਰਤ ਵੇਖਕਰ ਉੱਮਤ ਦਿੱਤਾ ਰੋਇ॥ਕਹਾਂ ਸੋ ਰਾਜਾ ਰਾਮ ਹੈ ਕਹਾਂ ਸੁ ਕਾਹਨ ਗੁਆਲ॥ਕਹਾਂ ਤਿਨਾਂਦੀ ਉੱਮਤੀ ਜਲ ਬਲ ਥੀਏ ਰਵਾਲ ॥ ਕਹਾਂ ਮੁਹੰਮਦ ਮੁਸਤਫ਼ਾ ਕਹਾਂ ਸੋ ਚਾਰੋਂ ਯਾਰ॥ਚਉਦਹ ਕਹਾਂ ਖ਼ਾਨਦਾਦੜੇ ਇਮਾਮ ਸਹਾਬ ਸਲਾਰ॥ਕਹਾਂ ਸੋ ਸ਼ੇਖ ਮਸਾਇਕਾ ਗ਼ਉਸ ਕੁਤਬ ਵਡ ਪੀਰ॥ਰਹਿਆ ਨ ਜੁੱਸਾ ਤਿਨਾਂ ਦਾ ਮੋਏ ਅਤ ਜ਼ਹੀਰ॥ ਨਾਉਂ ਨਿਸ਼ਾਨੀ ਰਹਿਗਈ ਆਖ਼ਰ ਹੋਏ ਬਾਦ॥ਆਖ਼ਰ ਨਾਉਂ ਭੀ ਜਾਇਸੀ ਕਿ ਸਨੂੰ ਰਹਿਸੀ ਯਾਦ॥ ਆਖ਼ਰ ਰਲਨਾ ਖ਼ਾਕ ਨਾਲ ਜਲ ਬਲ ਹੋਸਨ ਸੁਆਹ॥ ਨਾਨਕ ਬਾਜ਼ੀ ਕੂੜਦੀ ਹੋਸੀ ਅੰਤ ਫ਼ਨਾਹ॥ਵਾਰੀ ਆਪੋ ਆਪਣੀ ਮੀਰ ਮਲਕ ਸੁਲਤਾਨ॥ ਪੀਰ ਪੈਕੰਬਰ ਅਉਲੀਏ ਗਏ ਬਜਾਇ ਨਿਸ਼ਾਨ ॥ ੩੨ ॥ ਸੁਆਲ ਹਾਜੀਆਂ ਸੂਰਾ ॥ ਆਖਣ ਹਾਜੀ ਨਾਨਕਾ ਲਿਖਿਆ ਵਿੱਚ ਕੁਰਾਨ ॥ ਫੇਰ ਤਵੱਲਦ ਨਾ ਥੀਏ ਜੋ ਹੋਏ ਮੁਸਲਮਾਨ ॥ ਕਾਇਮ ਹੋਇ ਕਿਆਮਤੀ ਸਾਬਤ ਰੱਖ ਈਮਾਨ॥ਰਹਿਸਨ ਰੂਹ ਅਮਾਨਤੀ ਵੱਤ ਨ ਆਵਨ ਜਾਨ॥ਕਾਫ਼ਰ ਜਲਦੇ ਆਤਸ਼ੀ ਬਹੁਤੇ ਲਹਨ ਅਜ਼ਾਬ ॥ ਕੂਕਨ ਪਏ ਮਸਾਨ ਵਿੱਚ ਆਤਸ਼ ਲਏ ਹਿਸਾਬ ॥ ਬਾਝ ਮੁਹੰਮਦ ਮੁਸਤਫ਼ਾ ਕੋਇ ਨ ਲਏ ਛੁਡਾਇ॥ ਜਿਨਾਂ ਕਲਮਾ ਆਖਿਆ ਵਜ਼ਦਾ ਭਿਸ਼ਤੀ ਜਾਇ॥ਹੂਰਾਂ ਪਰੀਆਂ ਭਿਸ਼ਤ ਵਿੱਚ ਹੋਵਨ ਤਿਨਾਂ ਨਸੀਬ॥ਰਾਹ ਸ਼ੈਤਾਨੀ ਕੁਫ਼ਰਦਾ ਕੀਤਾ ਜਿਨਾਂ ਪਲੀਤ ॥ ੩੩ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ ਹਾਜੀਆਂ ਲਿਖਿਆ ਵਿਚ ਕਿਤਾਬ॥ਜੋ ਹੋਈ ਅਰਬਾਨਾਸਰੋਂ ਲਹਸੀ ਸਭ ਅਜਾਬ॥ਨਾਕੇ ਮੁਸਲਮਾਨ ਹੈ ਕਾਇਮ ਕਿਉਂ ਕਰ ਹੋਇ॥ਕਾਇਮ ਰਹਿਨ ਪੈਕੰਬਰਾਂ ਲੱਖ ਸਵਾਈ ਸੋਇ ॥ ਸਵਾ ਲਾਖ ਪੈਕੰਬਰਾਂ ਕਿੱਥੇ ਤਿਨਾਂ ਮੁਕਾਮ॥ਉੱਮਤ ਅੰਤ ਨ ਪਾਈਐ ਜਲਬਲ ਥੀਏ ਮਸਾਨ॥ਕੇਤੜਿਆਂ ਅਵਤਾਰ ਲਖ ਜਲਬਲ ਥੀਏ ਖ਼ਾਕ॥ਸਨੇ ਅਉਤਾਰ ਪੈਕੰਬਰਾਂ ਫਿਰ ਜੰਮੇ ਹੋਇਨ ਬਾਤ॥ ਬਲਨ ਨ ਬਾਤੀ ਹੋਮਜਾ ਜਲਬਲ ਹੋਇ ਅੰਗਿਆਰ॥ਕਿੱਥੇ ਮੁਹੰਮਦ ਮੁਸਤਫ਼ਾ ਉੱਮਤ ਅੰਤ ਨ ਪਾਰ॥ਖ਼ਾਕੂ ਸੇਤੀ ਮਿਲ ਗਏ ਲੈਨ ਨਾਂ ਆਪਣੀ ਸਾਰ॥ਜਿੱਤੀ ਦਿੱਸੈ ਧਰਤ ਝੀ ਸੱਭਾ ਭਈ

CC-0. Gurukul Kangri University Haridwar Collection. Digitized by S3 Foundation USA

TH ERNET ABHINAV GAUR

ਮਸਾਣ॥ ਪਹਿਲਾਂ ਦੋਜ਼ਖ ਸ਼ਿਕਮਹੈ ਰਹਿਨ ਨ ਦੇਇ ਈਮਾਨ ॥ ਲਾਲਚ ਦੁਨੀ ਲਪੇਟਿਆ ਕਾਇਮ ਹੋਇ ਨ ਕੋਇ ॥ ਕਾਇਮ ਇਕ ਖ਼ੁਦਾਇ ਹੈ ਅਵਰ ਨ ਦੂਜਾ ਕੋਇ ॥ ਰਹਿੰਦੇ ਰੂਹ ਇਮਾਨਤੀ ਲਖ ਚਉਰਾਸੀ ਮਾਹਿ ॥ ਲਖ ਚਉਰਾਸੀ ਮੇਦਨੀ ਘਟੇ ਨ ਵਧੇ ਉਤਾਹਿ॥ ਏਹਾ ਕਾਇਮ ਦੁਨੀ ਵਿੱਚ ਹੋਰ ਨ ਕਾਇਮ ਕੋਇ॥ ਜਿਨਾਂ ਨਾਮ ਧਰਾਇਆ ਰਹੈਨ ਕਾਇਮ ਸੋਇ॥ ਬੱਧਾ ਜੁੱਸਾ ਜੇ ਖੁਲੇ ਫਿਰੇ ਚਉਰਾਸੀ ਅੰਗ ॥ ਮੁੱਲਾਂ ਬ੍ਰਹਮਣ ਨਾ ਬੁਝਹਿ ਬੁੱਝਨ ਫ਼ਕਰ ਨਿਹੰਗ ॥ ੩੪ ॥ ਸੁਆਲ ਹਾਜੀਆਂ ਸੂਰਾ ॥ ਹਾਜੀ ਆਖਨ ਨਾਨਕਾ ਸੱਚੀ ਖਬਰ ਸੁਣਾਇ॥ ਕਿੱਥਹੁਆਨ ਰੂਹਾਨੀਏ ਫਿਰ ਕਿਥੇ ਜਾਇ ਸਮਾਇ॥ ਮੂਰਤ ਸੂਰਤ ਨਾ ਕਿਛੂ ਕਿਸੁ ਬਣਾਏ ਖੇਲ॥ ਕਿਸ ਜਗਾਧਾ ਨੂਰ ਨੋਂ ਕਿਸ ਮਿਲਾਧਾ ਤੇਲ ॥ ਜੇ ਏਹ ਕਰਹਿ ਤਸੱਲੜੀ ਤਾਂ ਤੂੰ ਅਵਲ ਫ਼ਕੀਰ ॥ ਮੀਰਾਂ ਅੰਦਰ ਮੀਰ ਤੂੰ ਪੀਰਾਂ ਅੰਦਰ ਪੀਰ ॥ ਰੂਹਾਂਦੀ ਕੀ ਜ਼ਾਤ ਹੈ ਰੂਹਾਂ ਦਾ ਕਿਆ ਰੰਗ ॥ ਅਸਾਂ ਕੁਛ ਨ ਸੁਝਈ ਕੋਇ ਬੂਝੈ· ਫ਼ਕਰ ਮਲੰਗ ॥ ੩੫ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ ਹਾਜੀਆਂ ਸੱਚੇ ਸੁਨਹੁ ਨੀਸ਼ਾਨ ॥ ਦਾਣੇ ਪਾਣੀ ਰੂਹ ਹੈਨ ਤਿਸਥੀਂ ਨੁਤਫ਼ੇ ਜਾਣ ॥ ਅਉਰਤ ਖ਼ਸਮ ਮਿਲਾਪਤੇ ਮਿਲਹਿਸਿ ਨੁਤਫ਼ੇ ਦੋਇ ॥ ਦੋਇ ਦੀ ਮਿਲ ਜਿੰਦੜੀ ਇਕ ਦਿਖਾਏ ਹੋਇ ॥ ਲੱਖ ਚਉਰਾਸੀ ਰੂਹ ਮਿਲ ਤਿਨਾਂ ਬਨਾਇਆ ਰੂਪ ॥ ਜੁੱਸੇ ਹੋਏ ਰੂਹ ਮਿਲ ਲਖ ਚਉਰਾਸੀ ਸੂਤ ॥ ਤੈਸਾ ਹੀ ਇੱਕ ਆਦਮੀ ਹੋਰ ਅਸੰਖਾਂ ਜ਼ਾਤ॥ ਭੀਂਦੇ ਪਾਣੀ ਤੇ ਭਏ ਗੂਨਾ ਗੂਨ ਸਫ਼ਾਤ ॥ ਜਿਨਾਂ ਸ਼ਈਂ ਤੇ ਉਪਜਿਆ ਫਿਰ ਤੇਹੀ ਜਾਇ ਸਮਾਇ ॥ ਆਵਾਗਉਨ ਖਲਕਦਾ ਰਹੇ ਨ ਕਬਹੂ ਤਾਇ॥ ਲੱਖ ਚਉਰਾਸੀ ਉਪਜਸੀ ਮਰ ਮਿਲਹਿੰ ਸੁ ਖ਼ਾਕੂ ਨਾਲ ॥ ਹੋਏ ਖਬੀਰ ਜੋ ਵਿਖਰਣ ਸੁਕ ਸੜ ਹੋਏ ਰਵਾਲ ॥ ਹੋਰੀ ਤੇ ਹੋਇ ਹੋਰ ਕਿਹ ਆਪੇ ਰੂਪ ਬਣਾਇ ॥ ਜੈਸੇ ਸੁਆਂਗੀ ਸੁਆਂਗ ਕਰ ਅਚਰਜ ਖੇਲ ਦਿਖਾਇ ॥ ਰੂਹਾਂ ਜ਼ਾਤ ਨ ਪਾਤ ਹੈ ਹਿੰਦੂ ਮੁਸਲਮਾਨ॥ ਜੇਹੀ ਮਜਲਸ ਆਵਹੇ ਤੇਹੇ ਧਰਹਿਸਿ ਨਾਮ॥ ਮਿਸਰ ਪੰਡਿਤ ਅੰਧੁਲੇ ਕਾਜ਼ੀ ਮੁਲਾਂ ਕੋਰ ॥ ਹੋਰੋ ਕਹ ਸਮਝਾਈਐ ਅੱਗੋਂ ਸਮਝਨ ਹੋਰ ॥ ਜੇ ਸੌ ਪੰਦ ਸੁਣਾਈਐ ਭਿਜਹਿ ਨ ਚਿਤ ਕਠੋਰ ॥ ਤਿਨਾਂ ਨਾਲ ਨ ਲੁਝੀਐ ਜੋ ਸ਼ਬਦੇ ਦੇ ਚੋਰ॥ ਪੰਦ ਕਿਤਾਬਾਂ ਨਾ ਮੰਨਹਿ ਨਹਿ ਫ਼ਕਰਾਂ ਦੀ ਗੱਲ॥ ਖੁਦੀ ਤਕੱਬਰੀ ਕਰ ਮੂਏ ਵੱਤ ਨ ਦਿਸਨ ਕੱਲ॥ ੩੬॥ ਸੁਆਲ ਇਮਾਮ ਕਰੀਮਦੀਨ ਸੂਰਾ ॥ ਕਹੇ ਇਮਾਮ ਕਰੀਮਦੀਨ ਸੁਣਹੋ ਨਾਨਕ ਸ਼ਾਹ ॥ ਜਿਨਾਂ ਉਮੈਦ ਨ ਰੱਬ ਦੀ ਤਿਨਾਂ ਕਉਣ ਪਨਾਹ ॥ ਪੂਜਨ ਸੰਗ ਮੁਨਾਫ਼ਕਾਂ ਦਿਲ ਜਿਨਾਂਦੇ ਸੰਗ ॥ ਵਿਚ ਜਲਦੇ ਆਂਤਸ਼ ਹਾਵੀਏ ਚੂਨਾ ਹੋਇ ਨ ਪੰਗ॥ ਪਾਇਨ ਦੁਖ ਮਸਾਨ ਵਿਚ ਜਲ ਥਲ ਹੋਨ ਸੁਆਹ ॥ ਜਲਦੇ ਪਏ ਪੁਕਾਰਨੀ ਕੋਇ ਨ ਸੁਣਦਾ ਆਹ॥ ਬਾਝਹੁ ਨਬੀ ਰਸੂਲ ਦੇ ਪਾਹਨ ਨ ਕਬਹੀਂ ਥਾਇ ॥ ਜਲ ਥਲ ਥੀਵਨ ਕੋਇਲੜੇ ਜਿਉਂ ਅਗਨ ਜਲੂਠੇ ਕਾਂਇ॥ ਕੋਇਨ ਪੁੱਛੇ ਬਾਤੜੀ ਕੋਇਨ ਲਏ ਛਡਾਇ ॥ ਭਿਸ਼ਤੀ ਵਾਸ ਨ ਪਾਇਨੀ ਬਾਝ ਰਸੂਲ ਖੁਦਾਇ ॥ ਕੁਫ਼ਰ ਕਿਤਾਬਾਂ ਵਾਚਦੇ ਕਾਫ਼ਰ ਵਡ ਹਿੰਦਵਾਣ॥ ਆਖਣ ਵਿਚ ਕਿਤਾਬ ਨੂੰ ਮੋਏ ਫਿਰ ਫਿਰ

CC-0. Gurukul Kangri University Haridwar Collection. Digitized by S3 Foundation USA

ਆਨ॥ਮੋਏ ਫੇਰ ਨ ਆਵਨੀ ਕਹੇ ਮਜੀਦ ਕਲਾਮ॥ਮਰਮਰ ਮਿਲਕੇ ਖ਼ਾਕਸਿਉਂ ਕਿ ਆਮਤ ਥੀਏ ਕਿਆਮ ॥ਜੇਹੜੀ ਸੂਰਤ ਭੁੱਜਦੀ ਫੇਰ ਨ ਹੋਵੇ ਰਾਸ ॥ ਕਾਇਮ ਥੀਏ ਕਿਆਮਤੀ ਕਹੈ ਕਰੀਮ ਸਦਾਤ ॥ ਰਹੇਅਮਾਨਤਖ਼ਾਂਕੜੀ ਰੋਜ਼ ਕਿਆਮਤ ਹੱਦ ॥ ਮੂਏ ਫੇਰ ਨਉਪਜਹਿੰ ਹਿੰਦੂਕਿਤਾਬਾਂ ਰੱਦ ॥ ਚੱਦ ਤਉਰੇਤਅੰਜੀਲ ਕੋ ਤੀਜਾਰੱਦਜ਼ਬੂਰ॥ ਇਹਤ੍ਰੈਏਮਨਸੂਖਹੈਨ ਥੀਆਫ਼ੁਰਕਾਨ ਮਨਜ਼ੂਰ॥ਇਸ ਜ਼ਮਾਨੇ ਪਾਤਿਸ਼ਾਹ ਕਲਾਂਮ ਮਜੀਦ ਕੁਰਾਨ ॥ ਰਹੇਕੁਰਾਨੋਂ ਬਾਹਰੇਥੀਸਨ ਅੱਤਸ਼ੈਤਾਨ॥ ਜਿਸਜਮਾਨੇ ਅਮਲ ਹੋਇ ਕੋਇ ਕਰੇਹ ਨ ਮੂਲ॥ਓਹਦਰਗਾਹ ਢੋਈ ਨ ਲਹੈ ਭਰੇ ਨ ਸ਼ਫ਼ਾਤ ਰਸੂਲ ॥ ੩੭ ॥ ਜਵਾਬ ਨਾਨਕਸ਼ਾਹ ਸੂਰਾ ॥ ਸੁਣਹੋ ਸੱਯਦ ਕਰੀਮਦੀਨ ਚਾਰੋਂ ਮੰਨ ਕਿਤਾਬ॥ਚਾਰੋਂ ਕਉਲਖੁਦਾਇਦੇਰੱਦਿਆਂ ਚੜ੍ਹਨ ਅਜ਼ਾਬ॥ ਮੂਏ ਫੇਰ ਨ ਆਵਨੀ ਰਹਿਨ ਅਮਾਨਤ ਨਾਂਵ॥ ਨਾਵਾਂ ਮਉਤ ਨ ਹੋਵਈ ਲੱਖ ਆਵਹਿਲੱਖ ਜਾਹਿ॥ਰਾਮਕ੍ਰਿਸ਼ਨ ਹੋਏ ਅਸੰਖ ਲੱਖ ਮੁਹੰਮਦ ਨਾਵ॥ਓਹਫੇਰ ਨ ਆਯਾ ਵੱਤਰਹੇਮਰਾਤਬ ਥਾਵ॥ਖਾਨ ਖਵੀਨ ਨ ਜਾਵਣੀ ਮੀਰਵਜ਼ੀਰ ਪਾਤਸ਼ਾਹ॥ਜੁੱਸੇ ਨ ਰਹਿੰਦੇਥਿਰ ਕਿਸੇ ਰਹਿਨ ਮਰਾਤਬ ਜਾਹਿ ॥ ਜਿਤਨੇ ਰੂਹ ਅਮਾਨਤੀ ਤਿਨਾ ਮਰਾਤਬ ਨਾਲ ॥ ਉੱਤਮ ਮੱਧਮ ਲਿਖੇ ਮਿਲੇ ਹਿੰਦੂ ਤੁਰਕ ਚੰਡਾਲ ॥ ਇਕ ਆਵਣ ਇਕ ਜਾਹਿ ਉਠਿ ਆਵਾਗਉਣ ਸੰਸਾਰ॥ ਅਲਹਿ ਆਇਨਜਾਵਈ ਸੱਚੇ ਇਹ ਅਸਾਰ॥ ਜੈਸੇ ਬਰਗਨਵਾਤਦੇ ਤੁੱਟੇਧਰਤੀ ਪਾਨ॥ਓਹੋ ਜੇਹੀਆਂ ਸੂਰਤਾਂ ਹੋਰ ਹੇਠੋਂਨਿਕਲੀਆਂ ਆਨ॥ ਅਜਬ ਤਮਾਸ਼ਾ ਰੱਬਦਾ ਖ਼ਾਲੀ ਰਹੈ ਨ ਜੱਗ ॥ ਆਵਾਗਉਨ ਖਲਕਦਾ ਵਹਿੰਦਾ ਰਹੇ ਨਸੰਗ ॥ ਨਾਨਕ ਸਚ ਅਲਾਵਹੇ ਸੁਨਹੁ ਕਰੀਮ ਸਦਾਤ॥ਜਿਨ੍ਹਾਂ ਉਮੈਦ ਨ ਰੱਬਦੀ ਸੇ ਰਹਿਨ ਸਦਾ ਨਾ ਪਾਕ॥ਓਇਕਬਰਾਂ ਵਿਚਝਪੀੜੀਅਨ ਜਲਦੇ ਕਰਨਕਹਾਇ ॥ ਅਜ਼ਰਾਈਲ ਫ਼ਰੇਸ਼ਤਾ ਦੇਂਦਾ ਬਹੁਤ ਸਜ਼ਾਇ ॥ ਕਬਰਾਂ ਤਿਨਾਂ ਜਲਾਇਨੀ ਜੋ ਹੋਏ ਮੁਸਲਮਾਨ॥ ਜਿਨਾਂ ਈਮਾਨ ਨ ਰੱਖਿਆ ਲਗ ਦੋਜ਼ਕ ਦੁਨੀ ਹਰਾਮ॥ ਮਿੱਟੀ ਮੁਸਲਮਾਨ ਦੀ ਭਈ ਮੁਨਾਫ਼ਕ ਸੰਗ ॥ ਆਤਸ਼ ਸੇਤੀ ਦੱਧਿਆਂ ਚੂਨਾ ਹੋਇ ਨ ਪੰਗ ॥ ਕੱਥ ਸੁਪਾਰੀ ਚੂਨ ਤ੍ਰੈ ਚਉਥੇ ਮਿਲਨ ਜਿ ਪਾਨ ॥ ਹੋਵਨ ਲਾਲ ਗੁਲਾਲ ਬਹੁ ਸਾਹਿਬਜ਼ਾਦੇ ਖਾਂਨ ॥ ਹੋਵਨ ਨੁਤਫ਼ੇ ਸੰਗ ਥੀਂ ਉਪਜਨ ਸਿੱਧ ਅਰ ਪੀਰ ॥ ਏਹ ਮਰਾਤਬ ਆਇਆ ਦੱਧੇ ਪੱਥਰੀਂ ਬੀਰ॥ ਹਿੰਦੂ ਮੁਸਲਮਾਨ ਦੇ ਜਾਸਨ ਜੁੱਸੇ ਦੋਇ ॥ ਹੋਵਨ ਰੂਪ ਕਰੂਪੜੇ ਢੋਈ ਲਹਨਿ ਨ ਸੋਇ॥ ਪਹਿਲੇ ਆਤਸ਼ ਜੋ ਦਧਾ ਜਲ ਬਲ ਹੋਯਾ ਸੁਆਹ ॥ ਫੇਰ ਨ ਆਤਸ਼ ਦੇਹ ਦਹੇਅਲਾਹ ਆਪ ਗੁਆਹ॥ ਮਿਲਨ ਜੋ ਖ਼ਾਕੂੰ ਸੰਗ ਸੋ ਸਹਿੰਦੇ ਬਹੁਤ ਕਸਾਸ ॥ ਸੜਦੇ ਵਿਚ ਪਜਾਵਿਆਂ ਤਾਉ ਸਹੇ ਛਿਅ ਮਾਸ ॥ ੩੮ ॥ ਸੁਆਲ ਇਮਾਮ ਕਰੀਮਦੀਨ ਸੂਰਾ ॥ ਕਹੇ ਕਰੀਮਦੀਨ ਨਾਨਕਾ ਰੂਹਾਂ ਦਾ ਕੀ ਤੋਲ ॥ ਕੇਤਕੁ ਹਲਕੇਰੂਹਹੈਨਕੇਤਕੁ ਭਾਰਾਬੋਲ ॥ ਕੇਤਕੁਕੱਦ ਬਰੀਕਹੈ ਮੋਟਾ ਕੇਤਕੁ ਹੋਇ ॥ ਕੇਹੀ ਸੂਰਤ ਰੂਹਦੀ ਰੰਗਕਿਨੇਹਾਹੋਇ ॥ ਕਉਨਹਕੀਮ ਬਨਾਇਦਾ ਜੁੱਸਾ ਗੂਨਾ ਗੂਨ ॥ ਏਹ ਹਕੀਕਤ

CC-0. Gurukul Kangri University Haridwar Collection. Digitized by S3 Foundation USA

TH ERNET ABHINAV GAUR

ਜੋ ਕਹੈ ਸੋਈ ਵਡਾ ਅਖੂਨ॥ ਬਹਿੰਦੇ ਕੇਹੜੀ ਜਾਇ ਹੈਨ ਏਹੀ ਕਹੋ ਬਿਆਨ॥ ਰੂਹ ਇਕ ਕੇ ਬਹੁਤ ਹੈਨ ਮੁਸ਼ਕਲ ਕਰਹੁ ਅਸਾਨ ॥ ੩੯ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕਆਖਣ ਰਾਹ ਏਹ ਸੁਣਿਅਹੁਕਰੀਮਸਦਾਤੰ॥ ਬਾਦੇਦਾਕੀ ਤੋਲਹੈ ਆਬੇਦੀ ਕੀ ਜਾਤ॥ ਧਰਤੀ ਦਾ ਕੀ ਮੇਪਹੈ ਆਤਸ਼ਦਾ ਕੀ ਭੋਲ॥ ਕੇਤਕ ਦੂਰ ਅਕਾਸ਼ਹੈ ਕੇਤਕ ਆਖਾਂ ਫੋਲ ॥ ਬਾਦੀ ਸੂਰਤ ਰੂਹ ਦੀ ਤਿਸਦਾਰੂਪਨਰੇਖ॥ ਆਤਸ਼ ਨੂਰ ਖੁਦਾਇਦਾ ਕਛੁਅੰਤ ਨ ਪਾਰਾ ਮੇਪ ॥ਰੱਖਨ ਚਰਾਗ ਮਹੱਲਵਿਚ ਛਾਂਨਣਸਭਹੀਜਾਇ॥ ਫਿਰ ਰੱਖਨ ਅੰਦਰਦਿੰਡਦੇ ਲਏ ਸਭ ਜੋਤ ਛਪਾਇ॥ਆਬੀ ਖ਼ਾਕੂ ਦੋਇ ਮਿਲ ਜੁੱਸੇ ਹੋਇ ਅਲੋਇ॥ ਹਿਕਮਤ ਲੱਖ ਹਕੀਮ ਮਿਲ ਸਾਹਿਬ ਤੁਲ ਨ ਕੋਇ ॥ ਵੱਡਾ ਹਕੀਮ ਖੁਦਾਇ ਹੈ ਰਚੇ ਚਉਰਾਸੀ ਅੰਗ ॥ ਇਕਸੇ ਇਕਸੇ ਅੰਗ ਵਿਚ ਗੁਨਾ ਗੁਨੀ ਰੰਗ ॥ ਭਯਾ ਪੁਲਾੜ ਅਕਾਸ਼ ਤੇ ਕਰਹਿ ਅਵਾਜ਼ਾ ਰੂਹ ॥ ਕਾਇਮ ਕੁਦਰਤ ਰੱਬਦੀ ਮਿਲ ਰੂਹ ਪੁਕਾਰੇ ਹੂਹ॥ਲੱਖ ਚਉਰਾਸੀ ਭੁਖਮਹੈ ਭੁਖਮਾਂਅੰਤ ਨ ਕੋਇ॥ ਇਕਸੇ ਇਕਸੇ ਭੁਖਮ ਵਿੱਚ ਭਈਚਉਰਾਸੀਲੋਇ॥ਆਵਣ ਅਗਣਤੀ ਰੂਹੜੇਜਾਵਨ ਅੰਤ ਨ ਕੋਇ॥ ਇਕਦੂ ਰੂਹੋਂ ਲੱਖ ਹੋਹਿ ਲੱਖੋਂ ਲੱਖ ਅਲੋਇ॥ ਕੀ ਪੇਮਾਨਾ ਨੂਰਦਾਕੇਤਕਕਹਾਂ ਬਿਥਾਰ॥ਪਸਰਿਆ ਜ਼ਿਮੀ ਅਸਮਾਨ ਵਿਚ ਰਹਿਆਸੁਚਾਨਣਧਾਰ॥ਇਕੋਰੂਹ ਨ ਕਿਸੇ ਦਾ ਲੱਖ ਚਉਰਾਸੀ ਬੰਦ॥ਫਿਰ ਲੱਖਚਉਰਾਸੀ ਇੱਕਹੋਇ ਲੇਖੇ ਬਹੁਬਿਧ ਛੰਦ॥ ਪਉਣ ਭੱਤ ਮਿਲਰੂਹ ਹੈਨ ਰੂਹਹੈ ਆਪਖੁਦਾਇ॥ ਅਰਬਾ ਨਾਸਰ ਮੇਲਕੇ ਵੈਰ ਵਿਰੋਧ ਵਧਾਇ॥ ਆਪੇ ਮਾਰੇ ਮਰੇਆਪ ਕੁਦਰਤ ਚਲਿਤ ਦਿਖਾਇ॥ਪਰਦੇਡਾਰੇਭਰਮਦੇਦਿਤਿਓਸੁ ਸਭਭੁਲਾਇ॥ ਨਰਨਾਰੀ ਦੁਇ ਸਿਰਜਕਰ ਖਾਣੀ ਬਾਣਉਪਾਇ ॥ ਜੋ ਇਨ ਜਾਤੀ ਕੁਝਸੀ ਆਪੇ ਆਪ ਖੁਦਾਇ ॥ ੪੦ ॥ ਸੁਆਲ ਕਰੀਮਦੀਨ ਸਦਾਤ ਸੂਰਾ ॥ ਕਹੇ ਇਮਾਮ ਕਰੀਮਦੀਨ ਸੁਣਹੋ ਨਾਨੰਕਸ਼ਾਹ॥ਕਿਥਹੁ ਆਲਮ ਉਪਜਦਾ ਫਿਰ ਕਿਥੇਜਾਇ ਸਮਾਇ॥ ਏਹ ਹਕੀਕਤ ਜੋ ਕਹੇ ਸੋਈ ਰਸੂਲਖੁਦਾਇ ॥ ਏਕਾਏਕੀ ਹੋਇ ਰਹੈ ਦੂਜੀਰਹੈ ਨ ਜਾਇ॥ਦੂਜਾ ਆਖਣ ਸ਼ਕਹੈ ਜੰਮੇਂ ਤੇ ਮਰਜਾਇ॥ ਸੋ ਕਿਉ ਮੰਨੀਐ ਨਾਨਕਾ ਜੋ ਕਾਇਮ ਰਹੈ ਨ ਥਾਇ॥੪੧॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਹਿੰਦਗੀ ਸੁਣਹੁ ਕਰੀਮ ਸਦਾਤ ॥ ਉਪਜੇ ਆਲਮ ਖ਼ਾਕ ਤੇ ਫਿਰ ਖ਼ਾਕੋਂ ਹੋਇ ਨਬਾਤ ॥ ਹੋਰ ਨਬਾਤੋਂ ਨਿਆਮਤਾਂ ਮੇਵੇ ਗੁਨਾਗੁਨ॥ ਖ਼ਾਕ ਹੈਵਾਨਾ ਆਦਮੀ ਨੁਤਫ਼ੇ ਹੋਇਮਜ਼ਮੂਨ॥ਨੁਤਫਿਉਂ ਮਾਸ ਉਪਜਈ ਮਾਸਹੁ ਜੁੱਸੇ ਪਾਕ॥ ਰਹਿਆਸੁਗੰਦਾ ਹੋਇਆ ਧਰਿਆ ਨਾ ਉਨਪਾਕ॥ਨਿਆਮਤਾਂ ਤੇ ਵਿਸਟਾਭਯਾ ਮਿਲਿਆਜੋ ਆਦਮਸੰਗ ॥ ਖਾਧਾ ਕਾਵਾਂ ਕੂਕਰਾਂ ਅਵਰ ਅਗਣਤੀ ਰੰਗ ॥ ਵਿਸ਼ਟਾ ਤੇ ਕਈਉਪਜਹਿ ਜੀਆਜੰਤਅਪਾਰ॥ਮਿੱਟੀਮੁਸਲਮਾਨਦੀਫਿਰਫਿਰਧਰੇਅਉਤਾਰ॥ ਲਿਖਿਆ ਵਿੱਚ ਕਿਤਾਬ ਦੇ ਬੋਲੇ ਨਾਨਕਸ਼ਾਹ॥ਜਿਨੀਪਛਾਵਾਂਰੱਬਦਾ ਫਿਰ ਰੱਬਹੀ ਮਾਹਿਸਮਾਇ॥ਸਿਰਰ ਪੁਸ਼ੀਦਾ ਰੱਖਿਆ ਅਰਬਾਨਾਸਰਮਾਹਿ ।ਜੋ ਜ਼ਾਹਰਕਰੇ ਜਹਾਨਵਿਚ ਭਿਸ਼ਤ ਨ ਦੋਜ਼ਖ ਤਾਹਿ॥ ਦੂਹਾਂ

CC-0. Gurukul Kangri University Haridwar Collection. Digitized by S3 Foundation USA

ਨੌਂ ਰੂਹ ਖਾਵਣੀ ਫਿਰ ਰੂਹਾਂਤੇ ਰੂਹ ਹੋਇ॥ ਆਵਾਗਉਣ ਜਹਾਨ ਦਾ ਵਰਜ ਨ ਸੱਕੇਂ ਕੋਇ॥ ਦੇਖ ਪੈਦਾਇਸ਼ ਰੱਬਦੀ ਘਟ ਵਧ ਕਿਸੇ ਨ ਆਖ॥ ਦੂਜਾ ਹੋਆ ਨ ਹੋਸੀਆ ਵਰਤੇ ਤਾਕੋ ਤਾਕ ॥ ਲੱਖ ਮੁਹੰਮਦ ਮੁਸਤਫ਼ਾ ਰਾਮ ਕ੍ਰਿਸ਼ਨ ਲੱਖ ਹੋਇ॥ ਇਕ ਆਵਨ ਇਕ ਜਾਹਿ ਉਠ ਗਿਣਤੀ ਗਿਣੇ ਨ ਕੋਇ॥ ਲੱਖ ਅਉਤਾਰ ਪੈਕੰਬਰਾਂ ਉਮਤ ਅੰਤ ਨ ਪਾਰ ॥ ਮਰ ਮਰ ਮਿਲਦੇ ਖ਼ਾਕ ਸੋਂ ਫਿਰ ਫਿਰ ਹੋਇ ਅਉਤਾਰ ॥ ਲੱਖ ਕਿਤਾਬਾਂ ਲਿਖ ਗਏ ਭਏ ਸਿਖਾਵੂ ਫੇਰ॥ ਲੱਖ ਲਿਖਾਰੀ ਉਪਜਹਿ ਓਇ ਫਿਰ ਲਿਖ ਰਾਖਹਿ ਫੇਰ॥ ਕਾਜ਼ੀ ਮੁੱਲਾਂ ਹਾਜੀਆਂ ਮਿੱਸਰ ਪਾਂਧੇ ਲੱਖ ॥ ਬ੍ਰਹਮੇ ਬਿਸ਼ਨ ਮਹੇਸ਼ ਲਖ ਮਰਜ਼ੀ ਲਿਖਨ ਵੱਤ॥ ਲਿਖਣ ਬੇਦ ਬੀਚਾਰ ਕਰ ਉਕਤ ਸਿਆਣਪ ਨਾਲ ॥ ਮਰ ਫਿਰ ਜੰਮਨ ਥਪੁੜੇ ਫਿਰ ਲੈਂ ਦੇ ਬੇਦ ਸੰਭਾਲ॥ ਬੇਦ ਹੁਫੇਰ ਕਤੇਬ ਕਰ ਵੈਰ ਵਿਰੋਧ ਕਰਾਇ॥ ਲੱਖ ਲੱਖ ਦਾਨੋਂ ਦੇਵਤੇ ਕਾਤਲ ਹੋਹਿ ਮਰਾਹਿ॥ ਸ਼ਿਵ ਸ਼ਕਤੀ ਦੋਇ ਸਾਜੀਆਂ ਉੱਤਮ ਮੱਧ ਮਲੋਇ ॥ ਮਰਦੇ ਵੈਰ ਵਿਰੋਧ ਕਰ ਮਰ ਫਿਰ ਮਾਟੀ ਹੋਇ ॥੪੨॥ ਸੁਆਲ ਕਰੀ ਮਦੀਨ ਇਮਾਮ ਸੂਰਾ ॥ ਕਹੇ ਇਮਾਮ ਕਰੀਮਦੀਨ ਪੁੱਛੈ ਸੱਚ ਸੁਆਲ॥ ਹੱਕ ਬਿਗਾਨਾ ਜੋ ਰੱਖਨ ਤਿਨਾਂ ਹੋਸੀ ਕਉਣ ਹਵਾਲ॥ ਮੋਏ ਖਾਕੂ ਸੋ ਮਿਲੇ ਵੱਤ ਨ ਆਦਮ ਹੋਇ ॥ ਲੈਨਾ ਦੇਨਾ ਦੁਨੀ ਦਾ ਫ਼ੈਸਲ ਕਿਉਂ ਕਰ ਹੋਇ॥ ਕਰਨ ਗ਼ਰੀਬਾਂ ਉੱਪਰੇ ਜ਼ਾਲਮ ਬਹੁਤੇ ਜ਼ੋਰ ॥ ਕੂਕਨ ਖੜੇ ਯਤੀਮ ਬਹੁ ਸੁਣੇ ਨ ਕੋਈ ਸ਼ੋਰ ॥ ਅਦਲ ਨ ਹਾਕਮ ਕਰਸਨੀ ਲੁਟ ਲੈਸਨ ਘਰ ਬਾਰ॥ ਏਹ ਹਕੀਕਤ ਸੋਧ ਕਰ ਦੇਹੋ ਸਚ ਬੀਚਾਰ॥ ਗੈਬ ਮੁਕਾਮ ਖ਼ੁਦਾਇਦੇ ਜਿਥੇ ਲੈਣ ਹਿਸਾਬ ਕਿਤਾਬ॥ ਲੈਣਾ ਦੇਣਾ ਦੁਨੀ ਦਾ ਕਰਨ ਸਬਾਲ ਜਵਾਬ॥ ਕਿਉਂ ਕਰ ਲੈਣਾ ਲਈ ਦਾ ਕਿਸ ਬਿਧ ਦੇਨਾ ਦੇਨ ॥ ਕਹੇ ਇਮਾਮ ਕਰੀਮਦੀਨ ਏਹ ਫ਼ੈਸਲ ਕਿਉਂ ਕਰ ਲੇਨ ॥ ੪੩ ॥ ਜਬਾਬ ਨਾਨਕ ਸ਼ਾਹ ਸੂਰਾ ॥ ਸੁਣਹੁ ਇਮਾਮ ਕਰੀਮਦੀਨ ਨਾਨਕ ਕਹੇ ਫ਼ਕੀਰ॥ ਹੱਕ ਬਿਗਾਨਾ ਜੋ ਰੱਖਨ ਸੋ ਹੋਸਨ ਬਹੁਤ ਜ਼ਹੀਰ॥ ਓਇ ਪੜਸਨ ਜੋਨ ਚੌਪਾਇਆਂ ਨੱਕ ਤਿਨਾਂ ਦੇ ਡੋਰ ॥ ਲੈਣਾ ਦੇਣਾ ਨਾ ਛੁਟੇ ਲਦ ਲਦ ਲੈਸਨ ਬੋਰ॥ ਦੇਂ ਦੇ ਬਹੁਤ ਸਜਾਇ ਕੋ ਲੈਣ ਗੇ ਸਭੇ ਹਿਸਾਬ॥ ਜਿਨਾਂ ਜ਼ੁਲਮ ਕਮਾਯਾ ਦੁਨੀ ਵਿਚ ਤਿਨਾਂ ਕਿਆਮਤ ਏਹ ਅਜ਼ਾਬ॥ ਬਾਂਦਰ ਰਿੱਛ ਅਉਤਾਰ ਧਰ ਕਲੰਦਰ ਦੇਨ ਸਜ਼ਾਇ ॥ ਘਰ ਘਰ ਫਿਰੈਸਨ ਨੱਚਦੇ ਕੀਤਾ ਪਾਸ ਨਿਆਇ॥ ਦਰ ਦਰ ਹੋਸਨ ਮੰਗਤੇ ਜੋ ਖਾਨ ਬਿਗਾਨਾ ਮਾਲ॥ ਨਾਨਕ ਕਹੇ ਕਰੀਮਦੀਨ ਬੁਰਾ ਤਿਨਾਂ ਦਾ ਹਾਲ॥ ਫਿੱਟ ਅਵੇਹਾ ਖਾਇਆ ਦੇਨਾ ਪਵੇ ਜੋ ਫੇਰ॥ ਦੇਨਾ ਲੈਨਾ ਨਾ ਛੁਟੇ ਸਹੇ ਸਜ਼ਾਈਂ ਢੇਰ॥ ਹਾਥੀ ਘੋੜੇ ਊਠ ਖਰ ਭੈਂਸੇ ਬੈਲ ਅਉਤਾਰ॥ ਜਿਨਾਂ ਦੇ ਸਿਰ ਬਹੁ ਜ਼ੁਲਮ ਸੇ ਫਿਰ ਫਿਰ ਲੈਸਨ ਮਾਰ ॥ ਹਰ ਪਰੰਦੇ ਜਾਨਵਰ ਫਾਸਨ ਫਾਹੀ ਆਇ॥ ਲਹਿਣੇਹਾਰੇ ਨ ਛੱਡਹੀ ਲੈਸਨ ਮਾਸ ਵਿਚਾਇ॥ ਜੈਸਾ ਕੋਈ ਬੀਜੀਏ ਲੁਣੇ ਸੁ ਤੈਸਾ ਸੋਇ ॥ ਕਿਆਮਤ ਹੀ ਕੇ ਦਿਵਸ ਹੀ ਸੱਭੇ ਨਿਬੇੜੀ ਹੋਇ॥ ਖ਼ਾਹਸ਼ ਫੇਰ ਲਿਆਵਈ ਦੁਨੀਆਂ ਅੰਦਰ ਫੇਰ॥ ਲਹਿਣਾਂ ਦੇਨਾਂ ਨੇਕ ਬਦ ਹੋਸੀ ਸਭ ਨਬੇੜ ॥ ਖਾਹਸ਼ ਅੰਦਰ ਜੇ ਮਰੈ ਫਿਰ ਲੈ ਉੱਠੇ ਨਾਲ ॥ ਦੇਣਾ ਲੈਣਾ ਨਾਂ ਛੁਟੇ ਲਈ ਅਗੇ ਸਭੋ ਸੰਭਾਲ॥ ਜੈਸੀ ਖੇਲ ਚਉਸਾਰਦੀ ਤੈਸਾ ਏਹ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਸੰਸਾਰ ॥ ਪੱਕਾ ਫੇਰ ਨ ਆਵਈ ਪਿਆ ਜੁ ਅੰਦਰਵਾਰ॥ ਪਹੁਤਾ ਜਾਇ ਖ਼ੁਦਾਇ ਨੋਂ ਫੇਰ ਨ ਜੰਮੇ ਸੋਇ॥ ਕਾਇਮ ਮਿਟੀ ਭਿਸਦੀ ਕੰਚਨ ਵੰਨੀ ਹੋਇ ॥ ੪੪ ॥ ਸੁਆਲ ਇਮਾਮ ਕਰੀਮਦੀਨ ਸੂਰਾ ॥ ਸੁਣਹੁ ਨਾਨਕ ਹਿੰਦੀਆ ਕਹੀ ਕਰੀਮਾਏਵ ॥ ਹਿੰਦੀ ਚਾਰ ਫ਼ਰੇਸ਼ਤੇ ਬ੍ਰਹਮਾ ਬਿਸ਼ਨ ਮਹਾਂਦੇਵ ॥ ਚੌਥੀ ਸ਼ਕਤ ਫਰੇਸ਼ਤਾ ਕਹੇਭਵਾਨੀਜਾਹਿ॥ ਚਾਰੋਂ ਖ਼ਾਲਕਖ਼ਲਕ ਦੇ ਹਿੰਦੂ ਕਰਨ ਸਨਾਹਿ॥ ਤੁਧੇ ਹੀ ਕੁਛ ਬੁਝਿਆ ਦੁਹ ਫਿਰਕਿਆਂਦਾ ਰਾਹ॥ ਏਹਹਕੀਕਤ ਸੱਚ ਦੀ ਸੱਭਾ ਦੇਇ ਬੁਝਾਇ ॥ ਲਿਖਿਆ ਵਿੱਚ ਕੁਰਾਨਦੇ ਇਕੋ ਪਾਕ ਅਲਾਹਿ॥ ਦੂਜਾ ਨੂਰ ਮੁਹੰਮਦੀ ਭਯਾ ਰਸੂਲ ਖ਼ੁਦਾਇ ॥ ਬਿਨਾਂ ਰਸੂਲ ਖ਼ੁਦਾਇਦੇ ਭੀਜਾ ਹੋਆ ਨ ਕੋਇ ॥ ਹੋਇ ਜੋ ਮੁਸਲਮਾਨ ਕੋ ਕਹੇ ਨਸੀਹਤ ਸੋਇ॥ ੪੫ ॥ ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੁ ਸੈਦ ਕਰੀਮਦੀਨ ਜਾਨਹੁ ਸਚ ਸਨਾਹਿ ॥ ਨੂਰੀ ਚਾਰ ਫ਼ਰੇਸ਼ਤੇ ਚਾਰਕਤੇਬ ਗੁਆਹਿ ॥ ਅਵਲ ਨੂਰ ਖ਼ੁਦਾਇਦਾ ਜਾਕਾ ਅੰਤ ਨ ਪਾਰ॥ ਨੂਰੋਂ ਬਲਿਆ ਚਰਾਗ ਇਕ ਸ਼ਕਤੀਕਾ ਅਉਤਾਰ ॥ ਸ਼ਕਤੋਂ ਤੀਨ ਫ਼ਰੇਸ਼ਤੇ ਬ੍ਰਹਮਾ ਬਿਸ਼ਨ ਮਹਾਂਦੇਵ॥ ਆਬੀ ਬਾਦੀ ਆਤਸ਼ੀ ਸੱਚ ਹਕੀਕਤਏਵ ॥ ਤੀਨੋਆਪ ਪਛਾਨਿਆਂ ਹਮਸਰ ਅਵਰ ਨ ਕੋਇ॥ ਆਪੈਆਪਖ਼ੁਦਾਇਕਹਿ ਭਰਮਭੁਲਾਣੇ ਸੋਇ॥ ਤੀਨੋਂਕੀਆ ਗੁਮਾਨ ਬਹੁ ਹਮ ਹੀ ਕਹੇ ਖ਼ੁਦਾਇ ॥ ਆਤਸ਼ਮਿਸਲਚਰਾਗਦੀ ਇਕ ਥੀਂ ਲੱਖ ਜਗਾਹਿ॥ ਆਤਸ਼ਹੀਤੇ ਉਪਜੇ ਏਹ ਤੀਨੋਂਹੀ ਦੇਵ॥ ਲਿਖਿਆਤੀਨਕਿਤਾਬ ਵਿੱਚ ਬ੍ਰਹਮਾ ਬਿਸ਼ਨ ਮਹਾਂਦੇਵ ॥ ਹੋਯਾ ਅਵਾਜ਼ਾ ਰੱਬ ਦਾ ਸੁਣਿਆ ਤੀਨੋ ਦੇਵ॥ ਹਮਤੋ ਖ਼ਾਲਕ ਖ਼ਲਕ ਦੇ ਹੋਰਅਵਾਜ਼ਾਂ ਕੇਤ ॥ ਤੀਨੋਂ ਇਕਠੇ ਹੋਇਕਰ ਗਏਸ਼ਕਤਕੇ ਦੁਆਰ ॥ ਜਾਖੜੋਤੇ ਦਰ ਸਚੇ ਲਾਗੇ ਕਰਨ ਜੁਹਾਰ॥ ਪੁੱਛਨ ਤੀਨ ਫਰੇਸ਼ਤੇਹਮਪਰ ਭੀ ਹੈ ਹੋਰ॥ ਹੋਆ ਅਵਾਜ਼ਾ ਰੱਬਦਾ ਹੋਰ ਕੇਤੇ ਅੰਤ ਨ ਓਰ॥ ਕਵਨਪੁਰੀ ਕੇ ਦੇਵ ਤੁਮ ਕਹਾਂ ਬਸੋ ਕਿਸਲੋਇ॥ ਸੁਣਕਰ ਏਸ ਅਵਾਜ਼ ਨੋ ਚਹੇ ਸਮਾਧੀ ਹੋਇ ॥ ਹੋਆ ਹੁਕਮੁ ਖ਼ੁਦਾਇ ਕੁਦਰਤ ਭਈ ਹਜ਼ੂਰ ॥ ਨੂਰ ਮਿਲਿਆ ਜਾਇ ਨੂਰਨੋਂ ਹੋਇਰਹੇ ਭਰਪੂਰ॥ ਦੇਖਨ ਰੰਗਮਹੱਲਨੋਂ ਪੁਰਹੈਅੰਡਿਆਂ ਨਾਲ ॥ ਆਗਿਆ ਹੋਈ ਸ਼ਕਤ ਨੂੰ ਇਕ ਅੰਡਾ ਤ੍ਰੈਹਾਂ ਦਿਖਾਲ॥ ਦੇਖਨ ਅੰਡਾ ਫੋਰਕਰ ਵਿਚ ਤਬਕ ਵਸਹਿ ਕਈ ਲੋਇ ॥ ਬ੍ਰਹਮੇ ਬਿਸ਼ਨ ਮਹੇਸ਼ ਲਖ ਗਣਤੀ ਅੰਤ ਨ ਕੋਇ॥ ਰਾਮ ਕ੍ਰਿਸ਼ਨ ਪਰਸਰਾਮ ਲਖ ਮੱਛ ਕੱਛਅਵਤਾਰ॥ ਨਰਸਿੰਘ ਬਾਵਨ ਬੋਧਲਖ ਕਈ ਬੈਰਾਹ ਨ ਪਾਰ॥ ਕੇਤੇ ਲੱਖਮੁਹੰਮਦਾ ਅੰਙ ਨ ਲੋਆ ਲੋਇ॥ ਇਕਤੇ ਹੀ ਬ੍ਰਹਮੰਡ ਦਾ ਅੰਤ ਨ ਪਾਏ ਕੋਇ॥ ਬਲਨ ਚਰਾਗ਼ ਬਿਅੰਤ ਲਖ ਬਿਸਮੇ ਹੋਇ ਬਿਅੰਤ॥ ਵੱਡਾ ਨੂਰ ਸਲਾਹੀਐ ਜਿਸਥੀਂ ਭ ਅਨੰਤ॥ ਨੂਰੋਂ ਬਲਿਆ ਚਰਾਗਇਕ ਇਕ ਚਰਾਗੋਂ ਲੱਖ ॥ ਆਫ਼ਤਾਬ ਮਹਿਤਾਬ ਲਖ ਉਤ ਪਤ ਆਂਖਿ ਫਰੱਕ॥ ਏਕ ਪਲਕ ਕੇ ਅੰਦਰੇ ਉਤਪਤ ਖਪਤ ਅਪਾਰ॥ ਲਉ ਬਾਲੀ ਦਰਗਾਹ ਦਾ ਕੇਤਾ ਕਰੋਂ ਸ਼ੁਮਾਰ॥ ਕਹੇ ਮੁਹੰਮਦੀ ਇਕ ਤੁਮ ਦਰਗਾਹ ਕਈ ਅਪਾਰ॥ ਉਪਜਹਿ ਨੂਰ ਖ਼ੁਦਾਇਤੇ ਖਪਤ ਨ ਲਾਗੇਵਾਰ॥ ਸਭ ਖ਼ਾਕੂ ਤੇ ਉਪਜਹਿ ਕਾਨ ਹੈਵਾਨ ਨਬਾਤ ॥ ਨਾਨਕ

CC-0. Gurukul Kangri University Haridwar Collection. Digitized by S3 Foundation USA

ਆਖੇ ਰਾਹ ਸੱਚ ਸੁਣਹੁ ਕਰੀਮ ਸਦਾਤ॥ ਮੋਮਨ ਹੋਵੈ ਮੋਮ ਦਿਲ ਮਰ ਫਿਰ ਹੋਵੈ ਖ਼ਾਕ ॥ ਖ਼ਾਕੋਂ ਹੋਇ ਨਬਾਤ ਫਿਰ ਬਹੁਤ ਨਿਆਮਤ ਪਾਕ॥ਕਾਨ ਹੈਵਾਨੋਂ ਆਦਮੀ ਤਾਂਤੇ ਨੁਤਫ਼ੇ ਸਾਫ਼ ।ਨੁਤਫ਼ੇ ਹੋਵਨ ਆਦਮੀ ਅਵਰ ਹੈਵਾਨੀ ਜ਼ਾਤ ॥ ਕਾਨ ਹੈਵਾਨੋਂ ਆਦਮੀ ਮਰ ਫਿਰ ਆਦਮ ਹੋਨ ॥ਪਾਨ ਮਰਾਤਬ ਕਿਆਮਤੀ ਜੇਹੀ ਕਹੀਅਹਿ ਮੋਮ ॥ ਹੋਇ ਮੁਨਾਫ਼ਕ ਸੰਗ ਦਿਲ ਮਰ ਫਿਰ ਹੋਵਨ ਖ਼ਾਕ॥ਖ਼ਾਕੋਂ ਪਰਬਤ ਪੱਥਰਾਂ ਪੱਥਰ ਤੇ ਫਿਰ ਧਾਤ॥ਚੂਨਾ ਹੋਵੈ ਪੱਥਰੋਂ ਦਹਿਆ ਆਤਸ਼ ਸੰਗ॥ ਚੂਨੇ ਪਾਣੀ ਮੇਲਿਆਂ ਹੋਵੈ ਮੋਮ ਨ ਪੰਗ॥ ਪੱਥਰ ਬਾਝ ਦਹਿਆ ਦਿਨ ਦਿਨ ਬੜ੍ਹਤਾ ਜਾਇ॥ਰਹੇ ਸਹੰਸਰ ਜੁਗਲਗ ਪੱਥਰ ਨਾਮਕ ਹਾਇ॥ ਮਿੱਟੀ ਮੁਸਲਮਾਨ ਦੀ ਲਹੇ ਮਰਾਤਬ ਏਹ॥ ਹੋਵਨ ਪੱਥਰ ਖਾਕ ਭੇ ਮਰੇ ਮੁਨਾਫ਼ਕ ਦੇਹਿ ॥ ਮੋਮਹਿ ਹੋਹ ਨਿਆਮਤਾਂ ਤਾਕੇ ਸੁਣ ਤੂੰ ਨਾਮ॥ਗੰਦਮ ਮੋਠ ਬਿਰੰਜ ਮੂੰਗ ਨਖੁਦ ਮਸੂਰ ਰਵਾਂਹਿ॥ ਮਿਸਰੀ ਖੰਡ ਨਬਾਤ ਗੁੜ ਮੇਵੇ ਗੂਨਾ ਗੂਨ ॥ ਰੋਗਨ ਕਪੜੇ ਤੇਲ ਦੁਧ ਹੋਇ ਨਬਾਤੋਂ ਮੋਮ ॥ ਆਤਸ਼ ਬਿਨਾਂ ਨ ਮੋਮ ਹੋਇ ਰਹੇ ਜੋ ਧਰਤੀ ਮਾਹ ॥ ਸੁਣਹੁ ਕਰੀਮਾ ਸੱਯਦਾ ਆਖੀ ਨਾਨਕ ਸ਼ਾਹ ॥ ੪੬ ॥

ਸੁਆਲ ਕਰੀਮਦੀਨ ਸਦਾਤ ॥ ਕਹੇ ਇਮਾਮ ਕਰੀਮਦੀਨ ਪੈਕੰਬਰ ਦੀ ਜਦ ॥ ਅੱਗੇ ਇਕ ਖੁਦਾਇ ਹੈ ਏਥੇ ਕਿਉਂ ਦੁਇ ਹੱਦ ॥ ਹਿੰਦੂ ਮੁਸਲਮਾਨ ਹੈਦੁਹ ਵਿੱਚ ਕੇਹੜੇ ਰੱਦ ॥ ਰੱਖੋ ਸਚ ਸਲਾਮਤੀ ਕੂੜ ਮੁਲਾਮਤ ਛੱਡ ॥ ਰੱਦਹੁ ਜਿਸਨੋਂ ਰੱਦਨਾ ਵੱਤ ਨ ਲੀਜੈ ਨਾਮ॥ਕੂੜੀ ਦੁਨੀਆਂ ਕਾਰਨੇ ਮਰੀਐ ਨ ਹੋਇ ਹਰਾਮ ॥ ਜੇਹੜੀ ਸੱਚੀ ਗੱਲ ਹੈ ਦੁਹ ਵਿਚ ਕੱਢਹੁ ਗੋਇ ॥ ਹਿੰਦੂ ਮੁਸਲਮਾਨ ਦੇ ਦੁਹ ਵਿਚ ਚੰਗਾ ਕੋਇ ॥ ੪੭ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਕਹੇ ਕਰੀਮਦੀਨ ਇਕ ਸਾਹਿਬ ਦੁਇ ਹੱਦ ॥ ਹਿੰਦੂ ਮੁਸਲਮਾਨ ਦੁਇ ਏਹ ਫਿਰ ਕੇ ਤੂੰ ਰੱਦ ॥ ਦਾਇਮ ਸੱਚ ਸਲਾਮਤੀ ਝੂਠ ਨ ਰਹਿਸੀ ਮੂਲ॥ ਜੋ ਕਰਨ ਇਬਾਦਤ ਰੱਬ ਦੀ ਪਰ ਦਰਗਹ ਪਵੈ ਕਬੂਲ ॥ ਅਗੇ ਨਾਉ ਨ ਜਾਤ ਹੈ ਅਮਲਾਂ ਉਪਰ ਨਿਬੇੜ ॥ ਅਮਲਾਂ ਬਾਝੋਂ ਮੋਮਨੋਂ ਪਉਸਨ ਦੋਜ਼ਕ ਝੇੜ ॥ ੪੮ ॥ ਸੁਆਲ ਕਰੀਮਦੀਨ ਸੂਰਾ ॥ ਕਹੇ ਇਮਾਮ ਕਰੀਮਦੀਨ ਸੁਣਹੁ ਨਾਨਕ ਸ਼ਾਹ ॥ ਵਿੱਚ ਕਿਤਾਬਾਂ ਲਿਖਿਆ ਆਖਿਆ ਆਪ ਅਲਾਹ ॥ ਵਿੱਚ ਜ਼ਮਾਨੇ ਆਖ਼ਰੀ ਖਾਤਮ ਨਬੀ ਰਸੂਲ ॥ ਪਿਛਲੇ ਸਭ ਮਨਸੂਖ ਹਨ ਤਿਨਾਂ ਨ ਮੰਨਹੁ ਮੂਲ ॥ ਸਭ ਹੀ ਹੋਸੀ ਇਕ ਰੰਗ ਦੂਜਾ ਰੰਗ ਨ ਕੋਇ॥ ਹਿੰਦੂ ਥਾਵਹੁ ਵੀ ਭੁਲਾ ਮੁਸਲਮਾਨ ਜਿ ਹੋਇ॥ ਮੁਸਲਮਾਣ ਮੁਸਲਮੀ ਰਹਿਨ ਕਿਆਮਤ ਤਕ॥ ਹਿੰਦੂ ਰਹਿਨ ਨਾ ਪਾਇਨੀ ਲਏ ਜੇ ਆਤਸ਼ ਭੁੱਖ॥ ਨਾਉਂ ਨਿਸ਼ਾਨੀ ਨਾ ਰਹੀ ਰਹਿਆ ਹੱਡ ਨ ਮਾਸ॥ ਸਭੇ ਜਲਾਏ ਆਤਸ਼ੀ ਉੱਠ ਗਿਆ ਹੋਇ ਨਿਰਾਸ ॥ ਰੋਜ਼ ਕਿਆਮਤ ਜੇਹੜੇ ਜਲੀ ਨਾਉਂ ਠੇ ਖ਼ਾਕ॥ ਆਤਸ਼ ਅੰਦਰ ਸੜ ਮੂਏ ਹਿੰਦੂ ਵਡੇ ਨਾਪਾਕ ॥ ੪੯ ॥ ਜਵਾਬ ਨਾਨਕ ਸ਼ਾਹ ਸੂਰਾ ॥ ਸੁਣਹੁ ਸੱਯਦ ਕਰੀਮ ਦੀਨ ਆਖੀ ਨਾਨਕ ਸ਼ਾਹ ॥ ਵਿਚ ਕਿਤਾਬਾਂ ਲਿਖਿਆ ਆਹਾ ਆਪ ਅਲਾਹ ॥ ਵਿਚ ਜ਼ਮਾਨੇ ਆਖਰੀ ਖ਼ਾਤਮ ਦੋਇ ਰਸੂਲ ॥ ਇਕ ਨਾਨਕ ਇਕ ਮੁਸਤਫ਼ਾ ਜਾਸਨ ਦੁਹੇ ਨ ਮੂਲ॥ ਰਹਿਸੀ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਖ਼ਤਮ ਜਹਾਨ ਵਿਚ ਨਾਨਕ ਸ਼ਾਹ ਫ਼ਕੀਰ॥ ਹਿੰ ਮੁਸਲਮਾਨ ਦੋਇ ਦੁਹਾਂ ਕੇ ਪੀਰ॥ ਦੋਵੇਂ ਫਿਰਕੇ ਫੇਰਸੀ ਹਿੰਦੂ ਮੁਸਲਮਾਨ॥ ਆਸਨ ਤੀਜਾ ਰਾਹ ਵਿਚ ਦੋਵੈਂ ਫ਼ਾਨੀ ਜਾਨ॥ ਹਿੰਦੂ ਮੁਸਲਮਾਨ ਦੁਇ ਏਹਮਨ ਸੁਖੀ ਜਾਨ॥ ਦੀਨ ਗਵਾਇ ਦੁਨੀ ਪਰ ਹੋਵਨ ਬੇਈਮਾਨ॥ ਆਪੇ ਹੀ ਛਡ ਜਾਹਿੰਗੇ ਭੋਬਹ ਕਰਕੇ ਦੀਨ॥ ਹਿੰਦੂ ਧਰਮ ਨ ਰੱਖਸਨ ਹੋਸਨ ਅੰਤ ਬਿਦੀਨ॥ ਜੋ ਖ਼ਾਤਮ ਰਹੇ ਜਹਾਨ ਵਿਚ ਲਹੈ ਦੁਹਾਂ ਦੀ ਸਾਰ॥ ਦੁਨੀ ਗ਼ੁਲਾਮ ਖ਼ੁਦਾਇ ਦੀ ਰਹੇ ਕਦਮਾਂ ਨਾਲ॥ ਪੀਰ ਫ਼ਕੀਰ ਖ਼ੁਦਾਇ ਦੇ ਸੁਰਤ ਰੱਬ ਸੰਭਾਲ॥ ਫ਼ਕਰ ਖ਼ੁਦਾਇ ਵੰਦ ਏਕ ਹੈ ਦੂਜਾ ਹੋਰ ਨ ਕੋਇ॥ ਏਹ ਨਸੀਹਤ ਸ਼ਾਮਲੀ ਹਿੰਦੂ ਮੁਸਲਮਾਨ॥ ਪਿਛਲੇ ਸਭ ਮਨ ਸੁਖ ਹੈਂ ਰਹੇ ਤਿਨਾਂ ਦੇ ਨਾਂਵ॥ ਅਮਲ ਤਿਨਾਂ ਦਾ ਨਾ ਚਲੇ ਜਿਉਂ ਵਸ ਅਵਰਾਂ ਗਾਂਵ॥ ਮੰਨੇ ਰਾਮ ਰਸੂਲ ਕੋ ਮੰਨਹਿ ਕ੍ਰਿਸ਼ਨ ਕਰੀਮ॥ ਦੁਨੀਆ ਕਾਰਨ ਉੱਮਤੀ ਕਰਸਨ ਕੁਫ਼ਰ ਮੁਹੀਮ॥ ਲਾਲਚ ਦੁਨੀ ਹਰਾਮ ਹੈ ਲੈਨ ਖ਼ੁਦਾਈ ਨਾਮ॥ ਅੱਗੋਂ ਕੋਇ ਨ ਨਿੰਦਵਾ ਕਹਿ ਨ ਰਸੂਲ ਖ਼ੁਦਾਇ॥ ਕਉਡੀ ਮੁੱਲ ਨ ਪਾਇੰਦੇ ਰਾਮ ਰਸੂਲ ਅੰਦੋਇ॥ ਘਰ ਘਰ ਫਿਰਸਨ ਵੇਚਦੇ ਅੱਗੋਂ ਲਏ ਨ ਕੋਇ॥ ਅਜਬ ਜਮਾਨਾ ਆਇਆ ਰੱਬ ਨ ਮਾਨੇ ਕੋਇ॥ ਕਉਡੀ ਉੱਪਰ ਵੇਚਦੇ ਅੱਗੋਂ ਲਏ ਨ ਕੋਇ॥ ਘੱਤਨ ਨਾਉਂ ਖ਼ੁਦਾਇ ਦਾ ਭੁੱਖਿਆਂ ਰੋਟੀ ਦੇਹ॥ ਮਨਹਿ ਨ ਹਿੰਦੂ ਤੁਰਕ ਦੋਇ ਕਰੀ ਨਿਸ਼ਾਨੀ ਏਹ॥ ਹੀਰੇ ਜੈਸੀ ਵਸਤ ਹੈ ਕਉਡੀ ਮੁੱਲ ਨ ਪਾਇ॥ ਕਉਡੀ ਮੁੱਲ ਨ ਪਾਂਵਦੇ ਰਾਮ ਰਸੂਲ ਖ਼ੁਦਾਇ॥ ਨਹੀਂ ਖ਼ੁਦਾਇ ਰਸੂਲ ਕੋ ਰਾਮ ਕ੍ਰਿਸ਼ਨ ਅਵਤਾਰ॥ ਚਾਲੀ ਕਲਾ ਭੁਵਾਇ ਕੇ ਦਿੱਤੀ ਓਸ ਸਭ ਭਰਮਾਇ॥ ਦੇਹਰੇ ਦੇਵ ਨ ਰਹਸਨੀ ਨਹੀਂ ਬੇਦ ਪੁਰਾਨ ਕੁਰਾਨ॥ ਮੁੱਲਾਂ ਮਸੀਤੀ ਨਾ ਰਹਿਨ ਨਹੀਂ ਹਿੰਦੂ ਮੁਸਲਮਾਨ॥ ਜ਼ਾਤ ਸਫ਼ਾਤ ਨ ਰਹਿਸਨੀ ਸੱਭੇ ਹੋਸਨ ਏਕ ਸਮਾਨ॥ ਨਿਹਚਲ ਇਕ ਖ਼ੁਦਾਇ ਹੈ ਹੋਰ ਫ਼ਾਨੀ ਸਭ ਜਹਾਨ॥ ਉਠਸਨ ਹਰਫ਼ ਕਿਤਾਬਦੇ ਸੱਚ ਨ ਕਹਿਸੀ ਕੋਇ॥ ਹਿੰਦੂ ਮੁਸਲਮਾਨ ਦੇ ਮਜ਼ਹਬ ਨ ਰਹਿਸਨ ਦੋਇ॥ ਬੇਦ ਕਤੇਬ ਪੁਰਾਨ ਮਤ ਅਉਰ ਕਹਾਵਨ ਕਤੇਬ॥ ਹੱਟੋ ਹੱਟ ਵਿਕਾਸਨੀ ਹੋਸਨ ਅੰਤ ਨ ਖੇਦ॥ ਘਰ ਘਰ ਨਾਮ ਵਿਕਾਸਨੀ ਕਿੰਗ ਮਰਦੰਗ ਵਜਾਇ॥ ਅੱਗੇ ਕਉਡੀ ਨਾ ਲਹੈ ਈਵੇਂ ਅਬਿਰ ਥਾ ਜਾਇ॥ ਸੁਨ ਹੁਇਮਾਮ ਕਰੀਮ ਦੀਨ ਸੱਚੀ ਰੱਬ ਕਲਾਮ॥ ਦੋਜ਼ਕ ਦੁਨੀਆ ਕਾਰਨੇ ਰੋਟੀ ਨੂੰ ਹੈਰਾਨ॥੫੦॥ ਸੁਆਲ ਇਮਾਮ ਕਰੀਮ ਦੀਨ ਸੂਰਾ॥ ਕਹੇ ਇਮਾਮ ਕਰੀਮ ਦੀਨ ਸੱਚਾ ਦੇਹ ਸਨੇਹ॥ ਜਿਸ ਬਿਧ ਕਾਇਮ ਹੋਇ ਭਨ ਸੋਈ ਅਮਲ ਕਰੇਇ॥ ਕਾਇਮ ਹੋਇ ਕਿਆਮਤੀ ਜੁੱਸੇ ਖ਼ਾਕ ਨ ਖਾਇ॥ ਖੁਲ੍ਹੇ ਨ ਜੁੱਸਾ ਤਿਸਦਾ ਫੇਰ ਨ ਆਵੈ ਜਾਇ॥ ਕਉਣ ਇਬਾਦਤ ਰੱਬਦੀ ਜਿਤ ਕਾਇਮ ਹੋਵੇ ਰੂਹ॥ ਫੇਰ ਨ ਫਿਰੇ ਚਉਰਾਸੀਏ ਬਹੁੜੀ ਹੋਇ ਨ ਧਰੂਹ॥ ਕੇਹੀ ਸੁਰਤ ਰੱਬਦੀ ਕਿਸ ਬਿਧ ਲਾਈਐ ਧਿਆਨ॥ ਕਿਸ ਬਿਧ ਚਿਲੇ ਸਾਧੀਅਨ ਸੱਚਾ ਦੇਇ ਬਿਆਨ॥ ਖ਼ਾਤਮ ਇਸ ਜ਼ਮਾਨਦਾ ਤੂੰ ਨਾਨਕ ਸ਼ਾਹ ਫ਼ਕੀਰ॥ ਮੀਰਾਂ ਅੰਦਰ ਮੀਰ ਤੂੰ ਪੀਰਾਂ ਅੰਦਰ ਪੀਰ॥ ਮੁਰਸ਼ਦ ਹਿੰਦੂ ਤੁਰਕ ਦਾ ਦੁਹਾਂ ਦ ਸਾਏਰਾਹਿ॥ ਸੱਚ ਹਕੀਕਤ ਸੋਧਕੇ-ਦੇਹੋ ਹੱਕ ਸਨਾਹਿ॥੫੧॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ

CC-0. Gurukul Kangri University Haridwar Collection. Digitized by S3 Foundation USA

ਰਾਹ ਸੱਚ ਸੁਣਹੁ ਇਮਾਮਕਰੀਮ ॥ ਜੀਂਵਦਿਆਂ ਭੁੰਹੋਇਰਹੁ ਦੁਨੀਆਂਵਿੱਚਯਤੀਮ॥ ਚਾਰੋਂ ਇਸ਼ਕ ਖ਼ੁਦਾਇਦੇ ਮਨ ਅੰਦਰ ਸੁਣ ਲ਼ਾਇ॥ਇਕ ਹਿਕਾਨੀ ਇਸ਼ਕਹੈ ਹੱਕੋ ਹੱਕ ਕਮਾਇ॥ ਗੋਸ਼ਨਸ਼ੀਨੀ ਹੋਇ ਰਹੁਧਰਤੀ ਸੀਸ ਟਿਕਾਇ॥ਕਰਹੁ ਇਬਾਦਤਰੱਬਦੀ ਚਿਲੇਬੈਠੋਜਾਇ॥ ਦੂਜਾ ਇਸ਼ਕ ਸੱਚ ਬੰਦਗੀ ਬੁਰੇ ਭਲੇ ਸਭਤਿਆਗ॥ਏਕਾਏਕੀ ਹੋਇਰਹੁ ਜਾਂ ਜਾਗਨ ਤੈਂ ਡੇ ਭਾਗ ॥ ਤੀਜਾ ਇਸ਼ਕ ਜ਼ਹੀਰ ਹੈ ਖਾਣ ਪੀਣ ਸਭ ਜਾਇ ॥ ਬੈਠਹੁ ਆਸਨ ਮਾਰਕਰ ਜੋਗ ਧਿਆਨੈ ਲਾਇ ॥ ਮਾਹਿਰ ਇੱਕ ਘਰ ਰੱਖ ਭਿੰਨ ਭਿੰਨ ਰਹਿਨ ਨ ਦੋਇ ॥ ਆਵਾਗਉਣ ਨ ਹੋਇ ਫਿਰ ਜੇ ਨਿਤ ਨਿਤ ਸਾਧੈ ਕੋਇ॥ਚਉਥਾ ਇਸ਼ਕ ਮਿਜ਼ਾਜ ਹੈ ਜਿਉਂ ਦੀਵੇ ਜਲਹਿ ਪਤੰਗ ॥ ਗੁੱਝੀ ਆਤਸ਼ ਇਸ਼ਕ ਦੀ ਇਸ਼ਕ ਮੁਸ਼ਾਕਾ ਸੰਗ ॥ ਚਾਰੋਂ ਇਸ਼ਕ ਮਹਬੂਬਦੇ ਰੱਬ ਜਿਸਨੋਂ ਆਣੇ ਰਾਸਿ ॥ ਜੋਗੀ ਭੋਗੀ ਆਸ਼ਕਾਂ ਪੂਰਣ ਹੋਵੇਆਸ॥ਬਾਝੂ ਲੱਗੇ ਇਸ਼ਕਦੇਕੋਇ ਨ ਪਵੈ ਕਬੂਲ ॥ ਇਸ਼ਕਲਗਾਈਐ ਰੱਬਸੇਂ ਜ਼ਾਹਿਰ ਥੀਏ ਰਸੂਲ॥ਜੇਹਾਇਸ਼ਕ ਕਮਾਈਐ ਤੇਹਾ ਆਵੈ ਰਾਸ ॥ ਲੱਗਾ ਰਹੈ ਰੋਜ਼ਸ਼ਬ ਪੂਰਣ ਹੋਵਹਿਆਸ ॥ ਹਾਜੀਕਾਜੀਸੈਦਸਭਪੁੱਛਨ ਕਰ ਤਕਰਾਰ ॥ ਜਿਸਦੇਵੱਲ ਖ਼ੁਦਾਇਹੈ ਸੋ ਕਦੀ ਨ ਆਵੈ ਹਾਰ ॥ ਹਾਜੀ ਕਾਜੀ ਹਾਰ ਕਰ ਨਿਵਨਿਵ ਕਰਨ ਸਲਾਮ ॥ ਕੂੜ ਨ ਚੱਲੇ ਕੂੜ ਦਾ ਉਪਰ ਸੱਚ ਕਲਾਮ॥ਹੁਜਤ ਖੁਜਤ ਸ਼ਰੇ ਦੀ ਆਇ ਨ ਸੱਕੇ ਨੇੜ॥ਜਿਤੀ ਫ਼ਿਰਕੇ ਦੁਨੀਦੇ ਨਾਨਕ ਕੀਤੇ ਜ਼ੇਰ ॥ ਸਬਮਜ਼ਹਬਮਨਸੂਖ਼ ਕਰ ਸੱਚਾ ਅਮਲ ਚਲਾਇ ॥ ਸਤਿਨਾਮ ਕਰਤਾਰ ਦਾ ਚਉ ਕੁੰਟੀ ਤਬਲ ਵਜਾਇ ॥ ਇਕੋ ਤੁਕਬਾ ਤਖ਼ਤ ਇਕ ਇਕਾ ਮੁਹਰ ਚਲਾਇ॥ਇਕੋਹੀ ਪਾਤਸ਼ਾਹ ਜਗ ਕੂੜ ਨ ਰਹਿਸੀ ਕਾਇ ॥ਰਹਿਨ ਨਾਹੀਂ ਮੈਕਾਨੜੇ ਗੋਰਾਂਮੜ੍ਹੀ ਫ਼ਨਾਹਿ ॥ ਕਲਵਿੱਚ ਨਾਨਕ ਨਿਰਮਲਾ ਸੱਚਾਇਕ ਖ਼ੁਦਾਇ ॥ ੫੨ ॥ ਸੁਆਲ ਕਾਜ਼ੀ ਰੁਕਨਦੀਨ ਸੂਰਾ ॥ ਪਾਸ ਬੈਠਾਸੀ ਪੀਰ ਬਹਾਵੁੱਦੀਨ ਸਿਰ ਪੀਰਾਂ ਦੇ ਪੀਰ ॥ ਸੁਨ ਗੱਲਾਂ ਖ਼ੁਦਾਇ ਦੀਆਂ ਹੋਇ ਰਹਿਆ ਦਿਲਗੀਰ ॥ ਰੁਕਨਲ ਕਹੇ ਮਖ਼ਦੂਮ ਜੀ ਸੁਨ ਨਾਨਕਦੀ ਤਦਬੀਰ ॥ ਕੀਤੇਸੁ ਮਨਸ਼ੂਖ ਸਭ ਅਵਤਾਰ ਪੈਕੰਬਰ ਪੀਰ॥ਰਾਮਰਹੀਮਨਮੰਨਈਬਿਸ਼ਨਕਰਮੀਆਂਦੋਇ ॥ ਮੰਨੇਨਚਾਰੋਂ ਯਾਰਖਨਵਾਂਦੇਚਉਦਹ ਸੋਇ॥ ਚਾਰਕਤੇਬਨਮੰਨਈਬ੍ਰਹਮਾਬਿਸ਼ਨ ਮਹੇਸ਼॥ਮੇਰਮਧਾਣ ਨ ਮੰਨਈ ਮੰਨੇ ਨ ਬਾਸ਼ਕ ਸ਼ੇਸ਼ ॥ ਰਾਮ ਰਹੀਮਾ ਇਕ ਹੈ ਕ੍ਰਿਸ਼ਨ ਕਰੀਮਾ ਏਕ॥ਏਕੋ ਨਬੀ ਰਸੂਲ ਹੈ ਚਾਰ ਇਸਹਾਬਾ ਏਕ ॥ ਇੱਕੋ ਹੀ ਖੱਟ ਵਾਟੜੇ ਚਉਦਹ ਬਲਨ ਚਰਾਗ ॥ ਦੂਜਾ ਆਖਣ ਸ਼ਕ ਹੈ ਆਖਿਆਂ ਚੜ੍ਹੁਨ ਅਜ਼ਾਬ॥ਪੁੱਛਹੁ ਕਾ ਤਦਬੀਰ ਕਰ ਕਿਸਨੂੰ ਕਰੇ ਕਬੂਲ॥ਥੱਕੇ ਨਸੀਹਤਾਂ ਦੇਂਦਿਆਂ ਗਈਆਂ ਸੁ ਸੱਭੇ ਭੂਲ ॥ ੫੩ ॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ ਮਖ਼ਦੂਮ ਜ ਸੱਚਾ ਸ਼ਬਦ ਪਛਾਣ ॥ ਆਪੇਹੀ ਤੁਮ ਦੋਇ ਕਹੋ ਆਪੇ ਇਕ ਬਖਾਨ ॥ ਜੇ ਦੂਜਾ ਆਖਣ ਸ਼ੱਕ ਹੈ ਤੁਸਾਂਕਿਉਂਜਾਤੇ ਦੋਇ ॥ ਹਿੰਦੂ ਕਹੋ ਨ ਪਾਕਹੈ ਦੋਜਕ ਜਾਏ ਸੋਇ॥ ਨਾਮ ਨ ਲੈਂਦੇ ਰਾਮ ਦਾ ਕ੍ਰਿਸ਼ਨ ਕਹੋ ਫਿਰਊਨ ॥ ਕਹਿੰਦੇ ਅੱਲਹ ਰਸੂਲ ਹੈ ਹੋਰ ਨ ਪੂਜਹੁਮੂਲ॥ਤੁਰਕਨ

CC-0. Gurukul Kangri University Haridwar Collection. Digitized by S3 Foundation USA

ABHINAV GAUR

ਜਪਦੇਰਾਮਨੂੰਹਿੰਦੂਨ ਜਪਹਿ ਰਸੂਲ॥ਫ਼ਿਰਕਾ ਹਿੰਦੂਤੁਰਕਦਾ ਇਸ ਬਿੱਧ ਮਨਹੁਨਮੂਲ॥ ਆਖੇ ਨਾਨਕ ਸੱਚ ਸੁਣ ਮਖ਼ਦੂਮ ਬਹਾਵਦੀ ਸ਼ਾਹ॥ਕੀਤੇ ਹਉਮਨਸੁਖ ਸੱਭ ਸੱਚੀ ਰੱਖ ਪਨਾਹ ॥ਰਾਮ ਰਸੂਲਾਂ ਕੇਤੜੇ ਕ੍ਰਿਸ਼ਨ ਕਰੀਮ ਅਲੋਇ॥ ਅਵਤਾਰਾਂ ਪੈਕੰਬਰਾਂ ਪੀਰਾਂ ਅੰਤ ਨ ਕੋਇ॥ ਯਾਰ ਇਸਹਾਬ ਖਾਨਵਾਦੜੇ ਬੇਦ ਕਤੇਬ ਵੀਚਾਰ॥ਮੇਰ ਮਧਾਨੇ ਬਾਸ਼ਕਾਂ ਸ਼ੇਸ਼ਾਂ ਅੰਤ ਨ ਪਾਰ॥ਮਰ ਮਰ ਜੰਮਨ ਕੇਤੜੇ ਬ੍ਰਹਮਾਂ ਬਿਸ਼ਨ ਮਹਾਂਦੇਵ॥ਇਕੋ ਸੱਚ ਖ਼ੁਦਾਇਹੈ ਹੋਰ ਦਰੋਗੀ ਭੇਵ॥ਗਊ ਸੂਰ ਦੁਇ ਇੱਕ ਕਰ ਇਕ ਪਛਾਣੇ ਸੋਇ॥ਹਿੰਦੂ ਮੁਸਲਮਾਨ ਦੇ ਮਜ਼ਹਬ ਉਠਾਵੇ ਦੋਇ॥ਦਾਵਾ ਹਿੰਦੂ ਤੁਰਕਦਾ ਮਨ ਤੇ ਰਖਹੁਨਮੂਲ॥ਸੱਚ ਨ ਸੀਹਤ ਯਾਦ ਕਰ ਦਰਗਹ ਪਵੈ ਕਬੂਲ॥ਸਾਹਿਬ ਖ਼ੁਦ ਫ਼ਰਮਾਇਆ ਲਿਖਿਆ ਵਿੱਚ ਕਿਤਾਬ॥ਮਰ ਜੰਮਨ ਮਨ ਸੁਖ ਹੈ ਨਮੰਨਿਆਂ ਚੜ੍ਹਨ ਅਜ਼ਾਬ ॥ ਕੁਦਰਤ ਕਈ ਅਸੰਖ ਹੈ ਇਕ ਕਾਦਰ ਨਿਆਰਾ ਆਪ ॥ ਕਾਦਰ ਕੁਦਰਤ ਬਾਹਰਾ ਸਭ ਜਪਦੀ ਤਿਸ ਦੇ ਜਾਪ॥ਕੁਦਰਤ ਬੰਦੇ ਰੱਬਦੇ ਹੁਕਮੀ ਆਵਹਿ ਜਾਹਿ॥ਬਰਗ ਜਿਵੇਂ ਨ ਬਾਤ ਦੇ ਟੂਟ ਟੂਟ ਫੇਰ ਜਮਾਇ॥ਓਹੋ ਜੇਹੀਆਂ ਸੂਰਤਾਂ ਓਹੋ ਜੇਹੇ ਨਾਂਵ॥ਕੂੜ ਪਸਾਰਾ ਖਲਕਦਾ ਉਜੜ ਵਸਾਏ ਗਾਂਵ ॥ਓਹੋ ਫੇਰ ਨ ਆਵਨੀ ਸਭ ਜਪਹਿ ਜਿਨਾਂਦੇ ਨਾਂਇ ॥ ਭਰਮੇ ਭੁੱਲਾ ਆਦਮੀ ਮਰ ਜੰਮਨ ਆਵਹਿ ਜਾਹਿ ॥ ਜੈਸੇ ਮੋਤੀ ਓਸਦਾ ਤੈਸਾ ਆਲ ਮਜਾਣ ॥ ਮੋਯਾਂ ਕੰਮ ਨ ਆਵਈ ਦੱਬ ਭੋਰੀ ਸੜਹਿ ਮਸਾਣ॥ਮਿੱਟੀ ਗੋਰ ਮਸਾਣਦੀ ਫਿਰ ਆਵੈ ਹੱਥ ਕੁੰਭਾਰ॥ ਭਾਂਡੇ ਇੱਟਾਂ ਬਹੁ ਬਿਧੀ ਘੜ ਘੜ ਧਰਹਿ ਸਵਾਰ॥ਫਿਰ ਖਾਵਣ ਅਗਨਿ ਅਗਿਣਤੀ ਜਲ ਬਲ ਕਰਨ ਪੁਕਾਰ ॥ ਹਿੰਦੂ ਮੁਸਲਮਾਨ ਦੁਇ ਫਿਰ ਲਹੇ ਨ ਤਿਨਾਂ ਸਾਰ ॥ ੫੪ ॥ ਸੁਆਲ ਪੀਰ ਬਹਾਵੁੱਦੀਨ ਗ਼ਉਸ ਸੂਰਾ॥ ਆਖੀ ਗ਼ਉਸ ਬਹਾਵਦੀਨ ਸੁਨਹੁ ਨਾਨਕ ਸ਼ਾਹ ॥ ਕਉਨ ਨਮੂਨਾ ਰੂਹਦਾ ਰਹਿੰਦਾ ਕੇਹੜੀ ਜਾਇ॥ਰੂਹੇਦੀ ਕੀ ਜ਼ਾਤ ਹੈ ਕਉਣ ਸਫ਼ਾਤ ਕਹਾਇ ॥ ਆਯਾ ਕਿਸ ਮੁਕਾਮ ਸੇ ਗਇਆ ਕਿੱਥੇ ਜਾਇ ਸਮਾਇ॥ ਜੋ ਸ਼ੱਕ ਉਤਾਰੇ ਦਿਲੇ ਦਾ ਸੋਈ ਅੱਵਲ ਫ਼ਕੀਰ ॥ ਸੱਚੇ ਰਾਹ ਚਲੰਦਿਆਂ ਕਦੇ ਨ ਹੋਨ ਜ਼ਹੀਰ॥ ਹਉ ਜੋਇੰਦਾ ਸੱਚਦਾ ਡਿੱਠੇ ਸ਼ੱਕ ਉਠਾਇ ॥ ਪੀਰ ਕਹੇ ਸੁਣ ਨਾਨਕਾ ਮਨ ਦਾ ਸ਼ੱਕ ਦੁਕਾਇ ॥ ੫੫ ॥ ਜਵਾਬ ਨਾਨਕ ਸ਼ਾਹ ਸੂਰਾ॥ਸੁਨਹੁ ਪੀਰ ਬਹਾਵਦੀਨ ਆਖੀ ਨਾਨਕ ਸ਼ਾਹ॥ਨਾਹਿਨ ਮੂਨਾ ਰੂਹਦਾ ਰਹੇਨਾ ਕਿਸਹੀ ਜਾਇ॥ਜ਼ਾਤ ਸਫ਼ਾਤੋਂ ਬਾਹਰਾ ਰੰਗ ਰੂਪ ਨਹੀਂ ਕੋਇ॥ਕਰੇ ਅਵਾਜ਼ਾਰ ਹੈ ਬਦਾ ਨਦਰੀ ਪਵੈ ਨ ਸੋਇ ॥ ਆਯਾ ਗੈਬ ਮੁਕਾਮ ਤੇ ਫਿਰ ਗੈਬੀ ਜਾਇ ਸਮਾਇ ॥ ਲਖ ਚਉਰਾਸੀ ਜੁੱਸੜੇ ਪਹਿਰੇ ਖੁਸ਼ੀ ਰਜਾਇ ॥ ਇਕਸੇ ੨ ਜੁੱਸੜੇ ਕਈ ਅਸੰਖਾਂ ਰੂਹ॥ ਹੋਇ ਇਕੱਠੇ ਆਪ ਵਿੱਚ ਕਰਨ ਅਵਾਜ਼ਾਂ ਹੂਹ ॥ ਰੂਹ ਖੁਦਾਇ ਨ ਭੇਦ ਕਰ ਇਕ ਜ਼ਾਤ ਸਫ਼ਾਤ॥ਪੰਜ ਮਿਲਨ ਖ਼ਸੀਸਤਾਂ ਸਾਜ ਦਿਖਾਈ ਜ਼ਾਤ॥ਜ਼ਾਤ ਸਫ਼ਾਤ ਕਹਾਇ ਕੇ ਪਾਈਂ ਪੜੇ ਜੰਜੀਰ॥ ਜੁੱਸਾ ਪਕੜਿਆ ਜੁੱਸਿਆਂ ਖਪ ਖਪ ਹੋਇ ਜ਼ਹੀਰ॥ਰੂਹ ਬਨਾਯਾ ਆਪ ਕੂੰ ਕੂੜੀ ਦੁਨੀਆਂ ਲੱਗ॥ਜ਼ਾਤ ਸਫ਼ਾਤ ਖ਼ੁਦਾਇ ਦੀ ਨਾਉਂ ਧਰਾਯਾ ਠੱਗ॥ਠੱਗ ਠੱਗੇ ਮਿਲ ਠੱਗ ਨੋਂ ਦੂਜਾ ਨਾਉਂ ਰਖਾਇ॥ ਦੂਜੀ ਕੁਦਰਤ

CC-0. Gurukul Kangri University Haridwar Collection. Digitized by S3 Foundation USA

ਕੂੜ ਹੈ ਸੱਚਾ ਇਕ ਖ਼ੁਦਾਇ॥ ਆਪ ਭੁਲਾਇਆ ਦੁਨੀ ਲਗ ਹਮਾ ਸ਼ੁਮ ਧਰਨਾਇ ॥ ਜਦ ਰੂਹ ਜੁਦਾ ਹੋਇ ਤਨ ਤੇ ਨਾਉਂ ਠਾਉਂ ਕਛ ਨਾਹਿ॥ ਸੱਭਾ ਕੁਦਰਤ ਰੱਬ ਦੀ ਅਰਬਾ ਨਾਸਰ ਮਾਹਿ॥ ਅਰਬਾ ਨਾਸਰੋਂ ਬਾਹਰ ਇਕੋ ਆਪ ਅਲਾਹਿ॥ ਕਰੇ ਰਿਆਜ਼ਤ ਬੰਦਗੀ ਜਾਣੈ ਆਪਣਾ ਆਪ ॥ ਜਿਨਾਂ ਆਪ ਪਛਾਨਿਆ ਤਿਨਾਂ ਪੁੰਨ ਨ ਪਾਪ॥ ਆਖੇ ਨਾਨਕ ਹਿੰਦਗੀ ਸੁਣਹੁ ਬਹਾਵਦੀਨ ਪੀਰ ॥ ਪਾਵਹੁ ਰਾਹਿ ਖ਼ੁਦਾਇ ਦਾ ਕਦੇ ਨ ਹੋਇ ਜ਼ਹੀਰ॥ ੫੬॥ ਸੁਆਲ ਮਖ਼ਦੂਮ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਣਹੁ ਨਾਨਕ ਪੀਰ ॥ ਆਦਮ ਹੱਵਾ ਰੱਬ ਸਿਰਜਿਆ ਕਹੁ ਸੱਚੀ ਤਦਬੀਰ॥ ਖ਼ਾਕ ਨਿਮਾਣੀ ਅੰਧਲੀ ਕਿਉਂ ਕਰ ਭਈ ਖੰਬੀਰ॥ ਸੂਰਤ ਹੋਈ ਖ਼ਾਕ ਤੇ ਕਰੇ ਅਵਾਜ਼ ਕਬੀਰ॥ ਸਹੰਸ ਅਠਾਰਹ ਆਲਮਾ ਗੁਨਾ ਗੁਨ ਸਰੀਰ॥ ਏਹ ਹਕੀਕਤ ਗ਼ੈਬ ਦੀ ਕਹੇ ਸੁਆਲ ਫ਼ਕੀਰ ॥ ੫੭ ॥ ਜਵਾਬ ਨਾਨਕ ਸ਼ਾਹ ਸੂਰਾ ॥ ਸੁਣਹੁ ਮਖ਼ਦੂਮ ਬਹਾਵ ਦੀਨ ਨਾਨਕ ਕਹੇ ਫ਼ਕੀਰ ॥ ਅਰਬਾ ਨਾਸਰ ਮੇਲ ਕਰ ਖ਼ਲਕ ਕੀਆ ਖੰਬੀਰ ॥ ਦਾਣਾ ਭਇਆ ਖੰਬੀਰ ਤੇ ਸੁਣ ਸਾਚੀ ਤਦਬੀਰ॥ ਇੱਕ ਤ ਦਾਣੇ ਲਖ ਹੋਇ ਗੁਨਾ ਗੁਨ ਸਰੀਰ॥ ਅੱਨੋਂ ਭਇਆ ਖ਼ਬੀਰ ਫਿਰ ਨੁਤਫ਼ੇ ਭਏ ਬਹੁ ਰੰਗ॥ ਇਕ ਦਾਣੇ ਕੀਮਤ ਨਾ ਪਵੈ ਰੰਗਾ ਰੰਗੀ ਅੱਨ॥ ਸਹੰਸ੍ਰ ਅਠਾਰਹ ਆਲਮਾਂ ਨੁਤਫ਼ੇ ਹੀਤੇ ਕੀਨ ॥ ਸਭਨੀ ਉਪਰ ਆਦਮੀ ਜਾਣੈ ਦੀਨ ਬਦੀਨ॥ ਅਰਬਾ ਨਾਸਰ ਹੋਇ ਫਿਰ ਜੇ ਮਰਥੀਵੇ ਖ਼ਾਕ॥ ਖ਼ਾਕੀ ਆਬੀ ਨਪਾਕ ਹੋਇ ਬਾਦੀ ਨਾਰੀ ਤਾਕ ॥ ਜਾ ਹੋਨ ਇਲਾਹਦੇ ਆਪ ਤੇ ਕਰਹਿ ਨ ਫੇਰ ਅਵਾਜ਼ ॥ ਤਾਰਾਂ ਢਿੱਲੀਆਂ ਜੇ ਥੀਵਨ ਫਿਰ ਸ਼ਬਦ ਨ ਕਰੇ ਰਬਾਬ ॥ ਕਲਾ ਬਣਾਈ ਗ਼ੈਬਦੀ ਗ਼ੈਬੀ ਹੋਇ ਸੁ ਪਾਇ ॥ ਇਕੇ ਤਾਂ ਜਾਣੈ ਕੁਤਬ ਗ਼ਉਸ ਇਕੈ ਜਾਣੇ ਆਪ ਖ਼ੁਦਾਇ ॥ ਸੁਣ ਮਖ਼ਦੂਮ ਬਹਾਵਦੀਨ ਇਹ ਅੱਲਾ ਦੀ ਖੇਲ ॥ ਆਪੇ ਆਪ ਵਿਛੋੜਦਾ ਫਿਰ ਆਪ ਕਰਾਏ ਮੇਲ ॥ ੫੮ ॥

ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਜੁੱਸੇ ਕੇਤੇ ਰੂਹ ॥ ਕਿਉਂ ਕਰ ਥੀਆ ਅਵਾਜੜਾ ਮਿਲ ਰੂਹ ਪੁਕਾਰਨ ਹੂਹ॥ ਕਿਥੋਂ ਉਪਜੀਆਂ ਦਾਨਸ਼ੀ ਕਿੱਥੇ ਜਾਇ ਸਮਾਇ॥ ਬੋਲਣਹਾਰਾ ਕਉਣ ਸੀ ਇਹ ਗ਼ੈਬੀ ਸਿਰਰ ਕਹਾਇ॥ ਆਬੀ ਸੀ ਕੇ ਖ਼ਾਕ ਸੀ ਬਾਦੀ ਸੀ ਕੇ ਨਾਰ॥ ਚਹੁਆਂ ਵਿਚੋਂ ਕਉਣ ਸੀ ਦੇਹੋ ਸੱਚ ਬੀਚਾਰ ॥ ਜੇ ਸੂਰਤ ਬੰਨ੍ਹ ਦਿਖਾਇਦਾ ਕਰਦਾ ਬਹੁਤ ਪਸਾਰ॥ ਹੋਂਦਾ ਜਬੈ ਨ ਪੈਦ ਰੂਹ ਕਿਛ ਦਿੱਸੇ ਨ ਅਸਰ ਅਸਾਰ॥ ਕੁਛ ਸੀ ਕੁਝ ਨਾਇਸੀ ਇਸਕਾ ਦੇਇ ਬਿਆਨ॥ ਦੇਹ ਹਕੀਕਤ ਸੱਚਦੀ ਕੀਜੈ ਪਰਗਟ ਜਹਾਨ॥ ੫੯ ॥ ਜਵਾਬ ਨਾਨਕ ਸ਼ਾਹ ਸੂਰਾ॥ ਸੁਣੋ ਪੀਰ ਬਹਾਵਦੀਨ ਪੰਜ ਖਸੀਅਤ ਰੂਹ॥ ਪੰਜ ਜੋ ਪੰਜੇ ਪੰਜਵੀਂ ਸਭ ਮਿਲ ਪੁਕਾਰਨ ਹੂਹ॥ ਪੰਜ ਮਿਲ ਉਪਜੀਆਂ ਦਾਨਸ਼ੀਂ ਫਿਰ ਪੰਜਾਂ ਮਾਹਿ ਸਮਾਇ ॥ ਬੋਲਣਹਾਰਾ ਜਗਤ ਗੁਰ ਸੂਰਤ ਬਾਦ ਹਵਾਇ ॥ ਗ਼ੈਬੀ ਪੰਜ ਫ਼ਰੇਸ਼ਤੇ ਮਿਲ ਕਰ ਕਰਨ ਅਵਾਜ਼॥ ਮੜ੍ਹਿਆ ਪਖਾਵਜ ਚੰਮਦਾ ਇਹ ਰੱਬ ਬਣਾਯਾ ਸਾਜ॥ ਆਪੇ ਇੱਕੋ ਰਵਿ ਰਹਿਆ ਜੀ ਅਜੰਤ ਸਭ ਮਾਹਿ॥ ਹੋਰ ਸ਼ਰੀਕ ਨ ਦੂਸਰਾ ਇੱਕੋ ਇਕ ਅਲਾਹਿ॥ ਚਾਰੋਂ ਯਾਰ ਮੁਸੱਲਮੀ

CC-0. Gurukul Kangri University Haridwar Collection. Digitized by S3 Foundation USA

ABHINAV GAUR

ਰਹੇਅੱਲਹ ਦੇਨਾਲ॥ਭੁੱਲੇਦੁਨੀਆਂਖੁਦੀਲਗ ਨਾਲ ਖ਼ਰਾਬ ਜ਼ਵਾਲ॥ਖ਼ਾਕੀਆਬੀਆਤਸ਼ੀ ਬਾਦੀ ਚਾਰ ਕੁਤਬ ॥ ਏਹਾ ਯਾਰਖ਼ੁਦਾਇਦੇਆਪ ਪੈਕੰਬਰ ਰੱਬ ॥ ਕਾਇਮਚਾਰੋਂਤਰਫ਼ ਦੇ ਕੀਤੇ ਚਾਰ ਕੁਤਬ ॥ ਚਾਰੋਂ ਥੰਮੇ ਅਰਸ਼ ਦੇ ਰਲਦੇ ਮੂਲ ਨ ਕਦ॥ਕਾਇਮ ਕੁਰਸੀ ਅਰਸ਼ਹੈ ਕਾਇਮ ਇਕ ਖ਼ੁਦਾਇ॥ਪੰਜੇ ਕਾਇਮ ਹੈਂਸਦਾਹੋਰ ਨ ਕਾਇਮਜਾਇ॥ ਜੋ ਆਯਾ ਸੋ ਜਾਇਸੀ ਜੋ ਗਇਆ ਫਿਰ ਆਇ ॥ ਅਗਲਾ ਸਾਂਗ ਉਤਾਰਕੇ ਫਿਰ ਆਵੇ ਹੋਰ ਬਣਾਇ ॥ ਕਿਸਕਾ ਮਾਈ ਬਾਪ ਕਿਸ ਕਿਸਕਾ ਪੂਤ ਕਹਾਇ॥ਕਿਸਕੀ ਜੋਰੂਧੀਆ ਕਿਸ ਸਭ ਕੂੜੇ ਕੀਏ ਪਸਾਉ॥ ਜੀਂਵਦਿਆਂ ਸਭ ਦਿੱਸਦੀ ਮੁਇਆਂ ਦਿੱਸੇ ਨ ਕੋਇ॥ਨਾਨਕ ਬਾਜੀ ਕੂੜ ਦੀ ਆਖਰ ਕੂੜੀ ਹੋਇ ॥ ੬੦ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਣਹੋ ਨਾਨਕ ਸ਼ਾਹ ॥ ਕੇਹੀ ਸੂਰਤ ਰੱਬਦੀ ਰਹਿੰਦਾ ਕੇਹੜੀ ਜਾਇ ॥ ਖਾਣਾ ਕਉਣ ਖ਼ੁਦਾਇ ਦਾ ਪਹਿਰੇ ਕਉਣ ਪੁਸ਼ਾਕ॥ਕਉਣ ਸ਼ਰੀਕ ਖ਼ੁਦਾਇਦਾ ਸੱਚ ਹਕੀਕਤ ਆਖ॥ਹਿੰਦੂ ਮੁਸਲਮਾਨ ਵਿਚ ਕਉਣ ਨਜ਼ੀਕ ਖ਼ੁਦਾਇ ॥ ਦੋਨੋਂ ਮਜ਼ਹਬ ਸੋਧਕੇ ਸੱਚਾ ਇਕ ਦਿਖਾਇ ॥ ੬੧ ॥ ਜਵਾਬ ਨਾਨਕ ਸ਼ਾਹ ਸੂਰਾ ॥ ਸੁਣਿਹੋ ਪੀਰ ਬਹਾਵਦੀਨ ਆਖੀ ਨਾਨਕ ਸ਼ਾਹ ॥ ਸੱਚੀ ਸੂਰਤ ਰੱਬ ਦੀ ਰਹਿੰਦਾ ਸੱਚੀ ਜਾਇ ॥ ਸੱਚਾ ਖਾਣਾ ਰੱਬ ਦਾ ਪਹਿਰੇ ਸੱਚ ਪੁਸ਼ਾਕ॥ ਇੱਕੋ ਇਕ ਖ਼ੁਦਾਇਹੈ ਹੋਰ ਸ਼ਰੀਕ ਨ ਸਾਥ ॥ ਹਿੰਦੂ ਮੁਸਲਮਾਨ ਦੁਇ ਦਰਗਾਹ ਲੈਨ ਸਜ਼ਾਇ॥ ਮਜ਼ਹਬ ਦੁਇ ਮਨ ਸੂਖ਼ ਹੈਂ ਦਿੱਸਦੇ ਨੀ ਗੁਮਰਾਹਿ॥ ਸੋਈ ਸ਼ਰੀਕ ਖ਼ੁਦਾਇਦਾ ਜਾਂਕੀ ਜਨਮ ਨ ਜ਼ਾਤ ॥ ਬੇਦ ਕਤੇਬੋਂ ਬਾਹਰਾ ਅਨਹਦ ਸਬਦ ਅਲਾਤ ॥ ੬੨ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਣਹੋ ਨਾਨਕ ਸ਼ਾਹ ॥ ਹਿੰਦੂ ਮੁਸਲਮਾਨ ਦੁਇ ਦਿੱਤੇਨੀ ਮੁਢਹੁੰ ਉਠਾਇ॥ ਤੀਜਾ ਮਜ਼ਹਬ ਕਉਣ ਹੈ ਜੋ ਤੁਹਿ ਕੀਤਾ ਤਹਕੀਕ ॥ ਏਹ ਹਕੀਕਤ ਸੱਚ ਕਹੁ ਨਾਹਿ ਤਾਂ ਲਗਦੀ ਲੀਕ॥ਹਿੰਦੂ ਮੁਸਲਮਾਨ ਦੋਇ ਬਾਵੇ ਆਦਮ ਦੇ ਫ਼ਰਜ਼ੰਦ ॥ ਤੁਹਿ ਕਿਉਂ ਰੱਦੇ ਨਾਨਕਾ ਸੱਚ ਕਹੋ ਇਹ ਪੰਦ॥ਹਾਰਿਆ ਕਾਜ਼ੀ ਰੁਕਨਦੀਨ ਹਾਰਿਆ ਸ਼ਾਹ ਕਰੀਮ॥ਹਾਰਿਆ ਹਾਜੀ ਹੱਜਕਰ ਪੜ੍ਹਗੁੜ੍ਹ ਭਏ ਯਤੀਮ॥ ਹਉਂ ਪੁਛਦਾ ਪੀਰ ਬਹਾਵਦੀਨ ਮੁਲਭਾਂਨੇ ਦਾ ਪੀਰ॥ਹਿੰਦੂ ਮੁਸਲਮਾਨ ਦੀ ਕਰ ਸੱਚੀ ਤਦਬੀਰ ॥ ੬੩ ॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੀ ਨਾਨਕ ਸ਼ਾਹ ਸੱਚ ਸੁਣਹੁ ਬਹਾਵਦੀਨ ਪੀਰ ॥ ਹਿੰਦੂ ਮੁਸਲਮਾਨ ਦੁਇਸਿਰਗੁਮ ਥੀਏ ਜ਼ਹੀਰ॥ਤੀਜਾ ਮਜ਼ਹਬ ਪਾਕ ਹੈ ਨੇਕਬਦਤੋਂ ਦੂਰ॥ ਭਲੇ ਬੁਰੇ ਦਰਗਾਹ ਵਿਚ ਵਛਨ ਨਾ ਮਿਲਦੇ ਦੂਰ॥ ਭਲਾ ਭਲਿਆਈ ਗਰਬਿਆ ਮੋਸਮ ਅਵਰ ਨ ਕੋਇ॥ਬੁਰਾ ਬੁਰਿਆਈ ਸਹਿਮਿਆ ਨੀਚ ਕਰਮ ਬਹਿ ਰੋਇ ॥ ਦੋਵੇਂ ਰਹੇ ਜਹਾਨਵਿਚ ਧੁਰ ਨ ਪਹੁਚੇ ਜਾਇ॥ਨਾਨਕ ਕਹੇ ਬਹਾਵਦੀਨ ਹਉਮੈ ਰੱਖੇ ਅੜਾਇ॥ਤੀਜਾ ਮਜ਼ਹਬ ਸੱਚ ਹੈ ਮਾਰਫ਼ਤੀ ਮਨ ਮਾਰ॥ਨੇਕਬਦ ਦੁਇਰਾਹ ਛੱਡ ਹਰਦਮ ਖ਼ਾਲਕ ਸਾਰ॥ਨੇਕਬਦ ਦੁਇ ਗਾਡੜੇ ਚਲਦੇ ਗਾਡੀ ਰਾਹਿ॥ ਦੋਨੋਂ ਫਾਥੇ ਰਾਹਵਿਚ ਛੁੱਟੇ ਜਾਨ ਅਲਾਹਿ ॥ ਲੀਹੇ ਲੀਹ ਗਾਡੀ ਚਲੇ ਲੀਹੇ

CC-0. Gurukul Kangri University Haridwar Collection. Digitized by S3 Foundation USA

ਚਲਨ ਪੂਤ ॥ ਤੀਨੋਂ ਲੀਹੇ ਨਾ ਚਲਨ ਸਿੰਘ ਸੂਰਮਾ ਸਪੂਤ ॥ ਹਿੰਦੂ ਮੁਸਲਮਾਨ ਦੁਇ ਬਾਬੇ ਆਦਮਦੇ ਫ਼ਰਜ਼ੰਦ॥ਲੜਦੇ ਹੱਦਾਂ ਬੰਨ੍ਹ ਕਰ ਸੱਚ ਭੁਲਾਇਨ ਪੰਦ॥ ਦਰਗਹ ਓੜਨ ਪਾਇਨੀ ਜੋ ਕਰਦੇ ਦਾਵੇ ਕੂੜ॥ਦਾਵਾ ਰਾਮ ਰਹੀਮ ਕਰ ਲੜ ਮਰਦੇ ਹੋਂਦੇ ਧੂੜ॥ਜਿਚਰ ਰੂਹ ਮਕਾਨ ਤੇ ਜੁੱਸਾ ਸਾਬਤ ਨਾਲ॥ਤਦ ਬੀਰਾਂ ਬਹੁ ਬਿਧ ਕਰੇ ਮਰਦਿਆਂ ਚਲਹਿ ਨ ਨਾਲ॥ਫਿਰੇ ਚੌਰਾਸੀ ਭਰਮਦਾ ਹੋਇ ਨਿਮਾਣਾ ਰੂਹ॥ ਕੋਇ ਨ ਪੁੱਛੈ ਬਾਤ ਫੜੀ ਵਾਂਗ ਪਿੜੀਂ ਦਾ ਰੂਹਿ॥ ਜਿਤਨੇ ਯਾਰ ਮੁਹੱਬਤੀ ਪੀਣ ਖਾਣ ਦੇ ਮਿੱਤ॥ਮੋਯਾ ਦੇਖਨ ਰੂਹ ਕੂੰ ਫੇਰ ਨ ਲਾਇਨ ਚਿੱਤ ॥ ਮਿਲਦੇ ਆਇ ਮੁਹੱਬਤੀ ਦਾਮ ਕਾਮ ਕੇ ਯਾਰ॥ਭਾਈ ਸਕੇ ਪਰੀਤਮੀ ਭਾਇ ਭਤੀਜ ਹਜ਼ਾਰ॥ਮਾਂ ਪਿਉ ਨਾਨੇ ਨਾਨੀਆਂ ਚਾਚੇ ਤਾਏ ਮਿੱਤ॥ਮਾਮੇ ਤੇ ਮਾਮਾਣੀਆਂ ਫੁੱਫੀ ਫੁੱਫੜ ਨਿੱਤ॥ਦਾਦੀ ਦਾਦੇ ਦੇਵਰੇ ਜਿਠਾਣ ਦਿਰਾਣੀਆਂ ਪਾਰ॥ਅੰਤ ਨ ਸਾਥੀ ਕੋਇ ਨਾਂ ਭੁੱਜਨ ਹੋਇ ਬਿਚਾਰ॥ਕੂੜ ਮ ਧੁਰਮ ਬਹੁ ਭਾਤੀਆਂ ਬਹਿ ਬਹਿ ਕਰਨ ਬੀਚਾਰ॥ ਕਚੇ ਸਾਕ ਕੁਸੰਗ ਫੜੀ ਮੋਇਆਂ ਲਹਿਨ ਨ ਸਾਰ॥ ਦੁਨੀਆਂ ਵੇਖ ਕੁਸੰਗ ਸਭ ਤਜਹੁ ਬਹਾਵਦੀਨ ਪੀਰ॥ਜਿਨ੍ਹਾਂ ਪਨਾਹ ਖੁਦਾਇ ਦੀ ਸੇ ਕਦੇ ਨ ਹੋਇ ਫ਼ਕੀਰ ॥ ਦੁਨਿਆਵੀ ਸਭ ਸਾਹਿਬੀ ਜਸ ਭੀ ਦੁਨੀਆਂ ਮਾਹਿ॥ ਚਲਿਆ ਰੂਹ ਇਕੱਲੜਾ ਜੁਲੇ ਪੁਛੇਂ ਦਾ ਰਾਹ ॥ਫਿਰ ਆਵੈ ਵਿੱਚ ਚਉਰਾਸੀਏ ਕਰਕੇ ਰੂਪ ਅਨੇਕ॥ਲੱਖ ਅਸੰਖਾਂ ਰੂਪ ਕਰ ਲੱਖ ਅਸੰਖਾਂ ਭੇਖ ॥ਜਿਚਰ ਰੂਹ ਨ ਕਾਇਮਾ ਤਿਚਰ ਟਿਕੈ ਨਾ ਠਉਰ॥ਜੇ ਹੋਵੈ ਕਾਇਮ ਜੁੱਸੜਾ ਮਿਟੇ ਚਉਰਾਸੀ ਦਉੜ॥ਹਾਰਿਆ ਦਾਨਸ਼ਮੰਦ ਸਭ ਹਾਰਿਆ ਬਹਾਵਦੀਨ ਪੀਰ ॥ ਜਿੱਤੇ ਨਾਨਕ ਸ਼ਾਹ ਸਭ ਧਰ ਸਚ ਸ਼ਬਦ ਪਰ ਧੀਰ ॥ ਆਖ਼ਰੀ ਇਸ ਜ਼ਮਾਨ ਦੇ ਨਾਨਕ ਸ਼ਾਹ ਫ਼ਕੀਰ ॥ ਮਾਰਿਆ ਸਿੱਕਾ ਸੱਚ ਦਾ ਸਿਰ ਪੀਰਾਂ ਦੇ ਪੀਰ ॥ ੬੪ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਨਾਨਕ ਸੱਚ ਅਲਾਇ॥ਖਤਰਾ ਰਹਿੰਦਾ ਰਾਤ ਦਿਹ ਕਰ ਮਸਲਾ ਸੱਚ ਸੁਣਾਇ ॥ਕੌਣ ਨਬੂਦ ਜਹਾਨ ਵਿਚ ਹਯਲ ਕਾਇਮ ਕਉਣ ॥ ਜੋਇ ਹਕੀਕਤ ਦੱਸ ਦੇਇ ਹਉਂ ਸੁਨ ਰਾਵੇਂ ਭਉਣ॥ਇਹ ਹਕੀਕਤ ਹੱਕ ਦੀ ਦੇਹੋ ਸਭ ਬੁਝਾਇ॥ਕਾਦਰ ਮੂਲ ਨ ਦਿੱਸਨੀ ਸਭ ਕੁਦਰਤ ਭਰਮ ਭੁਲਾਇ॥ਕਾਇਮ ਕੌਣ ਇਬਾਦਤੀ ਹੋਵੈ ਜੁੱਸਾ ਪਉਣ॥ਹਮਰੀ ਦਾਤ ਸਦਾ ਸੱਚ ਖ਼ਬਰ ਸੁਣਾਏ ਜਉਣ ॥ ੬੫ ॥ ਜਵਾਬ ਨਾਨਕ ਸ਼ਾਹ ਸੂਰਾ ॥ ਸੁਣਹੁ ਪੀਰ ਬਹਾਵਦੀਨ ਆਖੀ ਨਾਨਕ ਸ਼ਾਹ॥ਰੱਖਿਆ ਸਿਰਰ ਪੁਸ਼ੀਦੜਾ ਸੁਣੀ ਸੱਚ ਸੁਨਾਇ॥ ਜੁੱਸੇ ਨਾ ਬੂਦ ਜਹਾਨ ਵਿਚ ਹਯਲ ਕਾਇਮ ਰੂਹ ॥ ਰੂਹ ਛੱਡੇ ਜਬ ਜੁੱਸਿਆਂ ਮਿਟਿਆ ਅਵਾਜ਼ਾ ਹੂਹ॥ਦੋਏ ਨਬੂਦ ਜਹਾਨ ਵਿੱਚ ਹਯਲ ਕਾਇਮ ਦੋਇ॥ਜੋ ਕਰਨ ਇਬਾਦਤ ਬੰਦਗੀ ਸੱਚ ਖਬਰ ਬਤਾਵਨ ਸੋਇ॥ਜੁੱਸੇ ਬਾਝ ਨ ਰੂਹ ਹੈ ਰੂਹ ਬਾਝ ਨ ਜੁੱਸਾ ਹੋਇ॥ਨਾਨਕ ਲੇਖੈ ਮੰਗੀਏ ਰੋਂ ਦੇ ਡਿੱਠੇ ਦੋਇ ॥ ਮਿਲਨ ਸਜਾਈਂ ਜੁੱਸਿਆਂ ਰੂਹ ਪੁਕਾਰਨ ਹਾਇ ॥ ਨੇਕੀ ਬਦੀ ਬੀਚਾਰ ਕੇ ਮਿਲੈ ਅਜ਼ਾਇ ਸਜ਼ਾਇ॥ਆਪੇ ਰੂਹ ਕਹਾਂਇਦਾ ਆਪੇ ਜੁੱਸਾ ਹੋਇ ॥ ਇਹ ਤਮਾਸ਼ਾ ਦੇਖਕੇ ਨਾਨਕ ਦਿੱਤਾ ਰੋਇ ॥ ਰੋਇ ਨ ਕੋਈ ਆਇਆ ਹੱਸ ਨ ਚਲਿਆ ਕੋਇ ॥ ਅੱਗਾ ਪਿੱਛਾ ਸੋਧਕੇ ਨਾਨਕ ਰਹਿਆ

CC-0. Gurukul Kangri University Haridwar Collection. Digitized by S3 Foundation USA

ABHINAV GAUR

ਖਲੋਇ ॥ ੬੬ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਨਹੋ ਨਾਨਕ ਸ਼ਾਹ ॥ ਇਕ ਖੁਦਾਇਰਸੂਲਹੈ ਕਿਉਂ ਦੁਨੀਆਂ ਬਹੁਤੇ ਰਾਹ॥ਆਲਮ ਕੁਝ ਨ ਹੋਵਈ ਵਾਣੀ ਕੀ ਬਲਾਇ॥ ਰਾਹ ਸਚਾ ਵਾ ਛੱਡਕੇ ਬਹੁ ਹੋਈ ਗੁਮਰਾਹ ॥ ਮੁਸਲਮਾਨਾਂ ਛੱਡਿਆ ਖਾਣਾਂ ਹੱਕ ਹਲਾਲ ॥ ਹਿੰਦੂਖਾਣ ਦਰੋਗ ਕਹਿ ਤਿਨਾਂ ਹੋਸੀ ਕੀ ਹਵਾਲ॥ ਦੋਵੇਂ ਭੁੱਲੇ ਰਾਹ ਤੇ ਸੱਚ ਨ ਜਾਨਹਿ ਮੂਲ॥ਮਾਲ ਬਿਗਾਨਾ ਖੱਸ ਖਾਨ ਕਰ ਕਸਮਾਂ ਰਾਮ ਰਸੂਲ ॥ ਦਰਗਹ ਇਨ੍ਹਾਂ ਕੀ ਹਾਲ ਹੋਇ ਸਭਦੇ ਖਬਰ ਬਤਾਇ ॥ ਪੀਰ ਕਹੇ ਸੁਣ ਨਾਨਕਾ ਖਤ ਰਾਮਨਹੁ ਚੁਕਾਇ॥ ੬੭॥ ਜਵਾਬ ਨਾਨਕ ਸ਼ਾਹ ਸੂਰਾ ॥ ਸੁਣਹੁ ਪੀਰ ਬਹਾਵਦੀਨ ਆਖੀ ਨਾਨਕ ਸ਼ਾਹ॥ ਲੱਬੇ ਕਾਰਨ ਪੀਰਜੀ ਦੁਨੀਆਂ ਬਹੁ ਤੇ ਰਾਹ॥ਕਾਰਨ ਕਪੜੇ ਭਾਂਮਤੇ ਬਹੁਤ ਹੋਈ ਗੁਮਰਾਹ॥ਖਾਨ ਕਸੀਸਾ ਏਤ ਭਾਂਤ ਜਿਉ ਸਿਰ ਬੀਆ ਕਪਾਹਿ॥ ਚੁਣ ਆਂਦੀ ਵੱਣ ਵਾੜੀਓਂ ਚੁਖ ਚੁਖਲਈ ਖੁਹਾਇ॥ ਕੂਕੇ ਕਪਾਹ ਨਿਮਾਨੜੀ ਖੁਸਦੀ ਕਰੇ ਕਹਾਇ॥ ਪਹਿਲਾਂ ਝਾਂਬੇ ਝਾੜੀਐ ਮੰਜੋਉ ਤੇ ਘੱਤ॥ ਕੂਕੇ ਏਹ ਕਪਾਹੜੀ ਦੁਨੀਆਂ ਨ ਆਵਾਂ ਵੱਤ ॥ ਫਿਰ ਮੁਹਿ ਦਿੱਤੀ ਵੇਲਨੇ ਖਾਵੈ ਸਕਤੀ ਭੀੜ॥ ਕੀਤੇ ਕਾਰਣ ਮਾਰੀਐ ਕਿਸ ਆਗੇ ਕੂਕੇ ਪੀੜ॥ ਫਿਰ ਖੜ ਸਉਂਪੀ ਪੋਵਿਆਂ ਘੱਤਨ ਨਾੜੀ ਬੰਦ॥ ਚੁਖ ਚੁਖ ਹੋਇ ਪਿਜੀਂਦੜੀ ਕਾਰਣ ਕੱਤਨ ਤੰਦ ॥ ਫਿਰ ਸਉਂਪੀ ਚੂੜੇ ਵਾਲੀਆਂ ਕੱਤਨ ਬਾਂਹ ਉਲਾਰ॥ ਕੂਕੇ ਏਹ ਕਪਾਹੜੀ ਹਉਂ ਕਤ ਆਈ ਸੰਸਾਰ॥ ਫਿਰ ਸਉਂਪੀ ਜੋਲਾਹਿਆਂ ਤਾਂਣੀ ਤਣਦੇ ਠੋਕ ॥ ਛਿਕ ਛਿਕ ਦੇਣ ਮਰੋੜੀਆਂ ਅੰਧਾ ਗਰਬੇ ਲੋਕ ॥ ਫਿਰ ਸਉਂਪੀ ਜੇ ਝੜੋਇਆਂ ਸਿਰੇ ਨਿਸ਼ਾਨੀ ਪਾਇ॥ ਤਲੇ ਤਲੇ ਰਨ ਸਿਰ ਮੁੰਘਲੀ ਕੁੱਟਨ ਦੇ ਦੇ ਤਾਇ॥ ਫਿਰ ਸਉਂਪੀ ਤਿਨਾਂ ਦਰਜ਼ੀਆਂ ਜਿਉਂ ਜਿਉਂ ਖਸਮ ਕਹੰਨ ॥ ਪਹਿਨ ਪੜ ਮਨ ਭਾਂਵਦਾ ਜਿਤ ਪੈਦੇ ਸੋਹੇ ਵੇਖ ॥ ਨਾਕੋ ਹੱਸੇ ਹੜਿ ਹੜਾਇ ਨਾ ਕੋ ਕਰਹੋ ਸੋਗ॥ ਇਹ ਸਿਰ ਬੀਆ ਕਪਾਹ ਦੇ ਇਨ੍ਹਾਂ ਜੰਤਾਂ ਸਿਰ ਕੀ ਹੌਂਗ ॥ ੬੮॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਣਹੋ ਨਾਨਕ ਸ਼ਾਹ ॥ ਜੁੱਸਾ ਕਿਉਂ ਕਰ ਸਿਰਜਿਆ ਸੱਚਾ ਦੇਹ ਸੁਨਾਇ ॥ ਕਉਨ ਮੁਕੱਦਮ ਪਿੰਡਦਾ ਕਿਸ ਵਸਾਏ ਲੋਗ॥ ਖਾਵੈ ਕਉਣ ਨਿਆਮਤਾਂ ਕਿਸਨੂੰ ਭੋਗਾ ਜੋਗ॥ ਕਰਦਾ ਕਉਣ ਅਵਾਜੜਾ ਸੁਨਣੇਹਾਰਾ ਕਉਣ॥ ਜੁੱਸਾ ਰਖਦਾ ਕਉਣ ਹੈ ਸੁਪਨੇ ਜਾਂਦਾ ਕਉਣ॥ ਇਹ ਹਕੀਕਤ ਜੋ ਦੱਸੇ ਸੋਈ ਅੱਵਲ ਫਕੀਰ ॥ ਪੀਰਾਂ ਅੰਦਰ ਪੀਰ ਹੈ ਮੀਰਾਂ ਅੰਦਰ ਮੀਰ ॥ ੬੯ ॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਸ਼ਾਹ ਸਚੁ ਸੁਣਹੁ ਬਹਾਵੇਦੀਨ ਸ਼ਾਹ ॥ ਜੁੱਸਾ ਸਾਜਿਆ ਨਿਆਮਤੀ ਸੱਚੇ ਸੁਨਹੁ ਸਨਾਇ ॥ ਰੂਹ ਮੁਕੱਦਮ ਪਿੰਡਦਾ ਕਰਮ ਵਸਾਏ ਲੋਗ॥ ਖਾਵੇ ਅਗਿਨਤ ਨਿਆਮਤੀ ਰੂਹਾਂ ਭੋਗਾ ਜੋਗ ॥ ਕਰਦੀ ਬਾਦ ਅਵਾਜੜਾ ਸੁਨਣੇਹਾਰੀ ਰੂਹ॥ ਜੁੱਸੇ ਰਖਤੀ ਅਗਨ ਹੈ ਰੂਹ ਫਿਰੇ ਪਰਜੂਹ॥ ਰੂਹ ਛੱਡੇ ਜਬ ਜੁੱਸੜਾ ਫਿਰ ਹੋਵਨ ਰੂਹ ਅਪਾਰ ॥ ਫਿਰ ਲਗ ਖਾਵਨ ਜੁੱਸੜਾ ਕਰ ਡਾਰਹਿ ਤਿਸ ਛਾਰਿ ॥ ਮੂਏ ਕੀ ਗਣਤੀ ਨਹੀਂ ਜੀਵਤ ਦੇਖ ਪਰਤੱਖ ॥ ਜੇਤੇ ਦਾਣੇ ਅੰਨ ਦੇ ਜੀਅ ਜੰਤੂ ਲੱਖ ॥ ਗ਼ੈਬੀ ਸਿਰਰ ਖ਼ੁਦਾਇ ਦਾ ਬੁੱਝ ਨ ਸ

CC-0. Gurukul Kangri University Haridwar Collection. Digitized by S3 Foundation USA

ਕੋਇ ॥ ਪੀਰ ਪੈਕੰਬਰ ਅਉਲੀਏ ਥਕ ਥਕ ਰਹੇ ਖਲੋਇ॥ ਰੂਹਨ ਆਂਵਦਾ ਦਿੱਸਹੀ ਸ਼ਾਂਦਾ ਲਖੇ ਨ ਕੋਇ॥ ਇਹ ਇਸ਼ਾਰਤ ਜੋ ਬੁਝੈ ਪੀਰਾਂ ਦੇ ਸਿਰ ਸੋਇ ॥ ੭੦ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਣਹੁ ਨਾਨਕ ਸ਼ਾਹ ॥ ਚਾਰੇ ਰੂਹਅਮਾਨਤੀ ਰਹਿੰਦੇਕਉਣ ਪਨਾਹ॥ਚਾਰੋਂ ਰਾਹ ਖ਼ੁਦਾਇਦੇ ਮੈਨੂੰ ਏਹਭੀ ਖੋਲ੍ਹ ਦਿਖਾਇ॥ਲਿਖਿਆਵਿਚ ਕਿਤਾਬਦੇ ਕਹਿਆ ਰਸੂਲ ਖੁਦਾਇ ॥ ਬਾਝੁ ਰਾਹ ਸ਼ਰੀਯਤੇ ਬੰਦੇ ਪਾਕ ਨ ਹੋਇ ॥ ਬਾਝੁ ਸੁੰਨਤ ਆਦਮੀ ਦਰਗਹ ਲਹੇ ਨ ਢੋਇ ॥ ਮੁਸਲਮਾਨੀ ਅਸਾਨੜੀ ਬਾਤ ਨ ਪੁੱਛਸੀ ਕੋਇ॥ ਬਾਝ ਰਸੂਲ ਮਹੰਮਦੇ ਦੂਜਾ ਹੋਰ ਨ ਕੋਇ॥ਦੋਯਮ ਰਾਹਤਰੀਕਤੇ ਸੋਇਮਹਕੀਕਤ ਰਾਹ ॥ ਰਾਹ ਮਾਰਫ਼ਤਾਂ ਆਖੀਐ ਚਾਰੋਂ ਰਾਹ ਖੁਦਾਇ ॥ ਜੁੱਸਾ ਚਾਰ ਖ਼ਸੀਯਤਾਂ ਕਿਉਂ ਕਰ ਥੀਆ ਨਪਾਕ ॥ ਕਉਣ ਮਿਲਿਆ ਸੰਗ ਚਾਰ ਦੇ ਹੋਵਨ ਪੰਜ ਤਨ ਪਾਕ ॥ ੭੧॥ ਜਵਾਬ ਨਾਨਕ ਸ਼ਾਹ॥ਸੁਣਹੋਪੀਰਬਹਾਵਦੀਨ ਆਖੀ ਨਾਨਕਸ਼ਾਹ ॥ ਚਾਰੋਂਰਾਹਖੁਦਾਇ ਦੇ ਸੁਣ ਕਰ ਮਨ ਮੇਂ ਲਾਇ॥ਅੱਵਲ ਰਾਹ ਸ਼ਰੀਯਤੇ ਗੁਸਲ ਖਰਾਇਤ ਨਾਇ॥ਭਲਾ ਮਨਾਵਣ ਸਭਸਦਾ ਬੁਰਾ ਨ ਸੁਣਹੀ ਕਾਨ॥ ਰੋਜ਼ਾ ਨਮਾਜ਼ਾਂ ਬੰਦਗੀ ਅਵਰ ਰਿਆਜ਼ਤ ਸਾਰ ॥ ਕਰਕੇ ਅਮਲ ਬਿਕਾਰ ਸਭ ਰਾਹ ਤਰੀਕਤ ਧਾਰ ॥ ਜਾਣੇ ਹੱਕ ਹਕੀਕਤੇਬੁੱਝੇਹਕੀਮਖੁਦਾਇ ॥ ਆਪੇਆਪ ਅਲਾਹ ਹੈ ਹੋਰ ਦੂਜਾ ਕੋਈ ਨਾਹਿ ॥ ਜੀਂਵਦਿਆਂ ਜੋ ਮਰ ਰਹੇ ਮਾਰਫ਼ਤੀ ਮਨਮਾਰ॥ ਮਿਲਿਆ ਰਹੇ ਖ਼ੁਦਾਇ ਨਾਲ ਤਉਹੀ ਉਤਰੇ ਪਾਰ॥ਮੁਸ਼ਕਲਮੁਸਲਮਾਨੜੀ ਜਿਉਂ ਭ੍ਰੁਖੀਤਲਵਾਰ॥ਭੁੱਲੇ ਰਾਹਸ਼ਰੀਅਤੇ ਦੇਸਨ ਸਜ਼ਾਈਂ ਮਾਰ॥ਬਹੁ ਮਾਰਨ ਕੱਖੀਂ ਸਾੜਭੁੱਲੇ ਜੋ ਮੁਸਲਮਾਨ॥ਕਲਮੇ ਗੋਇਨੋ ਸਾੜਿਆ ਕਰਕੇ ਬੇਈਮਾਨ॥ ਭਿਸ਼ਤ ਨ ਪਹੁਤਾ ਬਪੜਾ ਸੜਿਆ ਜੋ ਕੱਖਾਂ ਮਾਹਿ॥ ਖਾਧਾ ਕਾਵਾਂ ਕੁੱਤਿਆਂ ਮਿਲਿਆ ਨ ਪਾਕਾਂ ਜਾਹਿ ॥ ਕਲਮਾ ਪਾਕ ਰਸੂਲ ਪੜ੍ਹ ਸਾੜਿਆਂ ਦੇਹ ਗੁਨਾਹਿ॥ਕਲਮੇਂ ਪੜ੍ਹਿਆਂ ਅਜ਼ਾਬਹੈ ਦੀਨਦੁਨੀਤੇਜਾਹਿ॥ ਜਿਸਨੇ ਕਲਮਾਂ ਆਖਿਆ ਫਿਰ ਤਾਂਕਉ ਮਿਲੈ ਸਜਾਇ ॥ ਪੀਰ ਜੀ ਐਵੇਂ ਜਾਣੀਐ ਓਹਭਿਸ਼ਤੀਠਉਰ ਨ ਪਾਇ॥ ਜਿਸਦਾ ਕਲਮਾਂ ਆਖੀਐ ਓਹ ਦੇਵੇ ਬਹੁਤਸਜ਼ਾਇ॥ਕਲਮੇਂ ਪੜ੍ਹਿਆਂ ਨ ਪਾਕਹੋਇਭਿਸ਼ਤ ਨ ਤਾਂਕੇ ਭਾਇ ॥ ਕਲਮਾਂ ਆਖਿਆਂ ਏਹ ਗੁਨ ਹੋਇ ਗੁਨਾਹਾਂ ਪਾਕ॥ ਆਗੇ ਕਰੇ ਗੁਨਾਹਿ ਫਿਰ ਤਿਸ ਭਿਸ਼ਤੋਂ ਮਿਲੇ ਤਲਾਕ ॥ ਭੁੰਨਾ ਭਾਂਡਾ ਕੁੱਟਦਾ ਫਿਰ ਲਹੇ ਅਢੁਣੇਦੰਮ॥ਜੇਭਾਂਡਾਭੁੱਜੈ ਖ਼ਾਕਦਾ ਫਿਰਆਵੈ ਕਿਤੇ ਨ ਕੰਮ ॥ ਤਾਰੇ ਪਰਬਤ ਰਾਮਚੰਦ ਸਤਿ ਰਾਮ ਲਿਖ ਨਾਮ ॥ ਬੱਧੀ ਪੁਲ ਸਮੁੰਦ੍ਰਪਰਲੂਦੀ ਲੰਕ ਨਿਦਾਨ ॥ ਕਲਮੇਂ ਡੋਬੀਆਂ ਉੱਮਤੀ ਚਲੇ ਰਸਾਤਲ ਜਾਹਿ ॥ ਅੱਗੇ ਅਗੰਮ ਅਥਾਹਹੈ ਪਾਰ ਨ ਕਾਹੂ ਪਾਹਿ ॥ ਵਿਚ ਜ਼ਮੀਂਨੇ ਦੱਬੀਅਨ ਚਲੇ ਰਸਾਤਲ ਜਾਨ॥ ਆਗੇ ਹੱਥ ਨ ਲੱਭਈ ਕਈ ਪਤਾਲ ਤਲਾਹਿ ॥ ਫਿਰ ਹੋਵਨ ਮਾਰਸਿ ਆਤਸ਼ੀ ਜਲਹਿ ਰਸਾਤਲ ਮਾਹਿ ॥ ਜੀਵਨ ਬਹੁਤੇਬਰਖ ਲਗ ਫਿਰ ਆਤਸ਼ ਵਿੱਚ ਜਲਾਹਿ ॥ ਫਿਰਹੋਵਹਿ ਗਯਦਮਾਹੀਆਂ ਬੁੱਲ੍ਹਣਜੋਕ ਸੰਸਾਰ॥ ਇੱਕ ਵੀਹ ਲੱਖ ਜਲ ਜੋਨ ਹੈ ਜੋ ਬੇਸ਼ ਭਏ ਅਵਤਾਰ

CC-0. Gurukul Kangri University Haridwar Collection. Digitized by S3 Foundation USA

ABHINAV GAUR

॥ ਖਾਣ ਜਨਾਵਰ ਆਦਮੀ ਬਹੁਤ ਨਿਆਮਤ ਦੇ ਨਾਲ॥ਫਿਰ ਹੋਵਣ ਓਦੂੰ ਨੁਤਫ਼ੇ ਜੀਆ ਜੰਤ ਸੰਭਾਲ ॥ ਦਿੱਚੈ ਵਸਤ ਜਲਾਇਕੈ ਜਲ ਬਲ ਹੋਵੈ ਖ਼ਾਕ ॥ ਮਣ ਦੀ ਸੇਰ ਨ ਨਿਕਲੇ ਹੋਈ ਮਿੱਟੀ ਪਾਕ ॥ ਗਇਆ ਰੂਹ ਅਸਮਾਨ ਨੋਂ ਆ ਬਹਯਾਤੀ ਨਾਲ॥ਰਹੀ ਜੋ ਖ਼ਾਕ ਨਿਮਾਨੜੀ ਅਰਬਾ ਨਾਸਰ ਭਾਲ ॥ ਰਹੀ ਜੁ ਮੁਸਟੀ ਖ਼ਾਕ ਦੀ ਹੋਈ ਫੇਰ ਨਬਾਤ ॥ ਖਾਨ ਜਨਾਵਰ ਆਦਮੀ ਫਿਰ ਹੋਵਨ ਨੁਤਫ਼ੇ ਪਾਕ॥ਨੁਤਫ਼ੇ ਹੋਏ ਜੀਆ ਜੰਤ ਲਖ ਚਉਰਾਸੀ ਲੋਇ॥ਇਕੇ ਭਾਂਜਾਣੈ ਆਪ ਰੱਬ ਇਕੇ ਖ਼ਾਸ ਬੰਦਾ ਕੋਇ ॥ ਜੇਹੇ ਅਮਲ ਕਮਾਈਅਨਿ ਫਿਰ ਕਿਆਮਤ ਪਾਵੈ ਦੇਹਿ॥ਕਿਆਮਤ ਰੂਹ ਨੋਂ ਮਾਰਕਰ ਫਿਰ ਫਿਰ ਜੰਮੇ ਕੇਹ॥ਹਿੰਦੂ ਮੁਸਲਮਾਨ ਦੁਇ ਜ਼ਰਬ ਲਗਾਵਣ ਦੋਇ ॥ ਸਾਹਿਬ ਜ਼ਰਬੋਂ ਬਾਹਰਾ ਰਵਿ ਰਹਿਆ ਵਿੱਚ ਲੋਇ ॥ ਰਿਜ਼ਤਾ ਆਪ ਖ਼ੁਦਾਇ ਹੈ ਮਣਕੇ ਸਗਲੀ ਲੋਇ॥ਜਿਵੇਂ ਫਿਰਾਏ ਤਿਉਂ ਫਿਰਨ ਵਿਰਲਾ ਜਾਣੈ ਕੋਇ॥ ਸਚੀ ਸੁੰਨਤ ਰੱਬ ਦੀ ਮੋਇ ਲੈਆਯਾ ਨਾਲ ॥ ਜੋ ਰੱਖੈ ਮੋਇ ਅਮਾਨਤੀ ਸੋ ਖਾਸਾ ਬੰਦਾ ਭਾਲ॥ਫਿਰ ਗਿਆ ਦਰਗਾਹ ਵਿੱਚ ਅੱਗੇ ਰਖ ਨੀਸਾਨ॥ਹੋਰ ਦਰਗਾਹ ਢੋਈ ਨਾ ਲਹਿਨ ਜੋ ਰਾਣੇ ਸ਼ੈਤਾਨ॥ਅੱਵਲ ਸੁੰਨਤ ਮੋਇ ਹੈ ਸਿਰ ਪਰ ਰੱਖੇ ਜੋਇ॥ਪਾਵੈ ਮਰਾਤਬ ਸੱਯਦੀ ਵੱਡਾ ਰਿਖੀਸਰ ਹੋਇ॥ ਰੱਖੇ ਮੋਏ ਹਲਾਲ ਖਾਇ ਨਿਕਟ ਹਰਾਮ ਨ ਜਾਇ ॥ ਸਭ ਜਹਾਨਦੀ ਕੀ ਚਲੀ ਤਿਸਤੇ ਡਰੇ ਖ਼ੁਦਾਇ॥ਮੁਖ ਸੁਚਾ ਇੰਦ੍ਰੀ ਜਤੀ ਸੁਪਨੇ ਮਣੀ ਨ ਜਾਇ॥ਐਸੀ ਰਹਿਣੀ ਜੋ ਰਹੇ ਤਿਸ ਕਉ ਕਾਲ ਨ ਖਾਇ ॥ ਜੋ ਮੁਖਤੇ ਆਖੇ ਸੋ ਥੀਵੇ ਹੋਵੇ ਸ਼ੈਫ ਜ਼ਬਾਨ ॥ ਪਹਿਲੇ ਰੱਖਿਆ ਏਹ ਗੁਣ ਚੇਲਾ ਸਗਲ ਜਹਾਨ॥ਕਿਸੇ ਕਟਾਯਾ ਲਾਂਡ ਕਉ ਕਿਸੇ ਛਿਦਾਏ ਕਾਨ ॥ ਸਾਬਤ ਸੂਰਤ ਰੱਬਦੀ ਭੰਨਨ ਬੇਈਮਾਨ॥ਬੁਰੇ ਦੁਹਾਂ ਦੇ ਪੰਥ ਰੇ ਬੁਰਾ ਦੋਹਾਂ ਦਾ ਮੇਲ॥ਜੋ ਕੋ ਸੱਚ ਅਲਾਇਦਾ ਘਤ ਮਾਰਨ ਤਿਹ ਜੇਲ ॥ ਸੱਚੀ ਕੁਦਰਤ ਰੱਬਦੀ ਕੋਇ ਨ ਪਾਵੈ ਭੇਦ ॥ ਹਿੰਦੂ ਮੁਸਲਮਾਨ ਦੁਇ ਪੜ੍ਹ ਲੜਦੇ ਬੇਦ ਕਤੇਬ ॥ ਬੇਦ ਕਤੇਬ ਹੁ ਬਾਹਰਾ ਲਾ ਸ਼ਰੀਕ ਅਲਾਹਿ ॥ ਕਈ ਅਸੰਖ ਮਹੰਮਦਾ ਬ੍ਰਹਮੇ ਬਿਸ਼ਨ ਕਹਾਇ॥ਕਈ ਅਸੰਖਾਂ ਕੁਦਰਤੀ ਸਾਜੀ ਖੁਦਕ ਰਤਾਰ ॥ ਆਪੇ ਮਾਰ ਜਿਵਾਂਇਦਾ ਆਪੇ ਕਰੇ ਸ਼ੁਮਾਰ॥ਇੱਕੋ ਸਿੱਕਾ ਤਖ਼ਤ ਇਕ ਜ਼ਰਬ ਭੀ ਇੱਕਾ ਹੋਇ ॥ ਜਾਨੈ ਖ਼ੁਦ ਖ਼ੁਦਾਇ ਹੈ ਪਾਵੈ ਸੱਚਾ ਸੋਇ ॥ ਕੱਖ ਛਪਾਇਨ ਅੱਗਨੂੰ ਛਪੈ ਨ ਅਗਨ ਕਦਾਇ ॥ ਆਖਰ ਜਾਹਰ ਸੱਚ ਹੈ ਜਿਉਂ ਕੱਖ ਜਲਨ ਸੰਗ ਭਾਇ॥ ਆਦਿ ਸੱਚ ਜੁਗਾਦਿ ਸਚ ਹੈ ਭੀ ਸੱਚ ਨਾਨਕ ਹੋਸੀ ਭੀ ਸੱਚ ॥ ਜੋ ਮਰਕੇ ਫਿਰ ਜੰਮਿਆਂ ਸੋਈ ਕਚ ਨਿਕਚ॥ ਮਰ ਮਰ ਜੰਮਨ ਕੱਚੜੇ ਹਿੰਦੂ ਮੁਸਲਮਾਨ ॥ ਕਾਇਮ ਤੀਜਾ ਰਾਹ ਹੈ ਮੁਸ਼ਕਲ ਥੀਆ ਆਸਾਨ ॥ ਨੇਕੀ ਬਦੀ ਦੁਇ ਰੱਦ ਕਰ ਆਉ ਅੱਲਹ ਦੇ ਪਾਸ ॥ ਜੋ ਮੰਨੇ ਅੱਲਹ ਦੇ ਕੋ ਮਨੋਂ ਸੋਈ ਬੰਦਾ ਖ਼ਾਸ॥ ਚਾਰ ਕਤੇਬਾਂ ਸੋਧ ਕੇ ਦੇਖਹੁ ਦਿਲੇ ਲਗਾਇ ॥ ਰੱਬ ਨ ਵਿੱਚ ਕਤੇਬਦੇ ਰਹੇ ਇਲਾਹਦ ਜਾਇ॥ ਰਹੇ ਇਲਾਹਦ ਸਭਤੇ ਵਿਚ ਸਭਨਾਂ ਦੇ ਜਾਨ॥ਜੈਸੀ ਸੂਰਤ ਧਿਆਈਐ ਤੈਸੀ ਲਈਐ ਮਾਨ ॥ ਸੁਣਹੁ ਮਾਰਫ਼ਤ ਪੀਰ ਜੀ ਮਿੱਲਤ ਮਜ਼ਹਬ ਛਾਡ ॥ ਸੋਧਹੁ ਜੁੱਸਾ ਆਪਣਾ ਕਿਆ ਰੱਬ

CC-0. Gurukul Kangri University Haridwar Collection. Digitized by S3 Foundation USA

ਬਨਾਏਸਾਜ ॥ ਕਾਇਮ ਚਾਰੋਂ ਰੂਹ ਹੈਂ ਚਾਰੋਂ ਜੁੱਸੇ ਸਾਥ॥ ਪੰਜਵੀਂ ਕੁਦਰਤ ਰੱਬਦੀ ਮਿਲ ਹੋਏ ਪੰਜ ਤਨ ਪਾਕ ॥ ਅੱਵਲ ਬਾਦੀ ਰੂਹ ਹੈ ਨਾਮ ਫਰਿਸ਼ਤਾ ਜਾਨ॥ਦੂਜੀਆਤਸ਼ ਰੂਹ ਹੈ ਜਿੰਨ ਕਹਾਏ ਨਾਮ॥ਆਬੀਤੀਜਾ ਰੂਹ ਹੈ ਮਾਨਹੁ ਸੂਰਤ ਦੇਉ॥ਖ਼ਾਕੀ ਚਉਥਾ ਰੂਹਹੈ ਭੁਯਾ ਖ਼ਵੀਸ ਅਭੇਉ ॥ ਪੰਜਵਾਂ ਰੂਹ ਖ਼ੁਦਾਇਹੈ ਮਿਲ ਚਹੁੰ ਗੇ ਹੋਇ ॥ ਕੁਲ ਬਰਕਤੀ ਰੱਬਦੀ ਚਾਰੋਂ ਕਾਇਮਹੋਇ॥ਦੁਇਨੇਕ ਦੁਇ ਬਦ ਹੈਂ ਵੈਰੀਮੀਤ ਕਹਾਇ॥ਦਹਿਸ਼ਤ ਨਾਲਖੁਦਾਇ ਦੀ ਚਲਦੇ ਸਿੱਧੇ ਰਾਹਿ॥ ਜੋ ਕਰੇ ਇਬਾਦਤ ਬੰਦਗੀ ਸੂਰਤ ਜਾਣਖ਼ੁਦਾਇ॥ਕਾਇਮ ਚਾਰ ਫ਼ਰੇਸ਼ਤੇ ਚੱਲਨ ਤਿਸਹਿ ਰਸਾਇ॥ਜੋ ਮਹਿਰੂਮ ਖ਼ੁਦਾਇਤੇ ਕਰਨ ਇਬਾਦਤਨਾਹਿ॥ਫਿਰਦੇ ਸਰਗਰਦਾਨ ਉਹ ਰੋਜ਼ ਸ਼ਬ ਨ ਟਿਕਾਇ॥ ਨੇਕ ਖਸੀਯਤ ਪਾਕ ਹੈ ਬਾਦ ਫਰਿਸ਼ਤੇ ਮਾਹਿ ॥ ਬਾਦ ਪੈਵੰਦ ਖ਼ੁਦਾਇ ਨਾਲ ਖ਼ਾਸਾਯਾਰ ਕਰਾਇ॥ ਆਤਸ਼ ਕੁਵਤ ਬਾਦਦੀ ਬਿਨਬਾਦ ਨ ਆਤਸ਼ ਹੋਇ॥ਆਬੀ ਕੁਵਤ ਨਾਰਦੀ ਬਿਨ ਨਾਰਨ ਆਬੀ ਹੋਇ॥ਖ਼ਾਕੀ ਕੁੱਵਤ ਆਬਦੀ ਬਿਨ ਆਬ ਨ ਹੋਵੇ ਖ਼ਾਕ ॥ ਜਿਚਰ ਪੰਜ ਨ ਮਿਲਨੀ ਹੋਇ ਨ ਪੰਜ ਤਨ ਪਾਕ ॥ ਬਾਦੀ ਹੋਇ ਗ਼ਲੀਜ਼ ਜਬ ਆਵੈ ਬਹੁ ਬਦ ਬੋਇ ॥ ਹੋਵੇ ਨਾਰ ਗ਼ਲੀਜ਼ ਜਬ ਕਿਸੇ ਕੰਮ ਨ ਹੋਇ ॥ ਆਬ ਗਿਲਾਜ਼ਤ ਜੇਕਰੈ ਗੰਦੀਹੋਇ ਸੀਆਹਿ॥ਬੋਇ ਬੋਇ ਖ਼ਲਕਤ ਸਭ ਕਰੇ ਹੱਥ ਨ ਕੋਈ ਲਾਇ॥ਖ਼ਾਕ ਗ਼ਿਲਾਜ਼ਤ ਜੇ ਥੀਵੈ ਨੇੜੈ ਛੁਹੇ ਨ ਕੋਇ ॥ ਚਾਰੋਂ ਮਿਲ ਗ਼ਲੀਜ਼ ਹੋਇ ਨੇੜ ਨ ਢੁੱਕੇ ਲੋਇ॥ਬਿਨਾਂ ਬਰਕਤ ਰੱਬ ਦੀ ਚਾਰੋਂ ਕਿਸੇ ਨ ਕਾਮ॥ਆਖੇ ਨਾਨਕ ਸੁਣ ਪੀਰਜੀ ਸਾਚੀ ਰੱਬ ਕਲਾਮ ॥ ੭੨ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨਸੁਣੀਐਸਚਸੁਆਲ॥ਗੁੱਸੇਅੰਦਰਸੋਮਰਨਫਿਰਤਿਨਾਂਕ ਉਣਹਵਾਲ ॥ ਕਉਣ ਮਰਾਤਬਤਿਨਾਂ ਦਾ ਪਉਸਨ ਕੇਹੜੀ ਜਾਇ ॥ ਦੋਜਕਜਾਇ ਕਿ ਭਿਸ਼ਤਜਾਹ ਏਹਭੀ ਸੱਚ ਦਸਾਇ॥ਗੁੱਸਾ ਕਰਕੇ ਜੋ ਮਰੇ ਵਡਾ ਮਰਾਤਬ ਪਾਇ॥ ਲਿਖਿਆ ਚਾਰਕਿਤਾਬ ਵਿਚ ਸੋ ਮਿਲੈ ਸ਼ਹੀਦਾਂ ਜਾਇ॥ਕਾਇਮ ਰਹੇ ਕਿਆਮਤੀ ਮਰੇ ਨ ਜੰਮੇ ਸੋਇ॥ਰਣ ਵਿਚ ਮਰੇ ਸ਼ਹੀਦ ਹੋਇ ਤਿਸ ਇਹ ਮਰਾਤਬ ਹੋਇ ॥੭੩॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਸ਼ਾਹ ਸੱਚ ਸੁਣਹੁਬਹਾਵਦਪੀਰ॥ਗੁੱਸਾਕਰਕੇਜੋਮਰਨ ਸੇਹੋਸਨਬਹੁਤਜ਼ਹੀਰ॥ਲਿਖਿਆਚਾਰਕਿਤਾਬ ਵਿਚ ਗੁੱਸਾਕਰੇ ਹਰਾਮ॥ਦੁਨੀਆਂਕਾਰਨਲੜਮਰੇ ਸੋ ਮੋਆਕਿਸੇਨ ਕਾਮ॥ਓਹ ਹੋਹਿਜੰਬੂਰੇ ਗਧਦਮਾਂ ਜ਼ਹਿਰ ਲਪੇਟੇ ਮਾਰ॥ਰਣ ਵਿਚ ਗੁੱਸਾਕਰਮੁਏ ਲੈਨਸਿਭਏ ਅਵਤਾਰ॥ਗੁੱਸਾ ਆਤਸ਼ਕਰ ਮੂਏ ਜਿਉਂ ਜਲੇ ਪਤੰਗਦੀਬਾਨ॥ਚਸ਼ਮੀ ਵੇਖਹੁ ਪੀਰਜੀ ਪਾਛੇ ਕਰੋ ਕਲਾਮ ॥ ਸ਼ਕਤੀ ਮਰਨਾ ਦੋਜ਼ਕੀ ਸਭ ਆਖਨ ਮੂਆ ਹਰਾਮ॥ਸਿਵਕਾ ਮਰਨਾ ਭਿਸਤ ਹੈ ਸਭਕੋਕਰੇ ਸਲਾਮ॥ਜੀਵਤਪੂਜੇ ਸਭਕੋ ਮੂਆ ਭਿਸਤੀ ਜਾਇ ॥ ਨਾਨਕ ਆਖੈ ਪੀਰ ਜੀ ਸਿਵਡਾਮਰਾਤਬ ਪਾਇ॥ਸਕਤ ਮਰਾਤਬ ਕਛੁ ਨਹੀਂ ਅੰਤ ਦੋਜਕਹੋਸਜਾਇ॥ਜਿਉਂ ਪਰਵਾਨੇ ਜਲ ਮਰਨ ਵਿਚ ਰੋਸ਼ਨ ਦੀਪ ਜਲਾਇ॥ਜ਼ਾਲਮ ਕਰਦੇ ਜ਼ਾਲਮੀ ਸਿਰ ਕਰ ਗ਼ਰੀਬਾਂ ਜੋਰ ॥ ਉਇ ਪਉਸਨ

CC-0. Gurukul Kangri University Haridwar Collection. Digitized by S3 Foundation USA

ABHINAV GAUR

ਦੋਜ਼ਕ ਹਾਵੀਏ ਜਿਉਂ ਲਹੇ ਸਜ਼ਾਈਂ ਚੋਰ॥ਖਾਵਨ ਮਾਸ ਗਰੀਬ ਦਾ ਆਖਨ ਥੀਆ ਹਲਾਲ॥ ਫਿਰ ਲੈਸਨ ਮਾਸ ਉਧੇੜ ਕੇ ਜਿਉਂ ਦਿੱਤਾ ਲੈਨ ਸੰਭਾਲ॥ ਮਾਰਨ ਮਰਨਾ ਦੁਸ਼ਮਨੀ ਕਦੇ ਨ ਛੋਡੇ ਕੋਇ ॥ ਜੈਸਾ ਕੋਈ ਬੀਜਸੀ ਫਿਰ ਲੁਣਸੀ ਤੈਸਾ ਸੋਇ ॥ ਮਜ਼ਹਬ ਉਤੇ ਲੜਮਰੇ ਜੋ ਹੋਵੇ ਧਰਮੇ ਹਾਨ ॥ ਗੁੱਸਾ ਏਹ ਹਲਾਲ ਹੈ ਰਹੇ ਕਿਆਮਤ ਨਾਮ ॥ ਏਹ ਨਸੀਹਤ ਪੀਰਜੀ ਸੁਣ ਤਰਕੇ ਜ਼ੋਰ ਹਰਾਮ ॥ ਲਿਖਿਆ ਵਿੱਚ ਕਿਤਾਬ ਦੇ ਆਖੀ ਰੱਬ ਕਲਾਮ ॥ ੭੪॥ ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੁਣ ਨਾਨਕ ਸ਼ਾਹ ਫ਼ਕੀਰ॥ ਅੱਵਲ ਇਕ ਖ਼ੁਦਾਇਸੀ ਦੂਜਾ ਹੋਰ ਨ ਬੀਰ॥ਕਿਉਂ ਕਰ ਆਦਮ ਸਾਜਿਆ ਕਿਉਂ ਕਰ ਥੀਆ ਖੰਬੀਰ ॥ਯਕ ਜਾ ਚਾਰ ਫਰੇਸ਼ਤੇ ਹੋਇ ਕਿਸ ਤਦਬੀਰ॥ਚਾਰੋਂ ਵਿਚ ਸ਼ਰੀਫ਼ ਕਉਣ ਕਉਣ ਕਤੀਫ਼ ਕਹਾਇ॥ਇਹ ਹਕੀਕਤ ਜੋ ਦਸੇ ਸੋਈ ਰਸੂਲ ਖ਼ੁਦਾਇ॥ ਅੱਵਲ ਬੁੱਤ ਨਿਵਾਜ਼ਿਆ ਕਿਉਂ ਕੀਤਾ ਫਿਰ ਮਨਸੂਖ ॥ਏਹ ਹਕੀਕਤ ਜੋ ਦੱਸੇ ਅਲਾਹ ਦਾ ਮਾਸ਼ੂਕ ॥ ੭੫ ॥ ਜਵਾਬ ਨਾਨਕਸ਼ਾਹ ਸੂਰਾ ॥ ਆਖੇ ਨਾਨਕਸ਼ਾਹ ਸੱਚ ਸੁਨਹੋ ਬਹਾਵਦਪੀਰ ॥ ਅੱਵਲ ਖ਼ੁਦਖ਼ੁਦਾਇ ਸੀ ਫਿਰ ਦੂਜੀ ਕਰ ਤਦਬੀਰ ॥ ਕਰ ਤਦਬੀਰਾਂ ਮਨਹਿ ਵਿਚ ਚਾਰ ਮਲਾਇਕ ਕੀਨ ॥ਬਾਦੀ ਆਬੀ ਆਤਸ਼ੀ ਚਉਥੀ ਮਿਲੀ ਜ਼ਮੀਨ॥ਪੰਜਵਾਂ ਬੁਰਜ ਬਨਾਇਕਰ ਸੂਰਤ ਕਰ ਅਸਮਾਨ॥ਛੇਵਾਂ ਆਪ ਅਲਾਹਿਦਾ ਰਹਿਆ ਪੁਸ਼ਦ ਅਮਾਨ॥ ਕੀਤਾ ਹੁਕਮ ਖ਼ੁਦਾਇ ਤਦ ਤੀਨੋਂ ਮਲਕ ਬੁਲਾਇ ॥ ਬਾਦੀ ਨਾਰੀ ਆਬ ਨੋਂ ਹੋਯਾ ਹੁਕਮ ਖ਼ੁਦਾਇ ॥ ਆਣਹੁ ਖ਼ਾਕ ਪਤਾਲ ਦੀ ਸੂਰਤ ਬਹੁਤ ਬਣਾਇ॥ਸਾਜਿਆ ਬੁੱਤ ਮਲਾਇਕਾਂ ਜਿਉਂ ਹੋਈ ਰੱਬ ਰਜਾਇ॥ ਫਿਰ ਹੋਆ ਹੁਕਮ ਖ਼ੁਦਾਇਦਾ ਬੁਤ ਆਗੇ ਕਰਹੁ ਨਮਾਜ ॥ ਬਾਦੀ ਆਬੀ ਮਾਨ ਅਤ ਤਬ ਸਿਜਦੇ ਕਰਨੇ ਲਾਗ॥ਨਾਰੀ ਹੁਕਮ ਨ ਮੰਨਿਆ ਤਿਹ ਰਖਿਆ ਨਾਉਂ ਸ਼ੈਤਾਨ॥ਲਾਨਤ ਸੰਦਾ ਤਉਕ ਗਲ ਪਾਇ ਕੱਢਿਆ ਬੇਈਮਾਨ ॥ ਦਿੱਤਾ ਭਿਸ਼ਤੋਂ ਗਿਡਾਇਕੈ ਫਿਰ ਢੋਈ ਮਿਲੈ ਨ ਤਾਹਿ॥ਬਿਨਾਂ ਮਿਲਾਇਕ ਆਤਸ਼ੀ ਕਿਉਂ ਕਰ ਚਲਨ ਰਾਹਿ॥ ਕਿਉਂ ਕਰ ਉੱਪਜੇ ਆਲਮਾਂ ਕਾਨ ਹੈਵਾਨ ਨਿਬਾਤ ॥ ਆਤਸ਼ ਬਾਝੂ ਪੀਰ ਜੀ ਹੋਇ ਨ ਜਾਤ ਸਫ਼ਾਤ ॥ ਹਯਦਹ ਹਜਾਰ ਆਲਮਾਂ ਆਤਸ਼ਬਿਨਾ ਨ ਹੋਇ॥ਲਖ ਚਉਰਾਸੀ ਮੇਦਨੀ ਬਿਨ ਆਤਸ਼ ਜੰਮਹਿ ਨ ਕੋਇ ॥ ਆਖਣ ਸਬ ਫਰੇਸ਼ਤੇ ਸੁਣੀਐ ਬਾਰ ਖ਼ੁਦਾਇ॥ਜੋ ਹੁਕਮ ਨ ਮੰਨੇ ਰੱਬਦਾ ਸੋ ਭਿਸ਼ਤੋਂ ਮਿਲੈ ਗਿਡਾਇ॥ਬੇਟਾ ਨਾਉਂ ਸਦਾਇਕੇ ਹੁਕਮ ਨ ਮੰਨੇ ਬਾਪ॥ ਹੋਇ ਫ਼ਿਰੂਨੀ ਜ਼ਰਦਰੂਇ ਦੋਜ਼ਕ ਪਇਆ ਨਪਾਕ॥ਕਰਕੇ ਸਾਫ਼ ਗੁਨਾਹ ਸਭ ਫਿਰ ਆਤਸ਼ ਲਈ ਮਿਲਾਇ॥ਅਰਬਾਨਾਸਰ ਮੇਲਕਰ ਫਿਰ ਜੁੱਸੇ ਰਚੇ ਖ਼ੁਦਾਇ॥ਮਿਲਿਆ ਸ਼ੈਤਾਨ ਜਹਾਨ ਨਾਲ ਆਤਸ਼ ਗੁੱਸਾ ਨਾਮ ॥ ਸ਼ਹਵਤ ਮਨੀ ਗਿਰਾਨਗੀ ਖ਼ੁਦੀ ਤਕੱਬਰੀ ਜਾਨ॥ਗੁਰਸਨਾ ਤ੍ਰਿਸ਼ਨਾ ਹੈਰਾਨਗੀ ਨੰਗ ਭੁੱਖ ਬਹੁ ਮਾਰ॥ਫਿਰਨਾ ਸਰਗਰਦਾਨ ਹੋਇ ਭਉਂ ਕੇ ਲੜੇ ਖੁਆਰ॥ਜੇਤੇ ਰਾਹ ਸ਼ੈਤਾਨ ਦੇ ਸਭ ਆਤਸ਼ਹੀ ਤੇ ਹੋਇ॥ਆਤਸ਼ ਬਾਹਰ ਨੂੰ ਰਹੇ ਨਰ ਖ਼ੁਦਾਈ ਸੋਇ ॥ ਹੋਆ ਜੁੱਸਾ ਦਰੁਸਤ ਜਬ

CC-0. Gurukul Kangri University Haridwar Collection. Digitized by S3 Foundation USA

ਅਰਬਾ ਨਾਸਰ ਮੇਲ ॥ ਪੰਜਵਾਂ ਪੋਲ ਅਸਮਾਨ ਦਾ ਰੱਬ ਠੀਕ ਬਣਾਏ ਖੇਲ ॥ ਸੂਰਤਨਰ ਨਾਰਾਇਣੀ ਸਾਜੀ ਆਪ ਖੁਦਾਇ॥ਨਰ ਮਾਦਾ ਦੁਇ ਆਦਮੀ ਸੂਰਤ ਅਜਬ ਬਣਾਇ ॥ ਆਦਮ ਤੇ ਹੱਵਾ ਭਈ ਬਾਮਿਰਾਨਤੇ ਕੀਨ॥ਹਾਬੀਲਕਾਬੀਲਤੇ ਈਰ ਤੂਰ ਤਵੱਲਦਕੀਨ॥ ਚਾਰਮਰਦ ਚਾਰੇ ਅਉਰਤਾਂ ਚਾਰੇ ਜੋੜੇ ਹੋਇ॥ਅਦਲਾ ਬਦਲਾਔਰਤਾਂਨਰਮਾਦਾ ਕਰਦੋਇ ॥ ਚਉਹਾਂਤੇ ਚਾਰੇ ਮਜ਼ਹਬ ਕੀਨੇਖੁਦਕਰਤਾਰ॥ਸਭ ਪੈਦਾਇਸ਼ਚਉਹਾਂਥੀਂ ਕੁਛਤਾਂਕਾ ਅੰਤਨ ਪਾਰ॥ਆਲਮ ਵੱਡਾ ਕਬੀਰਹੈ ਆਦਮ ਹੱਵਾ ਜਾਨ॥ਕਾਇਮ ਸਦਾਸਦੀਵਹੈ ਕਦੀਨ ਆਵਨ ਜਾਨ॥ਇਨਹੀ ਤੇ ਸਭ ਉਪਜੈ ਫਿਰ ਇਨਹੀ ਮਾਹਿਸਮਾਹਿ॥ਆਦਮ ਹੱਵਾ ਨਾਂ ਮਰਨ ਹੋਰ ਸਗਲੀ ਆਵੇਜਾਇ॥ ਹੱਵਾ ਸੂਰਤ ਜ਼ਿਮੀ ਦੀ ਆਦਮਹੈ ਅਸਮਾਨ॥ ਇਨਹੀ ਤੇ ਸਭ ਉਪਜੈ ਲੱਖ ਚਉਰਾਸੀ ਜਾਨ॥ਹਾਬੀਲ ਬੁੱਤਪੁਜਾਇਆ ਕਾਬੀਲ ਕਬਰ ਪੁਜਾਇ॥ਦੋਹਾਂ ਛਿਪਾਯਾ ਖ਼ੁਦਾਇ ਨੂੰ ਸਭ ਦਿੱਤੀਨੇ ਭਰਮਾਇ॥ਪੂਜੇ ਬੁੱਤ ਸਵਾਬ ਨਹਿ ਪੂਜੇ ਹੋਇ ਅਜ਼ਾਬ॥ਜਿਉਂ ਗੁੱਡੀਆਂਦੀ ਖੇਲੜੀ ਕਛੁ ਨਾਹੀਂ ਅਜ਼ਾਬ ਸਵਾਬ॥ਰਹਿਆ ਖ਼ੁਦਾਇ ਪੁਸ਼ੀਦ ਆਪ ਲਖਿਨ ਸਕੈ ਕੋਇ॥ਦਾਵਾਮੜ੍ਹੀਆਂ ਗੋਰ ਕਰ ਲੜ ਮਰਦੇ ਦਿੱਸਨ ਦੋਇ॥ ਗੋਰਾਂ ਮੜ੍ਹੀਆਂ ਗੜਾਇਕੇ ਹੋਇ ਰਹੈ ਨਿਆਰਾ ਕੋਇ॥ ਸੋਈ ਵਲੀ ਖ਼ੁਦਾਇਦਾ ਜਿਸ ਐਸੀ ਕਰਨੀ ਹੋਇ ॥ ਹਾਬੀਲ ਕਾਬੀਲ ਈਰ ਤੂਰ ਚਾਰੋਂ ਸੱਕੇ ਬੀਰ॥ਅਗਨੀਲਹੈਰਤਿ ਵਾਇ ਬਾਈਸਚਾਰੋਂ ਧੀਰ॥ਚਾਰੋਂ ਔਰਤ ਚਾਰ ਮਰਦ ਸਭ ਆਦਮਕੇ ਫ਼ਰਜ਼ੰਦ॥ਖਤ੍ਰੀਬ੍ਰਹਮਣਵੈਸ਼ਸ਼ੂਦਇਨਚਾਰੋਂ ਸੰਗਪੈਵੰਦ ॥ ਚਾਰਮੁਸੱਲੇ ਚਾਰਮਜ਼ਹਬ ਚਾਰੋਂ ਭਾਈਬੰਦ॥ਆਦਮਨਬੀਰਸੂਲ ਹੋਇਚਾਰਕਤੇਬਾਂਸੰਗ॥ ਬ੍ਰਹਮਣਛੱਤ੍ਰੀਵੈਸ਼ਸ਼ੂਦਰਚੌਹਾਂ ਚਲਾਏਰਾਹ॥ਆਪੋ ਅਪਣੇਮਜ਼ਹਬ ਵਿਚ ਚਾਰੋਂਹੀਪਾਤਸ਼ਾਹ ॥ਚਾਰੋਂਮੁਫ਼ਤੀ ਚਾਰਮਜ਼ਹਬਬਹਿਨ ਨਬੀਦੇ ਪਾਸ॥ਦੇਰਵਾਇਤ ਭੁੱਲਿਆਂ ਜਿਉਂ ਸਾਹਿਬ ਆਖਿਆ ਆਪ ॥ ਚਾਰਕਤੇਬਾਂ ਚਾਰ ਜੁਗ ਚਾਰੋਂ ਮਜ਼ਹਬ ਨਾਲ ॥ ਚਾਰ ਮੁਸੱਲੇ ਚਾਰਕੁੰਟ ਜੁਗ ਜੁਗ ਕਰਹਿ ਸੰਭਾਲ॥ਚਾਰਖ਼ਸੀਅਤ ਚਾਰ ਬੇਦ ਚਾਰੋਂਨਾਲ ਇਮਾਮ॥ਪੰਜਮ ਭਇਆ ਪੈਕੰਬਰੋਂ ਆਦਮ ਹਜ਼ਰਤ ਜਾਨ॥ਬਾਦ ਮਲਾਇਕ ਖ਼ਾਕ ਬੁੱਤ ਆਖੀ ਜ਼ਿੰਦਾ ਪੀਰ ॥ ਆਤਸ਼ ਨੂਰ ਖ਼ੁਦਾਇਤੇ ਜਾਣਹੁ ਕਰਤਦਬੀਰ॥ਪੰਜਮ ਆਪ ਖ਼ੁਦਾਇ ਹੈ ਅੰਦਰ ਬਾਹਰ ਸੋਇ ॥ ਏਹ ਹਕੀਕਤ ਪੀਰਜੀ ਵਿਰਲਾ ਜਾਨੈ ਕੋਇ॥ਆਬੀਖ਼ਾਕੀ ਬਾਦਿ ਨਾਰ ਚਾਰੋਂ ਰੁਕਨ ਪਛਾਨ ॥ ਚਾਰਇਮਾਮ ਚਾਰ ਮਜ਼ਹਬਾਂ ਚਾਰ ਕਤੇਬਾਂ ਜਾਨ॥ਜੁਗ ਜੁਗ ਏਹੋ ਚਾਲਹੈ ਪੰਜ ਤਨ ਪਾਕ ਰਸੂਲ ॥ ਆਪੋ ਅਪਨੇ ਮਜ਼ਹਬ ਵਿਚ ਸਭ ਕੋਈ ਭਇਆ ਕਬੂਲ ॥ ਜੋ ਅਮਲ ਅਉਤਾਰ ਹਿੰਦੂਆਂ ਚੱਲੇ ਵਿੱਚ ਜਹਾਨ॥ ਏਹਭੀ ਚਾਰੋਂਮਜ਼ਹਬ ਕਰ ਕਰਮ ਮੁਤੀਆ ਆਨ॥ਕਿਸੇ ਨ ਰੱਦਹੁ ਪੀਰਜੀ ਸਬਨਾਂ ਇੱਕ ਅਲਾਹਿ॥ਦੂਜਾ ਹੋਆ ਨ ਹੋਇਗਾ ਜੋ ਹੋਆ ਥੀਆ ਫ਼ਨਾਹਿ ॥ ਅੱਵਲ ਆਖਰ ਇੱਕ ਹੈ ਵਿਚ ਵਿਚ ਫ਼ਾਨੀ ਜਾਨ ॥ ਆਵਨ ਜਾਨ ਅਗਣਤ ਹੀ ਜੀਆ ਜਗਤ ਪਛਾਣ ॥ ੭੬ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਕਹੁ ਨਾਨਕ ਬੀਚਾਰ ॥ ਖਾਧਿਆਂ ਕਉਣ ਨਿਆਮਤੀ ਉਪਜਹਿ ਅਮਲਬਿਕਾਰ ॥ ਕਉਨ ਨਿਆਮਤ ਖਾਧਿਆਂਹੋਵਨ ਨੇਕ ਅਮਲ॥ ਇਹ ਹਕੀਕਤਗੋਇਕਰਕਰੋਤਮਾਮੀਹੱਲ॥੭੭॥ ਜਵਾਬ ਨਾਨਕਸ਼ਾਹ ਸੂਰਾ ॥ਆਖੇਨਾਨਕ ਰਾਸਤਪੰਦ ਸੁਣੀਐ ਮਨ ਚਿਤ ਧਾਰ॥ਨਿਆਮਤ ਜੋ ਬਦ ਖ਼ਾਕਦੀ ਖਾਧਿਆਂ ਹੋਇ ਬਿਕਾਰ ॥ ਨਿਆਮਤਾਂ ਜੋ ਨੇਕ ਖ਼ਾਕਦੀ ਤਿਸ ਥੀਂ ਨੇਕ ਅਮੱਲ॥ਨਿਆਮਤਖਾਵੇ ਜ਼ੁਹਦਦੀ ਲਏ ਖ਼ੁਦਾਇ ਮਹੱਲ॥ਖਾਣੇਮਾਲਹਰਾਮਦਾ ਨਿਆਮਤ ਗੁਨਾਗੁਨ॥ਖਾਧੇ ਪੀਤੇ ਹਰਾਮਹੈ ਧ੍ਰਿਗ ਅਵੇਹੀਜੂਨ॥ ਗੁੱਸਾ ਹੋਵੇ ਜਿਤ ਖਾਧਿਆਂ ਸ਼ਹਿਵਤ ਮਨੀ ਹਰਾਮ॥ਖ਼ੁਦੀ ਤਕੱਬਰਸ਼ੈਤਾਨਜੀ ਕਰੇ ਇਬਲੀਸ ਕਾਮ ॥ ਦੇਇ ਅਜ਼ਾਬ ਗਰੀਬ ਨੋਂ ਖਾਇ ਤਿਨਾਂਦਾ ਮਾਸ ॥ ਮੁਰਗੀਮਾਰੇ ਪੀਰਜੀ ਦਗਾ ਕਰੇ ਗਰੀਬੀਘਾਤ ॥ ਹੋਰ ਬਿਚਾਰੇ ਬਹੁਜਾਨਵਰਾਂਪਾਇਪਰੰਦੇ ਲੱਖ॥ਮਾਰਨ ਪਾਇ ਹਰਾਮਹੋਹਿ ਸੋਹਹਿ ਜਲਾਦਾਂ ਭੁੱਖ ॥ ਜਬਰਾਂ ਮਾਰ ਨ ਸੱਕਨੀ ਛੀਲਾਂ ਸੇਰ ਪਲੰਗ॥ ਬੀਏ ਹਰਾਮ ਬਹੁ ਜ਼ਾਲਮਾਂਜੋ ਮਾਰਨ ਅੱਗੋਂ ਡੰਗ ॥ ਡਾਢਿਆਂ ਕੋਇ ਨ ਮਾਰਈ ਕਰਨ ਜੋ ਅੱਗੋਂ ਜੋਰ॥ਜੋ ਗਰੀਬ ਨਮਾਨੜੇ ਤਿਨਾਂ ਲੈਂਦੇਪਿਡ ਅਧੋੜ॥ ਲਿਖਿਆ ਚਾਰਕਿਤਾਬ ਵਿਚ ਸਭਪਰ ਜ਼ੋਰਹਰਾਮ॥ ਸੋਈ ਕਲਮੇਂ ਪਾਕ ਜੋ ਮੰਨੇ ਰੱਬ ਕਲਾਮ॥ਸਤਿਜੁਗ ਅੰਦਰਪੀਰਜੀ ਛਰੇਸ਼ਤਿਆਂਦੇ ਅਵਤਾਰ॥ ਖਾਣਾ ਤਿਸਦਾ ਬਾਦ ਸੀ ਕਛੁ ਹੋਰ ਨ ਕਰਨ ਅਹਾਰ ॥ ਕਰਨਅੱਲਹਦੀਬੰਦਗੀਹੋਰਵਿਉਹਾਰ ਨ ਕੋਇ॥ਮਹਿਲ ਨ ਮਾੜੀ ਬੈਠਕਾਂ ਕਾਨੇ ਛੱਪਰ ਹੋਇ॥ਤ੍ਰੈਤੇਅੰਦਰਪੀਰਜੀ ਦੇਵਾਂਦੇ ਅਵਤਾਰ ॥ ਖਾਣਾਉਨ੍ਹਾਂ ਦਾ ਆਬ ਸੀ ਕੁਛਹੋਰ ਨ ਕਰਨਅਹਾਰ॥ਦੁਆਪਰ ਅੰਦਰ ਪੀਰਜੀ ਜਿੰਨਾਂਦੇ ਅਵਤਾਰ ॥ ਖਾਣਾਉਨ੍ਹਾਂ ਨਾਰਸੀਮੱਛੀਮਾਸਅਹਾਰ॥ਕਲਜੁਗ ਅੰਦਰਪੀਰਜੀ ਖ਼ਬੀਸਾਂ ਦੇ ਅਵਤਾਰ ॥ ਖਾਣਾ ਕੀਤਾ ਕਿਰਬਤੀ ਭੁੱਖ ਅਭੁੱਖ ਅਹਾਰ॥ ਖ਼ਾਕੇ ਦੇ ਏਹ ਪੁਤਲੇ ਫਿਰ ਖ਼ਾਕੂ ਮਾਹਿ ਸਮਾਇ ॥ ਪੀਰਜੀ ਏਵੈਂ ਜਾਣੀਐ ਫਿਰ ਮਰ ਜਨਮ ਫਿਰਾਹਿ ॥ ਬੰਦਗੀ ਬਾਝਹੁਪੀਰਜੀ ਪਾਂਨੀ ਭਾਮ ਹਰਾਮ ॥ ਪਾਨ ਸਜ਼ਾਈਂ ਬਹੁਤ ਬਿਧ ਗੁੱਸਾ ਸ਼ਹਿਵਤਕਾਮ ॥ ਕਲਜੁਗਅੰਦਰ ਪੀਰਜੀ ਬਿਨਾ ਅਜ਼ਾਬ ਨ ਤਾਂਮ॥ਜੀਵਣਖਾਹਿ ਹਰਾਮਹੈ ਮੁਇਆਂ ਨ ਆਵੈਕਾਮ॥ਕਲਿਜੁਗ ਦੁਨੀ ਹਰਾਮਹੈ ਮੁਇਆ ਨ ਆਵੈਕਾਮ॥ਜੀਵਣਦੀਨਗਵਾਈਐ ਮੁਇਆਂਨਾਲ ਨਾ ਜਾਇ॥ ਕਿਸ਼ਤੀਡੁੱਬੀ ਅਜ਼ਾਬਦੀ ਕੱਢ ਨ ਸਕੈ ਕੋਇ॥ਰਾਮਰਸੂਲ ਸਿਧਪੀਰ ਥੱਕਹੀ ਰਹੇਖਲੋਇ ॥ ਭਾਰੀ ਕਿਸ਼ਤੀ ਅਜ਼ਾਬ਼ਦੀ ਮੁਹਾਣਿਆਂ ਪਾਸ ਨ ਜੋਰ॥ਡੁੱਬੀ ਇਬਾਦਤ ਬੰਦਗੀ ਵਿਚਲਾਹੋ ਘੁੱਮਰਘੋਰ॥ਅਮਲੀਂ ਆਪੋ ਆਪਨੀਂ ਸਭਕੋ ਲਹੈਸਜਾਇ॥ ਹੱਕ ਅਮਲਾਂ ਦੀਆਂ ਨੇਕੀਆਂ ਬੰਦਿਆਂ ਹੈਨ ਜੁਪਾਇ ॥ ਜੇਹਾਬੀਜੇ ਸੋਲੁਣੇ ਹੱਥੋ ਹੱਥ ਨਬੇੜ ॥ ਕਲਜੁਗ ਕਰਣੀਸਾਰ ਹੈ ਹੋਸੀ ਝਗੜ ਨ ਫੇਰ ॥ ਅਦਲ ਨ ਕਰਸਨ ਪਾਤਸਾਹ ਮੀਰ ਵਜ਼ੀਰਓੁਮਰਾਇ॥ ਕਾਜੀ ਮੁਫ਼ਤੀਮਓੁਲਵੀਮੁੱਲਾਂਸ਼ੇਖਓੁਲਮਾਇ॥ਸਭਨਾਂ ਉਪਰ ਸਦਰਹੈ ਦੇਂਦੇ ਹੱਕ ਗਵਾਇ॥ ਧ੍ਰਿਗ ਅਵੇਹਾ ਖਾਵਣਾ ਜਿਤ ਖਾਧਿਆਂ ਮਿਲੈ ਸਜ਼ਾਇ॥੭੮॥ ਸੁਆਲ ਪੀਰ ਬਹਾਵਦੀਨ ਸੂਰਾ ॥

CC-0. Gurukul Kangri University Haridwar Collection. Digitized by S3 Foundation USA

ਆਖੇਪੀਰਬਹਾਵਦੀਨ ਸੁਣ ਨਾਨਕ ਸਿਰਦਾਰ॥ਕਿਉਂਕਰਮਿਲੀਐਰੱਬਨੂੰਕਿਉਂਕਰ ਹੋਇ ਦੀਦਾਰ॥ ਕੇਹੜੀਸੂਰਤ ਰੱਬਦੀ ਰਹਿੰਦਾ ਕੇਹੜੀਜਾਇ ॥ ਖਾਂਦਾਕੀ ਨਿਆਮਤਾਂਪਹਿਰੇਕੀ ਕਵਾਇ॥ ਕਰਕੇਕੇਹੜੀਬੰਦਗੀਮਿਲੇਗ਼ਰੀਬਨਿਵਾਜ ॥ ਜਾਂ ਰੱਬਮਿਲੇ ਭਾਂਕਰਮਹੋਇ ਪੂਰਾ ਹੋਵੇ ਕਾਜ ॥ ੭੯ ॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਸ਼ਾਹ ਸੱਚ ਸੁਣਹੋ ਬਹਾਵਦੀਨਸ਼ਾਹ ॥ ਕਹੁ ਮਸਕੀਨੀਬੰਦਗੀ ਭਾਂ ਮਿਲੀਏ ਬੇਪਰਵਾਹ ॥ਨੂਰੀਸੂਰਤਰੱਬਦੀ ਰਹਿੰਦਾਸਭਨੀਜਾਇ॥ਖਾਂਦਾ ਰਾਗਨਿਆਮਤਾਂ ਪੀਂਦਾ ਸ਼ਬਦ ਅਘਾਇ ॥ ਕਰਕੇ ਮਿਹਨਤ ਬੰਦਗੀਮਿਲੇ ਗ਼ਰੀਬਨਿਵਾਜ॥ ਜਾਂ ਰੱਬਮਿਲੇਤਾਂ ਕਰਮਹੋਇ ਸਵਰਨਿਸੱਭੇਕਾਜ ॥ ੮੦ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੱਚਾ ਸੁਣਹੋ ਸੁਆਲ ॥ ਮੁਸਲਮਾਨਾਂ ਛੱਡਿਆ ਖਾਣਾ ਖਾਜਹਲਾਲ ॥ ਹਿੰਦੂਖਾਣ ਦਰੋਗ ਕਹਿ ਤਿਨਾਂ ਹੋਸੀਕਉਣ ਹਵਾਲ ॥ ਉਇ ਪਾਸਨਿ ਕਿਸ ਸਜ਼ਾਇਨੋਂ ਜਾਸਨਿ ਕੇਹੜੀ ਜਾਇ॥ ਹੋਸੀਕੀਹਵਾਲ ਤਿਨਾਂ ਪਾਸਨਕੀ ਸਜਾਇ ॥ ਕਲਮਾ ਅਸ਼ਹਦ ਆਖਕੇ ਖੱਸ ਖਾਨ ਬਿਗਾਨਾ ਮਾਲ ॥ ਹਿੰਦੂ ਦਗ਼ਾ ਕਮਾਇਖਾਇਕੀਹੋਇਤਿਨਾਂਹਵਾਲ॥ਆਖਨ ਮੁਸਲਮਾਨਇਉਂਅਸਾਂ ਰਸੂਲਪਨਾਹਿ॥ਨੇਕੀ ਬਦੀਨਕੋਪੁਛੇ ਅਣਪੁੱਛੇਭਿਸ਼ਤੀਜਾਇ॥ਜਿਨੀਕਲਮਾਆਖਿਆ ਸੋ ਦੋਜ਼ਕ ਲਹੇ ਨ ਸਜ਼ਾਇ ॥ਹਿੰਦੂ ਰਾਮ ਰਾਮ ਆਖਕੇ ਮਾਲ ਬਿਗਾਨਾ ਖਾਇ॥ਡਿੱਠਾ ਕਿਸ ਖ਼ੁਦਾਇਹੈ ਕਿਛਆਗੈ ਇਹ ਕਿਨਾਹਿ॥ਇਹ ਨਸੀਹਤ ਜਾਣਕਰ ਦੋਊ ਬਦਅਮਲ ਕਮਾਇ ॥ ਇਨਾਂ ਸਿਰ ਕੀ ਹੋਇਗੀ ਦੇਵਹੁ ਸੱਚ ਸੁਨਾਇ ॥ ੮੧ ॥ ਜਵਾਬ ਨਾਨਕਸ਼ਾਹ ਸੂਰਾ ॥ ਆਖੇ ਨਾਨਕ ਸ਼ਾਹ ਸੱਚ ਸੁਣਹੋ ਬਹਾਵਦ ਪੀਰ ॥ ਖਾਣਾ ਖਾਣਹਰਾਮਜੋ ਸੋ ਹੋਸਨ ਅੰਤ ਜ਼ਹੀਰ ॥ ਓਇ ਧਰਸਨ ਜੁੱਸਾ ਨਬਾਤ ਦਾ ਸਿਰ ਸਹਿਸਨ ਵੱਡੇ ਅਜ਼ਾਬ ॥ ਕਟਕਟ ਲਈਅਨਹੇਜ਼ਮਾ ਸੁਨੇਨ ਕੋਈ ਦਾਦ॥ਸੁਣੇਨ ਰਾਮ ਰਸੂਲਕੋਸੁਣੇਨ ਕੋਇ ਅਵਤਾਰ ॥ ਉੱਮਤਛਡਾਇ ਨ ਕੈਤ ਭਿਤ ਆਪ ਜਲਬਲ ਹੋਇ ਛਾਰ॥ਉਨ ਅਪਣੀਮੈਲਨ ਧੋਤੀਆ ਹੋਰ ਕਿਉਂਕਰ ਹੋਵਨ ਪਾਕ ॥ ਨਾਨਕ ਕਹੇ ਸੁਣ ਪੀਰ ਜੀ ਸਭਿ ਉੱਮਤ ਰਹੇ ਨਪਾਕ ॥ ਮੁਖ ਰਾਮ ਰਸੂਲਾਂ ਆਖਕੇ ਮੁਸ ਮਾਲ ਬਿਗਾਨਾ ਖਾਇ ॥ ਵਾਤਤਿਨਾੜੇ ਕਿਰਬਤੀ ਵਿਚ ਦੋਜ਼ਕ ਲਹਨ ਸਜ਼ਾਇ ॥ ੮੨ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨਸੁਣਹੋਨਾਨਕ ਪੀਰ ॥ਕਿਉਂ ਕਰ ਕਰਦਾ ਨੁਕਲਰੂਹ ਕਹੁਸੱਚੀ ਤਦਬੀਰ॥ਕਿਥਹੁਦੀ ਇਹ ਖ਼ਾਕ ਹੈਫਿਰਮਰਦਾ ਕਿਥੇ ਜਾਇ॥ਖ਼ਾਕਵਿਛੁੱਨੀ ਖ਼ਾਕਤੇ ਫਿਰਕਿਉਂਕਰ ਮਿਲਦੀ ਆਇ॥ਰੂਹਵਿਛੁੱਨਾਜੁੱਸਿਓਂ ਕਿਉਂ ਪਹਿਰੈ ਜੁੱਸੇ ਅਉਰ ॥ ਇਕ ਠਉਰਨੂੰਛੱਡਕੈ ਕਿਉਂ ਫਿਰਦਾ ਅਵਰੀ ਠਉਰ ॥ ਏਹ ਹਕੀ-ਕਤ ਜੋ ਦੱਸੇ ਸੋਈ ਪਾਕ ਫਕੀਰ ॥ ਸਿਰ ਪੀਰਾਂਦੇ ਪੀਰ ਓਹ ਸਿਰ ਮੀਰਾਂਦੇ ਮੀਰ ॥ ੮੩ ॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਸ਼ਾਹ ਸੱਚ ਸੁਣਹੋ ਬਹਾਵਦ ਪੀਰ ॥ ਖ਼ਾਹਸ਼ ਅੰਦਰ ਜੋ ਮਰੇ ਫਿਰਕਰਦਾ ਨਾ ਕਲ ਸਰੀਰ॥ ਜੁੱਸਾ ਮਸ਼ਰਕ ਉਪਜਿਆ ਫਿਰਦਾ ਮਗ਼ਰਬ

CC-0. Gurukul Kangri University Haridwar Collection. Digitized by S3 Foundation USA

ABHINAV GAUR

ਜਾਇ॥ਬਾਦ ਉਡਾਏ ਖ਼ਾਕ ਨੋਂ ਫਿਰ ਮਿਲੇ ਉਥਾਊਂ ਆਇ॥ ਭਾਂਡਾ ਭੰਨਾ ਖ਼ਾਕਦਾ ਵੱਤ ਨ ਆਵੈ ਰਾਸ॥ਫਿਰ ਭਾਂਡਾ ਹੋਰ ਬਨਾਇਕੇ ਰੂਹ ਕਰਦਾ ਤਾਮੈਂ ਬਾਸ॥ਜਿਚਰ ਕਾਇਮ ਨਾਹਿ ਰੂਹ ਟਿਕੈ ਨ ਇਕਤੇ ਠਉਰ ॥ ਇੱਕ ਪਲਕ ਦੇ ਅੰਤਰੇ ਕਰਆਵੇ ਦਹਿਦਿਸ ਦਉੜ॥ਰੂਹ ਪਵਨਦੀਜ਼ਾਤਹੈ ਫਿਰ ਆਵੇ ਕਿਵੇਂ ਨ ਹੱਥ॥ਦਿਸਟੀ ਮੁਸਟੀ ਬਾਹਰਾ ਰਹਿੰਦਾਲੱਖਅਲੱਖ ॥ ਭੰਨਣਘੜਨ ਸਮਰੱਥ ਹੈ ਭਾਣੇ ਹੁੰਦਾ ਰੱਬ ॥ ਆਪੇ ਕਰੇ ਅਵੱਲੜੇ ਆਪੇ ਕਰੇ ਸਬੱਬ ॥ ਆਪੇਬੰਨ੍ਹੇ ਆਪਨੋਂ ਆਪੇ ਦੇਵੇ ਖੋਲ੍ਹ॥ਆਪੇ ਰਹੇ ਖ਼ਾਮੋਸ਼ ਹੋਇ ਆਪੇ ਬੋਲਣ ਬੋਲ ॥੯੪॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਣ ਨਾਨਕ ਕਰਤਾਰ ॥ ਜਿਤੀ ਥੀਏਪੈਕੰਬਰਾਂ ਜਿਤੀ ਥੀਵੇ ਅਵਤਾਰ॥ਬਾਦਸ਼ਾਹ ਉਮਰਾਉ ਬਹੁ ਕਾਜ਼ੀਮੁਫ਼ਤੀਸ਼ੇਖ ॥ਮੁਲਾਂ ਭੇ ਮੌਲਾਂਣਿਆਂਪੜ੍ਹਣ ਕਿਤਾਬ ਅਨੇਕ ॥ ਪੀਰ ਫ਼ਕੀਰਾਂ ਅਉਲੀਆਂ ਗ਼ਉਸਕੁਤਬ ਸਾਲਾਰ ॥ ਹੁਕਮ ਲੈ ਆਏ ਰੱਬਦਾ ਨੇਕ ਅਮਲ ਬੀਚਾਰ ॥ ਏਥੇ ਆਏ ਦੁਨੀ ਵਿੱਚ ਘੇਰੇ ਨਫ਼ਸ ਸ਼ੈਤਾਨ ॥ ਘੇਰੇ ਬਚ ਕਚ ਕੋੜਮੇਂ ਕਾਰਨ ਕਪੜੇ ਤਾਮ ॥ ਬਿਨਾ ਦਰੋਗ਼ ਨ ਆਵਨੀ ਲੱਖ ਹਜ਼ਾਰਾਂ ਦਾਮ॥ਕਰਕੇ ਜ਼ਬਰ ਜਹਾਨ ਤੇ ਜ਼ਾਲਮ ਲੁਟ ਲੁਟ ਖਾਨ॥ਰੱਖਪਨਾਹਰਸ਼ੂਲ ਦੀ ਤੁਰਕ ਕਰੇਂਦੇ ਜ਼ੋਰ॥ਹਿੰਦੂ ਰਾਮ ਅਲਾਇਕੇ ਧੂਹਲੈਂਦੇ ਦਾਮ ਕਰੋੜ ॥ ਦਰਗਾਹ ਕੀ ਹਵਾਲ ਹੋਇ ਸਿਰ ਹਿੰਦੂਮੁਸਲਮਾਨ॥ ਕੀਸਿਰ ਹੋਇੰਪੈਕੰਬਰਾਂਜੋਉੱਮਤਦੇ ਜ਼ਾਮਾਨ॥੯੫॥ ਜਵਾਬ ਨਾਨਕ ਸ਼ਾਹ ਸੂਰਾ॥ਆਖੇ ਨਾਨਕ ਸ਼ਾਹ ਸੱਚ ਸੁਣਹੁ ਬਹਾਵਦ ਪੀਰ ॥ ਅਵਤਾਰ ਪੈਕੰਬਰ ਜਿਤਨੇ ਵਿੱਚ ਦਰਗਾਹ ਬਹੁਤ ਜ਼ਹੀਰ ॥ ਉੱਮਤ ਕਰੇ ਅਜ਼ਾਬ ਬਹੁ ਪੈਕੰਬਰ ਦੇ ਸਿਰਭਾਰ ॥ ਬਹੁ ਹਿੰਦੂ ਪਾਪ ਕਮਾਂਵਦੇ ਸੱਦ ਪੁੱਛੀਅਨ ਅਵਤਾਰ॥ਕਾਜ਼ੀ ਫ਼ਕੀਰਾ ਹੋਰ ਜੋ ਵਿੱਚ ਜੇਲੀਂ ਬਹੁਤ ਹੈਰਾਨ॥ ਮਿਲਨ ਸਜਾਈਂ ਤਿਨਾਂਕੂੰ ਜੋਹੋਂਦੇ ਬੇਈਮਾਨ ॥ ਬੱਧੇ ਪਾਪਾਂ ਕਾਰਨੇ ਸੋ ਹੁਨ ਭਕ ਛੁੱਟਹਿ ਨਾਹਿ ॥ ਅਮਲ ਜਿਨਾਂ ਦੇ ਬਹੁ ਜ਼ੁਲਮ ਸਿਰ ਪਰ ਚੜ੍ਹਿਆ ਗੁਨਾਹਿ॥ ਗ਼ਉਰ ਗ਼ਰੀਬਾਂ ਨਾ ਕਰਨ ਲੈ ਰਿਸ਼ਵਤ ਹੱਕ ਗਵਾਇ ॥ ਦਰਗਾਹ ਅੰਦਰ ਡਿੱਠ ਮੈਂ ਪਾਂਦੇ ਬਹੁਤ ਸਜਾਇ ॥ ੯੬ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਣਹੁ ਨਾਨਕ ਸ਼ਾਹ॥ ਹਿੰਦੂ ਤੁਰਕ ਦੁਇ ਹੱਦੀਂ ਸਿਰ ਪਰ ਇਕ ਅਲਾਹਿ॥ ਹਿੰਦੂ ਆਖਨ ਅਸਾਂ ਵਿੱਚ ਤੁਰਕ ਕਹਿਨ ਅਸਾਂ ਮਾਹਿ ॥ ਦੁਇ ਫਿਰਕਿਆਂਵਿੱਚ ਕਿਸ ਵਲ ਸੱਚੇ ਦੇਇ ਸਨਾਹਿ ॥ ਹਿੰਦੂ ਰੱਦਨ ਤੁਰਕਨੋਂ ਤੁਰਕਰਦਹਿ ਹਿੰਦੂਆਹਿ॥ ਦੋਹੂੰ ਵਿਚ ਸੱਚਾ ਕੌਣਹੈ ਸੱਚੀਕਹਿਸਮਝਾਇ ॥ ਤੁਰਕ ਕਹਿਨ ਰੱਬ ਤੁਰਕਹੈ ਹਿੰਦੂਕਹਿਨਹਿੰਦੂ ਆਹਿ॥ਰੌਲਾਹਿੰਦੂ ਤੁਰਕ ਦਾ ਇਲਾਹਦ ਕਰ ਦਿਖਲਾਇ॥ਜਿਉਂ ਪਾਣੀਦੁੱਧ ਮਿਲਾਪ ਹੈ ਤਿਉਂਹਿੰਦੂਮੁਸਲਮਾਨ॥ਰੋਗ਼ਨ ਹੱਥ ਨਆਵਈਰਿੜਕਨਹਾਰ ਸ਼ੈਤਾਨ॥ਬਹੁਤੀਆਂ ਬਣੀਆਂ ਨਸੀਹੜਾਂ ਬਹੁਤੇ ਧਰੇ ਕਤੇਬ॥ ਅਜਬ ਹੈਰਾਨੀ ਮਨੈ ਵਿੱਚ ਇੱਕ ਰੱਬ ਦੁਇ ਭੇਦ ॥ ਤਿਨਾਂ ਅੰਦਰ ਬਹੁਤ ਹੈਨ ਛਿਰਕੇ ਅੰਤ ਨ ਪਾਰ॥ਪੀਰ ਕਹੈ ਸੁਣ ਨਾਨਕਾ ਕਰਦੇਹੋ ਤਾਰਪਤਾਰ॥

CC-0. Gurukul Kangri University Haridwar Collection. Digitized by S3 Foundation USA

੮੭॥ ਜਵਾਬ ਨਾਨਕ ਸ਼ਾਹ ਸੂਰਾ ॥ ਨਾਨਕ ਆਖੇ ਪੰਦ ਸਚ ਸੁਣਹੁ ਬਹਾਵਦ ਪੀਰ ॥ ਰੱਦਹੁ ਹਿੰਦੂ ਤੁਰਕ ਦੁਇ ਜੋਹੋਇ ਬਹੁਤ ਜ਼ਹੀਰ॥ਹਿੰਦੂ ਮੁਸਲਮਾਨ ਜੋ ਇਕ ਸਾਈਂ ਦੋਹੱਦ ॥ਦੋਨੋਂ ਕਰ ਮਨਸੂਖ ਤੂੰ ਜੇ ਅੱਲਹ ਕੀਤੇ ਰੱਦ॥ ਰੱਦ ਜ਼ਹੂਦਾਂ ਕਾਫ਼ਰਾਂਮੁਨਾਫ਼ਕਾਂਤੇਮੁਲਹੱਦ ॥ਰੂਮੀ ਜੰਗੀ ਇਰਮਨੀ ਹਬਸ਼ੀ ਤੇਕਿਲਮਾਕ॥ਕਾਸ਼ਮੀਰੀਕਸ਼ਮੀਰੀਆਂ ਹੀਰਾਤੁਰਤਲਾ ਤ ॥ ਕੁਫ਼ਰ ਫ਼ਿਰੰਗੀ ਦੋਜ਼ਖੀ ਯੂਨਾਨੀ ਬਦਰਾਹਿ ॥ ਦਹਿਰੀਏ ਗੁਮਰਾਹਬਹੁਜੋ ਜਾਨਨਨਾਹਿ ਅਲਾਹਿ ॥ ਫਿੱਟਾ ਦੁਧ ਨ ਕੰਮ ਕਿਸ ਰੋਗਨ ਹੱਥ ਨ ਆਹਿ॥ ਜੇਸਉ ਵਹਿਆਂ ਰਿਫ਼ਕੀਐਸਫ਼ ਸੁੱਕ ਮੁੱਢੋਂ ਜਾਇ॥ ਨਾਨਕ ਆਖੇ ਸੁਣ ਪੀਰਜੀ ਬਾਝ ਸੱਚ ਗੁਮਰਾਹਿ ॥ ਜਾਂਇਤਨਾਂਬਿਧਾਨ ਪੀਰਬਹਾਵਦੀਨ ਨਾਲ ਹੋਯਾ ਤਾਂ ਫੇਰ ਬਗ਼ਦਾਦ ਕਾ ਪੀਰ ਜਲਾਲਦੀਨ ਪੋਤ੍ਰਾ ਹਜ਼ਰਤ ਮੁਹੰਮਦ ਦੀਨ ਕਾ ਮਨਵਿਚ ਭਮਕ ਖਾਇਕਰ ਬੋਲਿਆ॥੮੮॥ਸੁਆਲਪੀਰਜਲਾਲਦੀਨ ਬਗ਼ਦਾਦੀ ਸੂਰਾ ॥ ਆਖੇ ਪੀਰ ਜਲਾਲਦੀਨ ਸੁਣ ਨਾਨਕ ਹਿੰਦੂ ਫ਼ਕੀਰ ॥ ਹਿੰਦੂ ਸੂਰਤ ਦੋਜ਼ਖੀ ਵਿਚ ਆਤਸ਼ ਹੋਇ ਜ਼ਹੀਰ॥ਜੇਆਵਹਿ ਰਾਹਿਇਮਾਨਦੇ ਤਾਂ ਭਿਸ਼ਤੀਪਾਵਹਿਠਾਇ॥ ਪੀਰਾਂਅੰਦਰਕੁਤਬਹੋਇ ਗਉਸ ਮਰਾਤਬਪਾਇ॥ ਵਲੀਆਂ ਅੰਦਰ ਵਲੀਹੋਇ ਸ਼ੇਖਾਂ ਅੰਦਰ ਸ਼ੇਖ॥ਵਿਚ ਸਲਾਰਾਂ ਸਲਾਰ ਹੋਇ ਜਾਂ ਏਹਵਟਾਏਂਭੇਖ ॥ ਹਿੰਦੂ ਭਿਸ਼ਤ ਨ ਕੋ ਗਇਆ ਸਭ ਘੱਤੇ ਅਗਨ ਜਲਾਇ॥ਨਾਉ ਨਿਸ਼ਾਨੀ ਨ ਰਹੀ ਪਿਆ ਕਿਥਾਉਂ ਜਾਇ॥ਉਸ ਪਿਛੇ ਦਰੂਦ ਨ ਫਾਇਤਾ ਨ ਕੋ ਕਰਦਾ ਯਾਦ ॥ ਏਹ ਮਰਾਤਬ ਹਿੰਦੂਆਂ ਉਮਰ ਗਵਾਈ ਬਾਦ॥੮੯॥ ਜਵਾਬ ਨਾਨਕ ਸ਼ਾਹ ਸੂਰਾ ॥ ਸੁਣਹੁ ਪੀਰ ਜਲਾਲ ਦੀਨ ਆਖੀ ਨਾਨਕ ਸ਼ਾਹ ॥ ਹਿੰਦੂ ਮੁਸਲਮਾਨ ਦੁਇ ਡਿੱਠੇ ਮੈਂ ਗੁਮਰਾਹ॥ਜੁੱਸਾ ਮੁਸਲਮਾਨ ਦਾ ਰੱਖਿਆ ਭਿਸ਼ਤੀ ਜਾਇ ॥ ਆਖਰ ਹੋਇਆ ਖ਼ਾਕੜੀ ਗਈ ਸੁ ਖਾਕੂ ਖਾਇ ॥ ਕੁਦਰਤ ਜ਼ਿਮੀ ਨਬਾਤ ਹੋਇ ਕੁਝਆਈ ਕੁਲਾਲੇ ਹੱਥ ॥ਭਾਂਡੇਇੱਟਾਂ ਸਾਜਕੇ ਜਲਨ ਪਜਾਵੀਂਘੱਤ॥ਤੋਬਾ ਪੁਕਾਰੇ ਖ਼ਾਕੜੀ ਸੁਣੇ ਨ ਕੋ ਫ਼ਰਯਾਦ॥ਮੁਸਲਮਾਨਮੁਹੰਮਦੀਫਿਰਕਦੇ ਨ ਕਰਦੇ ਯਾਦ॥ਦੋਵੇਂ ਦਿੱਸਨ ਜਲਦੀਆਂ ਵਿਚ ਭਿਸ਼ਤਾਂ ਇਕ ਨ ਜਾਇ॥ਵਾਰਸ ਰਾਮ ਰਸੂਲ ਦੋਇਸਕਨਨਉੱਮਤਛਡਾਇ॥ਰਹੇਮਰਾਤਬ ਦੁਨੀਵਿਚ ਅੱਗੇਦੀਸੁਧਨਾਹਿ॥ਡਾਢੀਵਾਣੀਰੂਹਸਿਰਫਿਰੇਚਉਰਾਸੀਮਾਹਿ॥ਜਿਨਾਂਤਕੀਆ ਰੱਬਦਾ ਸੇ ਰੱਤੇ ਸੱਚਮਾਹਿ॥ਕਾਇਮ ਥੀਏ ਜਹਾਨ ਵਿਚ ਫਿਰਮਰੇਨਆਵਹਿਜਾਹਿ॥ਬਿਨਾਂ ਰਿਆਜ਼ਤ ਬੰਦਗੀਕਾਇਮਥੀਏਸੰਸਾਰ॥ਕਾਇਮ ਨ ਰਹੇ ਪੈਕੰਬਰਾਂ ਕਾਇਮ ਨ ਚਾਰੋ ਯਾਰ ॥ ਕਾਇਮ ਨ ਥੀਏ ਅਉਤਾਰਾਂ ਜਗ ਰਾਮਾਕ੍ਰਿਸ਼ਨ ਮੁਰਾਰ॥ਕਾਇਮ ਨੰ ਪੀਰਫ਼ਕੀਰ ਹੋਇ ਸਿਧ ਸਾਧਿਕਸਾਲਾਰ॥ਕਾਇਮਜੁੱਸੇਨਾਥੀਏ ਰਹੇਸਿ ਕਾਇਮਨਾਉ॥ ਨਾਵਾਂਅੰਤਨ ਪਾਇਆ ਲੱਖ ਆਵਹਿ ਲੱਖ ਜਾਹਿ॥ਕਾਇਮ ਜੁੱਸਾ ਜੋ ਰਖੇ ਕਾਇਮਕਹੀਐ ਸੋਇ ॥ ਬਿਨਾਇਯਾਦਤ ਬੰਦਗੀ ਰਹਿਆ ਨ ਕਾਇਮ ਕੋਇ ॥ ਮੁਸ਼ਕਲ ਮੁਸਲਮਾਨੜੀ ਹਿੰਦੂ ਹਰਕਤਮਾਹਿ॥ਦੋਵੇਂ ਕਾਇਮ ਨ ਥੀਏ ਦਾਵਾ ਕਰ ਮਰਜਾਹਿ॥ਨਾਨਕ ਦਾਵਾ ਛੱਡਿਆ ਦੁਹਿ ਤੇ ਨਿਆਰਾ ਹੋਇ॥

CC-0. Gurukul Kangri University Haridwar Collection. Digitized by S3 Foundation USA

TH ERNET ABHINAV GAUR

ਇਥੇ ਮਿਲਨ ਵਡਿਆਈਆਂ ਦਰਗਾਹ ਪਾਵੈ ਢੋਇ ॥ ੯੦ ॥ ਸੁਆਲ ਪੀਰ ਜਲਾਲਦੀਨ ਸੂਰਾ ॥ ਆਖੇ ਸੈਦ ਜਲਾਲਦੀਨ ਬਗਦਾਦੇ ਦਾ ਪੀਰ॥ਪੋਤ੍ਰਾ ਹਜ਼ਰਤ ਪੀਰ ਦਾ ਪੁੱਛੇ ਕਰ ਤਦਬੀਰ ॥ ਹਫ਼ਤਾਦ ਦੋ ਮਿਲਤਾ ਫ਼ਿਰਕੇ ਮੁਸਲਮਾਨ ॥ ਇਲਾਹਦਾ ਇਕਦੂ ਇਕਹੈ ਸੱਚੀ ਕਹਿਨ ਕਲਾਮ ॥ ਕਲਮਾਂ ਪੜ੍ਹਨ ਰਸੂਲ ਦਾ ਸੁਣਹੋ ਨਾਨਕ ਪੀਰ॥ ਰੋਜ ਕਿਆਮਤ ਦੇਹੜੇ ਥੀਸਨ ਨਾਹਿ ਜ਼ਹੀਰ ॥ ਹਿੰਦੂ ਮੁਸਲਮਾਨਦੁਇ ਕੀਤੇਨੀਮਨਸੂਖ ॥ ਦਰਤੇ ਬਾਹਰਜੋਥੀਸੀ ਸੁਖਨ ਅਲਾਹਿ ਨ ਚੂਕ ॥ਕਲਪਿਆ ਪੀਰ ਜਲਾਲਦੀਨ ਕਲਪੇ ਮੁੱਲਾਂ ਸੇਖ ॥ ਹਾਜੀ ਪੀਰ ਮਸ਼ਾਇਕਾਂ ਤੁਰਕ ਮਲੰਗ ਦਰਵੇਸ਼॥ਸਾਲਕ ਸਾਦਿਕ ਕਾਜ਼ੀਆਂ ਗ਼ੌਸ ਕੁਤਬ ਬਡਪੀਰ ॥ ਸੱਭੇ ਇਕੱਠੇ ਹੋਇਕਰਆਵੈਂ ਕਾਬੇ ਮਾਹਿ॥ਹਿਕੇ ਦਿਖਾਏ ਅਜ਼ਮਤਾਂ ਨਹੀਂ ਭਾਂ ਦੇਹੁ ਸਜ਼ਾਇ ॥ ੯੧ ॥ ਜਵਾਬ ਬਹਾਵਦੀਨ ਸੂਰਾ ਨਾਲ ਹਾਜੀਆਂ ਪੀਰਾਂ ਦੇ ॥ ਆਖੇ ਪੀਰ ਬਹਾਵਦੀਨ ਸੁਣਹੁ ਜਲਾਲਦੀਨ ਪੀਰ ॥ ਗੁਰੂਨਾਨਕ ਪਾਸਹੁ ਪੁੱਛਣਾ ਬਹੁਤੀਹੈ ਤਕਸੀਰ ॥ ਜ਼ਾਹਰ ਅਜ਼ਮਤ ਇਸਦੀ ਮੱਕਾ ਦਿੱਤੋਸੁ ਫੇਰ ॥ ਕੀਤੋਸੁ ਰਾਹ ਮਨਸੂਖ ਸਭ ਆਂਦੇ ਹੈਸੁ ਜ਼ੋਰ ॥ ਮੰਨਿਆ ਹੈਸ ਖ਼ੁਦਾਇ ਇਕ ਦੂਜਾ ਹੋਰ ਨ ਕੋਇ॥ਦੂਜਾ ਮੁਰਸ਼ਦ ਪੀਰ ਹੈ ਸੱਚਰਾਹ ਦਿਖਾਏ ਜੋਇ॥ ਹਿੰਦੂ ਦੇਖ ਨ ਭੁੱਲ ਤੂੰ ਮੁਸਲਮਾਨ ਭਿ ਨਾਹਿ॥ ਦੋਵੇਂ ਰੱਦੇਸੀ ਮਜ਼ਹਬਾਂ ਘੱਤੇਸੀ ਦੋਜ਼ਕਮਾਹਿ॥ ਵਡਾ ਫ਼ਕੀਰੀਮਰਾਤਬਾਮਾਰਫ਼ਤੀ ਸੱਚਰਾਹਿ ॥ ਮਾਰਫ਼ਤੀਜੋਬਾਹਰੇਸੱਭੇਹੈਂ ਗੁਮਰਾਹਿ॥ ਦੁਨੀਆਂ ਕਾਰਣ ਮਜ਼ਹਬਾਂ ਥੀਏ ਅੰਤ ਅਪਾਰ॥ ਸੱਚਾ ਫ਼ਿਰਕਾ ਰੱਬਦਾ ਜਉਨ ਲੰਘਾਏ ਪਾਰ ॥ ਤੁਸੀ ਮਹਿਰਮ ਨਾਹੀਂ ਪੀਰਜੀ ਨਾਨਕ ਵਡਾ ਫ਼ਕੀਰ ॥ ਰੱਬਜਿਨਾਂਦੇ ਹੁਕਮ ਵਿਚ ਸੇ ਸਭਨਾਂ ਦੇ ਸਿਰ ਪੀਰ ॥ ੯੨ ॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਸ਼ਾਹ ਸੱਚ ਸੁਣਹੁ ਜਲਾਲਸਦਾਤ ॥ ਵੱਡਾ ਬੋਲ ਨ ਬੋਲੀਐ ਸਾਹਿਬ ਹੱਥ ਕਰਾਮਾਤ ॥ਸਾਹਿਬ ਭਾਵੈ ਸੋ ਕਰੈ ਫ਼ਕਰਸਾਹਿਬਦੇ ਭਾਣ ॥ਸਾਹਿਬਨਿਤਾਣਿਆਂਤਾਣਹੈਸਾਹਿਬਨਿਮਾਣਿਆਂਮਾਣ ॥ਆਕਾਸਾਂ ਆਕਾਸ ਲਖ ਲਖ ਪਾਤਾਲਾਂ ਪਾਤਾਲ॥ਸਭਨਾਂ ਦੇ ਸਿਰ ਇਕ ਰੱਬ ਸਭਦੀ ਕਰੇ ਸੰਭਾਲ ॥ ਜੀਆ ਜੰਤ ਵਸ ਰੱਬਦੇ ਜੋ ਵਸਦੇ ਲੋਆ ਲੋਇ ॥ ਥੱਕਾ ਹਉ ਓੜਕ ਭਾਲ ਹੁਣ ਚੁਪਕਰ ਰਹਿਆ ਖਲੋਇ ॥ ੯੩ ॥ ਸੁਆਲ ਪੀਰ ਜਲਾਲਦੀਨ ਸੂਰਾ ॥ ਆਖੇ ਪੀਰ ਜਲਾਲਦੀਨ ਸੁਣ ਨਾਨਕਸ਼ਾਹ ਕਤਾਲ॥ਚਉਦਹ ਤਬਕ ਕਿਤਾਬਵਿਚ ਤਿਸਤੇ ਪਰੇ ਜ਼ਵਾਲ॥ ਡਿੱਠੇਬਾਝੂੰ ਨਾਨਕਾ ਖ਼ਾਤਰਜਮਾ ਨ ਕੋਇ ॥ ਕਹਿਣਾ ਸੁਨਣਾ ਬਾਦ ਹੈ ਜੋ ਦਿਸੇ ਸੱਚ ਸੋਇ ॥ ਮਜਲਸ ਅੰਦਰਬੈਠਿਆਂ ਹੋਏ ਅੰਤਰਧਿਆਨ॥ਅਖੀਂ ਅੱਗੋਂ ਛਿਪਗਏ ਮਜਲਸ ਭਈ ਹੈਰਾਨ॥ ੯੪ ॥ ਜਵਾਬ ਨਾਨਕ ਸ਼ਾਹ ਸੂਰਾ ਅਕਾਸਬਾਣੀ ॥ ਆਖੇ ਨਾਨਕ ਸ਼ਾਹ ਸੱਚ ਸੁਣਹੁ ਜਲਾਲ ਸਦਾਤ॥ਹਿਕੇਅਸਾਂਕੋ ਨਾਲਦੇਹਿਕੇ ਭਾਂਚਲਹੁ ਆਪ॥ਦਿੱਤਾਬੇਟਾ ਪੀਰਨਾਲ ਜੁਲਜਲਾਲੀ ਨਾਮ॥ਵਾਉਚੜ੍ਹੇ ਅਸਮਾਨਵਿਚ ਤਿਸਦਾ ਸੁਣਹੁਬਿਆਨ ॥ ਇਕ ਪਲਕ ਦੇ ਫੁਰਕਨੇਡਿੱਠੇ ਅਗਣਤ ਅਸਮਾਨ ॥ ਕਈ ਪੈਕੰਬਰ ਦੇਖਕਰ ਪੀਰ ਹੋਇ ਰਹਿਆ ਹੈਰਾਨ ॥ ਫੇਰ ਗਏ

CC-0. Gurukul Kangri University Haridwar Collection. Digitized by S3 Foundation USA

ਪਾਤਾਲ ਨੋਂ ਡਿੱਠੇ ਕਈ ਪਾਤਾਲ ॥ ਅਵਤਾਰਾਂ ਪੈਕੰਬਰਾਂ ਗਣਤ ਅਗਣਤੀ ਭਾਲ ॥ ਜਿੱਥੇ ਬਾਬਾ ਜਾਵਹੇ ਤਿਥੇ ਹੀ ਗ਼ੁਲ ਹੋਇ॥ਕਾਰੂਨ ਦਰਸ਼ਨ ਦੇਖਨੇ ਆਵੈ ਸਗਲੀ ਲੋਇ ॥ ਕਾਰਾਂ ਭੇਟਾ ਸਿਰਨੀਆਂ ਨਜ਼ਰਨਿਆਜ਼ਾਂ ਲੱਖ ॥ ਗੁਨਾ ਗੁਨੀ ਨਿਆਮਤਾਂਮੇਵੇਲੱਖ ਅਲੱਖ ॥ ਇਕ ਜ਼ਮੀਨ ਦੇ ਅੰਦਰੇ ਬਾਬਾ ਪਹੁੰਚਿਆ ਜਾਇ॥ ਅਗੇਕੜਾਹ ਭਜਾਰਸੀ ਗਾਵਨਸਬਦ ਅਲਾਇ ॥ਬਾਬਾ ਸੁਣਿਆ ਸੰਗਤੀ ਸਭ ਦਰਸ਼ਨ ਲਗੀਆਇ॥ ਰੱਖਿਆ ਅਗੇ ਕੜਾਹ ਨੂੰ ਪੈਰੀਂ ਸੀਸ ਨਿਵਾਇ॥ਲਈ ਕੜਾਹੀ ਬਾਬੇ ਭੂਡਕੇ ਪਾਈ ਵਿਚ ਕਰਕੋਲ॥ਫਿਰ ਦਿੱਤੀਕੜਾਹੀ ਪੀਰਨੂੰ ਬੈਠਾਸੀ ਜੋਕੋਲ ॥ ਇਕਪਲਕਦੇ ਅੰਤਰੇਫਿਰਮੱਕੇ ਪਹੁਤੇ ਆਇ ॥ ਬੇਟਾਪੀਰਜਲਾਲਦੀਨ ਮੁਖ ਤੇ ਬਚਨ ਅਲਾਇ॥ਇਸ ਆਖਰ ਜ਼ਮਾਨੇ ਵਿਚ ਨਾਨਕ ਵੱਡਾਫ਼ਕੀਰ ॥ ਮੀਰਾਂਦੇਸਿਰ ਮੀਰਹੈਪੀਰਾਂ ਦੇ ਸਿਰ ਪੀਰ ॥ ਆਖਿਓਸ ਮੂੰਹੋਂ ਕਲਾਮ ਜੋ ਸੋਈ ਦਿਤੀਓਸ ਦਿਖਲਾਇ ॥ ਤੁਸੀ ਜਾਣਹੁ ਹੋਰ ਕੁਝ ਅਸਾਂ ਬੁੱਝਿਆ ਖ਼ੁਦ ਖ਼ੁਦਾਇ॥ ਆਕਾਸ਼ੀਂ ਆਕਾਸ਼ ਲੱਖ ਪਾਤਾਲਾਂ ਪਾਤਾਲ ॥ ਡਿੱਠੇ ਕਿਤਨੇ ਪਲਕ ਵਿਚ ਹਉਂ ਭੀਜੁਲਕਰਨਾਲ ॥ਹੇਠੋਂ ਕਈਪਾਤਾਲਤੇਮਿਲੀ ਕੜਾਹੀ ਆਇ॥ਸਾਰੀਮਜਲਸਅੰਦਰੇਦਿੱਤੋਸ ਕੜਾਹ ਦਿਖਲਾਇ ॥ ਭੇਗਏਹੈਰਾਨਹੋਇ ਨਾਨਕ ਵਡਾ ਫ਼ਕੀਰ॥ਹਿਕੇਤਾਂ ਖੁਦ ਖੁਦਾਇਹੈ ਕਹਿਨ ਸਭੇਤਦਬੀਰ॥ਸਭੇਕਦਮੀਂ ਢਹਿ ਪਏ ਮਨਵਿਚ ਬਹੁ ਡਰ ਖਾਇ ॥ ਅਜੀ ਕਾਬੀਨੀਸ਼ਾਨੀ ਰਖੀਐ ਮੱਕਾ ਭਿਸਤ ਕਰਾਇ ॥ ਬਾਬੇ ਕਉਂਸ ਉਤਾਰੀ ਪਾਉਂਤੇ ਰਖੀ ਨਿਸ਼ਾਨੀ ਏਹ ॥ ਜੋ ਕਰਗ ਜ਼ਿਆਰਤ ਕੌਸ ਦੀ ਓਹ ਫੇਰ ਨ ਜਨਮ ਧਰੇਇ ॥ ੯੫ ॥ ਇਤਿ ਸ੍ਰੀ ਮੱਕੇ ਦੀ ਗੋਸ਼ਟਿ ਸੰਪੂਰਣੰ ॥ ੩੬ ॥

੧ ਓਸਤਿਗੁਰਪ੍ਰਸਾਦਿ ॥ ਅਥ ਸਾਖੀ ਮਦੀਨੇ ਕੀ ਚਲੀ ॥ ਤਦ ਬਾਬਾ ਨਾਨਕ ਮੱਕੇਵਿੱਚ ਬਰਸਇਕ ਰਹਿਆ ਸਭਨਾਂ ਹਾਜੀਆਂ ਬਾਬੇਦੀਆਨਮੰਨੀ ਮੱਕੇ ਦੇਸਭ ਹਾਜੀ ਨਿਵਾਏਕਰ ਬਾਬਾ ਮਦੀਨੇ ਕੋ ਚਲਿਆ ਅੱਗੇ ਜਦਬਾਬਾਜੀ ਮੱਕੇਕਉਚਲੇਥੇ ਤਉ ਹੋਰ ਹਾਜੀਭੀ ਮੱਕੇਕਉਚਲੇਥੇ ਤਉ ਓਹ ਹਾਜੀ ਬਰਸਇਕ ਪਿੱਛੋਂ ਮੱਕੇਵਿਚ ਆਇਪਹੁੰਚੇ ਜਾਂ ਦੇਖਣ ਤਾਂਓਹਜੋ ਫ਼ਕੀਰ ਹਿੰਦੂ ਅਸਾਂਨਾਲਮੱਕੇਕਉ ਚਲਿਆਥਾ ਸੋਆਗੈਹੀਬੈਠਾ ਹੋਯਾ ਹੈ ਤਾਂਓਨਾਹਾਜੀਆਂ ਮੱਕੇ ਕੇ ਹਾਜੀਆਂਪਾਸੋਂ ਪੁੱਛਿਆ ਜੋਇਹਫਕੀਰ ਕਦਕਾ ਈਹਾਂ ਆਯਾ ਹੈ ਤਬਮੱਕੇਕੇ ਹਾਜੀਆਂਕਹਿਆ ਜੋ ਜੀ ਏਸਨੂੰ ਇੱਕ ਬਰਸਹੋਯਾਹੈ ਈਹਾਂ ਆਯਾਹੈਤਬਨਏ ਹਾਜੀ ਹੈਰਾਨਹੋਗਏ ਲਗੇ ਕਹਿਣ ਯਾਰੋ ਏਹਫ਼ਕੀਰ ਅਤੇ ਅਸੀ ਇਕੱਠੇ ਚਲੇ ਥੇ ਅਜਬ ਕਰਾਮਾਤ ਹੋਈ ਹੈ ਜੋ ਏਕ ਹੀ ਦਿਨ ਮੱਕੇ ਆਇਪਹੁੰਚੇ ਹੈਂ ਤਬ ਅਗਲਿਆਂ ਹਾਜੀਆਂ ਆਖਿਆ ਜੋਜੀ ਏਹ ਕੋਈ ਸੂਰਤ ਖ਼ੁਦਾਇ ਦੀ ਹੈ ਅਤੇ ਜਿੱਥੋਂ ਤੀਕਰ ਮੱਕੇ ਦੇ ਉਲਮਾਇ ਕਾਜੀਪੀਰ ਗ਼ਉਸ ਕੁਤਬਅਲਾਰ ਸੇ ਸਭਨਾਂ ਫੇਰ ਮਸਲਤ ਕੀਤੀ ਜੋ ਚਲੋ ਭਾਈ ਅਸੀਂ ਭੀਮਦੀਨੇਕਾ ਹੱਜ ਕਰਾਂਗੇ ਅੱਗੇ ਮਦੀਨੇ ਵਿੱਚ ਚਾਰ ਇਮਾਮ ਹੈਨ ਅਤੇ ਚਾਰੋਂ ਹੀ ਮੁਸੱਲੇ ਹੈਨ ਮਤ ਉਨ੍ਹਾਂ

CC-0. Gurukul Kangri University Haridwar Collection. Digitized by S3 Foundation USA

ABHINAV GAUR

ਆਗੇ ਇਹ ਫ਼ਕੀਰ ਹਾਰੇ ਅਰ ਅਸਾਡੇ ਦੀਨ ਵਿਚ ਆਵੇ ਅਜੇਹਾ ਬਲ ਜ਼ੋਰ ਮੱਕੇ ਵਿਚ ਕਿਸੇ
ਦਾ ਨਾ ਡਿੱਠੇ ਜੋ ਕੋਈ ਨਾਨਕ ਫ਼ਕੀਰ ਕਉ ਜੀਤ ਕਰ ਅਪਨੇ ਮਜ਼ਹਬ ਅੰਦਰ ਲੈ ਆਵੇ
ਦੇਖਾਂ ਹੁਣ ਕੀ ਮੁਬਾਹਸਾ ਮਦੀਨੇ ਵਿਚ ਹੋਇ ਨਿੰਬੜੇ ਤਾਂ ਬਾਬਾ ਅਤੇ ਮੱਕੇ ਦੇ ਹਾਜੀ ਲੋਕ
ਮਦੀਨੇਕੀ ਹੱਜ ਕਉ ਚਲੇ ਸ਼ਹਿਰੋਂ ਇਕੱਠੇ ਨਿਕਲੇ ਜਬ ਬਾਹਰ ਆਏ ਤਾਂ ਸ੍ਰੀ ਬਾਬਾ ਜੀ
ਅੰਤਰ ਧਿਆਨ ਹੋਇ ਗਿਆ ਅਰ ਸ੍ਰੀ ਬਾਬਾ ਪਉਣ ਕਾ ਰੂਪ ਧਾਰ ਕਰ ਏਕ ਪਲਕ ਮੈਂ
ਮਦੀਨੇਮੈਂ ਸਮੇਤ ਮਰਦਾਨੇ ਰਬਾਬੀਕੇ ਆਇਪਹੁੰਚੇ ਮਦੀਨੇ ਵਿਚ ਰੂਮਕਾ ਸ਼ਹਿਰ ਹੈ ਰੂਮਕਾ
ਪਾਤਸ਼ਾਹ ਸੁਲਤਾਨ ਹਮੀਦ ਕਾਰੂੰ ਥਾ ਬੜਾ ਕਾਰੂੰ ਜੋ ਆਗੇ ਮਿਹਤਰਮੂਸੇ ਕੇ ਜਮਾਨੇਵਿਚ
ਹੋਯਾ ਸੀ ਕਾਰੂਨ ਹਾਰੂਨ ਦੋਨੋ ਭਾਈ ਹੈਸਨਤਬ ਸੁਲਤਾਨ ਹਮੀਦਕਾਰੂੰਨ ਵੀ ਬੜਾ ਜ਼ਾਲਮ
ਥਾ ਜਹਾਂ ਭੀਕਰ ਦੌਲਤਸੀ ਸੋ ਸਭ ਲੁਟ ਲਈ ਥੀ ਤਾਂ ਬਾਬੇ ਜੀ ਆਖਿਆ ਮਰਦਾਨਿਆਂ ਚਲੋ
ਪਹਿਲੋਂ ਪਾਤਸ਼ਾਹ ਕਉ ਮਿਲੀਐ ਤੇ ਇਸਕਾ ਭਲਾ ਹੋਵੇ ਨਾਹੀਂ ਤਾਂ ਅਗਲੇ ਕਾਰੂੰ ਵਾਗੂੰ ਏਹਵੀ
ਹਲਾਕ ਹੋਜਾਂਦਾ ਹੋਵੇ ਤਾਂ ਚਲੀਐ ਪਾਤਸ਼ਾਹ ਕਉ ਮਿਲੀਐ ਮਤ ਇਸਦਾ ਭਲਾ ਹੋਵੇ ਤਬ ਬਾਬਾ
ਜੀ ਅਤੇ ਮਰਦਾਨਾ ਦੋਵੇਂ ਜਣੇ ਚਲੇ ਗਏ ਸੁਲਤਾਨ ਹਮੀਦ ਕਾਰੂੰ ਦੇ ਦਰਬਾਰ ਅਤੇ ਅਗਲੇ
ਕਾਰੂੰ ਚਾਲੀ ਗੰਜ ਖ਼ਜ਼ਾਨਾ ਜਮਾ ਕੀਆ ਥਾ ਅਰ ਇਸ ਸੁਲਤਾਨ ਹਮੀਦ ਕਾਰੂੰ ਪੈਂਤਾਲੀ ਗੰਜ
ਖਜ਼ਾਨਾ ਕੀਤਾ ਹੈ ਤਾਂ ਸ੍ਰੀ ਬਾਬੇ ਕਹਿਆ ਅਰੇ ਦਰਬਾਨੋਂ ਏਸ ਏਤਾ ਖ਼ਜ਼ਾਨਾ ਕਿਉਂ ਕਰ ਜਮਾ
ਕੀਤਾ ਹੈ ਤਬ ਦਰਬਾਨਾਂ ਕਹਿਆ ਜੋ ਜੀ ਏਹ ਐਸਾ ਜ਼ਾਲਮ ਹੈ ਜਹਾਂ ਰੁਪੱਈਆ ਜਾਂ ਮੁਹਰ
ਸੁਨਤਾ ਹੈ ਤਹਾਂ ਛੋਡਤਾ ਨਹੀਂ ਭਾਵੇਂ ਕਹੂੰ ਹੋਵੇ ਇਕ ਦਿਨ ਸੁਲਤਾਨ ਹਮੀਦ ਕਹਿਆ ਜੋ
ਕਹੂੰ ਰੁਪੱਯੇ ਕੀ ਜ਼ਾਤ ਰਹੀ ਹੈ ਤਦ ਵਜ਼ੀਰਾਂ ਕਹਿਆ ਜੀ ਕਹੂੰ ਨਹੀਂ ਰਹੀ ਤਬ ਪਾਤਸ਼ਾਹ
ਏਕ ਸਹੇਲੀ ਖ਼ੂਬਸੂਰਤ ਕਉ ਬਜ਼ਾਰ ਭੇਜਿਆ ਜੋ ਕੋਈ ਇਕ ਰੁਪੱਈਯਾ ਦੇਵੇ ਸੋ ਲੇਵੇ ਤਬ
ਏਕ ਸੁਦਾਗਰਕੇ ਬੇਟੇ ਨੇ ਮਾਉਂ ਕਉ ਕਹਿਆ ਜੇ ਏਕ ਰੁਪੱਯਾ ਦੇਵੇਂ ਤਾਂ ਪਾਤਸ਼ਾਹ ਸਹੇਲੀ
ਵੇਚਤਾ ਹੈ ਤਬ ਉਸਦੀ ਮਾਉਂ ਨੇ ਕਹਿਆ ਬੱਚਾ ਰੁਪੱਯਾ ਸੁਲਤਾਨ ਹਮੀਦ ਨੇ ਸਾਰੀ ਪਾਤਸ਼ਾਹੀ
ਮੈਂ ਨਹੀਂ ਛੋਡਿਆ ਪਰ ਏਕ ਰੁਪੱਯਾ ਤੇਰੇ ਬਾਪ ਦੇ ਮੂੰਹ ਵਿਚ ਪਾਕੇ ਗੋਰ ਵਿਚ ਦੱਬਿਆ ਸੀ
ਓਹ ਦੇਖ ਲੈ ਤਬ ਉਹ ਸੁਦਾਗਰ ਬੱਚਾ ਵੁਹ ਰੁਪੱਯਾ ਲੈਕਰ ਸਹੇਲੀ ਮੋਲ ਲੈ ਗਿਆ ਤਾਂ
ਪਾਤਸ਼ਾਹ ਨੇ ਸਭ ਰੁਪੱਯੇ ਨਿਕਾਲ ਲਏ ਸੋ ਏਹ ਐਸਾ ਪਾਤਸ਼ਾਹ ਹੈ ਰੁਪੱਯੇ ਕਿਤੇ ਨਹੀਂ ਛਾਡਤਾ ਤਾਂ
ਸ੍ਰੀ ਬਾਬਾ ਬੋਲਿਆ ਜੋ ਏਹ ਵੱਡਾ ਗੁਨਾਹਗਾਰ ਹੈ ਦਰਗਾਹ ਖ਼ੁਦਾਇਦੀ ਵੱਡੀ ਸਜ਼ਾ ਇਸ ਪਾਵੈਗਾ
ਲਾਨਤ ਹੈ ਇਸਦੀ ਕਮਾਈ ਕਉ ਅਰ ਹੈਫ਼ ਇਸਦੇ ਜੀਵਣੇ ਕਉ ਹੇ ਪਰਵਦਿਗਾਰ ਏਹ
ਵਡਾ ਬਜੇਗਾਰ ਹੈ ਅਰ ਅਗਲੇ ਕਾਰੂੰ ਕਉ ਜ਼ਮੀਨ ਛੱਲਿਆ ਸੀ ਅਰ ਇਸ ਕਉ ਕਾਈ ਜਾਇ
ਰੱਖ ਸਕੇਗੀ ਨਾਹੀਂ ਤਾਂ ਸ੍ਰੀ ਬਾਬੇ ਜੀ ਦਰਵਾਨਉਂ ਕੋ ਕਹਿਆ ਜੋ ਤੁਮ ਇਤਨਾ ਜਵਾਬ
ਸੁਲਤਾਨ ਹਮੀਦ ਕਾਰੂੰ ਕਉ ਜਾਇ ਕਹੋ ਜੋ ਦੋਇ ਫ਼ਕੀਰ ਤੇਰੀ ਡੇਵੜੀ ਅੱਗੇ ਖੜੇ ਹੈਂ ਅਰ
ਕਹਿੰਦੇ ਹੈਨ ਜੋ ਤੂੰ ਇਕਵਾਰੀ ਅਸਾਂ ਨਾਲ ਮੁਲਾਕਾਤ ਕਰ ਤਾਂ ਉਨ੍ਹੂੰ ਦਰਵਾਨੋਂ ਜਾਇ ਅਰਜ਼

CC-0. Gurukul Kangri University Haridwar Collection. Digitized by S3 Foundation USA

ਕੀਤੀ ਤਾਂਪਾਤਸ਼ਾਹ ਬਾਹਰਆਯਾ ਤਾਂਕਿਆ ਦੇਖੇ ਜੋ ਅਗੇ ਬਾਬਾਜੀ ਠੀਕਰੀਆਂ ਚੁਣਦਾਸੀ ਅਤੇ ਗਿਣਦਾ ਸੀ ਤਾਂ ਸੁਲਤਾਨ ਹਮੀਦ ਕਾਰੂੰ ਕਹਿਆ ਜੀ ਜੋ ਏਹ ਠੀਕਰੀਆਂ ਕਿਆ ਕਰੋਗੇ ਤਬ ਸ੍ਰੀਬਾਬਾ ਬੋਲਿਆ ਜੋ ਜੀ ਇਹ ਠੀਕਰੀਆਂ ਦਰਗਾਹ ਖੁਦਾਇਦੀ ਲੈਜਾਹਿੰਗੇ ਤਬ ਪਾਤਸ਼ਾਹਕਹਿਆਜੀ ਜੋਠੀਕਰੀਆਂ ਤੋਪਹੁੰਚਦੀਆਂਨਾਹੀਂ ਮੁਇਆਂਇਥੇ ਹੀ ਰਹਿਨ ਗੀਆਂਤਾਂ ਫੇਰ ਬਾਬਾਜੀ ਬੋਲਿਆ ਐ ਸੁਲਤਾਨ ਹਮੀਦ ਕਾਰੂੰ ਤੈਂ ਜੋ ਪੈਂਤਾਲੀਗੰਜ ਖ਼ਜ਼ਾਨਾ ਜਮਾ ਕੀਤਾ ਹੈ ਜ਼ੁਲਮ ਕਰਕੇ ਸੋ ਤੇਰੇ ਨਾਲ ਕਿਉਂ ਕਰ ਪਹੁੰਚੇਗਾ ਤੁਮਾਰੇ ਬੜੇਕਾਰੂੰ ਚਾਲੀ ਗੰਜ ਖ਼ਜ਼ਾਨਾ ਸੰਚਿਆਸੀ ਤਬਫੇਰਸੁਲਤਾਨਹਮੀਦਕਾਰੂੰਕਹਿਆਜੀ ਜੋ ਕਿਵੇਂ ਇਹ ਖ਼ਜ਼ਾਨਾ ਮੇਰੇ ਸਾਥ ਭੀ ਪਹੁੰਚੇ ਤਾਂ ਬਾਬਾ ਬੋਲਿਆ ਹੇਪਾਤਸ਼ਾਹ ਹਮੀਦਕਾਰੂੰ ਏਹਖ਼ਜ਼ਾਨਾ ਤੇਰੇਨਾਲ ਤਦਪਹੁੰਚੇਗਾਜਦਤੂੰਖੁਦਾਇਦੇਨਾਮਖੈਰਾਇਤਕਰੇਂ ਤਾਂਤੇਰੇਨਾਲ ਪਹੁੰਚੇਗਾਨਾਹੀਂ ਤਾਂ ਈਹਾਂ ਹੀ ਰਹਿ ਜਾਵੇਗਾ। ਅਰ ਇਸ ਖ਼ਜ਼ਾਨੇ ਦੇ ਮਾਲਕ ਔਰ ਹੀ ਹੋਹਿੰਗੇ ਪਹਲੇ ਤੇਰਾ ਖ਼ਜ਼ਾਨਾ ਮਾਲ ਜਿਨਸ ਜ਼ਿਮੀ ਜਮੀਯਤ ਕਹਹਿੰਗੇ ਤਾਂਪਾਛੇ ਤੇਰੀਗੋਰ ਮੰਜਲ ਕਰਹਿੰਗੇਵੇਖ ਤੁਮਾਰਾ ਬਡਾ ਕਾਰੂੰ ਥਾ ਜਿਸਨੇ ਚਾਲੀਗੰਜਖ਼ਜ਼ਾਨਾਜਾਮਾ ਕੀਤਾਥਾ ਓਹ ਐਸੇਗੰਜਥੇ ਜਿਨੋਂਕਾਇਕ ਸਿਰਾ ਜ਼ਮੀਨ ਅਰ ਇਕ ਸਿਰਾ ਅਸਮਾਨ ਥਾ ਤਾਂ ਸਿਹਤਰ ਮੂਸੇ ਪੈਕੰਬਰ ਦੀ ਇਨਾਇਤ ਕਬੂਲ ਨਕਦੀਤੀਓਸ ਅਤੇਸਾਥਹੀ ਖੁਦਾਇਦਾ ਹੁਕਮ ਨ ਕਬੂਲ ਕੀਤੋਸੁਤੈਫ਼ੁਰਮਾਨ ਖੁਦਾਇ ਦੇ ਕਾਰੂੰ ਹਲਾਕ ਕਉ ਹੋਏ ਜੋ ਐਕਾਰੂੰ ਤੂੰ ਇਨਾਂ ਚਾਲੀਗੰਜ ਖ਼ਜ਼ਾਨਿਆਂ ਵਿੱਚੋਂ ਇੱਕ ਗੰਜ ਮੇਰੇਰਾਹਪਰਖ਼ੈਰਾਇਤਕਰ ਤਾਂਤੇਰੇਨਾਲ ਖ਼ਜ਼ਾਨੇ ਪਹੁੰਚੇਂਗੇਨਹੀਂਤਾਂਈਹਾਂਹੀ ਰਹੇਂਗੇਇਸ ਖ਼ਜ਼ਾਨੇਦੇਵਾਰਸਅਵਰਹੀ ਹੋਏਂਗੇ ਤਬਤਿਸ ਖੁਦਾਇਦੇਹੁਕਮਕਰਕੇ ਤ੍ਰੈਇਲਹਾਮ ਹਜ਼ਰਤ ਮੂਸੇ ਕਾਰੂੰ ਪਰ ਕੀਤੇ ਜੋ ਐ ਕਾਰੂੰ ਕੁਛ ਥੋੜੀ ਬਹੁਤੀ ਖੈਰਾਇਤ ਉਸ ਖੁਦਾਇ ਦੇ ਰਾਹ ਪਰ ਕਰ ਜਿਸਨੇ ਤੈਨੂੰ ਪੈਦਾ ਕੀਤਾ ਹਈ ਅਰ ਤੈਨੂੰ ਬਾਦਸ਼ਾਹ ਬਣਾਯਾ ਹੈਈ ਤਾਂ ਤੇਰੇ ਨਾਲ ਖ਼ਜ਼ਾਨਾ ਪਹੁੰਚੇਗਾ ਨਾਹੀਂ ਤਾਂ ਈਹਾਂ ਕਾ ਈਹਾਂ ਹੀ ਰਹੈਗਾ ਇਸ ਖ਼ਜ਼ਾਨੇ ਦੇ ਵਾਰਸ ਅਵਰ ਹੀ ਹੋਏਂਗੇ ਤਬ ਕਾਰੂੰ ਐਸਾ ਮਗ਼ਰੂਰ ਥਾ ਦੌਲਤ ਅਤੇ ਲਸ਼ਕਰ ਉੱਤੇ ਖੁਦਾਇ ਦੇ ਤ੍ਰੈਏ ਹੁਕਮ ਫੇਰਿਓਸ ਜੋ ਚੌਥਾ ਹੁਕਮ ਹੋਯਾ ਤਾਂ ਭੀ ਫੇਰਿਓਸ ਤਾਂ ਜ਼ਮੀਨ ਕੋ ਹੁਕਮ ਹੋਯਾ ਕਾਰੂੰ ਫ਼ਿਰਾਊਨ ਕੇ ਪੈਰ ਪਕੜ ਅਰ ਗ਼ਰਕ ਕਰ ਅਰ ਸਮੇਤ ਖ਼ਜਾਨੇ ਕਾਰੂੰ ਹਲਾਕ ਗ਼ਰਕਹੋਯਾ ਤਾਂ ਦਉਰ ਕਿਆਮਤ ਤਕ ਜ਼ਮੀਨ ਵਿਚ ਚਲਿਆ ਜਾਵੇਗਾ ਹੈ ਕਾਰੂੰ ਹਮੀਦ ਜ਼ਿਮੀਂਨੇ ਭੀ ਉਸਨੂੰ ਤਦਗ਼ਰਕਕੀਤਾ ਸਾ ਜੋ ਉਹਸੂਮਥਾ ਜਾਲਮਥਾ ਅਰਦੂਸਰਾ ਭਾਈਕਾਰੂੰ ਨ ਥਾ ਅਰਉਸਨੇ ਖ਼ੁਦਾਇਦੀ ਇਤਾਇਤ ਮੰਨੀਮੂਸੇ ਪੈਕੰਬਰਦੀ ਉੱਮਤਹੁਆ ਮੂਸੇਕੇ ਪਿੱਛੇ ਉਸਕੋ ਪੈਕੰਬਰੀ ਮਿਲੀ ਯਕੀਨ ਕਰਕੇ ਤੂੰ ਉੱਮਤ ਮੁਹੰਮਦ ਮੁਸਤਫ਼ਾ ਦੀ ਹੋਇਕਰ ਐਸਾ ਜ਼ੁਲਮ ਰੱਯਤਪਰ ਕੀਆਹੈ ਜੋ ਜਹਾਂ ਤਕ ਰੁਪੱਈਏ ਕੀ ਜ਼ਾਤਹੈਸੀ ਸੋ ਸੱਭੋ ਹੀ ਲੁੱਟ ਲੀਤੀ ਹਈ ਏਹ ਜ਼ੁਲਮ ਕੇ ਖ਼ਜ਼ਾਨੇ ਤੇਰੇਸਾਥ ਕਿਉਂਕਰ ਚਲਹਿੰਗੇ ਹੁਣਤੂੰ ਇਸ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਜੁਲਮ ਤੋਂ ਬਾਜ਼ਆਉ ਤੋਬਹ ਕਰ ਤਾਂ ਕਾਰੂੰ ਹਮੀਂਦ ਕਹਜਾ ਜੋ ਜੀ ਏਹ ਮਨ ਮੇਰਾ ਦੁਨੀਆਂ ਦੀ ਹਿਰਸ ਵਿਚ ਗਰਕ ਹੈ ਪਿੱਛੇ ਜੋ ਹੋਈ ਸੋ ਗੁਜ਼ਰੀ ਹੁਣ ਇਸ ਜ਼ੁਲਮ ਥੀਂ ਤੋਬਹ ਹੈ ਪਰ ਜੀ ਕੋਈ ਐਸੀ ਨਸੀਹਤ ਸੁਣਾਈਐ ਜਿਸੇ ਸੁਣ ਕਰ ਮਨ ਮੋਮ ਹੋਵੇ ਅਤੇ ਖੁਦਾਇ ਦੇ ਰਾਹ ਉੱਤੇ ਸਾਦਕ ਹੋਵੈ ਅਰ ਖ਼ੁਦਾਇ ਵਲ ਆਵਹਿ ਤਾਂ ਸ੍ਰੀ ਬਾਬੇ ਨਾਨਕ ਜੀ ਸੁਲਤਾਨ ਹਮੀਦ ਕਾਰੂੰ ਕੇ ਪਰ ਥਾਇ ਨਸੀਹਤ ਨਾਮਾ ਕੀਤਾ ॥ ਅਥ ਨਸੀਹਤ ਨਾਮਾ ॥ ਕੀਚੈ ਨੇਕ ਨਾਮੀ ਜੋ ਦੇਵੇ ਖੁਦਾਇ॥ ਜੋ ਦੀਸੈ ਜ਼ਿਮੀਂ ਪਰ ਸੋ ਹੋਸੀ ਫ਼ਨਾਹਿ॥ ਦਾਇਮ ਵਾ ਦੌਲਤ ਕਸੇ ਬੇਸ਼ੁਮਾਰ ॥ ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ॥ ਦਮੜਾ ਤਿਸੀ ਕਾ ਜੋ ਖਰਚੈ ਖਵਾਇ ॥ ਦੇਵੈ ਦਿਲਾਵੈ ਰਜ਼ਾਵੇ ਖੁਦਾਇ॥ ਹੋਤਾ ਨ ਰਾਖੈ ਅਕੇਲਾ ਨ ਖਾਇ॥ ਤਹਕੀਕ ਦਿਲ ਦਾਨੀ ਵਹੀ ਭਿਸ਼ਤ ਜਾਇ ॥ ਕੀਜੈ ਤਵੱਜਾ ਨ ਕੀਜੈ ਗੁਮਾਨ॥ ਨ ਰਹੇਗੀ ਦੁਨੀਆਂ ਨ ਰਹੇਗਾ ਦੀਵਾਨ॥ ਹਾਥੀ ਵਾ ਘੋੜੇ ਵਾ ਲਸ਼ਕਰ ਹਜ਼ਾਰ॥ ਹੋਵਹਿੰ ਗ਼ਰਕ ਪਲ ਮੇਂ ਨਹ ਲਾਗੇਗੀ ਬਾਰ ॥ ਦੁਨੀਆਂ ਕਾ ਦਿਵਾਨਾ ਕਹੇ ਮੁਲਖ ਮੇਰਾ॥ ਆਈ ਮਉਤ ਸਿਰ ਪਰ ਨ ਤੇਰਾ ਨ ਮੇਰਾ॥ ਕੇਤੀ ਚਲੀ ਦੇਖ ਵਾਜਾ ਵਜਾਇ ॥ ਰਹੇਗਾ ਵੁਹੀ ਏਕ ਸਾਚਾ ਖੁਦਾਇ॥ ਆਇਆ ਇਕੇਲਾ ਇਕੇਲਾ ਚਲਾਇਆ ॥ ਚਲਤੇ ਵਖਤ ਕੋਈ ਕਾਮ ਨ ਆਇਆ ॥ ਲੇਖਾ ਮੰਗੀਜੈ ਕਿਆ ਦੀਜੈ ਜਵਾਬ ॥ ਤੋਬਹ ਪੁਕਾਰੇ ਜਾਂ ਪਾਏ ਅਜ਼ਾਬ ॥ ਖ਼ਲਕ ਪਰ ਕੀਆ ਜੋਰ ਦਮੜਾ ਕਮਾਇਆ ॥ ਖਾਇਆ ਖੰਡਾਇਆ ਅਜਾਈਂ ਗੁਵਾਇਆ॥ ਆਖਰ ਪਛੋਤਾਣਾ ਕਰੇ ਹਾਇ ਹਾਇ॥ ਦਰ ਗਹਿ ਗਇਆ ਬਹੁਤ ਪਾਵੈ ਸਜਾਇ॥ ਲਾਨਤ ਹੈ ਤੈਕੂੰ ਵ ਤੈਂਡੀ ਕਮਾਈ ॥ ਦਗੇਬਾਜੀ ਕਰਕੇ ਦੁਨੀਆਂ ਲੂਟ ਖਾਈ ॥ ਪੀਏ ਪਿਆਲੇ ਵ ਖਾਏ ਕਬਾਬ ॥ ਦੇਖੋ ਰੇ ਕਾਰੂੰ ਜੋ ਹੋਤੇ ਖਰਾਬ॥ ਜਿਸੀ ਕਾ ਤੂੰ ਬੰਦਾ ਤਿਸੀ ਕਾ ਸਵਾਰਿਆ॥ ਦੁਨੀਆਂ ਕੇ ਲਾਲਚ ਤੈਂ ਸਾਹਿਬ ਵਿਸਾਰਿਆ॥ ਨ ਕੀਤੀ ਆਇ ਬਾਦਤ ਨ ਰਾਖਿਆ ਈਮਾਨ॥ ਕੀੜੀ ਹਕੂਮਤ ਪੁਕਾਰੇ ਜਹਾਨ ॥ ਅੰਦਰ ਮਹਲਾਂ ਦੇ ਬੈਠੇਂ ਤੂੰ ਜਾਇ ॥ ਹਰਮਾਂ ਸੋ ਖੇਲੇਂ ਖੁਸ਼ਬੋਈ ਹਵਾਇ ॥ ਪੂਛੇ ਨ ਬੂਝੇ ਕਿ ਬਾਹਿਰ ਕਿਆ ਹੋਇ ॥ ਹਰਾਮੀ ਗਰੀਬਾਂ ਕੋ ਮਾਰੇ ਬਿਗੋਇ ॥ ਵਸਦੀ ਉਜਾੜੇ ਤਾਂ ਫਿਰ ਨ ਵਸਾਵਹਿ॥ ਕੂਕ ਹਿ ਪੁਕਾਰਹਿ ਨ ਕੋ ਦਾਦ ਪਾਵਹਿ॥ ਕਰੋੜੀ ਲਖੋੜੀ ਕਰੇ ਬੇਸ਼ੁਮਾਰ॥ ਕਈ ਕ੍ਰੋਸਾਣ ਬਪੁੜੇ ਮਰੀ ਵਹਿੰ ਹਜ਼ਾਰ॥ ਹਾਕਮ ਕਹਾਵੇਂ ਅਦਾਲਤ ਨ ਹੋਇ॥ ਦੁਨੀਆਂ ਕਾ ਦਿਵਾਨਾਂ ਫਿਰੇ ਮਸਤ ਲੋਇ॥ ਲੁਵੇ ਮੁਲਖ਼ ਸਾਰਾ ਪਹਿਰੇ ਖ਼ਰਚ ਖਾਇ॥ ਦੋਜ਼ਕ ਕੀ ਆਤਸ਼ ਮਾਰੇ ਜਲਾਇ॥ ਨ ਕੀਚੈ ਹਿਰਸ ਦੇਖ ਦੁਨੀਆਂ ਦਿਵਾਨੇ ॥ ਹਮੇਸ਼ਾਂ ਨ ਰਹਿਗੀ ਤੂੰ ਐਸੀ ਨ ਜਾਨੇ॥ ਉਠਾਤੇ ਸਫਾ ਤਿਸ ਕੋ ਲਾਗੇ ਨ ਵਾਰ॥ ਤਬ ਕਿਸ ਕੀ ਹੈ ਦੁਨੀਆਂ ਕਿਸ ਕੇ ਘਰ ਬਾਰ॥ ਨ ਕੀਜੈ ਹਿਰਸ ਬਹੁਤ ਦੁਨੀਆਂ ਕੇ ਯਾਰ ॥ ਚੰਦ ਰੋਜ਼ ਚਲਣਾ ਕਿਛ ਪਕੜਹੁ ਕਰਾਰ॥ ਸ਼ਰਮਿੰਦਾ ਨ ਹੋਵਹਿ ਕਛੁ ਨੇਕੀ ਕਮਾਇ॥ ਲਾਨਤ ਦਾ ਜਾਮਾ ਤੂੰ ਪਹਿਰੇ ਨ ਜਾਇ ॥ ਗ਼ਫ਼ਲਤ ਕਰਹੁਗੇ ਤੋ ਖਾਵੋਗੇ ਮਾਰ ॥ ਬੇਟੀ ਵਾ ਬੇਟਾ ਕੋ ਲਹੇਗਾ ਨ ਸਾਰ ॥ ਤੋਬਹ ਕਰ ਬਹੁੜ ਕੀਜੈ ਨ ਜ਼ੋਰ॥ ਦੋਜ਼ਕ ਕੀ ਆਤਸ਼ ਜਲਾਵੈਗੀ ਗੋਰ ॥ ਮਸਾਇਕ ਪੈਕੰਬਰ

CC-0. Gurukul Kangri University Haridwar Collection. Digitized by S3 Foundation USA

ਕੇਤੇਸ਼ਾਹਖ਼ਾਣ ॥ ਨ ਦੀਸਹਿੰ ਜ਼ਿਮੀਂ ਪਰ ਤਿਨਹੁਕੇ ਨਸ਼ਾਨ ॥ ਉਡਤੇ ਕਬੂਤਰ ਜਨਾਵਰ ਕੀਛਾਉਂ॥ ਕੇਤੇ ਖ਼ਾਕ ਹੂਏ ਨ ਪੂਛੇ ਕੋ ਨਾਉਂ॥ਚਾਲੀਗੰਜ ਜੋੜੇਨਰਾਖਿਓਈਮਾਨ ॥ ਆਖ਼ਰ ਵਕਤਕਾਰੂੰਹੂਆਪਰੇਸ਼ਾਨ ॥ ਨਦਾਨੀ ਇਹਦੁਨੀਆਂਵਾਫ਼ਾਨੀ ਮੁਕਾਮ॥ ਤੂੰਖ਼ੁਦ ਚਸ਼ਮਬੀਨੀ ਇਹਚਲਤਾ ਜਹਾਨ॥ ਹਰਵਕਤਬੰਦੇਤੂੰ ਖ਼ਿਦਮਤ ਸੰਭਾਰ॥ ਮਸਤੀਵਗਫ਼ਲਤਸੇਂ ਬਾਜ਼ੀਨ ਹਾਰ॥ਤੋਬਹ ਨ ਕੀਤੀਆ ਕਰਦਿਆਂਗੁਨਾਹ ॥ ਨਾਨਕ ਇਸ ਆਲਮ ਸੇ ਤੇਰੀ ਪਨਾਹ॥੧॥

ਜਾਂ ਸ੍ਰੀਬਾਬੇਨਾਨਕਜ਼ੀਨਸੀਹਤਨਾਮਾ ਪੜ੍ਹਸੁਣਾਇਆ ਤਾਂ ਸੁਲਤਾਨ ਹਮੀਦਕਾਰੂੰਹੈਰਾਨਹੋ ਗਿਆ ਅਤੇ ਮੋਮ ਦਿਲ ਹੋਇ ਗਿਆ ਅਤੇ ਕਹਿਣੇ ਲਗਾ ਜੋ ਜੀ ਅਸੀ ਤਾਂ ਅਜ਼ੀਮਦੁਨੀਆਂ ਵਿਚਗ਼ਰਕਹਾਂ ਖ਼ੁਦਾਇਦੀ ਦਰਗਾਹ ਵਿਚ ਅਸਾਡਾ ਕਿਆ ਹਵਾਲ ਹੋਇਗਾ । ਤੋਬਹ ਤੋਬਹ ਤੋਬਹ ਖ਼ੁਦਾਇਆ ਅਜ ਅਸਾਂਕੂੰ ਖ਼ੁਦਾਇ ਆਣ ਮਾਲੂਮ ਹੋਯਾਹੈ ਅੱਗੇ ਅਸੀਗ਼ਫ਼ਲਤ ਵਿਚ ਸੁੱਤੇ ਪਏਸੇ ਅਸਾਂਨੂੰ ਕੁਛ ਮਾਲੂਮ ਨ ਥਾ ਪਰ ਸ੍ਰੀਬਾਬਾ ਜੀ ਤੇਰਾ ਮਸਲਾ ਸੁਣਕਰ ਅਸੀ ਬਹੁਤ ਡਰੇ ਹਾਂਜੀ ਜੋ ਅਸਾਡੇ ਬਾਬ ਕਿਆ ਹੋਵੇਗਾ ਤਾਂ ਫੇਰ ਸ੍ਰੀਬਾਬਾਬੋਲਿਆ ਹੇ ਸੁਲਤਾਨ ਹਮੀਦ ਕਾਰੂੰ ਗੱਲੀਂ ਤੋ ਨੇਹ ਨਾਹੀਂ ਹੁੰਦਾ ਅਤੇ ਖ਼ੁਦਾਇਭੀ ਰੀਝਦਾ ਨਾਹੀਂ ਜਿਚਰਖ਼ੁਦਾਇ ਦੀ ਬੰਦਗੀਵਿਚ ਮੁਕੱਯਦ ਨ ਹੋਵੀਐ ਤਿਚਰਛੁਟਣਾ ਮੁਸ਼ਕਲਹੈ ਅਤੇ ਖ਼ਲਕ ਕੀ ਦੋਸਤੀ ਕੰਮ ਨਹੀਂਆਂਵਦੀ ਖ਼ਲਕ ਪਿਆਲੇ ਨਵਾਲੇ ਦੀ ਯਾਰ ਹੈ ਜਿਚਰ ਖਾਵੈ ਤਿਚਰ ਮਿੱਤ ਅਤੇ ਜੇ ਨਾ ਖਾਵੈ ਤਾਂ ਦੁਸਮਨ ਐਸਾ ਰਵੱਯਾ ਖ਼ਲਕ ਕਾ ਹੈ ਕੀ ਆਪਣੇ ਕੀ ਪਰਾਏ ਸਭ ਸੁਖ ਦੇ ਯਾਰ ਹੈਨ ਦੁੱਖ ਦਾ ਮਿੱਤ੍ਰ ਕੋਈਨਹੀਂ ਸੈਂਸਾਰ ਦੀ ਦੋਸਤੀ ਇਤਕਰ ਕੰਮ ਨਹੀਂ ਆਂਵਦੀ ਸੰਸਾਰ ਨਾਲਹੁੰ ਖ਼ੁਦਾਇ ਦੀ ਦੋਸਤੀ ਭਲੀ ਹੈ । ਤਾਂ ਸੁਲਤਾਨ ਹਮੀਦਕਾਰੂੰ ਕਹਿਆ ਜੀ ਆਦਮੀ ਦੀ ਦੋਸਤੀ ਨਹੀਂ ਹੋਇ ਆਂਵਦੀ ਅਤੇ ਖ਼ੁਦਾਇਨਾਲ ਦੋਸਤੀ ਕਿਉਂਕਰ ਕਰੀਏ ਜੀ॥ ਤਾਂ ਸ੍ਰੀ ਬਾਬੇ ਸ਼ਬਦ ਰਾਗ ਤਿਲੰਗ ਵਿਚ ਕੀਤਾ ॥ ਰਾਗ ਤਿਲੰਗ

ਦੋਸਤੀਯਾਰੇ ਦੋਸਤੀ ਦੋਸਤੀ ਸਿਰ ਪਰ ਜਾਣੈ ॥ ਹੁਕਮ ਪਛਾਣੇ ਸਾਹਕਾ ਚਲੇ ਖਸਮ ਕੇ ਭਾਣੈ ॥ ੧॥ ਰਹਾਉ॥ਦੋਸਤੀ ਤਾਂ ਪਰ ਜਾਣੀਐ ਜਾ ਰਚਮਚ ਲਾਵੇ॥ਘੁੰਡਨਕੱਢੇ ਖਸਮਸਿਉਂਸ਼ਰਮ ਸਭ ਚੁਕਾਵੈ॥ ੧॥ ਦੋਸਤੀ ਤਾਂਪਰਜਾਣੀਐਜਾਂ ਗੁਰ ਨ ਪਖਾਲੈ ॥ਹੋਇਨਿਮਾਣੀ ਪਵੈ ਝੜ ਪਵੈ ਖਸਮਕੇ ਦੁਆਰੇ ॥ ੨॥ ਜੋਰ ਨ ਲਗੇ ਦੋਸਤੀ ਨਹੀਂ ਮੁੱਲ ਬਿਕਾਵੈ ॥ ਦਗ਼ੇ ਸਿਉ ਲਾਲ ਨ ਰੀਝਈ ਜੇ ਲਖ ਜਤਨ ਕਮਾਵੈ॥ ੩ ॥ ਭਠ ਪਈ ਦੋਸਤੀ ਕਲੀ ਦੀ ਗਈ ਦੇਖਦਿਆਂਹੂ ॥ ਨਾਨਕ ਸੋਈ ਦੋਸਤੀ ਜੋ ਤੋੜ ਨਿਬਾਹੂ॥ ੪ ॥ ਜਾਂਇਤਨਾਂਸ਼ਬਦ ਸ੍ਰੀਬਾਬੇ ਜੀ ਕਹਿਆ ਤਾਂ ਪਾਤਿਸ਼ਾਹ ਕਦਮਾਂਉੱਤੇ ਢਹਿ ਪਇਆ ਅਰ ਆਖਣ ਲਗਾ ਜੀ ਜੋ ਆਪ ਹੁਕਮਕਰੋ ਸੋਈ ਕਰੀਏ ਤਾਂ ਫੇਰ ਬਾਬਾ ਜੀ ਬੋਲਿਆ ਜਿਤਨੇ ਬੰਦੀਵਾਨਹੈਨ ਤੇਰੇਬੰਦੀਖ਼ਾਨੇਵਿਚ ਸੋਤੂੰਸੱਭੇ ਛੱਡਦੇ ਤਾਂਤੇਰਾ ਦੁਹੀਂ ਜਹਾਨੀਂ ਭਲਾ ਹੋਵੇਗਾ ਅਤੇਗਰੀਬਾਂ ਉਤੇ ਜ਼ੋਰ ਜ਼ੁਲਮ ਨ ਕਰ ਤਾਂ ਤੁਧਨੂੰ ਖ਼ੁਦਾਇਦੇ ਰਾਹ

CC-0. Gurukul Kangri University Haridwar Collection. Digitized by S3 Foundation USA

ਉਤੇ ਖ਼ਬਰ ਹੋਵੇ ਤਾਂ ਸੁਲਤਾਨ ਹਮੀਦ ਕਾਰੂੰ ਆਖਿਆ ਭਲਾ ਹੋਵੇਜੀ ਜਿਤਨੇ ਬੰਦੀਵਾਨ ਥੇ ਸੁਲਤਾਨ ਹਮੀਦਕੀ ਪਾਤਿਸ਼ਾਹੀ ਮਹਿ ਸਭ ਖ਼ਲਾਸਕੀਤੇ ਨ ਕਿਸੇਗ਼ਰੀਬਉਤੇ ਜ਼ੋਰ ਜ਼ੁਲਮ ਹੋਵੇ ਸੁਲਤਾਨ ਹਮੀਦ ਕਾਰੂੰ ਲਗਾ ਖੁਦਾਇਦੀ ਬੰਦਗੀ ਕਰਨ ਅਤੇ ਨਾਲੇ ਖ਼ਰਾਇਤ ਕਰਨ ਖ਼ੁਦਾਇ ਦੇ ਰਾਹ ਉਤੇ ਖ਼ਜ਼ਾਨੇ ਖੋਲ੍ਹ ਦਿੱਤੇ ਲੰਗਰ ਲਾਇ ਦਿੱਤੇ ਹਰ ਸੂਬਿਆਂ ਵਿਚ ਜਹਾਂ ਤਕ ਰੂੰ ਮਦੀ ਪਾਤਿਸ਼ਾਹੀ ਥੀ ਸਭ ਜਗਾਂ ਅੰਦਰ ਸ੍ਰੀ ਬਾਬੇਜੀਦਾ ਸਦਕਾ ਅਮਨ ਚੈਨ ਵਰਤ ਗਿਆ ਪਾਤਿਸ਼ਾਹ ਆਖਣ ਲਗਾ ਜੋਜੀ ਹੁਣ ਅਸਾਂ ਕੂੰ ਖ਼ੁਦਾਇ ਦੇ ਮਿਲਨਦੀ ਉਮੈਦ ਹੋਈ ਹੈ ਤਾਂ ਫੇਰ ਸ੍ਰੀ ਬਾਬਾ ਬੋਲਿਆ ਜੋ ਖ਼ੁਦਾਇ ਵੱਲ ਲਗੇ ਹੈਨ ਅਤੇ ਖ਼ੁਦਾਇਦੀ ਬੰਦਗੀ ਕਰਨ ਲੱਗੇ ਹੈਨ ਤਿਨਕਾ ਸਭ ਕੰਮ ਖ਼ੁਦਾਇ ਰਾਸ ਕਰਦਾ ਹੈ ਅਰ ਖ਼ੁਦਾਇਦੀ ਮਿਹਰ ਉਸ ਪਰ ਹੁੰਦੀ ਹੈ ਤਾਂ ਸੁਲਤਾਨ ਹਮੀਦ ਕਾਰੂੰ ਕਹਿਆ ਜੋਜੀ ਤੁਸਾਂਦੀ ਮਿਹਰ ਤੇ ਖ਼ੁਦਾਇ ਪਾਈਦਾ ਹੈ ਤਾਂ ਬਾਬੇ ਜੀ ਕਹਿਆ ਹੇ ਸੁਲਤਾਨ ਹਮੀਦ ਕਾਰੂੰ ਤੁਹ ਤੇ ਖ਼ੁਦਾਇਦੀ ਮਿਹਰ ਹੋਈ ਹੈ ਅਤੇ ਅਸਾਂਦੀ ਭੀ ਮਿਹਰ ਹੈ ਨਹੀਂ ਤਾਂ ਅਗਲੇ ਕਾਰੂੰ ਵੱਡੇਵਾਂਗੂੰ ਤੂੰ ਭੀ ਹਲਾਕ ਹੋਇ ਜਾਂਦਾ ਪਰ ਹਿ ਤੁਰਤ ਚੇਤਿਆ ਤੇ ਖ਼ੁਦਾਇ ਵਲ ਆਇਓ ਤਾਂ ਫੇਰ ਸੁਲਤਾਨ ਕਹਿਆ ਜੀ ਆਪ ਕਾਦੀਦਾਰ ਫੇਰ ਕਦ ਹੋਵੇਗਾ ਤਾਂ ਸ੍ਰੀ ਬਾਬੇ ਆਖਿਆ ਹੁਣ ਤਾਂ ਅਸੀ ਮਦੀਨੇ ਕੀ ਹੱਜ ਕਉ ਆਏ ਹਾਂ ਕੋਈ ਦਿਨ ਮਦੀਨੇ ਗੁਜਰਾਂਨ ਕਰੇਂਗੇ ਤਬ ਪਾਤਸ਼ਾਹ ਭੀ ਮਦੀਨੇ ਆਯਾ ਤਬ ਮਦੀਨੇ ਮਾਹਿ ਲਗੇ ਰਹਿਨ ਜਾਂ ਕਿਤਨੀ ਕੁਮੁਦਤ ਗੁਜ਼ਰੀ ਤਾਂ ਮੱਕੇ ਦੇ ਹਾਜੀ ਅਤੇ ਰੁਕਨਦੀਨ ਹਾਜੀ ਮੱਕੇ ਦਾ ਔਰ ਜਹਾਂ ਤਕ ਪੀਰ ਜ਼ਾਦੇ ਹੈਸਨ ਅਰ ਪੀਰ ਬਹਾਵਦੀਨ ਤੇ ਆਦਿ ਲੈਕਰ ਸਭ ਮਦੀਨੇ ਕਉ ਆਏ ਅੱਗੇ ਚਾਰੇ ਇਮਾਮ ਮਦੀਨੇ ਕੇ ਜਾਇ ਕਰ ਹਾਜੀਆਂ ਕੋ ਲੈਆਏ ਜਾਂ ਮਦੀਨੇ ਵਿਚ ਆਏ ਦੇਖਨ ਤਾਂ ਕਿਆ ਦੇਖਨ ਜੋ ਦਰਵੇਸ ਨਾਨਕ ਜੀ ਕਲੰਦਰ ਧੂਆਂ ਪਾਈ ਬੈਠਾ ਹੈ ਅੱਗੇ ਮਰਦਾਨਾ ਰਬਾਬੀ ਬੈਠਾ ਸ਼ਬਦ ਗਾਂਵਦਾ ਹੈ ਤਬ ਕਾਜੀ ਰੁਕਨਦੀਨ ਮਦੀਨੇ ਕੇ ਹਾਜੀਆਂ ਪਾਸੋਂ ਪੁੱਛਿਆ ਜੋ ਇਹ ਦਰਵੇਸ਼ ਈਹਾਂ ਕਦ ਕਦਾ ਆਯਾ ਹੈ ਤਬ ਉਨੋਂ ਨੇ ਆਖਿਆ ਜੀ ਘਣੀ ਮੁੱਦਤ ਕਾ ਈਹਾਂ ਆਇ ਬੈਠਾ ਹੈ ਤਬ ਫੇਰ ਮੁਕਾਬਲਾ ਸਭ ਨਾਂ ਹਾਜੀਆਂ ਕਾ ਸ੍ਰੀ ਬਾਬੇ ਨਾਨਕ ਨਾਲ ਹੋਯਾ ਤੇ ਆਪਸ ਵਿਚ ਆਖਨ ਲੱਗੇ ਯਾਰੋ ਇਹ ਫਕੀਰ ਬਡਾ ਔਲੀਆ ਹੈ ਅਰ ਵੱਡੀ ਕਰਾਮਾਤ ਰਖਦਾ ਹੈ ਜੇ ਇਹ ਫ਼ਕੀਰ ਸਾਡੇ ਮਜ਼ਹਬ ਵਿਚ ਆਵੇ ਤਬ ਅਸਾਡੇ ਮਜ਼ਹਬ ਕਾ ਬਡਾ ਮਰਾਤਬਾ ਹੋਵੇ ਇੱਕਵਾਰ ਫੇਰ ਇਸ ਫ਼ਕੀਰ ਨਾਲ ਮੁਬਾਹਿਸਾ ਕਰੀਏ "ਖੁਦਾਇ ਆਪ ਫ਼ਰਮਾਇਆ ਹੈ ਜੋ ਨੇਕ ਰਾਹ ਵਿਚ ਕਾਫ਼ਰ ਨੂੰ ਜੋਰਾਵਰੀ ਕਰਕੇ ਭੀ ਆਣੀਐ" ਇਸ ਗੱਲ ਵਿਚ ਐਬ ਨਾਹੀਂ ਤਾਂ ਪੀਰ ਬਹਾਵਦੀਨ ਆਖਿਆ ਜੋ ਹੇ ਰੁਕਨਦੀਨ ਏਹ ਕੋਈ ਆਦਮੀ ਨਾਹੀਂ ਜੋ ਏਹ ਤੁਸਾਡੇ ਹੱਥ ਆਵੇਗਾ ਅਤੇ ਤੁਸੀ ਇਸ ਨੂੰ ਪਕੜ ਕੇ ਅਪਣੇ ਮਜ਼ਹਬ ਵਿਚ ਲਿਆਵੋਗੇ ਏਹ ਕੋਈ ਫ਼ਰੇਸ਼ਤੇ ਦੀ ਸੂਰਤ ਹੈ ਹੱਥਾਂ ਵਿੱਚੋਂ ਗ਼ਾਇਬ ਹੋਜਾਵੇਗਾ ਉਸ ਵਕਤ ਕੀ ਜਾਣੀਐ ਕੀ ਕਰੇ ਏਹ ਫ਼ਕੀਰ ਪੂਰੀ ਕਰਾਮਾਤ ਰਖਦਾ ਹੈ ਨ ਜਾਣੀਐ ਜਿਉਂ ਮੱਕੇ ਦਾ ਰੁਖ ਫੇਰ ਦਿਤਾ ਹੈਸੁ ਅਤੇ

CC-0. Gurukul Kangri University Haridwar Collection. Digitized by S3 Foundation USA

ਗ਼ਜ਼ਬ ਕਰਕੇ ਮਦੀਨੇ ਕਉ ਸਮੇਤ ਰੂੰਮ ਕਹਿਰ ਕਰ ਛੋਡੇ ਤਾਂ ਤੁਸੀ ਕਿਸਕੀ ਪਨਾਹ ਢੂੰਡੋਗੇ ਤਮਾਮਆਲਮਛਨਾਹ ਹੋਜਾਵੇਂ ਗੇ ਇਹਕੋਈ ਇਸ ਜ਼ਮਾਨੇ ਦਾ ਵਲੀ ਪੈਦਾ ਹੋਯਾਹੈ ਮੱਕੇਵਿਚ ਇਕ ਵਰ੍ਹਾਦਿਨ ਇਸਨਾਲਮੁਬਾਹਸਾ ਹੁੰਦਾਰਿਹਾਹੈ ਅਤੇ ਨਾਕਿਛੁਤੁਸਾਡਾ ਖਾਧੋਸ ਨ ਪੀਤੋਸ ਰਾਤਦਿਨ ਸੱਭੋਹਾਜੀ ਘੇਰਕੇ ਬੈਠੇਰਹੇ ਅਤੇ ਏਹ ਰੋਜ਼ੇ ਨਾਲ ਹੀ ਬਰਸਦਿਹ ਰਹਿਆ ਅਤੇ ਹੁਣ ਭੀ ਰੋਜ਼ੇ ਨਾਲਹੀ ਹੈ ਸੁ ਨਾ ਕਿਛੁ ਖਾਧਾ ਹੈ ਨ ਹਾਜਤ ਹੀ ਰਖਦਾਹੈ ਓਥੇ ਇਸਨੂੰ ਕਿਸੇ ਨ ਜਿੱਤਿਆ ਹੁਣ ਜੋ ਤੁਸੀ ਚਾਹੋ ਜੋ ਜ਼ੋਰ ਜਬਰ ਕਰ ਨਾਨਕ ਦਰਵੇਸ਼ ਨੂੰ ਜਿੱਤੀਏ ਸੋ ਏਹ ਬੇਜਾਣਿਗੱਲਹੈ ਇਸ ਬਾਤਵਿਚੋਂ ਨੁਕਸਾਨਸਾਰਿਆਂ ਆਲਮਾਂ ਕਾ ਹੈ ਅਤੇਦੂਸਰਾ "ਖ਼ੁਦਾਇ ਨੇ ਜ਼ੋਰ ਨਹੀਂ ਫ਼ਰਮਾਯਾ ਜੇਹਿੰਦੂ ਪਰ ਜੋਰ ਕਰੀਏ" ਸਭੇ ਮਿਲਕਰ ਚਾਰ ਇਮਾਮਾਂ ਪਾਸ ਚਲੋ ਜੇਹੜੇ ਚਹੁੰ ਇਮਾਮਾਂ ਪਾਸ ਮੁਸੱਲੇ ਪਰ ਬੈਠੇ ਹੈਨ ਸੱਭੇ ਮਿਲ ਕਰ ਈਦ ਦੇ ਰੋਜ਼ ਹੱਜ ਕਰੋ ਮਦੀਨੇਕੀ ਮਸੀਤਵਿਚ ਜਿਸਦਿਨ ਹੱਜ਼ ਹੋਇਗਾ ਤਿਸਦਿਨ ਏਹ ਦਰਵੇਸ਼ ਭੀ ਆਵੈਗਾ ਤਾਂ ਏਹ ਅਸਾਡੇ ਇਮਾਮ ਉਸਨੂੰ ਮਾਲਮ ਕਰਨਗੇ ਮਸਲੇ ਕਿਤਾਬ ਰੋਇ ਜਹਾਂ ਤਕ ਸਗਲੇ ਹੋ ਕਰ ਝਗੜੇ ਉਹ ਦਰਵੇਸ਼ ਹੱਥ ਆਵਣ ਦਾਨਹੀਂ ਅਰ ਹੱਜਦੇ ਰੋਜ ਸਭ ਆਮ ਖ਼ਾਸ਼ ਹਾਜੀ ਕਾਫ਼ੀ ਪਾਤਸ਼ਾਹ ਉਮਰਾਉ ਸਭ ਆਵਾਂਗੇ ਅਰ ਇਕ ਮੁਕਾਬਲਾਨਾਨਕ ਦਰਵੇਸ਼ ਨਾਲ ਫੇਰ ਕਰੇਂਗੇ॥ਜਦ ਹੱਜਕਾ ਦਿਨਆਯਾ ਤਾਂਸਭਹਾਜੀ ਹੱਜਕਉ ਜਾਇ ਅਕੱਠੇਹੋਏ ਤਬ ਹਾਜੀਆਂ ਅਤੇ ਸ੍ਰੀ ਬਾਬੇ ਦਾ ਫੇਰ ਮੁਕਾਬਲਾ ਹੋਯਾ ॥ ਸੁਆਲ ਚਾਰ ਇਮਾਮ ਸੂਰੇ ॥ ਆ ਇਮਾਮ ਕਮਾਲਦੀਨ ਨਾਲੇਸੈਦਜਮਾਲ ॥ ਬਾਉਸਆਲਮਕੁਤਬਦੀਨ ਚਾਰੋਂ ਰੁਕਨਕਮਾਲ ॥ਪੁੱਛਦੇਹਾਂਚਾਰਨਸੀਹਤਾਂ ਤਿਸਦਾ ਦੇਹ ਬਿਆਨ॥ਬੇਦੇਆਦਮ ਸ਼ਫ਼ੀਦੇ ਹਿੰਦੂ ਮੁਸਲਮਾਨ ॥ਦੁਹਾਂਅੰਦਰਸ਼ੱਕਹੈਦੁਹਵਿਚ ਸੱਚਾਕਉਣ ॥ਏਹਹਕੀਕਤਜੋਹੱਲਕਰੇ ਅਸੀਹੋਵਹਿ ਖ਼ਾਦਮ ਤਉਣ॥੧॥ਦੂਜਾ ਪੁੱਛੇ ਜਮਾਲ ਦੀਨ ਕਹੁ ਤੂੰਨਾਨਕ ਸ਼ਾਹ॥ਹਜ਼ਰਤਆਦਮਤੇਥੀਏ ਸਾਬਤ ਦੋਵੇਂਰਾਹ ॥ਹਿੰਦੂ ਮੁਸਲਮਾਨ ਦੁਇ ਕੁਫ਼ਰਤੇਇਸਲਾਮ ॥ ਦੋਵੇਂਹੁਕਮ ਜਹਾਨਵਿਚ ਦੋਵੇਂ ਜਾਨ ਇਲਾਮ॥ਅੱਗੇ ਪੈਕੰਬਰ ਖ਼ਲਕ ਵਿਚ ਅੱਗੇ ਹੈਂ ਅਉਤਾਰ॥ਤੀਜਾ ਕੇਹੜਾ ਮਜ਼ਹਬ ਹੈ ਤਿਸਕਾ ਕਹੁ ਬੀਚਾਰ ॥ ਜੋ ਆਖਹਿ ਤੀਜਾ ਪਾਕ ਹੈ ਪਾਕ ਹੈ ਪਰਵਰਦਗਾਰ ॥ ਆਦਮ ਮੂਰਤ ਹੋਇ ਕਰ ਹੋਰ ਨ ਕਰੇ ਕਰਾਰ॥ ਪਿੱਛੇ ਜਮਾਨੇ ਜੋ ਥੀਏ ਕਾਫ਼ਰਾਂਦੇ ਅਵਤਾਰ॥ ਹੁਣ ਥੀਏਹਨ ਮਨਸੂਖ ਸਭ ਅਮਲ ਮੁਹੰਮਦ ਯਾਰ॥ਜੇਤਾ ਕੀਆ ਬਿਆਨ ਤੁਹਿ ਅਸਾਂਥੀਂ ਅੱਗੇ ਆਇ॥ ਜਾਦੂ ਕਰਕੇ ਹਿੰਦੂਆ ਦਿੱਤੋ ਹੀ ਮੱਕਾ ਫਿਰਾਇ॥ਸ਼ਰਤਾਂਹਿੰਦੂ ਤੁਰਕ ਦੀਆਂ ਫਿਰ ਨਉ ਸਿਰ ਕਰੇਬਿਆਨ॥ਤੈਂ ਕੀਤੇ ਜੋ ਮਨਸੂਖ ਦੁਇ ਹਿੰਦੂ ਮੁਸਲਮਾਨ ॥ ਹਿੰਦੂ ਰਹਿਨਨ ਪਾਸਣੀ ਜੋ ਰੱਦ ਰਸੂਲ ਖ਼ੁਦਾਇ॥ਨਉਬਤ ਮੁਸਲਮਾਨ ਦੀ ਵੱਜੀ ਹੈ ਹੁਣ ਆਇ॥ ਅਸੀਂ ਪੁੱਛਦੇ ਹਾਂਤਕਰਾਰ ਕਰ ਕਰਹੁ ਤਸੱਲੀ ਏਹ॥ਅਸੀਭੀ ਛੱਡਦੇ ਨਾਹਿਤੁਹਿ ਬਿਨ ਸੱਚੇ ਸੁਣੇ ਸਨੇਹ॥੨॥ਤੀਜਾਪੁੱਛੇਗ਼ਉਸਦੀਨ ਕਰਕੇਬਹੁਤਕਰਾਰ॥ ਅੱਗੇਰਸੂਲਖ਼ੁਦਾਇ ਅੱਗੇ ਚਾਰੋਂ

CC-0. Gurukul Kangri University Haridwar Collection. Digitized by S3 Foundation USA

ਧਾਰ॥ਤੁਹਿ ਕੁਛਜਾਤਾ ਹੋਰਹੈ ਉਹ ਭੀ ਦੇਹ ਬੀਚਾਰ॥ਅੱਗੇ ਹਿੰਦੂਜਹਾਨ ਵਿੱਚ ਹੁਣਆਧਾ ਮੁਸਲਮਾਨ॥ਦੁਹਾਂ ਵਿਚਹੁ ਜੋ ਰੱਦ ਥੀਆ ਤਿਸ ਕਉ ਕਰੇ ਸ਼ੈਤਾਨ॥ਦਿੱਤਾ ਭਿਸ਼ਤੋਂ ਡਾਲਕੇ ਥੀਆਨਾਮ ਅਬਲੀਸ॥ਲਿਖਿਆ ਵਿੱਚਕੁਰਾਨਦੇ ਆਖਿਆ ਨਬੀਹਦੀਸ॥੩॥ਚਉਥਾਬੋਲੇ ਕੁਤਬਦੀਨ ਦੇਹਸੱਚਾ ਬੀਚਾਰ॥ਸਬਨਾਂਉੱਪਰਕਲਾਮ ਰੱਬਸਭਮੁੱਲਾਂਕਰਹਿ ਪੁਕਾਰ॥ਕੰਨੀ ਪਵੇ ਬੁਲੇਲ ਜਿਸ ਹੋਵੈ ਗੁਨਾਹਾਂ ਪਾਕ॥ਕਾਇਮ ਹੋਵੈ ਕਿਆਮਤੀ ਫੇਰ ਨ ਮਿਲੇ ਤਲਾਕ ॥ ਪੰਜਨਿਮਾਜ਼ਾਂ ਪੰਜਵਕਤ ਰੋਜ਼ੇ ਤ੍ਰੀਹ ਪਛਾਨ॥ਚਾਰ ਇਮਾਮ ਚਾਰਮਜ਼ਹਬ ਜਾਨਹਿ ਮੁਸਲਮਾਨ॥ਤੁਹਿ ਕਿਉਂ ਸੱਭੇ ਰੱਦ ਕੀਏ ਕੀ ਕਰਕੇ ਤਭਬੀਰ॥ਇਨਾਂ ਦੀ ਕਰ ਤਸੱਲੜੀ ਨਹੀਂ ਦੇਂਦੇਨੀ ਤਾਜ਼ੀਰ॥ਬਿਨਕੀਤੇ ਤਸੱਲੜੀ ਫੁੱਟੇਂ ਕਿਸੇ ਨ ਜਾਇ॥ਪੰਜਵੀਂ ਕਉਣ ਕਿਤਾਬਹੈ ਅਸਾਂ ਭੀ ਪੜ੍ਹ ਸਮਝਾਇ॥ਚਾਰ ਇਮਾਮ ਚਾਰ ਮਜ਼ਹਬ ਚਾਰੋਂ ਦੇਖ ਇਮਾਮ॥ਅੱਵਲ ਕਰਹੁ ਤਸੱਲੜੀ ਪਿਛੋਂ ਕਰਹ ਕਲਾਮ ॥੪॥੧॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਸ਼ਾਹ ਸੱਚ ਸੁਣਹੋ ਚਾਰ ਇਮਾਮ॥ਸੈਦ ਕਮਾਲਜਮਾਲਦੀ ਕੁਦਰਤੀਗ਼ਉਸਲਜਾਨ॥ਅੱਵਲ ਇਕ ਖੁਦਾਇਸੀ ਦੂਜੀ ਕੁਦਰਤਿ ਕੀਨ॥ਤੀਜੇਫ਼ਕਰ ਖੁਦਾਇਹੈਂ ਸੱਚ ਪਰ ਜਿਨਾਂ ਯਕੀਨ॥ ਹਿੰਦੂ ਮੁਸਲਮਾਨ ਦੁਇ ਕੇਹੜੀ ਵਿੱਚ ਕਤਾਰ॥ਦੁਹਾਂਦਾਵਾ ਪਕੜਿਆ ਮਰਦੇ ਝਗੜਗਵਾਰ ॥ ਠਹਿਕਨ ਚੂਲਾਂ ਬਾਂਸ ਜਿਉਂ ਆਤਸ਼ ਪੈਦਾ ਹੋਇ ॥ ਆਤਸ਼ ਗੁੱਸਾ ਸ਼ੈਤਾਨ ਹੈ ਜਲ ਬਲ ਮਰਦੇ ਦੋਇ॥ਲਿਖਿਆ ਕਿਸ਼ ਕਿਤਾਬ ਵਿੱਚ ਦਾਵਾ ਰਾਮਰਸੂਲ॥ਸੋਧਹੁ ਚਾਰਕਿਤਾਬਵਿਚ ਸੋਧਹਦੀਸ ਮਸੂਲ॥ਇੱਕ ਖੁਦਾਇਕੁਦਰਤ ਦੂਸਰੀ ਮਿਲਹਿੱਸੇ ਹੋਇ ਆਇ॥ਪੈਦੇ ਦੁਹਥੀਂ ਕੀਹੋਇਹੈ ਦੇਹੋ ਸੱਚ ਬਤਾਇ॥ਦੁਹਥੀਂ ਉਪਜੀਆਂ ਦਾਨਸ਼ੀ ਹੋਏ ਚਾਰ ਕਤੇਬ॥ਚਾਰੇਕਉਲ ਖੁਦਾਇਦੇ ਚੌਹਾਂ ਇਕੋ ਭੇਦ॥ਹੁੱਜਤਰਾਹ ਸ਼ੈਤਾਨਦਾ ਕੀਤਾ ਜਿਨਾਂ ਕਬੂਲ॥ਸੋਦਰਗਹਵੋਈਨ ਲਹਨਭਰੇ ਨ ਸਫ਼ਾਤ ਰਸੂਲ॥ਦਾਵਾ ਛੱਡਹੁ ਇਮਾਮ ਜੀ ਆਪਾ ਤਮਕਮਿਟਾਇ॥ਨੇੜੇਮੂਲ ਨਆਵਈਦੋਜ਼ਕਸੰਦੀਭਾਇ॥ਦੁਹੀਂ ਸਿਰੀਂ ਇਕਰੱਬਹੈਹੋਰਨਦੂਜਾਜਾਨ॥ਹਿੰਦੂਮੁਸਲਮਾਨ ਦੁਇ ਸੁਰਤ ਜਾਨ ਸ਼ੈਤਾਨ॥ਤੀਜਾ ਮਜ਼ਹਬ ਪਾਕਹੈ ਜੇਦਾਵਾ ਕਰੇ ਨ ਮੂਲ॥ਲਿਖਿਆ ਵਿਚ ਕਿਤਾਬਦੇ ਕਹਿਆ ਖੁਦਾਇ ਰਸੂਲ ॥ ਗੁੱਸਾ ਕਰਕੇ ਜਲਮਰਨ ਦੁਨੀ ਵਲੇਵੇਕਾਮ ॥ ਦੁਹਾਂ ਮਜ਼ਹਬਾਂ ਤੇ ਗਏ ਭਰੇ ਨ ਮੁਰਸ਼ਦ ਹਾਮ ॥ ੨ ॥ ਸੁਆਲ. ਬਾਬਾ ਨਾਨਕਸ਼ਾਹ ਸੂਰਾ ॥ ਆਖੇ ਨਾਨਕਸ਼ਾਹ ਸਚ ਸੁਨਹੁ ਚਾਰ ਇਮਾਮ॥ਰਾਜ ਤੁਸਾਡਾ ਦੁਨੀਪਰ ਕਰਹੁ ਅਦਾਲਤਬਿਆਨ ॥ਕਾਜ਼ੀਮੁਫ਼ਤੀ ਤੁਸਾਡਿਓ ਮੀਰਮਲਕਪਾਤਿਸ਼ਾਹ॥ਹੁਕਮ ਤੁਸਾਡਾ ਦੁਨੀਪਰਅਪਨੇ ਚਲਾਏ ਰਾਹ॥ਅੱਵਲ ਚਾਰ ਇਮਾਮ ਸਨ ਹਾਬੀਲ ਕਾਬੀਲ ਜਾਨ॥ ਈਰਜ ਤੂਰਜ ਚਾਰ ਭਾਈਆਂ ਚਾਰੋਂ ਪਾਕ ਇਮਾਮ ॥ ਪਿੱਛੇ ਹੋਰ ਜੋਥੀਏ ਪੈਕੰਬਰ ਗਿਣਤੀਗਣੀ ਨਜਾਇ॥ਇੱਕ ਪੈਕੰਬਰ ਚਾਰ ਯਾਰ ਸਨ ਧੁਰਦੀ ਚਲਦੀ ਆਇ॥ਅੱਵਲ ਪੈਕੰਬਰਖੁਦਾਇਸੀ ਨਾਲੇ ਚਾਰੋਂ ਯਾਰ॥ ਬਾਦੀ ਆਬੀ ਆਤਸ਼ੀ ਖ਼ਾਕੀ ਚਾਰਬਿਚਾਰ॥ਫਿਰ ਸਾਜਿਓਸ ਆਦਮਸ਼ਫ਼ੀਨੂੰਹੋਆਪੁਸ਼ੀਦਾ

CC-0. Gurukul Kangri University Haridwar Collection. Digitized by S3 Foundation USA

ਆਖ॥ਨਾਉਹ ਜੰਮਿਆ ਕਿਸ ਜਾਇਆ ਨ ਕੋਈ ਮਾਇ ਨ ਬਾਪ॥ ਸੁਣ ਪੈਕੰਬਰ ਮੁਸਤਫ਼ਾ ਤਿਸਦੇ ਚਾਰੋਂ ਯਾਰ ॥ ਉਮਰ ਖ਼ਿਤਾਬ ਅਬੂਬਕ੍ਰ ਉਸਮਾਨ ਅਲੀ ਬੀਚਾਰ ॥ ਚਾਰੋਂ ਯਾਰ ਮੁਸੱਲਮੀ ਚਾਰਮੁਸੱਲੇਕੀਨ॥ ਪੰਜਵਾਂਨਬੀਰਸੂਲਹੈ ਜਿਨਕੀਤਾ ਸਾਬਤ ਦੀਨ॥ਇਨਾਂਪਿਛੇ ਇਮਾਮਚਾਰ ਆਜ਼ਮਸ਼ਾਫ਼ੀਜਾਨ॥ ਮਾਲਕਅਹਿਮਦਆਖੀਅਨਸਾਬਤ ਚਾਰਇਮਾਮ॥ਚਾਰ ਇਮਾਮ ਮੁਸੱਲਮੀ ਕਦੀ ਨ ਆਵਹਿਜਾਹਿ॥ਜੋਇਨਾਂਫੁਰਮਾਇਆ ਕਹੁ ਤੁਮ ਕਉਨ ਚਲਾਏ ਰਾਹਿ॥ਕੀਤੀਆਂ ਕਉਨ ਅਦਾਲਤਾਂ ਸੱਚ ਸੁਣਾਵਹੁ ਮੋਹਿ॥ਜੋਲਿਖਿਆ ਚਾਰਕਿਤਾਬ ਵਿਚ ਸੱਭ ਖੋਲ ਸੁਣਾਵਹੁ ਤੋਹਿ ॥ ੩ ॥ ਜ਼ਵਾਬ ਗ਼ਉਸਦੀਨ ਇਮਾਮ ਸੂਰਾ ॥ ਆਖੇ ਇਮਾਮ ਗ਼ਉਸਦੀਨ ਪੜ੍ਹ ਅਹਿਮਦਦੀ ਕਿਤਾਬ॥ਕਰੇ ਗੁਨਾਹਿ ਕਬੀਰ ਜੋ ਤਿਸਨੋਵੱਡੇ ਅਜ਼ਾਬ॥ਜੋ ਹਾਨਤ ਕਰੇ ਖ਼ੁਦਾਇਦੀ ਹਾਨਤ ਕਰੇ ਰਸੂਲ॥ਫਿਰਓਹੀਈਮਾਨ ਤੇ ਮੰਨੇ ਨ ਕੁਰਾਨਰਸੂਲ ॥ਦੂਜਾ ਕਬੀਰਗੁਨਾਹਿ ਹੋਰ ਤਿਸਦੀ ਸੁਣ ਤਦਬੀਰ॥ਧੀਭੈਨ ਸਕੀ ਮਾਉਸੋਂ ਕਰੇ ਗੁਨਾਹ ਅਸੀਰ॥ਤਿਨਾਂ ਸ਼ਬੀਹ ਕਰਕੇ ਮਾਰੀਏ ਕੱਖੀਂ ਅਗਨਿ ਜਲਾਇ॥ਧੂਹੀਐਸਾਰੇ ਸ਼ਹਿਰਵਿਚ ਵੰਗੀਂ ਰੱਸਾ ਪਾਇ॥ਫਿਰ ਸੁੱਟੀਐ ਜਾਇ ਉਜਾੜ ਵਿਚ ਕਉਏ ਕੂੰ ਰ ਖਾਇ॥ਕਰੇ ਕਬੀਰੀ ਗੁਨਾਹਿ ਜੋ ਤਿਸ ਦੀਜੈ ਇਹ ਸਜਾਇ॥ਇਕ ਕਬੀਰ ਗੁਨਾਹ ਹੈਨ ਕਿਵੈਨਬਚਨਾ ਹੋਇ॥ ਕਾਫ਼ਰ ਹੋਏ ਮੁਸਲਮਾਨ ਦੋਹਾਂ ਵਿਚੋਂ ਕੋਇ ॥ ੪ ॥ ਜ਼ਵਾਬ ਇਮਾਮ ਦੂਜਾ ਸੂਰਾ ॥ ਸੁਣਹੁ ਨਾਨਕਸ਼ਾਹ ਸਚ ਆਖੇ ਕੁਤਬੁਲ ਦੀਨ॥ਆਦਮ ਸੜਿਆਂ ਅਜ਼ਾਬ ਹੈ ਜੇ ਹੋਵੇਵਡਾ ਬਿਦੀਨ॥ਇਮਾਮ ਮਲਕ ਆਖਿਆ ਲਿਖਿਆ ਵਿੱਚ ਕਿਤਾਬ ॥ ਪਹਿਲੇ ਗਰਦਨ ਮਾਰੀਐ ਸੰਗਸਾਰੀਂ ਦੇਇ ਅਜ਼ਾਬ॥ਬੰਦ ਬੰਦਪਿਛੋਂ ਕੀਜੀਏ ਚਹੁਕੁੰਟੀਂ ਦੇਇ ਟੰਗਾਇ॥ਹੋਰਤਜੀਰ ਨ ਇਸਨੂੰ ਬਿਨ ਮਾਰੇ ਨਾ ਜਾਇ ਗੁਨਾਹਿ ॥ ੫ ॥ ਜ਼ਵਾਬ ਇਮਾਮ ਤੀਜਾ ਸੂਰਾ ॥ ਆਖੇ ਇਮਾਮ ਜਲਾਲਦੀ ਪੜ੍ਹ ਸ਼ਾਫ਼ੀ ਕਿਤਾਬ ॥ ਆਦਮ ਸੂਰਤ ਰੱਬ ਦੀ ਇਹ ਲਾਇਕ ਨਹੀਂ ਅਜ਼ਾਬ॥ਸਾੜਨ ਮਾਰਨ ਅਜਾਬ ਹੈ ਰਹੇ ਬੰਦ ਮੁਦਾਮੀ ਇਹ॥ਖਾਣਾ ਦੇਵੋਲੋਣਬਿਨ ਲਾਵਨ ਨਾਲੇ ਦੇਇ॥ਵਿੱਚੇ ਮਾਰੇਬੰਦਦੇ ਇਹਸਭਤੇ ਵੱਡਾ ਅਜ਼ਾਬ॥ਲਿਖਿਆ ਵਿਚਕਿਤਾਬ ਦੇ ਹੋਇ ਗੁਨਾਹ ਥੀਂ ਪਾਕ ॥ ੬ ॥ ਜ਼ਵਾਬ ਇਮਾਮ ਚਉਥਾ ਸੂਰਾ ॥ ਕਹੇ ਇਮਾਮ ਕਮਾਲਦੀ ਪੜ੍ਹਿਆ ਜੰਮਦੀ ਕਿਤਾਬ॥ਸਾਹਿਬਆਦਮ ਸਿਰਜਿਆਦਿਤੋਸੁ ਵਡਾਖਿਤਾਬ॥ ਕੀਤੋਸੁ ਅਪਣੇਤੁੱਲ ਫਿਰਦਿਤੋਸੁ ਤਖਤਸੁਭਾਨ॥ਸਿਜਦਾ ਕੀਤਾਮਲਾਇਕਾਂ ਇੱਕਨਿਵਿਆ ਨਾਹਿ ਸ਼ੈਤਾਨ॥ਰੰਨਹੁ ਦੁਖਤਰ ਸਾਜਕੇ ਨਾਲ ਕੀਤੋਸੁ ਤਿਸ ਜ਼ਨਾਹਿ॥ਜੋੜੇਜੰਮੇ ਚਾਰ ਤਬ ਇੱਕ ਦੂਜੇ ਦੀਆ ਵਿਆਹਿ॥ਓਸਦਾ ਜੋੜਾ ਉਸਨੂੰ ਅਦਲਾ ਬਦਲਾਕੀਨ ॥ ਅੱਵਲਆਦਮ ਇਉਂ ਕੀਆਤਿਸਪਰਕਰੋਯਕੀਨ॥ਇਕਥੀਂਇਕਏਹਕੀਆਮਸਲਾਨਾਮਨਜ਼ੂਰ॥ਧੀਅਭੈਣ ਸਕੀ ਹਰਾਮਹੈ ਹੋਰ ਕਹੀ ਹਲਾਲ ਰਸੂਲ॥ਨਾਮਾਰੀਐਨ ਸਾੜੀਐ ਨਾਹਿਦੀਜੈ ਬੰਦੀਮਾਹਿ ॥ਕਰਕੇ ਰੋਇ ਸਿਆਹ ਤਿਸ ਸਭ ਮੁਲਕਾਂ ਵਿਚਫਿਰਾਹਿ॥ਦੇਹਿ ਸਜ਼ਾਇ ਤਾਂ ਜਾਨੀਆਂਹੱਦ

CC-0. Gurukul Kangri University Haridwar Collection. Digitized by S3 Foundation USA

ਥਿਤ ਓਹੀ ਵਾਰ॥ ਓਹੀ ਸਮਾਂ ਸਾਇਤ ਓਹੀ ਧਰਿਆ ਨਿਛੱਤ੍ਰ ਸੁਮਾਰ॥ ਦੁਖ ਸੁਖ ਖਾਨਾ ਪੀਵਣਾਂ ਨੇਕੀ ਬਦੀ ਵਿਚਾਰ॥ ਪਲ ਅਛਾਈ ਸੂਤਕਾ ਮਸੜਕ ਲਿਖਿਆ ਕਰਤਾਰ ॥ ਸਿਰਤਲਵਾਯਾ ਸ਼ਿਕਮ ਵਿਚ ਲਿੱਖੇ ਸਾਨੀ ਲੇਖ ॥ ਕੋਈ ਮੇਟ ਨਾ ਸੱਕਦੀ ਕਰਮ ਕਾਲ ਕੀ ਰੇਖ॥ ਕਉਣ ਮਸ ਭਾਕਾ ਲਿਖੇ ਕੌਣ ਥਿਤ ਕੌਣ ਵਾਰ ॥ ਕਉਣ ਸਿਰੁਤੀ ਮਾਹ ਕੌਣ ਕੀਤਾ ਰੱਬ ਅਕਾਰ ॥ਨਉ ਮਹੀਨੇ ਗਰਭ ਕੁੰਡ ਲਟਕੇ ਫਲਕੀ ਭਾਂਤਿ॥ ਪੈਰ ਉ ਸਿਰੁ ਕਰ ਤਲੇ ਕੋ ਨਾ ਸੁਖਦਿਹੇ ਨਰਾਭ॥ ਸਿਮਰਨ ਕਰਤਾ ਉਰਧ ਮੁਖ ਪਲ ਪਲ ਸਾਸੋਂ ਸਾਸ ॥ ਜੇ ਇਕ ਪਲ ਰੱਬ ਨਾ ਜਪੇ ਭਪ ਜੁੱਸਾ ਹੀ ਜਲ ਜਾਸ ॥ ਜੋ ਕੁਛ ਮਾਦਰ ਖਾਇ ਪੀਅ ਭਾਂਤੇ ਜੋ ਰਸ ਹੋਇ ॥ ਨਾੜੇਂ ਧਿਰੇ ਹੋਇਕਰ ਅੰਦਰ ਜਾਵੇ ਸੋਇ ॥ ਨਾਰਾਲਗਾ ਨਾਭਸੋਂ ਜੈਸੇ ਵਲਕੀ ਭਾਂਤਿ ॥ ਬਾਦਿ ਆਬਿ ਅਰ ਨਾਰ ਮਹਿ ਪੱਕੇ ਦਿਨ ਅਰ ਰਾਤਿ॥ ਗੁੱਥੀ ਅੰਦਰ ਭਨ ਰਹੇ ਮਨੀਖੂਨ ਕੇ ਮਾਹਿ॥ ਹਿਰਦੇ ਅੰਦਰ ਜਪ ਕਰੇ ਬਾਹਿਰ ਕਿਸ ਬਿਧਿ ਜਾਹਿ॥ ਜੋਗ ਰਿਆਜ਼ਤ ਤਪ ਕਰੇ ਸੁਰਤ ਖਸਮ ਕੇ ਬੀਚ॥ ਤਾ ਸੁਛਹਿ ਤ੍ਰੈਅ ਲੋਅ ਤਿਹ ਅਚਰਜ ਹੈ ਜਗਦੀਸ ॥ ਸਤਿਨਾਮ ਮੁਖ ਜਪ ਕਰੇ ਹਉਂ ਨਾਹੀਂ ਤੂੰ ਆਹਿ॥ ਨਉ ਮਾਸ ਤਿਉ ਅਗਨ ਮਹਿ ਫਿਰ ਚੱਲਿਆ ਬਾਹਿਰ ਚਾਹਿ ॥ ਸਾਹਿਬ ਸਿਉਂ ਬਿਨਤੀ ਕਰੇ ਵਿਸਰ ਨ ਸਾਸ ਗਰਾਸ ॥ ਤੁਝ ਬਿਨ ਮੇਰਾ ਕੋਇ ਨਹੀਂ ਜੀਉ ਪਿੰਡ ਸਭ ਤਾਸ॥ ਕੀਨੀ ਵਾ ਚਾ ਖਸਮਸੋਂ ਮਨਹਿਤ ਤੁਧੈ ਧਿਆਇ॥ ਗੁੱਥੀ ਤੋੜੀ ਅੰਦਰੋਂ ਬਾਦਿ ਛਕੋਰਾ ਲਾਇ ॥ ਬਾਦ ਲਪੇਟਿਆ ਚਲਿਆ ਦਉੜ ਭਾਲਕੇ ਦੁਆਰ॥ ਮਾਦਰ ਦੁਖ ਪੁਕਾਰਿਆ ਕਹਾਂ ਕੀਉ ਕਰਤਾਰ॥ ਭੰਦ ਜਿਵੇਂ ਛਿਕ ਕਾਢਿਆ ਜਿਉਂ ਲੋਹੇ ਜੰਤੀ ਮਾਹਿ ॥ ਮਾਦਰ ਪਿਸਰ ਦੁਖ ਲਗਾ ਨਰਕ ਨੀਸ਼ਾਨੀ ਆਹਿ ॥ ਨੇਕੀ ਬਦੀ ਸਿਰ ਪੰਡ ਲੈ ਬਾਹਿਰ ਨਿਕਲਿਆ॥ ਲਗਾ ਟਹੋਲਾ ਸੀਸ ਪਰ ਦੁਨੀਆਂ ਛਿਕ ਲਿਆ॥ ਅੰਦਰ ਦੇਖਿਆ ਔਰ ਕਿਛੁ ਜਿਕਰ ਕੀਆ ਕਿਛੁ ਔਰ॥ ਬਾਹਰ ਆਯਾ ਜਹਾਨ ਵਿਚ ਫੇਰਿਆ ਆਕੇ ਦੌਰ ॥ ਤਬ ਲਗਾ ਹਉਂ ਹਉਂ ਕਰਨ ਹਉਂ ਹੀ ਹਉਂ ਹੀ ਹੁਆ ਹਿ॥ ਇਸ ਵਿਚਾਰੇ ਦੋਸ਼ ਕੀ ਤੁਖਮੀ ਐਸਾ ਪਾਹਿ॥ ਮਾਯਾ ਮਮਤਾ ਮੋਹ ਕੀ ਦੇਹ ਰਚੀ ਜਗਦੀਸ ॥ ਬ੍ਰਹਮਾ ਬਿਸ਼ਨ ਮਹੇਸ਼ ਤਹਿ ਸਾਜ ਕੀਆ ਸਭ ਬੀਚ॥ ਕ੍ਰੋੜ ਤੇਤੀਸ ਦੇਵਤਾ ਸਭ ਕੁਛ ਦੇਹੀ ਮਾਹਿ॥ ਸਾਹਿਬ ਸਗਲੀ ਸ੍ਰਿਸ਼ਟਕਾ ਭੰਭਲਭੂਸੇ ਖਾਹਿ॥ ਜੋਸ ਮਿਰੀ ਖੰਡ ਕੀ ਪਿੰਡੇ ਹੀ ਵਿਚ ਕੀਨ ॥ ਅਸਟ ਦਸ਼ਾ ਸਿਧਿ ਨਉ ਨਿਧੀਆਂ ਸਾਹਿਬ ਕਰਤਲ ਦੀਨ ॥ ਚਾਰ ਪਦਾਰਥ ਸਗਲ ਗੁਨ ਨਾਮ ਦਾਨ ਇਸ਼ਨਾਨ ॥ ਸਤਿਨਾਮ ਅਕਾਲ ਪੁਰਖਕਾ ਮੰਤ੍ਰ ਮਿਲਿਆ ਤਬ ਦਾਨ॥ ਇਹ ਹੀ ਤੁਮ ਕੋ ਤਾਰਸੀ ਨਿਸ਼ਦਿਨ ਜਪਰੇ ਮੀਤ॥ ਈਹਾਂ ਹਉਂ ਹਉਂ ਕਰ ਉੱਠਿਆ ਭਈ ਬੁੱਧਿ ਬਿਪ੍ਰੀਤ ॥ ਲੇਖ ਲਿਖਾਇਆ ਥਾ ਸਿੱਧ ਜੋ ਸਿੱਧਾ ਨ ਬਾਹਿਰ ਹੋਇ ॥ ਸਿੱਧੇ ਕੇ ਅਪੁੱਠਾ ਭਯਾ ਤਾਲਿਆਂ ਨੂੰ ਬਹਿ ਰੋਇ ॥ ਅੰਦਰ ਕੂਕੇ ਤੂੰਹ ਤੂੰ ਬਾਹਿਰ ਹਉਮੈ ਹੋਇ॥ ਕਿਉਂ ਕਰ ਲੇਖ ਮਿਟਾਈਅਹਿ ਤਕਬੀਰ ਨ ਛਾਡੇ ਤੋਹਿ ॥ ਮੁਰਸ਼ਦ ਸ਼ਰਨੀ ਜੋ ਪਵਹਿ ਕਰਮੀ ਸੀਸ ਨਿਵਾਇ॥ ਕਰ ਇਤਬਾਰ ਖੁਦਾਇ ਤੇ ਧੁੜੀ ਲੇਖ

CC-0. Gurukul Kangri University Haridwar Collection. Digitized by S3 Foundation USA

ਮਿਟਾਇ ॥ ਸਿੱਧਾ ਮਾਰਗ ਰੱਬ ਦਾ ਜ਼ਿਮੀਕਾਬੁਤ ਬਤਾਇ॥ ਪਗ ਤਲਹਿ ਇਮ ਹੋਨ ਜਬ ਤਬ ਮਸਤਕ ਲਗੇ ਆਇ॥ ਉਲਟਾ ਖੇਲ ਖਸਮ ਕਾ ਕਦਮੋਂ ਸੀਸ ਝੁਕਾਇ॥ ਸਿਰ ਤਲੇ ਪੈਰ ਉਪਰਹਿ ਤਬ ਮਾਰਗ ਸੀਧਾ ਪਾਇ॥ ਹਉਮੈਂ ਛੱਡੇ ਜਾਪ ਜਬ ਤੂੰਤੂੰ ਜਾਪ ਕਰੇਇ॥ ਫਿਰ ਕਰਮ ਨ ਲਾਗੂ ਹੋਇ ਤਿਸ ਸੀਧਾ ਲਿਖੇ ਪੜ੍ਹੇ॥ ਭਲਾ ਬੁਰਾ ਦੁਇ ਲੇਖਥਾ ਥੋੜੇ ਲਿਖ ਪਾਇਆ॥ ਧੁੜੀ ਬੁਰਾ ਮਿਟਾਇਆ ਸੁਭੁੱਖ ਸੋਭਾਇਆ॥ ਸੀਸ ਨਿਵਾਇਆਂ ਏਹ ਫਲ ਸੁਣਹੁ ਰੁਕਨਦੀਨ॥ ਹੋਣੀ ਮੇਟੇ ਈਉਂ ਰੱਬ ਮਨ ਤੇ ਕਰਹੁ ਯਕੀਨ ॥ ਪੰਚ ਭੱਤ ਪਰਵਾਣ ਪਰ ਛੀਵਾਂ ਸੱਚ ਮਿਲਾਇ ॥ ਸਭਨਾਂ ਸੀਸ ਨਿਵਾਇਆ ਧਰਤੀ ਅੱਗੇ ਆਇ ॥ ਜਿਸ ਗੁਰੁ ਰਤ ਮਨ ਕਰੀ ਸੋਇ ਭਇਆ ਸ਼ੈਤਾਨ॥ ਨਾ ਜੀਵਹਿ ਨਾ ਮਰ ਸਕਹਿ ਆਤਸ਼ ਵਿਚ ਹੈਰਾਨ ॥ ਹੁਕਮ ਸਾਹਿਬ ਦਾ ਫੇਰਿਆ ਕਿਉਂ ਕਰ ਹੋਵੇ ਸੁਖ ॥ ਜਮ ਦੰਡ ਸਿਰੋਂ ਨ ਉੱਤਰੇ ਆਈਐ ਜਾਈਐ ਦੁਖ॥ ਸਾਹਿਬ ਦਾ ਇਹ ਹੁਕਮ ਹੈ ਪੈਰੀ ਪਉਣ ਨ ਛੋਡ॥ ਸਤਗੁਰ ਭਾਰੀਆਂ ਉੱਮਤੀਂ ਤੇਤੀ ਲੱਖ ਕਰੋੜ ॥ ਧਰਤੀ ਮੱਥਾ ਟੇਕਿਆ ਕਾਜ ਸੁਹੇਲਾ ਹੋਇ॥ ਜਾਂ ਪਹਿਲੋਂ ਧੁੜੀ ਮੰਗੀਐ ਭਾਂ ਪਿੱਛੋਂ ਮੰਗੇ ਲੋਇ ॥ ਸਿਰ ਮੁਕੱਦਰਾਂ ਦੇ ਹੈ ਲਿਖਿਆ ਮੱਥਾ ਟੇਕ॥ ਮੁਹਰਉ ਪੱਠੀ ਖੋਦਿਆ ਨਿਆਹੀ ਸਿੱਧਾ ਲੇਖ॥ ਸੀਸ ਨਿਵਾਏ ਅੰਦਰੋਂ ਨਿਵਿਆਂ ਸੋ ਪਰਵਾਨ॥ ਇਥੇ ਮਿਲਨ ਵਡਿਆਈਆਂ ਦਰਗਹਿ ਪਾਵਹਿ ਮਾਨ ॥ ਕਪਟ ਨ ਅੰਦਰ ਰਖੀਐ ਧਰਤੀ ਸੀਸ ਨਿਵਾਇ ॥ ਕਰ ਇਤਬਾਰ ਖੁਦਾਇ ਤੇ ਨਹਿ ਪਿਛੇ ਜਮ ਰਾਹਿ॥ ਵਡਾ ਪਾਣੀ ਜੀਉ ਹੈ ਜੀਆਂ ਜੀਉ ਕਰਾਇ॥ ਜਿੰਦਾ ਪੀਰ ਬਖਾਣੀਐ ਸਭ ਕਾ ਵੱਡਾ ਕਹਾਇ॥ ਪਾਣੀ ਓਂ ਹੋਯਾ ਮਾਨਸ ਰਹੰਸਾਂ ਚੋਗ ਚੁਗਾਇ॥ ਨਉ ਸੈ ਨਦੀ ਨਵਿੰਨਵੈ ਸਪਤ ਸਮੁੰਦ ਵਹਾਇ ॥ ਪਾਣੀ ਧਰਤੀ ਹੇਠ ਹੈ ਉਤੇ ਧਰਤੀ ਧਰਾਇ ॥ ਧਰਤੀ ਉਤੇ ਅਸੰਖ ਜੀਉ ਗਲਿ ਚਲਿ ਮੂਲ ਨ ਖਾਇ॥ ਪਾਣੀ ਅੰਤਰ ਏਹ ਗੁਣ ਅੰਤ ਵਹੀ ਹਵਾਇ॥ ਸੀਸ ਨਿਵਾਇ-ਓਸ ਧਰਤ ਨੋਂ ਲਈ ਓਸ ਨਾਹਿ ਕੁਬਾਣ॥ ਬੂੰਦ ਅਕਾਸੋਂ ਉਬਰੈ ਨਿਵੈ ਧਰਤੀ ਅੱਗੇ ਆਣ ॥ ਅਪਣਾ ਆਪ ਸੰਕੋਚ ਕੈ ਵਿਚ ਲੈਂਦੀ ਧਰਤ ਸਮਾਇ॥ ਦੂਜਾ ਗੁਣ ਹੈ ਪਵਣ ਦਾ ਸੁਣਹੁ ਮੇਰੇ ਮਿੱਤ ॥ ਮਨ ਹਿਤ ਸੀਸ ਨਿਵਾਇਦਾ ਧਰਤੀ ਅਗੈ ਨਿੱਤ ॥ ਧੁੜੀ ਕਾਰਨ ਆਂਵਦਾ ਕੋਹ ਕਾਫ਼ ਤੇ ਚਲ ॥ ਧੂੜ ਧਰਤ ਕੀ ਮੇਲ ਕੇ ਜਾਂਦਾ ਮੁਹ ਤੇ ਮਲ ॥ ਦੇਖ ਅਕਾਸ਼ ਹੰਕਾਰ ਵਿਚ ਸਭਤੇ ਉਚਾ ਹੋਇ ॥ ਨਿਵਿਆਂ ਅੱਗੇ ਧਰਤ ਤੇ ਲੱਗਾ ਦਿਸੇ ਸੋਇ॥ ਨਿਤ ਨਿਤ ਧੁੜੀ ਜਾਚਦਾ ਸਤਗੁਰ ਧਰਤੀ ਰੂਪ॥ ਇਸ ਬਿਧਿ ਸਚ ਵਸਾਇ ਕੈ ਕੀਆ ਨੀਚ ਤੇ ਊਚ॥ ਸੱਭੇ ਅਉਗੁਣ ਆਤਸ਼ੀ ਊਚਾ ਆਪ ਜਣਾਇ॥ ਸਿਰ ਨਿਵਾਇ ਧਰਤ ਨੂੰ ਛਿੱਤਰ ਉਤੋਂ ਖਾਇ ॥ ਵਟੀ ਘੱਟੀ ਮਾਰੀਅਹਿ ਭੁਰ ਭੁਰ ਮਿੱਟੀ ਛੱਜ॥ ਅਜੇ ਨ ਸੀਸ ਨਿਵਾਇੰਦੀ ਆਤਸ਼ ਬੜੀ ਨਿਲੱਜ॥ ਜੇ ਪਾਣੀ ਉਤੋਂ ਮਾਰੀਅਹਿ ਤਦੇ ਨਿਵਾਏ ਸੀਸ॥ ਬਦ ਖਾਸੀ ਅਤ ਆਤਸ਼ੀ ਵਡੀ ਨਿ ਗੁਰੀ ਢੀਠ॥ ਆਤਸ਼ ਸਿਰ ਨ ਦੋਸ਼ ਕਿਛ ਧੁਰਹੀ ਲਿਖਿਆ ਤਾਹਿ॥ ਸੁਣੋ ਸਨੇਹਾ ਸੱਚਦਾ ਲਾਈਐ ਮਨ ਕੇ ਮਾਂਹਿ ॥ ਅੱਵਲ ਭਇਆ ਅਕਾਰ ਜਬ ਖਾਹਿਸ਼ ਕਰੀ ਖੁਦਾਇ ॥ ਪੰਜ ਤੱਤ ਉਤਪੱਤ ਕਰ ਛੇਵਾਂ ਸੱਚ

CC-0. Gurukul Kangri University Haridwar Collection. Digitized by S3 Foundation USA

ਮਿਲਾਇ ॥ ਬਾਦੀ ਆਬੀ ਆਤਸ਼ੀ ਚਉਥੀ ਖ਼ਾਕ ਸਰੂਪ ॥ ਮਾਇਆ ਕੁਦਰਤ ਇੱਕ ਹੈ ਇਨਮੋਂ ਨਾਹੀਂ ਭੇਦ ॥ ਭੇਦ ਕੀਏ ਵਿਚ ਆਦਮੀ ਕਥ ਕਰ ਬੇਦ ਕਤੇਬ ॥ ਅੱਵਲ ਖੁਦ ਖ਼ੁਦਾਇਸੀ ਜਿਸਦਾ ਰੂਪ ਨ ਰੇਖ ॥ ਸੂਰਤ ਮੂਰਤ ਨਾਹਿ ਕਿਛੁ ਰਹੇ ਅਦਿਸ਼ਟ ਅਲੇਖ ॥ ਵਰਨੋਂ ਚਿਹਨੋਂ ਬਾਹਰਾ ਅਲਖਿ ਨ ਲਖਿਆ ਜਾਇ ॥ ਸੁਣੀਐ ਕਾਜ਼ੀ ਰੁਕਨਦੀਨ ਸੱਚ ਨਾਨਕ ਕਹੇ ਅਲਾਇ ॥ ਖ਼ਾਹਿਸ਼ ਕਰੀ ਖੁਦਾਇ ਜਬ ਸਾਜਿਆ ਕੁਦਰਤ ਰੂਪ ॥ ਆਖਿਆ ਰੁਕਨਲ ਖ਼ੁਦਾਇ ਤਬ ਫਿਰ ਥੀਆ ਅਲਖ ਸਰੂਪ ॥ ਕੁਦਰਤ ਭਈ ਜ਼ਹੂਰ ਜਦ ਤੀਨ ਸਰੂਪ ਉਪਾਇ ॥ ਬਾਦੀ ਆਬੀ ਆਤਸ਼ੀ ਮਾਇਆ ਲਏ ਬਨਾਇ ॥ ਬ੍ਰਹਮਾਬਿਸ਼ਨ ਮਹੇਸ਼ ਤ੍ਰੈ ਕੀਏ ਪਰਗਟ ਸਰੂਪ ॥ ਦਿੱਤਾ ਸਭ ਇਖ਼ਤੀਆਰ ਤਿਹ ਕੀਤੇ ਜਗਪਤਿ ਭੂਪ ॥ ਫਿਰ ਮਾਇਆ ਮਨ ਮਹਿ ਧਾਰਿਆ ਕੁਛ ਕੀਜੇ ਹੋਰ ਅਕਾਰ ॥ ਕਾਨਹੁੰ ਮੈਲ ਨਿਕਾਲਕੇ ਮਾਨਸ ਰੂਪ ਸਵਾਰ ॥ ਦੂਜੇ ਕਾਨਹੁੰ ਮੈਲ ਕੱਢ ਕੀਨਾ ਦੈਤ ਸਰੂਪ ॥ ਮਧਕੈਟਭ ਤਹਿ ਨਾਮ ਧਰ ਨਰ ਨਾਰੀ ਦੁਇ ਸਰੂਪ ॥ ਨਰ ਨਾਰੀ ਮਾਨਸ ਭਇਆ ਜਿਨਕੀਤੀ ਸ੍ਰਿਸ਼ਟਿਸਰੂਪ ॥ ਰਾਜਾ ਮਨ ਤਹਿ ਨਾਮ ਧਰ ਮਹਾਰਥੀ ਅਵਤਾਰ ॥ ਜਾਕੀਰਥਕੇ ਚੱਕ੍ਰ ਕਰ ਕੀਏ ਸਾਤਸਮੁੰਦ ॥ ਸਾਤੋਂ ਹੀ ਤੇ ਸੱਤ ਦੀਪ ਕਰ ਮਹਾਰਾਜ ਨਿਰੰਦ ॥ ਦੂਤੀਆ ਸਾਜਿਆ ਮਧਕੈਟਭ ਦਾਨੋਂ ਬੜੀ ਬਲਾਇ ॥ ਨਿਤਾਪ੍ਰਤਿ ਜੋਜਨ ਸਹੰਸ ਬਡਤਾ ਉਪਰ ਜਾਇ ॥ ਤਬ ਮਾਇਆ ਮਨੇ ਬੀਚਾਰਿਆ ਕਾ ਭਇਆ ਇਹਪੂਤ ॥ ਹਉਂ ਰਚਨਾ ਸੰਸਾਰ ਕਉ ਏਹਸਰਬ ਖਾਇਗੋਕੂਤ ॥ ਮਾਇਆ ਦਾਨੋਂ ਡਹੇਰਣਹੋਵਨਲਾਗੀ ਮਾਰ ॥ ਛੱਬ੍ਰੀਜੁਗ ਲੜਦੇ ਰਹੇ ਬੜਾ ਹੂਆ ਧੁੰਧੂਕਾਰ ॥ ਮੱਧਕੈਟਭਕੇ ਸੀਸ ਕੋ ਕਾਟਿਆ ਚੱਕ੍ਰੋਂ ਮਾਰ ॥ ਕਾਨੋਂ ਭੇਵਹਿਨਿਕਲੀਮੇਧਾਹਰਿਹਰਿਕਾਰ ॥ ਚਿਕਨਾਈ ਜਲ ਪਰ ਭਰੀ ਤਬਭਈ ਮੇਧਨੀ ਰੂਪ ॥ ਮਾਇਆਮਾਨਸਹੋਇ ਤਬ ਫੇਰ ਬਧੋਨੇ ਸੂਤ ॥ ਪੰਚਭੂਤ ਪਰਵਾਨ ਕਰ ਫਿਰਕੀਆ ਸਗਲਾਸਾਜ ॥ ਤਬ ਮਾਇਆ ਮਾਨਸਕੋ ਕਹਿਆ ਜਾਇਕਰੋ ਭੁਮ ਰਾਜ ॥ ਸਿਰਪਰ ਮੁਕਟ ਬੰਧਾਇਆ ਮਾਥੇ ਤਿਲਕ ਚਢਾਇ ॥ ਫਿਰਊਪਰ ਛੱਤ ਫਿਰਾਇਆ ਵਰ ਦਿੱਤਾ ਮਹਾ ਮਾਇ ॥ ਅਬਚਲ ਭੁਮਾਰਾ ਰਾਜਹੈ ਜੁਗਾਂਜੁਗੰਤਰ ਮਾਹਿ ॥ ਮਾਰੇਸਾਨੀ ਦੂਸਰਾ ਹੋਰ ਜਗ ਮਹਿ ਕੋਇ ਨਾਹਿ ॥ ਤੀਨਹੁ ਗਣਾਂ ਬੁਲਾਇਕਹਿ ਆਗਜਾ ਕੀਨੀ ਮਾਇ ॥ ਸੀਸ ਨਿਵਾਓ ਪੂਤ ਭੁਮ ਮਾਨਸ ਅੱਗੈ ਜਾਇ ॥ ਦੋਨਹੁਸੀਸਨਿਵਾਇਆ ਤੀਜੇ ਦੀਨਾਫੇਰ ॥ ਭਾਂਤੇ ਭਇਆ ਸ਼ੈਤਾਨ ਜਗ ਸਭਨਾਂ ਮਹਿ ਦੋਫੇਰ ॥ ਪਉਣ ਗੁਰੂ ਪਾਣੀ ਪਿਤਾ ਮਾਤਾਧਰਤ ਮਹੰਤ ॥ ਭਇਆ ਸ਼ੈਤਾਨੀ ਆਤਸ਼ੀ ਭਿਸ਼ਤੋਂ ਦਿੱਤਾ ਸੱਟ ॥ ਮ੍ਰਿਤ ਲੋਕ ਕੇ ਵਿਚ ਰਹੇ ਭਿਸ਼ਤ ਨ ਜਾਣਾ ਪਾਇ ॥ ਜਬ ਜਿਉਂ ਕਿਉਂ ਪਹੁੰਚੇ ਭਿਸ਼ਤ ਕੋ ਫਿਰ ਦੇਵਨ ਅੱਗੋਂ ਗਿਰਾਇ ॥ ਆਤਸ਼ ਜਗਤ ਜਲਾਇਆ ਬਚਨ ਨ ਪਾਇਆ ਕੋਇ ॥ ਹਿੰਦੂ ਮੁਸਲਮਾਨਦੁਇ ਜਲ ਬਲ ਮਾਟੀਹੋਇ ॥ ਗੁੱਸਾ ਉਠਜੋ ਆਤਸ਼ੋਂ ਖ਼ਾਕ ਕਰੇ ਪਲਬੀਚ ॥ ਨਿਸ ਨਿੰਦ੍ਰਾ ਮੇਂ ਜਗਤ ਕਉ ਭਇਆ ਨੀਸ਼ਾਨੀ ਮੀਚ ॥ ਤਾਮ ਪੱਕੇ ਸੰਗਆਤਸ਼ੇ ਤਿਸਵਿਚ ਭੀਸ਼ੈਤਾਨ ॥ ਖਾਧਿਆਂ

CC-0. Gurukul Kangri University Haridwar Collection. Digitized by S3 Foundation USA

ਤਿਪਤ ਅਰਾਮ ਹੋਇ ਪਾਛੇ ਉਪਜੇ ਕਾਮ ॥ ਕਾਮੋ ਰੂਹ ਮਲੀਨ ਹੋਇ ਕਰੇ ਕਰੋਰਸਭੋਗ ॥ ਖੇਸ਼ ਬਿਗਾਨੀ ਨਾਸੁਝੈ ਕਰਨੇ ਲਾਗਾ ਭੋਗ॥ਮਹਾਂ ਪਾਪਨੀ ਅੰਗਨਕਾ ਕਹਾਂ ਕਹਾਂ ਨਹੀਂ ਠੌਰ॥ ਜੇਤੇ ਮਾਨਸ ਦੇਵਤਾ ਸਭਨਾਂ ਕਰਦੀ ਰੌਰ॥ਅੰਦਰ ਬਾਹਰ ਰਮ ਰਹੀ ਲੱਖਚਉਰਾਸੀ ਮਾਹਿ॥ ਕਿਸੇ ਥੋੜੀ ਕਿਸੇ ਅਗਲੀ ਖ਼ਾਲੀ ਕੋਈ ਨਾਹਿ ॥ ਧੰਨਧਰਤੀ ਸਤਿਗੁਰੂ ਫਿਰ ਆਤਸ਼ਲਏ ਮਿਲਾਇ॥ਇਤਨੇ ਅਉਗਣ ਜਾਣਕੇ ਜ਼ਰਾ ਨ ਚਿੱਤ ਵਸਾਇ ॥ਐਸਾ ਸਤਿਗੁਰੁ ਧਰਤਰੀ ਰਹੇਚਰਣਤਲਲੀਨ॥ਉਪਰਫਿਰਦੇ ਜੀਆਜੰਤ ਦੂਖ ਨ ਕਤਰਾਦੀਨ ॥ ਨਿਸਦਿਨ ਕਰਹਿ ਪਰਦੱਖਣਾਸੂਰਜ ਚੰਦਦੁਇਰਾਹਿ॥ ਜਿਨਾਂਦੇਜਾਨਣ ਜੀਅਜੰਤਰਹਿੰਦੇਬੇਪਰਵਾਹਿ॥ ਤਿਨਾਂ ਭੀ ਸੀਸ ਨਿਵਾਇਆ ਧਰਤੀ ਅਗੇ ਆਇ ॥ ਰਾਜਿਆਂ ਮਹਿ ਬਡ ਰਾਜ ਹੈ ਪਾਤਿਸ਼ਾਹਾਂਸਿਰ ਪਾਤਿਸ਼ਾਹ ॥ ਜੇਤੇ ਰਿਖੀ ਮੁਨੀਸ਼ਰਾ ਹੋਏ ਬਡੇ ਅਵਤਾਰ ॥ ਪੀਰ ਪੈਕੰਬਰ ਔਲੀਏ ਗ਼ਉਸ ਕੁਤਬ ਸਾਲਾਰ ॥ ਤਿਨਾਂਭੀ ਸੀਸ ਨਿਵਾਇਆ ਧਰਤੀ ਅੱਗੇ ਆਇ॥ ਧਰਤੀਪੂਰੇਸਤਿਗੁਰੂ ਸੱਭੇ ਲਏ ਸਮਾਇ ॥ ਦਾਗ਼ ਪਵਿਤ੍ਰ ਧਰਤ ਜੋ ਧਰਤੀ ਹੋਇ ਸਮਾਇ ॥ ਤਾਕੇ ਨਿਕਟ ਨ ਆਵਈ ਦੋਜ਼ਕ ਸੰਦੀ ਭਾਇ ॥ ਧਰਤੀ ਵਿੱਚ ਸਮਾਈਅਨ ਜੋਗੀ ਤੇ ਸੰਨਿਆਸ ॥ ਸੂਰਬੀਰ ਵਰਿਆਮ ਦੀ ਪੂਰਨ ਕਰਦੀ ਆਸ ॥ ਧਰਤੀ ਉੱਤੇ ਬੈਠਕੇ ਜੋ ਜੋ ਸਾਧੇ ਜੋਗ ॥ ਪੂਰਣ ਹੋਵੇ ਕਾਮਨਾ ਮਿਟ ਜਾਵਹਿ ਭਉ ਰੋਗ॥ ਮਰਨਾ ਭਲਾ ਉਜਾੜਦਾ ਜਹਾਂ ਜੀਆਜੰਤਵਰਸਾਇ॥ ਪਾ ਰਹੈ ਜੁ ਵਾਲ ਹਡ ਧਰਤੀ ਵਿਚ ਸਮਾਇ॥ ਜੇਕੋ ਧਰਤੀ ਹੋਰਹੇ ਧਰਤੀਕਾਗੁਰਸੋਇ ॥ਜਿਤਜਿਤ ਧਰੇ ਉਹ ਚਰਨ ਕਉ ਤਿਤਤਿਤ ਪਾਵਨਹੋਇ॥ ਲੱਖ ਧਰਤੀ ਧਰਤਰੀ ਲਿਵੈ ਨ ਲਾਗੈਸੋਇ॥ਜੇਕੋ ਧਰਤੀ ਦੇਹਿ ਵਿੱਚ ਗੁਣਲੈ ਧਰਤੀਹੋਇ॥ਧੀਰਜਧਰਤੀ ਧਰਮ ਸਾਲ ਕਰਣ ਜੁਹਾਰ ॥ ਜਾਚਨ ਚਰਨਾਧੂੜ ਨੂੰ ਮੁਖ ਤੇ ਲਾਇਨ ਛਾਰ ॥ ਸਾਧੂ ਜਗ ਵਿਚ ਇਉਂ ਰਹਿਨ ਜਿਉਂ ਪਾਰਸ ਪੱਥਰਮਾਹਿ ॥ ਅੱਚਨਚੇਤੀ ਧਾਤ ਨੋਂ ਕੰਚਨਵਰਨ ਕਰੇਇ॥ਮਣਿ ਸਿਰ ਵਿੱਚ ਜਿਸ ਸੱਪਦੇ ਸੱਪਾਂ ਵਿੱਚ ਫਿਰਾਹਿ॥ਆਪਣਾ ਮਰਮ ਨ ਦੇਵਨੀ ਗੁਪਤ ਵਲਾਵੇਂ ਮਾਹਿ॥ਚੰਦਨ ਬਾਵਨਆਖੀਐਰੁੱਖਾਂ ਵਿਚੋਂਹੋਇ॥ਆਪਨੀ ਮੁਸ਼ਕੋਂ ਸਹੱਸ੍ਰਰੁੱਖ ਚੰਦਨ ਕਰਦਾ ਬੋਇ॥ਪਾਰਜਾਤ ਜਗ ਵਿਚ ਰਹੇ ਮਰਮ ਨ ਪਾਵੈ ਕੋਇ ॥ ਜੋ ਇੱਛਿਆ ਕਰ ਮੰਗੀਐ ਸੋਈ ਪਰਾਪਤਿਹੋਇ॥ਕਾਮਧੇਨ ਜਗ ਵਿਚ ਰਹੇ ਮਰਮਨ ਕੋਈ ਪਾਇ॥ਛੱਤ੍ਰੀ ਅੰਮ੍ਰਿਤ ਮੰਗੀਅਨਿ ਤਤ ਛਿਨ ਕੱਢ ਦਿਵਾਇ॥ ਸਾਧੂ ਜਗ ਵਿਚ ਆਖੀਐ ਜਗਹੀ ਵਿੱਚ ਫਿਰਾਇ॥ ਆਪਣਾ ਆਪ ਛਪਾਵਹੇ ਕਿਸ ਨ ਆਪ ਲਖਾਇ ॥ ਮਾਇਆ ਵਿਚ ਉਦਾਸਹੈ ਬੋਲੇ ਅਚਰਜ ਬਾਣ ॥ ਮਾਇਆਧਾਰੀ ਭਰਮਦੇ ਸਕੇ ਨ ਕੋਇ ਪਛਾਣ ॥ ਅਕੱਥ ਕਹਾਣੀ ਬੋਲਦੇ ਸ਼ਬਦ ਥਕੈ ਲਿਵਲਾਇ ॥ ਖੋਜਤ ਖੋਜਤ ਪਾਈਐ ਪਾਇਆ ਸਹਿਜ ਸੁਭਾਇ ॥ ਭੁਖੀਸਾਧਨ ਪਾਈਐ ਜਾਣੇ ਜਾਣਨਹਾਰ ॥ ਜਾਣਿਆ ਜਾਣੈਬਾਹਰਾ ਬੋਲੇ ਸ਼ਬਦ ਅਪਾਰ ॥ ਸਾਧੂ ਅੰਜਨ ਸੱਚਦਾ ਜਿਹ ਸੂਝਹਿ ਸਭ ਲੋਇ ॥ ਜਿਸ ਪਰਾਪਤਿ ਤਿਸ ਮਿਲੈ ਇਹ ਮਤ ਪਾਵੈ ਕੋਇ ॥ ਅੱਵਲ

CC-0. Gurukul Kangri University Haridwar Collection. Digitized by S3 Foundation USA

ਆਦਮ ਇਹਭਇਆਸੁਣੀਐ ਰੁਕਨਲਦੀਨ ॥ ਕਈ ਅਸੰਖਾਂ ਆਦਮਾਂ ਤਿਸਦੇਪਿਛੇਲੀਨ ॥ ਕਈ ਅਸੰਖਾਂ ਕਿਆਮਤਾਂਪਰਲੌਅੰਤਨਪਾਰ॥ਜੈਸੀ ਕਿਆਮਤਨੂਹਦੀ ਹੋਈ ਅਪਰ ਅਪਾਰ ॥ ਕਿਤੀ ਹੋਈਆਂ ਕਿਆਮਤੀਂ ਕੁਛ ਕੀਆ ਨ ਜਾਇ ਸ਼ੁਮਾਰ ॥ ਆਦਮ ਅੰਤ ਨ ਪਾਈਅਹਿ ਪੈਕੰਬਰਤੇਅਵਤਾਰ ॥ ਚਉਪੜ ਬਾਜ਼ੀ ਧਰਤਹੈ ਗੋਟਾਂ ਸਬ ਸੰਸਾਰ॥ਪਾਸਾ ਹੱਥ ਖੁਦਾਇਦੇ ਜਿਉਂ ਭਾਵੈਤਿਉਂ ਢਾਰ॥ਪੱਕੀਸਾਰੀਪਿੜਪਵੈਫਿਰਕੱਚੀਦਿਚੈਡਾਰ॥ਨਾਨਕਆਖੇਰੁਕਨਦੀਨ ਇਹ ਸੂਰਤ ਸੰਸਾਰ ॥ ਅਗਲੀ ਪਿਛਲੀ ਸੁਖ ਨਹੀਂ ਕਦ ਹੋਯਾ ਸੰਸਾਰ ॥ ਕਰਕਰ ਬਹੁਤ ਦਿਲ ਬੀਰੀਆਂ ਬੇਦਕਤੇਬਬੀਚਾਰ॥ਜੋ ਬੇਦ ਕਤੇਬਾਂ ਆਖਿਆ ਆਦਮਕਾ ਵੀਚਾਰ ॥ ਵਿਚ ਦਸਤਾਨਾਂਪਿਛਲੀ ਕੀਤਾਸਭਸ਼ੁਮਾਰ॥ਅੱਵਲਾਂ ਅੱਵਲ ਆਦਮੀ ਇਸਬਿਧਕੀਆ ਖ਼ੁਦਾਇ ॥ ਆਦਮੋਂ ਸਾਜੇ ਆਦਮੀ ਮਧੁਕੀਟਹੁ ਦੈਤਉਪਾਇ ॥ ਜਿਤ ਦਿਹ ਸਾਜੀ ਸ੍ਰਿਸ਼ਟਿ ਰੱਬਤਬ ਦੋਨਹੁ ਚੱਲੇ ਰਾਹਿ॥ਇਕ ਦਾਨੋਂ ਇਕਦੇਵਤੇ ਵੈਰਵਿਰੋਧਕਰਾਹਿ ॥ ਜਬ ਅੱਵਲ ਸਾਜਿਆ ਆਦਮੀਤਬ ਗੰਦਮ ਹੋਈਨਾਲ ॥ ਵਜ਼ਨ ਸਿਰਾਹੀਛੱਤ੍ਰੀ ਪਕੇਲਹੋਸੰਭਾਲ ॥ ਜਿਸਦਾਹੋਯਾ ਵਜ਼ਨ ਏਹ ਤਬਆਦਮਕੇ ਕਦਹੋਇ ॥ ਨਾਨਕ ਆਖੇ ਰੁਕਨਦੀਨ ਸਾਹਿਬ ਅੰਤ ਨ ਕੋਇ॥ ਸਾਹਿਬ ਕਿਸੇ ਨ ਦੇਖਿਆ ਸਭ ਕੁਦਰਤ ਕੀਏ ਬਣਾਇ॥ਕੁਦਰਤਿ ਅੰਤ ਨ ਪਾਇਆ ਸਭ ਲਿਖ ਪੜ ਥੱਕੀ ਜਾਇ ॥ ੪੪ ॥ ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨਸੁਣੀਐਨਾਨਕਪੀਰ॥ਰੱਬਜਿਉਂਕਰ ਆਦਮੀਸਾਜਿਆਤੁਹਿ ਆਖੀ ਸੱਚ ਤਦ-ਬੀਰ॥ਆਦਮੀਮਿਲਿਆਬਖ਼ਸ਼ਕੀ ਲੈਆਯਾ ਏਸਜਹਾਨ ॥ ਤੁਸੀਭੀ ਆਪਣੀਆਂਕੁਰਸੀਆਂ ਪਿਛੋਂ ਕਹੋ ਬਿਆਨ ॥ ਬਡੇਤੁਮਾਰੇ ਕਵਣ ਸਨ ਮ ਕਿੱਥੋਂ ਉਪਜੇ ਆਇ॥ਅੱਵਲਆਖ਼ਰ ਸਭ ਕਹੋ ਤੁਬਦਿਲਦਾਖਤਰਾਜਾਇ॥ਤੂੰ ਸਾਹਿਬਹੈਂ ਕਰਾਮਾਤਦਾ ਤੁਹਿ ਪਾਈ ਘਰੋਂ ਖ਼ੁਦਾਇ ॥ਹੋਰਦਿੱਤੀਕਿਸੇਨੂੰਆਦਮੀਤੋਂ ਕਿਸੇਨੂੰਆਇ॥ਵੱਡਾਸਾਹਿਬਹੈਂ ਕਰਾਮਾਤਦਾ ਆਪਣੇ ਸਿਰ ਖ਼ੁਦਹੋਇ॥ਕਹੋਸ਼ਰਾਫ਼ਤ ਆਦਮੀ ਜਿਸ ਕਹੇ ਵੱਡਾ ਸਭਕੋਇ ॥ ਲਿਖਿਆ ਵਿਚ ਕਿਤਾਬ ਦੇ ਅੱਵਲ ਇਕ ਖ਼ੁਦਾਇ ॥ ਦੂਜਾ ਨੂਰ ਮੁਹੰਮਦੀ ਜੋ ਖ਼ਾਸਾ ਯਾਰ ਕਹਾਇ ॥ ਏਥੇਆਯਾ ਦੀਨ ਜਹਾਨਵਿਚ ਸਾਬਤਕੀਤੋਸੁ ਦੀਨ ॥ ਪਿਛੇ ਬੀਆਉਮਤੀਂ ਤਿਨਾਂ ਦੱਸਿਓ ਸ਼ਰਹਯਕੀਨ॥ ਲਿਖਿਆ ਵਿਚ ਕੁਰਾਨਦੇ ਅੱਵਲਇਕ ਖ਼ੁਦਾਇ॥ਦੂਜਾਨੂਰਮੁਹੰਮਦੀ ਜਿਨ ਚਾਨਣ ਕੀਤਾ ਆਇ ॥ ਇਹ ਸਭ ਗੱਲਾਂ ਖੋਲ੍ਹਕੇ ਆਖਹੁ ਨਾਨਕ ਪੀਰ॥ਆਪੋ ਆਪਨੇ ਮਜ਼ਹਬ ਦੀ ਸਭ ਕਹਿੰਦੇ ਹਨ ਭਕ ਰੀਰ ॥ ੪੫ ॥ ਜਵਾਬ ਨਾਨਕ ਸ਼ਾਹ ਸੂਰਾ ॥ ਆਖੇ ਨਾਨਕ ਸ਼ਾਹ ਸਚਸੁਣਹੁ ਬਹਾਵਦਪੀਰ ॥ ਰੱਬ ਜਿਉਂਕਰ ਆਦਮ ਸਿਰਜਿਆ ਸਭ ਆਖੀ ਕਰ ਤਦਬੀਰ॥ਜਬ ਹੋਯਾ ਹੁਕਮ ਖ਼ੁਦਾਇਦਾ ਤਬ ਕੁਦਰਤ ਆਦਮ ਕੀਨ॥ ਰੱਬ ਹਿਕੋ ਆਦਮ ਸਿਰਜਿਆਸੋਜਾਣੇਦੀਨਬੇਦੀਨ॥ਆਦਮਮਾਨਸ ਇਕਹੈ ਦੁਇ ਵਿਚ ਜ਼ੁਬਾਨਾਂਫੇਰ ॥ ਅੱਗੇ ਸੁਣੋ ਬਹਾਵਦੀਨ ਬਾਕੀ ਮਸਲਾ ਫੇਰ॥ਅੱਵਲ ਇਕ ਖ਼ੁਦਾਇਸੀ ਦੂਜੀ ਕੁਦਰਤ ਕੀਨ ॥

CC-0. Gurukul Kangri University Haridwar Collection. Digitized by S3 Foundation USA

ਬਾਦੀਆ ਬੀਆ ਤਸ਼ੀ ਫਿਰ ਕੁਦਰਤ ਕੀਨੇ ਤੀਨ ॥ ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ ਤੀਨ ਗੁਣਾਂ ਤੇ ਹੋਇ॥ ਸੋ ਸੂਰਤ ਕੀਤੀ ਮਲਾਇਕਾਂ ਰਹੇ ਅਸਮਾਨੀ ਹੋਇ॥ ਨਾਲੇ ਬਰਕਤ ਰੱਬਦੀ ਇਹ ਤੀਨੋਂ ਬੱਧੇ ਮਾਇ ॥ ਚਉਥੀ ਕਾਨੋਂ ਮੈਲ ਲੈ ਮਾਨਸ ਰੂਪ ਬਣਾਇ ॥ ਮਾਨਸ ਰੂਪਦਾ ਮਸਲਾ ਸਭ ਪਿੱਛੇ ਕਹਿਆ ਸੁਣਾਇ ॥ ਅੱਗੋਂ ਸੁਣੀਐ ਪੀਰਜੀ ਜੋ ਆਖਿਆ ਪਾਕ ਖ਼ੁਦਾਇ ॥ ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ ਭਏ ਕੁਦਰਤ ਦੇ ਭਗਵਾਨ ॥ ਪਾਛੇ ਬਤੀਤੇ ਲੱਛਮੀ ਸਾਵਿੱਤ੍ਰੀ ਨਾਲ ਪਰਵਾਨ ॥ ਛਾਲੇ ਤੇ ਇਹ ਉਪਜੇ ਤ੍ਰੈ ਬਿਧ ਤੱਤ ਸਰੂਪ ॥ ਭਾਂਤੇ ਉਲਵੀ ਆਖੀਅਨ ਜੋ ਹੋਏ ਦੇਵ ਸਰੂਪ ॥ ਮਾਨਸ ਹੋਏ ਮੈਲਤੇ ਇਹ ਮਲ ਨਿਤਕਰਾਇ ॥ ਆਦਮ ਹੋਏ ਸਿਫ਼ਲੀ ਸੁਨਹੋ ਬਹਾਵਦ ਸ਼ਾਹਿ॥ ਬ੍ਰਹਮਾ ਸਾਜੇ ਸੂਰਤਾਂ ਰੂਹ ਬਿਸ਼ਨ ਮਿਲਾਏ ਆਨ॥ ਕਰੇ ਸਿੰਘਾਰ ਮਹਾਂਦੇਉ ਥੀਂ ਜਿਸ ਆਤਸ਼ ਕਹੇ ਜਹਾਨ॥ ਚਉਥੀ ਕੁਦਰਤ ਰੱਬਦੀ ਸੰਗ ਮਿਲਿਆ ਨੂਰ ਖ਼ੁਦਾਇ ॥ ਚਾਰੋਂ ਖਾਲਕ ਖ਼ਲਕ ਦੇ ਰੱਬ ਕੁਦਰਤ ਕੀਏ ਬਣਾਇ ॥ ਬ੍ਰਹਮਾ ਸਾਜੇ ਸੰਸਾਰ ਨੋਂ ਲਾਇ ਬਿਸ਼ਨ ਬਹੇ ਦੀਵਾਨ ॥ ਕਰੇ ਭੰਡਾਰਾ ਮਹਾਂਦੇਉ ਜੋ ਖਾਇ ਸਭ ਜਹਾਨ ॥ ਤਬ ਹੋਯਾ ਹੁਕਮ ਤ੍ਰਿਹਾਂ ਨੂੰ ਤੁਮ ਜਾਇ ਕਰੋ ਸਭ ਕਾਜ ॥ ਆਪੋ ਆਪਣੇ ਆਸਣੇ ਤ੍ਰੈ ਕਰਨੇ ਲੱਗੇ ਰਾਜ ॥ ਬਾਕੀ ਰੁਖਮ ਜੋ ਆਦਮੀ ਫਿਰ ਤਿਸਦਾ ਸੁਣੋ ਬਿਆਨ॥ ਜੋ ਸਾਜਿਆ ਕੁਦਰਤ ਆਪਤੇ ਜਨ ਮਾਨਸ ਨਾਨਕ ਨਾਮ ॥ ਫਿਰ ਆਗਿਆ ਕੀਨੀ ਸ਼ਕਤ ਨੇ ਸੁਨ ਰੇ ਮੇਰੇ ਪੂਤ ॥ ਤੂੰ ਸਭਤੇ ਉੱਤਮ ਸਾਜਿਆ ਜੋ ਲਿਖਿਆ ਚਉਰਾਸੀ ਸੂਤ ॥ ਮਾਇਆ ਐਸਾ ਵਰਦੀਆ ਮਾਨਸ ਚਰਨੀ ਲਾਇ ॥ ਆਪ ਗਏ ਅਲੋਪ ਹੋਇ ਜਲਕੇ ਵਿਖੇ ਸਮਾਇ ॥ ਅੱਵਲ ਹੋਯਾ ਆਦਪੁਰਖ ਦੁਤੀਏ ਮਾਇਆ ਕੀਨ॥ ਤ੍ਰਿਤੀਯੇ ਹੋਯਾ ਵਾਸ ਦੇਉ ਚਉਥੇ ਬ੍ਰਹਮਾ ਚੀਨ॥ ਪੰਚਮ ਹੋਯਾ ਮਹਾਦੇਵ ਛਿਵਾਂ ਕੱਸਪ ਉਪਾਇ ॥ ਕੱਸਪੋਂ ਰਵਿ ਸਸਿ ਉਪਜਿਆ ਸ਼ਿਵ ਸ਼ਕਤ ਸਰੂਪ ਕਹਾਇ ॥ ਸੂਰਜ ਤੇ ਮਨ ਉਪਜਿਆ ਮਾਨਸ ਧਰਿਆ ਨਾਮ ॥ ਮਨ ਤੇ ਕੁਰਸੀ ਬਹੁਭਈ ਗਿਣੇ ਨ ਜਾਈਂ ਨਾਮ ॥ ਸੂਰਜ ਕੁਲ ਤੇ ਰਘੁਭਯਾ ਰਘੁ ਸੀ ਭਇਆ ਰਾਮ ॥ ਰਾਮਚੰਦ ਕੇ ਦੁਇ ਸੁਤ ਲਵ ਕੁਸ਼ੂ ਤਿਹ ਨਾਮ ॥ ਏਹ ਹਮਾਰੇ ਬਡੇਹੈਂ ਜੁਗਾਂ ਜੁਗਾਂ ਅਵਤਾਰ॥ ਇਨ ਹੀ ਕੇ ਘਰ ਉਪਜੇ ਨਾਨਕ ਕਲ ਅਵਤਾਰ ॥ ਸਤ ਜੁਗ ਤ੍ਰੇਤਾ ਦੁਆਪਰੋਂ ਕਲਜੁਗ ਚਾਰ ਜਮਾਨ ॥ ਚਾਰਜਮਾਨੇ ਸਭ ਕਹੇ ਬੇਦ ਕਤੇਬ ਬਖਾਨ ॥ ਸਭ ਜੁਗ ਕੀ ਗਿਣ ਆਰਜਾ ਸੁਣਹੁ ਪੀਰ ਸਭਾਰ॥ ਸੱਤ ਲੱਖ ਅਠਾਸੀ ਸਹੰਸ ਸਤ ਜੁਗ ਕਾ ਸੁਮਾਰ ॥ ਬਾਰਾਂ ਲੱਖ ਛਿਨਵੈ ਸਹੰਸ ਤ੍ਰੇਤਾ ਜੁਗ ਪ੍ਰਮਾਨ ॥ ਆਠ ਲਾਖ ਚਉਸਠ ਸਹੰਸ ਦੁਆਪਰ ਭਯਾ ਜਮਾਨ ॥ ਚਾਰ ਲੱਖ ਬਤ੍ਰੀਹਜ਼ਾਰ ਕਲਜੁਗ ਕੀ ਮੁਨਿਆਦ ॥ ਤ੍ਰਿਤਾਲੀ ਲਖ ਅੱਸੀ ਸਹੰਸ ਚਾਰੋਂ ਜੁਗ ਮਿਰਜਾਦ ॥ ਚਾਰਜੁਗ ਇਕ ਚਉਕੜੀ ਭਈ ਬਹਾਵਦ ਪੀਰ॥ ਜੁਗ ਬੀਤੇ ਬਹੱਤ੍ਰ ਚੌਕੜੀ ਇਕ ਹੋਵੇ ਇੰਦ੍ਰ ਤਰੀਤ ॥ ਰੋਜ ਸ਼ਬ ਕੇ ਅੰਦਰੇ ਇੰਦ੍ਰ ਅਠਾਈ ਮਰ ਜਾਇ॥ ਤਬ ਬ੍ਰਹਮੇ ਇਕ ਰਾਤ ਦਿਹ ਗਿਣਤੀ ਕਰ ਸੁਣਾਇ ॥ ਜਬ ਬ੍ਰਹਮਾ ਮਰੇ ਹਜਾਰ ਇਕ ਤਬ ਘੜੀ ਬਿਸ਼ਨ ਇਕ ਹੋਇ॥ ਜਬ ਬਿਸ਼ਨ ਬਾਰਹ ਲੱਖ ਮਰੇ ਤਬ ਰੁੱਦ੍ਰ ਅਰਧ ਪਲ ਜੋਇ॥ ਜਬ

CC-0. Gurukul Kangri University Haridwar Collection. Digitized by S3 Foundation USA

ਧਾਰਹ ਰੁੱਦ੍ਰ ਬਿਤੀਤ ਹੋਇ ਇੱਕ ਨਿਮਖ ਮਹਾਂਦੇਉ ਧਾਰ॥ ਜਬ ਈਸ਼ਰ ਬੀਤੇ ਹਜਾਰ ਇਕ ਮਹਾਂ ਸ਼ਕਤ ਅਉਤਾਰ॥ ਜਬ ਸ਼ਕਤ ਸਹੰਸਰ ਇਕ ਮਰਹੇ ਤਬ ਹੋਵੈ ਕਲਪ ਪਰਮਾਨ ॥ ਇਕ ਪੱਤ੍ਰ ਝੁੱਵੇ ਕਲਪ ਬਿਰਛ ਇਕ ਪਰਲੋ ਹੋਇ ਜਾਨ॥ ਸਭ ਪੱਤ੍ਰ ਗਿਰਹਿ ਕਲਪ ਬਿਰਖ ਦੇ ਤਬ ਮਹਾਂ ਕਲਪ ਕਹਾਇ॥ ਬਿਤੀ ਹੋਈਆਂ ਕਿਆ ਮਤੀਂ ਕਛ ਅੰਤ ਨ ਸੋਝੀ ਪਾਇ॥ ਮਾਰਕੰਡੇ ਕੀ ਆਰਜਾ ਚਉਦਹਿ ਮਹਾਂ ਕਲਪ ਕਹਾਇ ॥ ਜਬ ਮਾਰਕੰਡੇ ਨਿਰਵਰਤ ਹੋਇ ਤਬ ਲੋਮਸ ਰੋਮ ਗਿਰਾਇ॥ ਸਭ ਰੋਮ ਸਿਰਸਾ ਗਿਰ ਪੜਹਿ ਹੰਸ ਇੱਕ ਨਿਮਖ ਬੀਤਾਇ ॥ ਜਬ ਹੋਇ ਬਿਨਾਸ ਬਡ ਸਦਾ ਬਡ ਲਾਭ ਰਿਖ ਪਲਕ ਕਹਾਇ ॥ ਬਡ ਲਾਭ ਰਿਖ ਜਬ ਨਾਸ ਹੋਇ ਇੱਕ ਪਰ ਭਸੁੰਡ ਖਿਸਾਇ ॥ ਪਰ ਕਾਕਭਸੁੰਡ ਸਭ ਗਿਰਹ ਇਕ ਸ੍ਵਾਸ ਭਸੁੰਡ ਕਢਾਇ॥ ਭਸੁੰਡ ਭੋਰੀ ਸਭ ਆਰਜਾ ਤਬ ਕੂਰਮ ਇਕ ਦਿਨ ਜਾਇ॥ ਇਕ ਦਿਨ ਕਾ ਪਰਮਾਣਿ ਇਹ ਤਬ ਕੇਤੇ ਬਰਖ ਬੀਚਾਰ॥ ਸਉ ਬਰਸ ਕੂਰਮ ਦੀ ਆਰਜਾ ਅੰਤ ਮਰਸੀ ਸਭ ਸੰਸਾਰ ॥ ਖੰਡ ਬ੍ਰਹਮੰਡ ਨ ਰਹਿਸੀ ਤ੍ਰੈਲੋਇ ਨ ਰਹਿਸੀ ਆਇ॥ ਕੁਤਬ ਬਗ਼ਉ ਸਭੇ ਆਦਿ ਲੈ ਸਭ ਹੋਸੀ ਅੰਤ ਫ਼ਨਾਹਿ॥ ਤਬ ਰਹਿਸੀ ਇੱਕ ਖੁਦਾਇ ਸਚ ਨਾਨਕ ਕੁਦਰਤ ਨਾਲ॥ ਇਹ ਬੁਨੀਆਦ ਜਹਾਨਦੀ ਰਬ ਅਹਿਨਿਸ ਸਦਾ ਸਮਾਲ ॥ ੪੯ ॥ ਜੋੜ ॥ ੧੪੦ ॥

ਵਾਰ ਤਿਲੰਗੁ ਕੀ ਮਹਲਾ ੧ ॥ ਸਲੋਕਾਂ ਨਾਲ ॥ ਸਲੋਕ ॥

ਅਗਮ ਅਗੋਚਰ ਅਲਖ ਹੈ ਰੂਪ ਨ ਲਖਿਆ ਜਾਇ॥ ਜੋਤ ਕੇਹੀ ਦੀਦਾਰ ਦੀ ਆ ਕੋਇ ਅਲਾਇ ॥੧॥ ਪਉੜੀ ॥ ਲਖ ਮਹਿਤਾਬ ਚਰਾਗ਼ ਹੋਇ ਆਫਤਾਬਿ ਮਸਾਲਾ ॥ ਕਈ ਕ੍ਰੋੜੀ ਰਖੀਅਨ ਰੋਸ਼ਨਾਈ ਸਾਲਾ ॥ ਰਬ ਨ ਕਿਨੀ ਦੇਖਿਆ ਕਿਵੇਹਾ ਕੁਦਰਤ ਕਮਾਲਾ ॥ ਨੂਰ ਮਹਲੋਂ ਨਜਰ ਪਾਇ ਚਾਨਣਦੀ ਝਾਲ॥ ਹੋਇ ਰੋਸ਼ਨਾਈ ਸਭਦੀ ਜੋਤ ਲਾਲ ਗੁਲਾਲਾ ॥ ਰੱਬਾਣੇ ਦੀਦਾਰ ਦਾ ਦਿਸੈ ਉਜਿਆਲਾ ॥ ੧ ॥ ਸਲੋਕ ॥ ਥਾਨ ਥਨੰਤਰ ਰਵ ਰਹਿਆ ਸਚ ਖਾਲਕ ਸੁਬਹਾਨ॥ ਦਰਘਰ ਸੱਚਾ ਸਚ ਨਾਉਂ ਸੱਚ ਮਹਿਲ ਅਸਥਾਨ ॥੧॥ ਪਉੜੀ ॥ਸੱਚ ਸੂਰਤ ਰਹਿਮਾਨ ਪਾਕ ਸਚ ਸਿਰਜਨ ਹਾਰਾ॥ ਸੱਚੇ ਸਚ ਵਰਤਦਾ ਕੁਦਰਤ ਪਾਸਾਰਾ॥ ਸੱਚ ਮਹਿਲ ਕੋਟਿ ਕੁਦਰਤੀ ਚਉਗਿਰਦ ਉਸਾਰਾ॥ ਦਰਵਾਜਾ ਦਿਸੈ ਕੁਦਰਤੀ ਰੁਸ਼ਨਾਈ ਬਾਰਾ ।ਕੁਦਰਤਿ ਦੇ ਕੁੰਡੇ ਕੁਲਫ਼ ਹੁਕਮੀ ਕਿਵਾਰਾ॥ ਹੁਕਮੇ ਹੀ ਦਰਵਾਨ ਹੈ ਅਬਰਬਣ ਭਾਰਾ ॥ ੨ ॥ ਸਲੋਕ॥ ਦਰਵਾਜਾ ਹੈ ਕੁਦਰਤੀ ਕੁਦਰਤਿ ਸਭ ਹਰਾਨ ॥ ਧਰਗ ਨਿਗਾਰੇ ਕੁਦਰਤੀ ਵੱਜਨ ਦਰ ਸੁਬਹਾਨ ॥ ੧ ॥ ਪਉੜੀ ॥ ਕੁਦਰਤ ਵੱਜਨ ਨਉਬਤੀ ਸੁਲਘੁਰੇ ਨਗਾਰੇ॥ ਇਸਰਾਫ਼ੀਲ ਫਰੇਸ਼ਤਾ ਨ ਫੇਰ ਵਾਵਣ ਹਾਰੇ ॥ ਸੁਰਨਾਈ ਓਅੰਕਾਰ ਹੋਇ ਜੋੜਨ ਸੁਲਦਾਰਾ ॥ ਕਰਨਾਈ ਨਾਫ਼ੀਲ ਦਾਰ ਘੱਤ ਨ ਈਂਹਕਾਰਾ ॥ ਲਖ ਵਾਜੇ ਲਖ ਨਉਬਤੀ ਕਛ ਅੰਤ ਨਾ ਪਾਰਾ ॥ ਵੱਜਨ ਵਾਜੇ ਗ਼ੈਬਦੇ ਖਾਲਕ ਦਰਬਾਰਾ ॥ ੩ ॥ ਸਲੋਕ ॥ ਦਰਿ ਕੀ ਜਾਨਦਿ ਜਾਂਦਿਆ ਤਰਫ਼ ਸੱਜੀ ਅਬਦਾਲ ॥ ਵਸਨਿ ਨਾਂਗੇ ਚਿਹਲ ਤਨ ਰੰਗ ਰਬਾਣੇ

CC-0. Gurukul Kangri University Haridwar Collection. Digitized by S3 Foundation USA

ਲਾਲ ॥ ੧ ॥ ਪਉੜੀ ॥ ਵਾਸੀ ਸੱਚੇ ਸ਼ਹਿਰ ਦੇ ਗ਼ਉਸ ਕੁਤਬ ਖ਼ੁਦਾਈ ॥ ਜੁਹਦੀ ਕਾਮਿਲ ਮਿਹਨਤੀ ਠਉੜ ਤਿਨਹੀਪਾਈ॥ ਇੱਕ ਬਜ਼ੁਰਗ ਪੀਰ ਫ਼ਕੀਰ ਹੈਨ ਜਿਨਾਂ ਭਲੀ ਕਮਾਈ॥ ਇਕ ਮਿਹਰਬਾਨ ਦਿਲ ਅਉਲੀਏ ਮਨ ਮਿਹਰ ਵਸਾਈ ॥ ਉਨਾਂ ਦੂਜਾ ਭਾਉ ਚੁਕਾਇਆ ਲਿਵ ਏਕਾ ਲਾਈ॥ ਵਸਨਿ ਬੇਗ਼ਮ ਸ਼ਹਿਰ ਵਿਚ ਚਿੰਤਾ ਨਹੀਂ ਕਾਈ ॥ ੪ ॥ ਸਲੋਕ ॥ ਅੰਦਰਸ ਪਾਕ ਸ਼ਹਿਰ ਦੇ ਜਿਨਸਿ ਕੇਹੀ ਦਰਬਾਰ ॥ ਰਾਹ ਗਰੀਬੀ ਬੰਦਗੀ ਪਹੁਚੇ ਪਹੁਚਣਹਾਰ ॥ ੧ ॥ ਪਉੜੀ ॥ ਕੋਟਿ ਜੇਬਾਇਸ਼ ਕੁਦਰਤੀ ਅਤਿ ਬੁਰਜ ਅਪਾਰੇ ॥ ਦਰਦੀਵਾਨ ਵਿਚ ਚਲਨਾ ਆਪ ਆਪ ਨਿਵਾਰੇ॥ਅੱਗੇਖੜੇ ਪੰਜ ਫ਼ਰੇਸ਼ਤੇਲੈਓਟਨਿਕਾਰੇ॥ ਧਰਤੀ ਸਬਜ਼ ਰੰਗ ਨੂਰਮਹਲ ਅਪਾਰੇ ॥ ਕੁਦਰਤਿ ਮਹਲ ਬੁਲੰਦ ਹੈ ਦਸਵੇਂ ਗੈਣਾਰੇ॥ ਸਿਤਾਰਾ ਤਰਫ਼ ਸ਼ਮਾਲ ਦੇ ਸਉਹਾਂ ਦਰਬਾਰੇ॥ ੫ ॥ ਸਲੋਕ ॥ ਓਥੇ ਸਬਜ਼ ਕਿਨਾਇਤ ਹੈ ਕੁਦਰਤਿ ਸਭਿ ਦਿਖਲਾਇ॥ਫ਼ਰਸ਼ ਅਨੇਕਾਂ ਰੰਗਦੇ ਭਾਂਤੋਭਾਂਤ ਵਿਛਾਇ॥ ੧ ॥ ਪਉੜੀ ॥ ਰੰਗ ਅਜਾਇਬ ਕੁਦਰਤੀ ਸਚ ਮਹਿਲ ਅਪਾਰਾ ॥ ਗਿਰਦ ਰਉਂਸ ਕੁਮਾਦਿ ਗਾਹਿ ਜਾਪੈ ਬਿਸਥਾਰਾ ॥ ਖ਼ਾਨਗਾਹਿ ਤੇ ਖ਼ਿਲਵਤਾਂ ਜਾਈ ਬਿਸੀਆਰਾ ॥ ਤਰਹਾਂ ਸਭੇ ਕੁਦਰਤੀਕਈ ਲਖ ਹਜ਼ਾਰਾ॥ਆਪ ਸੰਬਾਹੇ ਪੀਲਸੋ ਜਿਆਪਉ ਜਿਆਰਾ ॥ ਅੰਤਨ ਜਾਪੈ ਮਹਲਦਾ ਕਿਛੁ ਨਾਹਿ ਸ਼ੁਮਾਰਾ ॥ ੬ ॥ ਸਲੋਕ ॥ ਪੇਸ਼ ਮਹਲ ਤੂੰ ਬਾਦ ਰਖ ਤੂੰ ਸੋਹੇ ਰੰਗ ਰਹੇ ॥ ਦੇਇ ਮੁਹੇ ਦਾ ਮੰਗਿਆ ਵਾਸਲ ਗਰਜ਼ ਕਰੇ ॥ ੧ ॥ ਪਉੜੀ ॥ ਔਨ ਮਹਲ ਸੁਲਤਾਨ ਹੈ ਪਰਵਿਦਗਾਰਾ॥ਕੁਦਰਤਦਾ ਸਿਰ ਛੱਤ੍ਰਹੈ ਮਾਲਕ ਕਰਤਾਰਾ ॥ ਚਵਰਢੁਲੇ ਸਿਰ ਕੁਦਰਤੀ ਰਹੀਮ ਸਤਾਰਾ॥ਅੰਦਰ ਸਾਜਸੁ ਕੁਦਰਤੀ ਕੁਦਰਤ ਸ਼ੁਮਾਰਾ॥ਕੁਦਰਤ ਕੀਸਿਹਜਾ ਪਲੰਘ ਕੁਦਰਤਚਉਬਾਰਾ॥ਬਿਸਤ ਨਿਹਾਲੀ ਕੁਦਰਤੀ ਆਪਬੈਸਣਹਾਰਾ॥ ਬਾਣਾ ਕੁਦਰਤਿਨੀਲ ਰੰਗ ਪਹਿਰਾਵਾ ਭਾਰਾ ॥ ਖਾਣਾ ਪੀਣਾ ਕੁਦਰਤੀ ਸਚ ਸਹਿਜ ਅਹਾਰਾ ॥ ਕਪੜ ਪਹਿਦੈ ਕੁਦਰਤੀ ਸਚੀ ਸਰਕਾਰਾ ॥ ਨੂਰ ਮੁਸ਼ਕ ਸਭ ਕੁਦਰਤੀ ਕੁਦਰਤ ਬਹੁਕਾਰਾ॥ਸੋਈਮਹਲਿ ਬੁਲਾਈਅਨਖ਼ੂਬਖ਼ਿਦਮਤਗਾਰਾ॥ ਜਿਨਾਂ ਰਾਸ ਇਮਾਂਨਹੈ ਦਿਲਸਚਕਰਾਰਾ ॥ ਔਨਮਹਲ ਦੇਮਹਿਰਮੀ ਨੇਕ ਬਜ਼ੁਰਗਵਾਰਾ॥ਨੇਕਜਿਨਾਂ ਕੁਦਰਤਿ ਹਰਮ ਅਤਿ ਰੂਪ ਅਪਾਰਾ॥ਜਉ ਕਿ ਆਸਾ ਇਸ ਰੰਗ ਮੁਚ ਪ੍ਰੇ ਖੇਲਨਹਾਰਾ ॥ ਕੁਦਰਤ ਬੇਟੇ ਚਿਹਲਤਨ ਫ਼ਰਜ਼ੰਦ ਪਿਆਰਾ ॥ ੭॥ ਸਲੋਕ ॥ਸੁਰਤ ਮਾਨ ਸਰੋਦ ਸਭ ਗਾਵਹਿ ਰੱਬ ਹਜ਼ੂਰ ॥ ਰੂਪ ਅਜਾਇਬ ਕੁਦਰਤੀ ਰੰਗ ਪਲੱਟੇ ਨੂਰ ॥ ੧॥ ਪਉੜੀ ॥ ਪਹਿਲੇ ਮੁਜਰੇ ਗਾਂਵਦਾ ਭੈਰੋਂ ਪਰੀਆਂ॥ਅਤਿ ਭੂਤਪਰੀ ਤਿਲੰਗ ਹੈ ਦੋਭੀ ਜੈਤਸਿਰੀਆਂ॥ਭੂਪਾਲੀ ਭੀਮ ਪਲਾਸਰੀਮਿਠੀ ਧਨਾਸਰੀਆ॥ਦੂਤੀਐ ਗਾਵੈ ਮਾਲਕਉਸ ਬਹਿ ਅਪਨੀ ਬਰੀਆ॥ਮਾਲਕਉਸਕੀ ਰਾਗਣੀ ਆਸਾ ਗੂਜਰੀਆ ॥ ਦੇਵਗੰਧਾ ਆਸਾਵਰੀ ਮਾਲਵਾ ਰਾਮਕਲੀਆ ॥ ੮ ॥ ਸਲੋਕ ॥ ਮੇਘ ਮਲ੍ਹਾਇਰ ਗਾਂਵਦੇ ਖਟ ਪਰੀਆਂ ਲੈ ਪਾਸ॥ਵਡਹੰਸੀ ਪਰੀ ਬਿਹਾਗੜਾ ਸੋਰਠਸਾਰੰਗ

CC-0. Gurukul Kangri University Haridwar Collection. Digitized by S3 Foundation USA

ਸਾਥ ॥ ਮਿਲ ਗਾਵਹਿ ਦੁਇ ਰਾਗਨੀ ਮਾਝ ਕਾਨੜਾ ਰਾਸ ॥ ਮੇਘਰਾਗ ਕੀ ਰਾਗਨੀ ਰੱਬ ਅੱਗੇ ਕਰ ਅਰਦਾਸ ॥ ੧ ॥ ਪਉੜੀ ॥ ਦੀਪਕ ਰਾਗ ਮਹਾਂ ਬਲੀ ਪਰੇਮ ਮਾਤਾ ਗਾਵੈ ॥ ਮਾਲੀਗਉੜਾਕੀ ਝੜੀਗਵਰੀ ਸੁਰਲਾਵੈ॥ਦੇਵਕੰਲੀ ਕਲਿਆਨਸੰਗ ਨਟਿ ਆਣਮਿਲਾਵੈ ॥ਸਿਰੀਰਾਗਕੀਰਾਗਨੀ ਗਉੜ ਸੂਹੀ ਸੁਹਾਵੈ॥ਮੰਦਰੀਗੋਂਡਬਿਲਾਵਲੀ ਕੁਲਵਲਭੋਗਾਵੈ॥ ਸਿਰੀ ਰਾਗ ਪਰੀਆਂ ਸਣੇ ਵਾਰੀ ਪਹੁਚਾਵੈ ॥ ੯ ॥ ਸਲੋਕ ॥ ਰਾਗ ਹਿੰਡੋਲ ਅਨੂਪ ਹੈ ਸੰਗ ਪਰੀ ਬਿਭਾਸ ਬਸੰਤ॥ ਕਿਦਾਰਾ ਮਾਰੂ ਸਿੰਧਵੀ ਭੁਖਾਰੀ ਮਨ ਭੋਖੰਤ ॥੧॥ ਪਉੜੀ ॥ ਰਾਗ ਰੰਗ ਪਰੀਆਂ ਸਦਾ ਸੱਚੇ ਦਰ ਗਾਵੈ ॥ ਵਜਨਵਜੰਤ੍ਰ ਅਸੰਖਤਾਲ ਕਛੁ ਅੰਤਨਪਾਵੈ ॥ ਵਾਜੇ ਬਹੁਤ ਬਿਅੰਤ ਹੈਂ ਮਿਤ ਕਥੀ ਨ ਜਾਵੈ॥ਵਾਵਣਹਾਰੇ ਕੇਤੜੇ ਬਿਅੰਤ ਉ ਪਾਵੈ॥ਵੱਜਨ ਵਾਜੇ ਕੁਦਰਤੀ ਦਰਬਾਰ ਖੁਦਾਵੈ॥ਨੂਰ ਵਕਤ ਨਾਲਸੁਬਹਿਦੇ ਸਭ ਸਿਫ਼ਤਅਲਾਵੈ॥ ੨੦॥ ਸਲੋਕ ॥ ਸਿਫ਼ਤ ਖ਼ਜ਼ਾਨਾ ਰੱਬਦਾ ਸਿਫ਼ਤੇ ਭਰੇ ਭੰਡਾਰ ॥ ਸਿਫ਼ਤੀ ਬਜ਼ੁਰਗਵਾਰ ਰੱਬਾਨੀ ਸਰਕਾਰ ॥ ੧ ॥ ਪਉੜੀ ॥ ਸ਼ੇਖ ਮਸਾਇਕ ਅਉਲੀਏ ਗ਼ਉਸ ਕੁਤਬ ਸਬਾਈ ॥ ਪੀਰ ਫ਼ਕੀਰ ਜ਼ਹੀਰ ਸਭ ਤੇਰੀ ਸਿਫ਼ਤ ਸਮਾਈ॥ਕਾਜ਼ੀ ਮੁੱਲਾਂ ਸਿਫ਼ਤਕਰ ਕਹਿ ਬਾਂਗਸੁਣਾਏ॥ ਰੋਜ ਮੁਸ਼ੱਕਤ ਸਿਫ਼ਤ ਲੈ ਨਿਤ ਰਹਿਨ ਅਘਾਏ॥ਨੂਰੀ ਪੰਜ ਫ਼ਰੇਸ਼ਤੇ ਸਿਫ਼ਤੀ ਦਰ ਆਏ ॥ ਰਾਗ ਰਤਨ ਪਰੀਆਂ ਸਰੋਦ ਸਭ ਸੁਬਹ ਸੁਣਾਏ ॥ ੧੧॥ ਸਲੋਕ ॥ ਐਨ ਮਹਿਲੋਂ ਮਹਿਲ ਹੋਇ ਬੈਠਾ ਤਖ਼ਤ ਖ਼ੁਦਾਇ॥ ਸਾਜ਼ਸ਼ ਕਰਦਾ ਦੁਨੀਦੀ ਦੇਖੇ ਬਣਤਬਣਾਇ॥੧॥ ਪਉੜੀ ॥ ਤ੍ਰੈਲੋਕੀ ਚਉਦਹ ਭਵਨ ਦੀਪ ਸਪਤ ਰਚਾਏ॥ ਚਾਰ ਚੱਕ ਅਤੇ ਨਉਖੰਡ ਕਰ ਚਲਤਦਿਖਾਏ॥ ਆਦਮ ਹੱਵਾ ਪੈਦੇ ਕੀਆ ਸਭ ਜਗਤਉਪਾਏ ॥ ਖਾਣੀ ਬਾਣੀ ਚਾਰ ਜੁਗ ਬੰਧੇਜ ਬਣਾਏ॥ਲਖਚਉਰਾਸੀ ਮੇਦਨੀ ਸਭ ਜੀਅਉਪਾਏ॥ਸਾਜੇ ਹਿੰਦੂ ਮੁਸਲਮਾਨ ਦੁਇ ਰਾਹ ਚਲਾਏ ॥ ਚਾਰ ਕਤੇਬਾਂ ਚਾਰ ਬੇਦ ਜਗਮਹਿ ਪ੍ਰਗਟਾਏ॥ ਅਰਸ਼ਹੁ ਸਭੇ ਉਤਰੇ ਨਾਲ ਹੁਕਮ ਖੁਦਾਇ ॥੧੨॥ ਸਲੋਕ ॥ ਹਿੰਦੂ ਜਪਤੇ ਰਾਮ ਰਾਮ ਮੁਸਲਮਾਨ ਖੁਦਾਇ ॥ ਇੱਕੋ ਰਾਮ ਰਹੀਮ ਹੈ ਮਨ ਮਹਿ ਦੇਖਹੁ ਲਾਇ ॥੧॥ ਪਉੜੀ ॥ ਦਾਤਾ ਵੱਡਾ ਮਿਹਰ ਬਾਨ ਸਚ ਅਲਖ ਅਪਾਰ॥ਆਲਮ ਸਭ ਸਿਆਣਦੀ ਆਪ ਲਹਿੰਦਾ ਸਾਰ॥ਪੈਨਣਰੋਜ਼ੀ ਰਿਜਕਦਾ ਰਬ ਦੇਵਣ ਹਾਰ॥ ਚਮਰਾ ਮਿਹਨਤ ਧਰਤ ਦੇਗ ਪੱਕੈ ਆਹਾਰਾ ॥ ਛਈਂ ਮਹੀਨੇ ਕੀ ਰਾਸ ਹੋਇ ਦਮ ਮੁਫ਼ਤ ਕਰਾਰ॥ ਲੱਖ ਚਉਰਾਸੀ ਮੇਦਨੀ ਪਹੁਚਾਵੰਣ ਹਾਰ॥ਭਾਗ ਵਡਾ ਹੈ ਮੁਦਛੀਆ ਹੁਕਮੀਂ ਦਰਬਾਰ॥ਜਿਵ ਜਿਵ ਰੱਬ ਰਜ਼ਾਇਹੈ ਵੰਡੇ ਭੰਡਾਰ॥੨੩॥ਸਲੋਕ ॥ਚਾਲ ਭਲੀ ਪਤਿਸ਼ਾਹਕੀ ਚੱਲੇ ਹੱਕ ਵੀਚਾਰ॥ਪੈਜ਼ਾਰ ਪਾਇਹਕਰਾਸਤੀ ਹੱਕੋ ਹੱਕ ਦਰਬਾਰ ॥੧॥ ਪਉੜੀ ॥ ਚੜਿਆ ਸੱਚਾ ਪਾਤਸ਼ਾਹ ਜਿਸ ਸੱਚਾ ਸਾਇਆ ॥ ਪੰਹਿਰੇ ਬੁਰਕਾ ਸੁਫ਼ੈਦ ਰੰਗ ਸਰ ਜ਼ੀਨ ਬਣਾਇਆ॥ ਜੰਬੂਰੀ ਦੀਵਾਰ ਮੁਹਿ ਹਰਿ ਰੰਗ ਚੜ੍ਹਾਇਆ ॥ ਸਿਲਿਹਖ਼ਾਨਾ ਹੱਥੀਆਰ ਸਭ ਕਿਵੇਹੇ ਲਾਇਆ ॥ ਧੀਰਜ ਖੰਨਾ ਰੱਬਦਾ ਲੈ ਲੱਕ ਬਧਾਇਆ ॥ ੨੪॥

CC-0. Gurukul Kangri University Haridwar Collection. Digitized by S3 Foundation USA

ਸਲੋਕ॥ਦੁਖ ਜਮ ਧਰ ਕਰੋਧ ਰੰਗ ਸਫ਼ਨ ਸੰਝ੍ਹਾ ਪਉਣ ਸਾਂਗ ॥ ਗੁਰਜ ਖ਼ੁਦਾਈ ਗਰਤ ਗੋਰ ਕੜਕੇ ਬਿਜਲੀ ਵਾਂਗ ॥ ੧ ॥ ਪਉੜੀ ॥ ਲੈ ਕਰ ਕਟਕਾ ਗਲ ਬਲੇ ਤਾਜ ਮਲ ਭਾਰਾ ॥ ਭਗਤ ਫ਼ਕੀਰ ਦੀਵਾਨ ਹੈਨ ਪੇਸ਼ ਪਰਵਰਦਿਗਾਰਾ ॥ ਸਿਕਦਾਰਾਂ ਅਤੇ ਕਰੋੜੀਏ ਪੀਰ ਬਜ਼ੁਰਗ ਵਾਰਾ ॥ ਨਵੀਸੰਦੇ ਫ਼ਰੇਸ਼ਤੇ ਖ਼ਾਸੇ ਫ਼ੋਤੇਦਾਰਾ॥ਅਹਿਦੀਆ ਅਜਰਾਈਲ ਹੈ ਬਨਿਆਨਿ ਨਿਹਾਰਾ ॥ ਬੇਮਹਿਰਮ ਅਵਾਸੀਆ ਤੋੜ ਕਰਨ ਖ਼ੁਆਰਾ ॥ ੧੫ ॥ ਸਲੋਕ ॥ ਸਭਨੀ ਖੰਡੀਂ ਵਰਤਦਾ ਵਾਹਦ ਆਪ ਅਲਾਹਿ॥ ਤਮਾ ਨ ਰਖੇ ਕਿਸੇਦਾ ਸੱਚਾ ਬੇਪਰਵਾਹਿ ॥ ੧ ॥ ਪਉੜੀ ॥ ਸਿਰ ਸ਼ਾਹਾਂ ਪਤਿਸ਼ਾਹ ਹੈ ਦੋਹੀ ਸਭ ਲੋਈ ॥ ਰੱਯਤ ਸਭ ਪਾਤਸ਼ਾਹ ਦੀ ਜੋ ਕਰੇ ਸੋ ਹੋਈ॥ ਖ਼ਬਰਵੰਦ ਖ਼ੁਦਖ਼ਾਲਸਾ ਏਕੋ ਮਨ ਸੋਈ ॥ ਅਮਰ ਮੰਨੇ ਪਾਤਸ਼ਾਹ ਦਾ ਤਿਸ ਬਿਘਨ ਨ ਕੋਈ ॥ ਆਪੇ ਸਭ ਕਿਛੁ ਜਾਨਦਾ ਜੀਆ ਜਾਣੋਈ ॥ ਜਿਨੀ ਅਮਰ ਨ ਮੰਨਿਆ ਦਰ ਲਹਿਨ ਨ ਢੋਈ ॥ ੧੬ ॥ ਸਲੋਕ ॥ ਸਿਕਦਾਰਾਂ ਕਰੋੜੀਆਂ ਸ਼ਾਹ ਕਹੇ ਸਮਝਾਇ ॥ ਲਾਹਾ ਦੁਨੀਆਂ ਬੰਦਗੀ ਅਮਲ ਕਰਹੁ ਜਗ ਜਾਇ ॥ ੧ ॥ ਪਉੜੀ ॥ ਆਏ ਦੁਨੀ ਕਰੋੜੀਏ ਪੀਰ ਬਜ਼ੁਰਗਵਾਰਾ॥ ਉਨਾਨਿਸ਼ਾਨਵਿਖਾਲਿਆ ਅੰਦਰ ਸੰਸਾਰਾ॥ਇਕਨਾ ਲਿਖਿਆ ਮੰਨਿਆ ਇਕ ਭੁੱਲੇਗਾਵਾਰਾ॥ਮੰਨਣਵਾਲੇ ਜਿਣ ਗਏ ਜਾਣਅਸਰਭਾਰਾ॥ਹੁਕਮ ਨ ਮੰਨਨ ਬੇਮਿਹਰ ਵਡੇ ਧ੍ਰੋਹ ਆਹਾਰਾ ॥ ਤੇ ਦੋਜ਼ਕ ਪਉਸਨ ਲਾਲਜੀ ਨਿੰਦਕ ਕੂੜਿਆਰਾ ॥੧੭॥ ਸਲੋਕ ॥ ਜਿਨਾਂ ਬਾਕੀ ਦੇਵਣੀ ਨੀਂਦਰ ਤਿਨਾ ਕਿਉਂ ਪਾਇ ॥ ਉਨਾਂ ਉਪਰ ਅਹਿਦੀਆ ਅਜ਼ਰਾਈਲ ਲੈਗ ਹਿਸਾਬ ਚੁਕਾਇ ॥ ੧ ॥ ਪਉੜੀ ॥ ਅਹਿਦੀ ਅਜ਼ਰਾਈਲ ਨੂੰ ਸਾਹਿਬਕੀਆਫ਼ਰਮਾਇ॥ਲੈਆਵਹੁਬੰਨਿਮਵਾਸਿਆਂਦੇਦੇਬਹੁਤਸਜਾਇ ॥ ਅਜ਼ਰਾਈਲ ਕੀਆ ਸਲਾਮ ਜਿਵ ਹੁਕਮ ਰਜ਼ਾਇ॥ਸਿਲਹਿ ਖ਼ਾਨਾ ਹਥੀਆਰ ਸਭ ਰਬ ਪੇਸ਼ ਮੰਗਾਇ ॥ ਗੁਰਜ਼ ਦਿੱਤੀਆਸੁ ਅਜ਼ਰਾਈਲ ਨੂੰ ਹਥਿਆਰ ਖ਼ੁਦਾਇ॥ ਦੁਖ ਕਟਾਰੀ ਗ਼ਜ਼ਬ ਛਾਤੀਰਲੈ ਲੱਕ ਬੰਧਾਇ ॥ ੧੮ ॥ ਸ਼ਲੋਕ ॥ ਜਮਆਯਾ ਦੁਨੀਆਂ ਉਪਰੋ ਭੇਜਿਆ ਆਪ ਖ਼ੁਦਾਇ ॥ ਜਿਵ ਜਿਵ ਹੁਕਮ ਖਸਮ ਦਾ ਤਿਉਂ ਤਿਉਂ ਦੇਇ ਸਜ਼ਾਇ ॥੧॥ ਪਉੜੀ ॥ ਅਜ਼ਰਾਈਲ ਫ਼ਰੇਸ਼ਤਾ ਹੋ ਅਹਿਦੀ ਆਇਆ॥ਬੇਈਮਾਨ ਫ਼ਿਰੂਨ ਸਭ ਲੈ ਕੈਦ ਕਰਾਇਆ ॥ ਵਿਸਵਾਸ ਘਾਤੀ ਤੇ ਦਰੋਬਾਜ਼ ਜਿਨਾਂ ਪਾਪ ਕਮਾਇਆ ॥ ਗੁਰਜ ਤਿਨਾਂ ਸਿਰ ਮਾਰਦਾ ਗਰਤਘੋਰ ਲਵਾਇਆ॥ ਬਦ ਅਮਲੀ ਬਦਮਾਮਲੀ ਪਰਦਰਬ ਭੁਲਾਇਆ ॥ ਦੁਖਕਟਾਰੀ ਲਾਇਦਾ ਰੋਗੀ ਬਿਲਲਾਇਆ ॥ ਤੀਰ ਚਲਾਏ ਗ਼ਜ਼ਬ ਦੇ ਸਿਰ ਠੱਗਾਂ ਆਇਆ ॥ ਉਨਾਂ ਦੁਖ ਭੁਖ ਕਦੇ ਨ ਉਤਰੇ ਜੂਨੀ ਭਰਮਾਇਆ ॥ ੧੯ ॥ ਸਲੋਕ ॥ ਵਿੱਚ ਆਏ ਦੁਨੀ ਪੈਕੰਬਰਾਂ ਲੱਖ ਹਜ਼ਾਰ ਸਏ ॥ ਜਿਉਂ ਜਿਉਂ ਕਰਦੇ ਬੰਦਗੀ ਤਿਉਂ ਤਿਉਂ ਮੇਲਲਏ ॥੧॥ ਪਉੜੀ ॥ ਗ਼ਉਸ ਕੁਤਬ ਅਉਲੀਏ ਸਲਾਰ ਦੁਨੀਆਂ ਵਿਚ ਆਏ॥ ਪੈਕੰਬਰ ਇਕ ਲੱਖ ਅਸੀ ਹਜ਼ਾਰ ਰੱਬ ਆਪ ਉਪਾਏ॥ਬਹੁਤ ਜਮਾਤੀਂ ਜੋੜੀਆਂ ਬਹੁ ਪੰਥ ਚਲਾਏ ॥ ਸੇਵਨ ਸਭੇ ਰਬਵਲੀ

CC-0. Gurukul Kangri University Haridwar Collection. Digitized by S3 Foundation USA

ਅਲਾਹ ਸਬਾਇ ॥ ਵਾਰੀ ਆਪੋ ਆਪਣੀ ਵਾਜੇ ਗਏ ਵਜਾਇ ॥ ੨੦ ॥ ਸਲੋਕ ॥ ਰੋਜ਼ ਕ਼ਆਮਤ ਡੇਹੜੇ ਤਖ਼ਤ ਬਹੇਗੁ ਅਲਹੱਕ ॥ ਹੱਕੇਂ ਹੀ ਘਰ ਰੱਬ ਦੇ ਕਰਗ ਨਹੀਂ ਅਨਹੱਕ ॥ ੧ ॥ ਪਉੜੀ ॥ ਆਖ਼ਰ ਵਕਤ ਜਹਾਨ ਨੂੰ ਰੱਬ ਲੈਗ ਉਠਾਇ ॥ ਕਰਗ ਤਪਾਵਸ ਹੱਕ ਦਾ ਹਜ਼ੂਰ ਬੁਲਾਇ ॥ ਵੇਖਗੁ ਦਫ਼ਤਰ ਖੋਲ੍ਹਕੈ ਜਿਉਂ ਅਮਲਕਮਾਇ॥ਜਿਨਾਂ ਮੁਰਸ਼ਦਸੰਗ ਈਮਾਨਰਾਸ ਜੂਨੀਨਹੀਂ ਆਇ॥ਭਿਸਤਤਿਨਾਂ ਦੇ ਭਾਇਹੈ ਦਰਗਹਿਪੈਨਾਹਿ॥ਜਿਨਾਂਅਮਰ ਨਾਂ ਮੰਨਿਆ ਖਸਮ ਦਾ ਸੇ ਦੋਜ਼ਕ ਪਾਇ॥ਓਹ ਬਿਲਲਾਵਨਮਹਾਂ ਦੁਖੀਬਹੁਲਹਿਨ ਸਜ਼ਾਇ ॥ ਵਾਲੀ ਕੋਇ ਨ ਤਿਨਾਂਦਾ ਜੋ ਲਏ ਛਡਾਇ ॥ ੨੧ ॥ ਸਲੋਕ ॥ ਆਪੇਕੁਦਰਤਸਾਜਕੇ ਦੇਖੇ ਥਾਪਿਉ ਥਾਪ ।ਹੱਥਨਹੀਂ ਕਿਛ ਕਿਸੇਦੇ ਜੋ ਕੁਛ ਕਰੇ ਸੋ ਆਪ ॥੧॥ ਪਉੜੀ ॥ ਆਪ ਉਪਾਇ ਖਪਾਇੰਦਾ ਸਗਲਾ ਪਸਾਰਾ॥ਵਸਦੀ ਕਿਨ ਉਠਾਇਦਾ ਵਸੈ ਮੁਲਕ ਭੰਡਾਰਾ ॥ ਬ੍ਰਹਮੇਦੇਸਉ ਬਰਸ ਭੀਕ ਪੰਥ ਰੱਖੇ ਬਾਰਾ ॥ ਹੁਕਮ ਹੋਯਾ ਮੇਕਾਈਲ ਨੂੰ ਝੜ ਲਾਈ ਭਾਰਾ ॥ ਬਰਖਾ ਹੋਈ ਸਉ ਬਰਖ ਜਿਉਂ ਮੋਹਲੇਧਾਰਾ॥ ਸਉ ਬਰਸ ਵੱਗੇ ਪਉਣ ਫਿਰ ਜਲ ਸੋਖਣਹਾਰਾ ॥ ਇਜ਼ਰਾਈਲ ਫਰੇਸ਼ਤਾ ਫੇਰ ਵਾਇਪੁਕਾਰਾ॥ ਉੱਡਨ ਧਰਤ ਅਕਾਸ਼ ਸਭ ਹੋਇ ਝੱਖੜ ਛਾਰਾ ॥ ੨੨ ॥ ਸਲੋਕ ॥ ਆਦਿ ਅੰਤਿ ਮਧ ਏਕ ਹੀ ਸੱਚ ਖ਼ਾਲਕ ਸੁਬਹਾਨ ॥ ਆਪੇ ਰਚਨ ਰਚਾਇਕੇ ਫਿਰ ਫਾਨੀ ਕਰੇ ਜਹਾਨ ॥ ੧ ॥ ਪਉੜੀ ॥ ਪਵਣ ਪਾਣੀ ਸਭ ਥੋਕ ਹੈਂ ਹੋਇ ਬੈਠਾ ਨਿਆਰਾ॥ਵਰਨਾਂ ਚਿਹਨਾਂ ਬਾਹਰਾ ਆਪੇ ਨਿਰੰਕਾਰਾ॥ਸਭ ਕਿਛ ਸਾਜਨਿਵਾਜਿਓਸ ਜੇਤਾ ਪਾਸਾਰਾ ॥ ਅਬਿਨਾਸ਼ੀ ਅਬਿਗਤ ਅਡੋਲ ਕਿਛ ਪਵੈ ਨ ਪਾਰਾ ॥ ਬੈਠਾ ਤਾੜੀ ਲਾਇ ਕੇ ਵਿਚ ਧੁੰਧੂਕਾਰਾ ॥ ੨੩ ॥ ਸਲੋਕ ॥ ਜੁਗ ਛਤ੍ਰੀ ਮਾਹਿ ਧਿਆਨ ਲਾਇ ਕੀਤੋਸ ਧੁੰਦੂਕਾਰਾ ॥ ਮਸਲਤ ਬੱਧੀਅਸ ਜੀਅ ਨਾਲ ਕੀਚੈ ਫਿਰਿ ਸੰਸਾਰਾ ॥ ੧ ॥ ਪਉੜੀ ॥ ਭਾਣੇ ਕੀਆ ਜਹਾਨਫਿਰ ਸਬ ਬਣਤ ਬਣਾਏ॥ਨੂਰਹੁ ਪੰਜ ਫ਼ਰੇਸ਼ਤੇ ਰੱਬ ਆਪ ਉਪਾਏ ॥ ਚਉਦਹ ਤਬਕ ਰਚਾਇਆ ਸੋਲਾਂ ਕਲਾਂ ਟਿਕਾਏ ॥ ਚੰਦ ਸੂਰਜ ਦੁਇ ਸਾਜਿਕੈ ਜਗ ਜੋਤ ਜਗਾਏ ॥ ਆਦਮ ਹੱਵਾ ਪੈਦੇ ਕੀਆ ਦੁਇ ਨੇਕ ਖੁਦਾਇ ॥ ਚੱਲਣ ਭਾਣੇ ਖਸਮ ਦੇ ਜਿੰਵ ਹੁਕਮ ਰਜਾਇ ॥੨੪॥ ਸਲੋਕ ॥ ਕੋ ਸਿਫਤ ਸਲਾਹਿ ਨ ਕਰ ਸਕੇ ਕਉਣ ਦਿਖਾਏ ਰਾਹੁ ॥ ਸੁਲਤਾਨਾਂ ਸਿਰ ਸੁਲਤਾਨ ਤੂੰ ਪਾਤਿਸ਼ਾਹਾਂ ਸਿਰ ਪਾਤਿਸ਼ਾਹ ॥ ੧ ॥ ਪਉੜੀ ॥ ਹਉ ਢਾਢੀ ਹਾਂ ਨੀਚ ਜਾਤ ਤੁਧ ਗਾਵ ਨ ਜਾਣਾ ॥ਇਕ ਤ੍ਰਿਣ ਕੀਮ ਨ ਪਾਈਐ ਕਿਆ ਆਖ ਵਖਾਣਾ ॥ ਤੇਰੀ ਗਤਿ ਮਿਤ ਨ ਪਵੈ ਕਿਉ ਤੁਧੁ ਪਛਾਣਾ ॥ ਪਵੈ ਕਬੂਲ ਨਾ ਖਸਮੁ ਦਰ ਜਿਤ ਸ਼ਬਦ ਨੀਸ਼ਾਣਾ ॥ਸਦਾਹੀ ਕਰੀ ਝਲਿਆਣ ਉਠ ਖ਼ੈਰ ਦੇਹਸੁਜਾਣਾ ॥ ਜਨਨਾਨਕ ਦੀਜੈ ਦਰਸ ਦਾਨ ਜਸ ਕਰੀ ਰਬਾਣਾ ॥ ੨੫ ॥ ੧ ॥ ੩ ॥ ਰਸਾਲਾ ॥ ਅੱਵਲ ਹੋਯਾ ਏਕ ਅਲਾਹੀ ਫਿਰ ਦੂਜੀ ਕੁਦਰਤ ਸਾਜੀ ॥ ਕੁਦਰਤ ਕੀਤਾ ਬਹੁਤ ਪਾਸਾਰਾ ਪਾਈ ਬਹੁਬਿਧਿ ਬਾਜੀ ॥ ਅਪਨੇ ਨੂਰੋਂ ਕੀਆ ਸ਼ੈਤਾਨਾ ਪਾਕੋਂ ਆਦਮ ਕੀਆ ॥ ਬੀਆ ਸ਼ੈਤਾਨਹੁ

CC-0. Gurukul Kangri University Haridwar Collection. Digitized by S3 Foundation USA

ਹੁਕਮ ਖੁਦਾਈ ਤਿਸ ਆਦਮ ਵਸ ਕਰਲੀਆ ॥ ਰੁਕਮ ਖੁਦਾਈ ਕੋਇ ਨ ਮੰਨੇ ਸਭ ਰਾਹ ਸ਼ੈਤਾਨੀਲਾਗੇ ॥ ਅਗਨਿ ਸ਼ੈਤਾਨ ਸ਼ਿਕਮੋਂ ਉੱਠੀ ਸਭ ਸੱਚ ਰਾਹਿ ਛੱਡ ਭਾਗੇ ॥ ਸ਼ਿਕਮੇਂ ਕਾਰਨ ਕਾਜ਼ੀ ਮੁੱਲਾਂ ਕਤੇਬ ਕੁਰਾਨ ਸੁਨਾਵੇ ॥ ਸ਼ਿਕਮੇਂ ਕਾਰਨ ਬ੍ਰਹਮਨ ਪੰਡਿਤ ਪੁਰਾਣ ਕਥਾ ਨਿਤ ਗਾਵੇ ॥ ਸ਼ਿਕਮੇਂ ਕਾਰਨ ਘਰ ਛੱਡ ਨਿਕਲੇ ਹੋਇ ਜੋਗੀ ਕੰਨ ਪੜਾਵਹਿ ॥ ਖਟ ਦਰਸ਼ਨਛੱਡੀ ਪਾਖੰਡ ਬਹੁ ਬਿੱਧ ਭੇਖਬਣਾਵਹਿ ॥ ਸ਼ਿਕਮੇਂਕਾਰਨਜੋਧੇ ਸੂਰੇ ਰਨਵਿੱਚਆਪ ਕੁਹਾਵਹਿ ॥ ਸ਼ਿਕਮੇ ਕਾਰਣ ਲਿਖੇ ਲਖਾਰੀ ਕੀਰਤਨੀਏ ਗੁਣ ਗਾਵਹਿ ॥ ਸ਼ਿਕਮੇ ਕਾਰਣ ਥੀ ਪਾਦਸ਼ਾਹਾ ਦਲ ਲਸ਼ਕਰ ਲੈ ਧਾਵਹਿ ॥ ਸ਼ਿਕਮੇਂ ਕਾਰਣ ਥੀਏ ਮਵਾਸਾ ਕਿਲੇ ਕੋਟ ਬਨਾਵਹਿ॥ਲੱਖ ਕਰੋੜੀ ਸ਼ਿਕਮੇਂਕਾਰਣ ਮਰਮਰ ਜੂਨੀ ਆਵਹਿ ਜਾਵਹਿ॥ਸ਼ਿਕਮੇਂਕਾਰਣ ਥੀਏ ਪੈਕੰਬਰ ਬਹੁਬਿੱਧ ਪੰਥ ਚਲਾਵਹਿ ॥ ਸ਼ਿਕਮੇਂਕਾਰਣ ਥੀਏ ਅਉਤਾਰਾ ਰਾਮਾਇਣ ਭਾਰਥ ਗਾਵਹਿ॥ਜਿਤਨੀ ਹਿਕਮਤ ਹੁੱਜਤ ਜਗਵਿਚ ਲੱਬ ਲਾਲਚ ਜਾਲ ਪਸਾਰਾ॥ਠੱਗੀ ਬੱਗੀ ਚੋਰੀਯਾਰੀ ਸੱਭੇ ਸ਼ੈਤਾਨੀ ਕਾਰਾ॥ਰੋਟੀ ਸ਼ਿਕਮ ਪਵੈ ਜੇ ਮੁੱਲਾਂ ਆਵੈ ਯਾਦ ਖੁਦਾਈ॥ ਹਿਕਮਤ ਹੁਜਤ ਸਭ ਕਿਤ ਆਵੈ ਪੀਰਮੁਰੀਦ ਗੁਰਭਾਈ ॥ ਰੋਟੀ ਖਾਇ ਨ ਥੀਈ ਸਬੂਰੀ ਸ਼ਹਿਵਤ ਮਨੀ ਲਗਾਈ॥ਹੋਇਸ਼ੈਤਾਨ ਫਿਰਹਿ ਜਗਅੰਦਰ ਖਾਤਰ ਕਿਸੇਨ ਲਿਆਈ॥ਝੂਠੇ ਕੰਮੇ ਝੂਠਾ ਹੋਵੇ ਫਿਰ ਦਰਗਹ ਵੜਨ ਨ ਪਾਈ॥ਨਾਨਕ ਕਹੇ ਸੁਣੋ ਇਮਾਮਾਂ ਜੋ ਏਹ ਕੂਕਾਂ ਛੱਡੇ॥ਤਿਸਦੀਕੰਮੀ ਹੋਵੈ ਅੱਲਹ ਸਭ ਖ਼ਲਕ ਬਾਂਧਦੇ ਅੱਗੇ॥ ੧ ॥ ੪॥ ਖ਼ਤਮ ਸੂਰਾ ॥ ਜਬ ਹੋਯਾਹੁਕਮ ਖੁਦਾਇਦਾ ਨਾਨਕ ਸ਼ਾਹ ਫ਼ਕੀਰ ॥ ਤਬ ਆਯਾ ਏਸ ਜਹਾਨ ਵਿਚ ਸੱਚੀ ਕਰ ਤਦਬੀਰ॥ਮਿਲੀਆਂ ਆਇਤਾਂ ਦਰਗਾਹਿਥੀਂ ਸੂਰੇ ਹਦੀਸ ਰਸਾਲ॥ ਹੋਯਾ ਕਾਬੇ ਹੱਜ ਵਿਚ ਸੈਦਇਮਾਮਾਂ ਨਾਲ॥ਹਾਜੀ ਕਾਜ਼ੀ ਔਲੀਏ ਸ਼ੇਖਮਸਾਇਕ ਪੀਰ॥ਜੋਤਿਨਾਂ ਮੁਖਥੀਂ ਭਾਖਿਆ ਸੋ ਭੀ ਲਿਖਿਆ ਵਿਚ ਜੰਜੀਰ ॥ ਪੰਦ ਨਸੀਹਤ ਜੋ ਸੁਣੇ ਕੀ ਹਿੰਦੂ ਕੀ ਮੁਸਲਮਾਨ ॥ ਹੋਨਗੁਨਾਹੀ ਪਾਕ ਸਭ ਸਾਬਤ ਰਹੇ ਇਮਾਨ ॥ਸੁਣਕੇਸੱਚ ਨਸੀਹਤਾਂ ਆਣੇ ਖ਼ਾਤਰਮਾਂਹਿ ॥ ਕਰੇਜੋ ਅਮਲ ਇਨਾਂ ਪਰ ਸੋ ਦਰਗਹ ਪੈਧੇ ਜਾਇ॥ ਹੋਰ ਦੂਜਾ ਨਹੀਂ ਦੁਨੀ ਵਿਚ ਇਕੋ ਇੱਕਖੁਦਾਇ ॥ਨਾਨਕ ਖ਼ਲੀਫ਼ਾ ਖੁਦਾਇਦਾ ਮੁਖਤੇਸੱਚ ਅਲਾਇ ॥ ਸੱਚਾ ਰੱਬਫੁਰਮਾਨਲੈ ਆਯਾ ਏਸਜਹਾਨ॥ਇਕੋ ਨਾਮ ਜਪਾਇਦਾ ਦੂਜਾਫਾਨੀ ਜਾਨ ॥ਕਿਤੀ ਲੱਖਪੈਕੰਬਰਾਂ ਕਿਤੇ ਲੱਖ ਅਉਤਾਰ ॥ ਪੀਰ ਮਸਾਇਕ ਅਉਲੀਏ ਗ਼ਉਸ ਕੁਤਬ ਸਾਲਾਰ ॥ ਕਾਜ਼ੀ ਮੁਫ਼ਤੀ ਮਉਲਵੀ ਮੁੱਲਾਂਸਦਰ ਉਲਮਾਇ॥ ਪਾਂਧੇ ਮਿਸਰ ਜੋਤਕੀ ਸਭ ਪੜ੍ਹ ਲਿਖ ਥੀਏ ਫਨਾਹਿ ॥ ਗੁਜ਼ਰੇਨੂੰ ਸਲਵਾਤਕਰ ਹਾਜ਼ਰਹੋਇ ਤਿਸ ਮਾਨ॥ਹਾਜ਼ਰਨਾਜ਼ਰ ਇਕ ਰੱਬ ਵਿਚ ਹਿੰਦੂ ਮੁਸਲਮਾਨ ॥ ਸੱਚਾਫਿਰਕਾ ਸਾਜਿਆ ਨਾਨਕਸ਼ਾਹਫ਼ਕੀਰ॥ ਜੋ ਆਵੈ ਸੱਚੇ ਮਜ਼ਹਬ ਵਿਚ ਸੋ ਕਦੇ ਨ ਹੋਗ ਜ਼ਹੀਰ॥ਮਿਲਿਆ ਰਹੀਐ ਰਾਤਦਿਨ ਧਰਮਸਾਲਕੇ ਮਾਹਿ ॥ ਗੁਜ਼ਰਗੁਜ਼ਰ ਵਿੱਚਧਰਮਸਾਲ ਮਿਲਿਲੈਨ ਮੁਰੀਦ ਬੰਧਾਇ ॥ ਨਿਤ ਮੇਲਾ ਕੀਜੈ ਦੁਇਵਾਰ ਰਾਤ ਦਿਹੇ

CC-0. Gurukul Kangri University Haridwar Collection. Digitized by S3 Foundation USA

ਚਲ ਜਾਇ॥ਸੋਦਰਸੋਹਿਲਾ ਆਰਤੀ ਜਪ ਗੁਰਪੁਰਬ ਕਰਾਇ॥ਸਭਨਾਂ ਅੰਦਰ ਇੱਕ ਜਾਨ ਮਿਹਰ ਮੁਹੱਬਤ ਸਾਜ॥ ਜੋਖਾਵੈ ਕੁਣਕਾ ਵੰਡਕੇ ਸਭ ਸਵਰਨ ਤਿਸਕੇ ਕਾਜ॥ਦਸਵਾਂ ਹਿੱਸਾ ਖੱਟਕੇ ਗੁਰਸਿਖਾਂ ਦੇ ਮੁਹਿ ਪਾਇ॥ਨਾਨਕ ਆਖੇ ਉੱਮਤੀ ਇਉਂ ਆਖਿਆ ਆਪ ਖੁਦਾਇ॥ ੧॥ ੫॥ ੧੬੭॥ ਇਤਿ ਸ੍ਰੀ ਗੋਸ਼ਟ ਮੱਕੇ ਮਦੀਨੇ ਕੀ ਸੰਪੂਰਣੰ॥ ੩੭॥

ਆਗੇ ਸਾਖੀ ਗੁਰੂ ਜੀ ਦੀ ਬੇਬੇ ਨਾਨਕੀ ਨਾਲ ਹੋਈ

ਤਾਂ ਸ੍ਰੀਗੁਰੂ ਨਾਨਕਜੀ ਕਹਿਆ ਭਾਈ ਬਾਲਾ ਸਾਨੂੰ ਬੇਬੇ ਯਾਦ ਕੀਤਾ ਹੈ ਤਾਂ ਮੈਂ ਆਖਿਆ ਜੀ ਕੀਤਾ ਹੋਸੀ ਤਾਂ ਸ੍ਰੀਗੁਰੂਨਾਨਕਜੀ ਕਹਿਆ ਭਾਈ ਬਾਲਾਜਰੂਰ ਜਾਯਾਚਾਹੀਏ ਤਾਂ ਮੈਂ ਆਖਿਆ ਗੁਰੂਜੀ ਕਿਥੋਂ ਇਤਨੇਕੋਹਹੈ ਤਾਂ ਸ੍ਰੀਗੁਰੂਜੀਕਹਿਆ ਭਾਈਬਾਲਾ ਇਥੋਂਸਤਾਈ ਸੈ ਕੋਹਾਂਹੈ ਤਾਂਮੈਂ ਆਖਿਆਜੀ ਕਦਪਹੁਚੀਏਂਗੇ ਤਾਂ ਗੁਰੂਜੀ ਕਹਜਾ ਭਾਈਬਾਲਾ ਕਰਤਾਰ ਝਬਦੇਹੀ ਪਹੁੰਚਾਵੇਗਾ ਦੁਪਹਿਰ ਵੇਲੇ ਗੱਲਾਂਕੀਤੀਆਂ ਅਤੇ ਸੰਧਜਾਂਵੇਲੇ ਤੁਰੇ ਤਾਂ ਮਹਾਰਾਜ ਜੀ ਤੇ ਮਰਦਾਨਾ ਨਾਲ ਮੈਨੂੰ ਕਹਿਆ ਅੱਖੀਂ ਮੀਟੋਤੇਸ੍ਰੀਗੁਰੂਜੀ ਅੰਤਰਧਜਾਨਹੋਏਮਦੀਨੇ ਵਿੱਚੋਂ ਇੱਕ ਘੜੀਰਾਤ ਗਈ ਸੁਲਤਾਂਨਪੁਰ ਜੈਰਾਂਮਦੇ ਘਰ ਆਇਵੜੇਤਾਂਤੁਲਸਾਂਲਉਂਡੀ ਦੇਖੇ ਤਾਂ ਬਹੂਜੀਦਾ ਭਾਈ ਆਯਾਹੈ ਤਾਂ ਤੁਲਸਾਂ ਕੂਕੀ ਬਹੂਜੀ ਵਧਾਈਹੈ ਤੁਮਾਰਾਭਾਈ ਜੀ ਆਯਾਹੈ ਜਾਂ ਬੇਬੇਜੀ ਦੇਖੇ ਤਾਂਸੱਚਮੁੱਚਆਏਹੈਨ ਤਾਂ ਬੇਬੇ ਨਾਨਕੀਜੀ ਸ੍ਰੀਗੁਰੂਜੀਦੇਪੈਰਾਂ ਤੇ ਢਹਿਪਈ ਤਾਂ ਅੱਗੋਂ ਗੁਰੂਨਾਨਕ ਜੀ ਬੇਬੇ ਦੇ ਹੱਥ ਪਕੜਲਏ ਤਾਂ ਗੁਰੂ ਨਾਨਕ ਜੀ ਆਖਿਆ ਬੇਬੇਜੀ ਤੁਸਾਂ ਸਾਨੂੰਯਾਦਕੀਤਾਹੈਤਾਂ ਅਸਾਂ ਆਖਿਆਬੇਬੇਦਾ ਦਰਸ਼ਨ ਕਰੀਏਤਾਂ ਬੇਬੇਆਖਿਆ ਭਾਈਜੀ ਤੁਸੀ ਕਿਥਾਊਂ ਨੇੜੇਹੀ ਆਹੇ ਅਸਾਂ ਦੁਪਹਿਰਵੇਲੇ ਯਾਦਕੀਤਾ ਸੀ ਜੋ ਪਉਣੇ ਸੱਤ ਵਰ੍ਹੇ ਭਾਈਜੀ ਨੂੰ ਮਿਲਿਆਂ ਹੋਏਹੈਂ ਤਾਂ ਮੈਂ ਬਹੁਤ ਵਿਰਾਗੀਸੀਪਰ ਤੁਸੀ ਨੇੜੇ ਹੀ ਸਹੋ ਜੋ ਮੈਂ ਯਾਦਕੀਤਾ ਤਾਂਆਗਏ ਤਾਂ ਮਰਦਾਨੇ ਆਖਿਆ ਰਜਾਦੀਜੀ ਗੁਰੂਨਾਨਕ ਜੀ ਸਤਾਈ ਸੈ ਕੋਹਾਂ ਤੋਂ ਇੱਕ ਘੜੀ ਵਿੱਚ ਆਏਹੈਨ ਅਤੇ ਅਸਾਂ ਨੂੰ ਵੀ ਲੈਆਏਹੈਨ ਤਾਂ ਗੁਰੂਜੀ ਆਖਿਆ ਮਰਦਾਨਿਆਂ ਚੁੱਪ ਕਰਰਹੁ ਤਾਂ ਬੇਬੇ ਆਖਿਆ ਭਾਈ ਮਰਦਾਨਾ ਇਨਾਂ ਪਾਸੋਂ ਇੱਕ ਰਾਇ ਬੁਲਾਰ ਹੀ ਵਰਸਾਣਾ ਹੈ ਪਰ ਅਸਾਂ ਇਨਾਂਦੀ ਕਦਰ ਨਹੀਂ ਜਾਤੀ ਤਾਂ ਗੁਰੂ ਨਾਨਕਜੀ ਆਖਿਆ ਬੇਬੇ ਜੀ ਤੁਸਾਂ ਅਸਾਨੋਂ ਯਾਦ ਕੀਤਾ ਆਹਾ ਤਿਸ ਵਾਸਤੇਅਸੀਂ ਤੁਰਤ ਆਏਹਾਂ ਪਰ ਅਸੀਂ ਰਾਹ ਉਪਰ ਆਹੇ ਤੁਸਾਂ ਜੋ ਕੁਛ ਆਖਣਾਹੈ ਸੋਆਖੋ ਤਾਂ ਬੇਬੇ ਨਾਨਕੀ ਆਖਿਆਭਾਈਜੀ ਤੁਸਾਡੇਦਰਸ਼ਨਦੀ ਚਾਹਆਹੀਅਸਾਂ ਤੁਹਾਨੂੰਇਸਵਾਸਤੇ ਯਾਦ ਕੀਤਾ ਆਹਾ ਜੋ ਬਹੁਤ ਵਰ੍ਹੇ ਗੁਜ਼ਰੇਹੈਨ ਤੇ ਭਾਈਜੀ ਅਸਾਨੂੰ ਵਿਸਾਰ ਛੱਡਿਆ ਆਹਾ ਤਾਂ ਗੁਰੂ ਨਾਨਕਜੀ ਆਖਿਆ ਬੇਬੇਜੀ ਹੁਣਤਾਂ ਤੁਸਾਡੀ ਚਿਤਵਨੀ ਪੂਰੀਹੋਈਹੈ ਤੂੰਹੁਣਅਸਾਨੂੰ ਖ਼ੁਸ਼ੀ ਕਰ ਜੇ ਅਸੀਂ ਹੁਣ ਰਸਤੇ ਉਪਰ ਆਹੇ ਤਾਂ ਤੁਲਸਾਂ ਆਖਿਆ ਠਾਕਰਜੀ ਤੁਮਅਬੀ ਆਏਹੋ ਅਰ ਅਬੀ ਜਾਤੇਹੋ ਜੀ ਭਈਏ ਜੈਰਾਮ ਜੀਕੋ ਤਾਂ ਆਵਨਦੇਵੋਜੀ ਤਾਂਗੁਰੂਨਾਨਕਜੀ

CC-0. Gurukul Kangri University Haridwar Collection. Digitized by S3 Foundation USA

ਆਖਿਆ ਤੁਲਸਾਂ ਅਸਾਂ ਜ਼ਰੂਰ ਜਾਣਾਹੈ ਤਾਂ ਗੁਰੂਜੀ ਫੇਰ ਆਖਿਆ ਬੇਬੇਜੀ ਭੱਈਏਜੈਰਾਮ ਦੇ ਅੱਗੇ ਅਸਾਡੀ ਵਲੋਂ ਬਹੁਤ ਬੇਨਤੀਕਰਨੀ ਜਦ ਗੁਰੂਜੀ ਮਹਾਰਾਜ ਏਹਕਹਾ ਤਾਂ ਬੇਬੇ ਨਾਨਕੀ ਦੀਆਂ ਹੰਝੂ ਨਿਕਲਪਈਆਂ ਤੇ ਬੇਬੇਜੀ ਨੇ ਸ੍ਰੀਚੰਦ ਨੂੰ ਅੱਗੇ ਆਣ ਖੜਾ ਕੀਤਾ ਤਾਂ ਗੁਰੂਨਾਨਕਜੀ ਕਹਿਆ ਬੇਬੇਜੀ ਤੁਸਾਂ ਇਹ ਗੱਲ ਨਾਹੀਂ ਕਰਨੀ ਕਿਉਂਜੋ ਮੈਂ ਤੁਸਾਡੇ ਵਾਸਤੇ ਕਿਥੋਂ ਆਯਾਹਾਂ ਤਾਂ ਬੇਬੇਨਾਨਕੀ ਆਖਿਆ ਭਾਈਜੀ ਆਪ ਮੇਰੇ ਪਾਸ ਕੋਈ ਦਿਨ ਰਹੋ ਤਾਂ ਗੁਰੂਨਾਨਕਜੀ ਕਹਿਆ ਬੇਬੇਜੀ ਅਸੀ ਤੁਸਾਡੇ ਪਾਸ ਚਿਰ ਤੋੜੀ ਰਹੀਏਂਗੇ ਪਰ ਅਸੀ ਹੁਣ ਰਾਹ ਉਪਰਆਹੇ ਅਤੇ ਤੁਸਾਡਾ ਭਲਾਭੀ ਇੱਸੇ ਬਾਤ ਵਿੱਚਹੈ ਜੋ ਤੁਸੀ ਅਸਾਨੂੰ ਖ਼ੁਸ਼ੀਕਰੋ ਅਸਾਡਾ ਚਿੱਤਉਦਾਸ ਹੈ ਤਾਂ ਬੇਬੇਨਾਨਕੀ ਡਰਗਈ ਤਾਂ ਬੇਬੇਨਾਨਕੀਆਖਿਆ ਭਾਈ ਪ੍ਰਸਾਦਿ ਤਾਂ ਜੇਉਂ ਜਾਹੋ ਤਾਂ ਗੁਰੂਜੀ ਕਹਾ ਭਲਾ ਬੇਬੇਜੀ ਜੋਤਿਆਰਹੈ ਸੋਮਰਦਾਨੇ ਨੂੰ ਦੇਵਹੁ ਤਾਂ ਬੇਬੇ ਅੰਦਰੋਂ ਪਕਵਾਨ ਕੱਢ ਲੈ ਆਈ ਅਤੇ ਪਤਾਸੇ ਤੇ ਕੜ੍ਹਿਆ ਹੋਇਆ ਦੁਧ ਅੱਗੇ ਆਣ ਰੱਖਿਆ ਤਾਂਗੁਰੂਜੀ ਕਹਿਆਮਰਦਾਨਾ ਖਾਹ ਤਾਂ ਮਰਦਾਨੇਆਖਿਆਜੀ ਤੁਸੀਭੀ ਖਾਵੋ ਤਾਂ ਮੈਂ ਭੀ ਖਾਵਾਂ ਤਾਂ ਗੁਰੂਜੀ ਮੈਨੂੰ ਆਖਿਆ ਬਾਲਾ ਏਸਦੇ ਤੂੰ ਹਿੱਸੇ ਕਰ ਤਾਂ ਮੈਂਤੂੰਵੰਡੇ ਕੀਤੇ ਤੇਇਕ ਮਰਦਾਨੇ ਨੂੰ ਦਿੱਤਾ ਇਕ ਗੁਰੂਨਾਨਕਜੀ ਲੀਤਾ ਤੇਇਕਮੈਨੂੰ ਦਿੱਤਾ ਅਸਾਂ ਤੂੰਹਾਂ ਖਾਧਾ ਤਾਂ ਗੁਰੂਨਾਨਕਜੀਆਖਿਆ ਬੇਬੇਜੀ ਕਰਤਾਰ ਕਰਤਾਰ ਹਈ ਤਾਂ ਬੇਬੇ ਆਖਿਆ ਭਾਈ ਦਰਸ਼ਨ ਫੇਰ ਕਦੋਂ ਦੇਸੋ ਤਾਂ ਗੁਰੂਨਾਨਕ ਜੀ ਆਖਿਆ ਬੇਬੇ ਜੀ ਜਿਤ ਵੇਲੇ ਤੂੰ ਯਾਦ ਕਰੇਂਗੀ ਉਸਵਖਤ ਹਾਜ਼ਰ ਆਨਹੋਈਏਂਗੇ ਤਾਂ ਬੇਬੇਨਾਨਕੀਕਹਿਆਭਾਈ ਜੀ ਤੁਸਾਡੀ ਰਜਾਇ ਤਾਂ ਮੈਂ ਆਖਿਆ ਗੁਰੂਜੀ ਮੇਰੀ ਇਕ ਬੇਨਤੀਸੁਣੀਐ ਤਾਂਗੁਰੂਨਾਨਕ ਜੀ ਕ੍ਰਿਪਾ ਕਰਕੇ ਆਖਿਆ ਭਾਈਬਾਲਾ ਅਸਾਂ ਤੇਰਾ ਆਖਿਆ ਫੇਰਿਆ ਕਦੀਨਾਹੀਂ ਤੈਂਕੁਛ ਆਖਣਾ ਹੈ ਸੋ ਨਿਸੰਗ ਆਖ ਤਾਂ ਮੈਂ ਆਖਿਆ ਗੁਰੂਜੀ ਅੱਜਦੀ ਰਾਤਬੇਬੇਜੀਦੇ ਪਾਸਰਹੋ ਤੁਸੀ ਬੇਬੇਜੀ ਨੂੰ ਰੰਜ ਨ ਕਰੋ ਤਾਂ ਗੁਰੂਜੀ ਰਾਤ ਬੇਬੇਜੀਦੇ ਘਰ ਰਹੇ ਗੁਰੂਜੀ ਇਹ ਬਾਤ ਕਰ ਰਹੇ ਸੇ ਜਾਂ ਭਈਆਜੈਰਾਮਭੀ ਆਇਗਿਆ ਤਾਂ ਗੁਰੂਜੀ ਭਈਯੇਜੀਨੂੰਮਿਲੇਤੇ ਪ੍ਰਸਾਦ ਛੱਕਿਆ ਗੁਰੂਜੀਤੇ ਭੱਈਯੇ ਜੈਰਾਮ ਤੇ ਮੈਂ ਅਰ ਮਰਦਾਨੇਵੀ ਪ੍ਰਸਾਦਪਾਯਾਸੁਖਨਾਲਰਾਤ ਗੁਜ਼ਰਾਨ ਕੀਤੀ ਜਾਂ ਸਵਾਪਹਿਰ ਰਾਤਰਹੀ ਤਾਂਗੁਰੂਜੀਨੇ ਇਸ਼ਨਾਨਕੀਤਾ ਤਾਂਮੈਂਭੀ ਕੀਤਾ ਅਤੇ ਮਰਦਾਨੇਨੂੰਭੀ ਕਰਵਾਯਾ ਤਾਂ ਗੁਰੂਜੀ ਕਹਿਆ ਬੇਬੇਜੀ ਕਰਤਾਰ ਕਰਤਾਰ ਤਾਂ ਬੇਬੇ ਨਾਨਕੀ ਆਖਿਆ ਭਾਈਜੀ ਸਤਿਕਰਤਾਰ ਅਸਾਨੂੰ ਮਨੋਂ ਨਾ ਵਿਸਾਰਨਾ ॥ ੩੮ ॥

ਸਾਖੀ ਉੱਤ੍ਰ ਦੇਸ਼ ਦੀ ਚਲੀ

ਤਾਂ ਉਥੋਂ ਗੁਰੂਨਾਨਕਜੀ ਅੰਤਰਧਯਾਨ ਹੋਏ ਤਾਂਬਵੰਜਾਸੈ ਕੋਹਾਂ ਪ੍ਰਭਾਤ ਵੇਲੇ ਜਾਇ ਖਲੋਤੇ ਤਾਂ ਗੁਰੂਨਾਨਕਜੀ ਆਖਿਆ ਭਾਈਬਾਲਾ ਤੇਮਰਦਾਨਾ ਅਸੀਕਿਥੇਆਏਹਾਂ ਤਾਂਮੈਂ ਆਖਿਆ ਜੀ ਤੇਰੀਤੂੰਹੇਂ ਜਾਨ ਅਸਾਨੂੰਤੇਰੀਸੋਝੀਕਾਈ ਨਹੀਂ ਕਿਆਜਾਪੇ ਜੋ ਤੂੰ ਪਰਮੇਸ਼ੁਰਹੈਂ ਕਿਸਾਧ

CC-0. Gurukul Kangri University Haridwar Collection. Digitized by S3 Foundation USA

ਹੈਂ ਅਸੀਂ ਭਾਂ ਕੁਝਨਹੀਂ ਜਾਨਦੇ ਭਾਂ ਗੁਰੂਜੀ ਆਖਿਆ ਮਰਦਾਨਿਆਂ ਅਸੀਂ ਕਿਥੇ ਆਇ ਆਹੇ ਭਾਂ ਮਰਦਾਨੇਆਖਿਆ ਜੀ ਜਿੱਥੋਂ ਤੁਸਾਂ ਅਢਾਈ ਹਜ਼ਾਰਕੋਹਾਂਤੋਂ ਅੰਤ੍ਰਧਿਆਨਹੋਕੇਮੱਕੇ ਜਾ ਨਿਕਲੇ ਆਹੇ ਭਾਂ ਹੁਣ ਅਸੀ ਫੇਰ ਉੱਥੇ ਹੀ ਆਏ ਆਹੇ ਭਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆਂ ਭਲਾਯਾਦ ਕੀਤਾਹਈ ਭਾਂ ਮਰਦਾਨੇ ਆਖਿਆ ਗੁਰੂਜੀ ਆਪਦੀ ਕ੍ਰਿਪਾਨਾਲ ਯਾਦ ਰਿਹਾਹੈ ਇਹ ਭਾਂਅਗਲੇ ਭਲਕਦੀ ਗੱਲਹੈ ਕਾਈਮੁੱਦਤ ਭਾਂ ਨਹੀਂ ਹੋਈ ਭਾਂ ਗੁਰੂਜੀ ਆਖਿਆ ਭਾਈਮਰਦਾਨਾ ਹੁਣ ਆਖਕਿਧਰਚਲਦਾਹੈਂ ਭਾਂ ਮਰਦਾਨੇ ਆਖਿਆ ਜੀ ਜਿਧਰ ਆਪਦੀ ਰਜ਼ਾਇ ਭਾਂ ਗੁਰੂਨਾਨਕਜੀ ਆਖਿਆਭਾਈ ਮਰਦਾਨਾ ਆਖੇਂਭਾਂਸੁਮੇਰ ਨੂੰ ਚਲੀਏ ਉਥੇ ਸਿੱਧਮੰਡਲੀ ਹੈ ਉਨਾਂਦਾ ਦਰਸ਼ਨ ਕਰੀਏ ਭਾਂ ਮੈਂਆਖਿਆ ਜੀ ਭਲੀਬਾਤਹੈ ਭਾਂ ਗੁਰੂ ਨਾਨਕਜੀ ਉੱਥੋਂ ਅੰਤ੍ਰ ਧਿਆਨ ਹੋਏ ਭਾਂ ਇਕ ਪਰਬਤ ਉੱਪਰ ਜਾਇਖੜੇਹੋਏ ਓਹਪਹਾੜ ਸਭ ਸੋਨੇਦਾ ਆਹਾ ਅਤੇਜ਼ਿਮੀਨਭੀ ਸੋਨੇਦੀਆਹੀ ਤੇਸਭਸਮਿੱਗ੍ਰੀਸੋਨੇਦੀਹੈ ਭਾਂਮਰਦਾਨੇ ਆਖਿਆ ਗੁਰੂਜੀਏਥੇਤਾਂਅਜਬਤਮਾਸ਼ਾਡਿੱਠਾਹੈ ਭਾਂ ਗੁ ਰੂਨਾਨਕਜੀਕਹਿਆ ਮਰਦਾਨਿਆਂ ਕਿਆ ਤਮਾਸ਼ਾ ਡਿੱਠੋ ਭਾਂਮਰਦਾਨੇ ਆਖਿਆ ਜੀ ਇਹ ਤਮਾਸ਼ਾ ਡਿੱਠਾ ਹੈ ਜੋ ਕੁਦਰਤੀ ਰਸ ਚੋ ਰਹੀਹੈ ਦੂਜਾ ਸੱਭੋ ਪਹਾੜ ਅਤੇਧਰਤੀਸਭਸੋਨੇ ਦੀ ਅਤੇ ਇੱਥੇਆਦਮੀਦੀ ਕਾਈ ਜ਼ਾਤ ਭੀ ਨਾਹੀਂ ਅਤੇਇਸਜਗਹਦਾ ਨਾਉਂ ਕਿਆਹੈ ਅਤੇ ਏਹ ਜੋ ਅੰਮ੍ਰਿਤਰਸ ਪਈ ਵਹਿੰਦੀ ਹੈ ਅਤੇ ਨਾ ਇੱਥੇਕੋਈਅਚਵਨ ਵਾਲਾਹੈ ਅਤੇ ਨਾ ਕੋਈ ਇੱਥੇ ਬੀਜਲ ਵਾਲਾਹੀ ਹੈ ਇਹਗੱਲ ਕਿਉਂਕਰ ਹੈ ਭਾਂ ਗੁਰੂਨਾਨਕਜੀਕਹਿਆ ਮਰਦਾਨਾਇਹਅੰਮ੍ਰਿਤਫਲਕੁਦਰਤਨਾਲ ਪੈਦਾ ਹੋਇਆਹੈ ਅਤੇ ਆਪੇ ਫੁਟਫੁਟ ਜਾਂਦੇ ਹੈਨ ਅਤੇ ਇਹ ਰਸ ਵੀ ਕੁਦਰਤ ਨਾਲ ਵਹਿੰਦਾ ਹੈ ਅਤੇ ਆਦਮੀ ਦਾ ਕੰਮ ਨਾਹੀਂ ਕਿਉਂ ਏਥੇ ਆਦਮੀ ਭਾਂ ਪਹੁੰਚ ਨਾਹੀਂ ਸਕਦਾ ਭਾਂ ਫੇਰ ਮਰਦਾਨੇ ਬੇਨਤੀ ਕੀਤੀ ਜੋ ਗੁਰੂ ਜੀ ਇਹ ਅੰਮ੍ਰਿਤ ਰਸ ਕਿਸੇ ਦੇ ਮੂੰਹ ਨਹੀਂ ਪਉਂਦਾ ਏਹ ਈਵੇਂਹੀ ਜਾਂਦਾ ਹੈ ਭਾਂ ਗੁਰੂਨਾਨਕਦੇਵਜੀ ਆਖਿਆ ਮਰਦਾਨਾ ਏਹ ਅਜੇਹੀ ਵਸਤ ਕਰਤਾਰਪੈਦਾਕੀਤੀਹੈ ਸੋ ਅਜਾਏਂ ਨਹੀਂ ਜਾਂਦੀ ਭਾਂਫੇਰਮਰਦਾਨੇਆਖਿਆ ਏਥੇਤਾਂਆਦਮੀ ਅਚਵਨ ਵਾਲਾ ਕੋਈ ਨਾਹੀਂ ਅਤੇ ਇਹਸੋਨਾਭੀ ਈਵੇਂ ਲੱਭਾਂ ਹੇਠ ਲਤਾੜੀਦਾਹੈ ਭਾਂ ਗੁਰੂ ਨਾਨਕਜੀ ਆਖਿਆ ਮਰਦਾਨਿਆਂ ਏਹ ਜੋ ਅੰਮ੍ਰਿਤ ਫਲ ਰਸ ਕਰਤਾਰ ਨੇ ਪੈਦਾ ਕੀਤਾ ਹੈ ਸੋ ਆਪਣਿਆਂ ਪਜਾਰਿਆਂ ਵਾਸਤੇ ਪੈਦਾਕੀਤਾ ਹੈਸੁ ਉਸਦੇ ਜੋ ਪ੍ਰੀਤਮਭਗਤਹੈਨ ਜਿਨ੍ਹਾਂਨੇ ਸੰਸਾਰਦੇ ਰਸ ਕਸ ਛੋਡ ਦਿੱਤੇਹੈਨ ਉਨਾਂ ਮਹਾਤਮਾਂ ਕੋ ਇਹ ਰਸ ਮਿਲਦਾਹੈ ਅਤੇ ਕੁਦਰਤ ਨਾਲ ਉਨਾਂ ਕੀ ਰਸਨਾ ਉਪਰ ਜਾਇਪਉਂਦਾਹੈ ਅਤੇ ਏਹ ਜੋ ਸੋਨਾਂ ਦੇਖਦਾਹੈਂ ਉਸਦੇ ਜੋ ਨਿਜ ਭਗਤ ਹੈਨ ਸੋ ਉਨਕੀ ਦ੍ਰਿਸ਼ਟ ਆਉਂਦਾਹੈ ਅਤੇ ਜੋ ਸੰਸਾਰਵਿਚ ਸੋਨਾਂਹੈ ਸੋ ਕੱਚਾ ਹੈ ਤੇ ਸੰਸਾਰ ਉਸਨਾਲ ਮੂਰਛਾਗਤ ਹੋਇ ਰਹਿਆਹੈ ਅਤੇਭਗਤਾਂਦੀ ਭੁੱਖ ਏਸ ਅੰਮ੍ਰਿਤ ਨਾਲ ਲਹਿੰਦੀਹੈਹੋਰਕਿਸੇਨਾਲਭਗਤਾਂਦੀਭੁੱਖਨਹੀਂਲਹਿੰਦੀ ਭਾਂ ਸ੍ਰੀ ਗੁਰੂਜੀ ਕਹਿਆ ਮਰਦਾਨਾ

CC-0. Gurukul Kangri University Haridwar Collection. Digitized by S3 Foundation USA

ਭਗਤਾਂ ਮੈਂ ਔਰ ਸੰਸਾਰੀਓਂ ਮੇਂ ਇਤਨਾ ਹੀ ਫ਼ਰਕ ਹੈ ਤਾਂ ਮਰਦਾਨੇ ਆਖਿਆ ਗੁਰੂਜੀ ਜੇ ਬਚਨਹੋਵੇ ਤਾਂਏਹਅਮ੍ਰਿਤਮੈਂਭੀਪੀਵਾਂ ਤਾਂਗੁਰੂਜੀਆਖਿਆ ਮਰਦਾਨਿਆਂ ਪਚਾਇਸਕੇਂਗਾ ਤਾਂ ਮਰਦਾਨੇ ਆਖਿਆ ਜੀ ਏਡੀ ਮੁੱਦਤ ਹੋਈ ਹੈ ਤੇਰੇ ਨਾਲ ਫਿਰਦਿਆਂ ਕਦੀ ਤਾਂ ਤੂੰ ਭੀ ਦਜਾਕਰ ਤਾਂ ਗੁਰੂਨਾਨਕਜੀ ਕਾਹਆ ਮਰਦਾਨਿਆਂ ਏਹਅੰਮ੍ਰਿਤਰਸ ਮਹਾਂ ਅਜ਼ਰ ਹੈ ਜਿਸ ਤਾਈਂ ਕਰਤਾਰ ਜਰਾਏ ਸੋਈ ਜਰੇਗਾ ਨਾਹੀਂ ਤਾਂਪੀਰਹੋਇਬਹਿੰਦੇਹਨ ਜਰ ਨਾਹੀਂ ਸੱਕਦੇ ਲੱਗਦੇਹੈਨ ਆਪਗਣਾਇਣ ਅਤੇਸਾਂਗਬਣਾਇਬਹਿੰਦੇਹੈਨ ਤਾਂਮਰਦਾਨੇਆਖਿਆ ਗੁਰੂਜੀ ਜਿਨਾਂ ਨੂੰ ਏਹ ਅੰਮ੍ਰਿਤ ਰਸ ਪਚਦਾ ਹੈ ਸੋ ਕੇਹੇ ਜੇਹੇ ਹਨ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆ ਜਿਨਾਂ ਨੂੰ ਏਹ ਰਸ ਪਚਦਾ ਹੈ ਸੋ ਗੁੰਮ ਹੋਇ ਜਾਂਦੇ ਹੈਨ ਓਹ ਨਿਰਬੰਧ ਹੋਇ ਜਾਂਦੇ ਹੈਨ ਉਨਾਂਨੂੰ ਮੇਰਤੇਰ ਵਿਸਰਜਾਂਦੀ ਹੈ ਓਹ ਏਹਨਹੀਂਜਾਣਦੇ ਜੋ ਏਹ ਮੇਰਾ ਪੁੱਤ੍ਰਹੈ ਅਤੇ ਏਹ ਪਰਾਇਆ ਪੁੱਤ੍ਰ ਹੈ ਓਹ ਸੱਭੋ ਨਿਰੰਕਾਰ ਹੀ ਜਾਣਦੇਹੈਨ ਤਾਂ ਸ੍ਰੀਗੁਰੂਨਾਨਕਜੀ ਅੱਗੇ ਮਰਦਾਨੇ ਬੇਨਤੀਕੀਤੀ ਗੁਰੂਜੀ ਜੇ ਮੈਨੂੰ ਪਚਾਵੇਂ ਤਾਂਮੈਂਭੀਪੀਵਾਂ ਤਾਂ ਗੁਰੂਨਾਨਕਜੀ ਆਖਿਆ ਮਰਦਾਨਿਆਂ ਇੱਥੇ ਜੋ ਆਇਪਹੁੰਚੇ ਹਾਂ ਸੋ ਪੀਵਨੇ ਵਾਸਤੇਹੀ ਆਏ ਜੁ ਕੁਛ ਪੀ ਸਕਦਾ ਹੈਂ ਸੋ ਪੀਉ ਤਾਂ ਮਰਦਾਨੇ ਓਹ ਰਸਪੀਤਾ ਤੇ ਮਰਦਾਨਾ ਤਾਂ ਮਸਤ ਹੋਇ ਗਇਆ ਮਰਦਾਨੇ ਦੀ ਦੁੱਖ ਭੁੱਖ ਸਭ ਉਤਰ ਗਈ ਤਾਂ ਗੁਰੂਜੀ ਮੈਨੂੰ ਆਖਿਆ ਭਾਈ ਬਾਲਾ ਇਹ ਕਿਆ ਹੋਇਆ ਤਾਂ ਮੈਂ ਆਖਿਆ ਜੀ ਤੇਰੀ ਤੂੰਹੇਂ ਜਾਣ ਅਤੇ ਅਸੀ ਤਾਂ ਕੁਝ ਨਹੀਂ ਜਾਣਦੇ ਤਾਂ ਫੇਰ ਗੁਰੂਨਾਨਕਜੀ ਮਰਦਾਨੇ ਨੂੰ ਸਵਾਧਾਨਕੀਤਾ ਤਾਂ ਮਰਦਾਨੇ ਆਖਿਆ ਗੁਰੂਜੀਏਹ ਕਿਆ ਕੀਤੋ ਤਾਂ ਗੁਰੂਨਾਨਕ ਆਖਿਆ ਮਰਦਾਨਿਆਂ ਚਿੱਤ ਥਾਂਇ ਰੱਖ ਅਸਾਂ ਤੈਨੂੰ ਨਾਲਹੀ ਨਿਭਾਵਣਾ ਹੈ ਤਾਂ ਮਰਦਾਨੇ ਆਖਿਆ ਭਲਾ ਗੁਰੂ ਜੀ ਜੋ ਤੁਸਾਡੀ ਰਜਾਇ ॥ ੩੯ ॥

ਸਾਖੀ ਹਿਮਾਚਲ ਪਰਬਤ ਕੀ ਚਲੀ

ਤਾਂ ਗੁਰੂਨਾਨਕਜੀ ਅੰਤਰਧਯਾਨਹੋਇਗਏ ਹਿਮੰਚਲ ਪਰਬਤ ਉੱਪਰ ਜਾਇ ਖੜੇਹੋਏ ਤਾਂ ਮਰਦਾਨੇ ਪੁੱਛਿਆ ਗੁਰੂ ਜੀ ਏਹ ਕੇਹੜੀ ਜਾਹਗਾ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਆਖਿਆ ਮਰਦਾਨਿਆਂ ਏਹ ਬੱਗਾ ਵਰਫ਼ ਹੈ ਇਸਦਾ ਨਾਮ ਹਿਮੰਚਲਹੈ ਇਸ ਵਿਚ ਆਦਮੀ ਪੈਰ ਰੱਖਦਾ ਹੈ ਤਾਂ ਗਲ ਜਾਂਦਾਹੈ ਇੱਥੇ ਆਦਮੀ ਦੇ ਆਵਨਦੀ ਜਾਹਗਾ ਨਾਹੀਂ ਤਾਂ ਮਰਦਾਨੇ ਕਹਿਆ ਜੀ ਅਸੀ ਕਿਉਂਕਰ ਆਏਹਾਂ ਜੀ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਅਸਾਂ ਨੂੰ ਕਰਤਾਰ ਲੈਆਇਆ ਹੈ ਤਾਂ ਫੇਰ ਮਰਦਾਨੇ ਆਖਿਆ ਗੁ ਜੀ ਇਸਤੇ ਪਰੇ ਵੀ ਕੋਈ ਜਾਹਗਾਂ ਹੈ ਤਾਂ ਗੁਰੂ ਨਾਨਕ ਜੀ ਬਚਨ ਕੀਤਾ ਮਰਦਾਨਿਆਂ ਅੱਗੇ ਹੇਮ ਪਰਬਤ ਹੈ ਤਾਂ ਸ੍ਰੀ ਗੁਰੂ ਜੀ ਸਿਰਧਾਰ ਪਰਬਤ ਕੋ ਚਲੇ ॥ ਤਾਂ ਗੁਰੂ ਅੰਗਦ ਜੀ ਪੁੱਛਿਆ ਭਾਈ ਬਾਲਾ ਸਿਰਧਾਰ ਪਰਬਤ ਉਸਕਾ ਨਾਉਂ ਕਿਉਂ ਹੈ ਤਾਂ ਬਾਲੇ ਆਖਿਆ ਗੁਰੂ ਜੀ ਜਦ ਸ੍ਰੀ ਗੁਰੂ ਸਿਰਧਾਰ ਪਰਬਤ ਉਪਰ ਜਾਇ ਖੜੇ ਹੋਏ ਤਾਂ ਮਰਦਾਨੇ ਪੁੱਛਿਆ ਗੁਰੂ ਜੀ ਸਿਰਧਾਰ

CC-0. Gurukul Kangri University Haridwar Collection. Digitized by S3 Foundation USA

ਪਰਬਤ ਇਸਦਾ ਨਾਉਂ ਕਿਉਂ ਹੈ ਤਾਂ ਗੁਰੂ ਨਾਨਕ ਜੀ ਬਚਨ ਕੀਤਾ ਸੁਨ ਮਰਦਾਨਿਆਂ ਸਿਰਧਾਰ ਪਰਬਤ ਇਸਦਾ ਨਾਉਂ ਏਸ ਵਾਸਤੇ ਹੈ ਜੋ ਏਹ ਪਰਬਤ ਸਿਰ ਤਲਵਾਇਆ ਹੈ ਅਤੇ ਸਿਰਧਾਰਦੀ ਜਾਹਗਾਹੈ ਅਤੇ ਇਥੇ ਰਾਹ ਖਹਿੜਾ ਕੋਈਨਾਹੀਂ ਇਥੇਉਹਪਹੁੰਚਦਾ ਹੈ ਜੋ ਪਉਣਤੇ ਅਸਵਾਰ ਹੋਵੇ ਇਕ ਕਬੀਰ ਭਗਤ ਪਹੁੰਚਿਆ ਹੈ ਅਤੇ ਇੱਕ ਰਵਿਦਾਸ ਭਗਤ ਪਹੁੰਚਿਆ ਹੈ ਤਾਂ ਮਰਦਾਨੇਆਖਿਆ ਗੁਰੂਜੀ ਏਹ ਜੋ ਆਖਦੇਹਨ ਪਾਂਡੋ ਹਿਮੰਚਲ ਗਲੇ ਹੈਨ ਸੋ ਕਿਥਾਊਂ ਆਇ ਗਲੇ ਹੈਨ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਖਿਆ ਮਰਦਾਨਿਆਂ ਪਾਂਡੋ ਤਾਂ ਹਿਮੰਚਲ ਤਾਈਂ ਪਹੁੰਚੇ ਭੀ ਨਾਹੀਂ ਓਹਤਾਂ ਪਿੱਛੇਹੀਕਿਸੇਵਰਫ਼ ਵਿਚ ਗਲਗਏ ਹੈਨ ॥ ਇਕ ਰਾਜਾ ਯੁਧਿਸ਼ਟਰ ਸਾਬਤ ਆਯਾ ਹੈ ਸੋ ਭੀ ਸੁਵਰਗ ਲੋਕ ਨੂੰ ਗਇਆ ਹੈ ਓਹਭੀ ਇਥੋਂ ਤੀਕਰ ਨਹੀਂ ਪਹੁੰਚਿਆ ਤਾਂ ਬਾਲੇਸੰਧੂ ਗੁਰੂ ਅੰਗਦ ਜੀ ਨੂੰ ਆਖਿਆ ਜਾਂ ਸ੍ਰੀਗੁਰੂ ਨਾਨਕਜੀ ਇਹ ਬਚਨਕੀਤਾ ਤਾਂ ਫੇਰ ਮਰਦਾਨੇਆਖਿਆ ਗੁਰੂ ਜੀ ਅੱਗੇ ਭੀ ਚਲਦੇ ਹੋ ਤਾਂ ਗੁਰੂਨਾਨਕਜੀ ਆਖਿਆ ਚਲ ਮਰਦਾਨਿਆਂ ਅੱਗੇਵੀ ਚਲਦੇ ਆਹੇ ਜਦ ਏਹਾ ਗਲ ਕਰਦੇਆਹੇ ਤਾਂ ਗੋਰਖਨਾਥ ਆਇਮਿਲਿਆ ਆਂਵਦਿਆਂਹੀਬਚਨ ਕੀਤਾਸੂ ॥ ਗੋਰਖਨਾਥ ਵਾਚ ॥ ਕਵਨ ਰੂਪ ਕਵਨ ਜਾਤ ਤੁਮਾਰੀ ॥ ਕਹੋ ਕਹਾਂ ਲਉ ਚਲੇ ਅਗਾਰੀ ॥ ਨਾ ਆਗੇ ਧਰਨਿ ਰਹੋਗੇ ਕਹਾਂ ॥ ਸੀਤਲ ਜਲ ਬਰਖੇ ਹਿਮ ਤਹਾਂ॥ਆਗੇ ਦਿਨ ਨ ਰਾਤ ਪੀਛੇ ਫਿਰ ਭਾਗੋ ॥ ਨਿਕਲ ਜਾਹੁ ਕਾਹੇ ਦੁਖ ਝਾਗੋ ॥ ਝਿਲਮਲ ਝਲਕੈ ਝਿਲਕਾਰਾ ॥ ਈਹਾਂ ਸੋਈ ਠਹਿਰੇ ਜੋ ਪੂਰਨ ਸਾਰਾ॥ਸੁਨ ਨਾਨਕ ਗੋਰਖ ਤੁਮ ਕਹੇ ॥ ਫਿਰ ਜਾਇ ਪੀਛੇ ਕਾਹੇ ਦੁਖ ਲਹੇ ॥ ੧ ॥ ਤਾਂ ਫੇਰ ਗੁਰੂ ਨਾਨਕ ਜੀ ਸ਼ਬਦ ਬੋਲਿਆ ॥

ਰਾਗ ਆਸਾ ॥ ਰੂਪ ਹਮਾਰਾ ਅਚਰਜਕਹੀਐ ਅਚਰਜਹਮਰੀ ਜਾਤੀ ॥ ਅਚਰਜ ਨਗਰ ਤੇ ਚਲੇ ਅਗਾਰੀ ਜਹਾਂਦਿਨਨਹੀਂਅਰਰਾਤੀ ॥ ਪੀਛੇਆਗੇ ਦਿਸਟਹਮਾਰੀ ਧਰਮ ਅਕਾਸ ਪਸਾਰਾ॥ਦਇਆਹਮਾਰੀ ਸੀਤਹਿਮੰਚਲ ਤਿਨਸਿਉਸੰਗਿਹਮਾਰਾ ॥ ਕਹਿ ਨਾਨਕ ਸੁਨ ਗੋਰਖ ਜੋਗੀ ਤੈਂ ਪੂਰਾ ਗੁਰਨਹੀਂ ਪਾਇਆ॥ਜੁਗਤ ਨ ਜਾਤੀ ਅਵਧ ਵਧਾਈ ਬਿਰਥਾ ਜਨਮ ਗਵਾਇਆ ॥

ਏਹਬਚਨ ਸੁਨਕੇ ਗੋਰਖਨਾਥ ਚਲਦਾ ਰਹਿਆ ਤਾਂ ਫੇਰ ਮਰਦਾਨੇਪੁੱਛਿਆ ਗੁਰੂਜੀਇੱਥੇ ਤਾਂ ਸੂਰਜਨਜ਼ਰ ਨਾਹੀਂ ਆਂਵਦਾ ਅਸੀ ਕਿੱਥੇ ਆਏ ਆਹੇ ਤਾਂ ਗੁਰੂਨਾਨਕ ਜੀ ਆਖਿਆ ਮਰਦਾਨਾਅਸੀਂ ਸੂਰਜ ਪਾਸੋਂ ਉੱਚੇਆਏਆਹੇ ਤਾਂ ਮਰਦਾਨੇਪੁੱਛਿਆਗੁਰੂਜੀ ਸੂਰਜ ਪਾਸੋਂ ਅਸੀਂ ਕਿਤਨੇ ਜੋਜਨ ਉੱਚੇਆਏਹਾਂ ਤਾਂ ਗੁਰੂ ਨਾਨਕਜੀ ਆਖਿਆ ਮਰਦਾਨਾਅਸੀਂ ਸੂਰਜ ਪਾਸੋਂ ਦੁਇਹਜ਼ਾਰਜੋਜਨ ਉੱਚੇਆਏ ਆਹੇ ਤਾਂ ਮਰਦਾਨੇ ਕਹਿਆ ਗੁਰੂ ਜੀ ਜਿਸ ਧਰਤੀ ਥੋਂ ਅਸੀਲਗੇਅ ਉੱਦੇਆਹੇ ਉਥੋਂ ੂਰਜ ਕਿਤਨਾਉੱਚਾ ਹ ਤਾਂ ਗੁਰੂਨਾਨਕ ਜੀ ਆਖਿਆ ਮਰਦਾਨਾ ਉਥੋਂ ਪੰਝੀਹਜ਼ਾਰਜੋਜਨਉੱਚਾਹੈ ਲੱਖਕੋਸਹੈ ਤਾਂ ਮਰਦਾਨੇ ਆਖਿਆ ਗੁਰੂ ਜੀ

CC-0. Gurukul Kangri University Haridwar Collection. Digitized by S3 Foundation USA

ਅਸੀਸੱਭੋਕਿਤਨੇਜੋਜਨਆਏਹਾਂ ਤਾਂਗੁਰੂਜੀਆਖਿਆਮਰਦਾਨਾਅਸੀ ਸਤਾਈਹਜਾਰਜੋਜਨ ਆਏਹਾਂ ਤਾਂ ਮਰਦਾਨੇ ਆਖਿਆਜੀ ਹਉਂ ਡਰਦਾਭੀਆਹਾ ਅਤੇ ਗੱਲ ਪੁੱਛੇ ਬਾਝਹੁ ਭੀ ਨਹੀਂ ਰਹਿਆ ਜਾਂਦਾ ਭਾਂ ਗੁਰੂਨਾਨਕ ਆਖਿਆ ਮਰਦਾਨਾ ਨਿਸੰਗ ਆਖ ਜੇ ਮੁਲਾਹਜਾ ਕਰੇਂਗਾ ਤਾਂ ਾਗਣਹੋਵੀਗਾ ਅਤੇਮਰਦਾਨਾ ਇਹ ਗੱਲ ਸੁਣ ਜੋ ਮਹਾਂ ਪੁਰਖਅਤੇ ਸੇਵਕਦਾ ਕਰਤਾਰ ਸੰਜੋਗ ਬਨਾਇਆ ਹੈ ਪੁੱਛਣ ਅਤੇ ਦੱਸਣ ਦਾ ਅਤੇ ਸਿਖ ਆਪਣੇ ਗੁਰੂ ਪਸੋਂ ਕੋਈ ਗੱਲ ਪੁੱਛਣ ਜਾਵੇ ਤੇ ਗੁਰੂ ਸਿਖਨੂੰ ਪ੍ਰੇਮ ਨਾਲ ਦੱਸਦੇਵੇ ਤਾਂ ਬਾਤ ਹੱਛੀ ਹੈ ਜੇ ਕੁਛ ਗੱਲ ਸਿੱਖ ਦੇ ਮਨ ਵਿੱਚ ਹੋਵੈਅਤੇ ਸਿੱਖ ਗੁਰੂ ਪਾਸੋਂ ਪੁੱਛੇ ਨਾਹੀਂ ਜੇਸਿੱਖ ਪੁੱਛੇ ਤੇ ਗੁਰੂ ਦਸੈ ਨਾਹੀਂ ਗੁਰੂ ਗੁੱਸੇ ਹੋਇਜਾਵੇ ਤਾਂ ਓਹ ਗੁਰੂ ਨਾਹੀਂ ਠੱਗਹੈ ਉਸ ਗੁਰੂ ਨੂੰ ਛੱਡਣਾ ਜੋਗ ਹੈ ਜਿਸ ਤਾਈਂ ਆਪਣੇ ਪਿੰਡ ਦੀ ਖ਼ਬਰਨਾਹੀਂ ਸੋ ਸਿੱਖਨੂੰ ਕਦਤਾਰੇਗਾ ਗੁਰੂਭੀ ਸਮਝਕਰ ਕਰਨਾ ਆਖਾ ਹੈ ਅਤੇਮਨੁਖ ਜਨਮ ਫੇਰ ਦੁਰਲਭਹੈ ਅਤੇ ਗੁਰੂ ਭੀ ਲੋੱਚਕੇ ਕਰਨਾ ਜ਼ਰੂਰਹੈ ਕਿਉਂ ਜੋਗੁਰੂ ਬਗੈਰ ਗਤ ਨਾਹੀਂ ਹੋਂਦੀ ਅਤੇ ਗੁਰੂ ਨੂੰਭੀ ਵਰਨਿਆ ਹੈ ਜੋ ਸਿੱਖ ਸੋਧਕੇ ਕਰਣਾਂ ਅਤੇ ਸਿੱਖ ਆਪ ਮਲੀਣ ਅਹਾਰ ਕਰਨ ਵਾਲਾ ਹੋਵੇ ਅਤੇ ਸੋਈ ਅਹਾਰ ਗੁਰੂ ਅੱਗੇ ਆਨ ਰੱਖੇ ਅਤੇ ਓਸੇ ਅਹਾਰ ਵਿਚ ਗੁਰੂ ਵਰਤੇਗਾ ਇਸ ਵਾਸਤੇ ਸਿਖ ਸੋਧਕੇ ਕਰਨਾ ਆਖ ਮਰਦਾਨਾ ਨਿਸੰਗ ਆਖ ਜੋ ਕੁਛ ਪੁੱਛਣਾ ਹਈ ਸੋ ਪੁੱਛਲੈ ਮਤ ਕੋਈ ਜੀਅ ਵਿਚ ਅਰਮਾਨ ਰਹਿਜਾਵੀ ਮਤ ਅਸਾਨੂੰ ਕੋਈ ਦੋਸ਼ ਦੇਂਦਾਹੋਵੇਂ ਤਾਂਗੁਰੂਜੀ ਇਹਗੱਲਸੁਨਕੇ ਮੈਂ ਬਹੁਤ ਹੱਸਿਆ ਤਾਂ ਮਰਦਾਨੇ ਆਖਿਆ ਗੁਰੂ ਜੀ ਮੈਂ ਨਾਹੀਂ ਪੁੱਛਦਾ ਤਾਂ ਗੁਰੂਨਾਨਕ ਜੀ ਆਖਿਆ ਮਰਦਾਨਾ ਤੂੰ ਕਿਉਂ ਨਹੀਂ ਪੁੱਛਦਾ ਤੈਨੂੰ ਕਿਸ ਮਨਹਕੀਤਾਹੈ ਤਾਂ ਮਰਦਾਨੇਆਖਿਆ ਗੁਰੂਜੀਬਾਲਾ ਬੁਰਾ ਮੰਨਦਾ ਹੈਤਾਂਗੁਰੂਨਾਨਕਜੀ ਆਖਿਆਕਿਉਂ ਭਾਈਬਾਲਾ ਤੂੰ ਬੁਰਾ ਕਿਉਂ ਮੰਨਦਾਹੈਂ ਤਾਂਮੈਂ ਆਖਿਆ ਗੁਰੂਜੀ ਮੈਂ ਤਾਂ ਇਸ ਤਾਈਂ ਕੁਛ ਨਾਹੀਂਆਖਿਆ ਅਤੇ ਗੁਰੂ ਜੀ ਮੈਂ ਹੱਸਿਆ ਇਸਵਾਸਤੇ ਆਹਾ ਜੋ ਅਜ਼ਮਾਏ ਦਾ ਕਿਆ ਅਜ਼ਮਾਵਣਾਹੈ ਤਾਂ ਗੁਰੂ ਨਾਨਕ ਜੀ ਬਚਨ ਕੀਤਾ ਭਾਈ ਬਾਲਾ ਏਹ ਜੋ ਮਰਦਾਨਾ ਪੁੱਛਦਾ ਹੈ ਅਤੇ ਅਸੀਂ ਦਸਦੇ ਆਹੇ ਏਹ ਸਾਡੇ ਪਿੱਛੋਂ ਲੋਕ ਸਾਖੀਆਂ ਕਰਕੇ ਜਾਨਣਗੇ ਅਤੇ ਜੋ ਕੋਈ ਗੁਰਮੁਖ ਸਿੱਖ ਪ੍ਰੀਤ ਵਾਲੇਹੋਵਣਗੇ ਸੋ ਇਹ ਸਾਖੀਆਂ ਵਿਚਾਰਣਗੇ ਸੰਸਾਰੀ ਪਿੱਛੇ ਝੂਠੇ ਬਹੁਤ ਹੋਵਣਗੇ ਕੂੜੀਆਂ ਕਰਾਮਾਤਾਂ ਲਾਵਨਗੇ ਅਤੇ ਨਾਲੇਕਤੇਬਾਂ ਵਾਲਾ ਜੇ ਕੋਈ ਗੁਰਮੁਖ ਹੋਵੇਗਾ ਸੋ ਏਹ ਸਾਖੀਆਂ ਵਿਚਾਰੇਗਾ ਅਤੇ ਹੋਰ ਓਨਾਂ ਦੇ ਰਿਦੇ ਤੇ ਲਗਸੀ ਕਾਈ ਨਾਹੀਂ ਹੈ ਬਾਲਾ ਅਸੀਂ ਤੁਸੀਂ ਅਤੇ ਮਰਦਾਨਾ ਏਹ ਪੁਰਾਤਮੀ ਯਾਰ ਆਹੇ ਤਾਂ ਗੁਰੂਜੀ ਮੈਂ ਹੱਥ ਜੋੜੇ ਤੇ ਮੂੰਹੋਂ ਏਹ ਆਖਿਆ ਗੁਰੂਜੀ ਮੇਰੀ ਅਰਦਾਸ ਹੈ ਪਰ ਧਿਆਨ ਲਾਇਕਰ ਸੁਣੋ ਤਾਂ ਗੁਰੂ ਨਾਨਕ ਜੀ ਆਖਿਆ ਭਾਈ ਬਾਲਾ ਅੱਜ ਮੈਂ ਨਿਹਾਲ ਹੋਯਾ ਹਾਂ ਅੱਜ ਅਸਾਂ ਤੇਕਰਤਾਰ ਬਹੁਤ ਮੇਹਰਬਾਨ ਹੋਯਾਹੈ ਤਾਂ ਗੁਰੂਨਾਨਕ ਜੀ ਆਖਿਆ ਭਾਈ ਬਾਲਾ ਜੋ ਕੁਛ ਤੇਰੇ ਜੀਅ ਵਿਚ ਹੈ ਸੋ ਨਿਸੰਗ ਆਖ ਢਿੱਲ ਨਾਕਰ ਝਬ ਆਖ ਤਾਂ ਮੈਂ

CC-0. Gurukul Kangri University Haridwar Collection. Digitized by S3 Foundation USA

ਆਖਿਆ ਗੁਰੂ ਜੀ ਜੇ ਅਸੀ ਔਰ ਮਰਦਾਨਾ ਪੁਰਾਤਮੀ ਯਾਰ ਆਹੇ ਭਾਂ ਮਰਦਾਨਾ ਤੁਰਕ ਕਿਉਂਹੋਯਾਹੈ ਤੇ ਤੁਸੀ ਆਖਦੇਹੋ ਕਿ ਪੁਰਾਤਮੀਯਾਰਹੈ ਭਾਂਗੁਰੂਨਾਨਕਜੀ ਆਖਿਆ ਭਾਈ ਬਾਲਾ ਤੂੰਤੇ ਜੁਗ ਵਿਚ ਅਸੀ ਤੇ ਮਰਦਾਨਾ ਇਕੱਠੇ ਰਹਿੰਦੇ ਆਹੇ ਅਤੇ ਇਹ ਤਦ ਭੀ ਹਿੰਦੂ ਮਿਰਾਸੀਆਹਾ ਅਤੇ ਰਾਜੇ ਜਨਕਆਗੇ ਸਰੋਦ ਕਰਦਾਆਹਾ ਇਸਵਾਸਤੇਪੁਰਾਤਮੀ ਯਾਰ ਆਹਾ ਇਕਦਿਨ ਮਰਦਾਨਾਸੁਰਾਪਾਨਕਰਕੇ ਰਾਜੇ ਜਨਕਕੇ ਪਾਸਆਯਾ ਭਾਂ ਰਾਜੇ ਦੇ ਮੁੰਹੋਂਨਿਕਲਿਆ ਜਾਹ ਮਲੇਛਾ ਸੋ ਭਾਈ ਬਾਲਾ ਇਸਵਾਸਤੇ ਮਰਦਾਨੇਦਾ ਤੁਰਕ ਦੇ ਘਰ ਜਨਮਹੂਆ ਪੂਰਨਪੁਰਖਾਂਦੇ ਮੁੰਹੋਂ ਜੋਕੁਛ ਨਿਕਲਦਾਹੈ ਸੋ ਭਾਂ ਹੋਯਾਈ ਲੋੜੀਏ ਭਾਂਗੁਰੂ ਜੀ ਮੈਂ ਨਮਸਕਾਰਕੀਤੀ ਮੈਨੂੰ ਈਹਾਸੋਝੀ ਨਾਹੀਂ ਪਾਉਂਦੀ ਕਿਓਂਹ ਜਨਕਭਗਤਹੈਂ ਕਿ ਅਉਤਾਰ ਆਖਿ ਲਿਆ ਹਈ ਕਿ ਨਿਰੰਕਾਰ ਹੈਂ ਧੰਨ ਤੂੰਹੈਂ ਤੇਰੀ ਤੂੰਹੀ ਜਾਨ ਭਾਂ ਗੁਰੂ ਨਾਨਕਜੀ ਆਖਿਆ ਮਰਦਾਨਾ ਭੂੰਭੀ ਕੁਛਪੁੱਛਲੈ ਭਾਂ ਮਰਦਾਨੇਆਖਿਆ ਗੁਰੂਜੀ ਚੰਦ੍ਰਮਾਂ ਕਿਉਂਨਹੀਂ ਨਜ਼ਰਆਂਵਦਾ ਭਾਂਗੁਰੂਨਾਨਕਜੀ ਆਖਿਆ ਮਰਦਾਨਾ ਜਿਤਨਾ ਧਰਤੀਪਾਸੋਂ ਸੂਰਜਉੱਚਾਹੈ ਉਤਨਾਸੂਰਜਤੋਂ ਚੰਦ੍ਰਮਾਂ ਉੱਚਾਹੈ ਭਾਂ ਮਰਦਾਨੇ ਆਖਿਆ ਗੁਰੂਜੀ ਧਰਤੀ ਤੂੰਚੰਦ੍ਰਮਾਕਿਤਨਾਉੱਚਾਹੈ ਭਾਂ ਗੁਰੂਨਾਨਕਜੀ ਆਖਿਆ ਮਰਦਾਨਾ ਪੰਜਾਹ ਹਜ਼ਾਰ ਜੋਜਨ ਉੱਚਾਹੈ ਤੇਦੂਇਲੱਖ ਕੋਹ ਊਚਾਹੈ ਭਾਂਫੇਰਮਰਦਾਨੇ ਆਖਿਆ ਗੁਰੂਜੀ ਤਾਰੇਕਿਤਨੇ ਊਚੇ ਹੈਨ ਭਾਂਗੁਰੂਜੀਆਖਿਆਮਰਦਾਨਿਆਂਤਾਰਿਆਂਦੀਮਰਯਾਦਾਹੈਨਹੀਂਕੋਈਉੱਚੇਹੈਨਕੋਈ ਨੀਚੇਹੈਨ ਇਨਾਂਦੀਆਂ ਪੁਰੀਆਂ ਹੈਨ ਭਾਂ ਮਰਦਾਨੇ ਆਖਿਆ ਗੁਰੂਜੀ ਧ੍ਰੂਹਤਾਰਾ ਜੋਹੈਸੋ ਕਿੱਥੇਹੈ ਭਾਂ ਫੇਰਗੁਰੂਨਾਨਕਜੀ ਆਖਿਆਮਰਦਾਨਾ ਓਹਸਭਨਾਂ ਤੇ ਉੱਚੇ ਹੈ ਸੁਮੇਰ ਕੇ ਊਪਰਕੈਲਾਸ਼ ਆਸਨ ਹੈ ਸੋਤਿਸ ਊਪਰਧ੍ਰੂਹ ਦਾ ਆਸਨ ਹੈ ਭਾਂ ਮਰਦਾਨੇਆਖਿਆ ਗੁਰੂ ਜੀ ਕਿਵੇਂ ਉਸਦਾਭੀਦਰਸ਼ਨ ਹੋਵੇਗਾ ਭਾਂ ਗੁੰਰੂ ਨਾਨਕਜੀਕਹਿਆਮਰਦਾਨਿਆਂਉਤਾਵਲਾ ਨ ਹੋ ਸੱਭੋ ਦਰਸ਼ਨ ਕਰੀਏਂਗੇ ਭਾਂ ਮਰਦਾਨੇ ਆਖਿਆ ਭਲਾਹੋਵੇਜੀ ਭਾਂ ਫੇਰਗੁਰੂਨਾਨਕ ਜੀਮੈਨੂੰ ਪੁੱਛਿਆ ਕਿਉਂ ਭਾਈਬਾਲਾ ਮਰਦਾਨਾ ਕੀ ਆਖਦਾਹੈ ਭਾਂ ਮੈਂ ਆਖਿਆ ਗੁਰੂਜੀ ਜਿਉਂ ਤੁਸਾਡੀ ਰਜਾਇ ॥ ਬੋਲਹੁ ਭਾਈਜੀ ਵਾਹਿਗੁਰੂ ॥ ੪੦ ॥

ਅੱਗੇ ਗੁਰੂ ਜੀ ਊਂਨਾ ਪਰਬਤ ਨੂੰ ਗਏ

ਭਾਂ ਫੇਰ ਗੁਰੂ ਨਾਨਕਜੀ ਸਿਰਧਾਰ ਪਰਬਤ ਤੋਂ ਚਲੇ ਅੱਗੇ ਊਂਨਾ ਪਰਬਤ ਪਰ ਗਏ ਭਾਂ ਮਰਦਾਨੇ ਪੁੱਛਿਆ ਗੁਰੂਜੀ ਇਸ ਪਰਬਤ ਕਾ ਕਿਆਨਾਉਂਹੈਭਾਂਗੁਰੂਨਾਨਕ ਜੀ ਆਖਿਆ ਮਰਦਾਨਾ ਇਸ ਪਰਬਤ ਕਾ ਨਾਉਂ ਊਂਨਾਕਹਿਤੇਹੈਂ ਭਾਂ ਫੇਰ ਮਰਦਾਨੇ ਪੁੱਛਿਆ ਗੁਰੂਜੀ ਹੁਣਅਸੀ ਕਿਤਨੇਜੋਜਨਆਏਹਾਂ ਭਾਂ ਗੁਰੂਜੀਕਹਿਆ ਅਸੀ ਪੰਜੀਹਜ਼ਾਰਜੋਜਨ ਸਿਰਧਾਰ ਪਰਬਤ ਤੋਂ ਆਏਹਾਂ ਭਾਂਮਰਦਾਨੇਪੁੱਛਿਆਜੀ ਹੁਣ ਚੰਦ੍ਰਮਾਂਨਹੀਂ ਨਜ਼ਰਆਉਂਦਾਭਾਂਗੁਰੂ ਜੀ ਕਹਿਆਮਰਦਾਨਾ ਹੁਣਵੇਖ ਕਰਤਾਰ ਕਿਆਤਮਾਸ਼ਾਕਰਦਾ ਹੈ ਇਤਨਾਵੀਚਾਰ ਕਰਦੇ

CC-0. Gurukul Kangri University Haridwar Collection. Digitized by S3 Foundation USA

ਹੀ ਆਹੇ ਜੋ ਗੋਰਖਨਾਥਨੇ ਸਿੱਧਮੰਡਲੀਵਿੱਚ ਕਹਿਆ ਜੋ ਮੇਰੇ ਸਿਧੋਸਾਧੋ ਜਤੀਓ ਈਹਾਂ ਮਲੀਨਦੇਹੀ ਕੀ ਜਗਹ ਨਾਹੀਂ ਅਰਏਕ ਨਾਨਕਤਪਾ ਮਲਮੂਤ੍ਰਕੀ ਦੇਹੀ ਲੈਕੇ ਮਾਤਲੋਕ ਥੀਂ ਆਯਾ ਹੈ ਕੋਈ ਸਿੱਧ ਨਾਥ ਜਤੀ ਤਪੀ ਉਸਕੋ ਜਾਇਕੇ ਜੀਤੋ ਜੋ ਈਹਾਂ ਨ ਆਵੇ ਤਾਂ ਮਛਿੰਦ੍ਰਨਾਥ ਕਹਿਆ ਮੈਂ ਜਾਤਾਹੋਂ ਕਉਣ ਮਾਈਮੁੰਡਾਹੈ ਤਾਂ ਮਛਿੰਦ੍ਰਨਾਥ ਗੁਰੂ ਨਾਨਕ ਜੀ ਨੂੰ ਦਿਖਾਈ ਆਇਦਿਤੀ ਆਇਬਚਨ ਕੀਤਾਸੁ ਅਰੇ ਬਾਲੇ ਈਹਾਂ ਜੋ ਆਯਾਹੈ ਕਿਛਸ਼ਕਤ ਰੱਖਦਾ ਹੈਂ ਤਾਂ ਗੁਰੂ ਜੀ ਕਹਿਆ ਮਛਿੰਦ੍ਰਨਾਥ ਜੋ ਕੁਛ ਮਾਂਗਤਾ ਹੈਂ ਸੋ ਤੈਨੂੰ ਕਰਤਾਰ ਪਾਸੋਂ ਦਿਵਾਈਐ ਤਾਂ ਮਛਿੰਦ੍ਰਨਾਥ ਤਮਕ ਖਾਇਕਰ ਬਚਨਕੀਤਾ॥ ਮਛਿੰਦ੍ਰ ਵਾਚ ॥ ਕੈ ਹਾਥ ਸਿਰਕਾ ਕਪਾਟ॥ ਕੈਅੰਗੁਲ ਮੁਖਕਾ ਤਾਕ ॥ ਕੈਹਾਥ ਲੀਲਾਟਪਾਟ ॥ ਕੈ ਅੰਗੁਲ ਕਲੇਜਾ ॥ ਕੈ ਅੰਗੁਲ ਹੀਅਲਾ ॥ ਕੈ ਅੰਗੁਲ ਤਲੀ ॥ ਕੈ ਅੰਗੁਲ ਫਿਫਰਾ ॥ ਕੈ ਅੰਗੁਲ ਬਜਰ ਕੀ ਕੋਠੜੀ ॥ ਕੈ ਅੰਗੁਲ ਇਜਬਰੀ ਕੀ ਕੋਠੜੀ ॥ ਕੈ ਹੱਡੀਆਂ ਕੇਤੇ ਕੋਠੜੀਆਂ ਕੇਤੇ ਹਾਡ ਕੈ ਹਜ਼ਾਰ ਦਿਨ ਰਾਤਕੇਸਾਸ ॥ ਕੇਤੀ ਦੇਹੀਕੀ ਰੋਮਾਵਲ ਕੈਸੇ ਸੰਧ ॥ ਕਹੈਈਸਰਮਛਿੰਦ੍ਰਦੇਹ ਨਾਨਕ ਇਸ ਦੇਹੀਕਾ ਮਤੰਤ ॥ ੧॥ ਸ੍ਰੀ ਨਾਨਕਜੀ ਵਾਚ ॥ ਸਵਾ ਹਾਥ ਸਿਰਕਾਕਪਾਟ॥ ਚਾਰਅੰਗੁਲ ਮੁਖ ਕਾ ਤਾਕ ॥ ਹਾਥ ਲੀਲਾਟ ਪਾਟ॥ ਛੱਬੀ ਅੰਗੁਲ ਦਿਲ ॥ ਤੇਰਾਂ ਅੰਗੁਲ ਕਲੇਜਾ ॥ ਪੰਜ ਅੰਗੁਲ ਹੀਅਲਾ ॥ ਚਾਰ ਅੰਗੁਲ ਤਲੀ ॥ ਸਾਤ ਅੰਗੁਲ ਫਿਫਰਾ ॥ ਬਾਰਾਂ ਅੰਗੁਲ ਬਜਰਕੀ ਕੋਠੜੀ ॥ ਨਉਂ ਅੰਗੁਲ ਇਜਬਰੀ ਕੀਕੋਠੜੀ ॥ ਅਠਸਠਹਾਡ ਨੀਲ ਕਰੋੜੀ ਦੇਹਕੀ ਰੋਮਾਵਲੀ ॥ ਚੱਵੀ ਹਜ਼ਾਰ ਦਿਨਰਾਤ ਕਾ ਸਾਸ॥ ਨੌਸੈਨਾੜੀਸੋਲਾਂਸੈ ਸੰਧ ॥ ਕਹਿਨਾਨਕ ਸੁਣ ਈਸਰ ਮਛਿੰਦ੍ਰ॥ਲੇਹ ਇਸਦੇਹੀਕਾਮਤੰਤ॥੨॥ਮਛਿੰਦ੍ਰਨਾਥ ਗੁਰੂਨਾਨਕ ਜੀਦੇ ਅੱਗੇ ਮੱਥਾ ਟੇਕਿਆ ਅਤੇ ਚਲਦਾ ਰਹਿਆ ਮਛਿੰਦ੍ਰਨਾਥਜਾਇ ਗੋਰਖਪਾਸਆਖਿਆ ਸੁਨੋਨਾਥ ਜੀ ਓਹ ਤਾਂ ਤੱਤਸਰੂਪਹੈ ਉਸਕੀ ਮਲਮੂਤ੍ਰਕੀ ਦੇਹਤੋ ਨਾਹੀਂ ਤਾਂ ਭਰਥਰੀਨਾਥ ਆਖਿਆ ਮਾਂ ਜਾਤਾ ਹੂੰ ਤਾਂ ਭਰਥਰੀਨਾਥਆਇਆ ਆਇਕਰਆਖਿਆਸੁ ਆਦੇਸ਼ਓ ਬਾਲੇ ਆਦੇਸ਼ ਤਾਂ ਗੁਰੂਨਾਨਕਜੀ ਆਖਿਆ ਆਦੇਸ਼ ਏਕੰਕਾਰਕੋ ਆਦੇਸ਼ ਆਓਰੇ ਭਰਥਰੀਨਾਥ ਤਾਂ ਭਰਥਰੀਨਾਥ ਕਹਿਆ ਰੇ ਬਾਲੇ ਕਹਾਂ ਸੇ ਆਯਾਹੈਂ ਕਉਣਹੋਤੇਹੋ ਤਾਂਗੁਰੂਨਾਨਕਜੀ ਕਹਿਆ ਹੋਤੇ ਨਿਰੰਕਾਰ ਕੇ ਅਰ ਆਏ ਬੇਗਮਪੁਰੀ ਤੇ ਨਾਉਂ ਨਾਨਕ ਨਿਰੰਕਾਰੀ ਹੈ ਤਾਂ ਭਰਥਰੀਨਾਥ ਬਚਨ ਕੀਤਾ ॥ ਭਰਥਰੀ ਵਾਚ ॥ ਕਵਨ ਘਾਟ ਜਿਤ ਕਰੈ ਇਸ਼ਨਾਨ ॥ ਬੋਲਨਬਕਨਤੇ ਰਹੇਨਿਰਬਾਨ॥ ਕਵਨ ਜਲ ਜਿਤ ਹਰਿਰਸ ਪੀਵੈ॥ ਕਵਨਸੁਰਸਜਿਤ ਅਸਥਿਰ ਥੀਵੈ॥ਤੇ ਐਸਾਗਿਆਨ ਦੇਹੋ ਅਭ ਮੋਰੈ ॥ ਕਵਨ ਸੰਗਤੋਰਕਵਨਸੰਗਜੋਰੈ॥੧॥ ਗੁਰੂ ਨਾਨਕ ਵਾਚ ॥ ਊਪਰ ਅਵਘਟਿ ਸਰਵਰ ਨ੍ਹਾਵੈ ॥ ਕਬਹਿ ਨ ਬੋਲੈ ਅਵਘਟਿ ਨ੍ਹਾਵੈ॥ਜਲ ਆਕਾਸ਼ੀ ਸੁੰਨਿ ਸਮਾਵੈ॥ਸਤਿਕਰ ਝੋਲ ਮਹਾਂਰਸਪੀਵੈ ॥ ਨਾਮਰਸਾਇਣ ਪੀ ਅਸਥਿਰ ਥੀਵੈ॥ਐਸਾ ਗਿਆਨ ਸੁਣੋ ਅਭ ਮੋਰੈ ॥ ਭਰਪੁਰ ਏਕੰਕਾਰ ਕੀ ਠਉਰੈ ॥ ੨ ॥

CC-0. Gurukul Kangri University Haridwar Collection. Digitized by S3 Foundation USA

ਭਰਥਰੀ ਵਾਚ ॥ ਕਵਨ ਤੱਤ ਜਿਤ ਤੱਤ ਬਿਲੋਵੈ ॥ ਕਵਨ ਸੁ ਸਰ ਜਿਤ ਮਲਿ ਮਲਿ ਧੋਵੈ ॥ ਕੈਸੇ ਰਾਚੇ ਕੈਸੇ ਹੋਵੈ ॥ ਕਵਨ ਸਿਉ ਕਰੈ ਕਵਨ ਸਿਉ ਖੋਵੈ ॥ ੩ ॥ ਗੁਰੂ ਨਾਨਕ ਜੀ ਵਾਚ ॥ ਸਚਿ ਮਨਿ ਕਾਰਨ ਤੱਤ ਬਿਲੋਵੈ ॥ ਸੁਭਰ ਸਰੋਵਰ ਜਿਤ ਮਲਿ ਮਲਿ ਧੋਵੈ ॥ ਜੈਸੇ ਰਾਚੈ ਤੈਸੇ ਹੋਵੈ ॥ ਕਰਤਾ ਕਰੈ ਸੋਈ ਫੁਨਿ ਹੋਵੈ ॥ ੪ ॥ ਭਰਥਰੀ ਵਾਚ ॥ ਕਵਨ ਬਰਤ ਨੇਮ ਜਿਤ ਬਿਨਸੈ ਕਾਮ ॥ ਕਵਨ ਸ਼ਬਦ ਨਾ ਸੰਤਾਵੈ ਜਾਮ॥ਕਵਨ ਸ਼ਾਂਤਿ ਕਰੋਧ ਜਲਾਵੈ ॥ ਕਵਨ ਉਪਦੇਸ਼ ਪਰਮ ਪਦ ਪਾਵੈ ॥ ੫ ॥ ਗੁਰੂ ਨਾਨਕ ਜੀ ਵਾਚ ॥ ਸਤਿ ਵਰਤ ਨੇਮ ਨ ਕਾਮ ਸੰਤਾਵੈ ॥ ਸਤਿਗੁਰ ਕਾ ਸ਼ਬਦ ਕ੍ਰੋਧ ਜਲਾਵੈ ॥ ਭਗਤਨ ਨਿਵਾਸ ਸਮਾਧਿ ਲਗਾਵੈ ॥ਪਾਰਸ ਪਰਸ ਪਰਮ ਪਦ ਪਾਵੈ ॥ ੬ ॥ ਭਰਥਰੀ ਵਾਚ ॥ ਕਵਨ ਸਤੀ ਜੋ ਅਗਨਿ ਬੁਝਾਵੈ ॥ ਕਵਨ ਕਾਲ ਬਿਭੂਤਚੜ੍ਹਾਵੈ ॥ ਕਵਨ ਦੇਖ ਸਹਜ ਘਰ ਆਵੈ ॥ ਕਵਨ ਜਤਨ ਕਰ ਨਾਦ ਵਜਾਵੈ ॥ ੭ ॥ ਗੁਰੂ ਨਾਨਕ ਜੀ ਵਾਚ ॥ ਗੁਰੂ ਹਿਵ ਸੀਤਲ ਅਗਨਿ ਬੁਝਾਵੈ ॥ ਸੇਵਾ ਸੁਰਤ ਬਿਭੂਤ ਚੜ੍ਹਾਵੈ ॥ ਗੁਰ ਦਰਸ਼ਨ ਦੇਖਸਹਿਜ ਘਰਆਵੈ ॥ ਨਿਰਮਲ ਬਾਣੀ ਨਾਦ ਵਜਾਵੈ॥ ੮ ॥ ਭਰਥਰੀ ਵਾਚ ॥ ਕਹਾਂ ਗਿਆਨ ਰਸ ਪੀਵੈ ਸਾਰ ॥ ਕਵਨ ਤੀਰਥ ਮੱਜਨ ਵੀਚਾਰ॥ਕਵਨ ਨਾਥਪੂਜੇਪੂਜਾਰਾ ॥ ਕਵਨ ਜੋਤਿਜੋਤਿ ਜੋਤੀ ਧਾਰਾ॥ ੯ ॥ ਗੁਰੂ ਨਾਨਕ ਜੀ ਵਾਚ ॥ ਅੰਤਰ ਗਿਆਨ ਮਹਾ ਰਸ ਸਾਰਾ ॥ ਤੀਰਥ ਮੱਜਨ ਗੁਰ ਵੀਚਾਰਾ॥ਅੰਤਰਪੂਜਾਥਾਨਮੁਰਾਰਾ॥ਪ੍ਰਭ ਜੋਤੀਜੋਤਿ ਮਿਲਾਵਣਹਾਰਾ ॥ ੧੦ ॥ ਭਰਥਰੀ ਵਾਚ ॥ ਕਉਨ ਸੁ ਰਸੁ ਐ ਰਸੀਆ ਭਾਉ ॥ ਕਵਨ ਸੁ ਭਖਤ ਨਿਵਾਸੀ ਗਾਉ॥ ਕਉਨ ਸੁ ਕਾਰ ਕਰੇ ਕਰਾਇ॥ ਕਵਨ ਸੁ ਅਲਖ ਨ ਲਖਿਆ ਜਾਇ ॥ ੧੧ ॥ ਗੁਰੂ ਨਾਨਕ ਜੀ ਵਾਚ ॥ਰਸ ਰਸੀਆ ਮਨ ਏਕੈ ਭਾਇ ॥ ਭਖਤ ਨਿਵਾਸੀ ਨਿਰੰਜਨ ਰਾਇ ॥ ਕਾਰਕਮਾਉਣੀ ਖਸਮਰਜਾਇ ॥ ਅਵਗਤਿ ਨਾਥ ਨ ਲਖਿਆ ਜਾਇ॥ ੧੪ ॥ਭਰਥਰੀ ਵਾਚ ॥ ਕਹਿ ਉਪਜੇ ਕਹਿ ਕਹੀਐ ਦੂਰ ॥ ਕਿਨ ਮਹਿ ਜੋਤਿ ਰਹੀ ਭਰਪੂਰ ॥ ਕਿਸ ਨੇੜੈ ਕਿਸ ਦੂਰ ਬਤਾਵੈ ॥ ਕਿਸ ਗੁਣ ਗਾਵੈ ਕਿਸਹ ਸੁਣਾਵੈ ॥ ੧੩ ॥ ਗੁਰੂਨਾਨਕਜੀ ਵਾਚ ॥ ਜਲਤੇ ਉਪਜੈ ਜਲਤੇ ਦੂਰ॥ਜਲ ਮਹਿ ਜੋਤਿ ਰਹੀ ਭਰਪੂਰ ॥ ਕਿਸ ਨੇੜੈ ਕਿਸ ਆਖੈ ਦੂਰ ॥ ਹਰਿ ਗੁਣ ਗਾਵੈ ਦੇਖ ਹਜੂਰ ॥ ੧੪ ॥ ਭਰਥਰੀ ਵਾਚ ॥ ਕਉਣ ਅੰਤਰ ਕਉਣ ਬਾਹਰ ਹੋਇ ॥ ਕਉਣ ਕਾਰਨਿ ਚਲੈ ਸਬ ਰੋਇ ॥ ਕਹਿ ਭਰਥਰੀ ਨਾਨਕ ਦੇਹੁ ਬੀਚਾਰ ॥ ਬੋਲਤ ਕਉਣ ਕਰੈ ਆਧਾਰ ॥ ੧੫ ॥ ਗੁਰੂ ਨਾਨਕ ਜੀ ਵਾਚ ॥ ਅੰਤਰ ਬਾਹਰ ਏਕੋ ਸੋਇ ॥ ਏਕੰਕਾਰ ਕਹੇ ਸੋ ਹੋਇ ॥ ਸੁਨ ਭਰਥਰ ਨਾਨਕ ਕਹੇ ਬੀਚਾਰ ॥ ਬੋਲਤ ਰਹੈ ਪਵਨ ਆਧਾਰ ॥ ੧੬ ॥ ਏਹ ਸੁਨਕਰ ਭਰਥਰੀ ਭੀ ਹਉਲਾ ਹੋਇਗਇਆ ਜਦ ਏਹ ਹਕੀਕਤ ਗੁਰੂ ਅੰਗਦਜੀ ਸੁਣੀ ਤਾਂ ਸ੍ਰੀ ਗੁਰੂ ਅੰਗਦਜੀ ਆਖਿਆ ਭਾਈਬਾਲਾ ਏਹ ਤੇਰੇ ਹਾਜ਼ਰ ਹੁੰਦੇਹੀ ਹੋਈ ਹੈ?ਤਾਂ ਬਾਲੇ ਆਖਿਆ ਗੁਰੂ ਜੀ ਏਹ ਜੋ ਬਾਤ ਹੋਈਹੈ ਸੋ

CC-0. Gurukul Kangri University Haridwar Collection. Digitized by S3 Foundation USA

ਮੇਰੇ ਹਾਜ਼ਰ ਹੋਈ ਹੈ ਏਹ ਸੁਣਦੇ ਹੀ ਗੁਰੂ ਅੰਗਦਜੀ ਮਸਤ ਹੋਇ ਗਏ ਸੱਤ ਦਿਨ ਅਤੇ ਸੱਤ ਰਾਤ ਬਿਦੇਹ ਹੀ ਰਹੇ ਕੋਈ ਬੁਲਾਵੈ ਤਾਂ ਬੋਲਣ ਨਾਹੀਂ ਨਾ ਕੁਛ ਖਾਵਨ ਅਤੇ ਨਾ ਕੁਛ ਪੀਵਣ ਅਤੇ ਪਿੰਡ ਵਿਚ ਧੁੰਮ ਪੈਗਈ ਜੋ ਗੁਰੂ ਅੰਗਦ ਜੀ ਸਮਾਇਗਏ ਜਾਂ ਅੱਠਵਾਂ ਦਿਨ ਹੋਯਾ ਤੇ ਸਵਾਪਹਿਰ ਦਿਨ ਚੜ੍ਹਿਆ ਤਾਂ ਗੁਰੂ ਅੰਗਦਜੀ ਸੁੱਧ ਵਿਚ ਆਏ ਸਵਾਧਾਨ ਹੋਏਅਤੇਆਇਕੇ ਭਾਈਬਾਲੇ ਨੂੰ ਸਦਵਾਇਆ ਅਤੇ ਬਾਲੇ ਸੰਧੂ ਆਇ ਮੱਥਾ ਟੇਕਿਆ ਤਾਂ ਗੁਰੂ ਅੰਗਦਜੀ ਆਖਿਆਭਾਈਬਾਲਾ ਏਹ ਅੰਮ੍ਰਿਤ ਸੱਭੋ ਤੇਰੇ ਹੀ ਵੰਛ ਆਯਾਹੈ ਤਾਂਭਾਈ ਬਾਲਾਸੰਧੂ ਬੋਲਿਓ ਨਾਹੀਂ ਅਤੇਬਾਲਾ ਮਸਤਹੋਇਗਿਆ ਫੇਰਭਾਈਬਾਲਾ ਸੱਤੀਂ ਪਹਿਰੀਂ ਦੇਹ ਵਿਚ ਆਯਾ ਸਵਾਧਾਨ ਹੋਯਾਤੇ ਲੱਗਾ ਜਨਮਸਾਖੀ ਲਿਖਾਵਣ ਤੇਭਾਈਪੈੜਾਮੋਖਾਖੱਤ੍ਰੀ ਲੱਗਾ ਲਿਖਣ ਤੇ ਗੁਰੂ ਅੰਗਦ ਜੀ ਸੁਣ ਰਹੇ ਹੈਨ ਤਾਂ ਗੁਰੂ ਅੰਗਦਜੀ ਆਖਿਆ ਵਹੁ ਭਾਈ ਬਾਲਾ ਅੱਗੇ ਕੀਕੂੰ ਹੋਈ ॥ ੪੧ ॥

ਸਾਖੀ ਸਿਲਕਾ ਪਰਬਤ ਕੀ

ਜਾਂ ਫੇਰ ਗੁਰੂਨਾਨਕਜੀ ਸਿਲਕਾ ਪਰਬਤ ਪਰ ਗਏ ਤਾਂ ਚੰਦ੍ਰਮਾਂ ਦਿੱਸਣੋਂ ਰਹਿਗਇਆ ਤਾਂ ਮਰਦਾਨੇਪੁੱਛਿਆ ਗੁਰੂਜੀ ਹੁਣਤਾਂ ਚੰਦ੍ਰਮਾਂਭੀ ਨਾਹੀਂ ਨਜ਼ਰਆਂਵਦਾ ਤਾਂਗੁਰੂਨਾਨਕ ਜੀ ਆਖਿਆ ਮਰਦਾਨਿਆਂਹੇਠਦੇਖ ਜਾਂ ਮਰਦਾਨਾਲੱਗਾਹੇਠਦੇਖਣ ਤਾਂ ਚੰਦ੍ਰਮਾਂ ਹੇਠ ਨਜ਼ਰ ਆਯਾ ਤਾਂ ਫੇਰ ਮਰਦਾਨੇ ਆਖਿਆ ਗੁਰੂਜੀ ਅਸੀ ਚੰਦ੍ਰਮਾਂ ਕੋਲੋਂ ਉੱਪਰ ਆਏਹਾਂ ਤਾਂਗੁਰੂ ਨਾਨਕਜੀ ਆਖਿਆ ਮਰਦਾਨਾ ਅਸੀ ਸਭ ਬਵੰਜਾ ਹਜ਼ਾਰ ਜੋਜਨ ਆਏ ਹਾਂ ਤਾਂ ਮਰਦਾਨੇ ਆਖਿਆ ਗੁਰੂਜੀ ਇਸਤੇ ਅੱਗੇਭੀ ਕੋਈ ਜਾਹਗਾਹੈ ਤਾਂਗੁਰੂਨਾਨਕਜੀ ਆਖਿਆਮਰਦਾਨੇ ਅੱਗੇ ਵੱਡੀਆਂ ਜਾਹਗਾ ਹੈਨ ਤਾਂ ਫੇਰ ਮਰਦਾਨੇ ਕਹਿਆ ਜੀ ਕੀ ਜਗਾ ਹੈਨ ਤਾਂ ਗੁਰੂ ਜੀ ਆਖਿਆ ਮਰਦਾਨਾ ਅੱਗੇਸੁਮੇਰਹੈ ਉਸਉਪਰ ਸਿੱਧਮੰਡਲੀਹੈ ਅਤੇ ਸਿੱਧਮੰਡਲੀ ਤੋਂ ਅੱਗੇ ਦੱਤਾਤ੍ਰੇ ਹੈ ਸੰਨਿਆਸੀ ਅਵਧੂਤਹੈ ਉਸਤੋਂਅੱਗੇਕੁਮੇਰ ਹੈ ਜਿਸਦੇ ਹਵਾਲੇਸਭ ਮਾਇਆਹੈ ਅਤੇ ਨਾਲੇਨਉਨਿਧਾਂਹੈਨ ਉਸਤੋਂ ਅੱਗੇ ਮਹਾਂਦੇਵ ਭੰਡਾਰੀਹੈਨ ਅਰ ਆਪਪਿੰਗਲਾ ਹੈਅਤੇ ਉਸਦੇ ਉਪਰ ਕਉਲਾਸਹੈ ਜਿੱਥੇ ਧਰ ਭਗਤ ਕਾ ਮੰਡਲ ਹੈ ਤਿਸਦੇ ਉਪਰ ਨਿਰੰਕਾਰ ਕਾ ਤਖ਼ਤਹੈਉਸਉਪਰ ਆਪਨਿਰੰਕਾਰੈਕਰਤਾਪੁਰਖ ਜੋਤੀਸਰੂਪਬਿਰਾਜਮਾਨਹੈ ਤਾਂਮਰਦਾਨੇ ਪੁੱਛਿਆਜੀ ਇਥੋਂ ਸੁਮੇਰਕਿਤਨਾਉੱਚਾਹੈ ਤਾਂ ਗੁਰੂਨਾਨਕਜੀ ਆਖਿਆ ਮਰਦਾਨਾ ਇਥੋਂ ਤਿਹੱਤ੍ਰ ਹਜਾਰਜੋਜਨ ਉੱਚਾਹੈ ਫੇਰ ਮਰਦਾਨੇ ਪੁੱਛਿਆ ਗੁਰੂ ਜੀ ਜਿਸ ਧਰਤੀਪਾਸੋਂ ਅਸੀਂ ਆਏਹਾਂ ਉੱਥੋਂਸੁਮੇਰਕਿਤਨਾਉੱਚਾਹੈ ਤਾਂਗੁਰੂਨਾਨਕਜੀ ਆਖਿਆ ਮਰਦਾਨਾਜਿਥੋਂ ਅਸੀਂ ਆਏ ਉਸਤੋਂ ਸਵਾਲੱਖ ਜੋਜਨ ਉੱਚਾਹੈ ਏਹ ਗੋਸ਼ਟਿ ਮਰਦਾਨੇ ਨਾਲ ਕਰਦੇ ਆਹੇ ਤਿਚਰਾਂ ਨੋਂ ਭੰਗਰਨਾਥ ਆਇ ਪਹੁਚਿਆ ਆਂਵਦਾ ਹੀ ਆਖਣਲੱਗਾ ਅਰੇ ਮਾਈ ਮੂੰਡੇ ਕਹਾਂ ਚਲਾ ਆਵਤਾਹੈਂ ਅਗੇ ਤੇਰਾ ਕੰਮ ਨਾਹੀਂ ਤਾਂ ਗੁਰੂ ਨਾਨਕ ਜੀ ਸ਼ਲੋਕ ਆਖਿਆ ॥ ਗੁਰੂਨਾਨਕ

CC-0. Gurukul Kangri University Haridwar Collection. Digitized by S3 Foundation USA

ਜੀ ਵਾਚ ॥ ਮਾਇ ਹਮਾਰੀ ਮਨਸਾ ਹੋਤੀ ਤਿਸਕਾ ਮੂੰਡ ਮੁੰਡਾਯਾ ॥ ਦੁਰਮਤ ਹਮਾਰੀ ਦਾਦੀ ਕਹੀਏ ਤਿਸਕਾ ਕਾਨ ਛਿਦਾਯਾ ॥ ਤਾਕੀ ਰਾਖ ਲੈ ਨਿਰਮਲ ਛਾਨੀ ਸੋਈ ਬਿਭੂਤ ਚੜਾਯਾ ॥ ਕਹੇ ਨਾਨਕ ਸੁਨ ਭੰਗਰਨਾਥਾ ਤੈਂ ਪੂਰਾ ਜੋਗ ਨ ਪਾਯਾ ॥ ਜੁਗਤ ਨ ਜਾਣੀ ਅਉਧ ਵਧਾਈ ਬਿਰਥਾ ਜਨਮ ਗਵਾਯਾ ॥ ਕੰਨ ਪੜਾਇ ਮੁੰਦ੍ਰਾਂ ਪਾਈਆਂ ਜੋਗ ਕੀ ਜੁਗਤਿ ਨ ਜਾਣੀ ॥ ਲਾਇ ਬਿਭੂਤ ਬੈਠਾ ਹੋਇ ਜੋਗੀ ਸਗਲੀ ਸੁੱਧ ਬਉਰਾਨੀ ॥ ਡੰਡਾ ਫਰੂਆ ਹਾਥ ਫਹੋਰੀ ਸੇਲੀ ਅੰਗ ਬਨਾਈ ॥ ਕਹਿ ਨਾਨਕ ਸੁਨ ਭੰਗਰਨਾਥਾ ਤੈਂ ਝੂਠੀ ਅਵਧ ਵਧਾਈ ॥ ੨ ॥ ਤਾਂ ਭੰਗਰਨਾਥ ਭੀ ਹਉਲਾ ਹੋਇ ਗਿਆ ਤਾਂ ਗੁਰੂ ਨਾਨਕ ਜੀ ਕਹਿਆ ਕਿਉਂ ਭਾਈ ਬਾਲਾ ਕਿਆ ਰਜ਼ਾਇ ਹੈ ਤਾਂ ਮੈਂ ਆਖਿਆ ਜੀ ਜਿਉਂ ਤੁਸਾਡੀ ਰਜ਼ਾਇ ਤਾਂ ਫੇਰ ਗੁਰੂ ਜੀ ਕਹਿਆ ਕਿਉਂ ਮਰਦਾਨਾ ਕਿਆ ਰਜ਼ਾਇ ਹੈ ਤਾਂ ਮਰਦਾਨੇ ਕਹਿਆ ਜੀ ਵਡ ਉਸ ਧਰਤੀ ਤੇ ਫੇਰ ਕਦ ਆਵੀਏਂ ਗੋ ਭਲਾ ਏਹ ਭੀ ਦੇਖ ਜਾਈਐ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਅਸਾਂ ਤੇ ਤਾ ਆਖਿਆ ਭੀ ਮੰਨਣਾ ਹੈ ਤਾਂ ਫੇਰ ਕੌਨਾ ਪਰਬਤ ਨੂੰ ਚਲੇ ॥ ਬੋਲਹੁ ਭਾਈ ਜੀ ਵਾਹਿਗੁਰੂ ॥ ੪੨ ॥

ਸਾਖੀ ਕੌਨਾ ਪਰਬਤ ਦੀ ਚਲੀ

ਤਾਂ ਓਥੋਂ ਗੁਰੂ ਨਾਨਕ ਜੀ ਅੰਤ੍ਰ ਧਿਆਨ ਹੋਏ ਤਾਂ ਕੌਨਾ ਪਰਬਤ ਉੱਪਰ ਜਾਇ ਖੜੇ ਹੋਏ ਤਾਂ ਮਰਦਾਨੇ ਪੁੱਛਿਆ ਜੀ ਹੁਣ ਕਿੱਥੇ ਆਏ ਆਹੇ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਅਸੀ ਕੌਨਾ ਪਰਬਤ ਉੱਤੇ ਆਏ ਹਾਂ ਤਾਂ ਫੇਰ ਮਰਦਾਨੇ ਪੁੱਛਿਆ ਜੀ ਅਸੀ ਸਿਲਕਾ ਪਰਬਤ ਉਤੋਂ ਕਿਤਨੇ ਜੋਜਨ ਅਏ ਹਾਂ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਸਿਲਕਾ ਪਰਬਤ ਪਾਸੋਂ ਸੈਂ ਤਾਲੀ ਹਜ਼ਾਰ ਜੋਜਨ ਆਏ ਹਾਂ ਤਾਂ ਫੇਰ ਮਰਦਾਨੇ ਪੁੱਛਿਆ ਗੁਰੂ ਜੀ ਅਸੀ ਸੱਭੋ ਕਿਤਨੇ ਜੋਜਨ ਆਏ ਹਾਂ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਅਸੀ ਸਭੋ ਨਵਿੰਨਵੇਂ ਹਜ਼ਾਰ ਜੋਜਨ ਅਏ ਹਾਂ ਤਾਂ ਫੇਰ ਭਾਈ ਮਰਦਾਨੇ ਪੁੱਛਿਆ ਗੁਰੂ ਜੀ ਏਥੋਂ ਸੁਮੇਰ ਕਿਤਨੇ ਜੋਜਨ ਹੈ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਇਥੋਂ ਸੁਮੇਰ ਛੱਬੀਸ ਹਜ਼ਾਰ ਜੋਜਨ ਹੈ ਜਦ ਏਹੋ ਹੀ ਵਿਚਾਰਾਂ ਕਰਦੇ ਸੇ ਇਤਨੇ ਪਿਛੋਂ ਕਨੀਫਾ ਸਿੱਧ ਆਇ ਪਹੁਚਾ ਤਾਂ ਗੁਰੂ ਨਾਨਕ ਜੀ ਹੱਸਿਆ ਤਾਂ ਮਰਦਾਨੇ ਪੁੱਛਿਆ ਗੁਰੂ ਜੀ ਆਪ ਕਿਉਂ ਹੱਸੇ ਹੋ ਜੀ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆਂ ਏਹ ਜੋ ਸਿੱਧ ਦੇਖਦਾ ਹੈਂ ਇਸਦਾ ਨਾਮ ਕਨੀਫਾ ਹੈ ਅਤੇ ਗੋਰਖਦਾ ਚੇਲਾ ਹੈ ਤੇ ਗੋਰਖ ਅਸਾਂ ਉਪਰ ਚੜ੍ਹਤਾਂ ਕਰ ਕਰ ਭੇਜਦਾ ਹੈ ਤਾਂ ਮਰਦਾਨੇ ਆਖਿਆ ਗੁਰੂ ਜੀ ਜੇ ਮੈਨੂੰ ਹੁਕਮ ਹੋਵੇ ਤਾਂ ਮੈਂ ਇਸ ਜੋਗੀ ਨੂੰ ਚੱਡਿਓਂ ਗਾਟੇ ਕਰਾਂ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਏਥੇ ਚੱਡੇ ਗਾਟੇ ਕਰਨ ਦੀ ਲੜਾਈ ਨਹੀਂ ਏਥੇ ਜੋ ਹੈ ਸੋ ਸ਼ਬਦ ਦੀ ਲੜਾਈ ਹੈ ਤਾਂ ਮਰਦਾਨੇ ਕਹਿਆ ਭਲਾ ਗੁਰੂ ਜੀ ਇਤਨੇ ਮੈਂ ਕਨੀਫਾ ਸਿੱਧ ਬੋਲਿਆ ਸੁਣਹੋ ਬਾਲਾ ਏਥੇ ਜੋ ਤੂੰ ਆਯਾ ਹੈਂ ਸੋ ਕਿਉਂ ਕਰ ਆਯਾ ਹੈਂ ਤਾਂ ਗੁਰੂ ਨਾਨਕ ਜੀ ਕਹਿਆ ਹਮ ਜੋ ਆਏ ਹੈਂ ਸੋ ਨਿਰੰਕਾਰ ਦੇ ਦਰਸ਼ਨ ਕਉ ਆਏ ਹਾਂ ਤਾਂ ਕਨੀਫੇ ਸਿੱਧ ਕਹਿਆ ਅਰੇ ਬਾਲੇ ਆਗੇ ਭੀ

CC-0. Gurukul Kangri University Haridwar Collection. Digitized by S3 Foundation USA

ਕਬੀ ਨਿਰੰਕਾਰ ਕਾ ਦਰਸ਼ਨ ਕੀਆ ਹੈ ਕਿ ਅਬ ਹੀ ਆਏਹੋ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਕਨੀਫ਼ਾ ਹਮ ਆਗੇ ਭੀ ਦਰਸ਼ਨ ਕੀਆ ਹੈ ਅਰ ਅਬ ਭੀ ਆਏ ਹੈਂ ਤਾਂ ਫੇਰ ਕਨੀਫ਼ੇ ਸਿੱਧ ਕਹਿਆ ਅਰੇ ਬਾਲੇ ਤੁਮਾਰਾ ਨਾਉਂ ਕਿਆ ਹੈ ਅਰ ਤੁਮ ਹੋਤੇ ਕਉਣ ਹੋ ਤਾਂ ਸ੍ਰੀ ਗੁਰੂ ਨਾਨਕ ਜੀ ਇੱਕ ਸ਼ਬਦ ਕਹਿਆ ॥

ਰਾਗ ਅਸਾ ਮਹਲਾ ੧ ॥ ਨਾਉਂ ਹਮਾਰਾ ਅਚਰਜ ਕਹੀਐ ਹਮ ਹੋਤੇ ਅਚਰਜ ਰਬਾਨੀ॥ ਸਿਫ਼ਤ ਹਮਾਰੀ ਸਭ ਮੂਰਤ ਮਾਹਿ ਜੋਤ ਸਗਲ ਮਹਿਤਾਨੀ॥੧॥ ਸੁਨਹੁ ਕਨੀਫ਼ੇ ਰਾਵਲ ਜੋਗੀ ॥ ਸਤਜੁਗ ਤ੍ਰੇਤੇ ਦੁਆਪੁਰ ਕਲਜੁਗ ਨਿਰਮਲ ਸਦਾ ਅਰੋਗੀ ॥ ੧ ॥ ਰਹਾਉ॥ ਜ਼ਾਤ ਹਮਾਰੀ ਜਤਕਤ ਦੇਖਉ ਨਾਨਾ ਬਰਨ ਹਮਾਰਾ ॥ ਉਪਜਨ ਬਿਨਸਨ ਖੇਲ ਹਮਾਰਾ ਸ਼ਿਵ ਸ਼ਕਤੀ ਬਿਉਹਾਰਾ॥੨॥ ਹਰਖ ਸੋਗਕੀ ਕਾਇਆ ਬਾਂਧੀ ਪਾਪ ਪੁੰਨ ਦੁਇ ਸਾਖੀ॥ ਕਲਾ ਹਮਾਰੀ ਜਲਥਲ ਪਸਰੀ ਜੋਤਿ ਸਪੂਰਨ ਸਾਖੀ॥੩॥ ਏਕੰਕਾਰ ਹਮਾਰਾ ਸਾਹਿਬ ਜਿਸ ਹਮ ਸਾਜ ਨਿਵਾਜੈ॥ ਕਹੈ ਨਾਨਕ ਸੁਣਹੁ ਕਨੀਫ਼ਾ ਸੁਰਤ ਸ਼ਬਦ ਮਿਲ ਗਾਜੈ॥੪॥ ਫੇਰ ਕਨੀਫ਼ਾ ਸਿੱਧ ਬੋਲਿਆ ਅਰੇ ਨਾਨਕ ਤੁਮਨੇ ਗੁਰੂ ਕੋਈ ਨਾਹੀਂ ਕੀਆ ਚਲੋ ਤੁਮ ਗੋਰਖ ਕਉ ਗੁਰੂ ਕਰੋ ਕੰਨ ਪੜਾਵੋ ਤੇ ਮੁੰਦ੍ਰਾਂ ਪਹਿਰੋ॥ ਤਾਂ ਗੁਰੂ ਨਾਨਕ ਜੀ ਇਕ ਸ਼ਲੋਕ ਆਖਿਆ

ਏਕੋ ਚੀਰਾ ਜਾਨੈ ਸੋ ਜੋਗੀ ॥ ਕਲਮਾਇਆ ਤੇ ਰਹੈ ਅਰੋਗੀ ॥ ਸੁੰਨ ਮੰਡਲ ਕੀ ਭਿੱਖਿਆ ਖਾਈ ॥ ਸਤ ਸੰਤੋਖ ਕੀ ਖਿੰਥਾ ਪਾਈ॥ ਬਿਨ ਖੱਪਰ ਪਾਣੀ ਪੀਆ॥ ਬਿਨ ਧਰਤੀ ਬਿਨ ਕੂਆ॥ ਬਿਨਿ ਸਿੰਙੀ ਨਾਦ ਸ਼ਬਦ ਵਾਜੈ॥ ਬਿਨ ਬਾਦਰ ਗਗਨਾ ਗਾਜੈ ॥ ਬਿਜਲੀ ਚਮਕਾਰਾ ਲਾਇਆ ॥ ਤਬ ਨਾਨਕ ਜੋਗ ਪਾਇਆ ॥ ਤਾਂ ਕਨੀਫ਼ਾ ਸਿੱਧ ਭੀ ਹਉਲਾ ਹੋਇ ਕਰ ਗਿਆ ਤਾਂ ਮਰਦਾਨੇ ਆਖਿਆ ਗੁਰੂ ਜੀ ਹੁਣ ਤਾਂ ਅੱਗੇ ਚਲੋ ਜੀ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਉਤਾਵਲਾ ਨ ਹੋਅ ਤੇ ਸਿੱਧਾਂ ਦਾ ਤਮਾਸ਼ਾ ਦੇਖ ਤਾਂ ਮਰਦਾਨੇ ਆਖਿਆ ਜੀ ਜਿਵੇਂ ਤੁਸਾਡੀ ਰਜ਼ਾਇ ਜਾਂ ਏ ਹ ਬਾਤਾਂ ਹੋਰ ਹੀ ਆਂ ਸੀ ਜੋ ਹਨੀਫ਼ਾ ਸਿੱਧ ਆਇਆ ਅਤੇ ਆਉਂ ਦੇ ਹੀ ਆਖਿਆ ਸੁ ਅਦੇਸ ਹੋ ਬਾਲੇ ਅਦੇਸ ਤਾਂ ਗੁਰੂ ਨਾਨਕ ਜੀ ਆਖਿਆ ਆਦੇਸ ਏਕੰਕਾਰ ਕੋ ਆਦੇਸ ਆਓ ਹਨੀਫ਼ਾ ਜੋਗੀ ਤਾਂ ਹਨੀਫ਼ੇ ਸਿੱਧ ਕਹਿਆ ਅਰੇ ਬਾਲੇ ਤੂੰ ਮੁਝਕੋ ਕਿਆ ਜਾਨਤਾ ਹੈਂ ਤੂੰ ਮੇਰਾ ਨਾਉਂ ਕਿਉਂ ਕਰ ਸਹੀ ਕੀਤਾ ਹੈ ਏਹ ਮੁਝਕੋ ਦੱਸ ਤਾਂ ਗੁਰੂ ਨਾਨਕ ਆਖਿਆ ਸੁਨ ਹਨੀਫ਼ਾ ਤੂੰ ਰਾਜੇ ਕੰਕਰਨ ਕਾ ਬੇਟਾ ਹੈਂ ਜਬ ਤੇਰਾ ਪਿਤਾ ਮੂਆ ਥਾ ਤਬ ਤੂੰ ਸਤਾਰਾਂ ਬਰਸਾਂ ਕਾ ਥਾ ਅਤੇ ਤੁਮਾਰਾ ਨਗਰ ਸੀਲਾਪੁਰ ਥਾ ਜਬ ਤੂੰ ਰਾਜ ਲਗਾ ਕਰਨਤਾਂ ਇਕ ਦਿਨ ਤੂੰ ਸ਼ਕਾਰ ਖੇਡਨ ਗਿਆ ਥਾ ਅਤੇ ਤੂੰ ਸ਼ਕਾਰ ਮਾਰਿਆ ਪਰ ਤੂੰ ਆਪਣੇ ਆਤਮੇ ਵਿਚ ਬੜਾ ਬਿਗਸਿਆ ਥਾ ਪਰ ਤੁਝਕਉ ਗੋਰਖਨਾਥ ਦਖਾਲੀ ਆਇ ਦਿੱਤੀ ਤਾਂ ਤੂੰ ਕਹਿਆ ਜੋਗੀ ਕੋ ਭੰਡਾਰਾ ਦੇਵੋ ਤਾਂ ਗੋਰਖਨਾਥ ਨੇ ਕਹਾ ਰੇ ਬਾਲਕੇ ਏਹ ਭੰਡਾਰਾ ਹਮ ਨਹੀਂ ਲੇਤੇ

CC-0. Gurukul Kangri University Haridwar Collection. Digitized by S3 Foundation USA

ਏਹਮਲੀਨਹੈ ਭਬ ਭੁਮਨੇ ਕਹਾਕਿਉਂ ਨਾਥਜੀ ਏਹ ਅਹਾਰ ਭੁਇ ਕਿਉਂ ਮਲੀਨ ਕਹਿਆ ਹੈ ਤਾਂ ਗੋਰਖ ਨਾਥ ਨੇ ਕਹਿਆ ਰੇ ਬਾਲਕ ਤੇਰੇ ਮਨਮੇਂ ਦਇਆ ਨਹੀਂ ਤੇਰੀਕਾਯਾਂ ਬਾਰ ਬਾਰ ਕੁੱਸੇਗੀ ਤਾਂ ਭੂੰ ਕਹਿਆ ਨਾਥਜੀ ਕਿਵੇਂ ਕਾਯਾਂ ਕੁੱਸੇ ਨਾਹੀਂ ਤਾਂ ਗੋਰਖਨਾਥਨੇ ਕਹਿਆ ਅਰੇ ਬਾਲਕੇ ਤੁਮ ਜੋਗ ਕਮਾਵੋ ਤੋ ਕਾਯਾਂ ਛੀਜੈ ਨਾਹੀਂ ਤੈਨੇ ਫੇਰ ਕਹਿਆ ਨਾਥ ਜੀ ਕਿਉਂ ਕਰ ਜੋਗ ਕਮਾਈਐ ਤਾਂ ਗੋਰਖ ਕਹਿਆ ਮੂੰਡ ਮੁੰਡਾਵੋ ਮੁੰਦਰਾਂ ਪਾਵੋ ਇਸ ਬਿਧ ਜੋਗ ਕਮਾਵੋਤਾਂਭੂੰਗੋਰਖਨਾਥਅਗੇਮੱਥਾਟੇਕਿਆਤੇਬੈਠਗਿਓਂ ਤਾਂਗੋਰਖਨਾਥਨੇਤੇਰਾਮੂੰਡਮੁੰਡਿਆ ਕੰਨ ਪਾੜੇ ਭੁਇਕੋ ਜੋਗ ਦੀਆ ਭਬ ਭੂੰ ਸਿੱਧ ਹੂਆ ਤਾਂ ਹਨੀਫ਼ੇ ਸਿੱਧ ਕਹਿਆ ਅਰੇ ਨਾਨਕ ਹਮਾਰੇ ਕੰਨ ਕਿਸ ਜਗਹ ਪਾੜੇ ਅਰ ਕਿਸ ਜਗਹਾ ਮੂੰਡਮੁੰਡਿਆ ਤਾਂਗੁਰੂਨਾਨਕਜੀ ਕਹਿਆ ਹਨੀਫ਼ਾ ਲੁੰਡੇ ਪਿੱਪਲ ਕੇ ਹੇਠ ਤਾਂ ਹਨੀਫ਼ੇ ਕਹਿਆ ਜੇ ਤੁਮ ਐਸੇ ਹੋ ਤਾਂ ਹਮਰੀਭੀ ਨਿਸ਼ਾ ਕਰੋ ਤਾਂ ਗੁਰੂ ਨਾਨਕ ਜੀ ਕਹਿਆ ਕਹੋ ਹਨੀਫ਼ਾ ॥ ਹਨੀਫ਼ਾ ਵਾਚ ॥ ਅਖੇਰ ਵਿਰਤ ਬਾਹਰ ਰਹੈ ਕੋ ਨਾਹਿ॥ਅਹੇੜਾ ਕਹੀਐ ਕਉਨ ਕੀ ਜਾਇ ॥ ਕਉਨ ਸੰਗਲੇ ਚੜ੍ਹੈ ਸ਼ਿਕਾਰ ॥ ਕਉਨ ਮਿਰਗ ਪਕੜ ਲਿਆਵੈਘਾਟ ॥ ਕਉਨ ਕਰ ਰਾਖੇ ਉਨ ਕਉ ਬਾਟ ॥ ਏਹ ਅਹੇੜਾ ਕਿਸਕੇ ਸਾਥ ॥ ਹਨੀਫ਼ਾ ਪੂਛੇ ਨਾਨਕ ਪਾਸ ॥ ਗੁਰੂ ਨਾਨਕ ਜੀ ਵਾਚ ॥ ਅਖੇਰ ਬਿਰਤ ਬਾਹਰ ਆਇਓ ਧਾਇ॥ਅਹੇੜਾ ਪਾਇਓ ਘਰਕੀ ਗਾਇ ॥ ਸੰਤਸੰਗ ਲੈ ਚੜ੍ਹਿਓਸ਼ਿਕਾਰ ॥ ਤ੍ਰਿਸ਼ਨਾ ਚਪਲ ਕਉ ਲੇਵੈ ਮਾਰ ॥ ਮਿਰਗ ਪਕੜ ਘਰ ਆਣੇ ਹਾਟ ॥ ਚੁਖ ਚੁਖ ਲੇਗਏ ਬਾਟ ਅਰ ਘਾਟ॥ਏਹ ਅਹੇੜਾ ਕੀਨੋ ਦਾਨ॥ਨਾਨਕਕੇ ਘਰ ਕੇਵਲ ਨਾਮੁ॥ਸੁਣ ਹਨੀਫ਼ਾ ਇਹ ਬੀਚਾਰ ॥ ਗੋਰਖ ਠਾਡਾ ਹਮਰੇ ਦੁਆਰ ॥੨॥ ਭਾਂਹਨੀਫ਼ਾ ਸਿੱਧਾ ਗੁਰੂਨਾਨਕ ਜੀਦੇ ਚਰਨਾਂ ਉਪਰ ਹੱਥ ਰੱਖਕੇ ਚਲਦਾ ਰਹਿਆ ਤਾਂ ਗੋਰਖ ਨਾਥ ਨੇ ਗੋਪੀਚੰਦ ਕੋ ਕਹਾ ਰੇ ਬੇਟਾ ਤੂੰ ਜਾਇਕੇ ਉਪਦੇਸ਼ ਦੇਕੈ ਲੈ ਆਓ ਤਾਂ ਗੋਪੀਚੰਦ ਕਹਿਆ ਭਲਾ ਗੁਰੂਜੀ ਤਾਂ ਗੋਪੀਚੰਦ ਗੁਰੂਨਾਨਕ ਜੀ ਪਾਸਆਯਾ ਆਇਕਰ ਕਹਿਆਸ ਅਦੇਸ ਹੋ ਤਪਾ ਆਦੇਸ ਤਾਂ ਗੁਰੂਨਾਨਕਜੀ ਕਹਿਆ ਆਦੇਸ ਏਕੰਕਾਰ ਕਉ ਆਦੇਸ ਤਾਂ ਗੋਪੀਚੰਦ ਬਚਨ ਕੀਤਾ ॥ ਗੋਪੀਚੰਦ ਵਾਚ ॥ ਕਉਨ ਨਾਮ ਕਉਨ ਬਰਨ ਭੁਮਾਰਾ॥ਕਉਨ ਰੂਪ ਕਉਨ ਬਿਸਥਾਰਾ॥ ਕਉਨ ਮਨੋਰਥ ਈਹਾਂ ਆਏ॥ਚਲੋਤਪਾ ਭੁਮਨਾਥ ਬੁਲਾਇ ॥ ਕੰਨ ਪੜਾਇ ਮੁੰਦ੍ਰਾਂ ਪਹਿਰਾਵੋਂ ॥ ਗੁਰ ਗੋਰਖ ਕੇ ਚਰਨ ਲਗਾਵੋਂ ॥ ਗੁਰੂ ਨਾਨਕ ਜੀ ਵਾਚ ॥ ਨਾਮ ਏਕੰਕਾਰ ਕਰਤਾਰਾ ॥ ਜਾਤ ਬਰਨ ਤੇ ਰਹੈਨਿਆਰਾ॥ ਰੂਪਦੇਹਨਕੀਨਾ ਬਿਸਥਾਰਾ॥ ਅਲਖ ਨ ਲਖੀਐ ਸਗਲਮੰਝਾਰਾ ॥ ਪਾਰਬ੍ਰਹਮਕੈ ਦਰਸ਼ਨ ਆਏ॥ ਅਮਰ ਅਜੂਨੀ ਲੀਏ ਬੁਲਾਏ ॥ ਕੰਨ ਪੜਾਇ ਨ ਮੁੰਦਰਾਂ ਪਾਊਂ ॥ ਸਭ ਸਿੱਧਨਕੋ ਚਰਨ ਲਗਾਊਂ ॥ ਏਕੰਕਾਰ ਗੁਰੂ ਸਿਰ ਮੇਰੇ॥ ਕਹਿ ਨਾਨਕ ਸੁਣ ਗੋਪੀਚੰਦਾ ਦ੍ਰਿਸ਼ਟਮਾਨ ਕੀਤੇ ਸਭ ਚੇਰੇ ॥ ੨ ॥ ਗੋਪੀਚੰਦ ਵਾਚ ॥ ਕਵਣ ਗਿਆਨੀ ਕਵਨਧਿਆਨੀ ॥ ਕਵਨ ਤੀਰਥ ਮੱਜਨ ਇਸ਼ਨਾਨੀ॥ਕਵਨਸੁਨਿਰਮਲ ਕਵਨਸੁਮੈਲਾ ॥

CC-0. Gurukul Kangri University Haridwar Collection. Digitized by S3 Foundation USA

ਕਵਨ ਸੁ ਬਸਤ ਜਿਤਲਾਗੈ ਗੈਲਾ ॥ ਕਵਨ ਸੁ ਊਪਰ ਕਵਨਸੋਤਲੈ ॥ ਕਵਨ ਜੁਗਤ ਜਿਤ ਦੀਪਕਬਲੈ ॥ ਗੋਪੀਚੰਦ ਕਹੈ ਸੁਣਨਾਨਕ ਭਪੈ ॥ ਕਵਨ ਸੋ ਜਾਪ ਜਿਤ ਰਸਨਾ ਜਪੈ॥੩॥ ਗੁਰੂ ਨਾਨਕ ਜੀ ਵਾਚ ॥ ਗਿਆਨੀ ਸੋਈ ਜੋ ਗੁਰਮੁਖ ਹੋਵੈ ॥ ਧਿਆਨੀ ਸੋਈ ਜੋ ਸੁਰਤ ਨ ਖੋਵੈ ॥ ਤੀਰਥ ਮੱਜਨ ਗੁਰ ਦਰਸ਼ਨ ਪਾਯਾ ॥ ਚਰਨੀ ਲਾਗੇ ਆਪ ਗਵਾਯਾ ॥ ਨਿਰਮਲ ਬਾਣੀ ਜਿਸ ਮੈਲ ਨ ਰਾਈ ॥ ਗੁਰ ਪੂਰੇ ਬਿਨ ਮੈਲ ਨ ਜਾਈ ॥ ਗੁਰਉਪਦੇਸ਼ ਲੈ ਕਾਰ ਸਿਧਾਯਾ ॥ ਧਰ ਪਹੁੰਚੈ ਕੋਈ ਠਾਕ ਨ ਪਾਯਾ ॥ ਊਪਰ ਹੀ ਹੁਕਮ ਹੁਕਮਹੀ ਤਲੈ ॥ ਹੁਕਮ ਪਛਾਣੈ ਤਾਂ ਦੀਪਕ ਜਲੈ ॥ ਕਹੈ ਨਾਨਕ ਸੁਣ ਗੋਪੀਚੰਦਾ ਮੋਹ ਮਾਯਾਕੇ ਬੰਦਨ ਕਪੈ ॥ ਏਹ ਬਿਧ ਜਾਪ ਜਿਤ ਰਸਨਾ ਜਪੈ ॥ ੧ ॥ ਜਬ ਏਹ ਬਚਨ ਗੋਪੀਚੰਦ ਨੇ ਸੁਣੇ ਤਾਂ ਗੋਪੀਚੰਦ ਕਹਿਆ ਚਲੋ ਭਪਾ ਜੀ ਸਿੱਧ ਮੰਡਲੀ ਕਾ ਦਰਸ਼ਨ ਲੇਵੋ ਅਰ ਦੇਵੋ ਤਾਂ ਗੁਰੂ ਨਾਨਕ ਜੀ ਕਹਿਆ ਚਲੋ ਗੋਪੀਚੰਦ ਹਮ ਸਹਿਜ ਸਿਉਂ ਆਤੇ ਹੈਂ ਤਾਂ ਗੋਪੀਚੰਦ ਪ੍ਰਸੰਨ ਹੋਇਕੇ ਗਿਆ ਗੋਪੀਚੰਦ ਗੋਰਖਨਾਥ ਨੂੰ ਜਾਇ ਕਹਿਆ ਸੁਨੋ ਪਿਤਾਜੀ ਓਹਤਾਂ ਭੱਤ ਸਰੂਪ ਹੈਹਉਂ ਉਸਕੇ ਸਾਥ ਬਚਨ ਕੀਤੇ ਹੈਨ ਪਰ ਓਹਤਾਂ ਮਹਾਂਪੁਰਖਹੈਂ ਤਾਂ ਗੋਰਖਨਾਥ ਕਹਿਆ ਹੇ ਪੁਤ੍ਰ ਮੈਂ ਜਾਨਦਾਹਾਂ ਪਰ ਇਨਾਂ ਸਿੱਧਾਂਦਾ ਮਾਨ ਉਤਾਰਨ ਦੇਹ ਤਾਂ ਗੋਪੀਚੰਦ ਚੁੱਪ ਕਰ ਗਿਆ ਤਾਂ ਭਰਥਰੀ ਆਪਣੇ ਚਿਤ ਵਿਚ ਬੜਾ ਕ੍ਰੋਧਵਾਨ ਹੋਯਾ ਤਾਂ ਭਰਥਰੀ ਕਹਿਆ ਗੁਰੂਜੀ ਮੈਂ ਫੇਰ ਜਾਂਦਾਹਾਂ ਤਾਂ ਗੋਰਖ ਕਹਿਆ ਜਾਹ ਭਰਥਰੀ ਉਪਦੇਸ਼ ਦੇਕਰ ਲੈਆਉ ਤਾਂ ਭਰਥਰੀ ਫੇਰ ਗੁਰੂ ਨਾਨਕ ਪਾਸ ਆਯਾ ਤਾਂ ਆਇਕਰ ਕਹਿਓਸ ਆਦੇਸ ਹੋ ਨਾਨਕ ਭਪਾ ਆਦੇਸ ਤਾਂ ਸ੍ਰੀ ਗੁਰੂਜੀ ਕਹਿਆ ਆਦੇਸ ਏਕੰਕਾਰ ਕੋ ਆਦੇਸ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਆਉ ਭਰਥਰੀ ਨਾਥ ਤੁਮ ਤੋ ਆਗੇ ਫਿਰਗਏ ਸਾਓ ਤਾਂ ਭਰਥਰੀ ਕਹਿਆ ਵਲਨਾਨਕ ਭਪਾ ਮੈਂ ਤੈਨੂੰ ਗੋਰਖ ਪਾਸ ਲੈ ਜਾਓਂ ਤਾਂ ਗੁਰੂ ਜੀ ਕਹਿਆ ਅਰੇ ਭਰਥਰੀ ਉਹਾਂ ਜਾਇਕੇ ਕਿਆ ਕਰੀਏਂਗੇ ॥ ਭਰਥਰੀ ਵਾਚ ॥ ਕੰਨ ਛਿਦਾਓ ਮੁੰਦ੍ਰਾਂ ਪਹਿਰੋ ਖਿੰਥਾ ਅੰਗ ਹੰਢਾਓ ॥ ਆਗਿਆ ਭੰਗ ਨ ਕਰਹੋ ਕਬਹੂੰ ਇਉਂ ਜੋਗ ਜੁਗਤ ਗਤਿ ਪਾਵੋ ॥ ਸੁਨ ਬਾਲੇ ਏਹ ਜੋਗ ਕਮਾਵੋ ਤਬ ਅਨਹਦ ਧੁਨ ਵਾਜਾ ਵਜਾਵੋ ॥ ੧ ॥ ਗੁਰੂ ਨਾਨਕ ਜੀ ਵਾਚ ॥ ਗੁਰ ਕਾ ਸ਼ਬਦ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹੰਢਾਵੋ॥ ਜੋ ਕਿਛ ਕਹੈ ਭਲਾਕਰ ਮਾਨਹੁ ਸਹਿਜ ਜੋਗ ਨਿਧ ਪਾਵੋ ॥ ੧ ॥ ਬਾਬਾ ਜੁਗਤਾ ਜੀਉ ਜੁਗਹੁ ਜੁਗ ਜੋਗੀ ਪਰਮ ਤਤ ਮਹਿ ਜੋਗੀ ॥ ਅੰਮ੍ਰਿਤਨਾਮਨਿਰੰਜਨ ਪਾਇਆ ਗਿਆਨ ਕਾਯਾਂ ਰਸ ਭੋਗੀ ॥੨॥ ਭਰਥਰੀ ਵਾਚ॥ਏਕਹਾਥ ਮੇਂਪਾਤ੍ਰਦੇਉਂ ਏਕਹਾਥਮੇਂ ਭਿੰਡਾ॥ਕਲਪਬਿਭੂਤ ਚੜ੍ਹਾਵੋ ਤੁਮਕਹੁ ਏਕ ਬਤਾਵੋਂ ਪੰਥਾ॥੩॥ ਗੁਰੂ ਨਾਨਕ ਵਾਚ॥ਪਾਤ੍ਰ ਵਿਚਾਰ ਗਿਆਨ ਮਤਭਿੰਡਾ ਵਰਤਮਾਨ ਬਿਭੂਤੰ ॥ ਹਰਿ ਕੀਰਤ ਰਹਿਰਾਸ ਹਮਾਰੀ ਗੁਰਮੁਖਪੰਥ ਅਤੀਤੰ ॥੪॥ ਭਰਥਰੀ ਵਾਚ॥ ਅਪਨੇ ਨਗਰਮੈਂ ਬੈਸਹੁ ਆਸਣ ਚੀਨਉ ਬਾਦਬਿਬਾਦੰ॥ਸਿੰਙੀਦੇਉਮੁਖਬੈਨਬਜਾਵਉ ਸੁਣੀਐ ਨਾਦਅਨਾਦੰ ॥੫॥

OF INTERNET // ABHINAV GAUR //

ਗੁਰੂਨਾਨਕ ਜੀ ਵਾਚ ॥ ਸ਼ਿਵ ਨਗਰੀਮੈਂ ਆਸਨ ਬੈਸੋ ਕਲਪ ਤਿਆਗੋ ਬਾਦੰ ॥ ਸਿੰਙੀ ਸੁਰਤਿ ਸਦਾ ਧੁਨਿ ਸੋਹੈ ਅਹਿਨਿਸ ਪੂਰੈ ਨਾਦੰ ॥ ੬ ॥ ਭਰਥਰੀਵਾਚ ॥ ਸਗਲੀ ਸ੍ਰਿਸ਼ਟ ਦਿਸ਼ਟਿ ਦੇਖਾਊਂ ਐਸੀ ਜੋਗ ਜੋਗਾਦੰ ॥ ਲਿਵਲਾਗੀ ਕਬ ਟੂਟ ਨ ਜਾਵੈ ਪਰਾ ਪੂਰਨ ਪਦ ਪਾਦੰ ॥੭॥ ਗੁਰੂਨਾਨਕਜੀ ਵਾਚ ॥ ਸਗਲੀ ਸੰਮਿਆ ਜੋਤ ਨਿਰਾਰੀ ਨਾਨਾ ਬਰਨ ਅਨੇਕੰ ॥ ਕਹੁ ਨਾਨਕ ਸੁਨ ਭਰਥਰਿ ਜੋਗੀ ਪਾਰਬ੍ਰਹਮ ਲਿਵ ਏਕੰ ॥ ੮ ॥ ਤਾਂ ਫੇਰ ਭਰਥਰੀ ਕਹਿਆ ਚਲ ਨਾਨਕ ਤਪਾ ਈਹਾਂ ਛੋੜੀ ਆਇ ਪਹੁਚਾਹੈਂ ਤਾਂਕਿਉਂ ਖਾਲੀਫਿਰਜਾਤਾਹੈ ਤਾਂ ਸ੍ਰੀਗੁਰੂਨਾਨਕਜੀ ਸ਼ਬਦ ਬੋਲਿਆ ॥ ਰਾਗ ਆਸਾ ਮਹਲਾ ੧ ॥ ਖਾਲੀ ਸੋ ਕਰਤਾਰ ਨ ਜਾਨੈ ॥ ਅਪਨਾ ਆਪ ਨ ਕਛੂ ਪਛਾਨੈ॥੧॥ ਸੁਨ ਸਿੱਧਾ ਤੂੰ ਭਰਥਰ ਜੋਗੀ ॥ ਗੋਰਖ ਭੇਟਿ ਨ ਹੋਇ ਅਰੋਗੀ ॥ ੧ ॥ ਰਹਾਉ ॥ ਰਾਜ ਛੋਡਕਰ ਜੋਗੀ ਹੂਆ ॥ ਮਮਤਾ ਮੋਹਨ ਅਜਹੂੰ ਮੂਆ॥੨॥ਮਮਤਾ ਉਪਜੀ ਅਵਧ ਵਧਾਈ ॥ ਜੋਗਜੁਗਤਿ ਕੀ ਮਿਤਿ ਨਹੀਂ ਪਾਈ ॥ ੩ ॥ ਨਾਨਕਬੋਲੈ ਭਤ ਬੀਚਾਰ ॥ ਮੂੰਡ ਮੂੰਡਾਇ ਨ ਪਾਇਓ ਪਾਰ ॥ ੪ ॥ ਤਾਂ ਭਰਥਰੀਨਾਥਫੇਰ ਬਚਨ ਕੀਤਾ ॥ ਭਰਥਰੀ ਵਾਚ ॥ ਏਹ ਪਿਆਲਾ ਨਾਨਕ ਪੀਉ ॥ ਅੰਮ੍ਰਿਤ ਰਸਨਾ ਹੋਈ ਖੀਉ ॥ ੧ ॥ ਇਸ ਮਦ ਪੀਤੇ ਕਰੀਐ ਭੋਗ॥ ਸੂਖ ਸਹਿਜ ਆਨੰਦ ਅਰੋਗ ॥ ੧ ॥ ਰਹਾਉ ॥ ਮੇਰੀ ਤੇਰੀ ਚਿੰਤ ਨ ਰਹਿਤੀ॥ਲਿਵਲਾਗੀ ਹਿਰਦੇ ਸਚਸੇਤੀ ॥੨॥ ਭੂਖਪਿਆਸ ਸੋ ਨਹੀਂ ਵਿਆਪੈ ॥ ਬਿਨਸਜਾਇ ਸਭ ਤੀਨੋਂਤਾਪੈ॥ ਭਰਥਰਿ ਬੋਲੈ ਸੁਣ ਨਾਨਕ ਬੇਦੀ॥ ਇਸ ਮਦ ਪੀਤੇ ਬਲਾਇ ਸਬ ਛੇਦੀ ॥ ੪॥ ਤਾਂ ਗੁਰੂਨਾਨਕ ਜੀ ਨੂੰ ਸ਼ਬਦ ਪਰਾਪਤ ਹੋਯਾ

ਰਾਗ ਆਸਾ ਮਹਲਾ ੧ ॥ ਗੁੜਕਰ ਗਿਆਨ ਧਿਆਨ ਕਰ ਧਾਵੈ ਕਰ ਕਰਣੀ ਕਸ ਪਾਈਐ ॥ ਭਾਠੀ ਭਾਉ ਪ੍ਰੇਮ ਕਾ ਪੋਚਾ ਇਸ ਬਿਧ ਅਮਿਉ ਚੁਆਈਐ ॥ ਬਾਬਾ ਮਨਮਤਵਾਲਾ ਰਾਮਰਸਪੀਵੈ ਸਹਿਜ ਰੰਗ ਰਚਿਰਹਿਆ॥ ਅਨਹਦ ਬਾਣੀ ਪ੍ਰੇਮ ਲਿਵਲਾਗੀ ਸਬਦਿ ਅਨਾਹਦ ਗਹਿਆ ॥ ੧ ॥ ਰਹਾਉ ॥ ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤਹੀ ਪਰਵਾਣਭਇਆ॥ਹਰਿਦਰਸਨਕਾ ਕਾਂਖੀ ਹੋਵੈ ਮੁਕਤਿ ਬੈਕੁੰਠੇ ਕਰੇ ਕਿਆ ॥ ੨ ॥ ਸਚਾ ਆਪ ਪਿਆਲਾ ਸੂਚਾ ਤਿਸਹਿ ਪਿਲਾਵੈ ਜਾਕਉ ਨਦਰ ਕਰੇ॥ ਅੰਮ੍ਰਿਤਕਾ ਵਾਪਾਰੀਹੋਵੈ ਕਿਆ ਮਦ ਹੋਵੈ ਭਾਵਧਰੇ॥ ੩ ॥ ਸਿਫਤੀ ਰਾਤਾ ਸਦਾ ਬੈਰਾਗੀ ਜੂਐ ਜਨਮਨ ਹਾਰੈ॥ਕਹੈਨਾਨਕ ਸੁਣ ਭਰਥਰਜੋਗੀ ਖੀਵਾ ਅੰਮ੍ਰਿਤ ਧਾਰੈ॥੪॥ ਤਾਂ ਭਰਥਰੀ ਨਾਥ ਦੂਜੀ ਵਾਰੀ ਹੋਲਾ ਹੋਇ ਕਰ ਗਿਆ ਤਾਂ ਫੇਰ ਭੂਤਵੇ ਸਿੱਧ ਆਯਾ ਆਉਂਦਿਆਂ ਹੀ ਆਖਿਓਸੁ ਆਦੇਸ ਬਾਲੇ ਆਦੇਸ ਤਾਂਗੁਰੂਨਾਨਕ ਜੀ ਕਹਿਆ ਆਦੇਸ ਏਕੰਕਾਰਕੋ ਆਦੇਸ ਫੇਰ ਭੂਤਵੇ ਸਿੱਧ ਬਚਨ ਕਹਿਆ॥ਭੂਤਵੇ ਵਾਚ ॥ਆਸਾ ਮਹਾ ਦੁੱਖੰ॥ ਨਿਰਾਸਾ ਮਹਾਸੁੱਖੰ॥ ਆਸਨਿਰਾਸਾਭੂਤਵੇ ਸੁਖਵਸੰਤੀ ਪਿੰਗਲਾ ॥੧॥ ਗੁਰੂਨਾਨਕ ਜੀ ਵਾਚ॥ਆਸਾ ਸੁਖ ਹਮਾਰੀ ਕਹੀਐ ਨਿਰਾਸਾ ਦੁਖ ਅਪਾਰੀ॥ ਬਿਨ ਆਸ

CC-0. Gurukul Kangri University Haridwar Collection. Digitized by S3 Foundation USA

ਗੁਰਦੇਵ ਨ ਮਿਲਬੋ ਨਹਿ ਮਿਲਬੋ ਕਰਤਾਰੰ ॥ ੨ ॥ ਭੂਤਵੇ ਵਾਚ ॥ ਚਲ ਰੇ ਬਾਲਾ ਤੈਨੂੰ ਗੁਰੂ ਗੋਰਖਕੇ ਪਾਉਂ ਲਗਾਵੋਂ ॥ ਜਨਮ ਮਰਨ ਤੇ ਰਹਿਤ ਕਰਾਵੋਂ ॥੩॥ ਗੁਰੂ ਨਾਨਕ ਜੀ ਵਾਚ॥ਗੁਰੂ ਤੁਮਾਰਾ ਗੋਰਖ ਦੇਖਿਆ ਜਿੰਨ ਬਹੁਤੀਅਵਧ ਵਧਾਈ॥ਸਿੱਧ ਜਤੀ ਅਰ ਨਾਥ ਪੁਕਾਰਹਿ ਹਮਰੀ ਜਤ ਨਹਿ ਕਾਈ॥ਨਾਨਕਬੋਲੈ ਸੁਣੋ ਭੂਤਵੇ ਅੰਤ ਦੇਹ ਫਿਰਜਾਈ॥੪॥ ਤਾਂ ਭੂਤਵੇ ਭੀ ਫਿਰ ਗਇਆ ॥ ਫੇਰ ਲਹੁਰੀਪਾ ਸਿੱਧ ਆਯਾ ਲਹੁਰੀਪੇ ਸਿੱਧ ਆਇ ਗੁਰੂ ਜੀ ਕੋ ਕਹਾ ਆਦੇਸ ਰੇ ਬਾਲੇ ਆਦੇਸ ਤਾਂ ਸ੍ਰੀ ਗੁਰੂਜੀ ਕਹਿਆ ਆਦੇਸ ਆਦਿ ਪੁਰਖ ਕਉ ਆਦੇਸ ਆਉ ਲਹੁਰੀਪਾ ਜੋਗੀ ॥ ਲਹੁਰੀਪਾ ਵਾਚ ॥ ਹਾਟੀ ਬਾਟੀ ਕਹਾਂ ਤਿਆਗੀ ਕਿਉਂ ਤਿਆਗਿਓ ਵਣਜ ਵਪਾਰਾ ॥ ਕਾਹੇਕਉ ਉਦਿਆਨੀ ਹੂਏ ਕਿਉਂ ਤਿਆਗਿਓ ਮਾਤ ਪਸਾਰਾ॥ਕਹੈਲਹੁਰੀਪਾ ਗੋਰਖ ਪੂਤਾ ਸੁਣ ਨਾਨਕ ਹਮਰੀ ਬਾਤਾ ॥ ਜਿਹਕਾਰਣਭੂੰਡੁਲਮਤ ਭਟਕਤ ਸੋ ਹੈ ਅਗਮ ਅਗਾਧਾ ॥ ੧ ॥ ਗੁਰੂ ਨਾਨਕ ਜੀ ਵਾਚ ॥ ਹਾਟੀ ਬਾਟੀ ਸਹਿਜ ਕਮਾਈ ਸਹਿਜੇ ਵਣਜ ਵਪਾਰਾ ॥ ਸਹਿਜੇ ਹੀ ਉਦਿਆਨੀ ਹੂਏ ਸਹਿਜੇ ਮਤ ਪਸਾਰਾ ॥ ਨਾਨਕ ਐਧੂਤਾ ਕਹਤਾ ਪੂਤਾ ਸੁਣ ਲਹੁਰੀਪਾ ਬਾਤਾ ॥ ਕਿਰਪਾਕੀਨੀ ਆਪਨਿਰੰਜਨਤਾਂ ਮਿਲਿਆ ਅਗਮ ਅਗਾਧਾ॥ਤਾਂਲਹੁਰੀਪਾ ਭੀ ਚੁਪਹੋਇਕਰ ਚਲਾਗਿਆ ਤਾਂ ਗੋਰਖਨਾਥ ਨੇ ਪੁੱਛਿਆ ਕਿਉਂਰੇ ਲਹੁਰੀਪਾ ਦੇਹ ਬਾਤਾਂ ਤਾਂ ਲਹੁਰੀਪੇ ਕਹਿਆ ਨਾਥਜੀ ਨਾਨਕਤਪਾ ਤੋ ਕਹੀਂ ਅਟਕਤਾ ਨਾਹੀਂ ਤਾਂ ਪਾਸੋਂ ਗੋਪੀਚੰਦ ਕਹਿਆਗੁਰੂਜੀਨਾਨਕਤਪਾਤਾਂਪੂਜਣਲੋਇਕ ਹੈ ਤਾਂ ਗੋਰਖ ਨੇ ਕਹਿਆਪੁੱਤ੍ਰਗੋਪੀਚੰਦ ਮੈਂ ਜਾਣਤਾਂਹੋਂ ਪਰ ਇਨਸਿੱਧਾਂਕਾ ਮਾਨਉਤਾਰਨ ਦੇਹ ਤਾਂ ਫੇਰ ਚਰਪਟਨਾਥ ਆਯਾ ਤੇ ਗੁਰੂਨਾਨਕਜੀ ਕੋ ਕਹਿਆ ਆਦੇਸ ਓਬਾਲੇ ਆਦੇਸ ਤਾਂ ਸ੍ਰੀਗੁਰੂ ਜੀ ਕਹਿਆ ਆਓ ਚਰਪਟ ਜੋਗੀ ਏਕੰਕਾਰ ਕਉ ਆਦੇਸ ॥ ਚਰਪਟ ਵਾਚ ॥ ਕਹਾਂਤੁਮਾਰਾ ਆਸਣ ਬੈਸਣ ਕਹਾਂ ਤੁਮਾਰਾ ਭੋਜਨ ॥ ਕਵਨ ਸੂਤਕੇ ਕਪੜੇਪਹਿਰੇ ਚਲਤੇ ਕਿਤਨੇਜੋਜਨ॥ਖਾਟਤੁਲਾਈ ਕਹਾਂ ਬਿਛਾਈ ਕਹਾਂਕਰੋਬਿਸਰਾਮਾ ॥ ਚਰਪਟ ਬੋਲੈ ਸੁਣ ਭੂੰ ਨਾਨਕ ਐਸਾ ਕਥਹੁ ਗਿਆਨਾ ॥ ੧ ॥ ਗੁਰੂ ਜੀ ਵਾਚ ॥ ਆਸਣ ਬੈਸਣ ਕਾਂਯਾਂ ਭੀਤਰ ਨਾਮ ਹਮਾਰਾਭੋਜਨ॥ਖਿਮਾਸੂਤਕੇ ਕਪੜੇਪਹਿਰੇ ਚਲਹੁੰ ਅਛਾਈ ਜੋਜਨ ॥ ਖਾਟ ਭੁਲਾਈ ਦਸਵੇਂਦ੍ਵਾਰੇਤਹਾਂਕਰਹਿਬਿਸਰਾਮਾ॥ ਨਾਨਕ ਕਹੈਸੁਣਚਰਪਟਨਾਥਾ ਐਸਾ ਕਥੋਂ ਗਿਆਨਾ ॥੨॥ਤਾਂ ਚਰਪਟਨਾਥਵੀ ਫਿਰਕਰ ਗਿਆ ਜਾਇਕਰ ਗੁਰੂ ਗੋਰਖਨੂੰ ਆਖਿਓਸੁ ਸੁਨੋ ਨਾਥ ਜੀ ਨਾਨਕ ਭੁਾ ਪੂਰਨ ਜੋਗੀ ਹੈ ਭਾਂ ਗੋਰਖ ਨਾਥ ਨੇ ਕਹਿਆ ਕਿਉਂ ਈਗਰਨਾਥ ਜੀ ਭੁਾ ਈਗਰਨਾਥ ਨੇ ਆਖਿਆ ਜੀ ਮੈਂਜਾਤਾ ਹੂੰ ਦੇਖਾਂ ਕੈਸਾਮਾਈਮੂੰਡਾ ਹੈ ਤਮਕ ਖਾਇਕਰਆਇ ਗੁਰੂਜੀਕੇ ਆਦੇਸ ਕਹਿਓਸ॥ ਹਾਥਪਹੋੜੀ ਮੁਖਮੇਂ ਬਾਤਾਂ ਕੌਣਰੇ ਬਾਲੇ ਕਉਣ ਭੂੰਅਪਣਾ ਨਾਮ ਬਤਾਇ ॥ ਗੁਰੂ ਨਾਨਕ ਜੀ ਵਾਚ ॥ ਸੁਣਰੇ ਭਉਂਦੂ ਹਮਾਰਾ ਨਾਉ ॥ ਏਕੰਕਾਰ ਕੀਆ ਬਨਾਉ ॥ ਭੂੰਭੀ ਭੂਲਾ ਗੋਰਖ ਭੂਲਾ ॥ ਅਉਧ ਵਧਾਈ ਮਨ ਮਹਿ ਫਲਾ॥ ਏਕੰਕਾਰ

CC-0. Gurukul Kangri University Haridwar Collection. Digitized by

ਹਮਾਰਾ ਨਾਉਂ ॥ ਅਪਨੇ ਗੁਰਕੈ ਬਲਿ ਬਲਿ ਜਾਉਂ ॥ ੨ ॥ ਝੰਗਰ ਨਾਥ ਵਾਚ ॥ ਬਿਨ ਚਿਕਨਾਈ ਕਿਉਂਦੀਪਕ ਜਲੈ ॥ ਬਿਨਦੂਧੈ ਕਿਉਂਬਾਲਕ ਪਲੈ॥ ਬਿਨਾਧਨੁਖਕਿਉਂ ਤੀਰ ਚਲਾਵੈ॥ਬਿਨਾਚਰਨਕਿਉਂ ਨਗਰਸਿਧਾਵੈ ॥ ਝੰਗਰਪੂਛੈਸੁਨਰੇ ਬਾਲੇ ॥ ਬਿਨ ਕੁੰਜੀਕਿਉਂ ਖੁਲ੍ਹੈ ਤਾਲੇ ॥ ੨ ॥ ਗੁਰੂ ਜੀ ਵਾਚ ॥ ਉਲਟ ਕਉਲ ਦੀਪਕ ਕਉ ਜਾਲੈ ॥ ਲਿਵ ਲਾਗੀ ਤਉ ਬਾਲਕਪਾਲੈ ॥ ਸੁਰਤਿ ਬਾਂਧੀ ਤੇ ਤੀਰ ਚਲਾਯਾ ॥ ਗੁਰਬਚਨੀ ਲੇ ਨਗਰ ਸਿਧਾਯਾ ॥ ਬੋਲੇ ਨਾਨਕ ਸੁਨ ਝੰਗਰ ਬਾਲੇ ॥ ਕ੍ਰਿਪਾ ਕੀਨੀ ਤਾਂ ਖੁਲ੍ਹੇ ਤਾਲੇ ॥ ੨ ॥ ਤਾਂਝੰਗਰਨਾਥ ਭੀ ਹੋਲਾ ਤੇ ਸ਼ਰਮਿੰਦਾ ਹੋਇਕਰ ਗਇਆ ਤਾਂ ਮਰਦਾਨੇ ਆਖਿਆਜੀ ਤੂੰਤਾਂਨਿਰੰਕਾਰਹੈਂ ਤੇਰੇ ਆਗੇ ਤਾਂ ਕੋਈਭੀਨਾਹੀਂ ਠਹਿਰ ਸਕਦਾ ਸਭੇ ਭਸਮਹੋਇਜਾਂਦੇਹੈਨ ਤਾਂ ਗੁਰੂਨਾਨਕ ਜੀ ਬਚਨ ਕੀਤਾ ਮਰਦਾਨਾ ਅਸਾਂ ਨੋਂ ਕਰਤਾਰਨੇ ਏਡਾ ਵਡਾ ਗੁਰੂਮਿਲਾਯਾਹੈ ਜੋ ਬਿਨਾਂ ਕਰਤਾਰਥੀਂਅਸਾਡੀਦ੍ਰਿਸਟਿਤਲੇਨਹੀਂ ਆਂਵਦਾ ਅਤੇਮਰਦਾਨਾ ਕਬੀਰਭਗਤ ਥੀਂ ਆਦਿ ਲੈ ਬਹੁਤ ਮਹਾਤਮਾਂ ਅੱਗੇ ਹੋਏ ਹੈਨ ਅਰ ਇਸ ਦੇਹੀਕੇ ਸਾਥ ਨਿਰੰਕਾਰਕਾਦਰਸ਼ਨਕਿਸੇ ਨੂੰ ਨਾਹੀਂਹੋਇਆ ਪਰਹੋਰਨਾਂਭਗਤਾਂਥੀਂ ਕਬੀਰਸਭਕੇਵਸੇਖ ਭਇਆਹੈ ਅਤੇ ਮਰਦਾਨਾ ਇਕ ਕਬੀਰ ਏਥੋਂ ਤੀਕਰ ਆਇਆ ਹੈ ਤਾਂ ਮਰਦਾਨੇ ਕਹਿਆ ਗੁਰੂਜੀ ਕਿਸੇ ਹੋਰਸ ਭੀ ਇਸਦੇਹੀਵਿਚ ਦਰਸ਼ਨ ਕੀਤਾਹੈ ਤਾਂਸ੍ਰੀਗੁਰੂਜੀ ਕਹਾਮਰਦਾਨਾ ਹੋਰ ਕਿਸੇਨਾਹੀਂ ਕੀਤਾ ਅਤੇ ਮਰਦਾਨਾ ਅਸਾਨੋਂ ਹੁਣ ਕਰਤਾਰ ਲੈ ਆਇਆ ਹੈ ਤਾਂ ਮਰਦਾਨੇ ਕਹਿਆ ਗੁਰੂਜੀ ਨਿਰੰਕਾਰ ਅਤੇ ਤੁਸਾਡੇ ਵਿਚ ਕੋਈਭੇਤ ਨਾਹੀਂ ਤਾਂ ਗੁਰੂਜੀਕਹਿਆ ਮਰਦਾਨਾ ਕਰਤਾਰਨੂੰ ਸਭੋ ਪਿਆਰੇ ਇੱਕੋ ਹੀ ਜੇਹੇ ਹੈਂ ਤਾਂ ਫੇਰ ਮਰਦਾਨੇ ਕਹਿਆ ਗੁਰੂ ਜੀ ਹੁਣ ਅੱਗੇ ਚੱਲੋ ਤਾਂ ਫੇਰ ਗੁਰੂ ਜੀ ਮੀਨਾ ਪਰਬਤ ਕੋ ਗਏ* ॥ ੪੩ ॥

ਸਾਖੀ ਹੋਰ ਚਲੀ

ਸ੍ਰੀਗੁਰੂ ਨਾਨਕਜੀ ਅੰਤਰਧਿਆਨ ਹੋਏ ਤਾਂ ਮੀਨਾ ਪਰਬਤ ਪਰ ਜਾਇ ਖੜੇਹੋਏ ਤ ਾਂਫੇਰ ਮਰਦਾਨੇਕਹਿਆਜੀ ਅੰਸੀਕਿੱਥੇ ਆਏਹਾਂ ਤਾਂਗੁਰੂਨਾਨਕਜੀ ਕਹਿਆਮਰਦਾਨਾ ਅਸੀਹੁਨ ਮੀਨਾ ਪਰਬਤ ਤੇ ਆਹੇ ਤਾਂ ਮਰਦਾਨੇ ਕਹਿਆਜੀ ਅਸੀਹੁਣ ਓਥੋਂ ਕਿਤਨੇਜੋਜਨ ਆਏ

*ਇਸ ਪ੍ਰਸੰਗ ਵਿਚ ਕਈ ਥਾਂ ਕੁਛਕ ਹੋਰ ਪ੍ਰਸੰਗ ਭੀ ਬਹੁਤੀਆਂ ਜਨਮ ਸਾਖੀਆਂ ਵਿੱਚ ਲਿਖਿਆ ਹੈ ਜਿਸਦਾ ਮਤਲਬ ਸਿਰਫ ਏਹ ਹੈ ਕਿ ਇੱਕ ਹਿਦਾਲ ਜਣੇਟਾ ਹੋਸੀ ਪਰ ਓਹ ਪ੍ਰਸੰਗ ਹਿੰਦਾਲ ਦੇ ਚੇਲਿਆਂ ਨੇ ਮਨਮਤ ਕਰਕੇ ਲਿਖ ਦਿਤਾ ਹੋਯਾ ਹੈ ਖਾਲਸੇ ਵਿਚ ਪਰਵਾਨ ਨਹੀਂ ॥

CC-0. Gurukul Kangri University Haridwar Collection. Digitized by S3 Foundation USA

ਆਹੇ ਭਾਂ ਗੁਰੂ ਨਾਨਕ ਜੀ ਆਖਿਆ ਮਰਦਾਨਾਂ ਅਸੀਂ ਸੋਲਾਂ ਹਜ਼ਾਰ ਜੋਜਨ ਉਪਰ ਆਹੇ ਭਾਂ ਮਰਦਾਨੇ ਕਹਿਆ ਜੀ ਏਥੋਂ ਸੁਮੇਰ ਪਰਬਤ ਕਿਤਨਾ ਰਹਿੰਦਾ ਹੈ ਭਾਂ ਸ੍ਰੀ ਗੁਰੂ ਕਹਿਆ ਮਰਦਾਨਿਆਂ ਇੱਕ ਹਜ਼ਾਰ ਜੋਜਨ ਰਹਿੰਦਾ ਹੈ ਭਾਂ ਫੇਰ ਮਰਦਾਨੇ ਪੁੱਛਿਆ ਜੀ ਤੁਸਾਨੂੰ ਜੋ ਗੁਰੂ ਮਿਲਿਆ ਸੀ ਸੋ ਉਸਦਾ ਨਾਉਂ ਕਿ ਆਹੈ ਭਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਉਸਦਾ ਨਾਉਂ ਬਾਬਾ ਜਿੰਦਾ ਆਖਦੇ ਹੈਨ ਜਿਥੋਂ ਤੋੜੀ ਜਲ ਅਰ ਪਉਣ ਹੈ ਸਭ ਉਸਦੇ ਹੁਕਮ ਵਿੱਚ ਚਲਦੇ ਹਨ ਅਤੇ ਅਗਨਿ ਅਰ ਮਿੱਟੀ ਏਹ ਭੀ ਉਸਦੇ ਆਖੇ ਵਿਚ ਹੈਨ ਜਿਸ ਭਾਈਂ ਬਾਬਾ ਜਿੰਦਾ ਮਿਲੇਗਾ ਉਸ ਭਾਈਂ ਬਾਬਾ ਆਖਣਾ ਚਾਹੀਏ ਹੋਰ ਸ ਭਾਂਈਂ ਬਾਬਾ ਨਹੀਂ ਆਖਣਾ ਭਾਂ ਮਰਦਾਨੇ ਆਖਿਆ ਗੁਰੂ ਜੀ ਅਸੀ ਭੀ ਤਾਂ ਤੁਸਾਡੇ ਨਾਲ ਹੀ ਫਿਰਦੇ ਆਹੇ ਤੁਸਾਨੂੰ ਕਦ ਮਿਲਿਆ ਹੈ ਭਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਅਜੇ ਤੂੰ ਅਸਾਂਥੀਂ ਨਹੀਂ ਆਯਾ ਸੈਂ ਜਦ ਅਸੀ ਮਿਲਣ ਗਏ ਸੇ ਭਾਂ ਮਰਦਾਨੇ ਕਹਿਆ ਜੀ ਕਦ ਗਏ ਸੌ ਭਾਂ ਗੁਰੂ ਜੀ ਕਹਿਆ ਜਦ ਸੁਲਤਾਨਪੁਰ ਵਿਚ ਟੁਬਕੀ ਲਾਈ ਸੀ ਤਬ ਮਰਦਾਨਾ ਅਸੀ ਤ੍ਰੈ ਦਿਨ ਉਸੇ ਪਾਸ ਰਹੇ ਸੇ ਮਰਦਾਨਾ ਭਾਈ ਬਾਲਾ ਜਾਣਦਾ ਹੈ ਮਰਦਾਨਾ ਓਹ ਐਸਾ ਗੁਰੂ ਹੈ ਜੋ ਜਿਸਕੀ ਸੱਤਾ ਸੰਪੂਰਨ ਜਗਤ ਨੂੰ ਆਸਰਾ ਦੇ ਰਹੀ ਹੈ ਅਤੇ ਮਰਦਾਨਾ ਜਿੰਦਾ ਉਸਨੂੰ ਕਹਿੰਦੇ ਹੈਨ ਜੋ ਕਾਲ ਦੇ ਵੱਸ ਨਾ ਆਵੇ ਹੱਥੋਂ ਕਾਲ ਉਸਦੇ ਵੱਸ ਹੋਸੀ ਭਾਂ ਮਰਦਾਨੇ ਕਹਿਆ ਜੀ ਉਸਦਾ ਰੰਗ ਕਿਆ ਹੈ ਅਤੇ ਉਸਦਾ ਆਸਣ ਕਿੱਥੇ ਹੈ ਭਾਂ ਗੁਰੂ ਜੀ ਕਹਿਆ ਮਰਦਾਨਾ ਉਸਦਾ ਰਗ ਲਾਲ ਹੈ ਪਰ ਉਸਲਾਲੀ ਨਾਲ ਕੋਈ ਲਾਲੀ ਮਿਲਦੀ ਨਾਹੀਂ ਅਤੇ ਉਸਦੇ ਰੋਮ ਸੁਵਰਨ ਦੇ ਰੰਗ ਦੈਨ ਪਰ ਉਨ੍ਹਾਂ ਦੇ ਨਾਲ ਸੋਨਾ ਭੀ ਦੱਖ ਨਹੀਂ ਦੇਂਦਾ ਤੇ ਰਸਨਾ ਥੀਂ ਬੋਲਦਾ ਭੀ ਨਾਹੀਂ ਅਤੇ ਰੋਮ ਰੋਮ ਥੀਂ ਮਰਦਾਨਾ ਏ ਹੋਸ਼ ਬਦ ਹੋਰ ਹਾ ਹੈ ਗਹਿਰ ਗੰਭੀਰ ਗਹਿਰ ਗੰਭੀਰ ਭਾਂ ਮਰਦਾਨੇ ਕਹਿਆ ਧੰਨ ਹੋ ਗੁਰੂ ਜੀ ਤੁਸਾਂ ਬਿਨਾ ਏਹ ਨਿਸ਼ਾ ਅਸਾਡੀ ਕਉਣ ਕਰੇ ਭਾਂ ਮਰਦਾਨੇ ਆਖਿਆ ਗੁਰੂ ਜੀ ਹੁਣ ਸੁਮੇਰ ਉੱਪਰ ਚਲੋ ਭਾਂ ਗੁਰੂ ਜੀ ਕਹਿਆ ਮਰਦਾਨਿਆਂ ਅਜੇ ਭਾਂ ਸਿੱਧ ਮੰਡਲੀ ਵਿੱਚ ਵਿਚਾਰ ਹੋਰ ਹੀ ਹੈ ਕਾਈ ਸਾਇਤ ਚੁੱਪ ਕਰ ਰਹੁ ਭਾਂ ਮਰਦਾਨੇ ਕਹਿਆ ਭਲਾ ਗੁਰੂ ਜੀ ਭਾਂ ਸਿੱਧ ਮੰਡਲੀ ਵਿਚ ਗੋਰਖ ਨੇ ਆਖਿਆ ਕਿਉਂ ਰੇ ਸਿੱਧੋ ਨਾਥੋ ਜਤੀਓ ਕਿਸੇਕੋ ਬੋਲਣੇ ਕੀ ਸਮਰਥ ਹੈ ਭਾਂ ਸੰਘਰਨਾਥ ਕਹਿਆ ਕਿਉਂ ਜੀ ਜੇਕਰ ਕਹੋ ਤਾਂ ਮੈਂ ਜਾਤਾਹੋਂ ਭਾਂ ਗੋਰਖਨਾਥ ਕਹਿਆ ਕਿਉਂ ਸੰਘਰਨਾਥ ਬੋਲਨੇ ਕੀ ਸ਼ਕਤ ਹੈ ਭਾਂ ਸੰਘਰਨਾਥ ਕਹਿਆ ਜੀ ਨਾਨਕ ਤਪਾ ਕਿਆ ਹੈ ਭਾਂ ਗੋਰਖਨਾਥ ਕਹਿਆ ਜਾਹੋ ਨਾਥ ਜੀ ਭਾਂ ਸੰਘਰਨਾਥ ਆਉਂਦਿਆਂ ਹੀ ਬੜੇ ਤਾਉ ਨਾਲ ਕਹਿਆ ਰੇ ਮਾਈ ਮੂੰਡਿਆ ਆਦੇਸ ਭਾਂ ਸ੍ਰੀ ਗੁਰੂ ਜੀ ਬੋਲਿਓ ਈ ਨਾਹੀਂ ਪ੍ਰਹੋਠਾਂ ਵਿੱਚ ਮੁਸਕਾਏ ਭਾਂ ਫੇਰ ਸੰਘਰਨਾਥ ਕਹਿਆ ਰੇ ਮਾਈ ਮੂੰਡੇ ਬੋਲਤਾ ਕਿਉਂ ਨਾਹੀਂ ਤਾਂ ਗੁਰੂ ਨਾਨਕ ਜੀ ਬਚਨ ਕੀਤਾ ॥ ਮਾਈ ਮੂੰਡਾ ਗੋਰਖ ਕਹੀਏ ਜਿਨ ਤੁਮ ਕਉ ਅਕਲ ਨ ਦੀਨੀ ॥ ਹਾਥ ਫਹੌਰੀ ਕੰਨੀ ਮੁੰਦ੍ਰਾ ਸੁਰਤਿ ਬੁਧਿ ਸਭ ਛੀਨੀ ॥ ਮੂੰਡ ਮੂੰਡਾਇਆ ਗੋਤ੍ਰ ਲਜਾਇਆ ਕੁੜੀ

CC-0. Gurukul Kangri University Haridwar Collection. Digitized by S3 Foundation USA

ਤੈਂ ਜੋਗ ਨ ਪਾਇਆ ॥ ਕਹੈ ਨਾਨਕ ਸੁਣ ਸੰਘਰ ਨਾਥਾ ਜਿਉਂ ਪਾਣੀ ਵਿਚ ਛੱਡੂ ॥ ਰੰਨ ਵਲੱਲੀ ਪੁਤ੍ਰ ਜਾਇਆ ਫਿਰਦਾ ਮੂਰਖ ਝੁੱਡੂ॥ ਤਾਂਸੰਘਰਨਾਥ ਬਚਣ ਕੀਤਾ ਪਰ ਸ਼ਰਮਿੰਦੇ ਹੋਇਕੇ ॥ ਸੰਘਰ ਨਾਥ ਵਾਚ ॥ ਕਵਨ ਜੁਗਤਿ ਕਰ ਕਾਮ ਗਵਾਇਆ॥ਕਵਨ ਜੁਗਤਿ ਕਰ ਤਿਆਗੀ ਮਾਇਆ ॥ ਕਵਨ ਜੁਗਤ ਕਰ ਕ੍ਰੋਧ ਕਉ ਜੀਤਾ॥ ਕਵਨ ਜੁਗਤ ਕਰ ਭਏ ਅਤੀਤਾ॥ ਕਵਨ ਜੁਗਤ ਲੋਭ ਪਰ ਹਰੈ ॥ ਕਵਨਜੁਗਤ ਕਾਲ ਸਿਰ ਟਰੈ ॥ ਕਵਨ ਜੁਗਤ ਕਰ ਮੋਹ ਨ ਬਿਆਪੈ ॥ ਕਵਨ ਜੁਗਤਿ ਅਹੰਕਾਰ ਨ ਜਾਪੈ ॥ ਸੁਣ ਨਾਨਕ ਕਹੈ ਸੰਘਰ ਅਵਧੂਤਾ ॥ ਦੇਹੋ ਗਿਆਨ ਭਾਂ ਹੋਹੁ ਸਪੂਤਾ ॥ ਗੁਰੂ ਨਾਨਕ ਜੀ ਵਾਚ ॥ ਸਚਿ ਜਾਣਿਆ ਭਾਂ ਕਾਮ ਗਵਾਇਆ ॥ ਸ਼ਬਦ ਸੁਰਤਿ ਸਿਉ ਤਿਆਗੀ ਮਾਇਆ ॥ ਸਾਂਤਿ ਆਈ ਭਾਂ ਕ੍ਰੋਧ ਕਉ ਜੀਤਾ ॥ ਤ੍ਰੈ ਗੁਣ ਮੇਟੇ ਭਏ ਅਤੀਤਾ ॥ ਸਤ ਸੰਗਤਿ ਮਿਲ ਲੋਭ ਪਰਹਰੈ ॥ ਸਿਮਰਨ ਕਰਾ ਕਾਲ ਸਿਰ ਟਰੈ ॥ ਏਕੋ ਜਾਨਿਆ ਮੋਹ ਨਾ ਬਿਆਪੈ ॥ ਸੁਨ ਸੰਘਰ ਕਹੈ ਨਾਨਕ ਅਵਧੂਤਾ ॥ ਤੂੰ ਭਾਂ ਦੇਖਿਆ ਪੀਹਣਹਾਰੀ ਕਾ ਪੂਤਾ ॥ ੩ ॥ ਸੰਘਰਨਾਥ ॥ ਕਵਨ ਜੁਗਤਿ ਠਹਿਰੋ ਸੰਸਾਰਾ॥ਕਵਨ ਜੁਗਤਿ ਪਹੁਚੇ ਦਰਬਾਰਾ॥ਕਵਨ ਜੁਗਤ ਕਰ ਠਾਕ ਨ ਪਾਇਓ ॥ ਕਵਨ ਜੁਗਤਿਕਰਮਿਲੈਮਿਲਾਇਓ॥ਸੰਘਰਪੂਛੈਸੁਣਨਾਨਕਬੰਦੇ॥ਤੁਮਅੰਤਰਬਾਹਰਗੰਦਮ ਗੰਦੇ ॥ ੪ ॥ ਸ੍ਰੀ ਨਾਨਕ ਜੀ ਵਾਚ ॥ ਮਾਨ ਤਿਆਗ ਠਹਿਰੋ ਸੰਸਾਰਾ ॥ ਗੁਰੂ ਕਿਰਪਾ ਪਹੁਚੇ ਦਰਬਾਰਾ॥ਹਰਿਕਿਰਪਾ ਵਰਿ ਠਾਕ ਨਾਪਾਇ ॥ ਤਉ ਸਤਸੰਗਤਿ ਗਏ ਮਿਲਾਇ ॥ ਕਹਿਨਾਨਕ ਸੁਣ ਸੰਘਰ ਅੰਧੇ॥ਅਭਰਬਾਹਰਗੰਦਮਗੰਦੇ ॥ ਭਾਂਸੰਘਰਨਾਥ ਭੀ ਸ਼ਰਮਿੰਦਾ ਹੋਇਕਰ ਗਇਆ ॥ ੫ ॥ ਭਾਂ ਮਰਦਾਨੇ ਕਹਿਆ ਗੁਰੂ ਜੀ ਏਹ ਮੈਂ ਬਡਾ ਤਮਾਸ਼ਾ ਦੇਖਿਆ ਹੈ ਭਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਕਿਹਾ ਤਮਾਸ਼ਾ ਡਿੱਠਾ ਹਈ ਭਾਂ ਮਰਦਾਨੇ ਆਖਿਆ ਗੁਰੂ ਜੀ ਏਹ ਪਹਾੜ ਕਈ ਰੰਗਦੀਆਂ ਲਹਿਰਾਂ ਦੇਤਾਹੈ ਨਹੀਂ ਜਾਪਦਾ ਜੋ ਮੋਤੀ ਹੈਨ ਨਹੀਂਜਾਣੀਦਾਕਿ ਹੀਰਾਹੈ ਕਿਸੋਨਾਹੈ ਨਹੀਂਜਾਪਦਾ ਕਿਰੂਪਾਹੈਨਾਹੀਂਜਾਪਦਾ ਜੋਪੰਨੇ ਹੈਨ ਜਾਂ ਲਾਲ ਹੈਨ ਇਸ ਪਹਾੜ ਦਾ ਕੁਛ ਮਾਲੂਮ ਨਹੀਂ ਹੁੰਦਾ ਜੋ ਕਿਆ ਅਸਚਰਜ ਹੈ ਭਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਏ ਸੇਵਾ ਸਭੇ ਇਸ ਪਰਬਤਦਾ ਨਾਉਂ ਮੀਨਾ ਆਖਦੇ ਹਨ ਜੋ ਇਸਪਹਾੜ ਉਪਰ ਕੁਦਰਤਦੀ ਮੀਨਾਕਾਰੀ ਹੋਈਹੋਈਹੈ ਭਾਂਮਰਦਾਨੇਆਖਿਆਜੀ ਹੁਣ ਭਾਂ ਸੁਮੇਰ ਉਪਰ ਚਲੋ ਜੀ ਭਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਉਤਾਵਲਾ ਨਾ ਹੋ ਚਲਦੇ ਆਹੇ ਭਾਂ ਮਰਦਾਨੇ ਕਹਿਆ ਭਲਾ ਗੁਰੂ ਜੀ ॥ ਭਾਂ ਫੇਰ ਸਿੱਧ ਮੰਡਲੀ ਵਿੱਚ ਗੋਰਖ ਨਾਥ ਨੇ ਮੰਗਲ ਨਾਥ ਨੂੰ ਆਖਿਆ ਨਾਥ ਜੀ ਤੁਮ ਭੀ ਜਾਓ ਭਾਂ ਮੰਗਲ ਨਾਥ ਨੇ ਕਹਿਆ ਗੁਰੂ ਜੀ ਦੇਖਨੇ ਭੇਜਦੇ ਹੋ ਕੇ ਖੋਜਣੇ ਭੇਜਦੇਹੋ ਭਾਂ ਗੋਰਖ ਨੇ ਕਹਿਆ ਜੋ ਤੁਮਾਰੇ ਜੀ ਆਵੇ ਸੋਕਰੋ ਭਾਂ ਮੰਗਲਨਾਥਨੇ ਕਹਿਆ ਗੁਰੂਜੀ ਓਹਤਾਂ ਪੂਰਨ ਜੋਗੀਸ਼ਰ ਹੈ ਤਿਸਦਾ ਬੋਲਨ ਅੱਖਰੋਂ ਹੀ ਜਾਣਜਾ ਗਿਆ ਹੈ ਏਕ ਬਾਰ ਖੋਜਾ ਦੋਇ ਬਾਰ ਖੋਜਾ ਕਹੋ ਭਾਂ ਬੁਲਾਇ

CC-0. Gurukul Kangri University Haridwar Collection. Digitized by S3 Foundation USA

ਲਿਆਵੀਏਂਗੇ ਭਾਂ ਗੋਰਖਨਾਥਕਹਿਆ ਸੁਣ ਮੰਗਲਨਾਥ ਐਸੀਤਰਹਿਲਿਆਵੋ ਜੋ ਸੇਵਕ ਹੋਇਕਰ ਆਵੈ ਤਾਂ ਮੰਗਲ ਨਾਥਨੇ ਕਹਿਆ ਗੁਰੂ ਜੀ ਸੇਵਕ ਉਸਕੋ ਕਰੀਦਾ ਹੈ ਜੋ ਆਪਨੇ ਪਾਸੋਂ ਨੀਚਾ ਹੋਵੈ ਅਤੇ ਜੋ ਆਪਤੇ ਊਚਾ ਹੋਇ ਸੋ ਸੇਵਕ ਕਿਉਂ ਕਰ ਹੋਵੈ ਜੇ ਉਸ ਆਗੇ ਨਿਉਂ ਚਲੀਐ ਅਰ ਉਸਦੇ ਅੰਤਰ ਗਿਆਨ ਉਪਜੈ ਤਾਂ ਨਿਉਂ ਖੜਾ ਹੋਵੈ ਅਰਜੋਆਪਸਤੇ ਊਚਾ ਹੋਵੈ ਤਾਂ ਉਸ ਕੀ ਖ਼ੁਸ਼ੀ ਆਵੈ ਤਾਂਨਿਵੈਂ ਨਹੀਂ ਤਾਂਨਾਨਿਵੈਂ ਅਤੇ ਜੇਕਹੋ ਤਾਂ ਮੈਂ ਜਾਤਾਹੂੰ ਤਾਂ ਗੋਰਖਨਾਥ ਕਹਿਆ ਮੰਗਲਨਾਥ ਤੈਂ ਅਰਗੋਪੀਚੰਦ ਕਿਛਸਮਝਿਆਹੈ ਅਤੇਘੁਘੂਨਾਥ ਤਾਂ ਬੋਲਤਾਈ ਨਹੀਂ ਔਰ ਚਰਪਟ ਤਾਂ ਸਭਨਾਂ ਕੋ ਏਕਜੈਸਾਈ ਹੈ ਅਰ ਔਰ ਸਿੱਧ ਸਭ ਖੇਸੂ ਭੇਸੂ ਹੈਨ ਅਰ ਤੁਮਾਰੀ ਖ਼ੁਸ਼ੀਆਵੈ ਤਾਂ ਜਾਵੋ ਤਾਂ ਮੰਗਲਨਾਥਨੇ ਕਹਿਆ ਗੁਰੂਜੀ ਜਾਤਾ ਹੂੰ ਤਾਂ ਮੰਗਲਨਾਥ ਗੁਰੂਨਾਨਕ ਜੀ ਪਾਸ ਆਯਾ ਪਰ ਸੇਵਕਾਂਦੀਤਰਹ ਆਇਕਰ ਕਹਿਆ ਆਦੇਸ ਓ ਨਾਨਕ ਤਪਾ ਜੁਗੀਸ਼ਰ ਆਦੇਸ ਭਲਾ ਕੀਆ ਜੋ ਜੋਗੀਸ਼ਰਾਂ ਤਾਈਂ ਦਰਸ਼ਨ ਦੀਆ ਹੈ ਏਹ ਬਚਨ ਮੁੰਹੋਂ ਆਖਕਰ ਸ੍ਰੀਗੁਰੂਜੀ ਕੇ ਚਰਨਾਂਕਉ ਹਾਥ ਲਾਉਣੇਕੋਦੌੜਿਆ ਤਾਂ ਗੁਰੂ ਨਾਨਕ ਜੀ ਅੰਤਰਜਾਮੀ ਆਹੇ ਮੰਗਲਨਾਥ ਕਾ ਭਾਉ ਦੇਖ ਗੁਰੂ ਜੀ ਉਸਕੇ ਹਾਥ ਪਕੜ ਲਏ ਅਤੇ ਆਪਣੇ ਹੱਥ ਉਸਕੇ ਚਰਨਾਂ ਉਪਰ ਲਾਏ ਅਤੇ ਮੁੰਹੋਂ ਬਚਨ ਕੀਤਾ ਆਦੇਸ ਏਕੰਕਾਰ ਕੋ ਆਦੇਸ ਆਉ ਮੰਗਲਨਾਥ ਪੂਰਨ ਜੋਗੀਸ਼ਰ ਤਾਂ ਮੰਗਲਨਾਥ ਨੇ ਕਹਿਆ ਤਪਾ ਜੀ ਈਹਾਂ ਕਉਨ ਮਨੋਰਥ ਆਏ ਹੋ ਤਾਂ ਗੁਰੂਜੀ ਕਹਿਆ ਮੰਗਲਨਾਥ ਹਮ ਤੁਮਾਰੇ ਦਰਸ਼ਨ ਕਉ ਆਏ ਹਾਂ ਤਾਂ ਮੰਗਲਨਾਥਨੇ ਕਹਿਆ ਤਪਾਜੀ ਧੰਨ ਹਮਾਰੇ ਭਾਗਹੈਂ ਜੋ ਆਪ ਹਮਕਉ ਦਰਸ਼ਨ ਦੀਆ ਹੈ ਅਰ ਚਲੋ ਸਿੱਧ ਮੰਡਲੀ ਕਾ ਦਰਸ਼ਨ ਲੇਵੋ ਅਰ ਦੇਵੋ ਤਾਂ ਗੁਰੂ ਜੀ ਕਹਾ ਮੰਗਲ ਨਾਥ ਤੁਮ ਚਲੋ ਹਮ ਸਹਿਜ ਸੇ ਆਉਤੇ ਹੈਂ ਤਾਂ ਮੰਗਲਨਾਥ ਕਹਾ ਭਲਾ ਤਪਾ ਜੀ ਜਿਵੇਂ ਆਪਦੀ ਰਜਾਇ ਪਰ ਕਹੋ ਤਾਂ ਈਹਾਂ ਭੁਗਤਿ ਲੇਆਊਂ ਤਾਂ ਗੁਰੂ ਜੀ ਕਹਿਆ ਸੁਣ ਮੰਗਲਨਾਥ॥ ਹਮਕਉ ਭੁਗਤਿ ਤੁਮਾਰਾ ਭਾਉ॥ ਸੁਪ੍ਰਸੰਨ ਕੀਆ ਤਬ ਆਤਮ ਰਾਉ॥ ਸ਼ਾਂਤ ਭਈ ਤਬ ਦਰਸ਼ਨ ਪਾਯਾ॥ ਦੇਖਤਹੀ ਆਤਮਾ ਅਘਾਯਾ॥ ਸੁਣ ਮੰਗਲਨਾਥ ਇੱਕ ਬਾਤ ਹਮਾਰੀ॥ਹਮਾਰਾ ਤੁਮਾਰਾ ਏਕ ਅਧਾਰੀ॥ਤਾਂ ਮੰਗਲਨਾਥ ਸ੍ਰੀ ਗੁਰੂ ਜੀ ਕੋ ਖ਼ੁਸ਼ੀ ਕਰਕੇ ਗਿਆ ਤਾਂ ਮਰਦਾਨੇ ਕਹਿਆ ਗੁਰੂ ਜੀ ਏਹ ਤਾਂ ਕੋਈ ਅਜਬ ਜੋਗੀਸ਼ਰ ਹੈ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਸੱਭੋ ਭੇਖ ਇੱਕੋ ਜੇਹੇ ਨਹੀਂ ਹੁੰਦੇ ਅਤੇ ਪੂਰਨ ਪੁਰਖ ਕਿਤੈ ਕੋਟਾਂ ਮੱਧੇ ਕੋਈ ਹੋਤਾ ਹੈ ਅਤੇ ਭੇਖੀ ਬਹੁਤ ਹੋਤੇ ਹੈਨ ਜੇ ਸੱਭੇ ਪੂਰਨ ਹੋਜਾਵਨ ਤਾਂ ਸਭ ਸ੍ਰਿਸਟਿ ਉਧਰ ਜਾਵੇ ਪਰ ਕੋਈ ਇਕ ਅੱਧ ਹੁੰਦਾ ਹੈ ਤਾਂ ਮਰਦਾਨੇ ਆਖਿਆ ਗੁਰੂ ਜੀ ਹੁਣ ਤਾਂ ਅੱਗੇ ਚਲੋ ਤਾਂ ਗੁਰੂਜੀ ਕਹਿਆ ਮਰਦਾਨਾ ਇਕ ਸ਼ਿਵੂਨਾਥ ਹੈ ਓਹ ਭੀ ਆਪਣੇ ਆਪਕੋ ਬਹੁਤ ਬਹੁਤ ਛਿਕਦਾਹੈ ਜਦ ਓਹ ਫਿਰ ਜਾਵੇਗਾ ਤਾਂ ਅੱਗੇ ਚਲੀਏਂਗੇ ਤਾਂ ਮਰਦਾਨੇ ਆਖਿਆ ਜੀ ਓਹ ਮੰਗਲਨਾਥ ਨਾਲੋਂ ਵੱਧਹੈ ਤਾਂ ਗੁਰੂਜੀ ਕਹਿਆ ਮਰਦਾਨਾ ਮੰਗਲਨਾਥ ਸਿੱਧਾਂ ਵਿੱਚੋਂ ਨਹੀਂ

OF INTERNET // ABHINAV GAUR //

ਅਤੇ ਭੇਖ ਸਿੱਧਾਂ ਦਾ ਹੈ ਪਰ ਸਤਗੁਰ ਹੈ ਤਾਂ ਮਰਦਾਨੇ ਕਹਿਆ ਗੁਰੂ ਜੀ ਜੇ ਸਤਗੁਰ ਹੈ ਤਾਂ ਗੋਰਖ ਦਾ ਸ਼ਿੱਖ ਕਿਉਂ ਹੋਇਆ ਹੈ ਅਤੇ ਜੋਗੀ ਦਾ ਭੇਖ ਕਿਉਂ ਲੀਤਾ ਹੈ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਾ ਉਸਨੂੰ ਗੋਰਖ ਹੀ ਮਿਲਿਆ ਹੋਸੀ ਪਰ ਜਿਸਨੂੰ ਆਪਨੀ ਵੱਲ ਕਰਤਾਰ ਛਿਕ ਲਏ ਤਾਂ ਕਿਸੇ ਦੀ ਕਿਆ ਮਜਾਲ ਹੈ ਜੋ ਉਸਨੂੰ ਮਨਾਂ ਕਰ ਸਕੇ ਕਿਉਂ ਓਹ ਆਪ ਭਾਣੇ ਦਾ ਖਸਮ ਆਹਾ ਤਾਂ ਮਰਦਾਨੇ ਕਹਿਆ ਜੀ ਏਹ ਦ੍ਰਿਸ਼ਟਿ ਕਰਤਾਰ ਨੇ ਤੁਧੇ ਨੂੰ ਬਖਸ਼ੀ ਆਹੀ ਤਿਚਰਾਂਨੇਂ ਸ਼ਿਵੂਨਾਥ ਜੋਗੀ ਆਯਾ ਪਰਕਿਸਤਰਹ ਆਇਆ ਜੋ ਇਕ ਮੁੰਦ੍ਰਾ ਤੇ ਇਕ ਫਰੂਆ ਤੇ ਇਕ ਬੈਰਾਗਣ ਏਹ ਤਿੰਨੇ ਲੀਤੇ ਆਹੇ ਆਖਿਓਸੁ ਆਦੇਸ ਓ ਨਾਨਕ ਬਾਲੇ ਆਦੇਸ ॥ ਸ਼ਿਵੂਨਾਥ ਵਾਚ ॥ ਮੁੰਦ੍ਰਾ ਪਹਿਰੋ ਫਰੂਆ ਲੇਵਹੁ ਹਾਥ ਮਾਹਿ ਬੈਰਾਗੀ ॥ ਗੋਰਖ ਨਾਥ ਕੇ ਚੇਲੇ ਹੋਵੋ ਬਿਘਨ ਨ ਕੋਈ ਲਾਗੀ॥ ਸ਼ਿਵੂ ਕਹੈ ਸੁਣ ਨਾਨਕ ਬਾਲੇ ॥ ਦਰਸ਼ਨ ਦੇਖੋਤਾਂ ਖੁਲੈਂ ਤਾਲੇ ॥ ੧ ॥ ਰਹਾਉ ॥ ਕਾਇਆ ਅਸਥਿਰ ਧਰਨਿ ਨਾ ਪੜਤੀ ਜਬ ਲਗ ਧਰਨ ਅਕਾਸਾ॥ ਸੋਲਾਂ ਕਲਾਂ ਸੰਪੂਰਨ ਹੋਵਹਿ ਉਲਟ ਕਮਲ ਪਰਕਾਸਾ॥ ਸੁੰਨ ਸ਼ਹਿਰਕਾ ਮਾਰਗ ਪਾਵਹੁ ਅਚਰਜ ਰੂਪ ਦਿਖਾਈਐ॥ ਸਤ ਸੰਤੋਖ ਮਹਿਰਹੋ ਆਗਮ ਨਉ ਨਿਧ ਸਿਧਿ ਪਾਈਐ ॥੩॥ ਸ਼ਿਵੂਨਾਥ ਕਹੈ ਸੁਣ ਨਾਨਕ ਤੇਰਾ ਜਨਮ ਸਕਾਰਥ॥ ਜੋ ਤੁਮ ਗੁਰ ਗੋਰਖ ਕਉ ਥਾਪੋ ਤਾਂ ਪਾਵਹੁ ਪਰਮ ਪਦਾਰਥ ॥ ੪ ॥ ਸ੍ਰੀ ਗੁਰੂ ਨਾਨਕ ਦੇਵ ਜੀ ਵਾਚ ॥ ਮੁੰਦ੍ਰਾਂ ਹਮਾਰੀ ਮਤਾਮਸੂਰਤਸੋਹਮਮਨਹੁਬਿਸਾਰੀ॥ ਫਰੂਆ ਹਾਥ ਨਲੇਵੋਂ ਕਬਹੂੰ ਨਾਉ ਪਰੈ ਭੇਖਾਰੀ॥੧॥ਬਿਘਨਹਮਾਰੇ ਸਗਲੇ ਭਾਗੇ ਹਿਰਦੇ ਸੱਚ ਚਿਤਾਰੀ ॥ ਸੁਨਹੁ ਸ਼ਿਵੂਨਾਥ ਜੋਗੀ ॥ ਏਕ ਨਿਰੰਜਨ ਪਾਇਆ ਫਿਰਤੇ ਸਦਾ ਅਰੋਗੀ ॥੧॥ ਰਹਾਉ ॥ ਕਾਯਾਂ ਮੇਰੀ ਜੁਗ ਜੁਗ ਅਸਥਿਰ ਸਚ ਮੰਡਲ ਮੇਂ ਵਾਸਾ॥ਹਮਰੀ ਕਾਂਯਾਂਕਬੇ ਨ ਪੜਤੀ ਬਿਨਸੇ ਧਰਨ ਅਕਾਸਾ॥੨॥ ਸੁੰਨ ਸ਼ਹਿਰਮੇਂ ਅਸਥਿਰਕੀਆ ਅਸਚਰਜ ਰੂਪ ਹਮਾਰਾ ॥ ਸਤਸੰਤੋਖ ਹਮਾਰੀ ਕੀਨੀ ਨਉ ਨਿਧਖੜੀ ਦੁਆਰਾ ॥੩॥ ਕਹੈ ਨਾਨਕ ਸੁਣ ਸ਼ਿਵੂ ਨਾਥਾ ਪੂਰਨ ਗੁਰੂ ਹਮਾਰਾ ॥ ਗੋਰਖ ਜੈਸੇ ਚੇਲੇ ਕੇਤੇ ਮਾਂਗੇ ਖੜੈ ਦੁਆਰਾ ॥ ੪ ॥ ੨ ॥ ਸ਼ਿਵੂਨਾਥ ਵਾਚ ॥ ਗੋਰਖ ਤੁਮਰੀ ਦ੍ਰਿਸ਼ਟਿ ਨਾ ਆਵੈ ਤੂੰ ਤੋ ਬਡੋ ਹੰਕਾਰੀ ॥ ਕਉਨਬੂੰਦਤੇ ਉਪਜਿਆ ਨਾਨਕ ਕਉਨ ਕਹੈ ਮੈਹਤਾਰੀ ॥੧॥ ਕਉਨ ਭੂਤ ਲਗਾਹੈ ਤੁਝਕਉ ਤੂੰ ਭਾਂ ਔਰਾਬੌਰਾ ॥ ਸੁਧਬੁਧ ਤੁਮਰੀ ਸਭ ਬਉਰਾਨੀ ਮੁਖ ਤੇ ਬੋਲੇ ਕਉਰਾ ॥ ੧ ॥ ਰਹਾਉ ॥ ਸਿਧ ਸਾਧ ਕਉ ਮਾਨੈ ਨਾਹੀਂ ਨਾਥ ਜਤੀ ਸਭਨਿੰਦੇ ॥ ਮ ਕਹੁ ਕਉਨ ਬਡਾਈ ਪਾਈ ਉਪਜੇ ਮਾਟੀਗੰਦੇ ॥੨॥ਸਿੱਧਪੀਰ ਸਭ ਉਸਕੇਕੀਏਆਪੇ ਬਣਤ ਬਣਾਈ ॥ ਉਸਕਉ ਨਿੰਦਹਿ ਕਵਨ ਤੂੰ ਕਹੀਐ ਕਿਆ ਤੈਂ ਰਿਧ ਸਿਧ ਪਾਈ ॥ ੩ ॥ ਸ਼ਿਵੂਨਾਥ ਕਹੈ ਸੁਣ ਨਾਨਕ ਤੁਮਕੌ ਗੁਰੂ ਨ ਮਿਲਿਆ॥ ਆਵਤ ਜਾਵਤ ਭਰਮ ਥਾਕਾ ਗਰਭੈ ਜੂਨੀ ਗਲਿਆ ॥ ੪ ॥ ੩ ॥ ਗੁਰੂ ਨਾਨਕ ਜੀ ਵਾਚ ॥ ਗੋਰਖ ਕਉ ਹਮ ਬੰਦਾ ਜਾਣੈ ਨਦਰ ਹਮਾਰੀਪੂਰੀ॥ਮਹਾਂਦੇਵਕੀ ਬਿੰਦਤੇ ਉਪਜਿਆ ਬੈਠਾ ਹੋਇ ਹਜੂਰੀ ॥ ੧ ॥ ਰਹਾਉ

CC-0. Gurukul Kangri University Haridwar Collection. Digitized by S3 Foundation USA

ਦੇਵ ਮੁਨੀਸ਼ਰ ਤਪੇਰਿਖੀਸ਼ਰ ਸਭ ਉਸਹੀਕੇ ਬੰਦੇ॥ਏਕਾ ਮਾਟੀ ਜੋਤ ਸਭ ਏਕਾ ਨਿਰਮਲ ਕਹੁ ਭਾਵੇਂ ਗੰਦੇ ॥੨॥ ਸਾਧਪੀਰ ਸਭ ਭਾਈ ਹਮਰੇ ਜੋ ਪ੍ਰਭ ਸਿਉ ਮਨਮਾਨੇ॥ ਸਿੱਧਜਤੀ ਸਭ ਬਉਰੇ ਦੇਖੇ ਉਨ ਕਉ ਕਦੀ ਨ ਜਾਨੇ ॥ ਕਹਿ ਨਾਨਕ ਸੁਣ ਸ਼ੰਭੂਨਾਥ ਹਮ ਗੁਰ ਪੂਰਾ ਮਿਲਿਆ ॥ ਤੂੰ ਜੋ ਨਿੰਦ ਹਮਾਰੀ ਕਰਤਾ ਝੰਗਰ ਸਾਥੇ ਤੂਭੀ ਗਲਿਆ ॥ ੪ ॥ ਭਾਈ ਬਾਲਾ ਕਹੇ ਗੁਰੂ ਜੀ ਸ਼ੰਭੂ ਭੀ ਖਪ ਕਰ ਗਿਆ ਤਾਂ ਗੋਰਖ ਨਾਥ ਪੁੱਛਿਆ ਕਿਉਂ ਸ਼ੰਭੂਨਾਥ ਕਿਆ ਬਚਨ ਹੋਯਾ ਅਰਕਿਆ ਬਚਨ ਸੁਨਿਆ ਅਰਕਜਾ ਬਚਨਕੀਤਾ ਤਾਂ ਸ਼ੰਭੂਨਾਥ ਕਹਿਆ ਗੁਰੂ ਜੀ ਓਹ ਤਾਂ ਔਰੀਆਂਬੌਰੀਆਂ ਬਾਤਾਂ ਕਰਦਾਹੈ ਤਾਂ ਗੋਰਖਨਾਥ ਕਹਿਆ ਕਿਉਂ ਮੰਗਲਨਾਥ ਜੀ ਸ਼ੰਭੂ ਨਾਥ ਕਿਆ ਕਹਿਤਾ ਹੈ ਤਾਂ ਮੰਗਲ ਨਾਥ ਨੇ ਕਹਿਆ ਗੁਰੂ ਜੀ ਅਪਨੇ ਬਿਰਦਕੀ ਤੋ ਹਾਨ ਕਹੀ ਨਹੀਂ ਜਾਤੀ ਪਰ ਸੱਚੇ ਕਉ ਝੂਠਾ ਕਹਿੜਾ ਹੈ ਤਾਂ ਪਤੱਗ੍ਰੀ ਹੋ ਜਾਤਾ ਹੈ ਤਾਂ ਸ਼ੰਭੂ ਨਾਥ ਕਹਿਆ ਗੁਰੂ ਜੀ ਮੰਗਲਨਾਥ ਕੁਛ ਉਸਕਾ ਅੰਗ ਰਖਤਾ ਹੈ ਤਾਂ ਮੰਗਲ ਨਾਥ ਨੇ ਕਹਿਆ ਸ਼ੰਭੂਨਾਥਜੀ ਤੇਰੇ ਕਹੇ ਨਾਨਕ ਭਪਾ ਕੁਛ ਕਮੀ ਨਹੀਂ ਹੋਵੇਗਾ ਏਹ ਬਾਤਾਂ ਜੋਗ ਕੀਆਂ ਨਹੀਂ ਜੋ ਭਲੇਕਉ ਬੁਰਾ ਨਹੀਂ ਕਹਿਆ ਜਾਤਾ ਤਾਂ ਮੰਗਲ ਨਾਥ ਕਹਿਆ ਸ਼ੰਭੂਨਾਥ ਗੁਰੂਗੋਰਖ ਪਾਸੋਂ ਪੁੱਛਦੇਖ ਤਾਂ ਸ਼ੰਭੂਨਾਥ ਕਹਿਆ ਮੰਗਲਨਾਥ ਜੀ ਤੁਸੀ ਭੀ ਉਸਦੇ ਚੇਲੇ ਜਾਇ ਬਨੋ ਤਾਂ ਮਗਲਨਾਥ ਨੇ ਕਹਿਆ ਸੁਣ ੰਭੂਨਾਥ ਏਕਬੇਰ ਛੱਡਕੇ ਦਸ ਵੇਰ ਕਹੋ ਤੋ ਐਸੀ ਬਾਤਕਾ ਕੋਈ ਦੋਖ ਨਹੀਂ ਸਾਧੋਂ ਕੇ ਆਗੇ ਸਾਧ ਹੀ ਨਿਵੇਂਗੇ ਅਰ ਹੰਕਾਰੀ ਜੋ ਹੈਂ ਸੋ ਸਾਧਾਂ ਅਗੇ ਨਹੀਂ ਨਿਵਤੇ ਸ਼ੰਭੂਨਾਥਜੀ ਏਨੀਂ ਬਾਤੀਂ ਜੋਗ ਨਹੀਂ ਪਾਈਤਾ ਗੁਰੂ ਗੋਰਖ ਜੀਕੋ ਪੂਛੇ ਤਾਂ ਸ਼ੰਭੂਨਾਥ ਸ਼ਰਮਿੰਦਾ ਹੋਇਕੇ ਗੁਰੂ ਗੋਰਖਜੀ ਪਾਸੋਂ ਲੱਗਾ ਪੁੱਛਨ ਕਿਉਂ ਜੀ ਮੰਗਲ ਨਾਥ ਕਿਆ ਕਹਿਤਾ ਹੈ ਤਾਂ ਗੋਰਖ ਮੋਨੀ ਹੋਇਰਹਿਆ ਤਾਂ ਗੋਪੀਚੰਦ ਕਹਿਆ ਅਰੇ ਸਿੱਧੋ ਨਾਥੋ ਜਤੀਓ ਤੁਮ ਅਪਨੇ ਘਰਮੇਂ ਕਿਆ ਝਗੜਾ ਮੇਲਿਆ ਹੈ ਵੁਹਜੈਸਾ ਹੈ ਤੈਸਾ ਹੀ ਹੈ ਕਿਛੁ ਉਸ ਸੋਂ ਸ਼ਰੀਕਤ ਤੋ ਨਾਹੀਂ ਕਿ ਤੁਮਹੀ ਹੋ ਅਉਰ ਕੋਈ ਨਾਹੀਂ ਔਰ ਭੀ ਸਭ ਨਿਰੰਜਨ ਕੇ ਕੀਏ ਹੂਏ ਹੈਂ ਅਰ ਫ਼ਕੀਰ ਅਤੀਤਕੋ ਚਾਹੀਦਾ ਹੈ ਕਿ ਆਪਸ ਤੇ ਸਭਕੋ ਭਲਾ ਜਾਨੈ ਭਲਿਆਂ ਸਾਧਾਂਕੇ ਏਹ ਲੱਖਣ ਹੈਨ ਇਉਂ ਨ ਕਹੀਐ ਜੋ ਹਮ ਗਿਆਨੀ ਧਿਆਨੀ ਹੈਂ ਅਰ ਔਰਕੋਈ ਨਾਹੀਂ ਤਾਂ ਸ਼ੰਭੂਨਾਥ ਜਲ ਬਲ ਗਿਆ ਅਰ ਗੋਰਖਨਾਥ ਮੋਨੀ ਹੋਇ ਰਹਿਆ ਤਾਂ ਮੰਗਲਨਾਥ ਨੇ ਕਹਿਆ ਸੁਣੋ ਗੋਪੀਚੰਦਜੀ ਤੁਮ ਮਤ ਕੁਛ ਕਹੋ ਤਾਂ ਗੋਪੀਨਾਥ ਕਹਿਆ ਮੰਗਲਨਾਥਜੀ ਤੁਮਤੋ ਬਚਨ ਕਰਤੇ ਹੋ ਮਤ ਕਹਿਤੇ ਹੋ ਪਰ ਅਤੀਤ ਫ਼ਕੀਰਕੋ ਕਿਸੀ ਕੀ ਨਿੰਦਾ ਕਰਨੀ ਭਲੀਨਾਹੀਂ ਜੇ ਚਰਚਾ ਕਰੀਐ ਤਾਂ ਸਹਿਜਕੇ ਘਰ ਕਰੀਐ ਭਲਿਆਂ ਸਾਧਾਂਕੇ ਏਹ ਲੱਛਣ ਹੈਨ ਗਿਆਨੀ ਧਿਆਨੀ ਗੁਰੂਹੈ ਇੱਕੋ ਗੁਰਭਾਈ ਹੈਨ ਸੋ ਫ਼ਕੀਰਾਂ ਦਾ ਬਿਰਦ ਸਬਇੱਕੋਹੈ ਭਿੰਨ ਭੇਦ ਕਛੁ ਨਾਹੀਂ ਤਾਂਮੰਗਲਨਾਥ ਕਹਿਆ ਗੋਪੀਚੰਦ ਜੀ ਤੁਮ ਪੂਰਨ ਬਚਨ ਕਰਤੇਹੋ ਗੁਰੁਉਪਦੇਸ਼ ਚਾਹੀਏ ਤੋ ਐਸਾ ਹੀ ਚਾਹੀਏ ਪਰ ਜਿਸਨੋਂ ਕਿਰਪਾਲ ਕਿਰਪਾ ਕਰੇ ਉਸਦੇ

F INTERNET // ABHINAV GAUR //

ਏਹ ਲੱਛਨਹੈਨ ਭਾਂਮਰਦਾਨੇ ਕਹਿਆਗੁਰੂਜੀ ਹੁਣਭਾਂ ਚਲੋ ਸੁਮੇਰ ਉੱਪਰ ਭਾਂਗੁਰੂਨਾਨਕ ਜੀ ਕਹਿਆ ਚਲਮਰਦਾਨਾਂ ਭਾਂ ਗੁਰੂ ਨਾਨਕਜੀ ਮੀਨਾ ਪਰਬਤ ਉਤੋਂ ਚਲੇ ਅਤੇ ਸੁਮੇਰ ਪਰਬਤ ਉੱਪਰ ਜਾਇ ਖੜੇ ਹੋਏ॥ ੪੪ ॥

ਆਗੇ ਸਾਖੀ ਸੁਮੇਰ ਪਰਬਤ ਦੀ ਚਲੀ

ਆਗੇ ਸਿੱਧ ਮੰਡਲੀ ਬੈਠੀਹੈ ਆਪਸਵਿੱਚ ਗਿਆਨ ਧਿਆਨ ਕਰਰਹੇ ਹੈਨ ਗੋਰਖ ਸਮੇਤ ਨਉ ਨਾਥ ਚਉਰਾਸੀ ਸਿੱਧ ਛਿਅ ਜਤੀ ਬੈਠੇਹੈਂ ਚਰਚਾ ਹੋਰਹੀ ਹੈਸੀ ਭਾਂਗੁਰੂਜੀ ਅਸਾਂਭੀ ਜਾਇ ਦਿਖਾਈ ਦਿੱਤੀ ਸ੍ਰੀ ਗੁਰੂਨਾਨਕਜੀ ਭੇਮਰਦਾਨਾ ਅਤੇ ਮੈਂ ਤਿੰਨੇ ਹੀ ਆਹੇ ਭਾਂ ਗੁਰੂ ਨਾਨਕਜੀ ਜਾਇਕਰਕਹਿਆ ਆਦੇਸਓ ਸਿੱਧੋਨਾਥੋਜੜੀਓ ਭਪੀਓਆਦੇਸ ਭਾਂਗੋਰਖਨਾਥ ਨੇਕਹਿਆ ਆਦੇਸ ਆਦਿ ਪੁਰਖ ਕਉ ਆਦੇਸ ਭਾਂ ਗੋਰਖਨਾਥ ਨੇ ਬਾਬੇਜੀ ਸੇ ਕਹਾ ਆਉ ਭੁਪਾਬੈਠੀਏਭਾਂਸਿੱਧਾਂਕਹਿਆ ਭਲਾ ਹੂਆ ਨਾਨਕ ਭਪਾ ਦਰਸ਼ਨ ਦੀਆ ਕ੍ਰਿਤਾਰਥਕੀਆ ਭਾਂ ਫੇਰ ਸ੍ਰੀ ਬਾਬੇਜੀ ਕੀ ਅਤੇ ਗੋਰਖਨਾਥਕੀ ਗਿਆਨਚਰਚਾ ਹੋਈ ਭਾਂਸਿੱਧਾਂਨੇ ਕਹਿਆ ਭਪਾਜੀ ਭੁਮਜੋਗੀਆਂ ਕਾ ਭੇਸਲੇਵੋ ਦਰਸ਼ਨ ਪਹਿਰੋ ਅਤੇ ਗੁਰੂ ਧਾਰੋ ਭਾਂ ਸ੍ਰੀਗੁਰੂਜੀ ਬੋਲੇ ਸਿੱਧੋ ਹਮਨੇ ਗੁਰੂ ਧਾਰਨਕੀਆਹੈ ਭਾਂਸਿੱਧਾਂ ਕਹਾ ਅਰੇ ਬਾਲੇ ਭੁਮਰਾ ਗੁਰੂ ਕਉਨ ਹੈ ਭਾਂ ਗੁਰੂਜੀਨੇ ਕਹਾ ਹੈ ਸਿੱਧੋ ਹਮਰਾ ਗੁਰੂ ਸੱਤਹੈ ਭਾਂ ਸਿੱਧਾਂ ਕਹਾ ਓਹ ਕੌਣ ਸਾ ਸੱਤ ਹੈ ਸ੍ਰੀ ਮੁਖ ਵਾਕ ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਹੇ ਸੰਤੋ ਵੁਹ ਕਰਤਾਰ ਤੀਨੋਂ ਕਾਲਮੇਂ ਸੱਤਹੈ ਔਰ ਸਿਫਤੀ ਕਾ ਭੰਡਾਰ ਹੈ ਭਾਂ ਗੋਰਖਨਾਥਜੀ ਬੋਲੇ ਹੈ ਨਾਨਕਭਪਾ ਜੀ ਓਹਭੀ ਤੋ ਸੱਤਹੈ ਭਾਂਗੁਰੂਜੀ ਕਹਿਆ ਵੁਹ ਕੈਸੇ ਸੱਤਹੈ ਜੋ ਜਨਮਤੇ ਅਰ ਮਰਤੇਹੈਂ ਕਾਮ ਕ੍ਰੋਧ ਥੀਂ ਲੇਕਰ ਖੋਟੀ ਬਾਸ਼ਨਾ ਸੇ ਦੁਖ ਪਾਤੇ ਹੈਂ ਔਰ ਜੂਨੀਓਂ ਮੇਂ ਭ੍ਰਮਤੇਹੈਂ ਵੁਹ ਜੋ ਸਤ ਕਰਤਾਰਹੈ ਸੋ ਚੇਤਨ ਹੈ ਅਭੇ ਸੂਖਮ ਤੇ ਸੂਖਮ ਹੈ ਆਨੰਦ ਮਈ ਸਮਰਥਹੈ ਤਿਸਕੇ ਉਪਰ ਮਾਇਆ ਕਾ ਬਲ ਨਹੀਂ ਹੈ ਅਤੇ ਮਾਇਆ ਤਿਸਕੇ ਚਰਨੋਂਕੀ ਦਾਸੀਹੈ ਸੰਸਾਰਕੋ ਭ੍ਰਮਾ ਰਹੀਹੈ ਹੇਨਾਥਜੀ ਜਿਨ ਕਉ ਪੂਰਾਸਤਿਗੁਰ ਮਿਲਿਆਹੈ ਤਿਸ ਕੇ ਉਪਰ ਮਾਇਆ ਕਾ ਬਲਨਹੀਂ ਪੈਂਦਾ ਏਹ ਬਾਤ ਸੁਣਕਰ ਗੋਰਖ ਚੁੱਪ ਕਰ ਗਇਆ ਭਾਂ ਗੋਰਖਨੇ ਕਹਾ ਅਰੇ ਸਿੱਧੋ ਨਾਥੋ ਭਪੇ ਕਉ ਅੰਮ੍ਰਿਤਕਾ ਪਿਆਲਾ ਭਰਦੇਵੋ ਭਾਂ ਝੰਗਰ ਨਾਥਨੇ ਮਦਕਾ ਪਿਆਲਾ ਭਰਕੇ ਗੁਰੂਨਾਨਕਜੀ ਕੇਆਗੇਆਏ ਰੱਖਿਆ ਭਾਂ ਝੰਗਰਨਾਥ ਕਹਿਆ ਨਾਨਕ ਬਾਲੇ ਇਹਅੰਮ੍ਰਿਤਦਾ ਪਿਆਲਾ ਪੀਅ ਭਾਂਗੁਰੂਜੀ ਕਹਿਆ ਝੰਗਰ ਨਾਥ ਇਹਕਾਸਕਾ ਪਿਆਲਾਹੈ ਭਾਂਝੰਗਰਨਾਥ ਕਹਿਆ ਭਪਾਜੀ ਇਸਕੇ ਪੀਤੇ ਲਿਵ ਲਾਗਤੀ ਹੈ ਭਾਂ ਸ੍ਰੀ ਗੁਰੂਜੀ ਕਹਿਆ ਇਹ ਕਿਉਂ ਕਰ ਹੋਤਾ ਹੈ॥ ਝੰਗਰ ਨਾਥ ॥ ਭਾਠੀ ਸਾਜੋ ਲਾਹਣ ਮਾਂਡੋ ਕਸਿ ਕਉ ਬੀਚ ਸਮਾਵੋ ॥ ਨਿਰਮਲ ਧਾਰ ਨਲੀ ਹੋਇ ਚਲਤੀ ਤਬ ਇਹ ਅਮ੍ਰਿਤ ਪਾਵੋ ॥ ੧ ॥ ਸੁਣ ਹੋ ਨਾਨਕ ਬਾਲੇ ਤਬ ਤੂੰ ਜੋਗੀ ਹੋਵੈ ॥ ਦ੍ਰਿਸਟਿ ਖੋਲ੍ਹ ਬੰਧਨ

CC-0. Gurukul Kangri University Haridwar Collection. Digitized by S3 Foundation USA

ਸਭ ਕਾਟੇਸਗਲੀ ਦੁਰਮਤਿ ਖੋਵੈ ॥੧॥ ਹੋਵਹੁ ਮਤਿਵਾਲੇ ਮਦਕੇ ਮਾਤੇ ਮਗਨ ਹੋਇ ਲਿਵ ਲਾਗੀ ॥ ਸੁਰਤਿ ਬੰਧਨਾ ਚਲਤਿ ਨ ਕਬਹੂੰ ਦਰਬਾਰ ਖੜਾ ਬੈਰਾਗੀ ॥ ੨ ॥ ਐਸੀ ਸਹਿਜ ਫਿਰਤ ਮਤਵਾਰੇ ਦੁਖ ਸੁਖ ਦੋਖ ਨਿਵਾਰੇ ॥ ਜਹਾਂ ਦੇਖੈ ਤਹਾਂ ਏਕ ਸੁਆਮੀ ਹਿਰਦੈਅੰਦਰ ਧਾਰੇ ॥੩॥ਲਾਹਾ ਪੂੰਜੀ ਸਾਥ ਨਿਬਾਹੋ ਖਾਲੀ ਖੇਪ ਨ ਜਾਵੋ॥ ਝੰਗਰਨਾਥ ਕਹੈ ਸੁਣ ਨਾਨਕ ਬਾਲੇ ਤਬ ਤੁਮ ਦਰਸ਼ਨ ਪਾਵੋ ॥ ੪ ॥ ੧ ॥ ਗੁਰੂ ਨਾਨਕ ਜੀ ਵਾਚ ਰਾਗ ਰਾਮਕਲੀ ਮਹਲਾ ੧ ॥ ਗਿਆਨ ਧਿਆਨ ਕੀ ਲਾਹਣ ਮਾਂਡੀ ਕਰਣੀ ਕੀ ਕਸਿ ਪਾਈ ॥ ਭਾਉ ਭਾਠੀਮੈਂ ਪ੍ਰੇਮ ਸਮਾਣਾ ਬ੍ਰਹਮ ਕੀ ਅਗਨਿ ਜਲਾਈ ॥ ਸਿੱਧੋ ਹਮ ਮਦ ਕੇ ਮਾਤੇ ਨਾਹੀਂ ॥ ਜੋ ਮਤਵਾਲੇ ਮਦ ਕੇ ਮਾਤੇ ਕਿਨ ਮਤਵਾਲਿਓਂ ਮਾਹੀਂ ॥੧॥ ਰਹਾਉ ॥ ਸੁਰਤਿ ਨਲੀ ਭਾਉ ਬਾਸਨ ਕੀਨਾ ਅੰਤਰ ਧਾਰ ਚੁਆਈ ॥ ਦਇਆ ਸੁਰਾਹੀ ਸਹਜਿ ਪਿਆਲਾ ਗੁਰਮਤਿ ਪੀਵਹੁ ਭਾਈ ॥੨॥ ਗੁਰਮੁਖਿ ਨਾਮ ਫਿਰੈ ਮਤਵਾਲੇ ਏਹ ਰੰਗ ਮਹਿ ਖੇਲੈ ॥ ਜਹਿ ਦੇਖਾ ਤਹਿ ਏਕ ਸਰੂਪੀ ਮਾਰਗ ਪਾਇਆ ਚੇਲੈ ॥੩॥ ਨਿਬਹੀ ਖੇਪ ਹਮਾਰੀ ਸਿੱਧੋ ਆਠ ਪਹਿਰ ਲਿਵ ਲਾਗੀ ॥ ਨਾਨਕ ਦਾਸ ਤਹਾਂ ਮਤਿਵਾਰਾ ਜਹਾਂ ਏਕੰਕਾਰ ਬੈਰਾਗੀ ॥ ੪ ॥ ੨ ॥ ਫੇਰ ਸਿੱਧਾਂ ਮਿਲਕਰ ਕਹਿਆ ਰਾਗ ਰਾਮਕਲੀ ਵਿੱਚ ॥ ਸਲੋਕ ॥ ਧਨਿ ਜੋਬਨਕੀ ਕਰੈ ਨ ਆਸਾ ॥ ਪਰ ਤ੍ਰਿਆ ਅੰਗ ਨ ਲਾਵੈ ਪਾਸਾ ॥ ਨਾਦ ਬਿੰਦ ਲੈ ਘਟ ਮਹਿ ਜਰੈ ॥ ਤਿਸਕੀ ਸੇਵਾ ਪਾਰਬਤੀ ਕਰੈ ॥ ਬੋਲੈ ਪਰਬਤ ਸੱਤ ਸਰੂਪ ॥ ਪਰਮ ਤੱਤ ਮਹਿ ਰੇਖ ਨ ਰੂਪ ॥ ੧॥ ਸੋ ਨਿਗ੍ਰਹੀ ਜੋ ਨਿਗ੍ਰਹਿ ਕਰੈ ॥ ਜਪਤਪ ਸੰਜਮ ਭਿਖਿਆ ਕਰੈ ॥ ਪੁੰਨ ਦਾਨ ਕਾ ਕਰੇ ਸਰੀਰ ॥ ਸੋ ਨਿਗ੍ਰਹੀ ਗੰਗਾ ਕਾ ਨੀਰ॥ਬੋਲੈਈਸ਼ਰ ਸਤਿ ਸਰੂਪ॥ ਪਰਮਤੱਤ ਮਹਿ ਰੇਖ ਨ ਰੂਪ ॥੨॥ ਸੋਅਉਧੂਤੀ ਜੋਧੂਪੈ ਆਪਿ॥ ਭੋਜਨ ਭਿਖਿਆ ਕਰੈ ਸੰਤਾਪਿ॥ ਅਉਹਟਿ ਪਟਣਮੈਂ ਭਿਖਿਆ ਕਰੈ ॥ ਸੋ ਅਵਧੂਤੀ ਸ਼ਿਵ ਪੁਰ ਚੜ੍ਹੈ॥ ਬੋਲੈ ਗੋਰਖ ਸੱਤ ਸਰੂਪ॥ਪਰਮਤੱਤਮਹਿਰੇਖੁ ਨਰੂਪ॥੩॥ ਸੋ ਉਦਾਸੀ ਜੋਪਾਲੈ ਉਦਾਸ ॥ ਅਰਧ ਉਰਧ ਕਰੈ ਨਰੰਜਨ ਵਾਸ॥ਚੰਦ ਸੂਰਜ ਮੂਰਤਿ ਕੀ ਪਾਏ ਗੰਢਿ॥ਤੀਰਥ ਪਰਸੈ ਨਉਸੈ ਸਠ॥ਬੋਲੈ ਗੋਪੀਚੰਦ ਸੱਤ ਸਰੂਪ ॥ ਪਰਮਤੱਤ ਮਹਿ ਰੇਖ ਨ ਰੂਪ॥੪॥ ਸੋ ਬੈਰਾਗੀ ਜੋ ਉਲਟੈ ਬ੍ਰਹਮ॥ਸੁੰਨਮੰਡਲਿ ਮਹਿ ਰੋਪੈ ਥੰਮ॥ ਅਹਿਨਿਸ ਅਤਰ ਰਰੈ ਧਿਆਨ ॥ ਸੋ ਬੈਰਾਗੀ ਸੱਤਸਮਾਨ॥ ਬੋਲੈ ਭਰਿਥਰਿ ਸੱਤ ਸਰੂਪ॥ ਪਰਮ ਤੱਤ ਮਹਿ ਰੇਖ ਨ ਰੂਪ ॥ ਗੁਰੂ ਨਾਨਕ ਜੀ ਵਾਚ ॥ ਰਾਗ ਰਾਮਕਲੀ ਮਹਲਾ ੧ ॥ ਕਿਉਂ ਮਰੈ ਮੰਦਾ ਕਿਉ ਜੀਵੈ ਜੁਗਤਿ ॥ ਕੰਨ ਪੜਾਇ ਕਿਆ ਖਾਜੈ ਭੁਗਤਿ ॥ ਆਸਤ ਨਾਸਤ ਏਕੋ ਨਾਉ॥ਕਉਣੁ ਸੁ ਅੱਖਰ ਜਿਤ ਰਹੈ ਹਿਆਉ॥ ਛਿਅ ਵਰਤਾਰੇ ਵਰਤਹਿਪੂਤ ॥ਨਾ ਸੰਸਾਰੀ ਨਾਅਉਧੂਤ॥ ਧੂਪਛਾਉਂ ਜੇ ਸਮਕਰ ਸਹੈ॥ ਤਾਂ ਨਾਨਕ ਆਖੈ ਗੁਰ ਕਉਲਹੈ ॥ਨਿਰੰਕਾਰ ਜੇ ਰਹੈ ਸਮਾਇ॥ਕਾਹੇ ਭਿਖਿਆ ਮੰਗਨ ਜਾਇ ॥ਬੋਲੇ ਨਾਨਕ ਸੱਤ ਸਰੂਪ ॥ ਪਰਮ ਤੱਤ ਮਹਿ ਰੇਖ ਨ ਰੂਪ ॥ ਫੇਰ ਚਰਪਟਨਾਥ ਬੋਲਿਆ ॥ ਕਾਮ ਤਿਆਗ ਲੋ

CC-0. Gurukul Kangri University Haridwar Collection. Digitized by S3 Foundation USA

F INTERNET // ABHINAV GAUR

ਕ੍ਰੋਧ ਤਿਆਗ ਲੋ ਲੋਭ ਤਿਯਾਗ ਲੋ ਮੋਹੰ ॥ ਅਹੰਕਾਰ ਤਿਆਗ ਲੋ ਮਮਤਾ ਤਿਆਗ ਲੋ ਚਰਪਟ ਬਚਨ ਮੁਖਿ ਸੋਹੰ ॥ ੧ ॥ ਗੁਰੂ ਨਾਨਕ ਜੀ ਵਾਚ ॥ ਨਾ ਕਾਮ ਤਿਆਗਲੋ ਨਾ ਕ੍ਰੋਧ ਤਿਆਗਲੋ ਨ ਤਿਆਗਲੋ ਲੋਭੰ ਨ ਤਿਆਗਲੋ ਹੰਕਾਰਾ ॥ ਗੁਰਪ੍ਰਸਾਦਿ ਸਭ ਭੋਗ ਕਰਨੰ ਨਾਨਕ ਬਚਨ ਅਪਾਰਾ ॥ ੨ ॥ ਚਰਪਟ ਵਾਚ ॥ ਸ਼ਿਵ ਪਕੜਿ ਸ਼ਕਤਿ ਗਵਾਇ ਲੋ ਮਨਸਾ ਠਹਰਾਇ ਲੋ ਮਨਿ ਕੋ ਪਰਬੋਧ ਲੋ ॥ ਦਰਸ਼ਨ ਪਾਇ ਲੋ ਬਿਭੂਤ ਚੜਾਇ ਲੋ ਗੁਰ ਦਰਸ਼ਨ ਲਾਗਲੋ ਚਰਪਟ ਸਮਾਲ ਲੋ ਸੁਣ ਨਾਨਕ ਤਪਾਜੀ ਸੰਸਾਰ ਸਮੁੰਦ੍ ਪਾਰ ਪਾਇਬੋ ॥ ੩ ॥ ਗੁਰੂ ਨਾਨਕ ਜੀ ਵਾਚ ॥ ਸ਼ਿਵ ਨ ਪਕੜ ਲੋ ਸ਼ਕਤਿ ਨ ਗਵਾਇ ਲੋ ਮਨ ਕੋ ਨ ਪ੍ਰਬੋਧ ਲੋ ॥ ਦਰਸ਼ਨ ਨ ਪਾਇ ਲੋ ਤਉ ਵਡਭਾਗ ਹਮ ਆਪ ਲੋ ਨਾਨਕ ਬਚਨ ਸਮਾਲ ਲੋ ਸੁਣ ਚਰਪਟ ਨਾਥ ਸੰਸਾਰ ਸਾਗਰ ਤੇ ਪਾਰ ਪਾਇ ਲੋ ॥ ੪ ॥ ਹਮ ਏਕੰਕਾਰ ਗੁਰੂ ਕਰਬੋ ॥ ਪੰਚ ਪਚੀਸ ਹਮ ਆਗੈ ਕਾਰ ਕਰਿਏ ॥ ਪੰਜੇ ਤੱਤ ਪਜੀ ਪ੍ਰਕਿਰਤਾਂਤੀਨੋ ਗੁਣ ਚਾਰ ਅੰਤਾਕਰਣ ਨੌਂ ਇੰਦ੍ਰੇ ਸਭ ਹਮ ਬੰਧਬੋ ॥ ਦੋਂ ਦਾਇਕੀ ਹਮਾਰੇ ਆਗੇ ਖਰੇ ਹੈਂ ਪਚਾਸ ਪਛੱਤਰ ਭਾਗ ਬੋ ॥ ਨਾਨਕ ਤਪਾ ਇਛ ਭਾਗ ਬੋ ਸੁਣ ਚਰਪਟ ਨਾਥ ਬੋ ॥ ੫ ॥ ਫੇਰ ਗੁਰੂ ਨਾਨਕ ਜੀ ਨੇ ਘੁੱਘੂ ਨਾਥ ਕੋ ਬੁਲਾਇਆ ਜੋ ਘੁੱਘੂ ਨਾਥ ਤੂੰ ਏਲਤਾ ਨਹੀਂ ਤਾਂ ਘੁੱਘੂ ਨਾਥ ਚੁੱਪ ਕਰ ਰਹਿਆ ਕਿਆ ਜਾਪੈ ਵੁਹ ਕੈਸਾ ਹੈ ॥ ਬਿਨ ਬੋਲੇ ਕਿਆ ਕਰੇ ਵੀਚਾਰਾ ॥ ਘੁੱਘੂ ਨਾਥ ਨ ਬੋਲਣਹਾਰਾ ॥ ਸੇਵਕ ਪੂਜਾ ਰਹਿਤ ਨ ਪਾਈਐ ॥ ਘੁੱਘੂ ਨਾਥ ਬੁਲਾਇਆ ਚਾਹੀਐ ॥ ਦਰਸ਼ਨ ਆਛਾ ਮਰਮ ਨ ਜਾਪੈ ॥ ਕਿਆ ਜਾਨ ਉ ਕੈਸਾ ਪ੍ਰਭੁ ਤਾਪੈ ॥ ਕਹੈ ਨਾਨਕ ਸੁਣ ਘੁੱਘੂ ਨਾਥ ॥ ਅਰਦਾਸ ਹਮਾਰੀ ॥ ਏਕ ਬੋਲਹੁ ਭਾਂ ਕਾਰੀ ॥ ੧ ॥ ਘੁੱਘੂ ਨਾਥ ਬਚਨ ਕੀਤਾ ॥ ਘੁੱਘੂ ਨਾਥ ਪੰਥਿ ਬੋ ਜਤੀ ਨ ਸਾਧਬੋ ॥ ਸਿਧ ਨ ਨਾਥਬੋ ॥ ਬੋਲਬੋ ਪਕੜਾਇਬੋ ॥ ਸਿੰਙੀ ਨਾ ਬਜਾਇਬੋ ॥ ਨਾਉ ਨ ਧਰਾਇਬੋ ॥ ਨਾਦ ਅਨਾਦ ਧਰਮ ਸੁਣਾਇਬੋ ॥ ਸਭ ਏਕੰਕਾਰ ਖੇਲਬੋ ॥ ਸ਼ਿਵ ਸ਼ਕਤਿ ਮੇਲ ਨ ਮੇਲਬੋ ॥ ਧਿਆਨ ਨ ਧਿਆਇਬੋ ॥ ਘੁੱਘੂ ਕਹੈ ਸੁਣ ਨਾਨਕ ਸਾਧਬੋ ॥ ਸੱਤ ਪ੍ਰਮੇਸ਼ਰ ਤੁਮ ਲਾਧਬੋ ॥ ਭਾਂ ਗੁਰੂ ਨਾਨਕ ਜੀ ਘੁੱਘੂ ਨਾਥ ਕੇ ਬਚਨ ਸੁਣ ਉਸਕੇ ਚਰਨਾਂ ਕੋ ਦੌੜਿਆ ਭਾਂ ਘੁੱਘੂ ਨਾਥ ਕਹਿਆ ਕਿਉਂ ਨਾਨਕ ਜੀ ਤੂੰ ਜਾਣਿਆਹੈ ਭਾਂ ਨਾਨਕ ਜੀ ਬੋਲਿਆ ॥ ਏਕ ਜਾਨਿਆ ਭਾਂ ਤੁਮ ਪਛਾਣਿਆ ਦੂਸਰ ਅਵਰ ਨ ਕੋਈ ॥ ਨਾਨਕ ਦਾਸ ਸਮਝਿਆ ਹੈ ਆਗੈ ਘੁੱਘੂ ਨਾਥ ਮੈਂ ਓਹੀ ॥ ਭਾਂ ਗੁਰੂ ਨਾਨਕ ਅਤੇ ਘੁੱਘੂ ਨਾਥ ਦੋਹਾਂ ਚਰਨ ਬੰਦਨਾ ਕੀਤੀ ॥ ਫੇਰ ਚੰਬਾ ਨਾਥ ਬੋਲੈ ਨਾਹੀਂ ਮਗਨ ਹੋਇ ਰਹਿਆ ਭਾਂ ਗੁਰੂ ਨਾਨਕ ਜੀ ਕਹਿਆ ਭਾਈ ਮਰਦਾਨਾ ਅਤੇ ਭਾਈ ਬਾਲਾ ਚੰਬਾ ਨਾਥ ਬੋਲਦਾ ਨਾਹੀਂ ਭਾਂ ਮਰਦਾਨਾ ਉਤਾਵਲਾ ਹੋਇ ਕਰ ਕਹਿਨ ਲਗਾ ਗੁਰੂ ਜੀ ਬੁਲਾਈਏ ਭਾਂ ਸਹੀ ਭਾਂ ਗੁਰੂ ਜੀ ਕਹਿਆ ਬੋਲਹੁ ਚੰਬਾ ਨਾਥ ਬੋਲਤਾ ਕਿਉਂ ਨਾਹੀਂ ॥ ਗੁਰੂ ਨਾਨਕ ਜੀ ਵਾਚ ॥ ਕਉਨ ਤੁਮਾਰਾ ਮਤਾ ਮਸੂਰਤਿ ਰਹੋ ਕਉਨ ਗ੍ਰਹਿ ਮਾਹੀ ॥ ਦੇਖੀ ਤੁਮਰੀ ਮੂਰਤ ਆਛੀ ਬਿਨ ਬੋਲੇ

CC-0. Gurukul Kangri University Haridwar Collection. Digitized by S3 Foundation USA

ਸਮਝ ਨ ਕਾਈ ॥ ਸਿੱਧ ਨਾਥ ਸਭਹੀ ਬੋਲੇ ਜਤੀ ਵੀ ਬੋਲਣਹਾਰੇ ॥ ਨਾਨਕ ਕਹੇ ਸੁਣ ਚੰਬਾਨਾਥਾ ਤੈਂ ਕਿਆ ਬੋਲ ਬਿਸਾਰੇ ॥ ੧ ॥ ਤਾਂ ਚੰਬਾਨਾਥ ਬੋਲਿਆ ॥ ਬੋਲਣਹਾਰ ਬੋਲਬੋ ॥ ਅਟਕਨਹਾਰ ਅਟਕ ਬੋ ॥ ਭਟਕਨਹਾਰ ਭਟਕ ਬੋ ॥ ਝਟਕਣ ਹਾਰ ਝਟਕਬੋ ॥ ਗਾਵਣ ਹਾਰ ਗਾਇਬੋ ॥ ਸੁਣਨਿਹਾਰ ਸੁਣ ਬੋ ॥ ਚੰਬਾ ਨ ਕਹਾਇ ਬੋ ॥ ਏਕ ਏਕ ਧਿਆਇ ਬੋ ॥ ਏਕੰਕਾਰ ਮਹਿ ਧਿਆਨ ਬੋ ॥੨॥ ਗੁਰੂ ਨਾਨਕ ਜੀ ਵਾਚ ॥ ਜਨਨੀ ਸੋ ਧੰਨ ਬੋ ॥ ਕਰਣੀ ਸੋ ਪੁੰਨਿਬੋ ॥ ਰਹਣੀਸੋਧੰਨਬੋ ॥ ਚਲਣੀਸੋਧੰਨਬੋ ॥ ਗੁਰੂ ਸੋ ਧੰਨਬੋ ॥ ਉਪਦੇਸ਼ ਸੋ ਧੰਨਬੋ ॥ ਏਕੰਕਾਰ ਕ੍ਰਿਪਾ ਕਰ ਬੋ ॥ ਜੇਤੇ ਲੱਖਨ ਸੋ ਧੰਨਬੋ ॥ ੩ ॥ ਚੰਬਾ ਨਾਥ ਵਾਚ ॥ ਚੰਬਾ ਨ ਨਾਥਕੋ ॥ ਗੋਰਖ ਨ ਸਾਮ ਕੋ ॥ ਦਹਸਿਰ ਨ ਰਾਮ ਕੋ ॥ ਬਸਿਸ਼ਧੋ ਨ ਬਿਆਸਕੋ ॥ ਸੁਖ ਦੇਵਨਨਪਰਾਸ ਕੋ ॥ ਸਭ ਆਪੇ ਆਪ ਖੇਲਤਾ ॥ ਦੂਜਾ ਨਾ ਮੇਲਤਾ ॥ ਪੂਣਵਤਚੰਬਾਸੁਣ ਨਾਨਕ ਬਾਲਾ ॥ ਏਕ ਏਕ ਸੁਖ ਪਾਵਤਾ ਦੂਜਾ ਜੰਜਾਲਾ ॥ ੪ ॥ ਤਾਂ ਚੰਬੇ ਨਾਥ ਤੇ ਗੁਰੂ ਨਾਨਕਜੀ ਬਹੁਤ ਬੰਧਨਾ ਕੀਤੀ ਆਪਸਮੇਂ ਪ੍ਰਸੰਨ ਹੂਏ ਤਾਂ ਘੁੱਘੂ ਨਾਥ ਤੇ ਚੰਬਾਨਾਥ ਅਤੇ ਮੰਗਲਨਾਥ ਅਤੇ ਗੋਪੀਚੰਦ ਇਤਨੇ ਸਿੱਧ ਬਹੁਤ ਖੁਸ਼ੀ ਹੂਏ ਆਖਨ ਲੱਗੇ ਹਮ ਕੋ ਅਲੇਖ ਕਾ ਸਵਾਧਾਨ ਦਰਸ਼ਨਹੂਆ ਹੈ ਤਾਂ ਗੁਰੂ ਨਾਨਕਜੀ ਕਹਿਆ ਮੰਗਲਨਾਥ ਜੀ ਹਮ ਆਪਕੇ ਦਰਸ਼ਨ ਕੋ ਆਏਹਾਂ ਤਾਂ ਗੋਪੀਚੰਦਕਹਿਆਤਪਾਜੀ ਹਮਕੋ ਨਿਰੰਕਾਰਕਾਹੀ ਦਰਸ਼ਨ ਹੂਆ ਹੈ ਜਾਂ ਇਤਨੇ ਸਿੱਧ ਖੁਸ਼ੀ ਹੂਏ ਤਾਂ ਗੁਰੂਜੀ ਭੀ ਕਹਿਆ ਨਾਥਜੀ ਅਸੀਭੀ ਆਪਦੇ ਦਰਸ਼ਨ ਨੂੰ ਲੋਚਦੇ ਥੇ ਪਰ ਭਲਾ ਹੂਆ ਜੋ ਅਸਾਨੂੰ ਇਸਦੇ ਹੀ ਵਿੱਚ ਆਪਦਾ ਦਰਸ਼ਨ ਹੂਆ ਹੈ ਅਤੇ ਨਾਥ ਜੀ ਨਿਰੰਕਾਰ ਮੇਂ ਤੇ ਨਿਰੰਕਾਰ ਕੇ ਪਿਆਰਿਓਂ ਮੇਂ ਕੋਈ ਭੇਦ ਨਹੀਂ ਜਾਂ ਏਹ ਬਾਤਾਂ ਕਰਦੇ ਆਹੇ ਤਾਂ ਸੁਰਤ ਸਿੱਧ ਅਤੇ ਨਿਰਤ ਸਿੱਧ ਤੇ ਊਰਮ ਤੇ ਧੂਰਮ ਸਿੱਧ ਕਨਕ ਸਿੱਧ ਇਤਨੇ ਸਿੱਧਤਮਕਖਾਇਕਰ ਬੋਲੇ ਤਾਂ ਮੰਗਲਨਾਥ ਨੇ ਕਹਿਆ ਗੋਪੀਨਾਥ ਜੀ ਦੇਖੋ ਇਨ ਸਿੱਧਾਂ ਕਾ ਤਮਾਸ਼ਾ ਏਹ ਕੈਸਾ ਹੰਕਾਰ ਕਰਤੇ ਹੈਨ ਤਾਂ ਗੋਪੀਚੰਦ ਕਹਿਆ ਮੰਗਲਨਾਥ ਜੀ ਤੁਮ ਚੁੱਪ ਕਰਕੇ ਤਮਾਸ਼ਾ ਦੇਖੋ ਗੁਰੂ ਨਾਨਕਤਪਾ ਇਨ ਪਾਸੋਂ ਨਿਉਣਾ ਨਹੀਂ ਆਪ ਦੇਖੋ ਸਿੱਧ ਕੈਸੇ ਸ਼ਰਮਿੰਦੇ ਹੋਤੇਹੈਂ ਤਾਂ ਹੋਰ ਸਿੱਧਾਂ ਆਪਨੀਆਂ ਕਰਾਮਾਤਾਂ ਦਿਖਾਈਆਂ ਲਗੇ ਮ੍ਰਿਗਾਨੀਆਂ ਉਡਾਉਨ ਤੇ ਮੁੰਦ੍ਰਾਂ ਖੜਾਵਾਂ ਬਿਰਾਗਣਾਂ ਅਤੇ ਝੁੰਬੇ ਫਰੂਏ ਹੋਰ ਆਪੋ ਆਪਣੇ ਸਾਜ ਉਡਾਏ ਤਾਂ ਗੁਰੂਨਾਨਕਜੀ ਮਸਤ ਹੋਇਕਰ ਦੇਖਤੇ ਰਹੇ ਪਰ ਬੋਲੇ ਨਾਹੀਂ ਤਾਂਝੰਗਰਨਾਥ ਕਹਿਆ ਅਰੇ ਨਾਨਕ ਬਾਲੇ ਤੁਝਕੋ ਕਿਆ ਹੂਆ ਹੈ ਤਾਂ ਗੁਰੂ ਨਾਨਕ ਜੀ ਕਉਂਸ ਨੂੰ ਹੁਕਮ ਕੀਆ ॥ ਉਡਹੋ ਕਉਂਸ ਹਮਾਰੀ ॥ ਸਿੱਧ ਦੇਖੇਂ ਸ਼ਕਤ ਤੁਮਾਰੀ ॥ ਜਬ ਨਾਨਕ ਜੀ ਮੁਖਬੋਲਾ ॥ ਤਬ ਕਉਂਸੇ ਘੁੰਘਟ ਖੋਲਾ ॥ ਜਬਕਉਂਸ ਚੜ੍ਹੀ ਅਸਮਾਨੀ ॥ ਤਬ ਸਿੱਧ ਹੋਏ ਹੈਰਾਨੀ ॥ ਜਬ ਕਉਂਸ ਮ੍ਰਿਗਾਨੀ ਮਾਰੀ ॥ ਤਬਸਿੰਙੀ ਹੋਇ ਪੁਕਾਰੀ ॥ ਜਬ ਕਉਂਸ ਕਰੀ ਅਸਵਾਰੀ ॥ ਤਬ ਮੁੰਦ੍ਰਾ ਫਰੂਏ ਹਾਰੀ ॥ ਸਭ ਭਾਗੀ ਸਿੱਧਾਂ ਕੀ ਸ਼ਕਤ ॥ ਤਬ ਕਉਂਸ ਗੁਰਜੀ ਕੀ ਜਲਤ ॥ ਤਾਂ ਮੰਗਲਨਾਥ

OF INTERNET // ABHINAV GAUR //

ਨਾ ਰਹਿਸਕਿਆ ਲਗਾਕਹਿਨ ਕਿਉਂਗੋਰਖਨਾਥਜੀ ਦੇਖਿਆਨਾਨਕਤਪਾ ਭਾਂਗੋਰਖਨਾਥ ਬਚਨ ਕੀਤਾ ॥ ਕੈ ਉਂਗਲ ਗਗਨ ਕੈ ਮੰਡਲ ਅਕਾਸ਼ ਤਾਰੇ ॥ ਕੈ ਭਾਰ ਬਨਾਸਪਤਿ ਇੰਦ੍ਰ ਬਰਸੈ ਕੈ ਧਾਰੇ॥ਕੈ ਸੇਰ ਸੁਮੇਰ ਪਰਬਤ ਕੈ ਰਤੀ ਸੰਸਾਰੇ॥ਪ੍ਰਣਵੈ ਗੋਰਖ ਸੁਣਹੁ ਨਾਨਕ ਤੁਮ ਆਏ ਕੈ ਬਾਰੇ ॥ ਗੁਰ ਨਾਨਕ ਜੀ ਵਾਚ ॥ ਚਾਰ ਉਂਗਲ ਕਾ ਗਗਨ ਹੈ ਦੁਇ ਅਕਾਸ਼ ਮੋਂ ਤਾਰੇ॥ਦੁਇ ਭਾਰ ਬਨਾਸਪਤੀ ਹੈ ਇੰਦ੍ਰ ਬਰਸੈ ਨਉ ਧਾਰੇ॥ ਸਵਾਸੇਰ ਸੁਮੇਰ ਪਰਬਤ ਹੈ ਇੱਕਰੱਤੀ ਸੰਸਾਰੇ ॥ ਪ੍ਰਣਵੈਨਾਨਕ ਸੁਣਹੁ ਗੋਰਖ ਹਮ ਆਏ ਇਕ ਬਾਰੇ ॥੨॥ ਤਾਂ ਫੇਰ ਖਿੰਧੜੋ ਸਿੱਧ ਬੋਲਿਆ ॥ ਕਵਨ ਗੁਰੂ ਕਵਨ ਚੇਲਾ ॥ ਕਵਨ ਮੂਲ ਕਵਨ ਮੇਲਾ ॥ ਕਵਨਬਸਤਲੈ ਰਹੈ ਅਕੇਲਾ॥ਕਾਂਯਾਂ ਕਹੁ ਕਾਹੇ ਕੀ ਪੰਡ ॥ ਕਿਸਊਪਰ ਕਿਸ ਪੁਰਖ ਕੀਅੰਡ ॥ ਗਤੀ ਸੋ ਬੋਲਹਿ ਕਥ ਕਥ ਖਾਹਿ॥ਕਿਸ ਸ਼ਬਦ ਨਾਨਕ ਅਪਰੰਪਰਜਾਹਿ ॥੧॥ ਗੁਰੂ ਨਾਨਕ ਜੀ ਵਾਚ ॥ ਸ਼ਬਦ ਗੁਰੂ ਸੁਰਤ ਧੁਨ ਚੇਲਾ ॥ ਮਨ ਮੂਲ ਪਵਨ ਸੰਗ ਮੇਲਾ ॥ਭੱਤ ਵਸਤਲੈ ਰਹੇ ਅਕੇਲਾ॥ਕਾਂਯਾਂ ਪਵਨ ਪਾਣੀ ਕੀ ਪੰਡ॥ਤਿਸ ਊਪਰ ਸਤਿ ਗੁਰਕੀ ਅੰਡ ॥ ਸਤ ਗਤੀ ਬਸਹਿ ਕਥ ਖਾਇ ॥ ਇਤ ਸ਼ਬਦੇ ਖਿੰਧੜੋ ਅਮਰਪੁਰ ਜਾਇ ॥੨॥ ਖਿੰਧੜੋ ਵਾਚ॥ਕਉਨ ਨਗਰੀ ਕਉਨ ਸੁਲਤਾਨ ॥ ਕਉਨ ਲੋਕ ਵਸੈ ਪਰਧਾਨ ॥ ਕਉਨ ਸੁ ਰਾਜਾ ਕਉਨ ਸੋ ਮਹਿਤਾ॥ਦੇਹ ਨਾਨਕ ਨਗਰੀ ਕੀ ਬਾਤਾ॥੩॥ ਗੁਰੂ ਨਾਨਕਜੀ ਵਾਚ ॥ ਕਾਂਯਾਂ ਨਗਰੀ ਨਾਉ ਸੁਲਤਾਨ ॥ ਪੰਚਭੱਤ ਵਸਹਿ ਪਰਧਾਨ ॥ ਮਨ ਰਾਜਾ ਪਉਣ ਹੈ ਮਹਿਤਾ ॥ ਲੇਹੁ ਖਿੰਧੜ ਨਗਰੀ ਕੀਆਂ ਬਾਤਾਂ ॥੪॥ ਖਿੰਧੜੋ ਵਾਚ ॥ ਕਹਾਂ ਵਸੈ ਮਨੂਆ ਕਹਾਂ ਵਸੈ ਪਵਨਾ॥ਕਉਨ ਠਉਰ ਘਟਤਾਲ ਵਜਾਵੈ॥ਪੰਚਾਂਕਾ ਗੁਰ ਕਵਨ ਭੋਗੇ ਅਹਾਰ ॥ ਦੇਹ ਨਾਨਕ ਇਸ ਸ਼ਬਦਕਾ ਬੀਚਾਰ ॥ ੫ ॥ ਗੁਰੂ ਨਾਨਕ ਜੀ ਵਾਚ ॥ ਹਿਰਦੈ ਵਸੈ ਮਨੂਆ ਨਾਭ ਵਸੈ ਪਵਨਾ॥ਪਵਨਹੋਠ ਘਟਨਾਦ ਵਜਾਵੈ ॥ ਪੰਚਾਂ ਕਾ ਗੁਰੂ ਭੱਤ ਅਗਨ ਭੋਗ ਅਹਾਰ ॥ ਲੇਹੁ ਰੇ ਖਿੰਧੜੋ ਦੇਹੀ ਕਾ ਬੀਚਾਰ ॥ ੬ ॥ ਖਿੰਧੜੋ ਵਾਚ ॥ ਕਿਤ ਮੁਖ ਆਏ ਹੋ ਕਿਤ ਮੁਖ ਜਾਹਿਗੇ।ਕੈਸੇ ਨਾੜੀ ਕੈਸੇ ਸੰਧ॥ਕਾਂਯਾਂ ਸੋਖੀ ਕਰੈ ਪਵਨਾ ॥ ਕਉਨ ਮੜੀ ਕਉਨ ਦੁਆਰ॥ਦੇਹ ਨਾਨਕ ਸ਼ਬਦ ਕਾ ਬੀਚਾਰ ॥ ੭ ॥ ਗੁਰੂ ਨਾਨਕ ਜੀ ਵਾਚ ॥ ਉੱਤ੍ਰ ਮੁਖ ਆਏ ਦੱਖਣ ਮੁਖ ਜਾਹਿਗੇ॥ ਨਉਸੈ ਨਾੜੀ ਸੋਲਾਂ ਸੈ ਸੰਧ॥ਨਿਜ ਸੋਖੀ ਕਰੈ ਪਵਨ ਅਸੰਭ॥ਮੜੀਅਚਿੰਭ ਦੁਆਰ ॥ ਲੇਹ ਖਿੰਧੜ ਸ਼ਬਦਕਾ ਬੀਚਾਰੰ॥੮॥ਖਿੰਧੜੋ ਵਾਚ ॥ ਕਿਤ ਪਰਚੈ ਲਾਗੈ ਬੰਧ॥ਕਿਤ ਪਰਚੈ ਪਰੈਨ ਕੰਧ॥ਕਿਤ ਪਰਚੈ ਸਸਿਸੂਰਜ ਢੂਵੈ ॥ ਕਿਤ ਪਰਚੇ ਮਾਇਆ ਮੋਹ ਟੂਵੈ ॥ ੯॥ ਗੁਰੂ ਨਾਨਕ ਜੀ ਵਾਚ ॥ ਮਨ ਪਰਚੈ ਭਾਂ ਲਾਗੇ ਬੰਧ ॥ ਪਉਨ ਪਰਚੈ ਪੜੈ ਨ ਕੰਧ ॥ ਗਿਆਨ ਪਰਚੈ ਭਾਂ ਸਸੀਅਰ ਢੂਵੈ ॥ ਭੱਤ ਗੁਰੂ ਪਰਚੈ ਮਾਯਾ ਮੋਹ ਛੂਵੈ ॥ ੧੦ ॥ ਖਿੰਧੜੋ ਵਾਚ ॥ ਆਦੇਸ ਕਿਸਕੋ ਆਦੇਸ ॥ ਆਦੇਸ ਕਾ ਕਿਆ ਵੇਸ ॥ ਮਨ ਕਾ ਕਵਨ ਉਪਦੇਸ ॥ ਗਿਆਨ ਗੁਰੂ ਕਾ ਕਥੀਅਲੇ ਪੂਤਾ ਕਿਤ ਮੁਖ ਪਾਈਏ ਮੋਖ

CC-0. Gurukul Kangri University Haridwar Collection. Digitized by S3 Foundation USA

॥੧੧॥ ਗੁਰੂ ਨਾਨਕ ਜੀ ਵਾਚ ॥ ਆਦੇਸ ਤਾਂ ਪੂਰੇ ਗੁਰੂ ਕਉ ਆਦੇਸ॥ ਪੂਰੇ ਸਤਿਗੁਰ ਕਾ ਅਨੂਪਮ ਉਪਦੇਸ॥ ਮਨਕਾ ਨਿਰੰਤਰ ਵੇਸ ॥ ਗਿਆਨਕਾ ਗੁਰੂ ਸੰਤੋਖ ॥ ਸਤਿਗੁਰਕੀ ਚਰਨੀ ਲਗੀਐ ਪੂਤਾ ਤਉ ਇਸ ਬਿਧ ਪਾਈਐ ਮੋਖ॥੧੨॥ਤਾਂ ਊਰਮਧੂਰਮ ਸਿੱਧ ਆਖਾ ਪਰ ਬੜੇ ਗੁੱਸੇ ਨਾਲ ॥ ਧੂਰਮ ਵਾਚ ॥ ਅਗਨ ਜਲਾਵੋਂ ਜਲ ਮੋਂ ਡੋਬੋਂ ਚਮਕੇ ਸਾਰ ਕਸਾਈ॥ ਐਸੇ ਦੋਖਲਗਾਵੋਂ ਤੁਮ ਕਉ ਧਰਤੀ ਬੀਚ ਗਡਾਵੋਂ ॥ ਏਕ ਤਮਾਚਾ ਮਾਰੋਂ ਐਸਾ ਅੰਬਰ ਸਾਥ ਰੁਲਾਈ॥ਐਸਾ ਦੇਖੋ ਜ਼ੋਰ ਹਮਾਰਾ ਸਗਲੇ ਪਾਉਂ ਲਗਾਈ ॥ ਜੋ ਤੂੰ ਹਮਰਾ ਕਹਿਆ ਨ ਮਾਨੈ ਅਬਹੀਕਰੋਂ ਤੁਮਛਾਈ॥ਜੇਹਾ ਜ਼ੋਰ ਧਰੇ ਹਮ ਆਪਨਾ ਤੁਝ ਕਉ ਮਾਲਮ ਨਾਹੀਂ ॥ ੧ ॥ ਗੁਰੂ ਨਾਨਕ ਜੀ ਵਾਚ ॥ ਪਹਿਰਾ ਅਗਨ ਹਿਵੈ ਘਰ ਬਾਧਾ ਭੋਜਨ ਸਾਰ ਕਰਾਈ॥ਸਗਲੇ ਦੂਖ ਪਾਣੀ ਕਰ ਪੀਵਾ ਧਰਤੀ ਹਾਕ ਚਲਾਈ॥ ਧਰ ਤਾਰਾਜੀ ਅੰਬਰ ਤੋਲੀ ਪਿਛੈ ਟੰਕ ਚੜਾਈ॥ ਏਵਡ ਵਧਾਮਾਵਾ ਨਾਹੀ ਸਭਸੈ ਨਥ ਚਲਾਈ ॥ ਏਤਾਤਾਣ ਹੋਵੈ ਮਨ ਅੰਤਰ ਕਰੀਂ ਭਿ ਆਖ ਕਰਾਈ॥ ਜੇਵਡ ਸਾਹਿਬ ਤੇਵਡ ਦਾਤੀ ਦੇਦੈਕਰੇ ਰਜਾਈ ॥ ਨਾਨਕ ਨਦਰ ਕਰੇ ਜਿਸ ਊਪਰ ਸਚ ਨਾਮ ਵਡਿਆਈ ॥ ਤਾਂ ਫੇਰ ਊਰਮ ਨਾਥ ਬੋਲਿਆ ॥ ਊਰਮ ਬੋਲੈ ਤੱਤ ਵਿਰੋਲੈ ਸੁਣਹੁ ਨਾਨਕ ਮੋਦੀ॥ ਕਿਉਂ ਕਰ ਵਸਤ ਪ੍ਰਾਪਤ ਹੋਵੈ ਕਿਨ ਪਾਏ ਤੁਮਗੋਦੀ॥ਆਖ ਵਖਾਣੈ ਭੇਦ ਨ ਜਾਣੈ ਗੁਰ ਬਿਨ ਸੂਝ ਨ ਹੋਈ॥ਸਿੱਧ ਮਿਲੈ ਬਿਨ ਬੁੱਧ ਨ ਉਪਜੈ ਜਨਮ ਅਕਾਰਥ ਖੋਈ ॥ ਊਰਮ ਕਹੇ ਸੁਣ ਨਾਨਕ ਮੂੜੇ ਸਤਿਗੁਰ ਸਿਰਪਰ ਥਾਪੋ ॥ ਗੁਰੂ ਗੋਰਖ ਕੀ ਚਰਨੀ ਲਾਗਉ ਤਾਂ ਤੀਨਲੋਕ ਮਹਿ ਜਾਪੋ ॥੧॥ ਗੁਰੂ ਨਾਨਕ ਜੀ ਵਾਚ ॥ ਮੋਦੀ ਕਹੀਏ ਏਕੰਕਾਰੀ ਤੀਨ ਲੋਕ ਕਉ ਪਾਲੈ ॥ ਲੱਖ ਚੁਰਾਸੀ ਜੋਨਸਬਾਈ ਜੀਵ ਨੰਤ ਕੇ ਨਾਲੈ ॥ ਤਿਸਕੀ ਕ੍ਰਿਪਾ ਵਸਤ ਪਰਾਪਤ ਗੁਰ ਪੂਰੇ ਤੇ ਪਾਈ ॥ ਗੁਰਪ੍ਰਸਾਦਿ ਬ੍ਰਹਮ ਪਛਾਨਿਆ ਮੈਲ ਨ ਰਹੀਆ ਕਾਈ॥ ਨਿਰਮਲ ਸੁਧ ਬੁਧ ਸਭ ਹਾਜ਼ਰ ਪਰਮ ਪਦਾਰਥ ਪਾਇਆ॥ਰਿਤ ਜਨਨੀ ਕੀ ਬਿੰਦ ਪਿਤਾ ਮਿਲ ਕਰਤੇ ਥਾਟ ਬਣਾਇਆ॥ਨਾਨਕ ਕਹੈ ਸੁਨ ਊਰਮ ਮੂੜ੍ਹੇ ਤੈਂ ਬਿਰਥਾ ਜਨਮ ਗਵਾਇਆ॥ ਤਾਂ ਫੇਰ ਈਗਰਨਾਥ ਬਚਨ ਕੀਤਾ॥ ਕਵਨ ਮਹਿਤਾਰੀ ਕਵਨ ਪਿਤਾ॥ ਗੁਰੂ ਕਵਨ ਕਵਨ ਹੋਤਾ॥ ਕਵਨ ਉਪਦੇਸ਼ ਕਵਨ ਭੇਸ ਜੰਗਮ ਕੇ ਜੋਗੀ॥ ਭੋਗੀ ਕੇ ਰੋਗੀ ਹਰਖੀ ਕੇ ਸੋਗੀ॥ ਪ੍ਰਣਵਤ ਈਗਰ ਸੁਨਰੇ ਬਾਲਾ॥ ਕਵਨ ਪ੍ਰਕਾਸ਼ ਮਿਟਹਿ ਜੰਜਾਲਾ ॥ ਗੁਰੂ ਨਾਨਕ ਜੀ ਵਾਚ ॥ ਖਿਮਾ ਮਹਿਤਾਰੀ ਸੰਤੋਖ ਪਿਤਾ ॥ ਸਤਿਗੁਰ ਕਰਤਾਰ ਕਾ ਹੋਤਾ ॥ ਬੇਗਮਪੁਰ ਦੇਸ ਸਗਲੇ ਭੇਸ ॥ ਜੰਗਮ ਨ ਜੋਗੀ ਹਰਖੀ ਨ ਸੋਗੀ ॥ ਭੋਗੀ ਨ ਰੋਗੀ ਪ੍ਰਣਵਤ ਨਾਨਕ ਈਗਰ ਬਾਲੇ॥ ਓਅੰਕਾਰ ਪ੍ਰਗਾਸਿਆ ਤਾਂ ਮਿਟਗਏ ਜੰਜਾਲੇ ॥ ਤਾਂ ਫੇਰ ਗੋਰਖ ਨਾਥ ਬਚਨ ਬੋਲਿਆ॥ ਮੁਦ੍ਰਾ ਪਹਿਰੋ ਝੋਲੀ ਲੇਵਹੁ ਮਸਤਕ ਧੂੜ ਲਗਾਵੋ ॥ ਸਦਾ ਅਜੀਤ ਕਾਇਆਂ ਰਹਿਸੀ ਖਿੰਥਾ ਅੰਗ ਹਢਾਵੋ ॥ ਹਾਥ ਫਹੋੜੀ ਡੰਡਾ ਰਾਖਉ ਤਉ ਸਿੱਧਾ ਪਰਤੀਤਾ ॥ ਮੇਲ ਮਿਲਾਵਉ ਸਿੱਧ ਜਮਾਤੀ ਇਉਂ ਸਗਲਾ ਜਗ ਜੀਤਾ ॥ ੧

CC-0. Gurukul Kangri University Haridwar Collection. Digitized by S3 Foundation USA

INTERNET // ABHINAV GAUR //

ਆਦੇਸ ਕਹਿਓ ਆਦੇਸ ਸਭ ਸਿੱਧਾਂਕਉ ਆਦੇਸ॥੧॥ਰਹਾਉ॥ਭਗਤਿਲੇਹ ਭੰਡਾਰਾ ਭੋਗਹੁ ਮੁਖਤੇ ਨਾਦ ਵਜਾਵਹੋ॥ ਨਾਥਾਂ ਨਾਉ ਹੋਇਕੈ ਬੈਠੋ ਜੁਗ ਜੁਗ ਰਿਧ ਸਿੱਧ ਲਗਾਵੋ॥ਸਗਲ ਸਿੱਧ ਤੁਮ ਆਗਜਾਕਾਰੀ ਜੋਗ ਸੰਜੋਗੀ ਪਾਵੋ॥ ਏਕ ਮਾਂਉ ਕੇ ਪੂਤਾ ਹੋਵੋ ਜੋਗ ਜੁਗਤਿ ਕੇ ਚੇਲੇ ॥ ਸਾਰੀਕੇ ਭੰਡਾਰੀ ਹੋਵੋ ਦੀਵਾਨ ਤੁਮਾਰੇ ਸਗਲੇ ॥ ਤੁਮ ਸਿਰ ਊਪਰ ਅਵਰ ਨ ਕੋਈ ਹੋਇ ਰਹੋ ਪਰਧਾਨਾ॥ਹੁਕਮ ਤੁਮਾਰਾ ਸਭ ਊਚਾ ਇਉਂ ਚਲਹੈ ਫੁਰਮਾਨਾ ॥੩॥ ਖੰਡ ਖੰਡਮਹਿ ਆਸਨਬੈਠੋ ਲੋਇਲੋਇ ਚਲੈ ਭੰਡਾਰਾ॥ਲੱਖ ਚੁਰਾਸੀ ਬਚਨ ਮੈਂ ਬਾਂਧੋਂ ਰਸਨਾ ਏਕ ਉਚਾਰਾ ॥ ਕਰਕਰ ਦੇਖੋ ਆਪਨਾ ਆਪੈ ਸਮਝੋ ਹਿਵੈ ਬਿਚਾਰੀ ॥ ਪ੍ਰਣਵਤ ਗੋਰਖ ਸੁਣਹੋ ਨਾਨਕ ਐਸੀ ਕਾਰ ਤੁਮਾਰੀ॥ਤਾਂ ਗੁਰੂਨਾਨਕਜੀ ਜਪਜੀ ਸਾਹਿਬਦੀਆਂ ਪਉੜੀਆਂ ਉਚਾਰਨ ਕੀਤੀਆਂ॥

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ ਧਿਆਨਕੀ ਕਰਹਿ ਬਿਭੂਤਿ॥ ਖਿੰਥਾ ਕਾਲ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤਿ॥ ਆਈ ਪੰਥੀ ਸਗਲ ਜਮਾਤੀ ਮਨਿਜੀਤੇ ਜਗੁ ਜੀਤੁ॥ ਆਦੇਸੁਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁਜੁਗੁ ਏਕੋ ਵੇਸੁ॥੧॥ ਭੁਗਤਿ ਗਿਆਨੁ ਦਇਆ ਭੰਡਾਰਣਿ ਘਟਿ ਘਟਿ ਵਾਜਹਿ ਨਾਦ॥ ਆਪਿ ਨਾਥੁ ਨਾਥੀ ਸਭ ਜਾਕੀ ਰਿਧਿ ਸਿਧਿ ਅਵਰਾ ਸਾਦਿ॥ ਸੰਜੋਗੁ ਵਿਜੋਗੁ ਦੁਇਕਾਰ ਚਲਾਵਹਿ ਲੇਖੇ ਆਵਹਿ ਭਾਗ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲ ਅਨਾਦਿ ਅਨਾਹਤਿ ਜੁਗੁਜੁਗੁ ਏਕੋ ਵੇਸੁ ॥੨॥ ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ਇਕੁ ਸੰਸਾਰੀ ਇਕ ਭੰਡਾਰੀ ਇਕ ਲਾਏ ਦੀ ਬਾਣੁ॥ ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਉ ਹੋਵੈ ਫੁਰਮਾਣੁ॥ ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥ ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੩ ॥ ਆਸਣੁ ਲੋਇ ਲੋਇ ਭੰਡਾਰ॥ਜੋ ਕਿਛੁ ਪਾਇਆ ਸੁ ਏਕਾ ਵਾਰ॥ਕਰਿਕਰਿਵੇਖੈ ਸਿਰਜਣਹਾਰੁ॥ ਨਾਨਕ ਸਚੇ ਕੀ ਸਾਚੀ ਕਾਰ ॥ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ ਜੁਗੁ ਜੁਗੁ ਏਕੋ ਵੇਸੁ ॥ ੪ ॥

ਏਹ ਸੁਣਕੇ ਸਭ ਦੀ ਨਿਸ਼ਾ ਹੋਈ ਤਾਂ ਗੋਰਖਨਾਥ ਨੇ ਬਚਨ ਕੀਤਾ ਅਰੇ ਨਾਨਕ ਬਾਲੇ ਕਿਉਂਕਰ ਆਇਆ ਹੈਂ ਤੇਰਾਕਉਨ ਮਨੋਰਥ ਥਾ ਤੂੰ ਆਪਣਾ ਮਨੋਰਥ ਆਖ ਹਮ ਪੂਰਾ ਕਰਹਿੰਗੇ ॥ ਗੁਰੂ ਨਾਨਕ ਜੀ ਵਾਚ ॥ ਏਕ ਮਨੋਰਥ ਕੀਆ ਪੂਰਾ ॥ ਜਬ ਹਮ ਕਉ ਮਿਲਿਆ ਸਤਿਗੁਰ ਸੂਰਾ ॥ ਅਵਰ ਮਨੋਰਥ ਰਹਿਓ ਨ ਕੋਈ ॥ ਸਿੱਧ ਬੁੱਧਿਭਰਮੇ ਸਭ ਲੋਈ ॥ ਸੁਨ ਗੋਰਖ ਤੁਝ ਦੀਖਿਆ ਦੇਉਂ ॥ ਪ੍ਰਣਵਤ ਨਾਨਕ ਸਚ ਸਮੇਉਂ ॥ ਤਾਂ ਗੋਰਖਨਾਥਚੁੱਪਕਰਰਹਿਆ ਤਾਂ ਮਗਲਨਾਥਨੇ ਕਹਿਆ ਕਿਉਂ ਗੁਰੂ ਗੋਰਖਜੀ ਨਾਨਕ ਤਪੇ ਕਉ ਉਪਦੇਸ਼ ਕੀਆ ਤਾਂ ਗੋਰਖਨਾਥ ਨੇ ਕਹਿਆ ਮੰਗਲਨਾਥ ਜੀ ਹਮ ਉਸ ਕਉ ਦੇਖਤੇਥੇਜਾਂਦੇਖਿਆਤਾਂਪੂਰਨ ਪੁਰਖ ਹ ਤਾਂ ਮੰਗਲਨਾਥ ਨੇ ਕਹਿਆ ਗੋਰਖਨਾਥ ਜੀ ਜੈਸਾ

CC-0. Gurukul Kangri University Haridwar Collection. Digitized by S3 Foundation USA

ਦੇਖੀਏ ਤੈਸਾ ਬਖਾਨੀਐ ਫ਼ਕੀਰੀ ਕਾ ਬਿਰਧ ਐਸਾ ਹੈ ਤਾਂ ਗੋਰਖ ਕਹਿਆ ਮੰਗਲ ਨਾਥ ਜੀ ਤੁਮਸੱਤਬਚਨਕਰਤੇਹੋ ਪਰਉਪਦੇਸ਼ਐਸਾਹੀਚਾਹੀਏ ॥ ਤਾਂ ਮਰਦਾਨੇ ਕਹਿਆ ਗੁਰੂ ਜੀਕਾਈਆਗੇਭੀ ਜਾਹਗਾਹੈ ਤਾਂਸ੍ਰੀਗੁਰੂਨਾਨਕ ਜੀ ਆਖਿਆ ਮਰਦਾਨਾ ਅੱਗੇ ਬਡੀਆਂ ਜਾਹਗਾਹਨ ਤਾਂ ਮਰਦਾਨੇ ਆਖਿਆ ਗੁਰੂਜੀ ਅੱਗੇ ਭੀ ਚਲਹੁ ਜੀ ਤਾਂ ਗੁਰੂਨਾਨਕ ਜੀ ਆਖਿਆ ਕਿਉਂਭਾਈਬਾਲਾ ਤੇ ਮੈਂ ਆਖਿਆ ਗੁਰੂਜੀਤੁਸਾਡੀਰਜ਼ਾਇ ਤਾਂਗੁਰੂਜੀ ਆਖਿਆ ਮਰਦਾਨਾਚਲਦੇਹਾਂ ਮਰਦਾਨੇਕਿਹਾ ਤੁਸੀਜੋਆਖਦੇਸੋ ਨਉਨਾਥਛੇਅਜਤੀ ਚੁਰਾਸੀ ਸਿੱਧ ਹੈਨਸੋ ਉਨ੍ਹਾਂਦੇ ਕਿਆਨਾਉਂ ਹੈਨ ਤਾਂ ਗੁਰੂਨਾਨਕ ਜੀ ਆਖਿਆ ਮਰਦਾਨਾ ਤੈਨੂੰ ਨਾਥਾਂ ਦੇ ਤੇ ਛਿਅਜਤੀਆਂਦੇ ਤੇਚੁਰਾਸੀ ਸਿੱਧਾਂਦੇਸਭਨਾਂਦੇ ਨਾਮਸੁਣਾਵਾਂਗੇਤੂੰ ਉਤਾਵਲਾ ਨ ਹੋ ਇਤਨੀਬਾਰਤਾਹੋਂਦੀਆਹੀ ਮਰਦਾਨੇਦੇਨਾਲ ॥ ਬੋਲਹੁ ਭਾਈ ਜੀ ਵਾਹਿਗੁਰੂ ॥ ੪੫ ॥

ਸਾਖੀ ਪ੍ਰਾਣਕਾ ਸਿੱਧ ਨਾਲ ਹੋਈ

ਤਾਂਪ੍ਰਾਣਕਾਨਾਥਨੇ ਆਪਣੇਆਸਣ ਉੱਤੋਂ ਉਠਕੇ ਆਇ ਬਚਨ ਕੀਤਾ ॥ ਕਤੰਚ ਭੁਗਤਾ ਕਤੰਚ ਜੁਗਤਾ ਕਤੰਚ ਰਹਿਬੋ ਅਰੋਗੀ ॥ ਕਤੰਚਲੱਛਨ ਕਤੰਚਅਲੱਛਨ ਪਾਇਬੋ ਜੋਗੀ ॥ ਸੁਣਹੋ ਨਾਨਕ ਪ੍ਰਾਣ ਨਾਥ ਪੂਛੈ ਦੇਹੁ ਜਵਾਬ ਨਾਨਕ ਤਪਾ ॥ ੧ ॥ ਗੁਰੂ ਨਾਨਕ ਜੀ ਵਾਚ ॥ ਨਾਮ ਭੁਗਤਾ ਸਤਿ ਜੁਗਤਾ ਦ੍ਰਿੜੰਤ ਰਹਿਬੋ ਅਰੋਗੀ ॥ ਪੀ ਅਲੱਛਣ ਉਪਦੇਸ਼ ਲੱਛਣ ਪ੍ਰੇਮ ਪਾਇਬੋ ਜੋਗੀ ॥ ਸੁਣਹੋ ਪ੍ਰਾਣ ਤਪਾ ਧੰਨ ਸਤਿਗੁਰ ਸੁਧਗਤਾ ॥ ਪ੍ਰਣਵੇ ਨਾਨਕ ਤਪਾ ਲੈਹੁ ਜਬਾਬ ਸਿੱਧਾ ॥ ੨ ॥ ਪ੍ਰਾਣਕਾ ਵਾਚ ॥ ਧੰਨ ਹੋ ਤਪਾ ਪ੍ਰਣਵੈ ਪ੍ਰਾਣਪਤ ਧੰਨਸਤਿਗੁਰ ਸਿਧਗਤਾ ॥ ੩ ॥ ਏਹ ਬਚਨ ਕਹਿਕਰ ਪ੍ਰਾਣਕਾਨਾਥ ਗੁਰੂ ਨਾਨਕਜੀ ਦੇ ਚਰਨਾਂ ਨੂੰ ਉਠ ਢਉੜਿਆ ਤਾਂ ਸ੍ਰੀ ਗੁਰੂ ਨਾਨਕ ਜੀ ਉਸਦੇ ਹੱਥ ਪਕੜਲੀਤੇਤਾਂਦੋਹਾਂਆਪਸ ਵਿਚ ਬੰਦਨਾ ਕੀਤੀ ਤੇਬਹੁਤ ਪ੍ਰਸੰਨਹੋਏਤਾਂ ਪ੍ਰਾਣ ਨਾਥ ਬਚਨ ਕੀਤਾ ਸੁਣੋਨਾਨਕਤਪਾਜੀ ਆਜ ਹਮਕੋ ਨਿਰੰਜਨਪੁਰਖ ਨਿਰੰਜਨਕਾ ਦਰਸਨ ਹੂਆ ਹੈ ਤਪਾਜੀ ਇਸਬਚਨਵਿਚ ਭਿੰਨਭੇਦ ਕੁਛਨਹੀਂ ਤੁਮਾਰੇਮੇਂ ਅਰ ਨਿਰੰਜਨਵਿੱਚ ਜੋ ਭੇਦ ਜਾਨਤਾਹੈ ਸੋ ਜੋਗੀਨਹੀਂ ਹਮਤੋਐਸੇਹੀਜਾਨਤੇਹੈਂ ਜੋਤੁਮ ਨਿਰੰਜਨਕੀ ਮੂਰਤਿ ਸੱਤ ਪ੍ਰਤੀਤਕਰਕੇ ਜਾਨਤੇਹੈਂ ਤਾਂਪ੍ਰਾਣਨਾਥ ਕਹਿਆਆਪ ਊਪਰ ਨਿਰੰਜਨ ਕੀ ਅਤਿ ਕਿਰਪਾ ਹੈ ਤਾਂ ਪ੍ਰਾਣਨਾਥ ਆਪਣੇਆਸਣ ਊਪਰਜਾਇ ਬੈਠਾ ਤਾਂਮੰਗਲਨਾਥ ਨੇ ਕਹਿਆ ਕਿਉਂ ਪ੍ਰਾਣਨਾਥ ਜੀ ਨਾਨਕਤਪਾਦੇਖਿਆਹੈ ਤਾਂਪ੍ਰਾਣਨਾਥਕਹਿਆਹਾਂਮੰਗਲਨਾਥਜੀਜੈਸਾ ਤੁਮ ਆਖਤੇਥੇ ਤੈਸਾਹੀ ਹੈ ਹਮਤੋ ਏਹੀ ਜਾਣਿਆ ਹੈ ਜੋ ਨਿਰੰਕਾਰ ਕਾ ਹੀ ਦਰਸ਼ਨਕੀਆਹੈ ਆਗੇਤੁਮਾਰੀ ਤੁਮਜਾਣੋ ਤਾਂਮੰਗਲਨਾਥਕਹਿਆ ਸੁਣੋ ਪ੍ਰਾਣਨਾਥ ਜੀ ਜੋ ਸੰਤ ਨਿਰੰਕਾਰ ਕੇਕੀਤੇਹੋਏਹੈਨ ਉਨ੍ਹਾਂਵਿੱਚ ਤੇ ਨਿਰੰਕਾਰਵਿੱਚਭੇਦਕੋਈਨਾਹੀਂ ਤਾਂਪ੍ਰਾਣਨਾਥਨੇ ਕਹਿਆ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਮੰਗਲ ਨਾਥ ਜੀ ਆਪ ਪੂਰਨ ਬਚਨ ਕਰਤੇ ਹੋ ਤਾਂ ਮਰਦਾਨੇ ਆਖਿਆ ਗੁਰੂ ਜੀ ਏਹ ਜੋ ਪ੍ਰਾਣ ਨਾਥ ਆਹਾ ਸੋ ਉੱਚੇ ਬਚਨ ਕਰਦਾ ਆਹਾ ਤਾਂ ਸ੍ਰੀ ਗੁਰੂਨਾਨਕ ਜੀ ਆਖਿਆ ਸੁਣ ਮਰਦਾਨਾ ਜਿਨਾਂ ਉਪਰ ਕਰਤਾਰ ਦੀ ਕ੍ਰਿਪਾ ਹੁੰਦੀ ਹੈ ਸੋ ਏਹੋ ਜੇਹੇ ਬਚਨ ਕਰਦੇ ਹੈਨ ਸੋ ਕਚ ਪਿਚ ਨਾਹੀਂ ਬੋਲਦੇ ਏਹ ਅਸਲੀਨਾਥ ਆਹਾ ਤਾਂ ਮਰਦਾਨੇ ਆਖਿਆ ਗੁਰੂ ਜੀ ਹੁਣ ਤਾਂ ਅਸਲੀਨਾਥਾਂ ਦੇ ਨਾਮ ਦੱਸੋ ਤਾਂ ਗੁਰੂਨਾਨਕ ਜੀ ਕਹਿਆ ਸੁਣ ਮਰਦਾਨਾ ਨਾਥਾਂ ਦੇ ਨਾਮ ਗੋਰਖਨਾਥ ੧ ਮਛੰਦ੍ਰਨਾਥ ੨ ਚਰਪਟਨਾਥ ੩ ਮੰਗਲਨਾਥ ੪ ਘੁੱਘੂਨਾਥ ੫ ਗੋਪੀਨਾਥ ੬ ਪ੍ਰਾਣਕਾਨਾਥ ੭ ਸੁਰਤਨਾਥ ੮ ਕੰਬਾਨਾਥ ੯ ॥ ਸੁਣ ਮਰਦਾਨਾ ਏਹ ਨਉਂ ਨਾਥ ਹੈਨ ਹੋਰ ਨਾਥ ਆਖਣ ਨੂੰ ਬਹੁਤੇਰੇ ਹੈਨ ਤਾਂ ਫੇਰ ਮਰਦਾਨੇ ਆਖਿਆ ਜੀ ਛਿਅ ਜਤੀ ਕੇਹੜੇ ਹੈਨ ਤਾਂ ਗੁਰੂਨਾਨਕ ਜੀ ਆਖਿਆ ਸੁਣ ਮਰਦਾਨਾ ਪ੍ਰਥਮ ਗੋਰਖ ਜਤੀ ਹੈ ੨ ਦੂਜੇ ਦੱਤ ਜਤੀ ੨ ਤੀਸਰਾ ਹਨੵਵੰਤ ਜਤੀ ੩ ਚਉਥੇ ਹੈਰੋ ਜਤੀ ੪ ਪੰਜਵਾਂ ਲਛਮਨ ਜਤੀ ੫ ਛੇਵਾਂ ਭੀਖਮ ਜਤੀ ੬ ਸੁਣ ਮਰਦਾਨਾ ਏਹ ਛੇ ਅ ਜਤੀ ਹੈਨ ਹੋਰ ਆਖਨ ਨੂੰ ਬਹੁਤੇ ਦੇ ਹੈਂ ਤਾਂ ਮਰਦਾਨੇ ਆਖਿਆ ਜੀ ਚਉਰਾਸੀ ਸਿੱਧ ਕਹੀਦੇ ਹੈਨ ਸੋ ਕੇਹੜੇ ਹੈਨ ਤਾਂ ਗੁਰੂਨਾਨਕ ਜੀ ਆਖਿਆ ਮਰਦਾਨਾ ਸੁਣ ॥ ਭੰਗਰ ੧ ਸੰਗਰ ੨ ਲੰਗਰ ੩ ਝੰਗਰ ੪ ਊਰਮਪ ਪੂਰਮ ੬ ਕਨੀਫਾ ੭ ਹਨੀਫਾ ੮ ਲਹੁਰੀਪਾ ੯ ਸਾਗਰ ੧੦ ਮੰਗਰ ੧੧ ਰਾਜੀਰਤਨ ੧੨ ਪੂਰਨਨਾਸਕਾ ੧੩ ਬਿਬਾਲਕਾ ੧੪ ਜਾਲਕਾ ੧੫ ਖਿੰਧੜਾ ੧੬ ਨਿਰਤਾ ੧੭ ਸੁਰਤਾ ੧੮ ਕੇਵਲਕਰਨ ੧੯ ਸਿਮਤਾ ੨੦ ਗਵਨਗਲ ੨੧ ਅਸਰਨਿਧ ੨੨ ਚਤਰਬੈਨ ੨੩ ਰਾਉਐਨ ੨੪ ਮੇਲਕਰਨ ੨੫ ਅਉਗੜ ੨੬ ਪਰਬਤ ੨੭ ਈਸਰ ੨੮ ਭਰਥਰੀ ੨੯ ਭੂਤਵੇ ੩੦ ਕਰਨਸੰ ੩੧ ਸ਼ੰਭੂ ੩੨ ਪਲਕਨਿਧ ੩੩ ਅੱਛਰਦੈਨ ੩੪ ਪਿਪਲਕਾ ੩੫ ਸੋਰਮਾ ੩੬ ਗਿਰਬੋਧ ੩੭ ਸਾਲਕਾ ੩੮ ਕੇਸਰਕਰਨ ੩੯ ਗੈਲਸਾ ੪੦ ਅਗਨਿਧਾਰ ੪੧ ਮੁਕਤੀਸਰ ੪੨ ਚਲਨ ਨਾਚਤੋ ੪੩ ਸੂਰਐਨ ੪੪ ਸਿੱਧਸੈਨ ੪੫ ਗਿਰਵਰ ੪੬ ਜੋਤਲਗਨੀ ੪੭ ਗੋਤਮਗਨੀ ੪੮ ਬਿਮਲਜੋਤ ੪੯ ਸੀਤਲਜਲ ੫੦ ਅਘਰਘਰ ੫੧ ਭੁਲਸਜੋਰ ੫੨ ਪ੍ਰਭਪਾਨ ੫੩ ਅਕਾਰ ਨਿਰ ੫੪ ਭੋਲਸਾਰ ੫੫ ਰਾਮਕੁਆਰ ੫੬ ਕ੍ਰਿਸ਼ਨਕੁਆਰ ੫੭ ਬਿਸਨਪਤਿ ੫੮ ਸੰਕਰਜੋਗ ੫੯ ਬ੍ਰਹਮਜੋਗ ੬੦ ਮੀਰਹੁਸੈਨ ੬੧ ਨੀਰਜੰਬੀਲ ੬੨ ਕਲੰਦਰਨੈਨ ੬੩ ਨਲਿੰਦ੍ਰਨੈਨ ੬੪ ਸੁਰਸਤੀ ੬੫ ਗੁਵਰਧਨ ੬੬ ਗੁਫਾਲਾਸ਼ੀ ੬੭ ਅਕਲਨਾਸ਼ੀ ੬੮ ਕਲਕ ਸਗੀ ੬੯ ਏਕਰੰਗੀ ੭੦ ਕੇਵਲਕਰਮੀ ੭੧ ਕਰਮਨਾਸੀ ੭੨ ਕੁਲਬਿਬਾਸੀ ੭੩ ਮੂਲਮੰਤ੍ਰੀ ੭੪ ਜੋਗਦੰਤੀ ੭੫ ਜੋਗਹਰੇ ੭੬ ਈਸਰਪ੍ਰੀ ੭੭ ਆਪਰੂਪੀ ੭੮ ਕਲੇਸ਼ਰੂਪ ੭੯ ਰਹੀਮਜੋਗੀ ੮੦ ਖਲਾਸਮੁਗਲਾ ੮੧ ਕਿਦਾਰਜੋਗੀ ੮੨ ਸੰਭਾਲਕਾ ਕਹੀਐ ੮੩ ਜੋਗੀਬਚਿਤ੍ਰ ਕਹੀਐ ੮੪ ਸੁਣ ਮਰਦਾਨਾ ਏਹ ਚੁਰਾਸੀ ਸਿੱਧਾਂਦੇ ਨਾਉਂ ਹੈਂ ਤਾਂ ਮਰਦਾਨੇ ਆਖਿਆ ਜੀ ਨਾਥਾਂਦੀ ਭੀ ਨਿਸ਼ਾਨੇਈ ਅਤੇ ਸਿੱਧਾਂਦੀ ਭੀ ਨਿਸ਼ਾਨੇਈ ਤੇ ਰੁ ਰੂਜੀ ਜਤੀਆਂ

CC-0. Gurukul Kangri University Haridwar Collection. Digitized by S3 Foundation USA

ਦੀ ਨਿਸ਼ਾਨ ਹੋਈ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਮਰਦਾਨਾ ਕਿਉਂ ਨ ਨਿਸ਼ਾ ਹੋਈ ਜੋ ਕੁਛ ਤੇਰੇ ਜੀ ਵਿਚ ਆਵੇ ਮਰਦਾਨਾ ਸੋ ਪੁੱਛ ਲੈ ਤਾਂ ਮਰਦਾਨੇ ਆਖਿਆ ਗੁਰੂ ਜੀ ਤੁਸੀ ਆਖਦੇ ਹੋ ਜੋ ਛੇ ਜਤੀ ਹੈਨ ਅਤੇ ਜਿਨਾਂ ਗ੍ਰਿਸਤ ਕਦੀ ਨਹੀਂ ਕੀਤਾ ਅਤੇ ਇਸਤ੍ਰੀ ਦੇ ਨੇੜੇ ਕਦੇ ਨਹੀਂ ਗਏ ਅਜੇਹੇ ਤਾਂ ਬਹੁਤ ਹੈਨ ਗੁਰੂ ਜੀ ਏਹ ਅਰਮਾਨ ਮੈਨੂੰ ਰਹਿਆ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਭਲਾ ਪੁੱਛਿਓਈ ਸੁਣ ਮਰਦਾਨਾ ਏਹ ਛਿ ਅਜਤੀ ਹੈਨ ਸੋ ਸੱਚੇ ਹੈਨ ਅਤੇ ਹੋਰਨਾਂ ਦੀ ਬਿੰਦ ਜਾਂਦੀ ਹੈ ਸੋ ਜਤੀ ਨਹੀਂ ਆਖੀ ਦੇ ਤਾਂ ਮਰਦਾਨੇ ਆਖਿਆ ਗੁਰੂ ਜੀ ਓਹ ਤਾਂ ਮੈਥਨ ਨਾਹੀਂ ਕਰਦੇ ਉਨਾਂ ਦੀ ਬਿੰਦ ਕਿਉਂ ਕਰ ਜਾਂਦੀ ਹੈ ਤਾਂ ਸ੍ਰੀ ਗੁਰੂ ਜੀ ਇਕ ਸ਼ਲੋਕ ਕਹਿਆ॥

ਸ਼ਲੋਕ ॥ ਨਵੇਂ ਸਤ ਦਸਵੇਂ ਸਤ ਯਾਰ੍ਹਵੇਂ ਇਉਂ ਜਾਲਾ ॥ ਪ੍ਰਣਵੈ ਨਾਨਕ ਸੁਣਹੁ ਮਰਦਾਨਾ ਪਿੰਡ ਗ੍ਰਸਤੀ ਕਾਲਾ ॥ ੧ ॥ ਤਾਂ ਗੁਰੂ ਨਾਨਕ ਜੀ ਆਖਿਆ ਸੁਣ ਮਰਦਾਨਾ ਨਵੇਂ ਦੁਆਰੇ ਬਿੰਦ ਜਾਂਦੀ ਹੈ ਜਤੀ ਸੋਈ ਕਹੀਦੇ ਹੈਨ ਜੋ ਸਭਨਾਂ ਦੁਆਰਿਆਂ ਦੇ ਖ਼ਬਰਦਾਰ ਹੈਨ ਅਤੇ ਮੈਥਨ ਨਕੀਤਾ ਤੇ ਮੂੰਹ ਦੇ ਰਾਹ ਨਿਕਲ ਗਈ ਤਾਂ ਜਤੀ ਨ ਹੀਂ ਕਹੀਦੇ ਜੇ ਸਭਨਾਂ ਦੁਆਰਿਆਂ ਨੂੰ ਥੰਮੇ ਤਾਂ ਜਤੀ ਹੋਂਦਾ ਹੈ ਮਰਦਾਨਾ ਤੈਨੂੰ ਓਹ ਛੇ ਜਤੀ ਕਹੇ ਹੈਨ ਜਿਨਾਂ ਕਿਸੇ ਦੁਆਰੇ ਜਾਣ ਨਹੀਂ ਦਿੱਤੀ ਤਾਂ ਮਰਦਾਨੇ ਕਹਿਆ ਜੀ ਹੋਰਨਾਂ ਦੁਆਰਿਆਂ ਰਾਹ ਕਿਸ ਤਰਾਂ ਜਾਂਦੀ ਹੈ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਮੂੰਹੋਂ ਗੰਦ ਮੰਦ ਬੋਲਦੇ ਹੈਨ ਤਾਂ ਮੂੰਹ ਰਾਹ ਜਾਂਦੀ ਹੈ ਜੇ ਕਾਈ ਭਲੀ ਸੂਰਤ ਦੇਖਦੇ ਹੈਨ ਤਾਂ ਅੱਖੀਂ ਰਾਹ ਜਾਂਦੀ ਹੈ ਜੇ ਕੰਨਾਂ ਕਰਕੇ ਕੋਈ ਵਿਸ਼ੇ ਦੀ ਗੱਲ ਸੁਣੀ ਤਾਂ ਕੰਨਾਂ ਰਾਹ ਜਾਂਦੀ ਹੈ ਜੇ ਕੋਈ ਸੁਗੰਧ ਲੈਂਦਾ ਹੈ ਤਾਂ ਮਗ਼ਜ਼ ਬਿੰਦ ਸੜ ਜਾਂਦੀ ਹੈ ਤੇ ਜੇ ਕਾਈ ਭਲੀ ਸੂਰਤ ਦੇਖੀ ਤਾਂ ਸੁੱਤਿਆਂ ਸੁਪਨੇ ਵਿਖੇ ਇੰਦ੍ਰੀ ਦੇ ਰਸਤੇ ਚਲੀ ਗਈ ਸੋ ਮਰਦਾਨਾ ਅਸਾਂ ਜੋ ਤੈਨੂੰ ਏਹ ਛਿ ਅ ਜਤੀ ਆਖੇ ਹੈਨ ਸੋ ਏਨਾਂ ਕਿਸੇ ਰਾਹ ਨਹੀਂ ਜਾਣ ਦਿੱਤੀ ਏਹ ਜਤੀ ਅਸਲੀ ਹੈਨ ਤਾਂ ਮਰਦਾਨੇ ਆਖਿਆ ਗੁਰੂ ਜੀ ਜਤੀਆਂ ਦੀ ਭੀ ਨਿਸ਼ਾ ਹੋਈ ਤਾਂ ਫੇਰ ਮਰਦਾਨੇ ਆਖਿਆ ਹੁਣ ਤਾਂ ਅੱਗੇ ਚਲੋ ਜੀ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਿਆਂ ਅੱਗੇ ਭੀ ਚਲਦੇ ਆ ਹੇ ਤਾਂ ਗੋਪੀਨਾਥ ਮੰਗਲਨਾਥ ਨੂੰ ਕਹਿਆ ਮੰਗਲਨਾਥ ਜੀ ਨਾਨਕ ਤਪਾ ਰਮਦੇ ਹੈਨ ਤਾਂ ਮੰਗਲਨਾਥ ਨੇ ਆਖਿਆ ਗੋਪੀਨਾਥ ਜੀ ਕਿਵੇਂ ਰਹਿਣ ਤਾਂ ਦੱਖੋ ਜੀ ਐਸਾ ਸਾਧ ਜੋਗੀਸ਼ਰ ਤਾਂ ਰਹਿਣ ਕੀ ਲਾਇਕ ਹੈ ਤਾਂ ਗੋਪੀਚੰਦ ਨੇ ਕਹਿਆ ਜੀ ਤੁਸੀ ਆਖੋ ਤਾਂ ਮੰਗਲਨਾਥ ਤੇ ਘੁੱਘੂ ਨਾਥ ਤੇ ਗੋਪੀਚੰਦ ਤੇ ਗੋਰਖਨਾਥ ਤੇ ਪ੍ਰਾਣਕਾਨਾਥ ਇਨਾਂ ਸਭਨਾਂ ਮਿਲਕਰ ਆਖਿਆ ਹੇ ਨਾਨਕ ਤਪਾ ਜੀ ਤੁਮ ਕਿਉਂ ਰਮਤੇ ਹੋ ਈਹਾਂ ਹੀ ਰਹੋ ਸਿੱਧ ਮੰਡਲੀ ਮੇਂ ਗੁਜਾਰਾ ਕਰੋ ਤੁਮਾਰਾ ਤਾਂ ਜੰਜਾਲ ਕੋਈ ਨਾਹੀਂ ਤਾਂ ਸ੍ਰੀ ਗੁਰੂ ਨਾਨਕ ਜੀ ਇਕ ਸ਼ਬਦ ਕਹਿਆ ॥

ਰਾਗ ਆਸਾ ਮਹਲਾ ੧ ॥ ਏਕ ਜੰਜਾਲ ਹਮਾਰਾ ਕਹੀਐ ਸਾਧ ਮੂਰਤ ਕੇ ਪਰਸਣਿ ॥ ਲਾਖ ਚਉਰਾਸੀ ਹਮਤੇ ਛੂਟੀ ਏਕ ਸਤਿਗੁਰ ਕੇ ਦਰਸਨਿ ॥੧॥ ਸੁਨ ਸਿਧੋ ਭਾਈ ਮੇਰੇ ॥ ਸਤਿਗੁਰ ਮਿਲੇ ਤਾਂ ਹੋਇ ਨਿਬੇਰੇ ॥ ੧ ॥ ਰਹਾਉ ॥ ਆਸਣ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਬੈਸਣਹਮਤੇਛੂਟੇਛੂਟੇਖਰਮਨਿਜਾਰਾ ॥ ਸਗਲੇ ਬੰਧਨ ਪਗ ਤੇ ਕਾਟੇ ਪਾਏ ਮੋਖ ਦੁਆਰਾ ॥ ੨ ॥ ਏਕੰਕਾਰ ਪਰਨਦਰ ਹਮਾਰੀ ਦੂਜਾਚਿਤ ਨ ਧਾਰੋ॥ ਦਸਅਵਤਾਰ ਅਵਰ ਸਭ ਦੇਵਤੇ ਵਾਰਵਾਰ ਕਰਤਾਰੋ ॥੩॥ ਪ੍ਰੇਮ ਪ੍ਰੀਤਕੇ ਭੋਜਨ ਮੇਰੇ ਸਹਿਜ ਰੰਗਮਹਿਖੇਲੋ ॥ ਪ੍ਰਣਵੈਨਾਨਕਸੁਣਹੁ ਸਿੱਧੋਨਾਥੋ ਸ਼ਿਵਸ਼ਕਤੀ ਇਵ ਮੇਲੋ ॥੪॥

ਤਾਂਮੰਗਲਨਾਥ ਆਖਿਆ ਨਾਨਕਤਪਾ ਜੀ ਤੁਮਕੋ ਨਿਰੰਜਨ ਨੇ ਐਸਾ ਹੀ ਕੀਆ ਹੈ ਪਰ ਹਮਤਾਂਆਪਣੇਵਾਸਤੇ ਕਹਿਤੇਹਾਂ ਜੋਤੁਮ ਸਾਧ ਮੂਰਤਿ ਹੋ ਤੁਮਾਰਾ ਦਰਸ਼ਨ ਦੁਰਲੱਭ ਹੈ ਤਾਂਗੁਰੂਨਾਨਕਜੀ ਕਹਿਆ ਮੰਗਲਨਾਥ ਜੀ ਮੁਖਤੇ ਕਹਿਨੇ ਕੀ ਬਾਤ ਨਾਹੀਂ ਮੁਖ ਥੀਂ ਕਹਿਆ ਬਿਲਾਸਹੋਤਾਹੈ ਪਰਹੁਣਹਮਕੋ ਆਪ ਰਜ਼ਾਇਦੇਵੋਜੀ ਤਾਂ ਮੰਗਲਨਾਥ ਤੇ ਘੁੱਘੂ ਨਾਥ ਤੇ ਗੋਪੀਨਾਥ ਏਨਾਂ ਤਿਹਾਂ ਨੇ ਆਖਿਆ ਨਾਨਕ ਤਪਾਜੀ ਤੁਮਕੋ ਨਿਰੰਕਾਰ ਜੀਕੀ ਰਜ਼ਾਇ ਹੈ ਜੀ ਤਾਂ ਸ੍ਰੀ ਗੁਰੂਅੰਗਦ ਜੀ ਮੈਂ ਤੇ ਮਰਦਾਨਾ ਅਤੇਸ੍ਰੀਗੁਰੂਨਾਨਕ ਜੀ ਤਿੰਨੇ ਸੁਮੇਰ ਤੋਂ ਅੰਤਰ ਧਿਆਨ ਹੂਏ ॥ ਬੋਲੋ ਭਾਈ ਜੀ ਵਾਹਿਗੁਰੂ ॥ ੪੬ ॥

ਆਗੇ ਸਾਖੀ ਬਿਆਰ ਪਰਬਤ ਕੀ ਚਲੀ

ਤਾਂ ਫੇਰ ਅਸੀ ਗੁਰੂ ਜੀ ਬਿਆਰ ਪਰਬਤ ਪਰ ਜਾਇ ਖੜੇ ਹੋਏ ਤਿੱਥੇ ਅੱਗੇ ਦੱਤਾਤ੍ਰੈਉ ਸੰਨਜਾਸੀਲੰਮਾਪਿਆਹੋਯਾਸੀ ਤਾਂ ਮਰਦਾਨੇ ਪੁੱਛਿਆ ਸ੍ਰੀ ਗੁਰੂਜੀ ਅਸੀ ਹੁਣ ਕਿੱਥੇ ਆਏ ਹਾਂਤਾਂਗੁਰੂਨਾਨਕਜੀ ਕਹਿਆ ਮਰਦਾਨਾ ਅਸੀ ਹੁਣ ਬਿਆਰ ਪਰਬਤ ਉਪਰਆਇ ਖੜੇ ਹੋਏਹਾਂਤਾਂ ਫੇਰਮਰਦਾਨੇਕਹਿਆਗੁਰੂ ਜੀ ਅਸੀ ਹੁਣ ਕਿਤਨੇ ਜੋਜਨ ਆਏ ਹਾਂ ਤਾਂ ਗੁਰੂ ਨਾਨਕਜੀ ਕਹਿਆ ਮਰਦਾਨਾ ਅਸੀ ਸਾਢੇਸੱਤਹਜ਼ਾਰਜੋਜਨ ਸੁਮੇਰ ਉਤੋਂ ਆਏ ਹਾਂ ਤਾਂ ਫੇਰ ਮਰਦਾਨੇ ਕਹਿਆਜੀ ਇੱਥੇਵੀਕੋਈ ਸਾਧਆਹਾ ਤਾਂਗੁਰੂਜੀਕਹਿਆਮਰਦਾਨਾ ਏਥੇ ਭੀ ਇਕਸਾਧ ਵਡਾ ਅਵਧੂਤ ਪੁਰਖਹੈ ਜਿਸਤਾਈਂ ਸੱਭ ਸੰਨਜਾਸੀ ਪੂਜਦੇ ਹੈਨ ਤਾਂ ਫੇਰ ਮਰਦਾਨੇਕਹਿਆਜੀ ਉਸਦਾ ਨਾਉਂਕਜਾਹੈ ਅਤੇਰਹਿੰਦਾ ਕਿੱਥੇਹੈ ਅਤੇ ਉਸਦਾ ਦਰਸ਼ਨ ਭੀਕਰੀਏਂਗੇ ਤਾਂਗੁਰੂਜੀਕਹਾ ਮਰਦਾਨਾਉਸਦਾ ਨਾਉਂਦੱਤਾਤ੍ਰੈਉ ਹੈ ਅਤੇ ਮਰਦਾਨਿਆਂ ਓਹਜੋਉੱਚੇਪਹਾੜਹੈਨ ਓਥੇਰਹਿੰਦਾਹਈ ਅਤੇਉਸਨੂੰ ਭੀ ਮਿਲਾਂਗੇ ਤਾਂ ਗੁਰੂਨਾਨਕ ਜੀ ਦੱਤਾਤ੍ਰੈਉਦੇਆਸਣਪਰ ਜਾਇਖੜੇਹੋਏ ਤਾਂਗੁਰੂਜੀ ਗੁਰੂਨਾਨਕ ਜੀ ਮੈਨੂੰ ਕਹਿਆ ਕਜੋਂ ਭਾਈਬਾਲਾ ਤਾਂਮੈਂਆਖਿਆਜੀ ਜਿਉਂ ਤੁਸਾਡੀ ਰਜ਼ਾਇ ਅਤੇ ਓਥੇ ਦੱਤਾਤ੍ਰੈਉ ਅਵਧੂਤ ਬਦੇਹ ਲੰਮਾਪਇਆਹੈ ਤਾਂਮਰਦਾਨੇ ਆਖਿਆਜੀ ਹੁਣ ਤਾਂ ਏਥੇ ਆਇਪਹੁੰਚੇ ਹਾਂ ਸੋਗੁਰੂ ਜੀ ਇਸ ਤਾਈਂ ਬੁਲਾਵੋ ਤਾਂ ਸਹੀ ਕਿਉਂ ਜੋ ਆਖਦੇ ਸਾਹੋ ਜੋ ਬੜਾਸਾਧਹੈ ਤਾਂ ਸ੍ਰੀ ਗੁਰੂ ਨਾਨਕ ਜੀਆਖਿਆ ਮਰਦਾਨਾ ਤੇਰਾ ਆਖਿਆ ਭੀ ਮੰਨਣਾ ਹੈ॥ ਸ੍ਰੀ ਗੁਰੂ ਜੀ ਵਾਚ ॥ ਹੋਂਦੀ ਦੇਹ ਬੋਲੇ ਕਿਉਂ ਨਾਹੀਂ ॥ ਸਮਝ ਦੇਖ ਅਪਨੇਮਨਮਾਹੀਂ ॥ ਜਬਲਗਦੇਹੀਤਬ ਲਗ ਆਸਾ॥ਇਉਂ ਨ ਹੋਇ ਪੂਰਨਸੀਨਿਆਸਾ॥ ਖੋਲ੍ਹ ਦ੍ਰਿਸ਼ਟ ਚਿਤ ਰਾਖੋ ਠਾਇ ॥ ਏਕ

CC-0. Gurukul Kangri University Haridwar Collection. Digitized by S3 Foundation USA

ਨਰਾਇਣਸਭਘਟਮਾਹਿ ॥ ਬਿਨਵੈਨਾਨਕਦੱਤਾਭ੍ਰਿਓ ॥ ਮੂਰਤਸਭੇਨਿਰੰਜਨਦੇਓ ॥ ੨ ॥ ਦੱਤਾਭ੍ਰਿਓ ਵਾਚ ॥ ਕੋਈ ਨਾਹੀਂ ਪਰ ਜੋਨ ਘਟ ਹੀ ਮਾਹੀ ॥ ਬੋਲਣ ਕਾ ਜੋ ਹੋਇ ਸੁਭਾਈ ॥ ਕਾਂਯਾਂ ਹਮਾਰੀ ਮੈਲ ਨ ਲਾਗੀ ॥ ਬੋਲਬਕਨ ਸੋਂ ਰਹੈਤਿਆਗੀ ॥ ਹਲ ਚਲ ਕਦੀਨਬਿਆਪੈਸੋਇ ॥ ਪੂਰਨਕ੍ਰਿਪਾਚਿਤਿਵਸਿਆਸੋਇ ॥ ਰੋਮਰੋਮ ਨਾਰਾਇਣਜਪਤਾ॥ ਕਾਹੇਕੋ ਰਸਨਾ ਕੌ ਬਕਤਾ ॥ ਦੱਤਕਹੈਸੁਣ ਨਾਨਕ ਤਪਾ ॥ ਆਪ ਛੋਡ ਹੋਇ ਰਹੁ ਅਜਪਾ ॥ ੨ ॥ ਗੁਰੂ ਨਾਨਕ ਜੀ ਵਾਚ ॥ ਅਜਪਾ ਕਹੀਐ ਸੋਈ ਜਪ ਦੀਸੈ ॥ ਕਿਉਂ ਨ ਜਪੀਐ ਪੂਰਨ ਜਗਦੀਸੈ ॥ ਜਪ ਕਰਤੇ ਅਜਪਾ ਹੋਇ ਜਾਵੈ ॥ ਤਬ ਕਾਂਇਆਂ ਨਿਰਮਲ ਹੋਇ ਆਵੈ ॥ ਬਿਨਸੈ ਕਾਂਯਾਂ ਤਬ ਏਕ ਨ ਧਿਆਇਆ ॥ ਜਬ ਲਗ ਕਾਂਇਆਂ ਤਬ ਲਗ ਧਿਆਨੀ ॥ ਨਾਨਕ ਬੋਲੈ ਸੱਚੀ ਬਾਣੀ ॥ ਸੁਣ ਦੱਤਾ ਭ੍ਰਿਉਭਗਵਾਨ ਪਰਾਣੀ ॥੩॥ ਦੱਤਾਭ੍ਰਿਓ ਵਾਚ ॥ ਜਾਪ ਜਪੈ ਜਪ ਦ੍ਰਿਸ਼ਟ ਨਾ ਆਵੈ ॥ ਦੇਖਿ ਅਦ੍ਰਿਸ਼ਟ ਤਬਿ ਜਾਪੁ ਭੁਲਾਵੈ॥ਕਾਂਯਾਂ ਥਾਕੀ ਰਸਨਾ ਥਾਕੀ ॥ ਆਪ ਨਰਾਇਣ ਹੋਯਾ ਸਾਖੀ ॥ ਨਾਕਿਛੁ ਜਪਨਾ ਨਾ ਕੁਛ ਤਪਨਾ ॥ ਦੱਤਕ ਹੈ ਸਭ ਏਕੋ ਥਪਨਾ॥ ਦੱਤ ਕਹੈ ਸੁਣ ਨਾਨਕ ਤਪਾ ॥ ਕਹੁ ਤੂੰ ਜਾਪ ਕਾਹੂੰ ਕਾ ਜਪਾ ॥ ੪ ॥ ਗੁਰੂ ਨਾਨਕ ਜੀ ਵਾਚ ॥ ਜਪਤਾ ਜਾਪ ਏਕੰਕਾਰਾ ॥ ਸਭਮੂਰਤਿ ਕੇ ਰਹਿਤ ਨਿਆਰਾ ॥ ਨਾਨਕਬੋਲੇ ਸਚ ਕੀ ਬਾਣੀ ॥ ਸੁਣਸੁਆਮੀ ਤੂੰ ਸਚ ਸਮਾਣੀ ॥ ੫ ॥ ਦੱਤਾਭ੍ਰਿਓ ਵਾਚ ॥ ਸੁਣ ਤਪਾ ਨਿਰੰਕਾਰ ਤੈਂ ਦੇਖਿਆ ਕਹੇ ਜੀ ਦੇਖਿਆ ਹੈ ॥ ਸੁਆਮੀ ਪੂਛੈ ਚਿਹਨ ਬਤਾਉ ॥ ਝੂਠ ਨ ਬੋਲੋ ਪਰਤੱਖ ਦਿਖਾਉ॥ ਬਿਨ ਦੇਖੇਕਿਆ ਸਾਖੀਹੋਵਹੁ ॥ ਝੂਠਬੋਲਕੇ ਜਨਮ ਨ ਖੋਵਹੁ ॥੬॥ ਗੁਰੂ ਨਾਨਕ ਜੀ ਵਾਚ ॥ ਝੂਠ ਨ ਬੋਲੋ ਭੱਤ ਵਿਰੋਲੋ ਹਾਜਰ ਚਿਹਨ ਦਿਖਾਵਉਂ ॥ ਜੋਗੀ ਅਰ ਸੰਨਜਾਸੀ ਭਰਮੈ ਤਿਨਕਉ ਧੁਰਪਹੁਚਾਵਉਂ ॥ ਬੇਦਸ਼ਾਸਤ੍ਰਕਰਦੇਵਤਾਭੂਲੇ ਤਿਨਕਉਨਹਿਠਹਿਰਾਵਉ ॥ ਏਕ ਨਿਰੰਜਨ ਮੂਰਤ ਆਛੀ ਤਾਕਉ ਪਰਸਪਰਸ ਗੁਨਗਾਵਉ ॥ ੭ ॥ ਦੱਤਾਭ੍ਰਿਓਵਾਚ ॥ ਸੁਆਮੀਬੋਲੈਤੱਤਵਿਰੋਲੈਕਿਉਂਝੂਠੀਬਾਤੈਂਬਕਤਾ ॥ ਮੁਖਤੇਬਚਨਉਚਾਰੇ ਓਹੀ ਜੋ ਤੁਮਰੇ ਮੇਂਸ਼ਕਤਾ ॥ ਓਹੀਬਾਤਾਂਕਹੀਏਮੁਖਤੇਜੋਊਨਿਰੰਜਨਭਾਵੈ ॥ ਇਨ ਬਚਨੋਂ ਕਿਛ ਪਾਈਐ ਨਾਂਹੀਂ ਕਾਹੇ ਸਤ ਗਵਾਵੈ ॥ ੮ ॥ ਗੁਰੂ ਨਾਨਕ ਜੀ ਵਾਚ ॥ ਸਤ ਹਮਾਰਾ ਕਦੀ ਨ ਜਾਵੈ ਹਮ ਬੋਲੈਂ ਝੂਠ ਨ ਰਾਈ ॥ ਏਕ ਨਿਰੰਜਨ ਸੰਗਹਮਾਰੇ ਅੱਠੇ ਪਹਿਰ ਰਹਾਈ ॥ ਰੋਮਰੋਮ ਮਹਿਓਹੀਬੋਲੇਦੂਜਾਅਵਰਨਕੋਈ ॥ ਐਸੇਦਰਸ਼ਨਕਾਰਣਸੁਆਮੀ ਭਰਮਰਹੀਸਭਲੋਈ॥ ਸੋ ਦਰਸ਼ਨ ਹਮ ਗੁਰੂ ਦਿਖਾਇਆ ਮੀਨ ਨ ਰਹੀਆ ਮੇਖਾ ॥ ਦਸ ਅਵਤਾਰ ਕਿਸੇ ਨਹਿ ਦੇਖਿਆ ਸੋ ਹੁਣ ਪਰਤੱਖ ਦੇਖਿਆ ॥ ੯ ॥ ਦੱਤਾਭ੍ਰਿਓ ਵਾਚ ॥ ਬਾਤੈਂ ਪਰ ਪਰਤੀਤ ਨ ਆਵੈ ਜੋ ਪ੍ਰਤੱਖਜ ਨ ਦੇਖੈ ॥ ਐਸੀ ਬਾਤ ਨ ਸੁਨੀਐਆਗੈ ਖਟਦਰਸ਼ਨਕੇ ਭੇਖੈ॥ਤੂੰਤੋ ਬਾਤ ਸੁਣਾਵੈਂਅਚਰਜਆਤਮ ਨਾਹਿਪਤੀਜੈ ॥ ਸੁਆਮੀਕਹੈ ਸੁਣਨਾਨਕਤਪਾ ਝੂਠ ਸੁਣੇ ਕਿਉਂ

CC-0. Gurukul Kangri University Haridwar Collection. Digitized by S3 Foundation USA

INTERNET // ABHINAV GAUR //

ਕੋਈ ਰੀਝੈ ॥ ੧੦ ॥ ਗੁਰੂ ਨਾਨਕ ਜੀ ਵਾਚ ॥ ਰੀਝੋਗੇ ਜਬ ਨੈਨੀ ਦੇਖੋ ਤੁਮਾਰਾ ਚਿੱਤ ਕਠੋਰੈ ॥ ਜਟਾ ਵਧਾਈ ਦੇਹੀ ਗਾਲੀ ਜੈਸੇ ਪਾਹਨ ਕੋਰੈ ॥ ਕੰਬਲ ਖੁੰਭ ਚੜਾਵੈ ਭਾਵੈ ਉੱਜਲਹੋਇਨਜਾਵੈ॥ਨਾਰੀਦਸਛੇਅ ਕਰੈ ਸੀਂਗਾਰਾ ਕੰਤ ਨ ਕਬਹੂੰ ਰਾਵੈ॥ ੧੧॥ ਦੱਤਾ-ਤ੍ਰੇਉ ਵਾਚ ॥ ਚਲਹੋ ਤਪਾ ਨਿਰੰਜਨ ਕੈਸਾ ਜੋ ਤੁਮ ਕਹਿਤ ਹੋ ਦੇਖਿਆ ॥ ਸ਼ਾਸਤ੍ਰ ਬੇਦ ਪੁਰਾਨਪੁਕਾਰਹਿ ਜਿਹਬਿਧਿ ਕਬਹੂੰਨਲੇਖਿਆ ॥ ਅਚਰਜ ਬਾਤ ਸੁਨਾਈ ਤੁਮਹੂੰ ਹਮਤੋ ਭ੍ਰਮਤਭਟਕਾ ॥ਹਲਚਲ ਉਪਜੀਠਹਿਰ ਨ ਪਾਵੈਂ ਚਿੱਤਹਮਾਰਾ ਅਟਕਾ ॥ ੧੨ ॥ ਗੁਰੂ ਨਾਨਕ ਜੀ ਵਾਚ ॥ ਮੂਰਤਿ ਲਾਲ ਸਬਜਹੈ ਕਾਇਆਂ ਜੈਸੇ ਰੋਮ ਸੁਵਰਨਾ ॥ ਹੀਰਾ ਮੋਤੀ ਚਰਨ ਦਿਖਾਈਐ ਚੰਦਸੂਰਜ ਦੋ ਨੈਨਾ॥ਦਾਂਤਜੜਾਊ ਬਨੇ ਜਵਾਹਰ ਭਵਾਂ ਸੁ ਲਸ਼ਕਨ ਝਲਕੈ ॥ ਨੱਕਦੀਸਤ ਖੰਡੇਕੀ ਧਾਰਾ ਜੈਸੇ ਦਾਮਨ ਚਮਕੈ ॥ ਚਲਕਰ ਵੇਖੋ ਤੁਮੈ ਦਿਖਾਊਂ ਭਬਤੂੰ ਮਾਨੈਸੁਆਮੀ ॥ ਨਿਰੰਜਨਕੇ ਨਾਨਕ ਸਦਾ ਹਜੂਰੀ ਆਠੋਪਹਿਰ ਸਲਾਮੀ॥੧੩॥ ਦੱਤਾਤ੍ਰੇਉਵਾਚ ॥ ਦੇਖੀ ਸ਼ਕਤਭੁਮਾਰੀ ਨਾਨਕਜੋ ਬੋਲੇਂ ਸੋਸਾਚੀ ॥ ਅਬ ਪਰਤੀਤਭਈ ਹੈ ਹਮਕਉ ਹਿਰਦੇਅੰਤਰਰਾਚੀ ॥ ਧੰਨਸੁ ਗੁਰੂਤੁਮਾਰਾਕਹੀਐ ਜਿਨ ਤੁਮਕੋ ਦੇਖ ਦਿਖਾਯਾ ॥ ਐਸਾ ਆਗੇ ਔਰ ਨ ਸਾਧੂ ਜੋ ਨਾਨਕ ਤਪਾ ਬਨਾਯਾ ॥ ੧੪ ॥ ਗੁਰੂਨਾਨਕਜੀਵਾਚ॥ ਖਟਦਰਸ਼ਨ ਸਭਪੰਥਹੁ ਦੇਖੇਭੇਖਤੁਮਾਰਾਊਚਾ ॥ ਜਾਤ ਵਰਨ ਸਭ ਸੇਵਕ ਤੁਮਰੇ ਸੰਗ ਨ ਕੋਇਪਹੂਚਾ ॥ ਰਿੱਧਸਿੱਧ ਸਭਪੀਛੈਡਾਲੀ ਏਕੈਕੀਆਅਧਾਰਾ ॥ ਨਾਨਕਕਹਿ ਸੁਣਦੱਤਾ ਸੁਆਮੀਸਾਚਾਭੇਖਤੁਮਾਰਾ ॥ ਭਾਂਦੱਤਾਤ੍ਰੇਉਅਤੇਗੁਰੂਜੀਆਪਸਵਿਚ ਚਰਨਵੰਦਨਾ ਕੀਤੀ ਪ੍ਰਸੰਨਹੋਇਕਰ ਭਾਂਗੁਰੂਜੀ ਮੈਂਤੇ ਮਰਦਾਨਾ ਆਪਸਵਿਚ ਮੁਸ਼ਕਾਏ ਮਰਦਾਨੇ ਆਖਿਆ ਦੇਖਜਜਮਾਨ ਇਨਾਂਦੇਅੱਗੇ ਕੋਈਨਾਹੀਂ ਠਹਿਰਸਕਤਾ ਸਭੇ ਭਸਮ ਹੋਇਜਾਂਦੇ ਹੈਨ ਭਾਂ ਮੈਂ ਆਖਿਆ ਮਰਦਾਨਿਆਂ ਇਨਾਂ ਨੂੰ ਏਡੋ ਹੀ ਗੁਰੂ ਮਿਲਿਆ ਹੈ ਜੋ ਬਿਨਾ ਨਿਰੰਕਾਰ ਥੀਂ ਇਨਾਂਦੀ ਦ੍ਰਿਸ਼ਟਭਲੇਕੋਈਨਹੀਂਆਵਦਾ ਜਾਂਇਤਨੀਹਕੀਕਤਗੁਰੂ ਅੰਗਦ ਜੀ ਸੁਣੀ ਭਾਂ ਗੁਰੂਅੰਗਦ ਮਸਤਹੋਇਰਹਿਆ ਸਾਢੇਤ੍ਰੈਪਹਿਰ ਬਦੇਹਹੀ ਰਹਿਆਜਾਂਅੱਖੀ ਖੁਲ੍ਹੀਆਂ ਭਾਂਗੁਰੂਅੰਗਦਜੀਆਖਿਆਭਾਈਬਾਲਾਆਗੇਕੀਕਰਹੋਈ ॥੪੭॥ ਭਾਈਬਾਲਾਸੰਧੂ ਵਾਚ॥

ਆਗੇ ਸਾਖੀ ਕਾਗ ਭਸੁੰਡ ਨਾਲ ਹੋਈ

ਭਾਂ ਗੁਰੂਜੀ ਮੈਂਅਤੇ ਮਰਦਾਨਾ ਅਤੇ ਸ੍ਰੀ ਗੁਰੂਨਾਨਕ ਜੀ ਤਿੰਨੇ ਕਾਗਂ ਭਸੁੰਡ ਦੇ ਆਸਣ ਪਰਜਾਇਖੜੇਹੋਏ ਤਾਂਅੱਗੇ ਕਾਗਭਸੁੰਡਜੀ ਕਥਾਕਰਦੇਆਹੇ ਜਦਕਥਾਦਾ ਭੋਗਪਾਇਆ ਭਾਂ ਸਭ ਸਿੱਧ ਮੁਨੀ ਦੇਵਤਾ ਆਪਣੇ ਅਸਥਾਨ ਨੂੰ ਗਏ ਸਭ ਪੰਛੀਆਂਦੇ ਰੂਪਹੈਸਨਤਾਂ ਸ੍ਰੀ ਗੁਰੂ ਜੀ ਕੀ ਆਗਿਆ ਸੇ ਮਰਦਾਨਾ ਕੀਰਤਨ ਲਗਾ ਕਰਨ ਤਾਂਕਾਗਭਸੁੰਡ ਸੁਣਕੇ ਕਹਿਆ ਏਹ ਕਿਸਦਾ ਸ਼ਬਦ ਹੈ ਔਰ ਕਿਸਕਾ ਕੀਆ ਹੈ ਭਾਂ ਮਰਦਾਨੇ ਆਖਿਆ ਗੁਰ ਨਾਨਕ ਕਾ ਕਹਿਆ ਹੁਆਹੈ ਤਾਂਕਾਗਭਸੁੰਡਨੇ ਕਹਿਆ ਕਲਜੁਗਵਿੱਚ ਜੀਆਂਦੇ ਉਧਾਰ

CC-0. Gurukul Kangri University Haridwar Collection. Digitized by S3 Foundation USA

ਕਰਨਵਾਸਤੇ ਕਥਾਕੀਰਤਨ ਕੀਤਾ ਹੈ ਅਤੇ ਸਤਨਿਰੰਜਨ ਨਿਰੰਕਾਰ ਨੇ ਆਪ ਅਵਤਾਰ ਧਾਰਿਆਹੈ ਸੋਏਹੀ ਨਾਨਕਤਪਾਹੈ ਜੀ ਤਾਂ ਮਰਦਾਨੇ ਕਹਿਆ ਹੈ ਰਖੀਸ਼ਰ ਜੀ ਏਹੀ ਹੈਨ ਜੋ ਤੁਮਾਰੇ ਸਨਮੁਖ ਬੈਠੇ ਹੈਨ ਤਾਂ ਕਾਗਭਸੁੰਡ ਸੁਨਕਰ ਬਡਾ ਪ੍ਰਸੰਨ ਭਯਾ ਅਤੇ ਬਾਬੇਜੀ ਦੇ ਚਰਨਾਂਉਪਰਮੱਥਾਟੇਕਿਆ ਅਤੇਗੁਰੂਨਾਨਜੀ ਬਡੇਪ੍ਰਸੰਨ ਹੂਏ ਅਤੇ ਕਹਿਆ ਹੈ ਰਿਖੀ ਜੀ ਤੁਸੀ ਉੱਤਮ ਸ੍ਰੋਤਾ ਹੋ ਸ੍ਰੀਭਗਵੰਤ ਜੀ ਕਾ ਜਸ ਸੁਣਕੇ ਪ੍ਰਸੰਨ ਹੋਤੇਹੋ ਕਈਸ੍ਰੋਤਾਰਾਗ ਰਾਗਨੀਕੀਪਰਖਕਰਤੇਹੈਂ ਉੱਤਮਸ੍ਰੋਤਾਹੋ ਜੋਸ਼ਬਦਦੇ ਭਾਤਪਰਜਨੂੰ ਲੱਭਦੇ ਹੋ ਤਾਂ ਕਾਗ ਭਸੁੰਡ ਨੇ ਕਹਿਆ ਹੇਨਾਨਕਤਪਾ ਜੀ ਜੋ ਸ਼ਬਦਦੇ ਭਾਤਪਰਜ ਨੂੰ ਸਮਝਦੇਹੈਨ ਸੋ ਰਸ ਪੀਂਦੇ ਹੈਨ ਜੋ ਰਾਗ ਤਾਨ ਨੂੰ ਸਮਝਦੇਹੈਨਸੋ ਛਿੱਲੜ ਖਾਂਵਦੇ ਹੈਨ ਤਾਂ ਭਾਈ ਬਾਲੇ ਨੇ ਪੁੱਛਿਆ ਹੇ ਪਰਮਹੰਸ ਰਿਖੀਸ਼ਰ ਜੀ ਤੁਸੀ ਮਹਾਂ ਪੁਰਖ ਹੋ ਜੀ ਭਗਵੰਤ ਦੇ ਪਰੇਮੀ ਹੋ ਤੁਸਾਂ ਕਾਗ ਦੀ ਦੇਹੀ ਕਿਉਂਕਰ ਪਾਈ ਤਾਂ ਕਾਗ ਭਸੁੰਡ ਨੇ ਆਖਿਆ ਹੇ ਸੰਤ ਜੀ ਇਸ ਦੇਹੀ ਦੇ ਪ੍ਰਤਾਪ ਕਰਕੇ ਮੈਂ ਭਗਵੰਤ ਦੇ ਦਰਸ਼ਨ ਦਾ ਅਧਿਕਾਰੀਭਇਆਹੋਂ ਇਸ ਦੇਹੀ ਦੇ ਪ੍ਰਤਾਪ ਕਰਕੇ ਭਗਵੰਤ ਦੇ ਜੱਸ ਕਰਨੇ ਦੀ ਪਰੀਤ ਪ੍ਰਤੀਤ ਭਈ ਹੈ ਇਸ ਵਾਸਤੇ ਇਹ ਦੇਹੀ ਮੈਨੂੰ ਪਿਆਰੀ ਹੈ ਅਤੇ ਜਦ ਪ੍ਰਲੈਕਾਲ ਹੁੰਦੀ ਹੈ ਜਲਦੀ ਅਰ ਅਗਨਦੀਤਦ ਮੈਂ ਓਹੀ ਰੂਪ ਬਣ ਜਾਂਦਾ ਹਾਂ ਏਹ ਸ਼ਕਤ ਭੀ ਮੈਨੂੰ ਇਸ ਦੇਹੀ ਕਰਕੇ ਮਿਲੀ ਹੈ ਅਰ ਸੁਇਛਤ ਮਿਰਤ ਜਦ ਚਾਹੋਂ ਤਦਹੀ ਮਰੋਂ ਏਹ ਭੀਇਸਦੇਹੀ ਦੀ ਕ੍ਰਿਪਾ ਕਰਕੇ ਹੈ ਤਾਂ ਗੁਰੂ ਜੀ ਮੈਂਪੁੱਛਿਆ ਹੇਰਿਖੀਜੀ ਇਸਦੇਹ ਕਾ ਕਾਰਣ ਕਿਆ ਹੈ ਤਾਂ ਕਾਗਭਸੁੰਡ ਨੇ ਕਹਿਆ ਪਿਛਲੇਜਨਮਮੇਰਾ ਬ੍ਰਾਹਮਣਕੇ ਘਰਜਨਮ ਹੈਸੀ ਤੇ ਸਰਗੁਣ ਕੀ ਉਪਾਸ਼ਨਾ ਕਰਦਾਸਾ ਤਾਂਗੁਰੂਜੀਨੇ ਮੈਨੂੰਨਿਰਗੁਣਦੀ ਉਪਾਸ਼ਨਾਦੱਸੀ ਤਾਂਮੈਂ ਬਾਰਬਾਰ ਸਰਗੁਣ ਦੀ ਉਪਾਸ਼ਨਾ ਪੁੱਛਾਂਤਾਂਗੁਰੂਜੀਨੇ ਕਹਿਆ ਤੂੰਬਡਾਕਾਗਦੀਤਰਾਂ ਲੋਂਦਾਹੈਂ ਏਹ ਬਚਨ ਸੁਣਕਰ ਮੈਂ ਗੁਰੂ ਜੀ ਦੇ ਚਰਨਾਂਉੱਤੇ ਮੱਥਾਟੇਕਿਆ ਅਤੇਪ੍ਰਾਰਥਨਾਕੀਤੀ ਹੇ ਗੁਰੂਜੀ ਤੁਮਾਰਾ ਬਚਨ ਸੱਤ ਹੋਵੇਗਾ ਆਪਸਤਵਾਦੀਹੋ ਕਾਗਦੀਦੇਹਮਿਲੇਤੇ ਪਰਮੇਸ਼ਰਦਾ ਨਾਮਨਾਵਿਸਰੇ ਤਾਂ ਗੁਰੂ ਜੀ ਵਰਦਿੱਤਾ ਤੇਰੇਰਿਦੇਤੇਭਗਵੰਤਦੀਭਗਤੀਵਿਸਰੇਨਾਹੀਂਤੇਮ੍ਰਿਤ ਤੇਰੇ ਅਧੀਨਹੋਵੇਗੀ ਜਦਤੇਰੀਇੱਛਿਆਹੋਵੇ ਤਦਮਰੀਂ ਅਰ ਪਿਤਾਮੇਰਾਚੰਡਨਾਮਾਹੈ ਤੇਮਾਤਾ ਮੇਰੀ ਅਲੰਬਕਾ ਦੇਵੀਇਨਕੋਭੀ ਬ੍ਰਹਮਾਕਾ ਵਰਸੀਪਿੱਛਲੇ ਜਨਮਰਿਖੀਹੈਸਨ ਇਨਮਾਤਾਪਿਤਾ ਤੇ ਮੇਰੀ ਕਾਗ ਦੀ ਦੇਹਭਈਥੀ ਤਿਨਾਂਗੁਰਾਂਦੀ ਕ੍ਰਿਪਾਕਰਕੇ ਸ੍ਰੀ ਰਾਮਨਾਮ ਪਾਕਰ ਮੰਤ੍ਰ ਸੁਆਸ਼ ਸੁਆਸਜਪਣਾਂ ਮੈਨੂੰਚਿੱਤਰਹਿਆਹੈ ਤਿਸਰਾਮਨਾਮਕੇ ਭਜਨਦਾ ਰਸਮੈਨੂੰਆਯਾਹੈ ਇਸ ਕਰਕੇਮੈਂ ਏਹਦੇਹਨਹੀਂ ਤਿਆਗਸਕਦਾ ਮੇਰੇ ਦੇਖਦਿਆਂ ਕਈਵਾਰਪਰਲੋਆਈ ਹੈ ਜੋ ਜਲ ਦੀ ਪਰਲੋਹੁੰਦੀਹੈ ਤਾਂ ਜਲ ਹੋਜਾਂਦਾਹਾਂ ਤੇਅਗਨ ਨਾਲ ਅਗਨਹੋਜਾਂਦਾ ਹਾਂ ਜੈਸੀ ਪਰਲੋ ਹੋਂਦੀਹੈ ਤੈਸਾਰੂਪ ਧਾਰਤਾਹੋਂ ਮੁਝੇ ਸੁਆਸਕਾ ਸੰਜਮ ਪ੍ਰਾਪਤਹੂਆਹੈ ਮੈਂ ਮਰਦਾ

CC-0. Gurukul Kangri Uni

OF INTERNET ABHINAV GAUR

ਨਾਹੀਂ ਭਾਂਗੁਰੂਨਾਨਕਜੀਕਹਜਾ ਰੋਮਰਿਖੀਤੇਤੁਸੀਭੀਬੜੇਚਿਰਜੀਵ ਹੋ ਤੁਮਾਰੇ ਦੇਖਦਿਆਂ ਕਈ ਹੋਏ ਹੈਨ ਕਈ ਹੋਵਨਗੇ ਜਿਨਾਂ ਸ੍ਰੀਰਾਮਨਾਮਦਾ ਸਿਮਰਨਕੀਤਾਹੈ ਸਦਾ ਅਭਿਆਸ ਸ੍ਰੀ ਰਾਮਨਾਮ ਜੀਕਾ ਕਰਦੇਹੈਂ ਸੋ ਜਨਮ ਮਰਨ ਵਿੱਚ ਨਹੀਂ ਆਉਂਦੇਸਦਾਸੁਖੀ ਰਹਿੰਦੇ ਹੈਨ ਭਾਂ ਗੁਰੂ ਜੀ ਮੈਂ ਭੇ ਮਰਦਾਨੇਕਹਿਆ ਰਿਖੀਜੀ ਜੋ ਆਪਨੇ ਕਹਿਆ ਹੈ ਸੋਸਭਸੱਤ ਹੈ ਭਾਂਗੁਰੂਨਾਨਕ ਜੀ ਕਾਗਭਸੁੰਡ ਪਾਸੋਂ ਵਿਦਿਆ ਹੋਏ ਗੁਰੂਨਾਨਕਜੀਤੇਮੈਂ ਅਤੇ ਮਰਦਾਨਾ ਤਿੰਨੇ ਫੇਰ ਅਲਲਾਚੀਨ ਪਰਬਤ ਭੇ ਗਏ ਭਾਂਮਰਦਾਨੇ ਪੁੱਛਿਆਜੀਅਸੀ ਹੁਣਕਿੱਥੇਆਏ ਹਾਂ ਭਾਂਗੁਰੂਜੀ ਕਹਿਆ ਮਰਦਾਨਾਅਲਲਾਚੀਨਪਰਬਤਤੇਆਏਹਾਂ ਭੇ ਸੁਣ ਮਰਦਾਨਿਆਂ ਅਲਲਾ ਪਰਬਤ ਨਾਉਂਤਦਪਿਆਹੈ ਜੋ ਏਥੇ ਅਲਲਾ ਪੰਛੀ ਰਹਿੰਦੇਹੈਨ ਅਤੇ ਪ੍ਰਹਿਲਾਦ ਭਗਤਦਾਏਥੇਰਾਜਹੈ ਪ੍ਰਹਿਲਾਦਭਗਤਅਲਲਾਂਦਾ ਰਾਜਕਰਦਾ ਹੈ ਭਾਂ ਮਰਦਾਨੇ ਆਖਿਆ ਜੀ ਪ੍ਰਹਿਲਾਦਭਗਤ ਏਥੇਹੀਹੈ ਜੀ ਫੇਰਮਰਦਾਨੇਪੁੱਛਿਆਜੀ ਉਸਦਾਦਰਸ਼ਨਭੀ ਹੋਵੇਗਾ ਗੁਰੂਜੀਕਹਿਆਮਰਦਾਨਿਆਂਸਭੋਦਰਸ਼ਨਹੋਵਨਗੇਪਰਉਤਾਵਲਾ ਨਾ ਹੋ ਜਦ ਏਹ ਬਾਤ ਕਰਦੇ ਹੀ ਆਹੇ ਤਿਚਰਾਂਨੂੰ ਅਲਲਾਂਪੰਖੀਆਂ ਆਣਘੇਰਾ ਘੱਤਿਆ ਜੋ ਓਨ੍ਹਾਂਅਲਲਾਂਦਾ ਸਰਦਾਰ ਆਹਾ ਉਸਨੇ ਇੱਕ ਬਚਨ ਕਹਿਆ ॥ ਅਲਲਾ ਵਾਚ ॥ ਅਲਲਾ ਮਿਲਕਰ ਪਾਯਾ ਘੇਰਾ ॥ ਕਉਨ ਗ੍ਰਹਿ ਤੁਮ ਕਰਹੁ ਬਸੇਰਾ ॥ ਕੌਨ ਮਨੋਰਥ ਈਹਾਂ ਆਏ॥ਕੌਨ ਨਾਮ ਤੁਮ ਕਿਨੇ ਪਠਾਏ ॥ ਅਲਲਾਚੀਨ ਪੂਛ ਹੈ ਬਾਤਾ ॥ ਪਿੰਡ ਪਾਇਕਰ ਫਿਰਤੇ ਕਾਚਾ ॥੧॥ ਗੁਰੂਨਾਨਕ ਵਾਚ ॥ ਅਲਲਾਂ ਮਿਲ ਕਰ ਪਾਯਾ ਘੇਰਾ ॥ ਹਿਰਦੇ ਭੀਤਰ ਲਿਆ ਬਸੇਰਾ ॥ ਦਰਸ਼ਨ.ਕਾਰਣ ਈਹਾਂ ਆਯਾ ॥ ਏਕ ਨਿਰੰਜਨ ਆਪ ਲਿਆਯਾ ॥ ਫੂਟਜਾਇ ਜੇ ਹੋਇ ਕਚਾਯਾ ॥ ਜ਼ਦਪਾਕਾ ਭਬਠਣਕਬਜਾਯਾ ॥ ਸੁਣਅਲਲਾਚੀਨਨਾਨਕ ਕਹਿ ਅਰਦਾਸ ॥ ਏਕ ਨਿਰੰਜਨਰਾਖੀ ਆਸ ॥ ਅਲਲਾ ਗੁਰੂ ਨਾਨਕਜੀ ਦਿਆਂ ਚਰਨਾਂ ਕਉ ਲਗਾ ਦੌੜਨ ਭਾਂਸ੍ਰੀਗੁਰੂਜੀ ਕਹਿਆ ਸੁਣ ਭਾਈ ਅਲਲਾਚੀਨ ਅਸੀਤੁਸਾਡੇਦਰਸ਼ਨਨੂੰ ਆਏ ਹਾਂ ਭਲਾ ਹੂਆਦਰਸ਼ਨਪਾਯਾ ਭਾਂਅੱਗੋਂਅਲਲਾਚੀਨਬੋਲਿਆਜੀਅਸੀਨਿਹਾਲ ਹੋਏਹਾਂ ਤੁਮ ਹਮਕੋ ਕ੍ਰਿਤਾਰਥਕੀਆਹੈ ਹਮਾਰੀਨਗਰੀ ਪਵਿੱਤ੍ਰਹੋਈਹੈ ਭਾਂ ਮਰਦਾਨਾ ਬੋਲਿਆ ਅਲਲਾਚੀਨ ਜੀ ਈਹਾਂ ਜੋ ਪ੍ਰਹਿਲਾਦ ਭਗਤ ਹੈ ਸੋ ਕਹਾਂ ਹੈ ਭਾਂਅਲਲਾਚੀਨ ਨੇ ਕਹਿਆਭਾਈ ਓਹ ਭਾਂ ਈਹਾਂ ਹੀ ਹੈ ਅਤੇ ਹਮਾਰਾ ਰਾਜਾ ਹੈ ਉਸਕਾਭੀ ਦਰਸ਼ਨਕਰੀਐ ਵਡੇਭਗਤ ਹੈਨ ਜੀ ਤਬ ਪ੍ਰਹਿਲਾਦਭਗਤਕਾ ਏਕ ਉੱਚੀ ਪਹਾੜੀ ਪਰ ਆਸਣ ਥਾ ਭਾਂ ਓਥੇ ਜਾਇਕੇ ਸ੍ਰੀ ਗੁਰੂਨਾਨਕ ਜੀਕਰਤਾਰ ਕਰਤਾਰ ਕਹਿਆ ਭਾਂ ਅੱਗੇਪ੍ਰਹਿਲਾਦਭਗਤਮਗਨਬੈਠਾਥਾ ਜਦਪ੍ਰਹਿਲਾਦ ਭਗਤਦੀਤਾੜੀਖੁਲ੍ਹੀਤਾਂਪ੍ਰਹਿਲਾਦਭਗਤਨੇਆਖਿਆ ਅਰੇ ਭਾਈ ਤੂੰ ਕਉਣ ਹੈਂ ਈਹਾਂ ਤੋ ਆਦਮੀ ਦੀ ਗਮਤਾ ਨਹੀਂ ਤੂੰ ਕਿ ਸਤਰਾਂ ਆਯਾਹੈਂ ਭਾਂ ਗੁਰੂ ਜੀ ਕਹਿਆ ਭਗਤਜੀ ਹਮ ਕਰਤਾਰ ਕੇ ਬੰਦੇ ਹਾਂ ਅਤੇਹਮਕਉ ਕਰਤਾਰ ਹੀ ਲੈ ਆਯਾ ਹੈ ਭਾਂ ਫੇਰ ਪ੍ਰਹਿਲਾਦ ਭਗਤ

CC-0. Gurukul Kangri University Haridwar Collection. Digitized by S3 Foundation USA

ਬਚਨ ਬੋਲਿਆ ॥ ਪ੍ਰਹਿਲਾਦੋ ਵਾਚ ॥ ਬਾਸਨ ਧੋਇ ਆਛਾ ॥ ਕੌਣ ਅੱਛਾ ਦੂਧ ਚੋਇ ਲੀਨਾ ॥ ਕਉਨ ਸਮਾਇਣ ਬੀਚ ਸਮਾਧਾ ॥ ਕੌਨ ਠੌਰ ਰੱਖ ਦਹੀਂ ਜਮਾਧਾ ॥ ਕਉਨ ਜਤਨ ਕਰ ਕਾਢਿਆ ਮਾਖਨ ॥ ਕਉਨ ਤਾਉ ਦੇ ਨਿਰਮਲ ਚਾਖਨ ॥ ਪੂਛੈ ਪ੍ਰਹਿਲਾਦ ਸੁਣ ਨਾਨਕ ਤਪਾ ॥ ਕਿਸ ਤੇ ਬੂਝਿਆ ਆਪ ਤੇ ਆਪਾ ॥ ੧ ॥ ਗੁਰੂਨਾਨਕਜੀ ਵਾਚ ॥ ਤਨ ਧੋਇ ਆਛਾ ਬਾਸਨ ਕੀਨਾ ॥ ਖਿਮਾ ਚੋਇ ਦੂਧ ਮਥ ਲੀਨਾ ॥ ਲਗਨ ਅਗਨਿ ਤੇ ਤਾਉ ਬਣਾਇਆ ॥ ਗੁਰਉਪਦੇਸ ਸਮਾਨਸਮਾਇਆ ॥ ਗੁਰਕਿਰਪਾਸਾਥਲੀਨਾ ਮਾਖਨ॥ ਹਰਿ ਕ੍ਰਿਪਾ ਨਿਰਮਲ ਤਤ ਚਾਖਨ ॥ ਸੰਤ ਸੰਗ ਲੈ ਦਹੀਂ ਜਮਾਇਆ ॥ ਮਤਿ ਕੋ ਮਥਿ ਸ਼ਬਦਿਪ੍ਰਗਟਾਇਆ ॥ ਪ੍ਰਣਵੈਨਾਨਕਸੁਣਭਗਤਪ੍ਰਹਿਲਾਦ ॥ ਮੁਹਿ ਸੂਝ ਪੜੀ ਹੈ ਆਦਿ ਜੁਗਾਦਿ ॥ ੨ ॥ ਪ੍ਰਹਿਲਾਦੋ ਵਾਚ ॥ ਧੰਨ ਗੁਰੂ ਜਿਨ ਦੀਆ ਗਿਆਨ ॥ ਕਲਿਜੁਗ ਅੰਦਰ ਆਛਾ ਧਿਆਨ ॥ ਆਛੀ ਕਰਨੀ ਆਛਾ ਭੇਖ ॥ ਆਛਾ ਬੁੱਧਿ ਆਛਾ ਬਿਬੇਕ ॥ਸੁਣ ਨਾਨਕ ਪਰਤੱਖ ਸਾਧ ॥ ਰਾਮਨਰਾਇਣ ਤੁਮਰੇ ਸਾਥ ॥ ੩ ॥ ਗੁਰੂਨਾਨਕਜੀਵਾਚ ॥ ਧੰਨ ਨਾਰਾਇਣ ਧੰਨ ਸੁ ਰਾਮ ॥ ਜਿਨ ਚਲਤ ਦਿਖਾਇਆ ਆਤਮ ਰਾਮ ॥ ਐਸੀ ਭਗਤ ਭਈ ਤੁਮਾਰੀ ॥ ਤਾਤਕਾਲਪ੍ਰਭਕੀਨੀਕਾਰੀ ॥ ਸਾਸਸਾਸਪ੍ਰਭਨਾਮਚਿਤਾਰਿਆ ॥ਨਾਨਕ ਜਨਕਾ ਕਾਜਸੁਾਰਿਆ ॥ ੪ ॥ ਤਾਂਪ੍ਰਹਿਲਾਦਭਗਤਕਹਿਆ ਨਾਨਕਤਪਾ ਜੀ ਤੈਨੂੰ ਕਲਜੁਗ ਵਿੱਚ ਰਾਮਜੀ ਨੇ ਵਡਾਭਗਤ ਕੀਤਾਹੈ ਔਰ ਆਪਕੇ ਸੰਜੋਗ ਬਹੁਤਿਆਂ ਕਾ ਉਧਾਰ ਹੋਵੇਗਾ ਤੇਰੀ ਸ੍ਰੀ ਰਾਮਜੀਨੇ ਵਡੀ ਨਦਰਖੋਲ੍ਹੀਹੈ ਤੇਰਾਵਡਾ ਪ੍ਰਤਾਪ ਹੋਵੇਗਾ ਇਸ ਕਲਜੁਗ ਵਿੱਚ ਅੱਗੇ ਕਬੀਰਭਗਤ ਏਥੇਆਯਾਹੈ ਅਤੇਜਾਂਆਪਕੋਕਰਤਾਰਨੇ ਆਂਦਾ ਹੈ ਤਾਂ ਮਰਦਾਨੇ ਪ੍ਰਹਿਲਾਦ ਭਗਤਨੂੰ ਪੁੱਛਿਆ ਹੇ ਭਗਤ ਜੀ ਤੁਸੀਭੀਵਡੇਭਗਤਹੋ ਅਤੇ ਤੁਸਾਡੇ ਪਿੱਛੇ ਰਾਮ ਜੀ ਵਡਾ ਚਲਿਤ ਦਿਖਾਇਆ ਹੈ ਤੇਰੀ ਰਾਮ ਜੀ ਨੇ ਵਡੀ ਨਦਰ ਖੋਲ੍ਹੀਹੈ ਭਗਤਜੀ ਏਂਥੇ ਹੋਰਕੋਈ ਵੀ ਪਹੁੰਚਿਆ ਹੈ ਕਿ ਕਬੀਰ ਅਤੇ ਨਾਨਕ ਤਪਾ ਹੀ ਪਹੁੰਚਿਆ ਹੈ ਤਾਂ ਪ੍ਰਹਿਲਾਦ ਭਗਤ ਬੋਲਿਆ ਭਾਈ ਨਾਨਕ ਤਪੇ ਪਾਸੋਂ ਪੁੱਛ ਲੈ ਹੋਰ ਭੀ ਆਵਸੀ ਕਿ ਨਾ ਆਵਸੀ ਕੋਈ ਤਾਂ ਮਰਦਾਨੇ ਕਹਿਆਜੀ ਤੁਸੀ ਬਡੇਭਗਤਹੋ ਅਤੇ ਅਗਲੀ ਤੇ ਪਿਛਲੀ ਸਭ ਆਪਨੂੰ ਸਤਿ-ਜੁਗ ਥੀਂ ਆਦਿ ਲੈਕੇਮਾਲੂਮਹੈ ਤਾਂ ਪ੍ਰਹਿਲਾਦਭਗਤ ਨੇ ਕਹਿਆ ਸੁਣਭਾਈ ਇਸ ਜਿਹਾ ਕੋਈ ਹੋਇਗਾ ਤਾਂਏਥੇ ਪਹੁੰਚੇਗਾ ਹੋਰਸਦਾ ਏਥੇ ਪਹੁੰਚਣਾ ਕੰਮ ਨਾਹੀਂ ਹੋਰ ਅੱਗੇ ਵੱਡੇ ਵੱਡੇ ਭਗਤ ਹੋਏ ਹੈਨ ਅਤੇ ਹੋਵਨਗੇ ਪਰ ਏਥੇ ਪਹੁੰਚਿਆ ਕੋਈ ਨਾਹੀਂ ਤਾਂ ਫੇਰ ਮਰਦਾਨੇ ਪੁੱਛਿਆ ਜੀ ਓਹ ਕਦ ਹੋਸੀ ਕਿਤੇ ਨੇੜੇ ਜੁਗ ਵਿੱਚ ਹੋਸੀ ਤਾਂ ਪ੍ਰਹਿਲਾਦਭਗਤ ਕਹਿਆ ਸੁਣ ਭਾਈਕਲਜੁਗਵਿੱਚ ਹੋਵੇਗਾ ਜਦ ਨਾਨਕ ਤਪਾ ਸਚਖੰਡ ਜਾਵੇਗਾ ਤਾਂ ਇਸਤੋਂ ਪਿੱਛੇ ਸਉਵਰ੍ਹੇ ਹੋਸੀ ਅਤੇ ਏਹਨਾਂ ਤ੍ਰੈਹਾਂਤੋਂ ਬਗੈਰ ਹੋਰ ਕੋਈ ਨਾਆਵਸੀ ਤਾਂ ਮਰਦਾਨੇ ਪੁੱਛਿਆ ਜੀ ਤ੍ਰੈਕੇਹੜੇ ਹੈਨ ਤਾਂ ਪ੍ਰਹਿਲਾਦ ਭਗਤ ਕਹਿਆ ਭਾਈ ਅੱਗੇ ਕਬੀਰ ਹੋਇਆਹੈ ਤੇ ਹੁਣ

CC-0. Gurukul Kangri Univ

INTERNET // ABHINAV GAUR //

ਨਾਨਕ ਤਪਾ ਹੁਆਹੈ ਅਤੇ ਫੇਰ ਓਹ ਹੋਸੀ ਤਾਂ ਮਰਦਾਨੇ ਪੁੱਛਿਆ ਜੀ ਕਬੀਰ ਜੁਲਾਹਾ ਹੋਯਾਤੇ ਨਾਨਕ ਜੀ ਖਤ੍ਰੀ ਹੋਏ ਅਤੇ ਜੀ ਓਹ ਕਿਸ ਵਰ ਵਿਚ ਹੋਵੇਗਾਜੀ ਤੇਕਿਸਧਰਤੀ ਹੋਸੀ ਕੇਹੜੇ ਸ਼ਹਿਰ ਤਾਂ ਪ੍ਰਹਿਲਾਦ ਭਗਤ ਕੰਹਿਆ ਭਾਈ ਪੰਜਾਬ ਧਰਤੀਤੇਵਰਨ ਜੱਟ ਤੇ ਸ਼ਹਿਰ ਵਟਾਲੇ ਵਿਚ ਹੋਸੀ*ਤਾਂ ਮਰਦਾਨਾ ਸ੍ਰੀ ਗੁਰੂ ਜੀ ਦੇ ਚਰਨਾਂ ਤੇ ਢਹਿ ਪਿਆ ਗੁਰੂ ਜੀ ਮੈਂ ਭੁੱਲਾ ਹਾਂ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਮਰਦਾਨਾ ਜੋ ਪੂਰਨ ਪੁਰਖ ਹੈਨ ਸੋ ਪਾਜ ਨਹੀਂ ਰਖਦੇ ਫੇਰ ਪ੍ਰਹਿਲਾਦ ਭਗਤ ਆਖਿਆ ਤਪਾ ਜੀ ਏਹੋਹੀ ਪੂਰਨਜੋਗ ਹੈ ਜੋ ਪੂਰਨ ਪੁਰਖਹੈਨ ਓਹ ਆਪਣੀਵਡਿਆਈਨਹੀਂ ਕਰਦੇਜਿਉਂਕੀਤਿਉਂਹੀਆਖਦੇ ਹੈਨ ਤਾਂ ਮਰਦਾਨਾ ਅਧੀਨ ਹੋਇ ਚੁੱਪਕਰਗਿਆਤਾਂ ਗੁਰੂਨਾਨਕਜੀ ਅਤੇਮਰਦਾਨਾਅਤੇ ਪ੍ਰਹਿਲਾਦਭਗਤ ਬਹੁਤ ਖ਼ੁਸ਼ੀ ਹੋਇਕੇ ਆਪਸ ਵਿਚ ਪ੍ਰਸੰਨਤਾਦੇ ਬਚਨ ਬਿਲਾਸ ਕਰਕੇ ਅਨੰਦ ਹੋਏ ਤਾਂ ਗੁਰੂ ਨਾਨਕ ਜੀ ਕਹਿਆ ਭਗਤ ਜੀ ਹੁਣ ਅਸਾਨੂੰ ਰਜਾਇ ਦੇਵੋ ਤਾਂ ਪ੍ਰਹਿਲਾਦ ਭਗਤ ਨੇ ਕਹਿਆ ਤਪਾਜੀ ਤੁਝ ਕਉ ਰਾਮ ਜੀ ਕੀ ਰਜ਼ਾਇਹੈ ਤਪਾ ਜੀ ਜਹਾਂ ਤੁਮਾਰੀ ਖ਼ੁਸ਼ੀ ਆਵੇ ਤਹਾਂ ਖੇਲੋ ॥ ਬੋਲੋ ਭਾਈ ਜੀ ਵਾਹਿਗੁਰੂ ॥

ਆਗੇ ਸਾਖੀ ਇਕ ਪਹਾੜ ਦੀ ਚਲੀ

ਤਾਂ ਗੁਰੂਨਾਨਕਜੀ ਤੇ ਮਰਦਾਨਾ ਅਤੇਗੁਰੂਜੀ ਮੈਂ ਅਲਲਾਪਰਬਤਉੱਤੋਂ ਅੰਤਰਧਿਆਨ ਹੋਏ ਤਾਂ ਇਕ ਜੰਗਲ ਪਰਬਤ ਉਪਰ ਜਾਇ ਖੜੇਹੋਏਤਾਂ ਮਰਦਾਨੇ ਪੁੱਛਿਆ ਗੁਰੂਜੀਹੁਣ ਅਸੀ ਕਿਤਨੇ ਜੋਜਨ ਆਏ ਹਾਂ ਤਾਂ ਸ੍ਰੀ ਗੁਰੂਨਾਨਕ ਜੀ ਕਹਿਆ ਮਰਦਾਨਾ ਅਸੀਂ ਸੋਲਾਂ ਲੱਖ ਜੋਜਨ ਆਏ ਹਾਂ ਤਾਂ ਫੇਰਮਰਦਾਨੇ ਪੁੱਛਿਆਜੀ ਅਸੀ ਧਰਤੀਪਾਸੋਂ ਸੱਭੋਕਿਤਨੇ ਜੋਜਨ ਆਏਹਾਂ ਜੀ ਤਾਂ ਗੁਰੂ ਨਾਨਕਜੀ ਕਹਿਆ ਸੁਣ ਮਰਦਾਨਾ ਅਸੀ ਸਤਾਰਹਲੱਖਤੇ ਅਠਤਾਲੀਹਜ਼ਾਰ ਜੋਜਨ ਧਰਤੀ ਤੋਂ ਆਏ ਹਾਂ ਤਾਂ ਮਰਦਾਨੇ ਕਹਿਆਜੀ ਹੁਣ ਅੱਗੇਭੀ ਚਲੋਗੇ ਤਾਂ ਗੁਰੂਨਾਨਕਜੀ ਕਹਿਆ ਮਰਦਾਨਾਂ ਅਸਾਂਅੱਗੇ ਜ਼ਰੂਰਹੀ ਜਾਣਾਂਹੈਤਾਂਮਰਦਾਨੇ ਆਖਿਆਜੀ ਅੱਗੇ ਕੇਹੜੀਜਗਹ ਹੈ॥ ਤਾਂ ਸ੍ਰੀਗੁਰੂਨਾਨਕ ਜੀ ਆਖਿਆ ਮਰਦਾਨਾ ਅੱਗੇ ਧ੍ਰੂਅਭਗਤਦਾ ਮੰਡਲਹੈ ਮਰਦਾਨੇ ਆਖਿਆਜੀ ਇਥੋਂ ਧ੍ਰੂਅਭਗਤਦਾਮੰਡਲਕਿਤਨਾਹੈਤਾਂ ਗੁੱਰੂਨਾਨਕਜੀ ਕਹਿਆ ਮਰਦਾਨਿਆਂ ਧ੍ਰੂਅਦਾ ਮੰਡਲਦੂੱਰ ਹੈ ਤਾਂ ਫੇਰਮਰਦਾਨੇ ਕਹਿਆ ਜੀ ਚਲੋਜੀ ਤਾਂਗੁਰੂਨਾਨਕਜੀ ਕਹਿਆ ਚੱਲਭਾਈਮਰਦਾਨਾ ਉਡਾਵਲਾਹੈਂ ਤਾਂਚਲ ਜਾਂ ਉਸ ਜੰਗਲਦੇ ਵਿੱਚੋਂ ਗੁਰੂਨਾਨਕਜੀ ਅੰਤਰ ਧਿਆਨ ਹੋਏ ਤਾਂ ਦੇਖਿਆ ਕੈਲਾਸ਼ ਉਪਰ ਜਾਇ ਖੜੇ ਹੋਏ ਜਾਂ ਮਰਦਾਨਾ ਦੇਖੇ ਤਾਂ ਕਿਆ ਦੇਖੇ ਜੋ ਤਾਰੇ ਨਜ਼ਰ ਨਹੀਂਆਉਂਦੇ ਤਾਂ ਮਰਦਾਨੇ ਕਹਿਆਜੀ ਹੁਣ ਤਾਂ ਤਾਰੇ ਵੀ ਨਹੀਂ ਦਿੱਸਦੇ ਤਾਂ ਸ੍ਰੀ ਗੁਰੂਨਾਨਕਜੀ ਕਹਿਆ ਮਰਦਾਨਾ ਹੇਠ ਦੇਖ ਜਾਂ ਮਰਦਾਨੇ ਹੇਠ ਨਜ਼ਰਕੀਤੀ ਤਾਂ ਸਭ ਤਾਰੇ ਹੇਠ ਨਜ਼ਰ ਆਉਂਦੇ

*ਇਹ ਪ੍ਰਸੰਗ ਭੀ ਹਿੰਦਾਲ ਜੱਟ ਦੇ ਚੇਲਿਆਂ ਦਾ ਪਾਯਾ ਹੋਯਾ ਹੈ ਜੋ ਸੰਨਤਾਂ ਨਾਲ ਸਾਬਤ ਕਰਦਾ ਹੈ ਕਿ ਇਕ ਜੱਟ ਹੋਸੀ ॥

CC-0. Gurukul Kangri University Haridwar Collection. Digitized by S3 Foundation USA

ਹੈਨ ਤਾਂ ਗੁਰੂ ਜੀ ਨੇ ਕਹਿਆ ਮਰਦਾਨਾ ਤਾਰੇ ਦੇਖੇ ਹੈਨ ਤਾਂ ਮਰਦਾਨੇ ਕਹਿਆਜੀ ਸਭ ਤਾਰੇ ਹੇਠ ਨਜ਼ਰ ਆਉਂਦੇਹੈਨ ਅਤੇ ਗੁਰੂ ਜੀ ਚੰਦ ਤੇ ਸੂਰਜ ਏਹਭੀ ਸਭ ਹੇਠਹੈਨ ਜੀ ਏਥੇ ਚਾਂਦਨਾ ਕਾਹਦਾਹੈ ਗੁਰੂਜੀ ਕਹਿਆ ਮਰਦਾਨਾ ਏਥੇ ਚਾਂਦਨਾਂ ਧ੍ਰੂਅਦਾ ਹੈ ਤਾਂ ਮਰਦਾਨੇ ਪੁੱਛਿਆ ਜੀ ਓਹ ਕਿਥੇਹੈ ਜੀ ਤਾਂ ਸ੍ਰੀ ਗੁਰੂਨਾਨਕ ਜੀ ਆਖਿਆ ਮਰਦਾਨਾ ਓਹ ਦੇਖ ਜੋ ਵੱਡੀ ਉੱਚੀ ਪਹਾੜੀ ਨਜ਼ਰ ਆਉਂਦੀ ਹੈ ਓਹ ਮੰਡਲ ਧ੍ਰੂਅ ਦਾ ਹੈ ਉਸਦੇ ਉੱਪਰ ਧ੍ਰੂਅ ਭਗਤ ਹੈ ਤਾਂ ਮਰਦਾਨੇ ਆਖਿਆ ਗੁਰੂ ਜੀ ਉਸਦੇ ਘਰ ਵਿੱਚੋਂ ਆਏਹਾਂ ਜੀ ਤਾਂ ਹੁਣ ਚਲੋ ਕੇ ਦਰਸ਼ਨ ਕਰੀਏ ਜੀ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਉਤਾਵਲਾ ਨਾ ਹੋ ਤਾਂ ਮਰਦਾਨੇ ਆਖਿਆ ਭਲਾ ਗੁਰੂ ਜੀ ਤਾਂ ਗੁਰੂ ਨਾਨਕ ਜੀ ਕਹਿਆ ਕਿਉਂ ਭਾਈ ਬਾਲਾ ਤਾਂ ਮੈਂ ਆਖਿਆ ਜੀ ਜੋ ਤੁਸਾਡੀ ਰਜ਼ਾਇ ਤਾਂ ਗੁਰੂ ਨਾਨਕਜੀ ਧ੍ਰੂਅ ਭਗਤ ਦੇ ਮੰਡਲ ਉਪਰ ਚਲੇ ॥੪੯॥

ਸਾਖੀ ਧ੍ਰੂਅ ਭਗਤ ਦੇ ਮੰਡਲ ਦੀ ਚਲੀ

ਤਾਂ ਗੁਰੂਜੀ ਅਸੀ ਤੂੰ ਹੀ ਉਸ ਪਾਸ ਜਾਇ ਖੜੇ ਹੋਏ ਤਾਂ ਅੱਗੇ ਧ੍ਰੂਅ ਆਪਣੇ ਮੰਡਲ ਵਿੱਚ ਫਿਰਦਾ ਆਹਾ ਜਾਂ ਧ੍ਰੂਅ ਭਗਤ ਦੇਖੇ ਤਾਂ ਤੂੰ ਆਦਮੀ ਦਰਵਾਜੇ ਉੱਪਰ ਖੜੇ ਹੈਨ ਤਾਂ ਧ੍ਰੂਅ ਭਗਤ ਦੀ ਪੁਰੀ ਦੇਖੀ ਤਾਂ ਸੱਚਖੰਡ ਦੇ ਸਾਮ੍ਹਣੇ ਸੀ ਅਤੇ ਬੈਕੁੰਠ ਧਾਮ ਦੇ ਨਿਕਟ ਸੀ ਅੱਤੇ ਧ੍ਰੂਅ ਭਗਤ ਜੀ ਸ੍ਰੀ ਵਿਸ਼ਨ ਜੀ ਕਾ ਧਿਆਨ ਕਰਦੇ ਹੈਨ ਜਿਸਦਾ ਧਿਆਨ ਕਰਦਾ ਸੀ ਸੋਈ ਵਿਸ਼ਨ ਰੂਪ ਦੇਖਕਰ ਸ੍ਰੀ ਬਾਬੇ ਨਾਨਕ ਜੀ ਕੋ ਧ੍ਰੂਅ ਭਗਤ ਨੇ ਨਮਸਕਾਰ ਕਰੀ ਅਤੇ ਕਹਿਆ ਜੀ ਅੱਜ ਹਮਾਰੇ ਧੰਨ ਭਾਗ ਹੈਨ ਏਹ ਜੋ ਪ੍ਰਤੱਖ ਵਿਸ਼ਨੂ ਕਾ ਦਰਸ਼ਨ ਭਯਾ ਹੈ ਤਾਂ ਗੁਰੂਨਾਨਕਜੀ ਕਹਿਆ ਤੁਸੀ ਬੈਕੁੰਠ ਦੇ ਸਨਮੁਖ ਰਹਿੰਦੇ ਹੋ ਅਤੇ ਵਿਸ਼ਨੂ ਦਾ ਧਿਆਨ ਕਰਦੇ ਹੋ ਸੋ ਸੁਧ ਚੈਤੰਨ ਨਿਰਗੁਣ ਸਰਗੁਣ ਤੁਝ ਮੇਂ ਭੀ ਅਰ ਮੇਰੇ ਮੇਂ ਭੀ ਬੈਕੁੰਠ ਮੇਂ ਭੀ ਸਾਰੇ ਜਗਤ ਮੇਂ ਭੀ ਏਕ ਹੀ ਹੈ ਸਜਾਤੀ ਵਜਾਤੀ ਜੁਗਤ ਤੀਨ ਭੇਦ ਤੇ ਰਹਿਤ ਹੈ ਜੋ ਵਿਸ਼ਨੂੰ ਤਿਸਕੋ ਨਮਸਕਾਰ ਹੋਵੈ ਸਜਾਤੀ ਕਹੀਏ ਜੈਸੇ ਮਨੁੱਖ ਪਾਸ ਮਨੁੱਖ ਵਿਜਾਤੀ ਕਹੀਏ ਮਨੁੱਖ ਪਾਸ ਬਿਰਛ ਸੁਰਤ ਕਹੀਏ ਅੰਗ ਹੋਵਨ ਸੋ ਤੂੰ ਆਪਨੇ ਅੰਤਰ ਧਿਆਨ ਹੋਕਰ ਦੇਖ ਸਭ ਕੁਛ ਤੇਰੇ ਅੰਤਰ ਹੀ ਹੈ ਤਾਂ ਧ੍ਰੂਅ ਨੇ ਮੱਥਾ ਟੇਕਿਆ ਤੇ ਕਹਿਆ ਈਹਾਂ ਆਵਨ ਕੀ ਮੈਂ ਮਤਾ ਕਿਸੀ ਕੋ ਨਾਹੀਂ ਬਿਨ ਤੁਮਾਰੇ ਐਸੇ ਬਿਖਮ ਥਾਨ ਮੇਂ ਤੁਮਹੀ ਆਏ ਹੋ ਤਾਂ ਗੁਰੂਜੀ ਕਹਿਆ ਭਗਤ ਜੀ ਸ੍ਰੀ ਸੱਤਨਾਮ ਕੇ ਪ੍ਰਤਾਪ ਕਰਕੇ ਪਵਨ ਤੇ ਅਸਵਾਰ ਹੋਇਕਰ ਸੁਖਾਲੇ ਹੀ ਆਇ ਪਹੁੰਚੇਹਾਂ ਨਿਰੰਜਨ ਨਿਰਬਾਨ ਪ੍ਰਮੇਸ਼ੁਰ ਕੀ ਸਹਾਇਤਾ ਤੇ ਮਰਦਾਨੇ ਕੋ ਈਹਾਂ ਪਰਬਤ ਪਰ ਛੋਡ ਗਏ ਅਤੇ ਗੁਰੂ ਜੀ ਮੈਂ ਅਖੰਡ ਪਰਬਤ ਪਰ ਗਿਆ ਅਤੇ ਗੁਰੂਨਾਨਕਜੀ ਧ੍ਰੂਅ ਭਗਤ ਕੋ ਵਿਸ਼ਨੂ ਕਾ ਸਰੂਪ ਦਿਖਾਇਕਰ ਫੇਰ ਆਪਣਾ ਰੂਪ ਦਿਖਾਇਆ ਤਾਂ ਧ੍ਰੂਅ ਭਗਤ ਨੇ ਕਹਿਆ ਧੰਨ ਹੋ ਨਾਨਕ ਤਪਾ ਜੀ ਧੰਨ ਹੋ ਕਲਜੁਗ ਦੇ ਜੀਵਾਂ ਨੂੰ ਉਧਾਰ ਕਰਨੇ ਨੂੰ ਮਾਨੁਖ ਰੂਪ ਧਾਰਨ ਕਰਾ ਹੈ ਕਈ ਜੀਵਾਂ ਕਾ ਉਧਾਰ ਹੋਵੇਗਾ ਕਈ ਜੀਵ ਮੋਸ਼ ਕਰਕੇ ਉਧਰਨਗੇ ਅਰ ਬਾਕੀ

CC-0. Gurukul Kangri University Haridwar Collection. Digitized by S2 F

OF INTERNET // ABHINAV GAUR //

ਸ਼ਬਦ ਕੋ ਸੁਣਕਰ ਪੜ੍ਹ ਕਰ ਉਧਰਨਗੇ ਤੇ ਜੋ ਪੁਰਖ ਨਿਰਗੁਣ ਅਤੇ ਸਰਗੁਣ ਕੋ ਇੱਕ ਰੂਪ ਜਾਣਕੇ ਨਾਮਦੀ ਉਪਾਸ਼ਨਾ ਕਰਨਗੇ ਤਿਨਾਂਦਾ ਉਧਾਰ ਹੋਵੇਗਾ ਤਾਂ ਗੁਰੂਜੀ ਕਹਿਆ ਹਮ ਬਿਸ਼ਨੂ ਜੀ ਕੇ ਮੰਦਰ ਕੋ ਜਾਵਤੇ ਹੈਂ ਕਲਜੁਗ ਕੀ ਸਭ ਵਾਰਤਾ ਕਰਕੇ ਫੇਰ ਆਗਜਾ ਲੈਕੇ ਮਾਤਲੋਕ ਕੋ ਜਾਵੇਂਗੇ ਤਾਂ ਧ੍ਰੂਅਭਗਤ ਨੇ ਕਹਿਆ ਤਪਾਜੀ ਅੱਗੇ ਮੈਂ ਆਪਕੋ ਨਿਰਾਲਾ ਜਾਨਤਾਥਾ ਤੇ ਵਿਸ਼ਨੂੰ ਕੋ ਨਿਆਰਾਂ ਜਾਨਤਾਥਾ ਅਬ ਤਪਾਜੀ ਆਪਕੀ ਕ੍ਰਿਪਾ ਕਰਕੇ ਵਿਸ਼ਨੂ ਮੇਂ ਅਤੇ ਆਪ ਵਿਖੇ ਕੋਈ ਭੇਦ ਨਹੀਂ ਨਜ਼ਰ ਆਉਂਦਾ ਤੁਮਾਰੇਮੇਂ ਅਰ ਵਿਸ਼ਨੂਮੇਂ ਅਭੇਦਤਾ ਹੋ ਗਈਹੈ ਤਾਂ ਬਾਬੇਜੀ ਕਹਿਆ ਭਗਤਜੀ ਤੁਸੀ ਆਗੇਈ ਅਭੇਦ ਰੂਪ ਹੋ ਪਾਂਚ ਬਰਸ ਕੀ ਅਵਸਥਾਮੇਂ ਨਾਰਦ ਜੀ ਆਪ ਆਨਕੇ ਤੁਮਕੋ ਉਪਦੇਸ਼ ਕੀਤਾ ਸੋ ਤੁਸੀ ਐਸਾ ਪ੍ਰਮੇਸ਼ਰ ਮੇਂ ਲੀਣਹੋ ਭਜਨ ਕੀਆ ਤੇ ਸਾਖਜਾਤ ਦਰਸ਼ਨ ਕਰਾ ਦੁਬਿਧਾ ਕੋਈਭੀਨ ਹੀਂ ਰਹੀ ਸਰਬਮੇਂ ਜੋਤੀਜੋਤਕੀ ਜੋਤ ਸਮਾਇ ਰਹੀ ਹੈ ਜਸੋਂ ਪਾਣੀਮੇਂ ਪਾਣੀ ਮਿਲ ਜਾਂਦਾਹੈ ਦੂਜਾ ਭਾਵ ਰਹਾ ਨਹੀਂ ਇੱਕ ਪਰਮੇਸ਼ਰ ਹੀ ਦੇਖਿਆ ਹੈ ਜੋ ਏਕ ਤੇ ਅਨੇਕ ਹੋਇ ਵਰਤੇ ਹੈ ਅਨੇਕ ਤੋਂ ਏਕ ਹੋਇ ਵਰਤੇ ਹੈ ਗਿਆਨ ਰੂਪ ਬਿਬੇਕਰੂਪ ਭੀ ਆਪਹੀ ਹੈ ਸੋਲਾਂ ਕਲਾ ਸੰਪੂਰਨ ਭੀ ਆਪ ਹੀ ਹੈ ਆਪ ਸਰਬ ਵਿਖੇ ਅਕਾਸ਼ ਪਤਾਲ ਮੇਂ ਸਦਾ ਅਜੀਤ ਹੈ ਕਾਲ ਕਲਪਨਾ ਤੇ ਰਹਿਤਹੈ ਤਾਂ ਧ੍ਰੂਅਭਗਤਨੇ ਕਹਿਆ ਸੁਨ ਨਾਨਕ ਤਪਾਜੀ ਤੁਝ ਪਰ ਨਿਰੰਕਾਰ ਜੀ ਕੀ ਬਡੀ ਕ੍ਰਿਪਾ ਹੋਈ ਹੈ ਔਰ ਬਡੇਬਡੇ ਭਗਤ ਹੋਇ ਹੈਨ ਪਰ ਏਥੋਂ ਤੀਕਰ ਕੋਈ ਨਹੀਂ ਆਇਆ ਏਕ ਤੁਸੀ ਹੀ ਈਹਾਂ ਆਇ ਪਹੁੰਚੇ ਹੋ ਕਲਜੁਗ ਵਿੱਚ ਨਾਨਕ ਜੀ ਆਪਦੇ ਸਮਾਨ ਕੋਈ ਨਾਹੀਂ ਹੋਇਆ ਅਤੇ ਜੋ ਆਪਦਾ ਨਾਮ ਲਏਗਾ ਸੋ ਸੰਸਾਰ ਸੇ ਉਧਰੇਗਾ ਜਿਸ ਪਰ ਤੇਰੀ ਖ਼ੁਸ਼ੀ ਹੋਵੇਗੀ ਉਸਪਰ ਨਿਰੰਕਾਰਕੀ ਭੀ ਕ੍ਰਿਪਾ ਹੋਵੇਗੀ ਅਤੇ ਤਪਾਜੀ ਜਹਾਂ ਆਪਦੀ ਰਜ਼ਾਇ ਹੋਵੇ ਤਹਾਂਹੀ ਖੇਲੋ ਤਾਂ ਗੁਰੂਨਾਨਕਜੀ ਧ੍ਰੂਅਭਗਤ ਪਾਸੋਂ ਵਿਦਾ ਹੋਏ॥ ਬੋਲੋ ਭਾਈ ਜੀ ਵਾਹਿਗੁਰੂ ॥

॥ ੫੦ ॥ ਅੱਗੇ ਸਾਖੀ ਸਚਖੰਡ ਮੇਂ ਜਾਣੇ ਕੀ ਚਲੀ

ਤਾਂ ਗੁਰੂਨਾਨਕਜੀ ਧੁਰ ਸੱਚਖੰਡ ਦਰਬਾਰਮੇਂ ਜਾਇ ਪਹੁੰਚੇ ਜਹਾਂ ਬਡਾ ਪ੍ਰਕਾਸ਼ਹੈ ਤੇ ਪ੍ਰਕਾਸ਼ ਰੂਪ ਤਖ਼ਤ ਕੇ ਉਪਰ ਸਤਨਿਰੰਕਾਰ ਜੋਤੀ ਸਰੂਪ ਮੇਂ ਬੈਠੇ ਹੈਂ ਸੰਪੂਰਨ ਭਗਤ ਅਵਤਾਰ ਹਾਥ ਜੋੜ ਕਰ ਖੜੇਹੈਂ ਅਤੇ ਬਾਬਾ ਨਾਨਕ ਜੀਨੇ ਓਹ ਜੋ ਕੋਟਾਨ ਸੂਰਜ ਕੇ ਸਮਾਨ ਪ੍ਰਕਾਸ਼ ਹੈ ਕੋਟਾਨ ਚੰਦ੍ਰਮਾ ਜੈਸਾ ਸੀਤਲ ਤਿਸਕਾ ਪ੍ਰਕਾਸ਼ ਹੈ ਉਸ ਸੱਚੇ ਪ੍ਰਕਾਸ਼ ਕੇ ਵਿਖੇ ਪ੍ਰਵੇਸ਼ ਕੀਆ ਉਸ ਜੋਤਰੂਪ ਭੰਗਵਾਨਕੀ ਉਸਤਤ ਕਰੀ ਔਰਆਗੇ ਸਤਸਰੂਪ ਨਿਰੰਕਾਰ ਵਿਸ਼ਨ ਜੀ ਬਿਰਾਜਮਾਨ ਹੈ ਸਰਬ ਸਮਰਥ ਸਰਬ ਸ਼ਕਤੀਵਾਨ ਭਗਵੰਤ ਜੀ ਨੇ ਕਹਿਆ ਆਉ ਨਾਨਕਭਗਤ ਤੂੰ ਸਦਾਹੀ ਮੇਰੇ ਮੇਂ ਮਿਲਿਆਹੈਂ ਤੇਰੇ ਔਰ ਮੇਰੇਮੇਂ ਕੋਈ ਭੇਦ ਨਹੀਂ ਪਰ ਜਿਸ ਵਾਸਤੇ ਸੰਸਾਰ ਮੇਂ ਸ਼ਤਿ ਨਾਮ ਕੇ ਉਪਦੇਸ਼ ਕੇ ਜਪਾਉਨ ਕੇ ਵਾਸਤੇ ਗਏ ਸੇ ਸੋ ਦ੍ਰਿੜਾਯਾਹੈ? ਤਾਂ ਸ੍ਰੀਗੁਰੂਨਾਨਕਜੀ ਕਹਿਆ ਹੇ ਸਰਬੱਗ ਸ੍ਵਾਮੀ! ਜਹਾਂ ਆਪਕੀ ਆਗਿਆ

CC-0. Gurukul Kangri University Haridwar Collection. Digitized by S3 Foundation USA

ਭਈਤਹਾਂ ਸਤਿਨਾਮਕਾ ਚੱਕ੍ਰਫੇਰਿਆਹੈਜਹਾਂਜਹਾਂ ਆਪਕਾ ਹੁਕਮਹੋਇਗਾ ਤਹਾਂਤਹਾਂਸਤਿ ਨਾਮਕਾ ਚੱਕ੍ਰਫੇਰੋਂਗਾ ਆਗੇਜਿਉਂ ਆਪਕੀ ਰਜ਼ਾਇ ਹੋਵੇਗੀ ਤਿਉਂ ਹੀ ਹੋਵੇਗਾ ਐਸਾ ਕਹਿ ਕਰ ਸ੍ਰੀ ਗੁਰੂ ਜੀ ਨੇ ਸੋਦਰ ਸ਼ਬਦ ਉਚਾਰਨ ਕੀਆ ਉਸਤਤਿ ਮੇਂ ॥

ਸੋਦਰ ਕੇਹਾ ਸੋ ਘਰ ਕੇਹਾ ਜਿਤ ਬਹਿ ਸਰਬ ਸਮਾਲੇ॥ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ ਕੇਤੇ ਰਾਗਪਰੀ ਸਿਉਕਹੀਅਨ ਕੇਤੇ ਗਾਵਣਹਾਰੇ ॥ ਗਾਵਹਿ ਤੁਹਨੋ ਪਉਣ ਪਾਣੀ ਬੈਸੰਤਰ ਗਾਵੈ ਰਾਜਾ ਧਰਮ ਦੁਆਰੇ॥ਗਾਵਹਿ ਚਿਤਗੁਪਤ ਲਿਖ ਜਾਣਹਿ ਲਿਖ ਲਿਖ ਧਰਮ ਵੀਚਾਰੇ ॥ ਗਾਵਹਿ ਈਸਰ ਬਰਮਾ ਦੇਵੀ ਸੋਹਨ ਸਦਾਸਵਾਰੇ॥ਗਾਵਹਿਇੰਦਇੰਦ੍ਰਾਸਣ ਬੈਠੇਦੇਵਤਿਆਦਰਨਾਲੇ॥ਗਾਵਹਿ ਸਿਧਸਮਾਧੀ ਅੰਦਰ ਗਾਵਨ ਸਾਧ ਬੀਚਾਰੇ॥ਗਾਵਹਿ ਜਤੀਸਤੀ ਸੰਤੋਖੀਗਾਵਹਿ ਵੀਰ ਕਰਾਰੇ॥ਗਾਵਨ ਪੰਡਿਤ ਪੜਨ ਰਿਖੀਸਰ ਜੁਗਜੁਗ ਵੇਦਾ ਨਾਲੇ॥ਗਾਵਹਿ ਮੋਹਣੀਆਂ ਮਨਮੋਹਨ ਸੁਰਗਾਮਛ ਪਇਆਲੇ॥ ਗਾਵਹਿ ਰਤਨਉਪਾਏ ਤੇਰੇ ਅਠ ਸਠ ਤੀਰਥ ਨਾਲੇ॥ਗਾਵਹਿ ਜੋਧਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥ ਗਾਵਹਿ ਖੰਡ ਮੰਡਲ ਵਰਭੰਡਾ ਕਰ ਕਰ ਰਖੇ ਧਾਰੇ॥ਸੋਈਤੁਧਨੋ ਗਾਵਹਿ ਜੋ ਤੁਧ ਭਾਵਨਿ ਰਤੇ ਤੇਰੇ ਭਗਤ ਰਸਾਲੇ॥ ਹੋਰ ਕੇਤੇ ਗਾਵਨਸੇ ਮੇਂ ਚਿਤ ਨਆਵਨ ਨਾਨਕ ਕਿਆ ਵੀਚਾਰੇ ॥ ਸੋਈ ਸੋਈ ਸਦਾ ਸਚ ਸਾਹਿਬ ਸਾਚਾ ਸਾਚੀ ਨਾਈ ॥ ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨ ਰਚਾਈ ॥ ਰੰਗੀ ਰੰਗੀ ਭਾਤੀ ਕਰ ਕਰ ਜਿਨਸੀ ਮਾਇਆ ਜਿਨਉਪਾਈ॥ਕਰਕਰਵੇਖੈ ਕੀਤਾ ਆਪਣਾਜਿਉਤਿਸਦੀਵਡਿਆਈ ॥ ਜੋ ਤਿਸੁ ਭਾਵੈ ਸੋਈ ਕਰਸੀ ਹੁਕਮ ਨ ਕਰਣਾ ਜਾਈ॥ਸੋ ਪਾਤਿਸਾਹੁ ਸਾਹਾ ਪਾਤਿ ਸਾਹਿਬੁ ਨਾਨਕ ਰਹਣ ਰਜਾਈ ॥ ੧ ॥

ਐਸਾ ਸੱਚਖੰਡਹੈ ਜਿਸਮੇਂ ਨਿਰੰਕਾਰ ਬਿਰਾਜਮਾਨਹੈ ਜਬ ਸ੍ਰੀ ਬਾਬੇ ਨਾਨਕਜੀਨੇ ਰਸਨਾ ਤੇ ਏਹ ਸ਼ਬਦ ਉਚਾਰਨ ਕੀਤਾ ਤਾਂ ਏਹ ਸ਼ਬਦ ਸੱਤਨਿਰੰਕਾਰ ਸੁਣਕੇ ਬਡੇ ਪ੍ਰਸੰਨ ਹੂਏ ਤਾਂ ਨਿਰੰਕਾਰਹੁਕਮ ਦੀਆ ਹੇ ਨਾਨਕਚਾਰਬੇਦ ਅੱਗੇ ਬ੍ਰਹਮੇਕੋਦੀਏਹੈਨ ਸੋ ਤਿਨਾਂ ਵੇਦਾਂ ਦੀ ਸਮਝਅਬਕੇਜੀਆਂਕੋਨਹੀਂ ਆਂਵਦੀਕਲਜੁਗਦੇਪ੍ਰਤਾਪ ਕਰਕੇਜੀਵਾਂਦੀ ਬੁੱਧ ਮਲੀਨ ਹੋਗਈ ਹੈ ਕੂੜ ਕੁਸਤਿ ਕਰਕੇ ਬੇਦਾਂਦੀ ਵਿਚਾਰ ਨਹੀਂ ਕਰਸਕਦੇ ਅਤੇਅਬਤੂੰ ਜਾਇਕਰ ਮਾਤਲੋਕ ਮੇਂ ਪੰਜਵਾਂਬੇਦ ਨਾਮਕੀ ਉਪਾਸ਼ਨਾਕਾ ਭਾਖਾਬਾਣੀ ਦੁਆਰੇ ਪ੍ਰਗਟਕਰ ਜਿਸਕੋ ਪੜ੍ਹਕੇ ਜੀਵਾਂ ਕਾ ਉਧਾਰ ਹੋਵੇਗਾ ਤਾਂ ਗੁਰੂ ਬਾਬੇਜੀ ਮੱਥਾ ਟੇਕਿਆ ਅਤੇ ਹੱਥ ਜੋੜ ਕਰ ਬੇਨਤੀ ਕਰੀ ਹੇਭਗਵਾਨਸਤਿਸਰੂਪਨਿਰੰਕਾਰਆਪਕੀ ਕ੍ਰਿਪਾਤੇਸੰਪੂਰਨ ਕਾਰਜ ਹੋਵਨਗੇ ਏਹ ਅਰਜ ਕਰਕੇ ਸ੍ਰੀ ਬਾਬਾ ਨਾਨਕਜੀ ਉਸਪ੍ਰਕਾਸ਼ ਵਿੱਚੋਂ ਬਾਹਰ ਆਏ ਨਿਰੰਕਾਰਜੀਕਾ ਦਰਸ਼ਨ ਕਰਕੇ ਔਰ ਆਗਿਆ ਲੇਕਰ ਮਹਾਰਾਜ ਦੇ ਸੱਚ ਖੰਡ ਥੀਂ ਵਿਦਿਆ ਹੂਏ ॥

CC-0. Gurukul Kangri University Haridwar Collection. Digitized by S3 Foundation USA

ABHINAV GAUR

ਭਾਂ ਫੇਰ ਗੁਰੂ ਜੀ ਮੁੜਕੇ ਧ੍ਰੂਅ ਦੇ ਆਸਣ ਨੂੰ ਆਏ ਅਤੇ ਗੁਰੂ ਜੀ ਅਖੰਡ ਪਰਬਤ ਉੱਤੋਂ ਮੈਂ ਭੀ ਸ੍ਰੀ ਗੁਰੂ ਜੀ ਦੇ ਚਰਨਾਂ ਉੱਪਰ ਮੱਥਾ ਆਇ ਟੇਕਿਆ ਜੀ ਅਤੇ ਅੱਗੋਂ ਆਕੇ ਮਰਦਾਨੇ ਨੂੰ ਲਿਆ ਤੇ ਮਰਦਾਨੇ ਵੀ ਸ੍ਰੀ ਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਤੇ ਫੇਰ ਗੁਰੂ ਜੀ ਧ੍ਰੂਅ ਭਗਤ ਨੂੰ ਆਇ ਕਰਤਾਰ ਕਰਤਾਰ ਕੀਤਾ ਅਤੇ ਧ੍ਰੂਅ ਨੇ ਗੁਰੂ ਨਾਨਕ ਜੀ ਸੇ ਪੁੱਛਿਆ ਹੇ ਨਾਨਕ ਤਪਾ ਜੀ ਕੈਸਾ ਪ੍ਰਭੂ ਨਿਰੰਕਾਰ ਨਿਰਬਾਣੇ ਜੀ ਕੋ ਦੇਖਿਆ ਤਬ ਗੁਰੂ ਨਾਨਕ ਜੀ ਕਹਿਆ ਹਮ ਆਪਣੇ ਏਕੰਕਾਰ ਕੋ ਦੇਖਿਆ ਹੈ ਸੱਚਾ ਸਾਹਿਬ ਸੱਚੇ ਤਖ਼ਤ ਪਰ ਬਿਰਾਜਮਾਨ ਹੈ ਪ੍ਰਬਲ ਜੋਤ ਹੈ ਅਸਚਰਜ ਰੂਪ ਹੈ ਜਿਸਦੇ ਦਰਸ਼ਨ ਕੀਤਿਆਂ ਦੁਬਿਧਾ ਦੂਰ ਭਈ ਹੈ ਤੇ ਦੁਖ ਦੂਰ ਭਇਆ ਸੁਖ ਪ੍ਰਾਪਤ ਹੂਆ ਹੈ ਇਤਨਾਂ ਕਹਿਕਰ ਗੁਰੂ ਨਾਨਕ ਜੀ ਉੱਥੋਂ ਧ੍ਰੂਅ ਭਗਤ ਨੂੰ ਕਰਤਾਰ ਕਰਤਾਰ ਸਤਿ ਕਰਤਾਰ ਕਹਿਕਰ ਚਲੇ ਭਾਂ ਮਰਦਾਨੇ ਕਹਿਆ ਸੁਆਮੀ ਜੀ ਅਸੀ ਪ੍ਰਿਥਵੀ ਤੋਂ ਕਿਤਨੇ ਜੋਜਨ ਆਏ ਹਾਂ ਤਾ ਗੁਰੂ ਨਾਨਕ ਜੀ ਕਹਿਆ ਸੁਣ ਮਰਦਾਨਾ ਚਾਲੀ ਲੱਖ ਜੋਜਨ ਉੱਚੇ ਆਏ ਹਾਂ ਤੇ ਧ੍ਰੂਅ ਭਗਤ ਉਨਭਾਲੀ ਲੱਖ ਜੋਜਨ ਉੱਚਾ ਹੈ ਅਤੇ ਸ੍ਰੀ ਨਿਰੰਕਾਰ ਜੀ ਕਾ ਆਸਣ ਇਕ ਲੱਖ ਜੋਜਨ ਧ੍ਰੂਅ ਸੇ ਪਰੇ ਹੈ ਫੇਰ ਮਰਦਾਨੇ ਕਹਿਆ ਜੀ ਉਸਤੋਂ ਪਰੇ ਵੀ ਕੁਛ ਹੈ ਭਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਾ ਪਰੇ ਸੁੱਧ ਦਾ ਸ਼ੁਮਾਰ ਨਹੀਂ ਓਹ ਕਰਤਾਰ ਬੇਸ਼ੁਮਾਰ ਹੈ ਅਤੇ ਜੋ ਕੁਛ ਕਰਤਾਰ ਨੇ ਸਾਨੂੰ ਦਿਖਾਯਾ ਹੈ ਸੋ ਕੁਛ ਦੇਖਿਆ ਹੈ ਅਤੇ ਮਰਦਾਨਾ ਧ੍ਰੂਅ ਭਗਤ ਤੇ ਪ੍ਰਹਿਲਾਦ ਭਗਤ ਤੇ ਦੱਤਾਤ੍ਰੇਉ ਵਰਗੇ ਸੱਭ ਉਹੋ ਹੀ ਪਏ ਹੈਂ ਅਤੇ ਅਸਾਂ ਉੱਪਰ ਇਹੋ ਮੇਹਰਬਾਨੀ ਕਰਤੇ ਪੁਰਖ ਕੀ ਹੈ ਜੋ ਅਸੀ ਏਥੇ ਆਇ ਪਹੁੰਚੇ ਹਾਂ ਉਸਦੇ ਪਸਾਰੇ ਦਾ ਕੁਛ ਅੰਤ ਸ਼ੁਮਾਰ ਨਹੀਂ ਓਹ ਕਰਤਾਰ ਆਪ ਹੀ ਜਾਨਤਾ ਹੈ ਅਤੇ ਸ੍ਰਿਸ਼ਟ ਦੇ ਕਰਤਾ ਬ੍ਰਹਮਾ ਵਿਸ਼ਨ ਮਹੇਸ਼ ਓਹ ਭੀ ਅੰਤ ਪਾਇ ਥੱਕੇ ਹੈਨ ਕਿਸੇ ਨੂੰ ਅੰਤ ਨਹੀਂ ਆਯਾ ਓਹ ਆਪਣੀ ਕੁਦਰਤ ਨੂੰ ਆਪ ਹੀ ਜਾਣੇ ਕਮਲਾ ਸੰਸਾਰ ਅਵਤਾਰਾਂ ਨੂੰ ਪਰਮੇਸ਼ਰ ਜਾਣ ਬੈਠਾ ਹੈ ਅਤੇ ਉਨਾਂ ਭੀ ਅੰਤ ਨਹੀਂ ਪਾਯਾ ਤਾਂ ਭਾਈ ਬਾਲਾ ਕਹੇ ਗੁਰੂ ਜੀ ਫੇਰ ਮੈਂ ਤੇ ਮਰਦਾਨੇ ਕਹਿਆ ਗੁਰੂ ਜੀ ਭੁਸ਼ਾਂ ਸੱਭੇ ਪੁਰੀਆਂ ਦੇਖੀਆਂ ਹੈਨ ਤਾਂ ਗੁਰੂ ਜੀ ਸਾਨੂੰ ਬਚਨ ਕੀਤਾ ਭਾਈ ਅੱਖੀਂ ਮੀਟੋ ਜਾਂ ਅੱਖੀਂ ਮੀਟੀਆਂ ਤਾਂ ਕਈ ਪੁਰੀਆਂ ਫਿਰ ਕੇ ਦੇਖੀਆਂ ਜਿੱਥੇ ਜਾਈਏ ਓਥੇ ਈ ਸਮੁੰਦ ਪਹਾੜ ਨਦੀਆਂ ਅਨੰਤ ਸ੍ਰਿਸ਼ਟੀ ਆਕਾਸ਼ ਪਤਾਲ ਦੇ ਵਤਿਆਂ ਦੀਆਂ ਪੁਰੀਆਂ ਮਨੁੱਖਾਂ ਦੀਆਂ ਪੁਰੀਆਂ ਅਨੰਤ ਹੀ ਕੌਤਕ ਦੇਖੇ ਫੇਰ ਅੱਖੀਂ ਖੋਲ੍ਹੀਆਂ ਤਾਂ ਸ੍ਰੀ ਬਾਬੇ ਜੀ ਦੇ ਪਾਸ ਬੈਠੇ ਹਾਂ ਤਾਂ ਅਸਾਂ ਸ੍ਰੀ ਗੁਰੂ ਜੀ ਦੇ ਅੱਗੇ ਮੱਥਾ ਟੇਕਿਆ ਤੇ ਕਹਿਆ ਧੰਨ ਹੋ ਸ੍ਰੀ ਗੁਰੂ ਜੀ ਧੰਨ ਹੋ ਅਪਾਰ ਪੁਰਖ ਹੋ ਜੋ ਕੁਛ ਦੇਖਣਾ ਸੀ ਸੋ ਸੱਭ ਕੁਛ ਅਸਾਂ ਦੇਖ ਲੀਤਾ ਹੈ ਤਾਂ ਸ੍ਰੀ ਬਾਬੇ ਜੀ ਕਹਿਆ ਭਾਈ ਬਾਲਾ ਜਿਸ ਉੱਪਰ ਕਰਤਾਰ ਕਰੋਪ ਹੁੰਦਾ ਹੈ ਸੋ ਆਪਣੇ ਆਪ ਨੂੰ ਬ੍ਰਹਮ ਜਾਣੇਗਾ ਜਿਸ ਤਾਈਂ ਕਰਤਾਰ ਮਿਹਰਬਾਨੀ ਕਰਦਾ ਹੈ ਸੋ ਆਪਣੇ ਨੂੰ ਕੀਤਾ ਹੋਯਾ ਜਾਣਦਾ ਹੈ ਸੁਣੋ ਭਾਈ ਬਾਲਾ ਮਰਦਾਨਾ ਸੰਸਾਰ ਪਰ ਕਰੋਧੀ ਬਹੁਤ ਹੈ ਜਿਸ ਪਰ ਚਾਰ ਦਟ ਕੇ ਜੁੜਦੇ ਹੈਨ ਚਾਰ ਬਾਹਾਂ ਹੋਂਦੀਆਂ ਹੈਨ ਅਕੇ ਕੋਈ ਦਿਨ

CC-0. Gurukul Kangri University Haridwar Collection. Digitized by S3 Foundation USA

ਹੁਕਮ ਚਲਾਂਵਦਾ ਹੈ ਏਹ ਜੀਵ ਜਾਣਦਾਹੈ ਮੇਰੇ ਪਰ ਬਹੁਤ ਕਿਰਪਾਹੈ ਸਗੋਂ ਏਹ ਨਹੀਂ ਜਾਣਦਾ ਕਿ ਸਭ ਕੁਛ ਨਾਸਵੰਤ ਹੈ ਮੇਰੇ ਪਾਸ ਭੇਸਭ ਉਠਉਠਜਾਂਦੇਹੈਨ ਭੇਮੈਂ ਭੀ ਅੱਜ ਕਲ ਇਵੇਂ ਚਲੇਜਾਣਾਹੈ ਸੋ ਕਰਤੇ ਨੇ ਇਸਜੀਵਦੀਮਤਭਰਮਾਇ ਛੱਡੀਹੈ ਤਾਂ ਮਰਦਾਨੇ ਕਹਿਆ ਜੀ ਸਤ ਹੈ ਗੁਰੂ ਜੀ ਸਤ ਜੋ ਕੁਛ ਤੁਸਾਡੇ ਮੂੰਹੋਂ ਨਿਕਲਦਾਹੈ ਸੋਸਭਕੁਛ ਸੱਚਹੈ ਤਾਂ ਫੇਰਮਰਦਾਨੇ ਕਹਿਆ ਜੀ ਅਸੀ ਹੁਣ ਕੇਹੜੇ ਪਰਬਤ ਉੱਪਰ ਆਏ ਹਾਂ ਜੀ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਾ ਅਸੀ ਹੁਣ ਕਲਕਾਪਰਬਤਉੱਤੇਆਏਹਾਂ ਅਤੇ ਦੋਇ ਲੱਖ ਜੋਜਨ ਫਿਰੇਹਾਂਅਤੇਆਖੋ ਭਾਈਬਾਲਾ ਅਸੀਹੁਣਕਿਧਰ ਚਲੀਏ ਤਾਂ ਗੁਰੂਜੀ ਮੈਂ ਆਖਿਆ ਜੀ ਜਿਧਰ ਤੁਸਾਡੀ ਰਜਾਇ ਤਾਂਗੁਰੂ ਜੀ ਕਹਿਆ ਭਾਈਬਾਲਾ ਅਸੀ ਤ੍ਰਿਹਬੰਦਰਦੇ ਰਾਹ ਉੱਤੇਹਾਂ ਸੂਰਤਬੰਦਰ ਚਪਟਾ ਬੰਦਰ ਅਤੇ ਨਕਦਾ ਬੰਦਰ ਅਤੇ ਸੇਧ ਏਥੋਂ ਮਛਲੀ ਬੰਦਰ ਦਾ ਹੈ ਅਤੇ ਲਾਹੜੀ ਬੰਦਰ ਦਾ ਰਾਹ ਖਰਾ ਹੈ ਤਾਂ ਮੈਂ ਤੇ ਮਰਦਾਨੇ ਕਹਿਆ ਜੀ ਜਿਧਰ ਤੁਸਾਡੀ ਰਜ਼ਾਇ ਹੈ ਉਸ ਪਾਸੇ ਚਲੋ ਜੀ ॥ ੫੧ ॥

ਸਾਖੀ ਸੀਲਾ ਪਰਬਤ ਕੀ ਚਲੀ

ਤਾਂਉੱਥੋਂ ਅੰਤ੍ਰਧਿਆਨਹੋਏ ਤਾਂਗੁਰੂਜੀ ਅਸੀ ਫੇਰ ਸੀਲਾਪਰਬਤ ਪਰ ਜਾਇ ਖੜੇਹੋਏ ਤਾਂ ਮਰਦਾਨੇ ਪੁੱਛਿਆ ਜੀ ਅਸੀ ਕਿਤਨੇ ਜੋਜਨ ਆਏ ਹਾਂ ਤਾਂ ਗੁਰੂ ਨਾਨਕ ਜੀ ਕਹਜਾ ਸੁਣ ਮਰਦਾਨਾ ਅਸੀ ਚਾਰਾਂ ਲੱਖ ਜੋਜਨ ਆਏਹਾਂ ਸਭੋ ਤੇਰਾਂ ਲੱਖ ਜੋਜਨਆਏਹਾਂ ਤਾਂਮਰਦਾਨੇ ਪੁੱਛਿਆ ਗੁਰੂ ਜੀ ਏਨਾਪਰਬਤ ਧ੍ਰੂਅਪਾਸੋਂ ਕਿਤਨਾਉੱਚਾਹੈਤਾਂਗੁਰੂਜੀਕਹਿਆਮਰਦਾਨਾ ਪੰਝੀਹਜ਼ਾਰ ਜੋਜਨ ਉੱਚਾਹੈ ਤਾਂਫੇਰੋਂਪੁੱਛਿਆਜੀਅਖੰਡਪਰਬਤਧ੍ਰੂਅਕੋਲੋਂ ਕਿਤਨਾ ਉੱਚਾ ਹੈ ਤਾਂ ਗੁਰੂਜੀ ਆਖਿਆ ਪੰਜਾਹ ਹਜ਼ਾਰ ਜੋਜਨ ਉੱਚਾਹੈ ਤਾਂ ਫੇਰੋਂਮੈਂ ਆਖਿਆ ਜੀ ਜਿੱਥੇ ਨਿਰੰਕਾਰ ਜੋਤੀਸਰੂਪ ਬੈਠਾਹੈ ਓਹਕਿਤਨਾਉੱਚਾਹੈਤਾਂਗੁਰੂਜੀਕਹਿਆਹੇਬਾਲਾਇਕ ਲੱਖ ਜੋਜਨ ਉੱਚਾਹੈ ਤਾਂਫੇਰਪੁੱਛਿਆ ਗੁਰੂਜੀ ਉਸ ਪਰਬਤ ਦਾਨਾਮ ਕਿਆਹੈ ਜਿੱਥੇਨਿਰੰਕਾਰ ਜੋਤੀਸਰੂਪ ਬੈਠਾਹੈ ਤਾਂਗੁਰੂਜੀਕਹਿਆ ਭਾਈਬਾਲਾ ਉਸਪਰਬਤਕਾਨਾਮ ਨਿਰਬਿਕਾਰ ਹੈ ਤਾਂ ਫੇਰਮਰਦਾਨੇ ਕਹਿਆ ਗੁਰੂਜੀ ਏਥੇਭੀ ਕੋਈ ਸਾਧਹੈ ਤਾਂ ਗੁਰੂਨਾਨਕਜੀ ਕਹਿਆ ਮਰਦਾਨਾ ਇਥੇ ਸਾਧ ਕੋਈਨਾਹੀਂ ਪਰ ਅਗਲੇ ਪਰਬਤਉੱਤੇਹੈਤਾਂਮਰਦਾਨੇਕਹਾਗੁਰੂਜੀ ਚਲੋ ਤਾਂ ਗੁਰੂਨਾਨਕਜੀ ਕਹਿਆ ਮਰਦਾਨਾ ਭੁੱਖਲੱਗੀ ਹੈਈ ਤਾਂ ਮਰਦਾਨੇ ਆਖਿਆ ਜੀ ਇਥੇਤਾਂਪੰਛੀ ਭੀਨਾਹੀਂ ਆਂਵਦੇ ਤੇ ਆਦਮੀਦੀਕਿਆਆਖੀਦੀਹੈਅਤੇਖਾਵਣਨੂੰ ਕਿਸੇਅੱਗੇ ਆਣਰੱਖਿਆਹੈ ਜੋਖਾਈਏਤਾਂਗੁਰੂਜੀਕਹਿਆ ਮਰਦਾਨਿਆਂਉਹ ਜੋਉੱਚੀਪਹਾੜੀਦੇਖਦਾ ਹੈਂ ਉਸਉਪਰ ਫਲਪੱਕੇਹੈਨਅ ਜਿਤਨੇ ਖੁਸ਼ੀਆਂਵਦੀਹੈ ਉਤਨੇਖਾਇਆਉ ਅਤੇ ਤੋੜ ਭੀ ਲਿਆਉ ਤਾਂਮਰਦਾਨਾਗਇਆਕਿਆਦੇਖੇਜੋਕੁਦਰਤਦੇਬ੍ਰਿਛਫਲੇਹੋਏ ਹੈਨ ਤਾਂ ਮਰਦਾਨਾ ਤੋੜ ਤੋੜ ਲਗਾ ਖਾਵਣ ਜਾਂ ਸੁਆਦ ਲੱਗੋਸੁ ਛੋਡ ਨ ਸਕੇ ਬਹੁਤ ਖਾਧਿਓਸ ਅਤੇ ਹੋਰ

CC-0. Gurukul Kangri University Haridwar Collection. Digitized by S3 Foundation USA

ES OF INTERNET ABHINAV GAUR
UTH

ਗੁਰੂਜੀਦੇ ਅੱਗੇ ਆਣ ਰੱਖਿਓਸੁ ਤਾਂ ਗੁਰੂ ਜੀ ਕਹਿਆ ਖਾਹੁ ਭਾਈਬਾਲਾ ਤਾਂਮੈਂ ਆਖਿਆ ਗੁਰੂਜੀਤੁਸੀਭੀ ਖਾਹੁ ਤੇਮੈਨੂੰ ਭੀਦੇਹੁ ਤਾਂਗੁਰੂਜੀ ਕਹਿਆ ਕਿਉਂ ਮਰਦਾਨਾਹੋਰਖਾਣਾਹੈਂ ਤਾਂ ਮਰਦਾਨੇ ਕਹਿਆ ਜੀਮੇਰਾਪੇਟ ਭਰਿਆ ਹੋਇਆਹੈ ਪਰ ਇਕਅੱਧਾ ਮੈਨੂੰਵੀ ਦੇਹੁ ਤਾਂ ਮੈਂ ਕਹਿਆ ਗੁਰੂਜੀ ਮਰਦਾਨਾ ਓਥੋਂ ਭੀ ਭੁੱਖਾ ਆਯਾ ਹੈ ਤਾਂ ਮਰਦਾਨੇ ਆਖਿਆਜੀਤੁਸੀ ਮੈਨੂੰ ਆਪੇ ਖਾਵਣਨੂੰ ਭੇਜਿਆਆਹਾ ਤਾਂਗੁਰੂਨਾਨਕਜੀ ਕਹਿਆ ਮਰਦਾਨਾ ਅਸਾਂ ਤੈਨੂੰ ਕੀ ਆਖਿਆ ਹੈ ਤਾਂ ਮਰਦਾਨੇ ਆਖਿਆ ਗੁਰੂ ਜੀ ਤੁਸਾਂ ਤਾਂ ਕੁਝ ਨਹੀਂ ਆਖਿਆ ਤਾਂ ਫੇਰ ਮਰਦਾਨੇ ਕਹਿਆ ਗੁਰੂ ਜੀ ਏਹ ਅਮ੍ਰਿਤ ਫਲ ਈਂਵੇ ਜਾਂਦੇ ਹੈਨ ਏਥੇ ਖਾਵਣੇਵਾਲਾ ਤਾਂ ਕੋਈ ਨਾਹੀਂ ਤਾਂਗੁਰੂਜੀ ਕਹਿਆਮਰਦਾਨਿਆਂ ਖਾਵਣੇਵਾਲੇ ਨ ਹੋਵਨ ਤਾਂ ਪੈਦਾ ਕਿਉਂ ਹੋਵਨ ਤਾਂ ਮਰਦਾਨੇ ਆਖਿਆ ਗੁਰੂਜੀ ਇਥੇ ਤਾਂ ਅਸਾਂਨੋਂ ਨਜ਼ਰ ਨਹੀਂ ਆਂਵਦਾ ਅਤੇ ਜੇ ਤੁਸਾਂਨੋਂ ਨਜ਼ਰ ਕੋਈ ਆਂਵਦਾਹੈ ਤਾਂ ਦੱਸੋ ਜੀ ਤਾਂ ਗੁਰੂ ਜੀਕਹਿਆ ਮਰਦਾਨਾ ਏਹ ਕੁਦਰਤਦੇ ਫਲਪੈਦਾਹੁੰਦੇਹੈਨ ਗੁਪਤ ਮਹਾਂਪੁਰਖ ਉਸ ਕਰਤਾਰਨੇ ਕੀਤੇਹੈਨ ਉਨਾਂਦੇ ਵਾਸਤੇਏਹਫਲਪੈਦਾਕੀਤੇਹੈਨਤਾਂ ਮਰਦਾਨੇ ਆਖਿਆ ਗੁਰੂਜੀ ਅਸੀ ਤਾਂ ਗੁਪਤ ਨਾਹੀਂ ਤਾਂਗੁਰੂਜੀ ਕਹਿਆਮਰਦਾਨਾ ਪੂਰਨਪੁਰਖਾਂਵਿਚਤੇਗੁਪਤਾਂ ਵਿੱਚ ਭੇਦ ਕੋਈ ਨਹੀਂ ਤਾਂ ਮਰਦਾਨੇ ਕਹਿਆਜੀਹੁਣ ਇਥੇਈਰਹੋਤਾਂਗੁਰੂਜੀਕਹਿਆਮਰਦਾਨਾ ਸੁਆਦ ਲੱਗਾ ਹਈ ਤਾਂ ਮਰਦਾਨੇਕਹਿਆ ਜੀ ਉੱਥੇਕਿਆਕਰਨਾਹੈ ਤੇ ਇਥੇ ਕਿਆ ਨਾਹੀਂ ਕਰਨਾ ਤਾਂ ਫੇਰ ਮਰਦਾਨੇ ਕਹਿਆ ਗੁਰੂ ਜੀ ਹੁਨ ਅੱਗੇ ਚਲੋ ॥ ਬੋਲਹੁ ਭਾਈ ਜੀ ਵਾਹਿਗੁਰੂ ॥ ੫੨ ॥

ਅੱਗੇ ਸਾਖੀ ਅਹਾਰ ਪਰਬਤ ਕੀ ਚਲੀ

ਤਾਂਉੱਥੋਂ ਗੁਰੂਨਾਨਕਜੀ ਅੰਤ੍ਰਧਿਆਨਹੋਏਨਾਲੇਹੀ ਅਸੀਆਹੇ ਤਾਂ ਅਹਾਰ ਪਰਬਤ ਪਰ ਜਾਇਪਹੁੰਚੇਤਾਂਮਰਦਾਨੇ ਪੁੱਛਿਆਗੁਰੂਜੀ ਅਸੀਹੁਣ ਕਿੱਥੇ ਆਏਹਾਂ ਤਾਂ ਗੁਰੂਜੀ ਕਹਿਆ ਮਰਦਾਨਾਅਸੀ ਅਹਾਰਪਰਬਤ ਪਰਆਏਹਾਂਤਾਂ ਫੇਰ ਮਰਦਾਨੇ ਪੁੱਛਿਆ ਗੁਰੂਜੀ ਅਸੀ ਹੁਣਕਿਤਨੇ ਜੋਜਨਆਏਹਾਂ ਤਾਂ ਸ੍ਰੀ ਗੁਰੂਜੀ ਨੇ ਕਹਿਆ ਮਰਦਾਨਿਆਂ ਨੌ ਲੱਖ ਜੋਜਨ ਆਏਹਾਂ ਸਭੋਬਾਈਲੱਖ ਜੋਜਨਆਏਹਾਂ ਤਾਂ ਮਰਦਾਨੇ ਆਖਿਆ ਜੀ ਤੁਸੀ ਜੋ ਏਥੇ ਸਾਧ ਆਖਦੇ ਸਾਉ ਸੋਕਿੱਥੇਹੈ ਤਾਂਗੁਰੂਨਾਨਕਜੀ ਕਹਿਆਮਰਦਾਨਾ ਇਥੇਹੀਹੈ ਤਾਂ ਮਰਦਾਨੇ ਆਖਿਆਜੀ ਚਲੋ ਤਾਂ ਗੁਰੂਜੀਆਖਿਆ ਮਰਦਾਨਾਭੁੰਉਭਾਵਲਾ ਨਹੋਇਆਕਰ ਤਿਚਰੀਂ ਨੂੰ ਓਹਸਾਧਕੁਟੀਆਦੇਵਿੱਚੋਂ ਬਾਹਰ ਨਿਕਲਆਯਾ ਤਾਂ ਉਸ ਸਾਧਨੇ ਕਹਿਆ ਅਰੇ ਭਾਈ ਤੁਮ ਕਉਣਹੋਜੋਈਹਾਂ ਆਇਪਹੁੰਚੇਹੋ ਤਾਂਗੁਰੂਜੀਕਹਿਆਅਰੇ ਭਾਈ ਮੇਰਾ ਨਾਮ ਨਾਨਕ ਨਿਰੰਕਾਰੀਹੈ ਤਬ ਓਹ ਸਾਧ ਬੋਲਿਆਅਰੇ ਭਾਈਹਮਤੇਰਾ ਨਾਮਨਾਨਕਤਪਾ ਸੁਣਿਆ ਥਾ ਤਾਂ ਗੁਰੂਨਾਨਕਜੀ ਕਹਿਆ ਅਰੇਸਾਧ ਤੂੰ ਕਿਆਜਾਣਤਾ ਥਾ ਤਾਂ ਓਸ ਸਾਧ ਕਹਿਆ ਅਰੇਭਾਈਹਮਕੋ ਗੁਰੂ ਨੇ ਬਤਾਯਾਥਾ ਤਾਂਗੁਰੂਜੀਕਹਿਆ ਅਰੇਸਾਧ ਤੇਰਾ ਨਾਉਂ ਕਿਆ

CC-0. Gurukul Kangri University Haridwar Collection. Digitized by S3 Foundation USA

ਹੈ ਔਰਤੇਰੇ ਗੁਰੂਕਾਨਾਉਂ ਕਿਆਹੈ ਤਾਂ ਉਸ ਸਾਧਕਹਿਆ ਨਾਨਕਤਪਾ ਜੀ ਮੇਰੇ ਗੁਰੂਕਾ ਨਾਉਂ ਤਾਂਸੀਲਸੈਣ ਹੈ ਅਤੇ ਮੇਰਾਨਾਉਂ ਕਲਿਆਣਹੈ ਤਾਂ ਗੁਰੂ ਜੀ ਕਹਾ ਅਰੇ ਸਾਧ ਓਹ ਮੁਝੇ ਜਾਣਤਾਥਾ ਤਾਂਕਲਿਆਣਕਹਿਆ ਭਾਈਨਾਨਕਤਪਾਜੀ ਮੇਰੇ ਕੋ ਸੀਲਸੈਣ ਕਹਿਆ ਥਾ ਜੋ ਨਾਨਕਅਵਤਾਰ ਲੀਆਹੈ ਤ੍ਰੈਤੇ ਜੁਗ ਹਮ ਉਸਕੇ ਪਾਸ ਰਹਿਤੇ ਥੇ ਤ੍ਰੈਤੇਜੁਗ ਵਿੱਚ ਉਸਦਾਨਾਉਂ ਰਾਮਜੀਥਾ ਹਮਉਸਕੇ ਆਗੇਰਹਿਤੇ ਥੇ ਮੇਰਾ ਗੁਰੂ ਇਉਂ ਕਹਿਤਾ ਥਾ ਤਾਂ ਗੁਰੂਨਾਨਕਜੀਕਹਿਆ ਅਰੇ ਭਾਈ ਕਲਿਆਣ ਅਬਤੇਰਾ ਗੁਰੂ ਕਿੱਥੇ ਹੈ ਤਾਂ ਕਲਿਆਣ ਕਹਿਆ ਮੇਰਾਗੁਰੂ ਏਥੇਹਾਜ਼ਰਹੈ ਤਾਂ ਸ੍ਰੀ ਗੁਰੂ ਨਾਨਕਦੇਵਜੀਕਹਿਆ ਭਾਈ ਸੀਲਸੈਣ ਕਹਾਂ ਬੈਠੇ ਹੈਨ ਹਮਕਉ ਦਰਸ਼ਨ ਕਰਵਾਉ ਤਾਂ ਕਲਿਆਣਨੇ ਕਹਿਆ ਮੈਂਆਪਣੇਗੁਰੂ ਨੂੰ ਖ਼ਬਰਕਰਨਾਂਹਾਂ ਤਾਂਗੁਰੂਜੀ ਕਹਿਆ ਜਾਹ ਭਾਈ ਖਬਰਕਰ ਤੇ ਜਾਇ ਕਹੁ ਕਿ ਗੁਰੂ ਨਾਨਕ ਬਾਹਰਖੜਾਹੈ ਤਾਂਕਲਿਆਣਨੇ ਕਹਿਆ ਭਲਾਭਾਈਸੋਕਲਿਆਣ ਆਪਣੇ ਗੁਰੂ ਜੀਕੋ ਕਹਿਆ ਗੁਰੂਜੀ ਬਾਹਰਤਿੰਨਸਾਧ ਖੜੇਹੈਂ ਪਰਆਪਕਉਜਾਣਤੇਹੈਂ ਤਾਂ ਗੁਰੂ ਕਹਾ ਤੂੰ ਜਾਇਕਰ ਪੁੱਛਮੇਰੇਕਦੋਂਕੇ ਅਸ਼ਨਾਇਹੈਂ ਤਾਂ ਕਲਿਆਣਨੇਕਹਿਆ ਅਰੇ ਭਾਈ ਮੇਰਾ ਗੁਰੂਪੁੱਛਦਾਹੈ ਜੋਮੇਰੇਕਦੋਂਦੇ ਅਸ਼ਨਾਹੋ ਤਾਂ ਗੁਰੂਨਾਨਕਜੀ ਕਹਿਆ ਭਾਈ ਕਲਿਆਣ ਤੂੰ ਫੇਰ ਜਾਇਕਰ ਕਹੁ ਤ੍ਰੈਤੇਜੁਗ ਵਿੱਚਤੇਰਾ ਨਾਮਕਿਆ ਥਾ ਤਬ ਤੂੰ ਮੇਰੇ ਕੋਲ ਰਹਿਤਾ ਥਾ ਜੋ ਮੈਂ ਤੁਮਕੋ ਜਾਣਤਾ ਹੋਂ ਤਾਂਕਲਿਆਣਨੇ ਜਾਇਕੇਆਖਿਆ ਗੁਰੂਜੀ ਇਉਂ ਕਹਿਤਾ ਹੈ ਜੋ ਤ੍ਰੈਤੇ ਵਿਚ ਤੇਰਾ ਨਾਮ ਕਿਆਥਾ ਤਾਂਫੇਰ ਸੀਲਸੈਣਕਹਿਆਤੂੰਜਾਇਕਰਪੁੱਛ ਜੋਤ੍ਰੈਤੇ ਮੇਂ ਤੇਰਾ ਨਾਮਕਿਆਥਾ ਮੇਰਾਗੁਰੂਪੁੱਛਦਾਹੈਜਦਕਲਿਆਣਨੇਜਾਇਪੁੱਛਿਆਜੀਮੇਰਾਗੁਰੂ ਕਹਿੰਦਾਹੈਤੁਮਾਡਾਤ੍ਰੈਤੇਜੁਗਵਿੱਚਕੀਨਾਉਂਸੀਤਾਂਗੁਰੂਨਾਨਕ ਜੀ ਕਹਿਆ ਕਲਿਆਣ ਤ੍ਰੈਤੇ ਵਿੱਚਮੇਰਾਨਾਉਂ ਰਾਜਾਰਾਮਆਹਾਤਾਂਜਾਇਗੁਰੂਨੂੰਸਭਹਕੀਕਤਕਹੀਤਾਂਸੀਲਸੈਣਨੇਕਹਜਾ ਗੁਰੂਨਾਨਕਜੀਆਗੇਆਇਕੇ ਦਰਸ਼ਨਦੇਹੋਤਾਂਕਲਿਆਣ ਨੇ ਜਾਇਕੇ ਹੱਥ ਜੋੜਕੇ ਬੇਨਤੀ ਕੀਤੀ ਜੀ ਮੇਰਾਗੁਰੂ ਕਹਿੰਦਾਹੈ ਆਪ ਅੰਦਰਆਇਕੇਦਰਸ਼ਨ ਦੇਓ ਤਾਂ ਗੁਰੂਨਾਨਕਜੀ ਤੇ ਨਾਲ ਮੈਂ ਮਰਦਾਨਾ ਤ੍ਰੈ ਹੀ ਅੰਦਰ ਜਾਇ ਖੜੇ ਹੋਏ ਜਾਂਦੇਹੀ ਸ੍ਰੀ ਗੁਰੂਨਾਨਕ ਜੀ ਅਵਾਜ਼ ਕੀਤਾ ਕਰਤਾਰ ਕਰਤਾਰ ਤਾਂਅੱਗੋਂ ਸੀਲਸੈਣ ਆਖਿਆ ਜੀ ਸਤਿਕਰਤਾਰ ਸਤਿਕਰਤਾਰ ਅੱਗੋਂ ਸੀਲ ਸੈਣਉ ਠਖੜਾਹੋਇਆਤੇ ਮੂੰਹੋਂਕਹਿਉਮੁ ਆਈਏ ਬੈਠੀਏ ਜੀ ਤਾਂ ਗੁਰੂਨਾਨਕ ਜੀ ਤੇ ਅਸੀ ਬੀ ਬੈਠਗਏ ਤਾਂ ਸੀਲਸੈਣ ਆਖਿਆ ॥ ਕਉਣ ਗੁਰੂ ਕਉਣ ਮੰਤ੍ਰ ॥ ਕਉਣ ਵਿੱਦਜਾ ਕਉਣ ਜੰਤ੍ਰ ॥ ਕਉਣ ਕਲਾ ਲੈ ਈਹਾਂਆਏ ॥ ਕਉਣਨਾਮ ਤੁਮ ਕਿਨੇ ਮੰਗਾਏ ॥ ਸੀਲਸੈਣ ਪੂਛੈ ਸੁਨ ਰੇ ਭਾਈ ॥ ਬੋਲੈਬਚਨ ਦੇਹਸਮਝਾਈ ॥੧॥ ਗੁਰੂਨਾਨਕਜੀਵਾਚ ॥ ਗੁਰ ਕਰਤਾਰ ਮੰਤ੍ਰ ਦ੍ਰਿੜਾਈ ॥ ਵਿੱਦਜਾ ਦੀਨੀਆਪਸਹਾਈ ॥ ਸਚ ਕਲਾ ਲੈ ਈਹਾਂਆਏ ॥ ਅਮਰ ਅਜੋਨੀ ਪਕੜਮੰਗਾਏ॥ ਏਨੈ ਨਾਨਕਸੀਲਸੈਣ ਭਾਈ ॥ ਰਾਮਤ੍ਰੈਤੇਤੁਮਸਮਝਾਈ

CC-0. Gurukul Kangri University Haridwar Collection. Digitized by S3 Foundation USA

INTERNET
UTH
ABHINAV GAUR

॥ ੨ ॥ ਸੀਲਸੈਣ ਵਾਚ ॥ ਰਾਜਾ ਰਾਮ ਤ੍ਰੇਤੇ ਜੁਗ ਹੁਆ ॥ ਕਲਜੁਗ ਮਹਿ ਨਾਨਕ ਗੁਰ ਥੀਆ ॥ ਬੀਤੇ ਜੁਗ ਥੀਤਾਹੈ ਅਉਰ ॥ ਤਬ ਤੂੰ ਰਹਿਤਾ ਕਾਂਕੀਠਉਰ ॥ ਦੱਸਨਾਮਤੂੰਅਪਣਾ ਮੋਹੁ ॥ ਸੀਲਸੈਣ ਪੂਛੈ ਸਭ ਤੋਹੁ ॥ ੩ ॥ ਗੁਰੂ ਨਾਨਕ ਜੀਵਾਚ ॥ ਸਤਜੁਗ ਅੰਦਰ ਨਾਮ ਹਮਾਰਾ ॥ ਮਿਹਰਵਾਨ ਰਖਿਆ ਕਰਤਾਰਾ ॥ ਤ੍ਰੇਤੇ ਰਾਮਚੰਦਅਵਿਹੋਤਾ ॥ ਦੁਆਪੁਰਹਰੀ ਚੰਦ ਕਹਾਤਾ ॥ ਕਲਜੁਗ ਨਾਨਕ ਕਹਿਤ ਸੀਲਸੈਣ ਕਹੁ ਤੋਹੁ ॥ ਆਪਣਾਨਾਮ ਬਤਾਇਆ ਮੋਹੁ ॥ ਅਗਲੇ ਜੁਗਾਂਦੀ ਖਵਰ ਤੁਮੇਂ ਨਾਹੀਂ ॥ ਨਹੀ ਤਾਂ ਸਭ ਤੁਮਕੋ ਦੇਹੁ ਬਤਾਈ ॥ ੪ ॥ ਤਬ ਸੀਲਸੈਣ ਉਠਕਰ ਪ੍ਰਦੱਖਣਾਕੀਨੀ ਤੇ ਡੰਡੌਤ ਕਰੀ ਤੇ ਚਰਨਾਂ ਪਰਢਹਿਪਇਆਧੰਨ ਹੋ ਰਾਜਾਰਾਮ ਪਰ ਦੁਖ ਨਿਵਾਰਣਹਾਰੇ ਮਹਾਂਪੁਰਖਆਪਐਸੀਦਯਾ ਕਰੀਜੋ ਦਰਸ਼ਨਦੀਆ ਔਰ ਹਮਾਰਾ ਜਨਮਸਫਲਕੀਆ ਤਬ ਸੀਲਸੈਣਕਹਿਆ ਕਲਿਆਣਜੀ ਪ੍ਰਸਾਦ ਤਿਆਰ ਕਰੋ ਤਬ ਛੱਤੀ ਪ੍ਰਕਾਰਕਾ ਭੋਜਨ ਤਿਆਰ ਕਰਾਇਆ ਤਬ ਹਾਥ ਜੋੜ ਕਰ ਕਲਿਆਣ ਨੇ ਕਹਿਆ ਭਪਾਜੀਰਸੋਈ ਤਜਾਰਹੈ ਤਾਂਗੁਰੂਜੀਬਚਨਕੀਤਾ ਭਾਈਬਾਲਾਤੇ ਮਰਦਾਨਾਜਾਵੋ ਰਸੋਈਜੇਵੋਂ ਤਾਂ ਸੀਲਸੈਣਕਹਿਆ ਗੁਰਦੇਵਜੀ ਆਪ ਮੇਹਰਬਾਨੀ ਕਰਕੇਚਲੀਏਤਾਂਗੁਰੂ ਨਾਨਕਜੀ ਕਹਿਆ ॥ ਸੀਲਸੰਜਮ ਕੀ ਭੁਗਤ ਹਮ ਖਾਈ ਬਹੁੜ ਭੂਖ ਨਹੀਂ ਲਾਗੇ ॥ ਹਮ ਮਾਤੇਹੈਂ ਰਾਮ ਰਸਾਇਣ ਆਠ ਪਹਿਰ ਧੁਨ ਰਾਤੇ ॥ ੧ ॥ ਤਾਂ ਸੀਲਸੈਣਬੇਨਤੀ ਕਰੀ ਤੁਮੀਂ ਕਉ ਤਾਂ ਨਿਰੰਕਾਰ ਜੀ ਕੀ ਭੁੱਖ ਹੈ ਪਰ ਹਮਾਰਾ ਭਲਾਕਿਉਂਕਰ ਹੋਵੇਗਾ ਜੀ ਤਾਂ ਗੁਰੂ ਜੀ ਗੁਰੂ ਨਾਨਕਜੀ ਤੇਮਰਦਾਨਾਔਰਮੈਂ ਤਿੰਨਾਂ ਪ੍ਰਸਾਦਿ ਛਕਿਆ ਤਬਸੀਲਸੈਣ ਬਡਾ ਪ੍ਰਸੰਨ ਹੂਆ ਸੀਲਸੈਣ ਕਹਾ ਰਾਜਾਰਾਮਕਾ ਦਰਸ਼ਨ ਭਯਾਹੈ ਤਾਂ ਗੁਰੂਜੀ ਪੰਜਦਿਨ ਉੱਥੇਰਹੇ ਜਾਂ ਸੀਲਸੈਣ ਪਾਸੋਂ ਵਿਦਾ ਹੂਏ ਤਾਂ ਮੂੰਹ ਮਾਤ ਲੋਕ ਨੂੰ ਧਰਿਆ ਉਹਾਂ ਸੋ ਬਨੇ ਅੰਤ੍ਰਧਾਰੀ ॥ ਸੀਲ ਪਰਬਤ ਪਰ ਕਰੀ ਉਤਾਰੀ ॥ ਪੂਛੇ ਬਾਲਾ ਅਪਨੇ ਗੁਰਕਉ ॥ ਕਿਤਨੇ ਜੋਜਨਆਏ ਉਹਾਂ ਸੋਂ ॥ ਤਾਂ ਬਾਲੇ ਪੁੱਛਿਆ ਜੀ ਸੀਲ ਪਰਬਤ ਪਾਸੋਂ ਸੀਲਾ ਪਰਬਤ ਕਿਤਨਾ ਉੱਚਾ ਹੈ ਤਾਂ ਗੁਰੂ ਜੀ ਕਹਿਆ ਲੱਖ ਜੋਜਨ ਉੱਚਾ ਹੈ ਅਸੀ ਫੇਰ ਲੱਖ ਜੋਜਨ ਆਏ ਹਾਂ ਤਾਂ ਫੇਰ ਗੁਰੂਨਾਨਕਜੀ ਅਤੇ ਦੋਵੇਂਅਸੀਂਫੇਰਘਿਰਨਪਰਬਤਤੇਆਏ ਤਾਂ ਫੇਰ ਮਰਦਾਨੇ ਪੁੱਛਿਆ ਜੀ ਅਸੀ ਕਿਸ ਪਰਬਤ ਤੇ ਆਏ ਹਾਂ ਤਾਂ ਗੁਰੂ ਨਾਨਕਜੀ ਕਹਿਆ ਮਰਦਾਨਾ ਅਸੀਘਿਰਨ ਪਰਬਤ ਪਰ ਆਏ ਹਾਂ ਤਾਂ ਮਰਦਾਨੇ ਆਖਿਆ ਜੀ ਅਸੀ ਕਿਤਨੇਜੋਜਨਆਏਹਾਂ ਤਾਂ ਗੁਰੂ ਜੀ ਕਹਿਆ ਮਰਦਾਨਾ ਅਸੀ ਚਾਰਲੱਖਜੋਜਨ ਆਏਹਾਂ ਸੱਭੋਸਤਾਈਲੱਖ ਜੋਜਨ ਆਏਹਾਂ ਤਾਂ ਫੇਰ ਮਰਦਾਨੇਕਹਿਆਜੀਏਥੇਵੀਕੋਈਸਾਧਰਹਿੰਦਾਹੈਤਾਂਗੁਰੂਜੀ ਕਹਿਆ ਮਰਦਾਨਾ ਇਥੇ ਇਕ ਰਿਖੀਸ਼ਰਹੈ ਮਰਦਾਨੇਕਹਿਆਜੀ ਉਸਕੋਭੀ ਦੇਖੀਏਂਗੇ ਤਾਂਗੁਰੂਜੀਕਹਿਆ ਮਰਦਾਨਾਏਥੇਹੀ ਓਹਆਮਿਲਸੀ ਤਾਂ ਮਰਦਾਨੇਆਖਿਆਭਲਾਜੀਤਾਂਉਸਪਹਾੜ ਉੱਪਰ ਇਕ ਬੜਾ ਤਲਾਵਸੀ ਪਰ ਕੁਦਰਤ ਨਾਲ ਜਲਦਾਭਰਿਆਪੜਾਸੀ ਤਾਂ ਓਥੇ ਸ੍ਰੀ ਗੁਰੂਜੀ

CC-0. Gurukul Kangri University Haridwar Collection. Digitized by S3 Foundation USA

ਲਗੇ ਇਸ਼ਨਾਨ ਕਰਨ ਓਹ ਰਿਖੀਸ਼ਰ ਆਖਾ ਤੇ ਆਂਦਾਂਦਿਆਂ ਹੀ ਆਖਿਓਸੁ ॥ ਇਸ਼ਨਾਨ ਮੱਧੇਕ ਭੋਗਤੰਸੁਆਂਗ ਭਗਤਗੁਣੀਗੁਣੀ॥ਕੁਮੇਰਸੁਮੇਰਪਰਬਤਮੀਨਸਪਰਬਤਰੰਗਤੇ॥੨॥ ਰਿਖੀਸ਼ਰੋਵਾਚ॥ ਸੁਣਰੇਭਾਈ ਏਹ ਜੋ ਤੂੰ ਇਸ਼ਨਾਨਕਰਤਾ ਹੈਂ ਕਿਸ ਵਾਸਤੇ ਇਸ ਸਾਗਰ ਕੇ ਗਤੋ ਕਰਤਾਹੈਂ ਉਨਾਂ ਭਗਤਾਂ ਵਾਂਗਰ ਬੈਠਾਹੈ ਜੈਸੇਕੁਮੇਰਰਿਖੀਸ਼ਰ ਸੁਮੇਰ ਪਰਬਤਕੇ ਉਪਰ ਬੈਠਾ ਹੈ ਕਦੇ ਹਲ ਚਲ ਹੂਆ ਨਾਹੀਂ ਅਰ ਜੈਸੇਮੀਨ ਭਰੰਗ ਜਲਸਿਉਂ ਕਰਤਾਹੈ ਅਰ ਬਿਛੜੇਹੂਏਪ੍ਰਾਣ ਹਤ ਹੋ ਜਾਤੇ ਹੈਂ ਤੂੰ ਜੋ ਇਸ ਸਿਉਂ ਭਰੰਗ ਕਰਤਾ ਹੈਂ ॥ ਤਾਂ ਗੁਰੂ ਨਾਨਕ ਜੀ ਬਚਨ ਕੀਤਾ ॥ ਇਸ਼ਨਾਨਏਕੰਕਾਰੰ ॥ ਸੁਆਂਗ ਸਤਿਗੁਰ ਭੰਡਾਰੰ ॥ਕੁਮੇਰ ਚਿਤ ਠਹਿਰੰ॥ਮੀਨ ਨਾਨਕ ਗੋਬਿੰਦ ਜਲ ਭਰੰਗੀ॥ ੨॥ ਤਾਂ ਰਿਖੀਸ਼ਰ ਪੁੱਛਿਆ ਅਰੇ ਸਾਧ ਤੈਂ ਕਿਆ ਕਹਿਆ ਹੈ ਮੈਂ ਤੋ ਸਮਝਿਆ ਨਹੀਂ ਤਾਂ ਗੁਰੂਨਾਨਕ ਜੀ ਤਿਸਦਾ ਪਰਮਾਰਥ ਕਹਿੰਦੇ ਹੈਨ ॥ ਇਸ਼ਨਾਨ ਏਕੰਕਾਰਕੇ ਦਰਸ਼ਨਕਾ ਕੀਆਸੁਆਂਗਸਤਿਗੁਰਾਂ ਦੇ ਭੰਡਾਰ ਤੋਂ ਲੀਆ ਕੁਮੇਰ ਜੈਸਾ ਚਿਤ ਠਹਿਰਾਇਆ ਹੈ ਗੋਬਿੰਦਕੇਨਾਮਕਾਜਲਨਾਨਕ ਮੀਨ ਤਰੰਗ ਕਰਤਾ ਹੈ ਜੇ ਓਹ ਜਲ ਬਿਛੜੈ ਤੋ ਪ੍ਰਾਣ ਹਤਿ ਹੋਇ ਜਾਤਾ ॥ ੨ ॥ ਤਾਂ ਰਿਖੀਸ਼ਰ ਨੇ ਕਹਿਆ ਜੀ ਕਲਜੁਗ ਵਿੱਚ ਨਾਨਕਤਪਾ ਤੂੰਹੀਹੈਂਅਰ ਤ੍ਰੇਤੇਜੁਗ ਮੇਂ ਰਾਮਚੰਦ ਤੁਸੀਸਾਓ ਤਾਂ ਗੁਰੂਜੀ ਕਹਿਆਹੇਰਿਖੀਸ਼ਰਮੈਂ ਹੀਨਾਨਕਹੋਂਅਰੇਰਿਖੀਸ਼ਰਤੇਰਾਕਿਆਨਾਮਹੈ ਤਾਂਉਸ ਰਿਖੀਸ਼ਰਨੇਕਹਿਆ ਤਪਾ ਜੀ ਮੇਰਾਨਾਮ ਸੁਖਚੈਨਰਿਖੀ ਹੈ ਤਾਂ ਗੁਰੂ ਨਾਨਕ ਜੀ ਕਹਿਆ ਅਰੇ ਰਿਖੀ ਤੂੰ ਵੁਹ ਹੈਂ ਜੋ ਰਾਜਾ ਜਨਕਦੀ ਸੇਹਜਾ ਵਿਛਾਉਂਦਾ ਸੈਂ ਤਾਂ ਰਿਖੀਸ਼ਰਕਹਿਆ ਹਾਂ ਤਪਾਜੀ ਮੈਂ ਓਹੀਹਾਂ ਤਾਂ ਸੁਖਚੈਨ ਰਿਖੀਸ਼ਰਪ੍ਰਦੱਖਣਾਕਰਕੇ ਚਰਨਾਂ ਉਪਰ ਢਹਿਪਿਆ ਮੁਖਥੀਂ ਕਹਿਆ ਧੰਨ ਹਮਾਰੇ ਭਾਗ ਹੈਂ ਜੋ ਹਮਕੋ ਦਰਸ਼ਨ ਦੀਆ ਤਬ ਗੁਰੂ ਜੀ ਰਜ਼ਾਇ ਮੰਗੀ ਰਿਖੀਸ਼ਰ ਪਾਸੋਂ ਵਿਦਿਆ ਹੋਏ ॥ ਓਥੋਂ ਅੰਤਰ ਧਿਆਨ ਹੂਏ ਤਾਂ ਉਲਕਾ ਪਰਬਤ ਉੱਤੇ ਆਏ ਤਾਂ ਮਰਦਾਨੇ ਪੁੱਛਿਆਗੁਰੂ ਜੀ ਹੁਣਅਸੀਕਿੱਥੇਆਏਹਾਂਤੇ ਕਿਤਨੇਜੋਜਨ ਆਏ ਹਾਂ ਤਾਂ ਗੁਰੂ ਜੀ ਕਹਿਆਅਸੀ ਉਲਕਾਪਰਬਤਤੇਆਏਹਾਂ ਅਤੇ ਮਰਦਾਨਾਅਸੀ ਯਾਰਾਂਲੱਖ ਜੋਜਨ ਆਏਹਾਂਸੱਤੋਚਾਲੀਲੱਖ ਜੋਜਨਆਏਹਾਂ ਤਾਂਮਰਦਾਨੇ ਪੁੱਛਿਆਜੀਏਹਕੇਹੜੇ ਬੰਦਰ ਦਾ ਰਸਤਾਹੈ ਤਾਂ ਗੁਰੂਜੀਕਹਿਆ ਮਰਦਾਨਾ ਪਹਿਲਾਂਘੁਰਾਟਬੰਦਰਆਵੇਗਾ ਦੂਜਾਲਾਹੜੀ ਬੰਦਰ ਆਵਸੀ ਅਤੇ ਤੀਸਰਾ ਮਛਲੀ ਬੰਦਰਆਵੇਗਾ ਤਾਂਮਰਦਾਨੇ ਕਹਿਆਜੀ ਅਸੀ ਕਿਸ ਖਡ ਵਿੱਚ ਜਾਪਹੁੰਚਾਂਗੇਗੁਰੂਜੀਕਹਾ ਮਰਦਾਨਾਹੁਣਭਾਰਤਖੰਡਵਿੱਚਪਹੁੰਚਾਂਗੇ ਤਾਂਮਰਦਾਨੇ ਕਹਿਆ ਗੁਰੂਜੀ ਅਸਾਂ ਨੌਂ ਖੰਡ ਪ੍ਰਿਥਵੀ ਨ ਵੇਖੀ ਤਾਂਗੁਰੂ ਜੀਕਹਿਆ ਮਰਦਾਨਾਕਿੰਪਰਸ ਦੀਪ ਖਡ ਭਾਰਥਖੰਡ ਨੂੰ ਕਹੀਦਾ ਹੈ ਅਰ ਭਾਰਥਖੰਡ ਤਾਂਤੂੰ ਦੇਖਿਆਹੈ ਚਲਅਭਜਨੀ ਖੰਡ ਦਿਖਾਵੀਏ ਉਸਖੰਡਦੇ ਪੁਰਸ਼ਰਾਤਨੂੰ ਇਸਤ੍ਰੀਆਂ ਹੋਜਾਂਦੇਹੈਨ ਤਾਂ ਅੱਖੀਂ ਮੀਟੀਆਂਜਾਂਅੱਖੀ ਮੀਟੀਆਂ ਫੇਰ ਖੋਲ੍ਹੀਆਂ ਤਾਂ ਅਭਜਨੀ ਖੰਡ ਵਿੱਚ ਬੈਠੇ ਹਾਂ ਉਥੋਂ ਦੇ ਸਭ ਲੋਕ ਦਰਸ਼ਨ ਨੂੰ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //

ਆਏਓਥੋਂਦਾਰਾਜਾਭੀ ਗੁਰੂਜੀਦੀ ਚਰਨੀ ਆਇਪਿਆ ਉਸਰਾਜਾਨੇਕਹਾ ਜੀਮੇਰੇ ਪ੍ਰਸਾਦ ਛਕੀਏ ਜੀ ਤਾਂ ਗੁਰੂਜੀਮੈਨੂੰਕਹਿਆ ਬਾਲਾਤੂੰ ਸ਼ੇਰਕਾ ਰੂਪ ਹੋਜਾ ਤਾਂ ਸ਼ੇਰ ਹੋਬੈਠਾ ਤਾਂ ਗੁਰੂ ਨਾਨਕ ਜੀ ਕਹਾ ਭਾਈ ਮੇਰੇ ਸ਼ੇਰਕਾ ਅਹਾਰ ਵੇਓ ਰਾਜੇ ਕਹਾ ਜੀ ਜੋ ਹੁਕਮਹੋਵੇ ਤਾਂ ਗੁਰੂ ਕਹਾ ਰਾਜਾ ਆਪਨੇ ਪੁੱਤ੍ਰਕਾ ਅਹਾਰਦੇ ਤਾਂਰਾਜਾਨੇ ਪੰਜਾਹਰਾਨੀਆਂਵਿਆਹੀਆਂਸਨ ਇੱਕੋ ਪੁੱਤ੍ਰ ਸੀ ਪਰ ਰਾਜ ਲਾਇਕ ਸੀ ਸੋ ਰਾਜਾਨੇ ਸ਼ੇਰਕੇ ਅੱਗੇਦੀਆ ਤਾਂ ਗੁਰੂਜੀਕਹਾ ਤੇਰੇ ਮਨ ਮੇਂ ਗਿਲਾਨੀ ਨਹੀਂ ਗਈ ਤਾਂ ਰਾਜੇ ਕਹਾ ਜੀ ਮੋਹਕਰਕੇ ਗਈ ਸੀ ਤੇ ਉਪਾਸ਼ਨਾ ਕਰਕੇ ਨਹੀਂ ਗਈ ਜੋ ਇਸਲੜਕੇਨੇ ਰਾਜਕਰਨਾਹੈ ਤਾਂ ਏਹ ਮਰੇਗਾ ਨਹੀਂ ਤੇ ਸੰਤ ਤਾਂਪਰਮੇਸ਼ਰ ਰੂਪਹੁੰਦੇ ਹੈਨ ਤੇ ਸਭਕੇ ਸੁਖਦਾਈ ਹੋਤੇਹੈਂ ਤਾਂਗੁਰੂਜੀਪ੍ਰਸੰਨ ਹੋਕੇ ਰਾਜਾਦੇ ਪੁਤ੍ਰ ਨੂੰ ਪਾਹੁਲ ਦੇਕਰ ਸਿੱਖਕੀਆ ਔਰਧਰਮਸਾਲ ਬਣਵਾਈ ਤੇ ਕੜਾਹਪ੍ਰਸਾਦਕਰਵਾਕੇਵਰਤਾਯਾ ਲੋਕਾਂ ਨੂੰ ਨਾਮਜਪਾਯਾ ਲੱਗੇ ਗੁਰੂਗੁਰੂਜਪਣਉਥੋਂਰਮਦੇਰਹੇ॥ ਬੋਲਹੁਭਾਈਜੀਵਾਹਿਗੁਰੂ॥੫੩॥

ਅੱਗੇ ਕੇਸੀ ਖੰਡ ਕੋ ਗਏ

ਜਦ ਓਸ ਖੰਡਗਏ ਤਾਂਓਥੋਂਦਾ ਰਾਜਾ ਤੇ ਸਭ ਪਰਜਾ ਸ੍ਰੀਗੁਰੂਜੀਦੀ ਚਰਨੀ ਆਇਲਗੇ ਤਾਂ ਰਾਜੇਦੀਰਾਣੀਨੇ ਕਹਿਆਜੀ ਮੇਰੇਘਰ ਪੁੱਤ੍ਰ ਨਹੀਂ ਤੇ ਕ੍ਰਿਪਾ ਕਰੋ ਜੇ ਰਾਜਾ ਮੇਰੇ ਵੱਸ ਰਹੇ ਤਾਂ ਬਾਬੇਜੀ ਬਚਨ ਕੀਤਾ ਸੰਤਾਂਮਹਾਤਮਾਂ ਅੱਗੇ ਨਿਉਂਚਲਿਆ ਕਰੋ ਜੋ ਪਰਮੇਸ਼ਰ ਵੱਲੋਂ ਦੁਖਸੁਖਹੋਵੇ ਸੋ ਸਹਾਰਲੈਣਾ ਰਸਨਾ ਥੀਂ ਮਿੱਠਾ ਬੋਲਿਆ ਕਰੋ ਦੋਇ ਲਉਂਗ ਤੇ ਇਕ ਲਾਚੀ ਦਿੱਤੀ ਕਹਾ ਜਾਹ ਤੇਰੇਘਰ ਦੋਇਪੁੱਤ੍ਰ ਤੇਇਕਧੀ ਹੋਵੇਗੀਸਦਾਸਤਿਨਾਮਦਾ ਜਾਪ ਕਰਨਾ ਤਾਂਰਾਜੇਕਹਾਜੀ ਕੋਈ ਕਾਲ ਏਥੇ ਰਹੋ ਤਾਂ ਗੁਰਾਂ ਕਹਿਆ ਰਾਜਾ ਕੜਾਹ ਕਰਿਆਕਰੋ ਤੇ ਜੋੜਮੇਲ ਕਰਾਨਾ ਪ੍ਰਸਾਦ ਵਰਤਾਕੇ ਛਕਣਾ ਅਰਦਾਸਕਰਨੀਸਭ ਕੰਮ ਰਾਸਹੋਵਨਗੇ ਅਤੇਸ਼ਬਦ ਰਿਦੇਵਿੱਚ ਧਾਰਨੇ ਸ਼ਬਦਦੇ ਅੱਗੇ ਨਿਵਚਲਣਾ ਖਿਮਾਂਕਰਨੀ ਮਿੱਠਾਬੋਲਣਾ ਏਹਬਚਨ ਤੈਂ ਦ੍ਰਿੜ੍ਹਰੱਖਨੇ ਹੋ ਰਾਜਾਤੇਰੇਉੱਪਰ ਪਰਮੇਸ਼ਰ ਬਹੁਤ ਪ੍ਰਸੰਨ ਹੋਵੇਗਾ ਏਹ ਸਭ ਉਪਦੇਸ਼ ਦੇਕਰ ਸ੍ਰੀਬਾਬਾ ਜੀ ਉੱਥੋਂ ਤੁਖਸਤ ਹੋਏ ॥ ੫੪ ॥

ਅੱਗੇ ਕੁਰਖੰਡ ਮੇਂ ਗਏ

ਅੱਗੇਕੁਰਖੰਡਦੇ ਲੋਕਾਂਦਾ ਏਹ ਵਰਤਾਰਾ ਸੀ ਕਿ ਜਦ ਕੋਈ ਜੰਮਦਾ ਸੀ ਤਾਂ ਰੋਂਦੇ ਸਨ ਅਤੇ ਜਦਕੋਈਮਰਦਾਸੀ ਤਾਂਬਹੁਤਖ਼ੁਸ਼ੀਕਰਦੇਸਨ ਤੇ ਹਸਦੇਸਨ ਏਹ ਦੇਖਕਰ ਬਾਬਾ ਜੀ ਨੇ ਕਹਿਆ ਏਹਲੋਕ ਅਗਿਆਨੀ ਹੈਨ ਜੋ ਸ੍ਰੀਵਾਹਿਗੁਰੂਦੇ ਸੱਦੇਨੂੰ ਹੱਸਦੇਹੈਨ ਅਤੇ ਵਾਹਿਗੁਰੂਦੇ ਭੇਜੇਨੂੰ ਰੋਂਦੇਹੈਨ ਅਤੇ ਗਿਆਨੀ ਓਹ ਹੈਨ ਜੋ ਵਾਹਿਗੁਰੂਕਰਤਾਰਭੇਜੇਤੋਂਭੀ ਰਾਜੀ ਜੇ ਸੱਦੇ ਤੋਂ ਵੀ ਰਾਜ਼ੀ ਅਤੇ ਕਰਤਾਰਦੀ ਹਰਬਾਤ ਪਰ ਪ੍ਰਸੰਨਰਹਿਣਾ ਕੀਰਤਣ ਕਰਨਾ ਕੜਾਹ ਪ੍ਰਸਾਦਕਰਨਾ ਏਹ ਗਿਆਨੀ ਦੇ ਲੱਛਨ ਹੈਨ ਤਾਂਮਰਦਾਨੇ ਓਨ੍ਹਾਂ ਲੋਕਾਂਨੂੰ ਕਹਿਆਤੁਸੀਏਹਕਿਆਕਰਦੇਹੋ ਜੰਮਦੇਨੂੰ ਰੋਂਦੇ ਹੋ ਤੇ ਮਰ ਗਏ ਨੂ ਹੱਸਦੇ ਹੋ ਤਾਂ ਲੋਕਾਂ

CC-0. Gurukul Kangri University Haridwar Collection. Digitized by S3 Foundation USA

ਆਖਿਆ ਭਾਈ ਜੰਮਦਾ ਹੈ ਤਾਂ ਪਰਮੇਸ਼ਰ ਤੇ ਵਿਛੜਦਾ ਹੈ ਅਤੇ ਮਰਦਾ ਹੈ ਤਾਂ ਜਾਇ ਮਿਲਦਾ ਹੈ ਏਹ ਜਾਣਕਰ ਹਸਦੇ ਤੇ ਰੋਂਦੇ ਹਾਂ ਮਰਦਾਨੇ ਕਹਿਆ ਜੀ ਏਹ ਤਾਂ ਭਗਵੰਤ ਦੀ ਮਾਯਾ ਕਰਕੇ ਏਹ ਜੀਵ ਜੰਮਦਾ ਮਰਦਾ ਹੈ ਜੂਨਾਂ ਵਿਚ ਭਟਕਦਾ ਹੈ ਅਤੇ ਮਿਲਦਾ ਤਾਂ ਸਤਸੰਗ ਕਰਕੇ ਹੈ ਜਿਨਾਂ ਪਰਮੇਸ਼ਰਜੀਦੇ ਹੁਕਮਨੂੰ ਸੱਤ ਕਰਕੇ ਮੰਨਿਆਹੈ ਓਹ ਸਦਾ ਹੀ ਅਨੰਦ ਹੈਨ ਜਿਨਾਂ ਆਤਮਾਨੂੰ ਸੱਤ ਕਰਕੇ ਮੰਨਿਆਹੈ ਓਹ ਕਰਤਾਰ ਪਾਸੋਂ ਕਦੇ ਨਹੀਂ ਵਿਛੜਦੇ ਕਿਉਂਕਿ ਅਕਾਸ਼ ਦੀ ਨਿਆਈਂ ਸਾਰੇ ਪੂਰਨ ਹੈ ਤੁਸਾਡਾ ਰੋਵਨਾ ਹੱਸਣਾ ਸਰਬ ਬਿਅਰਥ ਹੈ ਤਾਂ ਲੋਕਾਂ ਨੇ ਸ੍ਰੀਗੁਰੂਜੀ ਦੇ ਅੱਗੇ ਮੱਥਾ ਟੇਕਿਆ ਤੇ ਕਹਿਆ ਬਾਬਾ ਜੀ ਸਾਡਾ ਉਧਾਰ ਕਰੋ ਜੀ ਤਾਂ ਗੁਰੂਜੀ ਕਹਿਆ ਭਾਈ ਤੁਸੀ ਪਰਮੇਸ਼ਰਨੂੰ ਯਾਦਰੱਖੋ ਓਹ ਪਰਮੇਸ਼ਰ ਐਸਾ ਹੈ ਜਿਸਨੇ ਤੁਸਾਂ ਨੂੰ ਦੇਹ ਅਰੋਗ ਦਿੱਤੀ ਹੈ ਤੇ ਪ੍ਰਿਥਵੀ ਵੱਸਣੇ ਵਾਸਤੇ ਦਿੱਤੀ ਹੈ ਸ਼ਬਦ ਗਿਆਨ ਕੋ ਅਰ ਰਸ ਭੋਗਣੇ ਕਉ ਦਿੱਤੇ ਹੈਨ ਏਡੇ ਬਡੇ ਦਾਤਾ ਗੁਣੋਂ ਕੇ ਕਰਤਾਰ ਨੂੰ ਭੁਲਾ ਦੇਣਾ ਨਹੀਂ ਅਤੇ ਏਹ ਸ਼ਰੀਰ ਤੋ ਕਰਮਾਂ ਕਾ ਬਿਰਛ ਹੈ ਜੇ ਸ਼ੁਭ ਕਰਮ ਕਰੋਗੇ ਤਾਂ ਤੁਸਾਡੀ ਕਲਿਆਨ ਹੋਵੇਗੀ ਏਹ ਬਚਨ ਸੁਣਕੇ ਸਭਲੋਕ ਸ੍ਰੀਗੁਰੂ ਜੀਦੇ ਚਰਨਾਂਉੱਪਰ ਢਹਿ ਪਏ ਤਾਂ ਗੁਰੂਨਾਨਕਜੀ ਕਹਿਆ ਸੁਣੋ ਭਾਈ ਸੱਚਿਆਂ ਰਹਿਣਾ ਆਪਸਵਿੱਚ ਮੇਲ ਰਖਣਾ ਤੇ ਸਭਨਾਂ ਨਾਮ ਜਪਣਾ ਤੇ ਕਰਤਾਰਦਾਭਰੋਸਾਰੱਖਣਾਇਤਨਾਉਪਦੇਸ਼ਬਾਬਾਜੀ ਕਰਕੇ ਅਗਲੇ ਖੰਡਕੋ ਚਲੇ ਤਾਂ ਉਸਖੰਡਦੇ ਲੋਕਾਂਦੀ ਹਜ਼ਾਰ ਬਰਸਾਂਦੀ ਉਮਰਾ ਹੈਸੀ ਤੇ ਜੁਆਨਹੀ ਰਹਿੰਦੇ ਸਨ ਸੋ ਉਨਾਂਲੋਕਾਂ ਦੇਖਕਰ ਸ੍ਰੀਗੁਰੂਜੀਦੇਚਰਨਾਂ ਤੇਮੱਥਾ ਟੇਕਿਆ ਤਾਂ ਮਰਦਾਨੇ ਪੁੱਛਿਆ ਭਾਈਕਲਜੁਗਦੇਜੀਵਾਂਦੀ ਉਮਰਾਸੌਬਰਸ ਹੁੰਦੀਹੈਤੇਚਾਲੀਬਰਸਦਾ ਹੋਕੇ ਬੁੱਢਾ ਹੋਜਾਂਦਾ ਹੈ ਤੇ ਤੁਸਾਡੇ ਲੋਕਾਂਦੀ ਹਜ਼ਾਰਾਂਬਰਸਾਂਦੀ ਉਮਰਹੈ ਤੇ ਜੁਆਨ ਹੀ ਹਉ ਤੁਸਾਡੇ ਵਿੱਚ ਕੀ ਗੁਣ ਹੈ ਤਾਂ ਉਨਾਂਲੋਕਾਂ ਕਹਿਆ ਭਾਈ ਹਮਝੂਠਨਹੀਂ ਬੋਲਤੇ ਸਦਾਸੱਚ ਹੀ ਬੋਲਤੇਹੈਂ ਤੇ ਪ੍ਰਾਣਾਂਦਾ ਸੰਜਮ ਕਰਦੇ ਹਾਂ ਇਸੀ ਤੇ ਕਲਜੁਗਦਾ ਬਲ ਏਥੇ ਨਹੀਂ ਪੈ ਸਕਦਾ ਅਸੀ ਸ਼ਾਸਤ੍ਰ ਬੇਦਾਂਦੇ ਅਨੁਸਾਰ ਚਲਦੇ ਹਾਂ ਤੇ ਸੰਤਾਂਦਾ ਸੰਗ ਭੀ ਕਰਦੇ ਹਾਂ ਤਾਂ ਸ੍ਰੀਗੁਰੂਜੀ ਕਹਿਆ ਭਾਈ ਸੱਤਨਾਮ ਦਾ ਜਾਪ ਭੀ ਕਰਿਆ ਕਰੋ ਇਸਤੇਤੁਸਾਡੇ ਜਗਤਦੇ ਕਾਰਜ ਸਭਸੌਰਨਗੇ ਤੇ ਪ੍ਰਲੋਕਭੀ ਸਭ ਸਵਰੇਗਾ ਧਰਮਦੀ ਕਿਰਤਕਰੋ ਵੰਡਖਾਓ ਤੇ ਲਾਭ ਵਿਚੋਂ ਦਸਵੰਧਦਿਓ ਕੜਾਹਪ੍ਰਸ਼ਾਦਕਰੋ ਅਰਦਾਸ ਕਰਕੇਵਰਤਾਓਤੁਹਾਡੇਸਭਕਾਰਜਰਾਸ ਹੋਨਗੇ ਏਹ ਸਭ ਉਪਦੇਸ਼ ਉਨਾਂ ਨੂੰ ਸ੍ਰੀ ਗੁਰੂ ਜੀ ਦੇ ਕਰ ਓਥੋਂ ਚਲਦੇ ਰਹੇ ॥ ੫੫ ॥

ਗੁਰੂ ਜੀ ਇਲਾਬ੍ਰਤ ਖੰਡ ਕੋ ਗਏ

ਤਾਂ ਗੁਰੂ ਨਾਨਕਜੀ ਇਕ ਜੰਗਲਕੇ ਵਿੱਚ ਜਾਇਬੈਠੇ ਕਿਆ ਦੇਖਨ ਜੋ ਓਥੇ ਕਈ ਕਰੋੜ ਸਿੰਘ ਉਤਰੇ ਹੈਨ ਤਾਂ ਮਰਦਾਨਾ ਅਤੇ ਮੈਂ ਗੁਰੂਜੀ ਡਰਗਏ ਤਾਂ ਗੁਰੂਨਾਨਕਜੀਕਹਿਆ ਮਰਦਾਨਾ ਰਬਾਬ ਵਜਾਇਕੇ ਸ਼ਬਦ ਗਾਉਂ ਸਭ ਸ਼ੇਰ ਤੇਰੇ ਅੱਗੇ ਮੱਥਾ ਆਇ ਟੇਕਨਗੇ

CC-0. Gurukul Kangri University Haridwar Collection. Digitized by S3 Foundation USA

ਜਦਮਰਦਾਨੇਰਬਾਬ ਵਜਾਇਕੇ ਸ਼ਬਦ ਗਾਵੇਂ ਤਾਂ ਸਭਸ਼ੇਰ ਆਇਗਏ ਤਾਂ ਗੁਰੂਜੀ ਪੁੱਛਿਆ ਭਾਈ ਤੁਸੀ ਕੌਨ ਹੋ ਤਾਂ ਉਨਾਂ ਕਹਿਆ ਅਸੀ ਤਾਮਸੀ ਜੋਨ ਪਾਪੀ ਹਾਂ ਤੁਸਾਡਾ ਦਰਸ਼ਨ ਕੀਤਿਆਂ ਸਾਡਾ ਮਨ ਤਨ ਸੀਤਲ ਹੋਗਿਆ ਹੈ ਗੁਰੂ ਜੀ ਕਹਿਆ ਤੁਸਾਡੀ ਗੁਜਰਾਨ ਕੀਕਰਾਂ ਹੁੰਦੀ ਹੈ ਉਨਾਂ ਕਹਿਆ ਜੀ ਸੌ ਸੌ ਜੋਜਨ ਤੀਕਰ ਪਸ਼ੂ ਪੰਛੀ ਖਾਧੇਹੈਨਪਰਹੁਣਤਾਂ ਕੁਛ ਨਹੀਂ ਹੱਥ ਆਉਂਦਾ ਜੀ ਅਸਾਡਾ ਉਧਾਰ ਕਰੋ ਜੀ ਤਾਂ ਬਾਬੇ ਜੀ ਬਚਨ ਕੀਤਾਹੁਣਤੁਸੀਂ ਮਨੁੱਖਾਂ ਦੇ ਜਨਮ ਪਾਓਗੇ ਸਾਡੇ ਸਿੱਖ ਹੋਣਾ ਨਾਮ ਜਪਨਾ ਤੁਸਾਨੂੰਅਸੀਰਾਜ ਭੁਗਾਵਾਂਗੇ ਨਾਮ ਜਪੋਗੇ ਆਪਸ ਵਿੱਚ ਮਿਲੇਰਹੋਗੇ ਸ਼ਾਂਤ ਰੱਖੋਗੇਤਾਂ ਰਾਜ ਕਰੋਗੇ ਨਹੀਂਤਾਂਰਾਜ ਖੁੱਸ ਜਾਵੇਗਾ ਆਪਸਵਿੱਚ ਲੜ ਕੇ ਨਰਕਾਂ ਨੂੰ ਜਾਓਗੇ ਏਹ ਬਾਤਾਂ ਕਹਿ ਕਰ ਬਾਬਾ ਜੀ ਉਥੋਂ ਨਗਰ ਨੂੰ ਆਏ ਤਾਂ ਉਸ ਨਗਰਦੇ ਲੋਕਾਂ ਸ੍ਰੀ ਗੁਰੂ ਜੀ ਅੱਗੇ ਮੱਥਾਟੇਕਿਆ ਤੇ ਅਰਜ ਕੀਤੀ ਜੀ ਤੁਸੀ ਸਿਘਾਂ ਤੇਕਿਸਤਰਾਂ ਬਚੇ ਹੋ ਅਤੇ ਅਸੀ ਤਾਂ ਤੋਪਾਂ ਚਲਾਉਂਦੇ ਹਾਂ ਤਾਂ ਸਿੰਘਾਂ ਪਾਸੋਂ ਬਚੇ ਹਾਂ ਨਹੀਂ ਤਾਂਰਾਤਦਿਨ ਛਰਦੇਹਾਂਤਾਂ ਮੈਂ ਗੁਰੂਜੀ ਉਨਾਂਲੋਕਾਂ ਨੂੰ ਆਖਿਆ ਸੁਣੋ ਭਾਈ ਗੁਰੂ ਜੀ ਨੇ ਉਨ੍ਹਾਂ ਸਿੰਘਾਂ ਨੂੰ ਆਪਣੇ ਸਿੱਖ ਕੀਤਾ ਹੈ ਦੋਇ ਸੌ ਬਰਸ ਤੀਕਰ ਸਭਨਾਂ ਸ਼ੇਰਾਂ ਦੀ ਗਤੀਹੋ ਜਾਵੇਗੀ ਹੁਣ ਕਿਸੇਨੂੰ ਮਾਰਨਗੇ ਨਹੀਂ ਏਹਬਾਤ ਸੁਣਕੇ ਰਾਜਾ ਪਰਜਾ ਸਭ ਬਾਬੇ ਦੀ ਚਰਨੀਂ ਆ ਲਗੇ ਅਰਜ ਕੀਤੀ ਸਾਡੀ ਭੀ ਕਲਿਆਨ ਕੀਜੀਏ ਜੀ ਤਾਂ ਬਚਨ ਹੋਯਾ ਸੱਤਨਾਮ ਦਾ ਸਿਮਰਨ ਕਰੋ ਸ਼ਬਦ ਪੜ੍ਹੋ ਨੇਕੀ ਕਰੋ ਦਾਨ ਕਰੋ ਕਿਸੇ ਨਾਲ ਗੁੱਸਾ ਨ ਕਰੋ ਸ਼ਰੀਰਨੂੰ ਅਨਿੱਤ ਜਾਨੋ ਸ਼ਬਦਰੂਪ ਅੰਮ੍ਰਿਤਪੀਵੋ ਤਾਂ ਤੁਸਾਡੀ ਕਲਿਆਨਹੋਵੇਗੀ ਜੋ ਬਾਣੀ ਪੜ੍ਹੇਗਾ ਲੋਕ ਪ੍ਰਲੋਕ ਸਵਰੇਗਾ ਗੁਰੂਜੀਨੇ ਚਰਨਪਾਹੁਲਦਿੱਤੀ ਨਾਮਜਪਣਾ ਦਾਨ ਕਰਣਾ ਏਹ ਉਪਦੇਸ਼ ਦੇਕੇ ਗੁਰੂ ਜੀ ਆਗੇ ਚਲੇ ॥ ੫੬ ॥

ਭੱਦਰਾ ਖੰਡ ਕੋ ਗਏ

ਜੰਬੂਖੰਡ ਭੀਓਹੀਹੈ ਤਹਾਂਕਾ ਰਾਜਾ ਕਵਲਨਾਭ ਗੁਰੂਕੀਚਰਨੀਂ ਆਇਲਾਗਾ ਉਸਨੇਪ੍ਰਸ਼ਨ ਕੀਤਾਗੁਰੂਜੀਚਾਰਆਸ਼੍ਰਮਾਂ ਵਿੱਚੋਂ ਕੇਹੜਾ ਵੱਡਾਹੈ ਤਾਂ ਗੁਰੂਜੀ ਕਹਿਆ ਗ੍ਰਿਹਸਤ ਆਸ਼੍ਰਮ ਸਭਤੋਂ ਵੱਡਾਹੈ ਜੈਸੇ ਸਮੁੰਦ੍ਰ ਤੇ ਸਭ ਮੋਤੀ ਨਿਕਲਤੇਹੈਨ ਤੈਸੇ ਗ੍ਰਿਹਸਤਵਿੱਚੋਂ ਸਭਆਸ਼੍ਰਮ ਨਿਕਲਦੇ ਹੈਨ ਤੇ ਗ੍ਰਿਹਸਤ ਕਰਕੇ ਸਭ ਦੀ ਪਾਲਨਾ ਹੁੰਦੀ ਹੈ ਜਿਸਤਰਹ ਕਵਲ ਜਲ ਤੇ ਉਪਜਤਾਹੈ ਜਲ ਕ੍ਰਕੇ ਓਹਪਲਤਾਹੈ ਜੇਕਰ ਗ੍ਰਸਤੀ ਨਾਮ ਜਪੇ ਤੇ ਵੰਡ ਖਾਏ ਤਾਂ ਸਭ ਤੇ ਅਧਿਕ ਹੈ ਜੈਸੇ ਕੂਏਂ ਕਾ ਜਲ ਨਿਕਸੇ ਤੌ ਮੀਠਾ ਹੋਤਾਹੈ ਮਨੁਖ ਜਨਮ ਤੌ ਭਲਾ ਹੈ ਜੇ ਨਾਮ ਜਪੇ ਗ੍ਰਿਹਸਤੀ ਤੌਭਲਾਹੈਜੇਸਾਧ ਸੇਵਾ ਕਰੇ ਸਤਸੰਗ ਕਰੇ ਮਿੱਠਾ ਬੋਲੇ ਵੰਡ ਖਾਏ ਏਹ ਬਾਤ ਸੁਣਕੇ ਰਾਜਾ ਪਰਜਾ ਸਭ ਚਰਨੀਲਗੇ ਗੁਰੂਜੀ ਉਨ੍ਹਾਂਨੂੰ ਨਾਮ ਦਿੱਤਾ ਕਹਿਆ ਧਰਮਸਾਲ ਬਣਵਾਓ ਕੜਾਹ ਕਰਕੇ ਅਰਦਾਸ ਕਰਨੀ ਏਹ ਕਹਿ ਕਰ ਚਲਦੇ ਰਹੇ ॥ ੫੭ ॥

CC-0. Gurukul Kangri University Haridwar Collection. Digitized by S3 Foundation USA

ਫੇਰ ਹਿਰਨ ਖੰਡ ਕੋ ਗਏ

ਸੋ ਸੱਤਵਾਂ ਖੰਡਸੀ ਉਸਕੀ ਪ੍ਰਿਥਵੀ ਸਭ ਸੁਵਰਨਕੀਨਿਆਈਂ ਸੀ ਤੇ ਲੋਕ ਜੁਆਨਸੇ ਜਿਸ ਕੀ ਮਿਰਤ ਆਉਂਦੀਸੀ ਸੋ ਉੱਚੀਪਹਾੜੀ ਤੇ ਜਾਇਕੇ ਬੈਠਕੇ ਬ੍ਰਹਮ ਰੰਧ੍ਰਕੋ ਫੋੜਕੇ ਪ੍ਰਾਣ ਨਿਕਾਸਦਾਸੀ ਘਰਾਂਵਿੱਚ ਨਹੀਂ ਸੇ ਮਰਦੇ ਤਾਂ ਗੁਰੂਜੀ ਉਨਾਂਪਾਸੋਂ ਪੁੱਛਿਆ ਏਹ ਕਿਸਕਾ ਉਪਦੇਸ਼ ਹੈ ਉਨਾਂ ਕਹਾ ਸਾਡਾ ਗੁਰੂ ਗੋਰਖ ਹੈ ਉਸਨੇ ਸਾਨੂੰ ਪ੍ਰਾਨਾਂ ਦਾ ਸੰਜਮ ਦੱਸਿਆ ਹੈ ਇਸ ਤੇ ਸਾਡੀ ਉਮਰ ਵੱਡੀ ਹੈ ਅਰ ਧਨ ਵੀ ਬਹੁਤਹੈ ਇਕ ਸ਼ਾਂਤ ਨਹੀਂ ਜੇ ਆਪ ਕ੍ਰਿਪਾ ਕਰੋ ਤੇ ਸ਼ਾਂਤ ਬਖਸ਼ੋਤਾਂ ਗੁਰੂਜੀ ਕਹਿਆ ਭਾਈ ਕਰਤਾਰ ਦਾ ਸੱਤਨਾਮ ਜੋਹੈਤਿਸਦਾ ਜਾਪ ਕਰੋ ਜੋ ਅੰਤਰ ਮੁਖੀ ਹੋਇ ਕਰਕੇ ਪ੍ਰਾਣੀ ਰਾਤਦਿਨ ਪਰਮੇਸ਼ਰਦੇਜਾਪਨੂੰਜਪਦੇ ਹੈਨ ਤਿਨ੍ਹਾਂ ਦੇ ਮੁਖ ਉਜਲ ਹੋਂਦੇਹੈਨ ਤੇ ਸ਼ਾਂਤਵੀ ਪ੍ਰਾਪਤ ਹੋਜਾਤੀਹੈ ਜੈਸਾ ਪਾਣੀਦੇ ਪਾਏਅਗਨਿਸ਼ਾਂਤ ਹੋਜਾਤੀ ਹੈ ਤੈਸੇ ਗੁਰੂਕੇ ਸ਼ਬਦਸੇ ਤ੍ਰਿਸ਼ਨਾ ਰੂਪੀ ਅਗਨਿ ਬੁਝ ਜਾਤੀਹੈ ਅਤੇ ਜਮਕੇ ਦੰਡਕਾ ਭੀ ਭੈ ਨਹੀਂ ਰਹਿੰਦਾ ਜੇਹੜੇ ਸਚਨਾਲਲਗੇਹੈਨ ਸੋਗੁਰਾਂਨਾਲਮਿਲਕੇ ਪਰਮੇਸ਼ਰਦੇਚਰਨਾਂ ਮੇਂ ਜਾਇ ਪ੍ਰਾਪਤ ਹੋਤੇਹੈਂ ਏਹ ਬਾਤਾਂ ਸੁਣਕੇ ਰਾਜਾਪਰਜਾ ਸਭ ਚਰਨੀਂ ਆਇਲੱਗੇ ਤਾਂ ਸ੍ਰੀ ਗੁਰੂਜੀ ਆਖਿਆ ਨਾਮ ਜਪੋ ਧਰਮ ਦੀ ਕਿਰਤ ਕਰਨੀ ਵੰਡ ਖਾਣਾ ਏਹ ਉਪਦੇਸ਼ ਕਰਕੇ ਓਥੋਂ ਰਮਦੇ ਰਹੇ ॥ ੫੮ ॥

ਬਾਬਾ ਨਾਨਕ ਜੀ ਕੇੜ ਖੰਡ ਕੋ ਗਏ

ਜਾਂ ਉਸ ਖੰਡ ਵਿੱਚ ਪਹੁੰਚੇਸੋ ਅੱਠਵਾਂ ਖੰਡ ਸੀ ਇਕ ਸ ਜਗਾਂਗੁਰੂਜੀ ਬੈਠਗਏਤੇਮਰਦਾਨਾ ਸ਼ਹਿਰ ਵਿੱਚ ਜਾ ਵੜਿਆ ਤਾਂ ਉਨਾਂ ਲੋਕਾਂਮਰਦਾਨੇਨੂੰ ਪਕੜ ਲਿਆ ਰਾਜੇਦੇਪਾਸਲੈ ਗਏ ਤਾਂਰਾਜੇਕਹਿਆਖ਼ੁਸ਼ੀਹੋਇਕੇਮੈਂ ਇਸਨੂੰਦੇਵੀਦੀਭੇਟਾਦੇਵਾਂਗਾਬਡੀਖੁਸ਼ੀਨਾਲਮਰਦਾਨੇ ਨੂੰ ਲੈ ਚਲੇ ਸਭ ਲੋਕ ਪਿੱਛੇ ਹੋ ਟੁਰੇ ਤਾਂ ਮਰਦਾਨੇ ਮਨ ਮੈਂ ਵਿਚਾਰ ਕੀਤੀ ਮਰਨਾ ਜਨਮਣਾਂ ਭੀ ਏਕ ਪੜਦਾਹੀਹੈਜੇਕਰਕਾਲਨੇਗ੍ਰਸਨਾਹੈ ਤਾਂ ਕਿਸੇ ਰੱਖਣਾ ਨਹੀਂ ਜੇਕਰ ਸਮਾ ਨਹੀਂ ਹੈ ਤੋ ਕਿਸੇ ਮਾਰਨਾ ਨਹੀਂ ਓਹ ਕਰਤਾਰ ਆਪ ਹੀ ਰਾਖਾ ਹੈ ਇਸੀਤਰਾਂਦੇਵੀਕੇਮੰਦਰਮੇਂ ਲੈਗਏ ਤਾਂ ਸ੍ਰੀ ਗੁਰੂ ਨਾਨਕ ਜੀ ਸਰਬ ਘਟਾਂ ਦੀ ਜਾਨਣਹਾਰੇ ਮੈਨੂੰ ਕਹਿਨ ਲੱਗੇ ਚੱਲ ਭਾਈ ਬਾਲਾ ਮਰਦਾਨਾ ਕੁਥਾਂ ਫਾਥਾ ਹੈ ਮੈਂ ਆਖਿਆ ਗੁਰੂ ਜੀ ਝਬਦੇ ਚੱਲੀਏ ਜੀ ਜਦ ਗਏ ਸਭ ਲੋਕ ਖੜੇਹੈਨ ਤਾਂ ਰਾਜੇਨੇ ਜੱਲਾਦਾਂਨੂੰ ਆਖਿਆ ਏਸਨੂੰ ਝਟਕਾਦੇਉ ਤਾਂ ਜੱਲਾਦ ਤਲਵਾਰ ਖਿੱਚਕੇ ਲਗਾ ਮਾਰਨ ਤਾਂ ਦੇਵੀ ਦੀ ਪ੍ਰਿਤਮਾ ਵਿਚੋਂ ਦੁਰਗਾ ਨੇ ਪ੍ਰਸਿੱਧ ਹੋਕੇ ਉਸ ਜੱਲਾਦਦੇ ਹੱਥੋਂ ਤਲਵਾਰ ਪਕੜਕੇ ਰਾਜਾਦਾਸੀਸ ਕਟਦਿੱਤਾ ਤਾਂਗੁਰੂਜੀਨੇ ਉਸਦੇ ਹੱਥੋਂ ਤਲਵਾਰਖੋਹਲਈ ਤੇ ਕਹਿਆ ਹੇਦੇਵੀਰਾਜਾਤਾਂਤੇਰਾ ਉਪਾਸ਼ਕੀਸੀ ਤੇ ਮਰਦਾਨਾ ਕਰਤਾਰ ਦੇ ਭਰੋਸੇ ਵਾਲਾ ਸੀ ਦੇਵੀਨੇ ਆਖਿਆ ਤਪਾਜੀ ਜੋ ਕਰਤਾਰਦੇਹੈਨ ਉਨਾਂਦੀ ਮੈਂ ਦਾਸੀਹਾਂ

CC-0. Gurukul Kangri University Haridwar Collection. Digitized by S3 Foundation USA

ES OF INTERNET // ABHINAV GAUR //
-UTH

ਏਹ ਦੇਖਕੇ ਓਥੋਂ ਦੇ ਲੋਕ ਬਾਬੇਜੀ ਦੇ ਪੈਰਾਂ ਤੇ ਢਹਿਪਏ ਤਾਂ ਗੁਰੂਜੀਨੇ ਰਾਜੇਦੇ ਪੁਤ੍ ਨੂੰ ਰਾਜ ਦਿੱਤਾ ਤੇ ਪਾਹੁਲ ਦਿੱਤੀ ਨਾਮ ਦਾ ਉਪਦੇਸ਼ ਦਿੱਤਾ ਸਿੱਖਕੀਤਾ ਗੁਰਮਤ ਦ੍ਰਿੜਾਈ ਧਰਮਸਾਲ ਬਨਵਾਈ ਕਹਿਆ ਧਰਮ ਦੀ ਕਿਰਤ ਕਰਨੀ ਆਏ ਸਾਧ ਸੰਤ ਦੀ ਸੇਵਾ ਕਰਨੀ ਸਤਿ ਬੋਲਨਾ ਸੱਤ ਨਾਮ ਦਾ ਜਾਪ ਕਰਨਾ ਦਇਆ ਕਰਨੀ ਏਹ ਸਿੱਖਿਆ ਦੇ ਕਰ ਓਥੋਂ ਗੁਰੂ ਜੀ ਵਿਦਿਆ ਹੋਏ ॥ ੫੯ ॥

ਗੁਰੂ ਜੀ ਹਰਦਰਖ ਖੰਡ ਨੂੰ ਚਲੇ

ਫੇਰ ਗੁਰੂ ਜੀ ਅਰਬਖੰਡ ਕੋ ਚਲੇ ਓਹ ਨਾਵਾਂਖੰਡ ਹੈ ਓਥੋਂਦਾ ਰਾਜਾਚਰਨੀਂਆਇਲਗਾ ਤੇ ਕਹਿਆਸੁ ਹੇ ਸੰਤਜੀ ਤੁਸੀ ਭਗਵੰਤਦਾ ਰੂਪਹੋ ਮੇਰੇਪਰ ਦਇਆਕਰੋ ਮੇਰੀ ਕਲਿਆਣ ਕਰੋ ਤਾਂ ਗੁਰੂ ਜੀਬਚਨਕੀਤਾ ਸੁਣੋ ਰਾਜਾ ਜੀ ਸੰਸਾਰ ਇਕ ਤਲਾਵ ਹੈ ਕੁਸੰਗੀ ਡੱਡੂ ਹੈਨ ਵਿਸ਼ਿਆਂ ਰੂਪੀ ਸਿਬਾਲ ਨੂੰ ਖਾ ਰਹੇ ਹੈਨ ਤੇ ਜੋ ਹਰੀ ਦੇ ਗੁਣ ਗਾਵਨ ਵਾਲੇ ਸੰਤ ਮਹਾਤਮਾ ਹੈਂ ਸੋ ਕਵਲ ਹੈਨ ਅਤੇ ਜੱਗਿਆਸੀ ਲੋਕ ਭਵਰੇ ਹੈਨ ਸੋ ਦੂਰੋਂ ਆਣਕੇ ਭਗਵੰਤਦਾ ਜਸ ਸੁਣਦੇ ਹੈਨ ਸਤਸੰਗ ਕਰਦੇ ਹੈਂ ਕਵੀਆਂ ਰੂਪੀ ਜੱਗਿਆਸੀ ਤੇ ਚੰਦ੍ਰਮਾਂ ਰੂਪੀ ਗੁਰੂਦਾ ਬਚਨ ਸੁਣਕਰ ਅਨੰਦ ਹੁੰਦੇ ਹੈਨ ਅਤੇ ਅਮ੍ਰਿਤ ਦੁਧ ਖੰਡ ਏਹ ਜੋ ਤੁੰਮੇਂ ਨੂੰ ਸਿੰਚੀਏ ਤੋ ਕਦੀ ਮਿੱਠਾਨਹੀਂ ਹੁੰਦਾ ਤੈਸੇ ਅੰਮ੍ਰਿਤ ਰੂਪੀ ਸ਼ਬਦ ਸਾਕਤਾਂ ਨੂੰ ਸੁਣਾਈਐ ਤਾਂ ਓਹ ਆਪਨੇ ਸੁਭਾਵ ਨੂੰ ਨਹੀਂ ਛੱਡਦੇ ਸੋ ਤੁਸੀ ਸਾਕਤ ਨਾ ਬਣੋ ਗੁਰਮੁਖ ਬਣੋ ਪਰ-ਮੇਸ਼ਰ ਦਾ ਸੁਧ ਭਾਵਨਾ ਨਾਲ ਨਾਮ ਜਪੋ ਤਾਂ ਤੁਸਾਡਾ ਉਧਾਰ ਹੋਵੇਗਾ ਏਹ ਬਾਰਤਾ ਸੁਣਕਰ ਓਥੋਂਦੇ ਲੋਕ ਚਰਨੀਂ ਆ ਲਗੇ ਤਾਂ ਮਰਦਾਨੇ ਪੁੱਛਿਆ ਗੁਰੂ ਜੀ ਜੇਹੜੇ ਸੱਤ ਦੀਪ ਕਹੀਦੇ ਹੈਨ ਸੋ ਅਸਾਂ ਨਹੀਂ ਡਿੱਠੇ ਜੇ ਹੁਣ ਨਾ ਡਿੱਠੇ ਤਾਂ ਫੇਰ ਕਦ ਦੇਖਾਂਗੇ ਤਾਂ ਗੁਰੂ ਜੀ ਕਹਿਆ ਚਲਮਰਦਾਨਾ ਓਹਬੀ ਦੇਖਦੇ ਚੱਲੀਏਂਗੇ ਤਾਂ ਗੁਰੂ ਜੀ ਚਲੇ ॥ ੬੦ ॥

ਪਹਿਲਾਂ ਗੁਰੂ ਜੀ ਕੁਸਮ ਦੇਸ ਵਿੱਚ ਗਏ

ਓਥੋਂਦੇਲੋਕਸ੍ਰੀਗੁਰੂਜੀਦੀਚਰਨੀਂਆਇਲੱਗੇ ਸੋਗੁਰੂਜੀ ਓਨਾਂਨੂੰ ਸੱਤਨਾਮਦਾ ਸਿਮਰਨ ਦੱਸਿਆਤੇਕਹਿਆ ਧਰਮਦੀਕਿਰਤਕਰਨੀ ਸੰਤਾਂਦੀਸੇਵਾਕਰਨੀ ਗ੍ਰੀਬਉਪਰ ਦਯਾਕਰਨ ਤਾਂ ਓਹਗੁਰੂਗੁਰੂਲੱਗੇ ਜਪਨ ਉਨਾਂਨੂੰ ਉਪਦੇਸ਼ਕਰਕੇ ਓਥੋਂ ਅਗਲੇਦੀਪਨੂੰਗਏ ॥ ੬੧ ॥

ਫੇਰ ਗੁਰੂ ਜੀ ਪੁਸ਼ਪਕਦੀਪ ਨੂੰ ਗਏ

ਪੁਸ਼ਪਕਦੀਪ ਵਿੱਚ ਬੜੇ ਕੌਤਕ ਹੈਨ ਫਲ ਫੁੱਲ ਔਰ ਅਸ਼ੋਕ ਬਨ ਦੂਧ ਕੀਆਂ ਨਦੀਆਂ ਮਿਸ਼ਰੀਕੇ ਪਹਾੜ ਸਰਬ ਪਦਾਰਥ ਭੋਗਣੇ ਦੇ ਵਾਸਤੇ ਹੈਨ ਤਾਂ ਓਥੋਂਦੇਲੋਕਤੇਰਾਜਾ ਗੁਰੂ ਜੀਕੀ ਚਰਨੀਂ ਆਇਲਗੇ ਤਾਂ ਗੁਰੂਜੀਕਹਿਆ ਰਾਜਾਜੀ ਕੀਕਰ ਰਹਿੰਦੇ ਹੋ ਤਾਂ ਓਨਾਂਨੇ ਕਹਾ ਜੀ ਹੋਰ ਤਾਂ ਏਥੇ ਸਭੋਕੁਛਹੈ ਪਰ ਇੱਕ ਏਥੇ ਈਰਖਾ ਬੜੀ ਹੈ ਆਪਤੋਂ ਬੜੇਨੂੰ ਦੇਖ

CC-0. Gurukul Kangri University Haridwar Collection. Digitized by S3 Foundation USA

ਕਰ ਈਰਖਾ ਆਉਂਦੀਹੈ ਤਾਂਗੁਰੂਜੀਕਹਿਆ ਭਾਈ ਕਰਤਾਰ ਨੂੰ ਹਾਜ਼ਰ ਨਾਜ਼ਰ ਜਾਣਿਆ ਕਰੋ ਤੇ ਈਰਖਾਨਾਕਰਿਆਕਰੋ ਪਰਮੇਸ਼ਰਦੇ ਕੀਤੇਨੂੰ ਹੱਛਾਜਾਨੋ ਹਰਵਿਚ ਪਰਮੇਸ਼ਰ ਜਾਣੋ ਆਏਦੀਸੇਵਾ ਕਰੋ ਤੁਸਾਡੀ ਕਲਿਆਨ ਹੋਵੇਗੀ ਸਭ ਗੁਰੂਜੀਦੇਸਿੱਖਹੋਏ ਫੇਰ ਉਥੋਂ ਰਮਦੇ ਰਹੇ ॥ ੬੨ ॥ ਫੇਰ ਸ੍ਵੇਤ ਦੀਪ ਨੂੰ ਗਏ । ਉਥੋਂ ਦੇ ਲੋਕ ਗੁਰੂ ਜੀ ਨੂੰ ਦੇਖਕੇ ਆਣ ਚਰਨੀਂ ਲਗੇ ਗੁਰੂਜੀ ਓਨਾਂ ਉਪਰ ਖੁਸ਼ੀਹੋਏ ਨਾਮ ਦ੍ਰਿੜਾਇਆ ਤੇ ਕਹਾ ਕਰਤਾਰਨੂੰ ਸੱਤ ਜਾਣੋ ਦੇਹਅਸੱਤਜਾਣੋਜਹਾਂਕਹਾਂਵਣਤ੍ਰਿਣਪਰਮੇਸ਼ਰਸਮਝਣਾ ਨਾਮ ਜਪਨਾਂ ਆਏਸਾਧਦੀ ਸੇਵਾਕਰਨੀਵੰਡਖਾਣਾ ਧਰਮਸਾਲ ਬਨਾਉਣੀ ਜੋੜ ਮੇਲ ਕਰਨਾ ਏਹ ਕਹਿ ਓਥੋਂ ਚਲਦੇ ਰਹੇ ॥ ੬੩ ॥ ਫੇਰ ਗੁਰੂ ਜੀ ਜੰਬੂਦੀਪ ਮੇਂ ਗਏ॥ ਜਾਂ ਗੁਰੂ ਜੀ ਓਥੋਂਦੇ ਲੋਕਾਂ ਨੂੰ ਜਾਇ ਮਿਲੇ ਤੇ ਓਹ ਕਿਆ ਦੇਖਨ ਜੋ ਸਾਧ ਬੈਠੇ ਹੈਨ ਤਾਂ ਉਨਾਂ ਸ੍ਰੀਗੁਰੂਜੀ ਦੇ ਚਰਨਾਂ ਤੇ ਮੱਥਾ ਟੇਕਿਆ ਪਰਗੁਰੂਜੀਦੇਖਿਆਉਨਾਂਦਾ ਨਗ੍ਸ੍ਵਰਨਦਾਹੈ ਤੇਆਰਜਾਉਨਾਂਦੀਬਡੀਤੇਸਰੀਰ ਵੀ ਰਿਸ਼ਟਪੁਸ਼ਟ ਹੈਂ ਤਾਂ ਉਨਾਂ ਕਹਿਆ ਸਾਨੂੰ ਸਿੱਖਕਰੀਏ ਜੀ ਤਾਂ ਸ੍ਰੀ ਬਾਬੇਜੀ ਕਹਿਆ ਭਾਈਸਿੱਖੋਤੁਸੀਂਵਾਹਿਗੁਰੂ ਜੀਕਾ ਸਿਮਰਨ ਕਰਨਾ ਧਰਮਦੀ ਕਮਾਈ ਕਰਨੀ ਆਏਦੀ ਸੇਵਾ ਕਰਨੀ ਪੁੰਨਕਰਨਾ ਜਦ ਤੁਸਾਨੂੰ ਕੋਈ ਕੰਮਬਣੇ ਤਾਂ ਕੜਾਹਪ੍ਰਸਾਦਿ ਕਰਨਾ ਪਵਿੱਤ੍ਰ ਹੋਇਕਰ ਅਰਦਾਸ ਕਰਨੀ ਤੁਸਾਡੇਸਭ ਕਾਰਜ ਰਾਸਹੋਨਗੇ ਇਸੀਤਰਾਂਗੁਰੂਜੀਸਭਦੀਪ ਫਿਰੇ ਸਭਨੂੰ ਉਪਦੇਸ਼ਕੀਤਾ ਨਾਮ ਦ੍ਰਿੜਾਇਆ ਸੰਪੂਰਨਜੀਵਾਂਦਾ ਉਧਾਰ ਕੀਤਾ ਮਰਦਾਨੇ ਅਤੇ ਬਾਲੇਨੂੰ ਸੱਤਾਂਦੀਪਾਂ ਦੀ ਸੈਲ ਕਰਾਈ ॥ ਬੋਲੋ ਭਾਈ ਜੀ ਵਾਹਿਗੁਰੂ ॥ ੬੪ ॥

ਆਗੇ ਸਾਖੀ ਰਾਮੇਸ਼ੁਰ ਕੀ ਚਲੀ

ਤਾਂ ਸ੍ਰੀਗੁਰੂਜੀ ਉਥੋਂ ਰਮਦੇ ਰਹੇ ਅੱਗੇਦੇਖਨ ਤਾਂ ਸਮੁੰਦ੍ ਲਹਿਰੀ ਦੇਂਦਾ ਨਜ਼ਰਆਯਾ ਤਾਂ ਮਰਦਾਨੇ ਪੁੱਛਿਆ ਗੁਰੂਜੀ ਅਸੀਂ ਹੁਣ ਕਿਧਰ ਜਾਵੀਏਂਗੇ ਤਾਂ ਗੁਰੂਜੀ ਕਹਿਆ ਮਰਦਾਨਾ ਅਸੀਂ ਹੁਨ ਰਾਮੇਸ਼ੁਰਜੀ ਜਾਵੀਏਂਗੇ॥ ਓਥੇ ਸ੍ਰੀ ਰਾਮਚੰਦ੍ ਪੁਲ ਬੱਧਾ ਹੈ ਅਤੇ ਓਥੇਵੀ ਇੱਕ ਸਾਧਰਹਿੰਦਾਹੈ ਉਹਦਾ ਦਰਸ਼ਨ ਕਰੀਏਂਗੇ ਤਾਂ ਮਰਦਾਨੇ ਆਖਿਆਜੀ ਭਲਾਹੋਵੇ ਤਾਂਗੁਰੂ ਨਾਨਕਜੀ ਤੇ ਮਰਦਾਨਾ ਅਤੇ ਮੈਂ ਤ੍ਰੈ ਹੀ ਓਥੋਂ ਅੰਤ੍ਰਧਿਆਨ ਹੋਏ ਤਾਂ ਰਾਮੇਸ਼ੁਰਦੇ ਪੁਲਪਰ ਜਾਇ ਖੜੇਹੋਏ ਤੇ ਉੱਥੇ ਇਕ ਸਾਧਨਾਮ ਬੈਰਾਗੀ ਥਾ ਤਾਂ ਗੁਰੂਨਾਨਕ ਜੀ ਠਾਕਰਦ੍ਵਾਰੇ ਦੇ ਬਾਹਿਰ ਜਾ ਬੈਠੇ ਤਾਂ ਉਸ ਸਾਧਨੂੰ ਖਬਰ ਹੋਈ ਜੋ ਤ੍ਰੈ ਸਾਧ ਅਤੀਤ ਬੈਠੇਹੈਨ ਤਾਂ ਹਰਿ ਦਾਸ ਸਾਧ ਆਪਨੇ ਸਾਧਾਂਨੂੰ ਨਾਲ ਲੈਕੇ ਆਯਾ ਗੁਰੂ ਨਾਨਕ ਜੀਨੂੰ ਮਿਲਿਆ ਤਾਂ ਅੱਗੇ ਗੁਰੂ ਨਾਨਕਜੀ ਕੋਈ ਫਲ ਮੂੰਹ ਪਾਂਵਦੇ ਹੈਨ ਤਾਂ ਉਸ ਸਾਧਨੇ ਜਾਇਕੇ ਕਹਿਆ ਹੇ ਸਾਧੋ ਏਹ ਰਾਮ ਤੀਰਥ ਹੈ ਏਥੇ ਬਿਨਾਂ ਚੌਕੇ ਦਿੱਤੇ ਤੇ ਤੁਸਾਂ ਫਲ ਫੁੱਲ ਮੂੰਹ ਕਿਉਂ ਪਾਯਾ ਅਤੇ ਨਾ ਦਰਸ਼ਨ ਕੀਤਾਹੈ ਤੁਮ ਕਉਨ ਹੋਤੇਹੋ ਤਾਂ ਗੁਰੂਨਾਨਕ ਜੀ ਕਹਿਆ ਹਮ ਨਿਰੰਕਾਰੀ ਹੈਂ ਤੇ ਨਿਰੰਕਾਰਨੇ ਸਾਡੇ ਬੰਧਨ ਸਭ ਕੱਟਦਿੱਤੇਹੈਂ ਹਮ ਨਿਰਬੰਧ ਹਾਂ ਹਮਾਰਾ ਠਾਕਰ ਨਿਰੰਕਾਰ

CC-0. Gurukul Kangri

ਹੈ ਭਾਂ ਉਸ ਸਾਧਨੇ ਕਹਿਆ ਹੇ ਸੰਤ ਜੀ ਆਪ ਨਿਰੰਕਾਰ ਦੇਖਿਆ ਹੈ ਭਾਂ ਗੁਰੂ ਨਾਨਕ ਜੀ ਕਹਾ ਸੁਣੋ ਸਾਧ ਜੀ ਸਾਡਾ ਹੀ ਗੁਰੂ ਨਿਰੰਕਾਰ ਹੈ ਏਹ ਬਾਰਤਾ ਕਹਿ ਕਰ ਗੁਰੂ ਜੀ ਕਹਾ ਮਰਦਾਨਾ ਰਬਾਬ ਵਜਾ ਭਾਂ ਮਰਦਾਨੇ ਰਬਾਬ ਵਜਾਇਆ॥ ਸ੍ਰੀ ਗੁਰੂ ਨਾਨਕ ਜੀ ਸ਼ਬਦ ਉਚਾਰਿਆ ॥

ਰਾਗ ਆਸਾ ਮਹਲਾ ੧ ॥ ਗੁਰ ਸੇਵੇ ਸੋ ਠਾਕਰ ਜਾਨੈ ॥ ਦੂਖ ਮਿਟੇ ਗੁਰ ਸਬਦ ਪਛਾਨੈ ॥੧॥ ਰਾਮ ਜਪਹੁ ਮੇਰੀ ਸਖੀ ਸਖੈਨੀ॥ ਸਤਿਗੁਰ ਸੇਵ ਦੇਖੋ ਪ੍ਰਭ ਨੈਨੀ ॥੧॥ਰਹਾਉ॥ ਬੰਧਨ ਮਾਤ ਪਿਤਾ ਸੰਸਾਰ॥ਬੰਧਨ ਸੁਤ ਕੰਨਿਆ ਅਰ ਨਾਰ ॥੨॥ ਬੰਧਨ ਕਰਮ ਧਰਮ ਹਉ ਕੀਆ॥ਬੰਧਨ ਪੁਤ ਕਲਿਤ ਮਨ ਥੀਆ ॥੩॥ ਬੰਧਨ ਕ੍ਰਿਖੀ ਕਰਹਿ ਕਿਰਸਾਣ॥ਹਉਮੈ ਡੰਨ ਸਹੈ ਰਾਜਾ ਮੰਗੈ ਦਾਨ ॥ ੪ ॥ ਬੰਧਨ ਸਉਦਾ ਅਨ ਵੀਚਾਰੀ॥ ਤ੍ਰਿਪਤਿ ਨਹੀ ਮਾਯਾ ਮੋਹ ਪਸਾਰੀ॥ ੫ ॥ ਬੰਧਨ ਸਾਹਿ ਸੰਚਹਿ ਧਨਿ ਜਾਇ॥ਬਿਨ ਗੁਰ ਭਗਤਿ ਨ ਪਵਈ ਥਾਇ॥੬॥ ਬੰਧਨਿ ਬੇਦ ਬਾਦ ਅਹੰਕਾਰ॥ਬੰਧਨਿ ਬਿਨਸੈ ਮੋਹ ਬਿਕਾਰ ॥੭॥ ਨਾਨਕ ਰਾਮ ਨਾਮ ਸਰਣਾਈ ॥ ਸਤਿਗੁਰ ਰਾਖੈ ਬੰਧ ਨ ਪਾਈ ॥ ੮ ॥

ਭਾਂ ਸ੍ਰੀ ਬਾਬੇ ਜੀ ਕਹਿਆ ਹੇ ਸਾਧ ਜੀ ਅਸਾਂ ਰਾਮ ਜੀ ਕੇ ਨਾਮ ਕੀ ਸ਼ਰਨ ਪਕੜੀ ਹੈ ਹੋਰ ਸਭ ਬੰਧਨ ਹਮਾਰੇ ਕਾਟੇ ਗਏ ਹੈਨ ਸ੍ਰੀ ਰਾਮ ਹਮਕਉ ਨ੍ਰਿਬੰਧਨ ਕੀਆ ਹੈ ਤਬ ਹਰਿਦਾਸ ਭਗਤ ਗੁਰੂ ਨਾਨਕ ਜੀ ਕੇ ਚਰਨਾਂ ਪਰ ਨਮਸਕਾਰ ਕਰੀ ਅਤੇ ਕਹਿਨੇ ਲਗਾ ਜੀ ਤੁਮ ਪਰ ਠਾਕਰ ਜੀ ਕੀ ਬਡੀ ਕ੍ਰਿਪਾ ਹੈ ਅਰ ਤੁਮ ਈਹਾਂ ਟਿਕੋ ਜੀ ਜੋ ਹਮਾਰਾ ਭਲਾ ਹੋਵੇ ਜੀ ਭਾਂ ਗੁਰੂ ਨਾਨਕ ਜੀ ਰਾਮੇਸ਼ੁਰ ਠਾਕੁਰ ਦੁਆਰੇ ਵਿਚ ਜਾਇ ਖੜੇ ਹੂਏ ਭਾਂ ਹਰਿਦਾਸ ਕਹਿਆ ਜੀ ਹਮ ਭਾਂ ਏਕ ਰਾਮ ਕਾ ਨਾਮ ਜਾਨਤੇ ਹੈਂ ਪਰ ਜੀ ਕੋਈ ਐਸਾ ਨਾਮ ਸੁਣਾਓ ਜਿਸਦੇ ਪੜ੍ਹਿਆਂ ਸੁਣਿਆਂ ਮੁਕਤਿ ਨੌਂ ਪ੍ਰਾਪਤਿ ਹੋਵੈਂ ॥ ਭਾਂ ਸ੍ਰੀ ਗੁਰੂ ਨਾਨਕ ਜੀ ਸਹੰਸਰ ਨਾਮਾ ਕੀਆ ॥

ਰਾਗੁ ਮਾਰੂ ਮਹਲਾ ੧॥ ਸਮੁੰਦਰ ਸੇਤ ਬੰਧ ਰਾਮੇਸ਼ੁਰ ਮੇਂ ਹੋਆ ਰਾਜੇ ਸ਼ਿਵਨਾਭ ਨੂੰ ਪ੍ਰਾਪਤ ਹੋਆ ਸ਼ਿਵਨਾਭ ਪਾਸੋਂ ਪੈੜਾ ਮੋਖਾ ਲਿਆ ਯਾ ਸੀ ਤਿਸ ਨੇ ਜਨਮ ਸਾਖੀ ਵਿੱਚ ਲਿਖਿਆ ਹੈ॥ ਪਉੜੀ॥ ਅਚੁਤ ਪਾਰਬ੍ਰਹਮ ਪ੍ਰਮੇਸ਼ਰ ਨਾਮਾ ॥ ਦੀਨ ਦਇਆਲ ਦਮੋਦਰ ਰਾਮਾ ॥ ਆਦਿ ਜੁਗਾਦਿ ਜੁਗੋ ਜੁਗ ਸੋਈ ਅਬਿਨਾਸ਼ੀ ਅਲਖ ਬਿਧਾਤਾ ਹੈ॥ ੧॥ ਆਦਿ ਜੁਗਾਦਿ ਜੁਗੋ ਜੁਗ ਸੋਈ ॥ ਜਿਨ ਸਿਰਜੀ ਤਿਨਹੀ ਫੁਨਿ ਗੋਈ॥ ਛੱਤੀ ਜੁਗ ਗੁਬਾਰੇ ਵਰਤੇ ਤਿਸ ਕੀ ਮਤ ਕੌਣ ਕਰੰਤਾ ਹੈ॥ ੨॥ ਛੱਤੀ ਜੁਗ ਗੁਬਾਰੇ ਵਰਤੇ॥ ਪਾਰਬ੍ਰਹਮ ਅਬਿਨਾਸ਼ੀ ਕਰਤੇ ॥ ਕੁਦਰਤਿ ਕਾਦਰ ਹਾਜ਼ਰ ਨਾਜ਼ਰ ਨਿਹਚਲ ਆਇ ਨ ਜਾਤਾ ਹੈ॥ ੩॥ ਸੱਚਾ ਤਖਤ ਦੁਲੀਚਾ ਸਾਚਾ॥ ਜੋ ਉਪਜੈ ਸੋ ਕਾਚੋ ਕਾਚਾ ॥ ਆਵਣ ਜਾਵਣ ਚਉਪੜ ਖੇਲੈ ਕਰਦੇ ਖੇ ਚੋਜ ਬਿਧਾਤਾ ਹੈ॥ ੪॥ ਗਗਨਿ ਉਤਪਤਿ ਤੇ ਪਵਨਿ ਉਪੰਨਾ ॥ ਪਵਨਿ ਉਤਪਤ ਜਲ ਬਿੰਬ ਤੇ ਤਿਰੰਨਾਂ ॥ ਜਲ ਬਿੰਬ ਤੇ ਤ੍ਰਿਭਵਣ ਸਾਜੈ ਘਟਿ ਘਟਿ ਜੋਤਿ ਸਮਾਤਾ ਹੈ॥ ੫ ॥ ਕਰਣਾ ਮੈ ਅਬਿਨਾਸ਼ੀ ਸੋਈ॥ ਸਰਬ ਜੀਆਂ ਘਟ ਜੋਤ ਸਮੋਈ

CC-0. Gurukul Kangri University Haridwar Collection. Digitized by S3 Foundation USA

॥ਸਰਬ ਘਟਾਂ ਪ੍ਰਤਪਾਲ ਸੰਬਾਹੈ ਹਰਿ ਪੂਰਨਿ ਉਦਰ ਭਰੰਤਾ ਹੈ ॥ ੬ ॥ ਅਗਮ ਅਗਾਧ ਅਤੋਲ ਬਿਅੰਤਾ॥ਊਚੇਤੇ ਊਚਾ ਭਗਵੰਤਾ॥ਅੰਤ ਨਹੀਂ ਕੁਛਪਾਰਾਵਾਰਾ ਬੇਸ਼ੁਮਾਰ ਅਤਯੰਤਾ ਹੈ॥੭॥ਲਾਲ ਗੁਲਾਲ ਰੰਗ ਅਤਿਗੂੜ੍ਹਾ॥ਦੀਪਕ ਧੂਮ ਪੁਰਖ ਪਤਿ ਪੂਰਾ॥ਅਚਰਜ ਰੂਪਹੁ ਧੂਪਅਨੂਪੋਂ ਕੋਟ ਬ੍ਰਹਮੰਡ ਖੰਡਕਾ ਦਾਤਾ ਹੈ॥ ੮ ॥ਆਦਿਜੁਗਾਦਿਜਗਤਸੁਖਦਾਈ॥ਜੁਗਹ ਜੁਗੰਤਰ ਪੈਜ ਰਖਾਈ॥ਏਕੰਕਾਰ ਏਕ ਹੀ ਏਕਾ ਆਪੇ ਆਪ ਉਪਾਤਾ ਹੈ ॥ ੯ ॥ਗਹਿਰ ਗੰਭੀਰ ਦਇਆਲ ਅਨੰਦੇ ॥ਹਰਿਮਿਹਰ ਕਰੇ ਹਰਿ ਹਰਿਬਖਸੰਦੇ॥ਅਨਦ ਰੂਪ ਅਨਹਦ ਧੁਨਿਕਾਰਾ ਜਨ ਨਾਨਕ ਜਸ ਗਾਵੰਤਾ ਹੈ ॥ ੧੦ ॥ ਆਦਿ ਨਿਰੰਜਨ ਪ੍ਰਭ ਨਿਰੰਕਾਰਾ ॥ ਨਿਰਾਹਾਰ ਨਿਰਵੈਰ ਨਿਰਾਰਾ॥ਅਕਾਲ ਮੂਰਤ ਅਜੂਨੀ ਸੰਭੌ ਬਰਨ ਚਿਹਨ ਨ ਪਛਾਤਾਹੈ ॥੧੧॥ਅਚਰਜ ਰੂਪ ਬਿਸਮਨ ਬਿਸਮਾਦਾ॥ਭਗਤਿਵਛਲ ਹਰਿ ਆਦਿ ਜੁਗਾਦਾ॥ਆਦਿ ਜੁਗਾਦੀ ਹੈਭੀ ਹੋਸੀ ਪਾਰਬ੍ਰਹਮ ਬਿਅੰਤ ਬਿਅੰਤਾ ਹੈ॥ ੧੨ ॥ ਦੀਨਾ ਨਾਥ ਦਰਦ ਦੁਖ ਭੰਜਨ॥ਪਤਿਤ ਉਧਾਰਨ ਪਾਪ ਨਿਖੰਜਨ॥ਮੋਖ ਪਰਾਇਣ ਮੁਕਤਿਮੁਕਤੀਸਰ ਤੇਰੇ ਨਾਮ ਅਨੇਕ ਅਨੰਤਾ ਹੈ॥ ੧੩ ॥ਸਹੰਸਰ ਨਾਮ ਸਚ ਮੂਲ ਬੰਦੇਜਾ ॥ ਆਦਿ ਜੁਗਾਦਿ ਗਿਆਨ ਕਥਿਲੇਜਾ॥ਸਹੰਸਰਨਾਮ ਸਤਿ ਹਰਿ ਜਪੀਐ ਗੁਰਪੂਰੇਤੇ ਜਾਤਾਹੈ॥੧੪॥ਆਦਿ ਜੁਗਾਦਿ ਨਿਹਚਲ ਧਰਮਾ॥ਨਿਹਚਲ ਸਚ ਸਹੰਸਰਨਾਮਾ ॥ ਸਹੰਸਰਨਾਮਗੁਰਮੁਖਪਰਗਾਸੇ ਸੁਣ ਸੁਣ ਜਸ ਬਿਗਸੰਤਾਹੈ॥੧੫॥ ਗਹਿਰ ਗੰਭੀਰ ਗਹੀਰ ਗੁਲਾਲਾ ॥ ਮੋਹਨ ਮਾਧੋ ਕ੍ਰਿਸ਼ਨ ਦਇਆਲਾ॥ਰਾਮਚੰਦ ਬਨਿਓ ਬਨਵਾਰੀ ਅਨਹਦਬੈਨ ਬਜੰਤਾਹੈ॥ ੧੬ ॥ਮੋਹਨ ਸੁੰਦਰ ਕ੍ਰਿਸ਼ਨ ਮੁਰਾਰੀ॥ਰਾਘੋਪਤਿ ਰਾਜਾ ਬਨਵਾਰੀ ॥ ਰਾਜਾ ਰਾਮ ਕ੍ਰਿਸ਼ਨ ਹਰਿ ਕਹੀਐ ਪਾਰ ਬ੍ਰਹਮ ਹਰਿਤੰਤਾ ਹਾ॥੧੭॥ ਨਿਰਭਉਨਿਰਵੈਰਨਾਰਾਇਣ॥ ਅੰਤਕਾਰਣਪ੍ਰਭੁ ਪੰਚਾਇਣ॥ ਅਗਮ ਅਕਾਲ ਪੁਰਖ ਨਿਰਾਲਾ ਸਚਸੱਚੇ ਤਖਤ ਬਹੰਤਾਹੈ॥੧੮॥ਅਗਮ ਅਗਾਧ ਬੇਅੰਤ ਅਤੋਲਾ॥ਗੁਣਗਿਆਨਪਦਾਰਥ ਰਤਨ ਅਮੋਲਾ॥ਅਗਮ ਅਥਾਹ ਬੇਅੰਤ ਸੁਆਮੀ ਭਗਤ ਵਛਲ ਵਰਤੰਤਾ ਹੈ॥੧੯॥ਅਪਰਅਪਾਰਅਗਾਹ ਅਤ ਗੂੜ੍ਹਾ॥ਅਗੰਮ ਅਥਾਹ ਗੁਰ ਸਬਦੀ ਰੂੜ੍ਹਾ॥ਆਦਿ ਜੁਗਾਦਿ ਜੁਗੋ ਜੁਗ ਸੋਈ ਨਾਨਕ ਜਨਬਿਨਵੰਤਾ ਹੈ॥੨੦॥ ਊਚ ਮੂਚ ਸ਼ਦ ਊਚੋ ਥਾਨਾ॥ ਪਾਰਬ੍ਰਹਮ ਸਾਚਾ ਦੀਵਾਨਾ ॥ ਸੰਤ ਉਧਾਰਣ ਮੁਕਤ ਸਧਾਰਣ ਕਰਿ ਕਰਿ ਚੋਜ ਖਿਲੰਤਾ ਹੈ॥੨੧॥ ਸੱਚ ਸਲਾਹੀ ਗਹਿਰ ਗੰਭੀਰਾ॥ਅਨੰਦ ਬਿਨੋਦੀ ਗੁਰਮੁਖ ਮਨ ਧੀਰਾ॥ਆਦਿ ਅੰਤ ਅਪਰੰਪਰ ਪੂਰਾ ਸਚਸਚੀਮਣੀ ਸੁਹੰਤਾ ਹੈ ॥੨੨॥ ਜੁਗਚਾਰੇਹੈਸਾਚੀ ਬਾਣੀ॥ਬਿਨਸਾਚੇਸ਼ਭਕੂੜ ਕਮਾਣੀ॥ਬਿਨਸਾਚੇਜਮਕੰਕਰਮਾਰੇ ਬਹੁਜੋਨੀ ਗਰਭ ਗਲੰਤਾ ਹੈ॥੨੩॥ਸੱਚੇ ਤਖਤ ਬਹੇ ਅਬਿਨਾਸੀ ॥ ਨਿਹਚਲ ਸਾਚਾ ਆਇਨ ਜਾਸੀ ॥ ਤੇਰੇ ਰੂਪ ਨ ਜਾਣੈ ਕੋਈ ਤੂੰ ਕਰਿਕਰਿ ਚੋਜ ਵਿਖੰਤਾਹੈ॥ ੨੪ ॥ਆਨੰਦ ਬਿਨੋਦੀ ਚੋਜੀ ਰੰਗਾ ॥ ਥਾਪਿ ਉਥਾਪੇ ਕਰੇ ਸੁ ਹੋਇਗਾ॥ਉਸਰੇਢਾਹੇਢਾਹਿ ਉਸਾਰੇ ਊਣੇ ਸ਼ੁਭਰਭਰੰਤਾਹੈ॥੨੫॥ਉਤਪਤਿ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਪਰਲੋ ਹੁਕਮੇਹੋਵੈ॥ਹੁਕਮੇ ਸਾਜੇ ਹੁਕਮੇ ਖੋਵੈ॥ ਹੁਕਮੇ ਸਾਜੇ ਹੁਕਮ ਨਿਵਾਜੇ ਵਹਿ ਮੰਤ੍ਰ ਨਾ ਕਿਸੈਪਛੰਤਾਹੈ॥੨੬॥ਪੁਰਖੋਤਮਹਰਿ ਪੁਰਖ ਅਗੰਮਾ ॥ਵਰਨ ਚਿਹਨ ਕਛੂਜਾਤ ਨ ਜਨਮਾ ॥ਆਦਿਸ਼ਟ ਅਗੋਚਰ ਅਲਖ ਨ ਲਖੀਐ ਘਟਘਟ ਸੋ ਵਰਤੰਤਾ ਹੈ॥੨੭॥ਅਨਾਥਾਂ ਨਾਥ ਸਰਬਪ੍ਰਤਿਪਾਲੇ॥ਨਿਤਨਿਤ ਜੀਆ ਸਾਰਸੰਮਾਲੇ ॥ ਵੱਡੀਅਥਾਹਰਜਾਈਰਾਜਾ ਭਾਣਾਹਰਿ ਭਗਵੰਤਾਹੈ॥੨੮॥ਅਗਮ ਅਪਾਰ ਬੇਅੰਤ ਬੇਐਬਾ ॥ ਆਦਿ ਜੁਗਾਦਿ ਅਨੀਲ ਅਨਾਦਾ॥ ਅਨਹਦਿ ਰੁਣਝੁਣਕਾਰ ਅਨਾਹਦ ਧੁਨ ਓਅੰਕਾਰ ਵਜੰਤਾ ਹੈ॥੨੯॥ਤਾਕਾ ਅੰਤ ਨ ਜਾਣੈ ਕੋਈ॥ਪੂਰੇ ਗੁਰਤੇ ਸੋਝੀਹੋਈ॥ਸਿਮਰਹ ਅਸੰਖ ਅੰਤ ਨਾਹੀਂ ਪਾਇਆ ਹਰਿ ਸਿਫ਼ਤੀ ਅੰਤ ਨ ਅੰਤਾ ਹੈ ॥ ੩੦ ॥ ਸਿਫ਼ਤ ਸਲਾਹਣ ਜੋ ਤਿਸ ਭਾਵੈ॥ਢਾਢੀ ਮੰਗਤ ਗੁਣ ਦਰ ਗਾਵੈ ॥ ਨਾਨਕ ਢਾਢੀ ਪ੍ਰਭੁ ਪਹਿਨਾਇਆ ਦਰਸੱਚੇ ਪਤਵੰਤਾਹੈ॥੩੧॥ਲਾਲ ਗੁਲਾਲ ਦਇਆਲ ਮੁਰਾਰ॥ਅਪਰਅਪਾਰੰਪਾਇ ਨ ਪਾਰ॥ਬੇਸ਼ੁਮਾਰਬਿਅੰਤ ਬਿਅੰਤਾ ਅਗਮ ਅਥਾਹ ਅਤੰਤਾ ਹੈ॥੩੨॥ਰਾਮਕ੍ਰਿਸ਼ਨਗੋਬਿੰਦ ਪਰਾਇਣ ॥ ਮੁਕੰਦ ਮਨੋਹਰ ਲੱਛਮੀ ਨਾਰਾਇਣ॥ਗੋਬਿੰਦ ਸਦਾ ਥਿਰ ਗਰਬ ਪ੍ਰਹਾਰੀ ਆਪੇਆਪ ਉਪੰਤਾਹੈ॥੩੩॥ਹਰਿਹਰਿ ਸ੍ਰੀ ਠਾਕਰ ਨਰਸਿੰਘਾ॥ ਅਕਾਲਮੂਰਤਿਅਜੂਨੀਸੈਭੰਗ॥ਮੋਹਨ ਮਾਧੋ ਕ੍ਰਿਸ਼ਨ ਮੁਰਾਰੀਨਿਰਭਉਭਉ ਨਿਭਰੰਤਾ ਹੈ ॥੩੪॥ਅਚੁਤ ਪਾਰਬ੍ਰਹਮ ਪਰਮੇਸ਼ਰਸੁਆਮੀ॥ਮਧਸੂਦਨ ਦਾਮੋਦਰ ਸੁਆਮੀ॥ ਰਿਖੀਕੇਸ਼ ਗੋਵਰਧਨ ਧਾਰੀ ਮੁਰਲੀ ਮਨੋਹਰ ਵਜੰਤਾਹੈ॥੩੫॥ ਕਾਹਨ ਕ੍ਰਿਸ਼ਨ ਹਰਿ ਨਾਰਾਇਣ ॥ ਭਗਤ ਵੱਛਲ ਹਰਿ ਬਿਰਦ ਰਖਾਇਣ॥ਸੰਤਉਧਾਰਨਹਰਿਹਰਿਤੇਰਾਅੰਤਨਕੋਈਪਾਤਾਹੈ ॥੩੬॥ਅਛਲਅਛੇਦ ਅਭੇਦ ਅਲੇਖਾ॥ਵਰਨ ਚਿਹਨਕਛੁਰੂਪਨਰੇਖਾ॥ਆਦਿਜੁਗਾਦੀਹੈਭੀ ਹੋਸੀ ਗੁਰਕੇ ਸ਼ਬਦ ਪਛਾਤਾ ਹੈ॥੩੭॥ਆਦਿ ਨਿਰੰਜਨ ਗਹਿਰ ਗੰਭੀਰਾ॥ਸਚ ਠਕੁਰਾਈ ਸਾਚੇ ਮੀਰਾ॥ਅਨਹਦਰੁਣਝੁਣਕਾਰਸਦਾ ਧੁਨਿ ਨਿਰਭਉਕੇ ਘਰਵਾਸਾਹੈ॥੩੮॥ਦਾਮੋਦਰ ਹਰਿ ਦਾਨਾਬੀਨਾ॥ਗਹਿਰਗੰਭੀਰ ਗਹੀਰ ਸੁਜਾਨਾ॥ਪਾਰਬ੍ਰਹਮ ਪ੍ਰਮੇਸ਼ਰ ਸੁਆਮੀਲੇਪ ਨ ਕੋਈਲਾਤਾਹੈ॥੩੯॥ਉਨਮੋ ਆਦੰ ਸੁੰਨ ਅਪਾਰਾ ॥ ਓਅੰਕਾਰ ਕਰ ਕੀਆ ਪਸਾਰਾ ॥ ਸੁੰਨ ਕਲਾ ਮਹਿ ਲਾਈਤਾੜੀ ਸੁੰਨੇ ਸੁੰਨ ਸਮਾਤਾਹੈ॥੪੦॥ਅਕਥ ਕਥਾ ਗੁਰ ਸਬਦ ਵੀਚਾਰੀ॥ ਗੁਰਮੁਖ ਪਾਧਾ ਮੋਖਦੁਆਰੀ॥ਨਾਨਕ ਸੱਚਕਹੇ ਸਭ ਸਾਚਾ ਸਚੋਸਚਬੁਲੰਤਾਹੈ॥੪੧॥ਆਪੇ ਜਤੀਸਤੀਸਤਵੰਤਾ॥ਅ਼ਚਰਜਰੂਪਘਟਘਟਵਰਤੰਤਾ॥ਭਉਭੰਜਨਅਤਿਭਾਰਾਗੌਹਰ ਸਰਬ ਘਟਾਂ ਕਾ ਦਾਤਾਹੈ॥੪੨॥ਨਿਰਹਾਰੀਨਿਰਵੈਰ ਨਿਰਾਰਾ॥ਗੂੜੋਰੂੜੋਗੁਣਾਂਅਪਾਰਾ ॥ ਗ਼ਹਿਰ ਗੰਭੀਰਾ ਗੁਰਮੁਖ ਧੀਰਾ ਨਿਹਚਲ ਆਇ ਨ ਜਾਤਾ ਹੈ॥੪੩॥ਅਨਾਥਾ ਨਾਥ ਸਰਬ ਪ੍ਰਿਤ ਪਾਲਕ॥ਕੋਟ ਬ੍ਰਹਮੰਡ ਕਾ ਠਾਕਰ ਨਾਇਕ॥ਦ੍ਰੋਪਤਾਕੀਲਾਜ ਨਿਵਾਜਉਧਾਰਨ ਜੈਜੈਕਾਰ ਕਰੰਤਾਹੈ॥੪੪॥ਪ੍ਰਹਿਲਾਦਕੀ ਜਿਨ ਪੈਜਰਖਾਈ॥ਹਰਨਾਖਸ ਛੇਦਿਓ ਸੰਤ ਛਡਾਈ॥ਸੰਤ ਭਗਤ ਹਰਿਹਰਿ ਜਸ ਗਾਵਹਿ ਹਰ ਅਪਨਾ ਬਿਰਦ ਰਖੰਤਾ ਹੈ॥੪੫॥ ਭਗਤਿਵਛਲਹਰਿ

CC-0. Gurukul Kangri University Haridwar Collection. Digitized by S3 Foundation USA

ਹਰਿ ਨਾਰਾਇਣ॥ਦਹਿਸਿਰ ਛੇਦਿ ਕੀਓ ਰਾਮਾਇਣ॥ ਅਸੁਰ ਸੰਘਾਰਣ ਮੁਕਤਿ ਸਧਾਰਣ ਅਸੁੰਭ ਸੁੰਭ ਅਸਥੰਬਾਹੈ ॥ ੪੬॥ ਅਜਾਮਲ ਵੇਸਵਾ ਰਤਤਾਰੇ॥ਬਾਲਮੀਕ ਭਾਰੇ ਬਟਵਾਰੇ ॥ਭਗਤ ਵੱਛਲ ਕ੍ਰਿਪਾਲ ਕਿਰਪਾਨਿਧਿ ਕਾਰਣ ਕਰਣ ਬਿਧਾਤਾ ਹੈ ॥ ੪੭ ॥ ਹਰਿ ਹਰਿ ਸ੍ਰੀਧਾਰੇ ਕੋ ਮਾਧਵ॥ਮੁਰਲੀਮਨੋਹਰ ਮਾਧੋ ਆਚਵ॥ਸੰਤਜਨਾ ਕਾ ਆਗਿਆਕਾਰੀ ਆਦਿ ਅੰਤ ਸੁਖਦਾਤਾ ਹੈ ॥ ੪੮ ॥ ਅਗਾਧ ਬੋਧ ਬਨਿਓ ਬਨਵਾਲੀ ॥ ਸੰਕਟ ਸਾਗਰ ਧਰਕਤ ਤਾਲੀ ॥ ਨਿਹਚਲ ਧਾਮ ਸਹੰਸਰ ਨਾਮਾ ਗੁਰਕੇ ਸ਼ਬਦ ਰਤੰਤਾ ਹੈ ॥ ੪੯ ॥ ਲਾਲ ਗੁਲਾਲਰਸਾਲਅਤਿ ਗਾਹਰਿ॥ਸੁੰਦਰ ਸੁਘੜ ਸੁਜਾਨ ਪਰਾਹਰਿ॥ਨਿਹਚਲ ਤਖਤ ਸਦਾ ਥਿਰ ਜਾਕਾ ਸੱਚੇ ਤਖਤ ਬਸੰਤਾ ਹੈ ॥ ੫੦॥ਅਸੁਰ ਸੰਘਾਰਣ ਮੁਕਤਿ ਮੁਕਤੀਸਰ॥ਤਖਤ ਨਿਵਾਸੀ ਸਚਾ ਸਚ ਸਰ॥ਏਕੰਕਾਰ ਅਵਰ ਨਹੀਂ ਦ੍ਵੈਤਾ ਨਾਨਕ ਚਰਨ ਪਰਾਤਾ ਹੈ॥੫੧॥ ਆਦਿ ਜੁਗਾਦੀ ਹੋਂਦਾ ਆਯਾ॥ਅੰਤ ਪਾਰ ਨਾ ਕਿਨਹੂੰ ਪਾਯਾ॥ਪਰੇ ਤੇ ਪਰੇ ਪਰੇਲਾ ਪਰਲਾ ਕਿਨਹੀ ਪਾਰ ਨ ਜਾਤਾ ਹੈ॥੫੨॥ਪਰਮਾਨੰਦ ਅਨੰਦੀ ਲਾਲਨ॥ ਹਰਿ ਪ੍ਰਭ ਬਜੰਤ ਬਜੰਤ ਦੁਖ ਦਾਲਨ॥ਹਰਿਨਾਰਾਇਨ ਗਰਬ ਪ੍ਰਹਾਰੀ ਆਪਨੇ ਰੰਗ ਪ੍ਰਭ ਰਾਤਾਹੈ॥ ੫੩ ॥ਆਦਿ ਪੁਰਖ ਕਾਰਣ ਕਰਤਾਰ॥ਮੁਕਤ ਦਾਨ ਮੁਕਤੀਸਰ ਸਾਰਾ ॥ ਪ੍ਰੇਮ ਪਰਾਇਣ ਰੂਪ ਨਾਰਾਇਣ ਪੂਰਣ ਪੁਰਖ ਬਿਧਾਤਾ ਹੈ ॥ ੫੪ ॥ ਅਕਲ ਕਲਾ ਪ੍ਰਭ ਅਲਖ ਅਲੇਖੰ॥ ਅਕਾਲ ਮੂਰਤਿ ਨਿਰੰਜਨ ਲੇਖੰ॥ਦੀਨ ਦਇਆਲ ਕ੍ਰਿਪਾਲ ਕ੍ਰਿਪਾ ਨਿਧਿ ਬਖਸੇ ਆਪ ਮਿਲਾਤਾ ਹੈ॥ ੫੫ ॥ ਅਬਿਗਤਿ ਅਗੋਚਰ ਸਿਗੰਧਰ ਸੈਨਾ ॥ ਸੁੰਦਰ ਸੁਆਮੀ ਕੁੰਡਲ ਹੈ ਬੈਨਾ ॥ ਮੋਹਨ ਮਾਧੋ ਕ੍ਰਿਸ਼ਨ ਮੁਰਾਰੀ ਪੇਖ ਪੇਖ ਬਿਗਸੰਤਾ ਹੈ ॥ ੫੬ ॥ ਨਰ੍ਹਰਿ ਨਾਰਾਇਣ ਗਰਬ ਨਿਵਾਰਣ॥ਸੰਤ ਭਗਤਿ ਹਰਿ ਸਿਮਰਉਧਾਰਣ॥ਦਾਮੋਦਰ ਦੁਖ ਭੰਜਨ ਸੁਆਮੀ ਅੰਤਰਜਾਮੀ ਜਾਤਾ ਹੈ॥੫੭॥ਪ੍ਰੀਤ ਪ੍ਰਤਿਕਰ ਤ੍ਰਿਭਵਨ ਰੂਪਨ ॥ ਰੂਪ ਨਰਾਇਣ ਡੀਠ ਅਡੀਠਨ॥ਪ੍ਰੀਤਮਪ੍ਰਾਨ ਮਨਹ ਹਿਤਕਾਰੀ ਸਰਬਜੀਆ ਪਾਲੰਤਾ ਹੈ ॥੫੮॥ ਨਿਹਕੇਵਲ ਨਿਹਕੰਟਕ ਸੂਰਾ ॥ ਪਾਰਬ੍ਰਹਮ ਪਰਮੇਸ਼ਰ ਪੂਰਾ ॥ ਥਾਪਿਉਥਾਪੇ ਢਾਹਿ ਉਸਾਰੇ ਤ੍ਰਿਣ ਤੇ ਮੇਰ ਕਰੰਤਾ ਹੈ ॥ ੫੯॥ ਅਜਰਾਵਰ ਜਿਸ ਜਰਾ ਨ ਮਰਨਾ ॥ ਸਾਚਾ ਤਖਤ ਸਾਚਾ ਜਿਸ ਪਰਣਾ ॥ ਸੁਣਿਸੁਣਿਆਖਹਿਪੜ੍ਹਿਪੜ੍ਹਿਬੂਝਹਿਬਿਸਮਬਿਸਮਬਿਸਮਾਤਾਹੈ॥੬੦॥ ਆਪੇ ਬਖਸ ਮਿਲਾਏ ਮੇਲ ॥ ਅਨੰਦ ਬਿਨੋਦੀ ਚੋਜੀ ਖੇਲ ॥ ਸਹੰਸ੍ਰ ਨਾਮ ਤੇਰੇ ਗਨੇ ਨ ਜਾਈ ਨਾਨਕ ਹਰਿ ਰੰਗ ਰਾਤਾ ਹੈ॥੬੧॥ਜੱਖ ਕਿੰਨਰ ਜੋਧੇ ਇਕ ਜਾਕੇ ॥ ਅੰਤ ਨ ਪਾਵੈਂ ਪੜ੍ਹਿ ਪੜ੍ਹੰ ਥਾਕੇ ॥ ਸੂਰਬੀਰ ਅਰ ਵਡੇ ਵਡੇਰੇ ਅੰਤ ਨ ਕੋਈ ਪਾਤਾ ਹੈ ॥ ੬੨ ॥ ਅਗਮ ਅਥਾਹ ਅਪਾਰ ਨਿਰਾਲਾ॥ਅਪਰਪਰੰਪਰ ਸੂਰਸਰਿਦਇਆਲਾ॥ਹਰੀਚੰਦ ਹਰਿ ਕ੍ਰਿਸ਼ਨ ਮਨੋਹਰ ਸਗਲ ਬ੍ਰਹਮ ਪਸਰਾਤਾ ਹੈ॥ ੬੩ ॥ਹਰਿਹਰਿ ਸੁਆਮੀਹਰਿ ਜੀਹਰੀਆ ॥ ਬਹੈ ਦੁਲੀਚੈ ਸਿਆਮ ਸੁੰਦਰੀਆ॥ਸਰਬ ਜੋਤ ਜਾਕਾ ਪਰਗਾਸਾ ਪਰਗਟ ਕਰ ਦਿਖਲਾਤਾ ਹੈ ॥ ੬੪ ॥

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਪਰਮ ਤੱਤ ਨਿਰਲੇਪ ਅਲੇਪਾ॥ਅਲਖ ਪੁਰਖ ਸਰਬ ਸਿਰਲੇਖਾ॥ਲਿਖਿਆ ਲੇਖ ਅਭੁਲ ਨ ਭੁਲੇ ਤੂੰ ਕਾਹੇ ਮਨ ਬਿਲਤਾਤਾ ਹੈ ॥ ੬੫ ॥ ਸਹੰਸਰ ਨਾਮ ਕੋਊ ਗਨੈ ਨ ਤੇਰੇ ॥ ਅੰਤ ਨ ਪਾਇਨ ਵਡੇਵਡੇਰੇ॥ਤੇਰੀ ਸਿਫਤ ਕਉਨਸਾਲਾਹੇ ਸਚ ਕੁਦਰਤਿਕਾਦਰ ਜਾਤਾਹੈ ॥੬੬॥ ਸਹੰਸਰ ਨਾਮ ਸੱਤ ਜਿਹ ਪੜ੍ਹਿਆ॥ਊਚੀ ਪਉੜੀ ਗਗ ਤਰ ਚੜ੍ਹਿਆ॥ਪੰਚਬਾਨਲੈਜਮ ਕਉ ਮਾਰੇ ਸਚ ਮਹਿਲ ਘਰ ਜਾਤਾ ਹੈ॥੬੭॥ਸਹੰਸਰ ਨਾਮ ਸਚ ਸਚੀ ਸਿੰਮ੍ਰਤ॥ਸਹੰਸਰ ਨਾਮ ਸਚ ਅਗਮਗਤ॥ਸਹੰਸਰ ਨਾਮ ਸਚੀ ਵਡਿਆਈ ਕਿਨਵਿਰਲੇ ਗੁਰਮੁਖਿਜਾਤਾਹੈ ॥੬੮॥ ਸਹੰਸਰਨਾਮ ਲਿਖਤੇ ਜੋ ਪੜ੍ਹਤੇ॥ਸਾਚੀ ਬਾਣੀ ਕੰਨੀ ਸੁਣਤੇ॥ਪੰਡਤ ਦੇਹਸੁ ਪਾਰ ਗਰਾਮੀ ਹਉ ਬਲਿਬਲਿ ਤਿਨ ਦਰਸਾਤਾਹੈ ॥੬੯॥ ਗੁਰ ਕਿਰਪਾ ਤੇ ਪ੍ਰਗਟਿਓ ਲੋਅ॥ ਸਹੰਸਰ ਨਾਮਾ ਪਰਗਟਹੋਆ॥ਪਵਿੱਤ੍ਰਹੋਇਪੜਹਿ ਜੋ ਜਿਹਬਾਸੇ ਜਮਕੇ ਪੰਥ ਨ ਜਾਤਾਹੈ ॥੭॥ ਗੁਪਤੀ ਬਾਣੀ ਪਰਗਟਹੋਈ॥ਗੁਰਮੁਖ ਵਿਰਲਾ ਚੀਨੈ ਕੋਈ॥ ਸੁਣੈ ਸੁਣਾਵੈ ਹਿਰਦੇ ਗਾਵੈ ਓਹਪਰਉਪਕਾਰੀ ਜਾਤਾਹੈ॥੭੧॥ਪ੍ਰਣਵਤ ਨਾਨਕ ਦਾਸ ਤੁਮਾਰਾ ॥ ਤੂੰ ਜੁਗ ਜੁਗ ਦਾਤਾ ਪ੍ਰਭੂ ਹਮਾਰਾ॥ਦੇਹਦਰਸ ਜਨ ਤ੍ਰਿਪਤ ਅਘਾਵੈ ਤੇਰੇ ਦਰਸਨ ਕਉ ਬਲਿਜਾਤਾ ਹੈ ॥੭੨॥ਸਹੰਸਰਨਾਮ ਪੜ੍ਹੈ ਸੋਮੁਕਤਾ॥ਸਹੰਸਰ ਨਾਮਪੜ੍ਹਿ ਤ੍ਰਿਪਤਾ ਭੁਗਤਾ॥ਸਹੰਸਰਨਾਮ ਪੜ੍ਹਿ ਅਸਥਿਰੁ ਹੋਵੈ ਗਰਬ ਨ ਜੋਨੀ ਜਾਤਾਹੈ ॥੭੩॥ ਸਹੰਸਰ ਨਾਮ ਪੜ੍ਹੇ ਸੋ ਸੁਖੀਏ॥ ਸਭ ਸੁਖ ਦੇਖੈ ਕਦੀ ਨ ਦੁਖੀਏ॥ਸਹੰਸਰ ਨਾਮ ਹਰਿ ਗੁਰ ਤੇ ਪਾਇਆ ਅਸਥਿਰ ਕੀਧ ਰਖਾਤਾਹੈ॥੭੪॥ਸਹੰਸਰ ਨਾਮ ਪੜ੍ਹ ਲਹਹਿਵਿਸੂਰੇ॥ਸਹੰਸਰ ਨਾਮ ਪੜ੍ਹਿ ਕਾਰਜ ਪੂਰੇ ॥ ਜੋ ਇਛੈ ਸੋਈ ਸੁਖ ਪਾਏ ਸਭਿਗੁਰਸੇਵ ਸੁਖਦਾਤਾਹੈ॥੭੫॥ ਸਹੰਸਰਨਾਮ ਗੁਰਮੁਖਜਿਨ ਪੜ੍ਹਿਆ॥ਸੋ ਫਿਰ ਗਰਭ ਜੂਨ ਨਾ ਪੜ੍ਹਿਆ॥ਸਹੰਸਰਨਾਮ ਪੜ੍ਹਿ ਮੁਕਤਾ ਹੋਵੈ ਸੱਚੇ ਸੱਚ ਸਮਾਤਾ ਹੈ॥੭੬॥ਸਹੰਸਰਨਾਮ ਪੜ੍ਹਿ ਕਿਰਤ ਨ ਕਰਮਾ ॥ ਸਹੰਸਰ ਨਾਮ ਪੜ੍ਹ ਜਾਤ ਨ ਜਨਮਾ॥ਸਹੰਸ੍ਰਨਾਮ ਪੜ੍ਹ ਅਲਖ ਅਲੇਖੈ ਅੰਭੈ ਅੰਭ ਮਿਲਾਤਾ ਹੈ ॥੭੭॥ ਸਹੰਸਰ ਨਾਮ ਪੜ੍ਹਿ ਸੁਖ ਬਿਸਰਾਮਾ॥ਸਹੰਸਰਨਾਮ ਪੜ੍ਹਿ ਨਿਹਚਲਧਾਮਾ ॥ਸਹੰਸਰਨਾਮਪੜ੍ਹ ਸਚੇ ਰਾਤਾ ਸੱਚ ਮਹਿਲ ਘਰ ਜਾਤਾਹੈ ॥੭੮॥ ਸਹੰਸਰ ਨਾਮ ਪੜ੍ਹ ਸੁੰਨਸਮਾਧੀ॥ਸਹੰਸਰ ਨਾਮ ਪੜ੍ਹ ਕਰਮ ਲਿਖਾਧੀ॥ਸਹੰਸਰ ਨਾਮ ਪੜ੍ਹ ਪੂਰਨ ਆਸਾ ਬਿਰਥਾ ਮੂਲ ਨ ਜਾਤਾ ਹੈ ॥ ੭੯ ॥ ਸਹੰਸਰ ਨਾਮ ਪੜ੍ਹ ਲੋਚਾ ਪੂਰੀ॥ਸਹੰਸਰ ਨਾਮ ਪੜ੍ਹ ਕਦੇ ਨ ਝੂਰੀ॥ਸਹੰਸਰ ਨਾਮ ਪੜ੍ਹ ਸੂਖ ਸਮਾਨਾ ਧਰਮ ਧੀਰਜ ਠਹਿਰਾਤਾ ਹੈ ॥੮੦॥ ਸਹੰਸਰ ਨਾਮ ਪੜ੍ਹ ਪੂਰਣ ਆਸਾ ॥ ਮਸਤਕ ਲੇਖ ਲਿਖਿਆ ਧੁਰ ਸਾਦਾ॥ਨਾਨਕ ਸਹੰਸਰ ਨਾਮ ਹਰਿਪੜ੍ਹਿਆ ਧੁਰ ਮਸਤਕ ਲੇਖ ਲਿਖਾਤਾਹੈ ॥੮੧॥ ਆਦਿਅੰਤ ਧੁਰ ਸਾਚੀ ਬਾਣੀ॥ ਸੱਚ ਉਪਾਈ ਸੱਚ ਸਮਾਣੀ ॥ ਸੱਚ ਅਚਰੱਜ ਅਕੱਥ ਕਿਆ ਕਹੀਐ ਨਾਨਕ ਸਿਫਤੀ ਰਾਤਾ ਹੈ ॥੮੨॥ ਜਦ ਸ੍ਰੀ ਗੁਰੂ ਨਾਨਕਜੀ ਸਹੰਸਰਨਾਮਾ ਸੁਣਾਯਾ ਤਾਂ ਹਰਿਦਾਸ ਭਗਤ ਸਭ ਸਾਧਾਂ ਨੂੰ ਨਾਲ ਲੈਕੇ ਪੈਰੀ

CC-0. Gurukul Kangri University Haridwar Collection. Digitized by S3 Foundation USA

ਆਇਪਿਆ ਕਹਣ ਲਗਾ ਜੀ ਏਹ ਰਾਮ ਤੀਰਥ ਤੁਮਾਰਾ ਹੈ ਤੁਮ ਕੋਈ ਦਿਨ ਏਥੇ ਹੀ ਬਿਸਰਾਮਕਰੋ ਗੁਰੂ ਨਾਨਕਜੀ ਪੰਦ੍ਰਾਂ ਦਿਨ ਓਥੇਰਹੇ ਫੇਰ ਸ੍ਰੀ ਗੁਰੂਨਾਨਕਜੀਤੇ ਮਰਦਾਨਾ-ਅਤੇ ਮੈਂ ਡ੍ਰੈਏ ਓਥੋਂ ਅੰਤਰ ਧਿਆਨ ਹੋਏ ਤਾਂ ਇਕਸ ਦੇਸ਼ ਉੱਪਰ ਜਾਇ ਨਿਕਲੇ ॥ ੬੫॥

ਆਗੇ ਸਾਖੀ ਜਾਤ੍ਰਾ ਕੀ ਚਲੀ

ਸ੍ਰੀਗੁਰੂਨਾਨਕ ਜੀ ਕਿਸੇ ਵਸਤੀ ਵੜਨ ਨਾਹੀਂ॥ਕਿਥਾਊਂ ਜੰਗਲ ਕਿਥਾਊਂ ਦਰਿਆ ਉੁਤੇ ਕਿਤੇਟਿਕਨ ਨਾਹੀਂ ਜੇ ਮਰਦਾਨੇਨੂੰ ਭੁੱਖ ਲਗੇ ਤਾਂ ਚੁੱਪ ਕਰ ਰਹੇ ਇਕ ਦਿਨ ਮਰਦਾਨੇ ਨੂੰ ਛਾਢੀ ਭੁੱਖਲਗੀ ਤਾਂ ਗੁਰੂ ਨਾਨਕ ਜੀ ਆਖਿਆ ਮਰਦਾਨਿਆਂ ਸਿੱਧੇ ਵਸਤੀ ਵਿਚ ਜਾਇ ਖੜਾਹੋ ਅਗੇ ਇਕ ਉੱਪਲਖੱਤ੍ਰੀ ਰਹਿੰਦੇਹੈਨ ਓਥੇ ਜਾਇਖਲੋਵੀਂ ਓਹ ਲੋਕਾਂ ਨੂੰ ਖਵਾਂਈਂਦੇ ਹੋਨਗੇ ਅਤੇ ਤੈਨੂੰ ਜਾਂਦਿਆਂਈ ਭਾਵੇਂ ਹਿੰਦੂ ਭਾਵੇਂ ਮੁਸਲਮਾਨ ਜੋਤੋਰੇ ਮੂੰਹ ਆਨ ਲੱਗੇਗਾ ਤੇਰੀ ਪੈਰੀਂ ਆਇ ਪਵੇਗਾ ਔਰ ਛੱਤੀਅੰਮ੍ਰਿਤ ਅੱਗੇਆਨ ਰੱਖਨਗੇ ਕੋਈਪੁੱਛਸੀ ਭੀ ਨਾਹੀਂ ਜੋ ਕਿੱਥੋਂ ਆਯਾ ਹੈਂ ਅਤੇ ਕਿਸਦਾ ਆਦਮੀਹੈਂ ਤੇ ਜੋ ਕੋਈ ਆਵਸੀ ਸੋ ਏਹੋ ਕਹਿਸੀ ਜੋ ਮੈਂ ਆਪਣਾ ਸਰਬੰਸ ਅਰਪ ਦੇਵਾਂ ਤਾਂ ਮੇਰਾ ਭਲਾ ਹੋਵੇ ਜੋ ਅਸਾਂਨੂੰ ਏਹ ਦੀਦਾਰ ਹੋਯਾ ਹੈ ਤਾਂ ਮਰਦਾਨੇ ਉੱਪਰ ਬਾਬੇ ਜੀ ਦੀ ਬਹੁਤ ਖੁਸ਼ੀ ਹੋਈ ਤੇ ਮਰਦਾਨਾਂ ਸ਼ਹਿਰਨੂੰ ਭੇਜਿਆ ਅਤੇ ਜਦ ਮਰਦਾਨਾ ਗਿਆ ਤਾਂ ਸਾਰਾ ਸ਼ਹਿਰ ਮਰਦਾਨੇ ਦੀ ਪੈਰੀਂ ਆਇ ਲਗਾ ਤੇ ਬਹੁਤ ਪੂਜਾ ਹੋਈ ਤਾਂ ਮਰਦਾਨਾ ਭੋਜਨ ਤੇ ਕਪੜਿਆਂ ਦੀ ਪੰਡ ਬੰਨ੍ਹਕੇ ਲੈ ਆਯਾ ਤਾਂ ਗੁ ਜੀ ਦੇਖਕਰ ਬਹੁਤ ਹੱਸੇ ਤੇ ਆਖਨ ਲਗੇ ਮਰਦਾਨਾ ਕਿਆ ਆਂਦਾ ਹਈ ਤਾਂ ਮਰਦਾਨੇ ਕਹਿਆ ਜੀ ਏਹ ਕਪੜੇ ਤੇ ਹੋਰ ਜੋ ਕੁਛ ਹੈ ਸੋ ਮੈਂ ਆਪਦੇ ਅੱਗੇ ਆਨ ਰੱਖਿਆ ਹੈ ਅੱਗੇ ਜੋ ਆਪਦੀ ਰਜਾਇ ਤਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਾ ਆਂਦੋ ਤਾਂ ਭਲਾ ਕੀਤੋ ਪਰ ਏਹ ਤਾਂ ਅਸਾਡੇ ਕਿਤੇ ਕੰਮ ਨਾਹੀਂ ਤਾਂ ਮਰਦਾਨੇਆਖਿਆਜੀਕਿਆ ਕਰੀਏ ਤਾਂ ਬਾਬੇ ਆਖਿਆ ਸੱਟਘਤ ਭਾਂ ਮਰਦਾਨੇ ਸਭ ਵਸਤ ਪੰਡ ਸਾਰੀਸਟਦਿੱਤੀ ਓਥੋਂ ਰਮਦੇਰਹੇ ਤਾਂਮਰਦਾਨੇ ਅਰਜ਼ ਕੀਤੀ ਹੈ ਮਹਾਰਾਜਜੀ ਜੋ ਕੋਈ ਤੇਰੇਨਾਮਦੀ ਮਾਨਤਾ ਕਰਦੇਹੈਨ ਅਤੇਜੋ ਕੋਈਸਿੱਖਦੇ ਮੂੰਹਪਾਵੇ ਸੋ ਉਸਦਾ ਭਾਉ ਆਪਨੂੰ ਵੀ ਕੁਛ ਪਹੁੰਚਦਾਹੈ? ਏਹ ਮੇਰਾ ਸੰਸਾ ਨਿਵਰਤ ਕਰੋਜੀ ਅਤੇ ਆਪਤਾਂ ਕੁਛ ਛੋਂਹਦੇ ਨਹੀਂ ਤੇ ਨਾ ਕੁਛ ਮੂੰਹਪਾਂਵਦੇਹੋ ਅਤੇਕਿਸਨਾਲ ਤ੍ਰਿਪਤ ਰਹਿੰਦੇਹੋ ਤਾਂ ਸ੍ਰੀਗੁਰੂਨਾਨਕਜੀ ਆਖਿਆ ਮਰਦਾਨਾ ਰਬਾਬ ਵਜਾਇ ਤਾਂ ਬਾਬੇ ਜੀ ਰਾਗ ਗਉੜੀ ਗੁਆਰੇਰੀ ਵਿਚ ਸ਼ਬਦ ਉਚਾਰਿਆ

ਮਹਲਾ ੧ ॥ ਮਾਤਾ ਪ੍ਰੀਤ ਕਰੈ ਪੁਤ ਖਾਇ ॥ ਮੀਨੈ ਪ੍ਰੀਤ ਭਈ ਜਲ ਨਾਇ॥ਸਭਿਗੁਰ ਪ੍ਰੀਤ ਗੁਰਸਿਖ ਮੁਖ ਪਾਇ ॥ ੧ ॥ ਤੇ ਹਰਿ ਜਨ ਹਰਿ ਮੇਲ ਪਿਆਰੇ॥ਜਿਨਮਿਲਿਆਦੁਖਜਾਇਹਮਾਰੇ॥੧॥ਰਹਾਉ॥ਜਿਉ ਮਿਲਬਛਰੇਗਊ ਪ੍ਰੀਤ ਲਗਾਵੈ॥ਕਾਮਨ ਪ੍ਰੀਤਜਾਂਪਿਰਘਰਆਵੈ॥ਹਰਿਜਨਪ੍ਰੀਤ ਜਾਂਹਰਿਜਸਗਾਵੈ ॥ ੨ ॥ ਸਾਰੰਗ ਪ੍ਰੀਤ ਵਸੈ ਜਲ ਧਾਰਾ॥ਨਰਪਤਿਪ੍ਰੀਤ ਮਾਇਆ ਦੇਖ ਪਸਾਰਾ॥ਹਰਿ ਜਨ

CC-0. Gurukul Kangri University Haridwar. Digitized by S3 Foundation USA

ਪ੍ਰੀਤ ਜਪੈ ਨਿਰੰਕਾਰਾ ॥੩॥ ਨਰ ਪ੍ਰਾਨੀ ਪ੍ਰੀਤ ਮਾਯਾ ਧਨ ਖਾਵੈ ॥ ਗੁਰਮੁਖ ਪ੍ਰੀਤ ਗੁਰ ਮਿਲੈ ਗਲਾਵੈ ॥ ਜਨ ਨਾਨਕ ਪ੍ਰੀਤ ਸਾਧ ਪਗ ਚਾਵੈ ॥ ੪ ॥

ਤਾਂ ਮਰਦਾਨੇ ਸਤ ਕਹਿਕਰ ਤਸਲੀਮ ਕੀਤੀ ਉਥੋਂ ਅੱਗੇ ਗੁਰੂ ਜੀ ਚਲਦੇ ਰਹੇ ॥ ੬੬

ਆਗੇ ਸਾਖੀ ਠੱਗਾਂ ਨਾਲ ਹੋਈ

ਤਾਂ ਸ੍ਰੀ ਗੁਰੂ ਨਾਨਕਜੀ ਓਥੋਂ ਚਲਦੇ ਚਲਦੇ ਠੱਗਾਂ ਦੇ ਮੁਲਕ ਵਿਚ ਜਾਇ ਪਹੁੰਚੇ ਤਾਂ ਉਸ ਰਸਤੇ ਵਿਚ ਸ਼ੇਖ ਸੱਜਣ ਰਹਿੰਦਾ ਸੀ ਪਰ ਉਸਨੇ ਆਪਨੇ ਘਰ ਰਸਤੇ ਉੱਪਰ ਬਨਾਏ ਹੋਏ ਸਾਨ ਇੱਕ ਠਾਕਰ ਦੁਆਰਾ ਅਤੇ ਇਕ ਮਸੀਤ ਉਸਨੇ ਕਰ ਛੱਡੀ ਸੀ ਜੇ ਕੋਈ ਹਿੰਦੂ ਜਾਵੇਤਾਂ ਠਾਕਰਦੁਆਰੇ ਠੌਰਦੇਵੇ ਜੇ ਮੁਸਲਮਾਨ ਜਾਵੇਤਾਂ ਮਸੀਤਵਿੱਚਠੌਰਦੇਵੇ ਜੇ ਰਾਤ ਪਵੇ ਤਾਂ ਅੰਦਰ ਜਾਹਗਾ ਦੇਵੇ ਜਾਂ ਓਹ ਸੌਣ ਤਾਂ ਫਾਹੇ ਦੇਕੇ ਮਾਰ ਦੇਵੇ ਫੇਰ ਖੂਹੇ ਵਿਚ ਚਾਇ ਸੁੱਟੇ ਜਦ ਦਿਨ ਚੜ੍ਹੇ ਤਾਂ ਹੱਥ ਵਿਚ ਤਸਬੀ ਫੜਕੇ ਆਸਾ ਲੈਕੇ ਮੁਸੱਲਾ ਪਾਇ ਬਹੇ ਤਾਂ ਸ੍ਰੀ ਗੁਰੂ ਨਾਨਕਜੀ ਤੇ ਮਰਦਾਨਾ ਅਤੇ ਮੈਂ ਤਿੰਨੇ ਜਣੇ ਓਥੇ ਆਇਪਹੁੰਚੇ ਤਾਂ ਦੇਖਕਰ ਉਸਨੇ ਬਹੁਤਖਿਦਮਤਕੀਤੀ ਅਤੇ ਆਪਨੇ ਆਦਮੀਆਂਨੂੰ ਆਖਿਆਸੁ ਭਾਈਏਨਾਂਦੇਪਾਸ ਬਹੁਤਧਨਹੋਸੀਪਰਗੁੱਝਾਹੈਕਿਉਂਕਿਇਨਾਂਦੇਮੂੰਹਉਪਰਲਾਲੀਆਹੀ ਜਦਦਿਨਗੁਜਰਿਆ ਤੇ ਰਾਤਪੈਗਈ ਤਾਂ ਆਖਣਲਗਾ ਉਠੋਜੀ ਅੰਦਰਚਲੋਤੇ ਅਰਾਮਨਾਲ ਸੰਵੋਂ ਤਾਂ ਗੁਰੂ ਨਾਨਕ ਜੀ ਆਖਿਆ ਭਾਈ ਤੇਰਾ ਨਾਉਂ ਕਿਆਹੈ ਉਸ ਆਖਿਆਜੀ ਮੇਰਾਨਾਮ ਸੱਜਨਹੈ ਹਰਕਿਸੇ ਦਾ ਖਿਦਮਤਦਾਰ ਹਾਂ ਤਾਂ ਗੁਰੂਨਾਨਕਜੀ ਆਖਿਆ ਭਲੀ ਖਿਦਮਤ ਕਰਦਾਹੈਂ ਪਰ ਇਕ ਸ਼ਬਦ ਖੁਦਾਇਦੀ ਬੰਦਗੀਦਾ ਆਖਕੇ ਸਵਾਂਗੇ ਤਾਂ ਸੱਜਨ ਆਖਿਆ ਭਲਾ ਹੋਵੇਜੀ ਤਾਂਫੇਰ ਆਖਿਓਸੁ ਜੀ ਹੁਣਤਾਂ ਰਾਤ ਬਹੁਤ ਗਈਹੈ ਤਾਂ ਫੇਰ ਸ੍ਰੀ ਗੁਰੂਜੀ ਕਹਿਆ ਮਰਦਾਨਿਆਂ ਰਬਾਬ ਵਜਾਇ ਤਾਂ ਮਰਦਾਨੇ ਰਬਾਬ ਵਜਾਇਆ॥ ਤਾਂ ਗੁਰੂ ਜੀ ਰਾਗ ਸੂਹੀ ਵਿਚ ਸ਼ਬਦ ਉਚਾਰਿਆ ॥ ਉਜਲ ਕੈਹਾ ਚਿਲਕਣਾ ਘੋਟ ਮਕਾਲਝੀ ਮਸ ॥ ਧੋਤਿਆਂ ਜੂਠਿ ਨ ਉਤਰੈ ਜੇ ਸਉ ਧੋਵਾ ਤਿਸ ॥ ੧ ॥ ਸਜਨ ਸੇਈ ਨਾਲ ਮੈ ਚਲਦਿਆ ਨਾਲ ਚਲੰਨਿ ॥ ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥ ੧॥ਰਹਾਉ॥ ਕੋਠੇ ਮੰਡਪ ਮਾੜੀਆ ਪਾਸੋ ਚਿਟਵੀਆਹਾ ॥ ਢਠੀਆ ਕੰਮਨ ਆਵਨੀ ਵਿਚੋ ਸਖਣੀਆਹਾ॥ ੨॥ ਬੱਗਾ ਬੱਗੇ ਕੱਪੜੇ ਤੀਰਥ ਮੰਝਵਸੰਨਿ । ਘੁਟਘੁਟ ਜੀਆ ਖਾਵਣੇ ਬੱਗੇ ਨਾ ਕਹੀਅੰਨਿ ॥ ੩॥ ਸਿੰਮਲ ਰੁਖ ਸਰੀਰਮੈ ਮੈ ਜਨ ਦੇਖ ਭੁਲੰਨਿ॥ ਸੇ ਫਲ ਕੰਮਨ ਆਵਨੀ ਤੇ ਚੁਣ ਮੈ ਭਿ ਨਹੀਂਨਿ॥ ੪॥ ਅੰਧੁਲੇ ਭਾਰ ਉਠਾਇਆ ਡੂਗਰ ਵਾਟ ਬਹੁਤ॥ ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ ੫॥ ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤ॥ ਨਾਨਕ ਨਾਮ ਸਮਾਲ ਤੂੰ ਬੱਧਾ ਛੁਟਹਿ ਜਿਤ ॥ ੬ ॥ ਤਾਂ ਗੁਰੂ ਬਾਬੇਜੀਦੇ ਦਰਸ਼ਨ ਦਾ ਸਦਕਾ ਉਸਦੀ ਬੁੱਧ ਹੋਰਦੀ ਹੋਰ ਹੋਗਈ ਜਾਂ ਵਿਚਾਰਹੋਈ ਤਾਂ ਆਖਿਆ ਭਾਈ ਨੇ ਸਭੇ ਗੁਨਾਹ ਜ਼ਾਹਿਰਹੋਵਨਗੇ ਤਾਂਸੱਜਣ ਉਠਕਰ ਆ ਰਾਂ ਤੇ ਚੜਹਿ

CC-0. Gurukul Kangri University Haridwar Collection. Digitized by S3 Foundation USA

ਪਇਆ ਗੁਰੂ ਜੀ ਕੇ ਪੈਰ ਚੁੰਮਿਓਸੁ ਆਖਿਓਸੁ ਜੀ ਮੇਰੇ ਗੁਨਾਹਦਾ ਫ਼ਜ਼ਲ ਕਰਹੁ ਜੀ ਤਾਂ ਸ੍ਰੀਬਾਬੇਜੀ ਕਹਿਆ ਸ਼ੇਖਸੱਜਣਾਂ ਖ਼ੁਦਾਇਦੀ ਦਰਗਾਹਵਿਚ ਦੁਇਗੱਲੀਂ ਗੁਨਾਹਦਾਫ਼ਜ਼ਲ ਹੁੰਦਾਹੈ ਤਾਂ ਸ਼ੇਖਸੱਜਣ ਨੇ ਅਰਜ਼ ਕੀਤੀ ਜੀ ਓਹ ਗੱਲਾਂਹੀ ਕਹੋ ਜਿਨੀਂ ਗੱਲੀਂ ਗੁਨਾਹਦਾ ਫ਼ਜ਼ਲ ਹੋਵੇ ਤਾਂਗੁਰੂਨਾਨਕਜੀ ਮਿਹਰਬਾਨਹੋਏਤਾਂ ਗੁਰੂ ਨਾਨਕਜੀ ਆਖਿਆ ਭਾਈ ਜੋਹੜੇ ਤੈਂ ਖ਼ੂਨ ਕੀਤੇਹਨ ਸੋ ਸੱਚ ਆਖ ਤਾਂ ਸ਼ੇਖ ਸੱਜਣ ਲੱਗਾ ਸੱਚ ਬੋਲਨ ਤਾਂ ਸੱਚੋ ਸੱਚ ਕਹਿਆ ਜੀ ਮੈਂ ਵੱਡੇ ਖ਼ੂਨ ਕੀਤੇਹੈਨ ਤਾਂ ਗੁਰੂਜੀ ਕਹਿਆ ਭਾਈ ਉਨ੍ਹਾਂਦੀ ਜੋ ਵਸਤ ਅਕੱਠੀਕੀਤੀ ਹਈ ਸੋ ਲੈ ਆਉ ਤਾਂ ਸ਼ੇਖਸੱਜਣ ਹੁਕਮਮੰਨਕੇ ਸਬ ਚੀਜ਼ਾਂ ਜਾਇਕੇਲੈਆਯਾ ਤਾਂ ਗੁਰੂ ਜੀ ਬਚਨ ਕੀਤਾ ਭਾਈ ਖ਼ੁਦਾਇ ਦੇ ਨਾਮ ਏਹ ਪਦਾਰਥ ਲੁਟਾਇਦੇਹ ਤਾਂ ਸਭਵਸਤਖ਼ੁਦਾਇ ਦੇ ਨਾਮ ਉੱਪਰਲੁਟਾਇਦਿੱਤੀ ਤਾਂ ਲਗਾ ਗੁਰੂ ਗੁਰੂ ਜਪਣ ਸ੍ਰੀਗੁਰੂ ਨਾਨਕ ਜੀ ਦਾ ਓਹ ਭੀ ਨਾਉਂਧ੍ਰੀਕ ਸਿੱਖ ਹੋਯਾ॥ ਬੋਲਹੁ ਭਾਈ ਜੀ ਵਾਹਿਗੁਰੂ॥

ਸਾਖੀ ਪਾਨੀਪਤ ਕਰਨਾਲ ਦੀ ਚਲੀ

ਤਾਂ ਗੁਰੂ ਜੀ ਓਥੋਂ ਚਲਦੇ ਚਲਦੇ ਪਾਣੀਪਤ ਆਇ ਨਿਕਲੇ ਤਾਂ ਪਾਣੀਪਤ ਕਾ ਪੀਰਸ਼ੇਖ ਸ਼ਰਫ਼ ਥਾ ਉਸਕਾ ਮੁਰੀਦ ਸ਼ੇਖਟਟੀਹਰੀਥਾਤਾਂਓਹਪੀਰਵਾਸਤੇ ਪਾਣੀਦਾ ਅਸਤਾਵਾਲੈਣ ਆਯਾ ਤੇ ਕਿਆਦੇਖੇ ਜੋ ਅੱਗੇਗੁਰੂਜੀ ਤੇਮਰਦਾਨਾਅਤੇ ਮੈਂਬ੍ਰੀ ਬੈਠੇਹਾਂ ਤਾਂ ਉਸਨੇ ਆਇਕੇ ਕਹਿਆ ਸਲਾਮਾਲੈਕਮ ਓ ਦਰਵੇਸ਼ ਤਾਂ ਅੱਗੋਂ ਗੁਰੂ ਜੀ ਬੋਲਿਆ ਅਲੇਖ ਕੋ ਸਲਾਮ ਹੋ ਪੀਰਕੇ ਦਰਵੇਸ਼ ਤਾਂ ਸ਼ੇਖ ਟਟੀਹਰੀ ਹੈਰਾਨਹੋਕਰ ਕਹਿਓਸੁ ਕਿ ਅੱਜ ਤੋੜੀ ਸਲਾਮ ਕਿਸੇ ਨਹੀਂ ਸੀ ਮੋੜਿਆ ਪਰ ਮੈਂ ਆਪਨੇ ਪੀਰ ਨੂੰ ਤਾਂਖ਼ਬਰ ਕਰਾਂ ਤਾਂ ਉਸਨੇ ਆਇਕਰ ਪੀਰਨੂੰ ਆਖਿਆ ਪੀਰਜੀ ਜਾਂ ਮੈਂ ਅਸਤਾਵਾ ਭਰਨ ਗਿਆ ਤਾਂ ਅੱਗੇ ਭ੍ਰੈਦਰਵੇਸ਼ ਬੈਠੇਹੈਸਨ ਤਾਂ ਮੈਂ ਜਾਇਕਰ ਸਲਾਮਪਾਇਆ ਤੇ ਆਖਿਆਸਲਾਮਾਲੈਕ਼ਮ ਹੋਦਰਵੇਸ਼ ਤਾਂ ਅਗੋਂਉਸ ਆਖਿਆ ਅਲੇਖ ਕੋ ਸਲਾਮ ਹੋ ਪੀਰਦੇ ਦਰਵੇਸ਼ ਤਾਂ ਪੀਰ ਨੇ ਕਹਿਆ ਬੱਚਾ ਜਿਸ ਅਲੇਖ ਨੂੰ ਸਲਾਮ ਕੀਤਾਹੈ ਉਸਦਾਦੀਦਾਰਕਰਾਇ ਤਾਂਓਸਨੂੰ ਆਖੀਐ ਜੋਤੂੰ ਅਲੇਖਕਿੱਥੇ ਡਿੱਠਾ ਹੈ ਤਾਂ ਸ਼ੇਖ ਸ਼ਰਫ਼ ਟਟੀਹਰੀ ਮੁਰੀਦ ਕੋ ਲੈਕਰ ਆਯਾ ਗੁਰੂ ਨਾਨਕ ਜੀ ਪਾਸ ਆ ਅਵਾਜ਼ ਕੀਤਾ॥ ਗੋਸ਼ਟ ਮਹਲਾ ੧॥ ਤਾਂ ਸ਼ੇਖ ਬਾਬੇਜੀ ਨੂੰ ਪੁਛਿਆ ਕੁਜਾ ਆਮਦ ਤਾਂ ਬਾਬੇ ਜਵਾਬ ਦਿੱਤਾ ॥ਈਜਾਆਮਦ॥ ਫੇਰ ਸ਼ੇਖ਼ਸ਼ਰਫ਼ ਪੁੱਛਿਆ ਆਸਮਾਨਮਨੀ ਤਾਂਬਾਬੇਜੀਜਵਾਬਦਿੱਤਾਸਮਨ ਸੂਮਾਨਤਦਹੁ ਸ੍ਰੀ ਬਾਬੇਜੀ ਨੂੰ ਪੀਰਨੇ ਬਾਣੀ ਦੀ ਪੁਰਸੀਦ ਪੁੱਛਿਆ ਅਗਰ ਤੁਰਾ ਸੁਆਲ ਮੇ ਪੁਰਸਮ ਅਹਿਲਜਵਾਬ ਬਗੋਇ ਦਰਵੇਸ਼ ਕੁਲਾਹ ਸੁਮਾਚਿ ਮਜ਼ਹਬ ਅਸਤ ਤਾਂ ਸ੍ਰੀਬਾਬੇ ਜੀ ਜਵਾਬ ਦਿੱਤਾ॥ਮਨੂਆ ਮੂੰਡੈ ਤਾਂ ਮੂੰਡਮੂੰਡਾਵੈ॥ ਬਿਨ ਮਨ ਮੂੰਡੇ ਜੁਗਤ ਨਾਪਾਵੈ ॥ਮੂੰਡ ਕਾਟ ਗੁਰ ਆਗੈਧਰੈ॥ ਮਨ ਮਤਿਤਿਆਗ ਗੁਰਕੀ ਮਤਤਰ ॥ ਮੂੰਡਮੂੰਡਾਇ ਹੋਇ ਸਬਕੀ ਰੇਨਾ॥ ਸੋ ਬੈਰਾਗੀ ਪਰਖੇ ਗੁਰ ਬੈਨਾ॥ ਮੂੰਡ ਮੂੰਡਾਏ ਕੀ ਏਹ ਗਤਿਭਾਈ॥ ਕੋਈਵਿਰਲਾ

CC-0. Gurukul Kangri University

ਗੁਰਮੁਖ ਮੁੰਡਮੁੰਡਾਈ॥ ਸੁਆਦ ਸਨੇਹ ਮਮਤਾ ਸਭ ਤਜੀਅੰ॥ ਏਹ ਜੁਗਤ ਨਾਨਕ ਕੁਲਾਹ ਪਹਰੀਅੰ॥ ੧ ॥ ਤਾਂ ਫੇਰ ਸ਼ੇਖ ਸ਼ਰਫ਼ ਪੁੱਛਿਆ ਅਗਰ ਤੁਰਾ ਸੁਆਲ ਮੇ ਪੁਰਸਮ ਅਹਿਲ ਜਵਾਬ ਬਗੋ ਦਰਵੇਸ਼ ਫਿਰਕਾ ਸ਼ੁਮਾ ਚਿ.ਮਜ਼ਹਬ ਅਸਤ ॥ ਤਾਂ ਸ੍ਰੀ ਬਾਬੇਜੀ ਜਵਾਬ ਦਿੱਤਾ॥ ਪੀਰ ਮਤ ਮੁਰੀਦ ਹੋਇ ਰਹਨੰ॥ ਕਛਨੀ ਟੋਪੀ ਮਨ ਸ਼ਬਦ ਗਹਨੰ ॥ ਦਇਆ ਦਰੀਆ ਲੇ ਕਰੇ ਬਰੇਤੀ ॥ ਸਹਿਜ ਬੈਸਿ ਤਹਾਂ ਸੁਖਮਨ ਚੇਤੀ ॥ ਹਰਖ ਸੋਗ ਕਾ ਕਰੋ ਹੰਕਾਰੰ॥ ਪ੍ਰਹਿਰ ਕਛਨੀ ਦੁਬਿਧਾ ਬਿਡਾਰੰ ॥ ਸੁੰਨ ਗੜ ਲੈ ਬਸਦੀ ਰਹਾਈ ॥ ਤਬ ਕਛਨੀ ਕੀ ਜੁਗਤੀ ਪਾਈ ॥ ਕੁਟੰਬ ਛੋਡ ਭਇਆ ਅਕੇਲਾ ॥ ਨਾਨਕ ਪਹਿਰ ਕਛਨੀ ਭਯਾ ਸੁਹੇਲਾ ॥੨॥ ਤਾਂ ਫੇਰ ਸ਼ੇਖ ਸ਼ਰਫ਼ ਪੁੱਛਿਆ ਅਗਰ ਤੁਰਾ ਸੁਆਲ ਮੇ ਪੁਰਸਮ ਅਹਿਲ ਜਬਾਬ ਬਗੋ ਦਰਵੇਸ਼ ਕੁ ਪੀਨ ਸੁਮਾ ਚਿ ਮਜ਼ਹਬ ਅਸਤ ॥ ਤਾਂ ਸ੍ਰੀ ਗੁਰੂ ਬਾਬੇਜੀ ਜਵਾਬ ਦਿੱਤਾ॥ ਪੀਰ ਮਤ ਮੁਰੀਦ ਹੋਇ ਰਹਨੰ ॥ ਗੁਰ ਸਬਦੀ ਖਿਮਾ ਮਨਿ ਸਹਿਜ ਗਹਨੰ॥ ਦਿਸ ਦਿ ਬਾਂਧੋ ਦੁਰਮਤਿ ਹਰੀਅੰ॥ ਦਸ ਹੀ ਦੁਆਰੇ ਲੇ ਤਹਾਂ ਚੜੀਅੰ॥ ਅਠਿ ਸਠਿ ਹਾਟ ਤਾੜ ਕਰਨੰ॥ ਪਹਿਰ ਲੰਗੋਟੀ ਜਰਾ ਨ ਮਰਣੰ॥ ਖਹਿਰ ਜੰਗੋਟੀ ਭਯਾ ਅਕੇਲਾ ॥ ਉਲਟ ਲੰਬ ਕਾ ਕਾ ਪੀਵੈ ਉਹ ਜਲਾ ॥ ਬਿਲੰਦ ਮਤਿ ਗੁਰਦੀ ਰਹੀ ਛੋਟੀ ॥ ਏਹ ਜੁਗਤਿ ਨਾਨਕ ਪਹਿਰਬੋ ਲੰਗੋਟੀ ॥ ੩ ॥ ਤਾਂ ਫੇਰ ਸ਼ੇਖ ਸ਼ਰਫ ਪੁੱਛਿਆ ਅਗਰ ਤੁਰਾ ਸੁਆਂਲ ਮੇ ਪੁਰਸਮ ਅਹਿਲ ਜਵਾਬ ਬਗੋ ਦਰਵੇਸ਼ ਪਾਉ ਪੋਸ਼ ਤਰਕ ਸ਼ੁਮਾ ਚਿ ਮਜ਼ਹਬ ਅਸਤ॥ ਤਾਂ ਗੁਰੂ ਜੀ ਜਵਾਬ ਦਿੱਤਾ॥ ਸਰਬ ਗਿਆਨ ਅਹਿਨਿਸ ਰੀਤੰ ॥ ਪਾਵਣ ਪਵਨ ਜਲ ਮਨਿ ਕੀਤੰ ॥ ਧਰਨ ਤਰ ਵਰ ਕੀ ਰਹਿਤ ਰਹਿਨੰ॥ ਕਾਟਨ ਖੋਦਨ ਮਨ ਮਹਿ ਸਹਨੰ ॥ ਦਇਆ ਮੈਲਾ ਰੀਸ ਆਛੀ ॥ ਭਾਉ ਭਾਉ ਓਹ ਕਰੇ ਸਾਖੀ ॥ ਏਹ ਮਥਿਨ ਕਰ ਕਰਬੋ ਪਹਨੰ॥ ਤਉ ਪਾਉ ਪੋਸ਼ ਬ੍ਰਹਮ ਹੋਇ ਰਹਨੰ ॥ ਬਿਨ ਬ੍ਰਹਮ ਚੀਨੇ ਪਾਉ ਪੋਸ਼ ਤਿਆਗੇ ॥ ਕਹੇ ਨਾਨਕ ਉਹ ਤਿੜਘਾਟ ਨ ਲਾਗੇ ॥ ੪ ॥ ੧ ॥ ਫੇਰ ਸ਼ੇਖ ਸ਼ਰਫ਼ ਪੁੱਛਿਆ ਅਗਰ ਤੁਰਾ ਸੁਆਲ ਮੇ ਪੁਰਸਮ ਅਹਿਲ ਜਵਾਬ ਬਗੋ ਦਰਵੇਸ਼ ਸਫਾਦਿ ਤੁਰਾ ਦਰਵੇਸ਼ੀ ਮਨ ਮਲਾ ਚਿਲਾ ਸੇ ਸੀ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਸਬਦ ਕੀਤਾ ਤੇ ਆਖਿਆ ਮਰਦਾਨਿਆਂ ਰਬਾਬ ਵਜਾਇ ॥ ਤਾਂ ਗੁਰਦੇਵ ਜੀ ਨੇ ਸ਼ਬਦ ਕਹਿਆ ॥ ਦੇਵਗੰਧਾਰੀ ਮਹਲਾ ੧ ॥

ਜੀਵਤਿ ਮਰੇ ਜਾਗਤਿ ਪੁਨ ਸੋਵੈ ਜਾਨਤਿ ਆਪ ਮੁਸਾਵੈ ॥ ॥ ਸਫਨ ਸਫ਼ਾਇ ਹੋਇ ਮਿਲੇ ਖ਼ਾਸਕੋ ਤਉ ਦਰਵੇਸ਼ ਕਹਾਵੈ ॥ ੧ ॥ ਤੇਰਾ ਜਨ ਕੋਹੈ ਐਸਾ ਦਿਲ ਦਰਵੇਸ਼ ॥ ਸ਼ਾਦੀ ਗਮੀ ਤਮਕ ਨਹੀਂ ਗੁਸਾ ਖ਼ੁਦੀ ਹਿਰਸ ਨਹੀਂ ਏਸ॥ ਕੰਚਨ ਖ਼ਾਕ ਬਰਾਬਰ ਦੇਖੇ ਹਕ ਹਲਾਲ ਪਛਾਨੈ॥ ਆਈ ਤਲਬ ਸਾਹਿਬ ਕੀ ਮਾਨੈ ਅਵਰ ਤਲਬ ਨਹੀਂ ਜਾਨੈ॥ ਜੋਗੀ ਜੰਗਮ ਸਿੱਧ ਕਹਾਵੈ ਲੋਹੂ ਬਿੰਦ ਜਮਾਵੈ ॥ ਪਾਂਚੋਂ ਇੰਦ੍ਰੀ ਦ੍ਰਿੜ ਕਰ ਰਾਖੈ ਤਉ ਦਰਵੇਸ਼ ਕਹਾਵੈ ॥ ਗਗਨਿ ਮੰਡਲ ਮਹਿ ਆਸਨ ਬੈਠਾ ਅਨਹਦ ਸਬਦ ਵਜਾਵੈ ॥ ਕਹੁ ਨਾਨਕ ਸਾਧ ਕੀ ਮਹਿਮਾ ਬੇਦ ਪੁਰਾਨ ਨ ਪਾਵੈ ॥ ੪ ॥ ਤਾਂ ਫੇਰ ਸ਼ੇਖ ਸ਼ਰਫ਼

CC-0. Gurukul Kangri University Haridwar Collection. Digitized by S3 Foundation USA

ਨੇ ਆਖਿਆ ਵਾਹ ਵਾਹ ਖ਼ੁਦਾਇਦੇ ਸਹੀ ਕਰਨ ਵਾਲਿਆਂ ਦਾ ਕਿਆ ਸਹੀ ਕੀਚੈ ਉਨਾਂ ਦਾ ਦੀਦਾਰਕੀਚੈਤਾਂਆਇਦਸਤਬੋਸੀਲੀਤੀ ਅਤੇ ਪੈਰਚੁੰਮਿਓਸੁ ਤਾਂ ਆਪਨੇਡੇਰੇਕਉ ਗਿਆ ਤਾਂ ਗੁਰੂਨਾਨਕ ਜੀਤੇ ਮਰਦਾਨਾ ਅਤੇ ਮੈਂ ਕੂ ਅਸੀ ਦਿੱਲੀ ਦੀ ਭਰਛਨੂੰ ਰਮਦੇ ਰਹੇ॥੬੯ ॥

ਆਗੇ ਸਾਖੀ ਦਿੱਲੀ ਦੇ ਪਾਤਿਸ਼ਾਹ ਨਾਲ

ਤਾਂਗੁਰੂ ਨਾਨਕ ਜੀ ਜਾਂਦੇ ਜਾਂਦੇ ਦਿੱਲੀ ਜਾਇਵੜੇ ਤਾਂ ਦਿੱਲੀ ਦਾ ਪਾਤਸ਼ਾਹ ਬ੍ਰਹਮਬੇਗ ਥਾ ਤਾਂਗੁਰੂ ਜੀ ਇਕ ਮਹਾਵਤ ਦੇ ਪਾਸ ਜਾਇ ਬੈਠੇ ਪਰਉਨਾਂ ਮਹਾਵਤਾਂ ਨੇ ਗੁਰੂ ਜੀ ਦੀ ਟਹਿਲ ਬਹੁਤ ਕੀਤੀ ਅਤੇ ਉਨਾਂ ਮਹਾਵਤਾਂ ਦਾ ਇਕ ਹਾਥੀ ਮਰ ਗਿਆ ਸੋ ਓਸ ਮਹਾਵਤ ਦਾ ਸਭ ਕੁਟੰਬ ਪਿੱਟਦੇ ਅਤੇਰੋਂਦੇਸਾਨ ਸਾਰਾ ਕੁਟੰਬ ਹੀ ਬਿਆਕੁਲ ਹੋਇ ਰਹਿਆ ਸੀ ਤਾਂ ਸ੍ਰੀਗੁਰੂ ਨਾਨਕ ਜੀ ਨੇ ਉਨਾਂ ਨੂੰ ਆਖਿਆ ਭਾਈ ਤੁਸੀਂ ਕਿਉਂ ਰੋਂਦੇ ਆਹੋ ਤਾਂ ਉਨ੍ਹਾਂ ਆਖਿਆ ਜੀ ਹਾਥੀਮਰਗਿਆਹੈ ਜੀ ਇਸਨੂੰਰੋਂਦੇਹਾਂ ਜੀਤਾਂਗੁਰੂਜੀਕਹਿਆਭਾਈਹਾਥੀਕਿਸਦਾਹੈਤਾਂਉਨਾਂ ਮਹਾਵਤਾਂ ਆਖਿਆ ਜੀ ਹਾਥੀ ਪਾਤਸ਼ਾਹਦਾ ਹੈਸੀ ਤਾਂਗੁਰੂਜੀ ਕਹਿਆਭਾਈ ਜੇਪਾਤਸ਼ਾਹਦਾ ਹੈਤਾਂ ਤੁਸੀ ਕਿਉਂ ਰੋਂਦੇਹੋਤਾਂ ਫੇਰ ਉਸ ਮਹਾਵਤ ਨੇ ਕਹਿਆਜੀ ਏਸ ਹਾਥੀ ਦਾ ਜੋ ਰੋਜ਼ੀਨਾ ਪਾਤਸ਼ਾਹਨੇ ਬੰਨ੍ਹਿਆ ਹੋਯਾ ਸੀ ਸੋ ਮਹਾਰਾਜ ਜੀ ਉਸਵਿਚੋਂ ਮੇਰਾ ਟੱਬਰ ਪਲਦਾ ਸੀਤਾਂ ਉਸ ਮਹਾਵਤ ਉਪਰ ਸ੍ਰੀ ਬਾਬੇਜੀਦੀ ਮਿਹਰਬਾਨੀ ਹੋਈ ਤਾਂ ਬਾਬੇਜੀਆਖਿਆ ਜੋਹਾਥੀਜੀਵੇਤਾਂ ਨਾਰੋਵੇਗੇ ਤਾਂਉਨਾਂ ਆਖਿਆਜੀ ਮੁਏ ਕਿੱਥੇਂ ਜੀਂਵਦੇ ਹੈਨ ਤਾਂਸ੍ਰੀਗੁਰੂਜੀ ਕਹਿਆ ਇਸਦੇ ਮੂੰਹ ਉਪਰ ਵਾਹਿਗੁਰੂ ਕਹਿਕੇ ਹੱਥ ਫੇਰੋ ਤਾਂ ਉਨਾਂ ਗੁਰੂ ਜੀਦਾ ਹੁਕਮ ਮੰਨਕੇ ਵਾਹਿਗੁਰੂ ਆਖਕੇ ਹੱਥ ਫੇਰਿਆਤਾਂਹਾਥੀ ਉਠ ਖੜਾ ਹੋਇਆ ਬੜੀ ਖ਼ੁਸ਼ੀ ਹੋਈ ਤਾਂ ਏਸਬਾਤ ਦੀਖਬਰ ਪਾਤਸ਼ਾਹ ਪਾਸ ਵੀ ਜਾਇ ਪਹੁੰਚੀ ਤਬ ਸੁਲਤਾਨ ਬ੍ਰਹਮਬੇਗ ਹਾਥੀ ਮੰਗਾਇਕੇ ਉਸ ਪਰ ਅਸਵਾਰ ਹੋਇਕਰ ਸ੍ਰੀ ਗੁਰੂਜੀ ਦੇ ਦੀਦਾਰ ਕੋਆਯਾ ਆਇ ਬੈਠਾ ਤੇ ਆਖਿਓਸ ਜੀ ਏਹ ਹਾਥੀਤੁਸਾਂ ਜੀਵਾਯਾ ਹੈ॥ਤਾਂਸ੍ਰੀਗੁਰੂ ਨਾਨਕਜੀ ਕਹਿਆ ਮਾਰਨ ਤੇ ਜੀਵਾਲਨ ਵਾਲਾ ਓਹ ਖ਼ੁਦਾਇਹੈ॥ ਅਤੇ ਦੁਆਇ ਫ਼ਕੀਰਾਂ ਅਤੇ ਰਹਿਮ ਖ਼ੁਦਾਇ॥ ਜਿਸ ਜਿਸ ਵਖਤ ਇਸ ਨਾਲ ਸਖਤੀ ਆਇ ਬਣਦੀ ਹੈ ਅਤੇ ਜੇ ਸਾਇਤ ਨੇਕ ਹੋਂਦੀ ਹੈਸੁ ਤਾਂ ਏਹ ਫ਼ਕੀਰਾਂ ਦੇ ਮੱਥੇ ਲੱਗਦਾ ਹੈ ਅਤੇਫ਼ਕੀਰ ਥੀਂ ਦੁਆਇ ਮੰਗੀ ਤਾਂ ਖ਼ੁਦਾਇ ਰਹਿਮ ਕਰਦਾ ਹੈ ਵਾਸ਼ਤੇਫ਼ਕੀਰਾਂ ਦੇ ਤਾਂਫੇਰ ਪਾਤਿਸ਼ਾਹ ਆਖਿਆ ਜੀ ਫਿਰ ਹਮਹਿ ਦਿਖਾਲ॥ਤਾਂ ਸ੍ਰੀ ਬਾਬੇ ਜੀ ਇੱਕ ਸ਼ਲੋਕ ਬੋਲਿਆ ॥ ਮਾਰੇ ਮਾਰ ਜੀਵਾਲੇ ਸੋਈ ॥ ਨਾਨਕ ਏਕਸ ਬਿਨ ਅੰਵਰ ਨ ਕੋਈ ॥ ਤਬ ਇਤਨੇ ਆਖਣ ਨਾਲਹੀ ਹਾਥੀ ਮਰਗਿਆ ਬਹੁੜ ਫੇਰਬਾਦਸ਼ਾਹ ਆਖਿਆ ਜੀਵਾਲ ਦੇਹ ਤਾਂ ਸ੍ਰੀ ਬਾਬੇਜੀ ਆਖਿਆ ਹਜ਼ਰਤ ਸਲਾਮਤ ਲੋਹਾ ਤਪਅਗਨਿਵਿੱਚ ਲਾਲ ਹੋਇ ਜਾਂਦਾ ਹੈ ਤਾਂ ਇਕ ਰਤੀ ਭੀ ਹੱਥਉਪਰ ਟਿਕਦਾ ਨਹੀਂ ਅਤੇ ਠੰਢਾ ਸਾਰਾ ਦਿਨ ਰੱਖੀਐ ਤਾਂ ਦੁਖ ਪਹੁੰਚਦਾ ਨਹੀਂ ਕਿਉਂ ਖ਼ੁਦਾਇਦੇ ਭਜਨਦੇਤਾਇ ਨਾਲ ਫ਼ਕੀਰਭੀ ਖ਼ੁਦਾਇਨੇ ਲਾਲ ਕੀਤੇ

CC-0. Gurukul Kangri University Haridwar Collection. Digitized by S3 F

OF INTERNET ABHINAV GAUR

ਹੈਨ ਤੇ ਖ਼ੁਦਾਇ ਦੀ ਮਾਰੀ ਉਹ ਉਠਾਇ ਲੈਂਦੇ ਹੈਨ ਪਰ ਉਨਾਂ ਦੀ ਮਾਰੀ ਖ਼ੁਦਾਇ ਥੋਂ ਉਠਣੋਂ ਰਹੀ ਤਬ ਪਾਤਿਸ਼ਾਹ ਸਮਝਕਰ ਬਹੁਤ ਖ਼ੁਸ਼ੀ ਹੋਇਆ ਤੇ ਆਖਨ ਲੱਗਾ ਖ਼ੁਦਾਇ ਵਿੱਚ ਤੇ ਫ਼ਕੀਰਾਂ ਵਿੱਚ ਕੋਈ ਭੇਦ ਨਹੀਂ ਆਖਿਓਸ ਜੀ ਕੁਛ ਕਬੂਲ ਕਰੋ ਸ੍ਰੀ ਗੁਰੂ ਜੀ ਇੱਕ ਸ਼ਲੋਕ ਕਹਿਆ ॥ ਸ਼ਲੋਕ ॥ ਨਾਨਕ ਭੁਖ ਖ਼ੁਦਾਇ ਦੀ ਬਿਆ ਬੇਪਰਵਾਹੀ ॥ ਅਸਾਂ ਤਲਬ ਦੀਦਾਰ ਦੀ ਬਿਆ ਤਲਬ ਨ ਕਾਈ ॥ ਤਾਂ ਗੁਰੂ ਬਾਬੇ ਨਾਨਕ ਜੀ ਆਖਿਆ ਹੇ ਪਾਤਿਸ਼ਾਹਜੀ ਜੋ ਭੁਲਾ ਕੀਤੋ ਤਾਂ ਫ਼ਕੀਰਾਂ ਦੇ ਖ਼ਿਆਲ ਵਿੱਚ ਆਵੇਂ ਨਾਹੀਂ ਫ਼ਕੀਰ ਡਾਢੇ ਹੈਨੀ ਤਾਂ ਪਾਤਿਸ਼ਾਹ ਮਨਵਿੱਚ ਸਮਝਕਰ ਸਲਾਮ ਕੀਤੀ ਤੇ ਸਲਾਮ ਕਰਕੇ ਉਠ ਗਇਆ ਅਤੇ ਫੇਰ ਸ੍ਰੀਗੁਰੂਜੀ ਵੀ ਉਥੋਂ ਰਮਦੇ ਰਹੇ॥ ਬੋਲਹੁ ਭਾਈ ਜੀ ਵਾਹਿਗੁਰੂ ॥ ਇਹ ਪ੍ਰਿਥਮ ਉਦਾਸੀ ਉਤ੍ਰ ਖੰਡ ਦੀ ਸੰਪੂਰਨ ਹੋਈ ॥ ੬੯ ॥

ਸਾਖੀ ਸਿੱਧਾਂ ਨਾਲ ਹੋਈ

ਜਦ ਗੁਰੂ ਨਾਨਕ ਜੀ ਤੇ ਮਰਦਾਨਾ ਅਤੇ ਮੈਂ ਤਿੰਨੇ ਇਕਸ ਜਗਾ ਜਾਇ ਪਹੁੰਚੇ ਤਾਂ ਓਥੇ ਗੋਰਖਨਾਥ ਵੀਹ ਸਿੱਧਾਂਨੂੰ ਨਾਲ ਲੈਕੇ ਆਯਾ ਅਦੇਸ ਅਦੇਸ ਕੀਤੀ ਤਾਂ ਸ੍ਰੀਗੁਰੂਨਾਨਕਜੀ ਅੱਗੋਂ ਕਿਹਾ ਏਕੰਕਾਰ ਕੋ ਅਦੇਸ ਆਓ ਸਿੱਧੋ ਨਾਥੋ ਬੈਠੀਏ ਤਾਂ ਸਿੱਧਾਂ ਪੁੱਛਿਆ ਕੌਨ ਜੋਤਿ ਹੈ ਜੋ ਸਭ ਕੇ ਸਿਰ ਪਰ ਹੈ ਕੌਨ ਸਿਛਤ ਮੈਂ ਨਾਤੇ ਹੋ ਕਿਸਕਾ ਦਰਸ਼ਨ ਕਿਸਕੇ ਘਰਮੇਂ ਆਯਾਹੈ ਕਉਣ ਬਾਣੀਸੇ ਨਾਦ ਵਜਦਾਹੈ ਅੰਤਰੇ ਤੇ ਰਹਿਤ ਹੋਕਰ ਕੌਣ ਸਮਾਇ ਰਹਿਆ ਹੈ ਕੌਨ ਅਸਥਿਰਹੈ ਕਿਸਕੋ ਕਾਲ ਨਾਹੀਂ ਖਾਂਦਾ ॥ ਤਾਂ ਗੁਰੂਜੀ ਕਹਿਆ ਮਾਇਆ ਤੇ ਰਹਿਤ ਪਰਮੇਸ਼ਰ ਜੋ ਹੈ ਤਿਸਕੀ ਜੋਤਿ ਹੈ ਸਭਦੇ ਸਿਰਤੇ ਏਕ ਓਹੀ ਆਪ ਹੈ ਦੂਜਾ ਕੋਈ ਨਾਹੀਂ ਓਹ ਅਪਾਰਹੈ ਅਗਾਧਹੈ ਬਿਅੰਤਹੈ ਗੁਰਮੁਖ ਸੋਈ ਜੋ ਜੋਗ ਕਮਾਂਵਦੇ ਹਨ ਜੋ ਤਿਸਕੀ ਸਿਛਤ ਮੇਂ ਰੱਤੇ ਹਨ ਤਿਨ੍ਹਾਂ ਨੇ ਆਪਨੇ ਆਪਦਾ ਦਰਸ਼ਨ ਸਹਿਜ ਕੇ ਘਰ ਮੇਂ ਪਾਯਾਹੈ ਨਿਰਮਲ ਬਾਣੀਕਾ ਨਾਦ ਵਜਾਯਾਹੈ ਸੁਣੋ ਸਿੱਧੋ ਇਸਤਰਹ ਨਿਰਬਾਣ ਪਦ ਪਾਈਤਾਹੈ ਸੱਚਮੇਂ ਸਮਾਇ ਰਹੀਏ ਤਉ ਕਾਲ ਨਹੀਂ ਖਾਂਦਾ ਭਰਥਰੀ ਕਹਿਆ ਖੋਜੇ ਕਿਸ ਤਰਾਂ॥ ਦੁਬਿਧਾ ਦੁਰਮਤਿ ਕੈਸੇ ਜਾਵੇ ਦੁਨੀਆ ਦੁਸਤਰ ਕੈਸੇ ਤਰੀਏ ਜੀਵਤਾ ਕਿਉਂ ਕਰ ਮਰੇ ਕਿਸ ਗੁਰੂ ਕੀ ਦੀਖਿਆ ਹੋਇ ॥ ਗੁਰੂਜੀ ਕਹਿਆ ॥ ਗੁਰਮੁਖਾਂ ਨਾਲ ਮਿਲਕੇ ਖੋਜੇ ਤਉ ਰਾਹ ਮਿਲਦਾਹੈ ਸਹਿਜ ਸੁਖ ਸਾਥ ਜਗਤ ਜੀਵਨ ਭਗਵੰਤ ਕੋ ਪਾਂਵਦਾ ਹੈ ਦੁਰਮਤ ਤਬ ਹਟਤੀਹੈ ਮਾਇਆ ਮਮਤਾ ਛੱਡੇ ਤਾਂ ਗੁਰਮੁਖਾਂ ਸਾਥ ਮਿਲੈ ਤਾਂ ਗਤਿ ਪਤਿ ਪਾਂਵਦਾ ਹੈ ਤਉ ਦੁਸਤਰ ਦੁਨੀਆ ਕੋ ਤਰਤਾ ਹੈ ਜੋ ਪ੍ਰਾਣੀ ਸ਼ਬਦ ਕਰਮ ਕਰਦੇ ਹੈਨ ਤਾਂ ਫੇਰ ਨਹੀਂ ਮਰਦੇ ਜਿਨਾਂਨੂੰ ਸੱਚੇ ਗੁਰਦੀ ਸੱਚੀ ਦੀਖਿਆ ਹੈ ਗੁਰਮੁਖਾਂ ਦੁਆਰਾ ਸੱਚ ਨਾਲ ਮਿਲੇ ਤਾਂ ਸੱਚਨੂੰ ਪਛਾਣਦਾਹੈ ਮਨਮੁਖਵਾਦੀ ਜੋ ਹੈਨ ਸੋ ਤੱਤ ਕਉ ਨਹੀਂ ਜਾਣਦੇ ਜੋ ਗੁਰੂ ਦੇ ਸ਼ਬਦ ਨਾਲ ਮਿਲਦੇ ਹੈਨ ਤਿਨਾਂ ਕੀ ਸੁਰਤੀ ਨਾਮ ਧਨ ਨਾਲ ਲਗਦੀ ਹੈ ਤਾਂ ਪ੍ਰਚੰਡ ਗਿਆਨ

CC-0. Gurukul Kangri University Haridwar Collection. Digitized by S3 Foundation USA

ਹੁੰਦਾਹੈ ਅਖੰਡ ਨਾਮ ਰੂਪ ਨਿਧ ਕੋ ਪਾਂਵਦੇ ਹੈਨ ਸੁਣੋ ਭਰਥਰੀ ਗੁਰੂ ਨਾਨਕਜੀ ਭੱਤ ਕਾ ਨਿਰਨਾ ਕੀਤਾਹੈ ਏਹ ਸਿੱਧਾਂ ਨਾਲ ਗੋਸ਼ਟ ਹੋਈ ਜਪੁਜੀ ਤੇ ਰਤਨ ਮਾਲਾ ਕੇ ਸਭ ਬਚਨ ਬਿਲਾਸ ਹੋਏ ਨਾਮਬਿਨਾਂ ਹੋਰ ਕੁਛ ਅੱਛਾ ਨਹੀਂ ਲਗਦਾ ਨਾਮ ਜਪਣੇ ਦਾ ਬਡਾ ਮਹਾਤਮ ਹੈ ਤਾਂ ਗੋਰਖਨੇ ਕਹਿਆ ਚਲੋ ਨਾਨਕ ਤਪਾ ਜੀ ਕੱਲ ਮੇਲਾ ਹੈ ਅਚੱਲ ਦਾ ਈਹਾਂ ਸੇਚੌਦਾਂ ਸੈ ਕੋਸ ਤੇ ਪੈਂਤ੍ਰਕੋਸ ਹੈ ਹਮਭੀ ਚਲੇਂਗੇ ਅਰ ਤੁਮਭੀ ਚਲੋ ਤਾਂ ਗੁਰੂ ਜੀ ਕਹਿਆ ਚਲੋ ਨਾਥ ਜੀ ਤੁਸਾਂ ਉਡੰਦੇ ਜਾਣਾਹੈ ਅਸਾਂ ਤੁਰਦੇ ਜਾਣਾਹੈ ਹਮ ਮਨੁੱਖ ਹੂਏ ਤਾਂ ਭਰਥਰੀ ਨੇ ਕਹਿਆ ਕਿਉਂ ਨਾਨਕਜੀ ਅਬ ਕਿਆ ਹੁਆਹੈ ਚਲੋ ਤਾਂ ਸ੍ਰੀ ਗੁਰੂਜੀ ਕਹਿਆ ਜੋ ਏਕੰਕਾਰ ਜੀ ਕੀ ਆਗਿਆ ਹੋਇਗੀ ਸੋਈ ਹੋਵੇਗਾ ਤੁਮ ਚਲੋ ਹਮ ਆਇਮਿਲਾਂਗੇ ਤਾਂ ਸਿੱਧਾਂ ਉਥੋਂ ਉਡਾਰੀ ਲੀਤੀ ਤਾਂ ਸ੍ਰੀ ਗੁਰੂਜੀ ਕਹਿਆ ਭਾਈ ਬਾਲਾ ਸਿੱਧ ਤਾਂ ਗਏ ਤਾਂ ਮੈਂ ਆਖਿਆ ਤਾਂ ਗੁਰੂ ਜੀ ਜੋਤੁਸਾਡੀ ਰਜਾਇ ਤਾਂ ਮਰਦਾਨੇ ਪੁੱਛਿਆ ਗੁਰੂਜੀ ਏਥੋਂ ਘਰ ਕਿਤਨੀ ਦੂਰ ਹੈ ਤਾਂ ਗੁਰੂ ਜੀ ਕਹਿਆ ਮਰਦਾਨਾ ਘਰ ਚਿਤ ਆਇਆ ਹਈ ਤੇ ਏਥੇ ਕੁਸਮ ਦੀਪਹੈ ਪੁਲਸਤ ਰਿਖਕਾ ਘਰ ਲੰਕਾ ਬਭੀਖਨ ਰਾਜਾ ਰਾਜ ਕਰਦਾਹੈ ਜੇ ਆਖੇਂਤਾਂਤੈਨੂੰ ਘਰ ਪਹੁੰਚਾ ਦੇਵੀਏਂ ਗੇ ਤਾਂਗੁਰੂਜੀ ਓਥੋਂ ਅੰਤਰਧਿਆਨ ਹੋਏ ਸਮੇਤ ਸਾਡੇ ਗੁਰੂਜੀ ਅਚੱਲ ਵਿੱਚ ਆ ਬੈਠੇ ਇੱਕ ਪਿੱਪਲਦੇ ਬ੍ਰਿਛ ਦੇ ਹੇਠ ਤਾਂ ਸਿੱਧ ਪਿੱਛੇਂ ਆਏ ਆਇ ਦੇਖਨ ਤਾਂਸ੍ਰੀਗੁਰੂਨਾਨਕਜੀਅੱਗੇਬੈਠੇਹੈਂ ਤਾਂਗੋਰਖਨੇ ਕਹਿਆਆਦੇਸਹੋਨਾਨਕਤਪਾਆਦੇਸਤਾਂਗੁਰੂਜੀਕਹਿਆਆਦਿਪੁਰਖਕਉਆਦੇਸਏਹਕਹਿ ਕਰ ਸਿੱਧ ਬੈਠ ਗਏ ਤਾਂ ਫਿਰ ਸਿੱਧਾਂ ਕਹਿਆ ਨਾਨਕ ਤਪਾਜੀ ਤੁਮ ਕੁਛ ਇਸ਼ਟਭੀ ਕਰਤੇ ਹੋ ਤਾਂ ਸ੍ਰੀਗੁਰੂਜੀ ਕਹਿਆ ਹਮਾਰਾ ਇਸ਼ਟ ਏਕੰਕਾਰ ਜੋ ਸੱਚਾ ਮੰਤ੍ਰ ਹੈ ਉਸ ਹੀ ਤੇ ਹਮਾਰਾ ਨਿਸਤਾਰਾ ਹੋਵੇਗਾ ਤੇ ਉਸਤਾਦ ਸਾਡਾ ਪੂਰਾ ਸਤਗੁਰੂ ਹੈਜੋਆਦਿ ਅੰਤ ਬਚਨਾਂਦਾ ਸੂਰਾ ਪੂਰਾ ਹੈ ਉਸ ਉਸਤਾਦਨੇ ਸਾਨੂੰ ਐਸੇ ਪਰ ਲਗਾਏਹੈਨ ਜੋ ਜਿਨ੍ਹਾਂ ਖੰਡਾਂਦੇ ਪ੍ਰਤਾਪ ਕਰਕੇ ਤੁਸਾਡੇ ਨਾਲੋਂ ਪਹਿਲਾਂ ਆਏਹਾਂ ਤਾਂ ਓਸ ਕਰਤਾਰਦੀਆਗਿਆ ਨਾਲ ਮੇਲਾ ਹੋਯਾ ਸਭ ਲੋਕ ਅਪਨੇ ਅਪਨੇ ਅਸਥਾਨਾਂ ਕੋ ਗਏ ਮੇਲਾ ਬਰਖ਼ਾਸ਼ਤ ਹੋਯਾ ਤਾਂਸ੍ਰੀਗੁਰੂਜੀ ਬਾਲੇਨੂੰ ਆਖਿਆ ਭਾਈ ਬਾਲਾ ਸਾਨੂੰਬੇਬੇਜੀ ਯਾਦ ਕੀਤਾਹੈਤਾਂ ਮੈਂ ਕਹਿਆ ਜੀ ਕੀਤਾ ਹੋਸੀ ਤਾਂ ਫੇਰ ਗੁਰੂਜੀ ਨਾਲ ਮੈਂ ਅਤੇ ਮਰਦਾਨਾ ਓਥੋਂ ਚਲੇਤਾਂਸੁਲਤਾਨਪੁਰ ਜਾਇ ਵੜੇ ਤੁਲਸਾਂ ਨੇ ਜਾਇ ਖ਼ਬਰ ਕੀਤੀ ਬਹੂਜੀ ਤੁਸਾਡਾ ਭਾਈ ਜੀ ਆਯਾਹੈ ਤਾਂਗੁਰੂਜੀ ਨੂੰ ਬੇਬੇ ਮਿਲੀ ਬਹੁਤ ਖ਼ੁਸ਼ੀ ਹੋਈ ਬੇਬੇ ਜੀ ਕਹਾ ਧੰਨ ਮੇਰੇ ਭਾਗ ਹੈਨ ਜੋ ਭਾਈ ਜੀ ਕਾ ਦਰਸ਼ਨ ਹੋਯਾ ਹੈ ਤਾਂ ਗੁਰੂਜੀ ਕਹਿਆ ਬੇਬੇਜੀ ਤੁਸਾਂਦਾ ਯਾਦਕਰਨਾ ਅਤੇ ਮੇਰਾ ਪਹੁੰਚਨਾ ਕੁਛਕਾਲਗੁਰੂਜੀ ਬੇਬੇਪਾਸ ਰਹੇ ਫੇਰ ਆਖਿਆ ਬੇਬੇ ਜੀ ਅਸੀ ਹੁਣ ਰਮਦੇ ਆਹੇ ਤਾਂ ਬੇਬੇਜੀ ਕਹਿਆ ਭਾਈ ਜੀ ਤੁਸਾਂ ਸਾਥੋਂ ਮੋਹ ਕਿਉਂ ਉਠਾਯਾਹੈ ਤਾਂ ਫੇਰਸਿਰੀਚੰਦ ਜੀ ਭੀ ਆਇ ਮਿਲੇ ਨਾਲੇ ਜੈਰਾਮ ਜੀ ਵੀ ਮਿਲੇ ਤਾਂ ਗੁਰੂਜੀ ਭੱਈਏ ਜੈਰਾਮ ਨੂੰ ਮਿਲਕੇ ਨਾਲੇ ਬੇਬੇ ਪਾਸੋਂ ਖ਼ੁਸ਼ੀ ਮੰਗੀ ਤੇ ਓਥੋਂ ਰਮਦੇ ਰਹੇ ॥੭੦॥

CC-0. Gurukul Kangri University Haridwar Collection. Digitized by S3 Foundation USA

ਆਗੇ ਸਾਖੀ ਇਕ ਪਾਲੀ ਦੇ ਲੜਕੇ ਨਾਲ ਹੋਈ

ਤਾਂ ਗੁਰੂ ਜੀ ਚਲਦੇ ਚਲਦੇ ਇਕ ਚਣਿਆਂ ਦੇ ਖੇਤ ਦੇ ਪਾਸ ਜਾਇ ਨਿਕਲੇ ਤਾਂ ਅੱਗੇ ਉਹ ਰਾਖਾ ਬੈਠਾ ਹੋਲਾਂ ਬਣਾਂਵਦਾ ਸੀ ਤਾਂ ਮਰਦਾਨੇ ਆਖਿਆ ਗੁਰੂ ਜੀ ਚਲੋ ਤਾਂ ਅਸੀ ਭੀ ਦੁਇ ਬੂਟੇ ਮੰਗਲਿਆਵੀਏ ਤਾਂ ਸ੍ਰੀ ਗੁਰੂ ਜੀ ਮੁਸਕਾਇ ਕਰ ਉਸ ਖੇਤ ਵਿਚ ਜਾਇ ਬੈਠੇ ਤਾਂ ਉਸ ਬਾਲਕ ਨੇ ਸ੍ਰੀ ਗੁਰੂ ਜੀ ਦੇ ਅੱਗੇ ਮੱਥਾ ਆਇ ਟੇਕਿਆ ਤੇ ਕੁਛ ਹੋਲਾਂ ਵੀ ਗੁਰੂ ਜੀ ਦੇ ਅੱਗੇ ਆਨ ਰੱਖੀਆਂ ਹੋਲਾਂ ਗੁਰੂ ਜੀ ਮਰਦਾਨੇ ਨੂੰ ਦੇ ਦਿੱਤੀਆਂ ਤਾਂ ਫੇਰ ਉਸ ਬਾਲਕ ਨੇ ਆਪਨੇ ਮਨ ਮੈਂ ਵਿਚਾਰ ਕੀਤੀ ਕਿ ਮੈਂ ਇਨ੍ਹਾਂ ਸੰਤਾਂ ਦੇ ਵਾਸਤੇ ਕੁਝ ਮੂੰਹ ਪਾਉਣ ਨੂੰ ਆਪਨੇ ਘਰੋਂ ਲੈ ਆਵਾਂ ਏਹ ਵਿਚਾਰ ਕੇ ਓਹ ਲੜਕਾ ਆਪਣੇ ਘਰ ਨੂੰ ਉਠ ਚਲਿਆ ਤਾਂ ਸ੍ਰੀ ਗੁਰੂ ਨਾਨਕ ਜੀ ਉਸ ਬਾਲਕ ਨੂੰ ਪੁੱਛਿਆ ਤੂੰ ਕਿੱਥੇ ਚਲਿਆ ਹੈਂ ਤਾਂ ਉਸਨੇ ਕਹਿਆ ਜੀ ਸੰਤਾਂ ਦੇ ਵਾਸਤੇ ਕੁਛ ਮੂੰਹ ਪਾਉਣ ਨੂੰ ਘਰੋਂ ਲੈਣ ਚੱਲਿਆ ਹਾਂ ਤਾਂ ਗੁਰੂ ਜੀ ਨੇ ਉਸ ਬਾਲਕ ਦੇ ਪ੍ਰਥਾਇ ਤੇ ਇਕ ਸ਼ਲੋਕ ਆਖਿਆ ॥ ਸੱਥਰ ਤੇਰਾ ਲੇਫ ਨਿਹਾਲੀ ਭਾਉ ਤੇਰਾ ਪਕਵਾਨ ॥ ਨਾਨਕ ਸਿਫਤੀ ਤ੍ਰਿਪਤਿਆ ਆਉ ਬੈਠ ਸੁਲਤਾਨ ॥ ੧॥ ਤਾਂ ਗੁਰੂ ਜੀ ਕਹਿਆ ਬਾਲਕੇ ਇਹ ਜੋ ਘਾਸ ਬੂਟ ਤੈਨੇ ਸਾਡੇ ਹੇਠ ਵਿਛਾਇ ਦਿੱਤਾ ਹੈ ਏਹ ਲੇਫ ਨਿਹਾਲੀ ਹੈ ਕਿਉਂ ਜੋ ਤੂੰ ਬੜੀ ਪ੍ਰੀਤ ਨਾਲ ਸੇਵਾ ਕੀਤੀ ਹੈ ਜੇਹੜਾ ਤੇਰੇ ਅੰਦਰੋਂ ਭਾਉ ਪ੍ਰੇਮ ਉਪਜਿਆ ਹੈ ਜੋ ਕੁਝ ਲਿਆਇ ਕੇ ਖਲਾਵਾਂ ਸੋਈ ਸਾਨੂੰ ਪਕਵਾਨ ਦਿੱਤਾ ਅਸੀ ਤੇਰੇ ਉੱਪਰ ਬਡੇ ਪ੍ਰਸੰਨ ਹਾਂ ਤੇਰਾ ਪ੍ਰੇਮ ਸਾਨੂੰ ਬਹੁਤ ਪਿਆਰਾ ਲਗਦਾ ਹੈ ਏਹ ਕਹਿਕਰ ਸ੍ਰੀ ਗੁਰੂ ਜੀ ਉਸ ਅਸਥਾਨੋਂ ਚਲਦੇ ਰਹੇ ਜਾਂ ਕਿਤਨਾਕ ਚਿਰ ਗੁਜਰਿਆ ਤਾਂ ਉਸ ਦੇਸ ਦਾ ਰਾਜਾ ਕਾਲ ਹੋਇ ਗਿਆ ਥਾ ਉਸਦੀ ਸੰਤਾਨ ਹੈ ਨਹੀਂ ਸੀ ਹੋਰ ਉਸਦੇ ਬੰਸ ਵਿਚੋਂ ਭੀ ਕੋਈ ਨਹੀਂ ਥਾ ਉਸ ਰਾਜਾ ਦੇ ਵਜ਼ੀਰਾਂ ਕਹਿਆ ਹੁਣ ਏਹ ਰਾਜ ਕਿਸਨੂੰ ਦੇਵੀਏ ਜੇ ਏਹ ਰਾਜ ਅਸੀ ਕਰਦੇ ਹਾਂ ਤਾਂ ਨਿਮਕ ਹਰਾਮ ਹੋਂਦੇ ਹਾਂ ਤੇ ਰਾਜ ਬੀ ਸੁੰਞਾ ਨਹੀਂ ਚਾਹੀਦਾ ਇਕ ਵਜ਼ੀਰ ਨੇ ਇਹ ਕਹਿਆ ਭਾਈ ਜੀ ਏਹ ਰਾਜ ਪਰਮੇਸ਼ਰ ਦੇ ਨਾਮ ਕਿਸੇ ਨੂੰ ਦੇ ਦੇਵੀਏ ॥ ਤਾਂ ਸਭਨਾਂ ਏਹ ਤਜਵੀਜ਼ ਕਰ ਕੇ ਕਹਜਾ ਜੋ ਕੋਈ ਪਹਲੋਂ ਸਵੇਰੇ ਦਰਵਾਜ਼ੇ ਦੇ ਮੁਹਿ ਆਨ ਲੱਗੇ ਉਸਨੂੰ ਰਾਜ ਦੇ ਦੇਵੀਏ ਤਾਂ ਦਰਵਾਨਾਂ ਨੂੰ ਸੱਦ ਕੇ ਹੁਕਮ ਦਿੱਤਾ ਜੋ ਕੋਈ ਸਵੇਰੇ ਦਰਵਾਜਾ ਆਨ ਖੁਲ੍ਹਾਵੇ ਉਸਨੂੰ ਅਸਾਡੇ ਪਾਸ ਲੈ ਆਵਣਾ ਤਾਂ ਉਨਾਂ ਦਰਵਾਨਾਂ ਜਾ ਕੇ ਤਿੰਨ ਦਰਵਾਜ਼ੇ ਮਾਰ ਦਿੱਤੇ ਤੇ ਚੌਥਾ ਦਰਵਾਜ਼ਾ ਖੁਲ੍ਹਾ ਰੱਖਿਆ ਤਾਂ ਉਸ ਰਾਂਧੇ ਬਾਲਕ ਨੇ ਰਾਤ ਨੂੰ ਹੋਲਾਂ ਭੁੰਨ ਕਰ ਰੱਖ ਛੱਡੀਆਂ ਸਨ ਤੇ ਸਵੇਰੇ ਵੱਡੇ ਵੇਲੇ ਹੋਲਾਂ ਲੈ ਕੇ ਓਹ ਘਰ ਨੂੰ ਆਇਆ ਆਇ ਕਰ ਦਰਵਾਜ਼ੇ ਵਿਚ ਵੜਿਆ ਤਾਂ ਉਨਾਂ ਦਰਵਾਨਾਂ ਉਸਨੂੰ ਵਜ਼ੀਰਾਂ ਦੇ ਪਾਸ ਲੈ ਆਂਦਾ ਤਾਂ ਵਜ਼ੀਰਾਂ ਉਸ ਬਾਲਕ ਨੂੰ ਆਖਿਆ ਲੜਕਿਆ ਕੌਣ ਹੁੰਦਾ ਹੈਂ ਤਾਂ ਉਸ ਕਹਿਆ ਜੀ ਮੈਂ ਗਵਾਰ ਦਾ ਪੁਤ੍ਰ ਹਾਂ ਤਾਂ ਵਜ਼ੀਰਾਂ ਕਹਿਆ ਭਾਈ ਜਿਸਨੂੰ ਪਰਮੇਸ਼ਰ ਦੇਵੇ ਉਸ ਨਾਲ ਕਿਆ ਉਜ਼ਰ ਹੈ ਤਾਂ ਵਜ਼ੀਰਾਂ ਉਸ ਲੜਕੇ ਨੂੰ ਰਾਜ ਤਿਲਕ ਦੇ ਕਰ ਤਖ਼ਤ ਉੱਪਰ ਬੈਠਾ ਇ ਦਿੱਤਾ ਸਾਰਾ

CC-0. Gurukul Kangri University Haridwar Collection. Digitized by S3 Foundation USA

ਸ਼ਹਿਰ ਉਸਦੀ ਸਲਾਮੀ ਆਹਾ ਤੇਲੱਗਾ ਰਾਜ ਕਰਨਪਰਗੁਰੂ ਜੀ ਕੇ ਬਚਨ ਕਰਕੇ ਕੋਈ ਸਮਾ ਰਾਜ ਕਰਕੇ ਓਹ ਕਾਲ ਵਸ ਹੋਯਾ ਤਾਂ ਫੇਰ ਓਹ ਲੜਕਾ ਸੁਲਤਾਨ ਆਇ ਬਨਿਆ ਭਾਈ ਜੋ ਕੋਈ ਸ੍ਰੀ ਗੁਰੂ ਜੀ ਕੇ ਬਚਨ ਪਰ ਪ੍ਰਤੀਤ ਰੱਖੇਗਾ ਉਸਦੇ ਸੰਪੂਰਨ ਕਾਰਜ ਸਿੱਧ ਹੋਨਗੇ ਤ ਘਾਲ ਉਸਦੀ ਕਬੂਲ ਪੈਸੀ ॥ ਬੋਲੋ ਭਾਈ ਜੀ ਵਾਹਿਗੁਰੂ ॥ ੭੧ ॥

ਆਰੋ ਸ੍ਰੀਗੁਰੂ ਜੀ ਇੱਕ ਵਣਜਾਰੇ ਨੂੰ ਮਿਲੇ

ਤਾਂਸ੍ਰੀਗੁਰੂ ਜੀਜਾਂਦੇ ਜਾਂਦੇ ਅੱਗੇ ਗਏ ਤਾਂ ਇੱਕ ਬਪਾਰੀ ਮਿਲਿਆ ਤਾਂ ਸ੍ਰੀ ਗੁਰੂ ਨਾਨਕ ਜੀ ਉਸ ਬਪਾਰੀਨੂੰਪੁੱਛਿਆ ਭਾਈ ਤੇਰੇ ਪਾਸ ਕੀ ਚੀਜ਼ ਹੈ ਤਾਂ ਉਸਬਪਾਰੀਨੇਆਖਿਆਭਾਈ ਮੇਰੇ ਪਾਸ ਲੂਣਤੇ ਵਡੇਵੇਂ ਹੈਨ ਤਾਂ ਗੁਰੂ ਜੀ ਕਹਿਆਭਾਈ ਤੂੰ ਬੁਚਕਾ ਖੋਲ੍ਹਕੇ ਵਖਾਇ ਤਾਂ ਉਸ ਬਪਾਰੀ ਨੇ ਬੁਚਕਾ ਖੋਲ੍ਹਿਆ ਤਾਂ ਗੁਰੂਜੀਕਹਿਆ ਭਾਈਏਹਕਿਆਚੀਜ਼ਹੈਉਸਬਪਾਰੀ ਨੇ ਕਹਿਆ ਏਹ ਵੱਟੇ ਹੈਨ ਲੂਣ ਤੋਲਣਵਾਲੇ ਹੈਨ ਇੱਕ ਪੰਜ ਸੇਰੀ ਦੂਸਰੀਦੁਸੇਰੀਤੀਸਰਾ ਸੇਰ ਚਉਥਾ ਅੱਧਸੇਰ ਪੰਜਵਾਂ ਪਾਉ ਤਾਂ ਗੁਰੂ ਜੀ ਉਸ ਪਾਉ ਨੂੰ ਮੱਥਾ ਟੇਕਿਆ ਕਿ ਧੰਨ ਤੂੰ ਪਾਉ ਹੈਂ ਜਿਨ ਪਾਉ ਕਹਾਯਾ ਹੈ ਤਾਂ ਫੇਰਗੁਰੂ ਜੀ ਨੇਕਹਿਆ ਭਾਈ ਏਹਕਿਆ ਓਸਨੇ ਕਹਿਆ ਜੀ ਏਹ ਅਧਪਾਉ ਹੈ ਅਤੇ ਏਹਸਰਸਾਹੀ ਹੈ ਤਾਂ ਗੁਰੂਜੀ ਕਹਿਆ ਹੇ ਸਰਸਾਹੀਏ ਤੂ ਧੰਨ ਹੈਂ ਜਿਸਨੇ ਛੋਟੀ ਕਹਾਯਾ ਸ੍ਰੀਗੁਰੂ ਜੀਕਹਿਆਭਾਈ॥ਤਾਣਹੁੰਦਿਆਂਹੋਇਨਿਤਾਣਾ॥ ਮਾਣ ਹੁੰਦਿਆਂ ਹੋਇਨਿਮਾਣਾ॥ਛੋਟੀ ਜੋ ਵਸਤ ਹੁੰਦੀ ਹੈ ਉਸਨੂੰ ਛੋਟਾ ਆਖਣਾ ਵਾਜਬਹੈ ਪਰ ਜੋ ਕੋਈ ਵਡਾ ਕੁੱਵਤ ਵਾਲਾ ਹੋਇਕੇ ਆਪਨੂੰ ਤੁੱਛ ਕਹਾਉਂਦਾਹੈਸੋ ਧੰਨ ਹੈ ਨਿਰ ਅਭਿਮਾਨ ਹੋਇਕਰ ਰਹਿਣਾ ਬਹੁਤ ਅੱਛਾ ਹੈ ਏਹ ਬਚਨ ਗੁਰੂਜੀ ਕੇ ਸੁਣ ਕਰ ਬਹੁਤ ਪ੍ਰਸੰਨ ਹੋਯਾ ਓਸਬਪਾਰੀ ਨੇ ਗੁਰੂ ਜੀ ਕੇ ਚਰਣਾਂ ਪਰ ਮੱਥਾ ਟੇਕਿਆ ਸ੍ਰੀਗੁਰੂ ਜੀਕੇ ਚਰਨਾਂ ਕੇ ਪ੍ਰਸਾਦਿ ਉਸਦੇਕਪਾਟ ਖੁਲ੍ਹਗਏ ਗੁਰੂਜੀ ਬਚਨ ਕੀਤਾ ਧਰਮ ਦੀ ਕਿਰਤ ਕਰ ਖਾਣੀ ਸੱਚ ਬੋਲਣਾ ਪਰਮੇਸ਼ਰ ਦਾ ਨਾਮ ਜਪਣਾ ਤੇਰੀ ਮੁਕਤ ਹੋਵੇਗੀ ਤਾਂ ਬਪਾਰੀ ਭਗਤ ਗੁਰੂਕਾ ਬਚਨ ਮੰਨ ਕੇ ਤਿਸੀ ਤਰਾਂ ਕਰਦਾ ਰਹਿਆ ਅੰਤ ਕੋ ਸਤਿ ਗਤੀ ਕੋ ਪ੍ਰਾਪਤਿ ਹੂਆ ਸਤਿਗੁਰਾਂ ਦੇ ਧਾਮ ਕੋ ਗਿਆ ॥ ਬੋਲੋ ਭਾਈ ਜੀ ਵਾਹਿਗੁਰੂ ॥ ੭੨ ॥

ਅੱਰੋ ਸਾਖੀ ਇੱਕ ਸਿੱਖ ਨਾਲ ਨਾਮ ਦੇ ਪ੍ਰਥਾਇ

ਤਾਂ ਸ੍ਰੀ ਗੁਰੂ ਜੀਜਾਂਦੇ ਜਾਂਦੇ ਇੱਕਨਗਰ ਦੇ ਵਿਚ ਜਾਇ ਪਹੁੰਚੇ ਉਥੇ ਰਾਤ ਰਹਿਨੇ ਨੂੰ ਕੋਈ ਜਾਹਗਾਨਾ ਦੇਵੇ ਉਸ ਵਸਤੀ ਦੇ ਲੋਕ ਸਭ ਨਿਗੁਰੇ ਹੈਸਨ ਗੁਰੂ ਪੀਰ ਨੂੰਨਹੀਂ ਜਾਣਦੇਸਨ ਤੇ ਉੱਸੇ ਗਿਰਾਉਂ ਵਿਚਇਕ ਖੱਤ੍ਰੀ ਰਹਿੰਦਾਸੀਤੇਬਡਾਧਨੀ ਆਹਾ ਤੇ ਅੱਠੇਪਹਿਰ ਵਿਹਾਰ ਵਿੱਚਗਲਤਾਨ ਰਹਿੰਦਾ ਸੀ ਪਰਮੇਸ਼ਰ ਦੀ ਉਸਪਰ ਕਿਰਪਾ ਹੋਈ ਉਸਨੂੰ ਸ੍ਰੀ ਗੁਰੂ ਜੀ

CC-0. Gurukul Kangri University Haridwar

ਮਹਾਰਾਜਕਾ ਦਰਸ਼ਨਕਰਦਿਆਂਨਾਲ ਸਭਸੰਸਾਰ ਜ਼ਹਿਰ ਨਜ਼ਰ ਆਵਨਲੱਗਾਅਤੇਪ੍ਰਲੋਕ
ਦਾ ਭੈ ਉਸਦੇ ਮਨ ਵਿਚ ਉਪਜਿਆ ਉਸਰਾਤ ਨੂੰ ਉਸਨੇ ਗੁਰੂਜੀਦੀਬਹੁਤਸੇਵਾਕੀਤੀਜਦ
ਸਵੇਰ ਹੋਯਾ ਤਾਂ ਗੁਰੂਜੀਨੇਪੁੱਛਿਆ ਕਿਉਂ ਭਾਈ ਸਿੱਖਾ ਤਾਂ ਉਸ ਸਿੱਖਨੇ ਕਹਿਆ ਗੁਰੂਜੀ
ਹੁਣ ਮੈਨੂੰ ਸਭ ਸੰਸਾਰ ਝੂਠਾਨਦਰੀਆਂਵਦਾਹੈ ਤੇਪ੍ਰਲੋਕਦਾਮੈਨੂੰਬਹੁਤ ਭੈਹੋਵੇਗਾ ਹੇਠਾਕੁਰ
ਜੀ ਜੇਕਰ ਮੈਨੂੰ ਹੁਕਮਹੋਵੇ ਤਾਂ ਮੈਂ ਜਿਤਨੀ ਮਾਯਾ ਹੈ ਸੋ ਪਰਮੇਸ਼ਰਦੇ ਨਾਮ ਪੁੰਨਕਰ ਦੇਵਾਂ
ਤਾਂਗੁਰੂਜੀ ਕਹਿਆ ਭਾਈ ਸਿੱਖਾ ਏਹ ਮਾਯਾ ਸ੍ਰੀ ਕਰਤਾਰਜੀਕੇ ਨਾਮ ਪੈਲੁਟਾਇਦੇਹਇਸ
ਤੇਰੀ ਮਾਯਾਦੇ ਅਸੀਂ ਜ਼ਾਮਨ ਰਹੇ ਸਭ ਥਾਂ ਤੇਰੀ ਸਹਾਇਤਾ ਕਰੇਂਗੇ ਉਸ ਖੱਤ੍ਰੀ ਨੇ ਮਾਯਾ
ਪੁੰਨ ਕਰ ਦਿੱਤੀ ਅਤੇ ਸਾਰੇ ਕੁਟੰਬ ਤੇ ਨਿਰਾਲਾ ਹੋਇ ਬੈਠਾ ਸਭ ਨੂੰ ਜਵਾਬ ਦੇ ਦਿੱਤਾ
ਕਹਿਨੇ ਲਗਾ ਨਾਤੁਸੀ ਮੇਰੇਨਾ ਮੈਂ ਤੁਹਾਡਾ ਏਹਸੁਨਕੇ ਉਸਦੇ ਸਨਬੰਧੀ ਨਿਰਾਸ ਹੋਇ ਬੈਠੇ
ਤਾਂ ਗੁਰੂਜੀ ਕਹਿਆ ਭਾਈ ਸਿੱਖਾ ਜੋ ਕਿਰਤ ਕਰਕੇ ਲਿਆਵੇਂ ਸੋ ਵੰਡ ਕੇ ਖਾਯਾ ਕਰੀਂ ਤਾਂ
ਉਸ ਸਿੱਖਨੇ ਗੁਰੂਕਾ ਬਚਨ ਮੰਨਿਆ ਤਾਂ ਗੁਰੂਜੀ ਉਸਖੱਤ੍ਰੀ ਕੋ ਸਿੱਖ ਕਰਕੇ ਵਿਦਿਆ ਹੋ
ਗਏ ਜਦ ਕਿਤਨੇ ਕੁ ਮਹੀਨੇ ਗੁਜ਼ਰੇ ਤਾਂ ਸਿੱਖ ਦੇ ਸਨਬੰਧੀ ਸਭ ਚਲ ਗਏ ਤਾਂ ਓਹ ਸਿੱਖ
ਅਕੱਲਾ ਰਹਿ ਗਿਆ ਸਭਬੰਧਨ ਉਸਦੇਕਰਤਾਰਨੇਦੂਰਕੀਤੇ ਫੇਰਓਹਸਿੱਖ ਨਿਰਸੰਕਲਪ
ਹੋਕਰ ਮਜ਼ਦੂਰੀ ਕਰਆਏ ਅਤੇ ਜਿਸਦੀ ਕਿਰਤ ਮਜ਼ਦੂਰੀ ਕਰੇ ਉਸਨਾਲ ਪਹਿਲਾਂ ਏਹ
ਬਾਤ ਕਰਲਏ ਜੋ ਭਾਈਮੈਂ ਚਾਰਟਕੇ ਲਵਾਂਗਾ ਭਾਵੇਂ ਚਾਰਘੜੀਆਂ ਮਜ਼ਦੂਰੀ ਕਰਵਾ ਲੈ
ਤੇ ਭਾਵੇਂ ਚਾਰ ਪਹਿਰ ਕਰਵਾ ਲੈ ਅਤੇ ਦੂਸਰਾ ਹੋਰ ਇਕ ਏਹ ਅਕਰਾਰਕਰੇ ਜੋਭਾਈ ਇੱਕ
ਘੜੀ ਮੇਰੇ ਪਾਸ ਬੈਠਕਰ ਸ੍ਰੀ ਪਰਮੇਸ਼ਰਜੀ ਕੀ ਕਥਾ ਜਾਂ ਈਸ਼ਰ ਕਾ ਨਾਮ ਏਹ ਸੁਣਾਯਾ
ਕਰ ਅਤੇ ਜੇ ਤੈਨੂੰਨਹੀਂ ਆਉਂਦਾ ਤਾਂ ਮੇਰੇ ਪਾਸੋਂ ਸੁਣਿਆ ਕਰ ਓਹ ਸਿੱਖ ਏਹ ਕੰਮ ਕਰੇ
ਜਿਸ ਵਿਚ ਅਗਲੇ ਦਾ ਭਲਾਹੋਵੇਤੇਨਾਲੇ ਆਪਣਾ ਭੀ ਭਲਾਹੋਵੇ ਤਾਂ ਓਹ ਸਿੱਖ ਮਜ਼ਦੂਰੀ
ਕਰਕੇ ਚਾਰ ਟਕੇ ਲੈ ਆਵੇ ਤਾਂ ਓਹਵੰਡਕੇ ਖਾਯਾ ਕਰੇ ਅਤੇ ਅਗਲੇ ਦਿਨ ਵਾਸਤੇ ਕੁਛ ਨਾ
ਰੱਖੇ ਇਸੇ ਤਰਾਂ ਉਸਦਾ ਵਿਹਾਰ ਚਲਿਆ ਜਾਵੇ ਅਤੇ ਜਿਸਗਰਾਉਂ ਵਿੱਚ ਓਹ ਸਿੱਖ ਰਹਿੰਦਾ
ਸੀ ਓਸ ਨਗਰ ਵਿਚ ਇਕ ਸ਼ਾਹੂਕਾਰ ਹੈਸੀ ਉਸ ਪਿੰਡ ਦਾ ਦਾਣਾ ਸਭ ਆਪ ਲੈ ਲੈਣਾ ਤੇ
ਮਾਮਲਾ ਪਾਤਸ਼ਾਹੀ ਵੀ ਆਪਭਰਦੇਨਾ ਏਸੇਤਰਾਂ ਕਰਦਿਆਂਨੂੰ ਬਹੁਤ ਚਿਰ ਗੁਜ਼ਰਗਿਆ
ਸੀ ਤਾਂ ਇਕ ਬਰਸ ਅਧਾ ਤੇ ਓਹਸ਼ਾਹੂਕਾਰ ਛਸਲ ਅਕੱਠਾ ਕਰਨ ਆਂਧਾਸੀ ਜਾਂ ਪੰਜਸਤ
ਦਿਨ ਗੁਜ਼ਰੇ ਤਾਂ ਉਸ ਸ਼ਾਹੂਕਾਰਦੇ ਘਰੋਂ ਚਿੱਠੀ ਆਈ ਉਸ ਚਿੱਠੀਦੇ ਵਿਚ ਏਹ ਲਿਖਿਆ
ਹੋਯਾ ਸੀ ਕਿ ਸ਼ਾਹ ਜੀ ਏਹ ਕਾਗਤ ਵੇਖਦਿਆਂ ਘਰ ਨੂੰ ਚਲੇ ਆਉਨਾ ਜੇ ਪਾਣੀਦਾ ਘੁੱਟ
ਪੀਵੋ ਤਾਂ ਤੁਰਕੇ ਪੀਣਾਂ ਜੇਕਰ ਕੋਈ ਕੰਮ ਜ਼ਰੂਰਤ ਦਾ ਹੋਵੇ ਤਾਂ ਓਹ ਕੰਮ ਫੇਰ ਕਰ
ਲੈਣਾ ਪਰਘਰਨੂੰ ਤੁਰਆਉਨਾ ਦੇਰਨਹੀਂ ਕਰਨੀ ਉਸ ਸ਼ਾਹੂਕਾਰ ਚਿੱਠੀ ਪੜ੍ਹ ਕਰ ਉਹ
ਪਿੰਡ ਦੇ ਚੌਧਰੀਨੂੰ ਸਦਵਾਇਕੇ ਆਖਿਆ ਪੰਚਜੀ ਮੇਰੇ ਘਰੋਂ ਸਨੇਹਾ ਆਯਾਹੈ ਤੇਮੈਂ ਘਰ

CC-0. Gurukul Kangri University Haridwar Collection. Digitized by S3 Foundation USA

ਨੂੰਜ਼ਰੂਰਜਾਨਾਂਹੈ ਮੇਰੇਨਾਲ ਇਕ ਆਦਮੀਦੇਵੇਂਤਾਂਮੈਨੂੰਘਰਛੱਡਆਵੇ ਤੇ ਬਾਕੀ ਹਿਸਾਬ
ਮੈਂ ਆਨਕੇ ਕਰਾਂਗਾ ਤਾਂ ਅੱਗੋਂ ਚੌਧਰੀਬੋਲਿਆ ਸੁਣਹੁ ਸ਼ਾਹਜੀ ਤੁਸਾਡਾਘਰਇੱਥੋਂਚਉਦਾਂ
ਕੋਹਾਂਉਪਰ ਹੈ ਅਤੇ ਰਸਤੇਵਿਚ ਦਰਿਆਂਹੈ ਤੇਬਹੁਤ ਬੇਲਾ ਹੈਤੁਸਾਨੂੰ ਆਪਨੀਜਾਨਨਹੀਂ
ਲੋੜੀਦੀ ਤੁਸੀਇਸਵਕਤਤੁਰਦੇਹੋ ਪਰਤੁਸਾਂਸਵੇਰੇਜਾਵਣਾ ਤਾਂਮੈਂ ਕੋਈ ਆਦਮੀ ਦੇਵਾਂਗਾ
ਪਰ ਉਸ ਸ਼ਾਹੂਕਾਰਨੇ ਕਹਿਆ ਪੈਂਚਜੀ ਮੇਰੇਘਰੋਂ ਚਿੱਠੀ ਬੜੀ ਤਗੀਦ ਦੀ ਆਈਹੈ ਤੇਮੈਂ
ਹੁਣੇ ਜਾਣਾਹੈ ਤਾਂਚੌਧਰੀਨੇਦੇਖਿਆ ਕਿ ਸ਼ਾਹੂਕਾਰ ਨਹੀਂਰਹਿੰਦਾ ਤਾਂਪੈਂਚਨੇਆਖਿਆ ਸ਼ਾਹ
ਜੀ ਤੁਸੀ ਏਥੇ ਠਹਿਰੋ ਮੈਂਤੁਸਾਨੂੰ ਆਦਮੀਦੇਂਦਾਹਾਂ ਤਾਂਓਹ ਸ਼ਾਹੂਕਾਰ ਓਥੇਖੜੋਗਿਆ ਤੇ
ਓਹ ਚਉਧਰੀ ਉਸ ਸਿੱਖ ਮਜੂਰ ਵਲ ਗਿਆ ਤੇ ਉਸ ਮਜੂਰ ਸਿੱਖਨੂੰ ਜਾਇਕੇ ਆਖਿਆ
ਭਾਈ ਸਿੱਖਾ ਮਜੂਰੀ ਕਰਨੀਹਈ ਤਾਂ ਚਲਤੈਨੂੰਕਾਰਦੱਸੀਏ ਤਾਂਓਹਸਿਖ ਵਾਹਿਗੁਰੂ ਆਖ
ਕੇ ਉਠ ਖੜੋਤਾ ਅਤੇ ਨਾਲ ਚਉਧਰੀਦੇਚਲਿਆ ਤੇਸ਼ਾਹਦੇ ਪਾਸਲੈਆਂਦਾ ਤੇਚਉਧਰੀਨੇ
ਆਖਿਆ ਲਓ ਸ਼ਾਹ ਜੀ ਏਹ ਮਜੂਰ ਹੈ ਤੁਸਾਡੇ ਨਾਲ ਜਾਵੇਗਾ ਤੇ ਘਰ ਛੱਡ ਆਵੇਗਾ ਤਾਂ
ਸ਼ਾਹੂਕਾਰਨੇਕਹਿਆ ਭਾਈਮੇਰਾਬੁਚਕਾ ਚੁੱਕ ਲੈ ਤਾਂ ਸਿੱਖਨੇਅਪਨੇਸੁਭਾਵ ਮੂਜਬ ਕਹਿਆ
ਸ਼ਾਹਜੀ ਮੈਂ ਚਾਰ ਟਕੇ ਲਵਾਂਗਾ ਤਾਂ ਸ਼ਾਹੂਕਾਰ ਨੇ ਆਖਿਆ ਭਾਈ ਸਿੱਖਾ ਤੂੰ ਚਾਰ ਟਕੇ ਹੀ
ਲੈ ਲਵੀਂ ਤਾਂ ਓਹ ਦੋਵੇਂ ਜਣੇ ਓਥੋਂ ਤੁਰਪਏ ਤਾਂ ਜਾਂਦੇਜਾਂਦੇ ਦੋਹ ਕੋਹਾਂ ਉਪਰਗਏ ਤਾਂ ਉਸ
ਸਿੱਖਨੂੰ ਗੱਲ ਯਾਦ ਆਈ ਤਾਂ ਆਪਨੇ ਮਨ ਵਿਚ ਕਹਿਓਸ ਕਿ ਧ੍ਰਿਗ ਮੇਰੀ ਕਮਾਈ ਨੂੰ
ਜਿਸ ਪੇਟਦੇਧੰਦੇਵਾਸਤੇ ਸ੍ਰੀ ਪਰਮੇਸ਼ਰਜੀਦਾ ਨਾਮ ਭੁਲਾ ਦਿੱਤਾ ਏਹ ਵਿਚਾਰਾਂ ਕਰਕੇਉਸ
ਸਿੱਖਨੇ ਸ਼ਾਹੂਕਾਰਨੂੰਆਖਿਆ ਭਾਈਮੈਂ ਨਾਹੀਂ ਜਾਂਦਾ ਤੂੰ ਆਪਣਾ ਬੁਚਕਾ ਚੱਕਲੈ ਤਾਂ ਸ਼ਾਹੂ
ਕਾਰ ਨੇ ਕਹਿਆ ਕਿਉਂ ਭਾਈ ਸਿੱਖਾ ਤੂੰ ਦਿਲਗੀਰ ਕਿਉਂ ਹੁੰਦਾਹੈਂ ਤੂੰ ਮੈਨੂੰਘਰ ਪਹੁੰਚਾਇ
ਦੇਹ ਤਾਂ ਮੈਂਤੈਨੂੰ ਹੋਰ ਟਕਾ ਦੋ ਟਕੇ ਦੇ ਦੇਵਾਂਗਾ ਤੂੰ ਮੇਰੇਨਾਲਚਲ ਤਾਂਉਸਸਿੱਖਨੇ ਕਹਿਆ
ਸ਼ਾਹਜੀ ਮੈਂ ਜਾਣੇ ਕਾਨਹੀਂ ਪਰ ਇਕ ਮੇਰਾ ਕੰਮਹੈ ਜੇ ਕਰੇਂਤਾਂ ਮੈਂ ਚਲਦਾ ਹਾਂ ਜੋ ਕੋਈ ਸ੍ਰੀ
ਪਰਮੇਸ਼ਰਦੇ ਨਾਮਦੀ ਗੱਲ ਜਾਣਿ ਜੇਕਰਤੈਨੂੰ ਨਹੀਂ ਆਉਂਦੀ ਤਾਂ ਮੇਰੇ ਪਾਸੋਂ ਸੁਣ ਤਾਂ
ਸ਼ਾਹੂਕਾਰਨੇ ਕਹਿਆ ਭਾਈ ਮੈਂਤੈਨੂੰਪਰਮੇਸ਼ਰ ਦੀ ਕਥਾ ਸੁਣਾਂਵਦਾ ਹਾਂ ਤਾਂਓਹ ਸ਼ਾਹੂਕਾਰ
ਲਗਾ ਸੁਣਾਉਣ ਤੇਓਹ ਸਿੱਖ ਲਗਾਸੁਨਣ ਤਾਂਸ੍ਰੀਕਰਤਾਰਦੇ ਗੁਣਾਵਾਦ ਲੱਗੇ ਕਰਣ ਤਾਂ
ਕਹਿੰਦੇ ਸੁਣਦੇ ਓਹ ਦੋਵੇਂ ਸ਼ਾਹੂਕਾਰਦੇਘਰ ਜਾਇਪਹੁੰਚੇ ਤਾਂ ਸ਼ਾਹੂਕਾਰ ਆਪਣੇ ਕੁਟੰਬਨੂੰ
ਮਿਲਿਆ ਅਤੇ ਜਿਸ ਵਾਸਤੇਸਨਬੰਧੀਆਂ ਬੁਲਾਇਆਸੀ ਓਹਬਾਰਤਾ ਕੀਤੀਤਾਂਸਿੱਖਨੂੰਮੰਜਾ
ਡਾਹ ਦਿੱਤਾ ਤੇਸ਼ਾਹੂਕਾਰਵੀ ਅਪਨੀ ਖ਼ੁਸ਼ੀ ਨਾਲ ਸੁੱਤਾ ਜਦ ਸਵੇਰ ਹੋਈ ਤਾਂ ਸੁੱਤੇ ਉਠੇ ਤਾਂ
ਸਿੱਖ ਉਸਸ਼ਾਹੂਕਾਰਨੂੰ ਰਾਮ ਰਾਮ ਕਹਿਕਰ ਚਲਣਲੱਗਾ ਤਾਂ ਉਸ ਸ਼ਾਹੂਕਾਰਨੇ ਆਖਿਆ
ਭਾਈ ਸਿੱਖਾਤੂੰ ਮੇਰੇ ਨਾਲ ਰਾਤਨੂੰ ਚੌਦਾਂਕੋਹ ਪੰਡਾਆਯਾਹੈਂਤੇਹੁਣਪ੍ਰਸਾਦਿ ਤਿਆਰ ਹੁੰਦਾ ਹੈ
ਤਾਂ ਛੱਕਕੇ ਜਾਵੀਂ ਤਾਂ ਸਿੱਖਨੇ ਕਹਿਆ ਭਲਾ ਸ਼ਾਹ ਜੀ ਜਾਂ ਪ੍ਰਸਾਦਿ ਤਿਆਰਹੋਯਾ ਤਾਂ ਉਸ

CC-0. Gurukul Kangri Uni

ਸਿੱਖਨੂੰ ਪ੍ਰਸਾਦ ਛਕਾਕੇ ਤੇ ਸ਼ਾਹੂਕਾਰ ਨੇ ਆਪਨੇ ਪੁੱਤ੍ਰ ਨੂੰ ਆਖਿਆ ਕਿ ਏਸ ਨੂੰ ਚਾਰ ਟਕੇ ਲਿਆਇ ਦੇਹੋ ਤਾਂ ਉਸਦੇ ਪੁੱਤ੍ਰ ਨੇ ਚਾਰ ਟਕੇ ਆਨ ਦਿੱਤੇ ਲੈਕਰ ਟਕੇ ਸਿੱਖ ਉਠ ਚਲਿਆ ਤਾਂ ਥੋੜੀ ਦੂਰ ਗਿਆ ਤਾਂ ਸਿੱਖਨੂੰ ਯਾਦ ਆਯਾ ਤੇ ਮੁੜ ਆਯਾ ਤੇ ਆਇਕੇ ਆਖਨ ਲੱਗਾ ਸ਼ਾਹਜੀ ਮੇਰੀ ਇੱਕ ਬਾਤ ਸੁਣਲਓ ਪਰ ਨਿਆਰਾ ਹੋਇਕੇ ਤਾਂ ਓਹ ਸ਼ਾਹੂਕਾਰ ਨਿਆਰਾ ਹੋਇ ਬੈਠਾ ਜਾਂ ਉਸ ਸਿੱਖ ਨੇ ਕਹਿਆ ਸ਼ਾਹਜੀ ਤੇਰੀ ਉਮਰਾ ਕਿਤਨੇਕ ਬਰਸਾਂ ਦੀ ਹੈ ਤਾਂ ਉਸ ਸ਼ਾਹੂਕਾਰ ਨੇ ਕਹਿਆ ਭਾਈ ਮੇਰੀ ਉਮਰਾ ਸੱਠਾਂ ਬਰਸਾਂ ਦੀ ਹਈ ਤਾਂ ਉਸ ਸਿੱਖਨੇ ਕਹਿਆ ਸ਼ਾਹਜੀ ਤੂੰ ਆਖਦਾ ਹੈਂ ਜੋ ਮੇਰੀ ਸੱਠਾਂ ਬਰਸਾਂ ਦੀ ਉਮਰਾ ਹੈ ਅਤੇ ਉਸ ਪਰਮੇਸ਼ਰ ਦੇ ਘਰ ਵਿਚ ਤਾਂ ਤੇਰੀ ਸਭ ਗੈਰ ਹਾਜ਼ਰੀ ਹੈ ਪਰ ਓਥੇ ਤਾਂ ਚਾਰ ਘੜੀਆਂ ਵੀ ਕਬੂਲ ਨਹੀਂ ਪਈਆਂ ਹੈਂ ਪਰ ਸ਼ਾਹਜੀ ਇਕ ਗੱਲ ਮੇਰੀ ਹੋਰ ਸੁਣ ਸ਼ਾਹਜੀ ਤੇਰੀ ਉਮਰਾ ਸਭ ਹੋ ਚੁਕੀ ਹੈ ਅੱਜ ਤੋਂ ਸੱਤਾਂ ਦਿਨਾਂ ਨੂੰ ਤੂੰ ਕਾਲ ਵੱਸ ਹੋ ਜਾਣਾ ਹੈ ਪਰ ਇਕ ਕੰਮ ਕਰੀਂ ਜਦ ਤੈਨੂੰ ਧਰਮਰਾਜ ਦੇ ਪਾਸ ਲੈ ਜਾਣਗੇ ਤਾਂ ਧਰਮਰਾਜ ਕਹੈਗਾ ਏਨੂੰ ਚਿਤ੍ਰਗੁਪਤਾਂ ਪਾਸ ਲੈ ਜਾਓ ਤਾਂ ਫੇਰ ਚਿਤ੍ਰਗੁਪਤਾਂ ਪਾਸ ਲੈ ਜਾਣਗੇ ਤਾਂ ਓਹ ਵੇਖਕੇ ਆਖਣਗੇ ਇਸ ਪਾਪੀ ਦੀ ਕੀ ਅਰਜ਼ ਕਰੀਏ ਇਸਨੇ ਸਾਰੀ ਉਮਰ ਏਵੇਂ ਹੀ ਗਵਾਇ ਛੱਡੀ ਹੈ ਪਰ ਇਸਨੇ ਇਕ ਸਿੱਖ ਦੇ ਨਾਲ ਚਾਰ ਘੜੀ ਪਰਮੇਸਰ ਦੀ ਉਸਤਤ ਕਰੀ ਹੈ ਉਸਕੀ ਇਵਜ਼ ਇਸਕੋ ਸਵਰਗ ਭੁਗਾਦੇਓ ਤਾਂ ਤੈਨੂੰ ਧਰਮ ਰਾਜ ਕਹੇਗਾ ਇਸ ਦਾ ਫਲ ਪਹਿਲਾਂ ਲੈਣਾਂ ਹੈ ਕਿ ਪਿੱਛੋਂ ਤਾਂ ਤੂੰ ਕਹੀਂ ਜੀ ਮੈਨੂੰ ਚਾਰ ਘੜੀਆਂ ਸੱਚਖੰਡ ਵਿਚ ਸੰਤਾਂ ਦਾ ਦਰਸਨ ਕਰਵਾ ਲਵੋ ਜਾਂ ਧਰਮਰਾਜ ਕਹੇਗਾ ਏਸਨੂੰ ਸੱਚਖੰਡ ਵਿਚ ਸੰਤਾਂ ਦਾ ਦਰਸ਼ਨ ਕਰਾ ਲਿਆਓ ਤਾਂ ਤੂੰ ਓਥੇ ਜਾਵੇਂਗਾ ਤੇ ਅੱਜ ਰਾਤ ਦੇ ਨਾਮ ਦਾ ਫਲ ਤੈਨੂੰ ਮਿਲੇਗਾ ਏਹ ਬਾਤ ਸਭ ਕਹਿਕਰ ਸਿੱਖ ਓਥੋਂ ਚਲਦਾ ਰਿਹਾ ਤੇ ਸ਼ਾਹੂਕਾਰ ਨੂੰ ਆਪਨੀ ਮ੍ਰਿਤੂ ਦਾ ਭਉ ਆਨ ਵਿਆਪਿਆ ਤਾਂ ਓਸ ਸ਼ਾਹੂਕਾਰ ਨੇ ਆਪਨੇ ਸਰਬੰਧੀਆਂ ਨੂੰ ਸੱਦਕੇ ਸਭ ਵਿਹਾਰ ਸੌਂਪ ਦਿੱਤਾ ਤੇ ਆਖਿਓਸ ਜੋ ਮੈਂ ਸੱਤਾਂ ਦਿਨਾਂ ਨੂੰ ਬਚਰ ਰਹਿਆ ਤਾਂ ਤੁਸੀ ਮੇਰੇ ਤੇ ਮੈਂ ਤੁਸਾਡਾ ਤੇ ਜੇਕਰ ਮੈਂ ਚਲ ਗਿਆ ਤਾਂ ਤੁਸੀ ਜਾਨੋ ਨਾ ਮੈਂ ਤੁਹਾਡਾ ਤੇ ਨਾ ਤੁਸੀ ਮੇਰੇ ਏਹ ਬਾਤ ਕਹਿਕਰ ਸ਼ਾਹੂਕਾਰ ਇਕੰਤ ਹੋ ਬੈਠਾ ਲੱਗਾ ਕੁਛ ਪਰਮੇਸ਼ਰ ਦਾ ਨਾਮ ਜਪਣੇ ਜਬ ਧਰਮ ਕਰਦੇ ਨੂੰ ਸੱਤਵਾਂ ਦਿਨ ਆਇ ਪਹੁਚਾ ਤਾਂ ਸੱਤਵੇਂ ਦਿਨ ਪਹਿਰ ਦਿਨ ਚੜ੍ਹੇ ਸ਼ਾਹੂਕਾਰ ਚਲਦਾ ਹੋਯਾ ਤੇ ਜਮਦੂਤ ਲੈਣ ਆਏ ਪਰ ਬਡਾ ਭੈਆਨਕ ਰੂਪ ਦਿਖਾਇ ਕਰ ਸ਼ਾਹੂਕਾਰ ਨੂੰ ਮਾਰਦੇ ਕੁੱਟਦੇ ਘਸੀਟਦੇ ਇਸੇ ਤਰਾਂ ਧਰਮ ਰਾਜ ਦੇ ਸਾਮ੍ਹਨੇ ਜਾਇ ਖੜਾ ਕੀਤਾ ਤੇ ਕਹਿਆ ਮਹਾਰਾਜਾਧਿਰਾਜ ਏਹ ਫਲਾਣਾਂ ਸ਼ਖਸ ਹਾਜ਼ਰ ਹੈ ਤਾਂ ਧਰਮਰਾਜ ਨੇ ਦੇਖਕਰ ਕਹਿਆ ਕਿ ਇਸਕੋ ਚਿੱਤ੍ਰਗੁਪਤਾਂ ਕੇ ਪਾਸ ਲੈ ਜਾਓ ਜਦ ਉਸ ਨੂੰ ਓਹ ਦੂਤ ਚਿੱਤ੍ਰਗੁਪਤਾਂ ਪਾਸ ਲੈ ਗਏ ਤੇ ਚਿੱਤ੍ਰਗੁਪਤਾਂ ਉਸਦਾ ਹਿਸਾਬ ਕੱਢਕੇ ਦੇਖਿਆ ਤੇ ਪੁੰਨ ਕੋਈ ਨਹੀਂ ਤੇ ਪਾਪ ਹੈਨ ਤਾਂ ਉਨਾਂ ਕਹਿਆ ਜੋ ਐਸੇ ਪਾਪੀ ਕਉ ਰਾਜਾ ਕੇ ਪਾਸ ਲੈ ਚਲੋ ਤਾਂ ਧਰਮਰਾਜ ਕੇ ਪਾਸ ਜਾਇਕਰ ਚਿੱਤ੍ਰਗੁਪਤਾਂ ਨੇ ਕਹਿਆ ਮਹਾਰਾਜ ਜੀ ਇਸ ਪਾਪੀ

CC-0. Gurukul Kangri University Haridwar Collection. Digitized by S3 Foundation USA

ਕਾ ਹਮ ਕਿਆ ਹਿਸਾਬ ਦੱਸੇਂ ਇਸਕੀ ਤੋ ਏਕ ਘੜੀ ਵਾ ਦੋ ਘੜੀਆਂ ਹਾਜ਼ਰੀ ਹੈ ਹੋਰ ਸਭ ਸ਼ੈਰ ਹਾਜ਼ਰੀ ਹੈ ਸੋ ਭੀ ਏਸ ਵਾਸਤੇ ਜੋ ਇਸਨੇ ਸ੍ਰੀਗੁਰੂ ਨਾਨਕ ਜੀ ਦੇ ਦਰਸ਼ਨ ਕੀਤੇ ਹੋਇ ਸਿੱਖ ਦਾ ਦਰਸ਼ਨ ਕੀਤਾ ਹੈ ਤੇ ਉਸਨੇ ਜੋਰ ਨਾਲ ਏਸ ਪਾਸੋਂ ਪਰਮੇਸ਼ਰ ਦਾ ਨਾਮ ਸੁਣਿਆ ਹੈ ਇਸ ਵਾਸਤੇ ਆਪ ਜੋ ਸਝਮ ਕੇ ਇਸ ਨੂੰ ਸੁਖ ਭੁਗਾਓ ਨਹੀਂ ਤਾਂ ਹੋਰਤਾਂ ਸਾਰੀ ਉਮਰਾ ਇਸਦੀਈਵੇਂ ਗਈਹੈ ਕੋਈ ਅੱਛਾ ਕਾਮ ਨਹੀਂ ਕੀਤਾ ਜੋ ਜਿਸਕਰਕੇ ਮਾਫ਼ੀ ਪਾਵੇ ਤਾਂ ਧਰਮ ਰਾਜਾ ਨੇ ਕਹਿਆ ਭਾਈ ਏਹ ਪਰਮੇਸ਼ਰ ਜੀਦੇ ਦਰਬਾਰ ਵਿੱਚ ਇੱਕ ਤਿਲ ਭਰ ਭੀ ਘਾਲ ਕੀਤੀ ਥਾਂਇ ਪਉਂਦੀਹੈ ਅਤੇ ਇਸਨੇ ਤਾਂ ਗੁਰੂ ਨਾਨਕਜੀਦੇ ਸਿੱਖਨਾਲ ਮਿਲਕਰ ਚਰਚਾ ਕੀਤੀ ਹੈ ਮੈਂ ਕਿਉਂ ਨਾ ਇਸਦਾ ਬਦਲਾ ਦੇਵਾਂ ਤਾਂ ਫੇਰ ਧਰਮ ਰਾਇ ਨੇ ਉਸਨੂੰ ਇੱਕ ਇੱਕ ਘੜੀ ਦੇਬਦਲੇਚਾਰਚਾਰਘੜੀਆਂ ਦਿੱਤੀਆਂ ਤਾਂਉਸਸ਼ਾਹਨੂੰਜਮਦੂਤਾਂਨੇ ਕਹਿਆ ਹੇ ਪਾਪੀ ਤੂੰ ਐਸਾ ਨਾਲਾਇਕਹੈਂ ਜੋ ਸਾਰੀ ਉਮਰ ਬਰਬਾਦੀ ਵਿੱਚ ਹੀ ਗਵਾਈ ਤੇ ਇਕਘੜੀ ਤੇਰੀ ਕਬੂਲ ਪਈ ਹੈ ਜੋਤੂੰਕਹੈਂਸੋ ਸੁਖ ਭੁਗਾਈਏ ਫੇਰਤਾਂਤੈਨੂੰ ਚਉਰਾਸੀ ਵਿੱਚ ਪਾਵਾਂਗੇ ਜਿਤਨਾ ਚਿਰ ਤੂੰ ਚਉਰਾਸੀ ਭੋਗੇਂਗਾ ਉਤਨਾ ਚਿਰ ਤੇਰੇ ਨਾਲ ਸਾਨੂੰਵੀ ਦੁਖ ਪਉਸੀ ਪਰਦੱਸਜੋਕਹੇਂ ਸੋ ਸੁਖ ਭੁਗਾਈਏ ਤਾਂਉਸ ਸ਼ਾਹ ਨੂੰ ਉਸ ਸਿੱਖ ਮਹਾਤਮਾਦੀ ਗੱਲ ਯਾਦ ਆਗਈ ਤਾਂਦਿਲ ਵਿੱਚ ਲਗਾ ਕਹਿਨ ਜੇ ਮੈਂ ਜਾਨਦਾ ਕਿ ਨਾਮਦਾ ੇਹ ਪ੍ਰਤਾਪਹੈ ਤਾਂਸਾਰੀ ਉਮਰਮੈਂਨਾਮਹੀ ਜਪਦਾ ਤੇ ਵੰਡ ਖਾਂਦਾ ਪਰ ਕੁਛ ਮੇਰੀ ਪੇਸ਼ਨਹੀਂ ਜਾਂਦੀ ਅਤੇ ਜੈਸੀ ਉਸਸਿੱਖਨੇਬਾਤਕੀਤੀ ਸੀ ਤੈਸੀ ਮੇਰੇ ਨਾਲ ਗੁਜ਼ਰੀ ਪਰ ਜੋ ਉਸਨੇ ਕਹਿਆ ਸੀ ਜੋ ਮਾਂਗੇਂ ਗਾ ਤਾਂ ਸਤਸੰਗ ਮੰਗੀਂ ਹੁਣ ਮੈਂ ਸੱਚਖੰਡ ਵਿਚ ਸਾਧਾਂ ਕਾ ਦਰਸ਼ਨ ਮੰਗਾਂ ਤਾਂ ਉਸ ਸ਼ਾਹਨੇ ਕਹਿਆ ਰਾਜਾਜੀ ਮੈਨੂੰ ਮੇਹਰਬਾਨੀ ਕਰਕੇ ਸੱਚ ਖੰਡ ਵਿੱਚ ਸੰਤਾਂ ਕਾਦਰਸ਼ਨਕਰਨਕਾ ਹੁਕਮ ਦੇਹੋ ਤਾਂਓਹ ਜਮਦੂਤ ਸ਼ਾਹੂਕਾਰਕੋ ਲੈਗਏ ਤੇ ਕਹਿਓਨੇ ਚਾਰਘੜੀਆਂ ਕੱਟਕੇ ਆਪੇ ਆਜਾਵੀਂ ਜਬਓਹ ਸ਼ਾਹੂਕਾਰ ਓਥੇ ਪਹੁੰਚਾ ਤੋ ਕਿਆ ਦੇਖੇ ਜੋ ਰਸਤੇ ਵਿੱਚ ਕੋਸ ਭਰ ਸੱਚਖੰਡ ਦੇ ਉਰੇ ਓਹ ਬੈਠ ਗਏ ਤੇ ਉਸਨੂੰ ਕਹਿੰਦੇ ਹੈਨ ਕਿ ਭਾਈ ਸਾਨੂੰ ਅੱਗੇ ਜਾਨਦਾ ਹੁਕਮ ਨਹੀਂ ਅਸੀਂ ਨਰਕਾਂ ਵਿੱਚ ਜੀਵ ਨੂੰ ਪਾ ਦੇਂਦੇਹਾਂ ਅਤੇ ਸਾਧਾਂ ਦੇ ਆਸਨ ਵਿਖੇ ਹਮ ਕੋ ਜਾਣੇ ਕਾ ਹੁਕਮ ਨਹੀਂ ਸੋ ਤੂੰ ਚਾਰ ਘੜੀ ਦਰਸ਼ਨ ਕਰਕੇ ਆਪੇ ਆ ਜਾਵੀਂ ਕਿਉਂ ਦੇਖ ਰਾਜਾਜੀ ਤੇਰੇ ਤਾਂਈਂ ਏਕ ਘੜੀ ਕੇ ਬਦਲੇ ਚਾਰ ਘੜੀਆਂ ਸੰਤਾਂਕਾ ਦਰਸ਼ਨ ਦਿੱਤਾ ਹੈ ਜੇ ਨਾਂ ਆਵੇਂਗਾ ਤਾਂ ਤੈਨੂੰਮਾਰਾਂਗੇ ਤੇ ਧਰਮਰਾਜ ਦੇ ਪਾਸਲੈ ਚਲਾਂਗੇ ਜੋਹੁਕਮ ਰਾਜਾਜੀ ਦੇਵੇਂਗੇ ਸੋ ਉਸ ਨਰਕਵਿਖੇ ਤੇਰੇ ਤਾਂਈਂ ਪਾਵਾਂਗੇ ਏਹਬਾਤਕਹਿਕੇ ਉਸਸ਼ਾਹੂਕਾਰਦੇ ਸਭਬੰਧਨਉਨ੍ਹਾਂ ਲਾਹਿਕਰ ਕਹਿਆ ਜਾਹਜਦ ਓਹਤੁਰਿਆ ਤੇ ਰਸਤੇਵਿੱਚ ਉਸਨੂੰਸੀਤਲਪੌਨਲਗਦੀਹੈ ਤੇ ਬਿਰਛ ਬੜੇ ਮੇਵਿਆਂਦੇ ਫਲੇ ਹੂਏ ਹੈਨ ਔਰ ਰਸਤਾ ਬੜਾਮੁਲੈਮਹੈਤਾਂਓਹਸ਼ਾਹੂਕਾਰ ਏਸੇਤਰਾਂ ਚਲਦਾ ਚਲਦਾ ਸਚਖੰਡ ਕੇ ਦਰਵਾਜੇਵਿੱਚ ਜਾਇ ਪਹੁੰਚਾ ਜਦਅੰਦਰ ਜਾਇਕੇ ਦੇਖੇਤਾਂ ਕਈ ਹਜ਼ਾਰ ਸੰਤ ਬੈਠੇ ਹੈਂਤੇ

CC-0. Gurukul Kangri University

OF INTERNET // ABHINAV GAUR //

ਕੀਰਤਨ ਹੋ ਰਿਹਾ ਹੈ ਉਸ ਸ਼ਾਹੂਕਾਰਨੇ ਜਾਇਕਰਮੱਥਾਟੇਕਿਆ ਤਾਂ ਸੰਤਾਂਨੇਉਸਨੂੰਅੰਦਰ ਸੱਦ ਲਿਆ ਅੰਦਰ ਜਾਇਕਰ ਦੇਖੇ ਤਾਂ ਇਕ ਸੰਘਾਸਣ ਬੜਾ ਸੁੰਦਰ ਬਣਿਆਹੂ ਆਹੈ ਜਾਂ ਅੱਗੇ ਦੇਖਿਆ ਤਾਂ ਓਹ ਸਿੱਖਵੀ ਬੈਠਾਹੈ ਉਸਨੇਦੇਖਿਆ ਜੋਸ਼ਾਹੂਕਾਰ ਆਯਾ ਹੈ ਤਾਂ ਸਿੱਖਨੇ ਕਹਿਆਸ਼ਾਹਜੀ ਆਏ ਹੋ ਆਗੇ ਤੇਸ਼ਾਹਨੇ ਕਹਿਆ ਮਹਾਰਾਜਜੀ ਤੇਰੀ ਕ੍ਰਿਪਾ ਸੇ ਮੈਂ ਏਥੇ ਆਯਾਹਾਂ ਨਹੀਂ ਤਾਂ ਮੈਨੂੰ ਏਥੇ ਕਿਸਆਉਨਦੇਣਾਸੀ ਮੈਂ ਪਾਪੀਆਂਦਾ ਪਾਪੀ ਤੇਰੇ ਦਰਸ਼ਨ ਦੇ ਪ੍ਰਤਾਪ ਕਰਕੇ ਸਾਧੂਆਂਦਾ ਦਰਸ਼ਨ ਤੇ ਪਰਮੇਸ਼ਰਦਾਨਾਮ ਪ੍ਰਾਪਤਹੋਯਾਹੈ ਤਾਂ ਉਸਗੁਰੂ ਕੇ ਸਿੱਖ ਆਖਿਆ ਸ਼ਾਹ ਜੀ ਹੁਨ ਤੂੰ ਇੱਥੇ ਏਠ ਜਾਹ ਤਾਂ ਸ਼ਾਹ ਬੈਠਗਿਆ ਜਾਂ ਇਕ ਘੜੀ ਗੁਜ਼ਰਗਈ ਤਾਂ ਸ਼ਾਹਨੂੰ ਮਾਰਦਾ ਭਉ ਬਿਆਪਿਆ ਤਾਂ ਜੀ ਵਿੱਚ ਵਿਚਾਰਿਆਸੁ ਜੁ ਮੈਂ ਆਪੇ ਹੀ ਚੱਲਾਂ ਨਹੀਂ ਤਾਂ ਮਾਰਨਗੇ ਤੇ ਲੈਜਾਣਗੇ ਏਹ ਬਿਣਤੀਆਂ ਕਰਦਾਕਰਦਾ ਉਠਕੇ ਤੁਰ ਪਿਆਤਾਂ ਉਸ ਗੁਰੂਦੇ ਸਿੱਖ ਨੇ ਪੁੱਛਿਆ ਸ਼ਾਹਜੀ ਹੁਣ ਤੂੰ ਕਿੱਥੇ ਜਾਂਦਾ ਹੈਂ ਤਾਂ ਉਸ ਸ਼ਾਹਨੇ ਆਖਿਆ ਹੇ ਸੰਤ ਜੀ ਜਿਉਂ ਜਿਉਂ ਤੁਸਾਂ ਬਾਰਤਾ ਕਹੀਸੀ ਸੋ ਓਸੇਤਰਾਂ ਹੋਈ ਤੇ ਦੇਖੀ ਹੈ ਪਰ ਜੇ ਮੈਂ ਜਾਨਦਾ ਜੋ ਪਰਮੇਸ਼ਰ ਦੇਨਾਮਦਾਂ ਏਹ ਮਹਾਤਮ ਹੈ ਤਾਂ ਮੈਂ ਸਾਰੀ ਉਮਰਨਾਮ ਦਾਨ ਕਰਦਾ ਪਰ ਹੇ ਸੰਤਜੀਹੁਣ ਮੇਰਾਓਹਨਾਂ ਜਮਦੂਤਾਂ ਨਾਲ ਚਾਰਘੜੀਆਂਦਾਤਕਰਾਰ ਸੀ ਸੋ ਬੀਤ ਗਈਆਂ ਹੈਂਤੇ ਹੁਣਮੈਂਆਪਹੀ ਓਨਾਂਤਾਈਂ ਜਾਇਮਿਲਾਂ ਨਹੀਂ ਤਾਂ ਮਤ ਚਿਰ ਲਗਜਾਵੇ ਕਿਉਂ ਜੋ ਅੱਗੇ ਜਦ ਮੈਨੂੰ ਜਮਪੁਰੀ ਲੈਗਏ ਸਾਨ ਤਾਂਬੜੀ ਮਾਰ ਕੀਤੀ ਸਾਨੇ ਸੋ ਮੈਨੂੰ ਉਨ੍ਹਾਂਥੀਂ ਬੜਾਭਉ ਆਉਂਦਾਹੈਏਸਵਾਸਤੇਮੈਂ ਚਲਿਆਹਾਂ ਤਾਂ ਉਸ ਸਿੱਖਨੇ ਕਹਿਆ ਸ਼ਾਹਜੀ ਅਜੇ ਤੈਨੂੰ ਪ੍ਰਤੀਤ ਨਹੀਂ ਆਉਂਦੀ ਜੋ ਦੇਖਉਨਾਂਜਮਦੂਤਾਂਤੈਨੂੰ ਓਥੇਹੀ ਛੱਡਦਿੱਤਾ ਹੈ ਤੇ ਸਭ ਬੰਧਨ ਤੇਰੇ ਲਾਹਿਦਿੱਤੇ ਹੈਂ ਤੇ ਏਥੋਂ ਤੈਨੂੰ ਕੋਈ ਨਹੀਂ ਲੈ ਜਾਂਦਾ ਜਮਦੂਤ ਛੱਡਕੇ ਇਥੋਂ ਤੇਰੇਤਾਈਂਧਰਮਰਾਜ ਵੀ ਨਹੀਂ ਮੰਗਵਾਸਕਦਾ ਤੇਨਾਂਇਥੋਂ ਤੀਕਰ ਕਿਸੇਨੂੰ ਹੁਕਮ ਹੈ ਜੋ ਆਵੇ ਅਤੇ ਸ਼ਾਹ ਜੀ ਹੁਨ ਇਥੇ ਤੈਨੂੰਆਏਨੂੰ ਬਹੁਤ ਦੇਰ ਹੋਗਈ ਹੈ ਓਹ ਜਮਦੂਤ ਓਥੋਂ ਚਲੇਗਏ ਅਤੇ ਓਨਾਂਦੀ ਸ਼ਕਤ ਨਹੀਂ ਕਿ ਇਥੇ ਆਇ ਸਕਨ ਅਬ ਤੇਰਾ ਜਨਮ ਮਰਨ ਕੱਟਿਆ ਗਿਆ ਹੈ ਹੁਣਤੂੰਬੈਠਕਰ ਸ੍ਰੀਵਾਹਿਗੁਰੂ ਮੰਤਰਦਾ ਜਾਪਕਰ ਤੂੰ ਡਰ ਮਤ ਸੰਤਾਂਦੀ ਸੇਵਾ ਕਰ ਸ੍ਰੀਗੁਰੂ ਜੀਕਾ ਬਚਨ ਹੈ ਜੋਕੋਈਇਕਮਨ ਹੋਇਕੇ ਪਰਮੇਸ਼ਰਦਾ ਜਾਪ ਕਰੇਗਾ ਯਾ ਸੁਣੇਗਾ ਯਾ ਸੁਣਾਵੇਗਾ ਉਸ ਉਪਰ ਜਮਦੂਤਾਂ ਔਰ ਧਰਮ ਰਾਜ ਕਾ ਬਲ ਨਾ ਪਵੇਗਾ ਤੇ ਪਾਪ ਪੁੰਨ ਸਭ ਤਿਸਕੋ ਕਬੀ ਨਹੀਂ ਲਗੇਗਾ॥ਇਸ ਪਰ ਗੁਰੂਜੀ ਇਕ ਸ਼ਲੋਕ ਕਹਿਆ ਹੈ॥ਜਹ ਸਾਧੂ ਗੋਬਿੰਦ ਭਜਨ ਕੀਰਤਨ ਨਾਨਕ ਨੀਤ॥ ਨਾਹਉਣਾਤੂੰ ਨਹਛੁਟੈ ਨਿਕਟ ਨ ਜਾਈਅਹੁ ਦੂਤ॥੧॥ ਹੇ ਸ਼ਾਹਜੀ ਧਰਮਰਾਜ ਕੋ ਹੁਕਮਹੈ ਹੇ ਧਰਮਰਾਜ ਜਿਥੇ ਸੰਤ ਸੰਗ ਹੋਇ ਔਰ ਗੋਬਿੰਦਕਾਭਜਨ ਹੈ ਅਥਵਾਕੀਰਤਨ ਹੋਤਾ ਹੋਵੇ ਉਸ ਅਸਥਾਨਪਰ ਤੂੰਜਮਦੂਤਾਂ ਕੋ ਨਹੀਂ ਭੇਜਨਾ ਜੇਕਰ ਕੋਈ ਜਾਵੇਗਾ ਤੇ ਤੂੰ ਭੀ ਤੇ ਮੈਂ ਭੀ ਨਾਲੈਆਵਾਂਗੇਹੋਰ

CC-0. Gurukul Kangri University Haridwar Collection. Digitized by S3 Foundation USA

ਬਚਨਹੈ ਜੋ ਕੋਈ ਜੀਵਕਹੇ ਜੋ ਪਰਮੇਸ਼ਰਦੇ ਪਿਆਰਿਆਂ ਨੂੰ ਜੀ ਆਯਾਂ ਨੂੰ ਕਹੇ ਆਈਏ ਜੀ ਬੈਠੀਏ ਜੀ ਅਥਵਾ ਜੀ ਆਉਂਦਿਆਂ ਨੂੰ ਇਤਨਾ ਮਾਤਰ ਵੀ ਆਖਨਦਾ ਏਹਮਹਾਤਮਹੈ ਕਿ ਭਾਵੇਂ ਓਹ ਕੈਸਾਹੀ ਪਾਪੀ ਹੋਵੇ ਉਸਦੇ ਸੰਪੂਰਨ ਅਪਰਾਧ ਪਰਮੇਸ਼ਰ ਮਾਫ਼ ਕਰਦੇਂਦਾ ਹੈ ਅਰ ਜਮਉਹਨੂੰ ਦਰਸ਼ਨ ਨਾਦੇਵੇਗਾ ਨਾਮ ਜਪਨੇਦਾ ਏਹਮਹਾਤਮਹੈ ਉਸਕੇ ਜਨਮ ਮਰਨ ਕੇ ਸੰਕਟ ਸਭ ਕੱਟੇ ਜਾਂਦੇ ਹੈਨ ਪਰਮੇਸ਼ਰ ਕੇ ਪਰਮ ਧਾਮ ਕੋ ਪ੍ਰਾਪਤ ਹੋਵੇਗਾ ॥ ੭੩ ॥

ਆਗੇ ਸਾਖੀ ਇੱਕ ਚੋਰ ਦੇ ਪ੍ਰਥਾਇ ਹੋਈ

ਇਕ ਚੋਰ ਸੀ ਪਰ ਉਸ ਚੋਰ ਦਾ ਇਹ ਕੰਮ ਸੀ ਜੋ ਚੋਰੀ ਕਰਕੇ ਗੁਜ਼ਾਰਾ ਕਰਦਾ ਸੀ ਜਾਂ ਕਿਤਨੀਕ ਮੁੱਦਤਗੁਜਰੀ ਤਾਂ ਓਹ ਚੋਰ ਹੁਕਮ ਸੱਤ ਹੋਇਗਿਆ ਤਾਂਪਿਛੇ ਉਸਦਾਪੁੱਤ੍ਰਰਹਿ ਗਿਆ ਪਰ ਸੱਤ ਬਰਸਾਂ ਦਾ ਸੀ ਇਕ ਦਿਨ ਉਸਲੜਕੇ ਨੇ ਅਪਨੀ ਮਾਤਾਨੂੰ ਪੁੱਛਿਆ ਕਿ ਮਾਤਾ ਜੀ ਮੇਰਾ ਪਿਤਾ ਕੀ ਰੁਜ਼ਗਾਰ ਕਰਦਾ ਸੀ ਸੋ ਕਹੁਤਾਂ ਉਸਦੀ ਮਾਤਾ ਸਿਆਣੀ ਸੀ ਉਸ ਨੇ ਦੇਖਿਆ ਕਿ ਅਜੇ ਏਹ ਇਵਾਣਾ ਹੈ ਤੇ ਚੋਰੀ ਦਾ ਮਾਮਲਾ ਬੜਾ ਸਖਤ ਹੈ ਜੇ ਕਿਤੇ ਪਕੜਿਆ ਗਿਆ ਤੇ ਮਾਰ ਪਈ ਤਾਂ ਏਹ ਦੱਸ ਦੇਵੇਗਾ ਤੇ ਨਾਲ ਮੈਂ ਭੀ ਖ਼ਰਾਬ ਹੋਵਾਂਗੀ ਅਜੇ ਏਹ ਵੱਡਾ ਹੋ ਲਵੇ ਏਹ ਵਿਚਾਰ ਕੇ ਕਹਿਣ ਲਗੀ ਪੁੱਤ੍ਰ ਅਜੇ ਤੇਰੇ ਪਿਤਾ ਦਾ ਖੱਟਿਆ ਹੋਇਆ ਬਹੁਤ ਹੈ ਖਾਉ ਪੀਉ ਜਦ ਤੂੰ ਸਿਆਣਾ ਹੋਵੇਂਗਾ ਤਾਂ ਤੈਨੂੰ ਦੱਸਾਂਗੀ ਫੇਰ ਤੂੰ ਓਹ ਰੁਜ਼ਗਾਰ ਕਰੀਂ ਤਾਂ ਓਹ ਲੜਕਾ ਚੁਪ ਕਰਰਿਹਾ ਅਰ ਲਗਾ ਓਹ ਲੜਕਾਖੇਡਨ ਜਦ ਕੋਈ ਮੁੱਦਤ ਗੁਜ਼ਰ ਗਈ ਇਤਨੇ ਚਿਰਵਿੱਚ ਓਹ ਲੜਕਾ ਹੁਸ਼ਿਆਰ ਹੋਇਗਿਆ ਤੇ ਇਕ ਦਿਨ ਮਾਤਾ ਨੂੰ ਕਹਿਨ ਲਗਾ ਕਿ ਮਾਤਾ ਜੀ ਜੋ ਮਰਦ ਭਗਵਾਨ ਨੇ ਪੈਦਾ ਕੀਆਹੈ ਸੋ ਰੁਜ਼ਗਾਰ ਵਾਸਤੇ ਪੈਦਾ ਕੀਤਾ ਹੈ ਬਿਨਾਂ ਰੁਜ਼ਗਾਰ ਇਨਸਾਨ ਨਹੀਂ ਚਾਹੀਦਾ ਸੋ ਤੂੰ ਮੈਨੂੰ ਦੱਸ ਜੋ ਮੇਰਾ ਪਿਤਾ ਕੀ ਰੁਜ਼ਗਾਰ ਕਰਦਾ ਸੀ ਸੋ ਕਹੁ ਤਾਂ ਉਸਦੀ ਮਾਤਾ ਨੇ ਦਿਲ ਵਿਚ ਸਮਝਿਆ ਕਿ ਹੁਣ ਏਹ ਉਮਰ ਕਰਕੇ ਭੀ ਬੜਾ ਹੈ ਤੇ ਹੁਣ ਗੱਲਾਂ ਭੀ ਸਿਆਣਪ ਦੀਆਂ ਕਰਦਾ ਹੈ ਤੇ ਹੁਣ ਮੈਂ ਇਸਨੂੰ ਦੱਸ ਦੇਵਾਂ ਤਾਂ ਉਸਦੀ ਮਾਂ ਨੇ ਆਖਿਆ ਪੁੱਤ੍ਰ ਤੂੰ ਮੈਨੂੰ ਧਰਮਦੇ ਦੋਇ ਬਚਨ ਦੇਹ ਤਾਂ ਮੈਂ ਤੈਨੂੰ ਸਭ ਦੱਸ ਦੇਵਾਂਗੀ ਤਾਂ ਉਸ ਲੜਕੇ ਕਹਿਆ ਮਾਤਾਜੀ ਓਹ ਬਚਨ ਕੇਹੜੇ ਹੈਨ ਜੋ ਮੈਂ ਦੇਵਾਂ ਤਾਂ ਮਾਂ ਨੇ ਕਹਿਆ ਹੇ ਪੁੱਤ੍ਰ ਇੱਕ ਤਾਂ ਬਚਨ ਏਹ ਹੈ ਜੋ ਤੂੰ ਕਿਸੇ ਨੂੰ ਅਪਣਾ ਰੁਜ਼ਗਾਰ ਨਹੀਂ ਦੱਸਨਾ ਭਾਵੇਂ ਤੈਨੂੰ ਕੋਈ ਮਾਰਸੁੱਟੇ ਅਤੇ ਦੂਜਾ ਏਹ ਹੈ ਭਾਵੇਂ ਤੈਨੂੰ ਕੋਈ ਤੇਰੇਨਾਲ ਕੈਸਾ ਮਿਤ੍ਰਾਨਾ ਕਰੇ ਧਰਮਸਾਲਾ ਨਹੀਂ ਜਾਣਾਂ ਤੇ ਨਾਹੀਂ ਕੋਈ ਓਥੋਂ ਦਾ ਸ਼ਬਦ ਹੀ ਕੰਨੀ ਸੁਣਨਾ ਸਾਡੇ ਪਛ-ਵਾੜੇ ਹੈ ਓਥੋਂ ਦੀ ਕਦੀ ਲੰਘਣਾ ਵੀ ਨਹੀਂ ਤਾਂ ਉਸਲੜਕੇ ਨੇ ਮੰਨ ਲਏ ਤਾਂ ਬਚਨ ਦੇ ਦਿੱਤਾ ਤਾਂ ਮਾਤਾ ਨੇ ਕਹਿਆ ਹੇ ਪੁੱਤ੍ਰ ਪਿਤਾ ਤੇਰਾ ਚੋਰੀ ਕਰਦਾ ਸੀ ਪਰ ਤੂੰ ਭੀ ਚੋਰੀ ਕਰਨੀ ਹੋਵੇਗੀ ਪਰ ਏਹ ਕੰਮ ਕਰੀਂ ਜੇ ਪੁਤ੍ਰ ਤੂੰ ਪਕੜਿਆ ਜਾਵੇਂ ਤਾਂ ਤੈਨੂੰ ਭਾਵੇਂ ਕੁਛ ਕਹਿਨ ਪਰ ਤੂੰ ਰੁਜ਼ਗਾਰ ਚੋਰੀ ਦਾ ਨਹੀਂ ਦੱਸਨਾ ਭਾਵੇਂ ਸਿਰੋਂ ਵੀ ਤੈਨੂੰ ਮਾਰ ਦੇਨ ਪਰ ਦੱਸੀਂ ਨਾਂ ਉਸਨੇ ਕਹਿਆ ਭਲਾ ਮਾਤਾ

CC-0. Gurukul Kangri University Haridwar Collection. Digitized by S3 Foundation USA

OF INTERNET
TH
ABHINAV GAUR

ਜੀ ਤਾਂ ਫੇਰ ਓਹ ਬਾਲਕ ਲਗਾ ਚੋਰੀ ਕਰਨ ਇੱਕਦਿਨ ਦੀ ਬਾਤ ਹੈ ਉਸਨੂੰ ਸ੍ਰੀ ਗੁਰੂ ਜੀ ਕਾ ਦਰਸ਼ਨ ਹੋਇਗਿਆ ਉਸਦਾ ਭਲਾ ਜੋ ਹੋਣਾ ਸੀ ਇਕ ਦਿਨ ਓਹ ਚੋਰ ਜੋ ਨਿਕਲਿਆ ਤਾਂ ਰਾਜੇ ਦੇ ਭੰਡਾਰ ਨੂੰ ਜਾ ਭੰਨਿ ਓਸ ਜਾਂ ਸਵੇਰ ਹੋਈ ਤਾਂ ਖ਼ਬਰ ਹੋਈ ਕੁਛ ਪਤਾ ਨਾ ਲੱਗੇ ਤਾਂ ਰਾਜੇ ਨੇ ਇਕ ਫੱਫੇ ਕੁਟਣੀ ਨੂੰ ਕਹਿਆ ਕਿ ਚੋਰੀ ਸਹੀ ਕਰ ਤਾਂ ਓਸਨੇ ਕਹਿਆ ਜੀ ਬਹੁਤ ਹੱਛਾ ਕੁਟਨੀ ਲਗੀ ਸ਼ਹਿਰ ਦੀ ਗਲੀ ਗਲੀ ਫਿਰਨ ਉਧਰ ਚੋਰ ਦੀ ਮਾਂ ਨੇ ਕਹਿਆ ਪੁੱਤ੍ਰ ਕੁਛ ਅੰਨ ਚਾਹੀਂਦਾ ਹੈ ਉਸਨੇ ਕਹਿਆ ਮਾਤਾ ਜੀ ਭਲੀ ਬਾਤ ਤਾਂ ਓਹ ਚੋਰ ਕਣਕਦੀ ਪੰਡ ਸਿਰ ਉੱਪਰ ਚੱਕਕੇ ਲਈ ਆਉਂਦਾ ਸੀ ਤੇ ਘਰਦੇ ਨਜੀਕ ਆਇਗਿਆ ਤਾਂ ਅਗੇ ਸੰਤਰੀ ਆਯਾ ਤਾਂ ਚੋਰਨੇ ਦੇਖਿਆ ਕਿ ਸੰਤਰੀ ਆਉਂਦਾ ਹੈ ਪਰ ਲਾਚਾਰੀ ਓਹ ਪਿੱਛੇ ਹਟਿਆ ਤਾਂ ਓਥੇ ਧਰਮ ਸਾਲਾ ਹੈ ਗੀ ਸੀ ਤੇ ਉਸ ਚੋਰਨੇ ਕੰਨਾਂ ਵਿਚ ਉਂਗਲੀਆਂ ਦੇ ਲਈਆਂ ਜੋ ਦਿਲ ਵਿਚ ਵਿਚਾਰ ਕੀਤਾ ਏਥੋਂ ਦੀ ਕੋਈ ਗੱਲ ਮੇਰੇ ਕੰਨਾਂ ਵਿਚ ਨ ਪੈਜਾਵੇ ਏਹ ਸੋਚਕੇ ਅੰਦਰ ਆਇ ਵੜਿਆ ਅਤੇ ਕੰਡਾ ਪੈਰ ਵਿਚ ਲਗਾ ਤੇ ਸੱਜੇ ਹੱਥ ਨਾਲ ਚੋਰ ਪੁੱਟਣ ਲੱਗਾ ਤੇ ਧਰਮ ਸਾਲਾ ਵਿੱਚ ਸਿੱਖਾਂ ਨੂੰ ਸ਼ਬਦ ਕਾ ਵਿਚਾਰ ਕਰਕੇ ਸੁਣਾ ਰਹੇ ਸਾਨ ਜੋ ਸ੍ਰੀ ਪ੍ਰਮੇਸ਼ਰ ਦੇ ਭਜਨ ਵਾਲੇ ਹੈਨ ਸੋ ਦੇਵਤੇ ਹੈਨ ਤੇ ਦੇ ਉਤਿ ਆਂਦਾ ਪਰਛਾਂਵਾਂ ਨਹੀਂ ਹੁੰਦਾ ਤੇ ਦੇ ਉਤਿ ਆਂਦੀ ਆਂ ਪਲਕਾਂ ਲਗਦੀਆਂ ਨਹੀਂ ਅਤੇ ਤਿਨਕਾ ਪਰਛਾਵਾਂ ਭੀ ਨਹੀਂ ਹੁੰਦਾ ਏਹ ਅਵਾਜ਼ ਚੋਰਦੇ ਕੰਨੀਂ ਪੈ ਗਈ ਤਾਂ ਚੋਰਨੇ ਕਹਿਆ ਭਾਈ ਏਹ ਅਵਾਜ਼ ਮੈਂ ਜਾਣਕੇ ਨਹੀਂ ਸੁਣੀ ਇਤਨੇ ਚਿਰ ਨੂੰ ਚੌਂਕੀਦਾਰ ਨਜ਼ੀਕ ਆਇ ਗਿਆ ਤਾਂ ਚੋਰ ਆਪਣੇ ਘਰ ਨੂੰ ਨੱਸਕੇ ਜਾਇ ਵੜਿਆ ਤੇ ਅਨਾਜ ਮਾਂ ਨੂੰ ਜਾਇ ਦਿੱਤਾ ਇਸੀ ਤਰਾਂ ਸਭ ਪਦਾਰਥ ਚੋਰ ਅਪਨੀ ਮਾਂ ਨੂੰ ਲਿਆ ਦਿਆ ਕਰੇ ਤੇ ਆਪਨੇ ਘਰ ਵਿਚ ਐਸ਼ ਬਹਾਰ ਕਰਨ ਜਾਂ ਕਿਤਨੇਕ ਦਿਨ ਬੀਤੇ ਤੇ ਕੁਟਣੀ ਦੇਖਿਆ ਮੈਂ ਸਾਰਾ ਸ਼ਹਿਰ ਫਿਰ ਕਰ ਦੇਖਿਆ ਹੈ ਸਭ ਲੋਕ ਆਪੋ ਆਪਣਾ ਰੁਜ਼ਗਾਰ ਕਰਦੇ ਹੈਨ ਪਰ ਓਹ ਦੋਵੇਂ ਮਾਂ ਪੁਤ੍ਰ ਬੈਠੇ ਹੀ ਖਾਂਦੇ ਹੈਨ ਤਾਂ ਉਸ ਕੁਟਣੀ ਮਨ ਵਿਚ ਵਿਚਾਰ ਕੀਤੀ ਕੇ ਭ੍ਰੀਮਤ ਹੋਇਕੇ ਕੱਤੇ ਨਹੀਂ ਤੇ ਮਰਦ ਹੋਕਰ ਕੋਈ ਰੁਜ਼ਗਾਰ ਨਾ ਕਰੇ ਤਾਂ ਉਨਾਂ ਦਾ ਗੁਜ਼ਾਰਾ ਕਿਸਤਰਾਂ ਚਲਦਾ ਹੈ ਜਾਣੇ ਪਰਮੇਸ਼ਰ ਜੋ ਚੋਰ ਤਾਂ ਏਹੋ ਹੀ ਹੋਸੀ ਪਰ ਉਸ ਕੁਟਣੀ ਨੇ ਪੱਕਾ ਪੱਕਾ ਆਪਣਾ ਮਨ ਜਮਾ ਲਿਆ ਕਿ ਬਗ਼ੈਰ ਇਸਦੇ ਚੋਰ ਹੋਰ ਕੋਈ ਨਾਹੀਂ ਤੇ ਨ ਕਦੀ ਉਸਨੂੰ ਸੌਂਦਾ ਲੈਂਦਾ ਦੇਖੇ ਫੇਰ ਕੁਟਨੀ ਨੇ ਕਿਤਨੇਕ ਦਿਨ ਉਸ ਮਹੱਲੇ ਵਿੱਚ ਭਿੱਖਿਆ ਮੰਗਣੀ ਸ਼ੁਰੂ ਕੀਤੀ ਪਰ ਜਦ ਕੁਛ ਭਿੱਛਿਆ ਪਵੇ ਉਸੇ ਦੇ ਘਰੋਂ ਪਵੇ ਕੁਟਣੀ ਮਨ ਵਿਚ ਵਿਚਾਰਿਆ ਕਿ ਹੁਨ ਮੈਂ ਇਸਨੂੰ ਕੁਛ ਆਖਿਆ ਤਾਂ ਚੋਰ ਕਿਤੇ ਨੱਸ ਜਾਏ ਤਾਂ ਫੇਰ ਕੀ ਕਰਾਂਗੀ ਉਸ ਕੁਟਨੀ ਨੈ ਰਾਜੇ ਨੂੰ ਜਾਇ ਖ਼ਬਰ ਦਿੱਤੀ ਕਿ ਹੇ ਰਾਜਾ ਜੀ ਮੈਂ ਤੇਰਾ ਚੋਰ ਦੇਖ ਲਿਆ ਹੈ ਪਰ ਮੈਨੂੰ ਆਪਣੇ ਸਿਪਾਹੀ ਦੇ ਤਾਂ ਮੈਂ ਚੋਰ ਪਕੜਾ ਦੇਨੀ ਹਾਂ ਤਾਂ ਉਸ ਰਾਜਾ ਨੇ ਉਸ ਕੁਟਣੀ ਦੇ ਨਾਲ ਆਪਣੇ ਪਿਆਦੇ ਦੇ ਦਿੱਤੇ ਕਹਿਆ ਭਾਈ ਜਿਸਨੂੰ ਏਹ ਕੁਟਣੀ ਕਹੇ ਉਸਨੂੰ ਮੇਰੇ ਪਾਸ ਲੈ ਆਵਣਾਂ ਤਾਂ ਪਿਆਦੇ

CC-0. Gurukul Kangri University Haridwar Collection. Digitized by S3 Foundation USA

ਉਸਦੇ ਨਾਲ ਗਏ ਤਾਂ ਕੁਟਣੀ ਉਸ ਚੋਰ ਨੂੰ ਜਾਇ ਕਰ ਪਕੜਾਇ ਲਿਆਈ ਅਤੇ ਰਾਜੇ ਦੇ ਸਾਮ੍ਹਨੇ ਹਾਜ਼ਰ ਕੀਤਾ ਅਤੇ ਰਾਜੇ ਪੁੱਛਿਆ ਕਿ ਤੂੰ ਚੋਰੀ ਕੀਤੀ ਹੈ ਪਰ ਉਸ ਚੋਰ ਨੇ ਆਪਨੇ ਮਨਮੇਂ ਕਹਿਆ ਕਿ ਭਾਂਵੇਂ ਮੈਨੂੰ ਕੁਝ ਕਰਨ ਮੈਂ ਤਾਂ ਨਹੀਂ ਜ਼ਬਾਨੋਂ ਕਹਿਣਾ ਕਿਮੈਂ ਚੋਰੀ ਕੀਤੀਹੈ ਤਾਂ ਰਾਜੇਨੇ ਹੁਕਮ ਦਿੱਤਾ ਇਸਨੂੰ ਮਾਰੋ ਤਾਂ ਉਸਚੋਰਨੂੰਲੱਗੇਮਾਰਨ ਕਿਤਨੇਕ ਦਿਨਉਸਨੂੰ ਮਾਰਪਈ ਪਰ ਉਸ ਨਾਂ ਕਹਿਆ ਕਿ ਮੈਂ ਚੋਰੀ ਕੀਤੀ ਹੈ ਰਾਜੇ ਦੇ ਮਨ ਵਿਚ ਵਿਚਾਰ ਆਈ ਭਾਈ ਮੈਂ ਇਸਨੂੰ ਐਵੇਂਹੀ ਮਾਰ ਕਰਾਉਂਦਾ ਰਹਿਆ ਹਾਂ ਤੇ ਜੇਇਸਨੇ ਚੋਰੀ ਕੀਤੀ ਹੁੰਦੀ ਤਾਂ ਏਹ ਦੱਸਦੇਂਦਾ ਤੇ ਨਾਲੇ ਏਹ ਅਜੇ ਬਾਲਕਹੈ ਤੇਇਸਨੂੰ ਅਜੇਹੀ ਮਾਰਪਈ ਜੋ ਦੇਖਨ ਵਾਲਿਆਂ ਦਾ ਦਿਲ ਕੰਬ ਗਿਆ ਹੈ ਇਸ ਬਾਲਕ ਨਹੀਂ ਕਹਿਆ ਜੋ ਮੈਂ ਕੁਛ ਚੁੱਕਿਆ ਹੈ ਇਸ ਬਾਤ ਨੂੰ ਰਾਜੇ ਵਿਚਾਰਿਆ ਕਿ ਮੈਂ ਜੋ ਹਾਂ ਤੇ ਰਾਜਾ ਹਾਂ ਏਹ ਬਾਲਕ ਚਾ ਹੋਵੇ ਤੇ ਚੋਰ ਨ ਹੋਵੇ ਜਿਤਨਾ ਮੈਂ ਇਸਨੂੰ ਮਾਰਿਆ ਹੈ ਉਸਦਾ ਜਵਾਬ ਮੈਂ ਪਰਮੇਸ਼ਰ ਅੱਗੇ ਕੀ ਦੇਵਾਂਗਾ ਤਾਂ ਰਾਜੇ ਫਫੇਕੁਟਣੀ ਨੂੰ ਸਦਵਾਇ ਕੇ ਆਖਿਆ ਕੁਟਣੀ ਏਹ ਨਾਹੀਂ ਮੈਂ ਜਾਨਦਾਹਾਂ ਤਾਂ ਕੁਟਣੀ ਆਖਿਆ ਸੁਣੋ ਰਾਜਾਜੀ ਜੇਕਰ ਇਹ ਚੋਰ ਆਪਨੇ ਮੂੰਹੋਂ ਆਖੇ ਤਾਂ ਸੱਚ ਮੰਨੋਗੇ ਤਾਂ ਰਾਜੇ ਕਹਿਆ ਜੇ ਚੋਰ ਆਪਨੇ ਮੂੰਹੋਂ ਕਹੇ ਤਾਂ ਅਸੀ ਜਾਣਾਂਗੇ ਤਾਂ ਫਫੇ ਕੁਟਣੀ ਕਹਿਆ ਸੁਨੋ ਰਾਜਾਜੀ ਕਲ ਤੁਸੀਂ ਜਿਸਵਕਤ ਉਸਨੂੰ ਮਾਰਨ ਵਾਸਤੇ ਕੱਢੋਗੇ ਤਾਂ ਹੁਕਮ ਏਹ ਦੇਣਾ ਜੋ ਰੋਜ ਮਾਰਨ ਨਾਲੋਂ ਇਸਨੂੰ ਫਾਸੀ ਦੇਦੇਓ ਪਰ ਹੋਰ ਜੀ ਸੁਣਨ ਤੇ ਚੋਰਨੂੰ ਵੀ ਮਾਲੂਮਹੋਜਾਵੇ ਕਿ ਮੈਨੂੰ ਹੁਣ ਮਾਰਦੇਣਗੇ ਫੇਰਜਬ ਉਸਨੂੰ ਬੰਦੀਖਾਨੇ ਵਿਚ ਪਾਉਨਾਂਤਾਂਦਰਵਾਨਾਂਨੂੰ ਏਹਹੁਕਮ ਦੇਨਾ ਕਿ ਨਾ ਜਿੰਦਰਾ ਤੇ ਨਾ ਕੁੰਡੀਮਾਰਨ ਬੂਹਾ ਭੀੜ ਦੇਣਾ ਤੇ ਜਦੋਂ ਮੈਂ ਆਵਾਂ ਕੋਈਬੋਲੇ ਨਾ ਤੇ ਜੋ ਮੈਂ ਉਸਨਾਲ ਗਲਾਂ ਕਰਾਂ ਅਥਵਾ ਓਹਕਰੇ ਲਿਖੀ ਜਾਣਾ ਏਹ ਬਾਤ ਰਾਜਾ ਨਾਲ ਕੁਟਣੀ ਕਰਕੇ ਓਥੋਂ ਚਲੀ ਗਈ ਜੋ ਸਵੇਰ ਹੋਈ ਤੇ ਕਚੈਹਰੀ ਵਿਚ ਓਹ ਚੋਰ ਸਦਵਾਕੇ ਰਾਜੇ ਨੇ ਕਹਿਆ ਭਾਈ ਏਸਨੂੰ ਰੋਜ਼ ਮਾਰਦੇ ਹੋ ਤੇ ਏਹ ਦਸਦਾ ਨਹੀਂ ਏਸਨੂੰ ਕੱਲਫਾਂਸੀ ਦੇਦੇਓ ਸਭਨੇ ਸੁਣਲਿਆਨਾਲੇ ਓਸਚੋਰਨੇਵੀ ਸੁਣਿਆ ਕਿ ਭਲਕੇ ਮੈਨੂੰ ਫਾਂਸੀ ਦਾ ਹੁਕਮ ਹੂਆ ਹੈ ਜਦ ਰਾਤਪਈ ਤੇ ਚੋਰਨੂੰ ਬੰਦੀਖਾਨੇ ਵਿੱਚ ਪਾ ਦਿੱਤਾ ਪੈਰੀਂ ਕਾਠ ਮਾਰਕੇ ਬੈਠਾ ਦਿੱਤਾ ਤੇ ਬੂਹਾ ਭੀੜ ਛੱਡਿਆ ਕੁੰਡਾ ਵੀ ਨ ਮਾਰਿਆ ਤੇ ਨਾ ਜੰਦਰਾ ਹੀਮਾਰਿਆ ਜਦ ਅੱਧੀਰਾਤ ਗਈਤਾਂ ਫਫੇਕੁਟਣੀਨੇ ਆਪਣੀਸੂਰਤਦੇਵੀਦੀ ਬਣਾਈਤੇ ਚਾਰ ਬਾਹਵਾਂ ਬਣਾਈਆਂਦੋ ਲਕੜੀਦੀਆਂਤੇਨਾਲੇਸ਼ੇਰ ਲਕੜੀਦਾ ਬਣਾਇਆ ਜ਼ੇਵਰ ਤੇ ਬਸਤ੍ ਸੂਹੇ ਪਹਿਨੇ ਸੀਸ ਪਰ ਮੁਕਟਧਾਰਿਆ ਤੇ ਚਵਾਂਭੁਜਾਂਵਿਚ ਚਾਰ ਮਸਾਲਾਂ ਪਕੜੀਆਂ ਤੇ ਆਸਤੇ ਆਸਤੇ ਉਸ ਅੰਦਰ ਆਇ ਵੜੀ ਜਾਂ ਉਸ ਚੋਰਨੇ ਦੇਖਿਆ ਕਿ ਮਸਾਲਾਂਦਾ ਚਾਨਣਹੈਤਦਉਠਕੇਦੇਖੇਤਾਂਸਾਖਿਆਤਦੁਰਗਾਖੜੀਹੈਤਾਂ ਉਸਚੋਰਨੇ ਹੱਥਜੋੜ ਨਮਸਕਾਰ ਕੀਤੀ ਅਤੇ ਅਚਰਜ ਹੋਇਗਿਆ ਕਿ ਧੰਨ ਪਰਮੇਸ਼ਰਹੈ ਤਾਂ ਉਸ ਫਫੇਕੁਟਣੀ

CC-0. Gurukul Kangri University Haridwar Collection. Digitized by S3 Foundation USA

OF INTERNET ABHINAV GAUR

ਚੋਰਨੂੰ ਆਖਿਆ ਬੇਟਾ ਤੂੰਮੇਰਾ ਪਿਆਰਾ ਭਗਤਹੈਂ ਤੇ ਤੈਨੂੰ ਇਸ ਰਾਜਾਨੇਬੜੀਭਾਰੀਸਜ਼ਾ ਦਿੱਤੀਹੈ ਇਸਵਾਸਤੇ ਮੈਂ ਤੇਰੇਪਾਸ ਆਈਹਾਂਜੋਕ਼ਰ ਕ ਹੇਂ ਭਾਂ ਇਸ ਰਾਜਾਨੂੰ ਮਾਰ ਦੇਵਾਂ ਜੇ ਕਹੇਂਭਾਂ ਇਸਦਾ ਨਗਰ ਗ਼ਰਕ ਕਰ ਦੇਵਾਂ ਪਰ ਤੂੰ ਮੈਨੂੰ ਸੱਚਸੱਚ ਆਖਦੇਹ ਰਾਜੇਦੀਚੋਰੀ ਕੀਤੀਹੈ ਕਿ ਨਹੀਂਕੀਤੀ ਦੇਖਬੱਚਾ ਮੇਰੇਪਾਸ ਲੁਕਾ ਨਾਂ ਕਰੀਂ ਭਾਂਚੋਰਨੇ ਜਾਨਿਆਕਿ ਏਹ ਸੱਚ ਭਵਾਨੀਹੈ ਤੇਮੈਂ ਏਸਦੇਅੱਗੇ ਸਭਦੱਸਦੇਵਾਂ ਜਾਂ ਚੋਰਨੇ ਮਨ ਵਿੱਚ ਦੱਸਣਦੀਤਿਆਰੀ ਕੀਤੀਭਾਂ ਉਸਦੇਵੀਦੇ ਨੇਤ੍ਰਾਂਵੱਲ ਨਜ਼ਰਕੀਤੀ ਭਾਂ ਨੇਤ੍ਰਾਂ ਦੀਆਂ ਪਲਕਾਂ ਝਮਕਦੀਆਂ ਹੈਨ ਭਾਂ ਚੋਰਨੂੰ ਧਰਮਸਾਲਾਵਾਲਾ ਸ਼ਬਦਯਾਦਆਗਿਆ ਕਿ ਦੇਵਤਾਕੀਨੇਤ੍ਰਾਂਕੀ ਪਲਕ ਨਹੀਂ ਲਗਦੀ ਅਤੇ ਨਾਂ ਦੇਵਤਾ ਦੇ ਸਰੀਰਦਾ ਪਰਛਾਵਾਂ ਹੁੰਦਾਹੈ ਏਹਬਾਤ ਉਸਨੂੰਯਾਦਹੋਈਭਾਂ ਓਸਨੇ ਮਨਮੇਂ ਕਹਿਆ ਕਿ ਧਰਮਸਾਲਾ ਵਾਲੇ ਸਿੱਖ ਆਖਦੇ ਸਾਨ ਕਿ ਜੋਭਗਤ ਭਜਨ ਕਰਨਵਾਲੇ ਭਜਨੀਕ ਦੇਵਤੇਹੋਜਾਂਦੇਹੈਨ ਤੇ ਓਨਾਂ ਦੀਆਂ ਪਲਕਾਂਨਹੀਂ ਲਗਦੀਆਂ ਅਤੇ ਇਸਦੀਆਂ ਭਾਂ ਪਲਕਾਂ ਝਮਕੀਦੀਆਂਹੈਨ ਤੇ ਇਹ ਭਵਾਨੀ ਕਾਹੇਦੀ ਹੈ ਏਹਤੋ ਕੋਈ ਛਲ ਹੈ ਇਹ ਬਾਤ ਚੋਰ ਆਪਨੇ ਮਨਵਿੱਚ ਸਮਝਕੇ ਅਪਨਾ ਸੱਚਆਖਨੋਂ ਰਹਿਗਿਆ ਭਾਂ ਚੋਰ ਨੇ ਹੱਥਜੋੜ ਕਰਕਹਿਆ ਹੇਮਾਤਾਜੀ ਜੇਮੈਂ ਚੋਰੀਕੀਤੀ ਹੁੰਦੀਭਾਂ ਤੂੰ ਕਿਆਨਹੀਂਜਾਣਦੀ ਮੈਨੇ ਭਾਂ ਚੋਰੀ ਨਹੀਂਕੀਤੀ ਰਾਜਾ ਭਾਂ ਮੈਨੂੰਏਵੇਂਹੀ ਮਰਵਾਉਂਦਾਹੈ ਜਾਂਏਹ ਬਾਰਤਾ ਹੋਈ ਭਾਂ ਓਹ ਚਾਰੇ ਮਸਾਲੇਂ ਬਝਗਈਆਂ ਤੇਕਾਠਦਾਸ਼ੇਰਫੱਟਗਿਆ ਤੇ ਕਾਠਦੀਆਂਬਾਹਵਾਂਵੀ ਡਿੱਗਪਈਆਂ ਜਾਂ ਦਰਬਾਨਾਂ ਨੇ ਏਹ ਗੱਲ ਸੁਣੀ ਭਾਂ ਓਸੇ ਵਕਤ ਫਫੇਕੁਟਣੀ ਨੂੰ ਪਕੜ ਲਿਆ ਜਾਂ ਸਵੇਰਹੋਈ ਤੇ ਰਾਜੇ ਦੇ ਪਾਸ ਲੈਗਏ ਤੇ ਜਾਇਕਰ ਆਖਿਓਨੇਮਹਾਂਰਾਜਜੀ ਰਾਤ ਕਉ ਏਹਬਾਤ ਹੋਈਹੈ ਭਾਂ ਰਾਜੇ ਨੇ ਸਭ ਹਕੀਕਤ ਸੁਣੀ ਤੇ ਸਮਝਕੇ ਫਫੇਕੁਟਣੀ ਕੋ ਰਾਜੇ ਨੇ ਫਾਸੀਦੇ ਦਿੱਤਾ ਅਤੇ ਚੋਰ ਕਉ ਰਾਜੇ ਛੋਡ ਦਿੱਤਾ ਤੇ ਰਾਜੇ ਅਪਣੇ ਮਨ ਮੇਂ ਪਸਚਾਤਾਪ ਕੀਤਾ ਕਿ ਮੈਂ ਕੀ ਕੀਤਾ ਨਾਲੇ ਚੋਰੀਵੀ ਨਾ ਲਭੀ ਤੇ ਪਤਾਵੀਨਾਲੱਗਾਸੋ ਸ੍ਰੀ ਗੁਰੂ ਅੰਗਦਜੀਦੇ ਹਜੂਰ ਭਾਈਬਾਲਾ ਕਹਿਤਾਹੈ ਗੁਰੂ ਜੀ ਐਸੇਸ੍ਰੀ ਗੁਰੂ ਨਾਨਕਦੇਵਜੀ ਕੇ ਸ਼ਬਦਹੈਂ ਪਾਰਜਾਤ ਕੀ ਨਿਆਈਂ ਦੇਖੋ ਇਕ ਤੁਕਸੁਣਨਦੇ ਪਿੱਛੇਓਸਚੋਰਦੀਖ਼ਲਾਸੀ ਹੋਗਈ ਅਤੇ ਜੇ ਕੋਈ ਸਿੱਖ ਸ੍ਰੀਗੁਰੂਜੀਦੇ ਬਚਨਤੇ ਪ੍ਰਤੀਤ ਕਰੇਗਾ ਸੋ ਓਸ ਸਿੱਖਦਾਲੋਕ ਪ੍ਰਲੋਕ ਸਵਰਜਾ ਗਾ ਅਤੇ ਅੰਤਕਾਲ ਨੂੰ ਸ੍ਰੀ ਗੁਰੂ ਉਸਕਾ ਸੰਕਟ ਕਟਨਗੇ ਸਭ ਸੰਗਤ ਨੇ ਸ੍ਰੀ ਗੁਰੂ ਅੱਗੇ ਮੱਥਾ ਟੇਕਿਆ ਸਭ ਸੰਗਤ ਪਰ ਖ਼ੁਸ਼ੀ ਹੋਈ ॥ ੭੪ ॥

ਆਗੇ ਸਾਖੀ ਇਕ ਸਿੱਖ ਨਾਲ ਹੋਈ

ਇੱਕ ਸਿੱਖ ਸ੍ਰੀਗੁਰੂਜੀਕਾ ਦਰਸ਼ਨ ਕਰਨ ਆਉਂਦਾ ਹੁੰਦਾਸੀ ਤੇ ਸਤਿਗੁਰਾਂਕੀ ਸੇਵਾਕਰ ਜਾਂਦਾ ਸੀ ਭਾਂਓਸਸਿੱਖਦਾ ਇਕ ਪੜਸੀ ਸਿੱਖਸੀ ਪਰ ਓਹ ਸਾਕਤ ਸੀ ਜਦ ਓਹ ਸਿੱਖ ਜਾਂਣ ਲੱਗਾ ਭਾਂ ਓਸ ਸਾਕਤ ਨੇ ਆਖਿਆਭਾਈਤੂੰ ਮੈਨੂੰ ਵੀ ਗੁਰੂ ਜੀਕੇ ਦਰਸ਼ਨਕਉ ਲੈ

CC-0. Gurukul Kangri University Haridwar Collection. Digitized by S3 Foundation USA

ਚਲ ਤਾਂ ਓਹ ਸਾਕਤ ਸਿੱਖ ਤੇ ਨੇਮੀ ਸਿੱਖ ਸ੍ਰੀ ਗੁਰੂ ਜੀਕੇ ਦਰਸ਼ਨ ਕਉ ਚਲੇ ਜਦ ਓਸ ਸਿੱਖ ਨੇ ਸ੍ਰੀਗੁਰੂਜੀ ਅੱਗੇ ਮੱਥਾ ਟੇਕਿਆ ਤੇ ਕਹਿਆ ਗੁਰੂਜੀ ਮੈਨੂੰਵੀ ਆਪਨਾਸਿੱਖਕਰੋ ਜਾਂ ਏਹ ਬਾਤਹੋਈ ਤਾਂ ਸ੍ਰੀਗੁਰੂਨਾਨਕਦੇਵਜੀਘਟਘਟਕੀ ਜਾਨਣਵਾਲੇ ਓਸਦੇ ਰਿਦੇ ਦੀ ਸਮਝਕੇ ਚੁੱਪ ਕਰ ਰਹੇ ਤੇ ਓਹਸਿੱਖ ਬਾਹਰਲੇ ਦਿਲੋਂ ਕਹਿੰਦਾ ਸੀ ਪਰ ਜਦ ਕੁਛਦਿਨ ਗੁਜ਼ਰੇ ਤਾਂ ਫੇਰ ਓਸ ਸਿੱਖ ਨੇ ਕਹਿਆਜੀ ਮੈਨੂੰ ਸਿੱਖ ਕਰੋ ਸੋ ਉਸਸਿੱਖਨੂੰ ਗੁਰੂਨਾਨਕਜੀ ਕਹਿਆ ਸੁਣਭਾਈ ਸਿੱਖਾ ਏਹ ਤੇਰੇ ਪਾਸੋਂ ਹੋਣੀ ਬਡੀ ਕਠਨ ਹੈ ਅਤੇ ਤੂੰ ਸਿੱਖੀ ਕਿਆ ਕਰਨੀਹੈ ਪਰ ਓਹ ਸਿੱਖ ਘੜੀਘੜੀ ਗੁਰੂਜੀਦੇ ਚਰਨੀਂਹੱਥਰੱਖੇ ਤੇ ਕਹੇਗਰੀਬਨਿਵਾਜ ਜੀ ਮੇਰੇ ਉੱਪਰ ਕ੍ਰਿਪਾ ਦ੍ਰਿਸ਼ਟੀ ਕਰਹੁਜੀ ਏਹ ਬਚਨ ਬਹੁਤਵਾਰੀ ਓਸਸਿੱਖਨੇਕਹੇ ਤਾਂ ਇੱਕ ਦਿਨ ਸ੍ਰੀਗੁਰੂਸਾਹਿਬ ਜੀ ਨੇ ਕਹਿਆ ਸੁਣ ਭਾਈ ਸਿੱਖਾ ਜੇ ਤੂੰ ਸਿੱਖ ਬਣਨਾਹੈ ਤਾਂ ਅਮਕੀ ਉਜਾੜ ਵਿੱਚ ਇੱਕ ਚਿਖਾ ਬਲਦੀਹੈ ਓਸ ਚਿਖਾ ਵਿੱਚ ਪੈਕਰ ਆਵੇਂਗਾਤਾਂ ਤੈਨੂੰ ਸਿੱਖੀ ਦਾ ਮਾਰਗ ਦੱਸਾਂਗੇ ਏਹ ਸੁਣਕੇ ਸਿੱਖ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਕੇ ਅੱਗੇ ਮੱਥਾ ਟੇਕ ਕਰ ਓਹ ਸਿੱਖਓਸ ਉਜਾੜਵਿਚ ਗਿਆ ਜਾਇਕਰਕਿਆਦੇਖੇਜੋ ਚਿਖਾ ਬਲ ਰਹੀਹੈ ਤਾਂ ਓਸ ਸਾਕਤਨੇ ਕਿਆ ਕੀਆ ਜੋ ਉਦਾਲੇਉਦਾਲੇ ਪਿਆ ਫਿਰੇ ਪਰਉਸ ਪਾਸੋਂ ਵਿੱਚ ਨਾ ਪਿਆਜਾਵੇ ਇਤਨੇ ਚਿਰਪਿੱਛੋਂ ਇੱਕਚੋਰ ਆਯਾਉਸਦੇ ਪਾਸਦੋ ਥੈਲੀਆਂ ਮੋਹਰਾਂਦੀਆਂਹੈਸਨ ਤਾਂ ਓਸਚੋਰਨੇ ਦੇਖਿਆ ਤਾਂ ਓਸਨੂੰ ਪੁੱਛਿਆਭਾਈ ਤੂੰ ਇਸਚਿਖਾਦੇ ਉਦਾਲੇ ਉਦਾਲੇ ਕਿਉਂ ਫਿਰਦਾਹੈਂ ਤਾਂ ਓਸ ਸਿੱਖਨੇ ਕਹਿਆ ਭਾਈ ਮੈਨੂੰ ਮੇਰੇ ਗੁਰਾਂਦਾ ਹੁਕਮਹੈ ਜੋ ਇਸ ਚਿਖਾ ਵਿੱਚ ਪੈ ਨਿਕਲੇਂਗਾਤਾਂ ਤੈਨੂੰ ਸਿੱਖੀਦੇਵਾਂਗੇਜਦਉਸਚੋਰਨੇ ਏਹ ਗੱਲ ਸੁਣੀ ਤਾਂ ਉਸਨੇਸਿੱਖਨੂੰਕਹਿਆ ਭਾਈ ਤੂੰਮੈਨੂੰ ਗੁਰੂਕਾ ਬਚਨ ਦੇਦੇ ਤੇ ਥੈਲੀਆਂ ਮੋਹਰਾਂਦੀਆਂ ਲੈ ਲੈ ਪਰਉਸਦੇ ਭਾਗ ਉਦੇਹੋਏ ਤੇ ਸਿੱਖਦੀ ਪ੍ਰਾਲਬਧ ਭੜੀ ਚੋਰ ਪਾਸੋਂ ਮਾਯਾ ਲੈਕੇ ਗੁਰੂਕਾ ਬਚਨ ਵੇਚਦਿੱਤਾ ਤਾਂ ਓਸ ਚੋਰਨੇ ਵਾਹਿਗੁਰੂਕਹਿਆ ਤੇਚਿੱਖਾਵਿੱਚ ਛਾਲਮਾਰੀ ਓਸੇ ਵਕਤ ਓਸਨੂੰ ਰਾਮ ਗਨ ਬੈਕੁੰਠ ਕਉ ਬਿਬਾਣ ਵਿੱਚ ਬੈਠਾਕੇ ਲੈ ਗਏ ਏਹ ਕਉਤਕ ਓਸ ਸਾਕਤ ਸਿੱਖ ਨੇ ਸਭ ਦੇਖਿਆ ਅਜੇ ਓਹ ਖੜੋਤਾਈ ਸੀ ਜਾਂ ਓਸ ਦੇ ਢੂੰਢਾਊ ਪਿੱਛੋਂ ਆਇਗਏ ਕਿਆਦੇਖਨ ਜੋਇੱਕਚਿੱਖਾ ਬਲਰਹੀ ਹੈ ਤੇ ਚੋਰ ਪਾਸ ਖਲੋਤਾ ਹੈ ਓਨਾਂ ਪੁੱਛਿਆਭਾਈ ਮੋਹਰਾਂ ਕਿੱਥੇ ਹੈਨ ਤਾਂ ਓਸ ਡਰਦੇ ਪਾਸੋਂ ਕੋਈ ਬਾਤ ਨਾ ਹੋਈ ਸਮੇਤ ਥੈਲੀਆਂ ਓਨਾਂ ਨੇ ਸਿੱਖ ਦੀਆਂ ਮੁਸ਼ਕਾਂ ਬੰਨ੍ਹ ਲਈਆਂ ਤੇ ਰਾਜੇ ਪਾਸ ਹਾਜ਼ਰ ਜਾਇਕੀਤਾ ਤਾਂ ਰਾਜੇ ਕਹਿਆਜੋ ਇਸਨੂੰ ਜਾਇਕਰ ਫਾਸੀਦੇਦੇਓਜਦ ਓਸ ਸਾਕਤ ਸਿੱਖ ਨੂੰ ਫਾਸੀ ਵਾਸਤੇ ਲੈ ਚਲੇ ਤੇ ਪੁੱਛਿਆ ਭਾਈ ਹੁਨ ਤੈਨੂੰ ਅਸੀ ਫਾਸੀ ਵਾਸਤੇ ਲੈ ਜਾਂਦੇ ਆਹੇ ਜੋ ਕੁਛ ਕਹਿਣਾ ਹਈ ਸੋ ਕਹਿ ਸੁਨ ਲੈ ਤਾਂ ਓਸਨੇ ਆਖਿਆ ਮੈਨੂੰ ਰਾਜੇ ਪਾਸ ਲੈਚੱਲੋ ਤਾਂ ਓਹ ਪਿਆਦੇ ਰਾਜੇ ਪਾਸ ਉਸਨੂੰ ਲੈਗਏ ਤਾਂ ਓਸਨੇ ਕਹਿਆ ਰਾਜਾਜੀਮੇਰੀ

CC-0. Gurukul Kangri University Haridwar Collection. Digitized by S3 Foundation USA

ਇੱਕ ਬਾਤ ਸੁਣਲਓ ਤਾਂ ਰਾਜੇ ਆਖਿਆ ਸੱਚੋ ਸੱਚ ਆਖੀਂ ਤਾਂ ਉਸ ਸਿੱਖ ਨੇ ਆਪਣੀ ਜਿਸ ਤਰਾਂਹ ਗੁਜ਼ਰੀਸੀ ਸਭ ਹਕੀਕਤ ਰਾਜੇਦੇ ਪਾਸਸੁਣਾਇਦਿੱਤੀਤਾਂਰਾਜੇਨੇ ਸਮਝਿਆ ਏਹਤਾਂਕੋਈਸਿੱਖਹੈ ਤੇ ਨਾਲੇ ਸ੍ਰੀਗੁਰੂ ਸੱਚੇ ਦਾ ਦਰਸ਼ਨ ਕੀਤਾ ਹੈਸੁ ਏਹ ਕਹਿਕੇ ਰਾਜੇ ਨੇ ਉਸਨੂੰਛੱਡਦਿੱਤਾ ਓਹਸਿੱਖਓਥੋਂ ਆਪਣਾਛੁਟਕਾਰਾ ਕਰਵਾਕੇ ਆਯਾ ਤਾਂ ਸ੍ਰੀਗੁਰੂਨਾਨਕ ਜੀ ਦੇ ਚਰਨਾਂ ਉਪਰ ਢਹਿਪਿਆ ਅਤੇ ਹੱਥਜੋੜਕੇ ਆਖਿਓਸੁ ਗੁਰੂਜੀ ਸਿੱਖੀ ਤਾਂ ਪਰੇਤੇ ਪਰੇਹੈ ਜੀ ਸ੍ਵਾਮੀ ਜੀ ਆਪਕਾ ਵਾਕ ਜੋ ਹੈ ਸੋ ਸੱਚ ਹੈ ਜੀ ਪਰ ਸੱਚੇਪਾਤਸ਼ਾਹਜੀਤੇਰੀਆਂ ਤੂੰਹੀ ਜਾਂਨੇ ਜੀ ਹੇ ਗਰੀਬਨਿਵਾਜ ਜੀ ਮੇਰੀ ਭੁੱਲ ਬਖਸ਼ੋ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਸਿੱਖਾ ਤੂੰ ਆਪਣੇ ਘਰ ਜਾਇਕੇ ਆਏ ਗਏ ਸਿੱਖ ਸਾਧ ਦੀ ਟਹਿਲ ਸੇਵਾ ਪ੍ਰੀਤ ਨਾਲ ਤਨ ਮਨ ਧਨਕਰਕੇ ਕਰਿਆਕਰ ਤਾਂਭਾਈਸਿੱਖਾ ਤੈਨੂੰਸ੍ਰਿੱਖੀ ਪ੍ਰਾਪਤ ਹੋਵੇਗੀ ਸ੍ਰੀਗੁਰੂਨਾਨਕ ਦੇਵਜੀ ਉਸ ਸਿੱਖਨੂੰ ਸਤਗਤੀ ਹੋਵਨ ਦਾ ਮਾਰਗ ਦੱਸਿਆ ਹੈ ਤਾਂ ਉਸ ਸਾਕਤ ਸਿੱਖਨੂੰ ਵੀ ਮਹਾਰਾਜ ਜੀ ਨੇ ਸੱਚਾਨਾਮਦੇਕਰ ਸਿੱਖੀਦਾਹਿਤਕਾਰੀਕੀਆ॥੭੫॥

ਅੱਗੇ ਸਾਖੀ ਗੋਬਿੰਦ ਲੋਕਾਂ ਨਾਲ

ਇਕ ਦਿਨ ਗੋਬਿੰਦ ਲੋਕਸ੍ਰੀਗੁਰੂਨਾਨਕਜੀ ਕੇ ਦਰਸ਼ਨਕੋ ਆਏ ਅਰਆਇਕਰ ਕਹਿਆ ਹੇ ਬਾਬਾਜੀ ਰਾਮ ਰਾਮ ਸੱਤਰਾਮ ਤਾਂ ਅੱਗੋਂ ਸ੍ਰੀਗੁਰੂ ਨਾਨਕ ਜੀ ਆਖਿਆ ਆਓ ਭਾਈ ਬੈਠੀਏਜੀ ਸੱਤਰਾਮ ਤਾਂ ਇਕ ਘੜੀ ਠਹਿਰਕਰ ਉਨਾਂ ਗੋਬਿੰਦਲੋਕਾਂ ਕਹਿਆ ਹੇਗੁਰੂਜੀ ਸਾਡੀ ਇਕ ਬੇਨਤੀਹੈ ਜੇ ਹੁਕਮਕਰੋਤਾਂ ਪੁੱਛੀਏਤਾਂਗੁਰੂਜੀ ਕਹਿਆ ਹੇ ਭਾਈਜੀ ਜੋ ਕੁਛ ਤੁਹਾਡੀ ਖੁਸ਼ੀਹੋਵੇ ਸੋ ਪੁੱਛੋਜੀ ਤਾਂ ਗੋਬਿੰਦ ਲੋਕਾਂ ਕਹਿਆ ਜੀ ਸ੍ਰੀ ਪਰਮੇਸ਼ਰ ਦੇ ਅਰਥ ਕਰਕੇ ਕੋਈ ਸ੍ਰੀਮਹਾਰਾਜ ਅਕਾਲਪੁਰਖਦੀ ਉਸਤਤੀ ਕਰਕੇ ਸੁਣਾਓ ਜੀ ਏਸ ਬਾਤ ਕੋ ਗੁਰੂਜੀਸੁਨਿਆ ਤੇਕਹਿਆਮੈਂ ਬਲਹਾਰੇਜਾਵਾਂਜੀ ਉਨਕੇ ਊਪਰੋਂ ਵੀ ਬਲਿਹਾਰਨੇ ਜਾਵਾਂ ਜੋਮੇਰੇਪਰਮੇਸ਼ਰ ਦਾ ਜਸਸੁਣੇਭਾਈ ਤੁਸਾਂ ਵਿਟਹੁ ਕੁਰਬਾਨਜਾਵਾਂ ਜੀ ਪਰ ਜੀ ਤੁਸੀ ਜੋ ਸੰਸਾ ਪੁੱਛੋ ਸੋ ਉਸਵਾਹਿਗੁਰੂ ਜੀ ਦੀ ਕ੍ਰਿਪਾ ਸੇ ਦੱਸਾਂਗੇ ਤਾਂ ਓਨਾਂਗੋਬਿੰਦਲੋਕਾਂ ਕਹਿਆਂ ਜੀ ਗਰੀਬਨਵਾਜਜੀ ਉਸਪਰਮੇਸ਼ਰਦਾ ਰੰਗਕੀਹੈ ਅਰ ਕਿਆਰੂਪ ਹੈ ਓਸਦਾ ਕਰਤਬ ਕਿਹਾਹੈ ਅਰਆਪ ਉਪਜਿਆਹੈ ਕਿ ਕਿਸੇ ਉਪਜਾਯਾ ਹੈ ਅਰ ਓਸ ਕਰਤੇ ਕਾ ਆਦਅੰਤ ਕਿਸਤੇ ਹੂਆਹੈ ਏਹਸੱਚ ਸੁਣਾਈਏਜੀ ਜੋ ਪਰਮੇਸ਼ਰ ਕਿਆਵਸਤ੍ਹੈ ਤਾਂ ਗੁਰੂਨਾਨਕ ਜੀ ਕਹਿਆ ਹੇ ਸੰਤਜਨੋਂ ਸ੍ਰੀ ਪਰਮੇਸ਼ਰਜੀਕੀ ਮਾਯਾ ਬਹੁਤ ਬੇਅੰਤ ਹੈ ਜਿਸਦਾ ਕੋਈ ਅੰਤ ਨਹੀਂਕਹਿਆਜਾਂਦਾ ਜੋਸ਼ੁਕਲਪੱਖ ਤੇ ਕ੍ਰਿਸ਼ਨਪੱਖਹੈ ਸੋਪਿਤ੍ਰੋਂਕਾ ਦਿਨਤੇਰਾਤਹੈ ਅਤੇ ਬਾਰਾਂ ਮਹੀਨੇਜੋਹੈਂ ਉਤ੍ਰਾਇਨਤੇਦਖਣਾਇਣ ਏਕ ਬਰਸ ਸੋ ਦੇਵਤਿਆਂ ਕਾ ਦਿਨ ਰਾਤ੍ਰੀਹੈ ਐਸੇ ਹੀ ਹਿਸਾਬਸੇ ਦੋਹਜ਼ਾਰ ਜੁਗਹੋਵੇ ਤਾਂਬ੍ਰਹਮਾਕਾਇਕਦਿਨਤੇਇਕਰਾਤਹੈ ਐਸੇ ਦਿਨਰਾਤ ਕੇ ਸੌ ਬਰਸ ਗਜ਼ਰੇ ਤਾਂ ਬ੍ਰਹਮਾਜੀਕੀ ਉਮਰਾਹੋਨਿਬੜਦੀਹੈ ਤੇ ਬਿਸ਼ਨਜੀਦਾ ਇੱਕ ਦਿਨ

CC-0. Gurukul Kangri University Haridwar Collection. Digitized by S3 Foundation USA

ਤੇ ਰਾਤ ਹੋਤੀਹੈ ਐਸੇਹੀ ਹਜ਼ਾਰ ਬਰਸ ਹੋਵੇਂ ਤਾਂ ਵਿਸ਼ਨਜੀਦੀ ਉਮਰਾਹੋਤੀਹੈ ਬਿਸ਼ਨ ਜੀ ਦੀ ਸਾਰੀ ਉਮਰਾ ਤੇ ਸ਼ਿਵਜੀਕਾ ਇਕਦਿਨਤੇ ਇਕ ਰਾਤ ਹੋਤੀਹੈ ਐਸੇਹੀ ਸੌ ਬਰਸ ਗੁਜ਼ਰ ਜਾਨਤੇ ਸ਼ਿਵਜੀਕਾ ਇਕ ਦਿਨ ਤੇਰਾਤਗੁਜ਼ਰ ਜਾਂਦਾ ਹੈ ਤੇ ਏਸ ਹਿਸਾਬ ਉੱਪਰ ਸੌ ਬਰਸ ਹੋਵੇਤਾਂਸ਼ਿਵਾਂਦੀ ਉਮਰਹੁੰਦੀਹੈ ਸੋ ਸੰਤਜੀ ਜੇਹੜੀਪਰਮੇਸ਼ਰ ਦੀਮਾਯਾਹੈਓਹਇਕਨਿਮਖ ਪ੍ਰਮਾਨ ਬੀਤਦੀਹੈ ਅਤੇ ਨਿਮਖਅੱਖਦੇ ਮੀਟਨ ਅਤੇ ਖੋਲ੍ਹਨ ਨੂੰ ਆਖਦੇਹੈਨਪਰਹੇਸੰਤ ਜੀ ਮਾਯਾ ਦਾ ਅੰਤ ਨਹੀਂ ਪਾਯਾ ਜਾਂਦਾ ਤਉਇਸ ਮਾਯਾ ਦੇ ਸ੍ਵਾਮੀਦਾ ਅੰਤ ਕੈਸੇਆਵੇ ਤਿਸ ਭਗਵੰਤਦੀ ਬਿਅੰਤਤਾ ਨੂੰ ਵਰਨਣ ਕਰਕੇ ਮਹਾਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਰਾਗ ਗੂਜਰੀ ਵਿਚ ਸ਼ਬਦ ਆਖਿਆ ॥ ਰਾਗ ਗੂਜਰੀ ਮਹਲਾ ੧ ॥

ਨਾਭ ਕਵਲ ਤੇ ਬ੍ਰਹਮਾਉਪਜੇਵੇਦਪੜ੍ਹਹਿਮੁਖਿਕੰਠ ਸਵਾਰ॥ਤਾਕਾਅੰਤ ਨ ਜਾਈ ਲਖਣਾ ਆਵਤਜਾਤ ਰਹੇਗੁਬਾਰ॥੧॥ ਪ੍ਰੀਤਮ ਕਿਉ ਬਿਸਰੈ ਮੇਰੇ ਪ੍ਰਾਣ ਅਧਾਰ ॥ਤਾਂਕੀਭਗਤ ਕਰਹਿ ਜਨ ਪੂਰੇ ਮੁਨਜਨਸੇਵਹਿ ਗੁਰ ਵੀਚਾਰ ॥ ੧ ॥ ਰਹਾਉ ॥ ਰਵਿ ਸਸਿ ਦੀਪਕ ਜਾਂਕੇ ਤ੍ਰਿਭਵਨ ਏਕਾ ਜੋਤ ਮੁਰਾਰ ॥ ਗੁਰਮੁਖ ਹੋਇ ਸੁ ਅਹਿ ਨਿਸ ਨਿਰਮਲ ਮਨਮੁਖ ਰੈਨ ਅੰਧਾਰ ॥੨॥ ਸਾਧ ਸਮਾਧ ਕਰਹਿ ਨਿਤ ਝਗਰਾ ਦੁਹਿ ਲੋਚਨ ਕਿਆ ਹੇਰੈ॥ ਅੰਤਰ ਜੋਤ ਸ਼ਬਦਧੁਨਿਜਾਗੈਸਤਿਗੁਰਝਗਰਨਿਬੇਰੈ ॥੫॥ਸੁਰਨਰ ਨਾਥ ਬਿਅੰਤ ਅਜੋਨੀ ਸਾਚੇ ਮਹਲ ਅਪਾਰਾ ॥ ਨਾਨਕ ਸਹਿਜਮਿਲੈ ਜਗ ਜੀਵਨ ਨਦਰ ਕਰਹਿ ਨਿਸਤਾਰਾ ॥ ੪॥੧ ॥ ਤਿਸਕਾ ਪ੍ਰਮਾਰਥ ॥ ਗੁਰੂ ਜੀ ਕਹਿੰਦੇਹੈਨ ਸੁਣੋਭਾਈ ਗੋਬਿੰਦਲੋਕੋ ਸ੍ਰੀ ਪਰਮੇਸ਼ਰਜੀ ਕੀ ਆਦਿਬ੍ਰਹਮੇਨੇ ਇਉਂ ਖੋਲ੍ਹੀਥੀ ਜੋ ਪ੍ਰਥਮੇ ਸੁਤੇਪ੍ਰਕਾਸ਼ ਜੋ ਪ੍ਰਮੇਸ਼ਰ ਆਪ ਆਪਹੀ ਸ੍ਰੀ ਠਾਕਰ ਜੀ ਨਿਰੰਕਾਰ ਤੇਅਕਾਰ ਸਰਗੁਣ ਰੂਪਹੋਏ ਸੋ ਤਿਸ ਪਰਮੇਸ਼ਰਜੀ ਦੇ ਮੁਖ ਦੀ ਜੋਤ ਤੇ ਮਹਾਦੇਵ ਜੀ ਉਪਜਿਆ ਹੈ ਅਰ ਨਾਭਕਵਲ ਤੇ ਬ੍ਰਹਮਾਜੀ ਉਤਪਤਹੋਏ ਤਾਂਬ੍ਰਹਮਾਂਨੇ ਕਹਿਆਜੋ ਮੈਂ ਕੁਛਗਿਆਨ ਕਰਾਂ ਜੋ ਸ੍ਰੀ ਪਰਮੇਸ਼ਰ ਜੀ ਕੈਸਾ ਹੈ ਸੋਜੈਸੀ ਜੈਸੀ ਕਿਸੇ ਗਿਆਨੀ ਕੀ ਪ੍ਰੀਤ ਉਪਜੀ ਹੈ ਸੋਤੈਸੀ ਉਸਤਤਿਕਰਦਾਹੈ ਅਤੇ ਜੋ ਪ੍ਰਿਥਮ ਉਸਤਤਿ ਬ੍ਰਹਮਾਜੀਨੇ ਕਰੀ ਪਰ ਬ੍ਰਹਮਾ ਕੇ ਰਿਦੈ ਕਉ ਸ਼ਾਂਤ ਨ ਆਈ ਤਬ ਸ੍ਰੀ ਠਾਕਰਜੀ ਨੇ ਬ੍ਰਹਮਾਂਕੋ ਚਤੁਰ ਸਲੋਕ ਕਾ ਭਾਗਵਤ ਮੇਂ ਉਪਦੇਸ਼ ਕੀਆ ਤਬ ਸ੍ਰੀ ਬ੍ਰਹਮਾ ਜੀ ਕੋ ਸ਼ਾਂਤ ਆਇ ਗਈ ॥ ਸਲੋਕ ॥ ਗਿਆਨੰ ਪਰਮ ਗੁਹਯੰਮੇਯਦਿਵਿੱਗਜਾਨ ਸਮਨ੍ਵਿਤੰਮ॥ਸਾਰਰਸਯੰਤਦੰਗ੍ਰਿਹਿਗ੍ਰਹਣਗਦਤੰਮਯਾ ॥ ਯਾਵਾ ਨਿਹੰ ਯਥਾ ਭਾਵੋ ਯਦਰੂਪ ਗੁਣ ਕਰਮਕਃ ॥ ਤਥੈਵ ਤਤ੍ਵ ਵਿੱਗਜਾਨੰ ਮਸਤਤੇ ਮਦਨੁ ਗ੍ਰਹਤ ॥ ਅਹੰਮੇਵਾ ਸਮੇਵਾਗ੍ਰੇ ਨਾਨਿਯਤ ਯਤਸਤਸਤ ਪਰੰ ॥ ਪਸ਼ਚਾਦਿਹੰਯ ਤਚਯੋਵਿਸਿੱਖਯੇਤ ਸੋ ਸਮਯਹੰ ॥ ਰਿਤੇਰਥੰ ਯਤਪਤੀਯੇਤ ਨਾਤ੍ਰੀਤਯੇਤ ਚਾਤਮਨਿ॥ਤਦ ਵਿਦਯਾਦਾਤਮਨੋਮਾਯਾ ਯਥਾਭਾਸੋਯਥਾਤਮਃ॥ਯਥਾ ਮਹਾਂਤ ਭੂਤਾਨਿਭੂਤੇਭੂਚਾਵਚੇਖੁਚਜ

CC-0. Gurukul Kangri University Haridwar Collection. Digitized by S3 Foundation USA

ਪ੍ਰਵਿਸਾਨ ਪ੍ਰਵਿਸਾਨਿ ਭਥਾ ਭੇਖੂਨ ਭੇਖ੍ ਯਹੀ ॥ ਏਤਾਵ ਜਿਗਜਾਸੰ ਤਤ੍ਰ ਜਿਗਜਾਸੁ ਨਾਂਤ ਮਨਾ ॥ ਅਨ੍ਹੈ ਵਿਯਤਰੇਕਾ ਭਯਾਂਯ ਤਸਿਆਤ ਸਰਬਤ੍ਰਸਰਬਦਾ ਏਤਨਮਤੰ ਮਯਾ ਤਿਸ ਪਰਮੇਣ ਸਮਾਧਾਨ ॥ ਭਵਾਨ ਕਲਪ ਵਿਲਕਪੇ ਪੁਨਾ ਵਿਮੁਹਿਯਤਿ ਕਰ ਰਿਚਿਤ ॥ ਜਬ ਏਹ ਚਤੁਰ ਸ਼ਲੋਕ ਉਪਦੇਸ਼ਕੇ ਕਹੇ ਤਾਂ ਬ੍ਰਹਮਾਨੇ ਕਿਹਾ ਹੇ ਭਗਵਾਨ ਕ੍ਰਿਪਾਨਧਾਨ ਜੀ ਇਸਕਾ ਅਰਥ ਮੇਰੇਤਾਈਂ ਬੁਝਾਇ ਸੁਝਾਇ ਦੇਵੋ ਤਾਂ ਭਗਵਨ ਕਹੇਂ ਹੇ ਬ੍ਰਹਮਾ ਮੇਰੇ ਚਿਤਤੋਯੇਹਹੈਜੋਮੇਰੇਨਾਮਕੀ ਸ਼ਰਨਬਿਨਾਂ ਉਧਾਰਕਿਸੀਕਾ ਨਹੀਂ ਹੋਤਾ ਪ੍ਰਿਥਮੇ ਤੋ ਦੋਇ ਸ਼ਲੋਕਮੈਂ ਉਪਦੇਸ਼ਕੀਆ ਹੇਬ੍ਰਹਮਾ ਜੋਗਿਆਨ ਮੈਨੇ ਪਰਮ ਗੁਹਜ ਰੱਖਿਆ ਹੈ ਵਿਗਜਾਨ ਕੇ ਸਮੇਤ ਅਰ ਭਗਤ ਰੂਪ ਰਸਕੇ ਸਮੇਤਅਰਨਾਮ ਦਾਨ ਇਸ਼ਨਾਨ ਇਨਅੰਗੋਂ ਕੇ ਸਮੇਤ ਸੋਤੂੰਲੇਹ ਹੇ ਬ੍ਰਹਮਾ ਮੈਂ ਤੇਰੇਤਾਈਂਦੇਤਾਹੋਂ॥੧॥ਹੇਬ੍ਰਹਮਾ ਜੈਸਾਮੈਂ ਹੋਂ ਜੈਸਾ ਮੇਰਾ ਸੁਭਾਉ ਹੈ ਜੈਸਾ ਮੇਰਾ ਰੂਪਹੈ ਜੈਸਾਮੇਰਾ ਗੁਣ ਹੈ ਜੈਸੇ ਮੇਰੇ ਕ੍ਰਮ ਹੈਨ ਤੈਸੇਹੀ ਤੂੰ ਇਨ ਸ਼ਲੋਕ ਕਰਕੇਮੇਰੀਉਸਤਤਿ ਕਰ ਮੇਰੀ ਕ੍ਰਿਪਾਤੇ॥ ੨ ॥ ਮੈਂ ਹੀ ਜਗਤਕੀ ਆਦਿ ਹੋਂ ਸਭ ਸੂਖਮ ਅਸਥੂਲ ਕਾ ਪਰ ਮੇਰੇ ਬਿਨਾ ਨਿਰਗੁਣ ਸਰਗੁਣ ਕੁਛ ਨਹੀਂ ਭੇ ਅਬ ਭੀ ਮੈਂ ਹੀ ਹਉਂ ਬਹੁੜ ਜਗਤ ਮੇਰੇ ਬਿਖੇ ਲੀਨ ਹੋਜਾਵੇਗਾ ਅਰੇਪੀਛੇਮੈਂਹੀ ਰਹਿਜਾਵੋਂਗਾ ॥੩॥ ਹੇ ਬ੍ਰਹਮਾ ਜੀ ਜੋਹੜੀ ਮਾਯਾਅਸੱਤਹੈ ਸੋ ਪੜੀ ਪ੍ਰਕਾਸ਼ਤੀ ਹੈ ਮੈਂ ਸੱਤ ਹੋਂ ਮੇਰੇ ਕੋ ਕੋਈ ਨਹੀਂ ਜਾਣ ਸਕਤਾ ਏਹੀਮੇਰੀਮਾਯਾ ਹੈ ਜੈਸੇਏਕਚੰਦ੍ਰਮਾਂਕੇ ਦੋ ਚੰਦ੍ਰਮਾਂ ਦੇਖ ਦਿਸ਼ਟੀ ਕੋ ਨਦਰਆਵਤਾ ਹੈ ਅਰਰਾਹ ਅਕਾਸ਼ਮੈਂ ਇਸਥਿਤ ਭਈਹੈ ਚੰਦ੍ਰਮਾਂ ਸੂਰਜਕੇ ਸੰਗਮ ਬਿਨਾ ਦ੍ਰਿਸ਼ਟੀਨਹੀਂ ਆਵਤਾਤੈਸੀਹੀਮੇਰੀਮਾਯਾ ਆਦਿਸਟਹੈ ਦਿਸਟਨਹੀਂਆਂਵਦੀ ਅਰਮੈਂ ਸੱਤਹੋਂ ਪਰ ਸੰਤਾਂ ਦੇ ਸੰਗ ਬਿਨਾ ਨਹੀਂ ਦ੍ਰਿਸ਼ਟੀ ਆਂਵਦਾ ਜੈਸੇ ਪੰਜੇ ਭੂਤ ਤੇਜ ਵਾਇ ਪ੍ਰਿਥਵੀ ਅਕਾਸ਼ ਜਲ ਅਪਨੇ ਕਾਰਜਾਂ ਮੋਂਬੀਹੈਂਅਰ ਨਿਆਰੇਵੀਹੈਂ ਤੈਸੇ ਮੈਂਸਭਕੋਸੱਤਾਭੀ ਦੇਰਹਿਆ ਹਾਂ ਅਤੇ ਨਿਆਰਾਭੀਹੋਂ ਤੈਸੇਤੂੰਮੈਨੂੰ ਅਨ ਵਿਤ੍ਰੇਕ ਕਰ ਦੇਖ ਅਰ ਵਿਤ੍ਰੇਕ ਕਰ ਸਭ ਬਿਸਥਾਰ ਮੁਝ ਤੇਹੀ ਹੁਆਹੈ ਅਰ ਵਿਤ੍ਰੇਕ ਕਰ ਮੁਝਸੇ ਬਿਨਾਂ ਰਹਿਤਾ ਕੁਛਨਹੀਂ ਏਹਸੰਬੋਧਨਕਾਬ੍ਰਹਮੇ ਕੋ ਕਹਾ ਹੇ ਬ੍ਰਹਮਾ ਏਹ ਮੇਰਾ ਗਿਆਨ ਜਬਤੂੰ ਆਪ੍ਰਣੇ ਚਿੱਤਵਿਖੇ ਰੱਖੇਂਗਾ ਤੋ ਜਗਤਕੀ ਉਤਪਤੀਕੇ ਸਮੇ ਵਿਖੇ ਅਰ ਪ੍ਰਲੈਕੇ ਸਮੇ ਵਿਖੇ ਤੁਝਕੋ ਮੋਹਨਹੀਂ ਬਿਆਪੇਗਾ ਸਦਾ ਸ਼ਾਂਤਿ ਰਹੇਗੀ ਤਾਂ ਬ੍ਰਹਮਾਜੀਨੇ ਬਹੁਤ ਉਸਤਤਿ ਕਰੀ ਸਲੋਕ ਬੰਧੇ ਅਰ ਰਾਗ ਪਾਇਕਨਧੁਨੀ ਸਾਥ ਗਾਵਤਾ ਭਯਾ ਅਰ ਗਾਵਕਰ ਰੀਝਿਆ ਅਰ ਬਡਾ ਖ਼ੁਸ਼ੀ ਹੁਆ ਲਿਖ ਲਿਖ ਕਰਕੇ ਬਡੇ ਭਾਰੇਪੁਸਤਕ ਕਰਕੇ ਮਿਰਯਾਦਾ ਬੰਧੀਆਂਹੇਗੋਬਿੰਦਲੋਕੋਏਸਤਰਾਂਬ੍ਰਹਮਾਜੀਨੇ ਚਾਰ ਬੇਦ ਬਣਾਏ ਹੈਨ ਅਤੇਸ੍ਰੀਬ੍ਰਹਮਾਜੀ ਚਾਰਮੁਖ ਕਰਕੇ ਬੇਦਾਂਦਾ ਪਾਠਕੀਤਾ ਹੈਤਾਂ ਬ੍ਰਹਮਾ ਜੀਕੋ ਭਗਤਕੀ ਮਾਯਾ ਕੇ ਪ੍ਰਤਾਪ ਤੇ ਜੀਅ ਵਿਚ ਆਈ ਕਿ ਮੈਂ ਕਿਥੋਂਪੈਦਾ ਹੋਇਆ ਹਾਂ ਜਬ ਬ੍ਰਹਮਾਨੇ ਦੇਖਿਆ ਕਿ ਤਮਾਮ ਚਾਰੋਂਤਰਫ ਪਾਣੀਪਾਣੀ ਨਦਰੀਆਵੇ ਹੋਰਕੁਛਨਹੀਂ

CC-0. Gurukul Kangri University Haridwar Collection. Digitized by S3 Foundation USA

ਅਰ ਕਹਣੇਲਗਾ ਏਹ ਪਾਣੀ ਕਿਆਹੈ ਤਾਂ ਬ੍ਰਹਮਾਆਤਮੇਕਾਵਿਚਾਰਕੀਤਾ ਏਹਪਾਣੀਜੋਹੈ ਸੋਬ੍ਰਹਮਾ ਅਤੇ ਬ੍ਰਹਮਾਤੇ ਪਾਨੀਇੱਕੋ ਰੂਪਹੈ ਤਾਂਬ੍ਰਹਮਾਨੂੰਗਿਆਨ ਹੋਯਾ ਕਿ ਮੈਂ ਹੀ ਪਾਣੀ ਹੋਂ ਤਾਂ ਬ੍ਰਹਮਾ ਪਤਾਲ ਕਉ ਗਿਆ ਤੋਕਿਆ ਦੇਖੇ ਜੋ ਓਥੇ ਕਈ ਬ੍ਰਹਮੇ ਹੈਨ ਪਰ ਪਾਣੀ ਪਾਣੀਹੈ ਹੋਰਕੁਛਨਹੀਂਫੇਰਬ੍ਰਹਮਾਜੀ ਮੱਧਲੋਕਮੇਂ ਗਇਆ ਤੇ ਉਥੇ ਪਾਣੀਹੈ ਪਰ ਬ੍ਰਹਮੇ ਕਈ ਅਤੇ ਫੇਰ ਬ੍ਰਹਮਾਜੀ ਅਕਾਸਕੋ ਗਏ ਤਾਂ ਉਥੇਵੀਬਹੁਤਬ੍ਰਹਮੇ ਦੇਖੇ ਨਾਲ ਪਾਣੀਹੈ ਜਿਤਨੇਦੀਪਲੋਅਹੈਨਸਾਰੇਬ੍ਰਹਮੇਹੀਹੈਨ ਅਰਜਹਾਂਜਹਾਂਦੇਖੇਤਹਾਂਹੀਆਪਨਾਆਪਹੀ ਦੇਖੇ ਤਾਂਫੇਰ ਬ੍ਰਹਮਾਜੀ ਆਪਨੇ ਅਸਥਾਨਆਯਾ ਤੇ ਕਹਿਨ ਲਗਾ ਕਿਜਲੇ ਬ੍ਰਹਮਾਥਲੇ ਬ੍ਰਹਮਾ ਹੈਭੀ ਬ੍ਰਹਮਾ ਹੋਸੀਭੀਬ੍ਰਹਮਾ ਥਾਨਥਨੰਤਰ ਵਿਖੇ ਬ੍ਰਹਮਾਆਦਿ ਜੁਗਾਦਿਭੀਬ੍ਰਹਮਾ ਜਦ ਬ੍ਰਹਮਾ ਨੇ ਏਹ ਬਾਤਕਹੀ ਤਾਂ ਅਕਾਸ਼ਬਾਣੀਹੋਈ ਹੇ ਬ੍ਰਹਮਾਤੂੰਦੇਖਤੋਸਹੀ ਕੁਛ ਹੋਰਭੀਹੈ ਕਿ ਨਹੀਂ ਤਾਂ ਬ੍ਰਹਮਾਦੇਖੇ ਤਾਂਕਿਆ ਦੇਖੇ ਜੋਇਕ ਕਮਲਹੈਤਾਂ ਫੇਰ ਅਕਾਸ਼ਬਾਣੀਹੋਈ ਜੋ ਬ੍ਰਹਮਾ ਕਮਲਨੂੰਤੋਦੇਖ ਜੋ ਕਮਲ ਕੌਣਹੈ ਤਾਂ ਬ੍ਰਹਮੇਨੇ ਕਹਿਆ ਮੈਂਨਹੀਂਜਾਨਦਾ ਅਕਾਸ਼ ਬਾਣੀਨੇ ਕਹਿਆ ਹੇ ਬ੍ਰਹਮਾ ਤੂੰ ਇਸ ਕਮਲ ਤੇ ਹੀ ਪੈਦਾਹੋਯਾਹੈਂ ਤਾਂਬ੍ਰਹਮੇਨੇਕਹਿਆ ਮੈਂ ਬੜਾਸਾਰਾਹੋਂ ਕਮਲਤਾਂ ਨਿੱਕਾ ਜਿਹਾਹੈ ਤਾਂ ਅਕਾਸ਼ਬਾਣੀ ਹੋਈ ਹੇ ਬ੍ਰਹਮਾਛੋਟੇਤੇਹੀਬੜਾ ਹੋਜਾਤਾਹੈ ਤਾਂਬ੍ਰਹਮਾਕਹਾ ਮਹਾਰਾਜਜੀ ਕਿਸਤਰਾਂ ਛੋਟਾ ਬਡਾ ਹੋਜਾਤਾਹੈ ਤਾਂ ਫੇਰਅਵਾਜ਼ ਹੋਈ ਹੇ ਬ੍ਰਹਮਾਜੀ ਖੋਜਿਆਂ ਹੀ ਮਲੂਮ ਹੋਵੇਗਾ ਕੌਨਬਡਾ ਹੈ ਔਰ ਕੌਨ ਛੋਟਾਹੈ ਤਾਂ ਬ੍ਰਹਮਾ ਨੇ ਕਹਿਆ ਭਾਈ ਮੈਂ ਖੋਜਤਾਹੋਂ ਪਰ ਏਹ ਕਮਲ ਨਿੱਕਾ ਜੇਹਾ ਨਦਰੀ ਆਂਵਦਾਹੈ ਪਰ ਜੇ ਮੈਂ ਇਸ ਕਮਲ ਵਿੱਚ ਪਿਆ ਸਾਂ ਅਤੇ ਫੇਰ ਮੈਂ ਨਿਕਲਿਆ ਕੀਕਰ ਸਾਂ ਤਾਂ ਬ੍ਰਹਮਾ ਨੇ ਕਹਿਆਮੈਂ ਇਸਨੂੰ ਲੱਤਮਾਰਦਾਹਾਂ ਜੇਕਰਏਹਮੇਰੀ ਲੱਤ ਸਹਾਰਗਿਆਤਾਂ ਮੈਂ ਜਾਣਾਂਗਾ ਏਹ ਬਡਾਹੈ ਜੇਕਰਲੱਤ ਨ ਸਹਾਰੀ ਤਾਂ ਜਾਨਾਂਗਾ ਕੁਛ ਨਹੀਂ ਏਹਵਿਚਾਰਕਰ ਬ੍ਰਹਮਾ ਨੇ ਉਸ ਕਮਲਕੋਲੱਤਮਾਰੀ ਤਾਂ ਓਹਕਮਲ ਅਚਲ ਰਹਿਆ ਨਾਂ ਹੱਲਿਆ ਨਾ ਜੁਲਿਆ ਤਾਂ ਬ੍ਰਹਮਾਜੀ ਉਸਕਮਲਕੇ ਵਿਚ ਉਤਰਗਿਆ ਜਦ ਬ੍ਰਹਮਾ ਜੀ ਕਮਲ ਦੇ ਵਿਚ ਗਿਆ ਤੇ ਕਿਤੇਬ੍ਰਹਮਾਜੀਦੇਪੈਰਨਲੱਗਨ ਜਿਸਤਰਹ ਖੂਹ ਵਿੱਚ ਰੋੜਾ ਸੁਟੀਏ ਤਾਂ ਓਹ ਕਿਤੇ ਨਹੀਂ ਲਗਦਾਓਸੇਤਰਾਂ ਬ੍ਰਹਮਾ ਉਸਕਮਲਦੀ ਡੰਡੀ ਵਿੱਚ ਉਤਰਿਆ ਜਾਵੇ ਪਰ ਕਿਤੇ ਪੈਰ ਨ ਲੱਗਨ ਤੇ ਅੰਧਕਾਰ ਹੀ ਨਜ਼ਰ ਆਵੇ ਕੁੰਭੀ ਨਰਕਦੇ ਸਮਾਨ ਐਸੇ ਅੰਧਕਾਰਨੂੰ ਦੇਖਕਰ ਬ੍ਰਹਮਾ ਬਡਾਹੀ ਲਚਾਰਹੋਯਾ ਅਤੇਬਹੁਤਹੀ ਆਜਜ਼ਹੋਯਾ ਤੇ ਉਸਓਅੰਕਾਰਦੀ ਉਸਤਤ ਕਰਨੇਲਗਾ ਹੇਭਗਵਾਨਤੂੰ ਸਰਬਦਾਆਦਿਹੈਂਸਰਬਦਾਅੰਤਹੈਂ ਸਰਬਦਾਮੱਧਹੈਂਸਰਬਦਾ ਆਸਰਾਹੈਂ ਹੇ ਪਰਮੇਸ਼ਰਜੀ ਤੂੰ ਬਿਅੰਤਹੈਂ ਅਤੇਤ੍ਰੈਲੋਕੀਦੇਨਾਥਜੀਤੂੰਹੀਤੂੰਹੀ ਤੂੰਹੀਹੈਂ ਹੇ ਨਿਰੰਕਾਰਜੀ ਤੂੰ ਆਪਣੀ ਕ੍ਰਿਪਾਦ੍ਰਿਸ਼ਟੀ ਕਰ ਮੈਂ ਭੁੱਲਾਂ ਹਾਂ ਅਤੇ ਤੂੰਹੀਜਲਬਿਖੇਅਰ ਤੂੰਹੀ ਥਲ ਬਿਖੇ ਹੈਂ ਹੈਭੀਤੂੰਹੀਹੋਸੀਭੀ ਤੂੰਹੀਕਰਨਕਾਰਨ ਔਰ ਧਾਰਨਧਰਨਤੂੰਹੀਹੈਂ ਹੇ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਦੀਨ ਦਿਆਲ ਮੇਰੇ ਅਨਾਥ ਉੱਪਰ ਦਯਾ ਕਰੋ ਜੀ ਇਸ ਅੰਧਕਾਰ ਨਰਕ ਸੇ ਮੈਨੂੰ ਬਾਹਰ ਕੱਢੋ ਜੀ ਜਿਸ ਜਗਹ ਤੇ ਮੈਂ ਆਯਾ ਹੋਂ ਉਸੀ ਜਗਾ ਮੇਂ ਮੈਨੂੰ ਪਹੁਚਾਵੋ ਜੀ ਜਦ ਉਸ ਕਮਲਮੇਂ ਬ੍ਰਹਮਾ ਨੇ ਸ਼ੁਧ ਸੱਚਦਾਨੰਦ ਦੀ ਨਿਰਮਾਨ ਹੋਇਕਰ ਉਸਤਤਿ ਕਰੀ ਤਉ ਉਸ ਦੀਨਾ ਨਾਥਨੇ ਬ੍ਰਹਮਾ ਦੀ ਆਗ੍ਯਾ ਸੁਣਕਰੀ ਤੇ ਪ੍ਰਸੰਨ ਹੋਇ ਕਰ ਨਿਰੰਕਾਰ ਨੇ ਬ੍ਰਹਮਾ ਜੀਨੂੰ ਉਸ ਕਮਲਦੀ ਡੋਡੀਸੇ ਬਾਹਰ ਨਿਕਾਲਿਆ ਜਹਾਂਸੇ ਬ੍ਰਹਮਾ ਜੀਗਏ ਫੇਰ ਉਸੀਠਉਰ ਬ੍ਰਹਮਾ ਜੀਕੋ ਆਣ ਖੜਾ ਕੀਆ ਤਉ ਬ੍ਰਹਮਾਂਜੀ ਦੇਖਿਵਾੜ੍ਯੁਲ੍ਯ ਗਏ ਤਾਂ ਬ੍ਰਹਮਾ ਲਗਾ ਠਾਕਰਜੀਕੀ ਉਸਤਤਿ ਕਰਨ ਹੈ ਨਾਰਾਇਨਜੀ ਤੇਹਾ ਰੂਪ ਰੰਗ ਕੁਛ ਨਹੀਂ ਪਾਯਾਜਾਤਾ ਹੈ ਬੇਅੰਤ ਹੈਂ ਬੇਸ਼ੁਮਾਰਹੈਂ ਆਦ੍ਰਿਸ਼੍ਟ ਅਗੋਚਰਹੈਂ ਨਿਰਾਲੰਭਹੈਂ ਤੈਨੂੰ ਕਿਸੇਦਾ ਆਸਰਾ ਨਹੀਂ ਤੂੰ ਸਰਬ ਜੀਵ ਚਰਾਚਰਦਾ ਅਨੰਭਹੈਂ ਹੇ ਮਿਤਨੀ ਹੈ ਰੋ ਇਦ ਨੋਕੋ ਐਸੇ ਬ੍ਰਹਮਾਜੀ ਮਨਮੇਂ ਵਿਚਾਰ ਕਰਕੇ ਫੇਰ ਸਹੱਸਰਨਾਮਾ ਉਚਾਰਨਕਰਕੇ ਉਸਤਤਿ ਕਰੀ ਤਾਂ ਸ੍ਰੀਗੁਰੂਨਾਨਕਜੀ ਕਹਿਆਹੈ ਕਰਤਾਰਦੇ ਭਗਤੋ ਪਿਆਰਿਓ ਜਦ ਬ੍ਰਹਮਾ ਸ੍ਰੀਖਿਆਂ ਉਸਦਾ ਅੰਤਨਾ ਪਾਯਾ ਤਉ ਮੈਂ ਕਉਣ ਵਸਤੁ ਹਾਂ ਜੋ ਤਿਸ ਬਿਅੰਤਦੇ ਅੰਤਨੂੰ ਕੈਸੇ ਕਰਕੇ ਆਖ ਸੁਣਾਵਾਂ ਹੈ ਸੰਤਜੀ ਓਹ ਬਿਅੰਤ ਪੁਰਖ ਕਹੀਦਾਹੈ ਸੋ ਉਸ ਬਿਅੰਤ ਪੁਰਖ ਕੇ ਸਾਥ ਮੇਰੀਪ੍ਰੀਤ ਲਗ ਰਹੀਹੈ ਅਰਮੈਂ ਉਸ ਬਿਨਾਂ ਜੀਵ ਨਹੀਂ ਸਕਦਾਜੀ ਮੇਰੇ ਪ੍ਰਾਣਕਾਆਧਾਰ ਸ੍ਰੀ ਪਰਮੇਸ਼ਰ ਜੀਕਾ ਨਾਮਹੈ ਅਤੇ ਜਿਸ ਪਰਮੇਸ਼ਰ ਕੀ ਉਸਤਤਿ ਸ਼ਿਵਜੀ ਸਨਕਾਦਿਕ ਕਰਤੇਹੈਂ ਜੋ ਪੂਰਨਗਿਆਨੀ ਜਿਨਾਂਨੂੰ ਸਭਕੋਈ ਅਰਾਧਤਾਹੈ ਸੋ ਉਸੀਪਰਮੇਸ਼ਰ ਕਉਮੈਂ ਭੀ ਅਰਾਧਤਾ ਹੋਂ ਤਾਂ ਉਨਾਂ ਗੋਬਿੰਦਲੋਕਾਂ ਨੇ ਸ੍ਰੀ ਗੁਰੂ ਜੀਕੇ ਚਰਨਾਂ ਪਰ ਮੱਥਾ ਟੇਕਿਆ ਅਤੇ ਆਖਿਓਨੇ ਵਾਹ ਵਾਹ ਗੁਰੂਨਾਨਕਜੀ ਧੰਨਹੋ ਪਰੰਤੂ ਹੇ ਗੁਰੂਜੀ ਇਕ ਅਸਾਡੇ ਮਨਮੇਂ ਹੋਰ ਅਚਰਜਹੈ ਕਿ ਨੇਤ੍ਰਾਂ ਦੇ ਵਿਖੇ ਜੋ ਜੋਤਿਹੈ ਸੋ ਕਿਆਵਸਤਹੈ ਤਾਂ ਗੁਰੂਨਾਨਕਜੀ ਕਹਿਆਹੈ ਗੋਬਿੰਦ ਲੋਕੋ ਏਹ ਜੋ ਸੂਰਜ ਔਰ ਚੰਦ੍ਰਮਾਂ ਵਿਖੇ ਜੋਤਿ ਹੈ ਸਭ ਪਰਮੇਸ਼ਰ ਦੀ ਜੋਤਿ ਹੈ ਸੋ ਸੁਣੋ ਗੋਬਿੰਦ ਲੋਕੋ ਜੀ ਗੁਰਮੁਖ ਜੋ ਹੈਨ ਸੋ ਗਿਆਨ ਕਰਕੇ ਸ੍ਰੀ ਪਰਮੇਸ਼ਰ ਜੀਕੀ ਜੋਤਿ ਕੋ ਜਾਣਦੇ ਹੈਨ ਅਰ ਘਟਘਟ ਵਿਖੇ ਜੋ ਜੋਤਿ ਹੈ ਤਿਸ ਜੋਤਿਕੇ ਜਾਣਨੇ ਸੇ ਸਰਬ ਦ੍ਰਿਸ਼ਟੀਮੇਂ ਨਿਰੰਕਾਰ ਕੋ ਵਿਆਪਕ ਜਾਣਕੇ ਪੂਜਨ ਕਰਦੇ ਹੈਨ ਅਤੇ ਜੋ ਪੁਰਖ ਗੁਰਮੁਖਾਂ ਦੀ ਸੰਗਤ ਨਹੀਂ ਕਰਦੇ ਤਿਨਕੇ ਰਿਦੇ ਤੇ ਅੰਧਕਾਰ ਨਹੀਂ ਦੂਰਹੋਤਾ ਸੋ ਪ੍ਰਾਣੀ ਅਗ੍ਯਾਨਕੇ ਮਾਰਗਮੇਂ ਔਰਅੰਧਕਾਰਮੇਂ ਪੜੇ ਹੈਨ ਅਤੇ ਅੰਧੇਹੋਇ ਰਹੇ ਹੈਨ ਉਨ ਕਉ ਕੁਛ ਨਜ਼ਰ ਨਹੀਂ ਆਂਵਦਾ ਓਹ ਭਲੇ ਮਾਰਗਮੇਂ ਨਹੀਂ ਜਾਸਕਤੇ ਹੇ ਭਾਈ ਰਾਮਜਨੋਂ ਇਉਂ ਕਰਕੇ ਸੰਤਾਂਵਿਖੇ ਗ੍ਯਾਨ ਕਾ ਉਜਾਲਾ ਹੋਤਾ ਹੈ ਤਾਂ ਫੇਰ ਉਨ੍ਹਾਂ ਗੋਬਿੰਦ ਲੋਕਾਂ ਨੇ ਆਖਿਆ ਹੇ ਗ਼ਰੀਬ ਨਿਵਾਜ ਜੀ ਜੋ ਨੇਤ੍ਰੋਂ ਵਿਖੇ ਜੋਤਿਹੈ ਤਿਸਕੀ ਜੋਤਿਕਰਕੇ ਸਭ ਜੋਤਿਰੂਪ ਨਜਰ ਆਉਂਦੇਹੈਨਸੋ ਕਯਾ ਵਸਤਹੈ ਤਾਂ ਸ੍ਰੀ ਗੁਰੂਨਾਨਕਦੇਵਜੀ ਕਹਿਆ ਸੁਣੋ ਭਾਈ ਗੋਬਿੰਦ ਲੋਕੋ ਜੀ ਇਸ ਬਾਤਦਾ

CC-0. Gurukul Kangri University Haridwar Collection. Digitized by S3 Foundation USA

ਝਗੜਾ ਪਿਛਲੇ ਜੁਗਾਂਵਿਚ ਵੀ ਹੁੰਦਾ ਆਯਾਹੈ ਬੜੇਬੜੇ ਸਿੱਧਸਾਧ ਗਜਾਨੀ ਧਜਾਨੀ ਝਗੜਾ ਕਰਦੇ ਰਹੇ ਹੈਨ ਪਰ ਇਸ ਬਾਤਦੀ ਖ਼ਬਰ ਪੂਰੇਸਤਿਗੁਰਦੇ ਬਗ਼ੈਰ ਕੋਈਨਹੀਂ ਜਾਣਦਾ ਜੋ ਏਹ ਕਿਆ ਵਸਤ ਹੈ ਸੁਣੋ ਭਾਈ ਏਹ ਨੇਤ੍ਰ ਜੋ ਹੈਨ ਸੋ ਚੰਮ ਤੇ ਪਾਣੀ ਹੈ ਪਰ ਇਨ ਪ੍ਰਾਣੀਆਂ ਕੋ ਜਿਸ ਜੋਤਿ ਕਰਕੇ ਦਿਸਦਾਹੈ ਸੋ ਓਹ ਜੋਤਿ ਤਾਂ ਸ਼ਬਦਦੀ ਧੁਨਕ ਰਕੇ ਜਾਗਤੀ ਹੈ ਤਾਂ ਏਹ ਪ੍ਰਾਣੀਆਂ ਕੋ ਸੂਝਤਾ ਹੈ।ਤਾਂ ਫੇਰ ਓਨਾਂ ਗੋਬਿੰਦਲੋਕਾਂਨੇ ਕਹਿਆ ਹੇ ਗੁਰੂਬਾਬਾ ਜੀ ਓਹ ਜੋਤਿ ਜੋਹੈ ਸੋਤਾਂ ਅਪਾਰ ਪੁਰਖ ਕਰਕੇਵਰਨਨ ਕੀਆ ਹੈ ਅਰਸ਼ਬਦ ਭੀਏਹਕਹਿੰਦਾ ਹੈ ਤੇ ਸੰਤਮਹੰਤ ਭੀਏਹੀਆਖਦੇ ਹੈਨਅਰ ਵੇਦਸ਼ਾਸਤ੍ਰ ਭੀਏਹਕਹਿੰਦੇ ਹੈਨਪਰ ਉਹਅਪਾਰ ਪੁਰਖ ਕਿਸਕੋ ਮਿਲਿਆ ਹੈ ਜੀ ਏਹਬਾਤ ਜਿਉਂ ਕੀ ਤਿਉਂ ਹੀ ਸਮਝਾਈਏ ਜੀਤਾਂ ਸ੍ਰੀਗੁਰੂ ਜੀਕਹਿਆ ਭਾਈਗੋਬਿੰਦ ਲੋਕੋ ਜੀ ਸ੍ਰੀ ਪਰਮੇਸ਼ਰਜੀਜੋ ਆਖੀਦਾਹੈ ਸੋ ਓਹ ਅਜੂਨੀਸੈਭੰ ਕਹੀਦਾਹੈ ਅਤੇਓਸਦਾ ਅੰਤਭੀ ਨਹੀਂ ਜਾਣਿਆਜਾਂਦਾ ਓਹਬਿਅੰਤਹੈ ਔਰਸੂਰਜਚੰਦ੍ਰਮਾ ਔਰ ਸਰਬਦੇਵਤਿਆਂ ਕਾ ਕਾਰਨਕਰਨਹੈ ਅਤੇ ਉਸਕਾ ਮਹਲ ਵੀ ਅਪਾਰਹੈ ਸੁਣੋਰਾਮ ਕੇ ਪਿਆਰਿਓ ਅਪਣੀਉਕਤਸਿਆਨਪਕਰਕੇ ਤਾਂ ਪਰਮੇਸ਼ਰ ਨਹੀਂ ਮਿਲਤਾ ਅਰ ਜਿਸਨੂੰ ਵਾਹਿਗੁਰੂ ਦੀ ਕ੍ਰਿਪਾ ਹੁੰਦੀਹੈ ਤਾਂ ਉਸਨੂੰ ਉਹ ਪਰਮੇਸ਼ਰ ਮਿਲਤਾਹੈ ਇਹਵਾਰਤਾ ਸੁਣਕਰ ਉਹ ਗੋਬਿੰਦਲੋਕ ਸ੍ਰੀਗਰੂਜੀਕੀ ਪੈਰੀਂ ਆਇਪਏ ਅਰ ਆਖਿਓਨੇ ਹੇ ਸ੍ਰੀਬਾਬਾਜੀ ਤੁਮ ਧੰਨਹੋ ਅਬਹਮ ਤੁਮਾਰੀਸਰਨ ਪੜੇਹਾਂ ਜੀ ਜਜੋਂ ਜਾਣੋ ਬਾਬਾਜੀ ਹਮਕੋ ਚਰਣੀ ਲਾਵੋ ਤਾਂ ਸ੍ਰੀਗੁਰਜੀਕਹਿਆ ਜੋ ਹੇ ਪਰਮੇਸ਼ਰਦੇ ਲੋਕੋ ਤੁਮ ਸ੍ਰੀ ਪਰਮੇਸ਼ਰ ਜੀਕਾ ਨਾਮ ਜਪਹੁ ਜੀ ਤਾਂ ਵਾਹਿਗੁਰੂ ਤੁਹਾਡਾ ਭਲਾ ਕਰੇਗਾ ਜੀ ਉਹ ਗੋਬਿੰਦ ਲੋਕ ਸ੍ਰੀਗੁਰੂ ਨਾਨਕ ਜੀਦੇ ਸਿੱਖਹੋਏ ਲਗੇ ਗੁਰੂਗੁਰੂ ਜਪਨਤਾਂ ਸ੍ਰੀਗੁਰੂਜੀ ਓਨਾਂ ਲੋਕਾਂਨੂੰਵਿਦਿਆ ਕੀਤਾ ਅਤੇਆਪ ਭੀ ਓਸ ਕਰਤਾਰ ਨਾਲ ਅਸਥਿਤ ਹੋਏ ਅਰ ਹੋਰ ਭੀ ਕਈ ਸਿੱਖ ਆਣ ਗੁਰੂ ਨਾਨਕ ਜੀਦੇ ਸਿੱਖ ਹੋਏ ਤੇ ਲੋਕ ਪ੍ਰਲੋਕ ਸਭਨਾਂ ਸਿੱਖਾਂ ਦਾ ਸਵਾਰਿਆ ਓਥੋਂ ਚਲਦੇ ਰਹੇ॥ਬੋਲੋ ਭਾਈ ਜੀ ਵਾਹਿਗੁਰੂ ॥ ਇੱਕ ਸਿੱਖ ਸ੍ਰੀ ਗੁਰੂ ਜੀ ਕੋ ਦੇਖਦਾ ਰਹਿਆ ਕਿ ਰੋਜ਼ ਹੀ ਚਰਚਾ ਕਰਦੇਹੈਨ ਤੇ ਪਰਸ਼ਾਦ ਤਾਂ ਕਿਸੇ ਨਹੀਂ ਆਂਦਾ ਉਸ ਸਿੱਖ ਨੇ ਸ੍ਰੀ ਗੁਰੂ ਜੀਦੇ ਅੱਗੇ ਆਣ ਕਰ ਮੱਥਾ ਟੇਕਿਆ ਤੇ ਬੇਨਤੀ ਕੀਤੀ ਹੇ ਗਰੀਬ ਨਵਾਜ ਜੀ ਜੇ ਕੁਛ ਅਚਵੋ ਤਾਂ ਮੈਂ ਫਲ ਆਣ ਦੇਵਾਂ ਤਾਂ ਸ੍ਰੀਗੁਰੂਜੀ ਉਸ ਸਿੱਖਪਰ ਬਹੁਤਪ੍ਰਸੰਨ ਹੋਏ ਤਾਂਗੁਰੂਜੀ ਆਖਿਆ ਭਾਈ ਸਿੱਖਾ ਜੇ ਕਰਤਾਰ ਭੇਜੇਗਾ ਸੋ ਅਚਵੀਏਂਗੇ ਪਰਜੇ ਕੋਈ ਫਲ ਨੇੜੇ ਹਈ ਤਾਂ ਮਰਦਾਨੇਨੂੰ ਲਿਆਇ ਦੇਹ ਤਾਂ ਉਸ ਸਿੱਖ ਸ੍ਰੀ ਗੁਰੂ ਜੀ ਦੀ ਆਗਿਆ ਲੈਕੇ ਜਾਕੇ ਸੁੰਦਰ ਮਧੁਰ ਫਲ ਲਿਆਇਕੇ ਸ੍ਰੀ ਗੁਰੂ ਜੀਦੇ ਅੱਗੇ ਰੱਖੇ ਤਾਂ ਗੁਰੂ ਜੀ ਫਲ ਦੇਖਕਰ ਕਹਿਆ ਭਾਈ ਬਾਲਾ ਇਸਸਿੱਖਦਾ ਪ੍ਰੇਮਹੈ ਇਨਾਂ ਫਲਾਂਨੂੰ ਚਾਰਹਿੱਸੇ ਕਰਦੇਹ ਤਾਂ ਸ੍ਰੀਗੁਰੂਜੀ ਮੈਂ ਚਾਰਬਾਂਟੇ ਕਰ ਦਿੱਤੇ ਤਾਂ ਸ੍ਰੀ ਗੁਰੂਨਾਨਕ ਜੀਦਾ ਹੁਕਮ ਪਾਇਕਰ ਇੱਕਬਾਂਟਾ ਮਰਦਾਨੇ ਨੂੰ ਦਿੱਤਾਤੇ ਇਕ

CC-0. Gurukul K

ਬਾਂਟਾ ਉਸ ਸਿੱਖ ਨੂੰ ਦਿੱਤਾ ਇਕ ਸ੍ਰੀ ਮਹਾਰਾਜ ਮੇਰੇ ਭਾਈਂ ਕਹਿਆ ਅਰ ਚੌਥਾ ਛਾਂਦਾ ਮਹਾਰਾਜ ਜੀਨੇ ਆਪਨੀ ਰਸਨੀ ਲਾਇਆ ਤੇ ਉਸ ਸਿੱਖ ਉਪਰ ਬਹੁਤ ਖੁਸ਼ੀ ਹੋਏ ਤੇ ਸੱਤ ਨਾਮ ਦਾ ਉਪਦੇਸ਼ ਕੀਤਾ ਅਤੇ ਕਹਿਆ ਭਾਈ ਸਿੱਖਾ ਸਾਧ ਆਏ ਦੀ ਸੇਵਾ ਕਰਨੀ ਧਰਮ ਦੀ ਕਿਰਤ ਕਰਨੀ ਆਪਣੀ ਕਮਾਈ ਵਿੱਚੋਂ ਵੰਡ ਛਕਣਾ ਤੇਰਾ ਜਨਮ ਮਰਨ ਕਟਿਆ ਜਾਏਗਾ ਏਹ ਕਹਿਕਰ ਸ੍ਰੀ ਗੁਰੂ ਜੀ ਓਥੋਂ ਚਲਦੇ ਰਹੇ ॥ ੭੬ ॥

੧ ਓ ਸਤਿਗੁਰਪ੍ਰਸਾਦਿ ॥

ਦੂਤੀ ਉਦਾਸੀ ਪੂਰਬ ਕੀ ਚਲੀ ॥ ਸ੍ਰੀ ਮਹਾਰਾਜ ਪੂਰਬ ਨੂੰ ਚਲੇ ॥੨॥ ਸੰਮਤ ੧੫੬੬ ਜਦ ਗੁਰੂਨਾਨਕਜੀ ਇਸ ਉਦਾਸੀਕੁ ਉਚਲੇ ਤਾਂ ਆਰਬਲਾ ਗੁਰੂ ਮਹਾਰਾਜ ਦੀ ਵਰ੍ਹਿਆਂ ਚਾਲੀਆਂਦੀਮਹੀਨੇਪੱਟਆਹੀ ਅਤੇ ਮਹਾਰਾਜਕਾ ਦਾੜ੍ਹਾ ਸਜਾਹਸੀ ਏਹਉਦਾਸੀਵਰ੍ਹਿਆਂ ਨਵਾਂਦੀ ਹੋਈਹੈ ਜੋਹੜੀ ਸੱਚਖੰਡਨੂੰ ਗਏਸਾਨ ਫੇਰ ਸ੍ਰੀ ਗੁਰੂਜੀ ਚਲਣੇਲਗੇ ਤਾਂ ਮਰਦਾਨੇ ਆਖਿਆ ਜੀ ਵਤਕਿ ਧਰਜਾਂਦੇਹੋ ਤਾਂਗੁਰੂਨਾਨਕਜੀ ਆਖਿਆਮਰਦਾਨਿਆਂ ਇਸ ਗਿਰਦ ਨਵਾਹੀਦੇ ਜੋ ਤੀਰਥ ਹੈਨ ਸੋ ਦੇਖਕਰ ਵਤ ਘਰ ਨੂੰ ਆਜਾਵਾਂਗੇ ਤਾਂ ਸ੍ਰੀ ਗੁਰੂਜੀ ਏਸ ਉਦਾਸੀ ਦਾ ਭੇਖ ਕੀਆ ਪਵਣਦਾ ਅਹਾਰ ਕੀਆ ਪਹਿਰਾਵਾ ਏਕ ਬਸਤ੍ਰ ਅੰਬੂਆ ਏਕ ਬਸਤ੍ਰ ਚਿੱਟਾ ਏਕ ਪੈਰ ਜੁੱਤੀ ਏਕ ਪੈਰ ਕਉਸ ਗਲ ਵਿਖੇ ਕਛਨੀ ਅਤੇ ਸੀਸ ਉੱਤੇ ਟੋਪੀ ਧਾਰਨਕਰੀ ਔਰਕਲੰਦਰੀ ਨਾਲਾ ਮੱਥੇਤਿਲਕ ਕੇਸਰ ਕਾ ਲੰਬਾ ਨਿਰੰਕਾਰੀ ਭੇਖਉਦਾਸੀ ਕਾ ਕੀਆ ਔਰ ਰਸਤੇਵਿਖੇ ਸ਼ੇਖਵਜੀਦਾ ਮਿਲਿਆ ਪਰ ਜਾਤਕਾ ਸੱਯਦ ਥਾ ਸੁਖਪਾਲ ਪਰ ਚੜ੍ਹਿਆ ਜਾਂਦਾ ਆਹਾ ਜਾਇ ਉਤਰਿਆ ਇਕ ਦਰਖਤ ਤਲੇ ਪਰ ਵਸਾਖ ਅਰ ਜੇਠ ਦੇ ਦਿਨਆਹੇ ਜਦਓਹ ਜਾਇਕਰ ਬੈਠੇ ਤੋ ਲੱਗੇ ਚਾਪਣੇ ਅਰ ਪੱਖਾ ਝਲਣੇ ਏਹ ਦੇਖਕਰ ਮਰਦਾਨੇ ਸ੍ਰੀ ਗੁਰੂਜੀ ਅੱਗੇਪ੍ਰਸ਼ਨਕੀਆ ਹੇ ਦੀਨਦਇਆਲ ਜੀ ਖੁਦਾਇਇਕਹੈਕਿ ਦੋਇ ਹੈਨ ਤਾਂਸ੍ਰੀਬਾਬੇਜੀਕਹਿਆ ਮਰਦਾਨਾ ਖੁਦਾਇਕਹੈ ਤਾਂ ਮਰਦਾਨੇ ਆਖਿਆ ਜੀ ਏਹ ਕਿਸ ਦੀ ਪੈਦਾਇਸ਼ਹੈ ਅਰ ਓਹ ਕਿਸਦੀ ਪੈਦਾਇਸ਼ ਹੈਨ ਜੋ ਓਹ ਸੁਖਪਾਲ ਵਿੱਚ ਚੜ੍ਹਕੇ ਆਯਾ ਹੈ ਤੇ ਓਹ ਪੈਰਾਂਤੇ ਤੁਰਦੇ ਆਏਹੈਨ ਅਤੇ ਪੈਰਾਂ ਤੇ ਨੰਗੇ ਕੰਧੇ ਪਰ ਭਾਰ ਉਠਾਈਆਏਹੈਨ ਤਾਂ ਓਹ ਚਾਪਦੇ ਹੈਨ ਤੇ ਓਹ ਥੱਕਗਿਆ ਹੈ ਤਾਂ ਸ੍ਰੀ ਬਾਬੇ ਜੀ ਸਲੋਕ ਉਚਾਰਨ ਕੀਆ ॥

ਸ਼ਲੋਕ ॥ ਪੂਰਬ ਜਨਮ ਕੇ ਤਪ ਕੀਏ ਪਾਲੇ ਸਹੇ ਅਡੰਗ॥ ਤਬਕੇ ਥਾਕੇ ਨਾਨਕਾ
ਅਬ ਹੀ ਮੁੰਡਾਏ ਅੰਗ ॥ ਤਬ ਤਿਸਕਾ ਪ੍ਰਮਾਰਥ ਕਹਾ ॥ ਸ੍ਰੀ ਗੁਰੂ ਨਾਨਕਜੀ ਕਹਿਆ ਮਰਦਾਨਿਆਂ ਤਪੋਂ ਰਾਜ ਤੇ ਰਾਜੋਂ ਨਰਕ ਹੁੰਦਾ ਹੈ ਅਤੇ ਜੋ ਕੋਈਆਯਾ ਹੈ ਸੋ ਦੁਖ ਸੁਖ ਪਿਛਲਾਈ ਲਿਖਾਇਕਰ ਲਿਆਂਵਦਾ ਹੈ ਆਪੋ ਆਪਣਾ ਲੇਖ ਭੋਗਦੇ ਹੈਨ ਤਾਂ ਮਰਦਾਨਾਂ ਗੁਰੂਜੀਦੀ ਪੈਰੀਂ ਆਪਿਆ ਤਾਂ ਸ੍ਰੀਗੁਰੂਜੀ ਓਥੋਂ ਚਲਦੇ ਚਲਦੇ ਬਨਾਰਸ

CC-0. Gurukul Kangri University Haridwar Collection. Digitized by S3 Foundation USA

ਜਾਇ ਵੜੇ ਇਕ ਚਉਂਕ ਵਿਚ ਸ੍ਰੀਗੁਰੂਜੀ ਜਾਇਬੈਠੇ ਤਾਂ ਬਾਬਾ ਜੀ ਆਸਣਲਾਯਾਸੀ ਜਾਂ ਸ੍ਰੀ ਗੰਗਾਜੀ ਦੇ ਇਸ਼ਨਾਨ ਕਰਨਵਾਸਤੇ ਪੰਡਿਤ ਚਤਰਦਾਸਜੀ ਚਲਿਆਸੀ ਤਾਂ ਮਹਾਰਾਜ ਜੀਦਾ ਭੇਖ ਦੇਖਕਰ ਓਥੇ ਠਹਿਰਗਿਆ ਤੇ ਸ੍ਰੀਗੁਰੂਜੀ ਤਾਈਂ ਨਮਸਕਾਰਕਰਕੇ ਬੈਠਗਿਆ ਅਤੇ ਆਖਿਓਸ ਹੇਭਗਤਜੀ ਤੇਰੇਪਾਸ ਸਾਲਗ੍ਰਾਮ ਨਹੀਂ ਤੁਲਸੀਕੀਮਾਲਾ ਨਹੀਂ ਸਿਮਰਨੀ ਨਾਹੀਂ ਗੋਪੀਚੰਦਨ ਕਾ ਟਿੱਕਾ ਨਹੀਂ ਅਤੇ ਤੂੰ ਭਗਤ ਕਹਾਉਂਦਾ ਹੈਂ ਅਰ ਭੇਖ ਸੰਤਾਂ ਕਾਹੈ ਸੋ ਤੂੰ ਕਿਆ ਭਗਤ ਪਾਈਹੈ ॥ ਤਾਂ ਸ੍ਰੀ ਬਾਬੇਜੀ ਆਖਿਆ ਮਰਦਾਨਿਆਂ ਰਬਾਬ ਵਜਾਇ॥ ਰਾਗ ਬਸੰਤ ਮਹਲਾ ੧ ॥ ਸਾਲਗਰਾਮ ਬਿਪ ਪੂਜ ਮਨਾਵੋ ਸੁਕ੍ਰਿਤ ਤੁਲਸੀ ਮਾਲਾ॥ ਰਾਮ ਨਾਮਜਪ ਬੇੜਾਬਾਂਧੋ ਦਯਾਕਰੋ ਦਇਆਲਾ ॥੧॥ ਕਾਹੇ ਕਲਰਾ ਸਿੰਚਹੁ ਜਨਮ ਗਵਾਵਹੁ ॥ਕਾਚੀ ਢਹਗਿ ਦਿਵਾਲ ਕਾਹੇ ਗਚਲਾਵਹੁ॥ ਰਹਾਉ ॥ ਤਾਂ ਫੇਰ ਪੰਡਿਤ ਕਹਿਆ ਏਹ ਬਸਤ ਤਉ ਕਲਰ ਕਉ ਸਿੰਚਣਾ ਹੋਯਾ ਅਤੇ ਓਹ ਵਸਤ ਕਉਣਹੈ ਜਿਸਨਾਲ ਧਰਤੀ ਸਿੰਚੀਐ ਅਤੇ ਪਰਮੇਸ਼ਰ ਮਿਲੇ ਤਾਂ ਸ੍ਰੀ ਬਾਬੇ ਨਾਨਕਜੀ ਪਉੜੀ ਆਖੀ ॥ ਕਾਮ ਕ੍ਰੋਧ ਦੁਇ ਕਰ ਬਸੋਲੇ ਗੋਡਹੁ ਧਰੜੀ ਭਾਈ॥ ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤ ਨ ਮੇਟਿਆ ਜਾਈ॥ ਤਾਂ ਫੇਰ ਪੰਡਿਤ ਪੁੱਛਿਆ ਹੇ ਭਗਤਜੀ ਧਰਤੀ ਸਿੰਚੇ ਬਿਨਾਂ ਹੀ ਕਿਉਂਕਰ ਹੋਵੇ ਅਤੇ ਮਾਲੀ ਕਿਤਬਿਧ ਆਪਣਾ ਕਰ ਜਾਣੈ॥ ਤਾਂ ਸ੍ਰੀ ਬਾਬੇ ਜੀ ਤੀਸਰੀ ਪਉੜੀ ਕਹੀ ॥ ਕਰ ਹਰਹਟਿ ਮਾਲ ਟਿੰਡ ਪਰੋਵਹੁ ਤਿਸ ਭੀਤਰ ਮਨ ਜੋਵਹੁ॥ ਅੰਮ੍ਰਿਤ ਸਿੰਚੋ ਭਰੋ ਕਿਆਰੇ ਤਉ ਮਾਲੀ ਕੇ ਹੋਵਹੁ ॥੩॥ ਤਾਂ ਚਤਰਦਾਸ ਪੰਡਿਤ ਕਹਿਆ ਜੀ ਤੁਸੀ ਪਰਮਹੰਸਹੋ ਅਤੇ ਜੀ ਅਸਾਡੀ ਮਤਇੰਦ੍ਰਿਆਂ ਕੀ ਜੀਤੀ ਮਲਨ ਹੈ ਬਗਲੇਕੀ ਨਿਆਂਈਂ॥ ਤਾਂ ਬਾਬੇਜੀ ਚਉਥੀ ਪਉੜੀ ਆਖੀ॥ ਬਗਲੇ ਤੇ ਪੁਨ ਹੰਸਲਾ ਹੋਵੈ ਜੇਤੂੰ ਕਰਹਿ ਦਇਆਲਾ॥ ਪ੍ਰਣਵਤ ਨਾਨਕ ਦਾਸਨਿ ਦਾਸਾ ਦਯਾ ਕਰਹੁ ਦਯਾਲਾ ॥੪॥ ਤਾਂ ਫੇਰ ਪੰਡਿਤ ਬੋਲਿਆ ਤੁਸੀ ਪਰਮੇਸ਼ਰ ਕੇ ਭਗਤ ਹੋ ਅਰ ਇਸ ਨਗਰੀਕੋ ਭੀ ਪਵਿੱਤ੍ਰ ਕਰਹੁ ਪਰ ਕੁਛ ਇਸਕਾ ਭੀ ਗੁਣਲੇਵਹੁ ਤਾਂ ਗੁਰੂ ਨਾਨਕਜੀ ਪੁੱਛਿਆ ਇਸਕਾ ਗੁਨ ਕੈਸਾਹੈ ਤਾਂ ਪੰਡਿਤ ਕਹਿਆ ਜੀ ਇਸਕਾ ਗੁਨ ਵਿੱਦਯਾ ਹੈ ਜਿਸ ਪੜ੍ਹੇਕੇ ਰਿੱਧ ਆਂਵਦੀਹੈ ਅਤੇ ਜਹਾਂ ਬੈਠੇ ਤਹਾਂਹੀ ਸੰਸਾਰ ਮੰਨਤਾ ਕਰਤਾਹੈ ਅਤੇ ਵਿੱਦਿਆ ਪੜ੍ਹਨੇ ਤੇ ਮਹੰਤ ਹੋਵੀਦਾ ਹੈ ਤਾਂ ਗੁਰੂ ਨਾਨਕਜੀ ਸ਼ਬਦ ਕਹਿਆ ਤਾਂ ਗੁਰੂ ਜੀ ਆਖਿਆ ਮਰਦਾਨਿਆ ਰਬਾਬ ਵਜਾਇ ॥ ਰਾਗ ਬਸੰਤ ਮਹਲਾ: ੧ ॥

ਰਾਜਾ ਬਾਲਕ ਨਗਰੀਕਾਢੀ ਦਸਟਾਂ ਨਾਲ ਪਿਆਰੋ॥ ਦੁਇ ਮਾਈ ਦੁਇ ਬਾਪਾ ਪੜੀਅਹਿ ਪੰਡਿਤ ਕਰੇ ਬੀਚਾਰੋ॥੧॥ ਸੁਆਮੀ ਪੰਡਿਤਾ ਤੁਮ ਦੇਹੁ ਮਤੀ॥ ਕਿਸ ਬਿਧਿ ਪਾਵਹੁ ਪ੍ਰਾਨਪਤੀ॥੧॥ਰਹਾਉ॥ ਭੀਤਰ ਅਗਨਿ ਬਨਾਸ ਪਤਿ ਮਉਲੀ ਸਾਗਰ ਪੰਡੈ ਪਾਇਆ॥ ਚੰਦ ਸੂਰਜ ਦੁਇ ਘਟਹੀ ਭੀਤਰ ਐਸਾ ਗਿਆਨ ਨ ਪਾਇਆ ॥੨॥ ਰਾਮ ਰਵੰਤਾ ਜਾਣੀਐ ਇਕ ਮਾਈ ਭੋਗ ਕਰੇਇ॥ ਤਾਂ ਕੇ ਲਖਣ ਜਾਣੀਅਹਿ ਖਿਮਾ

CC-0. Gurukul ... Digitized by eGangotri USA

ਧਨ ਸੰਗ੍ਰਹੇਇ ॥ ੩ ॥ ਕਹਿਆ ਸੁਨਹਿ ਨ ਖਾਇਆ ਮਾਨਹਿ ਤਿਨਹੀ ਸੇਤੀ ਵਾਸਾ ॥ ਨਵਤ ਨਾਨਕ ਦਾਸਨਿ ਦਾਸਾ ਖਿਨ ਤੋਲਾ ਖਿਨ ਮਾਸਾ ॥ ੪ ॥ ਤਾਂ ਫੇਰ ਚਤ੍ਰਦਾਸ ਪੰਡਿਤਨੇ ਬੇਨਤੀਕਰੀ ਹੇ ਦੀਨਾਨਾਥ ਏਹ ਜੋ ਅਸੀ ਸੰਸਾਰ ਕੇ ਭਾਈਂ ਪੜ੍ਹਾਵਤੇਹਾਂਜੀ ਉਸ ਪੜ੍ਹਾਵਨੇਕਰਕੇ ਕੁਛ ਪਰਮੇਸ਼ਰ ਕਾ ਨਾਮ ਪ੍ਰਾਪਤ ਹੋਵੇਗਾ ਕਿ ਨਹੀਂ ਤਾਂ ਸ੍ਰੀ ਗੁਰੂ ਜੀ ਪੁੱਛਿਆ ਹੇਸੁਆਮੀ ਪੰਡਿਤਾ ਤੁਮ ਕਿਆ ਵਸਤ ਪੜ੍ਹੇ ਹੋ ਅਰ ਕਿਆ ਸੰਸਾਰ ਕੋ ਪੜ੍ਹਾਵਤੇ ਹੋ ਅਰ ਚਾਟੜਿਆਂ ਜੋਗ ਕਿਆ ਪੜ੍ਹਾਵਤੇ ਹੋ ਤਾਂ ਪੰਡਿਤਨੇ ਕਹਿਆ ਜੀ ਵਾਚਾ ਪਾਰਬ੍ਰਹਮ ਕੈਸਿਉਂ ਪਹਿਲੇ ਪੱਟੀ ਪੜ੍ਹਾਵੋ ਸੰਸਾਰ ਜੋਗ ਏਹੀ ਤਰਾਂ ਚਾਟੜਿਆਂ ਕੋ ਪੜ੍ਹਾਵਤੇਹਾਂ ਜੀ ਤਾਂ ਸ੍ਰੀ ਗੁਰੂ ਜੀ ਉਸ ਪੰਡਿਤ ਪ੍ਰਤਿ ਰਾਗ ਰਾਮਕਲੀ ਓਅੰਕਾਰ ਮਹਲਾ ੧ ਸੁਨਾਯਾ

ਓਅੰਕਾਰ ਬ੍ਰਹਮਾ ਉਤਪਤਿ ॥ ਓਅੰਕਾਰ ਕੀਆ ਜਿਨਿ ਚਿਤਿ ॥ ਓਅੰਕਾਰ ਸੈਲ ਜੁਗ ਭਏ ॥ ਓਅੰਕਾਰ ਬੇਦ ਨਿਰਮਏ ॥ ਓਅੰਕਾਰ ਸਬਦ ਉਧਰੇ ॥ ਓਅੰਕਾਰ ਗੁਰਮੁਖ ਤਰੇ ॥ ਓਨਮ ਅਖਰ ਸੁਨਹੁ ਬੀਚਾਰ ॥ ਓਨਮ ਅਖਰ ਤ੍ਰਿਭਵਣਸਾਰ ॥੧॥ ਸੁਣ ਪਾਂਡੇ ਕਿਆ ਲਿਖਹੁ ਜੰਜਾਲਾ ॥ ਲਿਖ ਰਾਮ ਨਾਮ ਗੁਰਮੁਖ ਗੋਪਾਲਾ ॥ ੧ ॥ ਰਹਾਉ ॥ ਤਬਸ੍ਰੀਗੁਰੂ ਜੀ ਓਅੰਕਾਰ ਵੀਆਂ ਉਣੰਜਾ ਪਉੜੀ ਆਂਆਖੀਆਂ ਤਾਂ ਚਤਰਦਾਸ ਪੰਡਿਤ ਸ੍ਰੀ ਗੁਰੂ ਜੀਦੇ ਚਰਨਾਂ ਪਰ ਢਹਿ ਪਇਆ ਨਾਉਂ ਧਰੀਕ ਸਿੱਖ ਹੁਆ ਲਗਾ ਗੁਰੂ ਗੁਰੂ ਜਪਣ ਤਾਂ ਸ੍ਰੀ ਬਾਬਾ ਜੀ ਓਥੋਂ ਰਮਦੇ ਰਹੇ ॥ ਬੋਲੋ ਭਾਈ ਜੀ ਵਾਹਿਗੁਰੂ ॥੭੭॥

ਸਾਖੀ ਨਾਨਕ ਮਤੇ ਦੀ ਚਲੀ

ਤਾਂ ਸ੍ਰੀ ਗੁਰੂ ਨਾਨਕ ਜੀ ਓਥੋਂ ਮਤੇ ਕੋ ਚਲੇ ਤਾਂ ਓਥੇ ਜਾਇ ਪਹੁੰਚੇ ਸ੍ਰੀ ਬਾਬਾ ਜੀ ਇਕ ਬੋਹ ਭਲੇ ਜਾਇ ਬੈਠੇ ਪਰ ਓਹ ਬੋਹ ਕਈ ਬਰਸਾਂ ਦਾ ਸੁੱਕਿਆ ਸੀ ਉਹਾਂ ਜਾਇ ਧੂਆਂ ਪਾਇਆ ਤਾਂ ਓਹ ਬੋਹੜ ਹਰਿਆ ਹੋਇ ਗਿਆ ਤਾਂ ਸਿੱਧਾਂ ਦੇਖਿਆ ਕਿ ਭਾਈ ਏਹ ਕੋਈ ਸਾਧ ਆਇ ਬੈਠਾ ਹੈ ਪਰ ਸਿੱਧਾਂ ਪੁੱਛਿਆ ਹੇ ਬਾਲੇ ਤੂੰ ਕਿਸਦਾ ਸਿਖ ਹੁਆਹੈਂ ਅਤੇ ਦੀਖਿਆ ਕਿਸ ਤੇ ਲਈ ਹੈ ਤਾਂ ਗੁਰੂ ਬਾਬੇ ਜੀ ਸ਼ਬਦ ਉਚਾਰਿਆ ॥ ਰਾਗ ਸੂਹੀ ਮਹਲਾ ੧ ॥ ਕਉਣ ਤਰਾਜੀ ਕਵਣ ਭੁਲਾ ਤੇਰਾ ਕਵਣ ਸਰਾਫ ਬੁਲਾਵਾ ॥ ਕਉਣੁ ਗੁਰੂ ਕੈ ਪਹਿ ਦੀਖਿਆ ਲੇਵਾ ਕੈ ਪਹਿ ਮੁਲ ਕਰਾਵਾ ॥ ੧ ॥ ਮੇਰੇ ਲਾਲ ਜੀਉ ਤੇਰਾ ਅੰਤ ਨ ਜਾਣਾ ॥ ਤੂ ਜਲਿ ਥਲਿ ਮਹੀ ਅਲਿ ਭਰਪੁਰਲੀਣਾ ਤੂ ਆਪੇ ਸਰਬ ਸਮਾਣਾ ॥ ੧ ॥ ਰਹਾਉ ॥ ਮਨ ਤਰਾਜੀ ਚਿਤ ਭੁਲਾ ਤੇਰੀ ਸੇਵ ਸਰਾਫ ਕਮਾਵਾ ॥ ਘਟ ਹੀ ਭੀਤਰਿ ਸੋ ਸਹੁ ਤੋਲੀ ਇਨ ਬਿਧਿ ਚਿਤ ਰਹਾਵਾ ॥ ੨ ॥ ਆਪੇ ਕੰਡਾ ਤੋਲ ਤਰਾਜੀ ਆਪੇ ਤੋਲਣਹਾਰਾ ॥ ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ॥ ੩ ॥ ਅੰਧਲਾ ਨੀਚ ਜਾਤ ਪਰ ਦੇਸੀ ਖਿਨ ਆਵੈ ਤਿਲ ਜਾਵੈ ॥ ਤਾ ਕੀ ਸੰਗਤ ਨਾਨਕ ਰਹਿੰਦਾ ਕਿਉ ਕਰ ਮੂੜਾ ਪਾਵੈ ॥ ੪ ॥ ਤਾਂ ਸਿੱਧਾਂ ਆਖਿਆ ਬਾਲੇ ਤੁਮ ਜੋਗੀ ਹੋਵਹੁ ਭੇਖ ਲੇਵਹੁ ॥ ਤਾਂ ਸ੍ਰੀ ਗੁਰੂ ਜੀ ਸ਼ਬਦ ਕਹਿਆ ॥ ਰਾਗ ਸੂਹੀ ਲਲਤ ਵਿਚ ਮਹਲਾ ੧ ॥ ਜੋਗ ਨ ਖਿਥਾ ਜੋਗ ਨ ਡੰਡੈ ਜੋਗ ਨ ਭਸਮ

CC-0. Gurukul Kangri University Haridwar Collection. Digitized by S3 Foundation USA

ਚੜ੍ਹਾਈਐ॥ਜੋਗ ਨ ਮੁੰਡੀ ਮੂੰਡ ਮੁੰਡਾਈਐਜੋਗ ਨ ਸਿੰਙੀ ਵਾਈਐ॥ ਅੰਜਨਮਾਹਿ ਨਿਰੰਜਨ ਰਹੀਐ ਜੋਗਜੁਗਤ ਇਵ ਪਾਈਐ॥੧॥ਗਲੀ ਜੋਗਨ ਹੋਈ॥ ਏਕਦ੍ਰਿਸਟਕਰਸਮਸਰਜਾਣੈ ਜੋਗੀ ਕਹੀਐ ਸੋਈ॥ ੧ ॥ ਰਹਾਉ॥ ਜੋਗ ਨ ਬਾਹਰਮੜੀਮਸਾਣੀਜੋਗ ਨ ਤਾੜੀਲਾਈਐ ॥ਜੋਗ ਨ ਦੇਸ ਦਿਸੰਤਰ ਭਵੀਐ ਜੋਗ ਨ ਤੀਰਥਨ੍ਹਾਈਐ॥ਅੰਜਨ ਮਾਹਿ ਨਿਰੰਜਨਰਹੀਐ ਜੋਗ ਜੁਗਤ ਇਵਪਾਈਐ ॥੨ ॥ਸਤਿਗੁਰਭੇਟੈ ਤਾ ਸੰਸਾ ਚੂਕੈਧਾਵਤਵਰਜਿਰਹਾਈਐ ॥ ਨਿਝਰ ਝਰੈ ਸਹਿਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥ ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤ ਇਵ ਪਾਈਐ ॥ ੩ ॥ ਨਾਨਕ ਜੀਵਦਿਆ ਮਰ ਰਹੀਐ ਐਸਾ ਜੋਗ ਕਮਾਈਐ ॥ ਵਾਜੇ ਬਾਝਹੁ ਸਿੰਙੀ ਵਾਜੈ ਤਉ ਨਿਰਭਉ ਪਦ ਪਾਈਐ ॥ ਅੰਜਨ ਮਾਹਿ ਨਿਰੰਜਨ ਰਹੀਐ ਜੋਗ ਜੁਗਤਿ ਇਵ ਪਾਈਐ॥ ੪ ॥ ਤਬ ਸਿੱਧ ਆਦੇਸ ਆਦੇਸ ਕਹਿਕਰ ਆਖਨ ਲਗੇ ਭਾਈ ਏਹ ਕੋਈ ਮਹਾਂਪੁਰਖ ਹੈ ਜੋ ਇਸਦੇ ਬੈਠਿਆਂ ਬੋਝ ਹਰਿਆ ਹੋਇ ਗਿਆ ਤਾਂ ਸਿੱਧਾਂ ਨੇ ਡੰਡਉਤ ਕਰੀ ਤਾਂ ਸ੍ਰੀ ਗੁਰੂ ਜੀ ਓਥੋਂ ਚਲਦੇ ਰਹੇ ॥ ੭੯ ॥

ਸਾਖੀ ਵਣਜਾਰੇ ਨਾਲ ਹੋਈ

ਤਾਂ ਓਥੋਂ ਸ੍ਰੀ ਗੁਰੂਮਹਾਰਾਜ਼ਜੀ ਇਕ ਵਣਜਾਰਿਆਂ ਦੇ ਜਾਇਪਹੁੰਚੇ ਤਾਂ ਨ੍ਹਾਇਕਰ ਬਾਹਰ ਜਾਇ ਬੈਠੇ ਤਾਂਇਕ ਵਣਜਾਰੇ ਦੇਘਰਪੁੱਤ੍ਰ ਜਨਮਿਆਂਸੀਤਾਂ ਕੋਈ ਆਵੇ ਉਸਨੂੰ ਵਧਾਈ ਦੇਵੇ ਕੋਈ ਮੁਬਾਰਕ ਦੇਵੇ ਕੋਈ ਅਲਤਾ ਪਾ ਜਾਵੇ ਕੋਈ ਕੇਸਰਪਾਜਾਵੇ ਔਰਸੀਧਾ ਮੰਗਣ ਵਾਲਿਆਂ ਕੋ ਦੇਵੇ ਬੜੀਖੁਸ਼ੀ ਦੇ ਵਿਚ ਵੰਡਦਾ ਰਹਿਆ ਜਦ ਥੋੜਾ ਦਿਨ ਰਹਿਆ ਤਾਂ ਓਹ ਵਣਜਾਰਾਘਰਕੋ ਉਠਗਿਆ ਮਰਦਾਨਾਦੇਖਦਾਰਹਿਆ ਓਸਨੇਨਗੁਰੂਕੀਨ ਮਰਦਾਨੇ ਦੀ ਖ਼ਬਰ ਲੀਤੀ ਤਾਂ ਮਰਦਾਨੇਨੂੰਭੁੱਖ ਲਗੀਤਾਂ ਮਰਦਾਨੇ ਸ੍ਰੀਬਾਬੇਜੀਨੂੰ ਆਖਿਆ ਜੀ ਏਸਨੇ ਸਾਡੀ ਖ਼ਬਰਨਹੀਂਲੀਤੀ ਤੇਏਸਦੇ ਘਰ ਪੁਤ੍ਰ ਜਨਮਿਆ ਹੈ ਤੇਏਸਨੇ ਲੋਕਾਂ ਨੂੰ ਬਹੁਤਅੰਨ ਦਿਤਾਹੈ ਤੇਅਸਾਡੀ ਵਾਤ ਨਹੀਂ ਪੁੱਛੀ ਜੇ ਮੈਨੂੰ ਹੁਕਮ ਹੋਵੇ ਤਾਂਮੈਂਏਸਦੇਘਰ ਜਾਵਾਂਤੇਕੁਛ ਮੰਗਲਿਆਵਾਂਤਾਂਸ੍ਰੀਗੁਰੂ ਜੀ ਹੱਸਕੇ ਆਖਿਆ ਮਰਦਾਨਾਏਸਦੇਘਰਪੁਤ੍ਰਨਹੀਂ ਜਨਮਿਆ ਇਸਦੇ ਘਰ ਕਰਜ਼ਾਈ ਪੈਦਾ ਹੋਯਾਹੈ ਪਰ ਚਾਰ ਪਹਿਰ ਰਾਤ ਰਹੇਗਾ ਅਤੇ ਭਲਕੇ ਉਠ ਜਾਵੇਗਾ ਪਰ ਜੇ ਤੇਰੇ ਮਨ ਆਈ ਹੈ ਤਾਂ ਤੂੰ ਜਾਣ ਪਰਕੁਛਅਸੀਸਨਦੇਵੀਂ ਚੁਪਾਤਾਜਾਇ ਖੜਾਹੋਈਂ ਤਾਮਰਦਾਨੇ ਆਖਿਆ ਭਲਾ ਹੈਏਜੀਤਾਂਮਰਦਾਨਾਜਾਇ ਖੜਾਹੋਯਾਪਰਚੁਪਾਤਾ ਹੀ ਪਰ ਕਿਸੇ ਖਵਰਨਾ ਲੀਤੀ ਤਾਂ ਮਰਦਾਨਾ ਓਥੇ ਖੜੋਇਕਰਉਠਆਇਆ ਤੇਆਇਕਰ ਆਖਿਓਸੁ ਮੇਰੀ ਤਾਂ ਖਬਰ ਕਿਸੇ ਨਹੀਂ ਲੀਤੀ ਤਾਂ ਸ੍ਰੀ ਬਾਬੇ ਜੀ ਕਹਿਆ ਮਰਦਾਨਿਆਂ ਰਬਾਬਬਜਾਇਤਾਂਮਰਦਾਨੇਰਬਾਬ ਬਜਾਇਆ ਤਾਂ ਸ੍ਰੀ ਗੁਰੂਨਾਨਕਜੀ ਸ਼ਬਦ ਉਚਾਰਿਆ

ਸਿਰੀਰਾਗ ਮਹਲਾ ੧ ਘਰੁ ੧ ॥ ਪਹਿਲੇ ਪਹਿਰੈ ਰੈਣ ਕੇ ਵਣਜਾਰਿਆ ਮਿਤ੍ਰਾ ਹੁਕਮ ਪਇਆ ਗਰਭਾਸਿ॥ ਉਰਧ ਤਪ ਅੰਤਰਿਕਰੈ ਵਣਜਾਰਿਆ ਮਿਤ੍ਰਾ ਖਸਮ

CC-0. Gurukul Kangri University

ਸੇਤੀਅਰਦਾਸਿ ॥ ਖਸਮਸੇਤੀ ਅਰਦਾਸਵਖਾਣੈ ਉਰਧ ਧਿਆਨ ਲਿਵਲਾਗਾ ॥ ਨਾਮਰਜਾਦੁ ਆਇਆ ਕਲਿਭੀਤਰਿਬਾਹੁੜਜਾਂਸੀਨਾਗਾ ॥ ਜੈਸੀ ਕਲਮ ਵੁੜੀ ਹੈ ਮਸਤਕ ਤੈਸੀਜੀਅੜੇ ਪਾਸਿ॥ਕ ਹੁਨਾਨਕ ਪ੍ਰਾਣੀ ਪਹਿਲੈ ਪਹਿਰੈ ਹੁਕਮ ਪਇਆ ਗਰਭਾਸਿ ॥ ੧ ॥ ਦੂਜੇ ਪਹਿਰੈ ਰੈਣ ਕੈ ਵਣਜਾਰਿਆ ਮਿਤ੍ਰਾ ਵਿਸਰ ਗਇਆ ਧਿਆਨ ॥ ਹਥੋ ਹਥ ਨਚਾਈਐ ਵਣਜਾਰਿਆ ਮਿਤ੍ਰਾ ਜਿਉ ਜਸੁਧਾ ਘਰ ਕਾਨ ॥ ਹਥੋ ਹਥ ਨਚਾਈਐ ਪ੍ਰਾਣੀ ਮਾਤ ਕਹੈ ਸੁਤ ਮੇਰਾ ॥ ਚੇਤ ਅਚੇਤ ਮੂੜ ਮਨ ਮੇਰੇ ਅੰਤ ਨਹੀ ਕਛ ਤੇਰਾ ॥ ਜਿਨ ਰਚਿ ਰਚਿਆ ਤਿਸਹਿ ਨ ਜਾਣੈ ਮਨਿ ਅੰਤਰ ਧਰਗਿਅਨ ॥ਕਹੁਨਾਨਕ ਪ੍ਰਾਣੀਦੂਜੈਪਹਿਰੈਵਿਸਰਗਇਆਧਿਆਨ ॥ ੨ ॥ ਤੀਜੈ ਪਹਿਰੈ ਰੈਣਕੈ ਵਣਜਾਰਿਆ ਮਿੱਤ੍ਰਾ ਧਨ ਜੋਬਨ ਸਿਉ ਚਿਤ ॥ ਹਰਿ ਕਾ ਨਾਮ ਨ ਚੇਤਈ ਵਣਜਾਰਿਆ ਮਿਤ੍ਰਾ ਬਧਾ ਛੁਟੈ ਜਿਤ ॥ ਹਰਿ ਕਾ ਨਾਮ ਨ ਚੇਤੈਪ੍ਰਾਣੀਬਿਕਲਛੁਇਆਸੰਗ ਮਾਇਆ ॥ ਧਨਸਿਉਰਤਾਜੋਬਨ ਮਤਾ ਅਹਿਲਾ ਜਨਮ ਗਵਾਇਆ ॥ ਧਰਮ ਸੇਤੀ ਵਾਪਾਰ ਨ ਕੀਤੋ ਕਰਮ ਨ ਕੀਤੋ ਮਿਤ॥ਕਹੁਨਾਨਕਤੀਜੈ ਪਹਿਰੈ ਪ੍ਰਾਣੀ ਧਨ ਜੋਬਨਸਿਉ ਚਿਤ॥੩॥ਚਉਥੈ ਪਹਿਰੈ ਰੈਣਕੈ ਵਣਜਾਰਿਆਮਿਤ੍ਰਾ ਲਾਵੀ ਆਧਾ ਖੇਤ ॥ ਜਾ ਜਮ ਪਕੜ ਚਲਾਇਆ ਵਣ ਜਾਰਿਆ ਮਿਤ੍ਰਾ ਕਿਸੈ ਨ ਮਿਲਿਆਭੇਤ॥ਚੇਤ ਹਰਿਕਿਸੈ ਨਮਿਲਿਆਜਾ ਜਮ ਪਕੜ ਚਲਾਇਆ॥ਛੂਠਾ ਰੁਦਨ ਹੋਆ ਦੁਆਲੈ ਖਿਨ ਮਹਿ ਭਇਆ ਪਰਾਇਆ ॥ ਸਾਈ ਵਸਤ ਪ੍ਰਾਪਤਿ ਹੋਈ ਜਿਸ ਸਿਉ ਲਾਇਆ ਹੇਤ ॥ ਕਹੁਨਾਨਕਪ੍ਰਾਣੀਚਉਥੈ ਪਹਿਰੈਲਾਵੀਲੁਣਿਆਖੇਤ॥ ੪ ॥ ਜਬਅਗਲਾ ਦਿਨ ਹੋਇਆ ਤਬ ਓਹ ਲੜਕਾ ਚਲ ਗਿਆ ਤਾਂ ਰੋਂਦੇ ਪਿੱਟਦੇਨਿਕਲੇ ਤਾਂ ਮਰਦਾਨੇ ਅਰਜ਼ ਕੀਤੀ ਜੀਇਸਦੇਬਾਬ ਕਿਆ ਵਰਤੀ ਜੀ ਕੱਲਤਾਂ ਅਲਤਾ ਪਾਂਵਦੇ ਆਹੇ ਤੇ ਹਸਦੇ ਖੇਡਦੇ ਹੈਸਨ ਵਤ ਕਿਆ ਬਣੀਤਾਂ ਸ੍ਰੀ ਗੁਰੂ ਬਾਬੇਜੀ ਇਕ ਸ਼ਲੋਕ ਦਿੱਤਾ ॥ ਜਿਸ ਮੁਖ ਮਿਲੇ ਮੁਬਾਰਖਾਂ ਲਖ ਲਖ ਮਿਲੇ ਅਸੀਸ ॥ ਸੋ ਮੋਹਿ ਫੇਰ ਪਵਾਈਅਨ ਤਨ ਮਨ ਸਹੈ ਕਸੀਸ ॥ ਇੱਕ ਮੁਏ ਇੱਕ ਦੱਬੀਅਨ ਇੱਕ ਦਿੱਚਨ ਨਦੀ ਵਹਾਇ॥ ਗਈ ਮੁਬਾਰਖ ਨਾਨਕਾ ਹੈਹੈ ਪਹੁਤੀ ਆਇ॥ਤਾਂ ਗੁਰੂ ਨਾਨਕਜੀ ਓਥੋਂ ਰਮਦੇ ਰਹੇ ॥ ਬੋਲਹੁ ਭਾਈ ਜੀ ਵਾਹਿਗੁਰੂ ॥ ੭੯ ॥

ਸਾਖੀ ਦੋਂਹ ਸਿੱਖਾਂ ਦੀ ਚਲੀ

ਤਾਂਸ੍ਰੀਗੁਰੂ ਨਾਨਕ ਜੀ ਜਾਂਦੇਜਾਂਦੇ ਇਕ ਜਗਾ ਜਾਇਬੈਠੇ ਤਾਂ ਮਰਦਾਨੇ ਆਖਿਆ ਗੁਰੂਜੀ ਚਉਮਾਸਾ ਏਥੇਹੀ ਰਹੀਏ ਤਾਂ ਗੁਰੂ ਜੀ ਆਖਿਆ ਮਰਦਾਨਾ ਕੋਈ ਪਿੰਡ ਜਾਂ ਕੋਈ ਸ਼ਹਿਰ ਆਵਸੀਤਾਂਬੈਠਕੇ ਚਉਮਾਸਾ ਕਟ ਲਵਾਂਗੇ ਏਹ ਬਾਤਾਂ ਕਰਦੇ ਕਰਦੇ ਇਕ ਨਗਰ ਆਯਾ ਤਾਂ ਓਸ ਨਗਰਦੇ ਬਾਹਿਰ ਏਕ ਕੋਸ ਪਰ ਜਾਇਬੈਠੇ ਅਤੇ ਓਸ ਸ਼ਹਿਰਵਿਚ ਇਕ ਖੱਤ੍ਰੀਦਾ

CC-0. Gurukul Kangri University Haridwar Collection. Digitized by S3 Foundation USA

ਲਾਂਗ ਸੀ ਪਰ ਇਕਦਿਨ ਓਹ ਖੱਤ੍ਰੀ ਬਾਹਰ ਜੋ ਆਯਾ ਤੇ ਕਿਆ ਦੇਖੇ ਜੋ ਸਾਧ ਬੈਠੇ ਹੈਨ ਓਸ ਖੱਤ੍ਰੀ ਸ੍ਰੀ ਗੁਰੂ ਜੀ ਦੇ ਅੱਗੇ ਮੱਥਾ ਟੇਕਿਆ ਤੇ ਬੈਠ ਗਿਆ ਘੜੀਕੁ ਬੈਠ ਕਰ ਆਪਣੇ ਘਰ ਚਲਾ ਗਿਆ ਇਸੀ ਤਰਾਂ ਓਸਦਾ ਨੇਮ ਹੋ ਰਹਿਆ ਕਿ ਰੋਜ਼ ਸ੍ਰੀ ਗੁਰੂ ਜੀ ਕਾ ਦਰਸ਼ਨ ਕਰਨ ਜਾਵੇ ਤਾਂ ਓਸਦਾ ਇਕ ਹਮਸਾਯਾ ਸੀ ਓਸਨੇ ਕਹਿਆ ਕਿ ਭਾਈ ਤੂੰ ਕਿੱਥੇ ਜਾਂਦਾ ਹੈਂ ਓਸਨੇ ਆਖਿਆ ਭਾਈ ਮੈਂ ਇਕ ਸੰਤ ਹੈਨ ਓਨਾਂ ਦਾ ਦਰਸ਼ਨ ਕਰਨ ਜਾਂਦਾ ਹਾਂ ਤਾਂ ਓਸਨੇ ਕਹਿਆ ਭਾਈ ਮੈਨੂੰ ਭੀ ਲੈ ਚਲ ਅੱਗੋਂ ਓਸਨੇ ਕਹਿਆ ਕਿ ਭਾਈ ਜੇ ਕਰ ਤੇਰੀ ਸਰਧਾ ਹੈ ਤਾਂ ਤੂੰ ਭੀ ਚਲਿਆ ਚਲ ਤਾਂ ਓਹ ਖੱਤ੍ਰੀ ਵੀ ਓਸਦੇ ਨਾਲ ਤੁਰ ਪਿਆ ਪਰ ਓਹ ਤਾਂ ਰੋਜ਼ਦਾ ਨੇਮੀ ਗੁਰੂ ਜੀ ਦੇ ਦਰਸ਼ਨ ਕਉ ਆਯਾ ਅਤੇ ਓਹ ਇਕ ਰੰਡੀ ਦੇ ਘਰ ਜਾ ਇ ਵੜਿਆ ਓਸਦੇ ਨਾਲ ਮੁਲਾਕਾਤ ਹੋ ਗਈ ਅਤੇ ਜੋ ਓਹ ਸਿੱਖ ਸੀ ਓਸਨੇ ਏਹ ਨੇਮ ਕੀਤਾ ਹੋਯਾ ਸੀ ਕਿ ਬਗ਼ਰ ਦਰਸ਼ਨ ਤੋਂ ਹੋਰ ਕੁਛ ਨਹੀਂ ਮੰਗਣਾ ਤੇ ਹੱਟੀ ਥੀਂ ਰੋਜ਼ ਇਕੱਠੇ ਤੁਰਨ ਤਾਂ ਓਹ ਗੁਰੂ ਪਾਸ ਜਾਏ ਤੇ ਓਹ ਓਸ ਲੋਲੀ ਦੇ ਗ੍ਰਿਹ ਮੋਂ ਜਾਵੇ ਜਾਂ ਕਿਤਨੇ ਹੀ ਦਿਨ ਹੋਗਏ ਏਹੁ ਹੀ ਕਰਦਿਆਂ ਤਾਂ ਓਸ ਨੇ ਅਪਨੇ ਚਿੱਤ ਵਿਚ ਵਿਚਾਰ ਕੀਤੀ ਭਾਈ ਮੈਂ ਤਾਂ ਕੁਕਰਮ ਕਰਨ ਜਾਂਦਾ ਹਾਂ ਤੇ ਏਹ ਆਪਨੇ ਗੁਰੂ ਦਾ ਦਰਸ਼ਨ ਕਰਨ ਜਾਂਦਾ ਹੈ ਪਰ ਇਸਦੇ ਨਾਲ ਕੋਈ ਬਾਤ ਕਰੀਏ ਤਾਂ ਓਸਨੇ ਓਸ ਗੁਰੂ ਕੇ ਦਰਸ਼ਨ ਕਰਨ ਵਾਲੇ ਸਿੱਖ ਨੂੰ ਆਖਿਆ ਭਾਈ ਤੂੰ ਗੁਰੂ ਕੇ ਦਰਸ਼ਨ ਨੂੰ ਜਾਂਦਾ ਹੈਂ ਤੇ ਮੈਂ ਕੁਕਰਮ ਕਰਨ ਜਾਂਦਾ ਹਾਂ ਪਰ ਅਜ ਤੇਰੀ ਮੇਰੀ ਏਹ ਸ਼ਰਤ ਹੋਈ ਕਿ ਜੇ ਮੈਂ ਅੱਗੋਂ ਆਵਾਂ ਤਾਂ ਏਸ ਜਗਾ ਬੈਠਨਾ ਜੇ ਤੂੰ ਅੱਗੋਂ ਆਵੇਂ ਤਾਂ ਤੂੰ ਏਥੇ ਆ ਬੈਠਣਾ ਏਹ ਕਰਾਰ ਕਰਕੇ ਓਹ ਦੋਵੇਂ ਆਪਣੇ ਆਪਣੇ ਨੇਮ ਨੂੰ ਗਏ ਓਹ ਜਦੋਂ ਗਿਆ ਤਾਂ ਓਹ ਲੋਲੀ ਘਰ ਨਹੀਂ ਸੀ ਤਾਂ ਓਹ ਵਿਚਾਰਾ ਦਿਲਗੀਰ ਹੋਇਕਰ ਆਪਣੇ ਟਿਕਾਣੇ ਪਰ ਆਇ ਬੈਠਾ ਪਰ ਬੜਾ ਫਿਕਰ ਨਾਲ ਬੈਠਕਰ ਲਗਾ ਧਰਤੀ ਖੋਦਨੇ ਤਾਂ ਖੋਦਦਿਆਂ ਖੋਦਦਿਆਂ ਇਕ ਚਟੂਰਾ ਨਿਕਲ ਆਯਾ ਓਸ ਖੋਲਕੇ ਦੇਖਿਆ ਤਾਂ ਇਕ ਮੋਹਰ ਹੈ ਤੇ ਹੋਰ ਸਭ ਕੋਲੇ ਭਰੇ ਹੋਏ ਹੈਨ ਅਤੇ ਓਹ ਵਿਚਾਰਾ ਜਬ ਸ੍ਰੀ ਗੁਰੂ ਜੀ ਦੇ ਪਾਸੋਂ ਮੱਥਾ ਟੇਕਕੇ ਚਲਿਆ ਤੇ ਰਸਤੇ ਵਿਚ ਓਸਨੂੰ ਇੱਕ ਕੰਡਾ ਲਗਾ ਪਰ ਓਹ ਵਿਚਾਰਾ ਆਪਣਾ ਕਪੜਾ ਫਾੜਕੇ ਤੇ ਪੈਰਨੂੰ ਬੰਨ੍ਹ ਕੇ ਆਸਤੇ ਆਸਤੇ ਓਥੇ ਆਯਾ ਇਕ ਜੁੱਤੀ ਚੜ੍ਹੀ ਅੰਰ ਇਕ ਜੁੱਤੀ ਭੰਨੀ ਹੋਈ ਤਾਂ ਓਸਨੇ ਦੇਖਕ ਰਆਖਿਆ ਭਾਈ ਦੂਜੀ ਜੁੱਤੀ ਕਿਉਂ ਨਹੀਂ ਚਾੜ੍ਹਦਾ ਤਾਂ ਓਸਨੇ ਆਖਿਆ ਭਾਈ ਜੀ ਮੇਰੇ ਪੈਰ ਵਿਚ ਕੰਡਾ ਚੁਭਿਆ ਹੈ ਓਸਨੇ ਅੱਗੋਂ ਮਸਕਰੀ ਕੀਤੀ ਦੇਖ ਭਾਈ ਮੈਨੂੰ ਤਾਂ ਮੋਹਰ ਲੱਭੀ ਹੈ ਤੇ ਤੈਨੂੰ ਕੰਡਾ ਚੁਭਿਆ ਹੈ ਮੈਂ ਜਾਵਾਂ ਪਾਪ ਕਰਨ ਤੇ ਤੂੰ ਜਾਂਦਾ ਹੈਂ ਸਾਧੂ ਕਾ ਦਰਸਨ ਕਰਨ ਅਤੇ ਏਹ ਕਿਆ ਹੂਆ ਹੈ ਤਾਂ ਫੇਰ ਓਨਾਂ ਦੋਹਾਂ ਇਕੱਠੇ ਹੋਇਕਰ ਸ੍ਰੀ ਗੁਰੂ ਜੀ ਦੇ ਪਾਸ ਜਾਇਕਰ ਆਪਣੀ ਹਕੀਕਤ ਕਹੀ ਤੇ ਸ੍ਰੀ ਗੁਰੂ ਜੀ ਓਨਾਂ ਦੀ ਵਾਰਤਾ ਸੁਣਕਰ ਕਹਿਣ ਲੱਗੇ ਭਾਈ ਚੁਪਕਰ ਰਹੋ ਤਾਂ ਓਨਾਂ ਫੇਰ ਹੱਥ ਜੋੜ ਕਰ ਆਖਿਆ ਹੇ ਦੀਨਾਨਾਥ ਜੀ ਅਸਾਡਾ ਭਰਮ ਦੂਰ ਕਰੋ ਜੀ ਤਾਂ ਸ੍ਰੀ ਬਾਬਾ ਜੀ ਬਚਨ ਕੀਤਾ

CC-0. Gurukul ... Foundation USA

ਭਾਈ ਤੂੰ ਪਿਛਲੇ ਜਨਮ ਇਕ ਸਾਧ ਨੂੰ ਇਕ ਮੋਹਰ ਦਿੱਤੀ ਸੀ ਤਾਂ ਓਸ ਮੋਹਰ ਦੇਣ ਦੇ ਬਦਲੇ ਓਹ ਸਭ ਚਟੂਰਾ ਮੋਹਰਾਂ ਦਾ ਹੋਇ ਗਇਆ ਪਰ ਭਾਈ ਹੁਨ ਜੋ ਤੂੰ ਬਿਕਾਰ ਕਰਦਾ ਰਿਹਾਹੈਂ ਇਸਕਰਕੇ ਸਭ ਮੋਹਰਾਂ ਦੇ ਕੋਇਲੇ ਹੋਇ ਗਏ ਅਤੇ ਏਹ ਜੋ ਸਾਡਾ ਦਰਸ਼ਨ ਕਰ ਜਾਂਦਾ ਰਹਿਆ ਹੈ ਇਸਦੇ ਭਾਗਾਂ ਵਿਚ ਸੂਲੀ ਲਿਖੀ ਹੋਈਸੀ ਪਰ ਜਿਉਂ ਜਿਉਂ ਸੇਵਾ ਨੂੰ ਆਉਂਦਾ ਰਹਿਆ ਹੈ ਤਿਉਂ ਤਿਉਂ ਸੂਲੀਦਾ ਕੰਡਾ ਹੋਇਗਇਆ ਜਬ ਏਹ ਬਚਨ ਸ੍ਰੀਬਾਬੇ ਜੀਦਾ ਸੁਣਿਆਂ ਤਾਂ ਓਹਦੋਨੋਂ ਸਿੱਖ ਪੈਰਾਂ ਤੇ ਢਹਿਪਏ ਤਾਂ ਗੁਰੂ ਜੀ ਉਨਾਂ ਸਿੱਖਾਂ ਪਰ ਕ੍ਰਿਪਾ ਦ੍ਰਿਸ਼ਟ ਕਰੀ ਅਤੇ ਨਾਮਕਾ ਉਪਦੇਸ਼ ਕੀਤਾ ਤੇ ਸਿੱਖ ਹੋਏ ਲਗੇ ਗੁਰੂਗੁਰੂ ਜਪਣ ਤਾਂ ਸ੍ਰੀ ਗੁਰੂ ਬਾਬੇ ਜੀ ਸ਼ਬਦ ਕਹਿਆ ॥ ਰਾਗ ਮਾਰੂ ਮਹਲਾ ੧ ॥

ਕਰਣੀ ਕਾਗਦ ਮਨ ਮਸਵਾਣੀ ਬੁਰਾਭਲਾ ਦੁਇਲੇਖ ਪਏ ॥ ਜਿਉ ਜਿਉ ਕਿਰਤ ਚਲਾਵੈ ਤਿਉ ਚਲਈ ਤਉ ਗੁਣ ਨਾਹੀ ਅੰਤ ਹਰੇ ॥੧॥ ਰਹਾਉ॥ ਜਾਲੀ ਰੈਣ ਜਾਲ ਦਿਨ ਹੁਆ ਜੇਤੀ ਘੜੀ ਫਾਹੀ ਤੇਤੀ ॥ ਰਸਰਸ ਚੋਗ ਚੁਗਹਿ ਨਿਤਫਾਸਹਿ ਛੂਟਸਿਮੂੜੇ ਕਵਣਗੁਣੀ॥ ੨ ॥ ਕਾਇਆ ਅਹਿਰਣ ਮਨ ਵਿਚ ਲੋਹਾ ਪੰਚਅਗਨਿ ਤਿਤ ਲਾਗ ਰਹੀ ॥ਕੋਇਲੇ ਪਾਪ ਪੜਹਿ ਤਿਸ ਊਪਰ ਮਨਿ ਜਲਿਆ ਸੰਨੀ ਚਿੰਤ ਭਈ॥ ੩ ॥ਭਇਆ ਮਨੂਰ ਕੰਚਨ ਫਿਰ ਹੋਵੈ ਜੇਗੁਰ ਮਿਲੇ ਤਿਨੇਹਾ ॥ ਏਕ ਨਾਮ ਅੰਮ੍ਰਿਤ ਤਿਸ ਦੇਵੈ ਤਉ ਨਾਨਕ ਤ੍ਰਿਸਟਸਿਦੇਹਾ ॥ ੪ ॥

ਭਾਂਉਥੋਂ ਸ੍ਰੀ ਗੁਰੂਨਾਨਕਜੀ ਉਨਕਉ ਸਿੱਖਕਰਕੇ ਅਤੇ ਚਉਮਾਸਾਕੱਟਕੇ ਰਮਦੇਰਹੇ॥੮੦॥

ਸਾਖੀ ਸ੍ਰੀ ਗੰਗਾ ਜੀ ਕੀ ਚਲੀ

ਇਕ ਦਿਨ ਸ੍ਰੀ ਗੁਰੂ ਜੀ ਚਲਦੇ ੨ ਹਰਿ ਦੁਆਰ ਉਪਰ ਜਾਇਖੜੇਹੋਏ ਤਾਂ ਪੂਰਬ ਦਿਸਾ ਉਪਰ ਜਾਇਬੈਠੇ ਜਾਂ ਦੇਖਣਭਾਂਕਈਲੱਖਾਂ ਮਨੁੱਖ ਨ੍ਹਾਂਵਦੇ ਹੈਨ ਕਈ ਸਹੱਸਰ ਪਾਸਾ ਕਰ ਰਹੇ ਹੈਨ ਪਰ ਪਾਣੀ ਜੋ ਦੇਂਦੇਹੈਨ ਸੋ ਸੂਰਜ ਦੀ ਕੰਡ ਦੇਂਦੇ ਹੈਨ ਪਰ ਸ੍ਰੀਬਾਬੇਜੀਨੂੰ ਦਿਬ ਦ੍ਰਿਸ਼ਟ ਅਤੇ ਲੋਕਾਂਨੂੰਚੰਮਦ੍ਰਿਸ਼ਟੀਸੀ ਤਾਂ ਸ੍ਰੀ ਬਾਬੇਜੀਆਪਣੀ ਦ੍ਰਿਸ਼ਟੀ ਨਾਲ ਦੇਖਿਆ ਤਾਂ ਸ੍ਰੀ ਗੰਗਾਮੇਂ ਸੰਸਾਰ ਨ੍ਹਾਂਵਦਾਹੈ ਬਾਬੇਜੀਦੀ ਦ੍ਰਿਸ਼ਟੀਤਲੇ ਕੋਈਨਹੀਂ ਨ੍ਹਾਂਵਦਾ ਤਾਂ ਸ੍ਰੀ ਗੁਰੂ ਜੀ ਗੰਗਾ ਵਿਚ ਨ੍ਹਾਵਣ ਵੜੇ ਜਿਥੇ ਲੋਕ ਉਗਵਣ ਦੀ ਤਰਫ ਪਾਣੀ ਦੇਵਣ ਤਾਂ ਬਾਬਾ ਜੀ ਆਥਣ ਦੀ ਤਰਫ ਪਾਣੀ ਦੇਵਨ ਲੱਗੇ ਤਾਂਲੋਕਾਂ ਆਖਿਆ ਭਾਈ ਪਰਮੇਸ਼ਰਕਿਆਤੂੰ ਹਿੰਦੂ ਹੈਂਕਿ ਮੁਸਲਮਾਨਹੈਂ ਸੱਚਕਹੁਤਾਂਸ੍ਰੀਬਾਬੇ ਜੀਆਖਿਆ ਭਾਈਹੌਂ ਹਿੰਦੂਹਾਂ ਤਾਂ ਉਨਾਂਆਖਿਆ ਦੇਵਦੇ ਸਵਾਰਿਆ ਇਸ ਤਰਫ ਪਾਣੀਤੂੰਕਿਉਂ ਦੇਂਦਾਹੈਂ ਤਾਂਬਾਬੇਨੇ ਆਖਿਆ ਤੁਸੀ ਪਾਣੀ ਕਿਸਨੂੰ ਦੇਂਦੇਹੋ ਤਾਂ ਓਨਾ ਲੋਕਾਂਨੇ ਆਖਿਆ ਕਿ ਅਸੀ ਪਿਤਰਾਂਨੂੰ ਪਾਣੀ ਦੇਂਦੇ ਹਾਂ ਤੇ ਤੂੰ ਕਿਸਨੂੰ ਦੇਂਦਾਹੈਂ ਸ੍ਰੀ ਬਾਬੇਜੀਨੇ ਕਹਿਆ ਤੁਸਾਡੇ ਪਿਤਰ ਕਿਥੇ ਹੈਨ ਤਾਂ ਉਨਾਂ ਆਖਿਆ ਜੀ ਸਾਡੇ ਪਿਤਰਦੇਵਲੋਕ ਮੈਂ ਹੈਨ ਤਾਂ ਸ੍ਰੀ ਗੁਰੂਜੀ ਕਹਿਆ ਭਾਈ ਦੇਵਲੋਕ ਮਿਰਤਲੋਕ ਸੇ

CC-0. Gurukul Kangri University Haridwar Collection. Digitized by S3 Foundation USA

ਕਿਤਨਾਂ ਹੈ ਤਾਂਉਨਾਂ ਲੋਕਾਂ ਆਖਿਆ ਜੀ ਸਾਢੇ ਉਣੰਜਾ ਕਰੋੜ ਕੋਸ ਹੈ ਜੀ ਅਸੀ ਉਸ ਥਾਂਵ ਨੂੰ ਪਾਣੀ ਦੇਂਦੇ ਹਾਂ ਤਾਂ ਬਾਬੇ ਜੀ ਆਖਿਆ ਭਾਈ ਓਥੇ ਅੱਪੜੇਗਾ ਤਾਂ ਉਨਾਂ ਕਹਿਆ ਜੀ ਸ਼ਾਸਤ੍ਰ ਆਖਦਾ ਹੈ ਜੋ ਅੱਪੜੇਗਾ ਜਾਂ ਸ੍ਰੀ ਬਾਬੇ ਜੀ ਨੇ ਏਹ ਬਾਤ ਸੁਣੀ ਤਾਂ ਅੱਗੇ ਥੋੜਾ ਪਾਣੀ ਦੇਂਦੇ ਸਨ ਫੇਰ ਸਗੋਂ ਵਧੇਰੇ ਪਾਣੀ ਦੇਨ ਲਗੇ ਤਾਂ ਫੇਰ ਉਨਾਂ ਲੋਕਾਂ ਆਖਿਆ ਜੋ ਭਾਈ ਤੂੰ ਏਹ ਪਾਣੀ ਕਿਸਨੂੰ ਦੇਂਦਾ ਹੈਂ ਤਾਂ ਸ੍ਰੀ ਗੁਰੂ ਆਖਿਆ ਭਾਈ ਮੇਰਾ ਇਕ ਖੇਤ ਹੈ ਓਹ ਸੁਕ ਦਾ ਹੈ ਓਥੇ ਵਡੇ ਵਡੇ ਮੀਂਹ ਪਉਂਦੇ ਹੈਨ ਪਰ ਓਥੇ ਇਕ ਬੂੰਦ ਪਾਣੀ ਦੀ ਨਹੀਂ ਠਹਿਰਦੀ ਇਸ ਵਾਸਤੇ ਮੈਂ ਉਸਨੂੰ ਪਾਣੀ ਦੇਂਦਾ ਹਾਂ ਤਾਂ ਉਨਾਂ ਲੋਕਾਂ ਆਖਿਆ ਭਾਈ ਓਥੇ ਕਿਉਂ ਕਰ ਅੱਪੜੇਗਾ ਤਾਂ ਸ੍ਰੀ ਗੁਰੂ ਜੀ ਆਖਿਆ ਭਾਈ ਤੁਸਾਡੇ ਪਿਤਰ ਤਾਂ ਦੂਰ ਹੈਨ ਤੇ ਮੇਰਾ ਖੇਤ ਰਤਾਂ ਨੇੜੇ ਹੈ ਉਥੇ ਕਿਉਂ ਨਾ ਅੱਪੜੇਗਾ ਕਿਉਂ ਜੋ ਪਿਤਰ ਲੋਕ ਨਾਲੇ ਦੂਰ ਹੈ ਨਾਲੇ ਉਚਾ ਹੈ ਉਥੇ ਪਾਣੀ ਅੱਪੜਸੀ ਤੇ ਮੇਰਾ ਖੇਤ ਰਤਾਂ ਢਾਈ ਸੌ ਕੋਸ ਪਰ ਹੈ ਉਥੇ ਕਿਉਂ ਨਾ ਜਾਸੀ॥ਜਦ ਏਹ ਬਾਤ ਉਨਾਂ ਲੋਕਾਂ ਨੇ ਸੁਣੀ ਤਾਂ ਮਨ ਵਿਚ ਲਗੇ ਕਹਿਣ ਭਾਈ ਏਹ ਕੋਈ ਕਮਲਾ ਨਹੀਂ ਏਹ ਤਾਂ ਆਪ ਕੋਈ ਮਹਾਂ ਪੁਰਖ ਹੈ ਤਾਂ ਸਭ ਲੋਕ ਆਇ ਪੈਰੀ ਪਏ ਅਤੇ ਬਾਹਿਰ ਨ੍ਹਾਇ ਕਰ ਨਿਕਲੇ ਤਾਂ ਲਗੇ ਗਾਇਤ੍ਰੀ ਪਾਠ ਕਰਨ ਤਾਂ ਸ੍ਰੀ ਬਾਬੇ ਜੀ ਆਖਿਆ ਹਾਇ ਹਾਇ ਲੋਕਾ ਏਹ ਹਿੰਦੂ ਲੋਕ ਨਰਕ ਨੂੰ ਜਾਂਦੇ ਹੈਨ ਤਾਂ ਉਨਾਂ ਲੋਕਾਂ ਆਖਿਆ ਜੀ ਪਰਮੇਸ਼ਰ ਦਾ ਨਾਮ ਲਿਆਂ ਵੀ ਨਰਕ ਨੂੰ ਜਾਈ ਦਾ ਹੈ ਤਾਂ ਗੁਰੂ ਨਾਨਕ ਜੀ ਆਖਿਆ ਭਾਈ ਨਾਮ ਕਿਉਂ ਕਰ ਲਈਦਾ ਹੈ ਇਕ ਨੂੰ ਆਖਿਆ ਤੂੰ ਮਾਲਾ ਏਥੇ ਫੇਰਦਾ ਹੈਂ ਤੇਰਾ ਧਿਆਨ ਘਰ ਨੋਰੂ ਨਾਲ ਗੱਲਾਂ ਕਰਦਾ ਹੈ ਅਤੇ ਇਕ ਸਨੂੰ ਆਖਿਆ ਤੂੰ ਭਜਨ ਐਥੇ ਕਰਦਾ ਹੈਂ ਤੇ ਮਨ ਤੇਰਾ ਅਮਕੇ ਅਸਥਾਨ ਫਿਰਦਾ ਹੈ ਜਿੱਥੇ ਜਿੱਥੇ ਕਿਸੇ ਦਾ ਮਨ ਹੈਗਾ ਸੀ ਓਥੇ ਓਥੇ ਗੁਰਾਂ ਨੇ ਦੱਸ ਦਿੱਤਾ ਤਾਂ ਉਨਾਂ ਲੋਕਾਂ ਆਖਿਆ ਭਾਈ ਏਹ ਪਰਮੇਸ਼ਰ ਹੈ ਜਿਸਨੇ ਸਾਡੇ ਮਨ ਦੀਆਂ ਗੱਲਾਂ ਦਸ ਦਿੱਤੀਆਂ ਹੈਨ ਅਸੀ ਤਾਂ ਏਵੇਂ ਹੀ ਭੁੱਲੇ ਹਾਂ ਏਹ ਤਾਂ ਅਸਾਡਾ ਗੁਰੂ ਹੈ ਤਾਂ ਸਭ ਲੋਕ ਪੈਰੀ ਆਇ ਪਏ ਤੂੰ ਸੱਚਾ ਗੁਰੂ ਹੈਂ ਸਾਨੂੰ ਆਪਨੇ ਸਿੱਖ ਕਰੋ ਜੀ ਅਤੇ ਆਪਣੀ ਦੀਖਿਆ ਦੇਵੋ ਜੀ ਗੁਰੂ ਮੰਤਰ ਦੀਜੈ ਤਾਂ ਗੁਰੂ ਮਹਾਰਾਜ ਆਖਿਆ ਭਾਈ ਤੁਸੀ ਅੱਗੇ ਜਿਸ ਦੇ ਸਿੱਖ ਹੋ ਸੋ ਉਸੇ ਨੂੰ ਜਾਇ ਕਰ ਮੰਨੋ ਜੀ ਤਾਂ ਉਨਾਂ ਲੋਕਾਂ ਕਹਿਆ ਜੀ ਅਸੀ ਤਾਂ ਹੁਣ ਆਪ ਨੂੰ ਛਡ ਦੇ ਨਹੀਂ ਜੀ ਸਭ ਪੈਰੀਂ ਆਇ ਪਏ ਤਾਂ ਸ੍ਰੀ ਗੁਰੂ ਉਨਾਂ ਨੂੰ ਉਪਦੇਸ ਦਿੱਤਾ ਅਤੇ ਇਤਨੇ ਮੇਂ ਪ੍ਰਸਾਦ ਤਿਆਰ ਹੋਇਆ ਤਾਂ ਉਨਾਂ ਲੋਕਾਂ ਆਖਿਆ ਜੀ ਪ੍ਰਸਾਦ ਤਿਆਰ ਹੈ ਚਲੋ ਛਕੋ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਅਸੀ ਨਹੀਂ ਜੇਂਵਦੇ ਤਾਂ ਉਨਾਂ ਆਖਿਆ ਜੀ ਪਰਮੇਸ਼ਰ ਕੇ ਅਟਥ ਆਈਐ ਜਦ ਉਨਾਂ ਪਰਮੇਸ਼ਰ ਦਾ ਅਰਥ ਪਾਯਾ ਤਾਂ ਸ੍ਰੀ ਗੁਰੂ ਬਾਬਾ ਜੀ ਜੇਵਨ ਆਏ ਤਾਂ ਉਨਾਂ ਲੋਕਾਂ ਚਉਕੇ ਵਿਚ ਕਾਰ ਕੱਢ ਲਈ ਤਾਂ ਗੁਰੂ ਜੀ ਆਖਿਆ ਭਾਈ ਚਉਕਾ ਭਿੱਟਿਆ ਤੁਸੀ ਕਾਰਾਂ ਕਿਉਂ ਕੱਢਦੇ ਹੈਗੇਓ ਤਾਂ ਉਨਾਂ ਆਖਿਆ ਜੀ ਅਸਾਂ ਆਪਣੀ ਨਜ਼ਰ ਦੇ ਹੇਠ ਅੰਨ ਕਰਵਾਯਾ ਹੈ ਜੀ ਅਸਾਂ ਚਉਕਾ ਭਿੱਟਣ ਨਾਹੀਂ ਦਿੱਤਾ ਜੀ ਅਤੇ ਕਾਰਾਂ ਇਸ

CC-0. Gurukul Kangri U

ਵਾਸਤੇ ਕੱਢੀਆਂ ਹੈਨ ਜੀ ਕਿ ਮਤ ਕੋਈ ਚਉਕੇ ਉੱਤੇ ਅੱਗੇ ਆਵੈ ਤਾਂ ਸ੍ਰੀ ਗੁਰੂ ਬਾਬੇ ਜੀ ਆਖਿਆ ਭਾਈ ਜਿਚਰ ਤੁਸੀਨਹੀਂ ਸਾਓ ਚੜ੍ਹੋ ਉਤਨਾ ਚਿਰ ਚਉਕਾ ਸੁਚਾਸੀ ਜਾਂ ਤੁਸੀ ਚਉਕੇ ਉਪਰ ਚੜ੍ਹੇਤਾਂ ਚਉਕਾ ਭਿੱਟਗਿਆ ਕਿਉਂ ਜੋ ਤੁਸਾਂ ਨਾਲ ਚਾਰਮਲੇਛ ਹੋਰ ਚੜ੍ਹੇ ਹੈਨ ਤਾਂ ਓਨਾਂ ਕਹਿਆ ਗੁਰੂ ਜੀ ਓਹਤਾਂ ਅਸਾਨੂੰ ਨਜ਼ਰ ਨਹੀਂ ਆਂਵਦੇ॥ਤਾਂ ਸ੍ਰੀ ਗੁਰੂ ਜੀ ਬੋਲੇ ਸਲੋਕਮਹਲਾ੧॥ਕੁਬੁਧ ਡੂਮਣੀ ਕੁਦਇਆ ਕਸਾਇਣ ਪਰਨਿੰਦਾਘਟ ਚੂਹੜੀ ਮੁਠੀ ਕ੍ਰੋਧ ਚੰਡਾਲ॥ਕਾਰੀ ਕਢੀਆਂ ਕਿਆ ਥੀਐ ਜਾਂ ਚਾਰੈ ਬੈਠੀਆਂ ਨਾਲ ॥੧॥ ਸ੍ਰੀ ਬਾਬੇ ਆਖਿਆ ਇਨੀਚਢ੍ਹਿਆਂ ਚਉਕਾ ਭਿੱਟੀਦਾਹੈ ਤਾਂਓਨਾਂਆਖਿਆਜੀ ਪਵਿੱਤ੍ਰ ਕਿਉਂਕਰ ਹੋਂਦਾ ਹੈ ਤਾਂ ਗੁਰੂ ਬਾਬੇ ਜੀ ਆਖਿਆ ॥ ਸਲੋਕ ॥ ਸਚ ਸੰਜਮ ਕਰਣੀ ਕਾਰਾ ਨਾਂਵਣ ਨਾਮ ਜਪੇਹੀ ॥ ਨਾਨਕ ਅਗੈ ਉਤਮ ਸੇਈ ਜੇ ਪਾਪਾਂ ਪੰਦ ਨ ਦੇਈ ॥ ੨ ॥

ਤਿਸਕਾ ਪਰਮਾਰਥ ॥ ਇਨੀਂ ਸੰਜਮੀਂ ਚਉਕਾ ਸੁਚਾ ਹੋਇ ਤਾਂ ਓਹ ਏਹ ਸੁਣਕਰ ਸ੍ਰੀ ਗੁਰੂਜੀਦੇ ਚਰਨਾਂ ਉੱਪਰ ਢਹਿਪਏ ਓਨ੍ਹਾਂ ਸਭ ਕਿਛ ਲੁਟਾਇ ਦਿਤਾ ਘੋੜੇ ਮਾਲ ਬਹਿਲਾਂ ਕਪੜੇ ਲੁਟਾਇਦਿਤੇ ਅਤੇ ਕਹਿਆ ਭਾਈਜੀ ਜੋ ਕਿਸੇ ਨੂੰ ਲੋੜਹੈ ਸੋ ਲੈਜਾਓ ਤਾਂ ਸ੍ਰੀ ਬਾਬੇ ਜੀ ਪਹਿਲੋਂਉਨਾਂਤਾਂਈਂ ਲੰਗੋਟ ਬੰਧ ਉਦਾਸੀਕੀਤਾ ਨਿਰਬਾਣੀਪੰਥ ਬਨਾਯਾ ਤੇ ਪਹਿਲਾਂ ਪੰਥ ਸ੍ਰੀਗੁਰੂਜੀ ਰੰਗਾਦੇ ਕਿਨਾਰੇਬਨਾਯਾ ਤਾਂ ਬਾਬਾ ਜੀ ਓਥੋਂਰਮਦੇ ਰਹੇ॥ਬੋਲੋਵਾਹਿਗੁਰੂ ॥ ੯੧ ॥

ਗੁਰੂ ਜੀ ਤੀਰਥ ਯਾਤ੍ਰਾ ਕੋ ਗਏ

ਤਾਂ ਗੁਰੂ ਨਾਨਕ ਜੀ ਜਾਂਦੇ ਜਾਂਦੇ ਇਕ ਅਸਥਾਨ ਵਿਚ ਜਾਇ ਬੈਠੇ ਤਾਂ ਓਥੇ ਮੇਲਾ ਹੋਇ ਰਹਿਆਸੀ ਪਰਬਹੁਤ ਲੋਕ ਅਕੱਠੇ ਹੋਏ ਅਤੇ ਸੰਤ ਮਹੰਤਵੀ ਬਹੁਤ ਆਏ ਪਰ ਸ੍ਰੀ ਗੁਰੂ ਜੀ ਕੀ ਨਜ਼ਰ ਮੇਂ ਕੋਈ ਓਥੇ ਪਰਮੇਸ਼ਰ ਦਾ ਪਿਆਰਾ ਨਹੀਂ ਆਇਆ ਤਾਂ ਸ੍ਰੀ ਗੁਰੂ ਜੀ ਕੁਲ ਛੇਤ੍ਰਮੇਂਜਾਇਪਹੁਤੇ ਤਾਂਖਟਦਰਸ਼ਨਮੇਲੇ ਮੇਂ ਇਕੱਠੇ ਹੋਇ ਸਨ ਬਹੁਤਾ ਮੇਲਾ ਅਣਗਿਣਤ ਕੁਛਗਿਣਤੀ ਨਹੀਂ ਅਰ ਪਟਨੇ ਕੇ ਰਾਜੇਕਾ ਪੁਤ੍ਰ ਦੁਸ਼ਮਣਾਂ ਦਾ ਭਜਾਇਆ ਹੋਇਆ ਉਸ ਸਮੇ ਕੁਲਛੇਤ੍ਰ ਮੇਂ ਆਯਾ ਤਾਂ ਉਹ ਰਸਤੇ ਵਿੱਚੋਂ ਸ਼ਿਕਾਰ ਖੇਲਕੇ ਮਿਰਗ ਮਾਰ ਲਿਆਯਾ ਅਤੇ ਉਸਦੇ ਪਾਸ ਉਸਵਖਤਸੰਪਦਾ ਕੁਛ ਨਹੀਂਸੀ ਅਤੇ ਓਹਮਿਰਗ ਸ੍ਰੀਗੁਰੂ ਜੀਦੇ ਅੱਗੇ ਭੇਟ ਕੀਤੀ ਸ੍ਰੀ ਗੁਰੂ ਜੀ ਸਰਬ ਸ਼ਕਤੀ ਸਮਰੱਥ ਸੇ ਬਾਲੇ ਕਉ ਕਹਿਤੇ ਭਏ ਭਾਈ ਬਾਲਾ ਅਸੀ ਗ੍ਰਹਣ ਪੁਜਨ ਤਾਂ ਨਹੀਂ ਆਏ ਤੁਸੀ ਏਹ ਸੇਰ ਭਰ ਸਾਲਣਾਂ ਇਕ ਦੇਗਾ ਲੈਕੇ ਧਰ ਦੇਵੋ ਤਾਂ ਭਾਈ ਬਾਲੇ ਕਹਾ ਜੀ ਸੱਤ ਬਚਨ ਜੀ ਚੁਲ੍ਹਾ ਬਨਾ ਕਰ ਤੇ ਦੇਗਾ ਲਿਆਇ ਕਰ ਉਸਦੇ ਵਿੱਚ ਓਹ ਸਾਲਣਾਂ ਪਾਇਕੇ ਚੁਲ੍ਹੇ ਤੇ ਧਰ ਦਿੱਤਾ ਤਬ ਲੋਕਾਂ ਧੂਆਂ ਦੇਖਕਰ ਸੋਟੇ ਲਕੜੀਆਂ ਹਥਿਆਰ ਪਕੜੇ ਦੌੜੇ ਆਇਕਰ ਆਖਣ ਲਗੇ ਤੁਮਕੌਣ ਹੋਜੀ ਆਜਕੇ ਦਿਨ ਤਾਂ ਤੁਰਕਭੀ ਤ੍ਰਾਸਕਰਦੇਹੈਨ ਤੁਮਤਾਂਹਿੰਦੂ ਸਾਧੂ ਨਜ਼ਰ ਆਉਂਦੇਹੋਜੀ ਸੱਚਆਖੋ ਜੀ ਐਸੀ ਹਾਂਡੀ ਮੇਂ ਕਿਆ ਧਰਿਆ ਹੈ ਤਾਂ ਗੁਰੂ ਜੀ ਕਹਿਆ ਭਾਈ ਅਸਾਨੂੰ ਭੁੱਖ ਲੱਗੀ ਹੈਸੀ ਤਾਂ

CC-0. Gurukul Kangri University Haridwar Collection. Digitized by S3 Foundation USA

ਹਾਂਡੀਧਰੀਹੈ ਤੋਸੰਨਿਆਸੀਆਂ ਕਹਿਆ ਭਾਈ ਇਸਹਾਂਡੀਮੇਂ ਕਿਆਧਰਿਆ ਹੈ ਤਾਂਗੁਰੂਜੀ ਕਹਿਆਭਾਈਮਾਸਹੈਤਾਂਸੰਨਜਾਸੀਆਂ ਕਹਿਆਭਾਈਉਧਰ ਸੂਰਜਗ੍ਰਹਣਲਗਾ ਹੈ ਇਧਰ ਤੁੰ ਮਾਸ ਰਿੰਨ੍ਹਕਰਖਾਂਦਾਹੈਂ ਤਾਂ ਸ੍ਰੀ ਬਾਬੇਜੀਂ ਕਹਿਆ ਭਾਈ ਗਿਆਨਮੇਂ ਬਾਤ ਕਰੋ ਤਾਂ ਗੁਰੂਜੀ ਮੈਂ ਬਾਲੇ ਕਹਿਆ ਭਾਈ ਜੀ ਤੁਸੀ ਬੈਠਕੇ ਬਾਤ ਕਰੋ ਤਾਂ ਇਕ ਸੰਨਿਆਸੀ ਨੇ ਹੋਰਨਾਂ ਲੋਕਾਂਨੂੰਹਟਾਇਕਰ ਕਹਾ ਸੰਤਜੀ ਗਿਆਨਕੀ ਬਾਤਕਰੋ ਜੀ॥ਤਾਂ ਸ੍ਰੀਗੁਰੂਜੀ ਇੱਕ ਸ਼ਲੋਕ ਉਚਾਰਨਕੀਤਾ॥ਮਲਾਰਦੀਵਾਰਦਾਸਲੋਕ ਮਃ੧ ॥ਪਹਿਲਾ ਮਾਸਹੁੰਨਿੰਮਿਆ ਮਾਸੈ ਅੰਦਰ ਵਾਸ॥ਜੀਅਉਪਾਇ ਮਾਸ ਮੁਹਿ ਮਿਲਿਆ ਹਡ ਚਮ ਤਨ ਮਾਸ ॥ ਮਾਸਹੁ ਬਾਹਰ ਕਢਿਆ ਮੰਮਾ ਮਾਸ ਗਿਰਾਸ ॥ ਮੁਹਿ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰ ਸਾਸ ॥ ਵਡਾ ਹੋਇਆ ਵੀਆਹਿਆ ਘਰਲੈ ਆਇਆ ਮਾਸ॥ਮਾਸਹੁਹੀ ਮਾਸ ਉਪਜੈ ਮਾਸਹੁ ਸਭੇ ਸਾਕ॥ਸਤਿਗੁਰ ਮਿਲਿਐ ਹੁਕਮ ਬੁਝੀਐ ਤਾਕੋ ਆਵੈ ਰਾਸ॥ਆਪਛੁਟੈ ਨਹਿ ਛੁਟੀਐ ਨਾਨਕ ਬਚਨਵਿਣਾਸ ॥੧॥ ਮਾਸਮਾਸ ਕਰ ਮੂਰਖਝਗੜੇ ਗਿਆਨ ਧਿਆਨ ਨਹੀ ਜਾਣੈ ॥ ਕਉਣ ਮਾਸ ਕਉਣ ਸਾਗ ਕਹਾਵੈ ਕਿਸਮੈਂ ਪਾਪ ਸਮਾਣੇ॥ਗੈਂਡਾ ਮਾਰ ਹੋਮ ਜਗਕੀਏ ਦੇਵਤਿਆਕੀਬਾਣੇ॥ਮਾਸ ਛੋਡ ਬਸਨਕ ਪਕੜੈ ਰਾਤੀ ਮਾਨਸ ਖਾਣੇ॥ਫੜਕਰ ਲੋਕਾਂਨੋ ਦਿਖਲਾਵੈ ਗਿਆਨ ਧਿਆਨ ਨਹੀਸੂਝੈ॥ਨਾਨਕਅੰਧੇਸਿਉਕਿਆਕਹੀਐ ਕਹੈਨਕਹਿਆਬੂਝੈ ॥ ੨ ॥ ਅੰਧਾ ਸੋਇ ਜਿ ਅੰਧ ਕਮਾਵੈ ਤਿਸਰਿਦੈ ਸਿਲੋਚਨ ਨਾਹੀ॥ਮਾਤ ਪਿਤਾ ਕੀ ਰਕਤ ਨਿਪੰਨੇ ਮਛੀ ਮਾਸ ਨ ਖਾਂਹੀ ॥ਇਸਤ੍ਰੀ ਪੁਰਖੈ ਜਾਂਨਿਸਿ ਮੇਲਾ ਓਥੇ ਮੰਦ ਕਮਾਹੀ॥ਮਾਸਹੁ ਨਿੰਮੇ ਮਾਸਹੁਜੰਮੇ ਹਮ ਮਾਸੈਕੇ ਭਾਂਡੇ ॥ ਗਿਆਨ ਧਿਆਨ ਕਿਛ ਸੂਝੈ ਨਾਹੀ ਚਤਰ ਕਹਾਵੈ ਪਾਂਡੇ ॥ ਬਾਹਰ ਕਾ ਮਾਸ ਮੰਦਾ ਸੁਆਮੀ ਘਰਕਾ ਮਾਸ ਚੰਗੇਰਾ॥ਜੀਅਜੰਤ ਸਭਮਾਸਹੁ ਹੋਏ ਜੀਅ ਲਇਆ ਫਸੇਰਾ॥ਅਭਖ ਭਖਹਿ ਭਖਤਜਛੋਡੈ ਅੰਧ ਗੁਰੂ ਜਿਨਕੇਰਾ ॥ ਮਾਸ ਪੁਰਾਣੀ ਮਾਸ ਕਤੇਬੀਂ ਚਹੁਜੁਗ ਮਾਸ ਕਮਾਣਾ॥ਜਜਿਕਾਜ ਵੀਆਹੁ ਸੁਹਾਵੈ ਓਥੈ ਮਾਸ ਸਮਾਣਾ॥ਇਸਤ੍ਰੀ ਪੁਰਖ ਨਿਪਜੈ ਮਾਸਹੁ ਪਾਤਸਾਹ ਸੁਲਤਾਨਾ॥ਜੇ ਓਹ ਦਿਸਹਿ ਨਰਕ ਜਾਂਦੇ ਤਾਂ ਉਨਕਾ ਦਾਨ ਨ ਲੈਣਾ॥ਦੇਂਦਾ ਨਰਕ ਸੁਰਗ ਲੈਂਦੇ ਦੇਖਹੁ ਇਹ ਧਿਗਾਣਾ ॥ ਆਪ ਨ ਬੂਝੈ ਲੋਕ ਬੁਝਾਏ ਪਾਂਡੇ ਖਰਾ ਸਿਆਣਾ॥ਪਾਂਡੇਤੂੰਜਾਣਹਿ ਹੀ ਨਾਹੀ ਕਿਥਹੁ ਮਾਸਉਪੰਨਾ॥ਤੋਇਅਹੁਅੰਨ ਕਮਾਦ ਕਪਾਹਾ ਤੋਇਅਹੁ ਤ੍ਰਿਭਵਣ ਗੰਨਾ॥ਤੋਆ ਆਖੈ ਹਉ ਬਹੁ ਬਿਧ ਹਢਾ ਤੋਇਐ ਬਹੁਤ ਬਿਕਾਰਾ॥ ਏਤੇ ਰਸ ਛੋਡ ਹੋਵੈ ਸੰਨਿਆਸੀ ਨਾਨਕ ਕਹੈ ਬਿਚਾਰਾ ॥ ੧ ॥ ਏਹ ਸ਼ਬਦ ਸੁਣ ਕਰ ਖਟ ਦਰਸ਼ਨਕੀ ਨਿਸ਼ਾ ਹੋਈ ਸਭਲੋਕ ਸ੍ਰੀ ਗੁਰੂਜੀਦੇ ਚਰਨੀ ਲਗੇ ਅਤੇ ਜੋ ਪਟਣੇ ਦਾ ਰਾਜਾਸੀ ਉਸਦੀਮਾਈ ਬੜੀ ਨਿੰਮ੍ਰਿਤ ਹੋਇਕਰ ਸਰਨੀਆਈ ਤਾਂਸ੍ਰੀਗੁਰੂਨਾਨਕ ਦੇਵਜੀ ਕਹਿਆ ਨਾਮ ਜਪੋ ਤੁਸਾਡਾ ਭਲਾ ਹੋਵੇਗਾ ਤੇ ਰਾਜ ਭੀ ਤੁਹਾਨੂੰ ਮਿਲੇਗਾ ਇਤਨੇ ਚਿਰ ਨੂੰ ਗ੍ਰਹਿਣ ਹਟ ਗਿਆ ਤਾਂ ਸਬ ਖਟ ਦਰਸ਼ਨ ਕੋ ਪੰਗਤ ਲਗਾਇਕੇ ਉਸੀ ਦੇਗਤੇ ਤਸਮਈ

CC-0. Gurukul Kangri University Haridwar Collection. Digitized by S3 Foundation USA

ABHINAV GAUR

ਨਿਕਾਲਉਸਰਾਜਕੁਮਾਰਕੇਹੱਥੀਂਛਕਾਈਤੇਵਿਦਾਕੀਤਾਉਹਮਾਂਪੁਤ੍ਰ ਸ੍ਰੀਗੁਰੂਜੀਕੇਸਿੱਖ ਹੋਏ ॥ ੯੨ ॥

ਆਗੇ ਸਾਖੀ ਮਥ੍ਰਾ ਕੀ ਚਲੀ

ਤਾਂ ਸ੍ਰੀ ਗੁਰੂ ਜੀ ਕਹਿਆ ਚਲੋ ਭਾਈ ਬਾਲਾ ਤੁਸਾਨੂੰ ਮਥਰਾ ਗੋਕਲ ਬਿੰਦ੍ਰਾਬਨ ਵਿਖਾਲ ਲਿਆਈਏ ਜਹਾਂਸ੍ਰੀਕ੍ਰਿਸ਼ਨਦੇਵਅਵਤਾਰਲੀਆਹੈਅਤੇਜਮਨਾਨਦੀਕੇਕਿਨਾਰੇਗੋਵਰਧਨ ਪਰਬਤਪਰ ਗਊਆਂ ਚਾਰੀਆਂਹੈਨ ਏਹ ਬਿਲਾਸ ਕਰਤੇਕਰਤੇ ਮਥਰਾ ਮੈਂਜਾਇਪਹੁਚੇਤਾਂ ਬਾਲੇ ਕਹਿਆ ਸ੍ਰੀ ਗੁਰੂ ਅੰਗਦ ਦੇਵ ਜੀ ਮੈਂ ਸ੍ਰੀ ਬਾਬੇ ਜੀ ਅਗੇ ਬਿਨਤੀ ਕੀਤੀ ਹੇਦੀਨ ਦਇਆਲਜੀਏਹਪਰਬਤਏਥੇ ਕਿਸਤਰਹਆਧਾਹੈ ਤਾਂ ਸ੍ਰੀਗੁਰੂਜੀ ਆਖਿਆ ਭਾਈਬਾਲਾ ਤ੍ਰੈਤੇ ਜੁਗਮੇਂ ਸ੍ਰੀਰਾਮਚੰਦ੍ਰਜੀ ਸਮੁੰਦ੍ਰਪਰਪੁਲ ਬਾਂਧਨੇਕਾ ਆਰੰਭ ਕੀਆਥਾ ਤਾਂ ਸਰਬਕਪਾਂ ਕਉ ਆਗਿਆਕਰੀ ਕਿ ਜਹਾਂਪਰਬਤ ਹੋਵੇ ਤਹਾਂਤੇਲਿਆਓ ਤਾਂਹਨੂੰਮਾਨਜੀ ਏਸਪਰਬਤ ਕੋ ਆਇ ਚੁਕਨੇਲਗੇ ਤਾਂ ਏਸਗੁਵਰਧਨ ਪਰਬਤ ਨੇ ਕਹਿਆ ਭ ਈ ਮੇਰੇ ਤਾਈਂ ਕਿਥੇ ਲੈ ਚਲਿਆਹੈਂ ਤਾਂ ਹਨੂੰਮਾਨਜੀਨੇਕਹਿਆ ਭਾਈਤੈਨੂੰ ਸ੍ਰੀਰਾਮਚੰਦ੍ਰਜੀਕੇ ਚਰਨੋਂਮੇਂ ਲੈਚਲਤਾ ਹੋਂ ਔਰ ਦਰਸ਼ਨ ਕਰਾਉਂਗਾ ਏਹ ਕਰਾਰ ਕਰਕੇ ਹਨੂੰਮਾਨ ਗੁਵਰਧਨ ਕੋ ਉਠਾਇਕਰਲੈ ਚਲਾ ਜਦ ਇਸ ਜਗਹ ਪਰ ਆਧਾ ਤਾਂ ਹੁਕਮਹੁਆ ਕਿ ਜਹਾਂ ਜਹਾਂ ਪਰਬਤ ਸੂਰਮੇ ਲਈ ਆਉਂਦੇ ਹੈਨ ਵਹਾਂ ਹੀ ਛੋਡਕਰ ਚਲੇ ਆਓ ਪੁਲ ਤਿਆਰ ਹੋਇ ਗਿਆ ਹੈ ਜਦ ਏਹ ਬਾਤ ਹਨੂੰਮਾਨਜੀਸੁਣੀ ਤਾਂ ਗੁਵਰਧਨ ਕਉ ਰਖ ਕਰਪਾਸ ਬੈਠਗਿਆ ਤੇ ਆਪਨਾ ਕਰਾਰ ਸ੍ਰੀਰਾਮਜੀ ਪਾਸ ਕਹਿ ਭੇਜਿਆ ਹੇ ਮਹਾਰਾਜ ਜੀ ਮੈਂ ਇਸ ਸਾਥ ਕੌਲ ਕੀਆਹੈ ਮੇਰੇਪ੍ਰਤਿ ਕਿਆ ਹੁਕਮਹੈ ਤਉਸ੍ਰੀ ਰਾਮਜੀਨੇ ਕਹਿਆ ਹੇ ਹਨੂੰਮਾਨ ਤੂੰਇਸ ਪਰਬਤ ਕਉ ਜਮਨਾ ਕੇ ਤਟ ਪਰਛੋੜ ਆਉ ਹਮ ਦ੍ਵਾਪੁਰ ਜੁਗ ਵਿਖੇ ਬਹੁਤ ਚਰਿਤ੍ਰ ਇਸ ਪਰਬਤ ਪਰ ਕਰਾਂਗੇ ਤੇਰਾ ਪ੍ਰਣ ਪੂਰਣ ਕਰਾਂਗੇ ਅਰ ਸ੍ਰੀ ਕ੍ਰਿਸ਼ਨ ਅਵਤਾਰ ਧਾਰਕੇ ਰਾਸ ਮੰਡਲ ਭੀ ਕਰਾਂਗੇ ਜਾਂ ਸ੍ਰੀ ਗੁਰੂਜੀ ਏਹ ਇਤਿਹਾਸ ਸੁਨਾਯਾ ਤਾਂ ਗੁਰੂਜੀ ਮੈਂ ਸ੍ਰੀ ਬਾਬੇਜੀ ਅੱਗੇ ਮੱਥਾ ਟੇਕਿਆ ਤਾਂ ਫੇਰ ਸ੍ਰੀ ਗੁਰੂਜੀ ਘਾਟ ਪਰ ਇਸ਼ਨਾਨ ਕੀਤਾ ਤਾਂ ਸਭ ਅਸਥਾਨ ਦੇਖੇ ਤਾਂ ਬ੍ਰਹਮਣਤੇ ਬ੍ਰਹਮਚਾਰੀ ਪਰ ਵਹਾਂ ਕੇ ਲੋਕ ਹੰਕਾਰੀਲੋਭੀ ਲੰਪਟਦੇਖੇ ਅਤੇ ਪ੍ਰਮੇਸ਼ਰਦੀ ਪ੍ਰੀਤ ਵਾਲਾ ਕੋਈ ਨਾ ਮਿਲਿਆ ਵੈਸ਼ਨੋਂ ਬੈਰਾਗੀ ਕਰਮਾਂਕੇ ਬੰਧਨਾ ਮੇਂ ਬੰਧੇਹੁਏ ਦੁਰਬੁੱਧੀ ਹੈਨ ਔਰ ਕੁਕਰਮ ਕਰਦੇ ਸੁੰਦ੍ਰਔਰਤਾਂ ਨਾਲ ਭੋਗ ਕਰਦੇਹਨ ਅਤੇ ਅੰਧਾ ਧੁੰਧ ਵਰਤਿਆਹੈ ਕੱਤਕ ਦੀ ਪੁਰਬੀ ਦਾ ਮੇਲਾ ਜਾਇਕਰ ਦੇਖਿਆ ਤਾਂ ਸ੍ਰੀ ਗੁਰੂ ਨਾਨਕ ਜੀ ਸ਼ਬਦ ਕਹਿਆ ॥

ਸੋਈਚੰਦ ਚੜ੍ਹਹਿਸੇ ਤਾਰੇ ਸੋਈ ਦਿਨੀਅਰ ਤਪਤ ਰਹੈ॥ਸਾ ਧਰਤੀ ਸੋ ਪਉਣੁਝੁਲਾਂਰੇ ਜੁਗ ਜੀਅਖੇਲੇਥਾਵਕੈਸੇ॥ ੧॥ਜੀਵਨ ਤਲਬ ਨਿਵਾਰ॥ਹੋਵਹਿ ਪਰਵਾਣਾ ਕਰਹਿ ਧਿਙਾਣਾ ਕਲ ਲਖਣਵੀਚਾਰ॥੧॥ ਰਹਾਉ ॥ਕਿਤੈਦੇਸਨ ਆਧਾ ਸੁਣੀਐ ਤੀਰਥ ਪਾਸ ਨ ਬੈਠਾ ॥ ਦਾਤਾ ਦਾਨ ਕਰਹਿਤੇਨਾਹੀ ਮਹਿਲਉਸਾਰਨ ਬੈਠਾ॥੨॥ਜੋਕੋ ਸਤਕਰੈ ਸੋ ਛੀਜੈ ਤਪਘਰ ਤਪਨ

CC-0. Gurukul Kangri University Haridwar Collection. Digitized by S3 Foundation USA

ਹੋਈ॥ ਜੇ ਕੋਨਾਉਲਏ ਬਦਨਾਵੀ ਕਲਕੇਲਖਣਏਹੀ ॥੩॥ ਜਿਸਸਿਕਦਾਰੀ ਤਿਸੈਖੁਆਰੀ ਚਾਕਰਕੇਹੋਡਰਨਾ ॥ ਜਾਸਿਕਦਾਰੈ ਪਵੈਜੰਜੀਰੀ ਭਾਢਾਕਰਹਥਹੁਮਰਣਾ ॥੪॥ ਆਖਗੁਣਾ ਕਲਿਆਈਐ ॥ ਤਿਹੁਜੁਗਕੇਰਾਰਹਿਆਤਪਾਵਸਜੇਗੁਣਦੇਹਤਪਾਈਐ ॥ ੫ ॥ ਕਲ ਕਲ ਵਾਲੀਸਰਾਨਬੇੜੀ ਕਾਜੀ ਕ੍ਰਿਸਨਾ ਹੋਆ ॥ ਬਾਣੀ ਬ੍ਰਹਮਾ ਬੇਦਅਥਰਬਣਕਰਣੀਕੀਰਤ ਲਹਿਆ॥੬॥ਪਤਿਵਿਣੁਪੂਜਾਸਤਿਵਿਣਸੰਜਮੁਜਤਵਿਣਕਾਹੇਜਨੇਊ॥ਨਾਵਹੁਧੋਵਹੁ ਤਿਲਕ ਚੜਾਵਹੁ ਸਤਿਵਿਣੁਸੋਚਨਹੋਊ॥੭॥ਕਲਪਰਵਾਣਕਤੇਬਕੁਰਾਣਪੋਥੀਪੰਡਿਤਰਹੇਪੁਰਾਣ॥ ਨਾਨਕਨਾਉਭਇਆਰਹਿਮਾਣ॥ਕਰਕਰਤਾਤੂਏਕੋਜਾਣ॥੮॥ਨਾਨਕਨਾਮਮਿਲੈਵਡਿਆਈ ਏਦੂਉਪਰਕਰਮਨਹੀ ॥ ਜੇ ਘਰਹੋਦੈਮੰਗਣਜਾਈਐ ਫਿਰਓਲਾਮਿਲੈਤਹੀ ॥ ੯ ॥ ੧ ॥ ਜਾਂ ਸ੍ਰੀ ਗੁਰੂ ਜੀ ਏਹ ਸ਼ਬਦ ਕਹਿਆ ਤਾਂ ਸਭ ਲੋਕ ਗੁਰੂ ਜੀਦੀ ਚਰਣੀ ਲਗੇ ਤਾਂ ਸ੍ਰੀਗੁਰੂ ਜੀ ਕਹਿਆ ਭਾਈ ਪਰਮੇਸ਼ਰ ਦੇ ਨਾਮ ਕਰਕੇ ਛੁਟਕਾਰਾ ਹੈ ਔਰ ਨਾਮ ਜਪਨ ਕਰ ਸੁਖ ਤੇ ਵਡਿਆਈਮਿਲਦੀਹੈ ਨਾਮ ਜਪਨ ਦੇ ਤੁਲਹੋਰਕੋਈ ਉੱਗਰਕਰਮ ਨਹੀਂ ਪਰਮੇਸ਼ਰਸੰਤਾਂ ਕੇ ਰਿਦੇ ਮੇਂ ਵਸਦਾ ਹੈ ਸੋ ਸੱਤਸੰਗ ਕਰੋ ਤੇ ਨਾਮ ਜਪੋ ਤੇ ਵੰਡ ਖਾਓ ਅਤੇ ਆਏ ਸੰਤ ਦੀ ਸੇਵਾ ਕਰੋ ਤਾਂ ਤੁਸਾਡਾ ਭੀ ਭਲਾ ਹੋਵੇ ॥ ਗੁਰੂ ਜੀ ਮਥਰਾ ਬ੍ਰਿੰਦਰਾਬਨ ਗੋਕਲ ਮੇਂ ਸ਼ਬਦ ਕਹਿਆ ॥ ਸੁਣਿਸੁਣਿ ਬੁਝੈ ਮਾਨੈ ਨਾਉ॥ਤਾਕੈ ਸਦ ਬਲਿਹਾਰੈਜਾਉ॥ਆਪਭੁਲਾਏ ਠੌਰਨ ਠਾਉ॥ਤੂੰਸਮਝਾਵੈਮੇਲਮਿਲਾਉ॥੧॥ਨਾਮਿਮਿਲੈਚਲੈਮੈਨਾਲਿ॥ ਬਿਨਨਾਵੈਬਾਧੀਜਮਕਾਲ ॥ ੧ ॥ ਰਹਾਉ ॥ ਖੇਤੀਵਣਜਨਾਵੈ ਕੀ ਓਟ ॥ ਪਾਪਪੁੰਨ ਬੀਜਕੀਪੋਟ ॥ ਕਾਮ ਕ੍ਰੋਧਜੀ ਅਮੈ ਚੋਟ॥ਨਾਮਵਿਸਾਰਚਲੈਮਨਖੋਟ॥੨॥ਸਾਚੇਗੁਰਕੀਸਾਚੀਸੀਖ॥ਮਨਤਨਸੀਤਲਸਾਚਪਰੀਖ ॥ ਜਲਪੁਰਾਇਨਰਸਕਮਲਪਰੀਖ ॥ ਸਬਦਰਤੇਮੀਠੇ ਰਸਈਖ ॥ ੩ ॥ ਹੁਕਮ ਸੰਜੋਗੀ ਗੜਦਸ ਦੁਆਰ ॥ ਪੰਚਵਸਹਿਮਿਲਜੋਤਿਅਪਾਰ ॥ ਆਪਤੁਲੈ ਆਪੇ ਵਣਜਾਰ ॥ ਨਾਨਕ ਨਾਮਸਵਾਰਣਹਾਰ ॥ ੪ ॥ ੧ ॥ ਜੋ ਪਰਮੇਸ਼ਰ ਦੇ ਨਾਮ ਨਾਲ ਪ੍ਰੀਤ ਕਰਦੇ ਹੈਨ ਨਾਮ ਜਪਦੇਹੈਨ ਤੇਨਾਮਦੀ ਓਟਲੈਂਦੇ ਹੈਨ ਤਿਨਾਂ ਮਹਾਂਪੁਰਖਾਂ ਦੇ ਸੰਪੂਰਣਕੰਮ ਸਵਰਦੇ ਹੈਨ ਜਦ ਸ੍ਰੀ ਗੁਰੂ ਜੀ ਓਥੋਂ ਤੁਰੇਤਾਂ ਇਕ ਪੰਡਿਤ ਨਾਲ ਚਰਚਾ ਹੋਈ ਪਰ ਓਹ ਪੰਡਿਤ ਕਾਂਸ਼ੀ ਦਾ ਸੀ ਤਾਂ ਓਸਪੰਡਿਤਨੇ ਕਹਿਆ ਹੇਸੰਤਜੀ ਏਹ ਕਾਂਸ਼ੀਪੁਰੀ ਦਾ ਮਹਾਤਮ ਵੇਦ ਮੈਂ ਲਿਖਾਹੈਜੋਕੋਈਕੈਸਾ ਪਾਪੀ ਪੁੰਨੀਜੀਵ ਇਸਨਗਰੀਮੇਂ ਸ਼ਰੀਰ ਤਿਆਗਤਾਹੈ ਸੋਸ਼ਿਵਪੁਰੀ ਕੋ ਪ੍ਰਾਪਤਹੋਤਾਹੈ ਕਿਉਂਕਿਅੰਤਦੇਵਕਤ ਮਹਾਦੇਵ ਤਾਰਕ ਮੰਤ੍ਰ ਰਾਮ ਨਾਮ ਓਸ ਜੀਵਕੇ ਕਾਨਮੇਂ ਸੁਨਾਇਦੇਤੇਹੈਨ ਤਾਂ ਗੁਰੂ ਮਹਾਰਾਜ ਕਹਿੰਦੇਹੈਨ ਸੁਣੋ ਪੰਡਿਤਜੀ ਪਰਮੇਸ਼ਰ ਕਾ ਨਾਮ ਐਸਾ ਹੈ ਜਿਸ ਕਉ ਸ੍ਰੀ ਨਿਰੰਕਾਰ ਜੀ ਆਪ ਵਰਨਨਕੀਆਹੈ ਜੋ ਕੋਈਸੁਣੇ ਅਥਵਾ ਸੁਣਾਵੇ ਸੋ ਤੁਰਤ ਹੀ ਮੁਕਤਕਰਦਾ ਹੈ ਸ੍ਰੀ ਗੁਰੂ ਜੀ ਕਹੇਂ ਸੁਣੋ ਸੁਆਮੀ ਜੀ ਕਬੀਰ ਭਗਤ ਕਾਂਸ਼ੀ ਕੋ ਤਿਆਗ ਮਗਹਰ ਦੇਸ ਮੇਂ ਜਾਇਵਸੇ ਤੋ ਉਹਾਂ ਸਤ ਸੰਗ ਕਰਕੇ ਜੀਵਨ ਮੁਕਤ

CC-0. Gurukul Kangri University Haridwar Collection. Digitized by S3 Foundation

ਹੁਏ ਸੋ ਸੁਣੋ ਪੰਡਿਤ ਜੀ ਪਰਮੇਸ਼ਰ ਕਾ ਜੋ ਨਾਮ ਹੈ ਸੋ ਤਾਰਕ ਹੈ ਜਿਸਕੇ ਆਸ਼੍ਰਤ ਮਹਾਂ ਪਤਿਤ ਜੀਵ ਮੁਕਤ ਹੁਏਹੈਂ ਕੁਛਕਾਂਸ਼ੀ ਨਹੀਂ ਮੁਕਤ ਕਰਤੀ ਏਹ ਜੋ ਸ਼ਕਤੀਹੈ ਸੋ ਹਰੀ ਦੇ ਨਾਮ ਵਿਚਹੈ ਭਾਂਫੇਰ ਪੰਡਿਤਨੇ ਕਹਿਆ ਦੀਨਾਨਾਥ ਜੀ ਹਰੀ ਕੇ ਨਾਮ ਤੋ ਅਨੇਕਹੀ ਹੈਨ ਪਰ ਮੁਕਤ ਕੇਹੜਾ ਨਾਮ ਕਰਤਾਹੈ ਭਾਂਸ਼੍ਰੀਗੁਰੂਨਾਨਕਜੀਕਹਿਆਹੇਪੰਡਿਤਤੂੰਦੇਖਜੈਸੇਨਦੀ ਦੇਪੂਵਾਹ ਵਿਖੈ ਅਨੇਕਬੇੜੇ ਹੋਤੇ ਹੈਨ ਸੋ ਜਿਸ ਬੇੜੇ ਉਪਰ ਮੁਸਾਫਰ ਸੁਵਾਰ ਹੋ ਜਾਵੇ ਓਹ ਬੇੜੀ ਨਦੀਥੋਂ ਪਾਰਕਰਦੇਤੀ ਹੈ ਸੋ ਸੁਆਮੀਜੀ ਈਸ਼ਰਕੇ ਨਾਮਸਭੀ ਮੁਕਤ ਦੇਵਣ ਹਾਰੇ ਹੈਨ ਪਰ ਜੋਹੜਾ ਨਾਮ ਗੁਰਾਂਦੇਮੁਖੋਂ ਸੁਣੇ ਸੋਈ ਮੁਕਤ ਦਾ ਕਾਰਣ ਹੈ ਜੋਗੁਰਮੁਖਦੁਆਰਾ ਉਪਦੇਸ਼ ਸੁਨੇ ਸੋਈ ਜੀਵ ਕੀ ਕਲਿਆਣ ਕਰਤਾ ਹੈ ਏਹ ਬਾਤ ਸੁਣਕੇ ਪੰਡਿਤ ਦੀ ਨਿਸ਼ਾ ਹੋਈ ਅਤੇ ਸਭਪੰਡਿਤਾਂ ਕੋ ਸ੍ਰੀ ਗੁਰੂ ਜੀ ਸਤਿ ਨਾਮ ਦਾ ਉਪਦੇਸ਼ ਦੀਆ ਲਗੇ ਗੁਰੂ ਗੁਰੂ ਜਪਣ ਨਾਮ ਧਰੀਕ ਸਿਖ ਹੋਏ॥ ਬੋਲੋ ਭਾਈਜੀ ਵਾਹਿਗੁਰੂ ॥ ੯੩ ॥

ਸਾਖੀ ਗੁਰੂ ਜੀ ਗਇਆ ਪਰ ਗਏ

ਜਦ ਸ੍ਰੀ ਗੁਰੂ ਜੀ ਗਇਆ ਪਰ ਗਏ ਇਕ ਅਸਥਾਨ ਉਪਰ ਜਾਇਬੈਠੇ ਭਾਂ ਸ੍ਰੀਗੁਰੂ ਜੀ ਮੈਂ ਪੁੱਛਿਆ ਸ੍ਰੀ ਨਾਨਕ ਦੇਵ ਜੀ ਪਾਸੋਂ ਹੇ ਦੀਨ ਦਇਆਲ ਜੀ ਏਹ ਗਇਆ ਕਿਸ ਤਰਹ ਪ੍ਰਗਟ ਹੋਈ ਹੈ ਜੀ ਭਾਂ ਸ੍ਰੀ ਬਾਬੇਜੀ ਕਹਿਆ ਸੁਣ ਭਾਈ ਬਾਲਾ ਇਕ ਗਇਆਸਰ ਨਾਮ ਦਈਤ ਹੁਆ ਹੈ ਉਸਨੇ ਬਹੁਤ ਕਾਲ ਸ੍ਰੀ ਪਰਮੇਸ਼ਰਜੀ ਕਾ ਤਪ ਕੀਆ ਬੜੀਉੱਗ੍ਰਭਗਤੀ ਕਰੀ ਐਸਾਧਿਆਨਮੈਂ ਅਸਥਿਤ ਹੁਆ ਕਿਤਤਰੂਪ ਹੋਇਗਿਆ ਭਾਂ ਓਸਪਰ ਸ੍ਰੀ ਵਿਸ਼ਨੂੰ ਜੀ ਬੜੇ ਪ੍ਰਸੰਨ ਹੋਏ ਤੇ ਕਹਿਆ ਹੇ ਗਇਆਸਰ ਤੇਰੇ ਪਰ ਮੈਂ ਬਹੁਤ ਖੁਸ਼ੀ ਹੋਂ ਕੁਛ ਮੰਗ ਭਾਂ ਗਇਆਸਰਨੇ ਕਹਿਆ ਹੇ ਸ੍ਰੀ ਭਗਵਾਨਜੀ ਆਪਦੀ ਕ੍ਰਿਪਾਦ੍ਰਿਸ਼ਟੀ ਭਈ ਹੈ ਭਾਂ ਏਹ ਬਾਤ ਕਰੋ ਜੀ ਅੱਜ ਤੋਂ ਲੈਕਰ ਜੀ ਸੰਸਾਰੀ ਨਰਕ ਨੂੰ ਕੋਈ ਨ ਜਾਵੇ ਭਾਂ ਹਰੀਨੇ ਕਹਿਆ ਸੁਣ ਭਗਤਾ ਜੇ ਏਹ ਬਾਤ ਹੋਜਾਵੇਗੀ ਤੋ ਸੰਸਾਰਕੀ ਮਰਯਾਦਾ ਭੰਗ ਹੋ ਜਾਵੇਗੀ ਜੋਕਿਸੇਨੂੰ ਪਾਪ ਪੁੰਨਦਾ ਫਲ ਨ ਮਿਲਿਆ ਭਾਂ ਈਸ਼ਰਦਾਨੇ ਮਸਭਦੂਰ ਹੋਜਾਵੇਗਾ ਭਾਂ ਗਇਆਸਰ ਨੇ ਕਹਿਆ ਜੀ ਸੰਪੂਰਨ ਜੀਵਾਂਦੇ ਪਾਪ ਵਾ ਪੁੰਨ ਸਭ ਮੈਨੂੰ ਭੁਗਾਵੋਜੀ ਭਾਂ ਸ੍ਰੀਲੱਛਮੀ ਦੇ ਪਤੀ ਕਹਿਤ ਭਏ ਹੇ ਗਇਆਸਰ ਤੂੰ ਇਸ ਪ੍ਰਿਥਵੀਉੱਪਰ ਸੈਨ ਕਰ ਜਾ ਤੇਰੇ ਸੈਨ ਕਰਨ ਕਰਕੇ ਜੋ ਏਥੇ ਸਰੀਰ ਤਿਆਗੇਗਾ ਸੋ ਮੇਰੇ ਲੋਕ ਨੂੰ ਪ੍ਰਾਪਤ ਹੋਵੇਗਾ ਅਰ ਜੋਪ੍ਰਾਣੀ ਇਸ ਅਸਥਾਨ ਵਿਖੇਆਇਕਰ ਪਿਤ੍ਰਸ੍ਰਾਧਜਾਂ ਪਿੰਡ ਪੱਤਲ ਸ਼ਾਸਤ੍ਰ ਅਨੁਸਾਰ ਕਰਾਵੈਗਾ ਉਸਕੇ ਸੰਪੂਰਨ ਪਿਤ੍ਰੋਂ ਕਾ ਉਧਾਰਹੋਵੇਗਾ ਔਰ ਤਿਸਕੋ ਭੀ ਖੂਬ ਫਲ ਪ੍ਰਾਪਤ ਹੋਵੇਗਾ ਜਦ ਏਹ ਇਤਿਹਾਸ ਸ੍ਰੀ ਗੁਰੂ ਬਾਬੇ ਜੀ ਮੇਰੇ ਪ੍ਰਤੀ ਸੁਣਾਯਾ ਭਾਂ ਮੈਂ ਗੁਰੂ ਜੀਦੇ ਚਰਨਾਂ ਉਪਰ ਮੱਥਾ ਟੇਕਿਆ ॥ ਭਾਂਫੇਰ ਓਥੋਂ ਦੇ ਪੰਡਿਆਂ ਨੇ ਗੁਰੂ ਜੀ ਕੋ ਕਹਿਆ ਜੋ ਮਹਾਰਾਜ ਤੁਮੀ ਵੀ ਆਪਣੇ ਪਿੱਤਰਾਂ ਕੀ ਗਇਆ ਕਰਾਓ ਜੀ ਭਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿਆ ਅਸਾਂ ਆਪਣੇ ਪਿੱਤਰਾਂ ਦਾ

CC-0. Gurukul Kangri University Haridwar Collection. Digitized by S3 Foundation USA

ਉਧਾਰਕਰਛੱਡਿਆਹੈ ਔਰਆਪਣੇਸਿਖਾਂਦਾ ਤੇ ਓਨਾਂਦੇ ਪਿਤਰਾਂਦਾ ਭੀ ਸੰਪੂਰਨ ਉਧਾਰ ਕਰ ਛਡਿਆ ਹੈ ਐਸੀ ਕ੍ਰਿਆਕਰਮ ਦੀਵਾ ਪਿੰਡਪੱਤਲਕੀਤੀਹੈ ਜੋਅਗਿਆਨਰੂਪੀਅੰਧੇਰਾ ਦੂਰਕਰਛੱਡਿਆ ਹੈ ਸੁਰਗ ਨਰਕ ਦੋਨੋਂ ਅਗਿਆਨਮੇਂਹੈਨ ਜਿਨਾਂਨੇਗਿਆਨਰੂਪੀ ਦੀਵਾ ਬਾਲਿਆ ਹੈ ਤਿਨਾਂਦਾ ਉਧਾਰ ਹੂਆ ਹੈ ਭਾਂ ਸ੍ਰੀ ਗੁਰੂ ਬਾਬੇ ਜੀ ਸਬਦ ਬੋਲਿਆ ॥

ਦੀਵਾ ਮੇਰਾ ਏਕ ਨਾਮ ਦੁਖ ਵਿਚ ਪਾਇਆਤੇਲ॥ ਉਨ ਚਾਨਣ ਓਹਸੋਖਿਆ ਚੂਕਾ ਜਮ ਸਿਉ ਮੇਲ ॥ ੧ ॥ ਲੋਕਾ ਮਤ ਕੋਫਕੜ ਪਾਇ॥ ਲਖਮਝਿਆ ਕਰਏਕਠੇ ਏਕਠਭੀ ਲੇ ਭਾਇ॥ ੧॥ ਰਹਾਉ ॥ ਪਿੰਡ ਪੱਤਲ ਮੇਰੀ ਕੇਸੋ ਕ੍ਰਿਆ ਸੱਚ ਨਾਮ ਕਰਤਾਰ ॥ ਐਥੈ ਓਥੈ ਆਗੈ ਪਾਛੈ ਏਹ ਮੇਰਾ ਅਧਾਰ॥ ੨ ॥ ਗੰਗ ਬਨਾਰਸ ਸਿਫਤ ਤੁਮਾਰੀ ਨਾਵੇ ਆਤਮ ਰਾਉ ॥ ਸਾਚਾ ਨਾਵਨ ਭਾਥੀਐ ਜਾ ਅਹਿਨਿਸ ਲਾਗੈ ਭਾਉ॥ ੩ ॥ ਇਕ ਲੋਕੀ ਹੋਰ ਛੱਮ ਛਰੀ ਬਾਮਣ ਵਟ ਪਿੰਡ ਖਾਇ॥ ਨਾਨਕ ਪਿੰਡ ਬਖਸੀਸ ਕਾ ਕਬਹੂ ਨਿਖੂਟਸ ਨਾਹਿ ॥ ੪ ॥ ੧ ॥

ਭਾਂ ਗਇਆ ਦੇ ਪੰਡੇ ਤੇ ਲੋਕ ਸ੍ਰੀ ਗੁਰੂ ਜੀ ਦੇ ਚਰਨੀ ਆਇ ਪਏ ਭਾਂ ਸ੍ਰੀ ਬਾਬੇਜੀ ਆਖਿਆ ਸੱਤ ਨਾਮ ਸ੍ਰੀ ਵਾਹਿਗੁਰੂ ਕਾਜਾਪ ਕਰੋ ਤਾਂ ਤੁਸਾਡੀ ਕਲਿਆਨ ਹੋਵੇਗੀ ਮਨੋਂ ਵਾਸ਼ਨਾ ਖੈ ਭੱਤ ਗਿਆਨ ਕਾ ਅਭਿਆਸ ਕਰ ਪ੍ਰਾਣਾਯਾਮ ਕਰਨੇ ਤੇ ਮਨੋਨਾਸ ਹੋਤਾਹੈ ਜਗਤ ਕੇ ਅਨਿਤ ਜਾਣੇ ਤੇ ਵਾਸਨਾਂ ਦੂਰ ਹੁੰਦੀਆਂ ਹੈਨ ਵੇਦਾਂਤਸ਼ਾਸਤ੍ਰ ਕੇ ਜਾਨਨੇ ਔਰ ਅਭਿਆਸ ਤੇ ਭੱਤ ਗਿਆਨ ਹੋਤਾ ਹੈ ਨਾਮ ਜਪੋ ਭਾਂ ਤੁਸਾਡਾ ਉਧਾਰ ਹੋਵੇਗਾ ਏਹ ਬਚਨ ਸੁਣਕੇ ਸਭ ਗੁਰੂ ਜੀ ਕੇ ਸਿੱਖ ਹੂਏ ਭਾਂ ਗੁਰੂ ਜੀ ਓਥੋਂ ਅੱਗੇ ਗਏ ॥ ਬੋਲਹੁ ਭਾਈ ਜੀ ਵਾਹਿਗੁਰੂ ॥ ੯੪ ॥

ਸਾਖੀ ਜਗਨਨਾਥ ਦੀ ਜਾਤ੍ਰਾ ਦੀ

ਭਾਂ ਸ੍ਰੀ ਗੁਰੂ ਬਾਬੇ ਜੀ ਕਹਾ ਭਾਈ ਜਗਨਨਾਥ ਬੀ ਦੇਖੀਏ ਤਾਂ ਮਰਦਾਨੇ ਆਖਿਆ ਗੁਰੂ ਜੀ ਜਿਵੇਂ ਤੁਸਾਡੀ ਰਜ਼ਾਇ ਭਾਂ ਸ੍ਰੀ ਗੁਰੂ ਨਾਨਕ ਜੀ ਓਥੋਂ ਜਾਂਦੇ ਜਾਂਦੇ ਸ੍ਰੀ ਜਗਨਨਾਥ ਜੀ ਜਾਇ ਪ੍ਰਾਪਤ ਹੋਏ ਪਰ ਓਥੇ ਪੁਜਾਰੀ ਜੋ ਆਹੇ ਭਾਂ ਸਭ ਬ੍ਰਾਹਮਣਹੀਆਹੇ ਸੋ ਗੁਰੂ ਜੀਨੂੰ ਅੱਗੇ ਜਾਵਣ ਨਾ ਦੇਣ ਤਾਂ ਸ੍ਰੀ ਗੁਰੂ ਨਾਨਕ ਜੀ ਆਖਿਆ ਚਲੋ ਭਾਈ ਮਰਦਾਨਾ ਅਸੀ ਬਾਹਰ ਛੱਲ ਬੈਠੀਏ ਜਾਂ ਅਸਾਂ ਨੂੰ ਜਗਨਨਾਥ ਆਪ ਬੁਲਾਏਗਾ ਤਾਂ ਆਵੀਏਂਗੇ ਤਾਂ ਓਥੋਂ ਗੁਰੂ ਜੀ ਬਾਹਰ ਇਕ ਥੜੇ ਉੱਪਰ ਜਾਇ ਬੈਠੇ ਜਦ ਸ੍ਰੀ ਜਗਨਨਾਥ ਜੀ ਦੇ ਭੋਗ ਲਗਣੇ ਦਾ ਵਕਤ ਹੋਯਾ ਤਾਂ ਪੰਡਿਆਂ ਜਬ ਥਾਲ ਰੱਖਿਆ ਭਾਂ ਸ੍ਰੀ ਠਾਕਰ ਜੀ ਕਉ ਭੋਗ ਲਗੇ ਨਾਹੀਂ ਤਾਂ ਪੰਡਿਆਂ ਨੇ ਬਹੁਤ ਆਜਜ਼ੀ ਕੀਤੀ ਅਤੇ ਗਲੀਂ ਪੱਲੂ ਪਾਇ ਖੜੋਤੇ ਅਤੇ ਸਭ ਅਧੀਨ ਹੋਏ ਕਹੈਂ ਹੇ ਠਾਕਰ ਜੀ ਸਾਡੀ ਜੋ ਅਵੱਗਿਆ ਹੈ ਸੋ ਜ਼ਾਹਿਰ ਕਰੀਐ ਜੀ ਬਹੁਤ ਬੇਨਤੀ ਕੀਤੀ ਹੇ ਸੁਆਮੀ ਜੀ ਅਸਾਂ ਉੱਪਰ ਕ੍ਰਿਪਾ ਦ੍ਰਿਸ਼ਟ ਕਰੋ ਜੀ ਜਦ ਬਹੁਤ ਲਚਾਰ ਹੋਏ ਭਾਂ ਸ੍ਰੀ ਠਾਕਰ ਜੀ ਕੀ ਆਗਿਆ ਹੋਈ ਤੁਸਾਂ ਮੇਰੇ ਪਰਮ ਭਗਤ ਨਾਨਕ ਨਿਰੰਕਾਰੀ ਕੋ ਅੱਗੇ ਨਹੀਂ ਆਉਣ ਦਿੱਤਾ ਏਹ ਤੁਸਾਂ ਬੜੀ ਅਵੱਗਿਆ ਕੀਤੀ ਆਹੀ ਸੋ ਉਸ ਮੇਰੇ ਪਰਮ ਪਿਆਰੇ ਕਉ ਲਿਆਉ ਤਾਂ ਭੋਗ ਲੱਗੇਗਾ ਜੀ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਏਹ ਜਗਨਨਾਥ ਜੀਦਾ ਹੁਕਮਹੋਯਾ ਭਾਂ ਸਬਪਾਂਡੇ ਹੱਥਬੰਨ੍ਹਕੇ ਸ੍ਰੀ ਗੁਰੂਜੀ ਕੀ ਪੈਰੀਂ ਜਾਇ ਪਏ ਤੇ ਬੇਨਤੀਕੀਤੀ ਹੇਭਗਤਜੀਸ੍ਰੀ ਬੋਧਾਅਵਤਾਰਜੀਕੀ ਆਗਿਆ ਹੈ ਜੀ ਤੁਸੀ ਅੰਦਰ ਚਲੋ ਜੀ ਜੇ ਤੁਸੀ ਚਲੋਗੇ ਭਾਂ ਸ੍ਰੀ ਠਾਕੁਰਜੀ ਪ੍ਰਸਾਦ ਖਾਨਗੇ ਭਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਤੁਸਾਂ ਸਾਨੂੰ ਸ੍ਰੀ ਠਾਕੁਰਜੀ ਦੇ ਮੰਦਰ ਅੰਦਰ ਨਹੀਂ ਜਾਣ ਦਿੱਤਾ ਭਾਂ ਅਸੀਂ ਆਪਣੇ ਮੰਦਰਮੇਂ ਸ੍ਰੀ ਠਾਕੁਰਜੀਕਾ ਦਰਸ਼ਨ ਕੀਤਾਹੈ ਅਬ ਤੁਮ ਜਾਓ ਜਾਕਰਕੇ ਸ੍ਰੀ ਨਿਰੰਕਾਰਜੀਕੋਭੋਗਲਗਾਓ ਭਾਂ ਉਨਾਂ ਪੰਡਿਆਂਨੇ ਗਲ ਵਿਚ ਕਪੜੇ ਪਾਇਤੇ ਖੜੇ ਹੋਇਕੇ ਆਖਿਓਨੇ ਹੇ ਸੁਆਮੀਜੀ ਏਹ ਗੁਨਾਹਸਾਨੂੰਬਖਸ਼ੋ ਜੀ ਆਪ ਸੰਤਹੋ ਖਿਮਾਕਰੀਏ ਜੀ ਭਾਂ ਸ੍ਰੀ ਗੁਰੂਜੀ ਓਥੋਂ ਉਠਕੇ ਅੰਦਰ ਗਏ ਅਤੇ ਸ੍ਰੀ ਠਾਕੁਰ ਦਾ ਦਰਸ਼ਨ ਕੀਤਾ ਅਤੇ ਸ੍ਰੀ ਠਾਕੁਰਜੀ ਦੇ ਹੁਕਮ ਨਾਲ ਗੁਰੂ ਬਾਬੇ ਜੀ ਕਉ ਮਹਾਂ ਪ੍ਰਸ਼ਾਦ ਹੱਥ ਲਗਾ ਅਤੇ ਆਗਿਆ ਹੋਈ ਕਿ ਜੋਮੇਰੇਭਗਤ ਨਾਨਕ ਜੀਕਾ ਸਿੱਖ ਏਥੇ ਆਵੈ ਉਸਨੂੰ ਮੇਰੇ ਦਰਸ਼ਨ ਦਾ ਅਟਕਾ ਨਹੀਂ ਕਰਨਾ ਭਾਂ ਫੇਰਪੰਡੇ ਆਰਤੀ ਕਰਨ ਲੱਗੇ ਜਾਂ ਆਰਤੀ ਕਰਚੁਕੇ ਭਾਂ ਸ੍ਰੀ ਬਾਬੇ ਜੀ ਬੈਠੇ ਰਹੇ ਭਾਂ ਉਨਾਂ ਪੰਡਿਆਂ ਕਹਿਆ ਨਾਨਕਭਗਤਜੀ ਮਹਾਰਾਜ ਦੀ ਆਰਤੀ ਦੇ ਵਕਤ ਤੁਸੀ ਉਠਕੇ ਨਹੀਂ ਖੜੋਤੇ ਸ੍ਰੀ ਗੁਰੂਜੀ ਕਹਿਆ ਹੇ ਸੁਆਮੀਜੀ ਏਕ ਆਰਤੀ ਈਸ਼੍ਵਰਕੀ ਹੈ ਏਕ ਆਰਤੀ ਜੀਵ ਕੀ ਹੈ ਤੁਮ ਕਹੋ ਹਮ ਕੈਸੀ ਆਰਤੀ ਕਰੀਏ ਭਾਂ ਪੰਡਿਆਂ ਕਹਿਆ ਜੀ ਜੋ ਆਪਨੂੰ ਹੱਛੀਹੈ ਸੋਈ ਕਰੀਏ ਜੀ ਆਪਕੇ ਉਪਰ ਸ੍ਰੀ ਨਾਰਾਇਣ ਬੋਧਾ ਅਵਤਾਰ ਜੀਕੀ ਬੜੀ ਕ੍ਰਿਪਾਹੈ ਜੀ ਜਿਵੇਂ ਕਹੋਗੇ ਸੋਭਲਾਹੀ ਕਹੋਗੇਜੀ ਭਾਂਸ੍ਰੀਗੁਰੂਜੀ ਰਾਗਧਨਾਸਰੀ ਵਿੱਚ ਸ਼ਬਦ ਉਚਾਰਿਆ ॥ ॥ ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਕਾ ਮੰਡਲ ਜਨਕ ਮੋਤੀ॥ ਧੂਪਮਲਆਨਲੋਪਵਨ ਚਵਰੋ ਕਰੈ ਸਗਲ ਬਨਰਾਇਫੂਲੰਤ ਜੋਤੀ॥ ੧॥ ਕੈਸੀਆਰਤੀਹੋਇਭਵਖੰਡਨਾਤੇਰੀਆਰਤੀ॥ਅਨਹਤਾਸਬਦਵਾਜੰਤ ਭੇਰੀ॥ ੧॥ ਰਹਾਉ ॥ਸਹਸਤਵਨੈਨਨਨਨੈਨਹਹਿ ਤੋਹਿ ਕਉਸਹਸ ਮੂਰਤ ਨਨਾ ਏਕਤੋਹੀ ॥ ਸਹਸਪਦ ਬਿਮਲਨਨ ਏਕ ਪਦ ਗੰਧ ਬਿਨ ਸਹਸ ਤਵਗੰਧ ਇਵ ਚਲਤਮੋਹੀ॥੨॥ਸਭਮਹਿਜੋਤਿ ਜੋਤਿਹੈ ਸੋਇ॥ਤਿਸਦੈ ਚਾਨਣ ਸਭਮਹਿਚਾਨਣ ਹੋਇ॥੩॥ਗੁਰਸਾਖੀਜੋਤਿਪ੍ਰਗਟਹੋਇ।ਜੋਤਿਸਭਾਵੈਸੋਆਰਤੀਹੋਇ।੪।ਹਰਿ.ਚਰਨ ਕਮਲਮਕਰੰਦਲੋਭਿਤਮਨੋ ਅਨਦਿਨੋ ਮੋਹਿ ਆਹੀ ਪਿਆਸਾ॥ ਕਿਰਪਾ ਜਲ ਦੇਹ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੈ ਨਾਇ ਵਾਸਾ॥੪॥ਏਹਆਰਤੀ ਸੁਣਕੇ ਸਭ ਸ੍ਰੀ ਗੁਰੂਜੀ ਦੇ ਚਰਨੀਂ ਆਇਲਗੇ ਭਾਂਸ੍ਰੀਗੁਰੂਜੀ ਓਥੋਂ ਸਭ ਪਰਖੁਸ਼ੀ ਕਰਕੇ ਫੇਰਬਾਹਰ ਜਾਇ ਕਰਇਕਬਾਵਲੀ ਬਣਵਾਈ (ਹੁਨਤਕ ਓਹ ਕਾਇਮਹੈ) ਤਿਸਬਾਵਲੀਦਾਬੜਾਸੁੰਦਰਤੇ ਮਿੱਠਾ ਜਲਹੈ ਅਤੇਸ੍ਰੀ ਬਾਬੇਜੀ ਕਹਿਆ ਜੋ ਕੋਈ ਸਿਖ ਸਾਧ ਆਵੇ ਉਸਦੀ ਸੇਵਾ ਕਰਨੀ ਤੇਆਏ ਨੂੰ ਪ੍ਰਸਾਦ ਮਿਲੇ ਏਹ ਬਚਨ ਕਰਕੇ ਫੇਰ ਗੁਰੂਜੀ ਓਥੇ ਇਕ ਸ਼ਬਦ ਉਚਾਰਿਆ ॥

CC-0. Gurukul Kangri University Haridwar Collection. Digitized by S3 Foundation USA

ਰੁਤ ਆਈਲੇ ਸਰਸ ਬਸੰਤਮਾਹ ॥ ਰੰਗਰਾਤੇਰੰਵਹਿ ਸਿ ਤੇਰੈ ਚਾਇ॥ ਕਿਸਪੂਜ ਚੜਾਵਹੁ ਲਗਹੁਪਾਇ॥ਤੇਰੇ ਦਾਸਨਦਾਸਾਕ ਹਉਰਾਇ॥ਜਗਜੀਵਨ ਜੁਗਤ ਨ ਮਿਲੈ ਕਾਇ॥ਤੇਰੀ ਮੂਰਤ ਏਕਾ ਬਹੁਤਰੂਪ॥ਕਿਸਪੂਜ ਚੜਾਵਉ ਦੇਉਧੂਪ ॥ ਤੇਰਾਅੰਤ ਨ ਪਾਯਾ ਕਹਾ ਪਾਇ ॥ ਤੇਰੇ ਦਾਸਨ ਦਾਸਾ ਕਹਉ ਰਾਇ ॥ ਤੇਰੇ ਸਠ ਸੰਬਤ ਸਭ ਤੀਰਥਾ ॥ ਤੇਰਾ ਸਚ ਨਾਮ ਪਰਮੇਸਰਾ ॥ ਤੇਰੀਗਤਿਅਵਗਤਿਨਹੀਜਾਣੀਐ ॥ ਅਣਜਾਣਤਨਾਮਵਖਾਣੀਐ ॥ ਨਾਨਕ ਵਿਚਾਰਾ ਕਿਆ ਕਹੈ ॥ ਸਭਲੋਕ ਸਲਾਹੇ ਏਕਸੇ ॥ ਸਿਰਨਾਨਕ ਲੋਕਾਪਾਵਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥ ਤਾਂ ਓਥੋਂ ਦੇ ਲੋਕ ਔਰ ਰਾਜਾ ਸਭ ਗੁਰੂ ਜੀ ਸਿਖ ਹੋਗਏ ਤਾਂ ਗੁਰੂਜੀ ਸਭ ਉਪਰ ਖੁਸ਼ੀ ਕੀਤੀ ਸਭ ਲੋਕਪ੍ਰਸੰਨ ਹੋਏ ਤਾਂ ਸ੍ਰੀ ਗੁਰੂਨਾਨਕਜੀ ਜਗਨ ਨਾਥਜੀ ਦਾ ਦਰਸ਼ਨ ਕਰਕੇ ਓਥੋਂ ਚਲਦੇ ਰਹੇ ॥੯੫ ॥

ਸਾਖੀ ਗੁਰੂ ਜੀ ਅਜੁੱਧਿਆ ਕੋ ਗਏ

ਸ੍ਰੀ ਗੁਰੂਨਾਨਕਜੀ ਕਹਿਆ ਭਾਈ ਬਾਲਾ ਏਹਭੀ ਨਗਰੀ ਸ੍ਰੀਰਾਮਚੰਦਜੀ ਕੀ ਹੈ ਏਥੇ ਸ੍ਰੀ ਰਾਮਚੰਦਰਜੀ ਅਵਤਾਰ ਧਾਰਕੇ ਚਰਿੱਤ੍ਰ ਕੀਏਹੈਨ ਸੋਦੇਖ ਦੇਹੀ ਚਲੀਏਂਗੇ ਤਾਂਸ੍ਰੀਗੁਰੂਜੀ ਸਰਜੂ ਨਦੀਦੇਕਿਨਾਰੇਪਰ ਜਾਇਬੈਠੇਤਾਂ ਓਥੋਂਦੇਲੋਕ ਚਰਨੀਂਆਇਲਗੇ ਤਾਂਭਾਈਬਾਲੇ ਕਹਿਆ ਸ੍ਰੀਰਾਮਚੰਦਰਜੀ ਤਾਂ ਨਗਰੀਕੋ ਸਾਥ ਲੇਗਏਸਨ ਏਹਕਹਾਂ ਸੇ ਆਈ? ਤਾਂ ਓਥੋਂ ਦੇਪੰਡਿਆਂ ਆਖਿਆ ਸ੍ਰੀ ਬਾਬਾਜੀ ਜੇਹੜੇ ਘਰਸਨ ਓਹਤਾਂ ਨਾਲਨਹੀਂ ਸੇ ਲੈਗਏ ਅਤੇ ਜੋ ਸ੍ਰੀ ਰਾਮਚੰਦਰ ਦਾਦਰਸ਼ਨ ਕਰਤੇ ਥੇ ਅਰਜੋਉਨਕਾਨਾਮ ਜਪਤੇਥੇ ਸੋ ਬੈਕੁੰਠਕੋ ਜਾਇ ਪ੍ਰਾਪਤਭਏਹੈਨ ਤਾਂਸ੍ਰੀਗੁਰੂਜੀ ਕਹਿਆ ਭਾਈ ਤੁਸੀ ਵੀ ਸ੍ਰੀ ਗੁਰੂ ਨੂੰ ਮਿਲਕਰ ਪਰਮੇਸ਼ਰ ਜੀ ਕਾਨਾਮ ਜਪੋ ਪੂਰਨ ਗੁਰੂਕਾ ਧਿਆਨ ਧਰੋ ਤੁਸੀ ਭੀਬੈਕੁੰਠਕੋ ਪ੍ਰਾਪਤ ਹੋਵੋਗੇ ਤਾਂ ਉਨਾਂ ਪੰਡਿਆਂਕਹਿਆ ਮਹਾਰਾਜਜੀ ਗੁਰੂ ਕਿਤਨੀਤਰਾਂਦੇਹੈਨ ਤਾਂਗੁਰੂਜੀ ਕਹਿਆ ਗੁਰੂ ਤੀਨ ਤਰਾਂਦੇ ਹੁੰਦੇ ਹੈਨ ਪ੍ਰਿਥਮੇਤਉ ਗੁਰੂਪੰਡਿਤ ਹੋਤਾਹੈ ਪਰਪੰਡਿਤਗੁਰੂ ਔਰਲੋਕੋਂ ਕੋਉਪਦੇਸ਼ ਕਰਤੇਹੈਂ ਪਰਆਪਨਹੀਂਕਮਾਵਤੇ ਤਿਸਕਉ ਮਿਲਨੇ ਕਾ ਪੁੰਨ ਹੋਤਾ ਹੈ ਗਤੀਨਹੀਂ ਹੁੰਦੀ ਜੋਅਵਧੂਤ ਗੁਰੂਹੈਂ ਸੋ ਉਨਾਂਦੇ ਵਿਦਯਾ ਰੂਪੀ ਹਾਥ ਪਾਉਂਨਹੀਂਹੋਤੇ ਕਿਉਂਕਿ ਕਿਸੇ ਸੰਤ ਨੂੰਮਿਲਕੇ ਗਿਆਨ ਪ੍ਰਾਪਤਹੋਯਾਹੈ ਸੋ ਆਪਣਾ ਉਧਾਰ ਕਰਲੈਂਦੇਹੈਨ ਪਰ ਦੂਸਰੇ ਕਉ ਨਹੀਂ ਪਾਰਕਰ ਸਕਤੇ ਔਰਜੋਮਹਾਂਪੁਰਖ ਗੁਰੂਹੈਨ ਸੋ ਆਪਤੇ ਮੁਕਤ ਰੂਪ ਹੈਨ ਅਰ ਜੋ ਉਨਕੋ ਮਿਲਤਾ ਹੈ ਸੋ ਉਸਕਉ ਸੱਤਨਾਮ ਦੇਕਰ ਤੁਰਤਹੀ ਉਧਾਰ ਕਰ ਦੇਤੇ ਹੈਨ ਏਹ ਬਚਨ ਸ੍ਰੀ ਗੁਰੂਜੀ ਕੇ ਸੁਨਕਰ ਅਜੁਧਿਆਵਾਸੀ ਸਭ ਸ੍ਰੀ ਗੁਰੂਜੀਕੇ ਚਰਨਾਂ ਉੱਪਰਢਹਿ ਪਏ ਅਤੇਅਰਜ਼ਲਗੇ ਕਰਨ ਹੇਨਿਰੰਕਾਰਜੀਸਾਨੂੰ ਸੰਸਾਰਦੇ ਦੁਖਾਂਪਾਸੋਂ ਬਚਾਉਜੀ ਅਤੇ ਸਾਡੀ ਕਲਿਆਣਕਰੋਜੀ ਆਪਮਹਾਂਪੁਰਖਹੋ ਤਾਂ ਸ੍ਰੀਗੁਰੂਜੀ ਕਹਿਆ ਭਾਈ ਤੁਸੀ ਜਗਤ ਅਨਿੱਤ ਜਾਣੋ ਤੇ ਆਏ ਸਾਧਦੀ ਸੇਵਾ ਕਰੋ ਮਨਕਰਕੇ ਪਰਮੇਸ਼ਰਦਾ ਜਾਪ ਕਰੋ ਵੰਡਖਾਵੋ

CC-0. Gurukul Kangri University Haridwar Collection. Digitized by

ਧਰਮ ਦੀ ਕਿਰਤ ਕਰਨੀ ਏਹ ਉਪਦੇਸ਼ ਦੇਕੇ ਓਥੋਂ ਰਉਂਦੇ ਰਹੇ॥ ੮੬॥

ਸਾਖੀ ਪ੍ਰਾਗਰਾਜ ਕੋ ਗੁਰੂ ਜੀ ਗਏ

ਜਦ ਸ੍ਰੀ ਗੁਰੂ ਜੀ ਪ੍ਰਾਗਰਾਜਪਹੁੰਚੇ ਤੇ ਓਥੋਂ ਦੇ ਲੋਕ ਮਿਲਕਰ ਬੜੇ ਬੜੇ ਪੰਡਿਤ ਇਕੱਠੇ ਹੋਇਕੇ ਗੁਰੂਜੀ ਨਾਲ ਆਇ ਚਰਚਾ ਲਗੇਕਰਨ ਭਾਂ ਸ੍ਰੀ ਬਾਬੇਜੀਦੀਪ੍ਰਾਰਥਨਾਕਰਤਾਰਜੀ ਦੇ ਆਗੇ ਸ੍ਰੀ ਗੁਰੂ ਜੀ ਆਖਿਆ ਕੋਈ ਸੰਸਕ੍ਰਿਤਪੜ੍ਹਿਆਹੈ ਕੋਈ ਕੋਈ ਪੁਰਾਨ ਵਾਚਤੇ ਹੈਨ ਕੋਈ ਗੁਪਤੀ ਪਾਇਕਰ ਮਾਲਾ ਸੇ ਜਾਪ ਕਰਦੇਹੈਨ ਕੋਈ ਤ੍ਰਿਕੁਟੀ ਦਾ ਧਿਆਨਕਰਦੇ ਹੈਨ ਮਹਾਰਾਜ ਕਹਿੰਦੇ ਹੈਨ ਹੇਨਿਰੰਕਾਰਜੀ ਮੈਂਤੇਰੇਨਾਮ ਤੋਂ ਬਿਨਾਂ ਕੁਛ ਨਹੀਂ ਜਾਨਦਾ ਅੱਗੇ ਭੀ ਤੇਰਾ ਨਾਮ ਹੀ ਜਾਨਦਾ ਆਹਾ ਤੇ ਹੁਣ ਭੀ ਤੇਰੇਨਾਮਦਾਹੀ ਆਸਰਾ ਹੈ ਏਹ ਨਾਹੀਂ ਮੈਂ ਜਾਣਦਾ ਕਿ ਕਿਆ ਮੇਰੀ ਗਤਿ ਹੋਵੇਗੀ ਮੈਂ ਮੂਰਖ ਹਾਂ ਅਗਿਆਨੀ ਹਾਂ ਪਰ ਤੇਰੀ ਸਰਨ ਹਾਂ ਤੇਰੀ ਕ੍ਰਿਪਾਕਰ ਮੇਰੀ ਲਾਜ ਪਤ ਰਹਿਆਵੇਗੀ ਮੇਰਾ ਮਨ ਸੰਕਲਪਾਂਵਿਕਲਪਾਂ ਕਰਕੇ ਬੰਧਾ ਹੁਆ ਹੈ ਅਕਾਸ਼ ਪਤਾਲ ਦੇ ਸੁਖ ਦੁਖ ਪਿਆ ਭੋਗਦਾ ਹੈ ਘਟੀਜੰਤ੍ਰ ਕੀ ਨਿਆਈਂ ਕਰਮਾਂ ਕਾ ਬੰਧਿਆ ਪਿਆ ਫਿਰਦਾਹੈ ਚਾਰੋਂ ਕੂੰਟਾਂ ਭਾਲਦਾ ਹੈ ਏਕੰਤ ਹੋਕਰ ਨਾਮ ਨਹੀਂ ਜਪਦਾ। ਜਿਸਦਿਨ ਏਹਜੀਵ ਮਾਤਾਦੇਗਰਭਵਿਖੇ ਆਯਾਹੈ ਉਸੇਦਿਨਦਾ ਮਰਨਦਾਲੇਖ ਇਸਦੇ ਮਸਤਕਉੱਪਰ ਲਿਖਿਆਗਿਆਹੈ ਅਤੇਏਹ ਜੀਵਣਦੇ ਸਾਜਬਣਾਉਂਦਾ ਫਿਰਦਾ ਹੈ ਅੱਖੀਂ ਨਾਲ ਹੋਰਨਾਂ ਨੂੰ ਮਰਦੇ ਦੇਖਦਾਹੈ ਅਤੇ ਆਪਨੀ ਉਮਰਾਬੀਤਦੀ ਦੇਖਦਾਹੈ ਔਰ ਬਬਾਨ ਬਣਦੇ ਦੇਖਦਾ ਹੈ ਵਿਖਾ ਦੀ ਅਗਨੀਬਲਦੀਦੇਖਦਾ ਹੈ ਅਤੇ ਫੇਰਭੀ ਨਾਮਨਹੀਂ ਜਪਦਾ ਤੇ ਆਪ ਗੁਮਾਨਕਰਦਾਹੈ ਏਹਪੁਤ੍ਰਭਾਈ ਬਾਪਤੇਮਾਈਤੇਚੇਲੇ ਏਹਮੇਰੀਸਹਾਯਤਾ ਕਰਨਗੇ ਸੋਏਹ ਸਭ ਝੂਠਹੈ ਜਿਨਾਂ ਉਪਰ ਕਰਤਾਰਦੀ ਕ੍ਰਿਪਾ ਹੋਂਦੀਹੈ ਤਿਨਾਂਨੂੰਸਤਿਗੁਰ ਦੇ ਦੁਆਰਿਓਂ ਨਾਮਮਿਲਦਾਹੈ ਉਨਾਂਦੀਸਹਾਇਤਾ ਹੁੰਦੀਹੈ ਪਰਜੇ ਬ੍ਰਤੀਸੰਯੁਗਤਨਾਮਨੂੰ ਜਪਨ ਭਾਂ ਉਨਕੇ ਸਰਬ ਕਾਰਜ ਸਿੱਧ ਹੋਤੇ ਹੈਨ ਏਹ ਸ੍ਰੀਗੁਰੂ ਜੀਕੀ ਨਿੱਮ੍ਰਤਾਦਾ ਉਪਦੇਸ਼ ਸੁਣਕਰ ਪ੍ਰਾਗਰਾਜ ਦੇ ਰਹਿਨ ਵਾਲੇ ਸਿੱਧ ਸਾਧ ਪੰਡਤ ਹੋਰ ਲੋਕ ਭੀ ਗੁਰੂ ਜੀਕੀ ਚਰਨੀਂ ਆਇ ਲਗੇ ਹੇ ਗੁਰੂ ਜੀ ਸਾਡੀ ਕਲਿਆਨ ਕਰੋ ਜੀ ਭਾਂ ਸ੍ਰੀ ਬਾਬੇ ਜੀ ਕਹਿਆ ਭਾਈ ਇਕ ਮਨ ਹੋਇਕੇ ਪ੍ਰਮੇਸ਼ਰਜੀਕਾ ਸਿਮਰਨ ਕਰੋ ਅਤੇ ਨਾਮਜਪੋ ਨਿਰਅਭਿਮਾਨ ਹੋਵੋ ਆਏਸੰਤ ਦੀ ਸੇਵਾ ਕਰੋ ਤੁਹਾਡਾ ਭਲਾ ਹੋਵੇਗਾ ਏਹ ਉਪਦੇਸ਼ ਓਨਾਂ ਨੂੰ ਕਰਕੇ ਗੁਰੂਜੀ ਓਥੋਂ ਚਲਦੇ ਰਹੇ ਸੰਪੂਰਨ ਤੀਰਥ ਜੋ ਹੈ ਸੋ ਸਾਰਾ ਸੈਲ ਗੁਰੂ ਜੀ ਕੀਆ ਫੇਰ ਗੁਰੂ ਜੀ ਗੁਦਾਵਰੀ ਗਏ ਓਥੇ ਜਾਇ ਦਰਸ਼ਨ ਕੀਆ ਜਹਾਂ ਪੰਚਬਟੀ ਅਗਸਤ ਜੀਕਾ ਆਸਣਦੇਖਿਆ ਜੋ ਜੋ ਅਸਥਾਨ ਹੈਂ ਔਰ ਮਹਾਤਮਾਂ ਸੰਤਾਂ ਕਾ ਦਰਸ਼ਨ ਕੀਆ ਹਰਿ ਚਰਚਾ ਕੀਤੀ ਪਰਮੇਸ਼ਰ ਜੀਕੀ ਉਸਤਤ ਕੀਤੀ ਸਭ ਤੀਰਥਾਂ ਕੀ ਜਾਤ੍ਰਾ ਕੀਤੀ ਭਾਂ ਸ੍ਰੀ ਗੁਰੂਜੀ ਮਹਾਰਾਜ ਜੀ ਮੇਰੇਪ੍ਰਤੀ ਆਖਣ ਲੱਗੇ ਜੋ ਭਾਈ ਬਾਲਾ ਚਲ ਤੈਨੂੰ ਕਾਰੂ ਦੇਸ਼ ਦਾ ਦਰਸ਼ਨ ਕਰਾਇ ਲਿਆਈਐ ਤਾਂ ਗੁਰੂ ਜੀ ਮੈਂ

CC-0. Gurukul Kangri University Haridwar Collection. Digitized by S3 Foundation USA

ਆਖਿਆ ਜੀ ਜੋ ਤੁਸਾਡੀ ਰਜ਼ਾਇ ਤਾਂ ਓਥੋਂ ਰਉਂਦੇ ਰਹੇ ॥ ੯੭ ॥

ਆਗੇ ਗੁਰੂ ਜੀ ਤ੍ਰਿਆ ਰਾਜ ਕਉ ਗਏ

ਤਾਂ ਸ੍ਰੀ ਗੁਰੂਜੀ ਜਾਂਦੇ ਜਾਂਦੇ ਕਾਰੂ ਦੇਸ਼ ਨੂੰ ਜਾਇ ਪ੍ਰਾਪਤ ਹੋਏ ਇਕਦਿਨ ਮਰਦਾਨੇ ਨੂੰ ਭੁੱਖ ਲਗੀ ਤੇ ਓਥੇ ਇਕ ਦੋਇਦਿਨ ਕੁਛਨਹੀਂ ਪਹੁੰਚਿਆ ਤਾਂ ਮਰਦਾਨੇਆਖਿਆ ਗੁਰੂਜੀ ਤੁਸੀ ਤਾਂ ਪਉਣ ਆਹਾਰੀ ਹੋਇ ਰਹਿੰਦੇ ਹੋ ਤੇ ਗੁਰੂਜੀ ਮੈਨੂੰ ਭੁਖਨੇ ਬੜਾ ਸੰਤਾਇਆ ਹੈ ਜੀ ਕੁਛ ਮੇਰਾ ਇਲਾਜ ਕਰੋ ਜੀ ਤਾਂ ਗੁਰੂ ਜੀ ਕਹਿਆ ਭਾਈ ਬਾਲਾ ਸਾਡਾ ਇਸ ਨਾਲ ਬਹੁਤ ਕੰਮ ਹੈ ਤਾਂ ਗੁਰੂਜੀ ਕਹਾ ਮਰਦਾਨਾਂ ਆਤਮੇ ਦੀ ਕੀ ਖਬਰ ਹੈ ਤਾਂ ਮਰਦਾਨੇ ਕਹਿਆ ਭੁੱਖਾ ਹਾਂ ਜੀ ਮੈਨੂੰ ਭੁਖ ਖਾਇ ਗਈ ਹੈ ਜੀ ਫੇਰ ਮਰਦਾਨੇ ਆਖਿਆ ਜੀ ਏਹ ਸ਼ਹਿਰ ਬੜਾ ਸੁੰਦਰ ਹੈ ਜੇ ਆਪ ਆਗਿਆ ਕਰੋ ਤਾਂ ਮੈਂ ਜਾਇਕੇ ਕੁਛ ਮੁਖ ਪਾਇ ਆਵੋਂ ਤਾਂ ਗੁਰੂ ਜੀ ਕਹਿਆ ਮਰਦਾਨਾ ਏਹਸ਼ਹਿਰ ਵੜਨਦਾ ਨਾਹੀਂ ਤਾਂ ਮਰਦਾਨੇ ਕਹਿਆ ਗੁਰੂਜੀ ਜਿੱਥੇ ਕੋਈ ਵਸਤੀ ਆਂਵਦੀਹੈ ਓਥੇਆਖਦੇਹੋ ਜਾਣਾਨਹੀਂ ਅਤੇ ਉਜਾੜਾਂ ਵਿਚਲਈਫਿਰਦੇਹੋ ਤਾਂ ਗੁਰੂਨਾਨਕ ਜੀਕਹਿਆ ਮਰਦਾਨਾਂ ਤੂੰਜਾਣ ਤਾਂ ਮਰਦਾਨਾ ਬਸਤੀਵਿੱਚਜਾਇਵੜਿਆ ਇੱਕਗਲੀਵਿੱਚ ਜਾਇਖਲੋਤਾ ਤਾਂ ਅੱਗੇ ਚਾਰਔਰਤਾਂ ਆਪਣੀਬੋਲੀਵਿੱਚਹਸਦੀਆਂ ਆਈਆਂ ਜਾਂ ਮਰਦਾਨੇ ਨੂੰਡਿੱਠੋਨੇ ਤਾਂ ਲੱਗੀਆਂ ਆਪਸਵਿੱਚ ਵੰਡੀਆਂ ਪਾਉਣ ਉਹਆਖੇ ਮੈਂਲੈਜਾਨੀਹਾਂ ਉਹਆਖੇ ਮੈਂ ਲੈਜਾਨੀਹਾਂ ਪਰ ਇਕਰੰਨਨੇ ਮਰਦਾਨੇਨੂੰ ਵਾਜਮਾਰੀ ਤਾਂ ਮਰਦਾਨੇ ਆਖਿਆ ਮੈਨੂੰਕੁਛ ਦੇਵਣ ਲੱਗੀ ਹੈ ਜਦ ਮਰਦਾਨਾ ਉਸਦੇ ਅੰਦਰ ਜਾਇਕੇ ਵੜਨ ਲਗਾ ਤਾਂ ਉਸ ਔਰਤਨੇ ਉਠਕੇ ਮਰਦਾਨੇਦੇਗਲ ਧਾਗਾ ਬੰਨ੍ਹਦਿੱਤਾ ਜਾਂ ਧਾਗਾ ਗਲਪਾਇਆ ਤਾਂਮਰਦਾਨੇਨੂੰ ਛੱਤਰਾ ਕਰਕੇ ਚਾਇਅੰਦਰ ਬਹਾਇਆ ਤੇ ਆਪ ਪਾਣੀਭਰਨਨੂੰ ਚਲੀਗਈ ਤੇ ਮਰਦਾਨਾ ਅੰਦਰ ਹੀ ਬੈਠਾ ਰਹਜਾ ਤੇ ਪਿਆ ਦਲੀਲਾਂ ਕਰਦਾਹੈ ਹੇਗੁਰੂ ਜੀਮੈਂ ਕਿੱਥੇ ਆਇਪਿਆ ਹਾਂ ਤਾਂ ਓਥੇ ਗੁਰੂਜੀ ਮੈਂ ਸਤਿਗੁਰਾਂ ਨੂੰ ਕਹਿਆ ਗੁਰੂ ਜੀ ਮਰਦਾਨੇਨੂੰ ਗਿਆਂ ਤਾਂ ਇਕਪਹਿਰ ਹੋਗਿਆਹੈ ਅਜੇ ਆਇਓ ਨਾਹੀਂ ਹੇ ਗੁਰੂਜੀ ਜਾਂ ਏਹਮੈਂ ਆਖਿਆ ਤਾਂ ਗੁਰੂਜੀ ਬੋਲੇ ਸੁਣ ਭਾਈਬਾਲਾ ਸਾਨੂੰ ਮਰਦਾਨਾਤਾਰ ਸੁਣਾਉਂਦਾਸੀ ਪਰ ਏਹ ਨਗਰੀ ਬੜੀ ਨਿਗੁਰੀਹੈ ਸੋ ਕਿਆਜਾਣੀਏ ਮਰਦਾਨੇਨੂੰ ਕਿਸੇਛੱਤ੍ਰਾਂਕਰਬਹਾਧਾਹੋਸੀ ਇਤਨਾ ਕਹਿਕਰ ਸ੍ਰੀ ਗੁਰੂ ਜੀ ਉਠਖੜੇਹੋਏ ਤੇ ਕਹਿਆ ਚਲਭਾਈਬਾਲਾਮਰਦਾਨੇਨੂੰਲੈਆਵੀਏ ਤਾਂ ਮੈਂ ਕਹਿਆ ਗੁਰੂਜੀ ਮਰਦਾਨਾ ਕਿਥੇ ਹੋਵੇਗਾ ਗੁਰੂਜੀ ਕਹਜਾ ਬਾਲਾ ਮਰਦਾਨੇਨੂੰ ਛੱਤ੍ਰਾਕਰਕੇ ਬੰਨ੍ਹਬਿਠਾਧਾਹੈਨੇ ਤਾਂ ਮੈਂ ਆਖਿਆ ਗੁਰੂ ਜੀ ਕਿਉਂਨਾ ਛੱਤ੍ਰਾ ਹੋਵੇ ਜੋ ਤੁਸੀ ਮਨ੍ਹੇ ਕਰੋ ਤੇ ਓਹ ਰਹੇਨਹੀਂ ਤੁਸੀ ਕਿਆ ਕਰੋ ਜੀ ਤਾਂ ਗੁਰੂਜੀ ਨਾਲ ਮੈਂ ਤਾਂ ਨਾਲੇ ਸ੍ਰੀ ਗੁਰੂ ਨਾਨਕਜੀ ਮਰਦਾਨੇ ਨੂੰ ਲੈਨ ਵਾਸਤੇ ਚਲੇ ਜਾਇ ਵਸਤੀ ਵਿਚ ਵੜੇ ਤੇ ਪੁਛਿਓਨੇ ਏਥੇ ਸਾਡਾਆਦਮੀ ਆਯਾਹੈ ਤਾਂਓਹ ਔਰਤਾਂ ਸਾਨੂੰ ਦੇਖਕੇ ਚਾਮਲ ਆਈਆਂ ਅਤੇ ਆਖਿਓਨੇ ਏਥੇ ਤਾਂ ਕੋਇ ਨਾਹੀਂ ਆਯਾ ਤਾਂ ਇਕ ਰੰਨ ਬਾਲੇ ਦੇ

CC-0. Gurukul Kangri University

ਗਲ ਵਿਚ ਧਾਗਾ ਲੱਗੀ ਬੰਨਣ ਭਾਂ ਓਹ ਕੁੱਤੀ ਹੋਇ ਗਈ ਤੇ ਇਕ ਗੁਰੂ ਬਾਬੇ ਜੀ ਵਲ ਦੌੜੀ ਗਧੀ ਹੋਇ ਗਈ ॥ ਭਾਂ ਸ੍ਰੀ ਗੁਰੂ ਜੀ ਸਲੋਕ ਕਹਿਆ ॥ ਕੱਲਰ ਕੀਆਂ ਵਣਜਾਰੀਆਂ ਝੂਠੇ ਮੁਸ਼ਕ ਮੰਗੇਨ॥ ਅਮਲਾਂ ਬਾਝਹੁ ਨਾਨਕਾ ਕਿਉਂ ਕਰ ਕੰਤ ਮਿਲੇਨ ॥ ੧ ॥ ਇਸ ਬਚਨ ਦੇ ਕਹਿਣੇ ਨਾਲ ਜਿਸਨੇ ਮਰਦਾਨੇ ਨੂੰ ਛੱਤ੍ਰਾ ਬਣਾਇਆ ਸੀ ਉਸਦੇ ਸਿਰ ਉਪਰ ਪਾਣੀ ਵਾਲਾ ਘੜਾ ਜੁੜ ਗਿਆ ਭਾਂ ਉਸਦੀ ਸਹੇਲੀ ਗੁਰੂ ਜੀ ਦੇ ਗਲ ਧਾਗਾ ਪਾਉਣ ਆਈ ਤਾਂ ਓਹ ਛੱਤ੍ਰੀ ਹੋ ਗਈ ਤਾਂ ਫੇਰ ਸ੍ਰੀ ਬਾਬੇ ਜੀ ਮੇਰੇ ਪ੍ਰਤੀ ਆਖਿਆ ਬਾਲੇ ਡਿਠੋਈ ਤਾਂ ਮੈਂ ਆਖਿਆ ਗੁਰੂ ਜੀ ਜੋ ਆਪ ਨੇ ਦਿਖਾਇਆ ਹੈ ਸੋ ਦੇਖਿਆ ਹੈ ਜੋ ਦਿਖਾਓਗੇ ਸੋ ਦੇਖੀਏਂਗੇ ਜੀ ਤਾਂ ਫੇਰ ਗੁਰੂ ਜੀ ਮੈਨੂੰ ਹੁਕਮ ਕੀਤਾ ਬਾਲਾ ਅੰਦਰ ਜਾਇ ਕਰ ਮਰਦਾਨੇ ਦੇ ਗਲੋਂ ਧਾਗਾ ਤੋੜ ਸੁਟ ਤਾਂ ਫੇਰ ਗੁਰੂ ਜੀ ਮੈਂ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਕਾ ਬਚਨ ਪਾਇ ਕਰ ਅੰਦਰ ਜਾਇ ਕੇ ਮਰਦਾਨੇ ਦੇ ਗਲੋਂ ਧਾਗਾ ਤੋੜ ਸੁਟਿਆ ਤਾਂ ਛੱਤ੍ਰੇ ਥੀਂ ਆਦਮੀ ਹੋਇ ਬੈਠਾ ਤਾਂ ਸ੍ਰੀ ਗੁਰੂ ਨਾਨਕ ਜੀ ਆਖਿਆ ਮਰਦਾਨਿਆਂ ਕੀ ਖ਼ਬਰ ਹਈ ਤਾਂ ਮਰਦਾਨੇ ਆਖਿਆ ਬੱਸ ਜੀ ਬੱਸ ਅਸਾਨੂੰ ਭਲੀ ਆਂ ਬਲਾਈਂ ਵਿਚ ਲਈ ਫਿਰਦਾ ਹੈਂ ਤਾਂ ਗੁਰੂ ਜੀ ਕਹਿਆ ਮਰਦਾਨਿਆਂ ਤੂੰ ਆਪੇ ਹੀ ਆਇ ਫਾਥੋਂ ਅਸਾਂ ਤਾਂ ਤੈਨੂੰ ਮਨ੍ਹਾ ਕੀਤਾ ਸੀ ਜੋ ਤੂੰ ਜਾਹ ਨਾਹੀਂ ਤਿਚਰਾਂ ਨੂੰ ਉਨਾਂ ਔਰਤਾਂ ਦੇ ਖ਼ਸਮ ਘਰੀਂ ਆਏ ਦੇਖਨ ਭਾਂ ਰੰਨਾਂ ਛਤ੍ਰੀਆਂ ਤੇ ਕੁਤੀਆਂ ਹੋਇ ਬੈਠੀਆਂ ਹਨ ਅਤੇ ਇਕ ਰੰਨ ਦੇ ਸਿਰ ਤੇ ਘੜਾ ਪਾਣੀ ਦਾ ਭਰਿਆ ਹੋਯਾ ਲੱਗਾ ਹੋਯਾ ਹੈ ਬਹੁਤੇਰਾ ਯਤਨ ਕਰ ਰਹੇ ਉਤਰੇ ਨਾਹੀਂ ਪਰ ਝੂਠ ਦਾ ਸਦਕਾ ਓਹ ਘੜਾ ਸਾਰੇ ਹੀ ਲਈ ਫਿਰੈ ਅਰ ਉਥੋਂ ਦੀ ਸਰਦਾਰ ਨੂਰ ਸ਼ਾਹ ਨਾਮੇ ਔਰਤ ਹੈਸੀ ਸਭ ਜਾਦੂਗਰਾਂ ਦੇ ਸਿਰ ਜਾਦੂਗਰਨੀ ਸੀ ਉਸਨੂੰ ਖ਼ਬਰ ਹੋਈ ਜੋ ਇਕ ਔਰਤ ਦੇ ਸਿਰ ਉਪਰ ਪਾਣੀ ਦਾ ਘੜਾ ਭਰਿਆ ਹੋਯਾ ਲਗਰਹਿਆ ਹੈ ਉਤਰਦਾ ਨਹੀਂ ਭਾਂ ਨੂਰ ਸ਼ਾਹ ਨੇ ਹੁਕਮ ਕੀਤਾ ਕਿ ਜਹਾਂ ਤਕ ਜਾਦੂਗਰ ਹੈਂ ਸਭ ਜਾਵੋ ਅਰ ਉਸਦੇ ਸਿਰ ਤੋਂ ਘੜਾ ਲਾਹ ਆਵੋ ਤੇ ਆਪੋ ਆਪਣੀ ਵਿੱਦਯਾ ਦਿਖਾਓ ਭਾਂ ਜੋ ਜਾਦੂਗਰਨੀਆਂ ਉਸ ਸ਼ਹਿਰ ਦੇ ਵਿੱਚ ਹੈਸਨ ਸਭ ਆਈਆਂ ਕੋਈ ਮ੍ਰਿਗਛਾਲਾ ਉਪਰ ਅਸਵਾਰ ਹੋਕੇ ਆਈ ਕੋਈ ਢੋਲ ਵਜਾਂਵਦੀ ਆਈ ਪਰ ਸਭ ਮੰਤ੍ਰ ਜੰਤ੍ਰ ਕਰ ਰਹੀਆਂ ਉਸਦੇ ਸਿਰੋਂ ਘੜਾ ਨ ਉਤਰਿਆ ਤੇ ਓਹ ਕੁਤੀਆਂ ਤੇ ਛੱਤ੍ਰੀਆਂ ਹੀ ਰਹੀਆਂ ਤਾਂ ਗੁਰੂ ਨਾਨਕ ਜੀ ਹਸਕਰ ਆਖਿਆ ਮਰਦਾਨਿਆਂ ਤੂੰ ਵਾਹਿਗੁਰੂ ਕਹਿਕਰ ਰਬਾਬ ਵਜਾਇ ਭਾਂ ਮਰਦਾਨੇ ਨੇ ਜਾਇ ਕਰ ਰਬਾਬ ਨੂੰ ਲੈਕੇ ਸ੍ਰੀ ਗੁਰੂ ਜੀ ਅੱਗੇ ਮੱਥਾ ਟੇਕਿਆ ਤੇ ਸਾਮਣੇ ਬੈਠ ਕਰ ਰਬਾਬ ਲਗਾ ਵਜਾਵਣੇ ਭਾਂ ਸ੍ਰੀ ਗੁਰੂ ਜੀ ਵਡਹੰਸ ਰਾਗ ਵਿਚ ਸ਼ਬਦ ਉਚਾਰਿਆ॥ ਰਾਗ ਵਡਹੰਸ ਮਹਲਾ ੧ ॥ ਗੁਣਵੰਤੀ ਸਹੁਰਾਵਿਆ ਨਿਰਗੁਣ ਕੂਕੇ ਕਾਇ ॥ ਜੇ ਗੁਣ ਵੰਤੀ ਥੀ ਰਹੇ ਭਾਂ ਭੀ ਸਹੁ ਰਾਵਣ ਜਾਇ॥ ੧॥ ਮੇਰਾ ਕੰਤ ਰੀਸਾਲੂ ਕੀ ਧਨ ਅਵਰਾ ਰਾਵੈ ਜੀਉ ॥ ੧ ॥ ਰਹਾਉ ॥ ਕਰਣੀ ਕਾਮਣ ਜੇ ਥੀਐ ਜੇ ਮਨ ਧਾਗਾ ਹੋਇ॥ ਮਾਣਕ ਮੁਲ ਨ ਪਾਈਐ ਲੀਜੈ ਚਿੱਤ ਪਰੋਇ॥ ੨॥ ਰਾਹ ਦਸਾਈ ਨਾ ਜੁਲਾਂ ਆਖਾਂ ਅੰਬੜੀਆਸ॥ ਤੈਸਹਿ

CC-0. Gurukul Kangri University Haridwar Collection. Digitized by S3 Foundation USA

ਨਾਲ ਅਕੂਅਣਾ ਕਿਉਂ ਥੀਵੈ ਘਰ ਵਾਸ ॥੩॥ ਨਾਨਕ ਏਕੀ ਬਾਹਰਾ ਦੂਜਾ ਨਾਹੀ ਕੋਇ॥ ਤੈ ਸਹਿ ਲਗੀ ਜੋ ਰਹੈ ਭੀ ਸਹੁ ਰਾਵੈ ਸੋਇ॥ ੪ ॥ ੧ ॥ ਸ੍ਰੀ ਗੁਰੂ ਨਾਨਕ ਜੀਨੇ ਏਹ ਸ਼ਬਦ ਕਹਿਆ ਤਾਂ ਉਨ੍ਹਾਂ ਔਰਤਾਂ ਦਾ ਮੰਤ੍ਰ ਮੰਤ੍ਰ ਕੁਝ ਨਾ ਚਲੇ ਤਾਂ ਫੇਰ ਨੂਰਸ਼ਾਹ ਨੂੰ ਖਬਰ ਹੋਈ ਕਿ ਮੰਤ੍ਰ ਮੰਤ੍ਰ ਕਿਸੇ ਦਾ ਨਹੀਂ ਚਲਦਾ ਤਾਂ ਨੂਰਸ਼ਾਹ ਆਪ ਆਈ ਤੇ ਲੱਖ ਅਡੰਬਰ ਨਾਲ ਲਿਆਈ ਪਰ ਉਸ ਵੀ ਆਪਣਾ ਸਾਰਾ ਜ਼ੋਰ ਲਾਯਾ ਕੁਝ ਨਾ ਬਣਿਆਂ ਤਾਂ ਫੇਰ ਸ੍ਰੀ ਗੁਰੂ ਜੀ ਨੇ ਏਹ ਸ਼ਬਦ ਆਖਿਆ ॥

ਰਾਗ ਸੂਹੀ ਮਹਲਾ ੧

ਮੰਞੁ ਕੁਚੱਜੀ ਅੰਮਾਵਣ ਡੋਸੜੇ ਹਉ ਕਿਉ ਸਹੁ ਰਾਵਣ ਜਾਉ ਜੀਉ ॥ ਇਕਦੂ ਇਕ ਚੜੰਦੀਆ ਕਉਣ ਜਾਣੈ ਮੇਰਾ ਨਾਉ ਜੀਉ ॥ ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀ ਏਹ ਜੀਉ ॥ ਸੇ ਗੁਣ ਮੰਞ ਨ ਆਵਨੀ ਹਉ ਕੈ ਜੀਉ ਦੋਸ ਧਰੇਉ ਜੀਉ ॥ ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿੰਨਾ ਤੇਰਾ ਨਾਉ ਜੀਉ ॥ ਇਕਤ ਦੋਲ ਨ ਅੰਬੜਾ ਹਉ ਸਦ ਕੁਰਬਾਣੈ ਤੇਰੇ ਜਾਉ ਜੀਉ ॥ ਸੁਇਨਾ ਰੁਪਾ ਰੰਗਲਾ ਮੋਤੀ ਤੇ ਮਾਣਿਕ ਜੀਉ ॥ ਸੇਵਸਤੂ ਸਹੁ ਦਿਤੀਆਂ ਮੈਂ ਤਿਨ ਸਿਉ ਲਾਯਾ ਚਿਤ ਜੀਉ ॥ ਮੰਦਰ ਮਿਟੀ ਸੰਦੜੇ ਪਥਰ ਕੀਤੇ ਰਾਸ ਜੀਉ ॥ ਹਉ ਏਨੀ ਟੋਲੀ ਭੁਲੀਅਸ ਤਿਸ ਕੰਤ ਨ ਬੈਠੀ ਪਾਸ ਜੀਉ ॥ ਅੰਬਰ ਕੂੰਜਾਂ ਕੁਰਲੀਆਂ ਬਗ ਬਹਿਠੇ ਆਇ ਜੀਉ ॥ ਸਾਧਨ ਚਲੀ ਸਾਹੁਰੈ ਕਿਆ ਮੁਹਿ ਦੇਸੀ ਅਗੈ ਜਾਇ ਜੀਉ ॥ ਸੁਤੀ ਸੁਤੀ ਝਾਲੂ ਥੀਆ ਭੁਲੀ ਵਾਟੜੀਆਸ ਜੀਉ ॥ ਤੈ ਸਹਿ ਨਾਲੋ ਮੁਤੀਅਸ ਦੁਖਾ ਕੂੰ ਧਰੀਆਸ ਜੀਉ ॥ ਤੁਧ ਗੁਣ ਮੈ ਸਭ ਔਗਣਾਂ ਇਕ ਨਾਨਕ ਕੀ ਅਰਦਾਸ ਜੀਉ ॥ ਸਭ ਰਾਤੀ ਸੋਹਾਗਣੀ ਮੈਂ ਡੋਹਾਗਣ ਕਾਈ ਰਾਤ ਜੀਉ ॥ ੧ ॥ ਤਾਂ ਨੂਰਸ਼ਾਹ ਭੀ ਆਪ ਮੰਤ੍ਰ ਜੰਤ੍ਰ ਕਰ ਥਕੀ ਪਰ ਕੋਈ ਮੰਤ੍ਰ ਪੇਸ਼ ਨ ਜਾਵੇ ਅਤੇ ਨਾ ਓਸ ਔਰਤ ਦੇ ਸਿਰ ਤੋਂ ਘੜਾ ਹੀ ਉਤਰੇ ਫੇਰ ਨੂਰਸ਼ਾਹ ਨੇ ਦੂਰੋਂ ਦੂਰੋਂ ਕਾਮਲ ਇਲਮ ਵਾਲੀਆਂ ਸਦਵਾਈਆਂ ਸਭ ਇਕੱਠੀਆਂ ਹੋਇ ਕਰ ਲੱਗੀਆਂ ਵੇਲ ਕੀ ਵਜਾਉਣ ਤਾਂ ਸ੍ਰੀ ਗੁਰੂ ਨਾਨਕ ਜੀ ਇਕ ਸ਼ਬਦ ਹੋਰ ਕਹਿਆ ॥ ਆਸਾ ਮਹਲਾ ੧ ॥ ਤਾਲ ਮਦੀਰੇ ਘਟ ਕੇ ਘਾਟ॥ ਦੇਲ ਕਦੂਨੀਆਂ ਵਾਜ ਹਿ ਵਾਜ॥ ਨਾਰਦ ਨਾਚੈ ਕਲ ਕਾ ਭਾਉ॥ ਜਤੀ ਸਤੀ ਕਹਿ ਰਾਖਹਿ ਪਾਉ॥ ੧॥ ਨਾਨਕ ਨਾਮ ਵਿਟਹੁ ਕੁਰਬਾਣ॥ ਅੰਧੀ ਦੁਨੀਆਂ ਸਾਹਿਬ ਜਾਣ ॥ ੧ ॥ ਰਹਾਉ ॥ ਗੁਰੂ ਪਾਸਹੁ ਫਿਰ ਚੇਲਾ ਖਾਇ॥ ਤਾਮਿ ਪਰੀਤ ਵਸੈ ਘਰ ਆਇ ॥ ਜੋਨਿ ਉਵਰਿਆਂ ਜੀਵਣ ਖਾਣ॥ ਖਸਮ ਪਛਾਂਣੈ ਸੋ ਦਿਨ ਪਰਵਾਣ॥ ੨॥ ਦਰਸਨ ਦੇਖਿਐ ਦੰਇਆ ਨ ਹੋਇ॥ ਲਇ ਦਿਤੇ ਬਿਨ ਰਹੈ ਨ ਕੋਇ॥ ਰਾਜਾ ਨਿਆਉ ਕਰੇ ਹਥ ਹੋਇ॥ ਕਹੈ ਖੁਦਾਇ ਨ ਮਾਨੈ ਕੋਇ ॥ ੩ ॥ ਮਾਣਸ ਮੂਰਤ ਨਾਨਕ ਨਾਮ॥ ਕਰਣੀ ਕੁੰਤਾ ਦਰ ਫੁਰਮਾਨ॥ ਗੁਰ ਪ੍ਰਸਾਦਿ ਜਾਣੈ ਮਿਹਮਾਣ॥ ਤਾਂ ਕਿਛੁ ਦਰਗਹ ਪਾਵੈ ਮਾਨ ॥ ੪ ॥ ੧ ॥ ਤਾਂ ਇੱਕ ਸ਼ਲੋਕ ਗੁਰੂ ਜੀ ਨੇ ਹੋਰ ਉਚਾਰਨ ਕੀਤਾ॥ ਗੱਲੀਅਸੀ ਚੰਗੇਰੀਆਂ ਆਚਾਰੀ ਬੁਰੀਆਹ॥ ਮਨਹੁ ਕੁਸੁਧਾਂ ਕਾਲੀਆਂ ਬਾਹਰਹੁ ਚਿਟੀਆਹ

CC-0. Gurukul Kangri University Haridwar

OF INTERNET // ABHINAV GAUR //

॥ਰੀਸਾ ਕਰਹਿ ਤਿਨਾੜੀਆ ਜੋ ਸੇਵਹਿ ਦਰ ਖੜੀ ਆਹ॥ਨਾਲ ਖਸਮੈਰਤੀਆਂ ਮਾਣਹਿਸੁਖ ਰਲੀਆਹ॥ ਹੋਂਦੇ ਭਾਣ ਨਿਭਾਣੀਆ ਰਹਹਿ ਨਿਮਾਨੜੀਆਹ॥ ਨਾਨਕ ਜਨਮ ਸਕਾਰਥਾ ਜੇ ਤਿਨਕੈ ਸੰਗਮਿਲਾਹ॥੧॥ ਜਦ ਏਹ ਸ਼ਲੋਕ ਗੁਰੂ ਜੀ ਨੇ ਕਹਿਆ ਤਾਂ ਨੂਰਸ਼ਾਹ ਨੇ ਵਿਚਾਰਕੀਤੀ ਜੋ ਇਸਨੂੰ ਮਾਯਾਦਾਜਾਲ ਪਾਈਏਜੇਮਾਯਾਦਾਮੋਹ ਇਸਨੂੰਪਿਆ ਤਾਂਏਹਸਾਡੇ ਅਧੀਨਹੋਜਾਵੇਗਾਏਹਬਾਤਨੂਰਸ਼ਾਹਦੀਸੁਣਕਰ ਸਭ ਜਾ ਜਾ ਕੇ ਅਨੇਕਪ੍ਰਕਾਰਦੇਜਵਾਹਰ ਅਰ ਪਦਾਰਥਲੈਆਈਆਂ ਤੇਆਣਕਰਗੁਰੂਜੀਅੱਗੇ ਭੇਟ ਰਖੀਆਨੇ॥ਤਾਂ ਗੁਰੂਜੀ ਸ਼ਬਦ ਕਹਿਆ ਰਾਗ ਤਿਲੰਗ ਮਹਲਾ ੨ ॥ ਇਆਨੜੀਏ ਮਾਨੜਾ ਕਾਇਕਰੇਇ ॥ ਆਪਨੜੇ ਘਰਿ ਹਰਿ ਰੰਗੋ ਕੀ ਨਾ ਮਾਣੇਹ॥ਸਹੁ ਨੇੜੈ ਧਨ ਕਮਲੀਏ ਬਾਹਿਰ ਕਿਆ ਢੂੰਢੇਹ ॥ ਭੈਕੀਆ ਦੇਹ ਸਲਾਈਆਂ ਨੈਣੀ ਭਾਵ ਕਾ ਕਰ ਸੀਗਾਰੋ ॥ ਤਾਂ ਸੁਹਾਗਣਿ ਜਾਣੀਐ ਲਾਗੀ ਜਾ ਸਹੁ ਧਰੇਪਿਆਰੋ॥੧॥ਇਆਣੀ ਬਾਲੀ ਕਿਆ ਕਰੈ ਜਾ ਧਨ ਕੰਤਨਭਾਵੈ ॥ ਕਰਣ ਪਲਾਹ ਕਰੈ ਬਹੁਤੇਰੇ ਸਾਧਨ ਮਹਿਲਨਪਾਵੈ ॥ ਵਿਣ ਕਰਮਾ ਕਿਛੁ ਪਾਈਐ ਨਾਹੀਂ ਜੇ ਬਹੁਤੇਰਾ ਧਾਵੈ॥ ਲਬ ਲੋਭ ਅਹੰਕਾਰ ਕੀ ਮਾਤੀ ਮਾਇਆ ਮਾਹਿ ਸਮਾਣੀ ॥ ਇਨੀ ਬਾਤੀ ਸ਼ਹੁ ਪਾਈਐ ਨਾਹੀ ਭਈ ਕਾਮਣਿਇਆਣੀ॥੨॥ਜਾਇ ਪੁਛਹੁ ਸੁਹਾਗਣੀ ਵਾਹੈ ਕਿਨੀ ਬਾਤੀਂ ਸਹੁ ਪਾਈਐ॥ਜੋ ਕਿਛੁ ਕਰੈ ਸੁ ਭਲਾ ਕਰਿ ਮਾਨੀਐ ਹਿਕਮਤ ਹੁਕਮ ਚੁਕਾਈਐ ॥ ਜਾਕੈ ਪ੍ਰੇਮ ਪਦਾਰਥ ਪਾਈਐ ਤਉ ਚਰਣੀ ਚਿਤਲਾਈਐ ॥ ਸਹੁ ਕਹੈ ਸੁ ਕੀਜੈ ਤਨ ਮਨੋ ਦੀਜੈ ਐਸਾ ਪਰਮਲ ਲਾਈਐ॥ਏਵਕਹਹਿ ਸੋਹਾਗਣੀਭੈਣੇ ਇਨੀਬਾਤੀਂ ਸਹੁਪਾਈਐ ॥੩॥ਆਪ ਗਵਾਈਐਭਾਂਸਹੁ ਪਾਈਐ ਅਵਰ ਕੈਸੀ ਚਤੁਰਾਈ ॥ ਸਹੁ ਨਦਰਿਕਰਿਦੇਖੈ ਸੋ ਦਿਨਲੇਖੈ ਕਾਮਨਿ ਨਉਨਿਧਿ ਪਾਈ ॥ ਆਪਣੇ ਕੰਤਪਿਆਰੀ ਸਾ ਸੋਹਾਗਨਿ ਨਾਨਕ ਸਾ ਸਭਰਾਈ॥ ਐਸੇ ਰੰਗਰਾਤੀ ਸਹਿਜ ਕੀ ਮਾਤੀ ਅਹਿਨਿਸ ਭਾਇਸਮਾਣੀ॥ਸੁੰਦਰ ਸਾਇ ਸਰੂਪ ਬਿਚਖਣ ਕਹੀਐ ਸਾ ਸਿਆਣੀ॥ ੪ ॥ ੧ ॥ ਜਦ ਏਹ ਸ਼ਬਦ ਸ੍ਰੀ ਗੁਰੂ ਜੀ ਨੇ ਕਹਿਆ ਤਾਂਉਨ੍ਹਾਂ ਕੁੱਤੀਆਂ ਤੇ ਛੱਤ੍ਰੀਆਂ ਦੇ ਖਾਵੰਦ ਸ੍ਰੀ ਗੁਰੂਜੀ ਦੀ ਚਰਨੀਂ ਆਇਲਗੇ ਤਾਂ ਸ੍ਰੀਗੁਰੂਜੀ ਕਹਿਆ ਭਾਈ ਇਸ ਪਦਾਰਥ ਦੀ ਧਰਮਸਾਲਬਨਾਓ ਆਏ ਸਾਧਸੰਤਦੀਸੇਵਾ ਕਰਿਆਕਰੋ ਨਿਰ-ਅਭਿਮਾਨ ਹੋਵੋ ਮਨ ਨੀਵਾਂ ਕਰੋ ਸਤਨਾਮਦਾ ਜਾਪ ਕਰਿਆ ਕਰੋ ਤਾਂਤੁਸਾਡਾ ਭਲਾ ਹੋਵੇਗਾ ਜਾਂਸ੍ਰੀ ਬਾਬੇਜੀ ਇਹ ਬਚਨ ਕੀਤਾ ਤਾਂ ਓਨਾਂ ਔਰਤਾਂਦੇਭਰਤੇ ਭਾਈ ਬਾਲੇ ਜੀ ਦੇ ਚਰਨੀ ਆਇ ਲਗੇ ਕਹਿਓਨੇਂ ਸੰਤ ਜੀ ਤੁਸੀ ਦਇਆਲੂ ਹੋ ਜੀ ਧਰਮ ਮੂਰਤੀ ਹੋ ਜੀ ਸਾਨੂੰ ਬਖ਼ਸ਼ਾਵੋ ਜੀ ਤਾਂ ਭਾਈ ਬਾਲੇ ਨੇ ਕਹਿਆ ਜੀ ਸੰਤ ਨਰਮ ਚਿੱਤ ਹੈਨ ਤੁਸੀ ਉਨ੍ਹਾਂ ਅੱਗੇ ਪ੍ਰਾਰਥਨਾ ਕਰੋ ਜੀ ਤੁਸਾਡਾ ਭਲਾ ਹੋਵੇਗਾ ਤਾਂਓਹ ਸਭ ਫੇਰ ਸ੍ਰੀ ਗੁਰੂਜੀ ਦੀ ਚਰਨੀਂ ਆਇ ਲਗੇ ਤਾਂਗੁਰੂ ਜੀ ਕਹਾਭਾਈ ਸਿੱਖ ਹੋਵਹੁ ਉਨ੍ਹਾਂ ਮਨਜ਼ੂਰਕੀਤਾ ਤਾਂਗੁਰੂਨਾਨਕਜੀ ਕਹਜਾ ਉਠਭਾਈ ਬਾਲਾ ਵਾਹਿਗੁਰੂ ਕਹਿਕਰਇਸਦੇ ਸਿਰਉੱਪਰੋਂ ਘੜਾਲਾਹਿਲੈ ਅਤੇ ਵਾਹਿਗੁਰੂ

CC-0. Gurukul Kangri University Haridwar Collection. Digitized by S3 Foundation USA

ਆਖਕੈ ਪਾਣੀ ਦੇ ਛਿੱਟੇ ਮਾਰਹੁ ਉਹ ਹੱਛੀਆਂ ਹੋ ਜਾਨਗੀਆਂ ਤਾਂ ਸ੍ਰੀਗੁਰੂਜੀ ਮੈਂ ਮਹਾਰਾਜਜੀ ਦਾਹੁਕਮ ਪਾਇਕੈ ਵਾਹਿਗੁਰੂ ਆਖਕੈ ਘੜਾਭੀਲਾਹਲਿਆ ਤੇਉਨਾਂਉਪਰਜਲਛਿਣਕਿਆ ਉਹ ਮਨੁੱਖ ਦੇਹਹੋਗਈਆਂ ਅਤੇ ਸਭਨਾਂਨੂੰ ਸਿੱਖਕੀਤਾ ਨਾਮਦਾ ਉਪਦੇਸ਼ ਦਿੱਤਾ ਲਗੇਸਭ ਗੁਰੂਗੁਰੂ ਜਪਣ ਧਰਮਸਾਲ ਬਣਵਾਈ ਗੁਰੂਜੀਕੇਸਿੱਖ ਹੋਏ ਤਾਂ ਨੂਰਸ਼ਾਹ ਸ੍ਰੀਗੁਰੂਜੀ ਅੱਗੇ ਮੱਥਾਟੇਕਿਆ ਤੇਕਹਿਆਜੀਕ੍ਰਿਪਾਦ੍ਰਿਸ਼ਟੀਕਰੋਜੀ ਤਾਂਸ੍ਰੀਗੁਰੂਜੀ ਉਸਨੂੰਨਾਮਦੇਕੇਸਿੱਖਣੀ ਬਣਾਯਾ ਤੇ ਨੂਰਸ਼ਾਹ ਨੂੰ ਬਚਨਕਹਿਆ ਕਿ ਜੋ ਸਾਡਾ ਸਿੱਖਏਥੇਆਵੇ ਅਤੇਸਾਡਾਨਾਮਲਵੇ ਉਸਨੂੰ ਕਿਸੇ ਤਰਾਂ ਦਾ ਦੁਖ ਨਾ ਦੇਣਾ ਤਾਂਫੇਰ ਨੂਰਸ਼ਾਹ ਨੇ ਕਹਿਆ ਜੀ ਆਪਦਾ ਸਿੱਖਛੱਡ ਕਰ ਜੇ ਆਪਦਾ ਕੂਕਰ ਆਵੇ ਤਾਂ ਉਸਦੀ ਵੀ ਪੂਜਾ ਹੋਵੇਗੀ ਸ੍ਰੀਗੁਰੂਜੀ ਓਨਾਂਲੋਕਾਂ ਨੂੰ ਸਿੱਖ ਕਰਕੇ ਓਥੋਂ ਚਲਦੇਰਹੇ॥ ਬੋਲੋਭਾਈ ਜੀ ਵਾਹਿਗੁਰੂ ਸਾਖੀ ਹੋਰਚਲੀ॥ ੯੯ ॥

ਅੱਗੇ ਸਾਖੀ ਇੱਕ ਜ਼ਿਮੀਂਦਾਰ ਭੂਮੀਏ ਨਾਲ ਹੋਈ

ਇੱਕ ਜ਼ਿਮੀਂਦਾਰ ਭੂਮੀਆ ਸੀ ਢਾਕੇ ਮੈਂ ਰਹਿੰਦਾ ਸੀ ਪਰ ਉਸਦਾ ਏਹ ਕੰਮ ਸੀ ਕਿ ਦਿਨੇ ਰਸਤੇ ਵਿੱਚ ਧਾੜਾ ਪਾਵਣਾ ਤੇਰਾਤਨੂੰਲੋਕਾਂਦੇ ਘਰ ਚੋਰੀ ਕਰਾਵਨੀ ਏਹ ਰੁਜ਼ਗਾਰ ਕਰਨਾਂ ਅਤੇਉਸ ਨਗਰੀ ਵਿੱਚ ਉਸ ਭੂਮੀਏ ਨੇ ਲੋਕਾਂ ਨੂੰ ਏਹ ਗੱਲ ਆਖੀ ਕਿ ਭਾਈ ਇਸ ਨਗਰੀ ਵਿੱਚ ਜੇ ਕੋਈ ਸਾਧ ਫ਼ਕੀਰ ਆਵੇ ਤਾਂਰਾਤ ਨਹੀਂ ਰਹਿਣ ਦੇਣਾ ਜੇ ਕੋਈ ਰਾਤ ਰਹਿਣ ਦੇਵੇਗਾ ਤਾਂ ਉਸਦਾ ਘਰ ਬਾਰ ਮੈਂ ਸਭ ਲੁੱਟ ਲਵਾਂਗਾ ਫੇਰ ਉਨ੍ਹਾਂ ਨਗਰ ਵਾਸੀਆਂ ਆਖਿਆ ਭਾਈ ਜੇ ਕੋਈ ਵਸਤੀ ਵੇਖਕੇ ਆਇ ਵੜੇ ਤਾਂ ਅਸੀਉਸਨੂੰ ਕੀ ਆਖੀਏ ਤਾਂਉਸ ਭੂਮੀਏ ਕਹਿਆ ਭਾਈ ਜੋ ਕੋਈ ਏਥੇ ਰਾਤ ਰਹਿਣ ਵਾਸਤੇ ਆਵੇ ਸੋ ਉਸਨੂੰ ਤੁਸੀ ਮੇਰੇਘਰ ਭੇਜ ਦੇਨਾ ਏਹ ਜਿਮੀਦਾਰ ਨੇ ਓਨਾਂ ਲੋਕਾਂਨੂੰ ਕਹਿਕੇ ਆਪਨੇ ਘਰ ਮੈਂ ਇੱਕ ਧਰਮਸਾਲ ਬਣਵਾਈ ਅਤੇ ਅੱਠੇ ਪਹਿਰ ਲੰਗਰ ਪਕਦਾ ਰਹਿਆਕਰੇ ਤੇ ਜੋਕੋਈ ਉਸਦੇਘਰਆਵੇਸੋ ਪਰਸ਼ਾਦ ਖਵਾਏ ਬਗੈਰ ਨਾ ਜਾਨ ਦੇਵੇ ਤਾਂ ਸ੍ਰੀਗੁਰੂਨਾਨਕਦੇਵਜੀਵਾਂਦਾ ਉਧਾਰਕਰਦੇ ਕਰਦੇ ਇੱਕਦਿਨ ਓਸੇਗਿਰਾਂ ਵਿੱਚਜਾਇ ਪਹੁੰਚੇ ਤਾਂ ਇੱਕ ਭਲੇ ਆਦਮੀ ਦੇ ਅਸਥਾਨ ਉੱਪਰ ਜਾਇ ਬੈਠੇ ਤਾਂਓਨ੍ਹਾਂ ਲੋਕਾਂ ਨੇਇਕੱਠੇ ਹੋਇਕਰ ਸ੍ਰੀਗੁਰੂਜੀ ਅਗੇ ਮੱਥਾ ਟੇਕਿਆ ਅਤੇ ਕਹਿਓਨੇ ਹੇ ਨਾਥ ਜੀ ਏਥੇ ਆਪਨਾ ਬੈਠੋ ਤਾਂ ਸ੍ਰੀਗੁਰੂਜੀ ਕਹਿਆ ਭਾਈਜੀ ਵਸਤੀ ਵੇਖਕਰ ਹਰਇਕਨੇ ਆਉਣਾਹੈ ਕਿਉਂਜੋ ਉਜਾੜ ਵਿੱਚ ਤਾਂ ਕੋਈ ਨਹੀਂ ਬੈਠਦਾ॥ਤਾਂਉਨ੍ਹਾਂ ਆਖਿਆ ਹੇਸਾਧ ਜੀਂ ਏਸ ਜਗਹ ਦਾ ਜੋ ਸਰਦਾਰਹੈ ਉਸਦਾ ਏਹ ਹੁਕਮ ਹੈ ਜੀ ਕਿਜੋਸਾਧ ਫ਼ਕੀਰ ਏਥੇ ਆਵੇ ਸੋਉਸਨੂੰ ਮੇਰੇ ਘਰ ਭੇਜਦੇਨਾਂ ਤੇਤੁਸਾਂ ਕਿਸੇਨੂੰ ਪਾਸਬੈਠਣ ਨਹੀਂਦੇਣਾ ਤਾਂਸ੍ਰੀਗੁਰੂਜੀਕਹਿਆ ਚਲੋ ਭਾਈ ਬਾਲਾਤੇ ਮਰਦਾਨਾਂ ਅਸੀਉਸੇਦੇ ਘਰ ਚਲ ਬੈਠੀਏਂਗੇ ਤਾਂਗੁਰੂਜੀਮੈਂਭੀਤੇਮਰਦਾਨੇਭੀ ਹੱਥ ਜੋੜਕੇ ਆਖਿਆ ਚਲੋ ਗੁਰੂਜੀ ਤਾਂ ਫੇਰ ਗੁਰੂਨਾਨਕ ਜੀ ਓਥੋਂ ਉਠਕਰ ਓਸ ਭੂਮੀਏਦੇਘਰ ਜਾਇਬੈਠੇ ਤਾਂ ਉਸ ਜਿਮੀਂਦਾਰ ਭੂਮੀਏ ਨੂੰ ਖ਼ਬਰ

CC-0. Gurukul Kangri U

ਹੋਈ ਜੋ ਸਾਧ ਤਿੰਨ ਪਰਮੇਸ਼ਰਦੇ ਪਿਆਰੇ ਏਥੇ ਆਏਹੈਨ ਤਾਂਓਹ ਭੂਮੀਆ ਸ੍ਰੀਗੁਰੂ ਜੀਦੀ ਚਰਨੀਂ ਆਇਪਿਆ ਭਾਂ ਗੁਰੂ ਜੀ ਕਹਿਆ ਆਉ ਭਾਈ ਸਿੱਖਾ ਪਰਮੇਸ਼ਰ ਤੇਰਾ ਭਲਾਕਰੇ ਭਾਂ ਉਸ ਭੂਮੀਏ ਹੱਥ ਜੋੜ ਕਰ ਬੇਨਤੀ ਕਰੀ ਗਰੀਬਨਿਵਾਜ਼ਜੀ ਪ੍ਰਸਾਦ ਤਿਆਰ ਹੈ ਅਰ ਚਲਕੇ ਛਕੀਏ ਜੀ ਭਾਂਸ੍ਰੀਗੁਰੂਜੀ ਕਹਿਆ ਭਾਈ ਪ੍ਰਸਾਦ ਭੀ ਕਰਲੇਵਾਂਗੇ ਭਾਂ ਸ੍ਰੀ ਗੁਰੂਜੀ ਘਟ ਘਟ ਦੀ ਜਾਣਨਹਾਰੇ ਪਰ ਬਾਹਰਲੇ ਦਿਲੋਂ ਉਸਪਾਸੋਂ ਕਹਾਯਾ ਤੇ ਫੇਰ ਗੁਰੂਜੀ ਉਸ ਨੂੰ ਪੁੱਛਿਆ ਸੁਣ ਭਾਈਸਿੱਖਾ ਏਹ ਜੋ ਲੰਗਰ ਅੱਟੇਪਹਿਰ ਤੇਰੇ ਘਰ ਲਗਾ ਰਹਿੰਦਾ ਹੈ ਸੋ ਭਾਈ ਸਿਖਾਤੂੰ ਕਿਰਤਕੀਕਰਦਾ ਹੈਂ ਭਾਂਉਸਭੂਮੀਏ ਸ੍ਰੀਗੁਰੂਜੀਕਾਦਰਸ਼ਨਕੀਤਾ ਦਰਸ਼ਨ ਦੇ ਫਲ ਕਰ ਉਸਦੀ ਬੁਧਿ ਨਿਰਮਲ ਹੋਇਆਈ ਭਾਂ ਉਸਨੇ ਆਪਣੀ ਕਿਰਤ ਸੱਚਸੱਚ ਗੁਰੂ ਜੀਦੇ ਅੱਗੇ ਦੱਸ ਦਿਤੀ ਹੇ ਦੀਨ ਦਿਆਲ ਜੀ ਮੇਰੀ ਕਿਰਤ ਏਹਹੈ ਜੀ ਦਿਨ ਨੂੰ ਮੈਂ ਰਾਹ ਮਾਰਦਾ ਹਾਂ ਤੇ ਰਾਤਨੂੰ ਮੈਂ ਚੋਰਲਾਂਵਦਾ ਹਾਂ ਜਦਉਸਨੇ ਏਹ ਗੱਲ ਆਖੀ ਭਾਂ ਸ੍ਰੀਗੁਰੂ ਜੀ ਕਹਿਆ ਭਾਈ ਤੇਰਾ ਪ੍ਰਸਾਦਿ ਅਸੀ ਨਹੀਂ ਖਾਂਦੇ ਭਾਂਓਸ ਭੂਮੀਏ ਨੇ ਅਰਜ਼ਕੀਤੀ ਹੇ ਮਿਹਰਬਾਨਜੀ ਜੇ ਆਪ ਕੁਛਮੂੰਹ ਨ ਪਾਓਗੇਤਾਂ ਮੇਰਾ ਭਲਾਕਿਉਂਕਰ ਹੋਸੀ ਤਾਂ ਗੁਰੂਜੀ ਕਹਿਆ ਭਾਈਜਾਂਤੂੰ ਏਹ ਕਿਰਤ ਛੱਡੇਂਗਾ ਤੇ ਕੋਈ ਧਰਮ ਦੀ ਕਿਰਤ ਕਰੇਂਗਾ ਤਾਂਅਸੀ ਪ੍ਰਸ਼ਾਦ ਖਾਵਾਂਗੇ ਅਤੇ ਭੂਮੀਆਦੇਵਣਵਾਲਾ ਭਾਂ ਸਬਸਨੂੰ ਪਰਮੇਸ਼ਰ ਹੈਤਾਂਫੇਰਭੂਮੀਏਕਹਾ ਜੀ ਹੋਰ ਜੋਕੁਛ ਕਹੋਗੇ ਸੋਈਮੈਂ ਮੰਨਾਂਗਾ ਜੀ ਪਰ ਏਹ ਕਿਰਤ ਮੇਰੇਪਾਸੋਂ ਛੁਟਨੀ ਨਾਹੀਂ ਜੀ ਅਰ ਪਿੱਛੇ ਭੀ ਏਹੋ ਕਿਰਤ ਮੇਰੇਪਿਉ ਦਾਦੇ ਥੀਂ ਹੁੰਦੀਆਈ ਹੈਤਾਂ ਗੁਰੂ ਜੀ ਕਹਿਆ ਭਾਈ ਏਸਨੇਸਚੋਹੀ ਸੱਚ ਆਖ ਦਿੱਤਾਹੈ ਭਾਂ ਸ੍ਰੀ ਗੁਰੂਬਾਬਾਨਾਨਕਜੀ ਏਹ ਤੁਕ ਆਖੀ ॥

ਏਹਸਚ ਸਭਨਾਂਕਾਖਸਮ ਹੈ ਜਿਸ ਬਖਸੇ ਤਿਸ ਦੇਇ ॥ ਭਾਂ ਗੁਰੂ ਨਾਨਕ ਜੀ ਕਹਿਆਸੁਣ ਭਾਈਸਿੱਖਾ ਜੇਤੂੰ ਅਸਾਡੇ ਤਿੰਨਬਚਨਮੰਨੇਂ ਤਾਂਅਸੀ ਤੇਰਾ ਪ੍ਰਸਾਦ ਕਰੀਏਂਗੇ ਭਾਂ ਉਸਨੇ ਕਹਿਆ ਗਰੀਬਨਿਵਾਜ਼ਜੀ ਹੋਰ ਜੋ ਤੁਸੀ ਕਹੋਗੇ ਸੋ ਮੈਂ ਮੰਨਾਂਗਾ ਜੀ ਭਾਂਗੁਰੂਜੀ ਕਹਿਆ ਸੁਣਭਾਈਸਿੱਖਾ ਇਕ ਤਾਂਤੂੰਸੱਚਬੋਲਿਆ ਕਰ ਦੂਜਾਜਿਸਦਾ ਨ੍ਹੂਣਖਾਣਾ ਉਸਦਾ ਬੁਰਾਨਹੀਂਕਰਨਾਅਰਤੀਜੇ ਗਰੀਬਮਾਰ ਨਹੀਂ ਕਰਨੀਤਾਂਉਸ ਭਮੀਏ ਏਹ ਗੱਲ ਸੁਣ ਕਰ ਸ੍ਰੀ ਗੁਰੂਜੀ ਅੱਗੇ ਮੱਥਾ ਟੇਕਿਆ ਤੇ ਆਖਿਆ ਜੀ ਏਹ ਤਿੰਨ ਬਚਨਮੈਂ ਮਨਜ਼ੂਰਕੀਤੇ ਭਾਂ ਸ੍ਰੀਗੁਰੂਜੀਨੇ ਸੱਚਦੇਪੂਥਾਇ ਇਕ ਪਉੜੀ ਆਖੀ ॥ ॥ ਸੱਚਾ ਸਾਹਿਬ ਏਕ ਤੂੰ ਜਿਨ ਸ ੈ ਸੱਚ ਵਰਤਾਇਆ॥ਜਿਸਤੂੰਦੇਹਿ ਤਿਸ ਮਿਲੈ ਸੱਚ ਭਾਂ ਤਿਨੀਸਚ ਕਮਾਇਆ ॥ ਸਤਿਗੁਰ ਮਿਲਿਐ ਸਚ ਪਾਇਆ ਜਿਸਕੈ ਹਿਰਦੈ ਸਚਵਸਾਇਆ॥ਮੂਰਖਮੱਚਨ ਜਾਣਨੀ ਮਨਮੁਖੀ ਜਨਮ ਗਵਾਇਆ ॥ ਵਿਚ ਦੁਨੀਆ ਕਾਹੇ ਆਇਆ॥ ਭਾਂ ਗੁਰੂਨਾਨਕ ਜੀ ਕਹਿਆ ਹੇ ਭੂਮੀਆ ਏਹ ਸੱਚ ਬੋਲਣਾਂ ਭਾਂ ਪ੍ਰਵਾਨ ਹੁੰਦਾਹੈ ਨਾਂ ਏਹ ਰਹਿਤਾਂ ਧਾਰੇਂ ਭਾਂ ਭੂਮੀਏ ਕਹਿਆ ਜੀ ਕੇਹੜੀਆਂ ਰਹਿਤਾਂ ਹੈਨ ਸੋ ਕਹੋਜੀ॥ ॥ ਰਾਗ ਆਸਾ ਮਹਲਾ ੧

CC-0. Gurukul Kangri University Haridwar Collection. Digitized by S3 Foundation USA

॥ ਸੱਚ ਤਾਂ ਪਰ ਜਾਣੀਐ ਜਾਂ ਰਿਦੇ ਸੱਚਾ ਹੋਇ॥ ਕੂੜ ਕੀ ਮਲ ਉਤਰੈ ਤਨ ਕਰੈ ਹਛਾ ਧੋਇ ॥ ਸੱਚ ਤਾਂ ਪਰ ਜਾਣੀਐ ਜਾਂ ਸਚ ਧਰੇ ਪਿਆਰ ॥ ਨਾ ਉਸੁਣ ਮਨ ਰਹਸੀਏ ਤਾਂ ਪਾਏ ਮੋਖ ਦੁਆਰ ॥ ਸੱਚ ਤਾਂ ਪਰ ਜਾਣੀਏ ਜਾਂ ਜੁਗਤ ਜਾਣੈ ਜੀਉ॥ ਧਰਤ ਕਾ ਧਾ ਸਾਧ ਕੈ ਵਿਚ ਦੇਇ ਕਰਤਾ ਬੀਉ॥ ਸੱਚ ਤਾਂ ਪਰ ਜਾਣੀਐ ਜਾਂ ਸਿਖ ਸਚੀ ਲੇਇ॥ ਦਇਆ ਜਾਣੈ ਜੀਅ ਕੀ ਕਛੁ ਪੁੰਨ ਦਾਨ ਕਰੇਇ॥ ਸੱਚ ਤਾਂ ਪਰ ਜਾਣੀਐ ਜਾਂ ਆਤਮ ਤੀਰਥ ਕਰੇ ਨਿਵਾਸ॥ ਸਤਿਗੁਰੂ ਨੋ ਪੁਛ ਕੈ ਬਹਿ ਰਹੈ ਕਰੇ ਨਿਵਾਸ॥ ਸੱਚ ਸਭਨਾਂ ਹੋਇ ਦਾਰੂ ਪਾਪ ਕਢੇ ਧੋਇ॥ ਨਾਨਕ ਵਖਾਣੈ ਬੇਨਤੀ ਜਿਨ ਸਚ ਪਲੈ ਹੋਇ॥੨॥ ਏਹ ਸਲੋਕ ਸ੍ਰੀ ਗੁਰੂ ਨਾਨਕ ਜੀ ਦੀ ਰਸਨਾ ਤੇ ਸ੍ਰਵਣ ਕਰਕੇ ਭੂਮੀਏ ਨੇ ਕਹਿਆ ਹੇ ਸੰਤ ਜੀ ਜੋ ਆਪ ਕੇ ਬਚਨ ਹੈਂ ਮੈਂ ਮੰਨ ਲਏ ਤਾਂ ਗੁਰੂ ਜੀ ਬਹੁਤ ਤਗੀ ਦ ਕੀਤੀ ਭੂਮੀਏ ਬਚਨ ਦਿੱਤਾ ਤਾਂ ਗੁਰੂ ਨਾਨਕ ਜੀ ਕਹਾ ਭਾਈ ਸਿੱਖਾ ਜੋ ਤੈਂ ਪਿਛੇ ਕਰਮ ਕੀ ਤੇ ਹੈਨ ਸੋ ਭੀ ਤੇਰੇ ਬਖਸ਼ੇ ਹੈਨ ਤੇ ਜੋ ਹੁਣ ਕਰਮ ਕਰਦਾ ਹੈਂ ਸੋ ਭੀ ਬਖਸ਼ੇ ਹੈਨ ਅਤੇ ਪਰਮੇਸ਼ਰ ਦੀ ਦਰਗਾਹ ਵਿਚ ਅਸੀਂ ਤੇਰਿਆਂ ਅਮਲਾਂ ਦੇ ਜਾਮਨ ਹੋਵਾਂਗੇ ਤੂੰ ਤਿੰਨ ਬਚਨ ਜਰੂਰ ਮੰਨਨੇ ਤਾਂ ਉਸ ਸਿੱਖ ਨੇ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਉਸ ਦੇ ਘਰ ਪ੍ਰਸਾਦਿ ਪਾਧਾ ਤਾਂ ਗੁਰੂ ਜੀ ਉਸ ਦੇ ਡੇਰੇ ਪੰਜ ਦਿਨ ਰਹੇ ਉਸ ਸਿੱਖ ਭੂਮੀਏ ਬਹੁਤ ਸੇਵਾ ਕੀਤੀ ਤਾਂ ਗੁਰੂ ਨਾਨਕ ਜੀ ਉਸ ਨੂੰ ਖੁਸ਼ੀ ਕਰਕੇ ਓਥੋਂ ਚਲਦੇ ਰਹੇ ਤਾਂ ਪਿਛੋਂ ਉਸ ਨੇ ਵਿਚਾਰਿਆ ਭਾਈ ਮੈਂ ਹੁਣ ਕਿਸ ਜੀਵਣ ਤੇ ਪਾਪ ਕਰਦਾ ਹਾਂ ਇਕ ਤਾਂ ਮੈਨੂੰ ਸਾਧੂ ਕਾ ਸੰਗ ਭਯਾ ਹੈ ਦੂਸਰਾ ਸਤਿਗੁਰੂ ਦਾ ਦਰਸ਼ਨ ਹੋਯਾ ਹੈ ਏਹ ਚਿੰਤਾ ਕਰੇ ਤੇ ਇਕ ਦਿਨ ਉਸ ਭੂਮੀਏ ਮਨ ਵਿਚ ਵਿਚਾਰ ਕੀਤੀ ਭਾਈ ਹੁਣ ਮੈਂ ਕਿਸੇ ਰਾਜੇ ਦਾ ਭੰਡਾਰ ਭੰਨਕੇ ਪਦਾਰਥ ਲਿਆਵਾਂ ਨਾਲੇ ਆਪ ਖਾਵਾਂ ਨਾਲੇ ਫਕੀਰਾਂ ਨੂੰ ਖੁਲਾਵਾਂਗਾ ਏਹ ਉਸ ਨੇ ਵਿਚਾਰ ਕਰਕੇ ਬਹੁਤ ਹਛੇ ਕੱਪੜੇ ਕੱਢੇ ਅਤੇ ਇਸ਼ਨਾਨ ਕਰਕੇ ਪੁਸ਼ਾਕ ਪੈਹਰਨ ਕਰੀ ਔਰ ਕੜਾ ਕੰਠਾ ਕੁੰਡਲ ਮੋਤੀ ਜ੍ਵਾਹਰਾਤ ਪੈਹਰਨ ਕਰੇ ਸੀਸ ਤੇ ਦਸਤਾਰ ਸਜਾਈ ਜਦ ਚਾਰ ਘੜੀਆਂ ਰਾਤ ਗਈ ਤਾਂ ਓਹ ਸਿੱਖ ਰਾਜੇ ਦੇ ਦਰਵਾਜੇ ਉਪਰ ਜਾਇ ਖੜਾ ਹੂਆ ਜਾਂ ਓਹ ਅੰਦਰ ਨੂੰ ਚਲਿਆ ਤਾਂ ਚੌਕੀਦਾਰ ਨੇ ਕਹਾ ਭਾਈ ਤੂੰ ਕੌਣ ਹੈਂ ਜੋ ਇਸ ਵਕਤ ਤੂੰ ਰਾਜਾ ਦੇ ਅੰਦਰ ਜਾਂਦਾ ਹੈ ਤਾਂ ਉਸ ਭੂਮੀਏ ਮਨ ਵਿਚ ਵਿਚਾਰ ਕੀਤੀ ਜੋ ਭਾਈ ਮੈਨੂੰ ਗੁਰੂ ਜੀ ਕਾ ਹੁਕਮ ਹੈ ਕਿ ਸੱਚ ਬੋਲਨਾ ਤੇ ਹੁਣ ਭਾਵੇਂ ਮੈਂ ਮਾਰਿਆ ਹੀ ਜਾਵਾਂ ਤੇ ਭਾਵੇਂ ਬਚ ਰਹਾਂ ਪਰ ਮੈਂ ਤਾਂ ਝੂਠ ਨਹੀਂ ਕਹਿਣਾ ਤਾਂ ਭੂਮੀਏ ਕਹਾ ਭਾਈ ਮੈਂ ਚੋਰ ਹਾਂ ਤਾਂ ਓਨਾਂ ਦਰਵਾਨਾਂ ਕਹਿਆ ਭਾਈ ਤੂੰ ਕੋਈ ਆਪਣਾ ਹੀ ਹੈਂ ਤੇ ਆਪਾਂ ਨੂੰ ਹਸਦਾ ਹੈਂ ਤਾਂ ਦਰਵਾਨਾਂ ਕਹਿਆ ਭਾਈ ਜੇ ਏਹ ਚੋਰ ਹੁੰਦਾ ਤਾਂ ਅਪਨੇ ਮੂੰਹੋਂ ਕਿਉਂ ਕਹਿੰਦਾ ਜੇ ਮੈਂ ਚੋਰ ਹਾਂ ਏਹ ਵਿਚਾਰ ਕੇ ਦਰਵਾਨਾਂ ਕਹਿਆ ਜਾਹ ਭਾਈ ਜੀ ਤੂੰ ਰਾਜਾ ਦਾ ਸਨ ਬੰਧੀ ਹੈਂ ਤਾਂ ਓਹ ਸਿੱਖ ਰਾਜਾ ਦੇ ਅੰਦਰ ਜਾਇ ਵੜਿਆ ਤਾਂ ਦੇਖਦਾ ਦੇਖਦਾ ਜੋ ਖ਼ਾਸ ਤੋਸ਼ੇਖਾਨਾ ਸੀ ਉਸ ਦੇ ਅੰਦਰ ਜਾਇ ਬੈਠਾ ਤਾਂ ਉਸ ਸਿੱਖ ਨੇ ਹੀਰੇ ਮੋਤੀ ਜ੍ਵਾਹਰ ਤੇ ਮੋਹਰਾਂ ਏਹ ਚੀਜ਼ਾਂ ਇਕੱਠੀ ਕਰਕੇ ਪੰਡ ਬੱਧੀ ਤਾਂ ਫੇਰ ਉਸ ਸਿੱਖ ਦੀ ਨਜ਼ਰ ਪਈ ਇਕ ਸ੍ਵਰਨ

CC-0. Gurukul Kangri University Haridwar Collection. Digitized

ABHINAV GAUR

ਦੀ ਰਕੇਬੀ ਆਲੇਦੇ ਵਿਚ ਪਈ ਹੋਈ ਸੀ ਜਾਂ ਉਸਨੇ ਉਸਨੂੰ ਹੱਥ ਪਾਯਾ ਤੇ ਉਸਦੇ ਵਿਚ ਦੇਖਿਆ ਕੁਛ ਬਰੀਕ ਕੁਟੀ ਹੋਈ ਚੀਜ਼ਹੈ ਉਸਦੀਆਂ ਉਂਗਲੀਆਂ ਨਾਲ ਓਹਚੀਜ਼ਲਗੀ ਤੇ ਉਸਨੇ ਜੁਬਾਨ ਨੂੰ ਲਾਯਾ ਤੇ ਨਿਮਕ ਦਾ ਸੁਆਦ ਆਯਾ ਤਾਂ ਉਸਨੇਮਨਮੇਂ ਕਹਾਭਾਈ ਮੈਨੂੰ ਸੰਤਾਂ ਦੀ ਆਗਿਆਹੈ ਲੂਣ ਖਾਕੇ ਬੁਰਾ ਨਹੀਂ ਮੰਗਣਾ ਤੇ ਓਹ ਰਾਜਾ ਦਾ ਚੂਰਨ ਸੀ ਜੋਹੜਾ ਉਸਦੇ ਮੂੰਹ ਵਿਚ ਪਿਆ ਸੀ ਤਾਂ ਓਹ ਸਿਖ ਖਾਲੀ ਅਪਨੇ ਘਰਨੂੰ ਉਠਆਯਾ ਜਾਂ ਸਵੇਰ ਹੋਈ ਤਾਂ ਸਾਰੇ ਰੌਲਾ ਹੋਏ ਰਹਿਆ ਕਿ ਰਾਜੇ ਦਾ ਭੰਡਾਰਾ ਭੁੱਜਾ ਜਦ ਰਾਜੇ ਜਾਇਕਰ ਦੇਖਿਆ ਤਾਂ ਪਦਾਰਥ ਸਭ ਹੈਨ ਪੰਡ ਬੱਧੀ ਹੋਈ ਹੈ ਤੇ ਗਈ ਇਕ ਕੌਡੀਭੀਨਹੀਂ ਜਾਂਸਭ ਚੀਜ਼ ਦੀ ਭਲਾਸ਼ੀ ਕੀਤੀ ਤਾਂ ਦੇਖਨ ਤਾਂ ਇਕ ਰਤੀ ਚੂਰਨ ਗਿਆ ਹੈ ਤਾਂ ਰਾਜੇਨੂੰ ਬੜੀ ਚਿੰਤਾ ਹੋਈ ਕਿ ਹੇ ਪ੍ਰਮੇਸ਼ਰ ਏਹਕਿਆ ਹੋਯਾਹੈ ਕਿ ਮੇਰੇ ਭੰਡਾਰ ਵਿੱਚੋਂ ਚੋਰ ਖਾਲੀਗਿਆ ਤਾਂ ਰਾਜੇ ਨੇ ਦਰਵਾਨਾਂ ਨੂੰ ਪੁਛਜਾ ਭਾਈ ਸਚ ਦਸੋ ਜੋ ਰਾਤਨੂੰ ਕੌਣ ਏਥੇ ਆਯਾ ਹੈ ਤਾਂ ਓਨਾਂ ਦਰਵਾਨਾਂ ਨੇ ਅਰਜ਼ ਕੀਤੀ ਹੇ ਰਾਜਾ ਧਿਰਾਜਾ ਇਕ ਆਦਮੀਬੜਾਭਲਾਮਾਣਸਹੰਗੇ ਵਸਤ੍ਰ ਪੈਹਰੇ ਹੋਇ ਔਰ ਜ਼ੇਵਰ ਪਿਆ ਹੋਯਾ ਹੈ ਚਾਰ ਘੜੀਆਂ ਰਾਤ ਗਈ ਓਹ ਆਪਕੇ ਦਰਵਾਜੇ ਦੇ ਅੰਦਰ ਜਾਣ ਲਗਾਹੈ ਤਾਂ ਅਸਾਂ ਉਸਨੂੰ ਪੁੱਛਯਾ ਭਾਈਤੂੰ ਕੌਣਹੈਂ ਇਸਵਕਤਅੰਦ੍ਰਜਾਂਦਾ ਹੈਂ ਤਾਂ ਉਸਨੇ ਕਹਾ ਭਾਈਮੈਂ ਚੋਰ ਹਾਂ ਤਾਂ ਅਸਾਂ ਕਹਾ ਭਾਈ ਤੂੰ ਕੋਈ ਆਪਣਾ ਹੈਂ ਤੇ ਸਾਨੂੰ ਹਸਦਾ ਹੈਂ ਸੋ ਹੇ ਗਰੀਬਨਵਾਜ਼ ਜੀ ਅਸਾਂਕਹਾ ਜੀ ਜਾਹ ਸੇ ਓਹ ਅੰਦਰ ਲੰਘਆਯਾਹੈਜੀ ਅਤੇ ਰਾਜਾ ਜੀ ਹੋਰਤਾਂ ਕੋਈ ਨਹੀਂ ਆਯਾ ਤਾਂ ਰਾਜੇ ਨੇ ਹੁਕਮ ਦਿੱਤਾ ਭਾਈ ਉਸਆਦਮੀ ਦੀ ਭਲੈਸ਼ਕਰੋ ਤਾਂ ਦਰਵਾਨ ਉਸਦੀ ਭਲੈਸ਼ਲੱਗੇਕਰਨ ਓਹਕਿਤੇ ਨਹੀਂ ਮਿਲਿਆ ਫੇਰ ਰਾਜੇ ਹੁਕਮ ਦਿੱਤਾ ਭਾਈ ਢੰਡੋਰਾ ਫੇਰੋ ਕਿ ਜੋ ਚੋਰ ਹੈ ਸੋ ਮੈਨੂੰ ਆਇ ਮਿਲੇ ਤਾਂ ਮੈਂ ਖੜੋਤੀ ਪਾਤਸ਼ਾਹੀ ਉਸਨੂੰਦੇਵਾਂਗਾ ਏਹ ਰਾਜਾ ਦਾ ਹੁਕਮਲੈਕੇਦਰਵਾਨਾਂਤਿੰਨਦਿਨ ਢੰਡੋਰਾ ਫੇਰਿਆ ਪਰ ਚੋਰ ਰਾਜਾ ਨੂੰ ਮਿਲਿਓਨਾਹੀਂ ਤਾਂਰਾਜੇ ਖ਼ਫ਼ਾਹੋਕੇ ਕਹਾ ਕਿਜੋਬਾਦਸ਼ਾਹ ਔਰ ਨਕੰਮਾ ਹੋਵੇ ਉਸਨੂੰ ਪਕੜੋਮਾਰੋ ਜਾਂਰਾਜੇਦੀਆਗਜਾ ਹੋਈ ਤਾਂ ਲਗੇਗਰੀਬਾਂਨੂੰਮਾਰਨਏਹਗੱਲਸਾਰੇ ਫੈਲਗਈ ਤਾਂਉਸਸਿੱਖਨੇਕਹਾ ਭਾਈਮੈਨੂੰਗੁਰੂਜੀਕਾਹੁਕਮਹੈ ਜੋਗਰੀਬਮਾਰਨਹੀਂਕਰਨੀ ਤੂੰ ਹੁਣ ਤਾਂ ਏਹ ਮੇਰੇ ਪਿੱਛੇ ਗਰੀਬਮਾਰੀਦੇਹੈਂ ਸੋ ਹੁਣ ਮੈਂ ਰਾਜਾਨੂੰ ਜਾਇਮਿਲਦਾਹਾਂਭਾਵੇਂ ਮਨੂੰਮਾਰੇ ਭਾਵੇਂ ਛੱਡੇ ਤਾਂਉਸਚੋਰਨੇਰਾਜਾਨੂੰ ਜਾਇਕਰ ਕਹਾ ਹੇ ਰਾਜਾਜੀ ਇਨਾਂ ਗਰੀਬਾਂ ਨੂੰ ਤੂੰ ਛੱਡਦੇਹ ਕਿਉਂ ਜੋ ਤੇਰਾ ਚੋਰਮੈਂਹਾਂਜੋਤੂੰ ਪੁਛਣਾਹੈ ਸੋਮੈਨੂੰਪੁਛਲੈ ਮੈਂਉਤ੍ਰਦੇਵਾਂਗਾਜਦ ਰਾਜਾਨੇ ਏਹ ਸੁਣਿਆ ਤਾਂ ਸਬਲੋਗ ਛਡਦਿਤੇ ਤਾਂ ਉਸਨੂੰ ਪੁਛਿਆ ਭਾਈਸਿਖਾਤੂੰਮੈਨੂੰਏਹ ਦਸ ਜੋਮੇਰੇ ਤੋਸ਼ੇਖਾਨੇ ਵਿੱਚੋਂਤੂੰ ਖਾਲੀਕਜੋਂ ਗਿਆਹੈਂ ਉਸ ਸਮੇ ਤੇਰੇਮਨਵਿਚ ਕਿਆ ਆਈ ਸੀ ਤਾਂ ਉਸ ਭੂਮੀਏ ਸਿਖਨੇ ਆਖਿਆ ਸੁਨੋ ਰਾਜਾ ਜੀ ਮੈਨੂੰ ਪੂਰਾਗੁਰੂਮਿਲਿਆਹੈ ਤਾਂਉਸ ਰਾਜਾਨੇਕਹਾ ਭਾਈਸਿਖਾ ਓਸਗੁਰੂਦੀ ਕਿਆਨਿਸ਼ਾਨੀਹੈ ਤਾਂ ਉਸਭੂਮੀਏਸਿਖਨੇ ਆਪਣੀ

CC-0. Gurukul Kangri University Haridwar Collection. Digitized by S3 Foundation USA

ਸਭ ਹਕੀਕਤ ਸ੍ਰੀ ਗੁਰੂ ਨਾਨਕਜੀਦੇਮਿਲਣਦੀ ਤੇ ਤਿੰਨਬਚਨ ਮੰਨਣਦੀਸੰਪੂਰਣਕਥਾ
ਸੁਣਾਈ ਜਦ ਉਸ ਰਾਜੇ ਨੇ ਗੁਰੂ ਜੀਦੀ ਸਭ ਹਕੀਕਤਸੁਣੀ ਤਾਂ ਬੜਾਪ੍ਰਸੰਨਹੋਯਾਬਹੁਤ
ਬਿਗਸਿਆ ਅਤੇ ਕਹਿਆ ਸਿੱਖਾਤੂੰਧੰਨਹੈਂ ਤੇਧੰਨਤੇਰਾ ਗੁਰੂਹੈ ਜਿਸਨੇ ਤੈਨੂੰ ਏਹ ਉਪਦੇਸ਼
ਦੀਆ ਹੈ ਅਤੇ ਧੰਨਤੇਰੀਪਰਤੀਤਹੈ ਜੋਤੂੰਸਾਧਕੇ ਬਚਨਾਂ ਉੱਪਰਨਿਸਚਾਕੀਤਾਹੈ ਤੂ ਮੇਰੇ
ਸਿਰ ਵਜ਼ੀਰਾਂ ਦਾ ਵਜ਼ੀਰ ਹੋਇਓਂ ਤਾਂ ਰਾਜਾਨੇ ਉਸ ਸਿੱਖ ਨੂੰ ਸਿਰੋ ਪਾਉ ਦੇਕਰ ਅਪਨਾ
ਵਜ਼ੀਰਬਨਾਇਆ ਜਦਫੇਰਕਿਤਨੇਕ ਦਿਨਹੋਏ ਤਾਂ ਰਾਜਾ ਨੇ ਉਸਸਿਖਨੂੰਆਖਿਆ ਭਾਈ
ਸਿੱਖਾ ਤੂੰ ਮੈਨੂੰ ਆਪਨਾ ਸਿੱਖਕਰ ਤਾਂ ਓਸ ਸਿੱਖ ਨੇ ਕਹਿਆ ਰਾਜਾ ਅਜੇ ਤਾਂ ਮੈਂਹੀ ਸਿੱਖ
ਹੋਵਣ ਨੂੰ ਫਿਰਦਾ ਹਾਂ ਤੇ ਮੈਂ ਤੁਹਾਨੂੰ ਕਿਸ ਤਰਾਂ ਕਰਾਂ ਪਰ ਹੇ ਰਾਜਾ ਜੀ ਜੇ ਤੂੰ ਸਿੱਖ ਹੋਣਾ
ਹੈ ਤਾਂ ਤੂੰ ਸ੍ਰੀ ਗੁਰੂਨਾਨਕ ਜੀ ਦੀ ਧਰਮਸਾਲਾ ਬਣਵਾਉ ਪਰ ਭਾਉਨੀਸਹਿਤ ਆਏ ਸਿੱਖ
ਸੰਤਦੀ ਸੇਵਾਕਰ ਇਸਕਰਨੀਤੇ ਤੇਰਾਭਲਾਹੋਵੇਗਾ ਅਤੇ ਗੁਰੂ ਨਾਨਕਜੀ ਭੀ ਤੈਨੂੰ ਆਪ
ਦਰਸ਼ਨ ਦੇਨਗੇ ਕਿਉਂਜੋਓਹ ਘਟ੨ਕੀਜਾਨਣ ਵਾਲੇ ਹੈਨ ਜਹਾਂ ਕੋਈ ਉਨਾਂਨੂੰਸਿਮਰਦਾ
ਹੈ ਓਸਦੀ ਮਨੋਕਾਮਨਾਂ ਪੂਰਨ ਕਰਨਵਾਲੇ ਹੈਂ ਸੋ ਹੇਰਾਜਾ ਤੂੰ ਹਾਜ਼ਰ ਨਾਜ਼ਰਜਾਨ ਗੁਰੂ
ਨਾਨਕ ਜੀ ਧਰਮ ਅਵਤਾਰ ਹੈਨ ਏਹ ਬਾਤ ਸੁਣਕਰਰਾਜਾ ਨੇ ਧਰਮਸਾਲਾ ਬਨਵਾਈ
ਅੱਠੇ ਪਹਿਰ ਲੰਗਰ ਲਗਾ ਰਹੇ ਬਿਰਥਾ ਕੋਈ ਨਾ ਜਾਵੇ ਤੀਸਰੇਪਹਿਰ ਨਿਤਹੀਕੀਰਤਨ
ਹੋਵੇ ਰਾਜਾ ਰਾਣੀ ਨੇਮਨਾਲ ਆਪ ਬੈਠਕੇ ਕੀਰਤਨਸੁਨਣ ਜਦ ਕੀਰਤਨ ਦਾ ਭੋਗਪਵੇ
ਤਾਂ ਸੰਤ ਆਪੋ ਆਪਨੇ ਅਸਥਾਨਾਂ ਕੋ ਜਾਂਦੇਹੈਨ ਇਕ ਦਿਨ ਰਾਜੇ ਰਾਣੀਨੇ ਸੰਗਤਅਗੇ
ਹੱਥ ਜੋੜਕੇ ਅਰਜ ਕੀਤੀ ਹੇ ਗੁਰੂ ਕੇ ਪਿਆਰਿਓ ਗੁਰੂ ਵਿਚ ਤੇ ਸੰਗਤ ਵਿਚ ਭੇਦ ਕੋਈ
ਨਹੀਂ ਸੋ ਮਹਾਰਾਜ ਜੀ ਸਾਡੇ ਘਰ ਸੰਤਾਨ ਨਹੀਂ ਹੁੰਦੀ ਜੀ ਜੇਕਰ ਆਪ ਸਭ ਸ੍ਰੀ ਗੁਰੂਜੀ
ਅੱਗੇ ਹੱਥ ਜੋੜਕੇ ਅਰਦਾਸ ਕਰੋ ਜੀ ਜੋ ਗੁਰੂ ਅਸਾਡੇ ਘਰ ਕੋਈ ਫਲ ਦੇਵੇਤਾਂ ਸਿੱਖਾਂ
ਆਖਿਆ ਰਾਜਾ ਸਵੇਰੇ ਸਭਸਾਧ ਸੰਗਤ ਸਿੱਖ ਅਕੱਠੇ ਕਰਕੇ ਸ੍ਰੀ ਗੁਰੂ ਜੀਕਾ ਕੜਾਹਪ੍ਰਸ਼ਾਦ
ਕਰਾਕੇ ਅਰਦਾਸ ਕਰਾਈਂ ਤਾਂ ਰਾਜੇਸਾਰੇਸੱਦਾਦੇਕੇ ਸਭਸਿੱਖਸਾਧਅਕੱਠੇਕਰਕੇ ਪੰਚਾਮ੍ਰਿਤ
ਕਰਵਾਕੇ ਰਾਜੇ ਤੇ ਰਾਣੀਨੇ ਹੱਥ ਜੋੜਕਰ ਸੰਗਤਅੱਗੇ ਬੇਨਤੀਕੀਤੀਹੇਗਰੀਬਨਿਵਾਜਜੀ
ਤੁਸੀ ਸ੍ਰੀ ਗੁਰੂ ਜੀਕਾ ਦੀਵਾਨ ਹੋ ਅਤੇ ਏਹ ਸ੍ਰੀ ਗੁਰੂ ਜੀਕਾ ਵਾਕਹੈ ਜੋ ਬੀਸ ਬਿਸਵੇ ਗੁਰੂ
ਤੇ ਇਕੀ ਵਿਸਵੇ ਸੰਗਤ ਹੈ ਸੋ ਮਹਾਰਾਜ ਜੀ ਗੁਰੂਜੀ ਅੱਗੇ ਅਰਦਾਸ ਕਰੋ ਅਤੇ ਸੰਗਤਦੇ
ਬਚਨਾਂ ਕਰਕੇ ਖੰਡ ਬ੍ਰਹਮੰਡ ਬਖਸ਼ੇ ਜਾਂਦੇ ਹੈਨ ਸੋ ਤੁਸੀ ਗੁਰੂ ਜੀ ਅੱਗੇਅਰਦਾਸ ਕਰਕੇ
ਇਕ ਫਲ ਲੈ ਦਿਓ ਜੀ ਕਿਉਂਕਿ ਸ੍ਰੀ ਮੁਖ ਵਾਕ ਮਃ ੧ ॥ ਪੁਤੀਂ ਰੰਢ ਪਵੈ ਸੰਸਾਰ ॥
ਪੁਤ੍ਰ ਹੋਨ ਤਾਂ ਸੰਸਾਰ ਨਾਲ ਸਾਂਝ ਹੁੰਦੀ ਹੈ ਸ੍ਰੀ ਗੁਰੂਜੀਦੀ ਸੰਗਤਦਾ ਵਾਧਾਹੈ ਪਰਮੇਸ਼ਰਦੀ
ਸ੍ਰਿਸ਼ਟ ਭੀ ਵਧਦੀਹੈ ਤਾਂ ਸੰਗਤਵਿੱਚੋਂ ਅਵਾਜ਼ਆਈ ਸਰਬਤਨੇਗੁਰੂਜੀਕੇ ਅੱਗੇਅਰਦਾਸ
ਕਰਕੇ ਕਹਾ ਹੇਗੁਰੂਜੀ ਤੁਸੀ ਹਾਜ਼ਰ ਹਜ਼ੂਰਹੋ ਅਰ ਜੋ ਵਸਤ ਆਪਦੇਹਜ਼ੂਰੋਂ ਮੰਗੀਦੀਹੈ ਸੋ

CC-0. Gurukul Kangri University Haridwar Collection. Digitized by S3 Foundation USA

ਆਇ ਮਿਲਦੀਹੈ ਸੋ ਹੇ ਦੀਨਦਿਆਲਜੀ ਏਹ ਰਾਜਾ ਤੇ ਰਾਣੀ ਆਪਦੇਸਿੱਖਹੈਨ ਸੰਗਤ ਆਪਦੀ ਵਿੱਚ ਆਇ ਕਰ ਸੰਤਾਂਦੀ ਸੇਵਾ ਕਰਦੇ ਹੈਨ ਤੇ ਸੰਤ ਸਿੱਖ ਆਪਨੂੰ ਪਜਾਰੇਹੈਨ ਸ੍ਰਬੱਤ ਨੇ ਹੱਥਜੋੜਕੇ ਅਰਦਾਸ ਕੀਤੀ ਹੇਗੁਰੂਜੀ ਏਸ ਰਾਜਾਦੇਘਰਲੜਕਾਹੋਵੇਤਾਂਸੰਗਤ ਨੇ ਰਾਜੇ ਤੇ ਰਾਣੀਨੂੰਕਹਿਆ ਤੁਸਾਡੇ ਘਰ ਗੁਰੂ ਬੇਟਾਦੇਵੇਂਗੇ ਹੇਰਾਜਾਫਲਜ਼ਰੂਰਤੇਰੇਘਰ ਹੋਵੇਗਾ ਅਰ ਪ੍ਰੀਤ ਔਰ ਪ੍ਰਤੀਤ ਰੱਖਣੀ ਤਾਂ ਰਾਜੇ ਰਾਣੀ ਮੱਥਾ ਟੇਕਿਆ ਤੇ ਪ੍ਰਸਾਦ ਲੈਕੇ ਆਪਣੇ ਅਸਥਾਨ ਪਰਜਾਇਬੈਠੇ ਜਦ ਦਸ ਮਹੀਨੇ ਗੁਜ਼ਰੇ ਤਾਂਰਾਜਾਦੇਘਰਕੰਨਿਆਂਜਨਮੀ ਜਾਂ ਰਾਜਾ ਨੂੰ ਘਰੋਂ ਖ਼ਬਰ ਆਈ ਕੰਨਿਆ ਹੋਈ ਤਾਂ ਰਾਜੇ ਮਨਵਿੱਚਵਿਚਾਰਕੀਤੀ ਕਿਮੈਨੂੰ ਗੁਰੂਜੀਕੀ ਸੰਗਤਿ ਵਿੱਚੋਂ ਅਵਾਜ਼ਆਈਸੀ ਜੋ ਲੜਕਾ ਹੋਇਗਾ ਏਹ ਵਿਚਾਰ ਕਰਕੇ ਸਭ ਵਧਾਈ ਪੁੱਤ੍ਰ ਦੀ ਵੰਡੀ ਤੇ ਪੁੱਤ੍ਰ ਦੀ ਤਰ੍ਹਾਂ ਪੜ੍ਹਾਇਆ ਕੱਪੜਾ ਗਹਿਣਾ ਪਹਿਰਾਵਾ ਪੁੱਤ੍ਰਾਂ ਵਾਲਾ ਕੀਤਾ ਜਦ ਓਹ ਸਿਆਣੀ ਹੋਈ ਤਾਂ ਰਾਣੀ ਨੇ ਕਹਿਆ ਰਾਜਾ ਜੀ ਕੰਨਿਆ ਵਰ ਪ੍ਰਾਪਤ ਹੋਈਹੈ ਏਸਵਾਸਤੇ ਵਰ ਢੂੰਢਨਾਚਾਹੀਏ ਤਾਂ ਰਾਜਾਨੇ ਕਹਾ ਰਾਣੀ ਅਮਕੋ ਰਾਜਾ ਦੇ ਘਰ ਲੜਕੀ ਹੈ ਮੈਂ ਏਸ ਪੁਤ੍ਰ ਨੂੰ ਓਥੇ ਵਿਆਹਵਾਂਗਾ ਰਾਣੀ ਨੇ ਕਹਾ ਰਾਜਾ ਜੀ ਤੁਸੀ ਏਡਾ ਅਪਰਾਧ ਕਿਉਂ ਕਰਦੇ ਹੋ ਅੱਗੇ ਅੱਜ ਤੀਕਰ ਕਿਸੇਨੇ ਨਹੀਂ ਕੀਤਾ ਕੰਨਿਆ ਨਾਲ ਕੰਨਿਆ ਨਹੀਂਵਿਆਹੀ ਤਾਂ ਰਾਜੇਕੰਹਿਆ ਰਾਣੀ ਤੈਨੂੰ ਏਹਕੰਨਿਆ ਨਜ਼ਰਆਉਂਦੀ ਹੈਤੇ ਮੈਨੂੰ ਏਹ ਪੁੱਤ੍ਰ ਨਜ਼ਰਆਉਂਦਾਹੈ ਤਾਂ ਰਾਣੀਚੁਪਕਰਰਹੀ ਤਾਂਇਕਦਿਨ ਰਾਜਾਨੇ ਆਪਣੇ ਪਰੋਹਤਨੂੰ ਸਦਵਾਇ ਕਰ ਕਹਿਆਹੇ ਪੰਡਿਤਜੀ ਫਲਾਣੇ ਰਾਜੇਦੇ ਘਰ ਮੇਰੇ ਲੜਕੇ ਦੀ ਸ਼ਾਦੀ ਦਾ ਉਪਾਵਕਰੋ ਤਾਂ ਉਸ ਪੰਡਿਤ ਨੇ ਕਹਿਆਹੇਰਾਜਾਜੀ ਮੇਰੇਪਾਸੋਂਏਹ ਅਪਰਾਧ ਨਹੀਂਹੋਤਾਕਿਉਂ ਜੋਅੱਗੇਕਿਸੇਕੰਨਿਆਨਾਲਕੰਨਿਆਨਹੀਂ ਬਿਆਹੀ ਇਕਤੇ ਅਪਣੀਪੁੱਤ੍ਰੀ ਕੋ ਗਾਲਦਾ ਹੈਂ ਤੇਦੂਸਰਾਅਗਲੇਦੀ ਪੁਤ੍ਰੀਕੋਗਾਲਦਾਹੈਂ ਤਾਂ ਰਾਜਾ ਪੰਡਿਤਨੂੰ ਕਹੇ ਭਾਈ ਧੁਵਾਨੂੰ ਏਹਪੁੱਤ੍ਰੀ ਨਜ਼ਰੀਆਉਂਦੀਹੈਤੇਮੈਨੂੰਏਹਪੁੱਤ੍ਰਨਜ਼ਰਆਉਂਦਾਹੈ ਤਾਂਪਰੋਹਤ ਰਾਜਾ ਦੀ ਬਾਤ ਸੁਣੀ ਤਾਂਮਨਮੇ ਕਹਿਨਲਗਾ ਕਿਬਦਨਾਮੀਹੋਵੇਗੀਤਾਂਏਸਦੀਹੋਵੇਗੀਮੈਂਕਾਹਨੂੰ ਬੁਰਾਹੋਵਾਂ ਏਹ ਕਹਿਕਰਚਿੱਠੀਲੈਕੇ ਓਸ ਰਾਜੇਨੂੰ ਜਾਇਦਿੱਤੀ ਤਾਂ ਉਸ ਰਾਜੇਲੈਕੇ ਖ਼ਤ ਸਿਰਉੱਪਰ ਰੱਖਿਆ ਤੇ ਬਛਾਪ੍ਰਸੰਨਹੋਯਾ ਘਰਵਿੱਚਰਾਣੀਨਾਲ ਸਲਾਹਕੀਤੀਤੇ ਕਹਿਆ ਧੰਨ ਸਾਡੇ ਭਾਗਹੈਨ ਜੋ ਐਸਾ ਰਾਜਾ ਸਾਕਬਣੇਓਸੇਵਕਤ ਆਪਣੇ ਪਰੋਹਤਨੂੰਬੁਲਵਾਯਾ ਸਾਹਾ ਸੁਧਾਇਕਰ ਓਸਵਕਤ ਸਾਹੇਚਿੱਠੀ ਭੇਜ ਦਿੱਤੀ ਤਾਂਬ੍ਰਹਮਣਨੇ ਆਨਕਰ ਵਧਾਈ ਦਿੱਤੀ ਤਾਂਰਾਜਾਓਸੇਵਕਤਵਿਆਹਦਾਸਮਿਆਨ ਲੱਗਾਕਰਨ ਹੁਕਮਦੇਦਿੱਤਾ ਕਿ ਲੜਕੇ ਨੂੰ ਨ੍ਹਵਾਇਕਰ ਸੂਹਾ ਚੋਲਾ ਪਹਿਨਾਇਕਰ ਤਿਆਰਕਰੋ ਤੇਕਹਿਆ ਜਨੇਤਚਲੋਤਾਂਲੋਕਾਂ ਕਹਿਆ ਅਸੀਂਨਹੀਂਜਾਂਦੇ ਕਿਉਂਜੋ ਸਾਡੀਪਤਜਾਂਦੀਹੈ ਅਸੀਨਹੀਂਜਾਂਦੇ ਕਦੀ ਕੰਨਿਆ ਨਾਲ ਕੰਨਿਆ ਨਹੀਂਵਿਆਹੀ ਤਾਂ ਰਾਜਾਨੇ ਕਹਿਆ ਭਾਈ ਧੁਵਾਨੂੰ ਕੰਨਿਆ ਦਿਸਦੀਹੈ

CC-0. Gurukul Kangri University Haridwar Collection. Digitized by S3 Foundation USA

ਤੇਮੈਨੂੰ ਪੁੱਤ੍ਰਦਿਸਦਾਹੈ ਜਦਰਾਜਾਨੇ ਕਹਿਆ ਭਾਈ ਤੁਸੀਂ ਨਾ ਜਾਓ ਤਾਂਮੈਂ ਆਪੇ ਲੜਕਾ ਵਿਆਹ ਲਿਆਵਾਂਗਾ ਤਾਂ ਆਖਿਆ ਚਲੋਂਭਾਈ ਅਸੀਂ ਵੀ ਤਮਾਸ਼ਾ ਦੇਖਾਂਗੇ ਓਥੇ ਕਿਆ ਹੋਂਦਾ ਹੈ ਜਦ ਚੱਲਣ ਨੂੰ ਤਿਆਰ ਹੋਈ ਰਸਤੇ ਵਿਚ ਗਈ ਤਾਂ ਇਕਹਰਣ ਨਿਕਲਿਆ ਤਾਂ ਓਸ ਕਹਿਆ ਹੇ ਪਿਤਾਜੀ ਮੈਨੂੰ ਹੁਕਮ ਹੋਵੇ ਤਾਂ ਮੈਂ ਇਸਹਰਣਨੂੰਮਾਰ ਲਿਆਵਾਂ ਤਾਂ ਜਿਤਨੇ ਲੋਕ ਹੈਸਨ ਸੋ ਪਿਛਾਂ ਹਟ ਗਏ ਤਾਂਉਸਕੰਨਿਆਂਨੇ ਘੋੜਾ ਉਸ ਮਿਰਗ ਦੇ ਪਿੱਛੇ ਲਾਇਆ ਜਾਂਦੀਜਾਂਦੀ ਉਹਕੰਨਿਆਂ ਬੜੀਉਜਾੜਵਿਚ ਜਾਇਵੜੀ ਤਾਂਅੱਗੇ ਜਾਂਦਾ ਜਾਂਦਾ ਹਰਨਛੱਪਗਿਆ ਜਾਂਉਸਕੰਨਿਆਂਨੇ ਨਜ਼ਰਕਰਕੇ ਦੇਖਿਆ ਤਾਂਇੱਕ ਪੱਕੀ ਚਾਰ ਦਿਵਾਲੀ ਹੈ ਉਸਵਿੱਚ ਓਹ ਹਰਣ ਜਾਇਵੜਿਆ ਤਾਂ ਮਗਰੇਹੀ ਓਹਕੰਨਿਆਂਜਾਇਵੜੀ ਤਾਂਕਿਆ ਦੇਖੇ ਤਾਂਉਸਦੇਅੰਦਰ ਚਾਰਚੁਫੇਰੇ ਸੰਗਤ ਬੈਠੀਹੈ ਤੇਕੀਰਤਨ ਹੋ ਰਹਿਆਹੈ ਅਤੇ ਕੜਾਹ ਪ੍ਰਸਾਦ ਵੰਡ ਰਹੇਹੈਨ ਤਾਂਉਸਕੰਨਿਆਂਨੇ ਅੰਦਰਜਾਇਕੇ ਉਸਬੰਗਲੇ ਅੱਗੇ ਮੱਥਾਟੇਕਿਆ ਜਾਂ ਸਿਰਚੁਕਕਰ ਦੇਖੇ ਤਾਂਇਕ ਸੰਤਬੈਠਾਹੈ ਤਾਂ ਸੰਗਤ ਵਿੱਚੋਂ ਅਵਾਜ਼ ਆਈ ਆਓ ਭਾਈ ਸਿੱਖਾ ਗੁਰੂਤੇਰਾਭਲਾਕਰੇ ਜਦਏਹ ਅਵਾਜ਼ਹੋਈ ਤਾਂ ਓਸਕੰਨਿਆਂਦੇ ਚਿਹਨ ਚਕ੍ਰ ਮਰਦ ਕੇ ਹੋਇਗਏ ਤਾਂ ਉਸ ਕੰਨਿਆਂ ਗੌਰ ਕਰਕੇਦੇਖਿਆ ਤਾਂ ਗੁਰੂਨਾਨਕਜੀ ਬੈਠੇਹੈਨ ਇਤਨੇ ਚਿਰ ਵਿਚ ਪਿੱਛੋਂ ਰਾਜਾ ਆਯਾ ਦੇਖੇ ਤਾਂਕੰਨਿਆਂਦਾਘੋੜਾ ਚਾਰਦੁਆਲੀਦੇ ਬਾਹਿਰ ਖੜਾਹੈ ਤਾਂਰਾਜਾ ਵੀ ਅੰਦਰ ਜਾਇਵੜਿਆ ਦੇਖੇ ਤਾਂ ਕੰਨਿਆਂ ਬੰਗਲੇਦੇ ਅੱਗੇ ਖੜੀ ਹੈ ਤੇ ਸੰਗਤ ਬੈਠੀਹੈ ਕੀਰਤਨ ਹੋ ਰਹਿਆਹੈ ਅਤੇ ਜੋਕੰਨਿਆਂ ਤੇ ਬਾਲਕ ਹੋਇਆ ਸੀ ਓਹ ਬੋਲਿਆ ਆਉਪਿਤਾਜੀ ਦੇਖੋ ਸ੍ਰੀਗੁਰੂਨਾਨਕ ਜੀ ਬੈਠੇਹੈਨ ਤੁਮਭੀ ਦਰਸ਼ਨ ਕਰਲੋਵੋਜੀ ਤਾਂਰਾਜੇ ਨੇ ਜਾਇਕਰ ਗੁਰੂਜੀ ਅੱਗੇ ਮੱਥਾਟੇਕਿਆ ਤਾਂ ਸੰਗਤ ਵਿੱਚੋਂ ਅਵਾਜ਼ ਆਈ ਆਂਉ ਰਾਜਾ ਤੇਰਾ ਭਲਾ ਹੋਵੇ ਜਾਂ ਰਾਜਾਨੇ ਸਿਰਉਠਾਯਾ ਤੇਦੇਖੇ ਤਾਂ ਗੁਰੂਨਾਨਕਜੀਦਾ ਦਰਸ਼ਨਹੂਆ ਤਾਂ ਰਾਜੇਦੇਦੇਖਦਿਆਂਹੀ ਨਾ ਚਾਰਦੁਆਲੀ ਨਾ ਸੰਗਤ ਨਾ ਗੁਰੂਜੀ ਰਾਜਾਏਹਚਰਿੱਤ੍ਰਦੇਖ ਕਰ ਹੈਰਾਨ ਹੋਇਗਿਆ ਤੇ ਆਖਿਆ ਹੇਪਰਮੇਸ਼ਰਜੀ ਤੇਰੀਕੁਦਰਤ ਜੋ ਸੁਪਨੇਦੇ ਸਮਾਨ ਆਪਨੇ ਸਾਡਾਮਨੋਰਥ ਪੂਰਾਕੀਤਾਹੈਜੀ ਏਹਬਾਤਾਂਦੋਵੇਂ ਰਾਜਾਤੇ ਲੜਕਾ ਕਰਰਹੇ ਸਨ ਤਾਂ ਪਿੱਛੋਂਜੰਵ ਆਇਗਈ ਪਰਰਾਜਾ ਚਿਤਵਿਚ ਗੁਰੂਨਾਨਕਜੀਕਾ ਧਿਆਨਦੇਕਰ ਧੰਨਵਾਦ ਕਰ ਰਹਿਆਹੈ ਕਿ ਹੇ ਦੀਨਦਿਆਲ ਮੇਰੇ ਭਾਈਂ ਇਕ ਪਲਕਵਿਚ ਨਿਹਾਲਕੀਤਾ ਹੈ ਹੇ ਸਤਿਗੁਰੋ ਹੇਘਟਘਟਕੇ ਅੰਤਰਜਾਮੀ ਹੇਸੱਚਦਾਨੰਦ ਤੂੰ ਬਿਅੰਤ ਤੂੰ ਬਿਅੰਤ ਜਦਓਹਜੰਵ ਸਭ ਆਇਮਿਲੀ ਪਰਰਾਜਾਨੇ ਏਹਭੇਤ ਕਿਸੇ ਅੱਗੇਨਾਖੋਲ੍ਹਿਆ ਜਾਂਦੇ ਜਾਂਦੇ ਉਸ ਸ਼ਹਿਰ ਜਾਇ ਪਹੁੰਚੇ ਤਾਂਉਸ ਰਾਜਾਨੇ ਸੁਣਿਆ ਕਿ ਜਨੇਤ ਆਈਹੈ ਪਰ ਏਹਖ਼ਬਰਰਾਜਾਨੇਸੁਣ ਲਈ ਕਿਰਾਜਾ ਕੰਨਜਾਂ ਨਾਲ ਕੰਨਜਾਂਵਿਆਹੁਣ ਆਯਾਹੈ ਤਾਂਉਸਦੀਰਾਣੀਨੇ ਕਹਜਾਨਾਜਾ ਜੀ ਅਸਾਂ ਕੰਨਜਾਂ ਨਾਲ ਕੰਨਜਾਂ ਤਾਂ ਨਹੀਂ ਵਿਵਾਹੁਨੀ ਤਾਂ ਰਾਜਾਨੇ ਕਹਿਆ ਰਾਣੀਕਦੀ

CC-0. Gurukul Kangri University Haridwar Collection. Digitized by S3 Foundation USA

ਆਦਿ ਅੰਤ ਏਹਗੱਲਨਹੀਂਹੋਈ ਅਸੀਂ ਕਿਸਤਰਾਂਨਾਲ ਕਰਾਂਗੇ ਤੁਸੀਂ ਉਸਦੀ ਪ੍ਰਤਗਸਾ ਲੈ ਲਵੋ ਏਹ ਹੁਕਮ ਰਾਜਾਦਾ ਰਾਣੀਨੇ ਪਾਇਕੇ ਇਕ ਨਾਇਣ ਨੂੰ ਸਿਖਲਾਇਕੇ ਭੇਜਿਆ ਕਿ ਤੂੰ ਜਾਇਕਰ ਪੱਕੀ ਖ਼ਬਰ ਲਿਆਉ ਜੋ ਲੜਕਾਹੈ ਕਿ ਲੜਕੀਹੈ ਜੇਕਰਪੱਕੀਸੱਚੋਸੱਚ ਖ਼ਬਰ ਲਿਆਵੇਂਗੀ ਤਾਂਮੈਂ ਤੈਨੂੰ ਬਹੁਤਪਦਾਰਥ ਦੇਵਾਂਗੀ ਜੇਕਰ ਝੂਠ ਬੋਲੇਂਗੀ ਤੈਨੂੰਫਾਸੀ ਦੁਆਦੇਵਾਂਗੀ ਏਹਬਾਤਮੰਨਕੈ ਨਾਇਣ ਜਨੇਤਵਿੱਚਆਈ ਤੇ ਆਇਕਰ ਰਾਜਾਨੂੰਕਹਿਆ ਹੇ ਰਾਜਾਜੀ ਸਾਡੀ ਏਹਰੀਤਹੈ ਕਿ ਪਹਿਲਾਂ ਲੜਕੇਨੂੰ ਮੈਂ ਅਪਨੇਘਰ ਲੈਜਾਵਾਂਗੀ ਤੇ ਰੀਤ ਕਰਕੇ ਫੇਰ ਪਿੱਛੋਂ ਵਿਆਹ ਹੋਵੇਗਾ ਤਾਂਰਾਜਾਨੇ ਕਹਿਆ ਕਿ ਜੋ ਤੇਰੀ ਮਰਜ਼ੀ ਹੈ ਸੋਕਰਲੈ ਜਾਂ ਏਹਗੱਲ ਰਾਜਾਨੇ ਆਖੀ ਤਾਂਸ਼ਾਰੀਜਨੇਤਦੇਲੋਕ ਓਥੋਂ ਉਠਗਏ ਤੇਆਪਸਵਿੱਚ ਲੱਗੇ ਕਹਿਣ ਭਾਈ ਹੁਣ ਸਾਡਾ ਪੋਲ ਸਭ ਕੁਛ ਜ਼ਾਹਿਰ ਹੋਜਾਵੇਗਾ ਸ਼ਰਮਿੰਦੇ ਹੋਵੇਂਗੇ ਤੇ ਓਹ ਨਾਇਣ ਆਪਣੇ ਘਰਲੈਗਈ ਤੇਮਹੀਨ ਜਾਮਾ ਉਸਨੂੰ ਪੁਵਾਇਦਿੱਤਾ ਉੱਪਰ ਤੇ ਪਾਣੀ ਵਾਰਿਆ ਤੇ ਉਸਰਾਣੀਕੋਚੁਪਾਤੇ ਹੀ ਕਹਿ ਭੇਜਿਆ ਹੈ ਰਾਣੀ ਬਾਰਾਂਬਰਸਾਂਕਾ ਗੰਧਰਬ ਏਹਕੁਵਰਹੈ ਅਤੇ ਸਭ ਅੰਗ ਨਾਇਣ ਨੇ ਉਸਦੇ ਦੇਖਲੀਤੇ ਔਰ ਰਾਣੀਨੂੰਜਾਇਕਹਿਆ ਹੇ ਰਾਣੀ ਤੇਰੇ ਧੰਨਭਾਗਹੈਨਤੇਧੰਨਭੂੰਹੈਂ ਜਿਸਦਾਏਹਮਿਹਮਾਨਹੈ ਅਰ ਧੰਨਓਹਕੰਨਿਆ ਹੈਜਿਸਦਾਏਹ ਭਰਤਾਹੈ ਰਾਣੀਸੁਣਕਰ ਬਹੁਤ ਪ੍ਰਸੰਨਭਈ ਬਖ਼ਸ਼ੀਸ਼ ਕਰੀ ਬੜਾ ਸੁੰਦਰ ਵਿਆਹ ਹੂਆ ਜਤ ਪਤ ਰਹਿਆਈਸ੍ਰੀਗੁਰੂਨਾਨਕਜੀ ਕਾ ਜੱਸ ਕਰਤਾ ਹੂਆ ਰਾਜਾ ਪੁੱਤ੍ਰ ਕੋ ਵਿਆਹ ਕਰਕੇ ਲੈਗਿਆ ਪਰ ਰਾਜਾਕੀ ਪ੍ਰਤੀਤਕਰਕੇ ਕੰਨਿਆਂਤੋਂ ਪੁੱਤ੍ਰਹੋਇਗਿਆ ਐਸੇ ਭਾਈਬਾਲਾ ਕਹੇ ਸ੍ਰੀਗੁਰੂ ਅੰਗਦਦੇਵਜੀ ਜੋ ਸਿੱਖ ਸ੍ਰੀ ਗੁਰੂਨਾਨਕ ਜੀ ਦੇ ਬਚਨਾਂ ਉੱਪਰ ਪ੍ਰਤੀਤਰੱਖੇਗਾ ਉਸਕੇਸੰਪੂਰਨਕਾਰਜ ਸੰਪੂਰਨਹੋਜਾਵੇਂਗੇਅਤੇਸਿੱਖਨੂੰਏਹਚਾਹੀਏ ਕਿ ਸ੍ਰੀਗੁਰੂਜੀਕੀ ਸਾਧਸੰਗਤ ਵਿੱਚਜਾਇਕਰ ਆਪਣੀ ਅਭਲਾਖਾ ਪ੍ਰਗਟ ਕਰੇ ਤੇ ਸੰਗੀਤ ਮੇਂ ਤੇਗੁਰੂਮੇਂ ਭੇਦ ਨਾ ਜਾਣੇ ਅਤੇ ਹੱਥਜੋੜਕਰ ਨਿੰਮ੍ਰ ਹੋਇਕਰ ਸ੍ਰੀ ਗੁਰੂ ਨਾਨਕ ਜੀ ਦੇ ਚਰਨੋਂ ਬਿਖੇਪ੍ਰੀਤੀਕਰੇ ਭਾਵਨਾਂ ਸਹਿਤਆਰਾਧੇਗਾ ਤੋਸ੍ਰੀਗੁਰੂਜੀਐਸੀਹੀਆਸਪੂਰੀਕਰੇਂਗੇ ਦੇਖੋ ਪਹਿਲੇ ਉਸ ਜ਼ਿਮੀਂਦਾਰ ਭੂਮੀਏ ਸ੍ਰੀਗੁਰੂਜੀਕੇ ਬਚਨਾਂ ਪਰਪ੍ਰਤੀਤ ਕਰੀ ਤਾਂ ਉਸਦਾ ਏਹ ਮਰਾਤਬਾ ਹੂਆ ਰਾਜਾਕਾ ਸਿਰ ਮੰਡ੍ਰੀ ਹੂਆ ਫੇਰ ਰਾਜਾਨੇ ਪ੍ਰਤੀਤ ਰੱਖੀ ਤਾਂ ਉਸਦੀ ਕੰਨਿਆਤੇ ਸੁੰਦਰ ਕੁਵਰ ਹੋਇਗਿਆ ਅੰਤਕੇ ਸਤਗਤੀ ਹੋਈ ਦੇਹ ਤਿਆਗਕਰ ਸ੍ਰੀਗੁਰੂ ਜੀਕੀ ਪੁਰੀ ਕੋ ਪ੍ਰਾਪਤ ਹੂਏ ॥ ਏਹੜਥਾ ਭਾਈਬਾਲੇ ਤੇ ਸੁਣਕਰ ਸਭਸੰਗਤਨੇਗੁਰੂਜੀ ਅੱਗੇ ਮੱਥਾਟੇਕਿਆ ਅਤੇ ਗੁਰੂਜੀ ਸੰਗਤ ਕੇ ਖ਼ੁਸ਼ੀ ਕਰਕੇ ਸ੍ਰੀਗੁਰੂਨਾਨਕਜੀ ਦੇ ਧਿਆਨ ਮੇਂ ਅਸਥਿਭਏ ਅਠਪਹਿਰ ਮਹਾਰਾਜ ਬਿਦੇਹਰਹੇ ਤਾਂ ਫੇਰਗੁਰੂਅੰਗਦਜੀਭਾਈਬਾਲੇ ਕੋ ਕਹਿਆ ਭਾਈ ਅੱਗੇ ਸ੍ਰੀਗੁਰੂਜੀ ਕਿਆ ਕੀਆ। ਬੋਲਹੁ ਭਾਈਜੀ ਵਾਹਿਗੁਰੂ॥੮੯॥

CC-0. Gurukul Kangri University Haridwar Collection. Digitized by S3 Foundation USA

ਆਗੇ ਸਾਖੀ ਕਲਜੁਗ ਨਾਲ ਹੋਈ

ਤੋਂ ਫੇਰ ਭਾਈ ਬਾਲਾਜੀ ਕਹੇ ਹੋ ਸ੍ਰੀ ਗੁਰੂ ਅੰਗਦ ਜੀ ਇਕ ਸਮੇਂ ਸ੍ਰੀਗੁਰੂ ਨਾਨਕਦੇਵ ਜੀ ਜਾਂਦੇਜਾਂਦੇ ਸੇਤਬੰਧ ਰਾਮੇਸ਼ਰ ਦੀ ਧਰਤੀ ਮੈਂ ਸਮੁੰਦ੍ਰ ਕੀ ਛਾਲਾ ਦੇਖਦੇ ਦੇਖਦੇ ਏਕ ਕੂੰਟ ਮੈਂ ਜਾਇਨਿਕਲੇ ਅੱਗੇਦੇਖਨ ਤਾਂ ਸ੍ਰੀ ਪਰਮੇਸ਼ਰਦੀ ਆਗਿਆ ਨਾਲ ਬਡੀਅੰਧੇਰੀ ਕਾਲੀ ਪੀਲੀਉਠੀ ਬਡਾਤੁਫਾਨ ਆਯਾ ਲਗੇ ਵ੍ਰਖਤਉਡਣ ਤਾਂਮਰਦਾਨਾ ਡਰਦਾ ਮਾਰਿਆ ਮੂੰਹ ਢੱਕਕੇ ਲੰਮਾ ਪੈਰਿਹਾ ਬਹੁਤਭੈਮਾਨ ਹੋਇਕਰ ਲਗਾ ਕਹਿਨ ਗੁਰੂਜੀਅਸੀਂਬਡੀਉਜਾੜ ਵਿੱਚ ਆਇਪਏਹਾਂ ਜੀ ਤਾਂਗੁਰੂਜੀ ਕਹਿਆ ਮਰਦਾਨਿਆਂ ਤੂੰਕਾਹਲਾ ਨਾ ਹੋ ਤਾਂਮਰਦਾਨੇ ਕਹਿਆ ਗੁਰੂਜੀ ਅੱਜ ਜੇਡਾ ਪਾਲਾ ਕਦੇਨਹੀਂਪਿਆ ਅਤੇ ਏਹਅੰਧੇਰੀ ਜੋਆਈ ਸੋ ਸਾਡੇ ਜੀਵਨੂੰ ਲੈਨਵਾਸਤੇਆਈਹੈ ਤਾਂਗੁਰੂਜੀਕਹਿਆ ਮਰਦਾਨਾ ਵਾਹਿਗੁਰੂਵਾਹਿਗੁਰੂਕਹੁ ਅਤੇ ਡਰੁਨਾਹੀਂਤਾਂਫੇਰਕਲਜੁਗਨੇਦੇਉਕਾਸਰੂਪਧਾਰਲਿਆਜੈਸੇਕੋਈ ਬੜਾ ਸਾਰਾ ਪਹਾੜ ਹੁੰਦਾ ਹੈ ਅਕਾਸ਼ ਚੋਟੀ ਪਤਾਲਪੈਰ ਬੜੇ ਦੰਦ ਤੇ ਜ਼ਬਾਨ ਭੈ ਦੇਵਣਹਾਰੇ ਤਾਂਮਰਦਾਨੇ ਦੇਖਕਰ ਕਹਿਆ ਗੁਰੂਜੀ ਅੰਧੇਰੀ ਪਾਸੋਂ ਤਾਂ ਬਣੇਸੀ ਪਰ ਇਸ ਬਲਾਛਥੀਂ ਅਸੀਨਹੀਂਬਚਦੇ ਤਾਂ ਸ੍ਰੀਗੁਰੂਜੀ ਕਹਿਆਮਰਦਾਨਿਆਂ ਏਹਭੀ ਕੁਛਨਹੀਂ ਤੂੰ ਵਾਹਿਗੁਰੂ ਦਾ ਜਾਪਕਰ ਤੇਰੇਨੇੜੇ ਕੁਛਨਹੀਂ ਆਉਂਦਾ ਤਾਂਫੇਰ ਕਲਜੁਗਨੇ ਕਿਆ ਕੀਤਾ ਕਿ ਅਗਨਿ ਦਾ ਰੂਪ ਹੋਇ ਗਿਆ ਤੇ ਦਿਖਾਈ ਦਿੱਤੀ ਚਾਰੇਕੂੰਟਾਂ ਤੇਧੂੰਆਂ ਉਠਿਆ ਫੇਰ ਮਰਦਾਨਾ ਡਰਿਆ ਤੇ ਮੂੰਹ ਢੱਕਕੇ ਲੰਮਾਂ ਪੈਰਹਿਆ ਤੇ ਬਹੁਤ ਓਦਰਦਾ ਜਾਵੇਤੇਮੂੰਹੋਂ ਕਹਿਓਸ ਗੁਰੂ ਜੀ ਹੁਣ ਨਹੀਂ ਬਚਦੇ ਸਾਡਾ ਜੀਵਨਾ ਰਹਿਚੁਕਾ ਤਾਂ ਬਚਨਹੋਯਾ ਮਰਦਾਨਿਆਂ ਏਹਵੀ ਕੁਝਨਹੀਂ ਤਾਂ ਫੇਰ ਕਲਜੁਗ ਨੇ ਚਾਰੋਂ ਤਰਫ਼ ਕਾਲੀਆਂ ਘਟਾਂ ਕਰਕੇ ਗੋਲਾ ਮੀਂਹ ਵਰਸਾਯਾ ਨਾਲ ਕੰਕਰ ਬਰਸੇ ਬਿਜਲੀ ਚਮਕੇ ਬੜਾ ਸ਼ਬਦ ਹੋਵੇ ਪਰ ਕੰਕਰ ਗੁਰੂ ਜੀ ਤੇ ਦੂਰ ਦੂਰ ਪਵੇਂ ਤਾਂ ਮਰਦਾਨੇ ਆਖਿਆ ਗੁਰੂਜੀ ਕਿੱਥੇਲਿਆਇ ਮਾਰਿਆ ਹਈ ਏਥੇ ਤਾਂ ਗੋਰ ਕਫ਼ਨਵੀ ਨਹੀਂ ਮਿਲਸੀ ਐਵੇਂਅਜਾਈਂਮਰਵੈਸਾਂ ਤਾਂਗੁਰੂਜੀਨੇ ਕਹਿਆ ਮਰਦਾਨਿਆਂ ਏਹਭੀ ਦੂਰ ਹੋ ਵੈਸੀ ਪਰ ਤੂੰ ਸ਼ਬਦ ਪੜ੍ਹ ਤੇ ਰਬਾਬ ਵਜਾਇ ॥ ਤਾਂ ਗੁਰੂਜੀ ਨੇ ਸ਼ਬਦ ਉਚਾਰਿਆ ॥ ਰਾਗ ਗਉੜੀ ਮਹਲਾ੧ ॥ਡਰਿ ਘਰ ਘਰਿ ਡਰ ਡਰਿ ਡਰ ਜਾਇ ॥ ਸੋਡਰ ਕੇਹਾ ਜਿਤ ਡਰ ਡਰਪਾਇ ॥ਤੁਧਬਿਨ ਦੂਜੀ ਨਹੀ ਜਾਹਿ ॥ ਜੋਕੁਛ ਵਰਤੈ ਸਭ ਤੇਰੀ ਰਜਾਇ ॥ ੧ ॥ ਡਰੀਐ ਜੇਡਰ ਹੋਵੈ ਹੋਰ॥ ਡਰਡਰ ਮਰਨਾ ਮਨਕਾ ਸੋਰ ॥ ੧ ॥ ਰਹਾਉ ॥ ਨਾ ਜੀਉਮਰੈ ਨ ਡੂਬੈ ਤਰੈ ॥ ਜਿਨ ਕਿਛ ਕੀਆ ਸੋ ਕਿਛ ਕਰੈ॥ਹੁਕਮੈ ਆਵੈ ਹੁਕਮੈਜਾਇ ॥ਆਗੈ ਪਾਛੈ ਹੁਕਮ ਰਜ਼ਾਇ ॥ ੨॥ ਹੰਸ ਹੇਤ ਆਸਾ ਅਸਮਾਨ ॥ ਤਿਸ ਵਿਚ ਭੂਖ ਬਹੁਤ ਨੀਸਾਨ ॥ ਭਉ ਖਾਣਾ ਪੀਣਾ ਆਧਾਰ ॥ ਵਿਣਖਾਧੇ ਮਰ ਹੋਇ ਗਵਾਰ ॥ ੩ ॥ ਜਿਸਕਾ ਕੋਇ ਕੋਈ ਕੋਇ ਕੋਇ ॥ ਸਭ ਕੋ ਤੇਰਾਤੂੰਸਭਨਾਂ ਕਾ ਸੋਇ॥ਜਾਕੇ ਜੀਅਜੰਤ ਧੰਨ ਮਾਲ॥ਨਾਨਕ ਆਖਣ ਬ੍ਰਹਮ ਬੀਚਾਰ॥

CC-0. Gurukul Kangri University Haridwar Collection. Digitized by S3 Foundation USA

੪ ॥ ਤਿਸਕਾ ਪ੍ਰਮਾਰਥ ਗੁਰੂਜੀ ਕਹਿੰਦੇ ਹੈਨ ਜੋ ਮੁਖਾਂਦਾ ਡਰ ਘਰਦੇ ਵਿੱਚ ਹੈ ਤੇ ਜੇਹੜੇ ਮਨਮੁਖ ਪਰਮੇਸ਼ਰ ਥੀਂ ਨਹੀਂ ਡਰਦੇ ਅਤੇ ਜੀਆਂ ਨੂੰ ਦੁਖ ਦੇਂਦੇ ਹੈਨ ਉਨ੍ਹਾਂਨੂੰ ਜਮਕਾ ਡਰ ਹੁੰਦਾ ਹੈ ਤੇ ਗੁਰਮੁਖ ਏਹ ਆਖਦੇ ਹੈਨ ਜੋ ਵਾਹਿਗੁਰੂ ਦੀ ਰਜਾਇ ਥੋਂ ਬਿਨਾਂ ਹੋਰ ਜੀਵਾਵਣੇ ਵਾਲਾ ਤੇ ਮਾਰਨੇ ਵਾਲਾ ਹੋਰ ਕੋਈ ਨਾਹੀਂ ਤੇ ਉਸਦੇ ਹੁਕਮ ਵਿੱਚ ਹੀ ਆਂਵਦਾ ਹੈ ਤੇ ਹੁਕਮ ਵਿਚ ਹੀ ਜਾਂਵਦਾ ਹੈ ਅਤੇ ਜੇਹੜੇ ਜੀਆਂ ਨੂੰ ਮਾਰਕੇ ਖਾਂਵਦੇ ਹੈਨ ਤਿਨਾਂਦੀ ਭੁੱਖ ਸਗੋਂ ਵਧ ਜਾਂਦੀ ਹੈ ਜੈਸੇ ਅਗਨਿ ਵਿਚ ਈਂ ਧਨ ਪਾਇਆਂ ਅਗਨਿ ਵਧ ਜਾਂਦੀ ਹੈ ਜੇਹੜੇ ਵਾਹਿਗੁਰੂ ਦਾ ਭਉ ਕਰਦੇ ਹੈਨ ਸੋਈ ਤ੍ਰਿਪਤ ਹੋਂਦੇ ਹੈਨ ਕੋਈ ਕਿਸੇਕਾ ਆਸਰਾ ਕਰਦਾ ਹੈ ਕੋਈ ਕਿਸੇਦਾ ਭਰੋਸਾ ਕਰਦਾ ਹੈ ਸੰਤਾਂ ਨੂੰ ਓਸ ਇਕ ਪਰਮੇਸ਼ਰ ਦਾ ਆਸਰਾ ਹੈ ਜਿਸਨੇ ਸਭ ਜੀਆ ਜੰਤ ਚਾਰ ਪ੍ਰਕਾਰਦੀ ਸ੍ਰਿਸ਼ਟੀ ਬਨਾਈ ਹੈ ਸੋਈ ਸੰਤਾਂਕਾ ਰਾਖਾ ਹੈ ਤੇ ਗੁਰੂ ਨਾਨਕ ਜੀ ਕਹਿਦੇ ਹੈਨ ਜੇ ਤੂੰ ਪ੍ਰਮੇਸ਼ਰ ਕਾ ਭਉ ਰਖੇਂਗਾ ਤੇ ਮਨੁਖਾਂਨੂੰ ਦੁਖ ਨਾ ਦੇਵੇਂਗਾ ਅਤੇ ਨਾਮ ਜਪੇਂਗਾ ਤਦ ਤੇਰਾ ਉਧਾਰ ਹੋਵੇਗਾ ਸੁਣ ਮਰਦਾਨਿਆਂ ਤੂੰ ਵਾਹਿਗੁਰੂ ਵਾਹਿਗੁਰੂ ਆਖਦਾ ਰਹੁ ਵਾਹਿਗੁਰੂ ਨਾਮ ਅਬਨਾਸ਼ੀ ਪੁਰਖ ਦਾ ਹੈ ਉਸਨੂੰ ਕਾਲ ਭੀ ਪੋਹ ਨਹੀਂ ਸਕਦਾ ਏਹ ਬਾਰਤਾ ਕਲਜੁਗ ਨੇ ਸੁਣਕੇ ਮਨੁੱਖਦਾ ਰੂਪ ਧਾਰਿਆ ਅਤੇ ਗੁਰੂ ਜੀਨੂੰ ਆਇ ਮਿਲਿਆ ਪਰ ਹੱਥ ਵਿੱਚ ਅੱਗ ਤੇ ਮੂੰਹ ਵਿੱਚ ਮਾਸ ਹੈ ਅਤੇ ਸਾਰੀ ਦੇਹ ਕੱਚ ਦੀ ਹੈ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਿਆਂ ਉੱਠ ਅਤੇ ਮੂੰਹ ਉਘਾੜ ਅਤੇ ਰਬਾਬ ਵਜਾਉ ਤਾਂ ਮਰਦਾਨਾ ਉੱਠ ਬੈਠਾ ਅਤੇ ਰਬਾਬ ਵਜਾਇਆ ਤਾਂ ਸ੍ਰੀ ਗੁਰੂ ਜੀ ਨੇ ਰਾਗ ਮਾਰੂ ਵਿੱਚ ਇਕ ਸ਼ਬਦ ਉਚਾਰਿਆ ॥ ਰਾਗ ਮਾਰੂ ਮਹਲਾ ੧ ॥ ਡਰ ਪੈ ਧਰਤਿ ਅਕਾਸ ਨਿਡਰਾ ਸਿਰ ਊਪਰਿ ਅਮਰ ਕਰਾਰਾ ॥ ਪਉਣ ਪਾਣੀ ਬੈਸੰਤਰ ਡਰ ਪੈ ਡਰ ਪੈ ਇੰਦ੍ਰ ਵਿਚਾਰਾ ॥ ੧ ॥ ਏਕਾ ਨਿਰਭਉ ਬਾਤ ਸੁਣੀ ॥ ਸੋ ਸੁਖੀਆ ਸੋ ਸਦਾ ਸੁਹੇਲਾ ਜੋ ਗੁਰਮਿਲਿ ਗਾਇ ਗੁਨੀ ॥ ੧ ॥ ਰਹਾਉ ॥ ਦੇਹ ਧਾਰ ਅਰ ਦੇਵਾ ਡਰ ਪੈ ਸਿਧ ਸਾਧਿਕ ਡਰ ਮੁਆ ॥ ਲਖ ਚਉਰਾਸੀਹ ਮਰਿ ਮਰਿ ਜਨਮੈ ਫਿਰਿ ਫਿਰਿ ਜੋਨੀ ਜੋਇਆ ॥ ੨ ॥ ਰਾਜ ਸ ਸਾਤਕ ਤਾਮਸ ਡਰ ਪੈ ਕੇਤੇ ਰੂਪ ਉਪਾਇਆ ॥ ਛਲ ਬਪਰੀ ਏਹ ਕੌਲਾਂ ਡਰ ਪੈ ਅਤਿ ਡਰ ਪਹਿ ਧਰ ਮਰਾਇਆ ॥ ੩ ॥ ਸਗਲ ਸਮਗਰੀ ਡਰੈ ਬਿਆਪੀ ਬਿਨ ਡਰ ਕਰਣੈਹਾਰਾ ॥ ਕਹੁ ਨਾਨਕ ਭਗਤ ਨਕਾ ਸੰਗੀ ਭਗਤਿ ਸੋਹਹਿ ਦਰਬਾਰਾ ॥ ੪ ॥ ੧ ॥

ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਪੁਛਿਆ ਹੇ ਪਰਮੇਸ਼ਰ ਜੀਦੇ ਪਿਆਰੇ ਤੂੰ ਕੌਣ ਹੈਂ ਤਾਂ ਫੇਰ ਕਲਜੁਗ ਨੇ ਇੱਕ ਹੱਥ ਵਿਚ ਜਿਹਬਾ ਤੇ ਇੱਕ ਹੱਥ ਵਿਚ ਲਿੰਗ ਇੰਦ੍ਰੀ ਪਕੜੀ ਹੋਈ ਹੈ ਤੇ ਸਰੀਰ ਨਗਨ ਹੈ ਐਸਾ ਰੂਪ ਧਾਰ ਕਰ ਸ੍ਰੀ ਗੁਰੂ ਜੀਕੋ ਮੱਥਾ ਟੇਕਿਆ ਤੇ ਕਹਿਨ ਲੱਗਾ ਹੇ ਗੁਰੂਜੀ ਮੈਂ ਆਪਦੀ ਮਹਿਮਾਂ ਨਹੀਂ ਸਾਂ ਜਾਣਦਾ ਜੀ ਅਤੇ ਆਪਦਾ ਦਰਸ਼ਨ ਕਰਨ ਦੇ ਵਾਸਤੇ ਆਯਾ ਹਾਂ ਜੀ ਅਤੇ ਗੁਰੂਜੀ ਮੇਰੀ ਬੇਅਦਬੀ ਮਾਫ਼ ਕਰਨੀ ਜੀ ਇਸ ਵਕਤ ਸ੍ਰੀ ਪਰਮੇਸ਼ਰ ਜੀ ਦੀ ਦਰਗਾਹ ਦੇ ਵਿਚੋਂ ਮੈਨੂੰ ਸਿਕਦਾਰੀ ਮਿਲੀ ਹੈ ਜੀ ਹੋਰ ਮਹਾਰਜ ਜੀ ਆਪ ਭੀ ਮੇਰੇ ਉਪਰ

CC-0. Gurukul Kangri University Haridwar Collection. Digitized by S3 Foundation USA

ਕਿਰਪਾ ਰਖਣੀ ਜੀ ਹੋਰ ਦੀਨਾਨਾਥ ਜੀ ਏਸ ਸਮੇ ਵਿਚ ਮਨੁਖਾਂਦੇ ਏਹ ਲਛਣ ਵਰਤਨਗੇ ਜੀ ਏਹ ਵੇਸ ਹੋਵੇਗਾ ਜੋ ਮੈਂ ਆਪਨੂੰ ਦਿਖਲਾਯਾ ਹੈ ਹੇ ਗੁਰੂ ਜੀ ਦੈਵੀ ਸੰਪਦਾ ਦੇ ਗੁਣ ਸਭ ਤਿਆਗ ਦੇਣਗੇ ਜੋ ਮੈਂ ਏਹ ਦੇ ਇੰਦੀਆਂ ਆਪਨੂੰ ਦਿਖਾਈਆਂ ਹੈਨ ਸੰਪੂਰਨ ਜਗਤ ਏਨਾਂ ਦੇ ਸੁਆਦਾਂ ਦੇ ਵਿੱਚ ਲੱਗਣਗੇ ਯਾਖਾਵਨਾ ਯਾਮੈਥਨ ਕਰਨ ਦੇ ਸੁਆਦਾਂ ਵਿੱਚ ਗਲਤਾਨ ਰਹਿਣਗੇ ਔਰ ਮਾਤਾ ਪਿਤਾ ਗੁਰੂ ਸਾਈਂ ਇਨ੍ਹਾਂ ਦੀ ਲੱਜਾ ਸਭ ਤਿਆਗ ਦੇਣਗੇ ਸਤਿਗੁਰੂ ਮੈਂ ਆਪ ਨਾਲ ਏਹ ਛਲ ਕੀਤੇ ਹੈਨ ਸੋ ਮੇਹਰਬਾਨੀ ਕਰਕੇ ਬਖਸ਼ੋ ਜੀ ਆਪ ਸੰਤ ਅਵਤਾਰ ਹੋ ਖਿਮਾ ਕਰਨੀ ਜੀ ਏਹ ਆਪਦਾ ਬਿਰਦ ਹੈ ਜੀ ਆਪ ਮਹਾਂਪੁਰਖ ਹੋ ਬਡੇ ਉਦਾਰ ਹੋ ਅਤੇ ਅਗੇ ਕਹਾਂ ਜਾਵੇਂਗੇ ਜੀ ਤਾਂ ਸ੍ਰੀ ਗੁਰੂ ਜੀ ਕਹਿਆ ਹੇ ਕਲਜੁਗ ਮੈਂ ਤਾਂ ਸ੍ਰੀ ਪਰਮੇਸ਼ਰ ਕੋ ਦੇਖਦਾ ਫਿਰਦਾ ਹਾਂ ਤਾਂ ਕਲਜੁਗ ਨੇ ਕਹਿਆ ਹੇ ਪਰਮਪੁਰਖ ਜੀ ਤੇਰੇ ਬਿਨਾਂ ਕੋਈ ਹੋਰਵੀ ਪ੍ਰਮੇਸ਼ਰ ਹੈ ਤਾਂ ਗੁਰੂ ਜੀ ਨੇ ਕਹਿਆ ਹੇ ਕਲਜੁਗ ਤੇਰਾ ਤੋ ਅਮਲ ਸੰਸਾਰ ਮੇਂ ਇਹ ਵਰਤ ਰਿਹਾ ਹੈ ਅਰ ਈਹਾਂ ਤੂੰ ਕਿਸ ਕਾਰਜ ਵਾਸਤੇ ਆਯਾ ਹੈਂ ਏਹ ਕਪਟ ਕਰਕੇ ਕਿਉਂ ਛਲ ਕਰਦਾ ਹੈਂ ਤਾਂ ਕਲਜੁਗ ਨੇ ਕਹਿਆ ਹੇ ਸਤਿਗੁਰ ਜੀ ਮੇਰਾ ਨਾਮ ਕਲਜੁਗ ਏਸੇ ਕਰਕੇ ਹੈ ਅਤੇ ਆਪਦਾ ਦਰਸ਼ਨ ਕਰਨ ਆਯਾ ਹਾਂ ਤੇ ਮੇਰੀ ਨਮਸਕਾਰ ਹੈ ਜੀ ਔਰ ਆਪਕੀ ਪ੍ਰੀਖਿਆ ਵਾਸਤੇ ਏਹ ਛਲ ਕੀਤੇ ਹੈਨ ਤਾਂ ਮਹਾਰਾਜ ਨੇ ਹੁਕਮ ਕੀਆ ਹੇ ਕਲਜੁਗ ਅਪਣੇ ਲੱਛਣ ਕਹੁ ਅਰ ਅਪਣੀ ਸੈਨਾ ਦੱਸ ਜੋਹੜੀ ਨਾਲ ਸਹਾਇਕ ਹੈ ਤੇ ਕਿਸਤਰਾਂ ਦੀ ਤੂੰ ਸਿਕਦਾਰੀ ਕਰਦਾ ਹੈਂ ਤਾਂ ਕਲਜੁਗ ਕਹਿਆ ਜੀ ਨਿਰੰਕਾਰ ਜੀ ਵਡਾ ਮੇਰਾ ਸੂਰਬੀਰ ਝੂਠ ਹੈ ਜੀ ਜੋ ਸਭ ਕੇ ਅੱਗੂ ਚਲਤਾ ਹੈ ਜੀ ਅਤੇ ਰਾਜਾ ਜੋ ਹੈ ਸੋ ਮੋਹ ਹੈ ਅਤੇ ਸੈਨਾਪਤੀ ਜੋ ਹੈ ਸੋ ਹਿੰਸਾ ਹੈ ਅਤੇ ਕਾਮ ਕ੍ਰੋਧ ਲੋਭ ਹੰਕਾਰ ਏਹ ਜੋਧੇ ਹੈਨ ਅਤੇ ਬੜੇ ਬੜੇ ਹਸਤੀਆਂ ਦੇ ਅਸਵਾਰ ਅਤੇ ਮਤਿਸਰ ਨਿੰਦਾ ਏਹ ਬਾਟ ਪਾਰ ਝ੍ਰਿਸ਼ਨਾ ਏਹ ਰਥਾਂਦੇ ਅਸਵਾਰ ਹੈਨ ਅਤੇ ਆਲਸ ਜੂਆ ਮਦਪਾਨ ਦੁਰਾਚਾਰ ਏ ਘੋੜਿਆਂ ਕੇ ਅਸਵਾਰ ਹੈਨ ਜੋ ਹੜੀ ਵਿਸ਼ਿਆਂ ਵਿੱਚ ਮਮਤਾ ਕਰਨੀ ਅਤੇ ਆਸ਼ਾ ਜੋ ਵਿਸ਼ਿਆਂ ਕੀ ਅਤੇ ਚੇਤੀ ਏਹ ਪੈਦਲ ਸੈਨਾ ਹੋਰ ਕਿਥੋਂ ਤੋੜੀ ਗਿਣਾਂ ਜੋਹੜੀ ਚਤਰੰਗ ਨੀ ਸੈਨਾ ਹੈ ਜਿਸ ਪਾਸ ਏਹ ਚੜ੍ਹਾਈ ਕਰਦੇ ਹੈਂ ਓਹ ਪਾਸਾ ਮਾਰਲੈਂਦੇ ਹੈਨ ਇਨ੍ਹਾਂ ਦੇ ਅੱਗੇ ਕੋਈ ਨਹੀਂ ਅਟਕਦ ਤੇ ਨਾ ਕਿਸੇ ਦਾ ਧੀਰਜ ਰਹਿੰਦਾ ਹੈ ਇਨ੍ਹਾਂ ਵੱਡੇ ਵੱਡੇ ਕੋਟ ਚੜ੍ਹ ਕਰ ਮਾਰ ਲੀਤੇ ਹੈਨ ਅਤੇ ਦੰਭ ਜੋ ਮੇਰਾ ਜੋਧਾ ਹੈ ਉਸਨੇ ਦਿਗਬਿਜੈ ਕੀਤੀ ਹੈ ਏਹ ਮੇਰੀ ਸਿਕਦਾਰੀ ਹੈ ਅਤੇ ਜੋ ਏਸ ਸਮੇਂ ਦੇ ਸਤੀ ਪੁਰਖ ਹੈਨ ਸੋ ਪਾਪ ਕਰਮ ਕਰਨਗੇ ਅਤੇ ਗੁਰੂ ਜੋਹੜੇ ਹੋਵਨਗੇ ਲੋਕਾਂ ਦੇ ਘਰ ਸਿਖਿਆ ਦੇਣ ਜਾਣਗੇ ਤੇ ਸ਼ਾਸਤ੍ਰ ਬੇਦਨੂੰ ਕੋਈ ਨਾ ਮੰਨੇਗਾ ਆਪਣੀ ਆਪਣੀ ਪੂਜਾ ਕਰਾਉਣਗੇ ਜੋ ਕਾਜੀ ਹੋਵਨਗੇ ਸੋ ਤਸਬੀਆਂ ਫੇਰਨਗੇ ਖੁਦਾਇ ਖੁਦਾਇ ਕਹਿਨਗੇ ਅਤੇ ਵੱਢੀਆਂ ਲੈਕੇ ਹੱਕ ਪਰਾਯਾ ਗਵਾਇ ਦੇਵਣਗੇ ਜੋ ਕੋਈ ਪੁੱਛੇਗਾ ਤਾਂ ਝੂਠਾ ਮਸਲਾ ਪੜ੍ਹ ਸੁਨਾਵਨਗੇ ਗੱਲੀਂ ਘਰ ਪੂਰਾ ਕਰਦੇਵਣਗੇ ਔਰ ਲੋਕ ਤੁਰਕਾਂਦੇ ਮੰਤ੍ਰ ਸੁਨਣਗੇ

CC-0. Gurukul Kangri University Haridwar Collection. Digitized by S3 Foundation USA

TERNET ABHINAV GAUR

ਹੋਰਲੋਕਾਂਦੇ ਮੋਹਣਵਾਲੀਆਂਤੇਖੋਹਣਵਾਲੀਆਂ ਰੱਲਾਂ ਕਰਨਗੇ ਔਰਹਿੰਦੂ ਨੂੰ ਹੋਵਨਗੇ ਸੋ ਚੌਕੇ ਬਡੇ ਪਾਉਨਗੇ ਸੁਚੇ ਹੋਵਨਗੇ ਸ਼ਕਲ ਜੋਗੀਆਂ ਦੀ ਕੰਨੀ ਦਰਸ਼ਨ ਸਿਰਤੇ ਜਡ਼ਾਵਾਂ ਸਰੀਰ ਤੇ ਬਿਭੂਤ ਹੋਵੇਗੀ ਬਸਤ੍ਰ ਗੇਰੀ ਦੇ ਰੰਗੇ ਹੋਏ ਹੋਵਨਗੇ ਪਰ ਅੱਗੇ ਪਿਛੇ ਲਡ਼ਕੇ ਲਡ਼ਕੀਆਂ ਰੋਂਦੇਫਿਰਨਗੇ ਤੇਜੋਗੀਹੋਏ ਪਰ ਜੋਗਦੀਜੁਗਤਨਹੀਂਜਾਨੀ ਵਨਥਹੀਸਿਰ ਤੇਛਾਈਪਾਈਹੈ ਤਾਂ ਸ੍ਰੀ ਗੁਰੂਨਾਨਕ ਦੇਵਜੀ ਸੁਣਕੇ ਕਹਿਆ ਹੇਕਲਜੁਗਇਸਸਿਕਦਾਰੀ ਦੀ ਕਮਾਈ ਦਾ ਲੇਖਾ ਤੈਨੂੰ ਦੇਵਣਾ ਪਵੇਗਾ ॥ ਸ੍ਰੀ ਮੁਖ ਵਾਕ ॥ ਜਿਨ ਸਿਕਦਾਰੀ ਤਿਨਹਿਖੁਵਾਰੀ ਚਾਕਰ ਕੇਹਾ ਡਰਨਾ ॥ ਜਾਂ ਸਿਕਦਾਰਾਂ ਪਵਹਿ ਜੰਜੀਰੀ ਚਾਕਰ ਹਥਹੁ ਮਰਨਾ ॥੧॥ ਤੂੰ ਜਗਤ ਵਿੱਚ ਸਿਕਦਾਰ ਹੈਂ ਅਸੀ ਚਾਕਰ ਹਾਂ ਕਰਤਾਰ ਨੂੰ ਜਿਸ ਵੇਲੇ ਲੇਖਾਦੇਵਣਾਤੈਨੂੰਪਵੇਗਾ ਤਾਂ ਸਾਡੇ ਹੀ ਹਵਾਲੇ ਹੋਵੇਂਗਾ ਉਸਵੇਲੇ ਹਿਸਾਬ ਅਸਾਂ ਹੀ ਤੇਰੇਪਾਸੋਂਲੈਨਾਹੈ ਏਹਗੱਲ ਸੁਨ ਕਰ ਕਲਜੁਗ ਡਰਗਿਆ ਤੇ ਹੱਥ ਜੋੜ ਕਰ ਸ੍ਰੀ ਗੁਰੂਜੀ ਕੀ ਚਰਨੀਂ ਆਇ ਪਿਆ ਤੇ ਕਹਿਣ ਲਗਾ ਗੁਰੂ ਜੀ ਇਕ ਮੇਰੀ ਅਰਦਾਸ ਹੈ ਤਾਂ ਗੁਰੂ ਜੀ ਕਹਿਆ ਕਹੁ ਭਾਈ ਤੂੰਕਿਆਕਹਿੰਦਾਹੈਂ ਤਾਂਕਲਜੁਗ ਨੇ ਕਹਿਆ ਹੇ ਮਹਾਂ ਪੁਰਖ ਜੀ ਆਪ ਦੀ ਸ਼ਰਨਤਵਆਯਾਹਾਂ ਜੀ ਜੋ ਆਪ ਕਰਤੇ ਪੁਰਖਦੇ ਖ਼ਾਸ ਵਜ਼ੀਰਹੋ ਤੇਮੈਂਭੀ ਆਪ ਦੇ ਵੱਸ ਪਉਣਾਹੈ ਜੀ ਸੋ ਤੁਸਾਂ ਓਤ ਵਖਤ ਮੇਰਾ ਖ਼ਸਮਾਨਾਕਰਨਾਜੀ ਤਾਂ ਗੁਰੂਜੀਕਹਿਆ ਸੁਣ ਭਾਈ ਤੂੰ ਖ਼ਾਤਰ ਜਮਾ ਰੱਖ ਮੈਂ ਉਸਵਖਤਤੇਰਾਖਸਮਾਨਾ ਕਰਾਂਗਾ ਤਾਂ ਕਲਜੁਗ ਨੇ ਕਹਿਆ ਹੇ ਗਰੀਬਨਿਵਾਜ਼ ਜੀ ਤੇਰੇ ਵਿਚ ਤੇ ਕਰਤਾਰ ਵਿਚ ਕੋਈ ਭੇਦ ਨਾਹੀਂ ਪਰਮੈਨੂੰ ਪ੍ਰਤੀਤ ਕਿਸਤਰਾਂ ਆਵੇ ਜੀ ਜੇਕਰ ਮੇਰੀ ਕੁਛ ਭੇਟਾ ਲੇਵੋ ਤਾਂ ਮੈਂ ਜਾਣਾ ਜੋਮੇਰਾਖਸਮਾਨਾ ਕਰੋਗੇ ਜੀ ਤਾਂ ਗੁਰੂਜੀ ਕਹਿਆ ਭਾਈ ਅਸਾਂ ਸੁਖ ਛੱਡ ਦੁਖ ਲੀਤਾਹੈ ਅਸੀਂ ਕੁਛਪਦਾਰਥ ਲੈਨ ਵਾਸਤੇ ਨਹੀਂ ਆਏ ਅਸਾਂ ਤੇਰੀ ਭੇਟ ਲੈਕੇ ਕਿਆ ਕਰਣੀਹੈ ਤਾਂ ਕਲਜੁਗਕਹਿਆ ਹੇ ਦੇਵਤਿਆਂ ਕੇ ਦੇਵ ਮੇਰੀ ਨਿਸ਼ਾਕੀਕਰਹੋਵੇਜੀ ਤਾਂ ਗੁਰੂਜੀਕਹਿਆ ਭਾਈਤੇਰੇਪਾਸ ਕਿਆ ਕਿਆ ਵਸਤਹੈ ਤਾਂ ਕਲਜੁਗਕਹਿਆ ਮੇਰੇਪਾਸਮੋਤੀਹੀਰੇਲਾਲ ਜਵਾਹਿਰ ਸੁਇਨਾ ਰੁੱਪਾ ਔਰਮੰਦਰ ਬਡ਼ੇਬਡ਼ੇਹੱਛੇਬਨੇਹੋਏ ਔਰ ਉਗਵਣ ਆਬਣਭਾਈਂ ਪਾਤਿਸ਼ਾਹੀਅਰਭਲੀਆਂ ਭਲੀਆਂ ਇਸਤ੍ਰੀਆਂ ਨਉ ਨਿੱਧਾਂ ਤੇ ਅਠਾਰਾਂ ਸਿੱਧਾਂ ਏਹ ਸਭ ਮੇਰੇ ਹਵਾਲੇ ਨੇ ਜੇ ਆਪ ਆਗਿਆ ਦੇਵੋ ਤਾਂ ਮੈਂ ਸਭਕੁਛ ਆਪਦੇ ਅੱਗੇ ਲਿਆਇ ਰੱਖਾਂ ਇਨਾਂਵਿਚੋਂ ਜੋ ਆਪਚਾਹੋ ਸੋਲੈਲਵੋਜੀ ਤਾਂਮੈਨੂੰਸੰਤੋਖ ਆਵੇ ਜੀ ਤਾਂ ਸ੍ਰੀ ਗੁਰੂ ਜੀ ਕਹਿਆ ਹੇ ਭਾਈਅਸਾਨੂੰਕੁਛਨਹੀਂ ਚਾਹੀਦਾ ਤਾਂ ਸ੍ਰੀ ਗੁਰੂ ਜੀ ਸਿਰੀਰਾਗ ਵਿੱਚ ਸਬਦ ਉਚਾਰਿਆ ॥ ਸ੍ਰੀਰਾਗ ਮਹਲਾ ੧

ਮੋਤੀ ਤੇ ਮੰਦਰ ਊਸਰਹਿਰਤਨੀ ਤ ਹੋਇਜਡ਼ਾਉ ॥ ਕਸਤੂਰ ਕੁੰਗੂ ਅਗਰ ਚੰਦਨ ਲੀਪ ਆਵੈਚਾਉ॥ਮਤਦੇਖੂ ਲਾਵੀਸਰੈ ਤੇਰਾ ਚਿਤਨ ਆਵੈਨਾਉ ॥੧॥ ਹਰਿਬਿਨ ਜੀਉ ਜਲਿ ਬਲਿ ਜਾਉ ॥ ਮੈ ਆਪਣਾ ਗੁਰ ਪੂਛ ਦੇਖਿਆ ਅਵਰ ਨਾਹੀ ਥਾਉ

CC-0. Gurukul Kangri University Haridwar Collection. Digitized by S3 Foundation USA

॥੧॥ ਰਹਾਉ ॥ ਧਰਤੀ ਭ ਹੀਰੇ ਲਾਲ ਜੜਤੀ ਪਲਘ ਲਾਲ ਜੜਾਉ ॥ ਮੋਹਣੀ ਮੁਖ ਮਣੀਸੋਹੈ ਕਰੈ ਰੰਗ ਪਸਾਉ॥ ਮਤਦੇਖ ਭੂਲਾ ਵੀਸਰੈ ਤੇਰਾ ਚਿਤ ਨ ਆਵੈਨਾਉ॥੨॥ ਸਿਧ ਹੋਵਾਂ ਸਿਧਿਲਾਈ ਰਿਧਿ ਆਖਾਂ ਆਉ॥ ਗੁਪਤ ਪਰਗਟ ਹੋਇ ਬੈਸਾਂ ਲੋਕਰਾਖੈ ਭਾਉ ॥ ਮਤਦੇਖ ਭੂਲਾਵੀਸਰੈ ਤੇਰਾ ਚਿਤ ਨ ਆਵੈ ਨਾਉ ॥ ੩ ॥ ਸੁਲਤਾਨ ਹੋਵਾਂ ਮੇਲ ਲਸ਼ਕਰ ਤਖਤ ਰਾਖਾਪਾਉ ॥ ਹੁਕਮਹਾਸਲ ਕਰੀ ਬੈਠਾ ਨਾਨਕਾ ਸਭ ਵਾਉ ॥ ਮਤਦੇਖ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ ॥ ੪ ॥ ੧ ॥

ਇਸਦਾ ਪਰਮਾਰਥ ਗੁਰੂਜੀਕਹਿੰਦੇਹਨ॥ਕਲਜੁਗ ਨੇ ਆਖਿਆ ਹੇ ਸ੍ਰੀਗੁਰੂਮਹਾਰਾਜਜੀ ਮੈਂ ਭਾਂ ਸਿੱਖ ਹੋਵਣ ਆਯਾਹਾਂ ਭਾਂ ਲਗਾ ਕਹਿਣ ਗੁਰੂਜੀ ਜੇ ਹੁਕਮਕਰੋ ਭਾਂਆਪਦੇਰਹਿਨ ਵਾਸਤੇ ਮੋਤੀਆਂ ਦੇ ਮੰਦਰ ਬਣਵਾਇ ਦੇਵਾਂ ਤੇ ਰਤਨਾਂ ਦਾ ਜੜਾਉ ਕਰਦੇਵਾਂ ਕਸਤੂਰੀ ਅਗਰ ਚੰਦਨ ਦਾ ਲੇਪ ਕਰਾਇ ਦੇਵਾਂ ਤੇ ਜੇ ਇੱਥੇ ਟਿਕਣਾ ਹੋਵੇ ਭਾਂ ਧਰਤੀਰਤਨਾਂਨਾਲ ਜੜਾਇਦੇਵਾਂ ਅਤੇ ਜੇ ਪਲੰਘ ਉੱਪਰ ਬੈਠਨਾ ਹੋਵੇ ਭਾਂਲਾਲਾਂ ਕਰਕੇ ਪਲੰਘਜੜਾਇਦੇਵਾਂ ਜੇ ਕਹੋ ਭਾਂ ਮੋਹਨੀਆਂ ਲਿਆਇ ਦੇਵਾਂ ਜਿਨਾਂਦਾਮੁਖਮਣੀਆਂਦੀਨਿਆਈਂਚਮਕਦਾਹੋਵੇ ਦੇਖਨੇ ਹੀ ਤੇ ਜੀਵਕੋ ਮੋਹਿ ਲੇਵਨ ਜੇ ਬਚਨਕਰੋ ਭਾਂ ਰਿੱਧਾਂ ਸਿੱਧਾਂ ਆਨਦੇਵਾਂਭਾਂਸ੍ਰੀ ਗੁਰੂ ਜੀ ਕਹਿਆ ਭਾਈ ਰਿੱਧਾਂ ਦੇਖਕਰ ਭੁਲਜਾਵਾਂ ਸਿੱਧ ਬਣਬੈਠਾਂ ਲੋਕਾਂਨੂੰ ਸਿੱਧਭਾਂ ਦਿਖਾਵੇਂ ਲੋਕ ਮੇਰਾ ਭਾਉ ਰੱਖਣ ਹੁਕਮ ਹਾਸਲ ਜਗਤ ਕਾ ਕਰੋਂ ਏਹ ਸਭ ਪਵਣ ਕੀ ਨਿਆਈਂ ਅਨਿੱਤਹੈਨ ਇਨਾਂਨੂੰ ਦੇਖਕਰਪਰਮੇਸ਼ਰ ਭੁਲਜਾਂਦਾਹੈ ਅਤੇਜੇਕਰਕਹੋ ਭਾਂਨੌਖੰਡਪ੍ਰਿਥਵੀ ਦਾ ਰਾਜ ਲੈਦੇਵਾਂ ਸਭ ਹੁਕਮ ਹਾਸਲ ਬੈਠੇਹੀ ਕਰੋ ਭਾਂਸ੍ਰੀਬਾਬੇਜੀ ਕਹਿਆ ਰਾਜਦੇ ਮਦ ਕਰ ਮੈਨੂੰ ਮਹਾਰਾਜ ਕਾ ਨਾਮ ਭੁਲਜਾਵੇਗਾ ਏਹ ਵਸਤਾਂ ਮੈਨੂੰਮੂਲੋਂਨਹੀਂਚਾਹੀਦੀਆਂ ਭਾਂ ਕਲਜੁਗ ਨੇ ਕਹਾ ਗ਼ਰੀਬਨਿਵਾਜ਼ ਜੀ ਜੋ ਗੁਰਾਂ ਦੇ ਅੱਗੇ ਭੇਟਾ ਰੱਖੀਦੀ ਹੈ ਸੋ ਫੇਰ ਨਹੀਂ ਲਈ ਦੀ ਬਚਨ ਹੋਯਾ ਜੋ ਅਸਾਡਾ ਹੁਕਮ ਮੰਨੇ ਭਾਂ ਦਸਵਾਂਜਾਮਾ ਪਹਿਰਕੇਤੇਰੀਆਂ ਸਭ ਭੇਟਾਂ ਲਵਾਂਗੇ ਤੇ ਸਿੱਖਾਂਨੂੰ ਰਿੱਧਾਂਸਿੱਧਾਂ ਸਭ ਪਦਾਰਥਦੇਵਾਂਗੇ ਹੇਨਾਥਜੀ ਮੇਰੇਮਿਲਣੇਦਾ ਆਪਦੇ ਆਵਣਦਾ ਮੇਰੇਰਾਜਵਿਚ ਕੀਫਲ ਹੋਯਾ ਤੁਸੀ ਮੇਰਾ ਅੰਗੀਕਾਰ ਕੁਛਨਹੀਂ ਕਰਦੇ ਤੇ ਮੇਰੇਉਤੇ ਬੜਾ ਗ਼ਜ਼ਬਹੋਵੇਗਾ ਅਤੇ ਅੱਗੇ ਹੀ ਮੈਂ ਮਹਾਂਪਾਪੀ ਸੱਦੀਦਾਹਾਂ ਜੀ ਤੇਹੁਣਤੁਸੀ ਕੁਛਭੇਟਾਨਾਲਵੋਤਾਂਮੈਨੂੰ ਕਿਤੇ ਥਾਉਂ ਨਾਹੀਂ ਭਾਂ ਫੇਰਗੁਰੂ ਜੀਕਹਿਆ ਹੇ ਕਲਜੁਗ ਅਸਾਂ ਨੂੰ ਕੁਛ ਨਹੀਂ ਚਾਹੀਦਾ ਭਾਂਫੇਰ ਕਲਜੁਗਨੇ ਬੇਨਤੀਕੀਤੀ ਜੀ ਮੇਰੇ ਉੱਪਰ ਕੁਛ ਹੋਰ ਹੀ ਆਗਿਆਕਰੋਜੀ ਭਾਂ ਸ੍ਰੀ ਗੁਰੂਜੀਕਹਿਆ ਹੇ ਕਲਜੁਗ ਏਹ ਜੋ ਵਸਤਾਂ ਤੂੰ ਸਾਨੂੰ ਦੇਂਦਾ ਹੈਂ ਸੋ ਇਨਾਂਵਿੱਚੋਂ ਭਾਂਸਾਨੂੰਕੁਛਲੋੜ ਨਾਹੀਂ ਪਰ ਹੋਰਤੇਰੇਪਾਸ ਕੀ ਕੀ ਵਸਤਹੈ ਭਾਂ ਕਲਜੁਗ ਨੇ ਕਹਿਆ ਮਹਾਰਾਜਜੀ ਮੇਰੇਰਾਜ ਵਿੱਚ ਇੱਕਹੋਰ ਲੱਛਣਵੀ ਹੈਨ ਦੁਖ ਨੀਂਦ ਪਿਆਸ ਨਿੰਦਾਤ੍ਰਿਸ਼ਨਾਆਲਸਮਸਤੀਫਾਹੀਗਲੇਦੁਸ਼ਟਤਾਦੁਰਾਚਾਰੀ ਪਾਪ ਚੋਰੀ ਯਾਰੀ ਬਖੀਲੀ

CC-0. Gurukul Kangri University Haridwar Collection. Digitized by S3 Foundation USA

OF INTERNET
TH
ABHINAV GAUR

ਇਨਾਂਬਾਤਾਂਤੇਕੋਈਵਿਰਲਾਹੀ ਬਚੇਗਾ ਗੁਣੀਆਂਦਾ ਨਿਰਾਦਰ ਹੋਵੇਗਾ ਸੱਚ ਬੋਲਣਵਾਲਾ ਮੂਰਖਹੋਵੇਗਾ ਬਹੁਤਬੋਲਣਵਾਲਾਮੂਰਖਵੀਹੋਵੇ ਸੋਗੁਣੀਕਹੀਏਗਾ ਸੋ ਰਾਜਿਆਂ ਕੇ ਨਿਕਟ ਬੈਠਣਗੇਪਾਪੀਆਂਦੇਘਰਮਨੁੱਖ ਬਹੁਤ ਹੋਵਨਗੇ ਤੇ ਕ੍ਰਿਪਣ ਕੋਲ ਮਾਇਆ ਬਹੁਤ ਹੋਵੇਗੀ ਔਰ ਭਰਮਤੋਂ ਬਿਪ੍ਰੀਤ ਹੋਵੇਂਗੇ ਅੰਤਕੋ ਦੁਖ ਪਾਵਣਗੇ ਔਰ ਬ੍ਰਾਹਮਣ ਵਿਹਾਰੀ ਹੋਵਨਗੇ ਔਰਕਿਰਸਾਣੀਕਰਨਗੇ ਜੋ ਸ਼ੂਦਰ ਹੋਵਨਗੇ ਤਿਨਾਂਦਾ ਆਦਰਹੋਵੇਗਾ ਅਤੇ ਵੇਦਪਾਠੀ ਤਤ੍ਵ ਗਿਆਨੀ ਬ੍ਰਹਮਨ ਤਿਨਾਂਨੂੰ ਖੁਆਰੀ ਹੋਵੇਗੀ ਰਾਜੇ ਲੋਕ ਸਦਾ ਤੋਟਵਿਚ ਰਹਿਣਗੇ ਪ੍ਰਜਾਨੂੰ ਖੋਸਣਗੇ ਹਰਤਰਾਂ ਲੁੱਟਨਦੀ ਡੋਲ ਬਣਾਵਨਗੇ ਤੇ ਸੰਨਿਆਸੀ ਬਹੁਤ ਧਨ ਸੰਚਨਗੇ ਅਤੇ ਗ੍ਰਹਸਤੀਲੋਕਭੋਜਨਬਸਤ੍ ਵੱਲੋਂ ਭੰਗਹੋਵਨਗੇ ਜਹਾਂਜਹਾਂ ਸੱਤਧਰਮਬ੍ਰਤਤਪ ਉਪਾਸ਼ਨਾਂ ਹੋਵੇਗੀ ਇਕਵਾਰਗੀ ਤਿਸਕਾਬਿਨਾਸ਼ਹੋਜਾਵੇਗਾ ਹੇਮਹਾਰਾਜਜੀ ਏਹ ਕਰਤਾਰ ਦਾ ਹੁਕਮ ਹੈ ਜੋ ਮੇਰੇ ਰਾਜਮੇਂ ਏਹ ਅਮਲ ਹੋਨਗੇ ਔਰ ਮਹਾਰਾਜ ਜੀ ਆਗੇ ਜੋ ਹੁਕਮ ਕਰੋ ਸੋਈ ਮੈਂ ਮੰਨਾਂਗਾ ਪਰਹੇਗੁਰੂਜੀ ਕੁਛਭੇਟਾ ਮੇਰੀਲੇਵਹੁ ਸੁਇਨਾਂਚਾਂਦੀ ਹੀਰਾਮੋਤੀ ਜੁਵਾਹਰ ਕੁਛਤਾਂ ਅੰਗੀਕਾਰ ਕਰੋਜੀਮੈਂ ਆਪਕਾਦਾਸਹਾਂਜੀ ਜੋ ਕੁਛ ਆਗਿਆ ਕਰੋ ਤਾਂਮੈਂ ਅਨੰਦ ਹੋਵਾਂਗਾ ਜੀ ਏਹਬੇਨਤੀ ਕਲਜੁਗਦੀ ਸੁਣਕਰ ਗੁਰੂਜੀ ਬੜੇਪ੍ਰਸੰਨਹੋਏ ਕਹਿਨਲਗੇ ਸਰਬ ਜੁੱਗਾਂ ਨਾਲੋਂਤੇਰਾਤੇਜ ਬੜਾਹੋਵੇਗਾ ਏਹਅਸਾਡਾ ਵਰ ਹੋਯਾ ਜੋ ਕਰਤਾਰਕੀ ਕੀਰਤੀ ਕਰੇਗਾ ਤੇਰੇ ਰਾਜਮੇਂ ਤਿਨਕੀ ਮਹਿਮਾ ਬੜੀ ਹੋਵੇਗੀ ਲੱਖ ਵਰ੍ਹੇ ਸਤਜੁਗਮੇਂ ਅਤੇ ਦਸ ਹਜ਼ਾਰਤ੍ਰੇਤੇ ਮੈਂ ਦੁਆਪਰਮੈਂ ਹਜ਼ਾਰਵਰਖ ਯਤਨ ਕਰਦਾਸੀ ਤਾਂਕਰਤਾਰਫਲਦੇਂਦਾਸੀ ਤੇ ਤੇਰੇਰਾਜਵਿਚ ਥੋੜੀਹੀ ਨਿਰੰਕਾਰਦੀ ਭਗਤੀਕਰੇਗਾ ਤੇ ਉਸਨੂੰ ਬਹੁਤਫਲ ਪ੍ਰਾਪਤ ਹੋਵੇਗਾ ਅਤੇ ਜੋ ਹੁਣ ਤੂੰ ਅਸਾਨੂੰਭੇਟਾਦਿੰਦਾਹੈਂ ਸੋਅਸੀਚਉਥਾਅਵਤਾਰਧਾਰਕਰ ਤੇਰੀ ਭੇਟਾਲਵਾਂਗੇ ਮਾਇਆ ਪਦਾਰਥਕੇ ਸਮੇਤਲੈਲਵਾਂਗੇ ਏਹ ਬਾਤ ਸੁਣਕਰ ਕਲਜੁਗ ਬਹੁਤ ਪ੍ਰਸੰਨਹੋਯਾ ਤੇ ਹੱਥ ਜੋੜ ਕਰ ਨਮਸਕਾਰਕੀਤੀ ਅਤੇ ਕਹਾ ਹੇ ਗੁਰੂਜੀਤੁਸਾਡੀ ਸੰਗਤ ਦੇ ਨਿਕਟ ਨਹੀਂ ਜਾਵਾਂਗਾ ਤੇਹੋਰਜੀ ਜੋ ਦੰਭੀ ਕਪਟੀ ਛਰੇਬੀਹੋਵਨਗੇ ਤਿਨਾਂਉੱਪਰ ਮੇਰਾਜ਼ੋਰ ਪਵੇਗਾ ਜੇਹੜੇਜੀਵ ਤੁਸਾਡਾ ਬਚਨਮੰਨਣਗੇਉਨਾਂਪਰ ਮੇਰਾਜੋਰਨਾ ਪਵੇਗਾ ਨਹੀਂਤਾਂਹੋਰ ਸਭ ਮੇਰੀਨੱਥਵਿਚ ਰਹਿਨਗੇ ਤਾਂਸ੍ਰੀਗੁਰੂਨਾਨਕਜੀ ਕਹਿਆ ਹੇਕਲਜੁਗ ਅਸੀ ਤੇਰੀ ਏਹ ਭੇਟ ਚਾਹੁੰਦੇ ਹਾਂ ਕਿ ਤੂੰਮੇਰੇਸਿੱਖਾਂਉੱਪਰਜੋਰਨਹੀਂਕਰਨਾ ਔਰਮੇਰੇ ਸੇਵਕਾਂਤੇ ਸੰਗਤ ਕੋ ਦੁਖਨਹੀਂਦੇਵਣਾਤਾਂ ਕਲਜੁਗਨੇ ਹੱਥ ਜੋੜਕਰ ਅਰਦਾਸ ਕੀਤੀ ਹੇਸੱਚੇ ਪਾਤਸ਼ਾਹਜੀ ਮੇਰਾਤੇਜ਼ ਆਪਨੇਹੋਰਨਾਂ ਜੁੱਗਾਂ ਤੋਂ ਅਧਿਕਕੀਤਾਹੈ ਹੇ ਗਰੀਬਨਿਵਾਜਜੀ ਮੈਨੂੰ ਅਕਾਲ ਪੁਰਖਦੀ ਏਹਆਗਿਆ ਹੈ ਕਿ ਕੋਈ ਸਾਧਸੰਤ ਬਲੀ ਹੋਵੇ ਭਾਵੇਂ ਕੈਸਾ ਮਹਾਂ ਬਲੀ ਹੋਵੇ ਮੇਰੀ ਆਂਚਤੇ ਕੋਈ ਨਾਂਬਚੇਗਾ ਹੇਦੀਨਾਨਾਥਜੀ ਮਹਾਰਾਜਜੀ ਮੈਨੂੰ ਹੁਕਮ ਦੇਵੋ ਸੋਕਰਾਂ ਜੀ ਤਾਂਗੁਰੂਜੀ ਕਹਿਆ ਭਾਈ ਸਾਨੂੰ ਏਹਭੇਟਾਦੇਹਜੋਜਿੱਥੇਸਾਡਾ ਸ਼ਬਦਕੀਰਤਨਹੋਵੇ ਅਥਵਾਸੰਗਤਹੋਵੇ ਸੋ ਓਥੇ ਤੂੰ ਨਹੀਂ ਜਾਣਾ

CC-0. Gurukul Kangri University Haridwar Collection. Digitized by S3 Foundation USA

ਤੇ ਬਾਹਿਰਹੀ ਬੈਠਾਰਹੀਂ ਭਾਂ ਕਲਜੁਗਨੇ ਏਹਬੇਨਤੀ ਕੀਤੀ ਹੇਦੀਨਦਇਆਲ ਜੀ ਮੇਰੀ ਗਤਿ ਕੈਸੇ ਹੋਵੇਗੀ ਜਿਤ ਵੇਲੇ ਕੜਾਹ ਪ੍ਰਸਾਦਿ ਵਰਤੇ ਮੈਂ ਆਪਣਾ ਛਾਂਦਾ ਲੈਣ ਵਾਸਤੇ ਜਾਊਂਗਾ ਨਹੀਂਭਾਂ ਉਤਨਾਚਿਰ ਮੈਂਤੁਸਾਂਡੀ ਸੰਗਤਦੇ ਜੋੜਿਆਂ ਵਿੱਚ ਬੈਠਾ ਰਹੂੰਗਾ ਜਦ ਪ੍ਰਸਾਦਵਰਤੇ ਤੇ ਸ਼ਬਦਦਾ ਭੋਗਪਵੇ ਭਾਂਜਾਵਾਂਗਾ ਭਾਂ ਸ੍ਰੀ ਗੁਰੂਨਾਨਕਜੀ ਕਲਜੁਗ ਨੂੰ ਸਿੱਖ ਕੀਤਾ ਭਾਂ ਕਲਜੁਗ ਹੱਥ ਜੋੜ ਕਰ ਖੜਾ ਹੋਯਾ ਤੇ ਆਖਿਓਸੁ ਹੇ ਗੁਰੂਜੀ ਮੈਂ ਤਨ ਮਨ ਕਰਕੇ ਆਪਦਾ ਦਾਸਹਾਂ ਜੀ ਔਰ ਮੇਰਾ ਜੀਉ ਪ੍ਰਾਣ ਸਭ ਆਪਦਾ ਹੀ ਹੈ ਜਿਵੇਂ ਆਗਿਆ ਹੋਵੇ ਤਿਵੇਂਹੀ ਮੈਂ ਕਰਾਂਗਾਜੀ ਭਾਂਕਲਜੁਗਨੇ ਬਚਨ ਦਿੱਤਾ ਤੇ ਕਹਿਆਜੀ ਮੈਂ ਤੇਰੀ ਸੰਗਤ ਦੇਜੋੜਿਆਂਵਿੱਚ ਰਹਾਂਗਾ ਮਾਨੀਦੰਭੀਝੂਠੇਕੋਛੋਡਾਂਗਾਨਹੀਂ ਏਹਬਚਨਕਹਿਕਰ ਭੇਟਾ ਦੇਵਣ ਦਾ ਬਚਨ ਦੇਕਰ ਸ੍ਰੀਗੁਰੂਜੀ ਅੱਗੇ ਮੱਥਾਟੇਕਕਰ ਚਲਣੇਲਗਾ ਭਾਂ ਗੁਰੂਜੀਨੇ ਖ਼ੁਸ਼ੀ ਕੀਤੀ ਤੇ ਕਿਹਾ ਹੇ ਕਲਜੁਗ ਪਿਛਲੇ ਜੁਗਾਂਵਿਚ ਬਹੁਤ ਜਪ ਤਪ ਕਰਦੇ ਸਨ ਭਾਂ ਕੁਛ ਫਲ ਹੁੰਦਾ ਸੀ ਤੇਹੁਣ ਤੇਰੇ ਰਾਜ ਵਿਚ ਥੋੜਾ ਹੀ ਕੀਤੇ ਸਭ ਕਾਰਜ ਸਿੱਧ ਹੋਵਨਗੇ ਔਰ ਇਕ ਘੜੀ ਸਿਮਰੇ ਤੇਮੁਕਤਿ ਪਾਵੇਗਾ ਭਾਂ ਏਹਬਚਨਸੁਣਕਰ ਕਲਜੁਗਨੇ ਸ੍ਰੀ ਗੁਰੂਜੀ ਕੇ ਅੱਗੇ ਮੱਥਾ ਟੇਕਿਆ ਅਤੇ ਬਹੁਤ ਬੇਨਤੀ ਕੀਤੀ ਭਾਂ ਫੇਰ ਕਲਜੁਗ ਤੇ ਖ਼ੁਸ਼ੀ ਕਰਕੇ ਓਥੋਂ ਚਲਦੇ ਰਹੇ ਤੇਕਲਜੁਗ ਵੀ ਸੰਸਾਰ ਮੇਂ ਰਮਤਾ ਰਹਿਆ॥ ਬੋਲੋ ਜੀ ਵਾਹਿਗੁਰੂ ॥ ੯੦ ॥

ਸਾਖੀ ਅੱਗੇ ਤਿਲੰਗ ਦੇਸ਼ ਨੂੰ ਚਲੇ

ਭਾਂਗੁਰੂਨਾਨਕਜੀ ਜਾਂਦੇ ਜਾਂਦੇ ਤਿਲੰਗ ਦੇਸ਼ਵਿੱਚ ਜਾਇ ਵੜੇ ਤੇ ਇਕ ਨਗਰ ਦੇ ਦੁਆਲੇ ਬਾਗਸੀ ਗੁਰੂਜੀ ਉਸਬਾਗ ਵਿਚ ਜਾਇ ਬੈਠੇ ਅਤੇ ਓਥੇ ਇਕ ਖੱਤ੍ਰੀ ਜ਼ਾਤ ਖੋਸਲਾ ਰਹਿੰਦਾ ਸੀ ਪਰ ਉਸਦਾ ਸਦਾਵਰਤ ਲਗਾ ਰਹਿੰਦਾਸੀ ਭਾਂ ਉਸਨੇ ਸੁਣਿਆ ਕਿ ਬਾਗ ਵਿਚ ਤਿੰਨ ਅਤੀਤਆਏਹੈਨ ਪਰ ਕਮਸੁਆਲ ਹੈਨ ਭਾਂਓਹ ਖੱਤ੍ਰੀ ਸ੍ਰੀ ਗੁਰੂਜੀ ਕੇ ਦਰਸ਼ਨ ਕੋ ਆਯਾ ਤੇਆਇਕਰਮੱਥਾਟੇਕਿਆ ਅਰਦਾਸ ਕੀਤੀ ਹੇ ਦੀਨ ਦਇਆਲਜੀ ਆਪ ਬਚਨ ਕਰੋ ਭਾਂ ਸੀਧਾ ਪਹੁੰਚਾਈਏ ਭਾਂ ਸ੍ਰੀ ਗੁਰੂਜੀਕਹਿਆ ਜੋ ਕੁਛ ਨਿਰੰਕਾਰਜੀ ਭੇਜੇਗਾ ਸੋ ਲਈਏਂਗੇ ॥ ਭਾਂ ਉਸਨੇ ਆਪਨੇ ਆਦਮੀਆਂ ਕੋ ਆਖਿਆ ਭਾਈ ਛੱਤੀ ਪ੍ਰਕਾਰਕੇ ਭੋਜਨ ਤਿਆਰ ਕਰਕੇ ਲੈਆਵੋ ਮੈਂ ਅੱਗੇਬਹੁਤਸਾਧਦੇਖੇਹੈਨ ਸਭਮਾਇਆਮੇਂਬਾਂਧੇਹੂਏਦੇਖੇਹੈਨ ਪਰਏਹ ਅਤੀਤ ਨਿਰੰਕਾਰ ਕੇ ਸੁਆਲੀ ਹੈਨ ਅਤੇ ਮੈਨੂੰ ਏਹ ਨਿਰੰਕਾਰ ਹੀ ਨਜ਼ਰ ਆਉਂਦੇ ਹੈਨ ਭਾਂ ਉਹ ਗੁਮਾਸ਼ਤੇਜਾਇਕਰਪ੍ਰਸਾਦਿਤਿਆਰਕਰਵਾਇਕਰ ਭਲੀ ਪ੍ਰਕਾਰਔਰਫੁਲਤਨਾਲ ਸ੍ਰੀਬਾਬੇ ਜੀ ਦੇ ਪਾਸ ਲੈਆਏ ਅਤੇ ਹੱਥ ਜੋੜਕਰ ਅਰਦਾਸਕੀਤੀ ਸੱਚੇ ਪਾਤਸ਼ਾਹਜੀ ਏਹ ਪ੍ਰਸਾਦਿ ਨਿਰੰਕਾਰਜੀਭੇਜਿਆਹੈ ਆਪ ਅਚਵਹੁਜੀ ਭਾਂ ਸ੍ਰੀਗੁਰੂਜੀ ਕਹਿਆ ਭਾਈ ਏਹਕੌਣਹੈਨ ਭਾਂ ਉਸਖੱਤ੍ਰੀਨੇ ਹੱਥ ਜੋੜਕਰ ਕਹਿਆਜੀ ਏਹਸਭ ਮੇਰੇਸਨਬੰਧੀਹੈਨ ਭਾਈ ਮਾਤਾਪਿਤਾ ਪੁੱਤ੍ਰ ਸਸੁਰਾ ਸਾਲਾ ਔਰ ਸਭਕੁਟੰਬਜੀ ਭਾਂ ਗੁਰੂਜੀਨੇ ਰਾਗਗਉੜੀ ਵਿਚ ਸ਼ਬਦ ਉਚਾਰਿਆ

CC-0. Gurukul Kangri University Haridwar Collection. Digitized by S3 Foundation USA

ABHINAV GAUR

ਮਹਲਾ ੧ ॥ ਮਾਤਾ ਮਤਿ ਪਿਤਾ ਸੰਤੋਖ ॥ ਸਤਿਭਾਈ ਕਰ ਏਹ ਬਿਸੇਖ॥ ਕਹਣਾਹੈ ਕਿਛੁ ਕਹਿਣਨ ਜਾਇ॥ਤਉਕੁਦਰਤਿਕੀਮਤਿਨਹੀਪਾਇ॥੧॥ਰਹਾਉ॥ਸਰਮਸੁਰਤਿਦੁਇਸਸੁਰ ਭਏ॥ ਕਰਣੀ ਕਾਮਣਿ ਕਰ ਮਨਿ ਲਏ॥ਸਾਹਾ ਸੰਜੋਗ ਵੀਆਹ ਵਿਜੋਗ॥ਸਚਿ ਸੰਤਭ ਕਹੁ ਨਾਨਕ ਜੋਗ॥੨॥ ਜਾਂ ਬਾਬੇਜੀ ਏਹ ਸ਼ਬਦ ਕਿਹਾ ਤਾਂ ਓਹਆਇਕੇ ਚਰਨਾਂਪਰ ਢਹਿਪਿਆ ਹੇ ਗਰੀਬਨਿਵਾਜ਼ ਮੇਰੇ ਜੀਉ ਕਾ ਉਧਾਰਕਰੋਜੀ ਤੇ ਪ੍ਰਸਾਦ ਮੁਹਿਪਾਵੋ ਜੀ ਤਾਂ ਸ੍ਰੀ ਗੁਰੂਜੀ ਪ੍ਰਸਾਦ ਵਰਤਾਯਾ ਆਪਵੀਥੋੜਾ ਮੁਹਿਪਾਯਾ ਅਤੇ ਬਾਕੀ ਉਸ ਖੱਤ੍ਰੀਨੂੰ ਖੁਲਾਯਾ ਜਦਉਸਨੇ ਪ੍ਰਸਾਦ ਖਾਯਾ ਤਾਂਉਸਦੀਮਤ ਉਜਲ ਹੋਰਦੀ ਹੋਰਹੀ ਹੋਗਈ ਤਾਂ ਮਰਦਾਨੇ ਆਖਿਆ ਜੀ ਤੁਸਾਂ ਏਸ ਉਤੇ ਵੱਡੀ ਮੇਹਰਬਾਨੀ ਕੀਤੀ ਹੈ ਤਾਂ ਗੁਰੂ ਨਾਨਕਜੀ ਆਖਿਆ ਮਰਦਾਨਿਆਂ ਮਾਯਾ ਵੱਡੀ ਚੰਡੀਹੈ ਏਹ ਭਲਾਕਰਮ ਨਹੀਂ ਕਰਨ ਦੇਂਦੀ ਜਿਸਤੇ ਪਰਮੇਸ਼ਰਜੀ ਦਿਆਲ ਹੋਂਦਾ ਹੈ ਸੋ ਇਸ ਮਾਯਾ ਕਉਵੰਡ ਖਾਂਦਾ ਹੈ ਅਤੇ ਮਨ ਨੀਵਾਂ ਰੱਖਦਾਹੈ ਇਕ ਦੇਵਣਾ ਇਕ ਆਜਜ਼ੀ ਕਰਨੀ ਏਹ ਵੱਡੀ ਕ੍ਰਿਪਾ ਹੈ ਅਤੇ ਚਾਰ ਪਹਿਰ ਇਸਦੀ ਤੇ ਅਸਾਡੀ ਗੋਸ਼ਟ ਹੋਵੇਗੀ ਇਸਵਾਸਤੇਆਏਹਾਂ ਤਾਂਓਥੇ ਗੁਰੂਨਾਨਕਜੀਬੈਠੇ ਰਹੇ ਜਾਂ ਤ੍ਰੈਪਹਿਰਬੀਤੇ ਤਾਂ ਉਸਦਾ ਜੀਉ ਕਾਹਲਾ ਹੋਯਾ ਤਾਂ ਗੁਰੂ ਨਾਨਕਜੀ ਉਸਦੇ ਕੁਟੰਬੀਆਂਨੂੰ ਕਹਿਆ ਭਾਈ ਇਸਦੀ ਤਿਆਰੀ ਕਰੋਇਸਦਾਚਲਾਣਾਹੋਵੇਗਾ ਜਦਗੁਰੂਜੀ ਏਹਬਚਨਕੀਤਾ ਤਾਂ ਉਸਦੇ ਭਾਈ ਮਾਤਾ ਸੁਸਰੇ ਜਵਾਈ ਸਭ ਰੋਵਣੇ ਲਗੇ ਪਰ ਓਹ ਆਪਣਾ ਸਰੀਰ ਛੋਡ ਗਿਆ ਤਾਂ ਉਸਦੇ ਕੁਟੰਬੀ ਉਸਦਾ ਬਿਬਾਨ ਬਣਾਕਰ ਮਸਾਣ ਭੂਮਿਕਾ ਕੋ ਲੈਗਏ ਉਸਦਾ ਸਸਕਾਰ ਕੀਆ ਅਤੇਓਹ ਇਕੱਤ੍ਰ ਹੋਇਕਰ ਕਹਿਣਲਗੇ ਹੇਦੀਨਦਇਆਲ ਜੀ ਏਹ ਆਪਦਾ ਦਰਸ਼ਨ ਕਰਨਵਾਸਤੇ ਆਯਾ ਸੀ ਜੀ ਤੁਸੀ ਹੱਥ ਜੋੜੇ ਜੋ ਇਸਦੀ ਮੁਕਤਿਹੋਵੇ ਤਾਂ ਗੁਰੂਜੀਕਹਿਆਮਰਦਾਨਿਆਂ ਰਬਾਬ ਵਜਾਇ॥ ਤਾਂ ਮਰਦਾਨੇ ਨੇ ਰਬਾਬ ਵਜਾਇਆ॥ਗੁਰੂਨਾਨਕਜੀਸ਼ਬਦਉਚਾਰਿਆ

ਰਾਗੁ ਵਡਹੰਸੁ ਮਹਲਾ ੧ ਘਰੁ ੫ ਅਲਾਹਣੀਆਂ

ਧੰਨਸਿਰੰਦਾਸੱਚਾਪਾਤਿਸ਼ਾਹਜਿਨਿਜਗਧੰਧੈਲਾਇਆ॥ ਮੁਹਲ੍ਹੁਪੁੰਨੀਪਾਈਭਰੀਜਾਨੀਅੜਾ ਘਤਿ ਚਲਾਇਆ॥ਜਾਨੀਘਤਿਚਲਾਇਆਲਿਖਿਆਆਇਆਰੁਨੇਵੀਰਸਬਾਏ॥ ਕਾਇਆ ਹੰਸੁ ਥੀਆ ਵੇਛੋੜਾ ਜਾਦਿਨ ਪੁੰਨੇ ਮੇਰੀ ਮਾਏ॥ਜੇਹਾਲਿਖਿਆ ਤੇਹਾ ਪਾਇਆ ਜੇਹਾਪੁਰਬਿ ਕਮਾਇਆ ॥ ਧੰਨ ਸਿਰੰਦਾ ਸਚਾ ਪਾਤਿਸਾਹ ਜੈ ਜਗ ਧੰਧੈ ਲਾਇਆ॥ ੧॥ਸਾਹਿਬਸਿਮਰਉ ਮੇਰੇ ਭਾਈਹੋ ਸਭਨਾ ਏਹ ਪਇਆਣਾ ॥ ਏਥੈ ਧੰਧਾ ਕੂੜਾ ਚਾਰਿ ਦਿਹਾ ਅੱਗੈ ਸਰਪਰਿ ਜਾਣਾ॥ ਅੱਗੈ ਸਰਪਰਿ ਜਾਣਾ ਜਿਤੁ ਮਿਹਮਾਣਾ ਕਾਹੇ ਗਾਰਬੁ ਕੀਜੈ॥ ਜਿਤੁਸੇਵਿਐ ਦਰਗਹ ਸੁਖ ਪਾਈਐਨਾਮੁਤਿਸੈ ਕਾਲੀਜੈ॥ ਆਗੈਹੁਕਮ ਨ ਚਲੈ ਮੂਲੇ ਸਿਰਸਿਰ ਕਿਆ ਵਿਹਾਣਾ ॥ ਸਾਹਿਬਸਿਮਰਹੁ ਮੇਰੇਭਾਈਹੋ ਸਭਨਾ ਏਹੁਪਇਆਣਾ॥੨॥ਜੋ ਤਿਸੁਭਾਵੈ ਸਮੂਥਸੋਥੀਐਹੀਲੜਾ ਏਹ ਸੰਸਾਰੋ॥ ਜਲਿ ਥਲਿ ਮਹੀਅਲਿ ਰਵਿਰਹਿਆ ਸਚੜਾ ਸਿਰਜਣਹਾਰੇ॥ਸਾਚਾਸਿਰਜਣ

CC-0. Gurukul Kangri University Haridwar Collection. Digitized by S3 Foundation USA

ਹਾਰੋ ਅਲਖ ਅਪਾਰੋ ਤਾਕਾ ਅੰਤ ਨ ਪਾਇਆ ॥ ਆਇਆਤਿਨਕਾ ਸਫਲ ਭਇਆ ਹੈ ਇਕ ਮਨਿਜਿਨੀਧਿਆਇਆ।ਢਾਹੇਢਾਹਿਉ ਸਾਰੇਆਪੇਹੁਕਮਸਵਾਰਣਹਾਰੋ॥ਜੋਤਿਸੁਭਾਵੈਸੰਮ੍ਰਥ ਸੋਥੀਐ ਹੀਲੜਾ ਏਹੁ ਸੰਸਾਰੋ॥ ੩ ॥ਨਾਨਕਰੁੰਨਾਬਾਬਾਜਾਣੀਐਜਾਰੋਵੈ ਲਾਇ ਪਿਆਰੋ ॥ ਵਾਲੇਵੇ ਕਾਟਣ ਬਾਬਾ ਦੋਈਐ ਰੋਵਣ ਸਗਲ ਬਿਕਾਰੋ ॥ ਰੋਵਣ ਸਗਲ ਬਿਕਾਰੋ ਗਾਫਲ ਸੰਸਾਰੋ ਮਾਇਆ ਕਾਰਨ ਰੋਵੈ ॥ ਵੰਗਾ ਮੰਦਾ ਕੁਛ ਸੂਝੈ ਨਾਹੀ ਏਹ ਤਨ ਏਵੈ ਖੋਵੈ ॥ ਐਥੇ ਆਇਆ ਸਭਕੋ ਜਾਸੀ ਕੂੜ ਕਰੋ ਅਹੰਕਾਰੋ॥ਨਾਨਕ ਰੁੰਨਾ ਬਾਬਾ ਜਾਣੀਐ ਜਾਂ ਰੋਵੈਲਾਇ ਪਿਆਰੋ ॥ ੪ ॥ ਏਹ ਅਲਾਹਣੀਆਂ ਉਸਦੇ ਪ੍ਰਥਾਇ ਹੋਈਆਂ ਤਾਂ ਸਭ ਆਇ ਪੈਰੀਂ ਪ ਗੁਰੂ ਜੀ ਏਹ ਬਚਨ ਕੀਤਾ ਭਾਈ ਜਿੱਥੇ ਏਹ ਸ਼ਬਦ ਪੜ੍ਹੀਐਗਾ ਜਿਸ ਪ੍ਰਾਣੀ ਉਤੇ ਸੋ ਬਾਰਾਂ ਕੋਹਾਂ ਤਕ ਪ੍ਰਾਨੀ ਮੁਕਤ ਹੋਵੇਂਗੇ ਏਹ ਬਚਨ ਸੁਣਕੇ ਸਭਉ ਸਕੇ ਭਰਾਇਭਾਈਆਇ ਚਰਨੀਂ ਲਗੇ ਹੇ ਗੁਰੂਜੀ ਸਾਡਾ ਭੀਉਧਾਰ ਕਰੋ ਤਾਂ ਸ੍ਰੀਗੁਰੂਜੀ ਉਨਾਂ ਲੋਕਾਂ ਨੂੰ ਸਿੱਖ ਕੀਤਾ ਤੇ ਨਾਮ ਦਾਨ ਦਿੱਤਾ ਤੇਕਹਿਆਧਰਮਦੀਕ੍ਰਿਤ ਕਰਨੀ ਸੱਚ ਬੋਲਣਾ ਆਏਗਏ ਦੀ ਸੇਵਾ ਕਰਨੀ ਏਹ ਕੰਮ ਕਰਕੇ ਗੁਰੂਜੀ ਓਥੋਂ ਰਉਂਦੇ ਰਹੇ ॥ ੯੨॥

ਸਾਖੀ ਔਰ ਦੇਸ਼ ਕੀ ਚਲੀ

ਤਾਂ ਗੁਰੂ ਨਾਨਕ ਜੀ ਜਾਂਦੇ ਜਾਂਦੇ ਔਰ ਦੇਸ਼ ਜਾਇ ਪ੍ਰਾਪਤ ਹੋਏ ॥ ਅਰ ਸ੍ਰੀ ਬਾਬਾ ਜੀ ਜਿਧਰ ਧਿਆਨ ਕਰਨ ਓਥੇਹੀ ਜਾਇਪ੍ਰਾਪਤ ਹਵੈਂ ਪਰ ਜੋ ਗੱਲ ਹੈ ਸੋ ਮਰਦਾਨੇ ਡੂੰਮ ਨਾਲ ਹੀ ਹੈ ਜਿੱਥੇ ਆਵਨ ਤਿੱਥੇ ਕੋਈ ਫ਼ਕੀਰ ਡੂੰਮ ਮੰਗਤਾਆਵੈ ਸੋ ਬਾਬੇਜੀਨੂੰ ਦੇਖਕਰ ਮੰਗਣ ਆਇਖਲੋਵੈ ਤਾਂ ਸ੍ਰੀਬਾਬੇਜੀ ਬਚਨ ਕਰਨ ਭਾਈ ਜਾਹੋਫਲਾਣੇਬਿਰਛਦੇ ਹੇਠ ਕੁਛ ਰੱਖਿਆ ਹੈ ਸੋ ਜਾਇਕਰ ਲੈ ਲਵੋ ਤਾਂ ਓਹ ਜਾਇਕੇ ਦੇਖਨ ਭਾਂ ਅੱਗੇ ਪਦਾਰਥ ਪਇਆ ਹੋਵੇ ਸੋ ਲੈ ਲੈਨ ਪਰ ਜੋ ਆਵੇ ਸੋ ਖ਼ਾਲੀ ਨਾਜਾਵੈ ਅਰੁ ਲੋਕ ਕਹਿਨ ਕਿ ਸ੍ਰੀਬਾਬਾਜੀ ਸ੍ਰੀਪਰਮੇਸ਼ਰ ਜੀ ਦੀ ਦਰਗਾਹ ਦਾ ਮਾਲਕ ਹੈ ਅਤੇ ਨਾਲੇਕਹਿਣਭਾਈਨ ਉਨਿਧਾਂ ਰਿੱਧਾਂ ਸਿੱਧਾਂ ਇਸਦੇ ਅੱਗੇ ਪਿੱਛੇ ਲਗੀਆਂ ਫਿਰਦੀਆਂ ਹੈਨ ਵਾਹਵਾਹ ਤੇਰੀ ਕਮਾਈ ਜੋ ਤੂੰ ਧੰਨਹੈਂ ਭਾਈ ਏਹਬੜਾ ਭਗਤਹੈ ਕੋਈ ਕਹੇ ਬੜਾ ਫ਼ਕੀਰ ਹੈ ਜੇਹੀ ਖੂਬੀ ਸ੍ਰੀਬਾਬੇਜੀ ਨੂੰ ਦੇਵਨ ਓਹੋਜੇਹੀਬਨਆਵੇ ਪਰਮੇਸ਼ਰ ਦੀ ਦਰਗਾਹ ਮੈਂ ਕਬੂਲ ਪਵੇ ਅਤੇਭਾਈ ਕਲਜੁਗ ਮੈਂ ਐਸਾ ਵਲੀ ਲੋਕ ਕੋਈ ਨਹੀਂ ਪੈਦਾਹੂਆ ਅੰਤੇ ਜੋ ਬਾਬਾਜੀ ਮੂੰਹੋਂ ਕਹਿਨ ਸੋਈ ਹੋਇ ਜਾਵੇ ਜੋ ਕੋਈ ਆਇ ਸਵਾਲ ਕਰੇ ਉਸਦੀ ਮਨਸ਼ਾ ਪੂਰੀ ਹੋਜਾਵੇ ਓਸ ਸ਼ਹਿਰ ਵਿੱਚ ਬੜਾ ਗਉਗਾ ਹੋਇਗਿਆ ਜੋਭਾਈ ਨਾਨਕ ਜੀ ਵੇਦੀ ਖੱਤ੍ਰੀ ਹੈ ਪਰ ਪਰਮੇਸ਼ਰ ਦਾ ਪਿਆਰਾ ਹੈ ਬਹੁਤ ਲੋਕ ਜੁੜ ਗਏ ਤੇ ਸੇਵਾ ਸ੍ਰੀ ਗੁਰੂਜੀ ਕੀ ਬਹੁਤ ਹੋਵਨ ਲਗੀ ਤਾਂ ਸ੍ਰੀ ਬਾਬਾ ਜੀ ਓਥੋਂ ਦੇ ਲੋਕਾਂ ਕੋ ਸਿਖੀ ਦਾਨ ਦੇਕਰ ਸ੍ਰੀ ਬਾਬਾ ਜੀ ਓਥੋਂ ਅੰਤ੍ਰਧਿਆਨ ਹੋਇ ਕਰ ਕਿਸੇ ਹੋਰ ਵਲਾਇਤ ਜਾਇ ਨਿਕਲੇ ਪਰ ਸ੍ਰੀ ਗੁਰੂ ਜੀ ਇਕ ਵਲਾਇਤ ਜੋਗਏ ਸੋ ਓਥੇ ਪਰਮੇਸ਼ਰ ਦਾ ਨਾਮ ਕੋਈ ਨਾ

CC-0. Gurukul Kangri University Haridwar Collection. Digitized by S3 Foundation USA

ਲੇਵੇ ਜੋ ਪਰਮੇਸ਼ਰ ਕਉਣ ਹੁੰਦਾ ਹੈ ਉਸ ਦੇਸ ਕਾ ਨਾਮ ਮੁਨਾਫਕ ਕਹਿੰਦੇ ਸਨ ਅਤੇ ਖੇਤੀ ਮੀਂਹਾਂ ਤੋਂ ਹੁੰਦੀ ਸੀ ਪਰ ਜਦ ਮੀਂਹ ਦੀ ਲੋੜ ਹੋਵੇ ਤਾਂ ਸਭ ਰੱਯਤ ਰਾਜਾ ਦੇ ਪਾਸ ਜਾਇ ਅਰਜ ਕਰੇ ਜੋ ਰਾਜਾਜੀ ਸਾਨੂੰ ਮੀਂਹ ਦੀ ਲੋੜ ਹੈ ਜੀ ਤਾਂ ਰਾਜਾ ਜੀ ਕਹਿੰਦਾ ਹੱਛਾ ਜਾਹੋ ਭਾਈ ਮੀਂਹ ਬਰਸੇਗਾ ਤਾਂ ਓਹਨਾਂ ਨੇ ਜਾਣਾ ਤੇ ਮੀਂਹ ਵਰਸਨ ਲਗ ਜਾਣਾ ਏਸ ਜੁਗਤ ਮੁਲਖ ਵਸਦਾ ਹੈ ਜਾਂ ਏਹ ਬਾਤ ਓਹਨਾਂ ਲੋਕਾਂ ਪਾਸੋਂ ਸੁਣੀ ਤਾਂ ਸ੍ਰੀ ਬਾਬੇ ਜੀ ਸਰਬਘਟਾਂ ਕੇ ਜਾਨਣਵਾਲੇ ਕਹਿਤੇ ਭਏ ਕਿ ਭਾਈ ਏਥੇ ਕੋਈ ਪਰਮੇਸ਼ਰ ਨੂੰ ਨਹੀਂ ਜਾਣਦੇ ਪਰ ਗੁਰੂ ਜੀ ਓਥੇ ਜਾਇ ਡੇਰਾ ਲਾਯਾ ਇੱਕ ਜ਼ਿਮੀਦਾਰ ਦੇ ਖੇਤ ਵਿੱਚ ਸ੍ਰੀ ਗੁਰੂ ਜੀ ਬੈਠ ਰਹੇ ਅਤੇ ਸ੍ਰੀ ਬਾਬੇ ਜੀ ਦੇ ਨਾਲ ਦਸ ਬਾਰਹ ਲੰਗੋਟ ਬੰਧ ਫ਼ਕੀਰ ਰਹਿਣ ਤੇ ਸ੍ਰੀ ਗੁਰੂ ਨਾਨਕ ਜੀ ਉਜਾੜ ਵਿੱਚ ਬੈਠੇ ਰਹਿਣ ਪਰ ਜਦ ਗੁਰੂ ਜੀ ਉਸ ਮੁਲਖ ਵਿੱਚ ਆਏ ਉਸ ਦਿਨ ਦਾ ਮੀਂਹ ਵਰਸਨਾ ਬੰਦ ਹੋ ਗਿਆ ਤੇ ਸਭ ਲੋਕ ਇਕੱਠੇ ਹੋਇ ਕਰ ਰਾਜਾ ਦੇ ਪਾਸ ਗਏ ਜਾਇ ਕਰ ਕਹਿਣ ਲੱਗੇ ਹੇ ਰਾਜਾਜੀ ਸਾਨੂੰ ਮੀਂਹ ਦੀ ਲੋੜ ਹੈ ਜੀ ਮੀਂਹ ਦੇਵੋ ਜੀ ਤਾਂ ਰਾਜਾ ਨੇ ਆਖਿਆ ਜਾਓ ਭਾਈ ਮੀਂਹ ਬਰਸੇਗਾ ਜਦ ਪੰਜ ਸੱਤ ਦਿਨ ਗੁਜ਼ਰੇ ਤੇ ਮੀਂਹ ਨਾ ਵੁਠਾ ਤਾਂ ਰੱਯਤ ਫੇਰ ਰਾਜਾ ਦੇ ਪਾਸ ਗਈ ਰਾਜਾ ਜੀ ਮੀਂਹ ਦੀ ਲੋੜ ਹੈ ਰਾਜਾ ਨੇ ਕਹਿਆ ਜਾਹੋ ਬਰਸੇਗਾ ਫੇਰ ਦਸ ਬਾਰਹ ਦਿਨ ਗਜ਼ਰੇ ਪਰ ਮੀਂਹ ਨਾ ਵਰਸਿਆ ਤਾਂ ਫੇਰ ਰੱਯਤ ਰਾਜੇ ਪਾਸ ਗਈ ਰਾਜਾ ਜੀ ਮੀਂਹ ਨਹੀਂ ਵੁਠਾ ਤਾਂ ਰਾਜੇ ਓਨਾਂ ਲੋਕਾਂ ਨੂੰ ਕਹਿਆ ਕਿ ਮੈਂ ਕਿਆ ਕਰਾਂ ਤਾਂ ਰੱਯਤ ਬੇਉਮੈਦ ਹੋਇ ਬੈਠੀ ਤਾਂ ਕੋਈ ਨਾ ਹਲ ਵਾਹੇ ਤੇ ਨਾ ਕੋਈ ਬੀਜੇ ਚੁਪ ਕਰ ਲੋਕ ਬਹਿਰ ਰਹੇ ਤਾਂ ਇਕ ਜ਼ਿਮੀਂਦਾਰ ਸ੍ਰੀ ਗੁਰੂ ਬਾਬੇ ਜੀ ਦੇ ਪਾਸ ਆਇ ਝੁਰਿਆ ਜਿਸ ਦੇ ਖੇਤ ਵਿੱਚ ਗੁਰੂ ਨਾਨਕ ਜੀ ਧੂੰਆਂ ਪਾਈ ਬੈਠੇ ਹੋਏ ਸਨ ਓਹ ਨਿੱਤ ਹੀ ਗੁਰੂ ਜੀ ਦੇ ਪਾਸ ਆਇ ਬਹਿੰਦਾ ਸੀ ਪਰ ਸ੍ਰੀ ਗੁਰੂ ਨਾਨਕ ਜੀ ਉਸ ਨਾਲ ਖ਼ੁਸ਼ ਹੋਇ ਕਰ ਬਾਤਾਂ ਕਰਦੇ ਸਨ ਉਸ ਦਿਨ ਜ਼ਿਮੀਦਾਰ ਸ੍ਰੀ ਬਾਬੇ ਜੀ ਦੇ ਪਾਸ ਆਯਾ ਤਾਂ ਗੁਰੂ ਜੀ ਪੁੱਛਿਆ ਕਿ ਉਂ ਭਾਈ ਕਿਆ ਗੁਜ਼ਰਦੀ ਹੈ ਪਰ ਗੁਰੂ ਜੀ ਸਭ ਬਾਤ ਦੇ ਜਾਨਣਵਾਲੇ ਸਨ ਪਰ ਉਸ ਨੇ ਕਹਿਆ ਗੁਰੂ ਜੀ ਵੱਡ ਕਹਿਰ ਹੋਯਾ ਤਾਂ ਗੁਰੂ ਜੀ ਕਹਿਆ ਭਾਈ ਕਿਆ ਹੋਯਾ ਤਾਂ ਉਸ ਨੇ ਕਹਿਆ ਜੀ ਨਗਰੀ ਸਾਰੀ ਉਜਾੜ ਹੋ ਜਾਵੇਗੀ ਮੀਂਹ ਨਹੀਂ ਵਸਦਾ ਤਾਂ ਬਾਬੇ ਜੀ ਕਹਿਆ ਭਾਈ ਅੱਗੇ ਮੀਂਹ ਕੌਣ ਵਰਸਾਇੰਦਾ ਹੈ॥ ਉਸ ਨੇ ਕਹਾ ਜੀ ਰਾਜਾ ਇਸ ਨਗਰੀ ਦਾ ਮੀਂਹ ਵਰਸਾਇੰਦਾ ਹੈ ਤਾਂ ਸ੍ਰੀ ਗੁਰੂ ਜੀ ਕਹਿਆ ਭਾਈ ਕਹੋ ਖਾਂ ਜੋ ਏਸ ਦੇਸ ਰਾਜਾ ਮੀਂਹ ਵਸਾਇੰਦਾ ਹੈ ਤੇ ਹੋਰ ਥੇ ਕਉਨ ਵਸਾਉਂਦਾ ਹੈ ਤਾਂ ਉਸ ਨੇ ਕਹਿਆ ਜੀ ਸਭਨੀਂ ਥਾਈਂ ਏਹੋ ਹੀ ਵਸਾਇੰਦਾ ਹੈ ਤਾਂ ਫੇਰ ਗੁਰੂ ਜੀ ਆਖਿਆ ਹੁਣ ਭੀ ਰਾਜੇ ਨੂੰ ਆਖਹੁ ਮੀਂਹ ਵਸਾਵੇ ਤਾਂ ਉਸ ਨੇ ਆਖਿਆ ਜੀ ਹੁਣ ਤਾਂ ਬਥੇਰਾ ਜਾਇ ਰਹੇਹਾਂ ਕੁਛ ਨਹੀਂ ਹੁੰਦਾ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਪ੍ਰਮੇਸ਼ਰ ਦੀ ਸਭ ਸ੍ਰਿਸ਼ਟੀ ਹੈ ਤੇ ਰਹਿੰਦਾ ਸਭਨੀਂ ਥਾਈਂ ਹੈ ਘਟ ਘਟ ਦਾ ਜਾਣੀਹੈ ਸਭਨਾਂ ਪੁਰੀਆਂ ਲੋਆਂ ਵਿੱਚ ਓਹੀ ਕਰਤਾਰ ਹੈ

CC-0. Gurukul Kangri University Haridwar Collection. Digitized by S3 Foundation USA

ਜਿੱਥੇਉਸਨੂੰ ਅਰਾਧੀਏ ਓਥੇਹੀ ਓਹ ਹਾਜ਼ਰਾਹਜ਼ੂਰਹੈ ਤਾਂ ਉਸਨੇ ਕਹਿਆ ਜੀ ਪਰਮੇਸ਼ਰ ਕਉਣਹੈ ਅਸਾਂ ਤੇਰੇ ਮੁਖ ਤੇ ਸੁਣਿਆਹੈ ਜੋ ਪਰਮੇਸ਼ਰ ਕੋਈ ਹੈ ਤਾਂ ਗੁਰੂਜੀ ਆਖਿਆਭਾਈ ਹੁਣ ਤੁਸੀ ਪਰਮੇਸ਼ਰ ਨੂੰ ਸਿਮਰੋ ਤੇ ਪਰਮੇਸ਼ਰ ਪਾਸੋਂ ਤੁਸੀ ਮੰਗਹੁ ਜੋ ਹੇ ਦੀਨਦਇਆਲ ਮੀਂਹ ਪਾਉ ਜੇਪ੍ਰਮੇਸ਼ਰ ਨੂੰ ਨਾ ਮੰਨੋਗੇ ਤਾਂਮੀਂਹਕਦੀਨਹੀਂਪਵੇਗਾ ਤਾਂ ਉਸਜ਼ਿਮੀਂਦਾਰਨੇ ਕਹਿਆ ਜੀ ਬਿਨਾ ਦੇਖਿਆਂ ਕਿਉਂਕਰ ਪਰਤੀਤਆਵੇ ਤਾਂਸ੍ਰੀ ਬਾਬੇ ਜੀ ਕਹਿਆ ਕੁਦਰਤ ਤੇ ਜਾਣੀਦਾ ਹੈ ਤਾਂ ਉਸਨੇ ਆਖਿਆ ਜੀ ਕੁਦਰਤ ਕਿਆ ਹੋਤੀ ਹੈ ਤਾਂ ਗੁਰੂ ਜੀ ਆਖਿਆ ਕੁਦਰਤ ਇਸਨੂੰ ਆਖਦੇਹੈਨ ਜੋ ਤੇਰਾ ਖੇਤ੍ਰ ਹੈ ਇਸਨੂੰ ਹਲ ਵਾਹ ਕਰ ਬੀਜ ਬੋਵੋਂ ਜੇਕਰ ਬੀਜ ਉੱਗਪਿਆ ਤਾਂ ਜਾਣੀਂ ਕੋਈ ਪ੍ਰਮੇਸ਼ਰ ਹੈ ਜੇਕਰ ਨਾ ਉੱਗਿਆ ਤਾਂਜਾਣੀ ਪ੍ਰਮੇਸ਼ਰ ਹੈ ਨਹੀਂ ਤਾਂ ਉਸ ਆਖਿਆ ਬਿਨਾ ਜ਼ਮੀਨ ਭਿੰਨੀ ਹਲ ਕੀਕਰ ਵਗੇਗਾ ਤਾਂ ਸ੍ਰੀ ਗੁਰੂ ਬਾਬੇ ਜੀ ਆਖਿਆ ਭਾਈ ਤੂੰ ਹਲ ਲੈ ਆਉ ਤੇਰਾ ਹਲ ਲਗੇਗਾ ॥ ਤਾਂ ਓਹ ਪੈਰੀ ਪਉਂ ਦਾਹੀ ਆਪਣੇ ਘਰ ਉਠਗਿਆ ਘਰ ਆਇਕਰ ਵਸਤੀ ਵਿਚ ਲੱਗਾ ਕਹਿਣਭਾਈ ਇਕ ਪ੍ਰਮੇਸ਼ਰ ਦਾ ਪਿਆਰਾ ਆਖਦਾ ਹੈ ਜੋ ਤੁਸੀ ਪਰਮੇਸ਼ਰ ਦਾ ਨਾਮ ਲੈਕੇ ਹਲ ਵਾਹੋ ਬੀਜ ਬੋਵਹੁ ਖੇਤੀ ਜੰਮੇਗੀ ਜਦ ਉਸਨੇ ਏਹ ਬਾਤ ਕਹੀ ਤਾਂ ਵਸਤੀ ਦੇ ਲੋਕਾਂ ਸੁਣਿਆਂ ਤਾਂ ਓਹ ਹਾਂਛ ਹਾਂਛ ਕਰਕੇ ਪਏ ਕਹਿਣਲਗੇ ਬਾਵਰੇਕਦੀ ਮੀਂਹ ਬਗੈਰਭੀ ਖੇਤੀ ਉੱਗਦੀਹੈ ਤਾਂਓਹ ਫੇਰਬਾਬੇ ਪਾਸ ਗਿਆ ਅਤੇ ਕਹਿਓਸ ਹੇਗੁਰੂਜੀ ਸਾਰੀ ਵਸਤੀ ਦੇ ਲੋਕ ਮੈਨੂੰ ਆਖਦੇਹੈਨ ਤੂੰ ਕਮਲਾ ਹੈਂ ਤਾਂ ਬਾਬੇਜੀ ਕਹਿਆ ਭਾਈ ਜਾਹਤੂੰਘਰੋਂ ਹਲ ਲੈਆਉ ਅਤੇਤੇਰੀਖੇਤੀਦੇਅਸੀਜ਼ਾਮਨ ਰਹੇ ਤੂੰ ਦੌੜਕੇ ਲੈਆਉ ਤਾਂ ਓਹ ਜਾਕੇ ਹਲ ਲੈਆਯਾ ਤਾਂਬਾਬੇ ਕਹਿਆ ਬੱਚਾ ਇਕ ਜਣਾ ਹਲ ਲਾਉ ਤੇ ਇਕ ਜਣਾ ਬੀਜ ਪਾਉਂਦਾਜਾਵੇ ਤਾਂ ਉਨ੍ਹਾਂ ਸਾਰੀ ਖੇਤੀ ਬੀਜ ਦਿਤੀ ਤਾਂ ਉਸ ਦੀ ਰੀਸ ਨਾਲ ਹੋਰ ਲੋਕ ਪੈਰੀਂ ਆਇ ਪਏ ਤਾਂ ਬਚਨ ਹੋਇਆ ਤੁਸੀ ਭੀ ਬੀਜਹੁ ਇਸੀ ਤਰਹ ਸਾਰੇਪਿੰਡ ਨੇ ਬੀਜ ਪਾਇ ਦਿੱਤਾ ਅਤੇ ਲੱਗੇ ਗੁਰੂ ਜੀ ਦੀ ਟਹਿਲ ਕਰਨ ਤਾਂ ਸ੍ਰੀਗੁਰੂਨਾਨਕਜੀ ਕਹਿਆ ਭਾਈ ਤੁਸੀ ਪਰਮੇਸ਼ਰਦੀ ਬੰਦਗੀਕਰੋ ਤੇ ਹੋਰ ਸੱਚਬੋਲੋ ਤਾਂ ਓਹ ਲਗੇ ਗੁਰੂਗੁਰੂ ਜਪਨ ਤਾਂ ਓਹਖੇਤੀ ਉੱਗਵੀ ਜਾਂ ਰਾਜੇਨੇ ਸੁਣਿਆ ਤਾਂ ਰਾਜਾ ਵੀ ਪੈਰੀਂ ਆਇ ਪਇਆ ਅਤੇ ਜਬ ਖੇਤੀਆਂ ਪੱਕਕੇ ਤਿਆਰਹੋਈਆਂ ਤਾਂ ਖੇਤੀ ਨੂੰ ਦੇਖਕਰ ਸਭ ਲੋਕ ਹੈਰਾਨ ਹੋਏ ਤਾਂ ਬਾਬੇ ਜੀ ਕਹਿਆ ਭਾਈ ਖੇਤੀਆਂ ਵੱਢਹੁ ਪਰ ਇਕ ਬੂਟਾ ਪੱਟਕੇ ਦੇਖਹੁ ਦੇਖਾਂ ਬੂਟੇਹੇਠ ਕਿਆਹੈ ਜਾਂਬੂਟੇਨੂੰਪੱਟਕੇ ਵੇਖਿਆ ਤਾਂ ਹੇਠੋਂ ਜ਼ਿਮੀਂ ਮਧਿਓਂ ਅੰਗਿਆਰ ਨਿਕਲੇ ਤਾਂ ਸਭਲੋਕਹੈਰਾਨਹੂਏ ਤਾਂ ਇਸਬਾਤਨੂੰ ਵੇਖਕੇਰਾਜਾਭੀ ਸਿੱਖ ਹੋਯਾ ਤੇ ਸਭ ਨਗਰੀਦੇ ਲੋਕ ਸਿੱਖਹੋਏਤੇ ਗੁਰੂਨਾਨਕਜੀ ਉਸ ਦੇਸ਼ਦਾਨਾਉਂ ਸੁਆਲਿਓ ਦੇਸ਼ ਰਖਿਆ ਨਾਮ ਦਾਨ ਇਸ਼ਨਾਨ ਦ੍ਰਿੜਾਇਆ ਅਤੇਕਹਿਆਜੋ ਸਿੱਖ ਆਵੇ ਉਸਦੀ ਟਹਿਲ ਕਰਨੀਧਰਮਦੀਕਿਰਤਕਰਨੀ ਗੁਰੂਜੀਓਥੋਂ ਆਗੇਚਲੇ॥ਬੋਲਹੁਭਾਈਜੀਵਾਹਿਗੁਰੂ॥੯੨॥

CC-0. Gurukul Kangri University Haridwar Collection. Digitized by S3 Foundation USA

ਸਾਖੀ ਕੀੜੀ ਤੇ ਇੱਕ ਰਾਜਾ ਦੀ

ਭਾਈ ਬਾਲਾ ਕਹੇ ਹੇ ਗੁਰੂ ਅੰਗਦ ਜੀ ਇਕ ਸਮੇ ਗੁਰੂ ਨਾਨਕਜੀ ਜਾਂਦੇ ਜਾਂਦੇ ਕੀੜੀਦੇਰਾਜ ਵਿਚ ਜਾਇ ਪ੍ਰਾਪਤਿ ਹੋਏ ਮਰਦਾਨੇ ਦੇਖਿਆ ਜੋ ਸਭ ਰੁੱਖ ਦਰਖਤ ਸਿਆਮ ਹੀ ਸਿਆਮ ਨਜ਼ਰ ਆਉਂਦੇਹੈਨ ਤੇਮਰਦਾਨਾ ਦੇਖਕਰ ਡਰਿਆ ਤੇ ਲਗਾਕਹਿਣ ਗੁਰੂਜੀ ਏਥੋਂਚਲੋਜੀ ਅਸਾਂ ਏਡੀ ਕਾਲੀ ਧਰਤੀ ਕਦੀਨਹੀਂ ਦੇਖੀਜੀ ਇਸ ਕਾਲੀਤੇ ਨਿਕਲ ਚਲੀਏਜੀ ਤਾਂਗੁਰੂ ਬਾਬੇ ਜੀ ਕਹਿਆ ਮਰਦਾਨਿਆਂ ਏਹ ਦੇਸ਼ ਕੀੜੀਦਾ ਹੈ ਤੇਕੀੜੀਦੀ ਪਾਤਿਸ਼ਾਹੀ ਹੈ ਅਤੇਜੋ ਕੋਈ ਪੰਛੀਦਾ ਬੱਚਾਵੀ ਆਵੇ ਤਾਂ ਖਾਇਜਾਂਦੀਆਂ ਹੈਨ ਪਰਮਰਦਾਨੇ ਤੇਰੇ ਨੇੜੇ ਕੋਈਨਹੀਂ ਆਉਂਦਾ ਤਾਂ ਮਰਦਾਨੇ ਕਹਿਆ ਜੀ ਸੱਚੇਪਾਤਸ਼ਾਹਜੀ ਅੱਗੇਵੀ ਏਸਦੇਸ਼ਵਿੱਚ ਕੋਈ ਆਖਾ ਹੈ ਕਿਨਹੀਂ ਆਖਾ ਤਾਂਗੁਰੂ ਨਾਨਕਜੀ ਆਖਿਆ ਮਰਦਾਨਿਆਂ ਇਕਸਮੇਂ ਇਕ ਰਾਜਾ ਏਥੇ ਆਖਾਅਸੀ ਪਰ ਓਸ ਰਾਜੇਦੀ ਫੌਜ ਬਾਨਵੇਂ ਖੂਹਣੀਆਂ ਲਸ਼ਕਰ ਸੀ ਅਤੇ ਇਕਸ ਰਾਜਾ ਉੱਪਰ ਓਸਨੇ ਚੜ੍ਹਾਈ ਕੀਤੀ ਸੋ ਚਲਦਾ ਚਲਦਾ ਏਸ ਦੇਸ਼ਵਿਚ ਆਇਗਇਆ ਤਾਂ ਓਸ ਰਾਜਾਨੂੰ ਅੱਗੋਂ ਕੀੜੀ ਆਇ ਮਿਲੀ ਤੇ ਆਖਣ ਲੱਗੀ ਕਿ ਹੇ ਰਾਜਾ ਅੱਵਲ ਤਾਂ ਏਸ ਨਗਰ ਵਿੱਚੋਂ ਤੂੰ ਚਲਿਆ ਜਾਹ ਜੇਕਰ ਤੂੰ ਏਸ ਦੇਸ਼ ਵਿਚੋਂ ਚਲਿਆ ਚਾਹੁੰਦਾਹੈਂ ਤਾਂ ਮੇਰੀ ਆਗਿਆ ਮੰਨਕਰ ਜਾਹ ਤਾਂਰਾਜਾਨੇਆਖਿਆ ਕੀੜੀ ਤੂੰ ਕਹੁ ਤਾਂ ਕੀੜੀ ਆਖਿਆ ਰਾਜਾ ਤੂੰ ਮੇਰੀ ਰੋਟੀ ਖਾਕਰ ਜਾਉ ਤਾਂ ਰਾਜੇ ਆਖਿਆ ਮੈਂ ਬਾਨਵੇਂ ਖੂਹਣੀ ਦਾ ਰਾਜਾਹੂੰ ਅਰ ਮੈਂ ਤੇਰੀਰੋਟੀ ਕਿਸ ਤਰਾਂ ਖਾਂਵਾਂ ਕੀੜੀਕਹਿਆ ਹੋਰਾਜਾ ਨਹੀਂਤਾਂ ਜੁੱਧਕਰਕੇ ਜਾਹ ਤਾਂਰਾਜੇਆਖਿਆ ਭਲਾਹੋਵੇ ਕੀੜੀ ਤੂੰ ਕਿਆ ਜੁੱਧ ਕਰੇਂਗੀ ਤਾਂ ਰਾਜੇਨੇ ਹੁਕਮ ਕੀਤਾ ਭਾਈ ਤਕੜੇ ਹੋਜਾਓ ਬਾਨਵੇਂ ਖੂਹਣੀ ਨੂੰ ਹੁਕਮ ਕੀਤਾ ਕੀੜੀਆਂ ਕੋ ਲਤਾੜਹੁ ਤਾਂ ਲੱਗਾ ਰਾਜਾਦਾ ਲਸ਼ਕਰ ਕੀੜੀਆਂ ਕੋ ਲਤਾੜਨ ਤੇ ਮਰਨ ਤਾਂ ਉਸ ਕੀੜੀ ਦੇਪਾਤਸ਼ਾਹਨੇ ਹੁਕਮਦਿੱਤਾ ਤੁਸੀ ਪਤਾਲਵਿਚ ਜਾਕੇ ਤੇ ਬਿਖ ਲੈਆਓ ਤਾਂਓਸੇ ਵਖਤ ਕੀੜੀਆਂ ਪਤਾਲ ਵਿਚਜਾਇਕਰ ਬਿਖਲੈਆਈਆਂ ਤੇ ਓਹ ਬਿਖਜਿਸਦੇ ਪੱਲੇਨੂੰਯਾਬਦਨਨੂੰ ਲਾਉਣਓਹੋ ਮਰਜਾਵੇ ਸ੍ਰੀ ਗੁਰੂਜੀ ਕਹਿਆ ਮਰਦਾਨਿਆਂ ਬਾਨਵੇਂ ਖੂਹਣੀ ਸੈਨਾ ਸੱਭੋ ਹੀ ਮਰਗਈ ਪਰਮੇਸ਼ਰ ਦੀਆਗਿਆ ਨਾਲ ਇੱਕੋ ਰਾਜਾ ਹੀ ਰਹਿਗਇਆ ਤਾਂਉਸ ਕੀੜੀਨੇਕਹਿਆ ਕਿਉਂ ਰਾਜਾ ਕਿਆ ਖ਼ਬਰਹੈਅਬਮੇਰੀਰੋਟੀਮੰਨਹੁ ਤਬ ਰਾਜਾ ਹੱਥ ਜੋੜ ਖੜਾ ਹੋਯਾ ਰਾਜੇ ਕਹਿਆ ਭਲਾ ਹੋਵੇ ਜੀ ਤਬ ਕੀੜੀ ਨੇ ਹੁਕਮ ਕੀਤਾ ਤੁਸੀ ਪਤਾਲ ਜਾਇਕੇ ਅੰਮ੍ਰਿਤਲਿਆਉ ਤਾਂ ਸਭ ਕੀੜੀਆਂ ਪਤਾਲਵਿਚ ਜਾਇਕੇ ਅੰਮ੍ਰਿਤਲੈ ਆਈਆਂ ਜਿਸਦੇਨਾਲਛੁਹਾਉਣਓਹੋ ਉਠਕਰ ਖੜੋਇ ਜਾਵੇ ਇਸੇ ਤਰਾਂ ਸਭ ਲਸ਼ਕਰ ਉਠ ਖੜੋਤਾ ਤੇ ਰਾਜਾਦੇਖਬੜਾਹੈਰਾਨ ਹੋਯਾ ਤੇ ਪਰਮੇਸ਼ਰਦੀ ਆਗਿਆ ਨਾਲ ਰਾਜਾ ਉਸਕੀੜੀ ਦੀ ਰੋਟੀ ਖਾਣ ਨੂੰ ਚੱਲਿਆ ਸਭ ਲਸ਼ਕਰ ਨੂੰ ਨਾਲ ਲੈ ਗਇਆ ਤਬ ਰਾਜਾ ਤੇ ਬਾਨਵੇਂ ਖੂਹਣੀਆਂ ਸੈਨਾ ਸਭ ਰੋਟੀ ਖਾਕੇ ਰੱਜ ਗਏ ਪਰ ਰਾਜਾ ਨੂੰ ਰੋਟੀ ਜੋ ਮਿਲੀ ਸੋ ਠੰਢੀ ਤੇ

CC-0. Gurukul Kangri University Haridwar Collection. Digitized by S3 Foundation USA

ਚਿਰਕੀ ਮਠਿਆਈਮਿਲੀ ਹੋਰਜੋਘੋੜਿਆਂਨੂੰਘਾਹ ਮਿਲਿਆ ਸੋਭੀ ਭਿੰਨਾਹੁਆ ਮਿਲਿਆ ਤੇ ਚਿੱਥਿਆ ਹੋਯਾ ਤਾਂ ਰਾਜੇ ਨੇ ਕੀੜੀ ਨੂੰ ਕਹਿਆ ਹੇ ਕੀੜੀ ਮੇਰੀ ਇਕ ਬਾਤ ਸੁਣ ਸਾਨੂੰ ਜੋਖਾਣਾ ਮਿਲਿਆਹੈਸੋ ਠੰਡਾਤੇ ਚਿਰਾਕਾ ਮਿਲਿਆਹੈਤੇਘੋੜਿਆਂਨੂੰਜੋਦਾਣਾ ਘਾਸਮਿਲਿਆ ਹੈ ਸੋ ਭਿੰਨਾਂ ਔਰ ਚੱਬਿਆ ਹੁਆਹੈ ਏਹ ਕਿਆਹੈ ਤਾਂ ਉਸ ਕੀੜੀਨੇ ਕਹਿਆ ਹੇ ਰਾਜਾ ਸੁਣ ਏਸ ਰਸਤੇ ਵਿਚ ਇੱਕ ਅੱਗੇ ਵੀ ਰਾਜਾ ਆਯਾ ਸੀ ਤਾਂ ਮੈਂ ਉਸਨੂੰ ਰੋਟੀ ਕੀਤੀ ਸੀ ਹੇ ਰਾਜਾ ਜੋ ਉਸਤੋਂ ਬਚ ਰਿਹਾਸੀ ਸੋ ਮੈਂ ਤੇਰੇ ਲਸ਼ਕਰ ਨੂੰ ਪਰੋਸਿਆਹੈ ਅਤੇ ਜੋ ਉਸਦੇ ਘੋੜਿਆਂ ਤੋਂ ਦਾਣਾ ਘਾਸਵਧ ਰਹਿਆ ਹੈਸੀ ਸੋਤੇਰਿਆਂ ਘੋੜਿਆਂਨੂੰ ਪਾਇਆਹੈਤਾਂ ਰਾਜਾ ਉਠਕੇ ਦੇਖਣ ਗਿਆ ਜਾਂਰਾਜਾਦੇਖੇ ਤਾਂ ਕਈ ਕੋਠੇ ਭਰੇਪਏਹਨ ਰਾਜੇਦਾ ਅਭਿਮਾਨਦੂਰ ਹੋਇਗਇਆ ਤੇ ਕਹਿਆਸੁ ਹੇ ਪਰਮੇਸ਼ਰ ਜੀ ਐਸੇ ਐਸੇ ਵੀ ਰਾਜੇ ਹੋਇ ਚੁਕੇ ਹੈਨ ਤਾਂ ਮੈਂ ਕੀ ਚੀਜ ਹਾਂ ਏਹ ਕਹਿਕਰ ਰਾਜਾ ਆਪਨੇ ਘਰਕੋ ਉਠ ਆਯਾ ਜਦ ਏਹ ਪ੍ਰਸੰਗ ਸ੍ਰੀ ਗੁਰੂ ਜੀ ਕਹਿਆ ਤਾਂਮਰਦਾਨੇਕਹਿਆਗੁਰੂ ਜੀਏਤੇ ਏਤੇਲਸ਼ਕਰਵਾਲੇ ਰਾਜਾ ਹੋਇ ਵਰਤੇਹੈਨ ਅਤੇਮਹਾਰਾਜ ਜੀ ਓਹ ਸਭ ਲਸ਼ਕਰ ਮਿੱਟੀ ਹੋਇਗਏ ਹੈਂ ਜੋ ਜਿਨਾਂ ਦੀ ਭਾਬਿਆ ਲੱਖ ਲੱਖ ਖੁਹਣੀਆਂ ਸੈਨਾ ਹੋਇ ਚੁਕੀ ਤੇ ਓਹ ਭੀ ਕਾਲ ਦੇ ਵਸ ਹੋਇ ਗਏ ਹੈਨ ਜੀ ਤਾਂ ਸ੍ਰੀ ਗੁਰੂ ਬਾਬੇ ਜੀ ਇਕ ਸ਼ਲੋਕ ਉਚਾਰਿਆ ॥ ਮਰਨ ਮਹੂਰਤ ਨਹੀਂ ਪੁੱਛਿਆ ਪੁਛੀ ਥਿਤ ਨਾ ਵਾਰ ॥ ਇਕਲਦੇ ਇਕ ਲਦ ਚਲੇ ਇਕਨਾਂ ਬਧੇਭਾਰ॥ ਇਕਨਾਂ ਹੋਈ ਸਾਖਤੀ ਇਕਨਾ ਹੋਈ ਸਾਰ॥ ਲਸਕਰ ਸਣੇਦਮਾਮਿਆ ਛੁੱਟੇ ਬੰਕ ਦੁਆਰ॥ ਨਾਨਕ ਢੇਰੀ ਢਹਿ ਪਈ ਮਿੱਟੀ ਸੰਦਾ ਕੋਟਿ ॥ ਭੀਤਰ ਢੋਰ ਬਹਾਲਿਆ ਖੋਟ ਵੇ ਜੀਆ ਖੋਟ ॥੧॥ ਤਾਂ ਗੁਰੂ ਜੀ ਆਖਿਆ ਮਰਦਾਨਿਆਂ ਏਹਜੋਲਸ਼ਕਰ ਕਟਕ ਵਾਜੇਗਾਜੇ ਪਾਲਕੀਆਂ ਘੋੜੇਰਥਹਾਥੀ ਹੈਨਸਭ ਮਿੱਟੀ ਹੋਜਾਣੇਹੈਨਕੂੜੀਆਂ ਹਵਾਈਆਂ ਲੈਲੈ ਅੰਧਾ ਹੋਜਾਂਦਾ ਹੈ ਅੰਤ ਨੂੰਮਿੱਟੀਦੀ ਢੇਰੀ ਹੋਜਾਵੇਗਾ ॥ ਤਾਂ ਮਰਦਾਨੇ ਆਖਿਆ ਜੀ ਤੇਰੀਆਂਤੂੰਹੇ ਜਾਂਣ ਤਾਂਸ੍ਰੀ ਬਾਬੇਜੀ ਇਕਸ਼ਲੋਕ ਆਖਿਆ॥ ਸੀਹਾਂ ਬਾਜਾਂ ਚਰਗਾਂ ਕੁਹੀਆਂ ਇਨਾਂ ਖਵਾਲੇ ਘਾਹ ॥ ਘਾਹ ਖਾਨ ਤਿਨਾ ਮਾਸ ਖਵਾਲੇ ਏਹ ਚਲਾਏਰਾਹ॥ ਨਦੀਆਂਵਿਚਟਿਬੇਦਿਖਾਲੇਥਲੀ ਕਰੇਅਸਗਾਹ॥ ਕੀੜਾਥਾਪਦੇਇਪਾਤਿਸਾਹੀ ਲਸਕਰ ਕਰੇ ਸੁਆਹ॥ ਜੇਤੇ ਜੀਅਜੀਵਹਿ ਲੈ ਸਾਹਾ ਜੀਵਾਲੇਤਾਂ ਕਿਆ ਸਾਹ ॥ ਨਾਨਕ ਜਿਉਜਿਉ ਸਚੇਭਾਵੈ ਤਿਉ ਤਿਉ ਦੇਹਿ ਗਿਰਾਹਿ॥ ਤਾਂਮਰਦਾਨਾਆਇਪੈਰੀ ਪਿਆ॥੯੩॥

ਆਗੇ ਸਾਖੀ ਦੋਹਾਂ ਗਿਰਾਂਵਾਂ ਦੀ

ਸ੍ਰੀ ਗੁਰੂ ਨਾਨਕ ਜੀ ਜਾਂਦੇਜਾਂਦੇ ਇਕਸ ਗਿਰਾਂਇਦੇਵਿਚਜਾਇਵੜੇ ਪਰਓਥੋਂਦੇ ਲੋਕਬੈਠਨ ਨਾ ਦੇਵਣ ਸਗੋਂ ਮਸਕਰੀਆਂ ਕਰਨ ਸੋ ਓਥੇ ਕਾਈ ਘੜੀ ਨ ਰਹੇ ਓਥੋਂ ਅੱਗੇ ਨੂੰ ਚਲੇਗਏ ਪਰ ਸ੍ਰੀ ਮਹਾਰਾਜਜੀ ਏਹ ਮੂੰਹੋਂ ਆਖਿਆ ਮਰਦਾਨਿਆਂ ਏਹ ਸ਼ਹਿਰਵਸਦਾ ਹੀ ਰਹੇ॥ ਏਹ ਆਖ ਕਰ ਸ੍ਰੀਗੁਰੂ ਨਾਨਕਜੀ ਇਕ ਹੋਰਸ ਗਿਰਾਂਇ ਜਾਇ ਵੜੇ ਪਰ ਓਥੋਂ ਦੇ ਲੋਕਾਂ ਬਹੁਤ

CC-0. Gurukul Kangri University Haridwar Collection. Digitized by S3 Foundation USA

ਸੇਵਾ ਕੀਤੀ ਅਤੇ ਸ੍ਰੀਬਾਬਾਜੀ ਓਥੇਰਾਤਰਹੇ ਬਹੁਤ ਲੋਕ ਸ੍ਰੀ ਗੁਰੂਜੀ ਦੇ ਪਾਸਰਹੇ ਸਰਧਾ ਕਰਕੇ ਪ੍ਰਸਾਦਵੀ ਆਨ ਰੱਖਿਆ ਸੋ ਮਹਾਰਾਜਜੀ ਮਰਦਾਨੈਨੂੰ ਦਿੱਤਾ ਅਰ ਸਭ ਓਥੋਂ ਦੇ ਲੋਕਾਂਨੂੰ ਵਰਤਾਇ ਦਿੱਤਾ ਹੇਗੁਰੂਜੀ ਮੇਰੇਕੋ ਆਗਿਆਕਰੀ ਬਾਲਾਕੈਸਾਥਾਂਇਡਿੱਠੇ ਤਾਂ ਮੈਂ ਆਖਿਆਗੁਰੂਜੀ ਤੇਰੀਆਂ ਭੂਹੇਂਜਾਣ ਭਾਂ ਅਗਲੇਭਲਕ ਓਥੋਂ ਗੁਰੂਜੀ ਆਗੇਕੋਚਲੇ ਪਰ ਮੁਖਥੀਂ ਕਹਿਓਨੇ ਭਾਈ ਏਹਮੁਲਖ ਏਥੋਂ ਉਜੜਜਾਵੇਗਾ ਏਹਬਚਨ ਗੁਰੂਜੀ ਕੀਤਾ ਤਾਂ ਮਰਦਾਨੇ ਆਖਿਆ ਗੁਰੂਜੀ ਤੇਰੇ ਦਰਬਾਰ ਬੜਾਅਨਿਆਉਂ ਦੇਖਿਆਹੈ ਜਿੱਥੇ ਬੈਠਨਾ ਭੀ ਨਾਮਿਲੇ ਓਨਾਂਤਾਈਂ ਵਾਕਹੋਯਾ ਵਸਦੇਰਹੋ ਅਤੇਜਿਨਾਂ ਤਨਮਨਕਰਕੇ ਸੇਵਾਕੀਤੀ ਓਨਾਂ ਭਾਈਂਆਪਨੇ ਕਹਿਆਹੈ ਕਿ ਉਜੜ ਜਾਹੋ ਏਹ ਕਿਆ ਅਸਚਰਜ ਹੈ ਤਾਂ ਗੁਰੂਨਾਨਕ ਜੀ ਕਹਿਆਮਰਦਾਨਿਆਂ ਏਸ ਸ਼ਹਿਰਦਾਆਦਮੀ ਜਿਸ ਗ੍ਰਾਉਂਵਿਚਜਾਵੇਗਾ ਸੋਓਹਨਾਂਦੀ ਵੀ ਗਤਿਕਰੇਗਾ ਅਤੇ ਸੁਮਤਦੇਵੇਗਾ ਅਤੇਜੇਕਰ ਓਸ ਸ਼ਹਿਰਦਾਆਦਮੀ ਜਿੱਥੇ ਜਾਵੇਗਾ ਹੱਥੋਂ ਓਨਾਂਨੂੰਖਰਾਬਕਰੇਗਾ ਤਾਂ ਮਰਦਾਨੇ ਆਖਿਆਜੀ ਜਿਸਦੀ ਆਪਚਾਹੋਤਿਸਦੀਗਤੀ ਕਰਦੇ ਹੋ ॥ ਤਾਂ ਗੁਰੂ ਨਾਨਕ ਜੀ ਸ਼ਬਦ ਉਚਾਰਿਆ ॥ ਰਾਗ ਮਲਾਰ ਮਹਲਾ ੧

ਖਾਣਾ ਪੀਣਾ ਹਸਣਾ ਸਉਣਾ ਵਿਸਰਗਇਆਹੈਮਰਣਾ॥ਖਸਮ ਵਿਸਾਰ ਖੁਆਰੀ ਕੀਨੀ ਧ੍ਰਿਗ ਜੀਵਣ ਨਹੀਂ ਰਹਿਣਾ॥ ੨॥ ਪ੍ਰਾਣੀ ਏਕੋ ਨਾਮ ਧਿਆਵਹੁ॥ ਅਪਨੀ ਪਤਸੇਤੀ ਘਰਜਾਵਹੁ ॥੨॥ਰਹਾਉ॥ ਤੁਝਕੋ ਸੇਵਹਿ ਤੁਝ ਕਿਆ ਦੇਵਹਿ ਮਾਂਗਹਿ ਲੇਵਹਿਰਹੇਨਹੀ॥ਤੂੰਦਾਤਾਜੀਆਂ ਸਭਨਾਂਕਾ ਜੀਆਂਅੰਦਰਜੀਉ ਤੂੰਹੀ॥ ੨ ॥ ਗੁਰ ਮੁਖ ਧਿਆਵਹਿ ਸੇ ਅੰਮ੍ਰਿਤ ਪਾਵਹਿਸੇਈ ਸੂਚੇ ਹੋਈ ॥ ਅਹਿਨਿਸ ਨਾਮਜਪਹੁ ਰੇ ਪ੍ਰਾਣੀ ਮੈਲੇ ਹਛੇਹੋਹੀ ॥੩॥ ਜੇਹੀ ਰੁਤ ਕਾਇਆਂ ਸੁਖ ਤੇਹਾ ਤੇਹੋ ਜੇਹੀ ਦੇਹੀ ॥ ਨਾਨਕ ਰੁਤ ਸੁਹਾਵੀ ਸਾਈ ਥਿਨ ਨਾਵੈ ਰੁਤ ਕੇਹੀ ॥ ੪ ॥ ਜਾਂ ਏਹ ਸ਼ਬਦ ਹੋਯਾ ਤਾਂਮਰਦਾਨੇਆਖਿਆ ਵਾਹ ਵਾਹ ਤੇਰੀਕੁਦਰਤ ਏਹ ਕਹਿਕਰ ਮੱਥਾਟੇਕਿਆ ਅਤੇਸ੍ਰੀਗੁਰੂ ਜੀ ਓਥੋਂਦੇ ਲੋਕਾਂ ਪਰ ਖ਼ੁਸ਼ੀ ਕਰਕੇ ਓਥੋਂ ਚਲਦੇਰਹੇ ॥ ਬੋਲੋ ਭਾਈਜੀ ਵਾਹਿਗੁਰੂ॥੯੪॥

ਸਾਖੀ ਆਸਾ ਦੇਸ਼ ਕੀ ਚਲੀ

ਤਾਂ ਫੇਰਗੁਰੂਬਾਬਾਜੀ ਆਸਾ ਦੇਸ਼ ਮੈਂ ਆਇਵੜੇ ਅੱਗੇ ਸ਼ੇਖਫ਼ਰੀਦ ਜੰਗਲਵਿੱਚ ਬੈਠਾ ਥਾ ਓਏ ਗੁਰੂਬਾਬਾ ਨਾਨਕਜੀ ਆਯਾ ਤਾਂ ਸ਼ੇਖਫ਼ਰੀਦ ਬੋਲਿਆ ॥ ਅੱਲਹ ਅੱਲਹ ਦਰਵੇਸ਼॥ ਅੱਗੋਂ ਸ੍ਰੀਬਾਬਾਜੀਜਵਾਬ ਦਿੱਤਾ ਅਵਾਜ਼ਅਲਾਹ ਫ਼ਰੀਦਜ਼ੁਹਦਹਮੇਸ਼ ਸੁਆਉ ਸ਼ੇਖਫ਼ਰੀਦ ਜ਼ੁਹਦੀ ਆਯਾ ਤਾਂ ਦਸਤ ਪੰਜਾ ਲੈਕਰ ਬਹਿਗਿਆ ਤਾਂ ਸ਼ੇਖਫ਼ਰੀਦ ਸ੍ਰੀਗੁਰੂਬਾਬਾ ਜੀਕਾ ਰੂਪਦੇਖਕਰ ਬੋਲਿਆ ਗੋਸ਼ਟਕੀਤੀ ਸ਼ੇਖ ਫ਼ਰੀਦ ਗੁਰੂ ਬਾਬੇਜੀ ਨੂੰ ਪੁੱਛਿਆ ॥ ਅਕੇ ਤਾਂ ਲੋਫ਼ ਮੁਕਦਮੀ ਅਕੇ ਤਾਂ ਅੱਲਹ ਲੋਫ਼ ॥ ਦੁਹ ਬੇੜੀ ਨਾ ਲੱਤ ਧਰ ਮਤਵੰਞੇ ਵੱਖਰ ਬੋਫ਼ ॥ ਤਬ ਗੁਰੂ ਬਾਬੇ ਜੀ ਜਵਾਬ ਦਿੱਤਾ ॥ ਸ਼ਲੋਕ ॥ ਦੋਹੀਂ ਬੇੜੀ ਲੱਤ ਧਰ ਦੋਹੀਂ

CC-0. Gurukul Kangri University Haridwar Collection. Digitized by S3 Foundation USA

ਵੱਖਰ ਚਾੜ੍ਹ॥ ਕੋਈ ਬੇੜੀ ਡੁਬਸੀ ਕੋਈ ਲੱਗੇ ਪਾਰ ॥ ੧ ॥ ਨਾ ਪਾਣੀ ਨਾ ਬੇੜੀਆਂ ਨਾ ਡੁੱਬੇਨਾਜਾਇ ॥ ਨਾਨਕ ਵੱਖਰ ਸਚਧਨ ਸਹਿਜੇ ਰਹਿਆ ਸਮਾਇ ॥੨॥ ਤਾਂ ਸ਼ੇਖ਼ ਫ਼ਰੀਦ ਬੋਲਿਆ ॥ਸ਼ਲੋਕ॥ ਫ਼ਰੀਦਾ ਤਨ ਰਹਿਆ ਮਨ ਫੱਟਿਆ ਤਾਗਤਿ ਰਹੀ ਨ ਕਾਇ ॥ ਉਠੀਪੀਤ ਤਬੀਬਕੀ ਓਹਕਾਰੀ ਦਾਰੂਲਾਇ॥੪॥ ਤਬ ਗੁਰੂ ਬਾਬੇ ਜੀ ਜਵਾਬ ਦਿਤਾ ॥ ਸ਼ਲੋਕ॥ ਸੱਜਣ ਸਚਪਰਖ ਮੁਖਅਲਾਵਣ ਥੋਥਰਾ॥ਨਾਨਕ ਮਨਮਝਾਹੁ ਲਖਿਤੁਧੋ ਦੂਰ ਨ ਸੁਪਿਰੀ ॥ ਤਦ ਸ਼ੇਖ ਫ਼ਰੀਦ ਸ਼ਬਦ ਰਾਗ ਸੂਹੀ ਵਿਚ ਬੋਲਿਆ ॥ ਬੇੜਾ ਬੰਧ ਨ ਸਕਿਓ ਬੰਧਨਕੀ ਬੇਲਾ ॥ ਭਰ ਸਰਵਰ ਜਬਉਛਲੈ ਤਬ ਤਰਨ ਦੁਹੇਲਾ ॥ ਹਥਨਲਾਇ ਕਸੁੰਭੜੈ ਜਲ ਜਾਸੀ ਢੋਲਾ ॥੧॥ਰਹਾਉ ॥ ਇਕ ਆਪੀਨੈ ਪਤਲੀ ਸਹੁਕੇਰੇਬੋਲਾ ॥ ਦੁਧਾ ਥਣੀ ਨ ਆਵਈ ਫਿਰ ਹੋਇ ਨ ਮੇਲਾ ॥ ਕਹੇਫਰੀਦ ਸਹੇਲੀਓ ਸਹੁ ਅਲਹਾਏਸੀ॥ਹੰਸੁ ਚਲਸੀ ਡੁੰਮਣਾ ਅਹਿ ਤਨਢੇਰੀ ਥੀਸੀ ॥ ੧ ॥ ਤਾਂ ਗੁਰੂ ਬਾਬੇਜੀ ਜਵਾਬ ਦਿੱਤਾ ਸ਼ਬਦ ਕੀਤਾ ਰਾਗ ਸੂਹੀ ॥ ਜਪਤਪ ਕਾ ਬੰਧੁਬੇਫ਼ੁਲਾ ਜਿਤੁਲੰਘੇ ਵਹੇਲਾ ॥ ਨਾਸਰਵਰਨਾਉਛਲੈ ਐਸਾ ਪੰਥਸੁਹੇਲਾ ॥੧॥ ਤੇਰਾ ਏਕੋ ਨਾਮ ਮੰਜੀਠੜਾ ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥੧॥ਰਹਾਉ॥ਸਜਣ ਚਲੇ ਪ੍ਰਿਆਰਿਆ ਕਿਉਂ ਮੇਲਾ ਹੋਈ ॥ ਆਵਾਗਉਨ ਨਿਵਾਰਸੀ ਸਚ ਦੇਵੈਸੋਈ॥੨॥ਹਉਮੈ ਮਾਰ ਨਿਵਾਰਸੀ ਸੀਤਾ ਹੈ ਚੋਲਾ ॥ ਗੁਰ ਬਚਨੀ ਸਹੁ ਪਾਇਆ ਸਹਕੇ ਅੰਮ੍ਰਿਤਬੋਲਾ ॥੩॥ਨਾਨਕ ਕਹੈ ਸਹੇਲੀਓ ਸਹੁ ਖਰਾ ਪਿਆਰਾ ॥ ਹਮ ਸ਼ਹਿਕੇਰੀਆ ਦਾਸੀਆ ਸਾਚਾ ਖਸਮ ਹਮਾਰਾ ॥ ੪ ॥ ਤਬ ਸ਼ੇਖ਼ ਫ਼ਰੀਦ ਬੋਲਿਆ ॥ ਰਾਗ ਆਸਾ ਵਿਚ ਸ਼ਬਦ ਕੀਤਾ ॥ ਦਿਲਹੁ ਮੁਹਬਤ ਜਿਨ ਸੇਈ ਸਚਿਆ ॥ ਜਿਨ ਮਨ ਹੋਰ ਮੁਖ ਹੋਰ ਸਿ ਕਾਢੇਕਚਿਆ॥ਰਤੇਇਸਕਖੁਦਾਇਰੰਗ ਦੀਦਾਰਕੇ॥ਵਿਸਰਿਆ ਜਿਨਾ ਨਾਉ ਸੇ ਭੁਇਭਾਰ ਥੀਏ ॥ ੧॥ਰਹਾਉ ॥ ਆਪਲਏ ਲੜਲਾਇ ਦਰ ਦਰਵੇਸ ਸੇ॥ ਤਿਨ ਧੰਨ ਜਣੇਦੀ ਮਾਉ ਆਏਸਫਲਸੇ॥੨॥ਪਰਵਦਗਾਰ ਅਪਾਰਅਗੰਮਅਬਿਅੰਤਤੂੰ ॥ ਜਿਨਾਪਛਾਤਾਸਚਚੁੰਮਾਪੈਰਮੂੰ ॥੩॥ਤੇਰੀ ਪਨਹਖੁਦਾਇਤੂੰਬਖਸੰਦਗੀ॥ਸੇਖਫਰੀਦੈ ਖੈਰਦੀਜੈ ਬੰਦਗੀ॥੪॥ ਤਾਂਬਾਏ ਸ਼ਬਦ ਬੋਲਿਆ ਰਾਗਸੂਹੀਮਹਲਾ ੧ ਸੁਚਜੀ॥ ਜਾਤੂ ਤਾਮੈ ਸਭੁਕੋ ਤੂੰਸਾਹਿਬ ਮੇਰੀ ਰਾਸ ਜੀਉ॥ ਤੁਧ ਅੰਦਰ ਹਉ ਸੁਖ ਵਸਾਂ ਤੂੰਅੰਦਰਿ ਸਾਬਾਸਜੀਉ ॥ ਭਾਣੈਤਖਤ ਵਡਿਆਈਆ ਭਾਣੈ ਭੀਖਉਦਾਸਜੀਉ॥ਭਾਣੈ ਥਲਸਿਰ ਸਰਵਹੈ ਕਵਲਫੁਲੈ ਆਕਾਸਜੀਉ॥ ਭਾਣੈ ਭਉਜਲ ਲੰਘੀਐ ਭਾਣੈ ਮੰਝ ਭਰੀਆਸਜੀਉ॥ਭਾਣੈਸੋ ਸਹੁਰੰਗੁਲਾ ਸਿਫਤ ਰਤਾ ਗੁਣਤਾਸਜੀਉ ॥ਭਾਣੈ ਸਹੁਭੀ ਹਾਵਲਾ ਹਉਆਵਣਜਾਣ ਮੁਈਆਸਜੀਉ ॥ ਤੂੰ ਸਹੁ ਅਗਮ ਅਤੋਲਵਾ ਹਉ ਕਹਿਕਹਿ ਢਹਿਪਈਆਸ ਜੀਉ॥ਕਿਆਮਾਗਉ ਕਿਆਕਹਿ ਸੁਣੀ ਮੈ ਦਰਸਨ ਭੂਖ ਪਿਆਸਜੀਉ॥ਗੁਰੁਬਚਨੀ ਸਹੁਪਾਇਆ ਸਚ ਨਾਨਕਕੀ ਅਰਦਾਸ ਜੀਉ ॥੧॥ ਤਾਂਬਾਬਾ ਨਾਨਕਜੀ ਤੇ ਸ਼ੇਖ਼ਫ਼ਰੀਦ ਸਾਰੀਰਾਤ ਬਾਹਰਹੀ ਇਕੱਠੇ ਜੰਗਲਵਿਚ ਰਹੇ ਤਾਂ ਇਕਦਾ

CC-0. Gurukul Kangri University Haridwar Collection. Digitized by S3 Foundation USA

ਖੁਦਾਇਦਾ ਆਇਨਿਕਲਿਆ ਅਤੇ ਦੋਹਾਂਨੂੰ ਅਕੱਠਿਆਂ ਦੇਖਕਰ ਆਪਣੇ ਘਰਕੇ ਉੱਠਗਿਆਂ ਜਾਇਕਰ ਇੱਕਤਬਲਬਾਜ ਦੁਧਦਾ ਭਰਕਰ ਲੈਆਯਾ ਪਰ ਉਸਤਬਲਬਾਜ ਦੇ ਵਿੱਚ ਚਾਰ ਮੁਹਰਾਂ ਵੀ ਪਾਇ ਲਿਆਯਾ ਪਿਛਲੀ ਰਾਤ ਤਾਂ ਸ਼ੇਖ਼ ਫ਼ਰੀਦ ਹੋਰਾਂ ਆਪਣਾ ਹਿੱਸਾ ਪਾਇਲਿਆ ਤੇ ਗੁਰੂ ਨਾਨਕ ਜੀ ਦਾ ਵੱਖਰਾ ਰੱਖ ਛਡਿਆਸੁ ਤਾਂ ਸ਼ੇਖ ਫ਼ਰੀਦ ਬੋਲਿਆ ॥ ਪਹਿਲੇ ਪਹਿਰੈ ਫੁਲੜਾ ਫਲੁ ਭੀ ਪਛਾ ਰਾਤਿ॥ਜੋ ਜਾਗੰਨਿ ਸੋ ਲਹਿਨਗੇ ਸਾਈਂ ਕੰਨੋ ਦਾਤਿ॥ਤਬ ਸ੍ਰੀ ਬਾਬੇ ਜੀ ਜਵਾਬ ਦਿਤਾ ॥ ਸ਼ਲੋਕ ॥ ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸਨਾਲਿ ॥ਇਕਿ ਜਾਗੰਦੇ ਨਾ ਲਹਨਿ ਇਕਨਾ ਸੁਤਿਆ ਦੇਇ ਉਠਾਲਿ ॥ ਤਾਂ ਸ੍ਰੀ ੁਰੂ ਨਾਨਕ ਜੀ ਆਖਿਆ ਸ਼ੇਖ਼ ਫ਼ਰੀਦ ਤੂੰ ਇਸ ਦੁੱਧ ਵਿੱਚ ਹੱਥ ਪਾਇਕਰ ਦੇਖ ਜੋ ਇਸ ਬਰਤਨ ਵਿੱਚ ਕਿਆ ਹੈ ਤਾਂ ਸ਼ੇਖ਼ ਫ਼ਰੀਦ ਨੇ ਬਰਤਨ ਦੇਖਿਆ ਤਾਂ ਉਸ ਵਿੱਚ ਚਾਰ ਮੁਹਰਾਂ ਹੈਨ ਅਤੇ ਓਹ ਬੰਦਾ ਤਬਲਬਾਜ ਛਡਕਰ ਚਲਦਾ ਰਹਿਆ ਤਾਂ ਗੁਰੂ ਨਾਨਕ ਜੀ ਇੱਕ ਸ਼ਬਦ ਕਹਯਾ॥ ਰਾਗ ਤੁਖਾਰੀ ਵਿੱਚ ਮਃ੧ ॥ ਪਹਿਲੈ ਪਹਿਰੇ ਨੈਣ ਸਲੋਨੜੀਏ ਰੈਣ ਅੰਧਿਆਰੀ ਰਾਮ ॥ ਵਖਰ ਰਾਖ ਮੁਈਏ ਆਵੈ ਵਾਰੀ ਰਾਮ॥ ਵਾਰੀ ਆਵੈ ਕਉਣ ਜਗਾਵੈ ਸੂਤੀ ਜਮ ਰਸ ਚੂਸਏ ॥ ਰੈਣ ਅੰਧੇਰੀ ਕਿਆ ਪਤਿ ਤੇਰੀ ਚੋਰ ਪੜੈ ਘਰਿ ਮੂਸਏ ॥ ਰਾਖਨਹਾਰਾ ਅਗਮ ਅਪਾਰਾ ਸੁਣ ਬੇਨੰਤੀ ਮੇਰੀਆ ॥ ਨਾਨਕ ਮੂਰਖ ਕਬਹਿ ਨ ਚੇਤੇ ਕਿਆ ਸੂਝੈ ਰੈਣ ਅੰਧੇਰੀਆ ॥ ੧ ॥ ਦੂਜਾ ਪਹਿਰ ਭਇਆ ਜਾਗ ਅਚੇਤੀ ਰਾਮ॥ ਵਖਰ ਰਾਖ ਮੁਈਏ ਖਾਜੈ ਸੇਤੀ ਰਾਮ ॥ ਰਾਖਹੁ ਖੇਤੀ ਹਰਿ ਗੁਰ ਹੇਤੀ ਜਾਗਤ ਚੋਰ ਨ ਲਾਗੈ॥ ਜਮ ਮਗ ਨ ਜਾਵਹੁ ਨਾ ਦੁਖ ਪਾਵਹੁ ਜਮ ਕਾ ਡਰ ਭਉ ਭਾਗੈ ॥ ਰਵਿ ਸਸਿ ਦੀਪਕ ਗੁਰਮਤਿ ਦੁਆਰੈ ਮਨ ਸਚਾ ਮੁਖ ਧਿਆਵਏ ॥ ਨਾਨਕ ਮੂਰਖ ਅਜਹੁ ਨ ਚੇਤੇ ਕਿਉ ਦੂਜੈ ਸੁਖ ਪਾਵਏ॥੨॥ ਤੀਜਾ ਪਹਿਰ ਭਇਆ ਨੀਂਦ ਵਿਆਪੀ ਰਾਮ॥ ਮਾਇਆ ਸੁਤ ਦਾਰਾ ਦੂਖ ਸੰਤਾਪੀ ਰਾਮ॥ ਮਾਇਆ ਸੁਤ ਦਾਰਾ ਜਗਤਿ ਪਿਆਰਾ ਚੋਗ ਚੁਗੈ ਨਿਤ ਫਾਸੈ ॥ ਨਾਮ ਧਿਆਵੈ ਤਾਂ ਸੁਖ ਪਾਵੈ ਗੁਰਮਤਿ ਕਾਲ ਨ ਗ੍ਰਾਸੈ॥ ਜੰਮਨ ਮਰਣ ਕਾਲ ਨਹੀ ਛੋਡੈ ਵਿਣ ਨਾਵੈ ਸੰਤਾਪੀ। ਨਾਨਕ ਤੀਜੈ ਤ੍ਰਿਬਿਧ ਲੋਕਾ ਮਾਇਆ ਮੋਹ ਬਿਆਪੀ॥੩॥ ਚਉਥਾ ਪਹਿਰ ਭਇਆ ਦਉ ਤਬਿ ਹਾਗੈ ਰਾਮ ॥ ਤਿਨ ਘਰਿ ਰਾਖਿ ਅੜਾਜੋ ਅਨਦਿਨ ਜਾਗੈ ਰਾਮ॥ ਗੁਰ ਪੂਛ ਜਾਗੈ ਨਾਮ ਲਾਗੈ ਤਿਨਾ ਰੈਣਿ ਸੁਹੇਲੀਆ॥ ਗੁਰ ਸਬਦ ਕਮਾਵਹਿ ਜਨ ਮਨ ਆਵਹਿ ਤਿਨਾ ਹਰਿ ਪ੍ਰਭ ਬੇਲੀਆ ॥ ਕਰ ਕੰਪ ਚਰਨ ਸਰੀਰ ਕੰਪੈ ਨੈਣ ਅੰਧੁਲੇ ਤਨ ਭਸ ਮਸੇ॥ ਨਾਨਕ ਦੁਖੀਆ ਜੁਗ ਚਾਰੇ ਬਿਨ ਨਾਮ ਹਰਿ ਕੇ ਮਨ ਬਸੇ ॥ ੪ ॥ ਖੂਲੀ ਗੰਠੜੀ ਆਉ ਲਿਖਿਆ ਆਇਆ ਰਾਮ ॥ ਰਸਿ ਕਸ ਸੁਖ ਠਾਕੇ ਬੰਧ ਚਲਾਇਆ ਰਾਮ॥ ਬੰਧ ਚਲਾਇਆ ਜਾਂ ਪ੍ਰਭ ਭਾਇਆ ਨ ਦੀਸੈ ਨਾ ਸੁਣੀਐ ॥ ਆਪਨ ਵਾਰੀ ਸਭਸੈ ਆਵੈ ਪਕੀ ਖੇਤੀ ਲੁਣੀਐ ॥ ਘੜੀ ਚਸੇ ਕਾ ਲੇਖਾ ਲੀਜੈ ਬੁਰਾ ਭਲਾ ਸਹੁ ਜੀਆ ॥ ਨਾਨਕ ਸੁਰਿ ਨਰ ਸਬਦ ਮਿਲਾਏ ਤਿਨ ਪ੍ਰਭ ਕਾਰਣ ਕੀਆ ॥ ੫ ॥ ੧ ॥ ਤਾਂ ਬਾਬਾ ਜੀ ਤੇ ਸ਼ੇਖ਼ ਫ਼ਰੀਦ ਓਥੋਂ ਚਲਦੇ ਰਹੇ ॥ ਜਦ ਓਹ ਬੰਦਾ ਖ਼ੁਦਾਇਦਾ ਆਯਾ ਤਾਂ

CC-0. Gurukul Kangri University Haridwar Collection. Digitized by S3 Foundation USA

ਕਿਆ ਦੇਖੇ ਤਾਂ ਤਬਲਬਾਜ ਓਥੇ ਪਇਆ ਹੈ ਪਰ ਓਹ ਤਬਲਬਾਜ ਦੇਖੇ ਤਾਂ ਸੁਇਨੇ ਦਾ ਹੈ ਅਤੇ ਸਭ ਮੁਹਰਾਂਦਾ ਭਰਿਆ ਹੋਇਆ ਹੈ ਤਬ ਓਹਲਗਾ ਪਛੋਤਾਉਣ ਤੇ ਆਖਿ ਓਸ ਭਾਈ ਓਹਤਾਂ ਦੁਨੀਆਂ ਤੇ ਬਿਦਾਰ ਫ਼ਕੀਰ ਹੈਸਨ ਜੇਮੈਂ ਦਿਲ ਕਰਕੇ ਆਉਂਦਾ ਤਾਂ ਦੀਨ ਪਾਂਵਦਾ ਜੇ ਦੁਨੀਆਂ ਲੈ ਆਯਾ ਤਾਂ ਦੁਨੀਆਂ ਪਾਈ ਅਤੇ ਓਹ ਤਬਲਬਾਜ ਆਪਣੇ ਘਰ ਲੈਆਯਾ ਤਾਂ ਸ੍ਰੀ ਗੁਰੂਨਾਨਕਜੀ ਤੇ ਸ਼ੇਖ਼ਫ਼ਰੀਦ ਦੋਵੈਂ ਰਲ ਕਰ ਆਸਾ ਦੇਸ਼ ਕਉ ਗਏ ਅਤੇ ਆਸਾ ਦੇਸ਼ਦਾ ਰਾਜਾ ਸ਼ਾਮਸੁੰਦਰ ਥਾ ਤਦ ਉਸਕਾ ਕਾਲ ਹੁਆ ਥਾ ਤੇ ਉਸਕੀ ਖੋਪਰੀ ਜਲੈ ਨਹੀਂ ਅਨੇਕ ਯਤਨ ਕਰ ਰਹੇ ਤਾਂ ਫੇਰ ਜੋਤਸ਼ੀਆਂ ਨੂੰ ਪੁੱਛਿਆ ਜੋ ਏਹ ਕਿਆ ਕਾਰਣ ਹੈ ਤਬ ਜੋਤਸ਼ੀਆਂ ਆਪਣੀ ਕਿਤਾਬ ਦੇਖੀ ਤੇ ਦੱਸਿਆ ਕਿ ਇਸਨੇ ਇੱਕ ਵਾਰ ਮਿੱਥਿਆ ਬੋਲਿਆ ਹੈ ਤਾਂ ਏਸਦਾ ਜੀਉ ਕਸ਼ਟ ਵਿੱਚ ਪਇਆ ਹੈ ਉਸ ਸਮੇ ਵਿੱਚ ਆਸਾ ਦੇਸ ਦੇ ਲੋਕ ਸੱਤ ਵਾਰ ਦੀ ਥੇ ਦਿਨ ਕਉ ਬੀਜਦੇ ਸਨ ਤੇ ਰਾਤ ਕਉ ਲਹੁੜੈ ਦਿਨ ਲੁਣਦੇ ਸਨ ਤਬ ਆਸਾ ਦੇਸ਼ ਦੇ ਲੋਕ ਲਗੇ ਹਾਇ ਹਾਇ ਕਰਨ ਤਬ ਜੋਤਸ਼ੀਆਂ ਕਹਿਆ ਇਸਕੀ ਮੁਕਤ ਤਦ ਹੋਵੇਗੀ ਜਾਂ ਕਿ ਸੇ ਸੰਤ ਦਾ ਚਰਨ ਲਗੇਗਾ ਤਬ ਆਸਾ ਦੇ ਵਜੀਰਾਂ ਸਭ ਰਸਤੇ ਬੰਦ ਕਰਕੇ ਇੱਕ ਤਰਫ਼ ਦਾ ਦਰਵਾਜ਼ਾ ਖੁਲ੍ਹਾ ਰੱਖਿਆ ਤੇ ਰਾਜਾ ਦੀ ਖੋਪੜੀ ਰੱਖ ਛੱਡੀ ਤਿਚਰਾਂ ਨੂੰ ਗੁਰੂਨਾਨਕਜੀ ਤੇ ਸ਼ੇਖ਼ਫ਼ਰੀਦ ਜਾਇ ਨਿਕਲੇ ਜਬ ਨੇੜੇ ਗਏ ਤਾਂ ਗੁਰੂਜੀ ਬਚਨ ਕੀਤਾ ਸ਼ੇਖ਼ਫ਼ਰੀਦਜੀ ਆਗੇ ਤੁਮ ਪੈਰ ਪਾਵੋ ਤਾਂ ਸ਼ੇਖਫ਼ਰੀਦਨੇ ਆਖਿਆ ਜੀ ਮੇਰੀ ਕਿਆ ਮਜਾਲ ਹੈ ਜੋ ਮੈਂ ਅੱਗੇ ਪੈਰ ਧਰਾਂ ਤਬ ਅੱਗੇ ਸ੍ਰੀ ਬਾਬੇਜੀ ਪੈਰ ਧਰਿਆ ਜਾਂ ਪੈਰ ਧਰਦੇਈ ਸੇ ਤਾਂ ਰਾਜਾ ਦੀ ਖੋਪਰੀ ਫੁੱਟ ਗਈ ਏਹ ਦੇਖ ਕਰ ਆਸਾ ਦੇਸ਼ਦੇ ਲੋਕ ਸਭ ਸ੍ਰੀ ਗੁਰੂਜੀ ਦੀ ਚਰਨੀਂ ਆਇ ਲਗੇ ਤਬ ਗੁਰੂਜੀ ਸ਼ਬਦ ਉਚਾਰਨ ਕੀਤਾ ਰਾਗ ਮਾਰੂ ਵਿੱਚ॥ ਮਾਤ ਪਿਤਾ ਮਿਲਿ ਪਿੰਡ ਕਮਾਇਆ॥ ਤਿਨ ਕਰਤੇ ਏਹ ਖੇਲ ਰਚਾਇਆ ॥ ਲਿਖਦਾ ਤ ਜੋਤਿ ਵਡਿਆਈ ॥ ਮਿਲਿ ਮਾਇਆ ਸੁਰਤ ਗਵਾਈ॥ ੧॥ ਮੂਰਖ ਮਨ ਕਾਹੇ ਕਰਸ ਹਿਮਾਣਾ॥ ਉਠ ਚਲਣਾ ਖਸਮੈ ਭਾਣਾ॥ ੧॥ ਰਹਾਉ॥ ਤ ਜਿਸਾ ਦਿਸ ਹਿ ਜਸੁ ਖ ਹੋਈ ॥ ਘਰਿ ਛਡਣੇ ਰਹੇ ਨ ਕੋਈ ॥ ਕਿਛ ਖਾਜੈ ਕਿਛ ਧਰਿ ਜਾਈਐ ॥ ਜੇ ਸ਼ਾਹੁੜ ਦੁਨੀਆਂ ਆਈਐ॥ ੨॥ ਸਜੁ ਕਾਇਆ ਪਟੁ ਹੰਢਾਇ॥ ਫੁਰਮਾਇ ਸਿ ਬਹੁਤ ਚਲਾਏ ॥ ਕਰ ਸੇਜ ਸੁਖਾਲੀ ਸੋਵੈ॥ ਹਥੀ ਪਉਦੀ ਕਾਹੇ ਰੋਵੈ॥ ੩॥ ਘਰਿ ਘੁੰਮਣ ਵਾਣੀ ਭਾਈ॥ ਪਾਪ ਪਥਰ ਤਰਣੁ ਨ ਜਾਈ॥ ਭਉ ਬੇੜਾ ਜੀਉ ਚੜਾਊ॥ ਕਹੁ ਨਾਨਕ ਦੇਵੇ ਕਾਹੁ॥ ੪॥

ਤਾਂ ਲੋਕ ਅਕੱਠੇ ਹੋਇਕਰ ਜੋ ਪਰਸ਼ਾਦਿ ਰੋਟੀਆਂ ਲਈ ਆਂਦਨ ਸੋ ਸ਼ੇਖ਼ ਫ਼ਰੀਦ ਦੇਵਨ ਜੋ ਲੈਆਵੇ ਤਿਸਕਉ ਆਖੈ ਜੋ ਮੈਂ ਖਾਧੀ ਹੈ ਅਤੇ ਪੱਲੇ ਭੀ ਬੱਧੀ ਹੈ ਤਬ ਆਸਾ ਦੇਸ਼ ਦੇ ਲੋਕਾਂ ਆਖਿਆ ਹੇ ਬੰਦੇ ਖ਼ੁਦਾਇ ਦੇ ਤੂੰ ਤਾਂ ਕਿਸੇ ਕੂੜਿਆਰ ਮੁਲਖਦੇ ਰਹਿਣ ਵਾਲਾ ਹੈਂ ਤੇ ਕੂੜਹੀ ਬੋਲਦਾ ਹੈਂ ਐਸੇ ਦੇਸ਼ ਦਾ ਹੈਂ ਜਿੱਥੇ ਸ਼ੇਖ਼ਫ਼ਰੀਦ ਰਹਿੰਦਾ ਹੈ ਤੇ ਰੋਟੀ ਕਾਠ ਦੀ ਬੱਧੀ ਸੁ ਤੇ ਜੇ ਕੋਈ ਰੋਟੀ ਦੇਂਦਾ ਹੈ ਤਾਂ ਕਹਿੰਦਾ ਹੈ ਭਾਈ ਮੈਂ ਖਾਧੀ ਹੈ ਤੇ ਮੇਰੇ ਪਾਸ ਵੀ ਹੈਗੀ ਹੈ ॥

CC-0. Gurukul Kangri University Haridwar Collection. Digitized by S3 Foundation USA

ਜਾਂ ਏਹਬਾਤ ਸ਼ੇਖ਼ਫ਼ਰੀਦਨੇ ਸੁਣੀ ਤਾਂ ਓਹ ਕਾਠਦੀ ਰੋਟੀ ਪੱਲਿਓਂ ਖੋਲ੍ਹਕੇ ਸੁਟ ਦਿੱਤੀ ਤੇ ਆਖਿਆ ਕਿ ਇੱਕਵਾਰ ਰਾਜੇ ਕੂੜ ਬੋਲਿਆ ਤੇ ਏਸ ਹਾਲਤ ਨੂੰ ਪਹੁੰਚਿਆ ਹੈ ਤੇ ਮੈਂ ਤਾਂ ਕਈਵਾਰ ਝੂਠਬੋਲਿਆਹਾਂ ਤੇ ਮੇਰਾ ਕੀ ਹਵਾਲ ਹੋਵੇਗਾ ਤਾਂਸ੍ਰੀਬਾਬੇਜੀਆਖਿਆ ਸ਼ੇਖ਼ ਫ਼ਰੀਦਜੀ ਤੁਸਾਂਵਿੱਚ ਖ਼ੁਦਾਇ ਸਹੀਹੈ ਤਾਂਸ਼ੇਖ਼ਫ਼ਰੀਦਨੇ ਵਿਦਿਆ ਮੰਗੀ ਤਾਂਫੇਰਗੁਰੂਜੀ ਕਹਿਆ ਹੋਸ਼ੇਖ਼ਫ਼ਰੀਦ ਤੂੰ ਕੋਈ ਪੀਰ ਕਰ ਤਾਂਸ਼ੇਖ਼ਫ਼ਰੀਦ ਕਹਾ ਭਲਾ ਹੋਵੇ ਜੀ ਤਾਂ ਸ਼ੇਖ਼ ਫ਼ਰੀਦ ਚਲਦੇ ਵਕਤ ਗਲਵਿੱਚ ਬਾਹਾਂ ਪਾਇਕਰ ਮਿਲੇ ਤਬ ਸ੍ਰੀ ਗੁਰੂ ਜੀ ਇਕ ਸ਼ਬਦ ਉਚਾਰਿਆ ਸਿਰੀਰਾਗ ਮਹਲਾ ੧ ॥ ਆਵਹੁ ਭੈਣੇ ਗਲਿ ਮਿਲਹੁ ਅੰਕ ਸਹੇਲੜੀਆਹ ॥ ਮਿਲਿਕਰ ਕਰਹਿ ਕਹਾਣੀਆਸਮਰਥ ਕੰਤਕੀਆਹ॥ਸਾਚੇਸਾਹਿਬਸਭਗੁਣਅਵਗੁਣਸਭ ਅਸਾਹ॥ਕਰਤਾਸਭਕੋਤੇਰੈਜੋਰ ॥ ਏਕਸਬਦਵੀਚਾਰੀਐ ਜਾਣੈ ਤਾਕਿਆ ਹੋਰ॥੧॥ਰਹਾਉ ॥ਜਾਇ ਪੁਛਹੁਸੋਹਾਗਣੀ ਤੁਸੀਰਾਵਿਆਕਿਨੀਗੁਣੀ॥ ਸਹਿਜ ਸੰਤੋਖ ਸੀਗਾਰੀਆ ਮਿਠਾ ਬੋਲਣੀ ॥ ਪਿਰਰੀਸਾਲੂਤਾਮਿਲੈਜਾਂਗੁਰਕਾਸਬਦਸੁਣੀ ॥ ੨ ॥ ਕੇਤੀਆਂਤੇਰੀਆਂ ਕੁਦਰਤੀ ਕੇਵਡ ਤੇਰੀਦਾਤਿ॥ਕੇਤੇ ਤੇਰੇ ਜੀਅਜੰਤ ਸਿਫਤ ਕਰਹਿ ਦਿਨਰਾਤਿ॥ਕੇਤੇ ਤੇਰੇ ਰੂਪ ਰੰਗ ਕੇਤੇ ਜਾਤਿਅਜਾਤਿ॥੩॥ਸਚੁਮਿਲੈਸਚਊਪਜੈਸਚ ਮਹਿਸਾਚਸਮਾਇ ॥ ਸੁਰਤਿ ਹੋਵੈ ਮਤਿ ਊਗਵੈ ਗੁਰਬਚਨੀ ਭਉ ਖਾਇ॥ ਨਾਨਕ ਸਚਾ ਪਾਤਿਸ਼ਾਹ ਆਪੇ ਲਏ ਮਿਲਾਇ ॥ ੪ ॥ ਏਹਸੁਣਕਰ ਸ਼ੇਖ਼ਫ਼ਰੀਦ ਹੋਰੀ ਓਥੋਂ ਚਲਦੇਰਹੇ ਅਤੇਗੁਰੂਜੀ ਓਸ ਦੇਸ਼ ਵਿਚ ਆਪਣੀ ਸਿਖੀ ਪ੍ਰਗਟਾਈ ਸਭ ਲੋਕ ਸ੍ਰੀਬਾਬੇ ਜੀਦੀ ਪੈਰੀਂ ਆਇਲਗੇ ਤਾਂਗੁਰੂਜੀ ਓਨਾਂਨੂੰ ਸਿੱਖ ਕੀਤਾ ਤੇ ਕਹਿਆ ਧਰਮਦੀ ਕਿਰਤ ਕਰਨੀਆਏ ਸਾਧਸੰਤਦੀ ਸੇਵਾਕਰਨੀ ਅਤੇਸ੍ਰੀਗੁਰੂ ਜੀ ਓਥੋਂ ਚਲਦੇ ਰਹੇ ॥ ਬੋਲਹੁ ਭਾਈ ਜੀ ਵਾਹਿਗੁਰੂ ॥ ੬੫ ॥

ਅੱਗੇ ਸਾਖੀ ਬਾਢੀ ਭਗਤ ਕੀ

ਸ੍ਰੀਗੁਰੂਜੀ ਜਾਂਦੇ ਜਾਂਦੇ ਇੱਕ ਬਾਢੀ ਭਗਤਦੇ ਘਰ ਰਾਤ ਜਾਇ ਰਹੇ ਤਬ ਉਸ ਬਾਢੀਨੇ ਸ੍ਰੀ ਗੁਰੂਨਾਨਕ ਜੀਕੀ ਸੇਵਾ ਬਹੁਤ ਕੀਤੀ ਅਤੇ ਸ੍ਰੀਗੁਰੂ ਜੀ ਜਾਂਦੇ ਜਾਂਦੇ ਉਸ ਬਾਢੀ ਦੀ ਝੁਗੀ ਢਾਹਿ ਗਏ ਅਤੇ ਮੰਜੀਵੀ ਭੰਨੀਗਏ ਤੇ ਭਾਂਡੇ ਉਸਦੇ ਤੋੜ ਗਏ ਪਰ ਓਹ ਬਾਢੀ ਕਿਧਰੇ ਗਿਆ ਹੋਯਾ ਸੀ ਜਦ ਗੁਰੂ ਜੀ ਉਸ ਗਿਰਾਉਂ ਦੇ ਬਾਹਰ ਗਏ ਤੇ ਮਰਦਾਨੇ ਅਤੇ ਮੈਂ ਆਖਿਆਜੀ ਏਸਨੇ ਤਾਂ ਅਸਾਡੀ ਟਹਿਲ ਬਹੁਤ ਕੀਤੀਸੀ ਤੇਸਾਨੂੰ ਚੰਗੀ ਜਗਹ ਦਿੱਤੀ ਨਾਲੇਮੰਜੀਦਿੱਤੀਜੀ ਸੁਖਦੀ ਰਾਤਕੱਟੀ ਤੇਚਲਦੇ ਚਲਦੇ ਉਸਦੀ ਝੁੱਗੀ ਢਾਹੀ ਤੇ ਮੰਜੀ ਭੰਨੀ ਭਾਂਡੇਤੋੜ ਚਲੇਹੋ ਜੀ ਤਾਂਸ੍ਰੀਗੁਰੂਜੀ ਕਹਿਆ ਭਾਈ ਇਸ ਦੀ ਟਹਿਲ ਸੇਵਾ ਬਾਇਪਈਹੈ ਇਹਨੇ ਬਹੁਤ ਪ੍ਰੀਤ ਨਾਲ ਸਾਡੀ ਸੇਵਾ ਟਹਿਲ ਕੀਤੀ ਹੈਸੁ ਜਿਸ ਤਰਹ ਦੁਆਪਰ ਜੁਗਕੇਵਿਖੇ ਸ੍ਰੀਕ੍ਰਿਸ਼ਨ ਭਗਵਾਨ ਸੁਦਾਮੇ ਦੀ ਸੇਵਾ ਦੇ ਬਦਲੇ ਉਸਦੇ ਮੰਦਰ ਰਤਨਾਂ ਕਰਕੇ ਜੜੇਹੋਏ ਰਚ ਦਿੱਤੇ ਸਨ ਸੋ ਭਾਈ ਏਸੇ ਤਰਹ ਏਸ ਭਗਤ ਦੇ ਮੰਦਰ ਭੀ

CC-0. Gurukul Kangri University Haridwar Collection. Digitized by S3 Foundation USA

ਅਦਭੁਤ ਸਵਾਰਨੇ ਹੈਨ ਏਹ ਕਹਿਕਰ ਸ੍ਰੀਗੁਰੂ ਨਾਨਕਜੀ ਓਥੋਂ ਆਗੇ ਕਉ ਚਲਦੇ ਰਹੇ ਜਦ ਬਾਢੀ ਆਪਣੇ ਘਰ ਆਯਾ ਤੇ ਕਿਆ ਦੇਖੇ ਜੋ ਔਰ ਕੇ ਔਰ ਹੀ ਬਨ ਗਏ ਹੈਨ ਜਿੱਥੇ ਓਸਦੀ ਝੁੱਗੀ ਸੀ ਅਚਰਜ ਮੰਦਰ ਰਚੇਗਏ ਹੈਨ ਅਤੇ ਸਭ ਸਮਿੱਗ੍ਰੀ ਅਧਿਕ ਤੇ ਅਧਿਕ ਸਜਰਹੀਹੈ ਪਰ ਓਹ ਦੇਖਕਰ ਭੁੱਲ ਗਿਆ ਪਹਿਚਾਨ ਨਾ ਸਕੇ ਕਹੇ ਪਰਮੇਸ਼ਰ ਦੀ ਕੁਦਰਤਿ ਅਪਰਅਪਾਰਹੈ॥ਹਰਨਭਰਨ ਜਾਕਾ ਨੇਤ੍ਰਫੋਰ॥ ਤਿਸਕਾ ਮੰਤ੍ਰਨਾਜਾਨੈ ਹੋਰ॥ ਤਿਸ ਭਗਵੰਤਕੇ ਅਪਾਰਚਰਿੱਤ੍ਰਹੈਂ ਅਰ ਸੰਤਭਗਤ ਭੀ ਅਪਾਰ ਮਹਿਮਾ ਵਾਲੇ ਹੈਨ ਏਹ ਕਹਿਕਰ ਓਹਬਾਢੀ ਉਸਘਰਦੇ ਅੰਦਰਗਿਆ ਜਹਾਂ ਉਸਕਾ ਮੰਜਾ ਪਲੰਘਪਿਆ ਥਾ ਉਸ ਜਗਹ ਸੁੰਦਰ ਪਲੰਘ ਹੈ ਅਤੇ ਉਸ ਦੇ ਚਵਾਂ ਪਾਵਿਆਂ ਦੇ ਪਾਸ ਬਹੁਤ ਅਣਗਿਣਤ ਹੀ ਪਦਾਰਥ ਪਿਆ ਹੈ ਹੋਰਸਮਿੱਗਰੀ ਭੀ ਅਣਗਿਣਤਧਰੀਹੈ ਏਹਕੁਦਰਤ ਦੇਖਕਰ ਓਹ ਬਾਢੀ ਹੈਰਾਨਹੋਗਿਆ ਅਤੇ ਭਾਈ ਬਾਲਾ ਕਹੇ ਹੇਗੁਰੂ ਅੰਗਦ ਜੀ ਜੋ ਜੋ ਪ੍ਰਾਣੀ ਸ੍ਰੀਗੁਰੂ ਜੀਕੇ ਵਾਕਾਂਕੋ ਚਿਤਵਿਖੇ ਧਾਰਨਕਰੇਗਾ ਔਰ ਪਰਮੇਸ਼ਰਦੇ ਭਗਤਾਦੀ ਮਨ ਤਨ ਕਰਕੇ ਪ੍ਰੀਤੀਸੰਯੁਕਤ ਆਏ ਗਏ ਅਭਿਆਗਤਦੀ ਟਹਿਲਸੇਵਾ ਕਰੇਗਾ ਉਸ ਪ੍ਰਾਨੀ ਦੇ ਸੰਪੂਰਨ ਕਾਰਜ ਸਵਰੇਂਗੇ ਉਸ ਕੀ ਲੋਕ ਪਰਲੋਕ ਮੇਂ ਸਹਾਇਤਾ ਹੋਗੀ ਪਰ ਏਸ ਅਸਚਰਜਕੋ ਦੇਖਕਰ ਉਸਵਸਤੀ ਦੇ ਲੋਕ ਜਾਇ ਸ੍ਰੀਗੁਰੂ ਜੀ ਕੀ ਚਰਨੀ ਲਗੇ ਬੜਾ ਪਰੇਮ ਕਰਨ ਸ੍ਰੀ ਗੁਰੂ ਜੀਦੇ ਦਰਸ਼ਨ ਦਾ ਸਦਕਾ ਉਨ੍ਹਾਂ ਲੋਕਾਂ ਦੀ ਮਤ ਨਿਰਮਲ ਹੋਇ ਗਈ ਅਤੇ ਸਭ ਲੋਕਾਂ ਦੇ ਆਤਮੇ ਏਹੋ ਆਈ ਜੋ ਕਿਵੇਂ ਸ੍ਰੀ ਗੁਰੂ ਬਾਬਾ ਜੀ ਸਾਡੀ ਵਸਤੀ ਵਿਚ ਕੋਈ ਕਾਲ ਰਹਿਨ ਤਾਂ ਉਨ੍ਹਾਂ ਲੋਕਾਂਨੇ ਅਰਦਾਸ ਕੀਤੀ ਹੈ ਗਰੀਬਨਵਾਜ ਜੀ ਸਾਡੇ ਉੱਪਰ ਮੇਹਰਬਾਨੀ ਕਰੋ ਕੋਈਕ ਦਿਨ ਸਾਡੇਰਹੋ ਆਪਣੇ ਚਰਣਾਂਦਾ ਸਦਕਾ ਸਾਡੀ ਕਲਿਆਣ ਕਰੋ ਜੀ ਹੇ ਬਾਬਾਜੀ ਅਸਾਂ ਅਨਾਥਾਂ ਉੱਪਰ ਮੇਹਰਦੀ ਦ੍ਰਿਸ਼ਟੀਕਰੋ ਅਤੇ ਸੇਵਕ ਜਾਣਕਰ ਉਧਾਰ ਕਰੀਏ ਜੀ ਉਨ੍ਹਾਂਦਾ ਪ੍ਰੇਮ ਦੇਖਕਰ ਸ੍ਰੀ ਗੁਰੂ ਜੀ ਓਥੇ ਟਿਕੇ ਤੇ ਓਨਾਂ ਲੋਕਾਂ ਨੂੰ ਸਿੱਖ ਬਣਾਇਆ ਤੇਕਹਿਆ ਭਾਈ ਇਕ ਧਰਮਸਾਲਾ ਬਣਾਓ ਤੇ ਤੀਸਰੇ ਪਹਿਰ ਕੀਰਤਨ ਕਰਿਆ ਕਰੋ ਸੋ ਓਨਾਂ ਲੋਕਾਂਨੇ ਤਿਵੇਂ ਹੀ ਕੀਤਾ ਗੁਰੂ ਜੀ ਕੀ ਸੇਵਾ ਬਹੁਤ ਕਰਨ ਇਕ ਲੜਕਾ ਸੱਤਾਂ ਬਰਸਾਂਦਾ ਘਰਤੋਂ ਸੁੱਤਾ ਉਠਕੇ ਕੀਰਤਨ ਸੁਣਨ ਨਿਤਹੀ ਆਯਾ ਕਰੇ ਪਰ ਓਹ ਲੜਕਾ ਸ਼ਰਮਦਾ ਮਾਰਿਆ ਸ੍ਰੀਗੁਰੂਜੀ ਦੇ ਪਿਛਲੇ ਪਾਸੇ ਆਇ ਖੜਾ ਹੋਇਆ ਕਰੇ ਜਦ ਸ਼ਬਦ ਕੀਰਤਨ ਦਾ ਭੋਗ ਪਵੇ ਤਾਂ ਓਹ ਲੜਕਾ ਆਪਣੇ ਘਰਨੂੰ ਚਲਿਆ ਜਾਵੇ ਅਤੇ ਸੰਗਤਭੀ ਆਪੋਆਪਣੇ ਘਰਾਂਨੂੰ ਜਾਵੇ ਇਕਦਿਨ ਸ੍ਰੀਗੁਰੂਜੀ ਨੇ ਕਹਿਆ ਭਾਈ ਜਦਏਹ ਬਾਲਕ ਆਵੇ ਤਾਂ ਇਸਨੂੰ ਪਕੜ ਰਖਣਾ ਅਗਲੇ ਭਲਕ ਜਾਂ ਕੀਰਤਨਦਾ ਭੋਗਪਿਆ ਤਾਂ ਸਿੱਖਾਂਨੇ ਉਸਲੜਕੇ ਨੂੰ ਪਕੜ ਲਿਆ ਤੇ ਸ੍ਰੀ ਗੁਰੂ ਜੀਕੇ ਹਜੂਰ ਲੈਗਏ ਤਾਂ ਸ੍ਰੀ ਗੁਰੂ ਜੀ ਉਸ ਬਾਲਕਨੂੰ ਪੁਛਿਆ ਹੇ ਲੜਕੇ ਤੂੰ ਏਸ ਵਕਤ ਸੁੱਤਾ ਸੁੱਤਾ ਉਠਕੇ ਕੀਰਤਨ ਸੁਣਨ

CC-0. Gurukul Kangri University Haridwar Collection. Digitized by S3 Foundation USA

ਆਉਂਦਾ ਹੈਂ ਅਜੇ ਤੇਰਾ ਹੱਸਨੇ ਖੇਡਣੇ ਦਾ ਵਕਤ ਹੈ ਔਰ ਖਾਣੇ ਪੀਣੇ ਸੌਣੇ ਦਾ ਵਕਤ ਹੈ ਤਾਂ ਉਸ ਬਾਲਕ ਆਖਿਆ ਜੀ ਆਪਦੇ ਦਰਸ਼ਨ ਦਾ ਸਦਕਾ ਤੇ ਆਪਦੇ ਸ਼ਬਦ ਦੇ ਪ੍ਰਤਾਪ ਮੈਨੂੰ ਸ੍ਰੀਪਰਮੇਸ਼ਰਦੀ ਭਗਤ ਅਤੇ ਆਪਦੇ ਚਰਨਾਂਦਾ ਸਤਸੰਗ ਹੀ ਚੱਢਾ ਲਗਦਾ ਹੈ ਤਾਂ ਫੇਰ ਗੁਰੂਜੀ ਕਹਿਆ ਲੜਕਿਆ ਏਹ ਤੈਨੂੰ ਕਿ ਸਭਰਹ ਸਤਸੰਗ ਚੱਢਾ ਲਗਦਾ ਹੈ ਤਾਂ ਫੇਰ ਉਸ ਬਾਲਕ ਨੇ ਕਹਿਆ ਹੇ ਗੁਰੂ ਜੀ ਇਕ ਦਿਨ ਮੈਨੂੰ ਮੇਰੀ ਮਾਇ ਨੇ ਆਖਿਆ ਹੇ ਲੜਕੇ ਤੂੰ ਅੱਗ ਬਾਲ ਸੋ ਮੈਂ ਲਗਾ ਅੱਗ ਬਾਲਨ ਤੇ ਮੇਰੀ ਮਾਂ ਲਗੀ ਆਦਾ ਗੁੰਨਣ ਜਦ ਮੈਂ ਚੁਲ੍ਹੇ ਵਿਚ ਲਕੜੀਆਂ ਜੋੜੀਆਂ ਤੇ ਪਹਿਲਾਂ ਨਿਕੀਆਂ ਲਕੜੀਆਂ ਬਲ ਗਈਆਂ ਤਾਂ ਮੇਰੇ ਮਨ ਵਿਚ ਵਿਚਾਰ ਆਈ ਹੇ ਜੀਅ ਖ਼ਬਰ ਹੈ ਕਿ ਮੈਂ ਛੋਟੇ ਹੀ ਕਾਲ ਦੇ ਵੱਸ ਹੋ ਜਾਣਾ ਹੈ ਕਿਆ ਜਾਪੈ ਵਡਾ ਹੋਵਣ ਦੇਵੇ ਕਿ ਨ ਹੋਵਣ ਦੇਵੇ ਸੋ ਸੱਚੇ ਪਾਤਸ਼ਾਹ ਜੀ ਮੈਂ ਹੁਣੇ ਹੀ ਸਤਸੰਗ ਕਰਨ ਲੱਗਾ ਹਾਂ ਜੀ ਏਹ ਬਾਤ ਉਸ ਬਾਲਕ ਦੀ ਸੁਨਕਰ ਸਾਰੀ ਸੰਗਤ ਹੈਰਾਨ ਹੋਈ ਅਤੇ ਸ੍ਰੀ ਗੁਰੂ ਜੀ ਨੇ ਉਸ ਲੜਕੇ ਦੇ ਪ੍ਰਥਾਇ ਇਕ ਸ਼ਬਦ ਆਖਿਆ ਸਿਰੀ ਰਾਗ ਵਿੱਚ ਮਹਲਾ ੧ ॥

ਘੜੀ ਮੁਹਤ ਕਾ ਪਾਹੁਨਾ ਕਾਜ ਸਵਾਰਨਹਾਰ॥ ਮਾਯਾ ਕਾ ਮਦ ਪੀਆ ਸਮਝੈ ਨਹੀ ਗਵਾਰ॥ ਉਠ ਚਲਿਆ ਪਛੁਤਾਇਆ ਪਰਿਆ ਵਸਿ ਜੰਦਾਰ॥੧॥ ਅੰਧੇ ਤੂੰ ਬੈਠਾ ਕੰਧੀ ਪਾਹਿ॥ ਜੇ ਹੋਵੀ ਪੂਰਬ ਲਿਖਿਆ ਤਾਂ ਗੁਰ ਕਾ ਸਬਦ ਕਮਾਹਿ॥੧॥ ਰਹਾਉ॥ ਹਰੀ ਨਾਹੀਂ ਨਹਿ ਝੜਚੀ ਪਕੀ ਵਢਣ ਹਾਰ॥ ਲੈ ਲੈ ਦਾਤ ਪਹੁਤਿਆ ਲਾਵੇ ਕਰ ਤਈਆਰ॥ ਜਾ ਹੋਆ ਹੁਕਮ ਕਿ ਰਸਾਣਦਾ ਤਾਂ ਲੁਣਮਿਣਿਆ ਖੇਤਾਰ॥੨॥ ਪਹਿਲਾ ਪਹਿਰ ਧੰਧੈ ਗਇਆ ਦੂਜੈ ਭਰ ਸੋਇਆ॥ ਭੀ ਜੈ ਝਾਖ ਝਖਾਇਆ ਚੌਥੈ ਭੋ ਰ ਭਇਆ॥ ਕਦਹੀ ਚਿਤ ਨ ਆਇਓ ਜਿਨ ਜੀਉ ਪਿੰਡ ਦੀਆ॥ ੩॥ ਸਾਧ ਸੰਗਤ ਕਉ ਵਾਰਿਆ ਜੀਉ ਕੀਆ ਕੁਰਬਾਣ॥ ਜਿਸ ਤੇ ਸੋਝੀ ਮਨ ਪਈ ਮਿਲਿਆ ਪੁਰਖ ਸੁਜਾਣ॥ ਨਾਨਕ ਡਿਠਾ ਸਦਾ ਨਾਲ ਹਰਿ ਅੰਤਰਿਜਾਮੀ ਜਾਣ॥ ੪॥ ੧॥

ਜਦ ਏਹ ਸ਼ਬਦ ਗੁਰੂਜੀ ਆਖਿਆ ਤਾਂ ਉਸ ਲੜਕੇ ਸ੍ਰੀ ਗੁਰੂਜੀ ਦੇ ਚਰਨਾਂ ਪਰ ਮੱਥਾ ਟੇਕਿਆ ਤੇ ਸ੍ਰੀ ਗੁਰੂਜੀ ਨੇ ਉਸ ਬਾਲਕ ਉਪਰ ਖ਼ੁਸ਼ੀ ਕੀਤੀ ਤੇ ਨਾਲੇ ਸੰਗਤ ਉੱਪਰ ਕ੍ਰਿਪਾ ਦ੍ਰਿਸ਼ਟੀ ਕੀਤੀ ਅਤੇ ਉਪਦੇਸ਼ ਕੀਤਾ ਭਾਈ ਸਿੱਖੋ ਕਰਤਾਰ ਨੂੰ ਹਾਜ਼ਰ ਹਜ਼ੂਰ ਜਾਣੋ ਅਤੇ ਪ੍ਰਮੇਸ਼ਰ ਦੀ ਭਗਤੀ ਕਰੋ ਏਹ ਜੀਵ ਸਦਾ ਨਹੀਂ ਰਹਿਨਾ ਕਰਤਾਰ ਦੀ ਆਗਿਆ ਨਾਲ ਜਮ ਜੀਵ ਨੂੰ ਪਕੜ ਕਰ ਲੈ ਜਾਂਦਾ ਹੈ ਏਹ ਸੱਤ ਵਾਕ ਆਂਦਾ ਉਪਦੇਸ਼ ਕਰਕੇ ਗੁਰੂਜੀ ਓਥੋਂ ਚਲ ਦੇ ਰਹੇ ॥੯੬॥

ਸਾਖੀ ਬਿਸੀਅਰ ਦੇਸ਼ ਦੀ

ਸ੍ਰੀ ਗੁਰੂ ਜੀ ਜਾਂਦੇ ਜਾਂਦੇ ਬਿਸੀਅਰ ਦੇਸ਼ ਕਉ ਜਾਇ ਪ੍ਰਾਪਤ ਹੋਏ ਪਰ ਓਥੇ ਗੁਰੂ ਜੀ ਨੂੰ ਕੋਈ ਬੈਠਨ ਨਾ ਦੇਵੇ ਤਾਂ ਓਥੋਂ ਸ੍ਰੀ ਗੁਰੂ ਨਾਨਾਕ ਜੀ ਉਠਕਰ ਬਾਹਰ ਜਾਇ ਬੈਠੇ ਤੇ ਝੰਡੇ ਬਾਢੀ ਨੇ ਦੇਖਿਆ ਕਿ ਤਿੰਨ ਅਤੀਤ ਆਇ ਬੈਠੇ ਹੈਨ ਤਾਂ ਝੰਡੇ ਨੇ ਸ੍ਰੀ ਗੁਰੂ ਅੱਗੇ ਮੱਥਾ ਟੇਕਿਆ

CC-0. Gurukul Kangri University Haridwar Collection. Digitized by S3 Foundation USA

ਤੇ ਫੇਰ ਝੰਡੇ ਨੇ ਆਪਣੀ ਘਰਨੀ ਨੂੰ ਆਖਿਆ ਸੰਤ ਆਏ ਹੈਨ ਉਨ੍ਹਾਂ ਵਾਸਤੇ ਕੁਛ ਅੰਨ ਹੋਵੈ ਤਾਂ ਲੈ ਜਾਵੀਏ ਤਾਂ ਘਰਨੀ ਨੇ ਆਖਿਆ ਜੀ ਜੋ ਹੈ ਸੋ ਆਪਨੂੰ ਮਾਲੂਮ ਹੈ ਪਰ ਝੰਡੇ ਦੇਖਿਆ ਤਾਂ ਘਰ ਵਿੱਚ ਕੁਝ ਨਹੀਂ ਅਤੇ ਝੰਡੇ ਦਾ ਏਹ ਨੇਮ ਸੀ ਕਿ ਆਏ ਗਏ ਸਾਧ ਸੰਤਦੀ ਸੇਵਾਕਰਨੀ ਜੇ ਅਪਨੇ ਘਰ ਨਾ ਵੀ ਹੋਵੇ ਤਾਂ ਗ੍ਰਾਮ ਵਿੱਚੋਂ ਮੰਗ ਕਰਕੇ ਵੀ ਸਾਧਾਂ ਦੀ ਸੇਵਾ ਕਰਨੀ ਪਰ ਉਸ ਦਿਨ ਝੰਡਾ ਸਾਰੀ ਵਸਤੀ ਵਿੱਚ ਫਿਰ ਰਹਿਆ ਪਰ ਉਸਨੂੰ ਕਿਤੋਂ ਹੱਥ ਕੁਛ ਨ ਆਯਾ ਲੋਕ ਕਹਿਣ ਲਗੇ ਭਾਈ ਏਹ ਫ਼ਕੀਰਾਂ ਦਾ ਨਾਮ ਲੈਕੇ ਆਪਨੇ ਘਰ ਲੈਜਾਂਦਾ ਹੈ ਪਰ ਬਹੁਤ ਹੀ ਫਿਰ ਰਹਿਆ ਕਿਤੇ ਹੱਥ ਨ ਪਿਆ ਅਤੇ ਉਸ ਦਿਨਉਸ ਰਾਜੇਦੀ ਛਿੰਜ ਸੀ ਉਸ ਰਾਜਾਨੇ ਇਕਭਲਵਾਨ ਰਖਿਆ ਹੋਯਾਸੀ ਪਰ ਉਸਦੀ ਪਿੱਠ ਕਦੀ ਨਹੀਂਸੀ ਲੱਗੀ ਤੇ ਹੁਕਮ ਰਾਜਾਦਾ ਏਹ ਹੈਸੀ ਕਿ ਜੋ ਕੋਈ ਢਾਹਲਏਗਾ ਉਸਨੂੰ ਸਉ ਟਕਾ ਦੇਵਾਂਗੇ ਤੇ ਜੇਹੜਾ ਢਹਿ ਪਵੇਗਾ ਉਸਨੂੰ ਪੰਜਾਹ ਟਕੇ ਦੇਵਨੇ ਏਹ ਢੰਡੋਰਾ ਰਾਜਾਨ ਫੇਰਿਆਸੀ ਤਾਂ ਝੰਡੇਨੇ ਮਨਵਿੱਚ ਵਿਚਾਰਿਆ ਕਿ ਭਾਈ ਜੇ ਮੈਂ ਡਿਗਪਵਾਂਗਾ ਤਾਂ ਪੰਜਾਹ ਟਕੇ ਲੈ ਆਵਾਂਗਾ ਤੇ ਏਨਾਂ ਦਾ ਪ੍ਰਸਾਦ ਹੋਜਾਵੇਗਾ ਏਹੋ ਵਿਚਾਰਕੇ ਝੰਡੇ ਜਾਇ ਕਰ ਰਾਜਾ ਦੇ ਭਲਵਾਨਨਾਲ ਦਸਤਪੰਜਾਲਿਆ ਤਾਂ ਉਸਭਲਵਾਨਨੇ ਵਿਚਾਰਿਆ ਕਿ ਏਹਤਾਂ ਕਦੀਨਹੀਂ ਘੁਲਿਆ ਉਸਨੇ ਆਖਿਆ ਭਾਈ ਤੂੰ ਕਿਉਂ ਆਯਾਹੈਂ ਤਾਂ ਉਸਨੇ ਕਹਿਆ ਭਾਈ ਮੇਰੇਘਰ ਸਾਧਆਏਹੈਨ ਓਨਾਂਦੇ ਵਾਸਤੇ ਆਯਾ ਹਾਂ ਕਿ ਜੋ ਮਿਲੇਗਾ ਉਨਕੀ ਸੇਵਾ ਕਰੂੰਗਾ ਜਾਂ ਏਹ ਉਸਨੇ ਸੁਣਿਆ ਤਾਂ ਦਿਲਵਿੱਚ ਉਸਨੇ ਕਹਿਆ ਭਾਈ ਏਹ ਤਾਂ ਪਰਮੇਸ਼ਰ ਦਾ ਭਗਤ ਹੈ ਜੇਹੜਾ ਪਰਾਏ ਕਾਰਜ ਆਪਣਾ ਸਰੀਰਭੀ ਤੁੜਾਉਂਦਾ ਹੈ ਸੋ ਭਲਵਾਨਦੇਮਨ ਪਰਮੇਸ਼ਰ ਦਾ ਭਉ ਉਪਜਿਆ ਤੇ ਓਸਦਾਪਿਛਲਾ ਅੰਕੂਰ ਜਾਗਿਆ ਭਲਾਹੋਵਣਾਸੀ ਤਾਂਓਹਭਲਵਾਨ ਨਿਕਲਕੇਆਖਣਲੱਗਾ ਆਓਭਾਈਝੰਡਿਆ ਤੂੰ ਮੇਰੇਨਾਲ ਲੜ ਤਾਂਝੰਡਾਵੀ ਤਿਆਰਖੜੋਤਾ ਸੀ ਸੋ ਦੋਵੇਂਜਣੇਂ ਘੁਲਦੇ ਰਹੇ ਓਹ ਭਲਵਾਨ ਝੰਡੇ ਪਾਸੋਂ ਢਹਿਪਿਆ ਤਾਂ ਰਾਜੇ ਨੇ ਝੰਡੇ ਨੂੰ ਸਿਰੋਪਾਉ ਦਿੱਤਾ ਤੇ ਨਾਲੇ ਓਹ ਟਕੇ ਦਿੱਤੇ ਅਤੇ ਲੋਕ ਵੀ ਸ਼ਹਿਰ ਦੇ ਏਹ ਕਹਿਨ ਕਿ ਭਾਈ ਏਹ ਕਦੀਨਹੀਂਸੀ ਕਿਸੇਪਾਸੋਂ ਡਿੱਗਾ ਤੇ ਹੁਨ ਝੰਡੇ ਪਾਸੋਂ ਏਹ ਢਹਿਪਿਆਹ ਪਰਝੰਡੇ ਜਾਇ ਗੁਰੂ ਜੀਦੀਸੇਵਾਕੀਤੀ ਤੇਸ੍ਰੀਗੁਰੂ ਜੀਉ ਸਭਲਵਾਨਨੂੰਤਾਰਿਆ ਤੇ ਏਹ ਹੁਕਮਕੀਤਾ ਕਿ ਜਦ ਏਸ ਭਲਵਾਨਦਾ ਅੰਤ ਹੋਵੇ ਤਾਂ ਸੱਚਖੰਡਨੂੰ ਪ੍ਰਾਪਤਿ ਹੋਵੇਗਾ ਔਰ ਭੀ ਉਸਦੀ ਕੁਲਦਾ ਉਧਾਰ ਕੀਤਾ ਔਰ ਝੰਡੇਉੱਪਰਖ਼ੁਸ਼ੀ ਕੀਤੀ ਨਾਮਦਾਨ ਦੀਆ ਤਾਂ ਝੰਡਾਵੀ ਲੱਗਾ ਗੁਰੂ ਗੁਰੂ ਜਪਨ ਸ੍ਰੀਵਾਹਿਗੁਰੂਦੇਨਾਮਦੀਖੁਮਾਰੀ ਝੰਡੇਨੂੰ ਜੋ ਚੜ੍ਹੀ ਸੋ ਲਗਾ ਝੰਡਾ ਉਦਾਸੀਨ ਫਿਰਨ ਤਾਂ ਸ੍ਰੀ ਗੁਰੂ ਜੀ ਝੰਡੇਦੀਆਂ ਸਰਬ ਕੁਲਾਂਦਾ ਉਧਾਰ ਕੀਤਾ ਤੇ ਸਦਗਤੀਕੀਤੀ ਅੰਤ ਕੋ ਝੰਡਾ ਸ੍ਰੀ ਗੁਰੂ ਜੀ ਕੇ ਲੋਕ ਪ੍ਰਾਪਤ ਹੋਯਾ ਸ੍ਰੀ ਗੁਰੂ ਜੀ ਇਕ ਸ਼ਲੋਕ ਆਖਿਆ ਉਸ ਭਲਵਾਨ ਦੇ ਪ੍ਰਥਾਇ ਪੜ ॥ ਸੁਖੀ ਬਸੈ ਮਸਕੀਨੀਆ ਆਪ ਨਿਵਾਰ ਤਲੇ ॥ ਬਡੇ ਬਡੇ ਅਹੰਕਾਰੀਆ

CC-0. Gurukul Kangri University Haridwar Collection. Digitized by S3 Foundation USA

ਨਾਨਕ ਗਰਬ ਗਲੇ ॥ ਤਾਂ ਝੰਡੇ ਨੇ ਗੁਰੂ ਜੀ ਕੋ ਮੱਥਾ ਟੇਕਿਆ ॥ ੯੭ ॥

ਅੱਗੇ ਸਾਖੀ ਮੀਏਂ ਮਿੱਠੇ ਨਾਲ ਹੋਈ

ਸ੍ਰੀ ਗੁਰੂ ਨਾਨਕ ਜੀ ਜਾਂਦੇ ਜਾਂਦੇ ਮੀਏਂ ਮਿੱਠੇ ਦੇ ਕੁਠਿਆਲੇ ਜਾਇ ਨਿਕਲੇ ਤਾਂ ਓਥੇ ਮੀਏਂ ਮਿੱਠੇ ਦੇ ਬਾਗ਼ ਵਿਚ ਗੁਰੂ ਜੀ ਜਾਇ ਬੈਠੇ ਤੇ ਮਿੱਠਾ ਜੋ ਸੀ ਸੋ ਸ਼ਾਹ ਅਬਦੁਲਰਹਿਮਾਨ ਦਾ ਮੁਰੀਦ ਹੈਸੀ ਪਰ ਪਹਿਲਾਂ ਗੋਸ਼ਟ ਗੁਰੂ ਨਾਨਕ ਜੀ ਦੀ ਸ਼ਾਹ ਅਬਦੁਲਰਹਿਮਾਨ ਨਾਲ ਹੋਈ ਸ਼ਾਹ ਅਬਦੁਲਰਹਿਮਾਨ ਉਸ ਬਾਗ਼ ਵਿਚ ਆਇ ਬੈਠਾ ਤਾਂ ਅੱਗੇ ਮਰਦਾਨਾ ਬੈਠਾ ਕੀਰਤਨ ਕਰਦਾ ਸੀ ਤਾਂ ਅਬਦੁਲਰਹਿਮਾਨ ਨੇ ਆਖਿਆ ਹੇ ਨਾਨਕ ਜੀ ਅੱਜ ਤੁਸਾਂ ਅਸਾਨੂੰ ਬਹੁਤ ਰਾਜ਼ੀ ਕੀਤਾ ਹੈ ਜੋ ਆਪਣੇ ਮੇਹਰਬਾਨੀ ਕਰਕੇ ਦੀਦਾਰ ਦਿੱਤਾ ਹੈ ਅਤੇ ਨਾਨਕ ਜੀ ਤੁਸਾਡੇ ਦੀਦਾਰ ਕਰਨੇ ਤੇ ਮੇਰੀ ਸਹਾਇਤਾ ਹੋਈ ਹੈ ਫੇਰ ਸ਼ਾਹ ਅਬਦੁਲਰਹਿਮਾਨ ਗੁਰੂ ਜੀ ਕੀ ਖ਼ੁਸ਼ੀ ਲੈਕੇ ਆਪਣੇ ਘਰ ਕੋ ਚਲਿਆ ਗਿਆ ਪਰ ਸ਼ਾਹ ਅਬਦੁਲਰਹਿਮਾਨ ਦਾ ਮੀਆਂ ਮਿੱਠਾ ਜੋ ਮੁਰੀਦ ਸੀ ਅੱਗੋਂ ਰਾਹ ਵਿਚ ਮਿਲਿਆ ਤੇ ਆਖਿਓਸੁ ਹੇ ਸ਼ਾਹ ਜੀ ਅੱਜ ਤੁਸੀ ਬਹੁਤ ਰੰਗੀਨ ਲਾਲ ਹੋਇਆਏ ਹੋ ਤਾਂ ਅੱਗੋਂ ਸ਼ਾਹ ਅਬਦੁਲਰਹਿਮਾਨ ਆਖਿਆ ਮੀਆਂ ਜੀ ਅੱਜ ਅਸਾਨੂੰ ਖ਼ੁਦਾਇਦਾ ਪਿਆਰਾ ਮਿਲ ਗਿਆ ਹੈ ਉਸਦੇ ਦੀਦਾਰ ਕਰਕੇ ਅਸੀ ਲਾਲ ਰੰਗੀਨ ਹੋਇ ਆਏ ਹਾਂ ਤਾਂ ਮੀਏਂ ਮਿੱਠੇ ਕਹਿਆ ਜੀ ਉਸਕਾ ਨਾਉਂ ਕਿਆ ਹੈ ਤੇ ਓਹ ਹੁੰਦਾ ਕਉਣ ਹੈ ਹਿੰਦੂ ਹੈ ਕਿ ਮੁਸਲਮਾਨ ਹੈ ਤਾਂ ਸ਼ਾਹ ਅਬਦੁਲਰਹਿਮਾਨ ਕਹਿਆ ਉਸਕਾ ਨਾਮ ਨਾਨਕ ਹੈ ਅਤੇ ਹਿੰਦੂ ਹੁੰਦਾ ਹੈ ਅਤੇ ਤੂੰ ਭੀ ਦੀਦਾਰ ਜਾਇ ਕਰ ਜੋ ਕੁਛ ਤੈਨੂੰ ਭੀ ਫ਼ੈਜ ਹੋਵੇਗਾ ਤਾਂ ਮੀਆਂ ਮਿੱਠਾ ਵੀ ਬਾਗ਼ ਦੇ ਵਿਚ ਗਿਆ ਤਾਂ ਅੱਗੇ ਮਰਦਾਨਾ ਬੈਠਾ ਸ਼ਬਦ ਗਾਉਂਦਾ ਹੈ ਪਰ ਏਹ ਤੁਕ ਮਰਦਾਨੇ ਦੇ ਮੁਹਿੰ ਵਿਚ ਸੀ ॥ ਸ੍ਰੀਮੁਖਵਾਕ ॥ ਪੰਛੀ ਹੋਇਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡ ਆਖਾ ਨਾਉ ॥ ਏਹ ਤੁਕ ਸੁਣਦਾਈ ਮੀਆਂ ਮਿੱਠਾ ਪੁੰਜੀ ਵਿਚ ਭੰਗ ਪਾਇ ਗਇਆ ਅਤੇ ਜਦੋਂ ਬਾਗੋ ਮੀਆਂ ਮਿੱਠਾ ਆਧਾ ਤਾਂ ਅਬਦੁਲਰਹਿਮਾਨ ਕਹਿਆ ਮੀਆਂ ਜੀ ਦੀਦਾਰ ਕੀਤਾ ਆਹਾ ਤਾਂ ਮਿੱਠੇ ਕਹਿਆ ਪੀਰ ਜੀ ਕਿਆ ਦੀਦਾਰ ਪਾਇਆ ਹੈ ਓਥੇ ਤਾਂ ਕੁਫ਼ਰੋ ਹੀ ਕੁਫ਼ਰ ਬੋਲਦੇ ਹੈਂ ਅਤੇ ਜਦ ਮੈਂ ਗਿਆ ਸਾਂ ਤੇ ਓਹ ਏਹ ਆਖਦਾਸੀ ॥ ਪੰਖੀ ਹੋਇਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੈ ਨਾ ਆਵਊ ਨਾ ਕਿਛੁ ਪੀਆ ਨ ਖਾਉ ॥ ਭੀ ਤੇਰੀ ਕੀਮਤ ਨਾ ਪਵੈ ਹਉ ਕੇਵਡ ਆਖਾ ਨਾਉ ॥ ਜਦ ਮੀਏਂ ਮਿੱਠੇ ਏਹ ਆਖਿਆ ਕਿ ਓਹ ਕੁਫ਼ਰ ਬੋਲਦਾ ਹੈ ਤਾਂ ਸ਼ਾਹ ਅਬਦੁਲ-ਰਹਿਮਾਨ ਨੇ ਆਖਿਆ ਚਲੋ ਮੀਆਂ ਜੀ ਧੁਰਾਨੂੰ ਬਖਸ਼ਾਇ ਲੈਆਵਾਂ ਮੀਏਂ ਮਿੱਠੇ ਕਹਿਆ ਪੀਰ ਜੀ ਅਸਾਡੇ ਹਿਸਾਬ ਵਿਚ ਚੌਦਾਂ ਤਬਕ ਹੈਨ ਸੱਤ ਹੇਠ ਅਤੇ ਸੱਤ ਉੱਪਰ ਅਤੇ ਉਸਨੇ ਸੈ ਹੀ ਆਖ ਕੇ ਫੇਰ ਕਹਿੰਦਾ ਹੈ ਅੰਤ ਨਹੀਂ ਏਹ ਕੁਫ਼ਰ ਆਖਦਾ ਹੈ ਤਾਂ ਅਬਦੁਲਰਹਿਮਾਨ ਕਹਾ ਮੀਆਂ ਓਸਨੂੰ ਸੈ ਅਸਮਾਨਾਂ ਦੀ ਹੀ ਖਬਰ ਹੈ ॥ ਤਾਂ ਸ਼ਾਹ ਅਬਦੁਲ ਰਹਿਮਾਨ ਮੀਏਂ ਮਿੱਠੇ ਨੂੰ

CC-0. Gurukul Kangri University Haridwar Collection. Digitized by S3 Foundation USA

ਨਾਲਲੈਗਿਆ ਤੇ ਹੱਥ ਜੋੜ ਕਰ ਸ੍ਰੀ ਗੁਰੂ ਜੀ ਦੇ ਅੱਗੇ ਅਰਦਾਸ ਕੀਤੀ ਗ਼ਰੀਬ ਨਿਵਾਜ਼ ਜੀ ਇਸਦੀ ਖਤਾ ਮਾਫ਼ ਕਰਹੁ ਧੁਰ ਵਾਂਨੂੰ ਦੁਹਾਈ ਹੈ ਤੁਹਾਡੇ ਖੁਦਾਇ ਦੀ ਤਾਂ ਗੁਰੂ ਨਾਨਕ ਜੀ ਕਹਿਆ ਆਓ ਸ਼ਾਹ ਜੀ ਅਸਾਂ ਇਸਨੂੰ ਦੇਖਿਆ ਭੀ ਨਾਹੀਂ ਤਾਂ ਅਬਦੁਲ ਰਹਿਮਾਨ ਨੇ ਅਰਜ਼ ਕੀਤੀ ਹੇ ਨਾਥ ਜੀ ਏਹ ਤਾਂ ਅਪਨੀ ਨੀਯਤ ਪਿੱਛੇ ਮਾਰਿਆ ਗਿਆ ਹੈ ਵਾਸਤੇ ਸਾਹਿਬ ਦੇ ਏਸਦੀ ਤਕਸੀਰ ਮਾਫ਼ ਕਰਹੁ ਜੀ ਏਹ ਬਹੁਤ ਭੁੱਲਾ ਹੈ ਜੀ ਤਾਂ ਗੁਰੂ ਜੀ ਕਹਿਆ ਸ਼ਾਹ ਜੀ ਜੈਸੀ ਨੀਯਤ ਤੈਸੀ ਮੁਰਾਦ ਮਿਲਦੀ ਹੈ ਤਾਂ ਸ਼ਾਹ ਅਬਦੁਲ ਰਹਿਮਾਨ ਕਹਿਆ ਗੁਰੂ ਜੀ ਏਹ ਤਾਂ ਫੇਰ ਵੀ ਮਾਰਿਆ ਗਿਆ ਏਹ ਤਾਂ ਭੁੱਲਾ ਹੈ ਜੀ ਇਸਦਾ ਗੁਨਾਹ ਬਖ਼ਸ਼ੋ ਜੀ ਏਹ ਤਾਂ ਬੜਾ ਗੁਨਾਹਗਾਰ ਹੈ ਅਤੇ ਤੁਸੀ ਤਾਂ ਸਰਨ ਪਰੇ ਕੀ ਲਾਜ ਰੱਖੋ ਜੀ ਤਾਂ ਫੇਰ ਮੀਆਂ ਮਿੱਠਾ ਹੱਥ ਜੋੜ ਗੁਰੂ ਜੀ ਦੇ ਚਰਨਾਂ ਉੱਪਰ ਢਹਿ ਪਿਆ ਜੀ ਤਾਂ ਫੇਰ ਸ੍ਰੀ ਗੁਰੂ ਜੀ ਇਕ ਸ਼ਬਦ ਆਖਿਆ ਸਿਰੀ ਰਾਗ ਮਹਲਾ ੧ ॥ ਕੋਟਿ ਕੋਟੀ ਮੇਰੀ ਆਰਜਾ ਪਵਣ ਪੀਅਣ ਅਪਿਆਉ ॥ ਚੰਦ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ ॥ ੧ ॥ ਸਾਚਾ ਨਿਰੰਕਾਰ ਨਿਜ ਥਾਉ ॥ ਸੁਣ ਸੁਣ ਆਖਣ ਆਖਣਾ ਸੇ ਭਾਵੈ ਕਰੈ ਤਮਾਉ ॥ ੧ ॥ ਰਹਾਉ ॥ ਕੁਸਾ ਕਟੀਆਂ ਵਾਰ ਵਾਰ ਪੀਸਣ ਪੀਸਾਪਾਉ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲ ਜਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ ॥ ੨ ॥ ਪੰਖੀ ਹੋਇ ਕੈ ਜੇ ਭਵਾ ਸੈ ਅਸਮਾਨੀ ਜਾਉ ॥ ਨਦਰੀ ਕਿਸੇ ਨ ਆਵਊ ਨਾ ਕਿਛ ਪੀਆ ਨ ਖਾਉ ॥ ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ ॥ ੩ ॥ ਨਾਨਕ ਕਾਗਦ ਲਖਮਣਾ ਪੜਿ ਪੜਿ ਕੀਚੈ ਭਾਉ ॥ ਮੱਸੂ ਭੋਟਿ ਨ ਆਵਈ ਲੇਖਣ ਪਉਣ ਚਲਾਉ ॥ ਭੀ ਤੇਰੀ ਕੀਮਤਨਾ ਪਵੈ ਹਉ ਕੇਵਡ ਆਖਾ ਨਾਉ ॥ ੪ ॥

ਜਾਂ ਸ੍ਰੀ ਗੁਰੂ ਜੀ ਬਚਨ ਕਹਿਆ ਤਾਂ ਭੀ ਮੀਏਂ ਮਿੱਠੇ ਦੇ ਮਨ ਵਿੱਚੋਂ ਗੁਮਾਨ ਨਹੀਂ ਗਿਆ ਤਾਂ ਮੀਆਂ ਮਿਠਾ ਅਪਣੇ ਘਰ ਨੂੰ ਉਠ ਆਯਾ ਅਤੇ ਸ੍ਰੀ ਗੁਰੂ ਨਾਨਕ ਜੀ ਅੰਤ੍ਰਜਾਮੀ ਘਟ ਘਟ ਦੇ ਜਾਣਨ ਹਾਰੇ ਮੀਏਂ ਮਿਠੇ ਦੇ ਦਿਲ ਦੀ ਬੁਝ ਲੀਤੀ ਇਕ ਦਿਨ ਮੀਏਂ ਮਿਠੇ ਦੇ ਦਿਲ ਵਿਚ ਅਗਾਹ ਹੋਈ ਕਿ ਨਾਨਕ ਭਲਾ ਫ਼ਕੀਰ ਹੈ ਪਰ ਅਸਾਨੂੰ ਮਿਲੇ ਤਾਂ ਇਉਂ ਨਿਚੋੜੀਏ ਜਿਉਂ ਨਿੰਬੂ ਨਿਚੋੜੀਦਾ ਹੈ ਤਾਂ ਗੁਰੂ ਨਾਨਕ ਜੀ ਕਹਿਆ ਮਰਦਾਨਿਆਂ ਮੀਆਂ ਮਿੱਠਾ ਕਿਆ ਆਖਦਾ ਹੈ ਤਾਂ ਮਰਦਾਨੇ ਆਖਿਆ ਜੀ ਤੇਰਾ ਜੰਤ ਹੈ ਜਿਸ ਤਰਾਂ ਤੂੰ ਵਜਾਵੇ ਤਿਵੇਂ ਹੀ ਵਜਦਾ ਹੈ ਤਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਿਆਂ ਜੇ ਸਾਨੂੰ ਮਿੱਠਾ ਮਿਲੇ ਤਾਂ ਅਸੀ ਇਉਂ ਕਰਾਂਗੇ ਜਿਸ ਤਰਾਂ ਗੰਨਾ ਪੀੜ ਸੁਟੀਦਾ ਹੈ ਉਸ ਤਰਾਂ ਪੀੜ ਸੁਟੀਏਂ ਗੇ ਤਾਂ ਇਕ ਦਿਨ ਮੀਏਂ ਮਿੱਠੇ ਨੂੰ ਮੁਰੀਦਾਂ ਨੇ ਕਹਜਾ ਪੀਰ ਜੀ ਚਲੋ ਨਾਨਕ ਫ਼ਕੀਰ ਦਾ ਦੀਦਾਰ ਕਰੀਏ ਅਤੇ ਪੀਰ ਜੀ ਇਕ ਦਿਨ ਤੁਸਾਂ ਕਹਿਆ ਸੀ ਜੋ ਨਾਨਕ ਮਿਲੇ ਤਾਂ ਨਿੰਬੂ ਦੀ ਤਰਾਂ ਨਿਚੋੜ ਲਵਾਂਗੇ ਤਾਂ ਮੀਏ ਮਿੱਠੇ ਨੇ ਕਹਿਆ ਭਾਈ ਸਾਨੂੰ ਅੱਗੋਂ ਜਵਾਬ ਆਇ ਗਿਆ ਹੈ ਕਿ ਅਸੀਂ ਮਿੱਠੇ ਨੂੰ ਇਉਂ ਨਿਚੋੜ ਸੁਟਾਂਗੇ ਜਿਸ ਤਰਾਂ

CC-0. Gurukul Kangri University Haridwar Collection. Digitized by S3 Foundation USA

ਗੰਨਾ ਪੀੜ ਲਈਦਾ ਹੈ ਤਾਂ ਮੁਰੀਦਾਂ ਨੇ ਕਹਿਆ ਮੀਆਂ ਜੀ ਨਾਨਕ ਫ਼ਕੀਰ ਤੁਸਾਂਦੇ ਨਾਲੋਂ ਜ਼ੋਰਾਵਰ ਹੈ ਚਲੋ ਖਾਂ ਫ਼ਕੀਰਦਾ ਦੀਦਾਰ ਕਰੀਏ ਕਜੋਂ ਜੋ ਦਰਸ਼ਨ ਕੀਤੇ ਸਬਾਬ ਹੈ ਤਾਂ ਮੀਆਂ ਮਿੱਠਾ ਮੁਰੀਦਾਂ ਨੂੰ ਨਾਲ ਲੈਕੇ ਗੁਰੂ ਨਾਨਕ ਜੀ ਦੇ ਪਾਸ ਆਯਾ ਆਪਸ ਵਿੱਚ ਗੋਸ਼ਟ ਹੋਈ ਤੇ ਪਹਿਲਾਂ ਗੁਰੂ ਨਾਨਕ ਜੀ ਸ਼ਬਦ ਆਖਿਆ ॥ ਸਿਰੀ ਰਾਗ ਮਹਲਾ ੧ ॥

ਮਨਮੁਖ ਭੂਲੈ ਭੁਲਾਈਐ ਭੂਲੀ ਠਉਰ ਨ ਕਾਇ ॥ ਗੁਰ ਬਿਨ ਕੋ ਨ ਦਿਖਾਵਈ ਅੰਧੀਆਵੈ ਜਾਇ॥ ਗਿਆਨ ਪਦਾਰਥ ਖੋਇਆ ਠਗਿਆ ਮੁਠਾ ਜਾਇ ॥ ੧ ॥ ਬਾਬਾ ਮਾਇਆ ਭਰਮ ਭੁਲਾਇ ॥ ਭਰਮ ਭੁਲੀ ਡੋਹਾਗਣੀ ਨਾ ਪਿਰ ਅੰਕ ਸਮਾਇ ॥ ੧॥ ਰਹਾਉ ॥ ਭੂਲੀ ਫਿਰੈ ਦਿਸੰਤਰੀ ਭੂਲੀ ਗ੍ਰਿਹ ਤਜ ਜਾਇ॥ ਭੂਲੀ ਭੂ ਗਰਬ ਲ ਚੜੈ ਭਰਮੈ ਮਨ ਡੋਲਾਇ ॥ ਧੁਰਹੁ ਵਿਛੁੰਨੀ ਕਿਉ ਮਿਲੈ ਗਰਬ ਮੁਠੀ ਬਿਲਲਾਇ॥ ੨॥ ਵਿਛੁੜਿਆ ਗੁਰ ਮੇਲਸੀ ਹਰਿ ਰਸ ਨਾਮ ਪਿਆਰ॥ ਸਚ ਸਹਿਜ ਸੋਭਾ ਘਣੀ ਹਰਿ ਗੁਣ ਨਾਮ ਅਧਾਰ ॥ ਜਿਉ ਭਾਵੈ ਤਿਉ ਰਖਤੂੰ ਮੈ ਤੁਝ ਬਿਨ ਕਉਨ ਭਤਾਰ॥ ੩॥ ਅਖਰ ਪੜਿ ਪੜਿ ਭੂਲੀਐ ਭੇਖੀ ਬਹੁਤ ਅਭਿਮਾਨ॥ ਤੀਰਥ ਨਾਤਾ ਕਿਆ ਕਰੈ ਮਨ ਮੈ ਮੈਲ ਗੁਮਾਨ॥ ਗੁਰ ਬਿਨ ਕਿਨ ਸਮਝਾਈਐ ਮਨ ਰਾਜਾ ਸੁਲਤਾਨ ॥ ੪॥ ਪ੍ਰੇਮ ਪਦਾਰਥ ਪਾਈਐ ਗੁਰਮੁਖ ਭਤ ਵੀਚਾਰ ॥ ਸਾਧਨ ਆਪ ਗਵਾਇਆ ਗੁਰ ਕੈ ਸਬਦ ਸੀਗਾਰ ॥ ਘਰਹੀ ਸੋ ਪਿਰ ਪਾਇਆ ਗਰ ਕੈ ਹੇਤ ਅਪਾਰ ॥ ੫ ॥ ੧ ॥

ਜਾਂ ਏਹ ਸ਼ਬਦ ਸ੍ਰੀ ਗੁਰੂ ਜੀ ਸੁਣਾਇਆ ਤਾਂ ਮੀਏਂ ਮਿੱਠੇ ਨੇ ਹੱਥ ਜੋੜ ਕਰ ਆਖਿਆ ਨਾਨਕ ਜੀ ਤੁਸੀ ਬੜੇ ਬਜ਼ੁਰਗ ਹੋ ਸਾਹਿਬ ਨੇ ਆਪ ਨੂੰ ਬਹੁਤ ਬਜ਼ੁਰਗੀ ਬਖ਼ਸ਼ੀ ਹੈ ਤਾਂ ਸ੍ਰੀ ਬਾਬੇ ਜੀ ਕਹਿਆ ਮੀਆਂ ਮਿੱਠਾ ਜੇਹੜੇ ਮਨਮੁਖ ਹੈਨ ਸੋ ਆਪਣੇ ਗੁਰਾਂ ਥੀਂ ਭੁੱਲੇ ਹੋਏ ਹੈਨ ਉਨ੍ਹਾਂਨੂੰ ਦੋਹਾਂ ਲੋਕਾਂ ਵਿੱਚ ਥਾਉਂ ਨਹੀਂ ਮਿਲਦੀ ਬਾਝ ਗੁਰਾਂ ਥੋਂ ਉਨਾਂਨੂੰ ਕੋਈ ਨਹੀਂ ਛੱਡਾਂਵਦਾ ਗੁਰਾਂ ਥੀਂ ਬਿਨਾ ਅਗਿਆਨੀ ਅੰਧੇ ਆਂਵਦੇ ਜਾਂਦੇ ਹੈਨ ਜਿਨਾਂ ਨੇ ਆਪਣੇ ਗੁਰਾਂ ਦਾ ਨਾਮ ਅਭੇਗਜਾਨ ਖੋਯਾ ਹੈ ਸੋ ਠੱਗੇ ਅਤੇ ਮੁੰਠੇ ਜਾਂਦੇ ਹੈਨ ਸਾਰਾ ਜਗਤ ਮਾਯਾ ਦੇ ਭਰਮ ਵਿੱਚ ਭੁਲਾ ਹੋਯਾ ਹੈ ਜੋ ਭੁਲੀਆਂ ਹੈਨ ਸੋ ਦੁਹਾਗਣੀਆਂ ਹੈਨ ਅਤੇ ਸੋ ਆਪਣੇ ਪਿਰਦੇ ਅੰਕ ਵਿੱਚ ਨਹੀਂ ਸਮਾਉਂਦੀਆਂ ਤੇ ਜੋ ਭੁੱਲੀਆਂ ਹੋਈਆਂ ਗ੍ਰਿਹਨੂੰ ਤਿਆਗ ਕੇ ਬਨਨੂੰ ਖੋਜਨ ਜਾਂਦੀਆਂ ਹੈਨ ਸੋ ਭੁਲੀਆਂ ਹੋਈਆਂ ਪਰਬਤਾਂ ਤੇ ਥਲਾਂ ਵਿੱਚ ਚੜ੍ਹਦੀਆਂ ਹੈਨ ਸੋ ਗਰਬ ਕਰਕੇ ਪਿਰ ਸੇ ਵਿਛੁੰਨੀਆਂ ਹੈਨ ਸੋ ਤਿਨਕਾ ਨਿਲਨਾ ਦੂਰ ਹੈ ਜੋ ਹੜੀਆਂ ਪ੍ਰਮੇਸ਼ਰ ਦੇ ਨਾਮ ਨੂੰ ਧਿਆਉਂਦੀਆਂ ਹੈਨ ਸੋ ਜਨਮ ਮਰਨ ਕੀਆਂ ਵਿਛੜੀਆਂ ਫੇਰ ਮਿਲਦੀਆਂ ਹੈਨ ਸਚ ਸਹਿਜ ਤੇ ਨਾਮ ਪ੍ਰਾਪਤ ਹੋਤਾ ਹੈ ਓਸੇ ਕੀ ਸੋਭਾ ਹੋਤੀ ਹੈ ਭਰਤਾ ਸਰਬ ਕਾ ਪਰਮੇਸ਼ਰ ਹੈ ਅਤੇ ਜੇ ਮਨ ਕੀ ਹਉਮੈ ਮੈਲ ਦੂਰ ਹੁੰਦੀ ਹੈ ਤਾਂ ਤੀਰਥ ਦਾ ਨ੍ਹਾਵਨਾਂ ਤੇ ਭੇਖ ਦਾ ਧਾਰਨਾ ਸਭ ਸੁਫਲ ਹੋਤਾ ਹੈ ਅਤੇ ਸਤਗੁਰਾਂ ਦੇ ਸ਼ਬਦ ਤੋਂ ਬਗ਼ੈਰ ਇਸ ਮਨ ਨੂੰ ਸਮਝ ਨਹੀਂ ਆਉਂਦੀ ਹੈ ਤੇ ਗੁਰਾਂ ਦੇ ਸ਼ਬਦ ਕਰਕੇ ਪ੍ਰੇਮ ਕਾ ਪਦਾਰਥ ਪ੍ਰਾਪਤ ਹੋਤਾ ਹੈ

CC-0. Gurukul Kangri University Haridwar Collection. Digitized by S3 Foundation USA

ਅਰ ਤੱਤਕੇ ਵਿਚਾਰਕਰਕੇ ਦੇਹਅਭਿਮਾਨਮਿਟਜਾਤਾਹੈ ਤਾਂਸਭਸੇ ਵਿਚਪਰਮੇਸ਼ਰ ਜਾਣਤੇ ਹੈਂ ਏਹਸ਼ਬਦ ਸੁਣਕਰ ਮੀਆਂ ਮਿੱਠਾ ਸਮੇਤ ਮੁਰੀਦਾਂਦੇ ਸ੍ਰੀਗੁਰੂਜੀਕੇ ਚਰਨਾਂ ਉੱਪਰਡਿੱਗ ਪਿਆ ਅਤੇ ਕਹਿਓਸ ਹੇ ਗੁਰੂਜੀ ਮੈਨੂੰ ਸਿੱਖ ਕਰੋਜੀ ਤਾਂ ਗੁਰੂਜੀ ਆਖਿਆ ਸੁਣੋਮੀਆਂਜੀ ਜੋ ਖ਼ੁਦਾਇਦਾਪਿਆਰਾ ਮਿਲੇ ਤਾਂ ਮਨਸੁਧ ਕਰਕੇ ਉਸਦੀਸੇਵਾ ਕਰਏ ਅਭਿਮਾਨਛੋਡਕਰ ਤੇ ਜੋਕੋਈ ਪਰਮੇਸ਼ਰਦੀ ਬੰਦਗੀਵਾਲਾਮਿਲੇਉਸਦੇਨਾਲ ਬਰਾਬਰੀਨਹੀਂ ਕਰਨੀ ਹੱਥੋਂ ਉਸ ਦੇਅੱਗੇ ਸਿਰਝੁਕਾਉਣਾ ਦਿਲੋਂ ਦੂਜਾ ਭਾਉ ਦੂਰ ਕਰੋ ॥ ਤਾਂ ਮੀਏਂ ਮਿੱਠੇ ਕਹਿਆ ਪਹਿਲਾ ਖ਼ੁਦਾਇਦਾ ਨਾਮ ਤੇ ਦੂਸਰਾ ਮੁਹੰਮਦਰਸੂਲਹੈ ਜੇਉਸਦਾਕਲਮਾ ਆਖੀਦਾਹੈ ਤਾਂਦਰਗਾਹ ਵਿੱਚ ਕਬੂਲਹੋਂਦਾਹੈ॥ਤਾਂ ਸ੍ਰੀਗੁਰੂਜੀ ਕਹਿਆਸੁਣੋਮੀਆਂਜੀ ਓਸ ਪਰਮੇਸ਼ਰਦੇ ਦਰਉਪਰ ਦੂਜੈਦੀ ਜਗਾ ਕੋਈਨਹੀਂ ਤੇ ਜੇ ਕੋਈ ਓਥੇ ਰਹਿੰਦਾ ਹੈ ਤਾਂਏਕਤਾ ਹੋਇ ਕਰ ਰਹਿੰਦਾਹੈ॥ ਤਾਂ ਮੀਏਂਮਿੱਠੇ ਨੇ ਹੋਰ ਸਵਾਲ ਕੀਤਾ ਹੇ ਗੁਰੂਜੀ ਕਿਵੇਂ ਤੇਲ ਬਿਨਾ ਦੀਵਾਵੀ ਬਲਦਾ ਹੈ ਤਾਂ ਸ੍ਰੀ ਗੁਰੂ ਇੱਕ ਸ਼ਬਦ ਉਚਾਰਨ ਕੀਤਾ ॥ ਸਿਰੀ ਰਾਗ ਮਹਲਾ ੧ ॥ ਅਛਲ ਛਲਾਈ ਨਹ ਛਲੈ ॥ ਨਹ ਘਾਉ ਕਟਾਰਾ ਕਰ ਸਕੈ ॥ ਜਿਉ ਸਾਹਿਬ ਰਾਖੈ ਤਿਉ ਰਹੈ ॥ ਇਸ ਲੋਭੀ ਕਾ ਜੀਉ ਟਲ ਪਲੈ ॥ ੧ ॥ ਬਿਨ ਤੇਲ ਦੀਵਾ ਕਿਉ ਜਲੈ ॥ ੧ ॥ ਰਹਾਉ ॥ ਪੋਥੀ ਪੁਰਾਨ ਕਮਾਈਐ॥ਭਉ ਵਟੀ ਇਤ ਤਨ ਪਾਈਐ ॥ ਸਚ ਬੂਝਣ ਆਨ ਜਲਾਈਐ ॥ ੨ ॥ ਏਹ ਤੇਲ ਦੀਵਾ ਇਉ ਜਲੈ ॥ ਕਰ ਚਾਨਣ ਸਾਹਿਬ ਭਉ ਮਿਲੈ ॥ ੧ ॥ ਰਹਾਉ ॥ ਇਤ ਤਨ ਲਾਗੈ ਬਾਣੀਆ ॥ ਸੁਖ ਹੋਵੈ ਸੇਵ ਕਮਾਣੀਆ ॥ ਸਬਦੁਨੀਆ ਆਵਣਜਾਣੀਆ ॥੩॥ ਵਿੱਚ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣ ਪਾਈਐ ॥ ਕਹੁ ਨਾਨਕ ਬਾਹ ਲੁਡਾਈਐ ॥ ੪ ॥ ੧ ॥ ਜਾਂ ਏਹ ਸ਼ਬਦ ਸ੍ਰੀ ਗੁਰੂ ਜੀ ਕਹਿਆ ਤਾਂ ਮੀਏਂ ਮਿੱਠੇ ਨੇ ਸਵਾਲ ਕੀਤਾ ਹੇ ਗ਼ਰੀਬਨਿਵਾਜ ਜੀ ਪੜ੍ਹੇ ਹੋਏਕਬੂਲਕਿਉਂ ਨਹੀਂ ਪਉਂਦੇ ਅਤੇ ਓਹਦਾਦਰਵੇਸ਼ ਕਉਨਹੈਨਜੋਪਰਮੇਸ਼ਰਦੇ ਦਰਦੀਲਾਇਕ ਹੈਨ ਅਤੇ ਓਹ ਦਰਜ਼ਾ ਕਉਨਹੈ ਜਿਸਦੇ ਰੱਖਿਆਂ ਮਨ ਥਾਇ ਰਹਿੰਦਾ ਹੈ ਅਤੇ ਓਹ ਨਿਮਾਜ਼ਾ ਪੰਜ ਕਉਣ ਹੈਨ ਜਿਨਾਂ ਦੇ ਕੀਤਿਆਂਖ਼ੁਦਾਇ ਨਜ਼ਰ ਕਰੇ ਤਾਂ ਸ੍ਰੀ ਗੁਰੂ ਜੀ ਨੇ ਇੱਕ ਸ਼ਬਦ ਉਚਾਰਿਆ ॥ ਰਾਗ ਮਾਰੂ ਮਹਲਾ ੧ ॥

ਅਲਹ ਅਗਮ ਖੁਦਾਈ ਬੰਦੇ ॥ ਛੋਡਿ ਖਿਆਲ ਦੁਨੀਆ ਕੇ ਧੰਧੇ ॥ ਹੋਇ ਪੈ ਖਾਨ ਫਕੀਰ ਮੁਸਾਫੰਰ ਇਹ ਦਰਵੇਸ ਕਬੂਲ ਦਰਾ ॥ ੧ ॥ ਸਚ ਨਿਵਾਜ ਯਕੀਨ ਮੁਸਲਾ ॥ ਮਨਸਾ ਮਾਰ ਨਿਵਾਰਹੁ ਆਸਾ ॥ ਦੇਹ ਮਸੀਤ ਮਨ ਮੰਉਲਾਣਾ ਕਲਮਾ ਖੁਦਾਈ ਪਾਕ ਖਰਾ ॥ ੨ ॥ ਸਰਾ ਸਰੀਅਤ ਲੇ ਕੰਮਾਵਹੁ ॥ ਤਰੀਕਤ ਤਰਕ ਖੋਜ ਟੋਲਾਵਹੁ॥ਮਾਰਫਤਮਨ ਮਾਰਹੁ ਅਬਦਾਲਾ ਮਿਲਹੁ ਹਕੀਕਤ ਜਿਤਫਿਰ ਨ ਮਰਾ ॥ ੩ ॥ ਕੁਰਾਨ ਕਤੇਬ ਦਿਲ ਮਾਹਿ ਕਮਾਹੀ ॥ ਦਸਅ ਉਰਾਤ ਰਾਖਹੁ ਬਦਰਾਹੀ ॥ ਪੰਜ ਮਰਦ ਸਿਦਕ ਲੇ ਬਾਧਹੁ ਪੈਰ ਸਬੂਰੀ ਕਬੂਲਪਰਾ॥ ੪ ॥ਮਕਾ ਮੇ ਰ ਰੋਜਾ

CC-0. Gurukul Kangri University Haridwar Collection. Digitized by S3 Foundation USA

ਪਖਾਕਾ ॥ ਭਿਸਤ ਪੀਰ ਲਫਜ ਕਮਾਇ ਅੰਦਾਜਾ ॥ ਹੂਰ ਨੂਰ ਮੁਸਕ ਖੁਦਾਇਆ ਬੰਦਗੀ ਅਲਹ ਅਲਾਹ ਜਰਾ ॥ ੫ ॥ ਸਚਕਮਾਵੈਸੋਈਕਾਜੀ ॥ ਜੋਦਿਲਸੋਧੇਸੋਈ ਹਾਜੀ॥ਸੋਮੁਲਾਂਮਲਊਨਨਿਵਾਰੈਸੋਦਰਵੇਸਜਿਸਸਿਫਤਧਰਾ ॥ ੬ ॥ ਸਭੇਵਕਤਸਭੇ ਕਰਵੇਲਾ ॥ ਖਾਲਕਯਾਦਦਿਲੇਮਹਿਮਉਲਾ ॥ ਤਸਬੀਯਾਦ ਕਰਹੁ ਦਸ ਮਰਦਨ ਸੁੰਨਤਸੀਲਬੰਧਾਨਬਰਾ ॥ ੭ ॥ ਦਿਲਮਹਿਜਾਨਹਿਸਭਫਿਲਹਾਲਾ ॥ ਖਿਲਖਾਨਾ ਬਿਰਾਦਰਹਮੂੰ ਜੰਜਾਲਾ ॥ ਮੀਰ ਮਲਕ ਉਮਰੇ ਫਾਨਾਇਆ ਏਕ ਮੁਕਾਮ ਖੁਦਾਇ ਦਰਾ ॥ ੮ ॥ ਅਵਲਸਿਫਤ ਦੂਜੇਸਾਬੂਰੀ ॥ ਤੀਜੇ ਹਲੇਮੀਹੋਬੇਦੈਰੀ ॥ ਪੰਜਵੇ ਪੰਜੇ ਇਕਤ ਮੁਕਾਮੇ ਏਹ ਪੰਜ ਵਕਤਤੇਰੇ ਅਪਰਪਰਾ ॥ ੯ ॥ ਸਗਲੀਜਾਨਕਰਹੁ ਮਉ ਦੀਫਾ ॥ ਬਦਅਮਲਛੋਡਕਰਹੁਹਥਕੂਜਾ ॥ ਖੁਦਾਇਏਕ ਬੁਝਦੇਵਹੁ ਬਾਂਗਾਂ ਬੁਰਗੂ ਬਰਖੁਰਦਾਰਖਰਾ ॥ ੧੦ ॥ ਹਕਹਲਾਲਬਖੋਰਹੁਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ ॥ ਪੀਰਪਛਾਨੈਭਿਸਤੀਸੋਈਅਜਰਾਈਲਨਦੋਜਠਰਾ ॥ ੧੧ ॥ਕਾਇਆ ਕਿਦਾਰ ਅਉਰਤ ਯਕੀਨਾ ॥ ਟੰਗ ਤਮਾਸੇ ਮਾਣਹੁ ਕੀਨਾ ॥ ਨਾਪਾਕ ਪਾਕ ਕਰਹੁ ਦੂਰਹਦੀਸਾ ਸਾਬਤ ਸੂਰਤ ਦਸਤਾਰ ਸਿਰਾ ॥ ੧੨ ॥ ਮੁਸਲਮਾਨਸੋਮਦਿਲਹੋਵੈ॥ ਅੰਤਰ ਕੀ ਮਲ ਦਿਲ ਤੇ ਖੋਵੈ ॥ ਦੁਨੀਆ ਟੰਗ ਨ ਆਵੈ ਨੇੜੈ ਜਿਉ ਕੁਸਮ ਪਾਟ ਘਿਉਪਾਕਹਰਾ ॥ ੧੩ ॥ ਜਾਕਉਮਿਹਰਮਿਹਰਮਿਹਰਵਾਨਾ॥ ਸੋਈਮਰਦਮਰਦ ਮਰਦਾਨਾ ॥ ਸੋਈਸੇਖਮਸਾਇਕਕਾਜੀਸੁਣਿਦਾਨਿ ਸਨਜ਼ਰਨਰਾ ॥ ੧੪ ॥ ਕੁਦਰਤ ਕਾਦਰ ਕਰਣ ਕਰੀਮਾ ॥ ਸਿਫਤ ਮੁਹਬਤ ਅਥਾਹ ਰਹੀਮਾ ॥ ਹਕ ਹੁਕਮ ਸਚ ਖੁਦਾਇਆ ਬੁਝ ਨਾਨਕ ਏਂਦ ਖਲਾਸ ਤਰਾ ॥ ੧੫ ॥

ਏਹ ਸ਼ਬਦ ਸੁਨਕੇ ਮੀਏਂ ਮਿੱਠੇਨੇ ਕਹਾ ਗੁਰੂ ਜੀ ਤੁਸਾਂ ਏਕ ਪਰਮੇਸ਼ਰ ਜੀ ਦੇ ਨਾਮ ਕੀ ਸਿਫ਼ਤਕੀਤੀਹੈ ਸੋਨਾਮ ਕੈਸਾਕਹੈ ਜੀ ਤਾਂ ਗੁਰੂ ਜੀ ਕਹਿਆ ਮੀਆਂ ਜੀ ਏਕ ਨਾਮ ਸਿਫ਼ਤ ਮਹਿਮਾਕਿਸਨੋਂਆਈਹੈਜੀਫੇਰਮਿੱਠੇਕਹਿਆਜੀ ਮਿਹਰਬਾਨਗੀ ਕਰਕੇ ਤੁਸ ਹੀ ਦੱਸੀਏ ਜੀਤੁਸੀਖੁਦਾਇ ਦੇ ਵਲੀ ਹੋ ਤੁਸਾਡੇ ਵਿਚ ਅਤੇ ਖੁਦਾਇ ਵਿਚਭੇਦ ਕੋਈਨਹੀਂਜੀ ਤਾਂਸ੍ਰੀ ਗੁਰੂਜੀਮੀਏਂ ਮਿੱਠੇਨੂੰ ਬਾਂਹਤੇਪਕੜਕਰ ਰੋਜ਼ੇਵਿਚਲੈ ਗਏ ਅਤੇ ਗੁਰੂ ਬਾਬੇ ਨਾਨਕ ਜੀ ਨੇਮੁਖਥੀਂ ਕਹਿਆ ਵਾਹ ਸਾਹਿਬਇਤਨਾਹੀ ਕਹਿਨਨਾਲ ਦੂਜਾ ਭਾਵ ਮਿੱਠੇ ਦਾ ਭਸਮ ਹੋ ਗਿਆ ਤਾਂਮੀਆਂਦੇਖੇਤਾਂ ਇਕ ਠਭਸਮਕੀ ਪਈਹੋਈਹੈ ਫੇਰ ਗੁਰੂ ਜੀ ਕਹਿਆ ਵਾਹ ਸਾਹਿਬਵਾਹਸਾਹਿਬ ਇਤਨੇਕਹਿਨੇ ਨਾਲਮੀਏਂਮਿੱਠੇਖੜੇ ਹੋਇਕੇ ਸ੍ਰੀ ਗੁਰੂ ਜੀ ਦੇ ਚਰਨ ਚੁੰਮੇ ਤਾਂ ਸ੍ਰੀ ਗੁਰੂ ਜੀ ਨੇ ਇਕ ਸ਼ਬਦ ਕਹਿਆ ਰਾਗ ਤਿਲੰਗ ਵਿਚ ॥

ਹਾਜਰਾਂਕੋ ਮੇਹਰਹੈ ਬੇਹਾਜ਼ਰਾਂਕੋ ਏਮਿਹਰ ਹੈ ॥ ਈਮਾਨਦੋਸਤ ਹੈ ਏਈਮਾਨ ਕਾਫ਼ਰ ਹੈ ॥ ਕਫ਼ਰਕਹਿਰਹੈ ਗੁਸਾ ਹਰਾਮਹੈ ਨਫ਼ਸਸ਼ੈਤਾਨਹੈ ਗੁਮਾਨਕੁਫ਼ਰਹੈ ਬੇਈਮਾਨਨਾਪਾਕਹੈ ॥

CC-0. Gurukul Kangri University Haridwar Collection. Digitized by S3 Foundation USA

ਇਲਮਹਲੀਮੀਹੈ ਬੇਹਿਰਸ ਔਲੀਆ ਹੈ ਦਿਆਨਤ ਸੁਰਖ਼ਰੂ ਹੈ ਅਕ੍ਰਿਤਘਨ ਜ਼ਰਦਰੂ ਹੈ ਸੱਚਭਿਸਤਹੈ ਦਰੋਗ ਦੋਜ਼ਕਹੈ ਜ਼ੋਰ ਜ਼ੁਲਮ ਹੈ ਸਿਫ਼ਤ ਉਜੂ ਹੈ ਬਾਂਗ ਬਲੇਲ ਹੈ ਚੋਰੀ ਲਾਲਚਹੈ ਯਾਰੀ ਪਲੀਤਹੈ ਫ਼ਕੀਰੀ ਸਬੂਰੀ ਹੈ ਸਬੂਰੀ ਮਕਰੂਹਹੈ ਰਾਹ ਪੀਰਾਂ ਬੇਰਾਹ ਬੇਪੀਰਾਂਹੈਈਮਾਨਦੋਸਤਹੈਬੇਦਿਆਨਤੀਨਕਾਰਹੈ ਭੇਗ਼ ਮਰਦਾਂ ਹੈ ਇਦਾਲਤ ਪਾਤਸ਼ਾਹਾਂ ਹੈ ॥ ਏਤ ਦੋਲ ਜੋ ਜਾਨ ਜਨਾਵੈ ॥ ਭਉ ਨਾਨਕ ਦਾਨਸ਼ਵੰਦ ਕਹਾਵੈ ॥ ੧ ॥ ਤਾਂ ਮੀਆਂ ਮਿੱਠਾ ਹਾਜਰਨਾਵਾਂ ਸੁਨਕਰ ਗੁਰੂਨਾਨਕ ਜੀ ਦੀ ਚਰਨੀਂ ਆਇ ਲੱਗਾ ਅਤੇ ਕਹਿਓਸੁ ਨਾਨਕਜੀਤੂੰਖੁਦਾਇਦਾਰੂਪਹੈਂ ਜਾਂਖੁਦਾਇਦਾ ਔਲੀਆਹੈਂ ਅਕੇ ਆਪਹੀ ਖੁਦਾਇ ਨੇ ਤੇਰੇ ਜਿਸਮਵਿੱਚਆਇਕਰ ਨਾਨਕਨਾਮ ਕਹਾਇਆਹੈ ਤਾਂਮੀਏਂਮਿੱਠੇ ਕਹਿਆਅਸੀ ਤਾਂ ਅੱਜ ਤੀਕਰ ਭੁੱਲੇ ਹੀ ਫਿਰਦੇ ਰਹੇਹਾਂ ਤਾਂਗੁਰੂ ਜੀ ਮੀਏਂ ਉੱਪਰ ਖੁਸ਼ੀ ਕੀਤੀ ਮੀਏਂ ਮਿੱਠੇ ਨੇ ਗੁਰੂ ਨਾਨਕ ਜੀ ਨੂੰ ਖੁਦਾਇ ਕਰ ਜਾਤਾ ਤੇ ਮੀਏਂ ਦਾ ਭਰਮ ਸਭ ਦੂਰ ਹੋਯਾ ਤੇ ਸ੍ਰੀ ਗੁਰੂ ਜੀ ਦਾ ਸਿੱਖ ਹੋਯਾ ॥ ਬੋਲਹੁ ਜੀ ਵਾਹਿਗੁਰੂ ॥ ੯੮ ॥

ਅੱਗੇ ਸਾਖੀ ਸੈਦੋ ਘੇਓ ਨਾਲ ਹੋਈ

ਤਾਂਗੁਰੂਜੀਜਾਂਦੇਜਾਂਦੇ ਇਕਦੇਸਵਿੱਚਜਾਇਵੜੇ ਤਾਂਸੈਦੋਘੇਓਗੁਰੂਜੀਦੀ ਸੇਵਾਕਰਿਆਕਰੇ ਅਤੇਸ੍ਰੀਗੁਰੂਜੀਨਿੱਤਨੇਮ ਪਿਛਲੀਰਾਤ ਦਰਿਆਉਪਰ ਜਾਇਇਸਨਾਨਕਰਨ ਤੇ ਬੈਠਕੇ ਇਕੰਤਨਿਰੰਕਾਰਦੀਬੰਦਗੀਕਰਨੀ ਪਰਸੈਦੋਘੇਓ ਨਿਤਾਪ੍ਰਤ ਗੁਰੂਨਾਨਕਜੀ ਕਾ ਦਰਸ਼ਨ ਕਰਦਾਹੁੰਦਾਸੀਤਾਂਸੈਦੋਦੇਮਨਵਿੱਚ ਆਯਾਕਿਸਾਡੇ ਗੁਰੂ ਜੀ ਖੁਆਜੇ ਦੀ ਸੇਵਾ ਕਰਕੇ ਏਹ ਪ੍ਰਤਾਪਲਿਆਹੈਹੋਵੇਤਾਂਮੈਂਖੁਆਜੇਉੱਪਰਬੈਠ ਖੁਦਾਇਦੀ ਬੰਦਗੀ ਕਰਾਂ ਜੋ ਮੇਰਾ ਪ੍ਰਤਾਪ ਵੀ ਹੋਇਜਾਵੇ ਤਾਂਮੈਂਭੀ ਖੁਆਜੇਦੀ ਸੇਵਾਕਰਾਂ ਏਹਵਿਚਾਰਕਰਕੇਰੋਜ਼ਦਰੀਆ ਉਤੇ ਜਾਣਾ ਸ਼ੁਰੂ ਕਰਦਿੱਤਾ ਇਕਦਿਨਦੀ ਗੱਲਹੈ ਜਦ ਸੈਦੋਘੇਓ ਪਿਛਲੀ ਰਾਤ ਦਰਿਆਉ ਉਪਰ ਚਲਿਆਤਾਂਅੱਗੋਂਇਕਆਦਮੀਮਿਲਿਆਪਰਹੱਥਉਸਦੇਵਿੱਚ ਇੱਕ ਮੱਛੀ ਪਕੜੀ ਹੋਈ ਤਾਂ ਉਸਨੇਪੁੱਛਿਆ ਭਾਈਤੇਰਾਨਾਮ ਕੀਹੈ ਤੇਤੂੰਕੌਣਹੈਂ ਤਾਂਸੈਦੋ ਨੇ ਆਖਿਆ ਜੀ ਮੇਰਾ ਨਾਮ ਸੈਦੋ ਘੇਓਹੈਅਤੇਰੋਜ਼ਦਰਿਆਉੱਪਰ ਜਾਂਦਾਹਾਂਨਿੱਤ ਪਹਿਰ ਰਾਤ ਰਹਿੰਦੀ ਅਸੀ ਏਥੇ ਬੰਦਗੀ ਕਰਦੇਹਾਂ ਜੋ ਖੁਆਜਾ ਸਾਨੂੰ ਵਡਿਆਈ ਦੇਵੇ ਸਾਡੇਗੁਰੂ ਜੀ ਨੇ ਖੁਆਜੇ ਕੋਲੋਂ ਪਾਈਹੈ ਤਾਂ ਫੇਰ ਸੈਦੋਘੇਓਨੇ ਉਸਪਾਸੋਂ ਪੁੱਛਿਆ ਭਾਈ ਤੂੰ ਕੌਣਹੈਂ ਅਤੇ ਏਸ ਵਕਤ ਕਿੱਥੇ ਚਲਿਆ ਹੈਂ ਤਾਂ ਉਸ ਮਨੁਖ ਨੇ ਕਹਿਆ ਭਾਈ ਮੈਂ ਖੁਆਜਾ ਖਿਜਰਹਾਂ ਅਤੇ ਏਸ ਵਕਤ ਮੈਂ ਗੁਰੂ ਨਾਨਕਦੇਵਜੀਦੇ ਦਰਸ਼ਨ ਨੂੰ ਜਾਂਦਾ ਹਾਂ ਔਰਓਨਾਂਦੀ ਸੇਵਾਕਰਨ ਜਾਂਦਾਹਾਂ ਭਾਈ ਗੁਰੂ ਨਾਨਕਜੀ ਤਾਂ ਪਰਮੇਸ਼ਰਦਾਰੂਪਹੈ ਸੁਣਭਾਈ ਜਿਸਨੇ ਏਹ ਸੰਸਾਰ ਪੈਦਾ ਕੀਤਾ ਹੈ ਓਸ ਨਿਰੰਕਾਰਵਿੱਚ ਤੇ ਗੁਰੂਨਾਨਕਜੀ ਵਿੱਚ ਭੇਦ ਕੋਈਨਹੀਂ ਜੋਭੇਦ ਜਾਣੇਗਾ ਸੋ ਗੁਨਹਗਾਰ ਹੋਵੇਗਾਏਸਦੁਨੀਆਂਨੂੰਪਰਮੇਸ਼ਰਨੇਰਾਹਦੱਸਣਵਾਸਤੇ ਗੁਰੂਨਾਨਕਜੀ ਨੂੰ ਭੇਜਿਆ ਹੈ ਔਰ

CC-0. Gurukul Kangri University Haridwar Collection. Digitized by S3 Foundation USA

OF INTERNET
J TH
ABHINAV GAUR

ਹੱਛਾ ਨਾਮ ਦੱਸਣ ਵਾਸਤੇ ਅਤੇ ਦੁਨੀਆਂਦਾ ਉਧਾਰ ਕਰਨ ਵਾਸਤੇ ਗੁਰੂਨਾਨਕ ਜੀਨੂੰ ਭੇਜਿਆਹੈ ਅਤੇ ਏਹ ਕਰਤਾਰ ਦਾ ਹੁਕਮ ਹੈ ਕਿ ਜੋ ਕੋਈ ਗੁਰੂਨਾਨਕ ਜੀਨੂੰ ਮਿਲੇਗਾ ਤੇ ਨਾਮ ਜਪੇਗਾ ਤੇਸਿੱਖਹੋਵੇਗਾਓਹਮੇਰੇਲੋਕਨੂੰਪ੍ਰਾਪਤਹੋਵੇਗਾ ਭਾਈ ਏਸ ਵਾਸਤੇ ਮੈਂ ਨਿਤਾ-ਪ੍ਰਤਿਗੁਰੂਨਾਨਕਜੀਦੀ ਟਹਿਲਕਰਨ ਜਾਂਦਾਹਾਂ ਏਹ ਬਾਤ ਕਹਿਕੇ ਖ਼ੁਆਜਾ ਓਥੋਂ ਚਲਦਾ ਰਹਿਆ ਅਤੇ ਸੈਦੋਘੇਓ ਅਚਰਜ ਹੋਇਗਿਆ ਤੇਸੈਦੋਨੇ ਆਖਿਆ ਭਾਈ ਅਸੀ ਆਖਦੇਹਾਂ ਸਾਡੇ ਗੁਰੂ ਨੇ ਖ਼ੁਆਜੇ ਪਾਸੋਂ ਮਰਾਤਬਾ ਪਾਯਾ ਹੈ ਅਤੇ ਸਗੋਂ ਖ਼ੁਆਜਾ ਨਿੱਤ ਗੁਰੂ ਜੀ ਦੀ ਸੇਵਾ ਕਰਨਜਾਂਦਾਹੈ ਤਾਂ ਇਕਦਿਨ ਸੈਦੋਘੇਓ ਨੂੰ ਫੇਰ ਖ਼ੁਆਜਾ ਮਿਲਿਆ ਤੇ ਕਹਿਓਸੁ ਹੇ ਸੈਦੋ ਤੂੰ ਦੇਖ ਮੈਂ ਖ਼ੁਆਜਾ ਜੋ ਹਾਂ ਸੋ ਪਾਣੀ ਰੂਪ ਹਾਂ ਅਤੇ ਬਾਬਾਨਾਨਕਜੀਜੋਹੈਨ ਸੋਪਉਣ ਰੂਪਹੈਨ ਅਤੇ ਮੈਂ ਕਈ ਵਾਰ ਉਨਾਂਥੀਂ ਉਪਜਿਆ ਹਾਂ ਤੇ ਕਈਵਾਰ ਮੈਂ ਉਨਾਂਦੇ ਭੀਤਰ ਸਮਾਇ ਗਿਆ ਹਾਂ ਜਦ ਏਹ ਬਾਤ ਸੈਦੋਘੇਓ ਨੇ ਸੁਣੀ ਤਾਂ ਸੈਦੋਘੇਓ ਗੁਰੂਨਾਨਕਜੀਦੀ ਪੈਰੀਂ ਆਇਪਿਆ ਪਰਸੈਦੋਘੇਓ ੍ ਗੁਰੂਜੀਕਹਿਆ ਭਾਈਤੁਸੀ ਇਸਵਕਤ ਪਹਿਰਰਾਤ ਰਹਿੰਦੀ ਕਿੱਥੋਂਆਏਹੋਅੱਗੇਤਾਂ ਤੁਸੀਦਿਨ ਚੜ੍ਹੇ ਆਉਂਦੇ ਸਾਓ ਅਤੇ ਅੱਜ ਕਿਆਹੈ ਜੋ ਇਸ ਵਕਤਆਏਹੋ ਤਾਂਸੈਦੋਘੇਓਨੇਸ੍ਰੀਗੁਰੂਨਾਨਕ ਜੀ ਦੇ ਅੱਗੇ ਖ਼ੁਆਜੇ ਦੇ ਮਿਲਨ ਦਾ ਸੰਪੂਰਨ ਪਰਸੰਗ ਸੁਨਾਇ ਦਿੱਤਾ ਤਾਂ ਗੁਰੂਨਾਨਕ ਜੀ ਏਹ ਬਾਤ ਸੁਣ ਕਰ ਇੱਕ ਸ਼ਬਦ ਕਹਿਆ ਗਉੜੀ ਬੈਰਾਗਣ ਮਹਲਾ ੧ ॥ ਰੈਣ ਗਵਾਈ ਸੋਇਕੈ ਦਿਵਸ ਗਵਾਇਆ ਖਾਇ ॥
ਹੀਰੇਜੈਸਾ ਜਨਮਹੈ ਕਉਡੀਬਦਲੇ ਜਾਇ ॥ ੧ ॥ ਨਾਮਨਜਾਨਿਆਰਾਮ ਕਾ ਮੂੜੇ ਫਿਰਪਾਛੈਪਛਤਾਇਰੇ॥ ੧ ॥ ਰਹਾਉ ॥ ਅਨਤਾਧਨਧਰਨੀਧਰੇਅਨਤਨਚਾਹਿਆ ਜਾਇ ॥ ਅਨਤ ਕੋ ਚਾਹਨ ਜੋ ਗਏ ਸੇ ਆਏ ਅਨਤ ਗਵਾਇ ॥ ੨ ॥ ਆਪਣ ਲੀਆ ਜੇ ਮਿਲੈ ਤਾਂ ਸਭਕੋ ਭਾਗਠਹੋਇ ॥ ਕਰਮਾਉਪਰ ਨਿਬੜੈ ਜੇਲੋਚੈ ਸਭ ਕੋਇ ॥ ੩ ॥ ਨਾਨਕ ਕਰਣਾ ਜਿਨਕੀਆ ਸੋਈ ਸਾਰ ਕਰੇਇ ॥ ਹੁਕਮ ਨ ਜਾਪੀ ਖਸਮ ਕਾ ਕਿਸੈ ਵਡਾਈ ਦੇਇ ॥ ੪ ॥ ੨ ॥

ਤਿਸਕਾ ਪ੍ਰਮਾਰਥ ॥ ਗੁਰੂ ਨਾਨਕ ਜੀ ਕਹਿੰਦੇ ਹੈਨ ਹੇ ਸੈਦੋ ਘੇਓ ਏਹ ਜੋ ਜਗਤ ਹੈ ਸੋ ਸੰਪੂਰਨ ਰਾਤ ਨੂੰ ਸੌਂ ਰਹਿੰਦਾ ਹੈ ਤੇ ਦਿਨੇ ਖਾਇਕੇ ਗਵਾਇ ਦੇਂਦਾ ਹੈ ਏਕ ਏਕ ਸ੍ਵਾਸ ਜੋ ਹੈ ਹੀਰੇਦੇਸਮਾਨਹੈ ਔਰ ਮੋਤੀਆਂ ਜੈਸਾਹੈ ਸੋ ਵਿਹਿਆਂ ਵਿੱਚ ਗਵਾ ਦੇਂਦੇ ਹੈਨ ਅਤੇਜੋਸੁਖਾਲੀਸਾਸੀਂਵਾਹਿਗੁਰੂਨਹੀਂਧਿਆਉਂਦੇ ਸੋ ਅੰਤਦੇ ਸਮੇ ਪਸਚਾਤਾਪ ਕਰਦੇਹੈਨ ਅਤੇਜੋ ਅਨਿਤ ਧਨਹੈ ਸੋਧਰਤੀ ਵਿੱਚ ਦੱਬਦੇ ਹੈਨ ਤੇ ਪਾਪ ਕਰਕੇ ਅਕੱਠਾ ਕਰਦੇ ਹੈਨ ਅਤੇ ਅਮਿੱਤ ਜੋ ਪਰਮੇਸ਼ਰ ਦਾ ਨਾਮ ਹੈ ਸੋ ਕੋਈ ਨਹੀਂ ਸਾਂਭਦਾ ਅਤੇ ਅਨਿੱਤ ਧਨ ਨੂੰ ਸਭ ਚਾਹ ਰਹੇਹੈਨ ਤੇਮਨੁਖਜਨਮ ਐਵੇਂਹੀ ਗਵਾਂਵਦੇ ਹੈਨ ਅਰ ਚੰਗੇ ਪਦਾਰਥ ਕਰਮਾਂ ਦੇ ਲੇਖੇ ਤੋਂ ਬਿਨਾਂ ਨਹੀਂ ਹੱਥਆਉਂਦੇ ਭਾਈਬਾਲਾ ਕਹਿੰਦਾਹੈ ਹੇ ਗੁਰੂ ਅੰਗਦ ਸਾਹਿਬ

CC-0. Gurukul Kangri University Haridwar Collection. Digitized by S3 Foundation USA

ਜੀ ਸ੍ਰੀਗੁਰੂਜੀ ਨਾਨਕਜੀਕਹਿਆ ਭਾਈ ਜਿਸਕਰਤਾਰ ਨੇ ਜਗਤ ਬਨਾਇਆ ਹੈ ਉਸ ਨਿਰੰਕਾਰ ਨੇ ਸੰਤ ਔਰ ਸਤ ਉਪਦੇਸ਼ਟਾ ਰੂ ਹੋਇਕਰ ਜਗਤ ਕੋ ਪਰਮੇਸ਼ਰ ਕਾ ਨਾਮ ਔਰਗਿਆਨਦੇਕੇ ਜੀਵਾਂ ਦਾ ਉਧਾਰ ਕਰਨਾ ਹੈ ਪਰ ਉਸਵਾਹਿਗੁਰੂਜੀਦਾ ਹੁਕਮਨਹੀਂ ਜਾਣਿਆ ਜਾਂਦਾ ਜੋਕਿਸਨੂੰ ਨਾਮਦੀ ਵਡਿਆਈ ਦੇਵੇ ਤਾਂਏਹ ਬਚਨ ਸੁਣਕਰ ਸੈਦੋ ਨੇ ਹੱਥ ਜੋੜ ਕਰ ਅਰਦਾਸ ਕੀਤੀ ਗ਼ਰੀਬਨਿਵਾਜ ਜੀ ਏਸਮਨ ਦਾ ਕੁਛ ਵਸਾਹ ਨਹੀਂ ਕਿਉਂਜੋਬਚਨਸੁਣੇਔਰਇੱਕਦੁਇਬਚਨਯਾਦਰੱਖਦਾਹੈਤੇ ਇੱਕ ਦੋਇ ਭੁਲਾਇ ਦੇਂਦਾ ਹੈ ਜੇਕਰਆਪਦਾ ਸਦਾਹੀ ਦੀਦਾਰਹੋਵੇ ਤਾਂ ਆਸਾਡਾਭਲਾਹੋਵੇ ਤਾਂਬਚਨ ਹੋਯਾ ਭਾਈ ਸਾਡੇ ਦੋਇ ਸਰੂਪ ਹੈਂ ਇੱਤ ਸਰਗੁਣ ਰੂਪਹੈ ਇਕ ਨਿਰਗੁਣ ਰੂਪਹੈ ਸੋ ਸਰਗੁਣ ਰੂਪਸਰੀਰਹੈ ਤੇ ਨਿਰਗੁਣ ਰੂਪ ਸ਼ਬਦਹੈ ਸੋ ਸਰੀਰ ਦਾਦਰਸ਼ਨਸਦਾਨਹੀਂ ਤੇ ਸ਼ਬਦਦਾਦਰਸ਼ਨ ਸਦਾ ਹੀਹੋਂਦਾ ਰਹੇਗਾ ਏਹਬਚਨ ਸੁਣਕਰ ਸੈਦੋਖੱਤ੍ਰਿਨੇ ਸ੍ਰੀਗੁਰੂਜੀ ਦੇ ਅੱਗੇ ਨਮਸਕਾਰ ਕੀਤੀ ਤੇ ਆਖਿਆਸੁ ਹੇ ਸੁਆਮੀਜੀ ਮੈਂ ਭੁੱਛ ਬੁਧਵਾਲਾ ਹੋਂ ਅਰ ਮੈਂਜਾਣਿਆਹੈਸੀ ਕਿ ਗੁਰੂਜੀ ਖ਼ੁਆਜੇ ਦੀ ਸੇਵਾ ਕਰਨ ਜਾਂਦੇਹੈਨ ਤੇ ਏਹ ਮਰਾਤਬਾ ਗੁਰੂਨੇ ਖ਼ੁਆਜੇ ਪਾਸੋਂ ਲਿਆ ਹੈ ਮੈਂ ਏਹ ਨਹੀਂਸੀ ਜਾਣਦਾ ਕਿ ਤੁਸੀਆਪ ਨਿਰੰਕਾਰਦਾ ਰੂਪਹੋ ਤੇ ਆਪਦਾਹੀ ਏਹ ਪਸਾਰਾਹੈ ਔਰ ਗੁਰੂਜੀ ਆਪ ਜਿਸਨੂੰ ਤੁਸੀ ਜਗਾਓ ਸੋਈ ਜਾਗਦਾਹੈ ਅਤੇ ਤੇਰਾਹੀ ਕੀਤਾ ਸਭ ਕੁਛ ਹੋਂਦਾ ਹੈ ਤਾਂ ਸ੍ਰੀ ਗੁਰੂ ਜੀ ਇਕ ਸ਼ਲੋਕ ਕਹਿਆ ਸ਼ਲੋਕ ਮਹਲਾ ੧ ॥ ਅਠੀ ਪਹਿਰੀ ਅਠ ਖੰਡ ਨਾਵਾਂ ਖੰਡ ਸਰੀਰ ॥ ਤਿਸਵਿੱਚ ਨਉਨਿਧ ਨਾਮਏਕ ਭਾਲਹਿ ਗੁਣੀਗਹੀਰ ॥ ਕਰਮ ਵੰਤੀ ਸਾਲਾਹਿਆ ਨਾਨਕ ਕਰ ਗੁਰ ਪੀਰ ॥ ਚਉਥੈ ਪਹਿਰ ਸਬਾਹਿਕੈ ਸੁਰਭਿਆਂ ਉਪਜੈ ਚਾਉ ॥ ਤਿਨਾ ਦਰੀਆਵਾ ਸਉ ਦੋਸਤੀ ਮਨਮੁਖ ਸਹਾਨਾਉ ॥ ਓਥੈ ਅੰਮ੍ਰਿਤਵੇਂਡੀਐਕਰਮੀ ਹੋਇ ਪਸਾਉ ॥ ਕੰਚਨ ਕਾਇਆ ਕਸੀਐ ਵੰਨੀਚੜੈ ਚੜਾਉ ॥ ਜੇ ਹੋਵੈ ਨਦਰ ਸਰਾਫਦੀ ਤਾ ਬਹੁੜ ਨ ਪਾਈ ਤਾਉ ॥ ੨ ॥ ਸਤੀ ਪਹਿਰੀ ਸਤ ਭਲਾ ਬਹੀਐ ਪੜ੍ਹਿਆ ਪਾਸ ॥ ਓਥੈ ਪਾਪ ਪੁੰਨਵੀਚਾਰੀਐ ਕੂੜਹੁ ਘਟੇ ਰਾਸ ॥ ਓਥੈ ਖੋਟੇ ਸਟੀਅਹਿ ਖਰੇ ਕੀਚਹਿ ਸਾਬਾਸ ॥ ਬੋਲਣ ਫਾਦਲ ਨਾਨਕਾ ਦੁਖ ਸੁਖ ਖਸਮੈ ਪਾਸ ॥ ਜਾਂ ਏਹਸ਼ਲੋਕ ਗੁਰੂ ਜੀਕਹਿਆ ਤਾਂ ਓਥੇਂਦੇ ਲੋਕ ਸ੍ਰੀ ਗੁਰੂਜੀਦੀ ਪੈਰੀ ਆਇਪਏ ਸ੍ਰੀ ਗੁਰੂ ਨਾਨਕਜੀਨੇ ਉਨ੍ਹਾਂ ਲੋਕਾਂ ਪੁਰ ਖ਼ੁਸ਼ੀ ਕੀਤੀ ਅਤੇ ਨਾਮਦਾਉਪਦੇਸ਼ ਕੀਤਾ ਅਤੇ ਰਹਾਭਾਈਆਏਗਏਸਿੱਖਸੰਤਦੀਸੇਵਾ ਕਰਨੀ ਸੱਤਧਰਮਦੀ ਕਿਰਤ ਕਰਨੀ ਸਚ ਬੋਲਿਆ ਕਰੇ ਧਰਮਸਾਲ ਬਣਾਉਣੀ ਓਥੇ ਬੈਠਕੇ ਕਰਤਾਰਦਾ ਸਿਮਰਨ ਕਰਨਾਏਂਹ ਉਪਦੇਸ਼ ਕਰਕੇ ਓਥੋਂ ਸ੍ਰੀਗੁਰੂ ਜੀ ਚਲਦੇ ਰਹੇ ॥ ਬੋਲੋਭਾਈਜੀ ਵਾਹਿਗੁਰੂ ॥ ੯੯ ॥

ਸਾਖੀ ਪੰਜਾਬ ਦੇਸ ਨੂੰ ਪਰਤੇ

ਜਾਂ ਸ੍ਰੀ ਗੁਰੂ ਨਾਨਕ ਦੇਵਜੀ ਮਹਾਰਾਜ ਜਾਂਦੇ ਜਾਂਦੇ ਸਰਬਦੇਸ ਮੇਂ ਸੈਲਕਰਦੇਕਰਦੇ ਵਤ ਪੰਜਾਬ ਕੋ ਪਰਤੇ ਤਾਂ ਇਕ ਵਡੀ ਉਜਾੜ ਆਈ ਉਸ ਵਿਚ ਕੋਈ ਗਾਉਂ ਨਹੀਂ ਆਯਾ ਤੇ

CC-0. Gurukul Kangri University Haridwar Collection. Digitized by S3 Foundation USA

ABHINAV GAUR

ਨਾਕੋਈਮਨੁਖਹੀ ਮਿਲੇ ਦੱਸਦਿਨਤੇ ਤੇਦਸਰਾਤਓੁਜਾੜਵਿਚਹੀਰਹੇ ਤਾਂਮਰਦਾਨੇਨੂੰਡਾਢੀ ਭੁਖਲਗੀ ਤਾਂਮਰਦਾਨੇ ਆਖਿਆਜੀ ਸੁਬਹਾਨ ਤੇਰੀਭਗਤ ਅਸੀਤਾਂਡੂੰਮਸਾਂਪਿਡਾਂਦੇ ਵਿੱਚੋਂ ਟੁਕੜੇ ਮੰਗ ਖਾਂਦੇਸਾਂ ਅਤੇਓਥੋਂਭੀ ਰਹੇ ਹੁਣਤਾਂ ਇਸਓੁਜਾੜਦੇ ਵਿਚ ਆਇ ਪਏ ਹਾਂ ਜੇ ਖ਼ੁਦਾਇਕਰੇਗਾ ਤਾਂ ਏਸਵਿਚੋਂ ਨਿਕਲਾਂਗੇ ਅਤੇ ਜੇਹੁਣੇ ਕੋਈ ਸ਼ੀਂਹ ਜਾਂ ਬਘਿਆੜ ਆਇ ਗਿਆ ਤਾਂਖਾਇਜ਼ਾਸੀ ਅਜਾਈਂ ਮਰਵੰਜਾਗੇ ਤਾਂਸ੍ਰੀਗੁਰੂਨਾਨਕਜੀਆਖਿਆ ਮਰਦਾਨਿਆਂ ਤੂੰਡਰਨਾਹੀਂ ਤੇਰੇਨੇੜੇ ਕੋਈਨਹੀਂਆਂਵਦਾ ਤੂੰ ਹੁਸ਼ਿਆਰਹੋ ਤਾਂਮਰਦਾਨੇ ਆਖਿਆਜੀਮੈਂ ਕਿਸਤਰਾਂ ਹੁਸ਼ਿਆਰਹੋਵਾਂ ਓੁਜਾੜਵਿਚਤਾਂਆਇਪਏਹਾਂ ਤਾਂਗੁਰੂ ਬਾਂਬੇਜੀ ਆਖਿਆ ਭਾਈ ਅਸੀ ਓੁਜਾੜਵਿਚ ਤਾਂ ਨਾਹੀਂ ਏਹਤਾਂ ਵਸਤੀਹੈ ਜਿਥੇਸ੍ਰੀਪਰਮੇਸ਼ਰਚਿਤਆਵੇ ਓਹ ਵੱਸੋਂ ਹੀ ਜਾਣੀਏ ਤੇ ਜਿੱਥੇਨਾਮਕਰਤੇਪੁਰਖਦਾ ਚਿਤਨਾ ਆਵੇ ਓਹ ਭਾਵੇਂ ਵਸਦੀਹੋਵੇ ਤਾਂ ਭੀ ਓੁਜਾੜਹੀਜਾਣੀਏ ਤਾਂ ਸ੍ਰੀਗੁਰੂਨਾਨਕਜੀ ਇਕ ਸ਼ਬਦਆਖਿਆ ॥ ਰਾਗ ਆਸਾ ਮਹਲਾ੧ ॥ ਦੇਵਤਿਆਂ ਦਰਸਨ ਕੈਤਾਈ ਦੂਖ ਭੂਖ ਤੀਰਥ ਕੀਏ॥ਜੋਗੀਜਤੀਜੁਗਤਮਹਿਰਹਿਤੇ ਕਰ ਕਰ ਭਗਵੇ ਵੇਸ ਭਏ ॥ ਤਓੁਕਾਰਨਸਾਹਿਬਾ ਰੰਗਰਾਤੇ ॥ ਤੇਰੇ ਨਾਮਅਨੇਕਾ ਰੂਪ ਅਨੰਤਾ ਕਹਿਣਨਜਾਈ ਤੇਰੇਗੁਣ ਕੇਤੇ ॥ ੧ ॥ ਰਹਾਓੁ ॥ ਘਰ ਦਰਿ ਮਹਿਲਾ ਹਸਤੀ ਘੋੜੇ ਛੋਡ ਵਲਾਇਤ ਦੇਸਗਏ॥ਪੀਰ ਪੈਗੰਬਰ ਸਾਲਿਕ ਸਾਦਿਕ ਛੋਡੀ ਦੁਨੀਆ ਥਾਇ ਪਏ॥ ਸਾਦ ਸਹਿਜਸੁਖਰਸਕਸਤਜੀਅਲੇਕਾਪੜਛੋਡੇ ਚਮੜਲੀਏ॥ ਦੁਖੀਏ ਦਰਦ ਵੰਦ ਦਰਤੇਰੇ ਨਾਮ ਰਤੇ ਦਰਵੇਸ ਭਏ॥ਖਲੜੀ ਖਪਰੀਲਕੜੀਚਮੜੀ ਸਿਖਾਸੂਤਧੋਤੀਕੀਨੀ॥ਤੂ ਸਾਹਿਬ ਹਉ ਸਾਂਗੀਤੇਰਾ ਨਾਨਕ ਭਗਤਾਜਾਤਕੈਸੀ ॥ ੨ ॥ ਤਾਂ ਸ੍ਰੀਗੁਰੂਜੀ ਕਹਿਆ ਮਰਦਾਨਿਆਂ ਤੁਧ ਬਾਝਹੁ ਬਾਣੀ ਸਰਨਹੀਂਆਂਵਦੀ ਤੂੰ ਰਬਾਬਵਜਾਉ ਤੇਸਬਦਾਂਦਾਓੁਚਾਰਕਰ ਤਾਂਮਰਦਾਨੇ ਆਖਿਆਜੀ ਮੈਂ ਤਾਂ ਰਬਾਬ ਕਿਸਤਰਹ ਵਜਾਵਾਂ ਤੇ ਕੈਸੇ ਸੁਣਾਵਾਂ ਮੇਰਾ ਤਾਂ ਘਟ ਮਿਲ ਗਿਆਹੈ ਮੈਂ ਤਾਂ ਰਬਾਬ ਵਜਾਇ ਨਹੀਂਸਕਦਾ ਤੇਗੁਰੂਜੀਮੈਂ ਤਾਂਭੁਖਨਾਲਮਰਦਾਹਾਂਤਾਂਸ੍ਰੀ ਗੁਰੂਜੀਕਹਿਆਮਰਦਾਨਿਆਂਕਿਸੇਵਸਦੀਵਿਚਜਾਤਾਂਮਰਦਾਨੇਕਹਿਆਜੀਮੈਂਕਿਸੇਵਸਤੀ ਵਿਚਵੀ ਨਹੀਂ ਜਾਇਸਕਦਾ ਤੇਗੁਰੂਜੀ ਭੁਖਨੇ ਬਹੁਤ ਬੇਤਾਬਕੀਤਾ ਹਾਂ ਹੁਣ ਤਾਂ ਕੋਈਝਟ ਬਿੰਦਹਾਂ ਤਾਂ ਸ੍ਰੀ ਬਾਬੇ ਕਹਿਆ ਮਰਦਾਨਾ ਅਸੀਂ ਤੈਨੂੰਬਿਨਾਂ ਆਈ ਮਰਨ ਨਾਹੀਂ ਦੇਂਦੇ ਤੂੰ ਹੁਸ਼ਿਆਰ ਹੋ ਤਾਂ ਮਰਦਾਨੇ ਕਹਿਆਜੀ ਮੈਂ ਕੇ ਹੁਸ਼ਿਆਰ ਹੋਵਾਂ ਹੁਣ ਤਾਂ ਜੀਵਨੇ ਦੀ ਬਾਤ ਕਾਈ ਨਾਹੀਂ ਤਾਂਗੁਰੂਬਾਬੇਜੀਬਚਨਕੀਤਾਮਰਦਾਨਾ ਹੁਣਤੂੰ ਇਨ੍ਹਾਂ ਬਿਰਖਾਂਦੇ ਫਲ ਖਾਇ ਲੈ ਪਰ ਮਰਦਾਨਾਕੁਛਪੱਲੇਨਾਬੰਨ੍ਹੀ ਤਾਂਮਰਦਾਨਾ ਸ੍ਰੀਗੁਰੂਜੀ ਦਾ ਹੁਕਮ ਪਾਇਕਰਲਗਾ ਖਾਵਣੇ ਤਾਂਬੜਾ ਸੁਆਦਲਗੇਸੁ ਤਾਂਮਨਵਿਚਕਹਿਓੁਸੁ ਖ਼ਬਰਹੈ ਐਸੇਫਲਫੇਰ ਹੱਥ ਆਵਨ ਕਿ ਨਾ ਆਵਣ ਹੇਹਬਾਤ ਵਿਦਾਰਕ ਕੁਛਪੱਲੇ ਚਾਇ ਬੱਧਿਰਿਸੁ ਜਾਂਅਗਲਾ ਸਵੇਰ ਹੋਯਾ ਤਾਂ ਮਰਦਾਨੇਓਹਫਲ ਮੁਹਿਪਾਏ ਤਾਂ ਮਰਦਾਨਾ ਢਹਿ ਪਿਆ ਤਾਂ ਸ੍ਰੀ ਬਾਬੇਜੀ ਆਖਿਆ

CC-0. Gurukul Kangri University Haridwar Collection. Digitized by S3 Foundation USA

ਮਰਦਾਨਾ ਵਤ ਕੇ ਹੋਯਾ ਤਾਂਮਰਦਾਨੇਆਖਿਆ ਗੁਰੂਜੀ ਜੋਤੁਸਾਂ ਕਹਿਆਸੀ ਕਿ ਫਲ ਰੱਖੀਂ ਨਾ ਸੋ ਮੈਂਮੂਰਖਨੇ ਆਪਦਾ ਕਹਿਆ ਨ ਮੰਨਿਆ ਓਹ ਫਲ ਮੈਂ ਪੱਲੇ ਬੰਨ੍ਹਲਏ ਅਤੇ ਹੁਣ ਮੈਨੂੰ ਭੁੱਖਲਗੀ ਤਾਂ ਮੈਂ ਕੱਢਕਰ ਮੁਹਿ ਪਾਯਾ ਹੈ ਗੁਰੂਜੀ ਉਸਦੇ ਮੁਹਿ ਪਾਵਨ ਨਾਲ ਮੇਰਾ ਏਹ ਹਾਲਹੋਯਾਹੈ ਤਾਂਸ੍ਰੀਗੁਰੂਜੀਆਖਿਆਮਰਦਾਨਾ ਤੁਧ ਬੁਰਾਕੀਤਾ ਏਹ ਜੋ ਤੁਧ ਖਾਵਣੇ ਸਾਨ ਤਾਂਸਾਨੂੰ ਆਖਕੇ ਖਾਂਦੋਂ ਮਰਦਾਨਾ ਇਹਤਾਂ ਬਿਖ ਸੀ ਅਸਾਡੇ ਬਚਨ ਕਰਕੇ ਅੰਮ੍ਰਿਤ ਹੋਇਗਏ ਸਨ ਤਾਂ ਸ੍ਰੀਗੁਰੂਜੀ ਅਪਨਾਕਦਮ ਮਰਦਾਨੇਦੇਮੱਥੇਉੱਪਰਛੁਹਾਯਾਤਾਂ ਮਰਦਾਨਾ ਚੰਗਾਭਲਾ ਹੋਇਕਰ ਉੱਠਬੈਠਾ ਤੇਆਖਿਓਸ ਸੁਬਹਾਨਤੇਰੀਕੁਦਰਤਤੂੰਅਤੇ ਤੇਰੀਕਮਾਈ ਨੂੰਅਸੀ ਡੂੰਮ ਮੰਗਪਿੰਨ ਖਾਵਣਵਾਲੇ ਅਤੇਤੂੰ ਅਤੀਤਹੈਂ ਕਿਖੁਦਾਇਹੈਂ ਤੇਰੀ ਗਤਿ ਪਾਈ ਨਹੀਂ ਜਾਂਦੀ ਤੂੰ ਪਉਣਹਾਰੀ ਹੋਯਾਹੈਂ ਤੇਨਾਂਕਛੁਖਾਵੇਂ ਤੇ ਨਾ ਕੁਛ ਪੀਵੇਂ ਤੇ ਵਸਤੀਵੜੇਂ ਨਹੀਂਉਜਾੜਾਂਵਿੱਚਰਹਿੰਦਾਹੈਂ ਤਾਂਮੈਂਤੇਰੇਨਾਲਕਿਉਂਕਰ ਰਹਾਂ ਤਾਂ ਅਸਾਂਨੂੰ ਵਿਦਿਆ ਦੇਹ ਜਾਂਏਹਮਰਦਾਨੇ ਨੇਆਖਿਆਤਾਂਸ੍ਰੀਬਾਬੇਜੀਕਹਿਆਮਰਦਾਨਾ ਮੈਂ ਤੇਰੇ ਉੱਪਰ ਬਹੁਤ ਰਾਜ਼ੀ ਹਾਂ ਪਰਮਰਦਾਨਾਭੁੱਖਿਵੇਂ ਰਹੇਂਵੀ ਤਾਂਮਰਦਾਨੇ ਕਹਿਆਜੀ ਮੈਂਤਾਂਰਹਾਂਗਾ ਜੇਕਰਮੇਰੀਭੁੱਖ ਗਵਾਵੇਂ ਤਾਂਮੈਂ ਰਵ੍ਹਾਂਜੀ ਨਹੀਂਤਾਂ ਵਿਦਿਆਕਰੋਜ਼ੀ ਤੇ ਜਾਂ ਆਪਨੇ ਜਿਹਾ ਅਹਾਰ ਕਰਤਾਂ ਰਹਾਂਜੀ ਤਾਂਸ੍ਰੀਗੁਰੂਜੀ ਕਹਿਆ ਜਾਹ ਮਰਦਾਨਾ ਤੂੰ ਦੀਨਦੁਨੀਆ ਤੋਂ ਸੁਰਖ਼ਰੂਹੋਯਾ ਅਤੇ ਨਿਹਾਲ ਮਰਦਾਨਿਆਂ ਨਿਹਾਲ ਸ੍ਰੀਗੁਰੂਜੀ ਕ੍ਰਿਪਾਦ੍ਰਿਸ਼ਟੀ ਮਰਦਾਨੇ ਉੱਪਰ ਕੀਤੀ ਲੋਕ ਪਰਲੋਕ ਸਭਸੁਆਰਦਿੱਤੇ ਤੇਮਰਦਾਨੇ ਨੇਸ੍ਰੀਗੁਰੂਬਾਬੇਦੇ ਚਰਨਾਂਪਰ ਮੱਥਾਟੇਕਿਆ ਤੇ ਸ੍ਰੀ ਬਾਬੇਜੀ ਮਰਦਾਨੇਨੂੰ ਪਕੜਕੇ ਉਠਾਯਾ ਤਾਂ ਅਗਮਨਿਗਮ ਦੀ ਸੋਝੀ ਹੋਈ ਤਾਂ ਸ੍ਰੀ ਗੁਰੂ ਜੀ ਮਰਦਾਨੇਨੂੰ ਨਾਲਲੈਕਰ ਉਸਉਜਾੜਵਿੱਚੋਂ ਨਿਕਲਆਏ ਤਾਂਗੁਰੂਨਾਨਕਜੀ ਕਹਿਆ ਕਿਉਂ ਮਰਦਾਨਾ ਹੁਣ ਆਖ ਕੇਹੜੇ ਪਾਸੇ ਜਾਂਵਣਾ ਹਈ ਤਾਂ ਮਰਦਾਨੇ ਕਹਿਆ ਗੁਰੂਜੀ ਜੋ ਤੁਧੇ ਦੀ ਰਜ਼ਾਇਹੈ ਸੋਕਰਹੁ ਜੀ ਪਰ ਗੁਰੂਜੀ ਹੁਣ ਤਾਂ ਵਤ ਆਪਣੇ ਘਰ ਜਾਵਨੇਨੂੰ ਚਿੱਤਕਰਦਾਹੈ ਪਰਤੇਰੀ ਰਜ਼ਾਇਹੋਵੇ ਤਾਂ ਫੇਰਗੁਰੂਜੀ ਮੈਨੂੰ ਸ੍ਰੀਗੁਰੂਨਾਨਕਜੀ ਨੇ ਕਿਹਾ ਕਿਉਂਬਾਲਾ ਮਰਦਾਨਾ ਕਿਆ ਆਖਦਾ ਹੈ ਤਾਂ ਮੈਂ ਸ੍ਰੀਗੁਰੂ ਅੱਗੇ ਹੱਥ ਜੋੜਕਰ ਅਰਦਾਸ ਕੀਤੀਜੀਸੱਚੇਪਾਤਿਸ਼ਾਹਜੀ ਮਰਦਾਨਾ ਸੱਚਆਖਦਾਹੈ ਜੀ ਕਿਉਂਕਿ ਬਾਲਬੱਚੇ ਨੂੰਮਿਲਣ ਨੂੰ ਮਰਦਾਨੇਦਾ ਚਿਤੱਕਰਦਾਹੈਜੀ ਤੇਕਿਤਨੀ ਮੁਦਤ ਗੁਜ਼ਰੀਹੈ ਘਰ ਗਏ ਨੂੰ ਏਸਵਾਸਤੇ ਦੀਨਦਇਆਲਜੀ ਨਾਲੇਅੰਮਾਂਬੀਬੀ ਯਾਦਕਰਦੀ ਹੋਵੇਗੀਜੀ ਨਾਲੇ ਮਹਿਤਾ ਕਾਲੂ ਵੀ ਹੁਣ ਬ੍ਰਿਧ ਹੋਯਾਹੈਜੀ ਅੱਗੇਗ਼ਰੀਬਨਿਵਾਜ਼ਜੀ ਤੁਧ ਪਾਸੋਂ ਕੁਛ ਛਿਪਿਆ ਨਾਹੀਂਜੀ ਪਰ ਮਹਾਰਾਜਜੀ ਅਸੀ ਤਾਂ ਤੇਰੇਦਾਸਹਾਂਜੀਭਾਵੇਂਜਾਣ ਭਾਵੇਂਨਾਜਾਣਪਰਜੀ ਬੇਬੇਜੀਦੇਪਾਸ ਸ੍ਰੀਚੰਦਹੋਰਾਂਨੂੰਛਡਆਏਹੋ ਜੀ ਸੋਹੁਣਤਾਂ ਉਨਾਂਨੂੰ ਵੀ ਕਿਥਾਉਂ ਘਰ ਬਣਾਇਕਰ ਵਸਾਵੋ ਜੀ ਤਾਂ ਸ੍ਰੀਗੁਰੂ ਜੀ ਕਹਿਆ ਭਲਾ ਭਾਈ ਬਾਲਾ ਜਿਵੇਂ ਕਰਤਾਰ ਕਰਾਇਸੀ ਏਹ ਬਾਤ

CC-0. Gurukul Kangri University Haridwar Collection. Digitized by S3 Foundation USA

ਕਰਦੇਹੀਆਹੇਤਾਂਸ੍ਰੀਗੁਰੂਜੀਕਹਿਆਭਾਈ ਕੋਹ ਦੋਇਕ ਉੱਪਰ ਤਲਵੰਡੀਆਹੀ॥ਬੋਲਹੁ ਭਾਈਜੀ ਵਾਹਿਗੁਰੂ॥੨੦੦॥ਤਾਂਗੁਰੂਜੀ ਏਹ ਉਦਾਸੀ ਕਰਕੇ ਬਾਰ੍ਹੀਂਬਰਸੀਂ ਆਏ॥ਨਉਂ ਬਰਸਾਂਦੀ ਉਦਾਸੀ ਉਤ੍ਰਖੰਡ ਦੀ ਅਤੇ ਤਿੰਨਾਂ ਬਰਸਾਂ ਦੀ ਉਦਾਸੀ ਪੂਰਬ ਦੀ ਕੀਤੀ ਸੋ ਬਾਰ੍ਹੀਂ ਬਰਸੀਂ ਸ੍ਰੀ ਗੁਰੂ ਜੀ ਘਰ ਰਾਇ ਭੋਏ ਦੀ ਤਲਵੰਡੀ ਆਏ ॥ ਸੰਮਤ ੧੫੭੦ ਗੁਰੂ ਨਾਨਕ ਜੀ ਫੇਰ ਤਲਵੰਡੀ ਪ੍ਰਾਪਤ ਹੋਇਆ ਤਾਂ ਸ੍ਰੀ ਗੁਰੂ ਜੀ ਦੀ ਉਮਰਾ ਵਰ੍ਹਿਆਂ ਛਿਤਾਲੀਆਂ ਦੀ ਹੋਈ ਜਦ ਸ੍ਰੀ ਗੁਰੂਜੀਅਪਨੇ ਪਿੰਡਦੇਬਾਹਿਰ ਜਾਇਬੈਠੇ ਤਾਂਮਰਦਾਨਾ ਅਤੇ ਬਾਲਾ ਤੇਗੁਰੂਨਾਨਕਦੇਵ ਜੀ ਹੇ ਗੁਰੂਅੰਗਦਜੀ ਬਾਹਿਰ ਅਸੀਉਜਾੜ ਵਿੱਚ ਜਾਇ ਬੈਠੇ ਜਾਂ ਇਕ ਘੜੀਕ ਓਥੇ ਬੈਠਿਆਂ ਨੂੰ ਗੁਜ਼ਰੀ ਤਾਂ ਮਰਦਾਨੇ ਹੱਥ ਜੋੜਕੇ ਗੁਰੂਜੀ ਨੂੰ ਆਖਿਆ ਹੇ ਮੇਹਰਬਾਨਜੀ ਜੇਕਰ ਹੁਕਮਦੇਵੋ ਤਾਂ ਮੈਂ ਆਪਨੇ ਬਾਲਬੱਚੇਨੂੰ ਮਿਲ ਆਵਾਂ ਦੇਖਾਂ ਸਾਡੇਆਦਮੀ ਮੁਏਹੈਨਕਿ ਜਿਉਂਦੇਹੈਨ ਤਾਂ ਸ੍ਰੀ ਗੁਰੂ ਜੀ ਹੱਸਕੇ ਕਹਿਆ ਮਰਦਾਨਾ ਅਸੀਂ ਸਾਰੇ ਸੰਸਾਰਨੂੰ ਕਿਸਤਰਾਂ ਰੱਖਾਂਗੇ ਜੇਤਾਂ ਤੇਰੇ ਆਦਮੀ ਮਰਗਏ ਪਰ ਜੇ ਤੇਰੇ ਆਤਮੇ ਵਿੱਚਆਂਵਦਾਹੈਤਾਂਤੂੰਜਾਣ ਮਿਲਆਉ ਪਰ ਮਰਦਾਨਾ ਜੇਅਸਾਡੇ ਘਰਗਇਉਂਤਾਂ ਅਸਾਡਾ ਨਾਮ ਮਤ ਲਵੀਂ ਤਾਂਮਰਦਾਨੇਆਖਿਆ ਭਲਾਹੋਵੇਜੀ ਤਾਂ ਮਰਦਾਨੇਸ੍ਰੀਗੁਰੂਜੀਅੱਗੇ ਮੱਥਾ ਟੇਕਿਆ ਤੇ ਆਪਨੇ ਘਰਕੋ ਗਿਆ ਤਾਂਘਰ ਵੜਨ ਨਾਲ ਸਭ ਸਰਬੰਧੀ ਮਰਦਾਨੇ ਦੇ ਗਲ ਆਇ ਚੰਮੜੇ ਤਾਂ ਮਰਦਾਨੇ ਸਭਨਾਂਨੂੰ ਸੁਖ ਆਨੰਦਪੁੱਛੀਤਾਂ ਫੇਰ ਮਹਾਰਾਜ ਸ੍ਰੀ ਗੁਰੂਜੀ ਦੇ ਪ੍ਰਤਾਪ ਕਰਕੇ ਮਰਦਾਨੇਦੇਕੁਟੰਬੀਕਹਿੰਦੇ ਹੈਨਭਾਈ ਮਰਦਾਨਾਤਾਂਡੂੰਮਸੀ ਪਰਗੁਰੂ ਨਾਨਕ ਜੀਦਾ ਸ਼ਾਹਾ ਹੈ ਜੋਆਵੇ ਸੋ ਮਰਦਾਨੇਦੀ ਪੈਰੀਂ ਆਇਪਵੇ ਤੇਕਹਿਨ ਭਾਈ ਨਾਨਕਜੀਤਾਂ ਪਰਮਪੁਰਖ ਹੈ ॥ ਤਾਂ ਫੇਰ ਮਰਦਾਨਾ ਉਠਕੇ ਸ੍ਰੀ ਗੁਰੂ ਜੀਕੇ ਘਰ ਕੋ ਗਿਆ ਜਦ ਬਾਬੇ ਕਾਲੂਦੇ ਵੇਹੜੇ ਵਿੱਚ ਆਇਬੈਠਾ ਤਾਂ ਸ੍ਰੀਗੁਰੂਨਾਨਕਜੀ ਦੀ ਮਾਤਾ ਉਠਕਰ ਮਰਦਾਨੇਦੇ ਗਲ ਚੰਮੜੀਅਤੇਲਗੀ ਬੈਰਾਗਕਰਨ ਤੇਆਖਿਓਸਮਰਦਾਨਾ ਕਿਥਾਉਂਨਾਨਕਦੀ ਖ਼ਬਰ ਹੋਵੇਤਾਂਦੱਸੋਂ ਇਤਨੇਚਿਰਨੂੰ ਸਾਰੇਪੜਸੀਇਕੱਠੇ ਹੋਗਏਤੇ ਲਗੇ ਨਾਨਕਜੀ ਦੀਆਂ ਖ਼ਬਰਾਂ ਪੁੱਛਣ ਮਰਦਾਨਾ ਕਿਥਾਉਂ ਨਾਨਕਜੀਦੀ ਸਾਰਦੇਹ ਤਾਂ ਮਰਦਾਨੇਕਹਿਆ ਭਾਈ ਮੈਂ ਤਾਂ ਸੁਲਤਾਨਪੁਰਦੇਖਿਆ ਆਹਾ ਪਰਵਤ ਖ਼ਬਰਕਾਈ ਨਾਹੀਂ ਤਾਂ ਮਰਦਾਨਾ ਇਕ ਘੜੀ ਬੈਠ ਕਰ ਤੁਰ ਵਗਿਆ ਸ੍ਰੀਗੁਰੂਜੀ ਦੀ ਮਾਤਾ ਮਨ ਵਿੱਚ ਵਿਚਾਰਕੀਤਾ ਜੋ ਮਰਦਾਨਾ ਛੇਤੀ ਉਠ ਵਗਿਆਹੈ ਸੋ ਖ਼ਾਲੀ ਨਾਹੀਂ ਤਾਂ ਮਾਤਾ ਤ੍ਰਿਪਤਾ ਕੁਛ ਕਪੜੇ ਅਤੇ ਮਿਠਿਆਈ ਲੈਕੇ ਮਰਦਾਨੇ ਦੇ ਪਿੱਛੇ ਪਿੱਛੇ ਚਲੀ ਜਾਂ ਮਰਦਾਨੇ ਨੂੰ ਜਾਇ ਮਿਲੀ ਤਾਂ ਮਾਤਾ ਨੇ ਆਖਿਆ ਮਰਦਾਨਾਮੈਨੂੰ ਨਾਨਕਮਿਲਾਉਪਰ ਮਰਦਾਨਾ ਚੁਪਕਰ ਰਹਿਆ ਅਤੇ ਓਥੋਂ ਚਲਦੇਚਲਦੇ ਜਾਂ ਕੋਹਾਂਦੋਹ ਉੱਪਰਗਏਤਾਂ ਅੱਗੇਸ੍ਰੀਗੁਰੂਜੀ ਬੈਠੇਹੈਨ ਪਰ ਬਾਬੇ ਨਾਨਕਜੀ ਦੇਖਿਆ ਜੋ ਮਾਤਾਚਲੀਆਉਂਦੀਹੈਤਾਂਅੱਗੋਂ ਉੱਠਕੇਮਾਤਾਦੇ ਚਰਨੀਂ ਆਇਪਇਆ ਤਾਂਮਾਤਾਨੇ ਸ੍ਰੀ ਗੁਰੂ

CC-0. Gurukul Kangri University Haridwar Collection. Digitized by S3 Foundation USA

ਜੀਨੂੰ ਗਲ ਨਾਲ ਲਾਇਆ ਤੇ ਲਗੀ ਏਰਾਗ ਕਰਨ ਅਤੇਮੱਥਾ ਚੁੰਮਿਆਅਤੇ ਆਖਿਆਸ ਹਉਂਵਾਰੀਬੇਟਾਤੁਧਵਿਟਹੁਹਉਂਵਾਰੀਤੇਰੇਦਰਸ਼ਨ ਵਿਟਹੁਵਾਰੀਤੇਰੇਨਾਮ ਵਿਟਹੁ ਵਾਰੀ ਜਿੱਥੇਤੂੰ ਫਿਰਦਾਆਇਆਹੈਂ ਉਸਥਾਉਂ ਉਤੋਂਹਉਂਵਾਰੀ ਬੇਟਾਤੁਧ ਮੈਨੂੰ ਨਿਹਾਲ ਕੀਤਾ ਹੈ ਜੋ ਆਪਣਾ ਮੁਖਮੇਰੇ ਤਾਈਂ ਦਿਖਲਾਯਾਹੈ ਤਬ ਸ੍ਰੀ ਬਾਬਾਜੀ ਮਾਤਾਦੇ ਹੇਤਕਰਕੇਗਦ ਗਦ ਹੋਇ ਗਇਆ ਤਾਂਸ੍ਰੀਗੁਰੂ ਜੀ ਲਗੇ ਏਰਾਗ ਕਰਨਏਰਾਗ ਕਰਕੇ ਸ੍ਰੀਗੁਰੂ ਜੀ ਹੱਸ ਪਏਤਾਂਮਰਦਾਨੇਨੂੰ ਆਖਿਆਰਬਾਬ ਵਜਾਇ ਤਾਂ ਮਰਦਾਨੇਨੇ ਰਬਾਬਵਜਾਇਆ ਸ੍ਰੀਗੁਰੂ ਜੀਨੇ ਇਕ ਸ਼ਬਦਉਚਾਰਿਆ ॥ ਰਾਗ ਵਡਹੰਸ ਮਹਲਾ ੧ ॥ ਅਮਲੀ ਅਮਲ ਨਅੰਬੜੈ ਮਛੀਨੀਰ ਨ ਹੋਇ॥ਜੋ ਰਤੇ ਸਹਿਆਪਣੈ ਤਿਨ ਭਾਵੈ ਸਭ ਕੋਇ॥ ੧॥ ਹਉ ਵਾਰੀ ਵੰਞਾਂ ਖੰਨੀਐ ਵੰਞਾਂ ਤਉ ਸਾਹਿਬ ਕੈ ਨਾਵੈ ॥ ੧ ॥ ਰਹਾਉ ॥ ਸਾਹਿਬ ਸਫਲਿਓ ਰੁਖੜਾ ਅੰਮ੍ਰਿਤ ਤਾਕਾਨਾਉ ॥ ਜਿਨਿ ਪੀਆਸੇ ਤ੍ਰਿਪਤਿ ਭਏਹਉ ਤਿਨ ਬਲਿਹਾਰੈਜਾਉ॥੨॥ਮੈਕੀਨਦਰਿਨਆਵਈਵਸਹਿਹਭੀਆਨਾਲ॥ਤ੍ਰਿਖਾਤਿਹਾਧਾ ਕਿਉਲਹੈ ਜਾ ਸਰਿਭੀਤਰਤਾਲ॥੩॥ਨਾਨਕਤੇਰਾ ਬਾਣੀਆਤੂੰ ਸਾਹਿਬਮੇਰੀ ਰਾਸ ॥ ਮਨ ਤੈ ਧੋਖਾ ਤਾ ਲਹੈ ਸਿਫਤ ਕਰੀ ਅਰਦਾਸ ॥ ੪ ॥ ਤਾਂ ਮਾਤਾ ਨੇ ਕਪੜੇ ਮਿਠਿਆਈ ਅਗੇਰੱਖੇਅਤੇ ਮੂੰਹੋਂ ਆਖਿਓਸਬੱਚਾਤੂੰਖਾਹ ਤਾਂਸ੍ਰੀਬਾਬੇਜੀ ਕਹਿਆਮਾਤਾ ਜੀਮੈਂ ਰੱਜਿਆ ਹਾਂ ਤਾਂ ਮਾਤਾਕਹਿਆ ਬੇਟਾਤੂੰਕਿਤ ਖਾਧੇਰਜਿਆਹੈਂਤਾਂਸ੍ਰੀ ਦੂਜੀ ਫੇਰ ਇਕ ਸ਼ਬਦਆਖਿਆ॥ਸਿਰੀ ਰਾਗਮਹਲਾ ੧॥ਸਭਿਰਸ ਮਿਠੇ ਮੰਨਿਐ ਸੁਣੀਐ ਸਾਲੋਣੇ ।ਖਟਤੁਰਸੀਮੁਖ ਬੋਲਣਾ ਮਾਰਣ ਨਾਦਿ ਕੀਏ॥ਛਤੀ ਅੰਮ੍ਰਿਤ ਭਾਉ ਏਕ ਜਾਕਉ ਨਦਰਿ ਕਰੇਇ॥੧॥ਬਾਬਾ ਹੋਰਖਾਣਾਖੁਸੀਖੁਆਰ॥ ਜਿਤ ਖਾਧੈ ਤਨ ਪੀੜੀਐ ਮਨਮੈ ਚਲੈ ਵਿਕਾਰ ॥੧॥ ਰਹਾਉ ॥ ਤਾਂਫੇਰਮਾਤਾ ਕਹਿਆ ਏਹ ਖ਼ਿਲਤਾ ਗਲੋਂ ਉਤਾਰਕੇ ਨਵੇਂ ਕਪੜੇ ਪਹਿਰ ਤਾਂ ਬਾਬੇਜੀ ਦੂਜੀ ਪਉੜੀਆਖੀ॥ ਪੈਹਨਣ ਰਤਾ ਮਨ ਰਤਾਸੁਪੇਦੀ ਸਤਿਦਾਨ॥ ਨੀਲੀ ਸਾਹੀਕਦਾ ਕਰਣੀਪੈਨਣ ਪਹਿਰਧਿਆਨ॥ਕਮਰਬੰਦ ਸੰਤੋਖ ਕਾ ਧਨ ਜੋਬਨ ਤੇਰਾ ਨਾਮ ॥੨॥ਮਾਤਾ ਦੋਰਪੈਨਣ ਖੁਸ਼ੀਖੁਵਾਰ॥ਜਿਤ ਪੈਧੈ ਤਨ ਪੀੜੀਐ ਮਨਮਹਿ ਚਲਹਿ ਬਿਕਾਰ ।੧ ॥ ਰਹਾਉ ॥ ਤਾਂ ਮਹਿਤੇ ਕਾਲੂ ਨੂੰ ਖ਼ਬਰ ਹੋਈ ਭਈ ਨਾਨਕ ਜੀ ਆਏ ਹੈਨ ਤਾਂ ਕਾਲੂ ਆਪਣੈ ਘਰੋਂ ਚਲਿਆ ਪਰ ਘੋੜੇ ਉੱਪਰ ਚੜ੍ਹਕਰ ਗਇਆ ਤਾਂ ਅੱਗੋਂ ਸ੍ਰੀ ਗੁਰੂ ਨਾਨਕਜੀ ਉਠਕਰ ਪਿਤਾਦੇ ਚਰਨਾਂਉੱਪਰਮੱਥਾ ਟੇਕਿਆ ਤਾਂਕਾਲੂਨੇ ਗੁਰੂ ਨਾਨਕਜੀਨੂੰ ਗਲ ਵਿੱਚ ਲੈਕੇ ਚੁੰਮਿਆ ਪੈਰਾਗ ਕਰਨ ਲਗਾ ਤੇ ਆਖਿਆਸ ਨਾਨਕ ਤੂੰ ਘੋੜੇ ਉਪਰ ਚੜ੍ਹਕਰ ਘਰਕਉ ਚੱਲ ਤਾਂ ਸ੍ਰੀਗੁਰੂ ਜੀ ਕਹਿਆ ਪਿਤਾਜੀ ਏਹ ਘੋੜਾ ਮੇਰੇ ਕਿਸੇ ਕੰਮ ਨਾਹੀਂ ਤਬ ਸ੍ਰੀ ਗੁਰੂ ਜੀ ਤੀਜੀ ਪਉੜੀ ਆਖੀ ॥ ਘੋੜੇ ਪਾਖਰ ਸੋਇਨੇ ਸਾਖਤ ਬੁਝਨ ਤੇਹੀ ਵਾਟ ॥ ਤਰਗਸਤੀਰਕਮਾਨ ਸਾਂਗਣੇਗਈਦ ਰੁਣ ਧਾਤ ॥ ਵਾਜੇ ਨੇਜੇ ਪਤਿ ਸਿਉ

CC-0. Gurukul Kangri University Haridwar Collection. Digitized by S3 Foundation USA

ABHINAV GAUR

ਪਰਗਟਿ ਕਰਮ ਤੇਰਾ ਮੇਰੀ ਜਾਤਿ॥ ੩ ॥ ਬਾਬਾ ਹੋਰ ਚੜ੍ਹਨਾ ਖੁਸੀ ਖੁਆਰ ॥ ਜਿਤ ਚੜਿਐ ਤਨ ਪੀੜੀਐ ਮਨਮਹਿ ਚਲਹਿ ਬਿਕਾਰ ॥ ੧ ॥ ਰਹਾਉ ॥ ਤਾਂ ਫੇਰ ਕਾਲੂ ਨੇ ਕਹਿਆ ਵੱਲ ਨਾਨਕ ਮੈਂ ਨਵੇਂ ਘਰ ਬਨਾਏ ਹੈਨ ਉਸਦੇ ਵਿੱਚ ਰਹੁ ਅਤੇ ਸਭ ਤੇਰਾ ਪਰਵਾਰ ਹੈ ਓਹਨਾਂ ਨੂੰ ਮਿਲਕਰ ਖੁਸ਼ੀ ਕਰੋ ਕਿਉਂ ਜੋ ਤੂੰ ਚਿਰ ਪਿੱਛੋਂ ਆਯਾ ਹੈਂ ਜਦ ਤੇਰੀ ਖ਼ੁਸ਼ੀ ਆਵੇ ਤਾਂ ਫਿਰ ਚਲਿਆ ਜਾਵੀਂ ਤਾਂ ਫੇਰ ਸ੍ਰੀਗੁਰੂ ਜੀ ਚਉਥੀ ਪਉੜੀ ਆਖੀ॥ ਘਰ ਮੰਦਰਿ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰ ॥ ਹੁਕਮ ਸੋਈ ਤੁਧ ਭਾਵਸੀ ਹਰ ਆਖਣ ਬਹੁਤ ਅਪਾਰ ॥ ਨਾਨਕ ਸਚਾ ਪਾਤਸਾਹ ਪੁਛ ਨ ਕਰੇ ਵੀਚਾਰ ॥ ੪ ॥ ਬਾਬਾ ਹੋਰ ਸਵਣਾ ਖੁਸੀ ਖੁਆਰ ॥ ਜਿਤ ਸੁਤਿਆਂ ਤਨ ਪੀੜੀਐ ਮਨਮਹਿ ਚਲਹਿ ਵਿਕਾਰ॥ ੧ ॥ ਰਹਾਉ ॥ ਤਾਂ ਫੇਰ ਕਾਲੂ ਨੇ ਕਹਿਆ ਬੇਟਾ ਤੇਰਾ ਜੀਉ ਕਿਸ ਗੱਲ ਥੀਂ ਖੱਟਾ ਹੁਆ ਹੈ ਤੂੰ ਮੈਨੂੰ ਦੱਸ ਜੇ ਕਹੇਂ ਤਾਂ ਮੈਂ ਤੇਰਾ ਹੋਰ ਵੀਆਹ ਕਰਾਇ ਦੇਵਾਂ ਬਹੁਤ ਅੱਛੀ ਜੰਞ ਚੜ੍ਹਾਇ ਕਰ ਅਡੰਬਰ ਨਾਲ ਵਿਵਾਹ ਕਰਵਾ ਦੇਵਾਂ ਤਾਂ ਸ੍ਰੀ ਗੁਰੂਜੀ ਸ਼ਬਦ ਆਖਿਆ ॥ ਰਾਗੁ ਹੀ ਮਹਲਾ ੧ ॥ਛੰਦ॥ ਜਿਨ ਕੀਆ ਤਿਨ ਦੇਖਿਆ ਜਗ ਧੰਧੜੈ ਲਾਇਆ ॥ ਦਾਨ ਤੇਰੈ ਘਟਿ ਚਾਨਣਾ ਮੁਖ ਚੰਦ ਦੀਪਾਇਆ ॥ ਚੰਦੋ ਦੀਪਾਇਆ ਦਾਨ ਹਰਿ ਕੈ ਦੁਖ ਅੰਧੇਰਾ ਮਿਟਗਇਆ ॥ ਰੁਣ ਜੰਞ ਲਾੜੇ ਨਾਲ ਸੋਹੈ ਪਰਖ ਮੋਹਣੀ ਵਰ ਲਇਆ ॥ ਵੀਵਾਹ ਹੋਯਾ ਸੋਭ ਸੇਤੀ ਪੰਚ ਸਬਦ ਗਾਇਆ॥ਜਿਨ ਕੀਆ ਤਿਨ ਦੇਖਿਆ ਜਗ ਧੰਧੜੈ ਲਾਇਆ॥ ੧॥ ਹਉ ਬਲਿਹਾਰੀ ਸਾਜਨਾ ਮੀਤਾ ਅਉਰੀਤਾ ॥ ਜਿਨ ਸੇਤੀ ਮਨ ਰਤਿਆ ਚਿਤ ਲਾਇਅ ਚਾਲੀਤਾ॥ ਚਿਤ ਲਾਇ ਲੀਤਾ ਜਿਨਾਂ ਸੇਤੀ ਸੇ ਸਜਨ ਕਿਉ ਵੀਸਰਹਿ ॥ ਜਿਨਾ ਨਜਰੀ ਆਇਆ ਹੋਇ ਰਲੀਆ ਜੀਉ ਸੇਤੀ ਗਹਿ ਮਿਲੈ ॥ ਸਭ ਗੁਣ ਅਵਗੁਣ ਨਾਂਹੀਂ ਕੋਇ ਹੋਇ ਨੀਤਾ ਰਾਤਾ ॥ ਹਉ ਬਲਿਹਾਰੀ ਸਾਜਨਾ ਸਤਿਗੁਰ ਕੇ ਮੀਤਾ ॥ ੨ ॥ ਤਬ ਸ੍ਰੀ ਬਾਬੇ ਜੀ ਹੋਰ ਸ਼ਲੋਕ ਉਚਾਰਿਆ ਸਲੋਕ ਮਹਲਾ ੧ ॥ਸੂਹਵੀਏ ਨਿਮਾਣੀਏ ਸੋ ਸਹੁ ਸਦਾ ਸਮਾਲਿ॥ ਨਾਨਕ ਜਨਮੁ ਸਵਾਰਹਿ ਆਪਣਾ ਕੁਲ ਭੀ ਛੁਟੀ ਨਾਲ ॥ ੧॥ ਗੁਣ ਕਾ ਹੋਵੈ ਵਾਸਲਾ ਕਢਿ ਵਾਸ ਲਈਜੈ ॥ ਜੇ ਗੁਣ ਹੋਵੈ ਸਾਜਨਾ ਮਿਲਿ ਸਾਂਝ ਕਰੀਜੈ ॥ ਸਾਂਝ ਕਰੀਜੈ ਗੁਣਹ ਕੇਰੀ ਛੋਡ ਅਵਗੁਣਿ ਚਲੀਐ ॥ ਪਹਿਰੈ ਪਟਬਰ ਕਰ ਅਡੰਬਰਿ ਆਪਨਾਂ ਪਿੜ ਮਲੀਐ॥ ਜਥੈ ਜਾਇ ਬਹੀਐ ਭਲਾ ਕਹੀਐ ਢੋਲਿ ਅੰਮ੍ਰਿਤ ਪੀਜੈ ॥ ਗੁਣਾ ਕਾ ਹੋਵੈ ਵਾਸਲਾ ਕਢ ਵਾਸ ਲਈਜੈ ॥ ੨ ॥ ਆਪ ਕੈ ਕਿਸ ਆਖੀਐ ਹੋਰ ਕਰੇ ਨ ਕੋਈ ॥ ਆਖਣ ਕਿਸ ਪਹਿ ਜਾਈਐ ਜੇ ਭੂਲੜਾ ਹੋਈ ॥ ਜੇ ਹੋਇ ਭੂਲਾ ਜਾਇ ਕਹੀਐ ਆਪ ਕਰਤਾ ਕਿਉ ਭੁਲੈ ॥ ਅਣਮੰਗਿਆ ਅਨ ਪੁਛਿਆ ਦਾਨ ਹਰਿ ਕਾ ਇਉ ਮਿਲੈ ॥ ਦਾਨ ਦੇਹੁ ਦਾਤਾ ਜਗ ਬਿਧਾਤਾ ਨਾਨਕ ਸਚ ਸੋਈ ॥ ਆਪਿ ਕਰੈ ਕਿਸ ਆਖੀਐ ਹੋਰ ਕਰੈ ਨ ਕੋਈ ॥ ੪ ॥ ੧ ॥ ਤਾਂ ਗੁਰੂ ਨਾਨਕ ਜੀ ਆਖਿਆ ਹੇ ਪਿਤਾ ਜੀ ਓਹ ਜੋ ਬਿਧਾਤਾ ਪੁਰਖ ਹੈ ਸੋ ਕਦਾਚਿੱਤ ਨਹੀਂ ਭੁੱਲਣਵਾਲਾ ਨ ਓਹ ਕਿਸੇ ਪਰ ਖ਼ਫ਼ਾ ਹੋਤਾ

CC-0. Gurukul Kangri University Haridwar Collection. Digitized by S3 Foundation USA

ਹੈ ਤੇ ਜੋ ਉਸ ਸੰਜੋਗ ਕੀਤਾਹੈ ਸੋ ਭਲਾ ਕੀਤਾ ਹੈ ਤਾਂਮਾਤਾ ਨੇ ਆਖਿਆ ਚਲਬੇਟਾ ਅਵਾ-
ਈਆਂ ਛੋਡ ਫੇਰ ਕਿਆਸੰਜੋਗਬਣੇਗਾਜਿਤਫਿਰਮਿਲੇਂਗੇਤਾਂਸ੍ਰੀਗੁਰੂਜੀਇਕਸ਼ਬਦ ਕਹਿਆ
ਰਾਗ ਮਾਰੂ ਵਿੱਚ ਮਹਲਾ ੧ ॥ਪਿਛਹੁ ਰਾਤੀ ਸਦੜਾ ਨਾਮ ਖਸਮ ਕਾ ਲੇਹੁ॥ ਖੇਮੇ
ਛਤ੍ਰਸਰਾਇਚੇਦਿਸਣਰਥ ਪੀੜੇ॥ਜਿਨੀ ਤੇਰਾ ਨਾਮਧਿਆਇਆ ਤਿਨਕਉ ਸਦ
ਮਿਲੇਹੁ॥ ੧॥ਬਾਬਾ ਮੈਕਰਮਹੀਣਕੂੜਿਆਰ॥ ਨਾਮ ਨ ਪਾਇਆ ਤੇਰਾ ਅੰਧਾਭਰਮ
ਭੂਲਾ ਮਨ ਮੇਰਾ ॥ ਰਹਾਉ॥ਸਾਦਕੀਤੇ ਦੁਖ ਪਰਫੜੇ ਪੂਰਬਲਿਖੇਮਾਇ ॥ ਸੁਖਥੋੜੇ
ਦੁਖ ਅਗਲੇ ਦੁਖੇਦੁਖਵਿਹਾਇ ॥ ੨ ॥ ਵਿਛੜਿਆ ਕਾ ਕਿਆ ਵਿਛੜੈ ਮਿਲਿਆ ਕਾ
ਕਿਆ ਮੇਲ॥ ਸਾਹਿਬਸੋਸਾਲਾਹੀਐ ਜਿਨ ਕਰ ਦੇਖਿਆ ਖੇਲ॥ ੩ ॥ ਸੰਜੋਗੀ ਮੇਲਾ
ਵੜਾ ਤਿਨਤਨਿਕੀਤੇਭੋਗ॥ਵਿਜੋਗੀ ਮਿਲਿ ਵਿਛੜੇ ਨਾਨਕ ਭੀ ਸੰਜੋਗ ॥ ੪ ॥ ੪ ॥
ਤਾਂ ਬਾਬੇਜੀਆਖਿਆ ਮਾਤਾਜੀਅਸੀਫੇਰ ਆਵਾਂਗੇ ਪਰਹੁਣਭੁਸੀਆਗਿਆਦੇਵੋ ॥ ਮਾਤਾਜੀ
ਹੁਣ ਸਾਡਾਮਨ ਉਦਾਸਹੈ ਅਸੀਫੇਰ ਹੁਣੇਹੀ ਥੋੜਿਆਂਦਿਨਾਂਨੂੰ ਆਇਮਿਲਾਂਗੇ ਤਾਂ ਮਾਤਾਨੇ
ਕਹਾ ਪੁਤ੍ਰ ਹੁਣ ਤੂੰ ਵਡੀਉਦਾਸੀਕਰਕੇ ਆਯਾ ਹੈਂ ਤਾਂ ਹੁਣ ਤੂੰ ਇਕਵਾਰ ਘਰ ਚਲ ਜੇਤੂੰ
ਘਰ ਨਾ ਜਾਵੇਂ ਤਾਂਬੇਟਾ ਮਨਨੂੰ ਸੰਤੋਖ ਕਿਸਤਰਾਂਆਵੇ ਅਤੇਪੁੱਤ੍ਰ ਮੈਂ ਤਾਂ ਤੇਰੀ ਸੂਰਤ ਦੇਖ
ਕਰ ਨਿਹਾਲਹੋਈ ਹਾਂ ਅਤੇ ਪੁਤ੍ਰ ਜਾਂ ਤੂੰ ਜਾਵਣਦਾ ਨਾਮ ਲੈਂਦਾ ਹੈਂਤਾਂ ਮੇਰਾਸੰਤੋਖਜਿਤਨਾਂ
ਹੈ ਸਭ ਹੀਉਡ ਜਾਂਦਾ ਹੈ ਅਤੇਜੇਕਰ ਬੇਟਾਤੂੰ ਸਾਡੇਨੇਤ੍ਰਾਂ ਅਗੇਰਹੇਂਤਾਂਅਸੀ ਸ੍ਰੀਚੰਦਹੋਰਾਂ
ਨੂੰ ਇਥੇ ਹੀ ਮੰਗਵਾਇਲੈਂਦੇ ਆਹੇ ਤਾਂ ਓਹਭੀ ਇਥਾਈਂ ਰਹਿਨਅਤੇ ਪੁੱਤ੍ਰ ਤੂੰਭੀ ਅਸਾਡਾ
ਕਹਿਆ ਮੰਨੇਂ ਤਾਂ ਮਨ ਨੂੰ ਸੰਤੋਖ ਆਂਵਦਾ ਹੈ ਅਤੇ ਪੁੱਤ੍ਰ ਜੋ ਤੁਧ ਆਖਿਆ ਹੈ ਕਿ ਮਨ ਨੂੰ
ਸਾਂਤ ਕਰ ਅਤੇ ਮੈਂ ਆਵਾਂਗਾ ਸੋ ਪੁੱਤ੍ਰ ਜਿਸ ਦਿਨ ਤੂੰ ਮੇਰੇ ਘਰ ਜਨਮ ਲੀਤਾ ਹੈ ਸੀ ਤਾਂ
ਹਰਿਦਾਸ ਪੰਡਿਤ ਨੇ ਕਹਿਆ ਸੀ ਕਿ ਹੇ ਤ੍ਰਿਪਤਾ ਜੋ ਪੀਰ ਪੈਗੰਬਰ ਔਰ ਜੋਗੀ ਜੰਗਮ
ਸੰਨਿਆਸੀ ਜੋ ਜੋ ਵਲੀਹੈਂ ਸਭਨੂੰ ਏਹਨਿਵਾਵੇਗਾਐਸਾ ਇਸਦਾ ਪ੍ਰਤਾਪਹੋਵੇਗਾਜੋ ਸੰਪੂਰਣ
ਦੇਵਤਾ ਇਸਨੂੰ ਨਮਸਕਾਰਕਰਨਗੇ ਸੋ ਪੁਤ੍ਰਮੇਰਾਤਾਂਆਤਮਾਵੀ ਅਜੇਠੰਡਾ ਨਹੀਂਹੂਆਅਤੇ
ਨਾ ਮੇਰੀ ਰੱਜਕੇ ਕੋਈ ਮੁਰਾਦ ਹੀ ਪੂਰੀ ਹੋਈ ਸੋਤੇਰੇ ਪੁਤ੍ਰਾਂ ਕੋ ਆਪਨੇਪਾਸ ਮੈਂ ਰੱਖਿਆਹੈ
ਪੁਤ੍ਰ ਅੱਗੇ ਤੂੰ ਜਾਣ ਜਿਵੇਂ ਤੇਰੀ ਰਜਾਇ ਜਾਂ ਏਹ ਬਾਤ ਕਰਦੇਹੀ ਆਹੇ ਤਾਂ ਸ੍ਰੀਗੁਰੂਜੀਕਾ
ਸਬ ਕੁਟੰਬ ਆਇ ਗਿਆ ਤੇ ਚਾਚਾ ਲਾਲੂ ਭੀ ਆਯਾ ਤਾਂ ਗੁਰੂਜੀ ਉਠਕਰ ਚਾਚੇ ਲਾਲੂ
ਦੇ ਚਰਨਾਂ ਪਰ ਨਮਸਕਾਰ ਕੀਤੀ ਤਾਂ ਲਾਲੂ ਬਹੁਤ ਸਿਆਣਾ ਸੀ ਅਤੇ ਓਸਨੂੰ ਸ੍ਰੀ ਗੁਰੂ
ਨਾਨਕਜੀਉਪਰ ਬਡਾਭਰੋਸਾਸੀ ਉਸਨੇ ਬੈਠ ਕਰਕਹਿਆਹੇਨਾਨਕਜੀ ਬੜੀ ਮਿਹਰਬਾਨੀ
ਕੀਤੀ ਹੈ ਜੋ ਅਸਾਂਜੇਹਾਂ ਪਾਪੀਆਂ ਨੂੰ ਦਰਸ਼ਨ ਦਿਤਾਹੈ ਤੇ ਨਿਹਾਲਕੀਤਾਹਈਤਾਂਸ੍ਰੀਗੁਰੂ
ਨਾਨਕਜੀ ਬਚਨ ਕੀਤਾ ਹੇ ਚਾਚਾਜੀ ਤੁਸ਼ਾਂ ਨੂੰਕਰਤਾਰ ਚਿਤ ਆਵੇ ਅਤੇ ਅਸਾਡੇ ਉਪਰ
ਖੁਸ਼ੀ ਰਖਨੀ ਜੀ ਅਤੇ ਅਸਾਡਾ ਮਨ ਉਦਾਸਹੈ ਅਸੀਂ ਹੁਣ ਇਸਗਿਰਦਨਿਵਾਈਦਾਸੈਲ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਕਰਾਂਗੇ ਤਾਂ ਫੇਰ ਤੁਸਾਡੇਪਾਸ ਆਵਾਂਗੇ ਸਭ ਪਰਵਾਰ ਨੂੰ ਸ੍ਰੀ ਗੁਰੂਜੀ ਮਿਲੇ ਤੇ ਸਰਬੱਤਪਰ ਖੁਸ਼ੀਕੀਤੀ ਅਤੇ ਮਾਤਾਦੇ ਚਰਨਾਂ ਪਰ ਨਮਸਕਾਰਕੀਤੀ ਅਰਮਹਿਤੇਕਾਲੂਤਾਈਂ ਬਾਰੰਬਾਰ ਨਮਸਕਾਰ ਕੀਤੀ ਅਤੇ ਮੂੰਹੋਂ ਆਖਿਆ ਹੇ ਪਿਤਾਜੀ ਅਸੀਹੁਣ ਤੁਸਾਡੇਪਾਸ ਚਹਾਂਗੇ ਏਂਡੇਹੀ ਦਿਨਾਂ ਤੀਕ ਆਵਾਂਗੇ ਏਹ ਬਾਤ ਕਹਿਕਰ ਸ੍ਰੀ ਗੁਰੂ ਬਾਬਾ ਜੀ ਸਰਬੱਤ ਕੋ ਧੀਰਜ ਦੇ ਕਰ ਵਿਦਿਆ ਕੀਤਾ ਅਤੇ ਉਥੋਂ ਚਲਦੇ ਰਹੇ ॥ ੨੦੧ ॥

ਸਾਖੀ ਸ੍ਰੀ ਗੁਰੂ ਜੀ ਰਾਵੀ ਗਏ

ਤਾਂ ਬਾਲਾ ਕਹੇ ਸ੍ਰੀ ਗੁਰੂ ਅੰਗਦ ਸਾਹਿਬ ਜੀ ਗੁਰੂ ਜੀ ਜਿੱਧਰ ਜਾਵਨ ਓਥੇ ਹੀ ਜੀਵਾਂ ਦਾ ਉਧਾਰ ਕਰਨ ਅਤੇ ਜੋ ਕੋਈ ਸ੍ਰੀ ਗੁਰੂਜੀਦਾ ਦਰਸ਼ਨ ਵੀ ਕਰ ਜਾਵੇ ਤਾਂ ਅਨੇਕ ਜਨਮਾਂ ਦੇ ਪਾਪਾਂ ਦਾਨਸ਼ਟ ਹੋ ਜਾਵੇ ਤਾਂ ਸ੍ਰੀਗੁਰੂਨਾਨਕਜੀਕੀ ਸੁਰੀਯਤਾ ਬਾਵਨਚੰਦਨ ਦੀ ਨਿਆਈਂ ਜੈਸੇ ਸ੍ਰੀ ਗੁਰੂ ਜੀ ਬਾਵਨ ਚੰਦਨ ਹੈਂ ਜੋ ਕਿ ਜਿਸ ਦਰਖ਼ਤ ਕੋ ਵਾਯੂ ਸਪਰਸ਼ ਕਰਕੇ ਫੇਰ ਔਰ ਬਿਰਛਾਂ ਕੋ ਛੋਹਕੇ ਚੰਦਨ ਰੂਪ ਕਰ ਦੇਤੀ ਹੈ ਤੈਸੇ ਹੀ ਸ੍ਰੀ ਗੁਰੂ ਨਾਮ ਸੁਣਨ ਕਰਕੇ ਜਾਂ ਦਰਸ਼ਨ ਕਰਨ ਕਰਕੇ ਸੰਪੂਰਨ ਜੀਵਾਂਦੇ ਪਾਪ ਨਸ਼ਟ ਹੋਜਾਂਦੇ ਹੈਂ ਤੋ ਸ਼ਾਂਤਿਰੂਪ ਹੋਜਾਤੇ ਹੈਂ ਸੋ ਦੀਨ ਦਇਆਲ ਗੁਰੂ ਜੀ ਜਾਂਦੇ ਜਾਂਦੇ ਇੱਕ ਗਾਉਂ ਦੇ ਪਾਸ ਜਾਇ ਬੈਠੇ ਤਾਂ ਇਕ ਜ਼ਿਮੀਂਦਾਰ ਰੋਜ਼ ਰਾਵੀ ਦੇਵਿਚ ਨ੍ਹਾਵਣੇਕੋਜਾਂਦਾ ਹੁੰਦਾਸੀ ਉਸਦਿਨ ਜੋ ਓਹ ਜ਼ਿਮੀਦਾਰ ਨ੍ਹਾਵਣੇ ਕਉ ਜਾਤਾ ਸੀ ਤਾਂ ਅੱਗੇ ਗੁਰੂਜੀ ਬੈਠੇ ਹੈਨ ਔਰ ਮਰਦਾਨਾ ਸ਼ਬਦਪੜ੍ਹਰਹਿਆਸੀ ਤੇ ਓਹ ਸ਼ਬਦ ਸੁਣਕਰਪਾਸਆਇਆ ਏਆਇਕਰ ਸ੍ਰੀਗੁਰੂਜੀਕੇ ਚਰਨਾਂਪਰ ਮੱਥਾਟੇਕਿਆ ਤੇ ਇੱਕ ਘੜੀਕੁ ਬੈਠਕਰ ਓਹ ਜ਼ਿਮੀਂਦਾਰ ਰਾਵੀਮੈਂ ਨ੍ਹਾਇਕਰ ਆਪਨੇਘਰ ਕੋ ਆਯਾ ਤੇ ਆਪਨੀ ਘਰਵਾਲੀ ਕੋ ਕਹਾ ਹੇ ਪਰਮੇਸ਼ਰ ਦੀ ਪਿਆਰੀ ਤਿੰਨ ਸਾਧ ਬੈਠੇ ਹੈਨ ਉਨ੍ਹਾਂ ਦੇ ਵਾਸਤੇ ਕੁਝ ਪ੍ਰਸਾਦ ਤਯਾਰ ਕਰਦੇਵੋਂ ਤਾਂ ਉਨਕੋ ਦੇ ਆਵਾਂਤੇ ਜੋ ਮੈਂ ਆਪ ਰਸੋਈ ਖਾਵਾਂਗਾ ਤਾਂ ਉਨਾਂਕੋ ਪੁਵਾਇਕਰਖਾਵਾਂਗਾ ਤਾਂ ਉਸਦੀ ਇਸਤ੍ਰੀ ਨੇ ਵਡੇਪ੍ਰੇਮਦੇ ਨਾਲ ਪ੍ਰਸਾਦਿਤਿਆਰ ਕਰਕੇ ਅਪਨੇ ਪਤੀ ਕਉ ਕਹਿਆ ਹੇ ਪਰਮੇਸ਼ਰ ਦੇ ਪਿਆਰੇ ਪ੍ਰਸ਼ਾਦ ਤਿਆਰ ਹੈ ਤਾਂ ਉਹ ਜ਼ਿਮੀ ਦਾਰ ਪ੍ਰਸਾਦਿ ਲੈਕੇ ਸ੍ਰੀ ਗੁਰੂਨਾਨਕ ਜੀ ਦੇ ਪਾਸਲੈਗਿਆ ਅੱਗੇਹੱਥਕਰ ਬੈਠ ਗਿਆ ਤੇ ਹੱਥ ਜੋੜ ਕਰ ਕਹਿਆ ਹੇ ਨਾਥ ਜੀ ਏਹ ਅਚਵੀਏ ਜੀ ਤਾਂ ਗੁਰੂ ਜੀ ਮਹਾਰਾਜ ਸਰਬ ਘਟਾਂ ਕੇ ਜਾਨਣਹਾਰੇ ਉਸਕਾ ਪ੍ਰੇਮ ਦੇਖਕਰ ਉਸ ਪ੍ਰਸਾਦਿਕੋ ਦੇਖਕਰ ਮੇਰੇ ਭਾਈਂ ਕਹਿਆ ਬਾਲਾ ਇਸ ਪਰਸਾਦ ਸੇ ਚਉਥਾ ਹਿੱਸਾ ਤੋ ਮਰਦਾਨੇ ਕਉ ਦੇ ਦੇਵੋ ਅਰੁ ਬਾਕੀ ਪਰਸਾਦਿ ਕਉ ਸਭਸੇ ਬਾਂਟ ਦੇਓ ਤਾਂਤੇ ਗੁਰੂ ਜੀ ਕਾ ਹੁਕਮ ਮੰਨ ਕਰ ਉਸ ਪਰਸਾਦਿ ਕੋ ਬਾਂਟ ਦੀਆ ਉਸ ਜ਼ਿਮੀਂਦਾਰ ਕਉ ਵੀ ਦੀਆ ਪਰ ਗੁਰੂਜੀ ਉਸ ਪਰਸਾਦਿ ਵਿਚਦਿਆਂ ਕੋ ਦੇਂ ਹੀ ਏਸਤ੍ਰੀ ਦੇਖਰਹੀਸੀ ਤਾਂ ਉਸਕੋ ਖੁਸ਼ੀਕਰਕੇ ਗੁਰੂਜੀ ਅੱਗੇ ਜਾਇ ਬੈਠੇ ॥੨੦੨॥

CC-0. Gurukul Kangri University Haridwar Collection. Digitized by S3 Foundation USA

ਸਾਖੀ ਦੋਦੇ ਨਾਲ ਹੋਈ ਰਾਵੀ ਦੇ ਕਿਨਾਰੇ ਅਤੇ ਨਾਲੇ ਓਥੇ ਕਰੋੜੀਆ ਮਿਲਿਆ

ਭਾਂ ਇਕਦਿਨ ਦੀ ਬਾਤਹੈ ਸ੍ਰੀਗੁਰੁਨਾਨਕਜੀਆਖਿਆ ਭਾਈਬਾਲਾਮਰਦਾਨਾ ਚਲੋਧੁਰਾਨੂੰ ਰਾਵੀਦੀ ਸੈਲ ਕਰਵਾਇਲਿਆਵੀਏ ਭਾਂ ਮੈਂ ਅਰਦਾਸਕੀਤੀਸੱਚੇਪਾਤਸ਼ਾਹਜੀ ਜਿਧਰਆਪ ਦੀ ਰਜਾਇਹੈ ਉਧਰਹੀਚਲੀਏਜੀ ਭਾਂਸ੍ਰੀਗੁਰੂਨਾਨਕਜੀ ਰਾਵੀਦੇਕਿਨਾਰੇਪਰਜਾਇਬੈਠੇਭਾਂ ਮਰਦਾਨਾ ਲੱਗਾ ਸ਼ਬਦ ਪੜ੍ਹਨੇ ਭੈ ਫੇਰ ਮਰਦਾਨੇਆਖਿਆ ਜੀ ਹੁਣ ਹੋਰਥੇ ਚਲਦੇ ਹੋ ਭਾਂ ਸ੍ਰੀਗੁਰੂ ਜੀ ਕਹਿਆ ਭਾਈਭੁਸੀ ਉਡਾਵਲੇ ਨਾ ਹੋਵੋ ਇਕ ਏਥੇ ਦੋਦਾਜ਼ਿਮੀਂਦਾਰ ਰਹਿੰਦਾਹੈ ਪਰ ਉਸਦੀ ਇਸਤ੍ਰੀ ਨੇ ਅਗੇ ਗੁਰੂ ਜੀਕਾ ਦਰਸ਼ਨ ਕੀਤਾ ਹੋਯਾ ਸੀ ਅਤੇ ਫੇਰਓਹਆਈ ਭਾਂ ਗੁਰੂ ਜੀ ਬੈਠੇਹੈਨ ਦੇਖਕਰ ਬੜੀ ਪ੍ਰਸੰਨ ਹੋਈਪਰ ਘਰੋਂ ਬੜੇ ਨਿਰਧਨ ਸਨ ਅਤੇ ਕੋਈ ਪੁੱਤ੍ਰੀ ਨਹੀਂ ਸੀ ਉਸਨੇ ਆਪਨੇ ਘਰ ਜਾਇਕਰ ਆਪਨੇ ਪਤੀ ਨੂੰ ਕਹਿਆ ਹੇ ਠਾਕਰਜੀ ਇਕ ਸੰਤਰੂਪ ਰਾਵੀਦੇ ਕਿਨਾਰੇ ਉੱਪਰਆਇਬੈਠੇਹੈਨ ਤੁਸੀਚਲੋ ਭਾਂਦਰਸ਼ਨਕਰਆਈਏ ਭਾਂ ਉਸ ਜ਼ਿਮੀਂਦਾਰਨੇ ਕਹਿਆ ਚਲੋ ਪਰ ਓਹ ਦੋਵੇਂਜਣੇ ਤੁਰੇ ਭਾਂ ਗੁਰੂਵਾਸਤੇਦੁੱਧਲੈਚਲੇ ਹੈਨ ਅਤੇ ਆਇਕੇ ਗੁਰੂਜੀਦੇ ਚਰਨਾਂ ਪਰਮੱਥਾ ਟੇਕਿਆ ਭਾਂ ਗੁਰੂਜੀ ਆਖਿਆ ਆਓਭਾਈ ਦੋਦਾ ਰਾਜ਼ੀਹੈਂ ਭਾਂਦੋਦੇਨੇਕਹਿਆਜੀ ਆਪਦੀਮੇਹਰਬਾਨੀ ਭਾਂਗੁਰੂਨਾਨਕਜੀਕਹਿਆਭਾਈ ਦੋਦਾ ਤੈਨੂੰ ਕਰਤਾਰਚਿੱਤਆਵੇ ਪਰਓਹ ਇਸਤ੍ਰੀਗੁਰੂਜੀਦਾ ਦਰਸ਼ਨਕਰਨ ਰੋਜ਼ਆਉਂਦੀ ਸੀ ਦਰਸ਼ਨ ਕਰਕੇ ਫੇਰਘਰਦਾ ਕੰਮ ਜਾਕਰਦੀਸੀ ਅਰ ਦੋਦਾ ਕਦੀਕਦੀ ਆਉਂਦਾਹੈਸੀ ਭਾਂ ਇਕਦਿਨ ਦੀ ਬਾਤ ਹੈ ਓਹ ਇਸਤ੍ਰੀ ਸ੍ਰੀ ਗੁਰਾਂ ਦੇ ਦਰਸ਼ਨ ਨੂੰ ਚਲੀ ਤੇ ਦੁੱਧ ਚੋਇਕਰ ਲੈਗਈ ਭਾਂਪਿੱਛੋਂ ਦੋਦਾ ਆਯਾਤੇਆਇਕਰਦੇਖੇਭਾਂ ਘਰਇਸਤ੍ਰੀਨਹੀਂ ਭਾਂ ਦੋਦਾ ਜ਼ਿਮੀਂਦਾਰ ਸ੍ਰੀ ਗੁਰੂ ਨਾਨਕਜੀ ਪਾਸ ਆਇਆ ਭਾਂ ਗੁਰੂਜੀ ਅੱਗੇ ਬਹੁਤ ਅਨੰਦਬੈਠੇਸਨਅਰਦੋਦੇ ਨੂੰ ਦੇਖਕਰ ਸ੍ਰੀ ਬਾਬੇਜੀਆਖਿਆ ਆਉ ਦੋਦਾ ਕਿਆ ਚਾਹੁੰਦਾਹੈਂ ਸਾਡੇ ਪਰਮੇਸ਼ਰਜੀਦੇਘਰ ਸਭ ਕੁਛ ਹੈ ਅਤੇ ਜੋਓਹ ਕਰਤਾ ਪੁਰਖ ਹੈ ਸੋਦਾਤਾ ਹੈ ਤੇ ਸੰਪੂਰਨ ਜੀਵ ਉਸਦੇ ਮੰਗਤੇਹੈਂ ਓਹ ਜਹਾਂ ਕਹਾਂਭਰਪੂਰਹੈ ਤੇ ਓਹ ਭਗਵੰਤ ਬਿਰਾਜਮਾਨਹੈ ਉਸ ਪਰਮਾਤਮਾਰੂਪਦੇ ਪਾਸੋਂ ਜੋਤੂੰ ਆਖੇਂ ਅਸੀਤੈਨੂੰ ਦਿਵਾਈਏ ਅਤੇ ਦੁਧ ਪੀਣਾ ਚਾਹੇਂ ਤਾਂ ਏਹ ਨਦੀ ਦੁਧਦੀ ਵਗਦੀ ਹੈ ਜਿਤਨਾ ਪੀਸਕਦਾ ਹੈਂ ਤਿਤਨਾ ਹੀ ਪੀਲੈ ਭਾਂ ਦੋਦਾ ਲੱਗਾ ਪੀਵਣਅਤੇਕਿਆ ਦੇਖੇ ਜੋ ਅੰਮ੍ਰਿਤਦਾ ਸੁਆਦਹੈ ਭਾਂ ਦੋਦੇ ਦੇ ਮਨਵਿਚਨਿਸਚਾਆਯਾਜੋ ਏਹ ਸਾਇਂ ਦੇਲੋਕ ਹੈਨ ਜੋਕੁਛ ਮੈਂਮੰਗਾਂਗਾ ਸੋ ਮੈਨੂੰ ਦੇਵਨਗੇ ਭਾਂ ਦੋਦੇ ਨੇਆਪਣੇ ਗੱਲ ਵਿਚ ਪੱਲਾ ਪਾਇਕਰ ਸ੍ਰੀ ਗੁਰੂਜੀ ਦੇਅੱਗੇ ਮੱਥਾਆਇ ਟੇਕਿਆਭਾਂ ਸ੍ਰੀਗੁਰੂਜੀ ਨੇ ਬਚਨਕੀਤਾ ਦੋਦਿਆ ਕੁਛਮੰਗ ਲੈ ਭਾਂਦੋਦੇ ਨੇ ਕਹਿਆ ਜੀ ਮੈਂ ਏਹ ਮੰਗਦਾ ਹਾਂ ਜੋ ਦੁਧ ਪੁਤ੍ਰ ਕਰਕੇ ਭਰਪੂਰ ਮੈਂ ਹੋਵਾਂ ਭਾਂ ਸ੍ਰੀਗੁਰੂ ਜੀ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਕਹਿਆ ਦੋਦਿਆ ਕੁਛ ਹੋਰਭੀ ਮੰਗਲੈ ਭਾਂ ਦੋਦੇ ਆਖਿਆ ਗੁਰੂਜੀ ਮੈਂ ਏਹੋ ਮੰਗਦਾ ਹਾਂ ਜੋ ਦੁਧ ਪੁਤ੍ਰ ਮੇਰੇ ਬਹੁਤ ਹੋਵੇ ਭਾਂ ਤਿੰਨ ਵਾਰੀ ਗੁਰੂਨਾਨਕ ਸਾਹਿਬਜੀ ਕਹਿਆ ਕੁਛ ਹੋਰ ਮੰਗਦੋਦੇ ਏਹੋਆਖਿਆਜੀ ਸੱਚੇ ਸਾਹਿਬਜੀਮੈਂ ਦੁਧਪੁਤ੍ਰ ਕਰਕੇ ਭਰਪੂਰ ਹੋਵਾਂ ਏਹੋ ਮੰਗੇ ਭਾਂਸਤਿਗੁਰੂਜੀ ਨੇ ਕਹਿਆ ਦੋਦਿਆਦੁਧਪੁਤ੍ਰਨਾਲ ਤੂੰ ਭਰਪੂਰਹੋਵੇਂਗਾ ਪਰਸੱਚਕਮਾਈਂ ਭਾਂ ਦੋਦੇ ਮਥਾਟੇਕਿਆ ਸ੍ਰੀਗੁਰੂਜੀ ਸਦੀਵਹੀ ਰਾਵੀ ਨਦੀ ਦੇ ਕੰਢੇਰਹਣ ਲਗੇ ਓਥੇਹੋਰ ਲੋਕ ਭੀ ਬਹੁਤ ਗੁਰੂਨਾਨਕਜੀ ਦੇ ਦਰਸ਼ਨ ਕਉ ਆਵਨ ਅਤੇ ਪਾਤਸ਼ਾਹ ਦੀ ਵਲੋਂ ਓਥੇ ਇੱਕ ਠਾਣੇਦਾਰ ਕਰੋੜੀਆ ਰਹਿੰਦਾਸੀ ਭਾਂਉਸਨੇ ਖ਼ਬਰਸੁਣੀ ਜੋ ਏਥੇ ਇੱਕ ਫ਼ਕੀਰਆਯਾ ਹੈਅਰਸਭਲੋਕ ਓਸਦੇ ਮਿਲਣਵਾਸਤੇ ਜਾਂਦੇ ਹੈਨ ਭਾਂ ਉਸ ਕਰੋੜੀਏ ਨੇ ਕਹਿਆ ਏਹ ਤੇ ਫ਼ਕੀਰਕੋਈ ਜਾਦੂਗਰਹੈ ਉਸ ਕਰੋੜੀਏ ਆਪਣੇਮਨੁੱਖਾਂਨੂੰ ਕਹਿਆ ਮੇਰੀ ਘੋੜੀ ਸਜਾਇਕੇ ਲੈ ਆਵੋ ਅਸੀ ਉਸਨੂੰ ਜਾਇਕੇ ਉਠਾਇ ਆਵੀਐਂਗੇ ਨਹੀਂਭਾਂਬੰਨ੍ਹਕਰਲੈਆਵੀਐਂਗੇ ਜਾਂ ਉਹ ਕਰੋੜੀਆ ਏਹਬਾਤਮਨਮੈਂ ਠਾਨ ਕਰ ਘੋੜੀ ਤੇ ਚੜ੍ਹਕਰ ਚਲਿਆ ਭਾਂਡਿਗਪਇਆ ਅਰਲੱਤਭੀ ਭੱਜਗਈ ਭਾਂਕਿਤਨੇਕਦਿਨਮੰਜੋਤੇ ਪਿਆਰਹਿਆਜਾਂਫੇਰ ਰਾਜੀ ਹੋਯਾ ਟੁਰਨ ਫਿਰਨਲਗਾ ਭਾਂ ਇੱਕਦਿਨਫੇਰਗੁਰੂਜੀਦੀ ਭਰਫ਼ ਟੁਰਿਆ ਜੋ ਤਪੇ ਕਉ ਉਠਾਇ ਦੇਵੈਂਗੇ ਜਾਂ ਚਲਕਰ ਬਾਂਧਲਵਾਂਗੇ ਜਦ ਏਹਬਾਤ ਉਸਦੇ ਮਨਮੈਂ ਆਈ ਭਾਂ ਰਾਹਵਿਚ ਅੰਧਾਹੋਇ ਗਿਆ ਭਾਂ ਲੋਕਾਂਨੇ ਕਹਿਆ ਹੇ ਭਾਈ ਤੂੰ ਕੁਛਸ਼ੁੱਧਭਾਵਨੀਕਰਕੇ ਚਲੇਂ ਭਾਂਤੂੰ ਦੰਗਾਹੋਵੇਂਗਾ ਓਹ ਫ਼ਕੀਰ ਤੇ ਪੂਰਾਹੈ ਐਸਾ ਕੈਸਾਨਹੀਂ ਜਦ ਓਹ ਕਰੋੜੀਆ ਸੁੱਧ ਭਾਵਣਾ ਕਰਕੇ ਨੰਗੀ ਪੈਰੀਂ ਟੁਰਦਾਹੀ ਗਿਆ ਭਾਂ ਜਾਇਕੇ ਗੁਰੂਜੀ ਦੇ ਅੱਗੇ ਮੱਥਾ ਟੇਕਿਆ ਭਾਂ ਗੁਰੂ ਜੀ ਨੇ ਆਖਿਆ ਆਓ ਭਾਈ ਭਾਂ ਉਸਕਰੋੜੀਏ ਅਰਦਾਸ ਕੀਤੀ ਜੀ ਸੱਚੇ ਗੁਰੂਜੀਤੁਸੀਸੰਤਹੋ ਤੇ ਦਯਾਵਾਲੇਹੋਸੰਸਾਰਕੇ ਭਲੇ ਵਾਸਤੇ ਜੱਗ ਵਿੱਚ ਤੁਹਾਡਾ ਹੋਣਾ ਬਹੁਤਿਆਂ ਦੇ ਭਲੇਵਾਸਤੇਹੈ ਅਤੇ ਅਸਾਡਾ ਭਲਾਤਦੇਹੁੰਦਾਹੈ ਜਾਂਤੁਹਾਡਾਨਿਵਾਸਏਥੇਹੀ ਹੋਵੇ ਅਤੇ ਜੇਤੁਸੀ ਏਥੇ ਰਹੋ ਭਾਂ ਜਥਾਸ਼ਕਤਜ਼ਮੀਨਮੈਂ ਆਪਦੀਭੇਟਾਦੇਵਾਂਗਾ ਅਤੇ ਤੁਸੀ ਆਪਣੇਨਾਮਦਾਚੱਕਇਥੇ ਬਣਾਵੋਜੀ ਭਾਂਗੁਰੂਨਾਨਕਜੀਕਹਿਆਸੁਣਭਾਈਏਹਨਉਖੰਡ ਪ੍ਰਿਥਵੀ ਸਭਸਾਡੀਹੈਅਸਾਂ ਥੋੜੀ ਜਹੀ ਕਿਆ ਕਰਨੀਹੈ ਭਾਂਮਰਦਾਨੇਨੇਕੋਲੋਂ ਆਖਿਆ ਗੁਰੂਜੀ ਤੁਸੀ ਸਿਰਚੰਦਜੀ ਅਤੇ ਲਖਮੀ ਦਾਸਨੂੰ ਇਥੇਹੀ ਆਣਰੱਖੋ ਭਾਂ ਗੁਰੂਨਾਨਕਜੀ ਨੇ ਆਖਿਆ ਭਾਈ ਬਾਲਾ ਤੁਸੀ ਸ੍ਰੀ ਚੰਦ ਲਖਮੀਦਾਸਨੂੰ ਇੱਥੇ ਲੈ ਆਵੋ ਤੇ ਭਾਈਮਰਦਾਨਾਤੂੰਭੀ ਆਪਣੇਟੱਬਰਨੂੰ ਇਥੇ ਲੈਆਵੋ ਭਾਂ ਦੋਵੇਂਜਣੇ ਵਿਦਿਆਕੀਤੇ ਭਾਂ ਦੋਹਾਂਨੇ ਮਾਤਾ ਤ੍ਰਿਪਤਾਜੀ ਅਤੇਨਾਲੂ ਅੱਗੇਆਮੱਥਾਟੇਕਿਆ ਭਾਂ ਉਨਾਂ ਪੁੱਛਿਆ ਭਾਈ ਬਾਲਾ ਨਾਨਕਜੀ ਕਿੱਥੇਹੈਈ ਭਾਂਬਾਲੇ ਆਖਿਆ ਮਹਿਤਾਜੀ ਓਹ ਰਾਵੀ ਨਦੀਕੇ ਕੰਢੇ ਪਰਬੈਠੇਹੈਨ ਅਤੇਤੁਹਾਨੂੰਯਾਦਕੀਤਾਹੈ ਸੋ ਤੁਸੀ ਕ੍ਰਿਪਾ ਕਰਕੇ ਆਪਣੇ ਜੀਆਂ ਸਮੇਤ ਓਥੇ ਚਲੋ ਦਰਸਨਦੇਵੋ ਭਾਂ ਮਹਿਤੇਕਾਲੂਨੇ ਆਖਿਆ ਅੱਜ ਸਾਡੇ ਵਡੇ

CC-0. Gurukul Kangri University Haridwar Collection. Digitized by S3 Foundation USA

ਭਾਗ ਹੋਏ ਜੋ ਗੁਰੂ ਨਾਨਕ ਜੀ ਨੇ ਅਸਾਨੂੰ ਯਾਦ ਕੀਤਾ ਹੈ ਤਾਂ ਕਾਲੂ ਨੇ ਗੱਡੀਆਂ ਭਾੜੇ ਕਰਕੇ ਤੁਰਨ ਦੀ ਤਿਆਰੀ ਕੀਤੀ ਤਾਂ ਰਾਇ ਬੁਲਾਰ ਨੇ ਸੁਣਿਆ ਤੇ ਕਾਲੂ ਵੇਦੀ ਦੇ ਘਰ ਆਯਾ ਤੇ ਕਹਿਣ ਲਗਾ ਮਹਿਤਾ ਜੀ ਤੁਸੀ ਏਥੇ ਬੈਠੇ ਸੋ ਤਾਂ ਸਾਨੂੰ ਬਾਬੇ ਜੀ ਦੇ ਮਿਲਣ ਦੀ ਉਮੈਦ ਆਹੀ ਸੋ ਤੁਸੀ ਕਿਰਪਾ ਕਰਕੇ ਇੱਥੇ ਹੀ ਰਹੋ ਤਾਂ ਕਾਲੂ ਨੇ ਆਖਿਆ ਰਾਇ ਜੀ ਅਸੀ ਤਾਂ ਉਸਦਾ ਬਚਨ ਫੇਰ ਨਹੀਂ ਸਕਦੇ ਅਸੀ ਤਾਂ ਉਸਨੂੰ ਪਰਮੇਸ਼ਰ ਹੀ ਕਰਕੇ ਜਾਣਦੇ ਹਾਂ ਤੁਸੀ ਰਾਇ ਜੀ ਸਾਨੂੰ ਵਿਦਿਆ ਦੇਹੋ ਸ੍ਰੀ ਗੁਰੂ ਨਾਨਕ ਜੀ ਨੇ ਸਾਨੂੰ ਯਾਦ ਕੀਤਾ ਹੈ ਸੋ ਅਸੀ ਉਸਦਾ ਦਰਸ਼ਨ ਪਾਵੀਏ ਤਾਂ ਰਾਇ ਨੇ ਕਾਲੂ ਨੂੰ ਵਿਦਾ ਦਿੱਤੀ ਕਹਿਓ ਸ ਬਾਬੇ ਨਾਨਕ ਜੀ ਦੇ ਚਰਨਾਂ ਤੇ ਮੇਰਾ ਬਹੁਤ ਆਜਜ਼ੀ ਨਾਲ ਮੱਥਾ ਟੇਕਣਾ ਅਤੇ ਕਹਿਣਾ ਮੈਨੂੰ ਪਰਮੇਸ਼ਰ ਜੀ ਦੀ ਦਰਗਾਹ ਵਿਚ ਬਚਾਇ ਲੈਨਾ ਮੇਰੀ ਸਹਾਇਤਾ ਕਰਨੀ ਤਾਂ ਕਾਲੂ ਰਾਇ ਬੁਲਾਰ ਪਾਸੋਂ ਵਿਦਿਆ ਲੈਕਰ ਟੁਰਿਆ ਅਤੇ ਮਰਦਾਨਾ ਭੀ ਅਪਣੇ ਕੁਟੰਬੀਆਂ ਪਾਸ ਜਾਇ ਕਰ ਆਖਣ ਲਗਾ ਜੋ ਭਾਈ ਬਾਬੇ ਜੀ ਨੇ ਆਪਣੇ ਕੁਟੰਬ ਨੂੰ ਰਾਵੀ ਦੇ ਕੰਢੇ ਪਰ ਸੱਦ ਭੇਜਿਆ ਹੈ ਸੋ ਤੁਸੀ ਭੀ ਓਥੇ ਹੀ ਚਲਰਹੋ ਤਾਂ ਉਨਾਂ ਆਖਿਆ ਜੋ ਤੁਸੀ ਤਾਂ ਕਿਤੇ ਠਹਿਰਕੇ ਨਹੀਂ ਬੈਠਦੇ ਅਤੇ ਤੁਸੀ ਅਸਾਂਨੂੰ ਘਰੋਂ ਕੱਢਕੇ ਬਾਹਰ ਸੁੱਟ ਜਾਵੋਗੇ ਅਸੀ ਨਹੀਂ ਜਾਂਦੇ ਤਾਂ ਮਰਦਾਨਾ ਜਬਾਬ ਲੈਕਰ ਬਾਬੇ ਕਾਲੂ ਨੂੰ ਜਾਇ ਮਿਲਿਆ ਤਾਂ ਸੱਭੋ ਹੀ ਗੁਰੂ ਬਾਬੇ ਜੀ ਨੂੰ ਆਇਕਰ ਮਿਲੇ ਤਾਂ ਬਾਬੇ ਜੀ ਨੇ ਮਾਤਾ ਪਿਤਾ ਜੀ ਅੱਗੇ ਮੱਥਾ ਟੇਕਿਆ ਤਾਂ ਕਾਲੂ ਨੇ ਅਤੇ ਮਾਤਾ ਨੇ ਗੁਰੂ ਜੀ ਨੂੰ ਗਲ ਨਾਲ ਲਾਯਾ ਅਤੇ ਆਖਣ ਲਗੇ ਅਸਾਡੇ ਬੜੇ ਭਾਗ ਹੋਏ ਹੈਨ ਜੋ ਤੁਸਾਡਾ ਦਰਸ਼ਨ ਹੋਯਾ ਹੈ ਪਰ ਅਸੀ ਆਪਣੇ ਘਰ ਦੀ ਕਿਨਸਾਣੀ ਛੱਡਕੇ ਆਏ ਹਾਂ ਤਾਂ ਗੁਰੂ ਨਾਨਕ ਜੀ ਨੇ ਸਿਰੀ ਰਾਗ ਦੇ ਵਿਚ ਸ਼ਬਦ ਆਖਿਆ ਸੁਣੋ ਪਿਤਾ ਜੀ ਇਹ ਕਿਰਸਾਣੀ ਕਰੋਗੇ ਤਾਂ ਤੁਹਾਡਾ ਉਧਾਰ ਹੋਵੇਗਾ। ਸ੍ਰੀ ਰਾਗ ਮਹਲਾ ੧ ਘਰ ੩ ॥ ਏਹ ਤਨ ਧਰਤੀ ਬੀਜ ਕਰਮਾਂ ਕਰੋ ਸਲਲ ਆਪਾਉ ਸਾਰਿੰਗ ਪਾਣੀ॥ ਮਨ ਕਿਰਸਾਣ ਹਰਿ ਰਿਦੈ ਜੰਮਾਇਲੈ ਇਉਂ ਪਾਵਸ ਪਦ ਨਿਰਬਾਣੀ॥੭॥ ਕਾਹੇ ਗਰਬਸਿ ਮੂੜੇ ਮਾਇਆ॥ ਪਿਤ ਸੁਤ ਸਗਲ ਕਾਲਿ ਭ੍ਰਮਾਤਾ ਤੇਰੇ ਹੋਇ ਨ ਅੰਤ ਸਖਾਇਆ॥ ੧ ॥ ਰਹਾਉ ॥ ਬਿਖੇ ਬਿਕਾਰ ਦੁਸ਼ਟ ਕਿਰਖਾ ਕਰੈ ਇਨ ਭਜ ਆਤਮੈ ਹੋਇ ਧਿਆਈ॥ ਜਪ ਤਪ ਸੰਜਮ ਹੋਹਿ ਜਬ ਰਾਖੈ ਕਮਲ ਬਿਗਸੈ ਮਧ ਆਸ ਰਮਾਈ ॥੨॥ ਬੀਸ ਸ ਪਤਾਹ ਰੋ ਬਾਸ ਰੋ ਮਿਗ ਰਹਿ ਭੀ ਨ ਖੋਜ ਨਿਤ ਕਾਲ ਸਾਰੈ ॥ ਦਸ ਅਠਾਰਮੈ ਅਪਰੰਪਰੋ ਚੀਨੈ ਕਹੈ ਨਾਨਕ ਇਵ ਏਕ ਤਾਰੈ॥ ੪ ॥

ਤਿਸ ਦਾ ਪਰਮਾਰਥ ਗੁਰੂ ਨਾਨਕ ਜੀ ਕਹਿੰਦੇ ਹੈਨ ਹੇ ਪਿਤਾ ਜੀ ਇਸ ਤਨ ਨੂੰ ਧਰਤੀ ਕਰੋ ਅਰ ਸ਼ੁਭ ਕਰਮਾਂ ਦਾ ਬੀਜ ਪਾਵੋ ਅਤੇ ਜੋ ਮਹਾਰਾਜ ਦੇ ਨਾਮ ਦਾ ਜਪ ਕਰਨਾ ਹੈ ਸੋ ਜਲ ਦੇਵੋ ਅਤੇ ਮਨ ਨੂੰ ਕਿਰਸਾਣ ਕਰੋ ਤੇ ਜੋ ਮਹਾਰਾਜ ਦੇ ਚਰਨਾਂ ਦਾ ਧਿਆਨ ਕਰਨਾ ਹੈ ਸੋ ਆਪਣੇ ਰਿਦੇ ਵਿਚ ਜਮਾਵੋ ਇਸ ਪ੍ਰਕਾਰ ਮੁਕਤ ਹੋਵੋਗੇ ਅਤੇ ਮਾਯਾ ਨੂੰ ਝੂਠ ਜਾਨ ਕੇ ਤਿਸ ਦਾ ਤਜਾਗ ਕਰੋ। ਤੁਦੇ ਪਿਤਾ ਜੀ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਜਿਤਨੇ ਕੁਟੰਬੀ ਹੈਨ ਸੋ ਕਿਸੇਵੀ ਨਾਲ ਨਹੀਂ ਜਾਣਾ ਏਹ ਵਿਖਿਆਂ ਦੇ ਭੋਗ ਜੋ ਹੈਨ ਅਰ ਕਾਮਕ੍ਰੋਧਦੁਸ਼ਟਹੈਨ ਇਨਾਂਦਾ ਤਿਆਗ ਕਰੋ ਅਤੇ ਜਪਤਪ ਸੰਜਮ ਤੁਸੀ ਆਪਣੀ ਖੇਤੀ ਕੇ ਰਖਵਾਰੇਬੈਠਾਵੋ ਤਾਂ ਤੁਹਾਡਾ ਮਨ ਆਪਣੇ ਆਸ੍ਰਮ ਵਿਚ ਆਵੇਗਾ ਅਰ ਜੋ ਤੁਸੀਂ ਵਾਹਿਗੁਰੂ ਨੂੰ ਚੀਨੋਗੇ ਤਾਂ ਤੁਹਾਡਾ ਉਧਾਰ ਹੋਵੇਗਾ ਅਤੇ ਜੋ ਕੋਈ ਵਾਹਿਗੁਰੂ ਦਾ ਨਾਮ ਸੁਣੇ ਸੁਣਾਵੇਗਾ ਤਿਸਦਾਭੀ ਉਧਾਰ ਹੋਵੇਗਾ ਤਾਂ ਮਾਤਾ ਨੇ ਕਹਿਆ ਬੇਟਾ ਜਾਂ ਤੇਰੀ ਕਿਰਪਾ ਹੋਵੇਗੀ ਤਾਂ ਆਤਮੇ ਨੂੰ ਚੀਨੀਏਂਗੇ ਤਾਂ ਕਾਲੂ ਨੇ ਕਹਿਆ ਬੇਟਾ ਰਾਗ ਦ੍ਵੈਖ ਤੇ ਅਗਿਆਨ ਏਹ ਕਈ ਅਸੰਖ ਜਨਮਾਂ ਦਾ ਚਲਿਆ ਆਂਵਦਾ ਹੈ ਅਤੇ ਗਿਆਨ ਸੰਤਾਂ ਨੂੰ ਮਿਲ ਸੁਣ ਕੇ ਹੁੰਦਾ ਹੈ ਓਹ ਗਿਆਨ ਇਤਨੇ ਜਨਮਾਂ ਦੇ ਅਗਿਆਨ ਕਿਉਂ ਕਰ ਕੱਟੇਗਾ ਤਾਂ ਗੁਰੂ ਜੀ ਕਹਿਆ ਸੁਣੋ ਪਿਤਾ ਜੀ ਲਕੜੀਆਂ ਹਜ਼ਾਰ ਬਰਸਾਂ ਦੀਆਂ ਕੱਠੀਆਂ ਕੀਤੀਆਂ ਹੋਈਆਂ ਹੋਵਨ ਅਗਨੀ ਪੱਥਰ ਵਿੱਚੋਂ ਚਿਨਗਾਰੀ ਕੱਢ ਕੇ ਲਕੜੀਆਂ ਨੂੰ ਲਾਵੀਐ ਤਾਂ ਸੱਭੇ ਹੀ ਲਕੜੀਆਂ ਭਸਮ ਹੋਇ ਜਾਂਦੀਆਂ ਹੈਨ ਸੋ ਤੈਸੇਹੀ ਲਕੜੀਆਂ ਦੀ ਨਿਆਈਂ ਅਗਿਆਨ ਹੈ ਅਤੇ ਸਾਧ ਸੰਤ ਦੇ ਮਨਦੀ ਜੋ ਪ੍ਰੀਤ ਹੈ ਸੋ ਚਿਨਗਾਰੀ ਦੀ ਨਿਆਈਂ ਹੈ ਸੋ ਤੈਸੇਹੀ ਸਾਧ ਸੰਤ ਦੀ ਅਤੇ ਨਾਮ ਦੀ ਪ੍ਰੀਤ ਅਗਿਆਨ ਨੂੰ ਅਤੇ ਪਾਪਾਂ ਨੂੰ ਨਾਸ ਕਰਦੀ ਹੈ ਏਹ ਸੱਭੋ ਬਾਰਤਾ ਕਰੋੜੀਆ ਸੁਣ ਕਰ ਗੁਰੂ ਜੀ ਦੀ ਚਰਨੀਂ ਲੱਗਾ ਕਰੋੜੀ ਏਨੇ ਆਖਿਆ ਗੁਰੂ ਜੀ ਮੈਂ ਕਿਲਾ ਬਣਵਾਂਵਦਾ ਹਾਂ ਅਤੇ ਮੈਂ ਇੱਟ ਕਿਸ ਦੇ ਨਾਮ ਦੀ ਰੱਖਾਂ ਤਾਂ ਸ੍ਰੀ ਗੁਰੂ ਜੀ ਨੇ ਆਖਿਆ ਭਾਈ ਕਰਤਾਰ ਦੇ ਨਾਉਂ ਦਾ ਕਰਤਾਰ ਪੁਰ ਬਣਾਉ ਤਾਂ ਉਸ ਨੇ ਕੱਚਾ ਕੋਟ ਬਾਹਰਲਾ ਬਣਾਯਾ ਅਤੇ ਬਾਬੇ ਜੀ ਦੇ ਘਰ ਪੱਕੇ ਬਣਾਏ ਤਾਂ ਓਥੇ ਬਾਬੇ ਜੀ ਕਾ ਕੁਟੰਬ ਲਖਮੀਦਾਸ ਮਾਤਾ ਤ੍ਰਿਪਤਾ ਜੀ ਅਤੇ ਮਹਿਤਾ ਕਾਲੂ ਜੀ ਅਤੇ ਸਿਰੀ ਚੰਦ ਜੀ ਭੀ ਅਤੇ ਮਾਤਾ ਚੋਣੀ ਜੀ ਭੀ ਆਇ ਰਹੇ ਅਤੇ ਓਹ ਕਰੋੜੀਆ ਜ਼ਮੀਨ ਭੇਟ ਕਰ ਕੇ ਵਿਦਿਆ ਲੱਗਾ ਹੋਵਣ ਤਾਂ ਫੇਰ ਅਰਦਾਸ ਕੀਤੀ ਹੇ ਗਰੀਬ ਨਵਾਜ ਜੋ ਕਿਛੁ ਇਸ ਜਗਹ ਜ਼ਿਮੀਂ ਦੀ ਪੈਦਾਇਸ਼ ਹੋਵੇਗੀ ਸੋ ਧਰਮਸਾਲਾ ਵਿੱਚ ਪਾਈਐ ਤਾਂ ਕਰੋੜੀਆ ਮੱਥਾ ਟੇਕ ਕੇ ਵਿਦਿਆ ਹੋਯਾ ਅਤੇ ਦੋ ਦੇ ਦੀਆਂ ਗਊਆਂ ਅਤੇ ਮਹੀਆਂ ਦੇ ਵੱਗ ਵਧਦੇ ਜਾਵਨ ਦਿਨੋਂ ਦਿਨ ਅਤੇ ਦਿਨ ਦਾ ਦੁੱਧ ਬਾਬੇ ਜੀ ਦੇ ਘਰ ਪਹੁਚਾਵੇ ਅਤੇ ਰਾਤ ਦਾ ਦੁੱਧ ਆਪਣੇ ਘਰ ਰੱਖੇ ਇਤਨੇ ਨੂੰ ਸਰਾਧਾਂ ਦੇ ਦਿਨ ਆਏ ਤਾਂ ਕਾਲੂ ਨੇ ਆਪਨੇ ਪਿਤਾ ਦਾ ਸਰਾਧ ਕੀਤਾ ਤਾਂ ਕਾਲੂ ਬ੍ਰਾਹਮਣਾਂ ਦੇ ਪੈਰ ਧੋਵਣ ਲੱਗਾ ਤਾਂ ਸ੍ਰੀ ਗੁਰੂ ਜੀ ਨੇ ਪੁੱਛਿਆ ਹੇ ਪਿਤਾ ਜੀ ਏਹ ਕਿਸ ਵਾਸਤੇ ਇਤਨਾ ਪ੍ਰਸਾਦਿ ਕੀਤਾ ਹੈ ਤਾਂ ਕਾਲੂ ਨੇ ਕਹਿਆ ਹੇ ਨਾਨਕ ਜੀ ਮੇਰੇ ਪਿਤਾ ਦਾ ਸਰਾਧ ਹੈ ਤਾਂ ਸ੍ਰੀ ਗੁਰੂ ਜੀ ਕਹਿਆ ਹੇ ਪਿਤਾ ਜੀ ਜਬ ਲਗ ਵਾਸ਼ਨਾ ਬੱਧੀਆਂ ਹੋਈਆਂ ਹੈਂ ਸੋ ਤਬ ਲਗ ਪਿਤਰ ਨਰਕ ਸੁਰਗ ਭੋਗਤੇ ਹੈਨ ਅਰ ਜਬ ਏਹ ਪ੍ਰਾਣੀ ਵਾਸ਼ਨਾ ਤੇ ਨਿਰਵਾਸ ਹੋਤਾ ਹੈ ਤਬ ਪਿਤਰ ਭੀ ਮੁਕਤ ਹੋਤੇ ਹੈਂ ਜਿਸ ਤਰ ਹਲੜ ਕੇ ਦੇ ਹੱਥ ਵਿੱਚ ਗੁੱਡੀ ਦੀ ਡੋਰ ਹੁੰਦੀ ਹੈ ਤਾਂ ਪਿੱਛੇ ਚੰਦਾ ਡੋਰ ਮੇਂ ਪਾਵਤਾ ਹੈ ਤਾਂ ਗੁੱਡੀ ਨੂੰ ਜਾਇ ਪਹੁੰਚਦਾ ਹੈ ਜੋ ਡੋਰ ਟੁੱਟ ਜਾਂਦੀ ਹੈ ਤਾਂ ਗੁੱਡੀ ਵੀ ਚਲੀ ਜਾਂਦੀ ਹੈ ਤੈਸੇਹੀ ਜੇਹੜੇ ਅਗਿਆਨੀ ਹੈਨ ਸੋ ਉਨਕੇ ਮੋਹ ਦੀ ਡੋਰ ਪਿਤਰਾਂ ਨੂੰ

CC-0. Gurukul Kangri University Haridwar Collection. Digitized by S3 Foundation USA

ਪਹੁਚਦੀ ਹੈ ਭਾਂ ਫੇਰ ਗੁਰੂ ਜੀ ਨੇ ਕਹਿਆ ਹੇ ਪਿਤਾ ਜੀ ਤੁਸੀ ਵਾਹਿਗੁਰੂ ਆਖਕੇਅੱਖੀਆਂ ਮੀਟੋ ਭਾਂ ਕਾਲੂ ਨੇ ਅੱਖੀਆਂ ਮੀਟੀਆਂ ਭਾਂ ਕਿਆ ਦੇਖੇ ਜੋ ਮੈਂ ਭਾਂ ਬੈਕੁੰਠ ਧਾਮ ਵਿਚ ਬੈਠਾਹਾਂ ਅਰ ਜੇਹੜੇ ਚਹੁਜੁਗਾਂਦੇ ਪਿਤਰ ਹੈਨ ਸੋ ਸਭ ਚਤੁਰਭੁਜ ਸਰੂਪ ਧਾਰੇ ਹੋਏ ਵਿਸ਼ਨਜੀਪਾਸ ਬੈਠੇ ਹੈਨ ਭਾਂ ਸਭ ਕਾਲੂ ਦੇ ਗਲ ਮਿਲੇ ਭਾਂ ਸਾਰਾ ਦਿਨ ਕਾਲੂ ਪਿਤਰਾਂ ਦੇ ਗਲ ਮਿਲਦਾ ਰਹਿਆ ਪਿਤਰਾਂ ਨੇ ਆਖਿਆ ਹੇ ਕਾਲੂ ਤੂੰ ਧੰਨ ਹੈਂ ਜੋ ਜਿਸਦੇ ਘਰ ਗੁਰੂਨਾਨਕ ਜੀ ਪੈਦਾ ਹੋਯਾ ਜੋਜਿਸਦੇਪਿੱਛੇ ਅਸਾਂ ਸਭਨਾਂਦਾਉਧਾਰ ਹੋਯਾਹੈ ਭਾਂ ਕਾਲੂ ਓਥੇ ਇਕ ਬਰਸ ਰਹਿਆ ਅਰ ਬਡੇਦਿੱਬਭੋਗਬੈਕੁੰਠਦੇ ਕਾਲੂਨੂੰ ਭੋਗਨੇਵਾਸਤੇ ਮਿਲੇ ਫੇਰ ਕਾਲੂ ਪਿਤਰਾਂਨੂੰ ਆਖਿਆ ਭਾਈ ਮੈਂ ਭਾਂ ਮਾਤ ਲੋਕ ਨੂੰ ਜਾਣਾ ਹੈ ਅਤੇ ਫੇਰਮੈਂਦੇਹਨੂੰ ਤਿਆਗਕਰਕੇ ਏਥੇਤੁਹਾਡੇਪਾਸ ਆਵੋਂਗਾ ਭਾਂ ਕਾਲੂਨੇ ਅੱਖੀਆਂ ਖੋਲ੍ਹੀਆਂ ਜਾਂ ਖੋਲ੍ਹਕਰ ਦੇਖੇਤਾਂਗੁਰੂਜੀ ਬੈਠੇ ਹੈਨ ਅਤੇਕਾਲੂ ਬ੍ਰਹਮਣਾਂ ਦੇ ਪੈਰ ਹੀ ਅਜੇ ਧੋਂਵਦਾ ਹੈ ਭਾਂ ਕਾਲੂ ਨੇ ਕਹਿਆ ਹੇਬੇਟਾ ਤੇਰੀ ਕਿਰਪਾ ਕਰਕੇ ਮੈਂ ਇਕ ਕੌਤਕ ਡਿੱਠਾ ਹੈ ਜੇ ਤੂੰ ਕਹੇਂ ਭਾਂ ਸਰਾਧ ਕਰੀਏ ਨਹੀਂ ਭਾਂ ਨਾ ਕਰੀਏ ਭਾਂ ਗੁਰੂ ਨਾਨਕ ਜੀ ਨੇ ਕਹਿਆ ਹੇ ਪਿਤਾ ਜੀ ਜੋ ਉੱਤਮ ਪੁਰਖ ਕਿਰਿਆ ਕਰਦੇ ਹੈਨਸੋ ਸਭਨਾਂ ਦੀ ਰਹੁਰਾਸ ਹੋਂਦੀ ਹੈ ਭਾਂਤੇ ਤੁਸੀ ਭੀ ਸਰਾਧਕਰੋ ਜੋ ਸਾਰੇ ਜਗਤ ਦੀ ਰੀਤ ਚਲੀਜਾਵੇ ਭਾਂ ਫੇਰ ਕਾਲੂ ਨੇ ਕਹਿਆ ਹੇਨਾਨਕਜੀ ਮੈਂਇਕਬਰਸ ਬੈਕੁੰਠ ਵਿਚ ਰਹਿ ਆਯਾ ਹਾਂ ਅਤੇ ਇਥੇ ਅਜੇ ਮੈਂ ਉਸੇ ਬ੍ਰਹਮਣ ਦੇ ਪੈਰ ਧੋਂਦਾ ਹਾਂ ਏਹ ਬਾਤ ਬਡੀਅਚਰਜ ਹੈ ਭਾਂ ਸ੍ਰੀਗੁਰੂ ਜੀਨੇ ਕਹਿਆ ਹੇ ਪਿਤਾਜੀ ਮਹਾਰਾਜ ਦੀ ਮਾਯਾ ਵਿਚ ਅਸਚਰਜ ਕੋਈ ਨਹੀਂ ਪਰਤੁਸੀ ਹੁਣਕਰਤਾਰਦਾ ਨਾਮ ਚਿਤਕਰੋ ਭਾਂ ਫੇਰ ਕਾਲੂ ਨੇ ਨਾਨਕਜੀ ਨੂੰ ਨਮਸਕਾਰ ਕੀਤੀ ਅਤੇ ਪਰਮੇਸ਼ਰ ਦਾ ਰੂਪਜਾਣਿਆ ਐਸੀ ਲੀਲਾ ਗੁਰੂਜੀ ਕਰਕੇ ਓਥੋਂ ਚਲਦੇਰਹੇ.ਅਤੇ ਮਹਿਤਾ ਕਾਲੂ ਤੇ ਅੰਮਾ ਬੀਬੀ ਜੀ ਓਥੇ ਰਹੇ ॥ ੨੦੩ ॥

ਆਗੇ ਸਾਖੀ ਰਾਮਤੀਰਥ ਪਰ ਏਕ ਬ੍ਰਾਹਮਣ ਨਾਲ ਹੋਈ

ਭਾਂ ਸ੍ਰੀ ਗੁਰੂ ਜੀ ਆਉਂਦੇ ਰਾਮਤੀਰਥ ਪਰ ਆਇਬੈਠੇ ਅਤੇ ਪੂਰਨਮਾਸ਼ੀ ਦੇ ਨ੍ਹਾਵਣੇ ਨੂੰ ਬਹੁਤ ਲੋਕ ਆਏਆਹੇ ਭਾਂਗੁਰੂਜੀਸੈਲਕਰਦੇ ਕਰਦੇਆਇਕੇਦੇਖਣ ਭਾਂ ਇਕਬ੍ਰਾਹਮਣ ਬੈਠਾ ਹੋਯਾ ਹੈਸੀ ਅਰ ਇਸ਼ਨਾਨ ਕਰਕੇ ਸਾਲਗਰਾਮਦੀਪ੍ਰਿਤਮਾ ਤਿਲਕਲਗਾਇਕੇ ਅੱਗੇ ਧਰੀ ਹੈ ਅਤੇ ਆਪਭੀ ਬਾਰਾਂਦਿੱਕੇ ਲਗਾਇਕਰ ਬੈਠਾਹੈ ਚਉਂਕੜੀ ਮਾਰਕਰ ਅਤੇ ਡੰਡੌਤ ਕਰਦਾਹੈ ਪਰਬਹੁਤ ਭਗਤ ਕਰਦਾਹੈਬਹੁਤਲੋਕਾਂਨੂੰਦਿਖਾਂਵਦਾਹੈ ਅਤੇ ਸਤਿਗੁਰੂਜੀ ਐਸੇ ਹੈਨਜੋਮਰਬਦੇ ਜੀਆਂ ਦੀ ਜਾਨਣੇਹਾਰੇ ਹੈਨ ਜਾਂ ਓਹ ਬ੍ਰਹਮਣ ਅੱਖੀਆਂ ਮੀਟਕਰ ਮਾਲਾ ਲੱਗਾ ਫੇਰਨ ਅਤੇ ਧਿਆਨ ਲਗਾ ਕਰਨ ਭਾਂਸ੍ਰੀਗੁਰੂਜੀਨੇਆਖਿਆਹੇਸੁਆਮੀ ਦੇਉ ਤਾ ਤੂੰ ਅੱਖੀਂ ਮੀਟਕਰ ਕਿਸਦਾ ਧਿਆਨ ਕਰਦਾ ਹੈਂ ਭਾਂ ਉਸ ਬ੍ਰਹਮਣ ਨੇ ਕਹਿਆ ਹੇ ਤਪਾਜੀਮੈਂ ਸਾਲਗਰਾਮਦੀ ਪੂਜਾ ਕਰਦਾ ਹਾਂਭਾਂਗੁਰੂਜੀਠੇ ਕਹਿਆ ਹੇਸੁਆਮੀ ਜੋ ਮੂਰਤ ਹੈ ਸੋ ਭਾਂ ਤੇਰੇ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਅੱਗੇ ਧਰੀ ਹੋਈ ਹੈ ਅਤੇ ਤੂੰ ਅੱਖੀਂ ਮੀਟਕਰ ਧਿਆਨ ਕਿਸਦਾ ਕਰਦਾਹੈਂ ਤਾਂ ਬ੍ਰਾਹਮਣ ਨੇ ਆਖਿਆ ਹੇ ਤਪਾਜੀ ਮੈਨੂੰਧਿਆਨ ਕਰਨੇ ਕਰਕੇ ਤਿੰਨਲੋਕ ਨਜ਼ਰੀਆਵਣੇ ਹੈਨਤਾਂ ਸ੍ਰੀਗੁਰੂ ਜੀਨੇ ਆਖਿਆ ਹੇ ਮਿਸਰਜੀ ਤਿੰਨਲੋਕਵਿਚ ਜੋਵਰਤਾਰਾ ਵਰਤੀਦਾਹੈਸੋ ਸਭਤੈਨੂੰਨਜ਼ਰੀ ਆਂਵਦਾ ਹੈ? ਤਾਂ ਬ੍ਰਾਹਮਣਨੇ ਕਹਿਆ ਤਪਾਜੀ ਮੈਨੂੰ ਸਭਕੁਛ ਨਜ਼ਰੀਆਂਵਦਾਹੈ ਏਹਬਾਤ ਕਹਿਕਰ ਬ੍ਰਹਮਨ ਨੇ ਅੱਖੀਆਂ ਮੀਟਛਡੀਆਂ ਤਾਂ ਸ੍ਰੀਗੁਰੂਜੀਨੇ ਇਕਗੁਪਤ ਸਿੱਖਕੋ ਹੁਕਮ ਕੀਤਾ ਜੋ ਤੂੰ ਇਸਬ੍ਰਾਹਮਣਦੇ ਅੱਗੋਂ ਸਾਲਗਰਾਮ ਦੀ ਪ੍ਰਤਮਾ ਉਠਾਇਕੇ ਲੈਜਾਹੁ ਤਾਂਬਾਬੇ ਜੀਦੇ ਹੁਕਮ ਕੋ ਪਾਇਕੇ ਗੁਪਤ ਸਿਖ ਉਸ ਬ੍ਰਹਮਣ ਦੇ ਅੱਗੋਂ ਸਭ ਕੁਛ ਪੂਜਾ ਦੇ ਸਮੇਤ ਠਾਕੁਰ ਉਠਾਇਕੇ ਲੈਗਿਆ ਜਾਂ ਬ੍ਰਹਮਣਨੇ ਅੱਖੀਂ ਖੋਲ੍ਹੀਆਂ ਤਾਂ ਕਿਆ ਦੇਖੇ ਜੋਠਾਕੁਰਦੀ ਪ੍ਰਤਮਾ ਅੱਗੇਨਾਹੀਂ ਤਾਂਬ੍ਰਾਹਮਣ ਲਗਾਵਿਰਲਾਪ ਕਰਨਤਾਂ ਦੇਖਕਰ ਸ੍ਰੀਗੁਰੂਜੀਨੇ ਬਚਨ ਕੀਤਾ ਹੇ ਸੁਆਮੀਦੇਵਤਾ ਤੁਸੀਕਿਉਂ ਰੋਂਦੇ ਹੋ ਤਾਂ ਬ੍ਰਾਹਮਣਨੇ ਕਹਿਆਜੋ ਤਪਾ ਜੀ ਠਾਕੁਰ ਦੀ ਪ੍ਰਤਮਾ ਸਭ ਕਛੁ ਮੇਰੇ ਅੱਗੇਤੇ ਕੋਈ ਲੈਗਿਆ ਹੈਜੀ ਤਾਂ ਗੁਰੂ ਜੀ ਆਖਿਆ ਹੇ ਸੁਆਮੀ ਦੇਵਤਾ ਤੈਨੂੰਧਿਆਨ ਕੀਤੇਤੇ ਤਿੰਨਲੋਕ ਨਜ਼ਰੀਆਉਂਦੇ ਹਨ ਸਭਕੁਛਤੈਨੂੰ ਦਿਸਦਾਹੈ ਅਤੇ ਜਿੱਥੇ ਕਿੱਥੇਹੈਨ ਤੂੰ ਦੇਖਲੈ ਤਾਂ ਉਸਬ੍ਰਹਮਣ ਅਪਨਾ ਸੱਚ ਮੰਨਿਆਤੇ ਆਖਣ ਲੱਗਾ ਤਪਾ ਜੀਮੈਂ ਤਾਂ ਆਪਣੇ ਪੇਟਦੇ ਵਾਸਤੇਝੂਠਬੋਲਦਾਸਾਂ ਅਤੇ ਇਸਝੂਠ ਬੋਲਣ ਕਰਕੇਮੈਂ ਟੁਕੜਾ ਖਾਂਵਦਾਸਾਂ ਅਰ ਇਸ ਮੂਰਤ ਪਰ ਮੇਰੀ ਗੁਜ਼ਰਾਨ ਹੁੰਦੀਸੀ ਪਰ ਜੀ ਹੁਣ ਸ੍ਰੀ ਗੋਵਿੰਦ ਜੀ ਕੇ ਅਰਥ ਜਿਨਕਿਨੇ ਮੂਰਤਲੀਤੀਹੈ ਸੋ ਤਿਸਦੇ ਪਾਸੋਂ ਮੈਨੂੰ ਦਿਵਾਇਦੇਵੋ ਜੀਤਾਂ ਬ੍ਰਾਹਮਣ ਖਰਾ ਨਿਮਾਂਣਾਹੋਯਾ ਅਰ ਲਗਾਬੇਨਤੀਕਰਨਤਾਂਗੁਰੂਜੀ ਦਿਆਲਹੋਏਤਾਂ ਬਾਬੇਜੀਕਹਜਾ ਦੇਵਤਾਜੀਤੂੰ ਝੂਠਬੋਲਣਾਛਡਦੇਵੇਂ ਤਾਂ ਸ੍ਰੀ ਪਰਮੇਸ਼ਰਜੀਤੈਨੂੰ ਏਵੇਂਹੀ ਰੋਟੀ ਪਹੁੰਚਾਵੇਗਾ ਤੂੰ ਝੂਠ ਨ ਬੋਲਿਆ ਕਰ ਅਰ ਸ੍ਰੀ ਰਾਮਜੀਕੋ ਸੁੱਧ ਆਤਮੇ ਜਪਿਆਂਕਰਤਾਂਬ੍ਰਹਮਣ ਨੇ ਕਹਿਆ ਹੇ ਤਪਾ ਜੀਜੇ ਤੂੰ ਕਿਰਪਾਲ ਹੋਵੇਂਗਾ ਤਾਂ ਮੈਂ ਝੂਠ ਨ ਬੋਲਾਂਗਾ ਅਤੇ ਸੁਣੋ ਜੀ ਝੂਠ ਬਗ਼ੈਰਰੋਟੀਭੀ ਨਹੀਂਚਲਦੀ ਤਾਂ ਗੁਰੂਨਾਨਕਜੀ ਕਹਜਾ ਹੇ ਸੁਆਮੀਦੇਵਤਾਂ ਤੂੰ ਝੂਠ ਕਿਉਂ ਆਖਦਾਹੈਂ ਜੇ ਮੈਂ ਅੱਖੀਂ ਮੀਟਦਾਹਾਂਤਾਂ ਮੈਨੂੰ ਤਿੰਨਲੋਕ ਨਜ਼ਰੀਆਂਵਦੇਦਨ ਅਰ ਜਿੱਥੇ ਤੂੰ ਬੈਠਾਹੈਂ ਤੇਰੇਪਿੱਛੇ ਮਾਲਧਨ ਦੱਬਿਆ ਪਿਆਹੈ ਸੋ ਓਸਦੀ ਤੈਨੂੰ ਖ਼ਬਰਹੈ ਹੀ ਨਹੀਂ ਤਾਂ ਬ੍ਰਹਮਣਨੇ ਕਹਿਆ ਤਪਾਜੀ ਮੈਨੂੰ ਕਿਆ ਖ਼ਬਰਹੈ ਤਾਂ ਗੁਰੂ ਨਾਨਕਜੀ ਬਚਨਕੀਤਾ ਹੇ ਸੁਆਮੀਦੇਵਤਾ ਤੂੰ ਉਠਕਰ ਧਰਤੀ ਖੋਦਤਾਂ ਉਸਬ੍ਰਹਮਣਨੇ ਧਰਤੀ ਖੋਦੀਤੇ ਕਿਆ ਦੇਖੇ ਜੋ ਬਹੁਤਹੀ ਧਨ ਪਿਆਹੈ ਤਾਂ ਬ੍ਰਹਮਣ ਨੇ ਆਇਕੇ ਸ੍ਰੀ ਗੁਰੂ ਜੀ ਦੇ ਅੱਗੇ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਜੀ ਇਕ ਸ਼ਬਦ ਕਹਿਆ ॥ ਰਾਗ ਧਨਾਸਰੀ ਮਹਲਾ ੧ ਘਰੁ ੩

ਕਾਲਨਾਹੀਜੋਗਨਾਹੀਨਾਹੀਸਤਕਾਢਬ॥ਥਾਨਿਸਟਜਗਭਰਿਸਟਹੋਏਹੂ ਬਤਾਇਵ ਜਗ ॥੧॥ ਕਲਮਹਿਰਾਮਨਾਮਾਸਾਰ ॥ ਅਖੀਤਮੀਟਹਿਨਾਕਪਕੜਹਿਠਗਣਕਉ

CC-0. Gurukul Kangri University Haridwar Collection. Digitized by S3 Foundation USA

ਸੰਸਾਰ ॥੧॥ ਰਹਾਉ ॥ਆਟਸੇਤੀਨਾਕਪਕੜਹਿਸੂਝਤੇਤਿਨਲੋਅ॥ਮਗਰਪਾਛੇਕਛੁ ਨ ਸੂਝੈਏਹਪਦਮਅਲੋਇ॥੨॥ਖਤ੍ਰੀਆ ਭਾ ਧਰਮਛੋਡਿਆਮਲੇਛਭਾਖਿਆਗਹੀ॥ ਸ੍ਰਿਸ੍ਟ ਸਭ ਇਕ ਵਰਣ ਹੋਈ ਧਰਮਕੀ ਗਤ ਰਹੀ ॥੩॥ ਅਸਟਸਾਜ ਸਾਜ਼ਪੁਰਾਨ ਸੋਧਹਿ ਕਰਹਿ ਭੇਦਅਭਿਆਸ॥ਬਿਨਨਾਮਹਰਿਕੇਮੁਕਤਿਨਾਹੀਂ ਕਹੈਨਾਨਕਦਾਸ॥੪॥

ਤਿਸਕਾ ਪਰਮਾਰਥ ਗੁਰੂਸਾਹਿਬਜੀ ਕਹਿੰਦੇ ਹਨ ਹੇ ਸੁਆਮੀਦੇਵਤਾ ਤੂੰ ਜੋ ਇਸਪੱਥਰਦੀ ਮੂਰਤਦਾ ਸੇਵਨ ਕਰਦਾਹੈਂ ਸੋ ਭਾਂ ਇਸ ਵਸ ਕਾਲਭੀ ਨਾਹੀਂ ਜੋ ਮਰਣ ਸੇ ਰੱਖ ਦੇਵੇ ਅਤੇ ਏਹ ਭੀ ਨਾਹੀਂ ਜੋ ਇਸਦੀ ਸੇਵਾ ਨਾਹੀਂ ਕੀਤੀ ਭਾਂ ਮਾਰੇ ਅਤੇ ਸੇਵਾ ਤੇ ਕੁਛ ਦੇਵੇ ਸੋ ਸੁਨੋ ਸੁਆਮੀ ਜੀ ਅੱਖੀਆਂ ਮੀਟਕੇ ਨੱਕ ਪਕੜ ਕੇ ਬੈਠ ਰਹੇ ਸੰਸਾਰ ਨੂੰ ਠੱਗਣ ਵਾਸਤੇ ਸੁਨ ਦੇਵਤਾਜੀ ਏਹ ਠੱਗੀਵੱਗੀ ਤੇਰੇ ਇਕਦਿਨ ਗਲਪਵੇਗੀ ਅਤੇ ਮੁਕਤਿਜੋ ਹੈ ਸ੍ਰੀਠਾਕੁਰਜੀ ਦੇ ਨਾਮ ਵਿੱਚ ਹੈ ਅਬ ਕਲੀ ਕਾਲ ਕੇ ਪਹਿਰੇ ਵਿੱਚ ਰਾਮ ਨਾਮ ਹੀ ਸਾਰ ਵਸਤ ਹੈ ਸੋ ਤੂੰ ਨਾਮ ਸਿਮਰਿਆ ਕਰ ਅਤੇ ਸੁਨੋ ਸੁਆਮੀਜੀਜੋ ਕੋਈ ਸ਼ੁਧਆਤਮੈ ਸ੍ਰੀ ਸਭਨਾਮਸਿਮਰੇਗਾ ਸੋ ਮੁਕਤਹੋਵੇਗਾ ਅਰ ਰਾਮ ਨਾਮ ਸਿਮਰੇ ਬਿਨਾਂ ਹੋਰ ਸੇਵਾ ਪੂਜਾ ਸਭ ਬ੍ਰਾਦ ਹੈ ਦੇਵੀਦੇਵ ਭਟ ਤੀਰਥਦੇਵਾਲੇ ਕਾ ਪੂਜਨ ਭੀ ਕਿਸੇ ਕੰਮ ਨਹੀਂ ਆਂਵਦਾ ਹੇ ਦੇਵਤਾ ਕਪਟਕਉ ਛੋਡ ਕੇ ਪੂਜਨਕਰ ਭਾਂ ਸਭ ਪ੍ਰਕਾਰਕਰਕੇ ਤੈਨੂੰ ਸੁਖਹੋਵੇਗਾ ਸ੍ਰੀ ਰਾਮ ਨਾਮ ਸਿਮਰ ਤੇਰਾ ਭਲਾ ਹੋਵੇਗਾ ਤਾਂ ਉਸ ਬ੍ਰਹਮਣਨੇ ਆਖਿਆ ਤਪਾ ਜੀ ਏਹਜੋ ਧਨ ਭੁਸਾਂ ਮੈਨੂੰ ਦੱਸਿਆ ਹੈ ਮੈਨੇ ਲੀਆਹੈ ਸੋ ਅਸਾਡਾਹੈ ਕਿਕਿਸੇ ਹੋਰਦਾ ਧਰਿਆ ਹੋਇਆਹੈ ਆਪ ਕਹੋ ਭਾਂ ਸ੍ਰੀਗੁਰੂਨਾਨਕ ਜੀਕਹਿਆ ਸੁਣੋ ਦੇਵਤਾਜੀ ਤੁਮਜੋ ਕਹਿੰਦੇ ਹੋ ਅੱਖੀਆਂ ਮੀਟਣੇ ਤੇ ਅਰਧਿਆਨ ਕਰਨੇ ਤੇ ਮੈਨੂੰਤਿੰਨੇਲੋਕ ਸੂਝਦੇ ਹੈਨ ਤਿੰਨ ਲੋਕ ਦਿਸਦੇ ਹੈਨ ਅਰ ਏਹ ਨਹੀਂ ਦਿਸਦਾ ਤੇਰੇ ਮਗਰ ਪੀਛੇ ਧਨ ਪਿਆਹੋਯਾਹੈ ਇਸਦੀ ਤੈਨੂੰਖਬਰ ਨਹੀਂ ਭਾਂ ਬ੍ਰਹਮਣਨੇ ਕਹਿਆ ਗੁਰੂਜੀ ਅਸੀ ਸੱਚੇ ਹੁੰਦੇ ਭਾਂ ਸਾਨੂੰ ਏਹ ਸੂਝੇ ਜੀ ਹਮ ਝੂਠੇ ਹੈਂ ਹਮਾਰੀ ਕਰਤੂਤ ਭੀ ਝੂਠੀਹੈ ਭਾਂ ਗੁਰੂਜੀ ਨੇ ਬਚਨਕੀਤਾ ਹੇ ਸੁਆਮੀ ਜਿਤਨੀਮਾਯਾ ਇਸ ਦੁਨੀਆਂ ਵਿੱਚਹੈ ਸੋ ਸਭ ਇਸ ਧਰਤੀਵਿੱਚ ਦੱਬੀਹੋਈਹੈ ਅਰਖਾਧੀਕਿਸੇਨਹੀਂ ਨਾਕਿ ਸੇਹੰਢਾਈਹੈਚਾਰੇਜੁਗਾਂ ਵਿਚਮਾਯਾਇਕੱਠੀਕਰਕੇ ਦਬਗਏ ਹੈਨ ਅਤੇ ਖਾਧਾ ਅੰਨ ਅਤੇ ਪੀਤਾ ਪਾਣੀ ਹੰਢਾਇਆ ਕਪੜਾ ਨਾ ਕਿਸੇ ਸੋਨਾ ਹੀ ਖਾਧਹੈ ਨਾ ਕਿਸੇ ਕੁੱਪਾਹੀ ਖਾਧਾ ਨਾ ਕਿਸੇ ਭਾਂਬਾਹੀ ਖਾਧਾਹੈ ਸੋ ਏਹਲੱਛਣ ਜਗਤਵਿੱਚ ਮਾਯਾਦਾ ਕਰ ਦਿੱਤਾਹੈ ਸੋ ਇਉਂ ਕਰਕੇ ਬਿਉਹਾਰ ਚਲਦਾ ਹੈ ਅਰ ਸੁਣ ਸੁਆਮੀ ਦੇਵਤਾ ਜੋ ਪਰਮੇਸ਼ਰਕੇ ਭਗਤ ਹੈਨ ਸੋ ਪਰ ਉਪਕਾਰੀ ਹੈਨ ਤਿਨਕੀ ਦਿਬ ਦ੍ਰਿਸ਼ਟਿ ਹੈ ਉਨਾਂਦੀ ਚਰਮ ਦ੍ਰਿਸ਼ਟਨਾਹੀਂ ਅਤੇ ਸਚਿਆਰ ਸਾਧਾਂਕੋ ਸਭਕੁਛ ਸੁਝਦਾ ਹੈ ਜੋ ਏਥੇ ਏਹ ਹੈ ਤੇ ਏਥੇ ਏਹ ਕੁਛ ਹੈ ਓਹ ਸਰਬ ਜੀਵਾਂਕੇ ਰਿਦੇ ਕੀ ਜਾਣਤੇ ਹੈਂ ਪਰ ਕਹਿੰਦੇ ਕਿਸੇਕੋ ਕੁਛ ਨਾਹੀਂ ਉਨਕੋ ਆਪਣੇ ਰਿਦੇ ਵਿਖੇ ਪਰਗਾਸ ਹੈ ਜਿਸਕੋ ਪਰਮੇਸ਼ਰ ਦਇਆਲ ਹੋਇਕਰ ਸਮਾਈ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਬਖ਼ਸ਼ਤਾਹੈ ਸੋਈਇਸਬਾਤਕੋਜਾਣਤਾਹੈ ਔਰਕਈਨਹੀਂ ਜਾਣਤਾ ਤਾਂਉਸਬ੍ਰਹਮਣਨੇਏਨਤੀ ਕੀਤੀ ਹੇਬਾਬਾਜੀ ਜਿਤਨਾਸੰਸਾਰਹੈ ਸਭ ਮਾਯਾਹੀ ਕਉ ਚਾਹੁੰਦਾਹੈ ਪਰਮੇਸ਼ਰ ਕੋ ਤੋ ਕੋਈ ਨਹੀਂ ਸਿਮਰਤਾ ਤਿਨਕੀ ਕਿਆ ਗਤਿ ਹੋਵੇਗੀ ਤਾਂ ਸ੍ਰੀ ਗੁਰੂਜੀ ਆਖਿਆ ਹੇ ਸੁਆਮੀਜੀ ਕਲਜੁਗ ਵਿੱਚ ਖੱਤ੍ਰੀ ਬ੍ਰਹਮਣ ਸੰਸਾਰ ਵਿੱਚ ਸੁਖੀ ਹੈਸਨ ਸੋ ਤਿਨਾਂ ਨੇ ਤਾਂ ਆਪਣਾ ਧਰਮ ਛੱਡ ਦਿੱਤਾਹੈ ਅਰ ਪਾਪ ਬੁਧ ਪਕੜੀ ਹੈ ਸੋ ਕੌਣ ਕੌਣ ਪਾਪ ਕਰਦੇਹੈਨ ਇੱਕ ਬੇਟੀਆਂ ਦਾ ਦਰਬ ਲੈਣਾ ਸੋ ਬਡਾ ਹੀ ਪਾਪਾਂ ਦਾ ਪਾਪ ਹੈ ਦੂਸਰਾ ਖੱਤ੍ਰੀਬ੍ਰਾਹਮਨ ਹੋਇਕੇ ਤੁਰਕਾਂਨਾਲ ਮਿਲਕੇ ਆਪਣੇ ਬਣਜ ਬਿਵਹਾਰ ਕਰਦੇ ਹੈਨ ਤੁਰਕਾਂ ਦੀ ਭਾਖਾ ਬੋਲਦੇ ਹੈਨ ਏਹ ਭੀ ਅਤਨੀਤ ਪਾਪਹੈ ਤੀਜਾ ਪਰਾਈ ਇਸਤ੍ਰੀ ਨਾਲ ਰਸ ਰੀਤ ਦੀਆਂ ਬਾਤਾਂ ਕਰਦੇ ਹੈਨ ਅਰ ਪਰਾਈ ਨਿੰਦਿਆ ਕਰਨੀ ਬੇਨਹੱਕ ਏਹ ਭੀ ਮਹਾਂ ਪਾਪਾਂ ਦੇ ਸਿਰ ਪਾਪ ਹੈ ਅਤੇ ਜਿੱਥੇ ਪ੍ਰਮੇਸ਼ਰ ਦਾ ਜਸ ਉਚਾਰ ਹੁੰਦਾ ਹੋਵੇ ਉਥੇ ਆਇਕਰ ਬਿਉਹਾਰ ਦੀ ਬਾਤ ਚਲਾਇ ਦੇਣੀ ਸੋ ਭੀ ਮਹਾਂ ਪਾਪ ਹੈ ਜੈਸੇ ਮਹਾਤਮਾ ਪੁਰਖਾਂ ਨੇ ਕਹਾ ਹੈ ॥

ਪਾਪੀ ਭਗਤ ਨ ਭਾਵਈ ਹਰਿ ਪੂਜਾ ਨ ਸੁਹਾਇ॥ ਮਾਖੀ ਚੰਦਨ ਪਰਹਰੈ ਜਹ ਬਿਗੰਧ ਤਹ ਜਾਇ॥ ਸਰਮ ਕਰ ਰਹੀਂ ਸਾਕਤਾ ਸਾਧੂ ਮਿਲੈ ਨਿਸੰਗ ॥ ਮੁਕਤ ਪਦਾਰਥ ਪਾਈਐ ਨਾਨਕ ਪਰੈ ਨ ਭੰਗ ॥ ੧ ॥

ਫੇਰ ਬ੍ਰਹਮਣ ਨੇ ਕਹਿਆ ਹੇ ਪਾਤਸ਼ਾਹ ਜੀ ਕਲਜੁਗ ਵਿੱਚ ਐਸਾ ਹੀ ਵਰਤਾਰਾ ਵਰਤਦਾ ਹੈ ਜੀ ਪਰਜੀ ਸ੍ਰੀ ਰਾਮ ਨਾਮਦੇ ਭਜਨਬਿਨਾਂ ਕੋਈ ਹੋਰਭੀ ਉਪਾਉ ਛੁਟਣੇਦਾਹੈ ਯਾਨਹੀਂ ਨਾਮ ਦੇ ਸਿਮਰਨ ਕਰਕੇ ਛੁਟੀਐਂਗਾ ਸੋ ਮੈਨੂੰ ਆਖੋ ਤਾਂ ਗੁਰੂ ਜੀ ਕਹਿਆ ਹੇ ਸੁਆਮੀ ਸ੍ਰੀ ਪਰਮੇਸ਼ਰਜੀਕੇ ਨਾਮਬਿਨਾਂ ਮੁਕਤਿ ਕਦੇਭੀ ਨਹੀਂ ਹੋਈਦਾ ਤਾਂ ਗੁਰੂਜੀਨੈਸ਼ਲੋਕਕਹਿਆ॥

ਕੀਰਤਨ ਮੈਂ ਚਿਤ ਲਾਵ ਨੀਤ ਉਪਜੈ ਮਨ ਪਰਤੀਤ ਪਿਆਰ॥ ਸਗਲ ਪਾਪ ਕਾ ਨਾਸਹੋਇ ਮੁਖ ਊਜਲ ਹਰਿ ਦੁਆਰ॥ ੧॥ਬਿਨ ਸਿਮਰਨ ਜੋ ਜੀਵਨਾ ਬਿਰਥੇ ਸਾਸ ਪਰਾਲ ॥ ਨਾਨਕ ਹਰਿ ਕਾ ਸਿਮਰਨ ਸਾਰ ਹੈ ਹੋਰ ਛਾਡ ਸਗਲ ਜੰਜਾਲ ॥

ਏਹ ਸ਼ਲੋਕ ਸੁਣਕੇ ਓਹ ਪੰਡਿਤ ਗੁਰੂਜੀਕਾ ਸਿੱਖ ਹੋਯਾ ਅਰ ਗੁਰੂਜੀਕੀ ਚਰਨੀਂ ਲੱਗਾ ਅਰ ਗੁਰੂ ਗੁਰੂ ਜਪਨੇ ਲੱਗਾ ਤਾਂ ਸ੍ਰੀ ਗੁਰੂ ਜੀ ਨੇ ਗੁਪਤ ਸਿੱਖ ਪਾਸੋਂ ਉਸਨੂੰ ਠਾਕੁਰ ਕੀ ਪ੍ਰਤਮਾ ਮੰਗਾਇ ਦਿੱਤੀ ਅਤੇ ਕਹਿਆ ਹੇ ਸੁਆਮੀ ਜੀ ਅਸਾਂ ਤੈਨੂੰ ਸ੍ਰੀ ਪਰਮੇਸ਼ਰਜੀ ਪਾਸੋਂ ਮਾਲ ਧਨ ਰੱਜਕੇ ਦਿਵਾ ਦਿੱਤਾ ਸੋ ਤੂੰ ਏਹ ਖਾ ਅਤੇ ਪਹਿਰ ਰਾਖ ਤੇ ਪਰਮੇਸ਼ਰ ਜੀ ਕਾ ਨਾਮ ਸੁਧ ਆਤਮੈ ਹੋਇਕਰ ਸਿਮਰ ਸੁਣਹੁ ਦੇਵਤਾ ਜੀ ਜਿਨਕੇ ਆਤਮੇ ਅੰਦਰ ਸਤ ਹੈ ਤਿਨਾਂ ਕੋ ਸ਼ਚ ਮਿਲਿਆ ਜਬ ਸੱਚੇ ਸਿਉਂ ਮਿਲਿਆ ਤਬ ਦੁਨੀਆਂ ਕਚ ਨਿਕਚ ਤਾਂ ਉਸੀ ਬ੍ਰਾਹਮਣਨੇ ਗੁਰੂ ਜੀਦੇ ਗੇ ਮਥਾ ਟੇਕਿਆ ਤਾਂ ਸ੍ਰੀ ਗੁਰੂ ਉਸ ਬ੍ਰਹਮਣ ਨੂੰ ਸਿੱਖ ਕਰ ਕੇ ਓਥੋਂ ਵਿਦਿਆ ਹੋਇਕਰ ਕਰਤਾਰਪੁਰ ਆਏ ॥ ਏਲੋ ਜੀ ਵਾਹਿਗੁਰੂ ॥ ੧੦੪ ॥

CC-0. Gurukul Kangri University Haridwar Collection. Digitized by S3 Foundation USA

ਅੱਗੇ ਸਾਖੀ ਇੱਕ ਬ੍ਰਹਮਚਾਰੀ ਦੇ ਨਾਲ ਹੋਈ

ਤਾਂ ਇੱਕ ਦਿਨ ਸ੍ਰੀ ਗੁਰੂ ਜੀ ਕਰਤਾਰਪੁਰ ਬੈਠੇ ਹੋਏ ਸਨ ਅਤੇ ਇੱਕ ਅਚਾਰੀ ਬ੍ਰਾਹਮਣ ਖੱਧਿਆਰਥੀਨੇ ਆਣਕੇ ਸ੍ਰੀਗੁਰੂਜੀਨੂੰ ਅਸੀਰਬਾਦ ਆਇਕੀਤੀ ਅਤੇਸ੍ਰੀਗੁਰੂਜੀ ਰਸੋਈ ਵਿੱਚ ਬੈਠੇਸੇ ਤਾਂ ਸ੍ਰੀ ਗੁਰੂਜੀ ਬਚਨ ਕੀਤਾ ਆਉ ਸੁਆਮੀ ਦੇਵਤਾ ਪ੍ਰਸਾਦ ਤਿਆਰ ਹੈ ਤਾਂ ਉਸ ਬ੍ਰਹਮਣਨੇ ਕਹਿਆ ਹੇਮਹਾਰਾਜਜੀ ਮੈਂ ਇਸ ਧਰਤੀ ਦੀ ਕਰੀ ਹੋਈ ਰਸੋਈ ਨਹੀਂ ਖਾਂਦਾ ਅਤੇ ਮੈਂ ਹਥ ਭਰ ਧਰਤੀ ਹੋਰ ਖੋਦਾਂਗਾ ਅਤੇ ਚੌਕਾ ਦੇਵਾਂਗਾ ਅਤੇ ਲਕੜੀਆਂ ਧੋਇ ਕੇ ਚਉਂਕੇ ਵਿੱਚ ਲੇਵਾਂਗਾ ਅਤੇ ਅਪਣੀ ਹਥੀਂ ਰਸੋਈ ਕਰਕੇ ਖਾਂਵਾਂਗਾ ਤਾਂ ਸ੍ਰੀ ਗੁਰੂ ਜੀ ਨੇ ਉਸ ਮਿਸਰਨੂੰ ਅੰਨ ਕੋਰਾ ਹੀ ਦਿੱਤਾ ਤਾਂ ਓਹ ਪੰਡਤ ਅਨਾਜ ਕੋਰਾਹੀ ਲੈਕਰ ਬਾਹਰ ਗਇਆ ਤਾਂ ਜਾਇ ਕਰ ਧਰਤੀ ਖੋਦਣਲੱਗਾ ਤਾਂ ਜਿੱਥੇ ਧਰਤੀ ਖੋਦੇ ਤਾਂ ਉਥੋਂ ਹੱਡੀਆਂ ਨਿਕਲੈਂ ਤਾਂ ਸਾਰਾ ।ਦਨ ਧਰਤੀਖੋਦਦਾਹੀ ਫਿਰਿਆ ਜਾਂ ਫੇਰ ਭੁੱਖਨਾਲ ਆਤੁਰਹੋਯਾ ਤਾਂਗੁਰੂ ਬਾਬੇਜੀ ਦੀਪੈਰੀਂ ਆਣਪਿਆ ਅਰ ਕਹਿਣ ਲੱਗਾ ਗੁਰੂ ਜੀਮੈਂ ਭੁਖਾ ਹਾਂ ਮੈਨੂੰ ਆਪਦੀ ਰਸੋਈ ਦਾ ਪ੍ਰਸਾਦਿ ਮਿਲੇਜੀ ਤਾਂ ਸ੍ਰੀ ਗੁਰੂਨਾਨਕ ਜੀ ਕਹਿਆ ਹੇ ਸੁਆਮੀ ਦੇਵਤਾ ਜੀ ਓਹ ਸਮਾ ਹੁਣ ਬੀਤ ਗਿਆ ਹੈ ਪਰੰਤੂ ਵਾਹਿਗੁਰੂ ਆਖਕੇ ਰਸੋਈ ਜਾ ਕਰ ਬਨਾਈਂ ਖਾਹ ਤਾਂ ਸੀ ਗੁਰੂ ਜੀ ਨੇ ਇਕ ਸ਼ਬਦ ਕਹਿਆ ਪੰਡਤ ਕੇ ਪ੍ਰਥਾਇ ॥ ਰਾਗ ਬਸੰਤ ਮਹਲਾ ੧

ਸੁਇਨੇ ਕਾ ਚਉਕਾ ਕੰਚਨ ਕੁਆਰ॥ਰੁਪੇ ਕੀਆ ਕਾਰਾ ਬਹੁ ਬਿਸਥਾਰ॥ਗੰਗਾਕਾ ਉਦਕ ਕਰੰਤੇ ਕੀ ਆਗ ॥ ਗਰੜਾ ਖਾਣਾ ਦੁਧ ਸਿਉ ਗਾਡ ॥ ੧ ॥ ਰੇ ਮਨ ਲੇਖੈ ਕਬਹੂ ਨ ਪਾਇ ॥ ਜਾ ਮਨ ਭੀਜਹਿ ਸਾਚੈ ਨਾਇ ॥ ੧ ॥ ਰਹਾਉ ॥ ਦਸ ਅਠ ਲੀਖੇ ਹੋਵੈ ਪਾਸ ॥ ਚਾਰੇ ਵੇਦ ਮੁਖਾਗਰ ਪਾਠ ॥ ਪੁਰਬੀ ਨਾਵੈ ਵਰਨਾ ਕੀ ਦਾਤ ॥ ਵਰਤ ਨੇਮ ਕਰੇ ਦਿਨ ਰਾਤ ॥ ੨ ॥ ਕਾਜ਼ੀ ਮੁਲਾ ਹੋਵੈ ਸੇਖ ॥ ਜੋਗੀ ਜੰਗਮ ਭਗਵੇ ਭੇਖ ॥ ਕੋ ਗਿਰਹੀ ਕਰਮਾ ਕੀ ਸੰਧ ॥ ਬਿਨ ਬੂਝੈ ਸਭ ਖੜੀ ਅਸ ਬੰਧ ॥ ੩ ॥ ਜੇਤੇ ਜੀਅ ਲਿਖੀ ਸਿਰ ਕਾਰ ॥ ਕਰਣੀ ਉਪਰ ਹੋਵਗ ਸਾਰ ॥ ਹੁਕਮ ਕਰਹਿ ਮੂਰਖ ਗਾਵਾਰ ॥ ਨਾਨਕ ਸਾਚੇ ਕੇ ਸਿਫਤ ਭੰਡਾਰ ॥ ੪ ॥

ਏਹ ਸ਼ਬਦ ਸੁਣਕਰ ਬ੍ਰਹਮਣਨੇ ਸ੍ਰੀ ਗੁਰੂ ਜੀ ਦੇ ਅੱਗੇ ਮੱਥਾ ਟੇਕਿਆ ਫੇਰ ਕਹਿਆ ਗੁਰੂ ਜੀ ਮੈਨੂੰ ਸਿੱਖ ਆਪਣਾ ਕਰੋ ਤਾਂ ਗੁਰੂ ਜੀ ਇਕ ਸ਼ਲੋਕ ਆਖਿਆ ॥

ਸਲੋਕ ਮਹਲਾ ੧ ॥ ਸਚ ਸੰਜਮ ਕਰਣੀ ਕਾਰਾ ਨਾਵਣ ਨਾਮ ਜਪੇਹੀ ॥
ਨਾਨਕ ਅਗੈ ਉਤਮ ਸੇਈ ਜਿ ਪਾਪਾਂ ਪੰਧ ਨ ਦੇਹੀ ॥

ਹੇਬ੍ਰਹਮਚਾਰੀ ਜੀ ਇਸ ਪਰਕਾਰਦਾ ਚਉਕਾ ਕਰੋ ਅਰ ਰਿਦੇ ਦੀ ਮਲਨਤਾ ਦੂਰ ਹੋਵੈ ਤਾਂ ਕਦੀ ਭੀ ਨਾ ਭਿੱਟੇ ਜਾਵੋਗੇ ਏਹ ਸੁਣਕੇ ਬ੍ਰਹਮਚਾਰੀ ਗੁਰੂ ਜੀਦਾ ਸਿੱਖ ਹੋਯਾ ਲੱਗਾ ਪਰਮੇਸ਼ਰ ਦਾ ਭਜਨ ਕਰਨ ॥ ਬੋਲਹੁ ਜੀ ਸ੍ਰੀ ਵਾਹਿ ਗੁਰੂ ॥ ੧੦੫ ॥

CC-0. Gurukul Kangri University Haridwar Collection. Digitized by S3 Foundation USA

ਆਗੇ ਸਾਖੀ ਦੁਨੀ ਚੰਦ ਖੱਤ੍ਰੀ ਨਾਲ ਹੋਈ

ਗੁਰੂ ਜੀ ਇਕਸਦਿਨ ਇਕ ਕਿਸੇ ਗਿਰਾਂਇਵਿਖੇ ਜਾਇਬੈਠੇ ਆਹੇ ਤਾਂ ਓਥੇ ਇਕ ਖੱਤ੍ਰੀ ਲਾਹੌਰਦੀ ਤਸੀਲਦਾ ਰਹਿੰਦਾਸੀ ਬਡਾ ਧਨਾਢਸੀ ਉਸਦੇਬੂਹੇਉੱਪਰਸਤਧੁਜਾਂ ਗੱਡੀਆਂ ਹੋਈਆਂ ਹੈਸਨ ਲੱਖ ਲੱਖ ਰੁਪੈਯੇਦੀਆਂ ਉਸਨੇਸੁਣਿਆਜੋ ਇੱਥੇ ਗੁਰੂ ਬਾਬਾਨਾਨਕਜੀ ਆਇਆ ਹੈ ਤਾਂ ਦੁਨੀਚੰਦ ਸ੍ਰੀਗੁਰੂਜੀ ਦੇ ਪਾਸ ਆਇਆ ਬਡਾ ਆਦਰਭਾਉਕਰਕੇ ਸ੍ਰੀ ਗੁਰੂਜੀ ਨੂੰ ਘਰ ਲੈਗਿਆ ਤਾਂ ਉਸਦਿਨ ਓਸਦੇ ਘਰ ਮੇਂ ਸਰਾਧ ਸੀ ਦੁਨੀਚੰਦਨੇ ਦੁਧ ਦਹੀਂਸਭ ਵਸਤੂਮੰਗਾਇਕੇ ਬ੍ਰਹਮਣ ਜਿਵਾਏ ਹੈਸਨ ਤਾਂ ਗੁਰੂ ਨਾਨਕ ਦੇਵਜੀ ਨੇ ਉਸ ਨੂੰ ਪੁੱਛਿਆ ਹੇ ਦੁਨੀਚੰਦ ਅੱਜਤੇਰੇ ਘਰਵਿੱਚ ਕਿਆਹੈ ਤਾਂ ਦੁਨੀਚੰਦਨੇ ਆਖਿਆ ਗੁਰੂ ਜੀ ਅੱਜਮੇਰੇ ਪਿਤਾਦਾ ਸਰਾਧਹੈ ਤਿਸਦੇਨਮਿੱਤ ਮੈਂ ਸਉ ਬ੍ਰਹਮਣ ਜਿਵਾਯਾਹੈ ਤਾਂ ਸ੍ਰੀ ਗੁਰੂਜੀਨੇ ਆਖਿਆ ਹੇਦੁਨੀਚੰਦ ਅੱਜਤੇਰੇ ਪਿਤਾਕਉ ਤੀਸਰਾ ਦਿਨ ਹੋਯਾ ਹੈ ਭੁੱਖਿਆਂ ਨੂੰ ਅਰ ਭੁੰਕਹਿੰਦਾਹੈਂ ਜੋ ਮੈਂਸਉਬ੍ਰਹਮਣ ਉਸਦੇ ਨਮਿੱਤ ਜਿਵਾਯਾਹੈ ਤਾਂ ਦੁਨੀਚੰਦ ਨੇ ਆਖਿਆਗੁਰੂਜੀ ਓਹਕਿੱਥੇਹੈ ਤਾਂ ਸ੍ਰੀਗੁਰੂਜੀ ਨੇ ਆਖਿਆ ਦੁਨੀਚੰਦਜੀ ਇਸ ਜਗਾਥੀਂ ਪੰਜਾਂ ਕੋਹਾਂਤੇ ਇਕ ਮਲ੍ਹਾਹੈ ਉਸ ਮਲ੍ਹੇ ਵਿਚ ਬਘਿਆੜ ਦੇ ਰੂਪ ਭੁੱਖਾ ਬੈਠਾ ਹੈ ਤੂੰ ਓਥੇ ਪ੍ਰਸ਼ਾਦਿ ਲੈਜਾਹ ਪਤ੍ਰਤ ਤੀਂ ਨਹੀਂ ਅਤੇ ਤੇਰੇਜਾਣੇਨਾਲ ਉਸਦੀਮਾਨੁਖਬੁੱਧੀ ਹੋਇ ਆਵੇ ਗੀ ਅਰ ਪ੍ਰਸ਼ਾਦਿਖਾਵੇ ਗਾਤਾਂ ਦੁਨੀਚੰਦ ਪ੍ਰਸਾਦਿਲੈਕਰ ਓਥੇ ਗਿਆ ਜੰਗਲਦੇ ਵਿਚਦੇਖੇ ਤਾਂਇਕਮਲ੍ਹੇਦੇ ਝਾੜਤਲੇਬਿਆਕੁਲਹੋਯਾਹੋਯਾ ਬੈਠਾਹੈ ਪਾਸ ਬੈਠਕੇ ਪ੍ਰਸਾਦਅੱਗੇ ਰੱਖਿਆ ਅਤੇਉਸਦੀ ਪੈਰੀਂ ਪਿਆ ਦੁਨੀਚੰਦ ਨੇ ਮੁਖਥੀਂ ਕਹਿਆ ਹੇਪਿਤਾਜੀ ਮੈਂਤਾਂ ਤੇਰੇਨਾਮਦਾ ਸਉਬ੍ਰਹਮਣ ਖੁਲ੍ਹਾਯਾਹੈ ਤਾਂ ਸ੍ਰੀਬਾਬਾਜੀ ਦੇਬਚਨਕਰ ਉਸਦੀ ਮਾਨੁੱਖ ਬੁਧ ਹੋਇਆਈ ਤਾਂਦੁਨੀਚੰਦਨੇ ਆਖਿਆ ਹੇ ਪਿਤਾਜੀ ਤੁਮ ਤੋ ਬੜੇ ਉਤਮ ਲੋਕ ਥੇ ਸ਼ੁਭ ਕਰਮੀ ਥੇ ਏਹ ਬਘਿਆੜਕੀ ਦੇਹ ਤੁਸਾਂ ਕਿਉਂਪਾਈ ਤਾਂ ਏਹਸੁਣਕਰ ਉਸਨੇਆਖਿਆ ਹੇ ਪੁਤਰ ਏਹ ਮੇਰੀ ਦਸਾ ਇਸਕਰਕੇਹੋਈਹੈ ਜੋ ਮੈਨੂੰ ਪੂਰਾ ਗੁਰੂਨਹੀਂ ਮਿਲਿਆ ਆਹਾ ਅਤੇਜਦਮੇਰੇ ਅੰਤਕਾ ਸਮਾ ਆਯਾਥਾ ਉਸ ਵੇਲੇ ਮੇਰੇ ਆਸ ਪਾਸ ਕਿਸੇਨੇ ਮਾਸ ਰਿੰਨ੍ਹਿਆਸੀਉਸਦੀ ਵਾਸ਼ਨਾ ਮੈਨੂੰ ਪਹੁੰਚੀ ਤਉਮੇਰਾ ਜੀਉ ਉਸਦੇਖਾਣਨੂੰਲੋਭਿਆਥਾ ਇਸਕਰਕੈ ਮੁਝ ਕਉ ਏਹ ਜਨਮ ਮਿਲਿਆ਼ਹੈ ਇਸੀਤੇ ਹੇਪੁਤ੍ਰ ਤੁਝਕਉਭੀਏਹੀਚਾਹੀਏਜੋ ਪੂਰੇਗੁਰੂਕਉ ਮਿਲ ਕਰ ਆਪਣਾ ਜਨਮ ਸੁਧਾਰ ਲੇਹੁ ਓਹ ਭੋਜਨ ਉਸਨੇ ਖਾਧਾ ਤਾਂ ਦੁਨੀਚੰਦ ਉੱਠ ਕਰ ਆਪਣੇ ਘਰਨੂੰ ਆਯਾ ਆਇਕਰ ਗੁਰੂਜੀ ਕੇ ਚਰਨਾਂ ਉੱਪਰ ਮੱਥਾਟੇਕਿਆ ਅਰ ਪਿਤਾ ਦੀ ਦਸ਼ਾ ਦੇਖਕੇ ਬੜਾ ਭੈਭੀਤ ਹੋਯਾ ਗੁਰੂਜੀ ਦੇ ਪਾਸ ਅਰਜ਼ ਕੀਤੀਓਸ ਹੇ ਸਤਿਗੁਰੂ ਜੀ ਏਹ ਸੱਤ ਲੱਖ ਰੁਪਯਾ ਮੇਰੇ ਪਾਸਹੈਕਿਰਪਾਕਰਕੇ ਏਹ ਦਯਾਕਰੋ ਮੇਰੇ ਉਪਰਜੋਇਸ ਦੇਵਿੱਚਮੇਰਾਧਿਆਨਰਹੇਗਾਤਾਂਮੇਰੀਗਤਿ ਕਿਆਜਾਣੀਏਕਿਸਤਰਾਂ ਹੋਵੇਗੀ ਹੇ ਪ੍ਰਭਜੀ ਏਹ

CC-0. Gurukul Kangri University Haridwar Collection. Digitized by S3 Foundation USA

ਅਗਲੀ ਦਰਗਾਹਵਿੱਚ ਮੇਰਾਕਿਆ ਹਾਲਕਰੇਗੀ ਏਸਮਾਯਾ ਕੇ ਮੇਰੇਸਾਥ ਪਰਲੋਕ ਵਿੱਚ ਜਾਨੇਕਾਯਤਨਦੱਸੋਜਿਸਕਰਕੇਏਹਲੋਕ ਪਰਲੋਕਵਿੱਚਸਹਾਇਤਾਹੋਵੇਹੈਮਹਾਰਾਜਮੇਰੇ ਪਰ ਦਯਾ ਕਰੋ ਏਤਨਾਕਹਿਕੇ ਗੁਰੂਜੀ ਕੀ ਚਰਨੀਂ ਲਗਾ ਬੜਾ ਅਧੀਨ ਦੇਖਕੇਸਾਹਿਬਗੁਰੂ ਨਾਨਕਜੀਦੇ ਮਨ ਮੇਹਰ ਆਈ ਤੇ ਕਹਿਓਨੇ ਹੋਦੁਨੀਚੰਦ ਏਸ ਮਾਯਾ ਨੂੰ ਪਰਮੇਸ਼ਰ ਦੇ ਅਰਥ ਸੰਤਾਂ ਸਾਧਾਂ ਪਰਮੇਸ਼ਨ ਦੇ ਪਿਆਰਿਆਂਕੋ ਖਵਾਇਦੇਹ ਇਸ ਬਾਤਦੇ ਜ਼ਾਮਨ ਹਮ ਹੈਂ ਇਹ ਕਾਰਜ ਕਰਨੇਕਰ ਤੇਰੇ ਨਾਲ ਚਲੇਗੀ ਮਾਯਾ ਕੇ ਪਰਥਾਇ ਗੁਰੂਜੀ ਨੇ ਸ਼ਬਦ ਕਹਿਆ ॥ ਸਿਰੀ ਰਾਗ ਮਹਲਾ ੧ ॥ ਮਛਲੀ ਜਾਲ ਨ ਜਾਣਿਆ ਸਰ ਖਾਰਾ ਅਸ ਗਾਹ॥ ਅਤਿ ਸਿਆਣੀਸੋਹਣੀ ਕਿਉ ਕੀਤੋ ਵੇਸਾਹੁ॥ਕੀਤੇ ਕਾਰਣ ਪਾਕੜੀ ਕਾਲ ਨ ਟਲੈਸਿਰਾਹੁ ॥੧॥ ਭਾਈ ਰੇ ਇਉ ਸਿਰ ਜਾਣਹੁ ਕਾਲ ॥ ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲ ॥ ੧ ॥ ਰਹਾਉ ॥ ਸਭ ਜਗ ਬਾਧੋ ਕਾਲ ਕੋ ਬਿਨ ਗੁਰ ਕਾਲ ਅਫਾਰ ॥ ਸਚ ਰਤੇਸੇ ਉਬਰੇ ਦੁਬਿਧਾ ਛੋਡ ਵਿਕਾਰ ॥ ਹਉ ਤਿਸਕੈ ਬਲਿਹਾਰਣੇ ਦਰਿ ਸਚੈ ਸਚਿਆਰ ॥੨॥ ਸੀਚਾਨੇ ਜਿਉਪੰਖੀਆ ਜਾਲੀ ਬਧਕ ਹਾਥ ॥ ਗੁਰੁਰਾਖੇਸੇ ਉਬਰੇ ਹੋਰ ਫਾਥੇਚੋਗੈਸਾਥ ॥ ਬਿਨ ਨਾਵੈ ਚੁਣ ਸੁਟੀਅਹਿ ਕੋਇ ਨ ਸੰਗੀ ਸਾਥ ॥੩॥ ਸਚੋ ਸਚਾ ਆਖੀਐ ਸਚੇ ਸਚਾ ਥਾਨ ॥ ਜਿਨੀ ਸਚਾ ਮੰਨਿਆ ਤਿਨਮਨ ਸਚਿ ਧਿਆਨ॥ ਮਨਮੁਖ ਸੂਚੇ ਜਾਣੀਅਹਿ ਗੁਰਮੁਖਿ ਜਿਨਾ ਗਿਆਨ ॥ ੪ ॥ ਸਤਿ ਗੁਰ ਅਗੇ ਅਰਦਾਸ ਕਰ ਸਾਜਨ ਦੇਇ ਮਿਲਾਇ ॥ ਸਾਜਨ ਮਿਲੀਅਹਿ ਸੁਖਪਾਇਆ ਜਮਦੂਤ ਮੁਏ ਬਿਖ ਖਾਇ॥ਨਾਵੈ ਅੰਦਰਹਉ ਵਸਾ ਨਾਉ ਵਸੈ ਮਨਿ ਆਇ ॥ ੫ ॥ ਬਾਝ ਗੁਰੂ ਗੁਬਾਰ ਹੈ ਬਿਨ ਸਬਦੈ ਬੂਝ ਨ ਪਾਇ ॥ ਗੁਰਮਤੀ ਪਰਗਾਸਹੋਇ ਸਚ ਰਹੈ ਲਿਵ ਲਾਇ ॥ ਤਿਥੈਕਾਲ ਨ ਸੰਚਰੈ ਜੋਤੀ ਜੋਤ ਸਮਾਇ ॥ ੬ ॥ ਤੂੰ ਹੈ ਸਾਜਨ ਤੂੰ ਸੁਜਾਣ ਤੂੰ ਆਪੇ ਮੇਲਨ ਹਾਰ॥ਗੁਰ ਸਬਦੀ ਸਾਲਾਹੀਐ ਅੰਤ ਨ ਪਾਰਾਵਾਰ ॥ਤਿਥੈ ਕਾਲ ਨ ਅਪੜੈਜਿਥੈ ਗੁਰ ਕਾ ਸਬਦ ਅਪਾਰ॥੭॥ ਹੁਕਮੀ ਸਭੇ ਊਪਜਹਿ ਹੁਕਮੀ ਕਾਰ ਕਮਾਹਿ ॥ ਹੁਕਮੀ ਕਾਲੈ ਵਸ ਹੈ ਹੁਕਮੀ ਸਚ ਸਮਾਹਿ ॥ ਨਾਨਕ ਜੋ ਤਿਸ ਭਾਵੈ ਸੋ ਥੀਐ ਇਨਾ ਜੰਤਾਂ ਵਸ ਕਿਛ ਨਾਹਿ ॥ ੮ ॥

ਏਹਬਚਨ ਸੁਣਕਰ ਦੁਨੀਚੰਦ ਗੁਰੂਜੀ ਦੀ ਚਰਨੀਂ ਲਗਾ ਅਤੇ ਹੱਥ ਬੰਨ੍ਹਕੇ ਕਹਿਓਸੁ ਗੁਰੂਜੀ ਮੈਨੂੰਕੋਈ ਟਹਿਲਦੱਸੋ ਜੀ ਤਾਂ ਗੁਰੂਜੀਇੱਕ ਸੂਈ ਦਿਤੀਤੇ ਕਹਿਆ ਦੁਨੀਚੰਦ ਸੂਈ ਅਸਾਂਦੀ ਤੂੰ ਰੱਖਅਸੀ ਤੇਰੇਪਾਸੋਂ ਅਗਲੀਦਰਗਾਹਮੇਂਲੇਵਾਂਗੇ ਤਾਂ ਦੁਨੀਚੰਦਸੂਈ ਲੈਕੇ ਆਪਣੇਘਰ ਆਇਆ ਤੇ ਇਸਤ੍ਰੀਕੋ ਕਹਾਏਹ ਸੂਈ ਸ੍ਰੀਗੁਰੂਜੀ ਨੇ ਦਿੱਤੀਹੈ ਅਤੇ ਬਚਨ ਕੀਤਾ ਹੈਨੇ ਜੋ ਏਹ ਸੂਈ ਤੇਰੇ ਪਾਸੋਂ ਅਗਲੀ ਦਰਗਾਹ ਵਿੱਚ ਮੰਗ ਲਵਾਂਗੇ ਤਾਂ ਇਸਤ੍ਰੀਨੇ ਕਹਿਆਹੇਪਰਮੇਸ਼ਰਕੇ ਸਵਾਰੇ ਤੇਰੇਜੀ ਨਾਲਏਹਸੂਈ ਕਿਉਂਕਰ ਚਲੇਗੀਏਹ

CC-0. Gurukul Kangri University Haridwar Collection. Digitized by S3 Foundation USA

ABHINAV GAUR

ਸ਼ਰੀਰ ਕਉ ਲੈਕਰ ਮਾਤਾਦੇ ਪੇਟੋਂ ਪੈਦਾਹੋਤਾਹੈ ਜਬ ਇਸਦੇਹ ਸੇ ਪਰਾਣ ਨਿਆਰੇਹੋਤੇਹੈਂ ਤਬ ਏਹਭੀ ਜਲਾਈਜਾਂਦੀ ਹੈ ਜਾਂ ਜ਼ਮੀਨ ਮੇਂ ਦਬਾਇ ਦੇਂਦੇ ਹਨ ਜਾਂ ਵਗਦੇ ਜਲ ਮੇਂ ਰੁੜ੍ਹਾਇ ਦੇਂਦੇਹਨ ਸ਼ਰੀਰ ਭਕ ਭਾਂ ਨਾਲ ਨਹੀਂ ਜਾਂਦਾ ਸੂਈ ਕਿਸਤਰ੍ਹਾਂ ਜਾਵੇਗੀ ਇਸ ਸੂਈ ਨੂੰ ਮੋਛ ਦਿਓ ਅਤੇ ਏਹ ਸੰਤ ਪੂਰਨਪੁਰਖ ਹਨ ਜਿਸ ਤਰ੍ਹਾਂ ਆਖਦੇਹਨ ਓਹੋ ਕਰੋ ਭਾਂ ਦੁਨੀਚੰਦਨੇ ਕਹਿਆ ਹੇ ਬੰਦੀ ਪਰਮੇਸ਼ਰ ਦੀ ਓਹ ਤੋ ਏਹ ਬਚਨ ਕਹਿੰਦੇ ਹਨ ਏਹ ਮਾਯਾ ਜੋ ਤੁਸਾਡੇਪਾਸ ਹੈ ਸੱਤ ਲੱਖ ਇਸ ਦੌਲਤ ਨੂੰ ਪਰਮੇਸ਼ਰ ਦੇ ਅਰਥ ਵੰਡ ਦਿਓ ਭੁੱਖੇ ਕੋ ਰੋਟੀ ਨੰਗੇਕੋ ਕਪੜਾ ਹੋਰ ਗਰੀਬਾਂ ਨੂੰ ਦੇਵੋ ਭਾਂ ਤੁਮਾਰੇ ਸਾਥ ਜਾਵੇਗੀ ਭਾਂ ਓਹ ਇਸਤ੍ਰੀ ਭਰਤਾਦੋਨੋਂ ਗੁਰੂਜੀਕੀ ਚਰਨੀਂ ਆਇਲਗੇ ਅਤੇਮੁਖਥੀਂ ਕਹਿਓਨੇ ਹੇ ਪ੍ਰਭਜੀ ਇਸ ਸੰਸਾਰ ਤੋਂ ਪਾਰ ਕਰੋ ਹਮ ਆਪਦੀ ਸਰਨ ਹੈਂ ਭਾਂ ਗੁਰੂ ਜੀ ਨੇ ਸ਼ਲੋਕ ਕਹਿਆ ॥

ਮਹਲਾ ੧ ॥ ਲਖ ਮਣ ਸੁਇਨਾ ਲਖ ਮਣ ਰੁਪਾ ਲਖ ਸ਼ਾਹਾਂ ਸਿਰ ਸ਼ਾਹ ॥
ਲਖ ਲਸ਼ਕਰ ਲਖ ਵਾਜੇ ਨੇਜੇ ਲਖੀ ਘੋੜੀ ਪਾਤਸਾਹ ॥ ਜਿਥੈ ਸਾਇਰ ਲੰਘਣਾ
ਅਗਨ ਪਾਣੀ ਅਸਗਾਹ ॥ ਕੰਧੀ ਦਿਸ ਨ ਆਵਈ ਧਾਹੀ ਪਵੈਕਹਾਹ॥ਨਾਨਕ
ਓਥੇ ਜਾਣੀਐ ਸ਼ਾਹ ਕੇਹੀ ਪਾਤਿਸ਼ਾਹ ॥ ੨ ॥

ਏਹ ਬਚਨ ਸੁਣਕੇ ਦੁਨੀਚੰਦ ਅਤੇ ਉਸਦੀ ਇਸਤ੍ਰੀ ਦੋਨੋਂ ਹਾਥ ਜੋੜਕਰ ਗੁਰੂ ਜੀ ਦੀ ਬਡੀ ਸਰਧਾ ਕੈ ਸਾਥ ਉਸਤੁਤੀ ਕਰਨ ਲਗੇ ਕਿ ਹੇ ਪਰਮੇਸ੍ਵਰ ਰੂਪ ਕ੍ਰਿਪਾ ਨਿਧਾਨ ਹੇ ਦੀਨਾਨਾਥਜੀ ਦੀਨਾਬੰਧੁਸੁਆਮੀ ਹੇ ਪ੍ਰਭੁਅੰਤਰਯਾਮੀ ਆਪਨੇ ਸਾਡੇਉੱਪਰਬਡੀਕ੍ਰਿਪਾ ਕੀਤੀਹੈ ਅਬਕ੍ਰਿਤਾਰਥਭਏ ਹਾਂ ਜੈਸਾ ਆਪ ਕਹੋਗੇਤੈਸਾਹੀ ਕਰੇਂਗੇ ਹੇ ਪ੍ਰਭਜੀ ਭਾਂ ਗੁਰੂ ਨਾਨਕਜੀ ਕਹਿਆ ਹੇਦੁਨੀਚੰਦ ਏਸਪਦਾਰਥਕੋਸੰਚੀਦਾਹੈ ਭਾਂ ਕਈਪਾਪਹੋਂਦੇ ਹਨ ਵਲ ਛਲ ਕਰੀਦੇਹੈਨ ਭਾਂਇੰਕੱਠਾਹੁੰਦਾਹੈਫੇਰਨਾਲਨਹੀਂ ਜਾਂਦਾ ਇਕੱਠਾ ਕਰਦਿਆਂ ਆਰਬਲਾ ਬੀਤਜਾਂਦੀਹੈ ਤੇ ਏਹ ਧਰਿਆ ਰਹਿਜਾਂਦਾਹੈ ਏਹਜੀਵਤੇ ਨਿਆਰਾ ਹੋਇਜਾਂਦਾਹੈ ਜੇਹੜੇ ਪਾਪਕੀਤੇਹੋਏ ਹੁੰਦੇਹੈਨ ਸੋਭੋਗਣੇਪੈਂਦੇਹੈਨ ਬਿਨਾ ਪੁੰਨਕੀਤੇ ਏਹ ਧਨ ਕਿਸੇਕੰਮ ਨਾਹੀਂ ਇਸਪ੍ਰਾਣੀਦੇ ਤਿੰਨ ਮਿੱਤ੍ਰਹੈਨ ਇਕ ਪਦਾਰਥ ਦੂਜਾਪਰਵਾਰਤੀਸਰਾਕਰਮ ਜਿਤਨਾਚਿਰ ਏਹ ਪ੍ਰਾਣਦੇਹ ਮੈਂ ਹੈਨ ਉਤਨਾਚਿਰ ਪਦਾਰਥਸੰਗੀਹੈ ਜਿਸ ਵੇਲੇ ਮਰਗਿਆ ਧਨ ਦੇ ਮਾਲਕ ਹੋਰ ਹੋਗਏ ਸਨਬੰਧੀ ਸਮਸਾਨਮੇਂ ਪ੍ਰਾਣੀਨੂੰ ਜਲਾਏ ਆਏ ਜਿਨ੍ਹਾਂ ਵਾਸਤੇ ਵਲ ਛਲ ਕਰਦਾ ਸੀ ਤਨ ਦੇ ਦਾਹ ਭੀਕਰ ਪਰਵਾਰ ਸੰਗੀ ਰਹਿਆ ਤੀਜੇ ਕਰਮ ਇਸਦੇ ਮਿੱਤ੍ਰ ਓਹ ਪਰਲੋਕ ਭੀਕਰ ਨਾਲ ਰਹੇ ਭਲੇ ਬੁਰੇ ਫਲਦੇਕਰ ਹੱਦਦੇਹੈਂ ਇਸੀਵਾਸਤੇ ਹੇ ਦੁਨੀਚੰਦ ਸ਼ੁਭ ਕਰਮ ਕਰੋ ਪਦਾਰਥ ਕੋ ਪਰਮੇਸ਼ਰ ਕੇ ਅਰਥ ਖਰਚ ਕਰੋ ਜਿਸ ਕਰਕੇ ਤੁਹਾਡੀ ਲੋਕ ਪਰਲੋਕ ਵਿੱਚ ਸਹਾਇਤਾ ਕਰੇ ਇਸ ਲੋਕ ਮੈਂ ਜੱਸ ਹੋਵੇਗਾ ਪਰਲੋਕ ਵਿਚ ਸੁਖ ਭੋਗੋਗੇ ਸਤਿਗੁਰੂ ਜੀਕਾ ਬਚਨ ਮੰਨ ਕਰ ਦੁਨੀਚੰਦ ਨੇ ਸੱਤ ਲੱਖ ਕੋ ਪਰਮੇਸ਼ਰ ਕੇ

CC-0. Gurukul Kangri University Haridwar Collection. Digitized by S3 Foundation USA

ਅਰਥ ਦਾਨ ਕੀਆ ਇਸਤ੍ਰੀ ਭਰਤਾ ਦੋਨੋਂ ਗੁਰੂਜੀਕੇ ਸਿੱਖਹੋਏ ਲਗੇ ਗੁਰੂ ਗੁਰੂ ਜਪਣ ਸਤ ਸੰਗਤ ਕਰਦੇ ਰਹਣ ਆਏ ਮੰਤਦੀ ਛਾਦਨ ਭੋਜਨ ਦੀ ਸੇਵਾ ਕਰਨ ਸ੍ਰੀਵਾਹਿਗੁਰੂ ਜਪਣ ਤੇ ਨਿਹਾਲ ਹੋਏ ਤਹਾਂ ਤੇ ਗੁਰੂ ਜੀ ਚਲੇ ਤਾਂ ਮਰਦਾਨੇ ਨੂੰ ਗੁਰੂ ਜੀ ਆਖਿਆ ਹੈ ਮਰਦਾਨਾ ਬੇਬੇਜੀ ਯਾਦਕੀਤਾ ਹੈ ਚਲੋ ਸੁਲਤਾਨਪੁਰ ਚਲੀਏ ਬੇਬੇਜੀ ਕੀ ਖ਼ੁਸ਼ੀ ਕਰੀਏ ਇਤਨਾ ਕਹਿੰਦੇਹੀ ਸੀ ਤੁਰਤ ਸੁਲਤਾਨਪੁਰ ਜਾਇ ਪਹੁੰਚੇ ਬੇਬੇਜੀ ਦੇ ਘਰ ਜਾਇਵੜੇ ਤੁਲਸਾਂਨੇ ਕਹਿਆ ਬਹੂਜੀ ਤੁਸਾਡਾ ਭਾਈਜੀ ਆਯਾਹੈ ਏਹ ਸੁਣਕਰ ਬਡੀ ਪ੍ਰਸੰਨ ਭਈ ਬੰਦਨਾ ਕਰਨੇ ਵਾਸਤੇ ਦੌੜੀ ਅਤੇ ਨੇਤ੍ਰਾਂਥੀਂ ਜਲ ਆਯਾ ਤਾਂਗੁਰੂਜੀ ਨੇ ਬੇਬੇਜੀਦਾ ਸਿਰ ਆਪਨੇ ਦੋਨੋਂ ਹੱਥਾਂਤੇ ਲੈਲਿਆ ਅਰ ਮੰਜਾ ਬਿਛਾ ਥਾ ਗੁਰੂਜੀ ਬੈਠਗਏ ਗੁਰੂਜੀ ਕੋ ਬੇਬੇ ਜੀਨੇ ਕੁਸਲਪੂਛਾ ਇਤਨੇਮੇਂ ਜੈਰਾਮਜੀ ਸੁਣਿਆ ਕਿ ਭਾਈਜੀ ਆਏ ਹੈਨ ਉਸੀ ਛਿਨਮੇਂ ਜੈਰਾਮਜੀ ਦਰਸਨ ਆ ਕੀਤਾ ਤੇ ਬਡੇਪ੍ਰਸੰਨਹੋਏ ਬਾਬੇਜੀ ਕੋ ਬੰਦਨਾ ਕਰਕੇ ਭੁੱਯਾ ਜੈਰਾਮ ਪਾਸ ਬੈਠਗਏ ਪ੍ਰੇਮਸਹਿਤ ਕੁਸਲਖੇਮ ਪੂਛਾ ਅਰ ਬੇਬੇਜੀ ਕਹਾ ਹੇਭਾਈਜੀ ਬਡੀਮੁਦਤ ਹੋਗਈ ਤੇਆਪਨੇ ਦਰਸ਼ਨ ਨਹੀਂ ਦੀਆ ਸਾਨੂੰਬਿਸਾਰ ਛੱਡਿਆਹੈ ਆਪਦੇ ਦਰਸ਼ਨ ਕਰਕੇ ਸਾਡਾਮਨਬਡਾਆਨੰਦ ਹੁੰਦਾਹੈ ਤਾਂਇਤਨੇਮੇਂ ਜੈਰਾਮਨੇਕਹਿਆ ਆਪਏਥੇਹੀਰਹੀਏ ਗੋਬਿੰਦ ਬੈਠੇਸਿਮਰੀਏ ਸਾਨੂੰ ਬਡਾਆਨੰਦਦੇਂ ਦੇਰਹੋ ਇਤਨੇਮੇਂ ਸਿਰੀਚੰਦਜੀ ਭੀ ਬਾਹਰ ਤੇ ਆਏ ਨਮਸਕਾਰ ਬਾਬੇਜੀ ਦੇ ਚਰਨਾਂ ਪਰ ਕੀਆ ਸਮੀਪ ਬੈਠਗਏ ਸਤਿਗੁਰ ਜੀ ਨੇ ਕਹਿਆ ਭੱਈਆਜੀ ਰਟਨ ਕਰਨੇਕਰ ਹੁਣ ਆਪਦੇ ਪਾਸ ਨਹੀਂ ਰਹਾ ਜਾਂਦਾ ਜਦੋਂ ਯਾਦ ਕਰੋਗੇ ਮੈਂ ਤਦੋਂਹੀ ਤੁਸਾਡੇ ਪਾਸ ਦੇਰ ਤੇ ਬਿਨਾਂ ਆਇ ਪਹੁੰਚਾਂਗਾ ਬਹੁੜਪੂਕਾਰ ਕਰਕੇ ਧੀਰਜ ਦੀਆ ਰਾਤ੍ਰੀ ਸੁਲਤਾਨਪੁਰਮੈਂ ਰਹੇ ਜਬ ਪ੍ਰਭਾਤਕਾ ਸਮਾਹੁਆ ਬੇਬੇਜੀ ਕੋ ਜੈਰਾਮ ਜੀਕੋ ਸਿਰੀਚੰਦ ਸਭਕੋ ਮਿਲਕਰ ਧੀਰਜਦੀਆ ਤੇ ਗਮਨ ਕਰਤੇ ਭਏ ਮਾਤਾ ਪਿਤਾ ਕੋ ਆਇ ਕਰ ਮਿਲੇ ਕਰਤਾਰਪੁਰਮੇਂਆਏਮਰਦਾਨੇ ਆਖਿਆ ਗੁਰੂਜੀਮੈਂ ਆਪਣੇ ਸਨਬੰਧੀਆਂਨੂੰ ਤਲਵੰਡੀ ਜਾਕੇ ਮਿਲਆਵਾਂ ਸੁਨਕਰ ਕ੍ਰਿਪਾਨਿਧਾਨ ਹੱਸੇ ਅਰ ਕਹਿਆ ਮਰਦਾਨਾ ਤੇਰੇ ਸਨਬੰਧੀਆਂਨੂੰ ਮਰਨ ਨਹੀਂ ਦੇਂਦੇ ਸਾਡੇਹੁੰਦਿਆਂ ਸਨਬੰਧੀਆਂਦੀਚਿੰਤਾ ਨਾ ਕਰ ਤੇਰੇ ਦੱਬਰ ਕੋਲ ਜਮਨੂੰ ਪਹੁਚਨ ਨਹੀਂ ਦੇਂਦੇ ਹੱਛਾ ਸੁਣ ਤੇਰੇ ਮਨਮੇਂ ਸਨਬੰਧੀਆਂ ਦਾ ਮੋਹ ਜਾਗਿਆ ਹੈਜਾਹਮਿਲਆਉ ਬਹੁੜਾਚਿਰ ਨਾ ਲਾਵੀ ਤਾਂ ਮਰਦਾਨੇਆਖਿਆਜੀ ਮੈਂ ਕਿਆ ਲੈਕੇ ਘਰ ਜਾਵਾਂ ਖ਼ਾਲੀਜਾਵਾਂ ਉਨਾਂਨੂੰਕਿਆ ਲੈਜਾਵਾਂ ਮੇਰੇਦੱਥਦੀ ਤਰਫ਼ਦੇਖਣਗੇ ਸਤਿਗੁਰੂਜੀ ਨੇ ਕਹਿਆ ਰੋੜਾਂਦੀ ਮੁੱਠਭਰਕੇ ਕਪੜੇਦੇ ਪੱਲੇ ਬੰਨ੍ਹਲੈ ਸੰਸਾ ਨਾ ਕਰੀਂ ਘਰਜਾਇਕੇ ਖੋਲ੍ਹੀਂ ਜੋਕੁਝ ਚਾਹੇਂਗਾਸੋ ਹੋਇਜਾਵੇਗਾ ਤਾਂ ਮਰਦਾਨੇ ਉਸੇਤਰਾਂ ਕੀਤਾ ਰੋੜਾਂਦੀ ਮੁੱਠ ਭਰਲਈ ਕਪੜੇਦੇ ਪੱਲੇਬੰਨ੍ਹਕੇ ਟੁਰਗਿਆ ਬੜਾ ਖੁਸ਼ਹੋਇਕਰ ਘਰਨੂੰ ਗਿਆ ਆਪਣੇ ਪਰਵਾਰ ਨੂੰ ਜਾਇਮਿਲਿਆ ਪੱਲਿਓਂ ਖੋਲ੍ਹਕੇਘਰਦਿਆਂਨੂੰਦਿੱਤੇ ਸੋਨੇਦੇ ਰੋੜਹੋਇਗਏ ਬੜੇ ਖੁਸ਼ੀ ਹੋਇ

CC-0. Gurukul Kangri University Haridwar Collection. Digitized by S3 Foundation USA

ABHINAV GAUR

ਲੋਕਾਂਨੇ ਸੁਣਿਆਂ ਮਰਦਾਨਾਸੋਨੇਦੇਰੋੜਲਿਆਇਆਹੈ ਲੋਕਪੁੱਛਣਆਵਣ ਤੇਬਾਬੇਨਾਨਕ ਜੀਦੀਕੁਸ਼ਲ ਪੂਛੇਂ ਬੜੀ ਮਧੁਰਬਾਣੀ ਸਾਥ ਮਰਦਾਨਾ ਸਰਬਕੋ ਕਹੇ ਕੁਸ਼ਲ ਅਨੰਦ ਹੈ ਤੇਸਬਕੋ ਪ੍ਰਸੰਨਹੋਇਕੇ ਮਿਲਿਆ ਕੋਈਕਾਲ ਮਰਦਾਨਾ ਅਪਨੇਸਨਬੰਧੀਆਂ ਨੂੰ ਮਿਲਕੇ ਗੁਰੂਜੀਕੇਪਾਸਆਯਾ॥ਬੋਲੋ ਭਾਈ ਜੀ ਵਾਹਿਗੁਰੂ॥ ੧੦੬ ॥

ਸਾਖੀ ਘਰ ਦੀ ਦਾਸੀ ਨਾਲ ਹੋਈ

ਇਕਦਿਨਸ੍ਰੀ ਗੁਰੂਜੀ ਕਰਤਾਰਪੁਰ ਆਪਣੇ ਘਰਵਿਚ ਸੁਖਨਾਲ ਸੁਤੇ ਹੋਏਸਨ ਤੇਰਸੋਈ ਤਿਆਰਹੋਈਸੀ ਤਾਂ ਰਸੋਈਏ ਨੇ ਮਾਤਾਜੀ ਅੱਗੇ ਅਰਜ਼ਕੀਤੀ ਮਾਤਾ ਜੀ ਰਸੋਈ ਤਿਆਰ ਹੈ ਤਾਂ ਉਸਵਕਤ ਮਾਤਾਜੀ ਕਿਸੇਕੰਮ ਵਿਚਬੈਠੇਸੇ ਤਾਂ ਆਪਣੀਦਾਸੀਨੂੰ ਆਖਿਆ ਗੁਰੂਜੀ ਕੋ ਜਗਾਇ ਲਿਆਓ ਤਾਂਲਉਂਡੀਗਈ ਤਾਂਸ੍ਰੀ ਗੁਰੂਜੀਨੂੰ ਲਗੀ ਜਗਾਉਣ ਤਾਂ ਉਸ ਪਾਸੋਂ ਕੀਹੋਈ ਜੋ ਸ੍ਰੀਗੁਰੂਜੀ ਦੇ ਚਰਨ ਜ਼ੁਬਾਨ ਨਾਲ ਲਗੀ ਚੱਟਣ ਜਾਂ ਉਸਨੇ ਚਰਨ ਚੱਟਿਆ ਤਾਂਲਉਂਡੀ ਦਿਬਜ ਦ੍ਰਿਸ਼ਟ ਹੋਗਈਅਗਮ ਨਿਗਮਦੀ ਸੋਝੀ ਹੋਗਈਕਿਆ ਦੇਖੇਕਿ ਗੁਰੂ ਜੀ ਸਮੁੰਦਰਦੇ ਕਿਨਾਰੇ ਉਪਰ ਖੜੇਹੈਨ ਕਿਸੇ ਸਿੱਖਦਾ ਜਹਾਜ ਡੁੱਬਦਾ ਸੀ ਸੋ ਪਾਰ ਕਰ ਦਿਤਾਨੇ ਏਹਕੌਤਕਲੌਂਡੀ ਦੇਖਕਰ ਮਾਤਾ ਜੀ ਦੇ ਪਾਸ ਲਗੀ ਕਹਿਨ ਜੋ ਮਾਤਾਜੀ ਗੁਰੂ ਜੀ ਏਥੇ ਨਹੀਂ ਜਦ ਆਉਣਗੇ ਤਾਂ ਜਗਾਇ ਲਿਆਵਾਂਗੀ ਤਾਂ ਮਾਤਾਜੀ ਸੁਣਕਰ ਕਹਿਆ ਅਰੀਗੁਰੂਜੀਤਾਂ ਘਰਵਿਚ ਸੁੱਤੇਹੈਨ ਤਾਂ ਦਾਸੀ ਕਹਿਆ ਮਾਤਾਜੀ ਗੁਰੂਜੀ ਸਮੁੰਦ੍ਰ ਵਿਚੋਂ ਸਿਖਦਾ ਜਹਾਜ਼ ਕਢਨ ਗਏ ਹੋਏ ਹੈਨ ਏਹ ਸੁਣਕਰ ਮਾਤਾ ਚੁਪਕਰ ਰਹੀ ਜਦ ਗੁਰੂਜੀ ਜਾਗੇ ਤਾਂ ਮਾਤਾਜੀ ਕਹਿਆਜੀ ਮਹਾਰਾਜਜੀ ਏਹ ਲਉਂਡੀ ਸਾਨੂੰ ਮਸਖਰੀਆਂ ਕਰਦੀ ਹੈ ਤਾਂਗੁਰੂਜੀ ਕਹਿਆ ਏਸਦੀ ਕਿਆ ਮਜਾਲ ਹੈ ਕਿ ਧੁਹਾਨੂੰ ਕੁਛ ਆਖੇ ਓਹਤੀ ਬਾਤ ਹੈ ਜੋ ਆਖੀਸੁ ਤਾਂ ਮਾਤਾਜੀ ਕਹਿਆ ਰਸੋਈਏ ਨੇ ਰਸੋਈ ਤਿਆਰ ਕਰਕੇ ਆਖਿਆ ਜੀ ਰਸੋਈ ਤਿਆਰ ਹੈ ਤਾਂ ਮੈਂ ਏਸਨੂੰ ਆਖਿਆ ਅਰੀ ਤੂੰ ਜਾਇਕੇ ਗੁਰੂਜੀ ਕਉ ਜਗਾਇ ਲਿਆਉ ਤਾਂ ਏਹ ਕਹਿਣ ਲਗੀ ਕਿਗੁਰੂਜੀ ਤਾਂ ਸਮੁੰਦਰ ਵਿੱਚ ਸਿੱਖਦਾ ਜਹਾਜ਼ ਕਢਨ ਗਏ ਹੈਨ ਜਦ ਆਵਨਗੇ ਤਾਂ ਜਗਾਇ ਲਿਆਵਾਂਗੀ ਤਾਂ ਸ੍ਰੀ ਗੁਰੂਜੀ ਬਚਨ ਕੀਤਾ ਕਿ ਐਸੀਆਂ ਕਮਲੀਆਂ ਝੱਲੀਆਂ ਦੀ ਗੱਲ ਨਹੀਂ ਮੰਨੀਦੀ ਜਦ ਗੁਰੂ ਨਾਨਕ ਜੀ ਏਹ ਗੱਲ ਜ਼ੁਬਾਨ ਨਾਲ ਕਹਿੰਦੇ ਹੀ ਸਨ ਤਾਂ ਓਹ ਲਉਂਡੀ ਝੱਲੀ ਹੋਇ ਗਈ ਪਰ ਉਸਨੇ ਸ੍ਰੀ ਗੁਰੂਨਾਨਕ ਜੀਦਾ ਦਰਸ਼ਨ ਕੀਤਾ ਸੀ ਅਤੇ ਨਾਲ ਟਹਿਲ ਕਰਦੀ ਰਹੀਸੀ ਏਸਵਾਸਤੇ ਉਸਲਉ ਡੀ ਦੀ ਬੁੱਧ ਨਿਰਮਲ ਰਹੀ ਤਾਂਫੇਰ ਕਿਤਨੇਕ ਦਿਨਗੁਰੂਬਾਬੇਜੀ ਘਰਵਿਚ ਰਹਿਕੇ ਕਿਥਾਉਂ ਚਲੇ ਤਾਂ ਮੂਲੇ ਦੀ ਧੀ ਚੋਣੀਨੇ ਆਖਿਆ ਜੀ ਸੱਚੇ ਪਾਤਸ਼ਾਹ ਜੀ ਜਾਂ ਆਪ ਏਥੇ ਰਹਿੰਦੇ ਹੋ ਤਾਂ ਸਾਡਾ ਰਾਜ ਸਾਜ ਬਣਿਆਂ ਰਹਿੰਦਾਹੈ ਜੇਚਲਦੇਹੋ ਤਾਂ ਮੈਨੂੰ ਨਾਲ ਲੈਚਲੋ ਤਾਂ ਬਚਨ

CC-0. Gurukul Kangri University Haridwar Collection. Digitized by S3 Foundation USA

ਹੋਯਾ ਤੇਰਾ ਰਾਜ ਅਤੇ ਸਾਜ ਦਿਨਦਿਨ ਵਧਦਾ ਜਾਵੇਗਾ ਤੂੰ ਚਿੰਤਾ ਕਾਈ ਨ ਕਰ ਕਰਤਾਰ ਭਲੀ ਬਾਤ ਕਰੇਗਾ ਅਤੇ ਮੂਲੇ ਦੀ ਧੀਏ ਤੂੰ ਗਿਣਤੀ ਕਾਈ ਨਾ ਕਰ ਅਤੇ ਮੈਂ ਤੁਸਾਡੇ ਪਾਸ ਹੀ ਹਾਂ ਅਤੇ ਸ੍ਰੀ ਬਾਬੇ ਜੀ ਕਹਿਆ ਅਸੀ ਸੈਦਪੁਰ ਜਾਈਏਂ ਗੇ ਤਾਂ ਫੇਰ ਕੁਛ ਕਾਲ ਰਹਿ ਕਰ ਤੁਸਾਡੇ ਪਾਸ ਆਵੇਂ ਗੇ ਤਾਂ ਸ੍ਰੀ ਗੁਰੂਜੀ ਮਾਤਾ ਪਿਤਾ ਅਰ ਕੁਟੰਬ ਨੂੰ ਮਿਲ ਕੇ ਓਥੋਂ ਚਲ ਦੇ ਰਹੇ ਗੁਰੂਜੀ ਨਾਲ ਮਰਦਾਨਾ ਔਰ ਦੂਜਾ ਮੈਂ ਦਾਸ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੦੭ ॥

ਸੈਦਪੁਰ ਪਠਾਣਾਂ ਦੇ ਗਏ ਤੇ ਸਾਖੀ ਮੀਰ ਬਾਬਰ ਨਾਲ ਹੋਈ

ਤਾਂ ਸ੍ਰੀ ਗੁਰੂਜੀ ਜਾਂਦੇ ਜਾਂਦੇ ਸੈਦਪੁਰ ਜਾਇ ਪ੍ਰਾਪਤ ਹੂਏ ਅਤੇ ਅੱਗੇ ਇਕਨਾਂ ਪਠਾਣਾਂ ਦੇ ਘਰ ਵੀਵਾਹ ਹੈਸੀ ਤਾਂ ਓਹ ਪਠਾਣ ਅਕੱਠੇ ਹੁਇ ਕਰ ਨਚਦੇ ਖੇਡਦੇ ਆਹੇ ਪਰ ਸ੍ਰੀ ਬਾਬੇ ਜੀ ਨਾਲ ਕੁਝ ਫ਼ਕੀਰ ਰਹਿੰਦੇ ਸਨ ਤਾਂ ਸ੍ਰੀ ਗੁਰੂਜੀ ਦੇਖਿਆ ਜੋ ਫ਼ਕੀਰਾਂ ਨੂੰ ਭੁੱਖਨੇ ਆਜਜ਼ ਕੀਤਾ ਹੈ ਅਤੇ ਖਬਰ ਕਿਸੇ ਲਈਆ ਨਾਹੀਂ ਤਾਂ ਗੁਰੂਜੀ ਸ਼ਬਦ ਉਚਾਰਿਆ ਕਹਿਰ ।ਵੱਚ ॥

ਰਾਗ ਤਿਲੰਗ ਮਹਲਾ ੧ ॥ ਜੈਸੀ ਮੈਂ ਆਵੈ ਖਸਮਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ॥ ਪਾਪਕੀ ਜੰਞਲੈ ਕਾਬਲੋਂ ਧਾਇਆ ਜੋਰੀ ਮੰਗੈ ਦਾਨ ਵੇ ਲਾਲੋ ॥ ਸਰਮ ਧਰਮ ਦੁਇ ਛਪ ਖਲੋਏ ਕੂੜ ਫਿਰੈ ਭਰਦਾਨ ਵੇ ਲਾਲੋ ॥ ਕਾਜ਼ੀਆਂ ਬਾਮਣਾਂ ਕੀ ਗਲ ਥਕੀ ਅਗਦ ਪੜੈ ਸ਼ੈਤਾਨ ਵੇ ਲਾਲੋ ॥ ਮੁਸਲਮਾਨੀਆਂ ਪੜਹਿ ਕਤੇਬਾਂ ਕਸ਼ਟ ਮਹਿ ਕਰਹਿ ਖ਼ੁਦਾਇ ਵੇ ਲਾਲੋ ॥ ਜਾਤ ਸਨਾਤੀ ਹੋਰ ਹਿੰਦਵਾਣੀਆਂ ਏਹ ਭੀ ਲੇਖੇ ਲਾਇ ਵੇ ਲਾਲੋ ॥ ੧ ॥ ਸਾਹਿਬ ਕੇ ਗੁਣ ਨਾਨਕ ਗਾਵੈ ਮਾਸਪੁਰੀ ਵਿਚ ਆਖ ਮਸੋਲਾ ॥ ਜਿਨ ਉਪਾਈ ਰੰਗ ਰਵਾਈ ਬੈਠਾ ਵੇਖੈ ਵਖਿ ਅਕੇਲਾ ॥ ਸਚੜਾ ਸਾਹਿਬ ਸਚ ਤਪਾਵਸਿ ਸੱਚੜਾ ਨਿਆਉਂ ਕਰੇ ਗੁਮਸੋਲਾ ॥ ਕਾਇਆ ਕੱਪੜ ਟੁਕਟੁਕ ਹੋਸੀ ਹਿੰਦੁ-ਸਤਾਨ ਸਮਾਲਸੀ ਬੋਲਾ ॥ ਆਉਨ ਅਠਤ੍ਰੈ ਜਾਨ ਸਤਾਨ ਵੈ ਅਉਰ ਭੀ ਉਠਸੀ ਮਰਦ ਕਾ ਚੇਲਾ ॥ ਸਚ ਕੀ ਬਾਣੀ ਨਾਨਕ ਆਖੈ ਸੱਚ ਸੁਨਾਇਸੀ ਸੱਚ ਕੀ ਬੇਲਾ ॥ ੨ ॥ ੧ ॥ ਜਾਂ ਏਹ ਸ਼ਬਦ ਸ੍ਰੀ ਬਾਬੇ ਕਹਿਆ ਤਾਂ ਇਕ ਬ੍ਰਹਮਣ ਨੇ ਸੁਣ ਕਰ ਆਖਿਆ ਭਾਈ ਇਸ ਫ਼ਕੀਰ ਨੇ ਬੜਾ ਗ਼ਜ਼ਬਦਾ ਸ਼ਬਦ ਕਹਿਆ ਹੈ ਤਾਂ ਉਸ ਬ੍ਰਹਮਣ ਨੇ ਮਨ ਵਿਚ ਕਹਿਆ ਕਿ ਮੈਂ ਏਨਾਂ ਦੀ ਪੈਰੀਂ ਪੈ ਕਰ ਏਹ ਬਖ਼ਸ਼ਾਵਾਂ ਤਾਂ ਉਸ ਨੇ ਸ੍ਰੀ ਗੁਰੂਜੀ ਦੇ ਚਰਨਾਂ ਪਰ ਨਮਸਕਾਰ ਕਰ ਕੇ ਕਹਿਆ ਜੀ ਏਹ ਸ਼ਬਦ ਗ਼ਜ਼ਬਦਾ ਫੇਰੀਐ ਜੀ ਤਾਂ ਸ੍ਰੀ ਗੁਰੂਜੀ ਆਖਿਆ ਸੁਆਮੀ ਏਹ ਸ਼ਬਦ ਨਹੀਂ ਫਿਰਦਾ ਜੋ ਵੱਗਣੀ ਸੀ ਸੋ ਵੱਗ ਗਈ ਪਰ ਤੂੰ ਬਖਸ਼ਿਆ ਹੈਂ ਪਰ ਤੂੰ ਇਸ ਸ਼ਹਿਰ ਥੀਂ ਦੋਹ ਤਿੰਨ ਕੋਹਾਂ ਉਪਰ ਜਾਇ ਰਹੁ ਅਰ ਜੋ ਟੋਹਭਾ ਹੈ ਉਸ ਟੋਹਭੇ ਉੱਪਰ ਆਪਣੇ ਟੱਬਰ ਨੂੰ ਲੈ ਜਾਹ ਏਥੇ ਨਹੀਂ ਰਹਿਣਾ ਜੇ ਰਹੇਂ ਗਾ ਤੋ ਮਾਰਿਆ ਜਾਵੇਂ ਗਾ ਤਾਂ ਓਹ ਬ੍ਰਹਮਣ ਆਪਣੇ ਬਾਲ ਬਚੇ ਕਉ ਲੈ ਕਰ ਬਾਹਿਰ ਜਾਇ ਰਹਿਆ ਅਤੇ ਸ੍ਰੀ ਗੁਰੂਜੀ ਭੀ ਉਥੋਂ ਉੱਠ ਕੇ ਉਜਾੜ ਵਿੱਚ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਜਾਇ ਬੈਠੇ ਤਾਂ ਹੁਕਮ ਕਰਤਾਰ ਦੇ ਨਾਲ ਬਾਬਰ ਕਾਬਲ ਥੀਂ ਚੜ੍ਹਿਆ ਸੁਬਹ ਹੋਂਦੀ ਨੂੰ ਸੈਦਪੁਰ ਆਇਮਾਰਿਆਸੁ ਹੋਰ ਆਸਪਾਸਦੇ ਗ੍ਰਾਉਂ ਸਭ ਮਾਰਲਏ ਹਿਦੂ ਮੁਸਲਮਾਨ ਸਭ ਕਤਲਾਮ ਹੋਏ ਔਰਤ੍ਰੀਮਤਾਂ ਬੁੱਢੀਆਂ ਜੁਆਨਾਂ ਕੁੜੀਆਂ ਸਭ ਬੰਨ੍ਹਲਈਆਂ ਘਰ ਬਾਹਰ ਢਾਹਿ ਦਿੱਤੇ ਬੁਰੀ ਹੋਈ ਅਜੇਹੀ ਮਾਰ ਬਾਬੇਦੇ ਸ਼ਬਦ ਨੇ ਕੀਤੀ ਜੋ ਪਠਾਣਾਂ ਉੱਪਰ ਮਹਾਂਪੁਰਖ ਦਾ ਗ਼ਜ਼ਬ ਹੋਯਾ ਖ਼ੁਦਾਇਮੰਨੇ ਫ਼ਕੀਰਾਂਨੂੰ ਫ਼ਕੀਰ ਮੰਨਣ ਖ਼ੁਦਾਇਨੂੰ ਅਤੇ ਜੋ ਫ਼ਕੀਰਾਂ ਦੇ ਦਿਲ ਵਿੱਚ ਗੁਜ਼ਰਦੀ ਹੈ ਸੋ ਖ਼ੁਦਾਇ ਸੁਣਦਾ ਹੈ ਸੋ ਫ਼ਕੀਰ ਕਉਨ ਹੈਨ ਸਿਦਕ ਸਬੂਰੀ ਵਿਚ ਰਹਿੰਦੇ ਹੈਨ ਤੇ ਮੇਹਰ ਮੁਹੱਬਤ ਵਿਚ ਰਹਿੰਦੇ ਹੈਨ ਜਿਨਾਂ ਪੰਜ ਭੂਤ ਆਤਮਾ ਵਸ ਕੀਤਾ ਹੈ ਸੋ ਓਹ ਫ਼ਕੀਰ ਆਖੀਦਾ ਹੈ ਇਸ ਗ੍ਰਿਸਤੀ ਕਉ ਏਹ ਚਾਹੀਦਾ ਹੈ ਕਿ ਫ਼ਕੀਰ ਹਿੰਦੂ ਹੋਵੇ ਭਾਵੇਂ ਮੁਸਲਮਾਨ ਹੋਵੇ ਸੇਵਾ ਕਰੇ ਜਿਤਨੀ ਹੋਇਆ ਵੇ ਤੇ ਫ਼ਕੀਰਦੇ ਕਰਮ ਨਾ ਵਿਚਾਰੇ ਤਾਂ ਬਾਬਾ ਜੀ ਉਜਾੜ ਵਿਚੋਂ ਉਠਕੇ ਸੈਦਪੁਰ ਆਇਗਏ ਕਿਆ ਦੇਖਣਤਾਂ ਕਤਲਾਮ ਹੋਈ ਹੈ ਤਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਿਆਂ ਇੱਥੇ ਕਿਆ ਵਰਤੀ ਹੈ ਤਾਂ ਮਰਦਾਨੇ ਆਖਿਆਜੀ ਸੱਚੇ ਪਾਤਸ਼ਾਹ ਜੋ ਤੁਧ ਵਰਤਾਯਾ ਹੈ ਸੋ ਵਰਤਿਯਾ ਹੈ ਤਾਂ ਫੇਰ ਸ੍ਰੀ ਗੁਰੂ ਜੀ ਕਹਿਆ ਮਰਦਾਨਾ ਰਬਾਬ ਵਜਾਉ ਤਾਂ ਮਰਦਾਨੇ ਰਬਾਬ ਵਜਾਇਆ ਤਾਂ ਸ੍ਰੀ ਗੁਰੂਨਾਨਕਜੀ ਸ਼ਬਦ ਉਚਾਰਿਆ

ਰਾਗੁ ਆਸਾ ਮਹਲਾ ੧ ॥ ਕਹਾਂ ਸ ਖੇਲ ਤਬੇਲਾ ਘੋੜੇ ਕਹਾਂ ਭੇਰੀ ਸਰਨਾਈ॥ ਕਹਾ ਸੁ ਤੇਗਬੰਦ ਗਾਡੇਰੜਿ ਕਹਾਂ ਸੁ ਲਾਲ ਕਵਾਈ ॥ ਕਹਾਂ ਸੁ ਆਰਸੀਆਂ ਮੁਹ ਬੰਕੇ ਔਥੇ ਦਿਸਹ ਨਾਹੀ ॥੧॥ ਏਹ ਜਗ ਤੇਰਾ ਤੂੰ ਗੁਸਾਈ ॥ ਏਕ ਘੜੀਮਹਿ ਥਾਪਿ ਉਥਾਪੇਜਰ ਵੰਡਦੇਵੈਭਾਈ॥੧॥ ਰਹਾਉ ॥ ਕਹਾਂਸੁ ਘਰਦਰਮੰਡਪਮਹਲਾ ਕਹਾਂਸੁ ਬੰਕ ਸਰਾਈ ॥ ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸ ਵੇਖ ਨੀਦ ਨ ਪਾਈ॥ ਕਹਾਂ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥ ੨ ॥ ਇਸ ਜਰ ਕਾਰਨ ਘਣੀ ਵਿਗੁਤੀ ਇਨ ਜਰ ਘਨੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆਂ ਸਾਥ ਨ ਜਾਈ॥ ਜਿਸਨੋ ਆਪ ਖੁਵਾਏ ਕਰਤਾ ਖੁਸਿ ਲਏ ਚੰਗਿਆਈ ॥ ੩ ॥ ਕੋਟੀਹੂ ਪੀਰ ਵਰਜਿ ਰਹਾਏ ਜਾ ਮੀਰ ਸੁਣਿਆਂ ਧਾਇਆ ॥ ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥ ਕੋਈ ਮੁਗਲ ਨ ਹੋਯਾ ਅੰਧਾ ਕਿਨੈ ਨ ਪਰਚਾ ਲਾਇਆ ॥ ੪ ॥ ਮੁਗਲ ਪਠਾਣਾਂ ਭਈ ਲੜਾਈ ਰਣਮਹਿ ਤੇਗ ਵਗਾਈ ॥ ਓਨੀ ਭੁਪਕ ਤਾਣਿ ਚਲਾਈ ਓਨੀ ਹਸਤ ਚੜ੍ਹਾਈ॥ ਜਿਨਕੀ ਚੀਰੀ ਦਰਗਹ ਫਾਦੀ ਤਿਨਾਂ ਮਰਨਾ ਭਾਈ ॥ ੫ ॥ ਇਕ ਹਿੰਦਵਾਣੀ ਹੋਰ ਤੁਰਕਾਣੀ ਭਟਿਆਣੀ ਠਕੁਰਾਨੀ॥ ਇਕਨਾ ਪੈਰਣ ਸਿਰਖੁਰ ਪਾਟੇ ਇਕਨਾ ਵਾਸ ਮਸਾਣੀ॥ ਜਿਨਕੇ ਬੰਕੇ ਘਰੀ ਨ ਆਇਆ ਤਿਨ ਕਿਉ ਰੈਣ ਵਿਹਾਣੀ ॥ ੬ ॥ ਆਪੇ ਕਰੇ ਕਰਾਏ ਕਰਤਾ ਕਿਸਨੋ ਆਖ ਸੁਣਾਈਐ ॥ ਦੁਖ ਸੁਖ ਤੇਰੈ ਭਾਣੈ ਹੋਵੈ ।ਕਿਸਥੈ ਜਾ।ਇ ਰੁਆਈਐ

CC-0. Gurukul Kangri University Haridwar Collection. Digitized by S3 Foundation USA

ਹੁਕਮੀ ਹੁਕਮ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥ ੭ ॥
ਪਰ ਪਠਾਣ ਸਭ ਕਤਲਾਮ ਕੀਤੇ ਦੋਹੀਮੀਰਬਾਬਰਦੀਫਿਰੇ ਅਤੇਗੁਰੂਨਾਨਕਜੀ ਲਸ਼ਕਰ ਵਿਚ ਆਇ ਵੜਿਆ ਤੇ ਮੀਰਬਾਬਰ ਦਿਨਕਉ ਪਾਤਸ਼ਾਹੀ ਕਰਦਾਸੀ ਅਤੇ ਰਾਤਕੋ ਪੈਰੀਂ ਸੰਗਲਘੱਤਕੇ ਬੰਦਗੀ ਕਰਦਾਸੀ ਸੁਬਹਨੂੰ ਨਮਾਜ਼ਕਰਦਾਸੀ ਅਤੇ ਤਰੀਹ ਸਿਪਾਰੇ ਕੁਰਾਨ ਦੇ ਪੜ੍ਹਦਾਸੀ ਤਾਂ ਪਿਛੇ ਭੰਗ ਖਾਂਦਾ ਸੀ ਜਾਂ ਲਸਕਰ ਵਿਚ ਗੁਰੂ ਬਾਬਾ ਜੀ ਲਗੇ ਫਿਰਨ ਤਾਂ ਬੰਦੀਵਾਨਾਂਵੱਲਦੇਖਕਰਸ੍ਰੀਬਾਬੇਜੀਕਉਤਰਸਆ ਯਾਤਾਂਕਹਿਆਮਰਦਾਨਾ ਰਬਾਬ ਵਜਾਉ ਤਾਂ ਮਰਦਾਨੇ ਰਬਾਬ ਵਜਾਯਾ ਗੁਰੂਜੀ ਸਬਦ ਉਚਾਰਿਆ ॥ ਰਾਗ ਤਿਲੰਗ ਮਹਲਾ ੧

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨ ਡਰਾਇਆ॥ਆਪੈ ਦੋਸ ਨ ਦੇਈਕਰਤਾ ਜਮ ਕਰਿ ਮੁਗਲ ਚੜ੍ਹਾਇਆ ॥ ਐਸੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨ ਆਇਆ॥੧॥ਤੂੰ ਕਰਤਾ ਸਭਨਾਕਾ ਸੋਈ॥ ਜੇਸਕਤਾ ਸਕਤੇ ਕਉ ਮਾਰੇ ਤਾਂ ਮਨ ਰੋਸ ਨ ਹੋਈ ॥ ੧ ॥ ਰਹਾਉ ॥ ਸਕਤਾ ਸੀਹਮਾਰੇ ਪੈ ਵਗੈ ਖਸਮੈ ਸਾਪੁਰਸਾਈ ॥ ਰਤਨਵਿਗਾੜਵਿਗੋਏਕੁਤੀਮੁਇਆਂਸਾਥਨਜਾਈ॥ਆਪੇਜੋੜਵਿਛੋੜੇਆਪੇਵੇਖਤੇਰੀ ਵਡਿਆਈ ॥੨॥ ਜੇਕੋਨਾਉ ਧਰਾਏਵਡਾ ਸਾਦ ਕਰੈ ਮਨ ਭਾਣੇ ॥ ਖਸਮੈ ਨਦਰੀ ਕੀੜਾਆਵੈ ਜੇਤੇਰੁਗੈ ਦਾਣੇ॥ਮਰਮਰਜੀਵੇਤਾਂ ਕਿਛਪਾਏਨਾਨਕਨਾਮ ਵਖਾਣੈ॥੧॥

ਜਾਂ ਏਹ ਸ਼ਬਦ ਮੀਰਬਾਬਰ ਨੇ ਸੁਣਿਆ ਤਾਂ ਕਹਿਓਸੁ ਯਾਰੋ ਇਸਫ਼ਕੀਰ ਕਉ ਲੈ ਆਉ ਤਾਂ ਸ਼ਾਹੀ ਆਦਮੀਆਂ ਆਇ ਕਰ ਸ੍ਰੀ ਬਾਬੇ ਜੀ ਕੋ ਹਾਜ਼ਰ ਜਾਇ ਕੀਤਾ ਤਾਂ ਮੀਰ ਬਾਬਰ ਨੇ ਕਹਿਆ ਹੋਫ਼ਕੀਰ ਏਹ ਅਵਾਜ਼ ਫੇਰ ਸੁਣਾਓ ਤਾਂ ਸ੍ਰੀਬਾਬੇਜੀ ਫੇਰ ਓਹ ਸ਼ਬਦਸੁਣਾਯਾ ਤਾਂ ਮੀਰ ਬਾਬਰਕਹਿਆ ਯਾਰੋ ਏਹ ਤਾਂ ਭਲਾ ਫ਼ਕੀਰ ਹੈ ਤਬ ਪਾਤਸ਼ਾਹ ਨੇ ਭੰਗ ਵਾਲਾ ਚਮਚਾ ਅੱਗੇ ਰੱਖਿਆ ਅਤੇ ਮੂੰਹੋਂ ਮੀਰਬਾਬਰ ਕਹਿਆ ਫ਼ਕੀਰ ਜੀ ਭੰਗਖਾਹੁ ਤਾਂ ਗੁਰੂਜੀ ਕਹਿਆ ਮੀਰਜੀ ਮੈਂਭੰਗ ਖਾਧੀਹੈ ਜਿਸਦਾਅਮਲ ਕਦੇਨਹੀਂ ਉਤਰਦਾ ਤਾਂ ਮੀਰ ਬਾਬਰ ਕਹਿਆ ਓਹ ਭੰਗ ਕੋਣਹੈ ਜਿਸਦਾ ਅਮਲ ਕਦੇ ਨਹੀਂ ਉਤਰਦਾ ਤਾਂਸ੍ਰੀਬਾਬੇਜੀ ਕਹਿਆ ਮਰਦਾਨਾਰਬਾਬਵਜਾਉਤਾਂਮਰਦਾਨੇਰਬਾਬਵਜਾਇਆਤਾਂ ਸ੍ਰੀਗੁਰੂਜੀ ਸ਼ਬਦਉਚਾਰਿਆ ॥

ਰਾਗ ਤਿਲੰਗ ਮਹਲਾ ੧ ॥ ਭਉ ਤੇਰਾ ਭਾਂਗ ਖਲਹੀ ਮੇਰਾਚੀਤ ॥ ਮੈ ਦਿਵਾਨਾ ਭਇਆ ਅਤੀਤ ॥ ਕਰਕਾਸਾ ਦਰਸ਼ਨ ਕੀ ਭੂਖ ॥ ਮੈ ਦਰਮਾਗਉ ਨੀਤਾ ਨੀਤ॥ ੧ ॥ ਤਉ ਦਰਸਨ ਕੀ ਕਰੋਂ ਸਮਾਇ॥ਮੈਂ ਦਰਮਾਗੋਂ ਭੀਖਿਆ ਪਾਇ॥੧॥ ਰਹਾਉ ॥ ਕੇਸਰ ਕੁਸਮ ਮਿਰਗਮਹਿ ਹਰਨਾ ਸਰਬਸਰੀਰੀ ਚੜਨਾ॥ਚੰਦਨਭਗਤਾਂ ਜੋਤਿ ਇਨੇਹੀ ਸਰਬੇ ਪਤਮਲ ਕਰਨਾ ॥ ੨ ॥ ਘਿਅ ਪਦ ਭਾਂਡਾ ਕਹੈ ਨ ਹੋਇ ॥ ਐਸਾ ਭਗਤ ਵਰਨ ਮਹਿਹੋਇ ॥ ਰਾਮਨਾਮਰਹੈਲਿਵਲਾਇ॥ਤਉ ਦਰਨਾਨਕਭੀਖਿਆ ਪਾਇ॥ ੪ ॥ ਜਾਂ ਏਹ ਸ਼ਬਦ ਮੀਰ ਬਾਬਰ ਸੁਣਿਆ ਤਾਂ ਬਹੁਤ ਖ਼ੁਸ਼ ਹੋਯਾ ਅਤੇ

CC-0. Gurukul Kangri University Haridwar Collection. Digitized by S3 Foundation USA

TH ABHINAV GAUR

ਕਹਿਓਸ ਅਜੀ ਫ਼ਕੀਰਜੀ ਸਾਡੀ ਜੋ ਭੰਗਹੈ ਸੋ ਕੁੰਡੇਡੰਡੇਨਾਲ ਜਦ ਘੋਟਕੇ ਪੀਂਦੇ ਹਾਂ ਤਾਂ ਅਮਲ ਚੜ੍ਹਦਾਹੈ ਤੇ ਤੁਸੀ ਤਾਂ ਫ਼ਕੀਰ ਦੇਸ ਪਰਦੇਸ ਪਏ ਫਿਰਦੇਹੋ ਤੁਸੀ ਕਾਹਦੇਵਿੱਚ ਘੋਟਕੇ ਪੀਂਦੇਹੋ ॥ ਤਾਂ ਸ੍ਰੀਗੁਰੂ ਨਾਨਕਜੀ ਸ਼ਬਦ ਉਚਾਰਿਆ ॥

ਭਉਕੀ ਭਾਂਗ ਸਿਫਤਕਾ ਕੁੰਡਾ ਗਿਆਨ ਕਾ ਕੀਆ ਡੰਡਾ ॥ ਸੱਚਸ਼ਬਦ ਅੰਮ੍ਰਿਤ ਮਥ ਪੀਆ ਤਬਹੁਆ ਅਮਲ ਅਖੰਡਾ ॥ ੧ ॥ ਬਾਬਰ ਕਲੰਦਰ ਪਿਆਲਾ ਪੀਓ ॥ ਉਤਰ ਨ ਜਾਵੈ ਕਬਹੁ ਖੀਓ ॥

ਜਾਂ ਏਹਸ਼ਬਦ ਸੁਣਿਆਂ ਤਾਂ ਬਾਬਰ ਨੇ ਜਾਣਿਆਂ ਜੋ ਏਹ ਕੋਈ ਪੂਰਨ ਸਾਧੂਹੈ ਤਬ ਫੇਰ ਆਖਿਓਸਜੀ ਕੁਛ ਮੰਗ ਲੌ ਮੈਂ ਜਾਗੀਰ ਦੇ ਦੇਵਾਂ ਯਾ ਹੋਰ ਜੋ ਚਾਹੀਏ ਸੋ ਲਵੋ ਤਾਂ ਸ੍ਰੀ ਗੁਰੂ ਨਾਨਕਜੀ ਸ਼ਬਦ ਉਚਾਰਿਆ ॥

ਐਸਾ ਦੀਆਏਕਖੁਦਾਇ ॥ ਜਿਸਕਾ ਦੀਆ ਸਭ ਕੋਈ ਖਾਇ ॥ ੧ ॥ ਇਕ ਦਾਤਾ ਸਭਜਗਤ ਭਿਖਾਰੀ॥ਤਿਸਕਉ ਛਾਡ ਅਵਰ ਕਉ ਮਾਂਗੈ ਤਿਨ ਅਪਨੀ ਸਗਲੀ ਪਤਿਹਾਰੀ ॥ ੧ ॥ ਰਹਾਉ ॥ ਸ਼ਾਹ ਬਾਦਸ਼ਾਹ ਸਭ ਤਿਸਕੇ ਕੀਏ ॥ ਤਿਸ ਕੇਸਾਥ ਨਾਕੋਇਰਲੀਏ ॥ ੨ ॥ ਮਾਨੁਖਕੀ ਜੋ ਲੇਵੇਓਟ ॥ ਦੀਨ ਦੁਨੀਆਂਹੈ ਤਾਂਕਉ ਤੋਟ ॥ ੩ ॥ ਕਹਿਨਾਨਕ ਸੁਨ ਬਾਬਰਮੀਰ ॥ ਤੁਝਤੇ ਮਾਂਗੈਸੋ ਅਹਿਮਕ ਫ਼ਕੀਰ ॥ ੪ ॥

ਜਾਂਏਹਸ਼ਬਦ ਬਾਬਰਨੇ ਸੁਨਿਆ ਤਾਂ ਦਿਲ ਵਿਚ ਜਾਣਿਆ ਜੋ ਏਹ ਸੱਚਾ ਫ਼ਕੀਰ ਹੈਇਸ ਪਾਸੋਂ ਖ਼ੁਦਾਇਦਾ ਰਾਹ ਪੁਛੀਏ ਤਾਂਆਖਿਓਸਜੀ ਸਾਡੇ ਮਤਵਿਚ ਤਾਂ ਐਸਾ ਕਿਹਾਹੈ ਕਿ ਜੋ ਨਬੀ ਮੁਹੰਮਦ ਖੁਦਾਇਦਾ ਦੋਸਤਹੈ ਓਹਸਾਡੀਸਿਫਾਰਸ਼ਕਰੇਗਾ ਤਾਂ ਅਸੀ ਬਹਿਸ਼ਤ ਨੂੰ ਜਾਵਾਂਗੇ ਤੇ ਤੁਹਾਡੇ ਮਤਵਿੱਚ ਕੀ ਸਹੀਕੀਤਾਹੈ ਤਾਂ ਸ੍ਰੀ ਗੁਰੂਜੀ ਸ਼ਬਦ ਉਚਾਰਿਆ॥

ਏਕੋ ਸਾਹਿਬ ਏਕ ਖੁਦਾਇ ॥ ਖਾਲਕ ਸੱਚਾ ਬੇਪਰਵਾਹ ॥ ਕਈ ਮੁਹੰਮਦ ਖੜੇ ਦਰਬਾਰ ॥ ਪਾਰ ਨ ਪਾਵਹਿ ਬੇਸ਼ੁਮਾਰ ॥ ਰਸੂਲ ਰਸਾਲ ਦੁਨੀਆਂ ਮੇਂ ਆਯਾ ॥ ਜਬ ਚਾਹਿਆ ਤਬ ਪਕੜ ਮੰਗਾਇਆ ॥ ਇਉ ਸਹੀ ਕੀਆ ਹੈ ਨਾਨਕ ਬੰਦੇ ॥ ਪਾਕ ਖ਼ੁਦਾਇ ਔਰ ਸਭ ਗੰਦੇ ॥

ਏਹ ਸ਼ਬਦ ਸੁਣਕੇ ਮੀਰਬਾਬਰ ਚੁਪਕਰਰਹਿਆ ਤੇ ਸੋਚਦਾ ਰਹਿਆ ਤਾਂ ਸ੍ਰੀ ਗੁਰੂਜੀ ਨੇ ਓਨਾਂਬੰਦੀਵਾਨਾਂਦੀਹਾਲਤਦੇਖਕਰ ਮਨਵਿਚਰਹਿਮਕੀਤਾ ਤੇ ਕਹਿਆ ਮਰਦਾਨਾਰਬਾਬ ਵਜਾਉ ਤਾਂਮਰਦਾਨੇ ਰਬਾਬ ਵਜਾਇਆ ਤਾਂਗੁਰੂਜੀ ਸ਼ਬਦ ਉਚਾਰਿਆ॥ਰਾਗ ਆਸਾ ਵਿਚ

ਆਸਾ ਮਹਲਾ ੧ ॥ ਜਿਨਿ ਸਿਰ ਸੋਹਿਨ ਪਟੀਆਂ ਮਾਂਗੀ ਪਾਇ ਸੰਧੂਰ ॥ ਸੇ ਸਿਰ ਕਾਤੀ ਮੁੰਨੀਅਨਿ ਗਲ ਵਿਚ ਆਵੈ ਧੂੜ ॥ ਮਹਿਲਾਂ ਅੰਦਰ ਹੋਂਦੀਆਂ ਹੁਣ ਕਹਿਣ ਨ ਮਿਲਣ ਹਦੂਰ ॥ ੧ ॥ ਆਦੇਸ ਬਾਬਾ ਆਦੇਸ ॥ ਆਦਿ ਪੁਰਖ ਤੇਰਾ ਅੰਤ ਨ ਪਾਇਆ ਕਰਕਰ ਦੇਖਹਿ ਵੇਸ ॥੧॥ ਰਹਾਉ ॥ ਜਦਹੁ ਸੀਆ ਵੀਵਾਹੀਆਂ ਲਾੜੇ

CC-0. Gurukul Kangri University Haridwar Collection. Digitized by S3 Foundation USA

ਸੋਹਨਪਾਸ॥ਹੀਡੋਲੀ ਚੜਿ ਆਈਆਂ ਦੰਦ ਖੰਡਕੀਤੇ ਰਾਸ॥ਉਪਰਹੁ ਪਾਣੀਵਾਰੀਐ ਝਲੇ ਝਿਮਕਨ ਪਾਸ॥੨॥ ਇਕਲਖਲਹਿਨ ਬਹਿਠੀਆ ਲਖ ਲਹਿਨ ਖੜੀਆ ॥ ਗਰੀ ਛੁਹਾਰੇ ਖਾਂਦੀਆਂ ਮਾਨਨ ਸੇਜੜੀਆਂ॥ਤਿਨ ਗਲ ਸਿਲਕਾਂ ਪਾਈਅਨ ਤੁਟਨਿ ਮੋਤਸਰੀਆਂ॥ ੩ ॥ ਧਨ ਜੋਬਨ ਦੁਇ ਵੈਰੀ ਹੋਏ ਜਿਨੀਰਖੇ ਰੰਗਿਲਾਇ ॥ ਦੂਤਾਂਨੋ ਫੁਰਮਾਇਆ ਲੈਚਲੇ ਪਤ ਗਵਾਇ॥ਜੋਤਿ ਸਭਾਵੈਦੇਇਵਡਾਈਜੋਭਾਵੈਦੇਇਸਜਾਇ॥੪॥ਅੱਗੋਂਦੇਜੇਚੇਤੀਐਤਾਕਾ ਇਤ ਮਿਲੈ ਸਜਾਇ ॥ ਬਾਬਰ ਵਾਣੀ ਫਿਰ ਗਈ ਕੁਇਰਨ ਰੋਟੀ ਖਾਇ ॥ ੫ ॥ ਇਕਨਾ ਵਖਤ ਖੁਆਇਅਨ ਇਕਨਾਪੂਜਾਜਾਇ॥ਚਉਕੇਵਿਣ ਹਿੰਦਵਾਣੀਆਂ ਕਿਉਂਟਿਕੇ ਕੱਢਹਿਨਾਇ ॥ ਰਾਮ ਨ ਕਬਹੂ ਚੇਤਿਆ ਹੁਣਕਹਿਣ ਨ ਮਿਲੈ ਖੁਦਾਇ ॥ ੬ ॥ ਇਕਆਵਹਿਘਰਆਪਣੈ ਇਕ ਮਿਲ ਮਿਲ ਪੁਛਹਿਸੁਖ॥ਇਕਨਾਏਹੋ ਲਿਖਿਆਬਹਿ ਬਹਿ ਰੋਵਹਿਦੁਖ॥ਜੋਤਿਸਭਾਵੈ ਸੋ ਕਰੈ ਨਾਨਕ ਕਿਆ ਮਾਨੁਖ ॥ ੭ ॥ ਜਾਂ ਇਹ ਸ਼ਬਦ ਸ੍ਰੀ ਗੁਰੂ ਜੀ ਕਹਿਆ ਤਾਂ ਸ੍ਰੀਬਾਬਾ ਜੀ ਹਾਲਤ ਵਿਚ ਆਇਗਿਆ ਅਤੇ ਢਹਿ ਪਿਆ ਤਾਂ ਮੀਰ ਬਾਬਰ ਨੇ ਕਹਿਆ ਅਰੇ ਇਸ ਫ਼ਕੀਰ ਨੂੰ ਕਿਆਹੂਆ ਇਸਦੀ ਖਬਰ ਲੇਵੋ ਤਾਂ ਲੋਕਾਂ ਆਖਿਆਜੀ ਦਰਦਵੰਦ ਫ਼ਕੀਰ ਹੈ ਪਰ ਵਿਚਹਾਲਤਦੇਆਯਾਹੈ ਤਾਂ ਮੀਰਬਾਬਰਨੇ ਕਹਿਆ ਯਾਰੋ ਖੁਦਾਇ ਦੇ ਅੱਗੇ ਦੁਆਇ ਕਰੋ ਜੋ ਏਹਫ਼ਕੀਰ ਖੜਾਹੋਵੇ ਤਾਂ ਸ੍ਰੀਬਾਬਾਜੀ ਉਠ ਖੜੇ ਹੋਏ ਤਾਂ ਮੀਰਬਾਬਰ ਨੇ ਕਹਿਆ ਹੇ ਫ਼ਕੀਰ ਜੀ ਮੇਰੇ ਉਪਰ ਮੇਹਰਬਾਨੀ ਕਰੋ ਜੀ ਤਾਂ ਸ੍ਰੀ ਗੁਰੂਜੀ ਕਹਿਆ ਜੇਕਰ ਮੇਹਰ ਚਾਹਤਾਹੈਂ ਤਾਂ ਬੰਦੀਵਾਨ ਛੋਡ ਦੇਹ ਆਪ ਕਹੁ ਜੋ ਕਿਆ ਚਾਹਤਾ ਹੈਂ ਤਾਂ ਮੀਰ ਬਾਬਰਨੇ ਕਹਿਆ ਜੀ ਮੇਰੀ ਪਾਤਸ਼ਾਹੀ ਕੁਰਸੀ ਬਕੁਰਸੀ ਚਲੇ ਜੀ ਤਾਂ ਗੁਰੂਜੀ ਕਹਿਆ ਜਾਹ ਤੇਰੀ ਪਾਤਸ਼ਾਹੀ ਬਹੁਤ ਚਿਰ ਚਲੇਗੀ ਤਾਂ ਮੀਰਬਾਬਰਨੇ ਬੰਦੀਵਾਨ ਸਭ ਖਲਾਸਕੀਤੇ ਸਭਨਾਂ ਨੂੰ ਕਪੜੇ ਪਹਿਨਾਇ ਕਰ ਰੁਖਸਦ ਕੀਤਾ ਤਾਂ ਬਾਬਾ ਜੀ ਬੜੇ ਪਰਸੰਨ ਹੋਏ ਤਾਂ ਸ੍ਰੀ ਬਾਬਾ ਜੀ ਬਾਬਰ ਪਾਸੋਂ ਚਲਦੇ ਰਹੇ ਤਾਂ ਸ੍ਰੀ ਗੁਰੂਜੀ ਸੈਦਪੁਰੋਂ ਪਰਤਕੇ ਵਤ ਰਾਵੀ ਦੇ ਕੰਢੇ ਕੰਢੇ ਮੁੜ ਕਰਤਾਰਪੁਰ ਆਇ ਪ੍ਰਾਪਤ ਹੂਏ ਤਾਂ ਸ੍ਰੀ ਬਾਬਾ ਜੀ ਕੋਈ ਕਾਲ ਕਰਤਾਰਪੁਰ ਟਿਕੇ॥ ਬੋਲਹੁ ਭਾਈ ਜੀ ਵਾਹਿਗੁਰੂ ॥ ੧੦੯ ॥

ਸਾਖੀ ਇਕ ਬਾਨੀਏਂ ਨਾਲ ਹੋਈ

ਤਾਂ ਭਾਈ ਬਾਲਾ ਕਹੇ ਹੇ ਸ੍ਰੀ ਗੁਰੂ ਅੰਗਦਜੀ ਸ੍ਰੀਗੁਰੂਨਾਨਕਦੇਵਜੀ ਕਰਤਾਰਪੁਰ ਧਰਮ ਸਾਲ ਵਿਚ ਬੈਠੇ ਰਹਿਨ ਅਤੇ ਜੋ ਕੋਈ ਸਾਧ ਸੰਤ ਜੋਗੀ ਜੰਗਮ ਬ੍ਰਹਮਚਾਰੀ ਆਵੇ ਸੋ ਸ੍ਰੀ ਗੁਰੂਜੀ ਉਸਦੀ ਨਿਸ਼ਾ ਕਰਨ ਅਤੇ ਸੱਚਾਰਸਤਾ ਦੱਸਨ ਅਤੇ ਜੋ ਆਵੇ ਤਿਸਨੋਂ ਅੰਨਓਰ ਬਸਤ੍ਰਵੀ ਦੇਵਨ ਅਤੇ ਸ੍ਰੀਬਾਬੇਜੀ ਦੀ ਬੜੀ ਕੀਰਤਿ ਫੈਲਗਈ ਕਿ ਭਾਈਕਾਲੂ ਵੇਦੀ ਦੇ ਪੁੱਤ੍ਰਨਾਨਕਜੀ ਐਸਾ ਜੱਗਲਾਯਾਹੈ ਰਾਵੀਦੇ ਕਿਨਾਰੇ ਇਕਨਗਰਬੱਧਾਹੈਸੁ ਨਾਮਕਰਤਾਰ

CC-0. Gurukul Kangri University Haridwar Collection. Digitized by S3 Foundation USA

ABHINAV GAUR

ਪੁਰ ਰੱਖਿਆਹੈ ਅਤੇਜੋ ਅਰਥੀਜਾਂਦਾਹੈਤਿਸਦਾ ਅਰਥਪੂਰਾਹੋਜਾਂਦਾਹੈ ਗੁਰੂਜੀ ਇਕਦਿਨ
ਦੀ ਬਾਤਹੈ ਇਕਖੱਤ੍ਰੀਬੇਦੀ ਜਾਤ ਸ੍ਰੀਗੁਰੂ ਜੀਦੇ ਪਾਸ ਆਯਾ ਅਤੇ ਆਇਕਰ ਸ੍ਰੀਗੁਰੂਜੀ
ਦੇ ਅੱਗੇ ਬੇਨਤੀਕੀਤੀਜੀ ਗ਼ਰੀਬਨਵਾਜ਼ਜੀਮੈਂ ਭਿਰਾਉ ਬੇਦੀਹਾਂ ਤੇਨਿਰਧਨਹਾਂ ਇਕਲਾ
ਹਾਂ ਅਤੇ ਇਕ ਮੇਰੇਘਰ ਬੇਟੀਹੈ ਉਸਦਾ ਕਾਜ ਆਹਾ ਅਤੇ ਮੇਰੇਨਾਲ ਕੁਛ ਮੱਦਤ ਕਰੋਜੀ
ਕਿਉਂਕਿਆਪਸਾਡੀ ਕੁਲਵਿੱਚੋਂ ਮਹਾਂਪੁਰਖਹੋ ਅਤੇਕਿਉਂਜੋਪਰਮੇਸ਼ਰਦੀ ਮੇਹਰਬਾਨੀਆਪ
ਉਪਰਹੈ ਔਰਕਿਸੀ ਉਪਰਨਹੀਂਜੀ ਤੂੰ ਅਸਾਡੀ ਕੁਲਦਾ ਦੀਪਕਹੈਂ ਤੂੰਸੱਚਾਗੁਰੂਹੈਂ ਮੇਰਾ
ਕਾਰਜ ਸਿੱਧਕਰਦੇਹ ਤਾਂ ਏਹਬਾਤ ਸੁਣਕਰ ਸ੍ਰੀ ਗੁਰੂ ਜੀਦੇ ਮਨਮੇਂ ਦਇਆ ਆਇਗਈ
ਤਾਂ ਸ੍ਰੀ ਗੁਰੂਬਾਬੇ ਜੀ ਕਹਿਆ ਭਾਈ ਜੋ ਜੋ ਵਸਤ ਤੈਨੂੰ ਲੋੜ ਹੈ ਸੋ ਮੈਨੂੰ ਲਿਖ ਸੁਣਾਉ ਤਾਂ
ਉਸਨੇ ਜੋਜੋ ਵਸਤਵਿਵਾਹ ਵਿਚ ਚਾਹੀਦੀ ਸੀ ਸੋ ਲਿਖਕਰ ਸੁਣਾਇਦਿੱਤੀਤਾਂ ਉਸਵਖਤ
ਗੁਰੂਜੀ ਪਾਸਇਕਸਿੱਖ ਸੀ ਉਸਦੀ ਜ਼ਾਤਅਣਦਸੀ ਨਾਮਭਗੀਰਥਸੀ ਤਾਂਸ੍ਰੀਗੁਰੂਜੀਉਸ
ਨੂੰ ਹੁਕਮਕੀਤਾ ਭਾਈ ਏਹ ਵਸਤੂ ਸਭੇ ਜਾਇਕਰ ਲਾਹੌਰੋਂ ਲੈ ਆਓ ਅਤੇ ਦੂਸਰੀ ਰਾਤਰ
ਲਾਹੌਰ ਨਹੀਂ ਰਹਿਨਾ ਜੇ ਦੂਜੀ ਰਾਤ ਰਹੇਂਗਾ ਤਾਂ ਤੇਰਾ ਜਨਮ ਵਿਗੜ ਜਾਵੇਗਾ ਤਾਂ ਭਗੀ-
ਰਥਭੈਮਾਨ ਹੋਇਕਰ ਉਠ ਦਉੜਿਆ ਤੇ ਲਾਹੌਰਵਿਚਗਿਆ ਤਾਂ ਇਕ ਸ਼ਾਹੂਕਾਰ ਬਾਣੀਏ
ਨੂੰਜਾਇਮਿਲਿਆਤੇਕਹਿਆਭਾਈਏਹਵਸਤੂ ਮੈਨੂੰਲੈਦੇਹਪਰਮੈਂ ਰਾਤਬਾਹਿਰਜਾਇਰਹਿਣਾ
ਹੈਤਾਂ ਉਸਨੇ ਆਖਿਆ ਭਾਈ ਤੂੰ ਅੱਜਕੀ ਰਾਤਰਹੁ ਤਾਂ ਭਲਕੇ ਸਭ ਵਸਤ ਅਣਵਾਇ ਦੇਵਾਂਗੇ
ਤਾਂਭਗੀਰਥ ਕਹਿਆਭਾਈਮੈਂ ਤਾਂ ਜ਼ਰੂਰ ਜਾਣਾਹੈ ਤਾਂਉਸਬਾਣੀਏਂ ਕਹਿਆ ਭਾਈਹੋਰ
ਵਸਤੂ ਸੱਭੇ ਹੈਨ ਪਰ ਇਕ ਚੂੜਾ ਨਹੀਂ ਚੀਰਿਆ ਜਾਂਦਾ ਤਾਂ ਭਗੀਰਥ ਕਹਿਆ ਭਾਈ ਮੈਂ ਤਾਂ
ਨਹੀਂ ਰਹਿੰਦਾ ਜੇਰਹਾਂ ਤਾਂਮੇਰਾਜਨਮਵਿਗੜਦਾਹੈ ਤਾਂ ਬਾਣੀਏ ਕਹਿਆ ਹੇ ਭਾਈ ਕਿਸੇਦਾ
ਸਾਹਿਬ ਕਰੜਾ ਹੋਤਾ ਹੈ ਤਾਂ ਕਹਿੰਦਾ ਹੈ ਜੋ ਮੈਨੂੰ ਖਿਝੇਗਾ ਅਕੇ ਮਹੀਨਾ ਕੱਟੇਗਾ ਅਕੇ
ਮਾਰੇਗਾ ਅਰਤੂੰ ਕਹਿੰਦਾਹੈਂ ਕਿ ਮੇਰਾ ਜਨਮ ਵਿਗੜਦਾ ਹੈ ਸੋ ਕਲੀਕਾਲਮੈਂ ਐਸਾਕਉਣ
ਹੈ ਜਿਸਦੇ ਕਰੋਪ ਹੋਏ ਜਨਮ ਵਿਗੜ ਜਾਵੇਗਾ ? ਤਾਂ ਭਗੀਰਥ ਨੇ ਕਹਿਆ ਭਾਈ ਮੇਰਾ
ਗੁਰੂ ਮਹਾਂ ਪੁਰਖ ਹੈ ਤਾਂ ਬਾਣੀਏ ਕਹਿਆ ਭਾਈ ਮੈਂ ਭੀ ਤੇਰੇ ਸਾਥ ਚਲਾਂਗਾ ਇਕ ਚੂੜਾ
ਟੰਗਿਆ ਹੋਯਾ ਪਿਆ ਹੈ ਸੋ ਤੂੰ ਲੈਕੇ ਆਪਨੀ ਗਿਰਹ ਬਾਂਧ ਲੈ ਅਤੇ ਭਾਈ ਜੇ ਤੇਰਾ ਗੁਰੂ
ਪੂਰਨ ਮਹਾਂ ਪੁਰਖ ਹੈ ਤਾਂ ਤੇਰਾ ਭੀ ਗੁਰੂ ਅਤੇ ਮੇਰਾ ਭੀ ਗੁਰੂ ਹੈ ਜੋ ਮੇਰਾ ਮਨ ਮੰਨਿਆਂ
ਤਾਂ ਮੈਂ ਮੁੱਲ ਨਾਂ ਲਵਾਂਗਾ ਤੇ ਜੇਕਰ ਮੇਰਾ ਮਨ ਨਾਂ ਮੰਨਿਆਂ ਤਾਂ ਮੈਂ ਮੁੱਲ ਲੈ ਲਵਾਂਗਾ ਤਾਂ
ਭਾਗੀਰਥ ਤੇ ਓਹ ਬਾਣੀਆਂ ਦੋਵੇਂ ਸ੍ਰੀ ਗੁਰੂ ਜੀ ਦੇ ਪਾਸ ਆਇ ਪਹੁਚੇ ਅਤੇ ਗੁਰੂ ਜੀ ਦੇ
ਚਰਨਾਂ ਉੱਪਰ ਮੱਥਾਟੇਕਿਆ ਜਾਂ ਉਸ ਬਾਣੀਏ ਨੇ ਗੁਰੂ ਨਾਨਕਜੀਦਾ ਦਰਸ਼ਨ ਕੀਤਾ ਤਾਂ
ਬਾਣੀਏ ਦੇ ਕਪਾਟ ਖੁਲ੍ਹਗਏ ਤੇ ਬਾਣੀਏਦੀ ਨਿਸ਼ਾਹੋਈ ਦਰਸ਼ਨ ਕਰਦਿਆਂਹੀ ਬਾਣੀਆਂ
ਨਿਹਾਲ ਹੋਯਾ ਤਾਂ ਓਹ ਬਾਣੀਆਂ ਸ੍ਰੀਗੁਰੂ ਜੀਦੇ ਪਾਸ ਤਿੰਨ ਬਰਸ ਰਹਿਆ ਬਹੁਤ ਸੇਵਾ

CC-0. Gurukul Kangri University Haridwar Collection. Digitized by S3 Foundation USA

ਉਸ ਕੀਤੀ ਅਤੇ ਬਾਣੀ ਕੰਠ ਕੀਤੀ ਬਹੁਤ ਸ਼ਬਦ ਗਾਵਣ ਸਿੱਖਿਆ ਅਤੇ ਬਹੁਤ ਪੋਥੀਆਂ ਲਿਖਵਾਇਕੇ ਘਰ ਲੈ ਗਿਆ ਫੇਰ ਕੁਛ ਦਿਨ ਘਰ ਰਹਿਕਰ ਓਸ ਬਾਣੀਏਂ ਨੇ ਸੁਦਾਗਰੀ ਕੀਤੀਓਸ ਜਿੱਥੇ ਰਾਜਾ ਸ਼ਿਵਨਾਭ ਰਹਿਤਾਥਾ ਉਸਦੇਸ ਵਿਚ ਓਹ ਬਾਣੀਆਂ ਜਾਇਪ੍ਰਾਪਤ ਹੋਯਾ ਅਤੇ ਆਪਣੀਆਂ ਚੀਜ਼ਾਂ ਲਗਾ ਵੇਚਨ ਅਤੇ ਰਹਾਇਸ਼ ਓਥੇ ਲਗਾ ਕਰਨ ਪਰ ਦਿਨ ਕਉ ਵਿਪਾਰਕਰੇ ਤੇ ਰਾਤਕਉ ਕੀਰਤਨਕਰਨਾ ਅਤੇ ਪਹਿਰਰਾਤ ਨਾਲ ਉਠਕੇਇਸ਼ਨਾਨ ਕਰਨਾ ਜਪਜੀਦਾ ਪਾਠ ਕਰਨਾ ਔਰ ਬੇਦਦੀ ਆਗਿਆ ਹੈ ਕਿ ਜੋ ਪਹਿਰਰਾਤ ਨਾਲਨ੍ਹਾਵੇ ਉਸਨੂੰ ਸਵਾਮਣ ਸੋਇਨੇ ਦਾ ਪੁੰਨ ਹੋਂਦਾ ਹੈ ਅਤੇ ਜੋ ਪੰਜਘੜੀਆਂ ਰਾਤਨਾਲ ਨ੍ਹਾਵੇ ਉਸਨੂੰ ਸਵਾ ਮਣ ਰੁਪੇਦਾ ਹੋਂਦਾ ਹੈ ਜੋ ਦੋਇ ਘੜੀ ਰਾਤ ਰਹਿੰਦੀ ਨ੍ਹਾਵੇ ਓਸਨੂੰ ਸਵਾ ਮਣ ਦੁਧ ਦਾ ਪੁੰਨ ਹੋਂਦਾਹੈ ਅਤੇ ਜੋ ਪ੍ਰਾਤਾਕਾਲ ਨ੍ਹਾਵੇ ਉਸਨੂੰ ਸਵਾਮਣ ਪਾਣੀਦਾ ਪੁੰਨ ਹੋਂਦਾਹੈ ਅਤੇ ਜੋਦਿਨਚੜ੍ਹੇ ਨ੍ਹਾਵੇ ਉਸਨੂੰਨਾਪੁੰਨਤੇ ਨਾਪਾਪਹੋਂਦਾਹੈ ਸ੍ਰੀ ਗੁਰੂਨਾਨਕਦੇਵਜੀਕੀਆਗਿਆਹੈ ਜੋ ਸਵਾਪਹਿਰ ਰਾਤਰਹਿੰਦੇ ਇਸ਼ਨਾਨ ਕਰਨਾ ਤੇਜਪਜੀ ਸਾਹਿਬਦਾਪਾਠਕਰੇ ਸ਼ਬਦਾਂ ਕਾ ਪਾਠਕਰੇ ਤਦਪ੍ਰਸਾਦਿਛਕੇ ਫੇਰ ਆਪਣੀ ਕਿਰਤਕਰੇ ਰਾਤਕਉ ਸ਼ਬਦ ਕੀਰਤਨਕਰੇ ਫੇਰ ਆਰਤੀ ਸੋਹਲਾ ਪੜ੍ਹਕੇ ਫੇਰ ਸਉਂ ਰਹੇ ਓਹ ਸਿੱਖ ਜੀਂਵਦਾ ਹੀ ਮੁਕਤ ਹੈਅਤੇ ਅੰਤ ਕਉ ਉਸਕੀ ਸਦਗਤੀਹੋਵੇਗੀ ਅਤੇ ਓਹ ਪਹਿਰ ਰਾਤ ਨਾਲ ਨ੍ਹਾਵੇ ਤੇ ਹੋਰ ਲੋਕ ਸੂਰਜ ਚੜ੍ਹੇ ਨ੍ਹਾਵਣ ਓਹਆਇਤਵਾਰ ਅਮੱਸਿਆ ਪੁੰਨਜਾ ਦੇਹਰੇ ਪੂਜਨ ਇਕਾਦਸੀਕਾ ਵਰਤਰਖਨ ਠਾਕੁਰ ਦੁਆਰੇ ਪੂਜਨ ਅਤੇਓਹ ਬਾਣੀਆਂ ਓਨਾਂਦੀ ਕਾਈਰੀਤ ਨਾ ਕਰੇ ਤਾਂ ਓਹ ਲੋਕ ਕਹਿਨ ਭਾਈ ਏਹ ਤਾਂ ਬਡਾ ਭ੍ਰਸ਼ਟ ਹੈ ਤਾਂ ਓਨਾਂ ਲੋਕਾਂ ਰਾਜੇ ਪਾਸ ਜਾਇ ਆਖਿਆ ਹੇ ਰਾਜਾਜੀ ਏਕ ਬਾਣੀਆਂ ਹਿੰਦੂ ਕਹਿਲਾਤਾ ਹੈ ਪਰ ਕੰਮ ਜੋ ਕਰਦਾ ਹੈ ਸੋ ਭ੍ਰਸ਼ਟ ਕਰਦਾ ਹੈ ਵਰਤਨੇਮ ਕੁਛ ਨਹੀਂ ਕਰਦਾ ਤਾਂ ਰਾਜੇ ਸ਼ਿਵਨਾਭਨੇ ਕਹਿਆ ਉਸ ਬਾਣੀਏਂ ਕਉ ਸੱਦ ਲੈਆਓ ਤਾਂ ਉਸ ਬਾਣੀਏਂਨੂੰ ਰਾਜਾਦੇਪਾਸ ਪਕੜਕੇਲੈਆਏ ਤਾਂਬਾਣੀਏਂਰਾਜੇਨੂੰ ਜਾਇਕਰਨਮਸਕਾਰ ਕਰੀ ਮੁਖੋਂ ਰਾਮਰਾਮ ਕਹਿਆ ਇਕ ਨਲੀਏਰ ਕੁਛ ਔਰਵੀ ਫਲ ਭੇਟਾ ਕਰੀ ਤਬ ਰਾਜੇ ਕਹਿਆ ਹੇਬਾਣੀਏਂ ਤੂੰ ਹਿੰਦੂਕਹਿਲਾਤਾਹੈਂ ਤੇ ਵਰਤਨੇਮ ਨਹੀਂ ਕਰਦਾ ਕੇ ਸਬੱਬਹੈ ਤਾਂ ਉਸਬਾਣੀਏਂ ਰਾਜੇਨੂੰ ਕਹਿਆ ਹੇਰਾਜਾਜੀ ਜਿਸਵਾਸਤੇ ਵਰਤਰੱਖੀਦੇਹੈਨ ਤੇਨੇਮਕਰਦੇ ਹੈਂ ਸੋ ਗੱਲਮੈਂ ਪਾਈਹੈ ਕਿਆਵਰਤ ਨੇਮ ਕਰਨਾਹੈ ਤਾਂਰਾਜੇਨੇ ਕਹਿਆ ਹੇਭਾਈ ਓਹਬਾਤ ਕਵਨ ਹੈ ਜਿਸਤੇ ਤੈਨੂੰ ਸੰਤੋਖ ਆਯਾ ਹੈ ਤਬ ਬਾਣੀਏਂ ਕਹਿਆ ਜੀ ਮੈਂ ਮਹਾਂ ਪੁਰਖ ਦਾ ਦਰਸ਼ਨ ਕੀਤਾਹੈ ਜਿਸਦੇ ਸੰਗ ਮੁਕਤਿ ਪਾਈਹੈ ਤਾਂ ਰਾਜੇ ਆਖਿਆ ਤੇਰੀ ਨਿਸ਼ਾ ਹੋਈ ਹੈ? ਤਾਂ ਬਾਣੀਏਂ ਕਹਿਆ ਰਾਜਾ ਜੀ ਜਿਥੇ ਪ੍ਰਮੇਸ਼ਰ ਆਪ ਆਇ ਮਿਲਿਆ ਓਥੇ ਨਿਸ਼ਾ ਪਿਛੇ ਰਹੀ ਤਾਂ ਫੇਰ ਰਾਜੇ ਕਹਿਆ ਹੇ ਬਾਣੀਏਂ ਕਲਜੁਗ ਵਿਚ ਐਸਾ ਕੋਈ ਨਹੀਂ ਜੋ ਜਿਸਦੇ ਦਰਸ਼ਨ ਕੀਤੇ ਮੁਕਤ ਹੋਵੈ ਤਾਂ ਬਾਣੀਏਂ ਨੇ ਕਹਿਆ ਰਾਜਾ ਐਸੇ ਕਲਜੁਗ ਵਿਚ ਸ੍ਰੀਗੁਰੂਨਾਨਕਜੀ

CC-0. Gurukul Kangri University Haridwar Collection. Digitized by S3 Foundation USA

UTH ABHINAV GAUR

ਹੈਨ ਜਿਸਕੇ ਨਾਮ ਲੀਏ ਮੁਕਤਿ ਪ੍ਰਾਪਤਿਹੋਂਦੀਹੈ ਤਬ ਰਾਜੇਨੇਕਹਿਆ ਬਾਣੀਏਂ ਉਸਕੀ ਬਾਣੀਸੁਣਾਉ ਉਸਕੇ ਵਾਕਾਂਤੇ ਮਾਲੂਮ ਹੋਇਜਾਵੇਗਾ ਤਬ ਉਸ ਬਾਣੀਏਂ ਸ੍ਰੀ ਗੁਰੂਜੀ ਕੀ ਬਾਣੀ ਪ੍ਰਗਟ ਕਰ ਸੁਣਾਈ ਤਾਂ ਰਾਜਾ ਗੁਰੂ ਜੀ ਕੀ ਬਾਣੀ ਸੁਣਕਰ ਬਹੁਤਹੀ ਖ਼ੁਸ਼ ਹੂਆ ਅਤਸੇ ਕਰਕੇ ਆਨੰਦ ਕਉ ਪ੍ਰਾਪਤਿ ਭਇਆ ਅਰ ਕਹਿਆ ਹੇ ਬਾਣੀਏਂ ਜੋ ਤੇਰਾ ਗੁਰੂ ਹੈ ਸੋਈ ਮੇਰਾ ਗੁਰੂ ਹੈ ਤਾਂ ਰਾਜੇ ਕਹਿਆ ਹੇ ਬਾਣੀਏਂ ਤੂੰ ਮੇਰੇ ਨਾਲ ਚੱਲ ਤਾਂ ਮੈਂ ਭੀ ਗੁਰੂਬਾਬੇ ਜੀ ਕਾ ਦਰਸ਼ਨ ਕਰ ਆਵਾਂ ਤਾ ਰਾਜਾਸ਼ਿਵਨਾਭ ਸਿੱਖ ਹੋਇਆ ਅਤੇ ਬਾਣੀਏਂ ਆਖਿਆ ਸੁਣ ਰਾਜਾ ਗੁਰੂਜੀ ਪਉਣਕਾ ਸਰੂਪਹੈਨ ਤੂੰ ਚਿਤ ਵਿਚ ਨਿਸਚਾ ਰੱਖ ਸ੍ਰੀਗੁਰੂਜੀ ਘਟਘਟ ਕੇ ਜਾਨਣਵਾਲੇ ਹੈਨ ਤੈਨੂੰ ਐਥੇ ਹੀ ਦਰਸ਼ਨ ਦੇਨਗੇ ਤਾਂ ਰਾਜੇ ਕਹਿਆ ਭਾਈ ਸਿੱਖਾ ਸ੍ਰੀ ਗੁਰੂ ਜੀ ਕਿਸ ਧਰਤੀ ਰਹਿੰਦੇ ਹੈਨ ਤਾਂ ਬਾਣੀਏਂ ਸਿਖਨੇ ਕਹਿਆ ਰਾਜਾ ਜੀ ਗੁਰੂ ਨਾਨਕ ਜੀ ਦਾ ਜਨਮ ਰਾਇ ਭੋਏ ਦੀ ਤਲਵੰਡੀ ਹੈ ਦੇਸ ਪੰਜਾਬ ਵਿਚ ਪਰ ਜਿੱਥੇ ਸ੍ਰੀ ਬਾਬੇ ਨੂੰ ਸਿਮਰੀਐ ਓਥੇ ਹੀ ਗੁਰੂਜੀ ਦਰਸ਼ਨਦੇਂਦੇ ਹਨ ਜਹਾਂ ਯਾਦ ਕਰੀਏ ਤਹਾਂਹੀ ਹਾਜ਼ਰ ਹਜ਼ੂਰ ਹੈਨ ਤਾਂ ਰਾਜੇ ਕਹਿ ਆ ਭਾਈ ਮੈਂ ਆਖਦਾ ਹਾਂ ਜੋ ਜਾਇਕਰ ਦਰਸ਼ਨ ਕਰਾਂ ਤਾਂ ਉਸ ਬਾਣੀਏਂ ਕਹਿਆ ਬਾਬਾ ਜੀਨੂੰ ਆਪਨੇ ਆਤਮੇ ਵਿਚ ਸਿਮਰਣਕਰ ਤੈਨੂੰ ਸ੍ਰੀਗੁਰੂਜੀ ਦਰਸ਼ਨ ਏਥੇ ਹੀ ਦੇਵਨਗੇ ਪਰ ਤੂੰ ਖ਼ਬਰਦਾਰ ਰਹੁ ਗੁਰੂ ਅਬਿਨਾਸ਼ੀ ਪੁਰਖ ਹਈ ਤਾਂ ਰਾਜੇ ਕਹਿਆ ਬਣੀਏਂ ਮੈਂ ਤੇਰੇ ਸਾਥ ਨ ਜਾਵਾਂ ਫੇਰ ਬਾਣੀਏਂ ਕਹਿਆ ਰਾਜਾ ਤੂੰ ਬਚਨ ਮਾਨ ਤੇਰੀ ਮੁਰਾਦ ਹਾਸਲ ਹੋਵੇਗੀ ਅਤੇ ਜਾਹ ਤੂੰ ਨਿਹਾਲਹੂਆ ਹੈਂ ਤੂੰ ਖ਼ਬਰਦਾਰਰਹੀਂ ਭੁੱਲੀਂ ਨਾ ਗੁਰੂ ਜੀ ਤੇਰੇ ਪਾਸ ਜ਼ਰੂਰ ਆਵਨਗੇ ਕਿਤੇ ਭੁਲ ਨਾ ਜਾਵੀਂ ਏਹ ਸਿੱਖਜਾ ਦੇ ਕਰ ਬਾਣੀਆਂ ਜਹਾਜ ਭਰਕਰ ਓਥੋਂ ਪਸਚਮ ਕਉ ਰਵਾਨਾ ਹੂਆ ਤਾਂ ਰਾਜੇ ਸ਼ਿਵਨਾਭ ਨੂੰ ਬੜੀ ਦਰਸ਼ਨ ਦੀ ਚਾਹ ਹੋਈ ਬੈਠਤਾ ਉਠਤਾ ਸੋਤਾ ਚਲਤਾ ਗੁਰਾਂਦੇ ਮਿਲਨੇਦੇ ਖਿਆਲ ਵਿੱਚ ਰਹੇ ਔਰ ਕਿਸੀਠਉਰਮੇਂ ਚਿਤ ਨਾ ਲਾਵੇ ਨਿਤਾਪ੍ਰਤਿ ਗੁਰੂਬਾਬੇ ਜੀਦੇ ਚਰਨਾਂ ਵਿੱਚ ਪ੍ਰੀਤ ਰੱਖੇ ਤਾਂ ਰਾਜੇਨੇ ਭਲੀਆਂ ਭਲੀਆਂ ਚੇਰੀਆਂ ਪੈਦਾ ਕੀਤੀਆਂ ਅਰ ਉਨਕਉ ਏਹ ਹੁਕਮਕੀਤਾਕਿ ਕੋਈ ਫ਼ਕੀਰ ਆਵੇ ਉਸਕਾ ਧਰਮ ਛੁਟਕਾਵੋ ਪਰ ਜਿਸਤਰਾਂ ਹੋਵੇ ਉਸਤਰਾਂ ਓਸਦੀਸੇਵਾਕ ਜੈਸੇ ਕੈਸੇ ਉਸਦੀ ਪ੍ਰੀਖਿਆਕਰੋ ਤੇ ਮੈਨੂੰ ਖ਼ਬਰ ਦੇਓ ਚਾਹੇ ਕਿਸੀ ਮਤਮੇਂ ਹੋਵੇ ਤੁਸੀਉਸਦੀਸੇਵਾਕਰੋ ਐਸੀਕਰੋ ਜੋ ਉਸਦਾ ਧਰਮ ਛੁਟਕ ਜਾਵੇ ਪਰ ਰਾਜੇਦੇ ਮਨਵਿੱਚ ਏਹਆਈ ਕਿ ਜੋ ਪੂਰਨਗੁਰੂਹੋਵੇਗਾ ਸੋ ਏਨਾਂਦੇ ਕਟਾਖਜੰਮੇਂ ਨਾਆਵੇਗਾ ਅਰ ਜੇ ਕਲਜੁਗੀ ਸਾਧ ਹੋਵੇਗਾ ਸੋ ਉਸਦਾ ਧਰਮ ਨਾ ਰਹੇਗਾ ਜੇ ਗੁਰੂ ਬਾਬਾ ਪਾਯਾ ਜਾਏ ਤਾਂ ਏਨ੍ਹਾਂ ਗੱਲਾਂਤੋਂ ਪਾਯਾਜਾਏ ਨਹੀਂ ਤਾਂ ਹੋਰ ਕਿਸੇਗੱਲੇ ਨਹੀਂ ਪਾਈਦਾ ਜਦਰਾਜਾ ਐਸਾ ਦਰਸ਼ਨ ਵਿੱਚ ਲੀਨ ਹੋਯਾ ਤਾਂ ਗੁਰੂਜੀ ਮਨਵਿਚਵਿਚਾਰ ਕੀਤੀਕਿਰਾਜਾਨੂੰਦਰਸ਼ਨਦੇਵੀਏਤਾਂਗੁਰੂਜੀਕਹਿਆ ਚਲੋਬਾਲਾਮਰਦਾਨਾਰਾਜਾਸ਼ਿਵਨਾਭ ਨੂੰ ਦਰਸ਼ਨ ਦੇਵੀਏ ਅਤੇ ਗੁਰੂਜੀ ਓਥੋਂ ਸਾਨੂੰ ਨਾਲ ਲੈਕੇ ਗੁਰੂ ਨਾਨਕ ਜੀ ਿ ਵਨਾਭ ਦੇ

CC-0. Gurukul Kangri University Haridwar Collection. Digitized by S3 Foundation USA

ਦੇਸ ਗਏ ਅੱਗੇ ਰਾਜਾ ਸ਼ਿਵਨਾਭ ਦਾ ਇੱਕ ਬਾਗ ਹੈਸੀ ਪਰ ਸੁੱਕਾ ਹੋਯਾ ਸੀ ਅਤੇ ਉਸਦਾ ਦਰਵਾਜ਼ਾ ਬੰਦ ਕੀਤਾ ਹੋਯਾਸੀ ਤਾਂ ਸ੍ਰੀ ਬਾਬਾ ਨਾਨਕਜੀ ਉਸ ਬਾਗ ਵਿੱਚ ਜਾਇ ਬੈਠੇ ਪਰ ਉਸ ਵਿੱਚ ਜਾਂ ਗੁਰੂ ਜੀ ਕਾ ਚਰਨ ਪਿਆ ਤਾਂ ਉਸ ਬਾਗ ਦੀਆਂ ਕਲੀਆਂ ਨਿਕਲ ਪਈਆਂ ਜੋ ਉਸ ਬਾਗ ਦੀਆਂ ਕਲੀਆਂ ਦੇਖੇ ਤੇ ਹੈਰਾਨ ਹੋਇਜਾਵੇ ਜੇ ਕਹੇ ਭਾਈ ਏਹ ਬਾਗ ਤਾਂ ਮੁਦਤ ਦਾ ਸੁੱਕਾ ਹੋਯਾਸੀ ਅਤੇ ਕਿਸਤਰਾਂ ਹਰਿਆ ਹੋਇਆਹੈ ਇਸੇ ਤਰਹ ਉਸ ਬਾਗ ਦੇ ਬਾਗਬਾਨ ਨੇ ਸੁਣਿਆ ਜੋ ਮੇਰਾ ਬਾਗ ਹਰਿਆ ਹੋਯਾ ਹੈ ਜਾਂ ਓਹ ਬਾਗਬਾਂਨ ਉਸ ਬਾਗ ਦੇ ਵਿਚ ਵੜਿਆ ਤਾਂ ਦੇਖਿਆ ਸਭ ਬਾਗ ਦੀਆਂ ਕਲੀਆਂ ਨਿਕਲ ਪਈਆਂ ਹੈਨ ਓਹ ਬਾਗਬਾਨ ਬੜਾ ਖੁਸ਼ੀ ਹੋਯਾ ਜਾਂ ਦੇਖਦਾ ਅੱਗੇ ਗਿਆ ਤਾਂ ਕਿਆ ਦੇਖੇ ਜੋ ਇਕ ਫਕੀਰ ਰਮਤਾ ਬੈਠਾ ਹੈ ਤਾਂ ਉਸ ਬਾਗ਼ਬਾਨ ਨੇ ਕਹਿਆ ਭਾਈ ਮੇਰੇ ਧੰਨ ਭਾਗ ਹੈਨ ਜੋ ਮੈਨੂੰ ਅੱਜ ਮਹਾਂਪੁਰਖਦਾ ਦਰਸ਼ਨ ਹੁਆ ਹੈ ਸੋ ਓਹ ਬਾਗਬਾਨ ਪਿਛਲੀ ਪੈਰੀਂ ਉਠ ਦੌੜਿਆ ਰਾਜੇ ਸ਼ਿਵਨਾਭ ਦੇ ਪਾਸ ਉਸਨੇ ਆਖਾ ਰਾਜਾ ਜੋ ਬਾਗ਼ ਸੁਕ ਗਿਆ ਸੀ ਉਸ ਬਾਗ਼ ਵਿੱਚ ਇਕ ਫਕੀਰ ਆਇ ਬੈਠਾ ਹੈ ਉਸਦੇ ਬੈਠਣ ਨਾਲ ਬਾਗ ਹਰਿਆ ਹੋਇ ਗਿਆ ਹੈ ਮੈਂ ਏਹ ਜਾਣਦਾ ਹਾਂ ਜੋ ਬਜਿਨ ਸ ਪਰਮੇਸ਼ਰ ਜੀ ਹੈ ਜਾਂ ਇਹ ਬਾਗ਼ਵਾਨ ਪਾਸੋਂ ਸੁਣਿਆ ਤਾਂ ਰਾਜੇ ਨੇ ਉਸੇ ਵਖਤ ਚੇਰੀਆਂ ਨੂੰ ਬੁਲਾਇ ਕਹਿਆ ਕਿ ਜਾਓ ਉਸ ਫਕੀਰ ਨੂੰ ਦੇਖੋ ਕਿ ਕੈਸਾ ਹੈ ਤਾਂ ਓਹ ਚੇਰੀਆਂ ਰਾਜਾ ਦਾ ਹੁਕਮ ਪਾਇ ਕਰ ਉਸ ਬਾਗਦੇ ਵਿਚ ਆਈਆਂ ਸੋਲਾਂ ਸੋਲ੍ਹਾਂ ਪੂਕਾਰ ਦੇ ਸੀਂਗਾਰ ਕਰਕੇ ਕਈ ਤਰਾਂ ਦੇ ਖਾਣੇਂ ਮੇਵੇ ਓਨਾਂ ਥਾਲ ਭਰ ਕੇ ਸ੍ਰੀ ਗੁਰੂ ਜੀ ਦੇ ਅੱਗੇ ਆਣ ਰੱਖੇ ਅਤੇ ਹੱਥ ਜੋੜ ਕਰ ਸ੍ਰੀ ਗੁਰੂ ਜੀ ਕਉ ਲੱਗੀਆਂ ਬੇਨਤੀ ਕਰਨ ਅਤੇ ਹਾਵ ਭਾਵ ਇਸਤ੍ਰੀਆਂ ਵਾਲੇ ਦਿਖਾਵਨ ਅਤੇ ਸੇਵਾ ਕਰਨ ਪਰ ਕਈ ਤਾਂ ਬਾਰਾਂ ਬਰਸਾਂ ਦੀਆਂ ਹੈਨ ਤੇ ਕਈ ਸੋਲਾਂ ਬਰਸਾਂ ਦੀਆਂ ਹੈਣ ਤੇ ਕਈ ਵਿਚ ਅਠਾਰਾਂ ਬਰਸਾਂ ਦੀਆਂ ਹੈਨ ਪਰ ਐਸੀਆਂ ਕਾਮ ਕੰਦਲਾਂ ਹੈਨ ਜਿਨਾਂ ਦੇ ਦੇਖੇ ਸੁਰ ਨਰ ਮੋਹੇ ਜਾਨ ਤਬ ਲੱਗੀਆਂ ਕਹਿਨ ਹੇ ਸੰਤ ਜੀ ਕੁਛ ਖਾਵਹੁ ਪੀਵਹੁ ਜੀ ਅਸਾਡਾ ਵੀ ਭਲਾ ਹੋਵੇ ਜੀ ਤਾਂ ਸ੍ਰੀ ਗੁਰੂ ਜੀ ਇਕ ਸਬਦ ਉਚਾਰਿਆ ॥ ਜਗ ਕਉਆ ਨਾਮ ਨਹੀਂ ਚੀਤ ॥ ਨਾਮ ਵਿਸਾਰ ਗਿਰੇ ਦੇਖ ਭੀਤ ॥ ਮਨੁਆ ਡੋਲੇ ਚੀਤ ਅਨੀਤ ॥ ਜਗ ਸਿਉ ਤੂਟੀ ਝੂਠੀ ਪ੍ਰੀਤ ॥ ੧ ॥ ਕਾਮ ਕ੍ਰੋਧ ਬਿਖ ਬਜਰ ਭਾਰ ॥ ਨਾਮ ਬਿਨਾਂ ਕੈਸੇ ਗੁਨ ਚਾਰ ॥ ਘਰਿ ਬਾਰੁ ਕਾ ਘੁਮਨ ਘੇਰ ॥ ਬਰਖਸਿ ਪਾਨੀ ਬੁਦਬੁਦਾ ਹੇਰ ॥ ਮਾਤ ਬੂੰਦ ਤੇ ਧਰਚ ਕਢੇਰ ॥ ਸਰਬ ਜੋਤਿ ਨਾਵੈ ਕੀ ਚੇਰ ॥ ੨ ॥ ਸਰਬ ਉਪਾਉ ਗੁਰੂ ਸਿਰ ਮੋਰ ॥ ਭਗਤ ਕਰੋਂ ਪਗ ਲਾਗਉ ਤੋਰ ॥ ਨਾਮ ਰਤਉ ਚਾਹੋ ਭੁਇ ਓਰ ॥ ਨਾਮ ਦੁਰਾਇ ਚਲੇ ਸੋ ਚੋਰ ॥ ੩ ॥ ਪਤਿ ਖੋਈ ਬਿਧਿ ਅੰਚਲ ਪਾਇ ॥ ਸਾਚ ਨਾਮ ਰਤੇ ਪਤਿ ਸਿਉ ਘਰ ਜਾਇ ॥ ਜੋ ਕੁਛ ਕੀਨੋ ਸੋ ਪ੍ਰਭੂ ਰਜਾਇ ॥ ਭਉ ਮਾਨੈ ਨਿਰਭਉ ਮੇਰੀ ਮਾਇ ॥ ੪ ॥ ਕਾਮਨ ਚਾਹੇ ਸੁੰਦਰ ਭੋਗ ॥ ਪਾਨ ਫੂਲ ਮੀਠੇ ਰਸ ਰੋਗ ॥ ਖੇਲੈ ਬਿਗਸੈ ਤੇਤੋ ਸੋਗ ॥ ਪ੍ਰਭ ਸਰਨਾਗਤ ਕੀਨ ਸ ਹੋਗ ॥ ੫ ॥ ਕਾਪੜ ਪਹਿਰਸੁ ਅਧਕ ਸੀਗਾਰ ॥ ਮਾਟੀ ਫੂਲੀ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਰੂਪਬਿਕਾਰ ॥ ਆਸਾਮਨਸਾਬਾਧੋਬਾਰ ॥ ਨਾਮਬਿਨਾਸੂਨਾਘਰਬਾਰ॥੬॥ਗਾਢਹੁਪੁਤ੍ਰੀ ਰਾਜ ਕੁਮਾਰ ॥ ਨਾਮਭਣੋ ਸਚ ਜੋਤ ਅਪਾਰ॥ ਪਿਰ ਸੇਵਹੁ ਪ੍ਰਭ ਪ੍ਰੇਮ ਪਿਆਰ ॥ ਗੁੰਰ ਸੇਵਹੁ ਪ੍ਰਭ ਤ੍ਰਿਖਾਨਿਵਾਰ ॥੭॥ ਮੋਹਨ ਮੋਹਲੀਆ ਮਨ ਮੋਹਿ॥ ਗੁਰਕੈ ਸਬਦ ਪਛਾਨੈ ਤੋਹਿ॥ ਨਾਨਕ ਠਾਂਢੇ ਚਾਹੈ ਪ੍ਰਭੂ ਦੁਆਰ॥ਤੇਰੇ ਨਾਮ ਸੰਤੋਖੇ ਕ੍ਰਿਪਾਧਾਰ॥੮॥ਇਹ ਅਸ਼ਟਪਦੀ ਚੇਰੀਆਂ ਦੇ ਪ੍ਰਥਾਇ ਹੋਈ ਜਾਂ ਉਨਾਂ ਚੇਰੀਆਂ ਸ੍ਰੀ ਗੁਰੂ ਜੀ ਕੀ ਬਾਣੀ ਸੁਨੀ ਤੇ ਨਾਲੇ ਦਰਸ਼ਨ ਕੀਤਾ ਭਾਂ ਉਨਾਂਦੀ ਅੰਤਰਦੀ ਅਗਨ ਨਵਿਰਤਹੋਗਈ ਭਾਂ ਉਨਾਂ ਚੇਰੀਆਂ ਕੋ ਸ਼ਾਂਤ ਆਇਗਈ ਬ੍ਰਹਮ ਗਯਾਨ ਕਉ ਪ੍ਰਾਪਤ ਭਈਆਂ॥ ਔਰ ਕਬੁਧ ਮਿਟ ਗਈ ਭਾਂ ਫੇਰ ਓਹ ਮਿਲਕਰ ਰਾਜਾ ਸ਼ਿਵਨਾਭ ਦੇ ਪਾਸ ਆਈਆਂ ਤੇ ਅੱਗੇ ਜਿਉਂ ਰਾਜਾ ਉਨਕੋ ਬੁਲਾਵਣਾਥਾ ਭਜੋਂ ਹੀ ਲਗਾ ਬੁਲਾਵਨੇ ਭਬ ਉਨਾਂਚੇਰੀਆਂ ਕਿਹਾ ਰਾਜਾਜੀ ਆਪ ਹਮਾਰੇ ਪਿਤਾ ਹੋ ਅਰ ਹਮਾਰੇ ਕਉ ਹਾਸੀ ਕੀ ਬਾਤ ਮਤਕਰੋ ਤਦ ਰਾਜਾਸ਼ਿਵਨਾਭ ਅਚਰਜਹੋਇਗਿਆ ਅਤੇ ਆਖਿਆ ਹੇ ਪ੍ਰਮੇਸਰਜੀ ਏਹ ਭਾਂ ਮੇਰੇ ਕੋ ਇਕਘੜੀ ਨਹੀਂ ਸੀ ਬਿਸਾਰਤੀਆਂ ਅਬ ਇਨਕੋ ਕਿਆ ਹੂਆ ਭਬਚੇਰੀਓਂ ਨੇ ਕਿਹਾ ਹੇ ਰਾਜਾ ਜੀ ਅਸਾਨੂੰ ਪੂਰਨ ਪੁਰਖ ਕਾ ਦਰਸ਼ਨ ਹੂਆ ਹੈ ਮਨ ਦੀ ਤ੍ਰਿਸ਼ਨਾ ਮਿਟ ਗਈ ਹਮ ਨਰਕ ਤੇ ਬਚ ਰਹੀਆਂ ਹਾਂ ਹਮਕੋ ਸੰਤੋਖ ਪ੍ਰਾਪਤ ਹੂਆ ਹੈ ਜਦ ਚੇਰੀਆਂ ਦੀ ਬਾਤ ਸੁਣੀ ਭਾਂ ਰਾਜਾ ਸ਼ਿਵਨਾਭ ਉਠ ਦੌੜਿਆ ਜਬ ਦੇਖੇ ਭਾਂ ਅੱਗੇ ਬਾਗ ਦੇ ਵਿਚ ਫਕੀਰਬੈਠਾ ਹੈ ਪਰ ਫੇਰ ਪਿੱਠ ਦੇਕਰ ਖੜਾ ਹੋਇਕਰ ਅੰਤਰਧਿਆਨ ਹੋ ਰਿਹਾ ਪਰ ਗੁਰੂ ਜੀ ਰਾਜਾ ਦੇ ਅਜ਼ਮੌਨ ਦੀ ਖ਼ਾਤਰ ਦੋਇ ਦਿਨ ਖੜੇ ਹੀ ਰਹੇ ਪਰ ਰਾਜਾ ਭੀ ਗੁਰੂਜੀ ਦੇ ਪਿਛੇ ਜਿਉਂ ਖੜਾ ਹੂਆ ਸੋ ਹਲਿਆ ਭੀ ਨਾਹੀਂ ਜਾਂ ਸ੍ਰੀ ਗੁਰੂਜੀ ਡਿੱਠਾ ਜੋ ਰਾਜਾ ਭਰਮਤਾ ਨਾਹੀਂ ਭਾਂ ਸ੍ਰੀਗੁਰੂ ਜੀ ਬੈਠ ਗਏ ਭਾਂ ਪਿਛੋਂ ਰਾਜਾ ਭੀ ਬੈਠਾ ਤਾਂ ਸ੍ਰੀ ਗੁਰੂ ਨਾਨਕ ਦੇਵਜੀ ਕਿਹਾ ਰਾਜਾਜੀ ਭਲੇ ਹੋ ਭਾਂ ਰਾਜਾ ਨੇ ਕਿਹਾ ਸਚੇ ਪਾਤਸ਼ਾਹ ਜੀ ਆਪਦੇ ਪ੍ਰਸਾਦਿ ਕਰਕੇ ਭਲੇ ਹਾਂ ਭਾਂ ਫੇਰ ਬਾਬੇਜੀ ਕਿਹਾ ਰਾਜਾਜੀ ਅਨੰਦ ਕੁਸ਼ਲ ਹੈ ਪਰ ਰਾਜੇ ਉਸ ਬਾਣੀਏਂ ਪਾਸੋਂ ਲਿਖ ਲਿਆ ਸੀ ਕਿ ਬਾਬਾ ਜੀ ਖੱਤ੍ਰੀ ਬੇਦੀ ਹੈ ਕਰਤਾਰਪੁਰ ਟਿਕਦਾ ਹੈ ਅਤੇ ਜਨਮ ਭੂਮ ਤਲਵੰਡੀ ਭੱਟੀ ਦੀ ਹੈ ਤਦ ਰਾਜੇ ਦੇ ਦਿਲਵਿਚ ਆਈ ਕਿ ਕੋਈ ਪਤਾ ਭਾਂ ਦੇਖੀਏ ਤਬ ਜਾਣੀਏ ਜੋ ਓਹ ਹੈ ਗੁਰੂ ਹੈ ਭਬ ਰਾਜੇ ਕਿਹਾ ਗੁਸਾਈਂ ਜੀ ਆਪਕਾ ਨਾਮ ਕਿਆ ਹੈ ਅਰ ਜਾਤ ਕਿਆ ਹੈਜੀ ॥ ਭਾਂ ਸ੍ਰੀਬਾਬੇਜੀ ਸ਼ਬਦ ਉਚਾਰਿਆ ॥ ਰਾਗ ਮਾਰੂ ਮਹਲਾ ੧

ਗੁਸਾਈ ਤੇਰਾ ਕਉਨ ਨਾਮ ਕੈਸੇ ਜਾਤੀ॥ ਜੇ ਤੁਮ ਭੀਤਰ ਮਹਲ ਬੁਲਾਵਹੁ ਪੂਛਹੁ ਬਾਤ ਨਿਰੰਤੀ ॥ ੧ ॥ ਰਹਾਉ ॥ਤਬ ਰਾਜੇ ਕਿਹਾ ਜੀ ਤੁਮ ਜੋਗੀ ਹੋ ॥ ਸ੍ਰੀ ਮੁਖਵਾਕ ॥ ਜੋਗੀ ਜੁਗਤਿ ਨਾਮਨਿਰਮਾਇਲ ਜਾਂਕੈ ਮੈਲ ਨ ਰਾਤੀ ॥ ਪ੍ਰੀਤਮ ਨਾਥ ਸਦਾਸਦ ਸੰਗੇ ਜਨਮ ਮਰਨ ਗਤਿ ਬੀਤੀ॥ ੨ ॥ਤਾਂ ਰਾਜੇ ਕਿਹਾ ਜੀ ਤੁਮ ਬ੍ਰਹਮਣ ਹੋ ॥ਬ੍ਰਹਮਣ ਗਿਆਨ ਧਿਆਨ ਇਸ਼ਨਾਨੀ ਹਰਿ ਗੁਣ ਪੂਜੇ ਪਾਤੀ ॥ ਏਕੋ ਨਾਮ ਏਕੋ

CC-0. Gurukul Kangri University Haridwar Collection. Digitized by S3 Foundation USA

ਨਾਰਾਇਣ ਤ੍ਰਿਭਵਣ ਏਕਾ ਜੋਤੀ ॥ ੩ ॥ ਤਾਂ ਰਾਜੇ ਕਿਹਾ ਗੁਸਾਂਈ ਜੀ ਤੂੰ ਖੱਤ੍ਰੀ ਹੈਂ ਗੁਰੂ ਬਾਬੇਂ ਕਹਜਾ ॥ ਜਿਹਬਾ ਡੰਡੀ ਏਹਘਟਛਾਬਾ ਤੋਲੇਨਾਮ ਅਜਾਚੀ ॥ ਏਕੋ ਹਾਵ ਸਾਹ ਸਭਨਾਂ ਸਿਰ ਵਣਜਾਰੇ ਬਹੁਭਾਤੀ ॥ ੪ ॥ ਤਾਂ ਰਾਜੇਕਹਿਆ ਜੀ ਹਮ ਕੋ ਸਿੱਧਾ ਦੱਸੀਏ ਜੀ ਮਹਾਂ ਪੁਰਖਾਂ ਦੀ ਬੋਲੀ ਹਮ ਕੌ ਸਮਝ ਨਹੀਂ ਪੌਂਦੀ ਹੇ ਮਹਾਰਾਜ ਜੀ ਮਹਾਂ ਪੁਰਖਾਂ ਦੀ ਬੋਲੀ ਮਹਾਂ ਪੁਰਖ ਹੀ ਜਾਨਣ ਪਰ ਆਪਦਾ ਘਰ ਕਿਸ ਧਰਤੀ ਹੈ ॥ ਸ੍ਰੀ ਮੁਖ ਵਾਕ ॥ ਉਪਰ ਗਗਨਿ ਗਗਨਿ ਪਰ ਗੋਰਖ ਤਾਂਕਾ ਅਗਮ ਰੂਪ ਨਿਵਾਸੀ ॥ ਗੁਰਪ੍ਰਸਾਦਿ ਬਾਹਰਿਘਰਏਕੋ ਨਾਨਕ ਭਇਆ ਉਦਾਸੀ ॥ ੫ ॥ ਜਬ ਸ੍ਰੀਗੁਰੂਨਾਨਕ ਜੀ ਕਿਹਾ ਉਦਾਸੀ ਤਬ ਰਾਜੇ ਦੇ ਚਿੱਤ ਪ੍ਰਤੀਤ ਆਇ ਗਈ ਤਾਂ ਰਾਜੇ ਕਿਹਾ ਜੀ ਮੇਰੇ ਧੰਨ ਭਾਗ ਹੈਨ ਜੋ ਮੁਝ ਕਉ ਪੂਰਨ ਗੁਰੂ ਮਿਲਿਆ ਹੈ ਤਬ ਰਾਜਾ ਪ੍ਰਦੱਖਣਾ ਲੇਕਰ ਸ੍ਰੀ ਗੁਰੂਨਾਨਕਜੀਦੀ ਚਰਨੀਂ ਲਾਗਾ ਤਾਂ ਰਾਜੇ ਬੇਨਤੀਕੀਤੀ ਸ੍ਰੀਗੁਰੂਜੀ ਤੂੰ ਜਾਣੀਜਾਣ ਹੈਂ ਤੂੰ ਕਰਤਾ ਪੁਰਖ ਹੈਂ ਹੇ ਗ਼ਰੀਬ ਨਿਵਾਜ਼ ਮੇਹਰਬਾਨ ਜੀ ਡੇਰੇ ਪੈਰ ਪਾਵਹੁ ਜੀ ਏਹ ਸਭ ਕੁਛ ਆਪ ਦੀ ਕ੍ਰਿਪਾ ਹੈ ਆਪ ਚਲੀਏ ਜੀ ਤਾਂ ਸ੍ਰੀਗੁਰੂ ਜੀ ਕਿਹਾ ਸੁਣ ਰਾਜਾ ਤੂੰ ਧਰਮਸਾਲ ਬਣਵਾਓ ਤਾਂ ਅਸੀਂ ਆਵਾਂਗੇ ਤਾਂ ਰਾਜਾ ਸ਼ਿਵਨਾਭ ਨੇ ਜਾਇਕੇ ਉਸਵਕਤ ਹੁਕਮਦਿੱਤਾ ਕਿ ਜੋ ਬਰਸ ਵਿਚ ਕੰਮ ਹੋਵਨ ਵਾਲਾ ਹੈ ਓਹ ਦਿਨਾਂ ਵਿਚ ਤਿਆਰ ਕਰੋ ਤਾਂ ਬਹੁਤ ਕਾਰੀਗਰ ਬੁਲਾ ਕਰ ਥੋੜੇ ਦਿਨੋਂ ਮੇਂ ਧਰਮਸਾਲ ਤਿਆਰ ਕਰਵਾਈ ਜਦ ਓਹ ਧਰਮਸਾਲ ਬਣੀ ਤਾਂ ਰਾਜਾ ਜੀ ਸ੍ਰੀ ਗੁਰੂਜੀਨੂੰ ਲੈਣ ਵਾਸਤੇ ਆਯਾ ਜਾਂ ਰਾਜਾ ਬਾਗ ਵਿਚ ਗਿਆ ਤਾਂ ਕਿਆ ਦੇਖੇ ਜੋ ਸ੍ਰੀਗੁਰੂ ਨਾਨਕਜੀ ਓਥੇਨਜ਼ਰਨਹੀਂ ਆਏ ਤਾਂ ਰਾਜਾ ਸ਼ਿਵਨਾਭ ਖੜਾਖੜੋਤਾ ਡਿਗਪਿਆ ਰਾਜਾਨੂੰਕੁਛਹੋਸ਼ਨਾ ਰਹੀ ਤਾਂ ਲੋਕ ਦੇਖਨ ਤਾਂ ਕਿਆਦੇਖਨ ਜੋ ਸ੍ਰੀਗੁਰੂ ਨਾਨਕਜੀ ਧਰਮ ਸਾਲ ਵਿਚ ਬੈਠੇ ਹੈਨ ਤਾਂਓਹ ਲੋਕ ਦੌੜੇ ਜਾਇਕਰ ਰਾਜਾ ਜੀ ਕੋ ਕਿਹਾ ਰਾਜਾ ਜੀ ਕਿਉਂ ਐਸੇ ਬਿਆਕੁਲ ਹੋਏਹੋ ਸ੍ਰੀਗੁਰੂਜੀਤਾਂ ਧਰਮਸਾਲ ਵਿਚ ਹਨ ਜਾਂ ਰਾਜੇਨੇ ਸੁਣਿਆ ਕਿ ਗੁਰੂ ਜੀ ਆਏ ਹੈਨ ਤਾਂ ਰਾਜਾ ਜੀ ਉਠਕਰ ਦੌੜਿਆ ਤੇ ਗੁਰੂਜੀ ਦੇ ਚਰਨਾਂ ਉਪਰ ਨਮਸਕਾਰ ਕੀਤੀ ਅਤੇ ਪ੍ਰਕਰਮਾਂਵੀ ਕੀਤੀ ਅਤੇ ਸ੍ਰੀਗੁਰੂ ਨਾਨਕਦੇਵ ਜੀ ਰਾਜਾ ਉੱਪਰ ਮੇਹਰਬਾਨ ਹੋਏ ਜਾਂ ਰਾਜਾ ਕਉ ਨਿੱਮ੍ਰਤ ਦੇਖਿਆ ਤਾਂ ਦਿਆਲ ਜੀਨੇ ਖ਼ੁਸ਼ ਹੋਇਕਰ ਸੰਮਤ ੧੫੭੪ ਵਿਚ ਰਾਜਾ ਸ਼ਿਵਨਾਭ ਕਉ ਸ੍ਰੀ ਗੁਰੂ ਜੀ ਮੰਜੀ ਬਖਸ਼ੀ ਰਾਜਾ ਜੀ ਕਉ ਬਹੁਤ ਖ਼ੁਸ਼ੀਕੀਤੀ ਉਸ ਵਕਤ ਸੱਤ ਰਾਜੇ ਸੰਗਲਦੀਪ ਵਿਚ ਰਾਜ ਕਰਦੇ ਸਨ ਤਾਂ ਸ੍ਰੀ ਗੁਰੂ ਨਾਨਕ ਜੀ ਕੇ ਬਚਨਸੇ ਇਕ ਰਾਜਾ ਹੋਇਆ ਚੌਦਾਂਸੌ ਗਾਉਂ ਸੰਗਲਾਦੀਪਮਹਿਬਾ ਸੋ ਸਭਨਾਂ ਗਰਾਵਾਂਮੈਂ ਰਾਜਾ ਸ਼ਿਵਨਾਭ ਜੀ ਕੀ ਆਨ ਮਨਾਈ ਉਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਕੀ ਆਰ ਬਲਾ ਵਰ੍ਹਿਆਂ ਉਣੰਜਾਕੀ ਹੈਸੀ ਤਦ ਸ੍ਰੀ ਗੁਰੂ ਨਾਨਕਜੀ ਕਉ ਧਉਲੇ ਆਏਹੋਏ ਸਨ ਉਸ ਸਮੇਂ ਸ੍ਰੀ ਗੁਰੂ ਨਾਨਕ ਜੀ ਪ੍ਰਾਣ ਸੰਗਲੀ ਉਚਾਰ ਕੀਤੀ ਅਤੇ ਓਥੇ ਸਿਖ ਭਾਟੜੇ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR UTH

ਗੁਰੂ ਜੀ ਬਹੁਤ ਕੀਤੇ ਅਤੇ ਬੀਜਾਪੁਰ ਵਿਚ ਤੇ ਨਾਗਾ ਪਟਣ ਵਿਚ ਸੰਗਤ ਬਹੁਤੇ ਬਣਾਈ ਪਰ ਸਰਬੱਤ ਰਾਜਾ ਸ਼ਿਵਨਾਭ ਦੀ ਤਾਬਿਆ ਕੀਤੇ ਨਾਗਾ ਪਟਨ ਬਿਦਰ ਤਜਾਵਰ ਸ਼ਹਿਰ ਮੇਂ ਲੰਗਰ ਲਗਾਇਆ ਓਥੇ ਧਾਰਾਂ ਮਣ ਲੂਣ ਰੋਜ਼ ਲਗਦਾ ਹੈ ਅਤੇ ਧਾਰਾਂ ਸੇਰ ਤੇ ਕਿਤਨੇ ਤੋਲਿਆਂ ਕੇ ਹਿਸਾਬ ਮਣ ਹੋਤਾ ਹੈ ਉਸ ਧਰਤੀ ਕਉ ਸ੍ਰੀ ਗੁਰੂ ਨਾਨਕ ਜੀ ਨਿਹਾਲ ਕੀਤਾ ਗੁਰੂ ਸਮਰਥ ਨਿਰੰਕਾਰ ਆਪਣੀ ਗਤ ਆਪੇ ਜਾਣੇ ਜੋ ਕਿਨ੍ਹੀਂ ਥਰੀਂ ਮਹਲੀਂ ਰਹਿੰਦਾ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਓਥੋਂ ਚਲਦੇ ਰਹੇ ਪੰਜਾਬ ਦੀ ਧਰਤੀ ਵਿੱਚ ਆਇ ਪ੍ਰਾਪਤ ਹੋਏ ਸਰਬ ਪ੍ਰਵਾਰ ਕਉ ਆਇ ਮਿਲੇ ਜਾਂ ਕਿਤਨੇਕੁ ਦਿਨ ਗੁਰੂ ਜੀ ਓਥੇ ਰਹੇ ਤਾਂ ਇਕ ਦਿਨ ਗੁਰੂ ਨਾਨਕ ਜੀ ਕਹਿਣ ਲਗੇ ਮਰਦਾਨਾ ਪਟਨ ਸ਼ੇਖ ਫਰੀਦ ਵਾਲੇ ਇਕ ਸ਼ੇਖ ਫਰੀਦ ਦੀ ਜਗਹ ਉਪਰ ਸ਼ੇਖ ਬ੍ਰਹਮ ਹੈ ਸੋ ਖੁਦਾਇ ਦਾ ਪਿਆਰਾ ਹੈ ਅਤੇ ਅਸਾਂ ਨੂੰ ਬਹੁਤ ਯਾਦ ਕਰਦਾ ਹੈ ਅਤੇ ਜੇ ਚਲੇਂ ਤਾਂ ਉਸਦਾ ਦੀਦਾਰ ਕਰ ਆਵੀਏ ਅਤੇ ਉਸਦੀ ਉਮਰ ਵੀ ਬਹੁਤ ਹੈ ॥ ਤਾਂ ਸ੍ਰੀ ਗੁਰੂ ਜੀ ਪਟਣ ਕੀ ਧਰਤੀ ਚਲੇ ॥ ੧੦੯ ॥

ਸਾਖੀ ਸ਼ੇਖ ਬ੍ਰਹਮ ਨਾਲ ਹੋਈ

ਸ੍ਰੀ ਬਾਬਾ ਜੀ ਚਲਦੇ ਚਲਦੇ ਪਟਣਦੇ ਬਾਹਰ ਕੋਹਾਂ ਤ੍ਰਿਹੁ ਉੱਪਰ ਜਾਇ ਬੈਠੇ ਜਦ ਸੁਬਹ ਕੇ ਵਕਤ ਪੀਰਕੇ ਮੁਦਬਖ਼ਾਨੇ ਕੀਆਂ ਲਕੜੀਆਂ ਕਾਮਲ ਚੁਣਨੇ ਗਿਆ ਜਾਂ ਦੇਖੇ ਤਾਂ ਸ੍ਰੀ ਗੁਰੂ ਜੀ ਬੈਠੇ ਹੈਨ ਤਾਂ ਮਰਦਾਨੇ ਰਬਾਬ ਵਜਾਇਆ ਅਤੇ ਸ੍ਰੀ ਗੁਰੂਜੀ ਸ਼ਬਦ ਉਚਰਿਆ ਰਾਗ ਆਸਾ ਵਿਚ ॥ ਆਪੇ ਪਟੀ ਕਲਮ ਆਪ ਉਪਰਿ ਲੇਖ ਭੀ ਤੂੰ ॥ ਇਕੋ ਕਹੀਐ ਨਾਨਕਾ ਦੂਜਾ ਕਾਹੇਕੂੰ ॥ ਜਾਂ ਏਹ ਸ਼ਲੋਕ ਕਾਮਲ ਨੇ ਸੁਣਿਆਂ ਤਾਂ ਲਕੜੀਆਂ ਨੂੰ ਛੋਡ ਆਇ ਕਰ ਕਹਿਆ ਹੇ ਸੰਤ ਜੀ ਇਸ ਰਬਾਬੀ ਕਉ ਹੁਕਮ ਦੇਹੋ ਜੀ ਕਿ ਇਸ ਬੈਤਨੂੰ ਫੇਰ ਆਖੇ ਤਾਂ ਸ੍ਰੀ ਗੁਰੂ ਨਾਨਕ ਜੀ ਮਰਦਾਨੇ ਨੂੰ ਹੁਕਮ ਕੀਤਾ ਭਾਈ ਏਹ ਸ਼ਲੋਕ ਤੂੰ ਫੇਰ ਆਖ ਤਾਂ ਮਰਦਾਨੇ ਫੇਰ ਸ਼ਲੋਕ ਦਿਤਾ ਅਤੇ ਕਾਮਲ ਨੇ ਸਿੱਖ ਲਿਆ ਅਤੇ ਲਕੜੀਆਂ ਜੋ ਚੁਗੀਆਂ ਸਨ ਸੋ ਲੈਕਰ ਆਪਨੇ ਪੀਰ ਪਾਸ ਆਇ ਸਲਾਮ ਕੀਤੀ ਅਤੇ ਆਖਿਆਸੁ ਹੇ ਪੀਰ ਸਲਾਮਤ ਜੀ ਅੱਜ ਮੈਨੂੰ ਇਕ ਖੁਦਾਇ ਦਾ ਪਿਆਰਾ ਮਿਲਿਆ ਹੈ ਜੀ ਤਾਂ ਪੀਰ ਨੇ ਆਖਿਆ ਕਾਮਲਾ ਕਿੱਥੇ ਮਿਲਿਆ ਹਈ ਤਾਂ ਕਾਮਲ ਨੇ ਕਹਿਆ ਪੀਰ ਜੀ ਜਿੱਥੇ ਮੈਂ ਲਕੜੀਆਂ ਲੈਣ ਜਾਂਦਾ ਹਾਂ ਓਥੇ ਓਹ ਖ਼ੁਦਾਇ ਦਾ ਪਿਆਰਾ ਬੈਠਾ ਹੈ ਅਤੇ ਇਕ ਉਸਦੇ ਨਾਲ ਰਬਾਬੀ ਹੈ ਅਤੇ ਆਪਣੇ ਬੈਂਤ ਆਖਦਾ ਹੈ ਅਤੇ ਨਾਮ ਉਸਦਾ ਨਾਨਕ ਹੈ ਸੁ ਤਾਂ ਪੀਰ ਨੇ ਆਖਿਆ ਕਾਮਲਾ ਕੋਈ ਤੂੰ ਭੀ ਬੈਂਤ ਸਿੱਖਿਆ ਹੈ ਤਾਂ ਕਾਮਲ ਨੇ ਆਖਿਆ ਹੇ ਪੀਰ ਸਲਾਮਤ ਜੀ ਇਕ ਬੈਂਤ ਮੈਨੂੰ ਹਾਸਲ ਹੋਯਾ ਹੈ ਤਾਂ ਪੀਰ ਨੇ ਆਖਿਆ ਕਾਮਲਾ ਆਖ ਤਾਂ ਸਹੀ ਜੋ ਦੇਖਾਂ ਕਿਵੇਹਾ ਹੈ ਤਾਂ ਕਾਮਲ ਆਖਿਆ ਪੀਰ ਜੀ ਓਹ ਆਖਦਾ ਹੈ ॥ ਆਪੇ ਪਟੀ ਕਲਮ ਆਪਿ ਉਪਰ

CC-0. Gurukul Kangri University Haridwar Collection. Digitized by S3 Foundation USA

ਲੇਖ ਭੀ ਭੂੰ ॥ ਏਕੋ ਕਹੀਐ ਨਾਨਕਾ ਦੂਜਾ ਕਾਹੇਕੂੰ ॥ ਤਾਂ ਪੀਰ ਨੇ ਕਹਿਆ ਕਾਮਲਾ ਕੁਛ ਇਸਦਾ ਬਿਆਨ ਬੀ ਸਿੱਖਿਓਈ ਤਾਂ ਕਾਮਲ ਨੇ ਆਖਿਆ ਜੀ ਏਨੂੰ ਸਭ ਕੁਛ ਰੌਸ਼ਨ ਹੈ ਪੀਰ ਨੇ ਆਖਿਆ ਬੱਚਾ ਜਿਸ ਦਾ ਏਹ ਬੈਂਤ ਆਖਿਆ ਹੈ ਤਿਸ ਦਾ ਦੀਦਾਰ ਕਰੀਏ ਬੱਚਾ ਓਹ ਖੁਦਾਇ ਦਾ ਪਿਆਰਾ ਹੈ ਓਸ ਦੇ ਪਾਸ ਮੈਨੂੰ ਭੂੰ ਲੈ ਚਲ ਉਸ ਨਾਲ ਖੁਦਾਇ ਦੀਆਂ ਗੱਲਾਂ ਕਰਾਂਗੇ ਤਾਂ ਸ਼ੇਖ ਬ੍ਰਹਮ ਸੁਖ ਪਾਲਕੀ ਦੇ ਉੱਪਰ ਚੜ੍ਹ ਕਰ ਅਸਵਾਰ ਹੁਆ ਅਤੇ ਨਾਲ ਕਾਮਲ ਨੂੰ ਲੈਕਰ ਚਲਤੇ ਚਲਤੇ ਓਥੇ ਆਏ ਜਿੱਥੇ ਗੁਰੂ ਨਾਨਕ ਜੀ ਬੈਠੇ ਸਨ ਤਾਂ ਸ਼ੇਖ ਬ੍ਰਹਮ ਆਇ ਖੜ੍ਹਾ ਹੁਆ ਤੇ ਮੂੰਹੋਂ ਆਆਖਿਓਸੁ ਬਾਬਾ ਨਾਨਕ ਜੀ ਸਲਾਮਾਲੈਕਮ ਤਾਂ ਸ੍ਰੀ ਗੁਰੂ ਜੀ ਆਖਿਆ ਅਲੇਖ ਕਉ ਸਲਾਮ ਹੈ ਪੀਰ ਜੀ ਆਈਏ ਅੱਜ ਖੁਦਾਇ ਅਸਾਂ ਉਪਰ ਮੇਹਰਬਾਨ ਹੋਯਾ ਹੈ ਜੋ ਤੁਸਾਡਾ ਦੀਦਾਰ ਹੋਯਾ ਹੈ ਤਾਂ ਦੋਹਾਂ ਉਠਕੇ ਦਸਤ ਬੋਸੀ ਕਰੀ ਤੇ ਬੈਠ ਗਏ ॥ ਗੋਸ਼ਟਿ ਸ੍ਰੀ ਗੁਰੂ ਜੀ ਨਾਲ ਸ਼ੇਖ ਬ੍ਰਹਮ ਦੀ ਹੋਈ ॥

ਤਾਂ ਪੀਰ ਨੇ ਕਹਿਆ ਨਾਨਕ ਜੀ ਇੱਕ ਬੈਂਤ ਤੁਸਾਡਾ ਸੁਣਕਰ ਮੈਂ ਹੈਰਾਨ ਹੋਯਾ ਹਾਂ ਤਾਂ ਮੇਰੇ ਦਿਲ ਵਿਚ ਏਹ ਆਈ ਕਿ ਜਿਸਦਾ ਬੈਂਤ ਹੈ ਉਸਦਾ ਦੀਦਾਰ ਕਰੀਏ ਤਾਂ ਗੁਰੂ ਨਾਨਕ ਜੀ ਕਹਿਆ ਪੀਰ ਜੀ ਅੱਜ ਅਸਾਂਨੂੰ ਨਿਵਾਜ਼ਸ਼ ਹੋਈ ਹੈ ਜੋ ਤੁਸਾਡਾ ਦੀਦਾਰ ਹੋਯਾ ਹੈ ਤਾਂ ਪੀਰ ਨੇ ਕਹਿਆ ਜੀ ਇਸ ਬੈਂਤ ਦਾ ਬਿਆਨ ਕਰੀਏ ਜੀ ਜੋ ਆਪਨੇ ਆਖਿਆ ਹੈ॥ ਏਕੋ ਕਹੀਏ ਨਾਨਕਾ ਦੂਜਾ ਕਾਹੇਕੂੰ। ਇਕ ਸਾਹਿਬ ਤੇ ਦੁਇ ਹੱਦੀਂ॥ ਕੇਹੜਾ ਸੇਵੀ ਕੇਹੜਾ ਰੱਦੀਂ॥ ਅਤੇ ਆਪਨੇ ਕਹਾ ਹੈ ਇੱਕੋ ਇਕ ਹੈ ਅਤੇ ਹਿੰਦੂ ਆਖਦੇ ਹੈਨ ਜੋ ਸਾਡੇ ਵਿੱਚ ਸਹੀ ਹੈ ਤੇ ਮੁਸਲਮਾਨ ਆਖਦੇ ਹੈਨ ਕਿ ਸਾਡੇ ਵਿਚ ਉਹ ਖੁਦਾਇ ਸਹੀ ਹੈ ਸੋ ਆਖੋ ਕਿਸ ਵਿਚ ਸਹੀ ਹੈ ਔਰ ਕਿਸ ਵਿਚ ਅਨਸਹੀ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਆਖਿ ।ਪੀਰ ਜੀ ॥ ਇੱਕੋ ਸਾਹਿਬ ਤੇ ਇੱਕੋ ਹੱਦ ॥ ਇੱਕੋ ਸੇਵਹੁ ਦੂਜੇ ਰੱਦ॥ ਦੂਜਾ ਕਾਹੇ ਸਿਮਰੀਐ ਜੰਮੈ ਤੇ ਮਰਜਾਇ ॥ ਏਕੋ ਸਿਮਰੀਐ ਨਾਨਕਾ ਜਲ ਥਲ ਰਹਿਆ ਸਮਾਇ ॥ ਜਾਂ ਏਹ ਸ਼ਲੋਕ ਸ੍ਰੀ ਬਾਬੇ ਜੀ ਕਹਿਆ ਤਾਂ ਫੇਰ ਸ਼ੇਖ ਪੁਛਣਾ ਕੀਤੀ॥ ਪਾਛ ਪਟੋਲਾ ਧਜਕਰੀ ਕਮਲੜੀ ਪਹਿਰੇਉ॥ ਜਿਨੀ ਵੇਸੀ ਸਹੁ ਪਾਈਐ ਸੋਈ ਵੇਸ ਕਰੇਉ ॥੨॥ ਤਾਂ ਬਾਬੇ ਆਖਿਆ ॥ ਕਾਇ ਪਟੋਲਾ ਪਾਛੜੀ ਕੰਮਲੜੀ ਪਹਿਰੇਉ ॥ ਘਰਹੀ ਬੈਠਿਆਂ ਸਹੁ ਪਾਈਐ ਜੇ ਨੀਯਤ ਰਾਸ ਕਰੇਉ ॥੩॥ ਘਰ ਹੀ ਮੁੰਦ ਵਿਦੇਸ ਪਿਰ ਨਾ ਝੂਰੇ ਸੰਮਾਲੇ॥ ਮਿਲਦਿਆਂ ਢਿੱਲ ਨ ਲਗਈ ਜੇ ਨੀਅਤਿ ਰਾਸ ਕਰੇਉ॥ ੪ ॥ ਏਹ ਜਵਾਬ ਸ੍ਰੀ ਗੁਰੂ ਬਾਬੇ ਜੀ ਦਿੱਤਾ ਤਾਂ ਸ਼ੇਖ ਬ੍ਰਹਮ ਨੇ ਪੁਛਣਾ ਕੀਤੀ॥ ਨਢੀ ਕੰਤ ਨ ਰਾਵਿਆ ਵੱਡੀ ਥੀ ਮੁਈ ਆਸ ॥ ਧਨੁ ਕੂਕੇਂਦੀ ਗੋਰ ਮੈ ਤੈ ਸਹੁ ਨਾ ਮਿਲੀ ਆਸ॥ ੫॥ ਤਾਂ ਬਾਬੇ ਜਬਾਬ ਦਿੱਤਾ ॥ ਮਹਲ ਕੁਚੱਜੀ ਮਹਵੜੀ ਕਾਲੀ ਮਨੋ ਕੁਸੁਧ॥ ਜੇ ਗੁਣ ਹੋਵਨਿ ਤਾਂ ਪਿਰ ਮਿਲੈ ਨਾਨਕ ਅਉਗੁਣ ਮੁੰਦ ॥ ੬ ॥ ਅਤੇ ਅਉਰਤ ਘਰ ਹੋਵੇ ਅਤੇ ਮਰਦ ਬਿਦੇਸ ਗਿਆ ਹੋਇ ਅਤੇ ਜੋ ਅਉਰਤ ਮਰਦ ਦੇ ਹੱਕ ਅੰਦਰ ਬੈਠੀ ਰਹੇ ਤਾਂ ਅਉਰਤ ਖਸਮ ਦੀ ਤੇ ਖ਼ਸਮ ਅਉਰਤ ਦਾ ਅਤੇ ਪੀਰ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਜੀ ਜੇਕਰ ਔਰਤ ਹੋਵੇ ਔਗੁਣਹਾਰੀ ਅਤੇ ਖਸਮ ਨਾਲ ਸਿਦਕ ਨਾ ਹੋਵੇ ਤਾਂ ਓਹ ਔਰਤ ਔਰਾਂ ਦੀ ਹੋਈ ਅਤੇ ਜੋ ਔਰਤ ਸਬਰ ਕਰਕੇ ਬਹਿਰਹੇ ਤਾਂ ਸਿਦਕ ਮੁਰਾਦ ਪਾਵੇ ਤਾਂ ਗੁਰੂ ਜੀ ਕਿਹਾ ਸ਼ੇਖ ਜੀ ਔਰਤ ਸੁਚੱਜੀ ਹੋਵੇ ਅਤੇ ਖਸਮ ਪਾਸੋਂ ਡਰਦੀ ਹੋਵੇ ਅਤੇ ਮੈਹਲਾਂ ਤੇ ਭਲੀ ਵਾਸ਼ਨਾ ਆਵੇ ਤਾਂ ਉਸਪਰ ਖਸਮ ਬਹੁਤ ਖੁਸ਼ੀ ਹੁੰਦਾ ਹੈ ਅਤੇ ਮੇਹਰਬਾਨ ਭੀ ਹੁੰਦਾ ਹੈ ਅਤੇ ਮੈਹਲ ਕੁਚੱਜੀ ਹੋਵੇ ਤਾਂ ਖਸਮ ਉਸਤੇ ਮੇਹਰ ਨਹੀਂ ਕਰਦਾ ਅਤੇ ਜੇ ਸੜਿਹਾਨ ਆਵੇ ਤਾਂ ਖਸਮ ਨਜ਼ੀਕ ਭੀ ਨਹੀਂ ਜਾਂਦਾ ਅਤੇ ਸੁਨੋ ਪੀਰਜੀ ਕੁਚੱਜੀਏਹ ਹੈ ਜੋ ਆਪਣੇ ਖਸਮਦੀ ਸਾਰ ਨਾ ਜਾਣੇ ਤੇ ਸੜਿਹਾਨ ਇਸਨੂੰ ਕੈਂ ਹਦੇ ਹੈਨ ਜੋਹੜਾ ਬਦ ਅਮਲ ਕਰਨਾਂ ਹੈ ਤੇ ਅਹੰਕਾਰ ਵਿਚ ਆਪਣਾ ਆਪ ਜਾਣੇ ਇਨੀਂ ਗੱਲੀਂ ਇਸਤੋਂ ਸੜਿਹਾਨ ਆਂਵਦੀ ਹੈ ਹੇ ਸ਼ੇਖਜੀ ਇਤਨੀਆਂ ਗੱਲਾਂ ਇਸ ਵਿਚ ਹੋਵਨ ਤਾਂ ਖਸਮ ਕਿਉਂ ਕਰ ਮਿਲੇ ਜੇ ਇਸ ਵਿਚ ਗੁਣ ਹੋਵਣ ਤਾਂ ਸੱਚਾ ਖਸਮ ਮਿਲਦਾ ਹੈ ॥ ਤਾਂ ਸ਼ੇਖ ਕਿਹਾ ॥ ਕਵਣ ਸੁ ਅੱਖਰ ਕਵਣ ਗੁਣ ਕਵਣ ਸੁ ਮਣੀਆ ਮੰਤ ॥ ਕਵਣ ਸੁ ਵੇਸੋ ਹਉ ਕਰੀ ਜਿਤ ਵਸ ਆਵੈ ਕੰਤ ॥੧॥ ਤਾਂ ਬਾਬੇ ਜੀ ਕਿਹਾ ॥ ਨਿਵਣ ਸੁ ਅਖਰ ਖਿਵਣ ਗੁਣ ਜਿਹਬਾ ਮਣੀਆ ਮੰਤ ॥ ਏ ਤ੍ਰੈ ਭੈਣੇ ਵੇਸ ਕਰ ਤਾਂ ਵਸਿ ਆਵੀ ਕੰਤ ॥ ਸੇਵਾ ਕਰਹੈ ਕੰਤ ਕੀ ਕੰਤ ਤਿਸੀ ਕਾ ਹੋਇ ॥ ਸਭੇ ਸਈਆਂ ਛਡਕੇ ਕੰਤ ਤਿਸੀ ਪਹਿ ਹੋਇ ॥੧॥ ਤਿਸਕਾ ਪ੍ਰਮਾਰਥ ਸ੍ਰੀ ਗੁਰੂ ਜੀ ਕਿਹਾ ਸ਼ੇਖਜੀ ਨਿਵਣਾ ਸਭ ਕਿਸੇ ਨੂੰ ਭਲਾ ਹੈ ਸੋ ਇਹ ਅੱਖਰ ਹੈ ਅਤੇ ਕੋਈ ਭਲਾ ਕਹੇ ਕੋਈ ਬੁਰਾ ਕਹੇ ਅੱਗੋਂ ਉਨ੍ਹਾਂ ਨੂੰ ਦੇਵਣਾ ਏਹ ਖਿਵਣਾ ਹੈ ਅਤੇ ਸ਼ੇਖ ਜੀ ਸਾਹਿਬ ਸੁਖ ਦੇਵੇ ਭਾਵੇਂ ਦੁਖ ਦੇਵੇ ਤਿਸ ਕੋ ਅੱਛਾ ਜਾਣੇ ਤੇ ਜ਼ਬਾਨਥੀਂ ਜਦ ਬੋਲੇ ਤਦ ਚੰਗਾ ਹੀ ਬੋਲੇ ਏਹਮਣੀਆਂਹੈਂ ਜਦਅਜੇਹੀ ਸੇਵਾ ਕਰੇ ਤਾਂ ਉਸ ਖਸਮ ਕਉ ਪਾਵੇ ਤੋ ਸਭੇ ਸਹੀਆਂ ਛਡਕੇ ਕੰਤ ਤਿਸੀ ਕਾ ਹੁੰਦਾ ਹੈ ਉਨ੍ਹਾਂ ਸਹੇਲੀਆਂ ਦਾ ਕਿਹਾ ਮੰਨ ਲਏ ਤਾਂ ਸ਼ੇਖ ਨੇ ਕਿਹਾ ਨਾਨਕਜੀ ਨਬੇੜਾ ਕਰਕੇ ਫੇਰ ਰਲਾ ਚਾ ਪਾਸ਼ਾ ਦੇਖਾਂ ਸੇਵਾ ਪਿਛੇ ਨਜ਼ਰ ਕਿ ਨਜ਼ਰ ਪਿਛੇ ਸੇਵਾ ਹੈ ਤਾਂ ਸ੍ਰੀ ਬਾਬੇਜੀ ਕਿਹਾ ਸ਼ੇਖਜੀ ॥ ਜਾਂ ਸੇਵਾ ਕਰੇ ਕੰਤਕੀ ਤਾਂ ਕੰਤ ਤਿਸੀ ਕਾ ਹੋਇ ॥ ਗਰਬੀਂ ਕੰਤ ਨ ਪਾਈਐ ਭਾਵੇਂ ਖਰੀ ਸੁਆ ਲਿਓ ਹੋਇ ॥ ੧ ॥ ਹੇ ਸ਼ੇਖਜੀ ਮੂਲ ਇਸਦਾ ਸੇਵਾ ਹੈ ਜਾਂ ਸੇਵਾ ਤੇ ਨਿਰਗਰਬਣੀ ਰਹੇ ਤਦੇ ਇਸਦੇ ਉਪਰ ਓਹ ਸੱਚਾ ਖਾਵੰਦ ਖੁਸ਼ੀ ਹੁੰਦਾ ਹੈ ਤੇ ਮਿਹਰ ਦੀ ਨਜ਼ਰ ਕਰਦਾ ਹੈ ਅਤੇ ਜੇ ਸੇਵਾ ਕਰੇ ਤੇ ਗਰਬ ਕਰੇ ਓਹ ਭਾਵੇਂ ਕੇਹੀ ਸੋਹਣੀ ਹੋਵੇ ਉਸ ਉਪਰ ਕੰਤ ਪ੍ਰਸੰਨ ਨਹੀਂ ਹੁੰਦਾ ਅਤੇ ਓਹ ਛੁਟੜ ਕਹਾਉਂਦੀਹੈ ਸ਼ੇਖਜੀਮੂਲਇਸਦਾ ਸੇਵਾਹੈਸੇਵਾਕੀਤੇ ਖਸਮ ਮਿਲਦਾ ਹੈ ਜਾਂਸ੍ਰੀ ਗੁਰੂਜੀਨੇ ਏਹਸਮਝਾਯਾਤਾਂ ਸ਼ੇਖਬ੍ਰਹਮ ਸ੍ਰੀ ਬਾਬੇਜੀਦੇ ਚਰਨਾਂ ਉਤੇ ਢਹਿ ਪਿਆ ਆਖਿਓਸੁ ਵਾਹ ਨਾਨਕ ਵਾਹ ਨਾਨਕਜੀ ਖੁਦਾਇ ਦੇ ਰਾਹਦੀ ਖਬਰ ਹੋਈ ਅਸੀ ਅੱਜ ਜੀਵੇ ਹਾਂ ਅਸਾਨੂੰ ਅੱਜਖੁਦਾਇਦਾ ਅਉਲੀਆ ਮਿਲਿਆ ਹੈ ਅੱਜ ਖੁਦਾਇ ਦੇ ਮਿਲਨ ਵਿਚ ਸ਼ੱਕ ਨਹੀਂ ਰਿਹਾ ਪਰ ਜੀ ਇਕ ਗੁਸਤਾਖੀ ਮਾਫ਼ ਕਰਨੀ ਅਤੇ ਨਾਨਕ

CC-0. Gurukul Kangri University Haridwar Collection. Digitized by S3 Foundation USA

ਜੀ ਰਜ਼ਾਇ ਹੋਵੇ ਤਾਂ ਪੁੱਛੀਏਜੀ ਤਾਂ ਸ੍ਰੀ ਗੁਰੂਜੀ ਕਿਹਾ ਸ਼ੇਖ਼ਜੀ ਗੱਲਾਂ ਸੋ ਸਕਾਰਥੀਆਂ ਹੈਨ ਜੋ ਖ਼ੁਦਾਇ ਦੇ ਨਾਮ ਦੀਆਂ ਹੈਨ ਤਾਂ ਸ੍ਰੀ ਬਾਬੇਜੀ ਸ਼ਲੋਕ ਦਿੱਤਾ ॥ ਰੁਪੈ ਕਾਸੈ ਦੋਸਤੀ ਭੁਖੈ ਸਾਦੈ ਗੰਢ ॥ ਲਬੇ ਮਾਲੈ ਘੁਲਮਿਲ ਮਿਚਲ ਉਘੇ ਸਨ ਪਲੰਘ ॥ ਭਉਕੇ ਕ੍ਰੋਧ ਖੁਆਰ ਹੋਇ ਫਕੜ ਪਿਟੈ ਧੰਧ ॥ ਚੁਪੈ ਚੰਗੀ ਨਾਨਕਾ ਵਿਣਨਾਂਵੈ ਮੁਖ ਰੰਧ ॥ ਸ਼ੇਖਜੀ ਜਿਉਂ ਰੁਪੇ ਦੀ ਤੇ ਕਾਮ ਦੀ ਦੋਸਤੀ ਹੈ ਜਿਸ ਤਰਾਂ ਲੱਬ ਦੀ ਤੇ ਮਾਲ ਦੀ ਸੋਹਬਤ ਹੈ ਤੈਸੇ ਖੁਦਾਇ ਵਾਲਿਆਂ ਲੋਕਾਂ ਦੀ ਖੁਦਾਇ ਦੀਆਂਗੱਲਾਂ ਨਾਲ ਦੋਸਤੀ ਹੈ ਜਿਉਂ ਭੁਖੇ ਨੂੰ ਭੋਜਨ ਸੁਖਾਂਵਦਾ ਹੈ ਅਤੇ ਨੀਂਦਰ ਵਾਲੇ ਨੂੰ ਥਾਨ ਛੇਜਾ ਸੁਖਾਂਦੀ ਹੈ ਤਿਉਂ ਖ਼ੁਦਾਇ ਦਿਆਂ ਨੂੰ ਖੁਦਾਇ ਦੀਆਂ ਗੱਲਾਂ ਨਾਲ ਪ੍ਰੀਤ ਹੈ ਬਿਨਾ ਖੁਦਾਇ ਦੀਆਂ ਗੱਲਾਂ ਸਿਵਾਇ ਹੋਰ ਕੋਈ ਗੱਲਾਂ ਨਹੀਂ ਕਰਦੇ ਤੇ ਨਹੀਂ ਉਨ੍ਹਾਂਨੂੰ ਸੁਖਾਉਂਦੀਆਂ ਹੈਨ ਅਤੇ ਹੋਰ ਬੋਲਣ ਨਾਲੋਂ ਚੁੱਪ ਕਰਨੀ ਚੰਗੀ ਹੈ ਤਾਂ ਸ਼ੇਖ਼ ਕਿਹਾ ਜੀ ਮੈਨੂੰ ਇਕ ਕਾਤੀ ਲੋੜੀਦੀ ਹੈ ਪਰ ਕੇਹੀ ਜਿਸਦਾ ਕੁਠਾ ਆਦਮੀ ਹਲਾਲ ਹੋ ਥੀਵੈ ਅਤੇ ਏਹ ਜੋ ਕਾਤੀਆਂ ਹੈਨ ਸੋ ਜਾਨਵਰ ਹਲਾਲ ਕਰਨ ਵਾਲੀਆਂ ਹੈਨ ਅਤੇ ਆਦਮੀ ਇਸ ਨਾਲ ਹਰਾਮ ਹੁੰਦਾ ਹੈ ਅਤੇ ਮੈਨੂੰ ਐਸੀ ਕਾਤੀ ਦੇਹ ਜਿਸਦਾ ਕੁੱਠਾ ਆਦਮੀ ਹਲਾਲ ਹੋ ਜਾਵੇ ਤਾਂ ਸ੍ਰੀ ਬਾਬੇ ਆਖਿਆ ਲੇਹੁ ਪੀਰਜੀ ॥ ਤਾਂ ਸ੍ਰੀ ਗੁਰੂਜੀ ਸ਼ਲੋਕ ਕਿਹਾ ॥ ਸਚ ਕੀ ਕਾਤੀ ਸਚ ਸਭ ਸਾਰ ॥ ਘਾੜਤਿ ਤਿਸ ਕੀ ਅਪਰ ਅਪਾਰ ॥ ਸਚ ਕੀ ਸਾਣ ਲਈ ਚਿਲਕਾਇ ॥ ਗੁਣ ਕੀ ਥੇਕੇ ਵਿਚ ਸਮਾਇ ॥ ਤਿਸ ਕਾ ਕੁਠਾ ਹੋਵੈ ਸੇਖ ॥ ਲੋਹੂ ਲਬਿ ਨਿਕਲਥਾ ਦੇਖ ॥ ਹੋਇ ਹਲਾਲ ਲਗੈ ਹਕਿ ਜਾਇ ॥ ਨਾਨਕ ਦਰ ਦੀਦਾਰ ਸਮਾਇ ॥ ੧ ॥ ਸ਼ੇਖ਼ ਜੀ ਲੋਹੂ ਦੀ ਜਗਹ ਇਸ ਵਿਚ ਲੱਬ ਹੈ ਜਿਚਰ ਲੱਬ ਹੈ ਤਿਚਰ ਏਹ ਮਕਰੂਹ ਹੈ ਖਾਮਹੈ ਨਪਾਕ ਹੈ ਜਾਂ ਇਸ ਵਿਚੋਂ ਲਬ ਜਾਇ ਤਾਂ ਹਲਾਲ ਥੀਵੈ ਤਾਂ ਸ਼ੇਖ਼ ਖ਼ੁਸ਼ੀ ਹੋਯਾ ਖ਼ੁਸ਼ੀ ਹੋਇਕੇ ਭਰ ਗਿਆ ਤਾਂ ਸ਼ੇਖ਼ ਕਿਹਾ ਖੁਦਾਇ ਥਾਵੇਂ ਮੰਗਦੇ ਸੇ ਸੋ ਤਾਂ ਖੁਦਾਇ ਦਿੱਤਾ ਹੈ ਅ ਨਿਹਾਲ ਹੋਏ ਜੋ ਲੋੜੀਦਾ ਸੀ ਸੋ ਤਾਂ ਪਾਯਾ ਤੇ ਨਿਹਾਲ ਭੀ ਹੋਏ ਪਰ ਇਕ ਮੇਰੀ ਅਰਜ਼ ਹੈ ਜੇ ਹੁਕਮ ਹੋਵੇ ਤਾਂ ਪੁੱਛਾਂ ਤਾਂ ਬਾਬੇ ਕਿਹਾ ਸ਼ੇਖ਼ ਜੀ ਕਹੀਏ ਤਾਂ ਸ਼ੇਖ਼ ਕਿਹਾ ਨਾਨਕਜੀ ਏਹ ਮਾਯਾ ਤਾਂ ਛਲ ਹੈ ਅਤੇ ਜੀਵ ਲੋਭੀ ਹੈ ਮਾਯਾ ਕਿਉਂ ਕਰ ਛਲੀਏ ਤਾਂ ਸ੍ਰੀ ਬਾਬੇ ਜੀ ਸ੍ਰੀ ਰਾਗ ਵਿਚ ਸ਼ਬਦ ਉਚਾਰਿਆ ॥ ਅਛਲ ਛਲਾਈ ਨਾ ਛਲੈ ਨਹੀਂ ਘਾਉ ਕਟਾਰਾ ਕਰ ਸਕੈ ॥ ਜਿਉ ਸਾਹਿਬ ਰਖੈ ਤਿਉ ਰਹੈ ॥ ਇਸ ਲੋਭੀ ਕਾ ਜੀਉ ਟਲ ਪਲੈ ॥ ਬਿਨ ਤੇਲ ਦੀਵਾ ਕਿਉਂ ਜਲੈ ॥ ਕਰ ਚਾਨਣ ਸਾਹਿਬ ਤਉ ਮਿਲੈ ॥ ਸ਼ੇਖ ਜੀ ਮਾਯਾ ਅਛਲ ਹੈ ਸੋ ਕਿਸੇਪਾਸੋਂ ਛਲੀ ਨਹੀਂ ਜਾਂਦੀ ਕੋਈ ਮਾਯਾ ਕੱਢ ਨਹੀਂ ਸਕਦਾ ਭਲੀ ਕਰ ਰੱਖਦਾ ਹੈ ਏਹ ਮਾਨੁੱਖ ਲਭੀ ਹੈ ਤਾਂ ਸ਼ੇਖ਼ ਕਿਹਾ ਸਾਹਿਬਜੀ ਬਿਨਾਂ ਤੇਲ ਦੀਵਾ ਕੈਸੇ ਜਲੇ ਔਰ ਬਿਨਦੀਵੇ ਚਾਨਣ ਕੈਸੇ ਹੋਵੇ ਤਾਂ ਸ੍ਰੀ ਬਾਬੇ ਜੀ ਕਿਹਾ ॥ ਕੁਰਾਨ ਕਤੇਬ ਕਮਾਈਐ ॥ ਭਉ ਵਟੀ ਇਤ ਤਨ ਲਾਈਐ ॥ ਸਚ ਬੂਝਣ ਆਣ ਜਲਾਈਐ ॥ ਬਿਨ ਤੇਲ ਦੀਵਾ ਇਉ ਜਲੈ ॥ ਕਰ ਚਾਨਣ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਸਾਹਿਬ ਇਉਂ ਮਿਲੈ ॥ ਹੇ ਸ਼ੇਖ ਜੀ ਇਸ ਸੰਜਮ ਕੀਤਿਆਂ ਸੱਚਾ ਦੀਵਾ ਜਾਗਦਾ ਹੈ ਤਾਂ ਸਾਹਿਬ ਨੂੰ ਮਿਲਦਾਹੈ ਤਾਂ ਸ਼ੇਖ ਕਿਹਾ ਦੇਖਾਂ ਨਾਨਕਜੀ ਏਹ ਜੋ ਗੱਲਾਂਕਰਦਾਹੈਂ ਤੁਧ ਵਿਚ ਖੁਦਾਇ ਗਲਾਂ ਕਰਦਾ ਹੈ ਕਿ ਆਪ ਤੂੰ ਖੁਦਾਇਹੈਂ ਤਾਂ ਗੁਰੂ ਬਾਬੇ ਜੀ ਹੱਸਕਰ ਕਿਹਾ ਸ਼ੇਖ ਜੀ ਤੂੰ ਨਿਹਾਲ ਹੋਯਾ ਹੈਂ ਤਾਂ ਫੇਰ ਗੁਰੂ ਜੀ ਕਿਹਾ ਸ਼ੇਖ ਜੀ ਤੈਨੂੰ ਘਰ ਨਜ਼ਰੀ ਨ ਆਇਓ ਪਰ ਤੂੰ ਮੁਕਤਾ ਹੋਯਾ ਸ਼ੇਖ ਨੇ ਅਰਜ਼ ਕੀਤੀ ਹੇ ਗੁਰੂ ਨਾਨਕ ਜੀ ਇਕ ਵਾਰੀ ਅਸਾਂ ਨੂੰ ਸੁਨਾਇ ਦੇਵੋ ਮਖਸੂਦ ਏਹੋ ਹੈ ਜੋ ਵਾਰ ਦੁਹਿ ਬਿਨਾਂ ਹੁੰਦੀ ਨਾਹੀਂ ਅਤੇ ਆਪ ਆਖਦੇਹੋ ਕਿ ਇੱਕੋ ਇਕ ਹੈ ਤਾਂ ਦੇਖਾਂ ਖੁਦਾਇ ਦਾ ਸ਼ਰੀਕ ਕੌਣ ਹੋਸੀ ਤਾਂ ਗੁਰੂ ਨਾਨਕਦੇਵ ਜੀ ਆਖਿਆ ਮਰਦਾਨਾ ਰਬਾਬ ਵਜਾਇ ਤਾਂ ਮਰਦਾਨੇ ਰਬਾਬ ਵਜਾਯਾ ਤਾਂ ਸ੍ਰੀ ਗੁਰੂਜੀਪਉੜੀ ਆਖੀ॥ ਪਉੜੀ ॥ ਆਪੀਨੈ ਆਪ ਸਾਜਿਓ ਆਪੀ ਨੈ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ ਕਰਿਆਸਣੁ ਡਿਠੋ ਚਾਉ ॥ ਦਾਤਾ ਕਰਤਾਆਪਿਤੂੰ ਭੁਸਿ ਦੇਵਹਿ ਕਰਹਿ ਪਸਾਉ ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁਕ ਵਾਉ॥ ਕਰਿ ਆਸਣ ਡਿਠੋ ਚਾਉ ॥ ੧॥ ਜਾਂ ਬਾਬੇਜੀ ਪੌੜੀਆਖੀ ਤਾਂ ਸ਼ੇਖਬ੍ਰਹਮ ਉਠ ਖੜਾਹੋਯਾ ਤੇ ਆਇ ਤਾਜ਼ੀਮ ਕੀਤੀਓਸੁ ਆਖਿਓਸੁ ਗੁਰੂਬਾਬਾ ਨਾਨਕ ਜੀ ਖੁਦਾਇ ਆਪਨੇ ਪਾਯਾ ਹੈ ਤੁਸਾਂ ਤੇ ਖੁਦਾਇ ਵਿਚ ਭੇਦ ਕੁਛ ਨਾਹੀਂ ਪਰ ਤੂੰ ਅਸਾਂ ਉਤੇ ਮਿਹਰਬਾਨ ਹੋਵੇਂ ਤਾਂ ਸ੍ਰੀ ਬਾਬੇਜੀ ਆਖਿਆ ਸ਼ੇਖਜੀ ਤੂੰ ਨਿਹਾਲ ਹੋਯਾ ਹੈਂ ਤਾਂ ਗੁਰੂਬਾਬੇਜੀ ਓਥੋਂ ਵਿਦਾਲੀਤੀਸ਼ੇਖਨੂੰਖੁਸ਼ੀਕੀਤੀਬਾਬਾਜੀਓਥੋਂ ਚਲਦੇਰਹੇ।ਬੋਲੋਜੀਵਾਹਿਗੁਰੂ॥ ੧੨੦॥

ਅਗੇ ਸਾਖੀ ਇਕ ਸਿੱਖ ਨਾਲ ਹੋਈ

ਤਾਂਸ੍ਰੀਗੁਰੂਜੀਜਾਂਦੇਜਾਂਦੇਇਕਗ੍ਰਾਂ ਦੇਬਾਹਰਜਾਇਬੈਠੇ ਉਸਪਿੰਡਵਿਚਇਕਸਿੱਖਰਹਿੰਦਾਸੀ ਜਦ ਉਹ ਸਿੱਖ ਬਾਹਰ ਆਯਾ ਤੈਂ ਕਿਆ ਦੇਖੇ ਜੋ ਇਕ ਅਤੀਤ ਬੈਠਾ ਹੈ ਤੇ ਇਕ ਰਬਾਬੀ ਉਸਦੇ ਅਗੇ ਸ਼ਬਦ ਪੜ੍ਹਦਾ ਹੈ ਤਾਂ ਓਹ ਸਿਖ ਬੜਾ ਪ੍ਰਸੰਨਹੂਆ ਅਤੇ ਜਾਇਕਰ ਸ੍ਰੀ ਗੁਰੂਜੀਦੇ ਅਗੇ ਮੱਥਾ ਟੇਕਿਆ ਅਤੇ ਹੱਥ ਜੋੜਕਰ ਅਰਦਾਸ ਕੀਤੀ ਹੇ ਸਚੇਪਾਤਿਸ਼ਾਹਜੀ ਮੇਹਰਬਾਨੀ ਕਰਕੇ ਧਰਮਸਾਲ ਵਿਚ ਚਲੀਏਜੀ ਉਸ ਅਸਥਾਨਨੂੰ ਪਵਿਤ੍ਰ ਕਰਹੁ ਜੀ ਤਾਂ ਸ੍ਰੀ ਗੁਰੂਜੀ ਨੇ ਮੇਰੇ ਤਾਈਂ ਕਹਿਆ ਭਾਈ ਬਾਲਾ ਔਰ ਮਰਦਾਨਾ ਚਲਹੁ ਭਾਈ ਏਸ ਸਿੱਖ ਦੀ ਚਾਹ ਪੂਰੀ ਕਰੀਏ ਏਹ ਕਹਿ ਕਰ ਸ੍ਰੀ ਬਾਬਾਜੀ ਉਸ ਸਿਖ ਦੇ ਘਰ ਦੇ ਬਾਹਰ ਜਾਇ ਬੈਠੇ ਪਰ ਉਹ ਸਿੱਖ ਘਰੋਂ ਨਿਰਧਨ ਹੈਸੀ ਤੇ ਦਿਨੇ ਜੁੜੇ ਤੇ ਰਾਤੀ ਨਹੀਂ ਜੁੜਦਾਸੀ ਰਾਤ ਜੁੜੇ ਤਾਂ ਦਿਨੇ ਨਹੀਂ ਜੁੜੇ ਘਰਵਿਚ ਇਕ ਸਿੱਖ ਤੇ ਇਕ ਸਿੱਖਣੀ ਸੀ ਤੇ ਇਕ ਉਨ੍ਹਾਂ ਦਾ ਬਾਲ ਸੀ ਪਰ ਉਸ ਸਿੱਖਨੇ ਪ੍ਰਸਾਦਿ ਕੀਤਾ ਤਾਂ ਸ੍ਰੀ ਗੁਰੂਜੀ ਉਨ੍ਹਾਂਦੇ ਘਰ ਪ੍ਰਸਾਦਿਪਾਯਾ ਅਤੇ ਅਗਲੇਦਿਨ ਉਸ ਸਿੱਖ ਥੋਂ ਕੁਛ ਹੋਇ ਨ ਆਵੇ ਕਿਤੇ ਹੱਥ ਨ ਪਵੇ ਤਾਂ ਉਸਸਿੱਖਨੇ ਏਹ ਕੰਮ ਕੀਤਾ ਜੋ ਸਿਰਦੇ ਵਾਲ ਲਾਹੇਤੇ ਉਨਾਂਦੀ ਸੇਲੀਗੁੰਦੀ ਓਹ ਵੇਚਕੇ ਅੰਨ ਲੈਆਂਦਾ ਪਰ ਓਸਸਿੱਖਨੇ

CC-0. Gurukul Kangri University Haridwar Collection. Digitized by S3 Foundation USA

ਪਾਹੁਲ ਨਹੀਂ ਸੀ ਲਈ ਹੋਈ ਜਦ ਓਸਨੇ ਆਪਨੀ ਸਿੱਖਨੀ ਨੂੰ ਕਹਿਆ ਤੂੰ ਪ੍ਰਸਾਦਿ ਕਰ ਤਾਂ ਓਹ ਲੱਗੀ ਪ੍ਰਸਾਦ ਕਰਨ ਤੇ ਅੰਦਰੋਂ ਬਰਤਨ ਲੈਨ ਗਈ ਤਾਂ ਬਾਹਰ ਲ ੍ਹੇ ਪੈਕੇ ਸੜਕਰ ਮਰ ਗਿਆ ਜਦ ਓਹ ਸਿੱਖਣੀ ਬਾਹਰ ਆਈ ਤਾਂ ਕਿਆ ਦੇਖੇ ਜੋ ਲੜਕਾ ਮਰ ਗਿਆ ਤਾਂ ਉਸ ਸਿੱਖਣੀ ਨੇ ਦੇਖਕਰ ਉਸ ਲੜਕੇ ਨੂੰ ਕਪੜੇ ਵਿਚ ਲਪੇਟ ਕੇ ਅੰਦਰ ਰੱਖ ਛੱਡਿਆ ਪਰ ਅਪਣੇ ਭਰਤੇ ਨੂੰ ਉਸਨੇ ਨਹੀਂ ਦੱਸਿਆ ਕਿਉਂਕਿ ਮਤ ਸਾਧ ਭੁੱਖੇ ਦੁਰਜਾਨ ਦਿਲਗੀਰ ਹੋਇਕੇ ਇਹ ਵਿਚਾਰਕੇ ਸਿੱਖਣੀ ਚੁਪਕਰ ਰਹੀ ਜਦ ਪ੍ਰਸਾਦਿ ਤਿਆਰ ਹੋਯਾ ਤਾਂ ਆਪਨੇ ਭਰਤੇ ਨੂੰ ਆਖਿਆ ਲੌ ਮਹਾਰਾਜਜੀ ਪ੍ਰਸਾਦਿ ਤਿਆਰ ਹੈ ਸੰਤਾਂ ਨੂੰ ਸੱਦ ਲੈਆਉ ਤਾਂ ਉਸ ਸਿੱਖਨੇ ਸ੍ਰੀ ਗੁਰੂਜੀ ਕੋ ਆਇਕਰ ਕਹਿਆਜੀ ਮੇਹਰਬਾਨ ਪ੍ਰਸਾਦਿ ਤਿਆਰ ਹੈ ਤਾਂ ਸ੍ਰੀ ਗੁਰੂ ਬਾਬਾ ਨਾਨਕ ਜੀ ਉਠਕਰ ਉਸਦੇ ਘਰ ਜਾਇ ਪ੍ਰਾਪਤਿ ਹੋਏ ਤਾਂ ਉਸ ਸਿੱਖਨੇ ਪ੍ਰਸਾਦਿ ਸ੍ਰੀ ਗੁਰੂ ਜੀ ਦੇ ਅੱਗੇ ਰੱਖਿਆ ਤਾਂ ਸ੍ਰੀ ਬਾਬਾਜੀ ਸਰਬ ਘਟਾਂ ਕੇ ਅੰਤਰਜਾਮੀ ਕਹਿਣ ਲੱਗੇ ਸਿੱਖਣੀਏ ਉਸ ਬਾਲ ਨੂੰ ਸੱਦੋ ਕਿੱਥੇ ਹੈ ਤਾਂ ਸਿੱਖਣੀ ਕਹਿਆ ਜੀ ਕਿਤੇ ਅੰਦਰ ਬਾਹਰ ਸੁੱਤਾ ਪਿਆ ਹੋਵੇਗਾ ਤਾਂ ਗੁ ੂ ਜੀ ਕਹਿਆ ਸਿੱਖਨੀਏ ਉਸਨੂੰ ਬੁਲਾਇ ਲਿਆਓ ਤਾਂ ਉਸ ਸਿੱਖਣੀ ਕਹਿਆ ਜੀ ਸੱਚੇ ਪਾਤਸ਼ਾਹ ਓਹ ਤਾਂ ਹੁਣੇ ਸੁੱਤਾ ਹੈ ਅਤੇ ਆਪ ਪ੍ਰਸਾਦਿ ਛਕੀਏ ਜੀ ਤਾਂ ਫੇਰ ਗੁਰੂਜੀ ਕਹਿਆ ਸਿੱਖਣੀਏਂ ਤੇਰੇ ਬਾਲਕਦਾ ਨਾਉਂ ਕਿਆ ਹੈ ਤਾਂ ਸਿੱਖਣੀ ਕਹਿਆ ਹੈ ਗਰੀਬ ਨਿਵਾਜਜੀ ਉਸਦਾ ਨਾਉਂ ਲਾਲਾ ਹੈ ਤਾਂ ਗੁਰੂਜੀ ਕਹਿਆ ਬੱਚਾ ਲਾਲਿਆ ਤੂੰ ਬਾਹਰ ਆਉ ਅਤੇ ਇਤਨੇ ਹੀ ਗੁਰੂ ਜੀ ਦੇ ਕਹਿਣੇ ਨਾਲ ਓਹ ਬਾਲਕ ਖੇਡਤਾ ਖੇਡਤਾ ਬਾਹਰ ਆਇ ਗਿਆ ਤੇ ਸ੍ਰੀ ਗੁਰੂ ਨਾਨਕ ਦੇ ਚਰਨਾਂ ਪਰ ਮੱਥਾ ਟੇਕਿਆ ਅਤੇ ਓਹ ਸਿੱਖ ਤੇ ਸਿੱਖਨੀ ਗੁਰੂਜੀ ਦੇ ਅੱਗੇ ਢਹਿ ਪਏ ਤੇ ਆਖਿਓ ਨੇ ਕਿ ਵਾਹ ਤੇਰੀ ਕੁਦਰਤ ਤਾਂ ਫੇਰ ਅਗਲੇ ਭੁਲਕ ਓਸ ਸਿੱਖ ਪਾਸੋਂ ਕੁਛ ਹੋਇਆ ਵੇ ਨਾਹੀਂ ਤਾਂ ਓਹ ਸਿੱਖ ਸਿੱਖਣੀ ਸਲਾਹ ਕਰਕੇ ਉਸ ਬਾਲਕ ਕੋ ਵੇਚਨੇ ਗਏ ਤਾਂ ਗੁਰੂਜੀ ਕਹਿਆ ਭਾਈ ਸਿੱਖਾ ਓਹ ਬਾਲਕ ਕਿੱਥੇ ਹੈ ਤਾਂ ਸਿੱਖਨੇ ਹੱਥ ਜੋੜ ਕਰ ਅਰਦਾਸ ਕੀਤੀ ਜੀ ਪਾਰਬ੍ਰਹਮ ਜੀ ਆਪ ਨੂੰ ਸਭ ਕੁਛ ਮਾਲੂਮ ਹੈ ਅਤੇ ਅਸੀ ਕਪਟੀ ਹਾਂ ਤਾਂ ਸ੍ਰੀ ਗੁਰੂਜੀ ਕਹਿਆ ਭਈ ਸਿੱਖਾ ਤੂੰ ਉਸ ਬਾਲਕ ਨੂੰ ਲੈਆਉ ਤਾਂ ਓਹ ਸਿੱਖ ਲੜਕੇ ਨੂੰ ਲੈਆਯਾ ਤੇ ੍ਹ ਰੂ ਜੀ ਅੱਗੇ ਖੜਾ ਆਣ ਕੀਤਾ ਤਾਂ ਗੁਰੂ ਨਾਨਕ ਜੀ ਉਸ ਲੜਕੇ ਨੂੰ ਪੁੱਛਿਆ ਰੇ ਬਾਲਕ ਤੇਰੇ ਮਾਂ ਅਰ ਬਾਪ ਤੈਨੂੰ ਵੇਚਦੇ ਹੈਨ ਤੂੰ ਚੱਕੀ ਪੀਸੇਂਗਾ ਅਰ ਪਾਣੀ ਭਰੇਂਗਾ ਅਰ ਪੱਖਾ ਕਰੇਂਗਾ ਅਤੇ ਨਿਰਤਕਾਰੀ ਕਰੇਂਗਾ ਤਾਂ ਉਸ ਲੜਕੇ ਨੇ ਆਖਿਆ ਜੀ ਸੱਚੇ ਪਾਤਸ਼ਾਹ ਜੀ ਜੋ ਕੁਛ ਖ਼ਸਮ ਦੀ ਰਜ਼ਾਇ ਹੋਵੇਗੀ ਸੋ ਮੇਰੇ ਮਾਥੇ ਪਰ ਜੀ ਤਾਂ ਫੇਰ ਗੁਰੂ ਨਾਨਕ ਜੀਨੇ ਉਸ ਲੜਕੇ ਨੂੰ ਕਹਿਆ ਕਿਉਂ ਰੇ ਬਾਲਕੇ ਤੂੰ ਖਾਵੇਂਗਾ ਕਿਆ ਅਰ ਪਹਿਨੇਗਾ ਕਿਆ ਅਰ ਕੰਮ ਕਿਆ ਕਰੇਂਗਾ ਤਾਂ ਉਸ ਬਾਲਕੇ ਨੇ ਕਹਿਆ ਜੀ ਜੋ ਕੁਛ ਖਵਾਉਗੇ ਸੋ ਖਾਵਾਂਗਾ ਜੋ ਕੁਝ ਪਹਿਨਾਓਗੇ ਸੋ ਪਹਿਨਾਂਗਾ ਅਤੇ ਜੋ ਕੰਮ ਕ ਹੋਗੇ ਸੋ ਕਰਾਂਗਾ ਜੀ ਅਰ ਜਿੱਥੇ ਰੱਖੋਗੇ ਓਥੇ ਰਹਾਂਗਾ ਜਦ ਮੈਂ

CC-0. Gurukul Kangri University Haridwar Collection. Digitized by

ES OF INTERNET // ABHINAV GAUR //
UTH

ਆਪਦਾ ਮੁੱਲ ਖਰੀਦਿਆ ਗਿਆ ਤਾਂ ਮੇਰਾ ਆਪਦੇ ਅੱਗੇ ਕਿਆ ਉਜ਼ਰਹੈਜੀ ਏਹ ਬਾਰਤਾ ਸੁਣਕਰ ਸ੍ਰੀਗੁਰੂ ਜੀ ਕਹਾ ਵਾਹ ਤੇਰੀ ਕੁਦਰਤਿ ਨਿਰੰਕਾਰ ਜੀ ਜੋਕਰ ਏਹ ਸੁਭਾਵਤੇਏਹ ਬਾਰਤਾ ਅਸਾਡੇ ਵਿੱਚ ਹੋਵਣ ਤਾਂ ਅਸੀ ਜਾਣੀਏਂ ਜੋ ਅਸਾਂ ਉੱਪਰ ਤੇਰੀਮੇਹਰਬਾਨੀ ਹੈ ਪਰ ਅੱਛਾ ਫੇਰਭੀ ਧੰਨਹੈਂ ਜੋ ਸਾਡੇ ਔਗਣ ਵੱਲ ਨਹੀਂ ਦੇਖਦਾ ਅਸੀਂ ਤੇਰੇ ਉਪਰ ਕਈ ਬਾਰਤਾ ਕਰਨੇ ਹਾਂ ਹੇ ਭਗਵੰਤ ਜੀ ਅਸਾਡੇ ਵਾਸਤੇ ਏਹ ਬਾਤ ਦੇਹ ਅਸਾਂਨੂੰ ਏਹ ਦੇਹ ਫੇਰ ਆਪ ਅਸਾਡੇ ਚੋਜਾਂ ਵਲ ਧਯਾਨ ਨਹੀਂ ਕਰਦਾ ਹੇ ਨਿਰੰਕਾਰ ਤੂੰ ਧੰਨ ਹੈਂ ਹੇ ਪਾਰਬ੍ਰਹਮ ਜੀ ਜੈਸਾ ਸੁਭਾਵ ਲੜਕੇ ਨੂੰ ਦਿੱਤਾ ਸੋਈ ਸੁਭਾਵ ਅਸਾਨੂੰ ਮੇਹਰਬਾਨੀਕਰੋਤਾਂਅਸੀਭੀ ਤੇਰੇ ਭਾਣੇ ਉਪਰਖੁਸ਼ੀ ਹੋਇਕਰ ਚਲੀਏ ਏਹ ਪ੍ਰਾਰਥਨਾਸ੍ਰੀਨਿਰੰਕਾਰਜੀ ਅੱਗੇਸ੍ਰੀਗੁਰੂ ਨਾਨਕ ਜੀ ਕੀਤੀ ਜਗਤ ਦੇ ਭਲੇ ਵਾਸਤੇ ਜੋਸੰਸਾਰੀਜੀਵ ਸ੍ਰੀ ਪਰਮੇਸ਼ਰ ਦੇ ਭਾਣੇ ਉਪਰ ਭਰੋਸਾ ਰੱਖਨਤੇ ਹੰਕਾਰ ਨਾ ਕਰਨ ਏਹਕਹਿਕਰ ਉਨਾਂ ਸਿੱਖਾਂ ਨੂੰਤੇ ਲੜ ਨੂੰ ਗਲ ਨਾਲਲਗਾਯਾ ਤੇ ਉਸ ਲੜਕੇ ਦੇ ਪ੍ਰਥਾਇ ਇਕ ਸ਼ਬਦ ਆਖਿਆ ॥ ਰਾਗ ਮਾਰੂ ਮਹਲਾ ੧ ॥

ਮੁੱਲ ਖਰੀਦੀ ਲਾਲਾ ਗੋਲਾ ਮੇਰਾ ਨਾਮ ਸੁਭਾਗਾ॥ ਗੁਰਕੀ ਬਚਨੀ ਹਾਟਬਿਕਾਨਾ ਜਿਤ ਲਾਇਆ ਤਿਤ ਲਾਗਾ ॥ ਤੇਰੇਲਾਲੇਕਿਆ ਚਤੁਰਾਈ॥ ਸਾਹਿਬ ਕਾ ਹੁਕਮ ਨ ਕਰਣਾਜਾਈ॥ ੧ ॥ ਰਹਾਉ ॥ ਮਾਂ ਲਾਲੀ ਪਿਉ ਲਾਲਾ ਮੇਰਾ ਹਉ ਲਾਲੇ ਕਾ ਜਾਇਆ ॥ ਲਾਲਾ ਗਾਵੇ ਲਾਲੀ ਨਾਚੇ ਭਗਤਿ ਕਰਉ ਤੇਰੀਰਾਇਆ॥੨॥ ਪੀਅਹਿ ਭਾਂ ਪਾਣੀ ਆਣੀ ਮੀਰਾਂ ਖਾਹਿ ਭਪੀਸਣਜਾਉ॥ ਪੱਖਾ ਫੇਰੀ ਪਾਉ ਮਲੋਵਾ ਜਪਤ ਰਹਾਂ ਤੇਰਾ ਨਾਉ ॥ ੩ ॥ ਲੂਨ ਹਰਾਮੀ ਨਾਨਕ ਲਾਲਾ ਏਖਸਹਿ ਤੁਧ ਵਡਿਆਈ ॥ ਆਦਿ ਜੁਗਾਦਿ ਦਇਆ ਪਤਿ ਦਾਤਾ ਤੁਧਵਿਣ ਮੁਕਤਿ ਨ ਪਾਈ ॥ ੪ ॥ ੧ ॥

ਏਹ ਸ਼ਬਦ ਸੁਣਕਰ ਓਹ ਸਿਖ ਸ੍ਰੀ ਗੁਰੂ ਨਾਨਕ ਜੀਦੇ ਚਰਨੀਂ ਆਇਪਏ ਤਾਂਗੁਰੂਜੀਨੇ ਉਨਾਂ ਨੂੰ ਸਤਿਨਾਮ ਦਾ ਉਪਦੇਸ਼ ਦਿੱਤਾ ਅਰ ਹੁਕਮ ਕੀਤਾ ਧਰਮ ਦੀ ਕਿਰਤ ਕਰਨੀ ਤੇ ਦਸਵੰਧ ਦੇਨਾ ਆਏ ਸਿੱਖਦੀਸੇਵਾਕਰਨੀ ਤੇਨਾਮ ਜਪਨਾ ਤੁਸਾਡੀ ਕਿਰਤ ਕਮਾਈ ਵਿਚ ਬਰਕਤ ਹੋਵੇਗੀ ਅਤੇ ਲੋਕਪਰਲੋਕ ਤੁਸਾਡਾਸੌਰੇਗਾ ਤਾਂ ਓਹ ਸਿੱਖ ਲਗੇਗੁਰੂ ਗੁਰੂ ਜਪਣ ਸ੍ਰੀ ਗੁ ਨਾਨਕ ਜੀਦੀ ਸਿੱਖੀ ਧਾਰਣ ਕੀਤੀ ਸਰਬੱਤ ਨੇ ਮਿਲਕਰ ਗੁਰੂਜੀਦੇਚਰਨਧੋਇ ਕਰਪਾਹੁਲਲੀਤੀਤੇਮਹਾਰਾਜਜੀਉਸਸਾਰੇਪਿੰਡਪਰਖੁਸ਼ੀਕਰਕੇਓਥੋਂ ਚਲਦੇਰਹੇ॥੧੧੧॥

ਅੱਗੇ ਗੁਰੂ ਨਾਨਕ ਜੀ ਹੋਰ ਸਿੱਖ ਦੇ ਗਏ

ਸ੍ਰੀਗੁਰੂਜੀ ਓਥੋਂ ਜਦ ਤੁਰੇ ਤਾਂ ਮੈਨੂੰਕਹਿਆ ਬਾਲਾਇਕਸਿੱਖਏਥੇਰਹਿੰਦਾਹੈਉਸਨੂੰਚਲਦੇ ਚਲਦੇਮਿਲਜਾਵੀਏਂ ਗੇਤਾਂਸ੍ਰੀ ਗੁਰੂਨਾਨਕਜੀਉਸਸਿੱਖਦੇਘਰ ਜਾਇਬੈਠੇ ਅਤੇ ਉਹ ਸਿੱਖ ਆਏ ਸੰਤ ਦੀ ਸੇਵਾਕਰਦਾਹੁੰਦਾ ਸੀ ਅਤੇ ਹਰਇਕ ਸਾਧਨੂੰ ਪੁੱਛਦਾਸੀ ਕਿਦੀਨਦਿਆਲ

CC-0. Gurukul Kangri University Haridwar Collection. Digitized by S3 Foundation USA

ਜੀ ਸੰਤਾਂਦੇ ਮਿਲਨ ਦਾ ਕੀ ਫਲ ਹੈ ਤਾਂ ਉਸ ਨੂੰ ਕੋਈ ਕੁਛ ਦੱਸਜਾਏ ਕੋਈਕੁਛ ਦੱਸ ਜਾਏ ਸੋ ਉਸ ਸਿੱਖਦੇ ਘਰ ਸ੍ਰੀਗੁਰੂਜੀਜਾਇ ਬੈਠੇ ਤਾਂ ਉਸਨੇ ਬਹੁਤ ਸੇਵਾ ਕੀਤੀ ਜਾਂ ਪ੍ਰਾਤਾਕਾਲ ਹੋਈ ਤਾਂ ਕਹਿਓਸੁ ਹੇਮੇਹਰਵਾਨਜੀਸੰਤਾਂਦੇਮਿਲਨਦਾਕੀ ਮਹਾਤਮਹੁੰਦਾਹੈ ਤਾਂਸ੍ਰੀ ਗੁਰੂਜੀ ਕਹਿਆ ਸੁਨ ਭਾਈ ਤੈਂ ਅੱਗੇ ਭੀ ਕਿਸੇ ਸਾਧ ਨੂੰ ਪੁਛਿਆ ਹੈਤਾਂਉਸ ਸਿੱਖਨੇਕਹਿਆਗ਼ੀਬ ਨਿਵਾਜ਼ਜੀ ਅੱਗੇ ਕਈ ਸੰਤ ਮੇਰੇ ਘਰ ਆਏ ਹੈਨ ਸੋ ਜੈਸੀ ਮੇਰੇ ਪਾਸੋਂ ਸੇਵਾ ਹੁੰਦੀਹੈ ਸੋ ਮੈਂ ਕਰਦਾਹਾਂਜੀ ਤੇ ਜਿਸਨੂੰ ਪੁਛਦਾਹਾਂ ਕੋਈ ਕੁਛ ਦਸਦਾਹੈ ਕੋਈ ਕੁਛ ਦਸ ਜਾਂਦਾਹੈਹੇ ਮੇਹਰ ਬਾਨਜੀ ਮੇਰੀ ਨਿਸ਼ਾਨਹੀਂਹੁੰਦੀਜੀ ਤਾਂਗੁਰੂਨਾਨਕਜੀਆਖਿਆ ਸੁਣਭਾਈਸਿੱਖਾ ਤੂੰਸਵੇਰੇ ਉਠਕੇ ਫਲਾਣੇ ਜੰਗਲਵਿਚ ਜਾਈਂ ਓਥੇ ਜੋ ਕੋਈ ਤੈਨੂੰ ਮਿਲੇਗਾ ਸੋ ਤੇਰੀ ਨਿਸ਼ਾ ਕਰੇਗਾ ਜੇਓਥੇ ਤੇਰੀਨਿਸ਼ਾ ਨਾ ਹੋਵੇ ਤਾਂ ਤੂੰ ਅਸਾਡੇਪਾਸ ਆਇਜਾਈਂ ਜਦ ਗੁਰੂਜੀਕਹਿਆਤਾਂਓਹ ਸਿੱਖ ਅਗਲੇ ਭਲਕ ਉਠਕੇ ਜੰਗਲ ਵਿਚਗਿਆ ਤਾਂ ਓਥੇ ਇਕ ਕਾਉਂਨੀਤੇਇਕਕਾਉਂਦਾ ਜੋੜਾ ਬੈਠਾ ਹੈ ਤਾਂ ਓਹ ਸਿੱਖਤਿੰਨ ਚਾਰ ਘੜੀਆਂ ਬੈਠਕਰ ਆਇਗਿਆ ਅਤੇ ਗੁਰੂ ਜੀ ਦੇ ਚਰਨਾਂ ਉਪਰ ਮੱਥਾ ਟੇਕਿਆ ਅਤੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੀ ਓਥੇ ਤਾਂ ਕੋਈ ਨਹੀਂ ਬੈਠਾ ਦੇਖਿਆ ਪਰ ਇਕ ਕਾਂਵਾਂ ਦਾ ਜੋੜਾ ਓਥੇ ਨਜ਼ਰੀ ਆਯਾ ਹੈ ਸੋਮੈਂ ਚਾਰ ਘੜੀਆਂ ਬੈਠਕਰ ਉਠਆਯਾਹਾਂ ਤਾਂ ਸ੍ਰੀ ਗੁਰੂਜੀ ਕਹਿਆ ਭਾਈ ਭਲਕੇ ਫੇਰ ਜਾਵੀਂ ਤਾਂਓਹ ਸਿਖ ਸਵੇਰੇ ਉਠਕੇ ਫੇਰ ਗਿਆ ਤਾਂ ਕਿਆਦੇਖੇ ਜੋ ਬਗਲਿਆਂ ਦਾ ਜੋੜਾ ਬੈਠਾਹੈ ਫੇਰ ਸਿਖ ਬੈਠਕੇ ਉਠਆਯਾ ਤੇ ਗੁਰੂ ਜੀਕੇ ਚਰਨਾਂ ਉਪਰ ਮੱਥਾ ਟੇਕਿਆ ਤੇ ਕਹਿਓਸਜੀਓਥੇਇਕ ਬਗਲਿਆਂ ਦਾ ਜੋੜਾਹੈ ਤਾਂ ਫੇਰ ਸ੍ਰੀ ਬਾਬੇ ਜੀਕਹਿਆ ਭਾਈ ਤੂੰ ਓਥੇਹੀ ਜਾਹ ਤੇਰੀ ਨਿਸ਼ਾ ਓਥੇ ਹੀ ਹੋਵੇ ਗੀ ਤਾਂ ਓਹ ਸਿਖ ਫੇਰ ਸਵੇਰੇ ਗਿਆ ਤੇ ਕਿਆ ਦੇਖੇ ਇਕ ਜੋੜਾ ਹੰਸਾਂਦਾ ਬੈਠਾ ਹੈ ਤਾਂ ਓਹ ਸਿਖ ਕੁਛ ਕਾਲ ਬੈਠਕੇ ਓਥੋਂ ਉਠਆਯਾ ਤੇ ਸ੍ਰੀ ਗੁਰੂਨਾਨਕ ਜੀ ਅੱਗੇ ਬੇਨਤੀ ਕੀਤੀ ਜੀ ਸੱਚੇ ਪਾਦਸ਼ਾਹ ਓਥੇ ਇਕ ਹੰਸਾਂ ਦਾ ਜੋੜਾ ਹੈ ਤਾਂ ਸ੍ਰੀ ਗੁਰੂਨਾਨਕਜੀ ਕਹਿਆ ਭਾਈ ਤੂੰ ਇਕਦਿਨ ਫੇਰ ਜਾਹਤਾਂ ਓਹ ਸਿਖ ਸੁਬਹਦੇਵਕਤ ਉਠਕਰ ਉਸਜੰਗਲਦੇਵਿਚ ਗਿਆ ਤਾਂ ਕਿਆ ਦੇਖੇ ਜੋ ਦੋ ਆਦਮੀ ਹੈਨ ਇਕਪੁਰਖਤੇ ਇਕ ਔਰਤ ਬੈਠੇਹੈਂ ਤਾਂਓਸ ਸਿੱਖ ਨੇ ਓਨਾਂ ਨੂੰ ਪੁਛਿਆ ਭਾਈ ਸਾਧ ਦੇ ਮਿਲਨ ਦਾ ਕੀ ਫਲ ਹੁੰਦਾ ਹੈ ਤਾਂ ਉਸ ਇਸਤ੍ਰੀ ਪੁਰਖ ਕਹਿਆ ਭਾਈ ਅਜੇ ਤੈਨੂੰ ਸਾਧ ਦੇ ਮਿਲਨਦਾ ਫਲ ਨਹੀਂ ਮਿਲਿਆ ਸੁਣ ਭਾਈਪਰਮੇਸ਼ਰ ਦੇ ਪਿਆਰੇ ਅਸਾਨੂੰ ਤਾਂ ਤੇਰੇ ਮਿਲਨ ਦਾ ਇਹਫਲਹੂਆ ਹੈ ਜੋਪਹਿਲੇ ਦਿਨ ਅਸੀ ਕਾਉਂ ਕਾ ਜੋੜਾ ਹੈਸਾਂ ਤੇਰਾ ਦਰਸ਼ਨ ਕੀਆ ਤਾਂ ਬਗਲੇ ਹੋਇਗਏ ਜਾਂ ਫੇਰ ਮਿਲੇ ਤਾਂ ਹੰਸ ਹੋਇਗਏ ਅੱਜ ਤੇਰੇ ਦਰਸ਼ਨ ਕਾ ਸਦਕਾ ਅਸੀ ਮਨੁੱਖਦੇਹੀਸਬਤੇਵਸ਼ੇਸ਼ ਪਾਈਹੈ ਸੋ ਭਾਈਅਸੀਮਹਾਂ ਪਤਿਤਪਾਪੀਹੈਗੇਸਾਂਤੇਹੁਣਭਾਈਸਿੱਖਾਕਾਕ ਜੂਨਥੀਂ ਦੇਵਦੇਹੀ ਪਾਈਹੈ ਅਤੇ ਜਨਮ ਮਰਨ ਕੇਦੁਖ ਕਾਟੇਗਏ ਹੈਨ ਸੋਭਾਈ ਸਿਖਾ ਧੰਨਤੇਰਾਗੁਰੂਹੈ ਅਤੇਧੰਨਤੂੰਹੈਂ ਤੇ ਧੰਨ ਤੇਰੀ ਪ੍ਰਤੀਤ

CC-0. Gurukul Kangri University Haridwar Collection. Digitized by S3 Foundation USA

ES OF INTERNET // ABHINAV GAUR //
IUTH

ਹੈ ਤੇਰੇ ਦਰਸ਼ਨ ਕਰਕੇ ਸਾਨੂੰ ਏਹ ਫਲ ਪ੍ਰਾਪਤ ਹੋਯਾ ਹੈ ਅਸੀਂ ਮੁਕਤਿਨੂੰ ਪ੍ਰਾਪਤ ਹੋਏ ਹਾਂ ਜਾਂ ਏਹ ਬਾਤ ਸਿਖ ਨੇ ਸੁਣੀ ਤਾਂ ਸਿਖ ਦੇ ਕਪਾਟ ਖੁਲ੍ਹਗਏ ਅਰ ਦਿਬਦ੍ਰਿਸ਼ਟ ਹੋਇਗਈ ਤਾਂ ਓਹ ਸਿਖ ਤੇ ਦੋਵੇਂ ਓਹਸਭਇਕੱਠੇ ਹੋਇਕੇ ਸ੍ਰੀ ਗੁਰੂ ਜੀ ਦੀ ਚਰਨੀਂ ਆਇਪਏ ਤੇ ਆਖਿਓ ਨੇ ਧੰਨ ਤੇਰੀ ਕਮਾਈ ਤਾਂ ਸ੍ਰੀਗੁਰੂਨਾਨਕ ਜੀ ਆਖਿਆ ਸੁਣ ਭਾਈ ਸਿੱਖਾ ਹੁਨ ਤੇਰੀ ਨਿਸ਼ਾ ਹੋਈ ਹੈ ਕਿ ਨਾਹੀਂ ਤਾਂ ਓਸ ਸਿਖਨੇ ਕਹਿਆ ਜੀ ਸੱਚੇ ਪਾਤਸ਼ਾਹ ਤੇਰੀਆਂ ਭੂਹੇਂ ਜਾਨੇ ਜੀ ਪਰਜੀ ਜੇ ਪਰਮੇਸ਼ਰ ਮਿਲਪਵੇ ਤਾਂ ਓਥੇ ਨਿਸ਼ਾ ਦੀ ਕਿਆ ਬਾਤ ਹੈ ਤਾਂ ਸ੍ਰੀਗੁਰੂਜੀ ਕਹਿਆ ਸੁਣੋ ਭਾਈ ਸਿੱਖੋ ਪਰਮੇਸ਼ਰ ਪਤਿਤਪਾਵਨ ਕਾ ਜਾਪ ਕਰੋ ਅਤੇ ਕਿਰਤ ਕਮਾਈ ਧਰਮ ਦੀ ਕਰਨੀ ਦਸਵੰਧ ਸ੍ਰੀਗੁਰੂਜੀ ਕੇ ਨਾਮ ਕਾ ਦੇਵਣਾ ਤਾਂ ਤੁਮਾਰਾ ਮਨ ਨਿਰਮਲ ਹੋਵੇਗਾ ਅਤੇ ਆਏ ਸੰਤ ਸਾਧ ਦੀ ਸੇਵਾ ਕਰਨੀ ਮਿੱਠਾ ਬੋਲਨਾਂ ਤਾਂ ਤੁਸਾਡੀ ਸੇਵਾ ਕਬੂਲ ਪਵੇਗੀ ਅਤੇ ਤੁਮਾਰੇ ਜਨਮ ਜਨਮਾਂਤਰਾਂ ਦੇ ਪਾਪ ਦੂਰ ਹੋਵਨ ਗੇ ਤਾਂ ਓਹ ਸਿੱਖ ਲਗੇ ਗੁਰੂ ਗੁਰੂ ਜਪਣ ਤਾਂ ਸ੍ਰੀਗੁਰੂਜੀ ਨੇ ਏਹ ਤੁਕ ਪੜ੍ਹੀ ॥ ਜੇ ਤੁਧੁ ਭਾਵੈ ਨਾਨਕਾ ਕਾਗਹੁ ਹੰਸੁ ਕਰੇਇ ॥ ਏਹ ਤੁਕ ਪੜ੍ਹ ਕਰ ਸ੍ਰੀਗੁਰੂਜੀ ਆਖਿਆ ਹੇ ਭਗਵੰਤਜੀ ਜੋ ਤੈਨੂੰ ਭਾਂਵਦੀ ਹੈ ਸਾਈ ਬਾਤ ਅੱਛੀ ਹੈ ਤੂੰ ਚਾਹੇਂ ਤਾਂ ਬੜੇ ਪਾਪੀਆਂ ਨੂੰ ਭੀ ਬਖ਼ਸ਼ ਕਰਕੇ ਸਦਗਤੀ ਦੇਵੇਂ ॥ ਬੋਲਹੁ ਜੀ ਵਾਹਿਗੁਰੂ ॥੧੧੨॥

ਆਗੇ ਸਾਖੀ ਆਰਤੀ ਸੋਹਿਲੇ ਕੀ ਚਲੀ

ਇਕਦਿਨ ਗੁਰੂਨਾਨਕ ਜੀ ਸ੍ਰੀ ਨਿਰੰਕਾਰ ਦੇ ਧਿਆਨ ਵਿਚ ਬੈਠੇ ਹੋਏ ਸਾਨ ਨਿਰੰਕਾਰ ਦੀ ਜਤ ਮੈਂ ਧਿਆਨ ਲਗਾ ਹੋਇਆ ਸੀ ਤਿਸ ਨਿਰੰਕਾਰ ਦੀ ਕੁਦਰਤ ਕੋ ਦੇਖ ਕਰ ਬਿਸਮਾਦ ਬਲਿਹਾਰ ਹੋਇਰਹੇ ਸ਼ਾਨ ਇਤਨੇ ਮੈਂ ਕਿਆ ਕੌਤਕ ਦੇਖਨ ਜੋ ਸੰਸਾਰ ਦੇ ਬਾਬਤ ਹੁਕਮ ਹੋਯਾ ਜੋ ਹੇ ਨਾਨਕ ਜੀ ਸੰਸਾਰ ਕੋ ਕਿਛ ਖਬਰ ਨਾਹੀਂ ਜੋ ਕਿਆ ਵਰਤਾਰਾ ਵਰਤਦਾ ਹੈ ਅਤੇ ਸ੍ਰੀ ਪ੍ਰਮੇਸ਼ਰ ਜੀ ਦੀ ਦਰਗਾਹ ਵਿਚ ਪੁੰਨਾਂ ਪਾਪਾਂ ਦੇ ਦਫਤਰ ਲਿਖੀ ਦੇ ਹੈਨ ਪਾਪਾਂ ਕੋ ਸਜਾਇ ਲਿਖੀ ਦੀ ਹੈ ਪੁੰਨਾਂ ਕਉ ਬਖਸ਼ੀਸ਼ ਲਿਖੀ ਦੀ ਹੈ ਪਰ ਹੇ ਨਾਨਕ ਜੀ ਸੰਸਾਰ ਪਾਪਾਂ ਕੋ ਹੀ ਲਗਾ ਹੈ ਇਸ ਕੌਤਕ ਕੋ ਦੇਖਕਰ ਗੁਰੂ ਨਾਨਕ ਜੀ ਕੇ ਮਨ ਵਿਚ ਮਿਹਰ ਆਈ ਏਹੁ ਬਾਤ ਬਾਬੇ ਨਾਨਕ ਜੀ ਮਨ ਵਰਤਨੇ ਨਾਲ ਸ਼੍ਰੀ ਨਿਰੰਕਾਰ ਜੀ ਕਹਿਆ ਹੇ ਨਾਨਕ ਜੀ ਮੈਨੂੰ ਤਾਂ ਕੋਈ ਜਾਣਦਾ ਸਿਮਰਦਾ ਨਹੀਂ ਅਰ ਸਭ ਕੋਈ ਮਾਇਆ ਦੇ ਮਗਰ ਲਗ ਰਹਿਆ ਹੈ ਤਾਂਹੀ ਦੁਖ ਸੰਸਾਰ ਦੇ ਵਾਸਤੇ ਤਿਆਰ ਕੀਤੇ ਹੈ ਪਰਮੇਸ਼ਰ ਜੀ ਦੀ ਆਗਿਆ ਹੋਈ ਅਰੇ ਦੁਖ ਤੂੰ ਸੰਸਾਰ ਨੂੰ ਕੇਹੀ ਪੀੜ ਲਾਵਣੀ ਹੈ ਜੋ ਜੀਉ ਬਹੁਤ ਬਿਰਲਾਪ ਕਰਨ ਤਾਂ ਦੁਖ ਨੇ ਕਹਿਆ ਭਲਾ ਜੀ ਜਿਉਂ ਤੇਰੀ ਆਗਿਆ ਹੋਵੇ ਤਿਉਂ ਹੀ ਮੈਂ ਕਰਾਂਗਾ ਜੀ ਤਾਂ ਸ੍ਰੀਗੁਰੂਜੀ ਨੇ ਬੇਨਤੀ ਕੀਤੀ ਸ੍ਰੀ ਨਿਰੰਕਾਰ ਜੀ ਦੇ ਅਗੇ ਜੋ ਹੇ ਪਾਰਬ੍ਰਹਮ ਜੀ ਸੰਸਾਰ ਤਾਂ ਸਭ ਪਾਪਾਂ ਹੀ ਕੋ ਲਗ ਰਹਾ ਹੈ ਅਤੇ ਤੈਨੂੰ ਵਿਸਾਰ ਛੱਡਿਆ ਹੈ ਤਾਂਹੀ ਤੇ ਤੁਸਾਂ ਦੁਖਨੂੰ ਤਿਆਰ ਕੀਤਾ ਹੈ ਪਰ ਜੀ ਤੁਸਾਂ ਕੁਛ ਸੰਸਾਰ ਦੇ ਬਾਬਤ ਮਿਹਰਬਾਨ ਹੋਨਾ ਕਿਉਂ ਜੋ ਏਹ ਜੀਉ ਸਭ ਤੇਰੇ ਬਣਾਏ ਹੋਏ ਹੈਨ ਆਪਣੇ ਬਣਾਇ

CC-0. Gurukul Kangri University Haridwar Collection. Digitized by S3 Foundation USA

ਆਂ ਦੀ ਲਾਜਹੈ ਏਨਾਂਜੀਵਾਂਨੇ ਤੁਸਾਂਨੂੰ ਵਿਸਾਰਿਆਹੈ ਪਰਤੁਸਾਂ ਏਹਨਾਂਨੂੰਨਹੀਂਵਿਸਾਰਨਾ
ਕਈ ਜੀਵਾਂਨੂੰ ਆਪਨੇ ਰਖਲੈਨਾ ਜੀ ਭਾਂਸ੍ਰੀ ਨਿਰੰਕਾਰਜੀਕਹਿਆ ਹੇ ਨਾਨਕਜੀ ਮੈਂਕਿਆ
ਮੇਹਰਵਾਨ ਹੋਵਾਂ ਜਿਸਨੂੰ ਭਾਂ ਮੈਂ ਲਖ ਕਰੋੜੀ ਮਾਇਆ ਦਿੱਤੀ ਹੈ ਅਤੇ ਜੋਕੁਛ ਓਹ ਕਹਿੰਦੇ
ਹੈਨ ਸੋਈ ਮੈਂ ਓਨਾਂਦਾਆਖਿਆ ਕਰਦਾ ਹਾਂ ਭਾਂਓਹ ਮੇਰਾ ਨਾਮ ਕਦੇ ਭੀ ਨਹੀਂਜਪਦੇਸਗੋਂ
ਓਹਮੈਨੂੰ ਜਾਣਦੇ ਭੀ ਨਹੀਂ ਸਗੋਂ ਉਹਆਖਦੇਹੈਨਜੋ ਕਿਛੁ ਕਰਦੇਹਾਂ ਸੋਅਸੀਹੀਕਰਦੇਹਾਂ
ਸਾਡਾ ਹੀ ਕੀਤਾ ਸਭ ਕਿਛ ਹੁੰਦਾ ਹੈ ਓਹ ਅੱਠੇ ਪਹਿਰ ਐਸੀ ਹੀ ਕਹਿੰਦੇ ਹੈਨ ਪਰ ਜਾਂ ਮੈਂ
ਓਹਨਾਂਨੂੰ ਨੰਗਭੁੱਖਦੀ ਪੀੜਲਾਵਾਂਗਾ ਭਾਂਓਹਮੇਰੇ ਨਮਿਤ ਕੁਛਦਾਨ ਪੁੰਨ ਕਰਨਗੇ ਅਤੇ
ਮੈਨੂੰ ਜਾਨਹਿਗੇਵੀ ਅਤੇਯਾਦਭੀ ਕਰਨਗੇ ਹੇ ਨਾਨਕਜੀ ਸੰਸਾਰਤਾਂ ਸਭਸੁਆਦਾਂਹੀਵਿਚ
ਲਗਰਿਹਾਹੈ ਮੇਰੇਅਰਥ ਇਕ ਕੌਡੀਭੀ ਨਹੀਂਦੇਸਕਦੇ ਅਤੇਸੁਣਨਾਨਕਜੀ ਅਜੇਤਾਂਏਨਾਂ
ਪ੍ਰਾਨੀਆਂਦੀ ਥੋੜੀਆਰਜਾ ਹੈ ਤਾਂਭੀ ਮੈਨੂੰ ਕੋਈਨਹੀਂ ਯਾਦ ਕਰਦਾ ਸਭਮਾਇਆਹੀਨਾਲ
ਲਿਪਟ ਰਹੇ ਹੈਨ ਫੇਰ ਗੁਰੂਨਾਨਕਜੀ ਕਹਿਆ ਹੇਸ੍ਰੀ ਨਿਰੰਕਾਰ ਜੀ ਮੈਨੂੰਤੁਸਾਂ ਇਸਸੰਸਾਰ
ਵਿਚ ਭੇਜਿਆਹੈਸਚ ਦਾ ਰਾਹ ਦ੍ਰਿੜ੍ਹਾਵਨ ਵਾਸਤੇ ਹੇ ਕਰਨ ਕਾਰਨ ਈਸ਼ਰਜੀ ਮੇਰੀ ਏਹੁ
ਅਰਜਹੈ ਆਪਨੇ ਇਸ ਸੰਸਾਰਦੇ ਬਾਬ ਮਿਹਰਬਾਨ ਹੋਣਾਏਹੁ ਤੇਰੀ ਸਾਜਨਾ ਸਾਜੀ ਹੋਈ
ਹੈ ਕਿਨਾਂਕਿਨਾਂਜੀਵਾਂ ਕਉ ਆਪਨੇ ਰਖਨਾ ਜੀ ਭਾਂ ਸ੍ਰੀਨਿਰੰਕਾਰਜੀਕਹਿਆ ਹੇ ਨਾਨਕ ਤੂੰ
ਮੇਰਾ ਪਿਆਰਾ ਭਗਤਹੈਂ ਮੇਰੇ ਨਾਮਹੀ ਸਾਥ ਤੇਰੀ ਲਿਵਲਗੀਰਹਿੰਦੀਹੈ ਹਰਵੇਲੇ ਤੂੰ ਮੇਰਾ
ਹੀ ਧਿਆਨ ਰਖਦਾਹੈਂ ਮੈਂ ਤੇਰਾਕਹਿਣਾਕਿਉਂਨਾਕਰਾਂਗਾ ਹੇ ਨਾਨਕ ਜਿਉਂਤੇਰੀਮਰਜੀ
ਮੈਂ ਤਿਵੇਂਹੀ ਕਰਾਂਗਾ ਹੇਨਾਨਕਜੀ ਤੂੰ ਸਾਰੇ ਸੰਸਾਰਵਿਚਮੇਰਾਨਾਮ ਜਪਾਉ ਜਹਾਂ ਕਹਾਂ ਮੇਰੇ
ਨਾਮ ਕਾ ਚਕ੍ਰ ਫੇਰ ਦੇਹੁ ਖੰਡਾਂ ਬ੍ਰਹਮੰਡਾਂ ਵਿਚ ਜਾਇਕੇ ਮੇਰਾ ਨਾਮਸੁਨਾਉ ਅਤੇ ਹੇ ਨਾਨਕ
ਭਗਭ ਜੋ ਈ ਤੇਰੇ ਪੰਥ ਮੈਂ ਆਵੇਗਾ ਤਿਸਕੋ ਮੈਂ ਸੰਸਾਰਵਿਚ ਭੀ ਸੁਖੀ ਰਖਾਂਗਾਅਰਅੰਤ
ਕੋ ਮੈਂ ਆਪਣੀਪੁਰੀ ਵਿਖੇਨਿਵਾਸ ਦੇਵਾਂਗਾ ਜਹਾਂ ਉਸਪ੍ਰਾਣੀਕੋ ਸੁਖ ਪ੍ਰਾਪਤਹੋਵੇਗਾ ਅਤੇ
ਜੋ ਕੋਈ ਤੇਰੇ ਕਹੇਨਾਲਗੇਗਾ ਤਿਸਵਾਸਤੇ ਮੈਂਸੰਸਾਰਵਿਚ ਦੁਖ ਨੂੰ ਭੇਜਿਆ ਹੈਓਹ ਪ੍ਰਾਣੀ
ਦੁਖਦੀ ਪੀੜ ਸਹਿਣਗੇ ਅਤੇ ਨਾਨਕ ਭਗਤ ਜਿਸ ਪ੍ਰਾਣੀ ਦੇ ਮਨ ਮੇਂਤੇਰਾ ਨਾਮ ਹੋਵੇਗਾ
ਮੁਖ ਕਰਕੇ ਤੇਰੇ ਨਾਮ ਜਪੇਗਾ ਤਿਸ ਪ੍ਰਾਣੀਦੀ ਸਭ ਵਾਸ਼ਨਾ ਮੈਂ ਪੂਰੀਕਰਾਂਗਾ ਤੂੰਮੇਰਾ
ਬਡਾਪਿਆਰਾ ਭਗਤ ਹੈਂਹੇਨਾਨਕਜੀ ਜਿਸ ਭਾਵਣੀ ਕਰ ਅਤੇ ਜਿਸਪ੍ਰਕਾਰ ਕਰ ਮੈਨੂੰ ਜੋ
ਪ੍ਰਾਣੀ ਯਾਦ ਕਰਦੇ ਹਨ ਮੈਂ ਉਸ ਪ੍ਰਾਣੀ ਕੋ ਤਿਸੀ ਪ੍ਰਕਾਰਯਾਦ ਕਰਭਾਹੀਂ ਹੇ ਨਾਨਕ ਜੀ
ਸ੍ਵਾਸ ਸ੍ਵਾਸ ਜੋਤੂੰਮੇਰਾਨਿਰਵਿਘਨ ਭਜਨਕਰਦਾਹੈਂਮੈਂ ਤੇਰੇਪੰਥਮੈਂ ਆਏਨੂੰ ਤੇਰਾ ਨਾਮ ਲੈਨ
ਵਾਲੇਨੂੰ ਸ੍ਰਬ ਪ੍ਰਕਾਰ ਸੁਖ ਦੇਵਾਂਗਾ ਅਰਨਾਲੇਜਮਦੀ ਸਾਸਨਾਂ ਤੋਂ ਛਡਾਵੇਂਗਾ ਤਿਨਕੋ ਜਮ
ਰਾਜਦਾ ਦਰਸ਼ਨ ਕਭੀ ਨਹੀਂਹੋਵੇਗਾ ਏਹੁ ਬਚਨ ਸੁਣਕਰ ਗੁਰੂਨਾਨਕਜੀ ਸ੍ਰੀਨਿਰੰਕਾਰ
ਜੀ ਅੱਗੇ ਮੱਥਾਟੇਕਿਆ ਬਡੀ ਉਸਤਤਿ ਕਰੀ ਹੇਭਗਵੰਤ ਤੁਮ ਸ਼ਰਣਪਾਲਕ ਹੋ ਮੈਂ ਤੇਰੀ

CC-0. Gurukul Kangri University Haridwar Col

OF INTERNET // ABHINAV GAUR //

ਸ਼ਰਣ ਹੋਂ ਏਹੁ ਕਹਿਕਰ ਨਾਨਕਜੀ ਨਿਰੰਕਾਰ ਦੇ ਧਿਆਨ ਥੀਂ ਉਪ੍ਰਾਮ ਉਥਾਨ ਹੋਇਕਰ ਸੰਸਾਰੀ ਸੁਭਾਵਮੈਂ ਆਏ ਸਮਾਧ ਬਿਰਤੀ ਤੇ ਉਠਕਰ ਲਗੇ ਲੋਕਾਂ ਕੋ ਸ੍ਰੀ ਪ੍ਰਮੇਸ਼ਰ ਜੀ ਦਾ ਨਾਮ ਦ੍ਰਿੜਾਵਨ ਅਤੇ ਧਰਮਦੀਆਂ ਬਾਤਾਂ ਦਾ ਉਪਦੇਸ਼ ਕਰਨ ਲਗੇ ਜਿਸ ਕਰਕੇ ਸਭ ਲੋਕ ਸੁਖੀ ਰਹਿਣ ਦੁਖਦੀ ਪੀੜਾ ਨੂੰ ਨਾ ਪਾਵਣ ਅਤੇ ਅਗੇ ਪਰਲੋਕ ਵਿਚ ਮੁਕਤ ਪਾਵਨ ਲੋਕਾਂ ਨੂੰ ਏਹੁ ਕਹਿਣ ਹੇ ਭਾਈ ਪ੍ਰਮੇਸ਼ਵਰ ਦੇ ਪਿਆਰਿਓ ਭਗਵੰਤ ਨੇ ਬੇਦਾਂ ਪੁਰਾਣਾਂ ਸ਼ਾਸਤ੍ਰਾਂ ਵਿਚ ਭੀ ਏਹੋ ਹੀ ਲਿਖਿਆ ਹੈ ਜੋ ਜੋ ਕੋਈ ਮੇਰਾ ਭਜਨ ਕਰੇਗਾ ਉਸਨੂੰ ਮੈਂ ਅਪਨੀ ਸਦ-ਗਤੀ ਦੇਵਾਂਗਾ ਅਰ ਸੰਸਾਰ ਵਿੱਚ ਸੁਖਾਲਾ ਰੱਖਾਂਗਾ। ਨਹੀਂ ਤਾਂ ਦੁਖ ਪਾਵਨਗੇ ਹੇ ਰਾਮ ਦੇ ਲੋਕੋ ਪ੍ਰਮੇਸ਼ਰ ਦੀ ਯਾਦ ਵਿਚ ਰਹੋ ਭੁਲਾਵੋ ਨਾਹੀਂ ਪ੍ਰਮੇਸ਼ਰਨੂੰ ਇਸਦੇ ਪ੍ਰਥਾਇ ਗੁਰੂ ਨਾਨਕ ਜੀ ਸ਼ਬਦ ਕਹਿਆ ॥ ਗਉੜੀ ਦੀਪਕੀ ਮਹਲਾ ੧ ॥ ਜੈਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥ ਤਿਤਘਰਿ ਗਾਵਹੁ ਸੋਹਿਲਾ ਸਿਵਰਿਹੁ ਸਿਰਜਣਹਾਰੋ॥ ੧॥ ਤੁਮ ਗਾਵਹੁ ਮੇਰੇ ਨਿਰਭਉਕਾ ਸੋਹਿਲਾ ਹਉ ਵਾਰੀ ਜਿਤ ਸੋਹਿਲੈ ਸਦਾ ਸੁਖ ਹੋਇ॥ ੧ ॥ਰਹਾਉ॥ ਨਿਤਨਿਤਜੀਅੜੇ ਸਮਾਲੀਅਨੁ ਦੇਖੈਗਾ ਦੇਵਨਹਾਰ॥ ਤੇਰੇਦਾਨੇਕੀਮਤਿਨਾਪਵੈ ਤਿਸ ਦਾਤੇ ਕਵਣ ਸੁਮਾਰ॥ ੨॥ ਸੰਬਤ ਸਾਹਾ ਲਿਖਿਆ ਮਿਲਿਕਰ ਪਾਵਹੁ ਤੇਲ॥ ਦੇਹੁ ਸਜਨ ਆਸੀਸੜੀਆ ਜਿਉ ਹੋਵੇ ਸਾਹਿਬ ਸਿਉ ਮੇਲ ॥ ੩ ॥ ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨ ॥ ਸਦਣਹਾਰਾ ਸਿਮਰੀਐ ਨਾਨਕ ਸੇ ਦਿਹ ਆਵੰਨ ॥ ੪ ॥ ੧ ॥ ਤਿਸਕਾ ਪ੍ਰਮਾਰਥ ॥ ਸੁਣੋ ਭਾਈ ਲੋਕੋ ਸ੍ਰੀ ਪ੍ਰਮੇਸ਼ਰ ਜੀਦੀ ਆਗਿਆ ਹੈ ਜੋ ਕੋਈ ਪ੍ਰਾਣੀ ਸ੍ਰੀ ਪ੍ਰਮੇਸ਼ਰ ਜੀ ਦੀਆਂ ਵਡਿਆਈਆਂ ਦਾ ਵਿਚਾਰ ਕਰੇਗਾ ਸੋਈ ਪ੍ਰਾਣੀ ਸੁਖ ਪਾਵੇਗਾ ਅਰ ਮੁਕਤ ਪਦਵੀ ਭੀ ਪਾਵੇਗਾ ਅਤੇ ਜਹਾਂ ਸਾਧ ਸੰਗਤ ਹੋਵੈ ਤਹਾਂ ਹੀ ਬੈਠਨਾ ਅਰ ਪ੍ਰਮੇਸ਼ਰ ਜੀ ਦਾ ਨਾਮ ਸਿਮਰਨਾ ਅਤੇ ਸ੍ਰੀ ਪ੍ਰਮੇਸ਼ਰ ਜੀ ਦੇ ਹੀ ਸੋਹਿਲੇ ਗਾਵਣੇ ਤਾਂ ਹੇ ਰਾਮ ਜਨੋਂ ਤੁਹਾਂਨੂੰ ਭੀ ਸੁਖ ਪਰਾਪਤ ਹੋਵੇਗਾ ਤਾਂ ਫੇਰ ਸ੍ਰੀ ਗੁਰੂ ਜੀ ਕਹਿੰਦੇ ਹੈਨ ਚੌਰਾਸੀ ਲਖ ਜੀਆ ਜੋਨ ਹੈ ਤਿਨਾਂ ਨੂੰ ਸੰਮਾਲ ਸੰਮਾਲ ਕਰ ਪਰਮੇਸ਼ਰ ਰਿਜਕ ਪਿਆ ਦੇਂਦਾ ਹੈ ਪਰਮੇਸ਼ਰ ਦੀ ਦਾਤ ਦਾ ਸ਼ੁਮਾਰ ਕੋਈ ਨਹੀਂ ਕਹਿਆ ਜਾਂਦਾ ਪਰਮੇਸ਼ਰਦਾ ਸਿਮਰਣਹੀ ਕਰਨਾ ਹੱਛਾ ਹੈ ਜਿਤਕਰਕੇ ਸਾਹਿਬ ਨੂੰ ਮਿਲੀਐ ਸੁਣੋ ਹੇ ਸੰਤਜਨੋਂ ਓਹ ਪਰਮੇਸ਼ਰ ਬਡਾ ਬੇਸ਼ੁਮਾਰ ਹੈ ਤਿਸ ਸਾਹਿਬ ਦੀ ਗਤੀ ਨੂੰ ਸੰਤ ਜਨ ਜਾਣਦੇ ਹੈਨ ਅਤੇ ਤਿਨਾਂ ਦੀਆਂ ਅਸੀਸਾਂ ਸ੍ਰੀ ਪਰਮੇਸ਼ਰ ਜੀ ਸੁਨਦਾ ਹੈ ਸੋ ਪ੍ਰਾਣੀ ਓਂ ਤਿਨ੍ਹਾਂ ਸੰਤਾਂ ਦੀ ਸੇਵਾ ਟਹਿਲ ਕਰਕੇ ਆਸੀਰਬਾਦ ਖੁਸ਼ੀ ਸੰਤਾਂ ਦੀ ਲਵੋ ਜੋ ਜੀਵਾਂ ਦੇ ਬਾਬ ਭਲਾ ਕਹਿਨ ਤਾਂ ਪਰਮੇਸ਼ਰ ਭਲਾ ਕਰਦਾ ਹੈ ਸੰਤਜਨੋਂ ਏਹੁ ਜੀਵ ਜੋ ਪਰਮੇਸ਼ਰ ਨੇ ਸੰਸਾਰ ਵਿਚ ਭੇਜੇ ਹੈਨ ਸੋ ਉਸੀ ਵੇਲੇ ਏਨਾਂ ਜੀਆਂ ਦੇ ਸਾਹੇ ਭੀ ਨਾਲ ਹੀ ਲਿਖ ਪਾਏ ਹੈਨ ਜੋ ਇਤ-ਨਾ ਚਿਰ ਏਹ ਜੀਵ ਸੰਸਾਰ ਵਿਚ ਰਹੇਗਾ ਅਰ ਇਤਨੇ ਦਿਨਾਂ ਨੂੰ ਤੂੰ ਸੰਸਾਰ ਤੋਂ ਆਇ ਜਾਵੇਂਗਾ ਅਤੇ ਜੋ ਕੁਛ ਭਗਤ ਸੰਸਾਰ ਵਿੱਚ ਕਰੇਂਗਾ ਤਾਂ ਮੇਰੇ ਤਾਂਈਂ ਆਇ ਮਿਲੇਂਗਾ ਅਤੇ

CC-0. Gurukul Kangri University Haridwar Collection. Digitized by S3 Foundation USA

ਜੇਕਰਤੂੰ ਮੈਨੂੰਵਿਸਾਰੇਂਗਾ ਤਾਂ ਮੈਂ ਤੈਨੂੰ ਨਰਕਵਿਚ ਪਾਇ ਛੱਡਾਂਗਾ ਉਸ ਵੇਲੇ ਏਸ ਪ੍ਰਾਣੀ ਨੇ ਨਾਮ ਹੀ ਸਿਮਰਣੇ ਦਾ ਕਰਾਰ ਕੀਤਾ ਸੀ ਤਾਂ ਸੰਸਾਰ ਵਿਚ ਆਇਆਸੀ ਇਸ ਤੇ ਇਸ ਪ੍ਰਾਣੀਕੋ ਨਾਮਦਾ ਸਿਮਰਨ ਕਰਣਾ ਚਾਹੀਦਾਹੈ ਅਤੇ ਸੰਸਾਰ ਵਿਚ ਏਸ ਪ੍ਰਾਣੀਨੇ ਆਇ ਕੇਮਾਇਆਦੀਲਹਿਰ ਨਾਲ ਮਿਲਕੇ ਸ੍ਰੀਪਰਮੇਸ਼ਰਨੂੰਵਿਸਾਰਦਿੱਤਾ ਹੈਸਸੋ ਏਹਸਾਹੇ ਵਿਚ ਤੇਲ ਪਾਇਆ ਹੈ ਅਤੇ ਜਿਉਂ ਉਸ ਜੀਵਕੋ ਵਿਆਹੁਣਹਾਰਾ ਬਿਆ_ ਲੈ ਜਾਂਦਾ ਹੈ ਤਿਉਂ ਏਕ ਦਿਹਾੜੇ ਇਸ ਜੀਵ ਨੂੰ ਭੀ ਜਮ ਮਾਰਕੇ ਲੈ ਜਾਵੇਗਾ ਤਾਂ ਗੁਰੂ ਜੀ ਕਹਿਆ ਹੇ ਸੰਤ ਜਨੋਂ ਜਿਨ ਪ੍ਰਾਨੀਆਂ ਤੁਸਾਂ ਜੇਹਿਆਂ ਨੇ ਸ੍ਰੀਪਰਮੇਸ਼ਰ ਦਾ ਅਰਾਧਨ ਕੀਤਾ ਹੈ ਸੋ ਤੁਸੀ ਮੈਨੂੰ ਏਹ ਅਸ਼ੀਰਬਾਦ ਕਰੋ ਜੋ ਹੁਣੇ ਹੀ ਮੇਰੇ ਜੀਅ ਦਾ ਪਰਮੇਸ਼ਰਨਾਲ ਮੇਲਹੋਵੇ ਅਤੇ ਸੁਣੋਹੇ ਸੰਤਜਨੋਂ ਏਹੁ ਜੋ ਸਾਹਾ ਹੈ ਸੋ ਇਕਸਕਾਨਹੀਂ ਅਰ ਜਿਤਨੇ ਪ੍ਰਿਥਵੀ ਵਿਚ ਜੀਵਹੈਨ ਅਤੇ ਨਿਤਾਪ੍ਰਤਿ ਇਕ ਜੀਵ ਆਂਵਦੇ ਹੈਨ ਇਕ ਜਾਂਦੇਹੈਨ ਜਾਂ ਸ੍ਰੀਪ੍ਰਮੇਸ਼ਰਜੀ ਇਸ ਪ੍ਰਾਣੀਨੂੰ ਸਦਾਈਂਦਾਹੈਤਾਂਢਿਲਰਤੀਭੀਨਹੀਂ ਲਗਦੀਅਰ ਜਿਤਨਾ ਢਿਰ ਸਦਾਈਂਦਾ ਨਹੀਂਤਿਚਰ ਏਹ ਪ੍ਰਾਣੀ ਨਾਮਹੀ ਸਿਮਰਲੇਵੇ ਹੁਨ ਓੜਕ ਦੇ ਦਿਨ ਨਜੀਕ ਆਂਵਦੇ ਹੈਨ ਜੋਕੋਈਨਾਮ ਸਿਮਰੇਗਾਸੋਈ ਪਰਮੇਸ਼ਰਨੂੰਮਿਲੇਗਾ ਅਰਜਿਨਾਂਨੇ ਗੁਰੂ ਕਾ ਸ਼ਬਦ ਮੰਨਿਆਂਹੈਅਤੇ ਨਾਮ ਸਿਮਰਿਆਹੈ ਸੋ ਤਿਸਕੋ ਸਭ ਕੁਛ ਪਰਾਪਤ ਹੋਵੇਗਾ ਸ੍ਰੀਗੁਰੂਨਾਨਕ ਜੀਨੇ ਐਸਾ ਸ੍ਰੀ ਪਰ-ਮੇਸ਼ਰ ਜੀਕਾ ਨਾਮ ਸਿਮਰਿਆ ਅਤੇ ਜਗਤ ਦੇ ਲੋਕਾਂ ਪਾਸੋਂ ਸਿਮਰਾਇਆ ਜੋ ਵਾਹਿਗੁਰੂ ਦਾ ਨਾਮ ਲਗਾ ਅਨਾਹਦ ਧੁਨ ਕਰਨ ਅਰਾਧੀਅਨ ਜਗਤ ਦੇ ਵਿਚ ਘਰ ਘਰ ਲਗਾ ਕੀਰਤਨ ਹੋਵਨ ਸ੍ਰੀ ਗੁਰੂ ਨਾਨਕਜੀ ਨੇ ਨਾਮ ਦਾਨ ਦਇਆ ਧਰਮ ਪਰਉਪਕਾਰਸੰਸਾਰ ਕੋ ਐਸਾ ਦ੍ਰਿੜਾਇਆ ਜੋ ਸੰਸਾਰ ਕੇ ਲੋਕ ਪ੍ਰਸੰਨ ਹੋਇਕਰ ਪਰਮੇਸ਼ਰ ਜੀ ਕੇ ਪਾਸ ਲਗੇ ਆਵਨ ਤਾਂ ਇਕਦਿਨ ਸ੍ਰੀ ਨਿਰੰਕਾਰਜੀ ਦੀ ਆਗਿਆ ਹੋਈ ਜੋ ਹੇ ਨਾਨਕ ਭਗਤਜੀ ਤੂੰ ਮੇਰੇਪਾਸਆਓ ਤਾਂ ਫੇਰ ਗੁਰੂਨਾਨਕਜੀ ਸੱਚੀ ਦਰਗਾਹ ਵਿਚਜਾਹਾਜ਼ਰਹੋਏਤਾਂ ਨਿਰੰਕਾਰ ਜੀ ਨੇ ਕਹਿਆ ਹੇ ਨਾਨਕ ਜੀ ਤੂੰਮੇਰਾ ਨਾਮ ਜਗਤ ਅਤੇ ਸੰਸਾਰਕੋ ਦ੍ਰਿੜਾਇਆਹੈਤਾਂਗੁਰੂ ਨਾਨਕ ਜੀ ਕਹਿਆ ਹੇਪਾਰਬ੍ਰਹਮ ਪਰਮੇਸ਼ਰ ਜੀ ਮੈਂ ਕੌਨ ਕੀਟਹਾਂ ਜੋਤੇਰਾ ਨਾਮਦ੍ਰਿੜਾਈਂ ਅਰ ਤੂੰ ਆਪਹੀਕਰਨਕਾਰਨਹੈਂ ਘਟਘਟਕੇ ਜਾਣਨਹਾਰਾਹੈਂ ਸਰਬਦਾਤੇਰਕਹੈਂਜੋਚਾਹੁੰ-ਦਾ ਹੈਂਸੋਈ ਕਰਦਾਹੈਂ ਜਿਸ ਪਾਸੇ ਜੀਆਂ ਕਉ ਪਰੇਰਦਾਹੈਂ ਸੋਈ ਏਹ ਜੀਵ ਕਰਦੇ ਹੈਨ ਅਤੇ ਹੇ ਮੇਰੇ ਪ੍ਰਭਜੀ ਆਪਕਾਜੋਬਚਨ ਹੈ॥ ਛਿਅ ਘਰਿ ਛਿਅ ਗੁਰੁ ਛਿਅਉ ਪਰੇਸੁ ॥ ਗੁਰ ਗੁਰ ਏਕੋ ਵੇਸੁ ਅਨੇਕ ॥ ੧ ॥ ਬਾਬਾ ਜੈਘਰਿ ਕਰਤੇ ਕੀਰਤਿਹੋਇ॥ ਸੋ ਘਰਿ ਰਾਖਵਡਾਈ ਤੋਇ॥ ੧ ॥ਰਹਾਉ॥ ਵਿਸੁਏ ਚਸਿਆਘੜੀਆ ਪਹਰਾ ਥਿਤੀਵਾਰੀਮਾਹੁਹੋਆ ॥ ਸੂਰਜਏਕੋ ਰੁਤਿ ਅਨੇਕ ॥ ਨਾਨਕ ਕਰਤੇ ਕੇ ਕੇਤੇ ਵੇਸੁ ॥ ੨ ॥ ਤਿਸਦਾ ਪਰਮਾਦ ॥ ਹੇ ਗ਼ਰੀਬ ਨਿਵਾਜ਼ ਜੀ ਤੇਰੇ ਕੀਤੇ ਹੋਏ ਛਿਅਘਰ ਹੈਨ ਅਤੇ ਛਿਅ ਹੀ ਗੁਰੂ ਹੈਨ ਜੋਗੀਸੰਨਿਆਸੀ

CC-0. Gurukul Kangri University Haridwar Collection. Digitized by

OF INTERNET // ABHINAV GAUR //

ਗ੍ਰਿਹਸਤੀ ਪੰਡਤ ਬੈਸਨੋ ਬ੍ਰਹਮਚਾਰੀ ਏਹੁ ਸਭ ਕੋਈ ਆਪੋ ਆਪਣੇ ਉਪਦੇਸ਼ਨੂੰ ਲੈਕਰ ਤਿਸਦੇਅਨੁਸਾਰ ਪਰਮੇਸ਼ਰ ਦੀਸਲਾਹਤਾ ਕਰਦੇ ਹੈਨ ਸਭਕੋਈ ਆਪਣੇਆਪਣੇ ਉਪਦੇਸ਼ ਵਿਚ ਚਲਦੇ ਹਨ ਹੇ ਪ੍ਰਭਜੀ ਏਨਾਂ ਛੇ ਸ਼ਾਸਤ੍ਰਾਂ ਦਾ ਏਨਾਂ ਦੇ ਉਪਦੇਸ਼ਦਾ ਏਨਾਂ ਦਾ ਗੁਰ ਤੂੰ ਆਪਹੀਹੈਂ ਏਹੁ ਸਭਤੇਰੇ ਕੀਤੇ ਹੋਏ ਹੈਨ ਜਿਤਨੇ ਵੇਸ ਹੈਨ ਏਹੁ ਸਭ ਤੇਰੇਹੈਨ ਤੈਥੀਂ ਬਿਨਾਂ ਕੋਈ ਅਸਥਾਨ ਸੋਭਦਾਨਹੀਂ ਜੋਹੜੇਤੈਨੂੰਭਾਂਵਦੇਹੈਨ ਤਿਨਾਂ ਦੀਤੂੰ ਪਤਿਰਖਦਾਹੈਂ ਅਰਤਿਨਾਂ ਦੀ ਘਾਲ ਤੂੰ ਥਾਇ ਪਾਵੇਂਗਾ ਪਰ ਹੇ ਪ੍ਰਭ ਜੀ ਤੇਰਾ ਬਚਨਹੈ ਜਿੱਥੇ ਮੇਰਾ ਨਾਮ ਜਪੀਦਾ ਹੈ ਅਤੇ ਮੇਰੀ ਸਿਫਤ ਹੋਵੇਗੀ ਓਹ ਅਸਥਾਨ ਮੇਰਾ ਹੈ ਮੈਂ ਉਸ ਅਸਥਾਨ ਵਿਖੇ ਰਹਿੰਦਾ ਹਾਂ ਹੇਪ੍ਰਭ ਜੀ ਏਹ ਵਡਿਆਈਆਂ ਸਭ ਤੇਰੀਆਂ ਹੈਨ ਅਰ ਜਹਾਂ ਤੇਰਾ ਕੀਰਤਨ ਹੋਂਦਾ ਹੋਵੇ ਸੋ ਉਸਘਰਦੀ ਸ਼ਰਮ ਤੈਨੂੰਹੈਜੀ ਤੁਸਾਂ ਉਸਘਰਦੀ ਪਤਰੱਖਣੀਜੀ ਹੇਪਾਰਬ੍ਰਹਮਜੀ ਏਹੁ ਆਪਨੇ ਮੇਰੀ ਅਰਜ਼ ਮੰਨ ਲੈਣੀ ਜੀ ਤੁੰ ਏਹੁ ਬਾਤ ਸੁਣਕੇ ਸ੍ਰੀ ਪਾਰਬ੍ਰਹਮ ਜੀ ਕਹਿਆ ਹੇ ਨਾਨਕਜੀ ਜੋ ਕੋਈ ਮੇਰਾ ਜਸਕਰੇਗਾ ਸੋਓਹੁ ਭਾਂਵੇਂ ਹੀ ਕੈਸਾ ਪਾਪੀ ਹੋਵੇਗਾ ਕੈਸਾਖੋਟਾ ਪੁਰਸ਼ ਹੋਵੇਗਾ ਤੋਮੈਂ ਉਸਕੋ ਬਖ਼ਸ਼ਲੇਵਾਂਗਾ ਫੇਰ ਸ੍ਰੀ ਗੁਰੂਜੀ ਨੇ ਪਾਰਬ੍ਰਹਮ ਕੀ ਸਿਫਤ ਕੀਤੀ ਹੇ ਪਾਰਬ੍ਰਹਮ ਜੀ ਤੇਰੇ ਵਿਸਵੇ ਚੱਸੇ ਘੜੀਆਂ ਪਹਿਰ ਥਿੱਤੀ ਮਹੀਨੇ ਬਰਸ ਜੋਹੜੇ ਹੈਨ ਸੋ ਇਤਨਿਆਂ ਵਿਚਤੂੰ ਕਰ ਕਰਕੇ ਕਈ ਵੇਸਾਂ ਕਰ ਖੇਲਤਾ ਹੈਂ ਅਰ ਹੇ ਪ੍ਰਭਜੀ ਤੂੰ ਮੈਨੂੰ ਏਹ ਦਾਨ ਦੇਹ ਜੀ ਜੋਹੜੇ ਵਿਸਵੇ ਚਸੇ ਘੜੀਆਂ ਪਹਿਰਾਂ ਥਿਤੀ ਮਹੀਨੇ ਬਰਸ ਰੁਤੀ ਵਾਰ ਸੋ ਏਨ੍ਹਾਂਵਿਚ ਮੈਨੂੰ ਵਿਸਰੇਂਨਾਹੀਂ ਤਾਂ ਸ੍ਰੀਨਿਰੰਕਾਰ ਜੀ ਕਹਿਆ ਹੇ ਨਾਨਕ ਜੀ ਤੂੰ ਬਡਾ ਜ਼ੋਹਦ ਕਰਨੇ ਵਾਲਾ ਹੈਂਤੂੰਬੜੇ ਜ਼ੋਹਦ ਕੀਤੇ ਹਨ ਅਰ ਦਾਨਭੀ ਐਸਾਹੀ ਮੰਗਦਾਹੈਂ ਜਿਸ ਵਿੱਚ ਮੈਂ ਖੁਸ਼ੀ ਹੋਵਾਂ ਹੇਸ੍ਰੀ ਨਾਨਕ ਜੀ ਜੋ ਕੋਈ ਤੇਰਾ ਨਾਮ ਲਵੇਗਾਸੋਮੈਂ ਉਸਦੀ ਮੁਕਤ ਕਰਾਂਗਾ ਅਰ ਜੋ ਕੋਈ ਵਾਹਿਗੁਰੂ ਜੀਕੇ ਨਾਮ ਦਾ ਜਾਪ ਜਪੇਗਾ ਅਤੇ ਔਰੋਂ ਸੇ ਜਪਾਵੇਗਾ ਸੋ ਸਦਾਹੀ ਸੁਖੀ ਰਹੇਗਾ ਤਾਂ ਫੇਰ ਸ੍ਰੀ ਪਰਮੇਸ਼ਰ ਪਾਰਬ੍ਰਹਮ ਜੀਨੇ ਕਹਿਆ ਹੇ ਨਾਨਕਜੀ ਜਹਾਂ ਕੀਰਤਨ ਹੁੰਦਾ ਹੈ ਤਹਾਂ ਆਰਤੀਭੀ ਚਾਹੀਦੀਹੈ ਜੋ ਦੇਖਾਂ ਮੇਰੀ ਆਰਤੀ ਤੂੰਕੈਸੀ ਹਿਕ ਕਰੀ ਹੈ ਸੋਮੈਨੂੰਪੜ੍ਹਕਰਸੁਨਾਉ ਤਾਂ ਸ੍ਰੀ ਗੁਰੂਜੀਕਹਿਆ ਹੇਪਾਰਬ੍ਰਹਮਜੀ ਜੇਹੀ ਤੂੰ ਮੈਨੂੰ ਮਤ ਦਿੱਤੀ ਹੈ ਤੇਹੀ ਮੈਂ ਕਹਿੰਦਾ ਹਾਂ ਤਾਂ ਸ੍ਰੀ ਸਤਿਗੁਰੂ ਜੀ ਕਰਤੇ ਪੁਰਖਅਗੇ ਮੱਥਾ ਟੇਕਕੇ ਅਰ ਖੜੇ ਹੋਇ ਕਰ ਆਰਤੀ ਲਗੇ ਗਾਵਨ॥ ਰਾਗ ਧਨਾਸਰੀ ਮਹਲਾ ੧ ॥ ਗਗਨ ਮੈਂ ਥਾਲ ਰਵਿਚੰਦ ਦੀਪਕਬਨੇ ਤਾਰਕਾ ਮੰਡਲ ਜਨਕ ਮੋਤੀ॥ ਧੂਪ ਮਲਿਆਨਲੋਪਵਨ ਚਵਰੋ ਕਰੈ ਸਗਲ ਬਨ ਰਾਇ ਫੂਲੰਤ ਜੋਤੀ ॥੧॥ ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀਆਂਰਤੀ ਅਨਹਤਾ ਸਬਦ ਵਾਜੰਤ ਭੇਰੀ॥੧॥ ਰਹਾਉ॥ ਸਹਸ ਤਵ ਨੈਨ ਨਨ ਨੈਨ ਹਹਿ ਤੋਹਿਕਉ ਸਹਸਮੂਰਤਿਨਨਾਏਕਤੋਹੀ॥ ਸਹਸਪਦ ਬਿਮਲਨਨ ਏਕਪਦ ਗੰਧ ਬਿਨ ਸਹਸਤਵ ਗੰਧ ਇਵ ਚਲਤ ਮੋਹੀ॥੨॥ ਸਭਮਹਿ ਜੋਤਿਜੋਤਿ ਹੈ ਸੋਇ॥ ਤਿਸਦੈਚਾਨਣ ਸਭਿਮਹਿ ਚਾਨਣ

CC-0. Gurukul Kangri University Haridwar Collection. Digitized by S3 Foundation USA

ਹੋਇ ॥ ਗੁਰ ਸਾਖੀ ਜੋਤਿ ਪ੍ਰਗਟ ਹੋਇ ॥ ਜੋ ਤਿਸਭਾਵੈਸੁਆਰਤੀ ਹੋਇ ॥੩॥ ਹਰਿ ਚਰਨ ਕਮਲਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲ ਦੇਹਿ ਨਾਨਕ ਸਾਰਿੰਗਕਉ ਹੋਇ ਜਾਤੇ ਤੇਰੇ ਨਾਇ ਵਾਸਾ ॥੪॥ ੧ ॥ ਤਿਸਦਾ ਪਰਮਾਰਥ ॥ ਸ੍ਰੀ ਗੁਰੂ ਨਾਨਕਸਾਹਿਬ ਜੀ ਕਹਿੰਦੇ ਹੈਨ ਹੇ ਸ੍ਰੀ ਪਾਰਬ੍ਰਹਮ ਜੀ ਗਗਨ ਅਕਾਸ ਅਰ ਧਰਤੀ ਜੋ ਹੈ ਏਹ ਦੋਵੇਂ ਮੰਡਲ ਹੈਨ ਸੋ ਏਹੁ ਦੋਨੋਂ ਤੇਰੇ ਆਰਤੀ ਕਰਨੇ ਦੇ ਥਾਨ ਹੈਂ ਅਰ ਚੰਦ ਸੂਰਜ ਵਿੱਚ ਜੋਤਾਂ ਜਗ ਰਹੀਆਂ ਹੈਨ ਅਰ ਅਕਾਸ ਵਿਚ ਤਾਰੇ ਜੋ ਹੈਨ ਸੋ ਤੇਰੇਥਾਲਵਿਚਮੋਤੀ ਹੈਨ ਅਰ ਪਵਨ ਜੋ ਝੂਲਤਾ ਹੈ ਸੋ ਏਹੁ ਚਵਰ ਹੈ ਅਰ ਜਿਤਨੀ ਬਨਰਾਇ ਹੈ ਸੋ ਤੈਨੂੰ ਫੂਲ ਚੜ੍ਹਦੇ ਹੈਨ ਹੇਭਵਖਡਨਾ ਸੰਸਾਰ ਮਾਇਆਕੋ ਦੂਰਕਰਕੇ ਆਪਨੀ ਚਰਨੀ ਲਗਾਇ ਲੇਹੁ ਮੇਰੇ ਭਾਈਂ ਏਹੁ ਤੇਰੀ ਆਰਤੀ ਹਰ ਏਕ ਸਮੇ ਵੇਲੇ ਹੋਇਰਹੀ ਹੈ ਅਨਾਹਦ ਸਬਦ ਜੋ ਵਜਦੇ ਹੈਨ ਤੇਰੇ ਦੁਆਰੇਉ ਪਰ ਹਰਵੇਲੇ ਜਿਨਾਂਸ਼ਬਦਾਂਦੀਹੱਦਨਹੀਂਸੋਦਸਵੇਂਦੁਆਰ ਵਜਦੇਹਨ ਹੇਨਿਰੰਕਾਰ ਜੀ ਜਿਤਨੇ ਜਗਤਵਿਖੇ ਜੀਵ ਹੈਨ ਤਿਨਾਂਦੇਮੁਖ ਜੋ ਹੈਨਅਰਨੇਤ੍ਰ ਹੈਨ ਸੋ ਤਿਨਾਂ ਵਿਚ ਸਾਰੇ ਤੇਰੀ ਹੀ ਜੋਤਿ ਜਗਦੀ ਹੈ ਅਤੇ ਤੇਰੀ ਜੋਤਿ ਕਰਕੇ ਉਨਾਂ ਨੂੰ ਉਜਾਲਾਹੈ ਅਰ ਸਹਸ੍ਰ ਹੀ ਤੇਰੇ ਚਰਨ ਹੈਨ ਨਿਰਮਲ ਅਰ ਅਨੇਕਹੀ ਗੰਧ ਤੇਰੇਭਾਈਂ ਗਾਂਵਦੇ ਹੈਂਅਰ ਦੇਵਤੇ ਜੋ ਹੈਨ ਸੋ ਭੀ ਤੇ ਚਰਨ ਕਮਲ ਕੋ ਧਿਆਂਵਦੇ ਹੈਂ ਅਰ ਤੇਰੇ ਚਲਤ ਜੋ ਚਲਿਤ੍ਰ ਹੈਨ ਤਿਨਾਂਦਾ ਅੰਤ ਕੋਈ ਨਾਹੀਂ ਪਾਇ ਸਕਦਾ ॥ ਮੈਂ ਤੇਰੀ ਆਰਤੀ ਕਿਉਂ ਕਰ ਸਕਾਂ ਜੀ ਬ੍ਰਹਮਾਦਿਕ ਦੇਵਤਾ ਅੰਤ ਨਹੀਂ ਪਾਵਤੇ ਹੇ ਸ੍ਰੀ ਠਾਕੁਰਜੀ ਜਿਤਨੇ ਜੀਵ ਹੈਂ ਸੋ ਤਿਨਾਂ ਸਭਨਾਂ ਵਿਚ ਤੇਰੀ ਹੀ ਜੋਤਿ ਹੈ ਅਰ ਤੇਰਾ ਹੀ ਰੂਪਹੈ ਹੇ ਸ੍ਰੀਪਰਮੇਸ਼ਰ ਤਿਨਾਂ ਸਰਬ ਘਟਾਂ ਵਿਖੇ ਤੂੰ ਆਪਹੀ ਸਮਾਇ ਰਹਿਆਹੈਂ ਅਤੇ ਹੇ ਸ੍ਰੀ ਨਿਰੰਕਾਰਜੀਤਿਨਾਂ ਵਿਚ ਤੇਰੀ ਜੋਤਿ ਕਰਕੇ ਚਾਨਣਾ ਹੈ ਤੇ ਤੈਥੀਂ ਇੱਤਰ ਹੋਰ ਦੂਸਰਾ ਕੋਈ ਨਹੀਂ ਹੇ ਸ੍ਰੀ ਠਾਕੁਰ ਜੀ ਹੇ ਪ੍ਰਭ ਜੀ ਤੇਰੇ ਚਰਨ ਕਮਲ ਜੋ ਹੈਨ ਸੋ ਤਿਨਾਂਦਾ ਮੈਨੂੰ ਆਸ੍ਰਾ ਹੈ ਅਰ ਤੇਰੇਚਰਨਰੂਪਕਮਲਾਂਦਾਲੋਭੀ ਜੋ ਮੇਰਾਮਨਰੂਪੀਭਵਰਾਹੈ ਅਰ ਕਮਲਮੈਰਜ ਜੋ ਹੋਤੀ ਹੈ ਸੋ ਤੇਰੇ ਚਰਨਕਮਲਾਂ ਦੀ ਰਜ ਜੋ ਚਰਨ ਰਜ ਹੈ ਸੋ ਮੇਰੇ ਕੋ ਮਿਲੇ ਅਨਦਿਨਰਾਤ੍ ਦਿਨਜੋਮੈਨੂੰ ਪਿਆਸ ਲਗੀ ਰਹਿੰਦੀਹੈ ਕ੍ਰਿਪਾ ਰੂਪ ਜਲ ਮੈਨੂੰ ਦਿਓ ਹੇ ਮੇਰੇ ਪ੍ਰਭਜੀ ਤੇਰੇ ਚਰਨਕਮਲ ਜੋ ਹੈਨ ਤਿਨਾਂ ਚਰਨਾਂ ਦੀ ਰਜ ਦਾ ਮੇਰਾ ਮਨ ਜੋ ਲੋਭੀ ਹੈ ਹੇ ਪ੍ਰਮੇਸ਼ਰ ਜੀ ਤੇਰੇ ਚਰਨਾਂ ਸਾਥ ਰਾਤ ਦਿਨ ਮਨ ਲੁਭਾਇ ਰਹਿਆ ਹੈ ਜੈਸੇ ਚਾਤ੍ਰਿਕ ਸ੍ਵਾਂਤੀ ਬੂੰਦ ਕੋ ਚਾਹਿਤਾ ਹੈ ਸ੍ਵਾਂਤੀ ਨਿਛਤ੍ਰ ਕੀ ਬਰਖਾ ਕੋ ਚਾਤ੍ਰਿਕ ਚਾਹੁੰਦਾ ਹੈ ਤੈਸੇ ਹੀ ਹੇ ਠਾਕੁਰ ਜੀ ਤੇਰੇ ਨਾਮਦੀ ਪਿਆਸ ਮੇਰੇ ਮਨ ਕੋ ਲਗੀ ਹੈ ਸੋ ਕ੍ਰਿਪਾ ਕਰਕੇ ਮੇਰੇ ਕੋ ਆਪਣਾ ਨਾਮ ਦੀਜੀਏ ਹੇ ਸ੍ਰੀ ਠਾਕੁਰ ਜੀ ਤੇਰੇ ਨਾਮ ਦੀ ਪਿਆਸ ਲਗ ਰਹੀ ਹੈ ਮੇਰਾ ਮਨ ਵਿਰਲਾਪ ਕਰਦਾ ਹੈ ਤਾਂ ਸ੍ਰੀ ਨਿਰੰਕਾਰ ਜੀ ਕਹਿਆ ਹੇ ਨਾਨਕ ਜੀ ਮੇਰੀ ਕਿਰਪਾ ਤੇਰੇ ਉੱਪਰ ਬਹੁਤ ਹੈ ਹੇ

CC-0. Gurukul Kangri University Haridwar Collection. Digitized by

OF INTERNET // ABHINAV GAUR //

ਨਾਨਕ ਜੀ ਮੈਂ ਤੇਰੇ ਨਾਲ ਸਦਾ ਹੀ ਅੰਗ ਸੰਗ ਰਹਿੰਦਾ ਹਾਂ ਮੈਂ ਤੇਰਾ ਪੰਥ ਸਭ ਬਖ਼ਸ਼ਿਆ ਅਤੇਮੈਂ ਤੇਰੀ ਸਿਫ਼ਤ ਕਰਨੇ ਤੇ ਬਹੁਤ ਪ੍ਰਸੰਨ ਹਾਂ ਬਡਾਖੁਸ਼ੀ ਹੁੰਦਾਹਾਂ ਸੁਣਕੇ ਅਰ ਹੇ ਨਾਨਕ ਜੀ ਤੂੰ ਮੇਰੀ ਸਿਫਤ ਕਰਦਾ ਹੈਂ ਸੋ ਤੇਰੀ ਸਿਫਤ ਮੈਂ ਸਹਾਰ ਨਹੀਂ ਸਕਦਾ ਕਿਸਵਾਸਤੇ ਜੋਤੂੰ ਮੇਰੀ ਸਿਫਤ ਕਰਦਾਹੈਂ ਸੋ ਮੇਰਾ ਬੰਦਾ ਹੋਇਕੇ ਸਿਫ਼ਤ ਕਰਦਾ ਹੈਂ ਅਤੇ ਤੂੰ ਆਪਣੇ ਆਪ ਕੋਕਿਸੇ ਜਗਹ ਨਹੀਂ ਜਾਣਿਆ ਅਰ ਤੂੰ ਮੇਰੇ ਨਾਲ ਸਰੀਕਤ ਭੀ ਨਹੀਂ ਕਰਦਾ ਪਰ ਸੁਣ ਨਾਨਕ ਜੀ ਮੈਂ ਤੇਰੀ ਸਿਫਤ ਕਬੂਲ ਪਾਈਹੈ ਸਾਰੇ ਸੰਸਾਰ ਵਿਚ ਤੇਰਾ ਨਾਉਂ ਪਰਸਿੱਧ ਹੋਵੇਗਾਅਤੇ ਜੋ ਕੋਈ ਤੇਰੀ ਸਿਫਤ ਕਰੇਗਾ ਮੈਂ ਉਸਕੋ ਬਖ਼ਸ਼ ਲਵਾਂਗਾ ਤਾਂ ਸ੍ਰੀ ਨਾਨਕਜੀ ਨੇ ਨਿਰੰਕਾਰ ਅੱਗੇ ਮੱਥਾ ਟੇਕਿਆ ਅਤੇ ਸੰਸਾਰੀ ਸੁਭਾਉ ਮੈਂ ਪਰਵਿਰਤ ਹੋਏ ਸਮਾਧ ਥੀਂ ਉਤਥਾਨ ਹੋਏਸ੍ਰੀ ਨਿਰੰਕਾਰ ਦੇ ਧਿਆਨਥੀਂ ਉਥਾਨ ਹੋਏਕਰ ਸ੍ਰੀ ਵਾਹਿਗੁਰੂ ਕਾ ਨਾਮ ਆਪ ਭੀ ਜਪਦੇ ਹੈਨ ਅਤੇ ਸੰਸਾਰੀ ਜੀਵਾਂ ਕੋ ਭੀ ਉਪਦੇਸ਼ ਦੇਕਰ ਹੋਰਨਾਂ ਪਾਸੋਂ ਭੀ ਜਾਪ ਕਰਾਂਵਦੇ ਹੈਨ ਬਾਬੇਜੀ ਕੇ ਮਨ ਮੇਂ ਏਹੁ ਵਿਆਪੀ ਜੋ ਸਭ ਸੰਸਾਰ ਪਰਮੇਸ਼ਰ ਦੇ ਨਾਮ ਕੋ ਜਪਕਰ ਉਧਰੇ ਅਰ ਪਰਮਪਦ ਕਾ ਅਧਿਕਾਰੀ ਹੋਵੇ ॥ ਬੋਲੋ ਜੀ ਵਾਹਿਗੁਰੂ ॥ ੧੧੩ ॥

ਸਾਖੀ ਘੋਹੇ ਜੱਟ ਦੀ

ਤਾਂ ਸ੍ਰੀ ਗੁਰੂ ਜੀ ਜਾਂਦੇਜਾਂਦੇ ਦੀਪਾਲੂ ਸ਼ਹਿਰ ਵਿਚ ਆ ਗਏ ਬੜੇ ਬੜੇ ਉਸ ਨਗਰ ਦੇ ਕਿਨਾਰੇ ਬਾਗ਼ ਬਗੀਚੇ ਬਾਵਲੀ ਤਾਲ ਸਰੋਵਰ ਕਵਲੋਂ ਕੇ ਪੂਰਨ ਹੋਏਹੈਂ ਅਰ ਵਡੇ ਭਵਰ ਸ਼ਬਦ ਕਰਦੇ ਹਨ ਤਾਂ ਗੁਰੂ ਨਾਨਕਜੀ ਸਵਾ ਕੋਸ ਸ਼ਹਿਰ ਦੇ ਬਾਹਰ ਬਾਗ ਮੈਂ ਡੇਰਾ ਕੀਆ ਉਹਾਂ ਕੋਈ ਮਨੁਖ ਭੀ ਕਦੀਸੰਜੋਗ ਸੇ ਆਵ ਅਤੇ ਇਕ ਸਾਧ ਰੋਜ ਪਹਿਰ ਰਾਤ ਰਹਿੰਦੀ ਨ੍ਹਾਵਣ ਜਾਵੈ ਸੋ ਗੁਰੂਜੀ ਕੇ ਪਾਸ ਨੇੜੇ ਹੀ ਭਲਾਉ ਆਹਾ ਜਿਤ ਵੇਲੇ ਗੁਰੂ ਨਾਨਕ ਜੀ ਇਸ਼ਨਾਨ ਕਰਨ ਜਾਵਨ ਤਿਤ ਵੇਲੇ ਓਹ ਭੀਆਵ ਪਰ ਗੁਰੂ ਜੀਡੇਢ ਪਹਿਰ ਰਾਤਰਹਿੰਦੀ ਨਾਲ ਨ੍ਹਾਇਆਵਨ ਫੇਰਆਨਕਰ ਭਜਨ ਕਰਨ ਸੋ ਗੁਰੂ ਜੀਨੂੰ ਓਹ ਜਾਗਾ ਬਹੁਤ ਪਸੰਦ ਆਈ ਅਤੇਓਹ ਜੋਸਾਧ ਨ੍ਹਾਉਨ ਭਲਾਉ ਆਉਂਦਾਆਹਾ ਸੋ ਇਕ ਦਿਨ ਨ੍ਹਾਇਕਰ ਜਿਉਂ ਧਜਾਨਵਿਚਹੀਰਹਿਆ ਅਰ ਦਿਨ ਚੜ੍ਹਆਇਆ ਜਦ ਫਿਰਧਜਾਨ ਤੋਂ ਉਤ੍ਰਕੇ ਚਲਿਆ ਤਾਂ ਪਾਸਦੀਗੁਰੂਨਾਨਕ ਜੀਦੇਰਾਹੁਆਹਾਓਹਪਾਸਦੀ ਮੱਥਾ ਟੇਕਕੇ ਚਲਿਆ ਤਾਂਗੁਰੂ ਨਾਨਕਜੀ ਸੱਦਕੇ ਪੁੱਛਿਆਭਾਈ ਸਿੱਖਾ ਤੂੰਕਉਨ ਸਾਧਹੁੰਦਾਹੈਂ ਅਰਭਾਈਤੂੰਨਿਸੰਗਕਰ ਅਸਾਂ ਤੇ ਕਜੋਂ ਸੰਗਨਾ ਹੈਂ ਤਾਂ ਉਸਸਾਧਨੈ ਕਹਿਆਜੀ ਮੈਂਤਾਂ ਜੱਟਹੁੰਦਾ ਹਾਂ ਤਾਂ ਗੁਰੂ ਨਾਨਕਜੀ ਕਹਿਆ ਕਿਉਂ ਭਾਈਤੂੰ ਘੋਹੇਨੂੰਭੀ ਜਾਣਦਾਹੈਂ ਤਾਂਰਤੀਕੁ ਚੁੱਪ ਕਰਕੇ ਫੇਰ ਆਖਿਆ ਜੀ ਤੈਂ ਉਸਨਾਲ ਕੀ ਕੰਮ ਹੈ ਤਾਂ ਗੁਰੂ ਨਾਨਕ ਕਹਿਆਭਾਈ ਦੱਸੇਂਗਾਤਾਂ ਮੈਂ ਭੀ ਕਰ ਲੇਵਾਂਗੇ ਤਾਂ ਉਸਨੇ ਕਹਿਆ ਜੀ ਘੋਹਾ ਜੱਟ ਗੁਲਾਮ ਤਾਂ ਤੁਸਾਡਾ ਹਉਂ ਹੀ ਹੋਂ ਤਾਂ ਗੁਰੂਨਾਨਕਜੀ ਉਸਨੂੰਗਲ

CC-0. Gurukul Kangri University Haridwar Collection. Digitized by S3 Foundation USA

ਨਾਲ ਲਾਇਆ ਤੇ ਕਹਿਆ ਭਾਈ ਰਾਜ਼ੀ ਹੈਂ ਤੇ ਫਿਰ ਘੋਹਾ ਭੀ ਚਰਨਾਂ ਤੇ ਡਿਗ ਪਇਆ ਅਰ ਮੂੰਹ ਤੇ ਭੀ ਘੋਹੇ ਕਹਿਆ ਜੀ ਮਿਹਰਬਾਨ ਮੈਂ ਤੁਸਾਂ ਨੂੰ ਸਿਵਾਣ ਨਹੀਂ ਕਰ ਸਕਦਾ ਤੁਸੀ ਆਪਣਾ ਟਿਕਾਣਾ ਕਿਰਪਾ ਕਰਕੇ ਦੱਸੀਏ ਤਾਂ ਗੁਰੂ ਨਾਨਕ ਜੀ ਕਹਿਆ ਕਿ ਭਲਾ ਭਾਈ ਘੜੀ ਕਿ ਸਸਤਾਉ ਤਾਂ ਫਿਰ ਗੁਰੂ ਨਾਨਕ ਜੀ ਕਹਿਆ ਭਾਈ ਓਹ ਸਮਾ ਯਾਦ ਕਰ ਜਿਸ ਸਮੇਂ ਰਾਤ ਕੋ ਕੀਰਤਨ ਕਰਤੇ ਥੇ ਅਤੇ ਇਕ ਦਿਨ ਤੂੰ ਅਸਾਨੂੰ ਕਹਿਆ ਸੀ ਕਿ ਭਾਈ ਜੀ ਕਿਆ ਕਰੀਏ ਲੋਕ ਅਸਾਡਾ ਖਹਿੜਾ ਨਹੀਂ ਛਡਦੇ ਜੋ ਰੋਜ ਕਹਿੰਦੇ ਹਨ ਹਮਕੋ ਸ਼ਬਦ ਸੁਨਾਵੋ ਅਤੇ ਕਰਾਮਾਤ ਪਏ ਮੰਗਦੇ ਹੈਨ ਅਰ ਰੋਜ ਕੇ ਦੁਖਾਵਨੇ ਕਰ ਹਮਕੋ ਬੜਾ ਕ੍ਰੋਧ ਹੋ ਆਵਤਾ ਹੈ ਅਤੇ ਫੇਰ ਹਮ ਰਿਦੇ ਵਿਖੇ ਵੀਚਾਰ ਕਰਤੇ ਹੈਂ ਜੋ ਹਮ ਕ੍ਰੋਧ ਕਿਸ ਪਰ ਕਰੇਂ ਜੋ ਸਭੀ ਸਾਹਿਬ ਕੇ ਬੰਦੇ ਹੈਂ ਤਬ ਹਮਨੇ ਕਹਾ ਭਾਈ ਜੀ ਹੈ ਤੋ ਦਰੁਸਤ ਜੋ ਕਰਾਮਾਤ ਕਹਿਰ ਕਰਨਾ ਤੇ ਜੋ ਕਹਿਰ ਕਰੇ ਸੋ ਕਰਾਮਾਤ ਦੇਵੈ ਅਰ ਫਿਰ ਕਹਿਆ ਭਾਈ ਜੀ ਭਗਤੀ ਤਾਂ ਤੁਸਾਡੀ ਪੂਰੀ ਹੋਈ ਹੈ ਪਰ ਤੁਸੀ ਪੰਦਰਾਂ ਵਰ੍ਹੇ ਹੋਰ ਭਲੀ ਬੁਰੀ ਗੁਜਰਾਨ ਕਰੋ ਅਤੇ ਫੇਰ ਤੁਮ ਹਿੰਦੂ ਜੱਟ ਕੇ ਘਰ ਜਨਮੋਂਗੇ ਤਬ ਤੁਮਾਰਾ ਉਧਾਰ ਹੋਵੇਗਾ ਅਰ ਇਹ ਭੀ ਤੁਮਕੋ ਕਹਿਆ ਥਾ ਕਿ ਤੁਮਕੋ ਹਮ ਮਿਲੇਂਗੇ ਅਤੇ ਤੇਰਾ ਉਧਾਰ ਭੀ ਹੋਵੇਗਾ ਅਤੇ ਭਾਈ ਸਾਡਾ ਤਪੁ ਪੂਰਾ ਹੋਇਆ ਹੈ ਅਸੀਂ ਹੁਣ ਖੱਤ੍ਰੀ ਦੇ ਘਰ ਜਨਮ ਪਾਯਾ ਹੈ ਅਤੇ ਭਾਈ ਜੀ ਤਬ ਤੇਰਾ ਨਾਉਂ ਮੋਲਕ ਹੋਤਾ ਥਾ ਅਤੇ ਤੇਰੇ ਵਿਚ ਜੀਰਾਂਦ ਬਡੀ ਆਹੀ ਪਰ ਤੂੰ ਸਾਥੋਂ ਪਿੱਛੇ ਹਟਿਆ ਸੋ ਤੈਂ ਇਕ ਪਾਪ ਕੀਤਾ ਆਹਾ ਜੋ ਤੇਰੀ ਇਸਤ੍ਰੀ ਕਾਮਵਤੀ ਅਰ ਤੈਂ ਸੰਗ ਕਰਕੇ ਕਾਮ ਦਾਨ ਨਹੀਂ ਕੀਆ ਉਸਕੇ ਮਨ ਕਾਮ ਕੀ ਤ੍ਰਿਸ਼ਨਾ ਰਹੀ ਅਰ ਓਹ ਪੂਰੀ ਨਾ ਹੋਈ ਇਸ ਕਰ ਤੈਨੂੰ ਪਾਪ ਹੋਯਾ ਹੈ ਸੋ ਇਸਤੇ ਤੈਨੂੰ ਸਾਥੋਂ ਪਿਛੇ ਪੰਦਰਹ ਵਰ੍ਹੇ ਤੇਲੀ ਦੇ ਘਰ ਰਖਿਆ ਹੈ ਨਹੀਂ ਤਾਂ ਤੈਨੇ ਸਾਡੇ ਨਾਲ ਹੀ ਉਧਰਨਾ ਸੀ ਪੰਦਰਹ ਵਰ੍ਹੇ ਪਿਛੇ ਤੂੰ ਮੋਇਆ ਹੇ ਭਾਈ ਤੂੰ ਇਕ ਨਿਰੰਕਾਰ ਦਾ ਹੀ ਜਾਪ ਕਰਿਆ ਕਰ ਅਰ ਸਵਾ ਪਹਿਰ ਰਾਤ ਰਹਿੰਦੀ ਇਸ਼ਨਾਨ ਕਰਿਆ ਕਰ ਅਤੇ ਤੂੰ ਅਗੇ ਹੀ ਕਰਦਾ ਹੈਂ ਪਰ ਤੈਨੂੰ ਭਾਈ ਘੋਹਾ ਬੁਝਾਈ ਹੈ ਹੋਰ ਨੂੰ ਨਹੀਂ ਬੁਝਾਈ ਤੇ ਭਾਈ ਘੋਹਾ ਸੈਦੋ ਹੁਣ ਕਿਧਰ ਹੈ ਅਤੇ ਅਸਾਂ ਹੁਣ ਉਸਨੂੰ ਭੀ ਮਿਲਣਾ ਹੈ ਅਤੇ ਭਾਈ ਘੋਹਾ ਭਾਈ ਸੈਦੋ ਦੀ ਵਾਰਤਾ ਦੱਸ ਤਾਂ ਭਾਈ ਘੋਹੇ ਆਖਿਆ ਜੀ ਗਰੀਬ ਨਿਵਾਜ਼ ਓਹ ਤਾਂ ਮਰ ਗਇਆ ਹੈ ਅਰ ਓਸਨੂੰ ਸੱਤ ਵਰ੍ਹੇ ਹੋਏ ਹਨ ਮੋਏ ਨੂੰ ਅੱਗੇ ਓਹ ਰਾਜਪੂਤ ਦੇ ਘਰ ਆਹਾ ਹੁਣ ਮੈਨੂੰ ਕੁਛ ਖ਼ਬਰ ਨਹੀਂ ਜੋ ਕਿਸ ਜਾਮੇ ਵਿਚ ਹੈ ਕਿਆ ਜਾਪੇ ਜੋ ਮੁਕਤ ਹੋਇ ਗਿਆ ਹੈ ਤੁਸਾਡੀਆਂ ਬਾਤਾਂ ਤੁਸੀ ਹੀ ਜਾਣੋ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਹੁਣ ਦਲੇਲ੍ਹਪੁਰ ਹੈ ਅਰ ਇਥੋਂ ਤੇ ਕੋਹ ਨਉਂ ਕੁ ਜਾਗਾ ਹੈ ਓਥੇ ਰਵਿਦਾਸੀਏ ਚਮਾਰਾਂ ਦੇ ਘਰ ਹੈ ਅਰ ਦੋ ਵਾਰੀ ਚੰਡਾਲਾਂ ਦੇ ਘਰਾਂ ਵਿਚ ਜਨਮਿਆਂ ਸੀ ਜੋ ਅੱਠ ਪਹਿਰ ਏਸੇ ਕੰਮ ਵਿਚ ਰਹਿਆ ਹੈ ਨਾਰਾਇਣ ਤੋਂ ਭੁੱਲਿਆਂ ਦੇ ਏਹੋ ਜਨਮ ਪਾਇਦਾ ਰਹਿਆ ਜਦ ਸਾਥੋਂ ਵਿਛੜਿਆ ਹੈ ਤਬ ਗੁਰੀਏ ਜੱਟ ਕੇ

CC-0. Gurukul Kangri University Haridwar Collection. Digitized

S OF INTERNET // ABHINAV GAUR //
TH

ਹੋਤਾ ਥਾ ਅਰ ਇਸਕੀ ਮਾਤਾ ਕਾ ਨਾਮ ਸੁਹਾਵੀ ਥਾ ਪਰ ਇਸਨੇ ਤਦੋਂ ਇਕ ਮਾਨੁਖ ਕੋ ਕਹਜਾ ਥਾ ਜੋ ਮੈਂ ਤੇਰਾ ਕਾਰਜ ਕਰ ਦੇਵਾਂਗਾ ਸੋ ਜਬ ਉਸਕੇ ਕਾਰਜਕਾ ਸਮਾ ਆਇਆ ਤਬ ਸੈਦੋ ਹਈਤਈ ਕਰਨ ਲਗਾ ਵਾਰਤਾ ਹੋਰ ਕਿਆ ਜੋ ਉਸਕਾ ਕਾਰਜ ਨਾ ਕਰ ਦੀਆ ਅਤੇ ਸ਼ਾਸਤ੍ਰਕਾਰੋਂ ਨੇ ਭੀ ਕਹਿਆ ਹੈ ਜੋ ਇਹ ਬੜਾ ਪਾਪ ਹੋਤਾ ਹੈ ਜੋ ਕਹਿਕਰ ਕੰਮ ਮੁਕਰਤਾ ਹੈ ਸੋ ਪਹਿਲੇ ਤੋ ਇਕ ਜਨਮ ਚੰਡਾਲੋਂ ਕੇ ਘਰ ਹੋਤਾ ਹੈ ਅਤੇ ਹੋਰ ਵੀ ਹੋਤਾ ਹੈ ਤੇ ਹੋਰ ਭੀ ਹੋਤਾ ਹੈ ਅਰ ਨਪੁੰਸਕ ਭੀ ਹੋਤਾ ਹੈ ਜੋ ਇਕ ਪਾਪ ਕਰਤਾ ਹੈ ਪਰ ਐਂਉ ਹੈ ਜੋ ਏਕ ਬਾਤ ਕਾ ਪਾਪ ਹੋਤਾ ਹੈ ਸੋ ਇਉਂ ਹੋਤਾ ਹੈ ਅਰ ਏਸਨੇ ਤੋ ਸਾਤ ਪਾਪ ਕੀਏ ਹੈਂ ਜੋ ਏਕਤੋ ਇਉਂ ਹੂਆ ਕਿ ਇਸਨੇ ਰਾਜਾ ਜਨਕ ਕੋ ਜੂਠਾ ਚੋਰੀ ਖੁਲਾਇਆ ਅਰ ਰਾਜੇ ਜਨਕ ਕਾ ਇਹ ਖਾਸ ਖਿਦਮਤਗਾਰ ਥਾ ਪਰ ਚੋਰੀ ਇਹ ਚੀਜ ਜੋ ਲਿਆਵੇ ਸੋ ਜੂਠ ਕਰਕੇ ਲੈ ਆਵੇ ਪਰ ਪਰਮੇਸ਼ਰ ਤੋ ਘਟਾਂ ਕਾ ਮਾਲਕ ਹੈ ਰਾਜਾ ਨੇ ਮਨ ਮੇਂ ਬੂਝੀ ਅਰ ਕਹਿਆ ਰੇ ਸੋਦਰੀਆ ਤੂੰ ਯਿਹ ਕਿਯਾਬਾਤ ਕਰਤਾਹੈ ਸੋਭਾਈ ਇਹ ਕਾਮ ਤੂੰ ਹਮਾਰੇ ਨਾ ਕੀਆ ਕਰ ਤਿਸਦਿਨਤੇਇਹ ਕਾਮ ਭੀ ਛੋੜਿਆ ਅਰ ਤੀਸਰਾ ਪਾਪ ਔਰ ਕੀਆ ਜੋ ਰਾਜਾ ਕੇ ਅੰਤਰ ਜ਼ਨਾਨੀਓ ਮੇਂ ਇਕ ਚੰਬੇਲੀ ਗੋਲੀ ਸੀ ਸੋ ਉਸਕੇ ਸਾਥ ਸਪਰਸ ਕੀਆ ਅਰ ਰਾਜੇ ਨੇ ਭੀ ਸੁਨਿਆ ਸਹੀ ਪਰ ਰਾਜਾ ਨੇ ਮੁਖਸੇ ਕੁਝ ਨਾ ਕਹਿਆ ਕਾਹੇਤੇ ਜੋ ਰਾਜਾ ਸਰਬ ਆਤਮਾ ਇਕ ਹੀ ਦੇਖਤਾ ਥਾ ਇਸ ਤੇ ਰਾਜਾ ਗੁੱਸੇ ਨ ਹੋਇਆ ਅਰ ਚੌਥਾ ਪਾਪ ਏਕ ਔਰ ਕੀਆ ਜੋ ਚੌਦਸ ਕੇ ਦਿਨ ਬ੍ਰਾਹਮਨ ਕੇ ਸਾਥ ਲੜਿਆ ਅਰ ਉਸਕੋ ਬਡੀਆਂ ਲੱਤਾਂ ਮੁਸਟਾਂ ਮਾਰੀਆਂ ਇਸਤੇ ਓਹ ਬ੍ਰਾਹਮਣ ਵਡਾ ਦੁਖੀ ਹੋਇਆ ਅਰ ਮੁਖ ਤੇ ਬ੍ਰਾਹਮਣ ਨੇ ਕਹਿਆ ਜੋ ਤੂੰ ਚੰਡਾਲ ਹੋਵੇਂਗਾ ਔਰ ਪੰਜਵਾਂ ਇਕ ਪਾਪ ਔਰ ਹੂਆ ਜੋ ਏਹ ਰਾਜਾ ਕੇ ਭੰਡਾਰੇ ਸੇ ਤੇਲ ਹਰ ਰੋਜ਼ ਹੀ ਚੁਰਾਇਆ ਕਰੇ ਅਰ ਰਾਜਾ ਨੇ ਸੁਣਿਆ ਅਰ ਸੁਣਕਰ ਮੁਖਸੇ ਕਹਿਆ ਰੇ ਚੰਡਾਲ ਏਹ ਕਾਮ ਤੈਨੇ ਕਿਆ ਕੀਆ ਤਬ ਇਹ ਚੁੱਪਕਰ ਰਹਿਆ ਅਰ ਛੇਵਾਂ ਏਹ ਪਾਪ ਕੀਆ ਜੋ ਇਸਨੇ ਇਕ ਖਰ ਕੋ ਮਾਰਿਆ ਸੋ ਖਰ ਕਾ ਸ੍ਰਾਪ ਭੀ ਹੂਆ ਅਰ ਸੱਤਵਾਂ ਏਕ ਅਭੀਤ ਉਸਕੋ ਇਸਨੇ ਪਹਿਲੇ ਗੁਰੂ ਕੀਆ ਥਾ ਪਾਛੇ ਉਸਕੋ ਮਾਇਆ ਕੇ ਲੋਭ ਕਰਕੇ ਮਾਰਨੇ ਲਗਾ ਤੋ ਉਸ ਕਹਿਆ ਰੇ ਮਲੇਛ ਮੁਝੇ ਕਯੋਂ ਮਾਰਤਾ ਹੈਂ ਬਾਰ ਬਾਰ ਚੰਡਾਲ ਹੋਵੇਂਗਾ ਸੋ ਇਨਾਂ ਪਾਪਾਂ ਸੇ ਸੈਦੋ ਕੋ ਇਹ ਫਲ ਪ੍ਰਾਪਤ ਹੋਇਆਹੈ ਅਰ ਸੈਦੋ ਤਪੁ ਬੜਾ ਕੀਆ ਥਾ ਪਰ ਜਿਉਂ ਨਿਰੰਕਾਰ ਭਾਣਾ ਤਿਉਂ ਹੋਈ ਤਾਂ ਫਿਰ ਘੋਹੇ ਅਰਦਾਸਕੀਤੀਜੀ ਪਾਤਸ਼ਾਹ ਹੁਨਜਿਸ ਜਾਮੇਂ ਵਿਚ ਹੋਵੇਸੋ ਮੈਨੂੰ ਦਿਖਲਾਈਏ ਅਤੇ ਮਿਹਰਬਾਨ ਹੁਨਕਦਉਧਰਸੀ ਤਾਂ ਗੁਰੂਨਾਨਕਜੀ ਕਹਿਆ ਭਾਈਘੋਹਾ ਸੈਦੋ ਸਾਡੇ ਸ਼ਰੀਰ ਤੁਰੇ ਤੇ ਦੋਸੈਪੰਝੀਵਰ੍ਹੇਪਿਛੇਹੋਸੀਅਤੇਸਾਡੇਅਵਤਾਰ ਕੋਲੋਂ ਉਧਰਸੀਉਹ ਅਵਤਾਰਵੀਸਾਡਾਜਾਮਾਹੋਸੀ ਅਤੇ ਉਹ ਸਾਡਾ ਨੌਵਾਂ ਮਹਿਲ ਹੋਸੀ॥ਤਾਂਫਿਰਘੋਹੇਅਰਦਾਸ ਕੀਤੀ ਮਿਹਰਵਾਨਜੀ ਕੁਝਤੁਸਾਂਵਾਸਤੇਪ੍ਰਸਾਦਲਿਆਂਵਦਾ ਹਾਂ ਸ੍ਰੀ ਗੁਰੂਨਾਨਕਜੀ ਕਹਿਆ

CC-0. Gurukul Kangri University Haridwar Collection. Digitized by S3 Foundation USA

ਭਾਈ ਘੋਹਾ ਜੋ ਕੁਝ ਤੈਂ ਕਰਨਾ ਹੈ ਅਸਾਂ ਵਾਸਤੇ ਸੋ ਹੱਛਾਹੀ ਕਰਨਾਹੈ ਪਰ ਝਬ ਹੀ ਆਵੈਂ ਅਤੇ ਆਪਣੇ ਪੁਤ੍ਰ ਨੂੰ ਭੀ ਨਾਲਲਿਆਵੀਂ ਭਾਂਭਾਈ ਘੋਹਾ ਗੁਰੂ ਜੀ ਪਾਸੋਂ ਉਠਕਰ ਆਪਣੇ ਘਰ ਆਨ ਕਰ ਆਪਨੀ ਸਿਖਨੀ ਨੂੰ ਕਹਿਆ ਜੋ ਹੇ ਸਿੱਖਣੀਏਂ ਤੂੰ ਪ੍ਰਸਾਦਿ ਤਿਆਰ ਕਰ ਸਾਡੇ ਗੁਰਦੇਵ ਆਏਹਨ ਪਰ ਤੂੰਝਟਕਰ ਤਾਂ ਸਿੱਖਣੀ ਅਛੀ ਤਰਹਿ ਸੁੱਚਮਕਰਕੇ ਪ੍ਰਸਾਦਿ ਤਿਆਰ ਕੀਤਾ ਅਰ ਤਿਆਰਕਰਕੇ ਅਰਦਾਸਕੀਤੀਜੀ ਪ੍ਰਸਾਦਿਤਿਆਰਹੈ ਤਾਂਭਾਈਘੋਹੇਨੇ ਬਾਗਤੇ ਮੇਵਾ ਲਿਆਂਦਾ ਸੋ ਮੇਵਾਲਿਆਨ ਅਰ ਦਰਸੇ ਬੇਟੇ ਨੂੰ ਆਪਣੇ ਨਾਲ ਲੈਕਰਅਰ ਪ੍ਰਸਾਦਿ ਲੈਕਰ ਤੁਰਿਆ ਅਤੇਦਰਸੇਨੂੰਕਹਿਆਰੇਬੇਟਾ ਤੈਂ ਗੁਰੂਜੀਦੇਚਰਨਾਂਉੱਪਰਭੇਟਰੱਖ ਕੇਮੱਥਾਟੇਕਨਾ ਅਤੇਮਨਚਿਤ ਕਰਕੇ ਖੁਸ਼ੀਲੇਵਨੀ ਅਰਨਾਲੇ ਘੋਹੇਦੀ ਇਸਤ੍ਰੀ ਮਤਿਆਰੀ ਉਸਦਾ ਨਾਮ ਸੁਖਦੇਵੀ ਆਹਾ ਉਨ ਆਖਿਆ ਜੀ ਮੈਂ ਭੀ ਦਰਸ਼ਨ ਨੂੰ ਚਲਦੀ ਹਾਂ ਤਾਂ ਭਾਈ ਘੋਹੇ ਆਖਿਆ ਚਲ ਸਿੱਖਣੀਏਂ ਤੂੰ ਭੀ ਚਲ ਤਾਂ ਦੋਨੋਂ ਤੁਰੇ ਅਰ ਪੁਤ੍ ਘੋਹੇ ਦੇ ਅੱਗੇ ਹੀ ਗਇਆ ਸੋ ਦਰਸੇ ਨੇ ਅੱਗੇ ਹੀ ਚਰਨਾਂ ਉਪਰ ਆਣ ਮੱਥਾ ਟੇਕਿਆ ਤਾਂ ਗੁਰੂ ਨਾਨਕ ਜੀ ਦਰਸੇ ਉੱਪਰ ਬਹੁਤ ਮੇਹਰਬਾਨਗੀ ਕੀਤੀ ਅਤੇ ਦਰਸੇ ਨੂੰ ਸ੍ਰੀ ਗੁਰੂਜੀ ਪੈਰਾਂਦੀਆਂ ਕੌਸਾਂ ਦਿੱਤੀਆਂ ਦਰਸੇ ਨੇ ਸਿਰਉੱਤੇ ਰਖੀਆਂ ਅਤੇ ਗੁਰੂਜੀ ਬਹੁਤ ਮਿਹਰਵਾਨ ਹੋਏ ਤਾਂ ਦਰਸਾ ਚਰਨਾਂਦੇਤਲੇ ਬੈਠਗਿਆ ਅਰਪਿਛੋਂ ਭਾਈ ਘੋਹਾ ਤੇ ਭਾਈ ਘੋਹੇ ਦੀ ਇਸਤ੍ਰੀ ਸੁਖਦੇਵਾਂ ਦੋਹਾਂ ਨੇ ਆਣ ਮੱਥਾ ਟੇਕਿਆ ਤਾਂ ਗੁਰੂ ਨਾਨਕ ਜੀਨੇ ਕਹਿਆ ਆਉ ਭਾਈ ਘੋਹਾ ਅਤੇਮਾਈ ਸੁਖਦੇਵਾਂ ਕਰਤਾਰ ਤੁਹਾਡਾਭਲਾਕਰਸੀ ਅਤੇ ਆਪਣੇਨਾਮ ਦੀ ਦਾਤ ਦੇਵਸੀ ਤਾਂ ਘੋਹੇ ਨੇ ਤੇ ਸੁਖਦੇਵਾਂਨੇ ਪ੍ਰਸਾਦਿ ਗੁਰੂ ਨਾਨਕ ਜੀ ਅੱਗੇ ਰੱਖਿਆ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਏਹ ਕੀ ਲਿਆਇਆ ਹੈਂ ਤਾਂਘੋਹੇ ਕਹਿਆ ਜੀ ਤੇਰਾ ਦਿੱਤਾ ਹੋਇਆ ਪ੍ਰਸਾਦਿ ਲਿਆਇਆ ਹਾਂ ਬਾਬੇ ਕਹਿਆ ਭਾਈ ਘੋਹਾ ਤੈਨੂੰ ਸ਼ਬਦ ਦਿੱਤਾ ਸੀ ਤੂੰ ਇਹ ਕਿਸਦਾ ਪ੍ਰਸਾਦਿ ਕਿਧਰ ਤੇ ਲਿਆਇਆ ਹੈਂ ਤਾਂ ਘੋਹੇ ਨੇ ਕਹਿਆ ਮੇਹਰਵਾਨ ਏਹ ਪ੍ਰਸਾਦਿ ਸਿਖਣੀ ਪ੍ਰੀਤ ਨਾਲ ਬਨਾਇਕੇ ਆਂਦਾਹੈ ਤੇ ਮੈਂ ਤੇਰੇ ਦਰਸ਼ਨ ਨਾਲ ਤ੍ਰਿਪਤਹੋਇ ਗਇਆਹਾਂ ਅਤੇ ਤੈਂ ਮੈਨੂੰ ਵਡੀਦਾਤ ਦਿਤੀ ਹੈ ਸੋ ਮੈਂ ਜਾਣਦਾਹਾਂ ਜੋ ਤੇਰਾ ਦਰਸ਼ਨਹੀ ਮੈਨੂੰ ਗੰਗਾ ਪਿਰਾਗ ਹੈ ਅਰ ਸਭਨਾਂ ਦਾ ਇਸਨਾਨ ਹੈ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਤੈਨੂੰ ਖਬਰਹੋਸੀ ਕਿ ਨਾ ਹੋਸੀ ਤਾ ਭਾਈ ਘੋਹੇ ਕਹਿਆ ਜੀ ਮੈਨੂੰਤਾਂ ਖਬਰ ਨਹੀਂ ਜੀ ਤਾਂ ਫੇਰ ਗੁਰੂ ਨਾਨਕ ਜੀ ਕਹਿਆ ਭਾਈ ਘੋਹਾ ਤੇਰੇ ਬੇਟੇਨੇ ਤੇਰੇ ਨਾਲੋਂ ਭੀਤਪ ਭਾਰੀ ਕੀਤਾਆਹਾ ਪਰ ਇਕ ਖੋਟ ਵਿਚ ਹੋਇਆ ਹੈ ਉਸਤੋਂ ਇਸਨੂੰ ਤਿੰਨ ਜਨਮ ਵਿਛੜੇ ਨੂੰ ਹੋਏ ਹੈਨ ਸੋ ਹੁਣ ਤੇਰੇ ਘਰ ਭੀ ਤਪ ਕਰੇ ਅਤੇ ਸਾਡੇ ਸਤਵੇਂ ਜਾਮੇਂ ਪਾਸੋਂ ਏਨ ਉਧਰਨਾ ਹੈ ਤਾਂ ਘੋਹੇਨੇ ਅਰਦਾਸ ਕੀਤੀ ਜੀ ਮੇਹਰਵਾਨ ਤਪ ਇਸਕਾ ਪੂਰਾ ਹੋਇਆ ਤਾਂਇਹ ਮੁਕਤ ਕਿਉਂ ਨਾ ਹੋਇਆ ਤੇ ਕਸਰਕੀ ਰਹਿਗਈ ਆਹੀ ਅਤੇ ਜਨਮ ਇਹ ਤਿੰਨ ਜਾਮੇ ਕਿਸਦੇ ਹੋਇਆ

CC-0. Gurukul Kangri University Haridwar Coll...

OF INTERNET // ABHINAV GAUR //

ਸੋ ਇਹ ਕਿਰਪਾ ਕਰਕੇ ਦੱਸੀਏ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਕਿ ਭਾਈ ਘੋਹਾ ਤੈਂਨ ਜਨਮਇਹ ਭਖਾਣ ਦੇ ਘਰ ਰਹਿਆ ਤੇ ਭਗਤਿ ਵਿਚ ਰਹਿਆ ਅਤੇ ਪਹਿਲੇ ਜਨਮ ਉਦੇ ਸਿੰਘ ਕਾ ਬੇਟਾ ਬੀਰਮਦੇਉ ਕਾ ਭਾਈ ਸੋ ਦੋਨੋਂ ਬੀਰਮ ਦੇਉ ਅਤੇ ਇਸਦਾਨਾਮਨਰਸਿੰਘ ਥਾ ਤਬ ਇਨ ਦੋਨੋਂ ਨੇ ਤਪੁਭਾਰੀ ਕੀਆ ਥਾ ਪਰ ਏਸਨੇ ਉਸਕੀ ਬਰਾਬਰੀਕਰੀ ਥੀਅਤੇ ਬੀਰਮ ਦੇਉ ਪਿਛਲੇ ਜਨਮੋਂ ਕਾ ਉੱਤਮ ਥਾ ਤਉ ਉਸਕੇ ਮੁਖਤੇ ਆਵਾਜ਼ਨਿਕਲੀਰੇਕਿਉਂ ਬਾਢੀਆਂ ਕੀ ਤਰਹਿ ਵਿੰਗ ਚੜਾਵਤਾ ਹੈਂ ਸੋ ਇਸ ਕਰਕੇ ਇਸਕਾ ਤਪ ਘਟ ਰਹਿਆ ਅਰ ਫੇਰ ਵਹੁ ਤੇ ਰਾਜਾ ਜਨਕ ਕਾ ਦਮਾਦ ਹੁਆ ਅਰ ਉਸਕੇ ਵਿਵਾਹ ਵਿਖੇ ਇਸ ਕੋ ਭੀ ਹਮਨੇ ਦੇਖਿਆ ਪਰ ਇਸਕੇ ਮੁਖਕੀ ਸੋਭਾ ਮਾੜੀ ਜੈਸੀ ਹੋਗਈ ਕਿਉਂਕਿ ਏਕਤੋ ਸਾਈਂਲੋਕੋਂ ਕਾ ਸ੍ਰਾਪ ਅਰ ਦੂਸਰਾ ਇਹ ਕ੍ਰੋਧ ਬਹੁਤ ਕਰਤਾ ਥਾ ਸੋ ਇਸ ਕਰਕੇ ਇਸਕੇ ਮੁਖ ਕੀ ਸੋਭਾ ਦੂਰ ਹੋਇ ਗਈ ਥੀ ਤਬ ਉਹ ਬੀਰਮ ਦੇਉ ਕਿਤਨਾਂਕੁ ਚਿਰ ਰਹਿਕਰ ਫੇਰ ਓਹੁ ਗੁਰੂਕੇ ਤੁਲ ਹੋਇ ਗਇਆ ਅਤੇ ਮਾਤਲੋਕ ਮਾਝੇ ਵਿਚ ਦਰਸੇਨੂੰ ਭਿਖਾਣ ਦੇ ਘਰ ਜਨਮਹੋਇਆ ਪਰ ਭਾਈ ਭਜਨ ਦਾ ਬੀਜ ਜਾਂਦਾ ਨਹੀਂ ਫੇਰ ਤੇਰੇ ਘਰ ਤਦ ਪੈਦੇ ਹੋਇਆ ਸੋ ਹੁਣ ਕਮਾਈ ਕਰਸੀ ਫੇਰ ਉਧਰਸੀ ਤਾਂ ਘੋਹੇ ਨੇ ਕਹਾ ਜੀ ਹੁਣ ਬੀਰਮਦੇਉ ਕਿਸਕੇ ਜਨਮੇਂਗਾ ਤਾਂਗੁਰੂ ਨਾਨਕ ਜੀ ਕਹਿਆ ਜੱਟ ਦੇ ਘਰ ਜਨਮੇਂਗਾ ਤੇ ਨਾਉ ਹੰਦਾਲ ਹੋਸੀ ਅਤੇ ਭਾਰੀ ਸੰਤ ਹੋਸੀ ਤੇ ਵਡਾ ਗੁਰਮੁਖ ਹੋਸੀ ਅਤੇ ਤੇਰੇ ਬੇਟੇ ਦੇ ਤ੍ਰਿਹੁ ਜਨਮ ਤ੍ਰਿਖਾਣ ਦਿਆਂ ਦਾ ਨਾਮ ਬਾਲੂ ਹਰੀਆ ਦਰਬਾਰੀ ਅਤੇ ਹੁਣ ਦਰਸਾ ਹੈ ਤਾਂ ਗੁਰੂਨਾਨਕ ਜੀ ਕਹਿਆ ਓਹ ਸਤਲੁਦ੍ਰ ਜੋ ਨਦੀ ਹੈ ਤਿਸਕੇ ਕਿਨਾਰੇ ਏਕ ਪਿੰਡ ਬੜਾ ਕਸਬਾ ਹੋਵੇਗਾ ਸੋ ਓਥੇ ਇਸਨੂੰ ਅਸਾਡੇ ਅਉਤਾਰ ਦਾ ਦਰਸ਼ਨ ਹੋਸੀ ਤੇ ਖਤ੍ਰੀ ਜਨਮ ਇਹ ਭੀ ਹੋਸੀ ਤੇ ਓਹ ਅਸਾਡਾ ਭੇਖ ਭੀ ਖਤ੍ਰੀਦੇ ਘਰ ਹੋਸੀ ਪਰ ਉਸਦੀਇਸਉਪਰਬਹੁਤ ਕਿਰਪਾ ਹੋਸੀ ਅਰ ਬਾਲਕ ਜਾਮੇਂ ਵਿਚ ਇਸਦੇ ਨਾਲ ਬਹੁਤ ਸੰਗ ਵਿਚ ਰਹਿਆ ਕਰੇਗਾ ਅਰ ਓਹ ਸੰਗ ਹੀ ਇਸਨੂੰ ਰਖੇਗਾ ਅਤੇ ਵਿਸਾਹ ਏਸਦਾ ਰਤੀ ਨਾ ਕਰੇਗਾ ਤੇ ਭਾਈ ਵਹੁ ਬੜਾ ਗੁਰਮੁਖ ਹੋਸੀ ਤੇ ਜੇ ਤੂੰ ਕਹਿੰਦਾ ਹੋਵੇਂ ਜੋ ਗੁਰੂ ਭੀ ਜਨਮ ਵਿਚ ਆਂਵਦਾ ਹੈ ਤਾਂ ਇਹ ਜਾਣ ਜੋ ਉਹ ਰੰਚਕ ਜੋ ਉਸਕੀ ਅੰਸ ਹੋਤੀ ਹੈ ਉਹ ਵਿਸਤਾਰ ਕਰਕੇ ਪਸਰਜਾਂਦੀ ਹੈ ਤੇ ਇਵ ਜਾਣਕੇ ਭਰਮਣਾ ਨਹੀਂ ਭਾਈ ਘੋਹਾ ਕਲਜੁਗ ਵਿਚ ਬਡੇ ਸ਼ਬਦ ਬਿਨਾ ਕਿਸੇ ਨੂੰ ਨਾਂ ਜਾਨਣਗੇ ਤਾਂ ਗੁਰੂਜੀ ਸਲੋਕ ਕਹਿਆ ॥

ਸਲੋਕ ਮਹਲਾ ੧

ਜਾਮਾ ਪਹਿਰ ਜੁਗਾ ਵਿਚ ਬੈਠਾ ਸਗਲ ਪਰੋਈ ਸੂਤਾ ॥ ਅੰਧਕਾਰ
ਦੀਪਕ ਪਰਗਾਸਿਆ ਕਹੁ ਨਾਨਕ ਕਰਮੁ ਨ ਜਾਣੈ ਦੈਤਾ ॥ ਆਦਿ ਪੁਰਖ

CC-0. Gurukul Kangri University Haridwar Collection. Digitized by S3 Foundation USA

ਅਪਰੰਪਰ ਕਰਤਾ ਆਪੇ ਦਾਨਾ ਬੀਨਾ ॥ ਕਹਿਣ ਸੁਣਨ ਤੇ ਰਹੈ ਨਿਆਰਾ ਕਾਹੂ ਸੰਗਿ ਨ ਭੀਨਾ ॥ ਤਾਕਾ ਜਨਮ ਨ ਵਰਨ ਚਿਹਨ ਹੈ ਕਉਣ ਕਹੈ ਤੂੰ ਕਦਕਾ ॥ ਹਾਜਰ ਹਜ਼ੂਰ ਨਿਕਟ ਨ ਆਵੈ ਹਰਖ ਸੋਗ ਤੇ ਰਹਿਤਾ ॥ ਗਗਨ ਨਿਰੰਤਰ ਸਹਜ ਨਿਵਾਸੀ ਕੁੰਜ ਅਵਾਜਾ ਬੋਲੈ ॥ ਕਹੁ ਨਾਨਕ ਅਬ ਭਈ ਹੈਰਾਨੀ ਕੋਈ ਸਾਧੂ ਤਤੁ ਵਿਰੋਲੈ ॥ ੧॥

ਭਾਈ ਘੋਹਾ ਸੱਤਵੇਂ ਜਾਮੇਂ ਜਦਹੋਸੀ ਤਦੋਂ ਤੇਰਾਪੁਤ੍ਰ ਉਧਰਸੀ ਤਾਂ ਘੋਹੇਆਖਿਆ ਜੀ ਮੇਰੀ ਸਿੱਖਣੀਰੋਗੀਹੀਰਹਿੰਦੀਹੈਤੇਇਸਨੂੰਸਾਂਤ ਨਹੀਂ ਆਂਵਦੀਏਹਕਿਰਪਾਕਰਕੇਦੱਸੀਏ ਤਾਂ ਸ੍ਰੀ ਗੁਰੂਨਾਨਕਜੀ ਕਹਿਆ ਭਾਈਇਹਤਿੰਨਵੇਰੀ ਇਸਤ੍ਰੀਹੀਹੁੰਦੀਰਹੀਹੈ ਤੇ ਪਹਿਲੇ ਪਹਿਲ ਇਹ ਮਰਦਦਾ ਰੂਪ ਹੁੰਦੀਸੀਸੋਪਹਿਲੇਪਹਿਲ ਏਹਰਾਜਾ ਜਨਕਕੇਕਬੀਲਿਓਂ ਮੇਰਸੋਈਆ ਥਾ ਸੋ ਰਸੋਈ ਕਰਿਆ ਕਰੇ ਅਤੇ ਫਿਰ ਇਕਦਿਨ ਰਾਜਾ ਨੇ ਮਨ ਵਿਖੇ ਵੀਚਾਰਕੀਆਕਿ ਜਨਾਨੀਓਂ ਕੇ ਪ੍ਰਸਾਦ ਵਿਚੋਂ ਇਕੋਤ੍ਰੂੰਸੌ ਕੰਗਾਲਾਂ ਦਾ ਪ੍ਰਸਾਦਿ ਭੀ ਵੰਡ ਦੀਆ ਕਰੈਂ ਤਾਂ ਫਿਰ ਇਸ ਰਸੋਈਏ ਕੋ ਹੁਕਮ ਦੀਆ ਅਰ ਏਸਨੇ ਕਹਾ ਬਹੁਤ ਖ਼ੂਬ ਜੋ ਰਾਜਾਕੋ ਕੈਹਕਰ ਆਪਨੇ ਲੰਗਰ ਮੇਂ ਆਇਆ ਅਤੇ ਤਬ ਨਾਮ ਇਸਕਾ ਜੰਗੀਰੀਦਾਸ ਥਾ ਅਰ ਇਹ ਰੋਜ ਭੰਡਾਰੇ ਸੇ ਇਕੋਤ੍ਰੂੰਸੌ ਕੀ ਰਸਤ ਲੀਆ ਕਰੇ ਪਰ ਲੈਕਰ ਆਪ ਖਾਇਲੇਵੈ ਸੋ ਤਬ ਇਸਕੀ ਭੂਖ ਭੀ ਅਧਣ ਕੀ ਦੋਨੋਂ ਵਕਤ ਕੀ ਹੋਤੀ ਥੀ ਅਰ ਰਾਜਾ ਕੀ ਰਾਣੀ ਕੋ ਪਾਂਚ ਸਾਤ ਬਾਰ ਇਸਨੇ ਜੂਠ ਵੀ ਖੁਲਾਈ ਅਰ ਜਬ ਏਹ ਪਹਿਲੇ ਹੀ ਘਰ ਤੇ ਜਾਤਾ ਥਾ ਤਬ ਰਾਣੀ ਕੋ ਪੈਰੀਂ ਪੈਤਾਥਾ ਤੇ ਉਹ ਕਿਰਪਾ ਕਰਤੇ ਥੇਅਰ ਕਹਿਤੇ ਥੇਹੋਜਗੀਰੀਦਾਸ ਤੇਰੇ ਹਾਥ ਤੇ ਹਮ ਭੋਜਨ ਖਾਤੇਹੈਂ ਤੂੰ ਜਨਮਾਂਦਾ ਭੀ ਪੂਰਬੀਆ ਹੈਂ ਤਬ ਇਹ ਮੁਖਤੇ ਕਹਤਾਥਾ ਜੋ ਜੀ ਮੈਂ ਤੁਮਾਰਾ ਸਿੱਖ ਹੋਂਅਰਗੁਲਾਮਹੋਂ ਤਬ ਰਾਣੀਚੁਪਕਰ ਰਹਿਤੀਥੀਤਬਫਿਰ ਰਾਜਾਨੇ ਦਰੋਗੇ ਸੇ ਪੁਛਿਆ ਰੇ ਮਂ ਜਗੀਰੀਦਾਸਕੋਕਹਿਆ ਹੂਆ ਹੈ ਕਿ ਇਕੋਤ੍ਰੂੰਸੌ ਮਨੁਖਕਾ ਪ੍ਰਸਾਦਿ ਬਾਂਟਿ-ਆਕਰ ਤਬ ਦਰੋਗੇ ਨੇ ਕਹਿਆ ਜੀ ਮੈਂਨੇ ਤੋ ਕਬੀ ਨਹੀਂ ਬਾਂਟਤੇ ਦੇਖਿਆ ਤਬ ਰਾਜਾ ਨੇ ਇਸਕੋ ਬੁਲਾਇਕਰ ਕ੍ਰੋਧ ਨਹੀਂ ਕੀਆ ਅਰ ਰਸਨਾਂ ਤੇ ਕਹਿਆ ਜਗੀਰੀਦਾਸਤੂੰ ਇਕੋਤ੍ਰੂ ਸੈ ਕੰਗਾਲ ਕੋ ਪ੍ਰਸਾਦਿ ਰਾਨੀਕੀ ਰਸੋਈ ਤੇ ਬਗੈਰ ਬਾਂਟਤਾ ਹੈਂ? ਤਾਂ ਇਸਕੀ ਜ਼ੁਬਾਨ ਸੇ ਆਵਾਜ਼ ਨਾ ਨਿਕਲੀ ਅਰ ਇਸਕੇ ਮੁਖਤੇ ਬਾਤ ਇਸਵਾਸਤੇ ਨਹੀਂ ਸੀ ਨਿਕਸਤੀ ਜੋ ਏਕ ਤੋ ਏਹ ਝੂਠਾ ਥਾ ਅਰ ਦੂਸਰੇ ਰਾਜਾ ਜੀ ਸਤਿਬ੍ਰਤਿ ਅਰ ਸਤਿ ਰੂਪ ਥੇ ਸੋ ਉਨਕੇ ਸਨ-ਮੁਖ ਝੂਠ ਕੈਸੇ ਬੋਲ ਸਕੈ ਸੋ ਜਬ ਇਸਕੇ ਮੁਖ ਸੇ ਆਵਾਜ਼ ਨਾ ਨਿਕਲੀ ਤਬ ਰਾਜਾ ਨੇ ਕਹਿਆ ਕਿ ਰੇ ਤੂੰ ਤਾਂ ਭ੍ਰੀਮਤ ਰੂਪ ਹੈਂ ਸੋ ਐਸੇ ਕਹਿਕਰ ਰਾਜਾ ਚੁਪ ਕਰ ਰਹਿਆ ਅਰ ਏਹੁ ਡੇਰੇ ਆਇਆ ਤੇ ਲਗਾ ਵਿਚਾਰ ਕਰਨ ਜੋ ਹੁਣ ਮੈਂ ਕਿਆ ਕਰਾਂ ਮੁਝ ਕੋ ਤੋ ਸ੍ਰਾਪ ਗੁਰੋਂ ਕਾ ਹੂਆ ਹੈ ਸੋ ਤਬ ਇਸਕਾ ਸ਼ਰੀਰ ਲੰਗਰ ਵਿੱਚ ਹੀ ਚਲਨ

CC-0. Gurukul Kangri University Haridwar Coll

OF INTERNET // ABHINAV GAUR //

ਲਗਾ ਪਰ ਬੁਰੀ ਕਸ਼ਟਾਈ ਸੇ ਜਬ ਦੋ ਪੈਹਰ ਅਰਛਾਉਂਦਾ ਰਿਹਾ ਤਬ ਰਾਣੀ ਜੀ ਨੇ ਪੁਕਾਰ ਸਣੀ ਅਰ ਓਹ ਬਹੁਤ ਦਇਆਵਾਨ ਸੇ ਸੁਣਕੇ ਆਏ ਸੋ ਜਬ ਆਇਕਰ ਦੇਖਾ ਤਬ ਏਸਨੇ ਕਹਾ ਹੇ ਮਾਤਾ ਜੀ ਮੈਨੂੰ ਰਾਜਾ ਜੀ ਦਾ ਸ੍ਰਾਪ ਹੋਯਾ ਹੈ ਜੋ ਜਾਹ ਤੂੰ ਤਾਂ ਡ੍ਰੀਮਤ ਹੈਂ ਅਤੇ ਹੁਣ ਮੇਰੀ ਦੇਹ ਛੁਟਦੀ ਨਾਹੀਂ ਸੋ ਕਦੀ ਮੇਰਾ ਭੀ ਉਧਾਰ ਹੋਸੀ ਤਾਂ ਮਾਤਾ ਨੇ ਕਹਾ ਹੇ ਪੁਤ੍ਰ ਤਿੰਨ ਜਨਮ ਇਸਤ੍ਰੀ ਦੇ ਜਾਮੇ ਵਿਚ ਰਹੇਂਗਾ ਅਤੇ ਚੌਥਾਭੀ ਇਸਤ੍ਰੀਦਾਹੋਸੀ ਪਰ ਉਸ ਭਰਤੇ ਤੋਂ ਤੂੰ ਗਤਿ ਨੂੰ ਪ੍ਰਾਪਤਿ ਹੋਵੇਂਗੀ ਤੇ ਤੇਰਾ ਮਨੁਖ ਦਾ ਜਨਮ ਹੋਵੇਗਾ ਸੋ ਇਤਨੀ ਬਾਤ ਕਹਿਕਰ ਰਾਣੀ ਮੰਦ੍ਰ ਮੇਂ ਆਈ ਅਰ ਪਿਛੇ ਇਸਦਾ ਸਰੀਰ ਚਲ ਗਿਆ ਅਤੇ ਭਾਈਘੋਹਾ ਸ਼ਾਸਤ੍ਰਕਾਰੋਂ ਨੇ ਭੀ ਕਿਹਾ ਹੈ ਕਿ ਜੋਜੂਠਾਕਰਕੇ ਕਿਸੇ ਮਨੁਖ ਯਾ ਇਸਤ੍ਰੀ ਨੂੰ ਦੇਂਦਾਹੈਓਹਇਸਤ੍ਰੀਦੇਹੀ ਜਨਮਵਿਚ ਰਹਿੰਦਾ ਹੈ ਸੋ ਏਸਨੇ ਇਕ ਤਾਂ ਜੂਠਾਰਾਣੀ ਨੂੰ ਖਵਾਯਾ ਤੇ ਦੂਸਰਾ ਰਾਜਾ ਕਾ ਸ੍ਰਾਪ ਹੋਯਾ ਪਰ ਭਾਈ ਘੋਹਾ ਭਗਤ ਕੀਤੀ ਜਾਂਦੀ ਨਹੀਂ ਜੋ ਡ੍ਰੀਮਤ ਭੀ ਹੋਈ ਪਰ ਸਾਈਂ ਲੋਕਾਂ ਦੇਘਰ ਹੋਂਦੀ ਰਹੀ ਅਤੇਹੁਣਤੇਰੇ ਘਰ ਇਸਤ੍ਰੀ ਹੋਕਰ ਸਿਝਸੀ ਅਰ ਹੁਣ ਫੇਰ ਮਰਦ ਦੇ ਜਨਮ ਹੋਕੇ ਉਧਰੇਗੀ ਅਰ ਅਗੇ ਜਿਨਾਂ ਦੇ ਘਰ ਹੁੰਦੀ ਰਹੀਹੈਸੋਤਿਨਾਂ ਦੇ ਨਾਉਂ ਇਹਹੈਨ ਜੋ ਪੈਹਲੇ ਖੱਤ੍ਰੀ ਸੀ ਰਾਮਦਾਸ ਓਸਦੇ ਘਰ ਹੋਈਸੀ ਸੋ ਓਹ ਭੀ ਸੰਤਆਹਾ ਅਰ ਫੇਰ ਇਕਸ ਭ੍ਰਿਖਾਣ ਧਰਮੇ ਦੇ ਘਰ ਹੋਈ ਸੋ ਓਹਭੀ ਭਲਾ ਸਿੱਖਹੀਥਾਪਰਏਸਨੇਸੀਲਨਾਪਾਲਿਆ ਹਰਾਮਹੀ ਕਰਦੀਰਹੀ ਅਤੇ ਇਸਦੇ ਘਰਵਾਲਾ ਸੰਤਸਾਸੋ ਓਸਨੇ ਮੂੰਹਤੇਤੋਕੁਛਨਕਹਾਪਰ ਫੇਰ ਉਸ ਪਾਸਤੇ ਚਮਾਰ ਦੇ ਘਰ ਹੋਈ ਪਰ ਓਹਭੀ ਸਬਦ ਬਾਣੀਪੜ੍ਹਦੇ ਸੁਣਦੇ ਸੇ ਅਤੇ ਏਸਦੇ ਭਰਤਾਦਾਨਾਉਂ ਬੀਨਾ ਥਾ ਅਤੇ ਤਬ ਇਹ ਬਹੁਤਸੁੰਦਰੀਸੀ ਪਰ ਏਸਦਾਸਤ ਰਿਹਾ ਸੋ ਸਤ ਰਹੇ ਦਾ ਸਦਕਾ ਹੁਣ ਤੇਰੇ ਘਰ ਹੈ ਅਤੇ ਜਦਤੇਰੇਘਰੋਂਮਰਸੀ ਤਦ ਫੇਰ ਮਰਦ ਜਾਮਾ ਹੋਸੀ ਭਾਈ ਇਸਦੀ ਇਉਂ ਹਕੀਕਤ ਹੈ ਤਾਂਘੋਹੇ ਪੁਛਿਆ ਮਿਹਰਵਾਨ ਸੈਦੋਕਦ ਉਧਰਸੀ ਤਾਂਸ੍ਰੀਗੁਰੂਨਾਨਕਜੀ ਸ਼ਲੋਕਕਿਹਾ ॥

ਸਲੋਕ ਮਹਲਾ ੧ ॥ ਦਸਤ ਮੁਹਾਰ ਆਪਣੇ ਵਸਿਰਾਖੀ ਜਾਂ ਭੁਣਕੈ ਤਾਂ ਤੋਲੈ ॥ ਭਰਮਭੀਤ ਵਿਚ ਸਭ ਜਗ ਡੋਲਿਆ ਵੇਹ ਆਪ ਅਡੋਲ ਨ ਡੋਲੈ ॥ ਪੈਨਣਹਾਰ ਸਦਾ ਅਬਿਨਾਸ਼ੀ ਤਾਂਤੇ ਰਹੈ ਨਿਆਰਾ॥ਕਹੁਨਾਨਕ ਕੋਟਿ ਜੁਗ ਬੀਤੇ ਤਾਕਾ ਅੰਤ ਨ ਪਾਰਾਵਾਰਾ॥ ਮੁਖ ਆਗਰ ਕਾ ਕਿਹਾਜੋ ਮਾਨੈਸੋਸਿਖ ਭਰਮਭੁਲਾਨੈ॥ਸਬਦਿ ਨਿਰੰਤਰ ਜੋ ਸਿਖ ਖੋਜੈ॰ਸਾਚੇ ਸਬਦ ਸਮਾਨੈ ॥ ਬਾਬਾ ਮਹਲਾ ਮਹੰਲ ਜੋਨਾਢਾਂ ਪ੍ਰਗਟਿਓ ਆਇ ॥ ਤਿਸਕੋ ਬਖਸੈਨਾਨਕਾ ਜਿਸਕੋਦੇਇ ਬੁਝਾਇ॥੧॥ਫੇਰਘੋਹੇ ਅਰਦਾਸਕੀਤੀ ਜੀ ਮਿਹਰਵਾਨ ਤੂੰ ਖਾਂਦਾ ਪੀਂਦਾ ਕਿਛਨਾਹੀਂ ਤਾਂ ਗੁਰੂਨਾਨਕਜੀ ਬਚਨਕੀਤਾ॥ ਸਲੋਕ ਮਹਲਾ ੧॥ ਆਪਾ ਮੱਧੇਘਰਕਰੇ ਨਾਕਿਛ ਪੀਐਨ ਖਾਇ॥ਨੀਚਾ ਅੰਦਰ ਨੀਚ ਜਾਤਿ ਸਤਿਗੁਰ ਰਹੇ ਰਿਲਾਇ॥ ਸ਼ਾਂਗੀ ਸਾਂਗ ਬਣਾਯਾ ਫੀਟੈ ਸਗਲ ਜਹਾਨ॥ਨਾਨਕ ਗੁਰਮੁਖ ਉਬਰੇ ਕੋ ਸ਼ਬਦ ਰਤਾ ਗਿਆਨ ॥ ਗੁਰ ਚੇਲੇ ਰਹਿ

CC-0. Gurukul Kangri University Haridwar Collection. Digitized by S3 Foundation USA

ਰਾਸਹੈ ਅੰਤਰਿ ਦੇਖੈ ਦੋਹਿ ॥ ਸਾਖੀ ਹਰਿ ਪ੍ਰਭ ਹੋਇਆ ਨਾਹਿ ਮਿਲਾਵਾਹੋਇ॥ ੧ ॥ਭਾਈ ਆਗੈਹੋਰ ਸਮਾ ਵਰਤਦਾ ਸੀ ਪਰ ਜਿਤਨਾ ਚਿਰ ਸਾਡਾ ਅਵਤਾਰ ਰਹਿਸੀ ਇਤਨਾ ਚਿਰ ਜੁਗ ਭਲਾ ਵਰਤਸੀ ਤੇ ਘੋਰ ਕਲਜੁਗ ਅੱਗੇ ਵਰਤਸੀ ਜੋ ਪੀਰ ਦੀ ਪੀਰੀ ਨਾ ਰਹਿਸੀ ਤੇ ਫ਼ਕੀਰ ਦੀ ਫ਼ਕੀਰੀਨਾਰਹਿਸੀਸੋ ਆਪ ਨਿਰੰਕਾਰਹੀ ਸੱਚਾ ਹੋਸੀ ਹੋਰ ਸਭ ਝੂਠੇ ਹੋਸਨ ਤੇ ਸਰੀਰਾਂ ਵਿਚੋਂ ਬਰਕਤਭੀ ਘੱਟ ਜਾਸੀ ਤੇ ਕਿਸੇ ਸੰਤ ਵਿਚ ਬਰਕਤਹੋਸੀ ਤਾਂ ਭਾਈਘੋਹੇ ਅਰਦਾਸਕੀਤੀ ਜੀਸੱਚੇਪਾਤਿਸ਼ਾਹਪ੍ਰਸਾਦਤਾਂ ਮੂੰਹਪਾਵੋ ਤਾਂਗੁਰੂਨਾਨਕਜੀ ਕਿਹਾਕਿਭਾਈ ਘੋਹਾਤੂੰ ਆਪਣੇਨਫ਼ਰਨੂੰਲਿਆਵੇਂਤਾਂਅਸੀਪ੍ਰਸ਼ਾਦ ਅਚਵੀਏਤਾਂ ਘੋਹੇਆਖਜਾ ਮੇਹਰਵਾਨ ਕਿਆਜੀਆਜੰਤਾਂਨੂੰ ਮਿਲਨਾ ਹੈ ਪ੍ਰਸਾਦ ਅਚਵੀਏ ਤਾਂ ਗੁਰੂਨਾਨਕਜੀ ਕਿਹਾ ਭਾਈਘੋਹਾ ਬਿਨਾਂ ਉਸਦੇ ਮਿਲਾਪ ਅਸਾਂ ਪ੍ਰਸਾਦਿ ਅਚਵਨਾਂ ਨਹੀਂਤਾਂ ਘੋਹੇ ਆਪਣੀ ਭ੍ਰੀਮਤ ਨੂੰ ਕਿਹਾ ਹੇ ਸਿਖਣੀਏ ਤੂੰ ਕਰਮਦੇਵੀ ਆਪਣੀ ਨੋਂਹ ਨੂੰ ਅਤੇ ਅੰਮ੍ਰਿਤੀਏਨੂੰ ਭੇਜ ਦੇਵੇਂ ਤਾਂ ਓਹਭੀ ਦਰਸਨ ਕਰ ਜਾਵਨ ਤਾਂ ਗੁਰੂਜੀਕੇ ਪਾਸੋਂ ਸੁਖਦੇਵਾਂ ਤੁਰਕੇ ਘਰ ਗਈ ਤਾਂ ਘੋਹੇ ਅਤੇ ਦਰਸੇ ਦੋਹਾਂ ਹੱਥ ਜੋੜੇ ਅਰ ਕਿਹਾ ਕਿ ਪਾਤਿਸ਼ਾਹ ਤੂੰ ਜਾਣੀ ਜਾਣ ਹੈਂ ਸੋ ਗਰੀਬਨਿਵਾਜ ਤੂ ਕਿਸ ਅਧਾਰ ਰਹਿੰਦਾ ਹੈਂ ਜੋ ਖਾਂਦਾ ਪੀਂਦਾ ਕਿਛ ਨਹੀਂ ਤਾਂ ਗੁਰੂਜੀ ਸ਼ਲੋਕ ਕਿਹਾ ॥ ਸਲੋਕ ਮਹਲਾ ੧ ॥ ਆਦਿਪੁਰਖ ਕੋ ਹਮਨੇ ਜਾਨਿਆ ॥ ਦੂਸਰ ਕੋ ਹਮਨਾਹਿ ਪਛਾਨਿਆ ॥ ਏਕਸਕੇ ਗੁਣਗਾਏ ਬਿਅੰਤ ॥ ਜੋ ਸਗਲ ਸਮਗ੍ਰੀ ਕਾ ਜਾਣੇਅੰਤ॥ ਖਟ ਦਰਸਨ ਉਸਕਾ ਧਿਆਨ ਧਾਰਹਿ ॥ ਏਉ ਦਾਨੋਂ ਦੈਤ ਉਪਰ ਡਾਰ ਕੈ ਵਾਰੈ ॥ ਹਮਨੇ ਏਕ ਨਿਰੰਜਨ ਧਿਆਇਆ ॥ ਤਿਸਕਰ ਜਨਮ ਮਰਨ ਕਾ ਭਉ ਗਵਾਇਆ ॥ ਜਬ ਦੇਖਿਆ ਪਾਰਬ੍ਰਹਮ ਕਰਤਾ ਅਬਿਨਾਸੀ ॥ ਤਬ ਹਮਰੀ ਟੂਟ ਗਈ ਪੈਰਨ ਕੀ ਫਾਸੀ ॥ ਦੂਜੇਕੋ ਹਮ ਕਬਹੁ ਨਾ ਜਾਨਿਆਂ ॥ ਏਕਸ ਕੇ ਰੰਗ ਹਮਰਾ ਮਨ ਮਾਨਿਆਂ ॥ ਜਿਸ ਜਗਤ ਕੋ ਲੋਕ ਸਤਕਰ ਮਾਨੇ ॥ ਗੁਰ ਪ੍ਰਸਾਦਿ ਸੁਫਨਾ ਕਰਿ ਜਾਨੇ ॥ ਔਰ ਲੋਕ ਤੈ ਗੁਣ ਮੋਂ ਜਰਤੇ ॥ ਹਮ ਇਸ ਪਾਪ ਮਧ ਨਹੀਂ ਘਰ ਕਰਤੇ ॥ ਜਬ ਕਾ ਦੇਖਿਆ ਦੀਨ ਦਇਆਲਾ ॥ ਤਬ ਕਾ ਹਮਰਾ ਛੁਟਿਆ ਸਭ ਜੰਜਾਲਾ ॥ ਸਾਧ ਸੰਗ ਹਮ ਰਲ ਕੀਰਤਨ ਕਰਤੇ ॥ ਜਲ ਮਹਿ ਜਲਹੀਰੂਪ ਹੋਇ ਨਿਰੰਕਾਰੀ ਫਿਰਤੇ ॥ ਕਹੁ ਨਾਨਕ ਹਮ ਝੋਲ ਪਿਆਲਾ ਅੰਮ੍ਰਿਤ ਕਾ ਪੀਆ ॥ ਤਿਸ ਕਰ ਓਅੰਕਾਰ ਕੇ ਸੰਗ ਰਲੀਆ॥ ੧॥ ਜਾਂ ਸ਼ਬਦ ਕਾ ਭੋਗ ਪਾਯਾ ਤਾਂ ਅੰਮ੍ਰਿਤੀਏ ਆਇਕੇ ਮੱਥਾ ਟੇਕਿਆ ਅਤੇ ਪਿਛੇਤੇ ਕਰਮਦੇਵਾਂਨੇ ਮੱਥਾ ਆਨ ਟੇਕਿਆ ਤਾਂ ਗੁਰੂਨਾਨਕ ਜੀ ਕਿਹਾ ਆਓ ਕੁਾਈ ਅੰਮ੍ਰਿਤੀਆ ਕਰਤਾਰ ਚਿਤ ਆਵੇ ਅਤੇ ਬੀਬੀ ਕਰਮਦੇਵਾਂ ਨੂੰ ਭੀ ਕਰਤਾਰ ਚਿਤਆਵੇ ਤਾਂ ਘੋਹੇ ਅਤੇ ਦਰਸੇ ਦੋਹਾਂ ਮੱਥਾਟੇਕਿਆ ਅਤੇ ਫੇਰ ਗੁਰੂਜੀ ਅੱਗੇ ਕਰਮਦੇਵੀ ਨੇ ਬਹੁਤਅਧੀਨਗੀਸਾਥਮੱਥਾਟੇਕਿਆ ਅਰ ਬੜੇ ਅਦਬਨਾਲ ਗਲ ਵਿਚ ਪੱਲਾ ਪਾਇਕੇ ਅਰਦਾਸਕੀਤੀ ਜੀ ਪਾਤਿਸ਼ਾਹ ਸਾਸਾਂ ਦਾ ਸਹਾਈਹੋਵੀਂ ਤੇਨਾਮਦੀਦਾਤ ਦੇਵੀਂ ਤੇਗਰੀਬ

CC-0. Gurukul Kangri University

OF INTERNET ABHINAV GAUR

ਨਿਵਾਜ ਤੇਰੇ ਚਰਨਾਂ ਨਾਲ ਧਿਆਨ ਰਹੇ ਤਾਂ ਗੁਰੂ ਨਾਨਕ ਜੀ ਬਚਨ ਕੀਤਾ ਭਾਈ ਘੋਹਾ ਤੇਰੀ ਨੌਂਹ ਬੜੀ ਗੁਰਮੁਖ ਹੈ ਤੇ ਪਿੱਛੇ ਭੀ ਭਲੀ ਆਹੀ ਤਾਂ ਘੋਹੇ ਆਖਿਆ ਜੀ ਮਿਹਰ ਵਾਨ ਤੁਸਾਂ ਗੁਲਾਮ ਨੂੰ ਕੀ ਫੁਰਮਾਇਆ ਤਾਂ ਗੁਰੂ ਨਾਨਕ ਜੀ ਕਹਿਆ ਸੁਣ ਭਾਈ ਘੋਹਾ ਤੇਰੀ ਨੌਂਹ ਦੀ ਵਾਰਤਾ ਜੋ ਤ੍ਰੇਤੇ ਵਿਚ ਰਾਜਾ ਜਨਕ ਕੀ ਰਾਣੀ ਕਮਲਾਵਤੀ ਕੀ ਖਾਸ ਗੋਲੀ ਹੋਤੀ ਥੀ ਅਰ ਬਹੁਤ ਟਹਿਲਮੈਂ ਰਹਿਤੀ ਥੀ ਅਰ ਜਬ ਰਾਜਾ ਜ਼ਨਾਨੀਓਂ ਮੇਜਾਤਾ ਥਾ ਤੋਇਸ ਕਾ ਨਾਮ ਕਮਲਾਵਤੀ ਹੋਤਾ ਥਾ ਸੋ ਰਾਜਾ ਜੀ ਇਸ ਕੋ ਪੂਛੈ ਰੀ ਕਮਲਾਵਤੀ ਤੇਰਾ ਵਿਵਾਹ ਕਰ ਦੇਵੈਂ ਜੋ ਤੂੰ ਇਸ ਬਾਤ ਪਰ ਰਾਜੀ ਹੋਵੇਂ ਤੌ ਤੇਰਾ ਕਿਸੀ ਪੁਰਖ ਸਾਥ ਵਿਵਾਹੁ ਕਰਾਇ ਦੇਵੈਂ ਤਬ ਇਹ ਕਹਿਤੀ ਥੀ ਜੋ ਤੁਮ ਮੇਰੇ ਗੁਰੂ ਹੋਸੋ ਤੁਮ ਆਪਣੇ ਦਰਸ਼ਨ ਕੀ ਹੀ ਮੁਝੇ ਤ੍ਰਿਪਤਿ ਦੇਹੋ ਤਬ ਰਾਜੇ ਗੰਭੀਰ ਬਾਣੀ ਦਇਆ ਕਰਕੇ ਕਹਾ ਜੋ ਰੀ ਕਮਲਾਵਤੀ ਤੇਰਾ ਏਕ ਜਨਮ ਔਰ ਰਹਿਆ ਹੈ ਸੋ ਉਸ ਕੇ ਘਰ ਮੇਂ ਤੂੰ ਬੀਸ ਬਰਸ ਰਹੇਂ ਗੀ ਪਰ ਤੇਰਾ ਧਰਮ ਸਤ ਰਹੇਗਾ ਅਰ ਪਾਛੇ ਉਸ ਕੇ ਮਿਰਤ ਹੋਵੈਂ ਗੀ ਸੋ ਤਬ ਤੇਰੇ ਘਰ ਵਾਲੇ ਕਾ ਨਾਮ ਤੇ ਜਨਿਧਿ ਹੋਵੇਗਾ ਤੇ ਜਨਮ ਖੱਤ੍ਰੀ ਦੇ ਘਰ ਹੋਵੇਗਾ ਅਰ ਫੇਰ ਤੂੰ ਉਸ ਕੇ ਘਰ ਤੇ ਮਿਰਤ ਹੋਕਰ ਜੱਟ ਦੇ ਘਰ ਹੋਕਰ ਉਧਰੈਂ ਗੀ ਸੋ ਹੁਣ ਤੂੰ ਘੋਹੇ ਸਿੱਖਦੀ ਨੌਂਹ ਹੈਂ ਤੇ ਦਰਸੇ ਸੰਤ ਦੀ ਸਿੱਖਣੀ ਹੈਂ ਅਰ ਹੁਣ ਬੇੜਾ ਪਾਰ ਲੰਘਸੀ ਸੋ ਹੁਣ ਤੇਰਾ ਗੁਰੂ ਕੇ ਚਰਨਾਂ ਪਾਸ ਟਿਕਾਨਾਂ ਹੋਸੀ ਅਰ ਤੇਰੇ ਸੰਗ ਕਰਕੇ ਮਾਈਆਂ ਪੁਰਖ ਉਧਰਨ ਗੇ ਤੇ ਫੇਰ ਗੁਰੂ ਨਾਨਕ ਜੀ ਕਹਿਆ ਲਿਆਉ ਭਾਈ ਘੋਹਾ ਤੇਰਾ ਪ੍ਰਸਾਦਿ ਅਚਵੀਏ ਤਾਂ ਗੁਰੂ ਨਾਨਕ ਜੀ ਕਹਿਆ ਭਾਈ ਬਾਲਾ ਛੇ ਵੰਡੇ ਕਰ ਜੋ ਏਕ ਘੋਹੇ ਨੂੰ ਦੇਹੁ ਅਰ ਇਕ ਅੰਮ੍ਰਿਤੀਏ ਨੂੰ ਇਕ ਬਾਂਟਾ ਦਰਸੇ ਨੂੰ ਅਰ ਇਕ ਕਰਮ ਦੇਵਾਂ ਨੂੰ ਅਰ ਇਕ ਤੂੰ ਲੈ ਅਰ ਇਕ ਸਾਡੇ ਹੱਥ ਲਿਆਇ ਕਰ ਦੇਹੁ ਅਰ ਕਹਜਾ ਕਿ ਭਲਾ ਸੁਖ ਦੇਵਾਂ ਨੇ ਅਸਾਡੇ ਵਾਸਤੇ ਉਤਮ ਪ੍ਰਸਾਦਿ ਆਂਦਾ ਹੈ ਤਾਂ ਗੁਰੂ ਨਾਨਕ ਜੀ ਨੇ ਪ੍ਰਸਾਦਿ ਮੁਹ ਪਾਇਆ ਤਾਂ ਫਿਰ ਸਭਨਾਂ ਨੇ ਮੁਹ ਪਾਇਆ ਅਤੇ ਫਿਰ ਗੁਰੂ ਜੀ ਮੂੰਹ ਪਾਇ ਕਰ ਘੋਹੇ ਨੂੰ ਅੰਮ੍ਰਿਤੀਏ ਨੂੰ ਦਰਸੇ ਨੂੰ ਕਰਮ ਦੇਵਾਂ ਨੂੰ ਚੌਹਾਂ ਨੂੰ ਸੀਤ ਪ੍ਰਸਾਦਿ ਦਿਤਾ ਪਰ ਘੋਹੇ ਨੂੰ ਰਸਨਾ ਵਿੱਚੋਂ ਚਿੱਥਿਆ ਹੋਇਆ ਰੰਚ ਕਮਾਤ੍ਰ ਦਿੱਤਾ ਤਾਂ ਭਾਈ ਘੋਹੇ ਨੇ ਉਹ ਮੁਹ ਪਾਇਆ ਸੋ ਪਾਉਣੇ ਨਾਲ ਹੀ ਕਪਾਟ ਖੁੱਲ੍ਹ ਗਏ ਅਰ ਦਿੱਬ ਦ੍ਰਿਸ੍ਟ ਹੋਇ ਗਈ ਅਰ ਸੁਧ ਰਿਦਾ ਹੋ ਆਇਆ ਅਰ ਬਾਣੀ ਉਚਾਰਣ ਲਗਾ ਤਾਂ ਦਰਸੇ ਅਤੇ ਅਮ੍ਰਿਤੀਏ ਨੂੰ ਭੀ ਸੀਤ ਪ੍ਰਸਾਦਿ ਦਿੱਤਾ ਤਾਂ ਫਿਰ ਤਿੰਨੇ ਇਕ ਰੂਪ ਹੋਇ ਗਏ ਤਾਂ ਭਾਈ ਘੋਹੇ ਸ਼ਬਦ ਉਚਾਰਿਆ ਗੁਰੂ ਨਾਨਕ ਜੀ ਅੱਗੇ ਮੱਥਾ ਟੇਕ ਕੇ ॥ ਧੰਨ ਧੰਨ ਗੁਰੂ ਨਾਨਕ ਜੀ ਜਿਨ ਪੂਰਨ ਕੀਆ ਉਪਦੇਸ਼॥ ਤਿਸ ਕੀ ਨਜ਼ਰ ਤੇ ਹਮ ਤਰੇ ਔਰ ਤਰੇ ਹੈਂ ਅਨੇਕ ॥ ਭਈ ਕ੍ਰਿਪਾ ਨਿਰੰਜਨ ਕੀ ਜਬ ਹਮ ਤੁਮਾਰਾ ਦਰਸ਼ਨ ਕੀਨਾ ॥ ਐਸਾ ਤੁਮਾਰਾ ਨਾਮ ਹੈ ਜੋ ਗਰੀਬ ਨਿਵਾਜ਼ ਆਪ ਪ੍ਰਬੀਨਾ ॥ ਤੁਮਰੇ ਦਰਸ਼ਨ ਹਮ ਭਏ ਸੁਹੇਲੇ ॥ ਧੰਨ ਧੰਨ ਗੁਰੂ ਨਾਨਕ ਜੀ ਜਿਨ ਪੈਰਕੇ ਬੰਧਨ ਖੋਲ੍ਹੇ॥ ਤੁਮ ਕ੍ਰਿਪਾ ਕੀਤੀ ਤਬ ਤੁਮਾਰਾ ਹਮ ਦਰਸ਼ਨ ਪਾਇਆ ॥ ਹਮ ਕੀਟ ਜੰਤ ਕ੍ਰਿਪਾਣ ਕੀ ਕਰੋ ਸਹਾ

CC-0. Gurukul Kangri University Haridwar Collection. Digitized by S3 Foundation USA

ਇਆ॥ ਦੇਸ ਦਿਸੰਤਰ ਹਮ ਫਿਰਬਹੁ ਥਾਕੇ॥ਕਿਨਹੁਨ ਦਿਖਾਇਆ ਉਹਪ੍ਰੇਮਰਸਪਾਚੋ ਗੁਰੁ ਪਰਮੇਸ਼ਰ ਗੁਰੁਨਾਨਕ ਭੂੰ ਗੁਰੁ ਸੂਰਾ ਭੂੰ ਪੂਰਾ॥ਖੋਲਕ ਪਾਟ ਮੁਝਚੇਰੇਹੂੰਕੇ ਸਭਕਾਰਜ ਕੀਨਾ ਹੈ ਪੂਰਾ॥ ੧॥ ਤਾਂ ਫਿਰ ਸਭੋ ਚਾਰੋਂ ਨੇ ਗੁਰੂਨਾਨਕਜੀ ਅੱਗੇਮੱਥਾ ਟੇਕਿਆਫਿਰਜੀ ਗੁਰੂਨਾਨਕ ਜੀਨੇ ਘੋਹੇ ਨੂੰ ਥਾਪੀਲਾਈ ਤਾਂ ਘੋਹਾਂ ਸ਼ਬਦਵਿਚ ਮਗਨ ਹੋਇਆ ਤਾਂ ਗੁਰੂ ਨਾਨਕ ਜੀ ਓਥੋਂ ਰਮਦੇ ਰਹੇ॥ ਬੋਲੋ ਜੀ ਵਾਹਿਗੁਰੂ॥੧੧੪॥

ਉਪਰੰਤ ਸਾਖੀ ਸੰਤਾਂ ਨਾਲ ਹੋਈ

ਸ੍ਰੀ ਗੁਰੂ ਨਾਨਕ ਜੀ ਜਾਂਦੇ ਜਾਂਦੇ ਪੂਰਬਦੀ ਧਰਤੀ ਜਾਇ ਪ੍ਰਾਪਤ ਹੂਏ ਤਾਂ ਓਥੇ ਸ੍ਰੀਗੁਰੂ ਬਾਬੇਜੀ ਨੂੰ ਮਹਾਂਪੁਰਖਆਇਮਿਲੇ ਅਤੇ ਆਇਕਰ ਸ੍ਰੀਗੁਰਜੀ ਅੱਗੇ ਮੱਥਾ ਟੇਕਿਆ ਅਤੇ ਮੁਖਹੁ ਆਖਿਓਨੇ ਬਾਬਾ ਜੀ ਰਾਮ ਰਾਮ ਤਾਂ ਅੱਗੋਂ ਗੁਰੂਨਾਨਕਜੀ ਕਹਿਆ ਆਵੋਜੀ ਸੰਤਹੁਜੀ ਸਤਿਰਾਮ ਜੀ ਆਈਏ ਜੀ ਬੈਠੀਏ ਜੀ ਭਾਂ ਓਹਨਾਂ ਸੰਤਾਂਨੇ ਇਕ ਘੜੀ ਬੈਠਕਰ ਅਰਦਾਸ ਕੀਤੀ ਜੀ ਹਮਆਪਦੇ ਨਾਮ ਤੋਂ ਬਲਿਹਾਰ ਹਾਂ ਜੇ ਗਰੀਬਨਿਵਾਜਜੀ ਆਪਦਾ ਹੁਕਮ ਹੋਵੇ ਤਾਂ ਇਕ ਬੇਨਤੀਕਰੀਏ ਜੋ ਹਮਾਰੇਦਿਲਮੇਂ ਸੰਸਾ ਹੈ ਸੋ ਪੁਛੀਏ ਜੀ ਤਾਂ ਸ੍ਰੀ ਗੁਰੂਜੀ ਕਹਿਆ ਜੋ ਤੁਮਾਰੇ ਮਨਮੇਂ ਆਂਵਦੀ ਹੈ ਸੋ ਪੁਛੋ ਜਾ ਓਨਾਂ ਸੰਤਾਂ ਕਹਿਆ ਜੀ ਜੋ ਕਈ ਲੋਕ ਦਾਨ ਪੁੰਨ ਕਰਦੇ ਹੈਨ ਇਕ ਹੋਮ ਜੱਗ ਕਰਦੇ ਹਨ ਇਕ ਤੀਰਥ ਕਰਦੇ ਹੈਨ ਸੋ ਤਿਨ ਕਉ ਕਜਾ ਫਲ ਹੋਵੇਗਾ ਔਰ ਤਿਨਕੀ ਮੁਕਤੀ ਹੋਵੇਗੀ ਕਿ ਨਾ ਹੋਵੇਗੀ ਤਾਂ ਗੁਰੂ ਜੀਨੇਇਕਸ਼ਬਦਕਹਜਾ ਰਾਗ ਭੈਰਉ ਮਹਲਾ ੧॥ ਜਗ ਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥ਰਾਮ ਨਾਮਬਿਨਮੁਕਤਿਨਪਾਵਸ ਮੁਕਤਿ ਨਾਮ ਗੁਰਮੁਖਿ ਲਹੈ॥੧॥ ਰਾਮਨਾਮ ਬਿਨ ਬਿਰਥੇ ਜਗ ਜਨਮਾ॥ ਬਿਖੁਖਾਵੈਬਿਖੁਬੋਲੀਬੋਲੈਬਿਨੁਨਾਵੈ ਨਿਹਫਲ ਮਰਿਭਰਮਨਾ॥ ੧॥ਰਹਾਉ॥ਪੁਸਤਕ ਪਾਠ ਬਿਆਕਰਣ ਬਖਾਣਹਿ ਸੰਧਿਆਕਰਮਤਿਕਾਲ ਕਰੈ॥ਬਿਨਗੁਰਸਬਦ ਮੁਕਤਿ ਕਹ ਪ੍ਰਾਨੀ ਰਾਮਨਾਮ ਬਿਨ ਉਰਝਿ ਮਰੈ॥ ੨॥ਡੰਡਕਮੰਡਸਿਖਾ ਸੂਤ ਧੋਤੀਕੀਨੀ ਤੀਰਥ ਗਵਨ ਅਤਿ ਭ੍ਰਮਨ ਕਰੈ॥ ਰਾਮਨਾਮ ਬਿਨ ਸਾਂਤ ਨ ਆਵੈਜਪਿ ਹਰਿਹਰਿਨਾਮ ਸੁਪਾਰਪਰ॥ ੩॥ ਜਟਾਮੁਕਤਿ ਤਨ ਭਸਮ ਲਗਾਈ ਬਸਤ੍ਰਛੋਡਿ ਤਨ ਨਗਨਿ ਭਇਆ॥ ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ ਕਿਰਤ ਕੇ ਬਾਂਧੇ ਭੇਖ ਭਇਆ॥ ੪॥ ਜੇਤੇ ਜੀਅ ਜੰਤ ਜਲ ਥਲ ਮਹਿ ਜਤ੍ਰਕਤ੍ਰ ਭੂੰ ਸਰਬ ਜੀਆ॥ਗੁਰਪ੍ਰਸਾਦਿ ਰਾਖਿ ਲੇਹੁ ਜਨ ਕਉ ਹਰਿ ਰਸੁ ਨਾਨਕ ਝੋਲ ਪੀਆ॥ ੫॥ ਤਿਸਕਾ ਪ੍ਰਮਾਰਥ ਗੁਰੂਜੀ ਕਹਿੰਦੇ ਹੈਨ॥

ਹੇ ਭਾਈ ਸੰਤ ਪਰਮੇਸ਼ਰਦੇ ਪਿਆਰਿਓ ਸੁਨਹੁ ਭਾਵੇਂ ਕੋਈ ਹੋਮਜੱਗਕਰੇਭਾਵੇਂ ਤੀਰਥਕਰੇ ਭਾਵੇਂ ਜੋਗੀ ਹੋਵੇ ਸੰਨਿਆਸੀ ਹੋਵੇ ਭਾਵੇਂ ਬ੍ਰਹਮਚਾਰੀ ਹੋਵੇ ਭਾਵੇਂ ਨਾਂਗਾ ਹੋਵੇ ਸਿਰ ਬਿਚ ਕਰਵਤ ਧਰਾਵੇ ਭਾਵੇਂ ਸਗਰੀ ਧਰਤੀ ਭ੍ਰਮੇ ਭਾਵੇਂ ਪੂਜਾ ਪੁੰਨ ਸਗਲੇ ਕਰੇ ਅਰ ਬਹੁਤ

CC-0. Gurukul Kangri University Haridwar

S OF INTERNET // ABHINAV GAUR //

ਤਪੱਸਿਆ ਕਰੇ ਅਰ ਦੇਵੀ ਕਉ ਸਾਧਨਾ ਕਰੇ ਤਾਂ ਭੀ ਰਾਮ ਸਿਮਰੇ ਬਿਨ ਮੁਕਤਿ ਨਹੀਂ ਹੋਂਦੀ ਅਤੇ ਮੁਕਤ ਤਾਂ ਹੋਵੇ ਜਾਂ ਸਤਿਗੁਰੂ ਨੂੰ ਮਿਲਕਰ ਸੁੱਧਆਤਮੈਂ ਰਾਮਕਾਨਾਮਸਿਮਰੇ ਤਾਂ ਇਸਕੀ ਮੁਕਤੀ ਹੋਵੇ ਤੇ ਜਨਮ ਇਸਦਾ ਸਵਰ ਜਾਵੇ ਨਹੀਂ ਤਾਂ ਇਸ ਪ੍ਰਾਣੀ ਕਾ ਜਨਮ ਬਿਅਰਥ ਜਾਂਦਾ ਹੈ ਏਹ ਮਨੁਖ ਸ੍ਰੀ ਪਰਮੇਸ਼ਰਕੇ ਨਾਮਤੋਂ ਬਿਨਾ ਬਿਖਹੀ ਖਾਂਦਾ ਹੈ ਤੇ ਬਿਖ ਹੀ ਬੋਲਦਾਹੈ ਇਸਬਿਖਖਾਨੇਦਾ ਔਰ ਬੋਲਣੇਦਾ ਕਿਆ ਫਲ ਹੁੰਦਾਹੈ ਏਹ ਬਾਰੰਬਾਰ ਜਨਮਤਾ ਅਰ ਮਰਤਾ ਹੈ ਫੇਰ ਅਨੇਕ ਜੂਨੀ ਵਿਖੇ ਭ੍ਰਮਤਾ ਫਿਰਤਾ ਹੈ ਤਾਂ ਫੇਰ ਉਨ੍ਹਾਂ ਮਹਾਂ ਪੁਰਖਾਂ ਨੇ ਕਹਿਆ ਹੈ ਗੁਰੂਜੀ ਇਕ ਪੁਸਤਕ ਪੜ੍ਹਦੇ ਹੈਨ ਇਕ ਵੈਸ਼ਨਵ ਸੰਧਿਆ ਤਰਪਨ ਕਰਦੇ ਹੈਨ ਉਨਕੀ ਮੁਕਤਹੋਵੇਗੀ ਕਿ ਨਾ ਹੋਵੇਗੀ ਤਾਂ ਸ੍ਰੀ ਗੁਰੂ ਜੀ ਕਹਿਆ ਸੁਣੋ ਭਾਈ ਨਿਰੰਕਾਰ ਦੇ ਪਿਆਰਿਓ ਜੋ ਚਾਰੇ ਬੇਦਪੜ੍ਹੇਅਰਭਾਵੇਂ ਤ੍ਰੈਵਕਤ ਸੰਧਿਆ ਤਰਪਨ ਕਰੇ ਭਾਵੇਂ ਆਠ ਪਹਿਰ ਅਠਾਰਾਂ ਪੁਰਾਣ ਪੜ੍ਹੇ ਤਾਂ ਭੀ ਮੁਕਤ ਨ ਹੋਵੇਗੀ ਹੇ ਭਾਈ ਮਹਾਂ ਪੁਰਖੋ ਮੁਕਤ ਤਦ ਹੋਵੇਗੀ ਜਾਂ ਸਤਿਗੁਰੂ ਨੂੰ ਮਿਲਕਰ ਸ੍ਰੀ ਨਿਰੰਕਾਰਦਾ ਨਾਮ ਜਪੇ ਤਾਂ ਮੁਕਤਕਉ ਪ੍ਰਾਪਤ ਹੋਵੇਗਾ ਤਾਂ ਫੇਰਸੰਤਾਂਕਹਿਆ ਜੀਇਕ ਗ੍ਰਹਸਤ ਛੋਡਕਰ ਅਤੀਤ ਹੋਜਾਂਦੇ ਹੈਨ ਉਨਕੀ ਮੁਕਤਹੋਵੇਗੀ ਕਿ ਨਹੀਂ ਤਾਂ ਗੁਰੂਜੀਕਹਿਆ ਭਾਈ ਸਿੱਖੋ ਰਾਮਕੇਲੋਕੋਭਾਵੇਂ ਡੰਡ ਕਮੰਡਲ ਹਾਥ ਮੇਂ ਲੈਕਰ ਸਿਖਾ ਸੂਤ ਧੋਤੀਕਰੇਭਾਵੇਂ ਤਿਲਕ ਬਨਾਵੈ ਭਾਵੇਂ ਘਰ ਛਡਕੇ ਤੀਰਥਾਂ ਪਰ ਜਾਇ ਬੈਠੇ ਯਾਤ੍ਰਾਕਰੇ ਭਾਵੇਂ ਸਾਰੀਧਰਤੀਕੀ ਪਰਦੱਖਣਾਕਰਆਵੇ ਤਾਂ ਭੀ ਮੁਕਤ ਨਹੀਂ ਪਾਂਵਦਾ ਸੁਣੋ ਭਾਈ ਰਾਮਕੇ ਲੋਕੇ ਮੁਕਤ ਤਉ ਹੋਵੇਗੀ ਜਾਂ ਸ਼ੁਧਆਤਮਾ ਤੇਪਰਮੇਸ਼ਰ ਕਾ ਭਜਨ ਕਰੇਗਾ॥ ਤਾਂ ਫੇਰ ਉਨਾਂ ਸੰਤਾਂ ਕਹਿਆ ਹੈ ਗੁਰੂਜੀ ਇਕ ਜਟਾ ਧਾਰ ਫਿਰਦੇ ਹੈਂ ਇਕ ਭਭੂਤ ਲਾਇ ਫਿਰਦੇ ਹੈਨ ਇਕ ਬਸਤ੍ਰ ਰੰਗੇ ਫਿਰਦੇ ਹੈਨ ਉਨਕੀ ਮੁਕਤ ਹੋਵੇਗੀਕੇ ਨਹੀਂ ਹੋਵੇਗੀ ਤਾਂ ਸ੍ਰੀ ਗੁਰੂ ਜੀ ਕਹਿਆ ਸੁਣੋ ਭਾਈਭਸਮ ਲਗਾਇ ਫਿਰੇ ਭਾਵੇਂ ਕੋਈ ਨਗਨ ਫਿਰੇ ਭਾਵੇਂ ਕਪੜੇ ਰੰਗੇ ਫਿਰੇ ਇਹਨੀਂ ਬਾਤੀਂ ਮੁਕਤ ਨਹੀਂ ਹੋਤੀ ਅਤੇ ਸੰਤਜੀ ਜੇਕਰ ਕੋਈ ਕਹੇ ਕਿ ਮੈਂ ਬਸਤ੍ਰਾਂਦਾ ਤਿਆਗਕਰਕੇ ਨਗਨ ਹੈਠ ਰਹਾਂ ਤੋਮੁਕਤਕਉ ਪ੍ਰਾਪਤ ਹੋਵਾਂ ਤਾਂਭੀ ਸੰਤਜੀ ਏਹ ਪ੍ਰਾਣੀਮੁਕਤ [illegible]ਾ ਪਾਵੇਗਾ ਅਤੇ ਮਹਾਂ ਪੁਰਸ਼ੋ ਮੁਕਤਤਾਂਹੋਵੇਜਾਂ ਏਹਪ੍ਰਾਣੀਅੰਦਰੋਂ ਹਉਮੈਂ ਨੂੰ ਗਵਾਵੇ ਅਤੇ ਵਾਹਿਗੁਰੂ ਵਾਹਿਗੁਰੂ ਜਪੇ ਤਾਂ ਇਸਕੀ ਪਰਮ ਗਤੀ ਹੋਵੇਗੀ ਤਾਂ ਫੇਰਮਹਾਂਪੁਰਖਾਂਕਹਿਆ ਗੁਰੂਜੀ ਜੋਜੋਵਜਲਥਲਵਿਚਰਹਿਨ ਉਨ੍ਹਾਂਦੀਮੁਕਤਕਉਨ ਕਰਦਾ ਹੈ ਜੀ ਤਾਂ ਫੇਰ ਗੁਰੂ ਜੀ ਕਹਿਆ ਭਾਈ ਜੀ ਜੋਹੜੇ ਜੀਵ ਜਲ ਵਿਚ ਰਹਿਨ ਵਾਲੇ ਹੈਨ ਉਨ੍ਹਾਂ ਦੇਨਾਲ ਭੀ ਤੋਂ ਪਰਮੇਸ਼ਰ ਜੀ ਹੈ ਸੋ ਉਨ੍ਹਾਂ ਜੀਆਂ ਦੀ ਪ੍ਰਤਪਾਲਾ ਕਰਦੇ ਹਨ ਪਰ ਮੁਕਤ ਉਨਕੀ ਬਿਨ ਗੁਰੂ ਤੋਂ ਨਹੀਂ ਹੁੰਦੀ ਜਦਓਹਸੁਧਆਤਮਾ ਕਰਕੇ ਰਾਮ ਨਾਮਕਾ ਸਿਮਰਣ ਕਰਦੇ ਹੈਨ ਤਾਂਮੁਕਤਕਉ ਪ੍ਰਾਪਤਹੋਤੇ ਹੈਨ ਤਾਂ ਸ੍ਰੀਗੁਰੂਜੀ ਕਹਿਆ ਸੁਣੋ ਭਾਈ ਪਰਮੇਸ਼ਰ ਦੇ ਪਿਆਰਿਓ ਅਸਾਡੇ ਮਤਵਿਚ ਤਾਂ ਇਸ ਤਰਾਂ ਕਹਿਆ ਹੈਆਗੇ ਸੰਤ ਜਨ

CC-0. Gurukul Kangri University Haridwar Collection. Digitized by S3 Foundation USA

ਈਸ਼ਰਕੀ ਗਤਿ ਈਸ਼ਰ ਜਾਣੈ ਉਸਕਾ ਅੰਤ ਨਹੀਂ ਪਾਇਆ ਜਾਂਦਾ ਓਹ ਪਰਮੇਸ਼ਰ ਬਿਅੰਤ ਹੈ ਅਰ ਸਰਬ ਸਮਰਥ ਹੈ ਜਿਉਂ ਚਾਹੁੰਦਾ ਹੈ ਤਿਵੇਂ ਹੀ ਕਰਦਾ ਹੈ ਜਾਂ ਏਹ ਬਚਨਸੁਣਕਰ ਓਹ ਮਹਾਂ ਪੁਰਖ ਸ੍ਰੀ ਗੁਰੂਨਾਨਕ ਜੀਕੇ ਚਰਨੀ ਲੱਗੇ ਤੇ ਕਹਿਣਲੱਗੇ ਹੇ ਗਰੀਬਨਿਵਾਜ ਜੀ ਤੂੰ ਹੀ ਪਰਮੇਸ਼ਰ ਹੈਂ ਅਤੇ ਅਸੀ ਆਪ ਦੀ ਸ਼ਰਨ ਪਏ ਹਾਂ ਜੀ ਹਮ ਕਉ ਜਨਮ ਮਰਨ ਦੇ ਦੁਖਾਂ ਪਾਸੋਂ ਬਚਾਵੋਜੀ ਤਾਂ ਸ੍ਰੀ ਗੁਰੂ ਬਾਬੇ ਜੀ ਕਹਿਆ ਸੁਨਹੁ ਸੰਤਜੀ ਤੁਸੀ ਸ਼ੁੱਧ ਮਨ ਕਰਕੇ ਸ੍ਰੀ ਨਿਰੰਕਾਰ ਦਾ ਨਾਮ ਜਪੋ ਜੀ ਤਾਂ ਕਰਤਾਰ ਤੁਸਾਡਾ ਭਲਾ ਕਰੇਗਾ ਏਹ ਗੱਲ ਸੁਣਕਰ ਓਹ ਸੰਤ ਸ੍ਰੀ ਗੁਰੂ ਜੀ ਕੇ ਸਿੱਖ ਹੋਏ ਲੱਗੇ ਗੁਰੂ ਗੁਰੂ ਜਪਣ ਤਾਂ ਉਨ ਕਉ ਉਪਦੇਸ਼ ਦੇਕਰ ਗੁਰੂ ਜੀ ਓਥੋਂ ਚਲਦੇ ਰਹੇ॥ ਬੋਲਹੁ ਭਾਈ ਜੀ ਵਾਹਿਗੁਰੂ ॥ ੧੧੫ ॥

ਸਾਖੀ ਅਰਬ ਦੇਸ ਦੇ ਬਾਦਸ਼ਾਹ ਨਾਲ ਹੋਈ

ਇਕ ਸਮੇ ਮਰਦਾਨੇ ਸ੍ਰੀ ਗੁਰੂਜੀ ਅੱਗੇ ਮੱਥਾ ਟੇਕਿਆ ਅਰਦਾਸ ਕੀਤੀ ਹੇ ਸੱਚੇ ਪਾਤਿਸ਼ਾਹ ਜੀ ਅਰਬ ਦੇਸ਼ ਕੈਸਾ ਹੈ ਜੀ ਤਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਿਆਂ ਤੂੰ ਦੇਖਣਾ ਹੈ ਤਾਂ ਤੈਨੂੰ ਦਿਖਾਇ ਲਿਆਵੀਐਂ ਗੇ ਤਾਂਫੇਰ ਗੁਰੂਅੰਗਦ ਜੀ ਸ੍ਰੀ ਗੁਰੂ ਜੀ ਨੇ ਮੇਰੇ ਤਾਂਈਂ ਆਖਿਆ ਕਿਉਂ ਭਾਈ ਬਾਲਾ ਮਰਦਾਨਾ ਕੀ ਆਖਦਾ ਹੈ ਤਾਂ ਮੈਂ ਆਖਿਆ ਗੁਰੂ ਜੀ ਜੋ ਤੁਸਾਡੀ ਰਜ਼ਾ ਤਾਂ ਸ੍ਰੀ ਗੁਰੂ ਨਾਨਕ ਜੀ ਓਥੋਂ ਜਾਂਦੇ ਜਾਂਦੇ ਅਰਬ ਦੇਸ਼ ਵਿਚ ਜਾਇ ਪ੍ਰਾਪਤ ਹੂਏ ਅੱਗੇ ਉਸੀਦੇਸਦਾ ਪਾਤਸ਼ਾਹ ਲਾਜ਼ਬਰਦ ਨਾਮ ਕਰਕੇ ਆਖੀਦਾਸੀ ਅਤੇ ਬਹੁਤਜ਼ੁਲਮੀ ਕਰਦਾ ਸੀ ਪਰਜਾ ਦੇ ਲੋਕ ਵਡੇਦੁਖੀ ਹੈਸਨਅਤੇਜੋ ਕੋਈ ਹਿੰਦੁਸਤਾਨਦਾ ਉਸਮੁਲਕਵਿੱਚ ਜਾਂਦਾ ਸੀ ਤਿਸਨੂੰ ਗਰਦਨ ਮਰਵਾਉਂਦਾ ਸੀ ਏਹ ਧੁੰਮ ਉਸ ਮੁਲਕ ਵਿਚ ਪੈ ਰਹੀ ਸੀ ਜਦ ਲੋਕ ਬਹੁਤ ਦੁਖੀ ਹੂਏ ਤਾਂ ਸੱਚੇਪਰਮੇਸ਼ਰ ਅੱਗੇ ਓਨਾਂਪ੍ਰਾਰਥਨਾਕੀਤੀ ਤੇ ਉਨਾਂਦੀ ਬੇਨਤੀ ਸੱਚੇ ਦਰ ਕਬੂਲਹੋਈ ਤਾਂ ਉਸ ਵਾਹਿਗੁਰੂਦੀ ਦਰਗਾਹੋਂ ਸ੍ਰੀਬਾਬੇਨਾਨਕਜੀ ਪ੍ਰਤੀ ਅਕਾਸ਼ਬਾਣੀ ਹੋਈ ਹੇ ਨਾਨਕ ਤੇਰੇ ਉੱਪਰ ਮੈਂ ਬਹੁਤ ਪ੍ਰਸੰਨ ਹਾਂ ਅਤੇ ਇਕ ਖਿਲਤ ਤੇਰੇ ਤਾਂਈ ਮਿਲਦੀ ਹੈ ਤਾਂ ਸ੍ਰੀ ਗੁਰੂਜੀ ਕਹਿਆ ਹੇ ਨਿਰੰਕਾਰ ਜੀ ਜੋ ਆਪਦੀ ਰਜ਼ਾਇ ਤਾਂ ਸ੍ਰੀ ਮਹਾਰਾਜ ਜੀ ਅਤਰਧਿਆਨ ਹੋਇਕੇ ਸ੍ਰੀ ਠਾਕਰਜੀ ਪਾਸ ਅਰਦਾਸਕੀਤੀ ਤਾਂਇਕ ਖਿਲਤਾ ਹੱਥ ਲੱਗਾ ਤਾਂ ਉਸਖਿਲਤੇ ਉੱਪਰ ਕੁਦਰਤਦੇ ਅੱਖਰਲਿਖੇਹੋਏ ਹਨ ਅਰਬੀ ਤੁਰਕੀ ਫ਼ਾਰਸੀ ਹਿੰਦਵੀ ਸੰਸਕ੍ਰਿਤ ਏਹ ਪੰਜਤਰਾਂ ਦੇ ਅੱਖਰ ਲਿਖੇ ਹੋਏ ਹੈਨ ਤਾਂ ਸ੍ਰੀ ਗੁਰੂਜੀ ਓਹਖਿਲਤਾ ਪਹਿਨਕਰ ਉਸ ਸ਼ਹਿਰਦੇ ਦਰਵਾਜੇਦੇਬਾਹਿਰਜਾਇਬੈਠੇ ਜਾਂਸੱਤ ਦਿਨਗੁਜ਼ਰਗਏ ਤਾਂਲੋਕਾਂ ਆਖਿਆ ਦੇਖੋ ਭਾਈ ਏਹ ਕੈਸਾ ਦਰਵੇਸ਼ ਹੈ ਜੋ ਜਿਸਦੇ ਉੱਪਰ ਕੁਦਰਤੀ ਕੁਰਾਨ ਦੇ ਭੀਹ ਸਪਾਰੇ ਲਿਖੇ ਹੋਏ ਹੈਨ ਜਾਂ ਉਨਾਂ ਲੋਕਾਂ ਹੱਛੀਤਰਾਂ ਦੇਖਿਆ ਤਾਂ ਬਾਦਸ਼ਾਹਨੂੰਜਾਇਕਰ ਖਬਰਦਿੱਤੀ ਹੇਬਾਦਸ਼ਾਹ ਹਮਾਰੇ ਸ਼ਹਿਰਦੇ ਬਾਹਰ ਇਕਦਰਵੇਸ਼ ਆਇਬੈਠਾਹੈ ਉਸਦੇ ਗਲ ਵਿੱਚਇਕ

CC-0. Gurukul Kangri University

INTERNET // ABHINAV GAUR //

ਖਿਲਤਾ ਪਿਆ ਹੈ ਉਸ ਉੱਪਰ ਭ੍ਰੀਹ ਸਪਾਰੇ ਕੁਰਾਨ ਦੇ ਲਿਖੇ ਹੋਏ ਹੈਨ ਭਾਂ ਬਾਦਸ਼ਾਹ ਨੇ ਵਜ਼ੀਰ ਨੂੰ ਆਖਿਆ ਜਾਹ ਵਜ਼ੀਰ ਉਸ ਦਰਵੇਸ਼ ਦੇ ਗਲੋਂ ਖਿਲਤਾ ਉਤਾਰ ਲਿਆ ਭਾਂ ਵਜ਼ੀਰ ਨੇ ਜਾਇਕਰ ਆਖਿਆ ਹੇ ਦਰਵੇਸ਼ ਏਹ ਖਿਲਤਾ ਗਲੋਂ ਉਤਾਰ ਦੇ ਬਾਦਸ਼ਾਹ ਮੰਗਦਾਹੈ ਬਾਦਸ਼ਾਹ ਕਾ ਹੁਕਮ ਨਹੀਂ ਮੋੜਨਾ ਨਹੀਂ ਭਾਂ ਆਪਕਉ ਦੁਖ ਦੇਵੇਗਾ ਭਾਂ ਏਹ ਬਾਤ ਸੁਣਕਰ ਸ੍ਰੀ ਬਾਬੇਜੀ ਆਖਿਆ ਭਾਈ ਜੇ ਤੁਸਾਡੇ ਪਾਸੋਂ ਉਤਰਦਾਹੈ ਭਾਂ ਉਤਾਰਲੇਵੋ ਜਦ ਸ੍ਰੀਬਾਬੇਜੀਏਹਬਚਨਕੀਤਾ ਭਾਂ ਜਿੰਨੇ ਵਜ਼ੀਰ ਨਾਲ ਨਫਰ ਸਾਨ ਸਭ ਸ੍ਰੀਬਾਬੇਜੀ ਵਲ ਦੌੜੇ ਪਰਓਹ ਕੁਦਰਤ ਦਾ ਖਿਲਤਾ ਫੇਰ ਕੁਦਰਤ ਦਾ ਕਪੜਾ ਤੇ ਕੁਦਰਤ ਨਾਲ ਸ੍ਰੀ ਗੁਰੂਜੀਦੇ ਗਲ ਪਾਇਆ ਹੈ ਨਿਰੰਕਾਰ ਦੀ ਆਗਿਆ ਨਾਲ ਓਹ ਖਿਲਤਾ ਕਿਸਤੋਂ ਇਨਾਂ ਜੀਵਾਂ ਝੂਠਿਆਂਪਾਸੋਂ ਉਤਰੇ ਥਤੇਰਾਜਤਨਕਰਰਹੇ ਨਾਖਿਚਿਆਂ ਲਹਿੰਦਾ ਹੈਨ ਫੜਿਆਂਈਂ ਲਹਿੰਦਾ ਹੈ ਭਾਂ ਸਭ ਲੋਕ ਅਚਰਜ ਹੋਇ ਗਏ ਬਾਦਸ਼ਾਹ ਦੇ ਪਾਸ ਸਨੇਹਾ ਭੇਜਿਆ ਕਿ ਹੇ ਬਾਦਸ਼ਾਹ ਜੀ ਉਸ ਫ਼ਕੀਰ ਦੇ ਗਲੋਂ ਖਿਲਤਾ ਨਹੀਂ ਉਤਰਦਾ ਭਾਂ ਬਾਦਸ਼ਾਹ ਨੇ ਸੁਣਕਰ ਬਡਾ ਕ੍ਰੋਧ ਕਰਕੈ ਆਖਿਆ ਅਰੇ ਤੁਮ ਹਿੰਦੂ ਫ਼ਕੀਰ ਕੋ ਦਰਿਯਾਉ ਮੇਂ ਡੋਬ ਦੇਹੁ ਭਾਂ ਫੇਰ ਹੁਕਮ ਵਜ਼ੀਰ ਨੂੰ ਆਯਾ ਭਾਂ ਵਜ਼ੀਰ ਨੇ ਨਫ਼ਰਾਂ ਤਾਈਂ ਕਹਿਆ ਇਸ ਫ਼ਕੀਰ ਨੂੰ ਦਰਿਆਉ ਮੇਂ ਡੋਬਦੇਹੁ ਭਾਂ ਓਹਨਾਂ ਲੋਕਾਂ ਨੇ ਸ੍ਰੀ ਗੁਰੂ ਜੀ ਕਉ ਦਰੀਆਉ ਮੇਂ ਡੋਬ ਦੀਆ ਅਤੇ ਹੋਰ ਸਭੀਲੋਕਤਮਾਸ਼ਾਦੇਖਣੇਥੇਤਾਂਸ੍ਰੀਬਾਬੇਜੀਦੇਗਲਦਾਖਿਲਤਾਭਿੱਜਾਭੀ ਨਹੀਂਤੇਮਹਾਰਾਜਕੋ ਜਲ ਨੇ ਸਪਰਸ਼ਭੀ ਨਹੀਂ ਕੀਆ ਔਰ ਬਰਨਦੇਵਤਾਨੇਸ੍ਰੀਗੁਰੂਜੀਕਉ ਦੋਹਾਂ ਹੱਥਾਂ ਉਪਰ ਉਠਾਇਲੀਆ ਅਤੇਸ੍ਰੀਗੁਰੂਜੀਨੂੰ ਚਰਨਬੰਦਨਾਕੀਤੀ ਅਤੇ ਕਿਨਾਰੇਉਪਰਬੈਠਾਇਦਿਤਾ ਭਾਂ ਓਹ ਲੋਕ ਦੇਖ ਕਰ ਸ੍ਰੀ ਬਾਬੇ ਜੀ ਕਉ ਅਚਰਜ ਹੋਇ ਗਏ ਭਾਂ ਬਾਦਸ਼ਾਹ ਨੂੰ ਖ਼ਬਰ ਗਈ ਕੇ ਦਰਵੇਸ਼ ਭਾਂ ਦਰੀਆਉਵਿਚਡੁਬਦਾਨਹੀਂ ਭਾਂ ਬਾਦਸ਼ਾਹ ਨੇਕ੍ਰੋਧਕਰਕੇ ਕਹਿਆ ਇਸ ਫ਼ਕੀਰ ਕਉ ਅਗਨਿ ਮੇਂ ਜਲਾਇ ਦੇਵੋ ਭਾਂ ਵਜ਼ੀਰ ਨੇ ਬੜੇ ਬੜੇ ਲੱਕੜੇ ਇਕੱਠੇ ਕਰਕੇਸ੍ਰੀਗੁਰੂਜੀ ਦੇ ਦੁਆਲੇ ਜੋੜਦਿੱਤੇ ਅਤੇ ਅੱਗ ਲਗਾਇਦਿੱਤੀ ਭਾਂ ਬਸੰਤਰ ਦੇਵਤਾਨੇ ਸ੍ਰੀ ਗੁਰੂ ਜੀ ਦੇ ਚਰਨਾਂ ਪਰ ਨਿਮਸਕਾਰ ਆਇਕੀਤੀ ਅਤੇ ਕਹਿਓਸ ਮਹਾਰਾਜ ਮੈਂ ਆਪ ਕਾ ਦਾਸ ਹਾਂ ਜੀ ਕੁਛ ਹੁਕਮ ਕਰੋ ਤੇ ਬਾਬੇ ਕੇ ਸਰੀਰ ਕਾ ਇਕ ਲੂੰ ਭੀ ਨਹੀਂ ਸੜਿਆ ਲੋਕ ਦੇਖ ਕਰ ਹੈਰਾਨ ਹੋਇ ਗਏ ਏਹ ਖ਼ਬਰ ਬਾਦਸ਼ਾਹ ਨੇ ਭੀ ਸੁਣੀ ਭਾਂ ਲਗਾ ਕਹਿਨ ਕਿ ਇਹ ਫ਼ਕੀਰ ਕੋਈ ਚੇਟਕੀ ਹੈ ਪਰਇਸਨੂੰ ਕਿਸੇ ਵਡੇ ਅਸਥਾਨਉੱਤੋਂ ਡੇਗ ਦੇਵੋ ਭਾਂ ਫੇਰ ਵਜ਼ੀਰ ਨੇ ਸ੍ਰੀ ਗੁਰੂ ਜੀ ਕਉ ਬੜੇ ਉੱਚੇ ਪਰਬਤ ਉੱਤੋਂ ਡੇਗ ਦਿੱਤਾ ਜਦ ਸ੍ਰੀਗੁਰੂ ਜੀ ਡਿਗੇ ਭਾਂ ਪਉਣ ਦੇਵਤਾ ਨੇ ਸ੍ਰੀ ਬਾਬੇ ਜੀ ਕਉ ਅਪਨੇ ਹੱਥਾਂ ਉੱਪਰਕਬਾਣ ਵਿਚ ਬੈਠਾਇਕਰਜ਼ਮੀਨਉਪਰਲਿਆਕਰ ਬੈਠਾਇ ਦਿਤਾ ਅਰਓਥੇਬੜੀ ਸੁੰਦਰਫੁਲੋਂ ਕੀ ਸਿਹਜਾ ਪਰ ਆਇ ਬੈਠੇ ਭਾਂ ਉਸਮੁਲਖ ਦੇ ਸਭ ਲੋਕ ਜੋ ਖੜੇ ਸਨ ਦੇਖ

CC-0. Gurukul Kangri University Haridwar Collection. Digitized by S3 Foundation USA

ਕਰ ਭੈਭੀਲ ਹੋਗਏ ਤਾਂ ਵਜ਼ੀਰਨੇ ਪਾਤਸ਼ਾਹ ਕੋ ਜਾਇਕਰ ਕਹਿਆ ਜੀ ਓਹ ਤਾਂ ਫ਼ਕੀਰ ਅਜੇ ਭੀ ਜ਼ਿੰਦਾ ਹੈ ਤਾਂ ਪਾਤਸ਼ਾਹ ਨੇ ਕਹਿਆ ਹੇ ਵਜ਼ੀਰ ਏਹ ਤਾਂ ਫ਼ਕੀਰਕੋਈ ਚੇਟਕੀ ਹੈ ਪਰ ਤੁਸੀ ਬੜਾ ਡੂੰਘਾ ਖਾਤਾ ਕੱਢ ਕਰ ਓਸਵਿਚ ਇਸਨੂੰ ਪਾਇਕਰ ਉੱਤੋਂ ਪੱਥਰਾਂਸੇਸੰਗ ਸਾਰਕਰੋ ਤਾਂਵਜ਼ੀਰਨੇਇਕਬਡਾ ਭਾਰੀ ਖਾਤਾ ਕੱਢਵਾਇਕਰ ਓਸ ਵਿਚ ਸ੍ਰੀ ਗੁਰੂਜੀ ਕਉ ਪਾਇਕਰ ਉੱਪਰ ਤੇ ਪੱਥਰਾਂ ਕੀ ਮਾਰਕੀਤੀ ਤਾਂ ਸ੍ਰੀਗੁਰੂਜੀ ਨੂੰ ਹਜ਼ਾਰਾਂ ਮਣਾਂਦੇ ਪੱਥਰਾਂ ਨਾਲ ਦਬਾਇਕੇ ਸਭ ਆਪੋ ਅਪਣੇ ਘਰ ਕਉ ਚਲੇ ਗਏ ਤਾਂ ਫੇਰਜੋਲੋਕਾਂ ਓਨਾਂਨੂੰਪੁਛਿਆ ਭਾਈਕੀ ਕਰਹੋਇ ਤਾਂਓਨਾਂਕਹਿਆ ਭਾਈ ਹੁਣ ਤਾਂ ਓਸ ਦ ਭਵੇਸ਼ਦਾਲੂੰ ਭੀ ਨਹੀਂ ਬਚਣਾ ਪਰਸਿਸਦੇਹੁਕਮਵਿਚਖੰਡਬ੍ਰਹਮੰਡਹੈ ਉਸਨੂੰਕੌਨਮਾਰਨਵਾਲਾਜੰਮਿਆਹੈ ਜਾਂ ਸਵੇਰਹੋਈ ਤੇ ਲੋਕ ਬਾਹਰਨਿਕਲੇ ਤਾਂ ਕਿਆਦੇਖਨਜੋਸ੍ਰੀਬਾਬਾਜੀਓਥੇਬੈਠੇ ਹੈਨ ਨਿਜਸਰੂਪ ਵਿਖੇ ਲੀਨ ਹੈਂ ਤਾਂ ਓਨਾਂ ਲੋਕਾਂ ਪਾਤਸ਼ਾਹਨੂੰਜਾਇਖ਼ਬਰਦਿਤੀ ਕਿਹੇ ਪਾਤਸ਼ਾਹ ਓਹਦਰਵੇਸ਼ ਤਾਂ ਬਾਹਰ ਹੈ ਉਸਦਾ ਤਾਂ ਇਕ ਲੂੰਭੀ ਨਹੀਂ ਵਿਗੜਿਆਤਾਂ ਪਾਤਸ਼ਾਹਨੇਕਹਿਆਕਿਮੇਰੇਰੂਬਰੋ ਗਰਦਨਮਾਰੋਤਾਂਵਜ਼ੀਰਨੇ ਸ੍ਰੀ ਬਾਬਾਜੀਕੇ ਪਾਤਸ਼ਾਹ ਕੇ ਸਾਮਨੇ ਲਜਾਇਕਰ ਕਈਫ਼ਸਤੂ ਮਾਰੇ ਪਰਸ੍ਰੀਬਾਬੇਜੀ ਕਉਕਾਈਨਾਂ ਲਗੇ ਤਾਂਫੇਰਪਾਤਸ਼ਾਹਬੜਾਗੁੱਸੇਹੋਯਾ ਤੇਕਹਿਓਸੁਇਸ ਦਰਵੇਸ਼ਕਉ ਫਾਸੀ ਦੇਓ ਤਾਂ ਵਜ਼ੀਰਸ੍ਰੀਗੁਰੂਜੀ ਕਉ ਸੂਲੀ ਕੇ ਪਾਸ ਲੈਗਏ ਜਾਂ ਸੂਲੀ ਦੇ ਨਜ਼ੀਕਗਏ ਤਾਂਸੂਲੀ ਹਰੀ ਹੋਇਗਈ ਤਾਂਸਭ ਵਜ਼ੀਰਾਂ ਔਰ ਮੰਤ੍ਰੀਆਂ ਮਿਲਕਰ ਕਹਾ ਹੈ ਖ਼ੁਦਾਇ ਏਹ ਕਿਆਇਸਰਾਰਹੈ ਬੜਾ ਅਸਚਰਜਹੈ ਇਸਦਰਵੇਸ਼ਨੂੰ ਬਹੁਤ ਸਜ਼ਾਇਮਿਲੀ ਹੈ ਇਸਦਾ ਰੋਮਨਹੀਂਵਿਗੜਿਆ ਤਾਂ ਏ ਖਬਰਪਾਤਸ਼ਾਹਕੋ ਪਹੁੰਚੀ ਲੋਕਾਂ ਆਖਿਆ ਅਸੀ ਬਹੁਤੇਰਾ ਯਤਨ ਕਰ ਰਹੇ ਹਾਂ ਓਹ ਫ਼ਕੀਰ ਨਾ ਮਰਤਾਹੈ ਤੇ ਨਾਂ ਓਹਦੇਗਲੋਂ ਖਿਲਤਾ ਹੀ ਉਤਰਦਾਹੈ ਅਤੇ ਓਸ ਵਕਤ ਪਾਤਸ਼ਾਹ ਦੇ ਪਾਸ ਬੜੇ ਬੜੇ ਦਾਨਾਇ ਬੈਠੇ ਸਾਨ ਤਾਂ ਓਨਾਂ ਕਹਿਆ ਹੇ ਪਾਤਸ਼ਾਹਸਲਾਮਤ ਏਹ ਕੋਈਖੁਦਾਇਹੈ ਮਾਨੁੱਖਨਹੀਂ ਜੋ ਭੰਨਣ ਘੜਨ ਸਮਰਥ ਹੈ ਜਿਸਦਾ ਫੁਰਮਾਨ ਪੌਨ ਪਾਣੀ ਅਗਨੀ ਭੀ ਮਾਨਤੇ ਹੈਂ ਏਹ ਮਨੁੱਖੋਂ ਕੇ ਕੂਤਬ ਨਹੀਂ ਇਧਰਤੋ ਏਹ ਹੁਆ ਅਤੇ ਉਧਰ ਭਾਈਬਾਲਾ ਤੇ ਮਰਦਾਨਾਨੇਸ੍ਰੀਗੁਰੂ ਜੀਕੇ ਅੱਗੇ ਅਰਦਾਸ ਕੀਤੀਜੀ ਸੱਚੇ ਪਾਤਸ਼ਾਹਜੀ ਇਸ ਪਾਤਸ਼ਾਹਨੇ ਬੜੀ ਬਿਅਦਬੀਕੀਤੀਹੈ ਇਸਕੋਸਜਾਇ ਦੇਣੀ ਚਾਹੀਦੀ ਹੈ ਤਾਂ ਸ੍ਰੀਗੁਰੂਜੀਕਹਿਆ ਹੇਭਾਈਬਾਲਾ ਤੇ ਮਰਦਾਨਾ ਜੋਕੰਮਹੋ ਤਹਿਆ ਹੈ ਸੋ ਕਰਤਾਰ ਦੇ ਹੁਕਮ ਵਿਚਹੀ ਹੋਂਦਾ ਹੈ ਜਿਉਂ ਉਸਨੂੰ ਭਾਂਵਦਾ ਹੈ ਸੋਈਭਲੀਬਾਤਹੈ॥ (ਕਰੇ ਸੋ ਚੰਗੀ ਮਾਨ ਦੂਜੀ ਗਣਤ ਲਾਹ) ਸੋ ਭਾਈ ਸਾਨੂੰ ਕਰਤਾਰਦਾ ਹੁਕਮ ਹੈ ਜੋਇਨ੍ਹਾਂ ਨੂੰ ਭਲੇ ਮਾਰਗਲਾਉਣਾ ਜਿਸਤਰਾਂ ਇਨ੍ਹਾਂਦੇ ਮਨਵਿਚ ਪਰਮੇਸ਼ਰਨੇ ਪਾਯਾਹੈ ਤਿਸੇ ਸੁਭਾਵ ਪਰ ਏਹ ਚਲਦੇਹੈਂ ਸੁਣ ਮਰਦਾਨਾ ਜਿਸਦੀ ਤਰਫ਼ ਪਰਮੇਸ਼ਰਆਪ ਹੁੰਦਾ ਹੈ ਤਿਸਦਾ ਵਾਲ ਵਿੰਗਾ ਕੋਈ ਨਹੀਂ ਕਰ ਸਕਦਾ ਅਤੇ ਅਸੀ ਤਾਂ ਹਾਂ ਹੀ ਕਰਤਾਰ ਦੇ ਜਿਸਦਾ

CC-0. Gurukul K

OF INTERNET // ABHINAV GAUR //

ਪਰਮੇਸ਼ਰ ਰਾਖਾ ਹੋਂਦਾਹੈ ਓਸਦੇ ਸਬ ਸ੍ਰਿਸ਼ਟੀ ਤਾਬਿਆ ਹੁੰਦੀਹੈ ਤੇਸੁਣਮਰਦਾਨਾਂਜਿਨ੍ਹਾਂ ਨੇ ਉਸ ਨਿਰੰਕਾਰਨੂੰ ਸਰਬਵਿਯਾਪੀ ਜਾਣਿਆਹੈ ਓਹ ਕਿਸੇਦਾ ਬੁਰਾਨਹੀਂ ਚਿਤਵਦੇ ਏਹ ਜੋਕੁਛ ਜੋਰ ਜੁਲਮੀ ਕਰ ਰਹੇਹਨ ਸੋ ਸਬ ਹੁਕਮ ਕਰਤਾਰ ਵਿੱਚ ਹੀ ਹੋ ਰਹਿਆ ਹੈ ਅਤੇ ਸਾਡੇ ਸਰੀਰ ਵਾਸਤੇ ਜੋਕਸ਼ ਲਿਖੇਹਨ ਸੋ ਅਵੱਸ਼ ਅਸਾਂ ਭੁਗਤਣੇ ਹਨ ਕਰਤਾਰ ਇਨ੍ਹਾਂ ਦੇ ਕਰਮਾਂਦਾ ਏਨ੍ਹਾਂਨੂੰ ਆਪਹੀ ਫਲਦੇਵੇਗਾ ਸਾਨੂੰ ਕਿਸੇਨਾਲ ਵੈਰ ਕਰਨਦੀ ਕੋਈਲੋੜਨਾਹੀਂ ਸਾਡਾ ਭਾਂ ਏਹ ਨਿਸਚਾਹੈ ਕਿ ਜੋਨਿਰਵੈਰਾਂ ਨਾਲ ਵੈਰ ਕਰਦਾ ਹੈ ਓਹ ਸਾਰੇ ਜਗਤ ਦਾ ਪਾਪ ਆਪਣੇਸਿਰਲੈਂਦਾਹੈ ਭਾਂਤੇ ਹੇਭਾਈਮਰਦਾਨਾ ਤੂੰ ਆਨੰਦ ਰਹੁਅਤੇਦੇਖਦਾਜਾਹਜੋ ਕਰਤਾਰ ਕੀਕੁਝਕਰਦਾਹੈ ਇਤਨਾਕਹਿੰਦੇਸਾਨ ਭਾਂ ਓਥੋਂ ਦਾਬਾਦਸ਼ਾਹ ਜਿਸਦਾਨਾਮਲਾਜਵਰਦਸੀ ਆਪਨੀ ਸਭਾਦੇਲੋਕਾਂ ਸੰਜੁਗਤ ਸ੍ਰੀਗੁਰੂਜੀਦੇਚਰਨੀ ਆਇ ਪਿਆ ਅਤੇਹੱਥਜੋੜਕੇ ਅਰਜ਼ ਕੀਤੀ ਕਿ ਹੇ ਦਰਵੇਸ਼ਜੀ ਮੇਰੇ ਪਾਸੋਂ ਬਹੁਤ ਬਿਅਦਬੀ ਹੋਈਹੈਸੋਮੇਰੀ ਖਤਾਇ ਬਖਸ਼ੀਏ ਜੀ ਪਰ ਬਹੁਤ ਭੈ ਭੀਤ ਹੁਆ ਤੇ ਕੰਬਦਾ ਕੰਬਦਾ ਸ੍ਰੀਗੁਰੂਬਾਬੇ ਦੇ ਚਰਨਾਂਉੱਪਰ ਢਹਿ ਪਿਆ ਅਤੇ ਬਾਰੰਬਾਰ ਜੁਬਾਨਥੀਂਏਹੀਕਹਿੰਦਾਹੈਗ਼ਰੀਬਨਿਵਾਜ਼ਜੀਮੈਂ ਬੜਾ ਗੁਨਾਹੀਹਾਂ ਪਰ ਆਪ ਖ਼ੁਦਾਇਦੇ ਪਿਆਰੇਹੋ ਇਸ ਵਾਲਾਇਤ ਕਉ ਰੱਖਲੇਵੋਜੀ ਨਹੀਂਤਾਂ ਖ਼ੁਦਾਇਦੇ ਗ਼ਜ਼ਬ ਵਿੱਚ ਗ਼ਾਰਕ ਹੋਜਾਵੇਗੀ ਤੇ ਕਈ ਰਕਮਦੀ ਭੇਟਾਗੁਰੂਜੀਦੇ ਅੱਗੇਰੱਖੀ ਤੇਪਾਤਸ਼ਾਹ ਦਾ ਰੰਗ ਜ਼ਰਦ ਹੋਇਗਿਆ ਬੜਾ ਦੀਨਤੇ ਆਤਰ ਹੁਆ ਤੇ ਕਹਿੰਦਾ ਹੈ ਜੋ ਮੈਂ ਤਕਸੀਰੀ ਹਾਂ ਆਪ ਮੁਝਕੋ ਬਖ਼ਸ਼ੋ ਆਪ ਖ਼ੁਦਾਇਦੇ ਰੂਪ ਹੋ ਤੇ ਗੁਣਾਂ ਦੇ ਸਾਗਰਹੋ ਪੀਰਾਂਦੇ ਪੀਰ ਹੋ ਹੇ ਖ਼ੁਦਾਇਜੀ ਜਿਸ ਤਰਾਂ ਆਪਦੀ ਆਗਿਆ ਹੋਵੇਗੀ ਸੋਈ ਕਰਾਂਗਾਜੀ ਅੱਜਤੋਂਲੈਕਰ ਕਿਸੀ ਕੀ ਬਿਅਦਬੀ ਨਾ ਕਰਾਂਗਾ ਤੇ ਮੁਝਕੋ ਆਪਦੀ ਖ਼ਬਰ ਨਹੀਂ ਸੀ ਅਜਾਣ ਪੁਣੇ ਵਿਚ ਮੇਰੇ ਪਾਸੋਂ ਆਪਕੀ ਇਹ ਭੁਲ ਹੋਈਹੈ ਸੋ ਮੇਰੇ ਉੱਪਰ ਮੇਹਰਬਾਨੀ ਕਰਨੀ ਜੀ ਏਹ ਬਾਤ ਕਹਿਕਰ ਸ੍ਰੀ ਗੁਰੂਜੀ ਕੀ ਚਰਨੀਂ ਪਿਆ ਤਾਂ ਸ੍ਰੀ ਗੁਰੂ ਨਾਨਕ ਜੀ ਬੜੇ ਕ੍ਰਿਪਾਲੂ ਅਤੇ ਕ੍ਰਿਪਾ ਦੇ ਘਰ ਤਿਸ ਪਾਤਸ਼ਾਹਨੂੰ ਦੀਨ ਜਾਣਕੇ ਕਹਿਣਲਗੇਹੇਪਾਤਿਸ਼ਾਹ ਤਬ ਤੇਰੇਉੱਪਰ ਖ਼ੁਸ਼ੀਹੁੰਦੀਹੈ ਜੇਕਰਤੂੰਆਦਮੀਆਂਨੂੰਮਾਰਨਾਛੋਡ ਦੇਹ ਤੇ ਅਦਾਲਤਧਰਮ ਦੀ ਕਰ ਜ਼ੁਲਮਛੋਡ ਦੇਹ ਤਾਂਤੂੰਬਖ਼ਸ਼ਿਆਜਾਵੇਂਗਾ ਨਹੀਂਤਾਂ ਦੋਜ਼ਖਦੀ ਅਗਨ ਤੇਰੇਵਾਸਤੇ ਤਿਆਰਹੈ ਤਾਂਲਾਜਵਰਦ ਪਾਤਸ਼ਾਹਨੇਕਿਹਾ ਹੇਸੰਤਜੀ ਤੇਰੇ ਦਰਸਨ ਕਰਕੇ ਔਰ ਆਪਕੇ ਚਰਨੋਂਪਰਹਾਥ ਲਗਾਵਣੇਨਾਲਹੁਣ ਮੇਰੇ ਵਿਚ ਇਕਤਿਨਕਾਤੋੜਨ ਦੀਭੀਸਮਰਥਨਹੀਂ ਰਹੀ ਅਤੇ ਜੋ ਕੁਛ ਕਹੋ ਸੋਈ ਮੈਂ ਕਰਾਂਗਾਤਾਂ ਸ੍ਰੀਗੁਰੂਨਾਨਕਜੀ ਕਹਿਆ ਸੱਤਨਾਮ ਕਾ ਸਿਮਰਨਕਰਹੁ ਆਪਨੇਮੁਲਕਵਿਚ ਦੇਗਚਲਾਵਹੁ ਤੇਨੰਗਾਭੁਖਾਕੋਈਨਾਰਹੇਅਤੇ ਗਰੀਬ ਗੁਰਬੇਦੀ ਪਾਲਨਾ ਕਰਨੀ ਖ਼ੁਦਾਇਨੂੰ ਯਾਦ ਰਖਣਾ ਹਰਵੇਲੇ ਆਜਜ਼ਲੋਕਾਂਦੀ ਪਰਵਸ਼ ਕਰਨੀ ਪਾਪ ਤੇ ਗੁਨਾਂਹਕਰਨਾਂ ਛੋਡਦੇਵੋ ਤਾਂ ਬਾਦਸ਼ਾਹ ਨੇ ਸਭ ਬਚਨ ਸ੍ਰੀਗੁਰੂਜੀਦੇਮੰਨੇ

CC-0. Gurukul Kangri University Haridwar Collection. Digitized by S3 Foundation USA

ਔਰਸ੍ਰੀਗੁਰੂਜੀਕਾਮੁਰੀਦਹੂਆਔਰਭੀਬਹੁਤਮੁਰੀਦਹੋਏਲਗੇਸਤਿਨਾਮਕਾਸਿਮਰਨਕਰਨ ਭਾਂ ਗੁਰੂਜੀਓਥੇ ਕਿਤਨੇਕ ਦਿਨਰਹੇ ਪਰ ਸਾਰੇ ਸ਼ਹਿਰ ਵਿਚ ਸ੍ਰੀਬਾਬੇਜੀ ਕਉ ਪੀਰਜਾਨ ਕਰ ਲਗੇਮੰਨਨ ਔਰ ਨੰਗਾ ਭੁਖਾ ਓਥੇ ਕੋਈਨ ਰਹਿਆਦੁਖੀਆ ਦੀਨ ਕੋਈ ਨ ਰਹਿਆ ਲੋਕਪ੍ਰਮੇਸ਼ਰਕੋਲਗੇਯਾਦਕਰਨੇਜਹਾਂਕਹਾਂ ਗੁਰੂਜੀਕਾਜਸ ਫੈਲਰਹਿਆ ਭਾਂ ਗੁਰੂਨਾਨਕਜੀ ਓਸ ਬਾਦਸ਼ਾਹ ਪੂਰ ਖੁਸ਼ੀ ਕਰਕੇ ਓਥੋਂ ਚਲਦੇ ਰਹੇ ॥ ਬੋਲੋ ਭਾਈਜਵਾਹਿਗੁਰੂ ॥ ੧੧੬ ॥

ਸਾਖੀ ਇੱਕ ਪਠਾਣ ਨਾਲ ਹੋਈ

ਭਾਂ ਇਕਸਮੇ ਸ੍ਰੀਗੁਰੂ ਨਾਨਕਜੀ ਜਾਂਦੇਜਾਂਦੇ ਇਕਪਠਾਣਾਂਦੇਸ਼ਹਿਰ ਜਾਇਕਰ ਪ੍ਰਾਪਤਹੋਏ ਓਸਨਗਰਦੇਬਾਹਿਰਕੋਹਾਂ ਦੋਹ ਉੱਪਰ ਇਕਹੁਜਰੇਵਿੱਚਜਾਇਬੈਠੇ ਭਾਂਮਰਦਾਨੇ ਕਹਿਆ ਹੇਗੁਰੂਜੀ ਏਸ ਉਜਾੜ ਵਿਚ ਏਹ ਹੁਜਰਾ ਕਿਸਨੇ ਬਨਾਯਾ ਹੈ ਜੀ ਭਾਂ ਸ੍ਰੀਗੁਰੂਜੀਕਹਿਆ ਹੇ ਮਰਦਾਨਾ ਇੱਕਪਠਾਣ ਏਸ ਸ਼ਹਿਰਦਾਹੈ ਉਸਨੇ ਏਹ ਹੁਜਰਾਬਣਾਇਆਹੈ ਤੇ ਰਾਤਨੂੰ ਏਥੇ ਆਇਕਰ ਨਿਮਾਜ ਕਰਦਾਹੈ ਅਤੇ ਬਹੁਤ ਮਸਲੇ ਸੁਣਦਾਹੈ ਪਰ ਮਨਮਹਿ ਮੇਹਰ ਨਹੀਂ ਆਂਵਦੀ ਅਰ ਦਿਨੇਸ਼ਹਿਰਵਿੱਚ ਲੁਟਪਾਇਦੇਂਦਾਹੈ ਸੋ ਅਸੀਉਸਨੂੰ ਮਿਲਣਵਾਸਤੇ ਆਏਹਾਂਪਰਐਸੇਆਦਮੀਦਾ ਦੀਦਾਰਭੀ ਭਲਾ ਨਹੀਂ ਪਰ ਅਸੀ ਗਰੀਬਾਂਵਾਸਤੇਆਖਦੇ ਹਾਂ ਜੋ ਮਤ ਦਿਲਮੇਂ ਰਹਿਮ ਭੀ ਆਇ ਜਾਂਦਾਹੈ ਏਹ ਬਾਤਾਂ ਹੋ ਰਹੀਆਂ ਸਨ ਤਿਚਰਾਂਨੂੰ ਦਿਨ ਗੁਜ਼ਰ ਗਇਆ ਭਾਂ ਓਹ ਪਠਾਣ ਬਾਹਾਂ ਪਿਛਾਹਾਂ ਕਰਕੇ ਮੱਥੇ ਟੇਕਦਾ ਟੇਕਦਾ ਉਸ ਹੁਜਰੇ ਵਿਚ ਆਇ ਬੈਠਾ ਜਿੱਥੇ ਅੱਗੇ ਸ੍ਰੀ ਗੁਰੂ ਨਾਨਕਜੀ ਬੈਠੇ ਸਨ ਓਥੇ ਕਾਜੀਤੇਮੁੱਲਾਂ ਕਿਤਾਬਾਂ ਕਢ ਕਰ ਲਗੇ ਮਸਲੇਕਰਨ ਅਤੇ ਓਹ ਪਠਾਣ ਆਖਣ ਲਗਾ ਜੋਵਾਹਖੁਦਾਇ ਵਾਹ ਖ਼ੁਦਾਇ ਅਤੇ ਆਪ ਬਹੁਤਹੀ ਨਮਾਜਾਂ ਨਿਉਂ ਨਿਉਂਕੇ ਸਲਾਮਾਂ ਲੱਗਾ ਕਰਨ ਭਾਂਸ੍ਰੀ ਗੁਰੂਨਾਨਕ ਜੀ ਉਸ ਪਠਾਣ ਨੂੰ ਦੇਖਕੇ ਹੱਸਨ ਲੱਗੇ ਭਾਂ ਉਸ ਪਠਾਣ ਨੇ ਆਖਿਆ ਹੇ ਦਰਵੇਸ਼ ਅਸੀ ਭਾਂ ਖੁਦਾਇ ਦਾ ਨਾਮ ਲੈਂਦੇ ਹਾਂ ਤੇ ਤੂੰ ਅਸਾਨੂੰ ਹਸਦਾਹੈਂ ਏਹ ਰੁੱਸਾਤੁਸੀ ਕਿਉਂ ਕਰਤੇ ਹੋ ਭਾਂਗੁਰੂਨਾਨਕਜੀਇਕ ਸ਼ਲੋਕ ਉਚਾਰਿਆ ॥ ਸਲੋਕ ਮਹਲਾ ੧ ॥ ਹਰਣਾਂ ਬਾਜਾਂ ਤੇ ਸਿਕਦਾਰਾਂ ਇਨਾਂ ਪੜਿਓ ਨਾਉ ॥ ਫਾਧੀ ਲਗੀ ਜਾਤ ਫਹਾਇਨਅਗੈ ਨਾਹੀ ਥਾਉ ॥ ਸੋਪੜ੍ਹਿਆ ਸੋ ਪੰਡਿਤਬੀਨਾਜਿਨੀਕਮਾਣਾਨਾਉ ॥ ਪਹਿਲੋ ਦੇਜੜਅੰਦਰ ਜੰਮੈ ਉਪਰਹੋਵੈ ਛਾਉ ॥ ਰਾਜੇ ਸੀਹ ਮੁਕੱਦਮ ਕੁਤੇ॥ਜਾਇਜਗਾਵਨ ਬੈਠੇ ਸੁਤੇ ॥ ਚਾਕਰ ਨਹਿੰਦਾ ਪਾਇਨਘਾਹੁ॥ਰਤ ਪਿਤ ਕੁਹਿਹੋ ਚਟਜਾਉ॥ਜਿਥੈ ਜੀਆਂ ਹੋਸੀ ਸਾਰ॥ਨਕੀਵਢੀ ਲਾਇਤਬਾਰ ॥ ਜਾਂ ਸ੍ਰੀ ਗੁਰੂਜੀ ਏਹ ਸਲੋਕ ਕਹਿਆ ਭਾਂ ਉਸ ਪਠਾਣਨੇ ਕਹਿਆ ਹੇ ਫ਼ਕੀਰ ਖੁਦਾਇਦਾ ਨਾਮ ਲਿਆਂ ਪੜ੍ਹਿਆਂ ਸੁਣਿਆਂ ਛੁਟਕਾਰਾ ਨਹੀਂ ਹੋਵੇਗਾ ਭਾਂ ਹੋਰ ਕਿਸਤਰਾਂਛੁਟਕਾਰਾਹੋਵੇਗਾ ਤਾਂਫੇਰ ਗੁਰੂਜੀਆਖਿਆ ਹੇਪਠਾਣਤੂੰ ਭੁੱਲਾਫਿਰਦਾਹੈਂ ਕਿਉਂ ਜੋ ਇਥੇ ਤੂੰ ਖੁਦਾਇ ਦਾ ਨਾਮ ਲੈਂਦਾ ਹੈਂ ਮਸਲੇ ਸੁਣਦਾ ਪੜ੍ਹਦਾ ਹੈਂ ਅਤੇ ਸ਼ਹਿਰ

CC-0. Gurukul Kangri Uni

OF INTERNET // ABHINAV GAUR //

ਵਿਚ ਜਾਇਕਰ ਮਕਰਦੀਆਂ ਫਾਹੀਆਂ ਅੱਡਦਾਹੈਂ ਅਰ ਗ਼ਰੀਬਾਂ ਦੇ ਲਹੂ ਨਿਚੋੜਦਾਹੈਂ ਇਨੀ ਬਾਤੀਂ ਖ਼ੁਦਾਇ ਤੈਨੂੰ ਸਜ਼ਾਇ ਦੇਵੇਗਾ ਤੇ ਦੋਜ਼ਕ ਵਿਚ ਫਰਿਸ਼ਤੇ ਸੱਟਨਗੇ ਤਾਂ ਪਠਾਣਨੇ ਅਰਜ਼ ਕੀਤੀ ਹੇ ਫ਼ਕੀਰ ਜੀ ਮੈਂ ਆਪਣਾ ਫ਼ਾਇਦਾ ਸਮਝਕਰ ਖ਼ੁਦਾਇਦਾ ਨਾਉਂ ਲੈਂਦਾਹਾਂ ਤਾਂ ਸ੍ਰੀ ਗੁਰੂਨਾਨਕਜੀ ਸਰਬਜੀਆਂਦੀ ਜਾਨਣਹਾਰੇ ਉਸਦੇਪ੍ਰਥਾਇ ਪਰ ਇਕ ਹੋਰ ਸ਼ਲੋਕ ਆਖਿਆ ॥ ਰਾਗ ਮਲਾਰ ਵਿਚ ॥ ਸਲੋਕ ਮਹਲਾ ੧ ॥ ਸਉਮਣ ਹਸਤੀ ਘਿਉ ਰੁੜ ਖਾਵੈ ਪੰਜਸੈ ਦਾਣਾ ਖਾਇ ॥ ਝਕੈ ਢੂਕੈ ਖੇਹ ਉਡਾਵੈ ਸਾਹਿਗਇਐਪਛੁਤਾਇ ॥ ਅੰਧੀ ਢੂਕ ਮੁਈ ਦੇਵਾਨੀ ॥ ਖਸਮਮਿਟੀਫਿਰਭਾਨੀ ॥ ਅਧਗਲੋਲਾਚਿੜੀਕਾ ਦੁਗਣ ਗੈਣਚੜੀ ਬਿਲਲਾਇ ॥ ਖਸਮੈ ਭਾਵੈ ਓਹਾ ਗੀ ਜੇਕਰੇ ਖ਼ੁਦਾਇ ਖ਼ੁਦਾਇ ॥ ਸਕਤਾਸੀਂਹ ਮਾਰੇ ਸੈ ਮਿਰਗਾਂ ਸਭ ਪਿਛੈ ਪੈ ਖਾਇ ॥ ਹੋਇ ਸਤਾਣਾ ਘੁਰੈ ਨ ਆਵੈ ਸਾਹਿ ਗਇਐ ਪਛੁਤਾਇ ॥ ਅੰਧਾਕਿਸਨੋ ਬੁਕ ਸੁਣਾਵੈ ॥ ਖਸਮੈ ਮੂਲ ਨ ਭਾਵੈ ॥ ਅਕਸਿਉ ਪ੍ਰੀਤ ਕਰੈ ਅਕਤਿਡਾ ਅਕ ਡਾਲੀ ਬਹਿ ਖਾਇ ॥ ਖਸਮੈ ਭਾਵੈ ਓਹੋ ਢੰਗਾਜਿ ਕਰੈ ਖ਼ੁਦਾਇ ਖ਼ੁਦਾਇ ॥ ਨਾਨਕ ਦੁਨੀਆਂ ਚਾਰ ਦਿਹਾੜੇ ਸੁਖਕੀਤੇ ਦੁਖ ਹੋਈ ॥ ਗਲਾਂਵਾਲੇ ਹੈਨ ਘਨੇਰੇ ਛਡ ਨ ਸਕੈ ਕੋਈ ॥ ਮਖੀ ਮਿਠੈ ਮਰਣਾ ॥ ਜਿਨ ਭੁੰ ਰਖਹਿਂ ਤਿਨ ਨੇੜਿ ਨ ਆਵੈ ਤਿਨ ਭਉ ਸਾਗਰ ਤਰਣਾ ॥ ਜਦ ਏਹ ਸ਼ਲੋਕ ਸ੍ਰੀ ਗੁਰੂ ਜੀ ਕਹਿਆ ਤਾਂ ਉਸ ਪਠਾਣ ਨੇ ਸ੍ਰੀ ਗੁਰੂ ਜੀ ਦੇ ਕਦਮਾਂ ਉੱਪਰ ਕੁਰਨਸ਼ ਕੀਤੀ ਅਤੇ ਅਰਜ਼ ਕੀਤੀ ਹੇ ਗੁਰੂ ਜੀ ਅਸਾਂ ਤਾਂ ਜਾਣਿਆਸੀ ਜੋ ਰਾਜ ਬਹਿਸ਼ਤ ਹੈਸੀ ਪਰ ਇਸ ਰਾਜਦੇ ਜੈਸਾ ਤਾਂ ਦੁਖ ਹੀ ਕੋਈ ਨਹੀਂ ਪਰ ਹੇ ਗੁਰੂਜੀ ਅਸਾਡੀ ਖ਼ਲਾਸੀ ਕਿਸਤਰਾਂ ਹੋਵੇਗੀ ਜੀ ਤਾਂ ਸ੍ਰੀ ਗੁਰੂਨਾਨਕਜੀ ਨੇ ਇੱਕ ਸ਼ਲੋਕ ਆਖਿਆ ॥ ਰਾਜ ਮਾਲ ਰੂਪ ਜਾਤਿ ਜੋਬਨ ਪੰਜੇਠੱਗ ॥ ਇਨੀਂ ਠੱਗੀਂ ਜਗ ਠਗਿਆ ਕਿਨੇ ਨ ਰਖੀ ਲਜ ॥ ਏਨਾ ਠਗਨ ਠਗ ਸੇ ਜੇ ਗੁਰ ਕੀ ਪੈਰੀ ਪਾਹਿ ॥ ਨਾਨਕ ਕਰਮਾਂ ਬਾਹਿਰੇ ਹੋਰ ਕੇਤੇ ਮੁਠੇ ਜਾਹਿ ॥ ੧ ॥ ਜਾਂ ਗੁਰੂ ਨਾਨਕਦੇਵ ਜੀ ਏਹ ਸ਼ਲੋਕ ਆਖਿਆ ਤਾਂ ਪਠਾਣ ਗਲ ਵਿਚ ਪੱਲਾਪਾਇਕਰ ਸ੍ਰੀ ਬਾਬੇਜੀਦੇ ਚਰਨਾਂ ਉੱਪਰ ਆਇਪਿਆ ਤੇ ਆਖਿਓਸੁ ਹੇ ਗਰੀਬਨਿਵਾਜ਼ ਜੀ ਮੇਰਾ ਗੁਨਾਹ ਮੁਆਫ਼ ਕਰਨਾ ਜੀ ਕਿਉਂਕਿ ਫ਼ਕੀਰਜੋ ਹੈਨ ਸੋ ਖ਼ੁਦਾਇਦੇ ਪਿਆਰੇ ਹੈਨ ਤਾਂ ਸ੍ਰੀਗੁਰੂਜੀ ਕਹਿਆ ਜਾਹ ਭਾਈ ਅਜਤੂੰ ਬਖ਼ਸ਼ਿਆਹੈਂ ਪਰ ਅੱਗੇ ਨੇਕੀਦੇ ਰਾਹ ਉੱਪਰ ਚਲਣਾ ਹੋਵੇਗਾ ਤਾਂ ਓਹ ਪਠਾਂਣ ਸ੍ਰੀ ਗੁਰੂਨਾਨਕਜੀਦਾ ਮੁਰੀਦ ਹੂਆ ਗੁਰੂ ਜੀਨੂੰ ਪੀਰ ਕਰਕੇ ਜਾਣਿਆ ਤਾਂ ਫੇਰ ਓਹ ਪਠਾਣ ਸ੍ਰੀ ਬਾਬੇਜੀਕੇ ਘਰ ਲੈਗਿਆ ਤੇ ਬੜੀ ਸੇਵਾ ਕੀਤੀ ਤਾਂ ਸ੍ਰੀ ਗੁਰੂ ਨਾਨਕਦੇਵ ਨੌ ਮਹੀਨੇ ਉਸ ਪਠਾਣ ਦੇ ਘਰ ਰਹੇ ਪਰ ਦੋਨੋਂ ਵਕਤ ਹੱਥ ਬੰਨ੍ਹੀ ਖੜਾ ਰਹੇ ਤਾਂ ਗੁਰੂ ਨਾਨਕਜੀ ਉਨਾਂ ਪਠਾਣਾਂ ਉੱਪਰ ਬਹੁਤਖੁਸ਼ੀ ਹੋਏਤੇ ਕਹਿਓਨੇ ਭਾਈ ਤੁਸੀ ਕੁਛ ਮੰਗਹੁ ਤਾਂ ਪਠਾਣਾਂ ਕਹਿਆ ਜੀ ਅਸਾਨੂੰ ਆਪਣੀ ਅਜੇਹੀ ਨਿਸ਼ਾਨੀ ਦੇਵੋਜੀ ਜੋ ਸਾਡੇ ਪੁੱਤ੍ਰ ਪੋਤ੍ਰਿਆਂ ਭਾਈਂ ਪ੍ਰਤੀਤ ਰਹੇ ਜ਼ ਤਾਂ ਸ੍ਰੀ ਗੁਰੂ ਜੀ ਕਹਿਆ

CC-0. Gurukul Kangri University Haridwar Collection. Digitized by S3 Foundation USA

ਭਾਈ ਤੁਸੀ ਕੜਾਹਪ੍ਰਸਾਦਿ ਕਰਾਵੋ ਤਾਂਉਨ੍ਹਾਂ ਪਠਾਣਾਂ ਸ੍ਰੀ ਗੁਰੂਜੀਦਾ ਹੁਕਮ ਮੰਨਕੇਇੱਕ ਹਿੰਦੂਨੂੰ ਸੱਦਕਰ ਤਿੰਨੇ ਚੀਜਾਂ ਇੱਕੋ ਜੇਹੀਆਂ ਮੈਦਾ ਖੜਘਿਉ ਮਿਲਵਾਇਆ ਤੇ ਬੜੀਪ੍ਰੀਤ ਨਾਲ ਕੜਾਹ ਪ੍ਰਸਾਦਿ ਤੱਯਾਰ ਕਰਵਾਯਾ ਅਤੇ ਸ੍ਰੀ ਗੁਰੂ ਜੀ ਦੇ ਅੱਗੇ ਆਨ ਰੱਖਵਾਯਾ ਤਾਂ ਸ੍ਰੀਗੁਰੂਜੀਨੇ ਆਗਿਆ ਦਿੱਤੀ ਭਾਈਤੁਸੀ ਇਸ ਉਪਰ ਇੱਕ ਚਾਦਰਆਨ ਪਾਵੋ ਤਾਂਓਨਾਂ ਪਠਾਣਾਂਨੇ ਆਣਕਰ ਚਾਦਰ ਪਵਾਈ ਤਾਂ ਗੁਰੂਨਾਨਕਜੀ ਕਹਿਆ ਭਾਈ ਸਭ ਬੈਠਕਰ ਸ੍ਰੀ ਵਾਹਿਗੁਰੂ ਸ੍ਰੀਵਾਹਿਗੁਰੂਕਾ ਭਜਨਕਰੋ ਤਾਂ ਉਨਾਂਪਠਾਣਾਂਨੇ ਮੰਨਕਰ ਵਾਹਿਗੁਰੂਦਾਭਜਨ ਕੀਤਾ ਤਾਂ ਸ੍ਰੀਗੁਰੂਜੀ ਨੇ ਕਹਿਆ ਭਾਈ ਬਾਲਾ ਚਾਦਰ ਏਨ੍ਹਾਂ ਨੂੰ ਦੇ ਦਿਓ ਤਾਂ ਮੈਂ ਚਾਦਰ ਉਤਾਰਕ ਓਨਾਂਨੂੰ ਦੇਦਿੱਤੀ ਅਤੇ ਸ੍ਰੀਗੁਰੂਜੀਨੇ ਉਨਾਂਨੂੰਏਹਹੁਕਮਦਿੱਤਾ ਕਿਭਾਈਕੜਾਹ ਪ੍ਰਸਾਦਿ ਵਰਤਾਇਦੇਓ ਤਾਂ ਓਨਾਂ ਦੇਖਿਆ ਤੇ ਪੰਜਾ ਲੱਗਾ ਹੋਯਾਹੈ ਓਹ ਪਠਾਣਬੜੇਪ੍ਰਸੰਨ ਹੋਏ ਤਾਂ ਓਨਾਂਪਠਾਣਾਂ ਨੂੰਗੁਰੂਨਾਨਕ ਦੇਵ ਜੀ ਨੇ ਏਹ ਆਖਿਆ ਸੁਣੋ ਭਾਈ ਜਦ ਤੁਸਾਨੂੰ ਕੋਈਕਾਰਜਸਬਣੇ ਤਾਂ ਤੁਸਾਂਇਕੱਠਿਆਂਹੋਇਕਰ ਸੁਚਪਵਿੱਤ੍ਰਹੋਇਕਰਕੜਾਹਪ੍ਰਸਾਦਿਕਰਨਾ ਅਤੇ ਉਪਰ ਏਹ ਚਾਦਰ ਪਾਇਕਰਸ੍ਰੀ ਵਾਹਿਗੁਰੂ ਜੀ ਦਾ ਸਿਮਰਨ ਕਰਨਾ ਸ਼ਬਦਪੜ੍ਹਨੇ ਅਰਦਾਸ ਕਰਨੀ ਤਾਂ ਫੇਰ ਚਾਦਰ ਉਤਾਰਨੀ ਤਾਂ ਏਸੇਤਰਾਂ ਪੰਜਾ ਲੱਗੇਗਾ ਤਾਂ ਜਾਂਨਣਾ ਕਿ ਕਾਰਜ ਵੀ ਤੁਰਤ ਹੋਜਾਵੇਗਾ ਅਤੇ ਕੜਾਹ ਪ੍ਰਸਾਦਿ ਵਰਤਾਇ ਦੇਵਣਾ ਜੇ ਪੰਜਾ ਨਾ ਲੱਗੇ ਤਾਂ ਨਹੀਂ ਵਰਤਾਵਣਾ ਸੋ ਭਾਈ ਅੱਜਤਕ ਏਹੋ ਰੀਤ ਹੈ ਤੇ ਪਠਾਣ ਗੁਰੂ ਜੀ ਕੇ ਸਿਖ ਹੂਏ ਸਾਰੀ ਧਰਤੀ ਕਉ ਤਾਰ ਕਰ ਓਥੋਂ ਸ੍ਰੀ ਗੁਰੂ ਜੀ ਚਲਦੇ ਰਹੇ ॥ ੧੧੭ ॥

ਸਾਖੀ ਭਗਤ ਜਨਾਂ ਨਾਲ ਹੋਈ

ਇੱਕ ਦਿਨ ਸ੍ਰੀ ਗੁਰੂ ਅੰਗਦਸਾਹਿਬ ਜੀ ਮੇਰੇ ਦੇਖਦਿਆਂ ਸ੍ਰੀ ਪਰਮੇਸ਼ਰਜੀ ਦੇ ਭਗਤ ਸ੍ਰੀ ਗੁਰੂਜੀ ਦੇ ਪਾਸ ਆਏ ਅਤੇ ਉਨ੍ਹਾਂ ਭਗਤਾਂਨੇ ਕਹਿਆਜੀ ਰਾਮ ਰਾਮ ਜੀ ਤਾਂ ਸ੍ਰੀ ਗੁਰੂ ਜੀ ਆਖਿਆ ਸੱਤ ਰਾਮ ਜੀ ਆਈਏ ਭਗਤੋ ਸ੍ਰੀ ਠਾਕੁਰ ਜੀ ਕੇ ਪਿਆਰਿਓ ਬੈਠੀਏ ਜੀ ਕੁਸ਼ਲ ਆਨੰਦਹੈ ਜੀ ਤਾਂ ਓਨਾਂ ਭਗਤਾਂ ਕਹਿਆਜੀ ਆਪਦੀ ਕ੍ਰਿਪਾ ਕਰਕੇ ਆਨੰਦਹੈ ਜੀ ਜਾਂ ਇਕ ਦੋਇ ਘੜੀਆਂ ਹੋਈਆਂ ਤਾਂਓਨਾਂ ਮੰਤਾਂਕਹਿਆ ਹੇਗੁਰੂਨਾਨਕ ਸਾਹਿਬਜੀਇੱਕ ਅਸਾਂ ਦਾ ਪ੍ਰਸ਼ਨ ਹੈ ਜੀ ਆਪਦੀ ਆਗਿਆ ਹੋਵੇ ਤਾਂ ਪੁੱਛੀਏ ਜੀ ਤਾਂ ਸ੍ਰੀ ਗੁਰੂ ਬਾਬੇਜੀ ਕਹਿਆ ਭਾਈ ਪਰਮੇਸ਼ਰਦੇ ਜਨੋਂ ਜੋ ਤੁਸਾਡੇ ਦਿਲਵਿੱਚਆਵੇ ਸੋ ਪੁੱਛੋਜੀ ਤਾਂ ਓਨਾਂਰਾਮ ਜਨਾਂ ਅਰਦਾਸ ਕੀਤੀ ਹੇ ਗਰੀਬਨਿਵਾਜਜੀ ਏਹ ਪ੍ਰਾਣੀ ਜੋ ਪਾਪਪੁੰਨ ਕਉ ਕਰਦਾ ਹੈ ਅਤੇ ਮਾਯਾ ਕੋ ਦੌੜ ਪੈਂਦਾ ਹੈ ਸੋ ਏਹ ਆਪੇਹੀ ਕਰਦਾ ਹੈ ਕਿ ਕਿਸੇਦਾ ਕਰਾਯਾ ਕਰਦਾ ਹੈ ਅਤੇ ਸ੍ਰੀ ਗੁਰੂਜੀ ਇਕ ਸ਼ਬਦ ਉਚਾਰਿਆ ॥ ਰਾਗ ਬਿਲਾਵਲ ਮਹਲਾ ੧ ॥ ਮਨਕਾ ਕਹਿਆ ਮਨਸਾਕਰੈ ॥ ਇਹ ਮਨ ਪਾਪ ਪੁੰਨ ਉਚਰੈ ॥ ਮਾਇਆ ਮਦ ਮਾਤੇ ਤ੍ਰਿਪਤ ਨ ਆਵੈ ॥ ਤ੍ਰਿਪਤ ਮੁਕਤ ਮਨ ਸਾਚਾ ਭਾਵੈ ॥ ੧ ॥ ਤਨ ਧਨ ਕਲਤ ਸਭ ਦੇਖ ਅਭਿਮਾਨਾ ॥ ਬਿਨ ਨਾਵੈ ਕਿਛ

CC-0. Gurukul Kangri University Haridwar Collection. Digitized by S3 Foundation USA

ਸੰਗ ਨ ਜਾਨਾ ॥੧॥ ਰਹਾਉ ॥ਕੀਜੈ ਰਸ ਭੋਗ ਖੁਸੀਆਂ ਮਨ ਕੇਰੀ॥ ਧਨ ਲੋਕਾਂ ਤਨੁ ਭਸਮੇ ਢੇਰੀ ॥ ਖਾਕੂ ਖਾਕ ਰਲੈ ਸਭ ਫੈਲ ॥ ਬਿਨ ਸਬਦੈ ਨਹੀ ਉਤਰੈ ਮੈਲ ॥ ੨ ॥ ਤਿਸ ਕਾ ਪਰਮਾਰਥ ॥ ਸ੍ਰੀ ਗੁਰੂ ਨਾਨਕਜੀ ਕੈਂਹਦੇ ਹਨ ਸੁਣੋ ਭਾਈ ਰਾਮਜੀ ਕੇ ਭਗਤੋ ਏਹ ਪ੍ਰਾਣੀ ਰਾਜਵੀ ਕਰੈ ਜੋਗ ਭੀ ਕਰੈ ਧਨ ਸੰਚਸੰਚ ਬਡੇ ਭਾਰ ਭਰੈ ਤਾਂ ਇਸਕੇ ਸਾਥ ਕਿਛ ਧਨ ਅਰ ਮਾਯਾ ਕੇ ਬਿਲਾਸ ਨਹੀਂ ਚਲਦੇ ਅਰ ਇਸਕਾ ਤਨ ਜੋ ਹੈ ਸੋ ਤਾਂ ਸੁਆਹ ਕੀ ਢੇਰੀ ਹੋਇ ਜਾਵੇਗਾ ਅਤੇ ਧਨ ਤਾਂ ਹੋਰ ਲੋਕ ਹੀ ਪਿੱਛੋਂ ਲੈਜਾਵੇਂਗੇ ਕੁਟੰਬਕੇ ਲੋਕਭੀ ਕਿਸੀਕੰਮ ਨਹੀਂ ਆਂਵਦੇ ਅਤੇ ਧਨ ਹੋਰਨਾਂ ਲੋਕਾਂਨੇ ਖਾਧਾ ਅਤੇ ਧਨ ਕੇ ਨਮਿਤ ਜੋ ਏਹ ਪਾਪ ਕਰਦਾ ਸੀ ਸੋ ਪਾਪ ਤਾਂ ਇਸਕੇ ਸੰਗਹੀ ਗਏ ਸੋ ਉਨ੍ਹਾਂਨੇ ਪਾਪੀਕੋ ਅਗੇ ਪਕੜਿਆ ਅਰ ਨਰਕਾਂਨੂੰ ਠੇਹਲ ਮਿਲਿਆ ਅਤੇ ਸ੍ਰੀ ਪ੍ਰਮੇਸ਼ਰ ਜੀ ਕੇ ਨਾਮ ਬਿਨਾ ਇਸਕਾ ਕੋਈ ਬੇਲੀ ਨਹੀਂ ਹੋਵਣਾ ਬਿਨਾਂ ਸ਼ਬਦ ਇਸ ਪ੍ਰਾਣੀਕੀ ਮੈਲ ਕੱਟੀ ਨਹੀਂ ਜਾਂਦੀ ਜਦ ਏਹ ਗੁਰੂ ਕਾ ਸ਼ਬਦ ਕਮਾਵੈ ਗਾ ਤਬ ਇਸਕੀ ਮੈਲ ਜਾਵੇਗੀ ਤਾਂ ਇਹ ਪ੍ਰਾਣੀ ਮੁਕਤ ਕੋ ਪ੍ਰਾਪਤਿ ਹੋਵੇਗਾ ਤਾਂ ਫੇਰ ਸ੍ਰੀ ਠਾਕੁਰਜੀਕੇ ਭਗਤਾਂ ਅਰਦਾਸ ਕੀਤੀ ਜੀ ਸਚੇਪਾਤਸ਼ਾਹ ਜੋ ਪ੍ਰਾਨੀ ਜੂਨੀ ਮੇਂ ਜਲਦਾ ਹੈ ਸੋ ਕਿਤ ਤਾਲ ਪਰ ਨਚਦਾਹੈ ਅਤੇ ਕਿਸ ਨੱਚਨੇਤੇ ਪ੍ਰਾਣੀ ਛੁਟੇਗਾ ਸੋ ਕਿਸ ਪ੍ਰਕਾਰ ਕਰ ਕੇ ਛੁਟੇਗਾ ਤਾਂ ਫੇਰ ਗੁਰੂ ਨਾਨਕ ਜੀ ਇਕ ਪਉੜੀ ਆਖੀ ॥

ਗੀਤ ਨਾਦ ਘਨ ਤਾਲ ਸਿਕੁਰੇ ॥ ਤ੍ਰਿਹੁ ਗੁਣ ਉਪਜੈ ਬਿਨਸੈ ਦੂਰੇ ॥ ਦੂਜੀ ਦੁਰਮਤਿ ਦਰਦ ਨ ਜਾਇ ॥ ਛੂਟੈ ਗੁਰਮੁਖਿ ਦਾਰੂ ਗੁਨ ਗਾਇ ॥ ੩ ॥

ਤਿਸ ਕਾ ਪਰਮਾਰਥ ॥ ਸ੍ਰੀ ਗੁਰੂਜੀ ਕਹਿੰਦੇ ਹੈਨ ਸੁਣਹੁ ਭਾਈ ਭਗਤ ਜਨਹੁ ਨੱਚਣੇ ਵਾਲੇ ਕਉ ਤਾਂ ਗੀਤ ਨਾਦ ਤਾਲ ਪਖਾਵਜ ਵਜਾਈਦੇਹੈਨ ਤਾਂਓਹ ਪ੍ਰਾਣੀ ਓਨ੍ਹਾਂ ਵਜੰਤ੍ਰਾਂ ਕਰਕੇ ਨੱਚਦਾਹੈ ਅਰ ਯੇਹ ਪ੍ਰਾਣੀ ਜੋ ਜੂਨੀਮੇਂ ਪੜਦਾਹੈ ਅਰ ਇਨ ਵਜੰਤ੍ਰਾਂਕਰਕੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਮਮਤਾਕਰਕੇ ਜੂਨਾਂਵਿੱਚ ਭ੍ਰਮਤਾਹੈ ਅਤੇ ਬਾਰੰਬਾਰ ਬਿਨਸਦਾ ਹੈ ਅਰ ਬਾਰੰਬਾਰ ਉਪਜਦਾ ਹੈ ਅਰ ਅਬ ਕਾ ਬਿਛੜਿਆ ਦੂਆ ਬਹੁੜ ਨਾ ਮਿਲੇਗਾ ਅਰ ਇਕ ਇਕ ਜੀਆਂਦੀ ਆਰਜਾ ਸੈਂਕੜੇ ਬਰਸਾਂ ਦੀਆਂ ਜੂਨਾਂਹੈਨ ਸੋ ਤਿਸ ਵਿਖੇ ਭ੍ਰਮਤਾਹੈ ਜੈਸੇ ਲਾਖਾਂ ਬਰਸ ਇਕ ਪੱਥਰ ਦੀ ਜੂਨਹੈ ਸੋ ਸੁਣਹੁ ਭਗਤਜਨੋਂ ਪੱਥਰ ਦੀ ਜੂਨ ਤਦ ਕੱਟੀਐਗੀ ਜਦ ਧਰਤੀ ਮੰਪੂਰਨ ਪ੍ਰਲੈਹੋ ਜਾਵੇਗੀ ਸੋ ਇਤਨਾ ਇਸਜਨਮਦਾ ਛੁਟਿਆ ਪ੍ਰਾਣੀ ਦੂਰਜਾਇਪੈਂਦਾਹੈ ਪਰ ਇਸ ਪ੍ਰਾਣੀਨੂੰ ਦੂਜਾ ਭਾਉ ਵਿਛੋੜਦਾ ਹੈ ਅਤੇ ਦੁਰਮਤ ਇਸਨੂੰ ਵਡਾ ਰੋਗ ਲਗਾਹੈ ਤਾਂ ਫੇਰ ਉਨ੍ਹਾਂ ਭਗਤਜਨਾਂ ਕਿਹਾ ਗੁਰੂਜੀ ਕਿਵੇਂ ਇਸਦਾ ਦੁ-ਮਤਿ ਰੋਗ ਵੀ ਦੂਰਹੋਜਾਵੇ ਤਾਂ ਸ੍ਰੀਗੁਰੂਨਾਨਕਜੀ ਕਿਹਾ ਭਾਈਪ੍ਰਮੇਸ਼ਰਵੇਪਜਾਰਿਓ ਇਸ ਰੋਗ ਕਾ ਦਾਰੂ ਨਾਮਹੈ ਏਹ ਪ੍ਰਾਣੀ ਜਬਸ੍ਰੀਪ੍ਰਮੇਸ਼ਰਜੀਕੇ ਗੁਣ ਗਾਵੇ ਤਾਂਏਹ ਦੁਰ ਜਾ ਤਾਂ ਫੇਰ ਭਗਤਾਂ ਕਿਹਾ ਗੁਰੂਜੀ ਇਕ ਵੈਸ਼ਨੋ ਕਹਾਉ ਦੇਹੈਨ ਇਕ ਤਪਸੀ ਕਹਾਉ ਦੇਹੈਨ

CC-0. Gurukul Kangri University Haridwar Collection. Digitized by S3 Foundation USA

ਇਕ ਪੰਡਿਤਕਹਾਉਂਦੇ ਹੈਨ ਇਕ ਜੈਨਮਾਰਗੀ ਹੈਨ ਸੋਇਨ੍ਹਾਂਵਿੱਚੋਂਗੁਰੂਜੀ ਉੱਤਮ ਕੌਨ ਹੈਨ ਤਾਂਸ੍ਰੀਗੁਰੂਜੀਨੇਹੋਰਪਉੜੀਆਖੀ ॥ ਧੋਤੀ ਊਜਲ ਤਿਲਕ ਗਲ ਮਾਲਾ ॥ ਅੰਤਰਕ੍ਰੋਧ ਪੜਹਿ ਨਟਸਾਲਾ ॥ ਨਾਮ ਵਿਸਾਰ ਮਾਇਆ ਮਦ ਪੀਆ ॥ ਬਿਨਗੁਰੁਭਗਤ ਨਾਹੀਂ ਸੁਖ ਥੀਆ ॥ ੪ ॥ ਤਿਸਕਾ ਪ੍ਰਮਾਰਥ ਸ੍ਰੀਗੁਰੂਜੀ ਕਹਿੰਦੇ ਹੈਨ ਸੋ ਸੁਣਹੁਭਾਈਰਾਮਕੇਲੋਕਹੁ ਏਹ ਸਭ ਨਟ ਕੀ ਵਿੱਦਜਾ ਹੈ ਅਰ ਜਿਸਤਰਾਂ ਨਟੂਆ ਸਭ ਸਾਂਗ ਕਰਦਾ ਹੈ ਸੋ ਤੈਸੇ ਹੀ ਜਾਣੀਦਾਹੈ ਜਿਉਂ ਏਹਧੋਤੀਆਂ ਪੈਹਰਣੀਆਂ ਅਰ ਮਾਲਾ ਪਾਵਣੀਆਂ ਤਿਲਕਲਗਾਵਣਾਂ ਏਹ ਵੈਸ਼ਨੋ ਕਾ ਸਾਂਗ ਹੈ ਨਟ ਕੀ ਨਜਾਈਂ ਅਰ ਜਦ ਤਾਈਂ ਇਸਦੇ ਅੰਦਰ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਮਮਤਾ ਮਾਯਾ ਰਹਿੰਦੀਆਂਹੈਨ ਤਾਂ ਕਿਆ ਹੋਯਾ ਜੋ ਬਾਹਰੋਂ ਵੈਸ਼ਨੋ ਕਾ ਸਾਂਗ ਕੀਤਾ ਅਬਿਨਾਸ਼ੀ ਪ੍ਰਮੇਸ਼ਰਜੀਕੀ ਭਗਤੀ ਕੀਤਿਆਂ ਬਿਨਾਂ ਓਹਭਗਤ ਨਹੀਂ ਹੋਇ ਜਾਂਦੇ ਤਾਂ ਫੇਰ ਉਨ੍ਹਾਂ ਸ੍ਰੀਠਾਕੁਰਜੀ ਦੇ ਭਗਤਾਂ ਕਿਹਾ ਹੇਦੀਨਦਜਾਲਜੀ ਜੋ ਪ੍ਰਾਣੀ ਅਬਕੇ ਪੈਹਰੇਮੇਂ ਜੋ ਗੁਰੂ ਕਰਦੇਹੈਨ ਅਰ ਨਾਮ ਸਿਖਕਰ ਗੁਰਾਂਦੇ ਵਾਕਾਂ ਉਪਰ ਚਲਦੇ ਨਹੀਂ ਅਤੇ ਗੁਰਾਂ ਪਾਸੋਂ ਮੂੰਹ ਫੇਰ ਲੈਂਦੇ ਹੈਨ ਸੋ ਹੇ ਗੁਰੂ ਜੀ ਓਨਾਂ ਜੀਵਾਂ ਦੀ ਕਿਆ ਗਤੀ ਹੋਵੇਗੀ ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਅਗਲੀ ਪਉੜੀ ਆਖੀ ॥ ਸੂਕਰ ਸੁਆਨ ਗਰਧਭ ਮੰਜਾਰਾ ॥ ਪਸੂ ਮਲੇਛ ਨੀਚ ਚੰਡਾਲਾ ॥ ਗੁਰਤੇ ਮੁਹਿ ਫੇਰੇਤਿਨਜੋਨਭਵਾਈਐ ॥ ਬੰਧਨ ਬਾਧਿਆ ਮਰ ਆਈਐ ਜਾਈਐ ॥ ਤਿਸਕਾ ਪਰਮਾਰਥ ਸ੍ਰੀਗੁਰੂਜੀਕੈਂਹਦੇਹੈਨ ਸੁਨਹੁ ਸ੍ਰੀ ਠਾਕੁਰ ਜੀਦੇ ਪਜਾਰਿਓ ਜੋ ਮਾਨੁਖ ਗੁਰਾਂ ਥੀਂ ਮੂੰਹ ਫੇਰ ਲੈਂਦੇਹੈਨ ਸੋ ਸੂਕਰ ਕੇ ਜਨਮ ਅਰ ਨੀਚ ਚੰਡਾਲ ਕੇ ਜਨਮ ਅਤੇ ਕਾਉਂਕੇ ਜਨਮ ਆਵੇਂਗੇ ਤੇ ਹੋਰ ਪਸ਼ੂਕੇ ਜਨਮ ਕੀ ਤਾਂ ਗਿਣਤੀ ਕਾਈ ਨਹੀਂ ਔਰ ਪਰੇਤਾਂ ਪਸਾਚਾਂ ਕੇ ਜਨਮ ਵੀ ਆਵੇਂਗੇ ਇਤ੍ ਜੂਨਾਂ ਵਿਚ ਪ੍ਰਾਣੀ ਫੇਰੀਅਨਗੇ ਅਰ ਜੋ ਕੋਈ ਗੁਰਾਂਸੇਬੇਮੁਖਹੋਵਨਗੇ ਸੋਤਿਨਕੋਏਹ ਜੂਨਾਂ ਪ੍ਰਾਪਤ ਹੋਣਗੀਆਂ ਅਤੇ ਸੁਨਹੁ ਭਾਈ ਜਨਹੁ ਏਹ ਸਰਬ ਜੂਨਾਂ ਵਿਖੇ ਨਖਿੱਧ ਜੂਨਾਂਹੈਨ ਤਾਂਫੇਰ ਸੰਤਾਂ ਕਿਹਾ ਹੇਗੁਰੂਜੀ ਜੋ ਸਤਗੁਰੂ ਨੂੰ ਮਿਲਕਰਸਨਮੁਖ ਰੈਂਹਦੇਹੈਨਤੇ ਬਚਨਾਂ ਉਪਰ ਚਲਦੇਹੈਨ ਜੀ ਉਨਾਂਤਾਈਂ ਕਿਆ ਫਲਪ੍ਰਾਪਤਹੈ ਤਾਂਫੇਰਗੁਰੂਜੀਅਗਲੀ ਪਉੜੀ ਆਖੀ ॥ ਗੁਰੁ ਸੇਵਾ ਤੇਲਹੈਪਦਾਰਥ ॥ ਹਿਰਦੇਨਾਮਸਦਾਕਿਰਤਾਰਥ ॥ ਸਚੀਦਰ ਗਹ ਪੂਛ ਨ ਹੋਇ ॥ ਮਾਨੈ ਹੁਕਮ ਸੀਝੈ ਦਰਸੋਇ ॥ ਤਿਸਕਾ ਅਰਥਸ੍ਰੀ ਗੁਰੂਜੀਕੈਂਹਦੇਹਨ ਸੁਨਹੁ ਸੰਤਜਨੋਂਜੋਕੋਈ ਸ੍ਰੀਪ੍ਰਮੇਸ਼ਰ ਜੀ ਕੀ ਤਨ ਮਨ ਧਨ ਲਾਇਕਰਸੇਵਾਕਰੇਗਾ ਤਿਸ ਪ੍ਰਾਣੀਕਾਏਹ ਜਨਮ ਭੀ ਸਫਲ ਹੋਵੇਗਾ ਅਰ ਨਾਮ ਰੂਪੀ ਪਦਾਰਥ ਜੋ ਹੈ ਸੋਉਸਨੂੰ ਹਥ ਆਵੇਗਾ ਅਤੈਨਿਰੰਕਾਰਦੀ ਕ੍ਰੀਪਾ ਕਰਕੇ ਤਿਸ ਪ੍ਰਾਣੀ ਦੇ ਰਿਦੇ ਤੇ ਨਾਮਨਾਂਵੀਸਰੇਗਾਅਰ ਸੱਚਖੰਡਮੇਂਇਸਕੋ ਪੁੱਛਨਾ ਹੋਵੇਗੀ ਜੋਤੂੰ ਕੌਣਹੈਂ ਅਤੇਕਿਥੇਜਾਂਦਾਹੈਂਓਹਸਿਖਆਦਰਭਾਉ ਨਾਲਪ੍ਰਮੇਸ਼ਰਦੀ ਦਰਗਾਹਵਿਚਵਾੜੀਏਂਗੇ ਜੋਸੱਚੇਦੀਦਰਗਾਹਮੇਂਦੀਵਾਨਲਗਦਾਹੈਉਸ

CC-0. Gurukul Kangri University

OF INTERNET // ABHINAV GAUR //

ਵਿਚ ਵਡਿਆਈ ਮਿਲੇਗੀ ਅਤੇ ਸੁਨਹੁਭਾਈਸਜਨੋਂ ਓਸ ਸ੍ਰੀਵਾਹਿਗੁਰੂ ਦੀ ਦਰਗਾਹਮੇਂ ਸੋਈ ਸਿੱਝਨਗੇ ਜਿਨ੍ਹਾਂ ਸ੍ਰੀ ਪ੍ਰਮੇਸ਼ਰ ਜੀ ਕਾ ਹੁਕਮ ਮੰਨਿਆ ਹੈ ਅਤੇ ਹੋਰ ਸਭ ਏਵੇਂ ਹੀ ਫਰਣਗੇ ਕਿਤੇ ਥਾਉਂ ਨਾ ਮਿਲੇਗੀ ਤਾਂ ਫੇਰ ਮਹਾਂਪੁਰਖਾਂ ਕਹਿਆ ਸੱਚੇਪਾਤਿਸ਼ਾਹ ਜੀ ਜੋ ਪ੍ਰਾਣੀ ਸ੍ਰੀ ਪ੍ਰਮੇਸ਼ਰ ਜੀ ਕਉ ਜਾਣੇ ਸੋ ਕਿਸਪ੍ਰਕਾਰ ਜਾਣੇ ਜੀ ਕ੍ਰਿਪਾ ਕਰਕੇਦੱਸੋਜੀ ਤਾਂ ਸ੍ਰੀ ਗੁਰੂ ਨਾਨਕ ਜੀ ਹੋਰ ਪਉੜੀ ਆਖੀ ॥ ਸਤਿਗੁਰ ਮਿਲੈ ਤਤ ਕਉ ਜਾਣੈ ॥ ਰਹੈ ਰਜਾਈ ਹੁਕਮ ਪਛਾਣੈ ॥ ਹੁਕਮਪਛਾਣ ਸਚੇ ਦਰਵਾਸ॥ਕਾਲਬਿਕਾਲ ਸਬਦ ਭਏਨਾਸ॥ ਤਿਸਕਾਪ੍ਰਮਾਰਥ ਸ੍ਰੀਗੁਰੂਜੀਕਹਿੰਦੇਹੈਨ ਸੁਣਹੁਭਾਈਗੋਬਿੰਦਲੋਕੋ ਏਹ ਪ੍ਰਾਣੀਸ੍ਰੀਪ੍ਰਮੇਸ਼ਰ ਜੀਕਉਜਾਣੇ ਅਤੇ ਸਤਗੁਰਾਂਨੂੰ ਮਿਲੇ ਤੇ ਦੁਖ ਸੁਖਕਉ ਸਮ ਕਰ ਜਾਣੇ ਤਾਂ ਇਸ ਪ੍ਰਾਣੀ ਕਉਸੱਚੇਕਾ ਮਹਿਲ ਪ੍ਰਾਪਤ ਹੋਤਾਹੈ ਤਾਂ ਫੇਰ ਉਨ੍ਹਾਂ ਮਹਾਂਪੁਰਖਾਂ ਕਹਿਆਹੇਨਿਰੰਕਾਰਜੀ ਜੋ ਪ੍ਰਾਣੀਗ੍ਰਹਸਤਵਿੱਚ ਹੋਇਕੇ ਸ੍ਰੀਪ੍ਰਮੇਸ਼ਰਜੀਕੀ ਸੇਵਾ ਕਰੇ ਸੋਕਿਸਪ੍ਰਕਾਰ ਕਰੇ ਤਾਂ ਗੁਰੂ ਨਾਨਕਜੀ ਅਗਲੀਪਉੜੀ ਆਖੀ ॥ ਰਹੈ ਅਤੀਤ ਜਾਣੈ ਸਭ ਤਿਸਕਾ ॥ ਤਨ ਮਨ ਅਰਪੈ ਹੈ ਇਹ ਜਿਸਕਾ ॥ ॥ ਨਾ ਓਹਆਵੈ ਨਾ ਓਹਜਾਇ ॥ ਨਾਨਕ ਸਾਚੇ ਸਾਚਸਮਾਇ॥ ੮ ॥ ੧ ॥ ਤਿਸਕਾ ਪ੍ਰਮਾਰਥ ਗੁਰੂਜੀ ਕਹਿੰਦੇ ਹੈਨ ਸੁਨੋਭਾਈ ਸ੍ਰੀ ਠਾਕੁਰਜੀ ਦੇ ਭਗਤੋ ਗ੍ਰਸਤੀਇਉਂ ਗ੍ਰਸਤਵਿਖੇਰਹੇ ਜਜੋਂ ਕਿਸੀਨਗਰੀਮੇਂ ਕੋਈਅਤੀਤ ਆਲਸੀਆਇਬੈਠਦਾਹੈ ਅਰ ਪਹਿਲੇਦਿਨ ਓਹਜਾਣਦਾਹੈ ਜੋ ਇਸ ਸ਼ਹਿਰਵਿੱਚ ਮੇਰਾਕੋਈ ਨਹੀਂ ਇਕ ਪ੍ਰਮੇਸ਼ਰ ਜੀ ਮੇਰਾਹੈ ਏਹ ਘਰ ਅਤੇ ਏਹ ਲੋਕ ਸਭ ਪਰਾਏ ਹੈਨ ਤੇ ਏਹ ਨਗਰੀ ਵੀ ਪਰਾਈਹੈ ਅਤੇ ਮੈਂਜੋ ਹਾਂ ਸੋਨਿਰਾਸਹਾਂ ਮੇਰਾਹਿੱਕਪ੍ਰਮੇਸ਼ਰਜੀਹੈ ਅਰਮੈਂਸ੍ਰੀਪ੍ਰਮੇਸ਼ਰਜੀ ਕਾ ਹਾਂ ਓੱਸੇ ਦੀ ਆਸਹੈ ਅਰ ਜੋ ਕੋਈ ਸ੍ਰੀਪ੍ਰਮੇਸ਼ਰਜੀਕੇ ਨਮਿੱਤ ਅੰਨ ਦੇਵੇਗਾ ਸੋ ਮੈ ਖਾਵਾਂਗਾ ਨਹੀਂ ਤਾਂਐਂਵੇਹੀ ਵਿਹਾਇਜਾਵੇਗੀ ਕਿਉਂਜੋ ਓਹ ਪਰਦੇਸੀ ਅਤੀਤ ਹੈ ਪਹਿਲੇਦਿਨਜਾਣਦਾ ਹੈ ਜੋ ਏਸ ਨਗਰੀ ਵਿਚ ਮੇਰਾ ਕੁਛ ਨਹੀਂ ਏਹਸਭ ਸ੍ਰੀਪ੍ਰਮੇਸ਼ਰਜੀ ਕਾ ਹੈ ਸੋਭਾਈ ਰਾਮ ਜਨੋਂ ਇਸੀਤਰਹ ਗ੍ਰਹਸਤੀ ਜਾਣੇ ਤਾਂ ਓਹ ਗ੍ਰਸਤੀ ਗ੍ਰਸਤ ਵਿਖੇ ਹੋਂਦਾ ਹੈ ਜੇਏਹ ਮਨ ਤਨ ਧਨ ਸਭ ਸ੍ਰੀ ਪ੍ਰਮੇਸ਼ਰਜੀਕਾ ਕਰਜਾਣੇ ਤਾਂ ਓਹ ਗ੍ਰਸਤੀਨਾ ਆਉਂਦਾਹੈ ਨਾਜਾਂਦਾਹੈ ਜੰਮਨ ਮਰਨਥੀਂ ਰਹਿਤ ਹੋਇਜਾਂਦਾ ਹੈ ਤਾਂ ਏਹ ਸੁਣਕਰ ਓਹ ਭਗਤਜਨ ਸਭਸ੍ਰੀਗੁਰੂ ਜੀਕੀ ਚਰਣੀਂ ਆਇ ਲਗੇ ਅਤੇ ਆਖਿਓਨੇ ਹੇ ਗੁਰੂਜੀ ਤੁਮਧੰਨਹੋ ਅਤੇ ਧੰਨ ਆਪਕਾ ਦਰਸ਼ਨ ਹੈ ਹੇਭਗਵਾਨਜੀ ਸਾਨੂੰਵੀ ਅਪਣੀਂ ਚਰਨੀ ਲਾਵੋਜੀ ਆਪ ਮੇਹਰਬਾਨੀਕਰਕੇ ਨਾਮ ਦੇਵੋ ਜੀ ਤਾਂ ਸ੍ਰੀ ਗੁਰੂਜੀ ਕਹਿਆ ਸੁਣੋ ਪ੍ਰਮੇਸ਼ਰ ਜੀਦੇ ਪਿਆਰਿਓ ਤੁਸੀ ਵੀ ਸ੍ਰੀ ਵਾਹਿਗੁਰੂ ਜੀ ਕਾ ਸਿਮਰਨ ਕਰੋ ਜੀ ਤਾਂ ਤੁਮਾਰਾ ਭਲਾ ਹੋਵੇਗਾ ਤਾਂਓਹ ਭਗਤ ਸ੍ਰੀਗੁਰੂ ਜੀਕੇ ਸਿੱਖ ਹੁਏ ਲੱਗੇ ਸਤਿਨਾਮਕਾ ਜਾਪ ਕਰਨ ਅੰਤਕੋ ਪਰਮਗਤੀ ਕਉ ਪ੍ਰਾਪਤਿ ਹੁਏ ਸੀ ਗੁਰੂ ਬਾਬਾ ਜੀ ਓਥੋਂ ਚਲਦੇ ਰਹੇ ॥ ਬੋਲੋ ਭਾਈਜੀ ਵਾਹਿਗੁਰੂ ॥ ੧੧੮ ॥

CC-0. Gurukul Kangri University Haridwar Collection. Digitized by S3 Foundation USA

ਆਗੇ ਸਾਖੀ ਮ੍ਰਿਗ ਦੇ ਪ੍ਰਥਾਇ ਹੋਈ

ਇਕ ਸਮੇ ਹੇ ਗੁਰੂ ਅੰਗਦ ਸਾਹਿਬ ਜੀ ਸ੍ਰੀ ਗੁਰੂ ਨਾਨਕ ਜੀ ਕਰਣ ਕਾਰਣ ਸਰਬ ਸ਼ਕਤੀ ਸੰਯੁਕਤ ਜਾਂਦੇ ਜਾਂਦੇ ਇਕ ਉਜਾੜ ਵਿਚ ਜਾਇ ਪ੍ਰਾਪਤ ਹੂਏ ਕਿਆ ਦੇਖਣ ਜੋ ਇਕ ਹਰਨ ਖੜਾ ਹੈ ਤੇ ਖੇਤੀ ਦੇ ਨਜ਼ਦੀਕ ਗਿਆ ਅਤੇ ਖਾਵਣਨੂੰ ਚਾਹੁੰਦਾਹੈ ਅਤੇ ਉਸ ਖੇਤਦੇ ਮਾਲਕ ਨੇ ਓਥੇ ਇਕ ਫਾਹੀ ਲਗਾਇ ਛੱਡੀ ਸੀ ਅਤੇ ਉਸ ਹਰਣ ਨੇ ਓਹ ਫਾਹੀ ਦੇਖੀ ਨਹੀਂ ਸੀ ਪਰ ਓਹ ਹਰਨ ਛਾਲਮਾਰਕੇ ਉਸ ਖੇਤੀ ਵਿਚ ਜਾਇ ਵੜਿਆ ਜਾਂਲੱਗਾ ਹੱਲਣਭਾਂਚਾਰੇਲੱਤਾਂਉਸਫਾਹੀ ਵਿਚ ਫਸ ਗਈਆਂ ਫੇਰ ਖੇਤਦੇ ਮਾਲਿਕ ਨੇ ਆਣ ਕਰ ਉਸ ਹਰਣਕਉ ਪਕੜਲਿਆ ਏਹ ਤਮਾਸ਼ਾ ਗੁਰੂਜੀ ਦੇਖਕਰ ਬਹੁਤ ਬਿਸਮਾਦ ਦੇ ਘਰ ਵਿਚ ਆਇਗਏ ਪਰੰਤੂ ਜੈਸਾ ਡਰ ਖੇਤੀਦੇ ਮਾਲਿਕ ਕੇ ਹਰਨਕਉ ਪਕੜਿਆਂ ਤੇਹਰਨਨੂੰ ਹੋਯਾਹੈਤਿਸਤੇਦਸਗੁਣਾਂਭਉ ਸ੍ਰੀਗੁਰੂਨਾਨਕ ਜੀ ਨੇ ਆਪਨੇ ਆਪ ਕਉ ਮੰਨਿਆਂ ਤਾਂ ਸ੍ਰੀ ਗੁਰੂਜੀ ਆਪਣੇ ਮਨ ਤਾਈਂ ਕਹਿਆ ਰੇਮਨਮੇਰੇ ਏਹ ਮਿਰਗਤਾਂਈਂ ਫਸਿਆਜਾਂ ਇਸਨੈ ਕੁਥਾਇ ਪੈਰ ਪਾਯਾ ਅਤੇ ਜੇਕਰ ਏਹ ਹਰਨ ਬਿਗਾਨਾ ਖੇਤ ਨਾ ਚੁਗਦਾਤਾਂ ਇਸਨੂੰਕਉਣ ਪਕ ਨ ਵਾਲਾ ਸੀ ਅਤੇਦੇਖ ਮੇਰੇਮਨਾਂ ਜੈਸੇ ਇਸਹਰਨ ਕਉ ਦੇਖਦਾਹੈਂ ਤੈਸੇਹੀਤੂੰ ਭੀ ਇਕਦਿਨ ਜਮਦੀਫਾਸੀਮੇਂ ਫਸੇਂਗਾ ਇਸ ਪਰ ਸ੍ਰੀ ਗੁਰੂਨਾਨਕਜੀ ਸ਼ਬਦ ਉਚਾਰਿਆ॥

ਆਸਾਮਹਲਾ ੧ ਛੰਤਘਰ ੩ ॥ ਤੂੰ ਸੁਣ ਹਰਣਾ ਕਾਲਿਆ ਕੀ ਵਾਢੀਐ ਰਾਤਾ ਰਾਮ ॥ ਬਿਖ ਫਲ ਮੀਠਾਚਾਰਦਿਨ ਫਿਰਹੋਵੈ ਭਾਤਾ ਰਾਮ॥ ਫਿਰਹੋਇਭਾਭਾ ਖਰਾਮਾਤਾਨਾਮਬਿਨ ਪਰਤਾਪਏ॥ ਓਹ ਜੇਵਿ ਸਾਇਰ ਦੇਇ ਲਹਿਰੀ ਬਿਜਲ ਜਿਵੈ ਚਮਕਏ॥ ਹਰਬਾਝਰਾਖਾ ਕੋਇਨਾਹੀ ਸੋਕਿਉ ਭੁਝੈਬਿਸਾਰਿਆ॥ ਸਚ ਕਹੈ ਨਾਨਕ ਚੇਤ ਰੇ ਮਨ ਮਰਹਿ ਹਰਣਾ ਕਾਲਿਆ ॥ ੧ ॥ ਤਿਸਕਾ ਪ੍ਰਮਾਰਥ ਸ੍ਰੀ ਗੁਰੂ ਨਾਨਕ ਜੀ ਕਹਿਤੇ ਹੈਨ ਹੇ ਮੇਰੇ ਮਨਾ ਕਾਲਾ ਜੋ ਹਰਣ ਹੈ ਸੋਤੂੰ ਹੈਂ ਹੇਮਨਾ ਤੂੰਸੁਣ ਮੈਂ ਤੈਨੂੰ ਆਖਦਾ ਹਾਂ ਅਤੇਜੋਕੁਛ ਸ੍ਰੀਕਰਤੇ ਪੁਰਖ ਨੇ ਤੇਰੇ ਭਾਈਂ ਮਨਹਿ ਕੀਤਾਹੈ ਸੋ ਤੂੰ ਨਾ ਖਾਹ ਅਤੇ ਜੋ ਸ੍ਰੀ ਪਰਮੇਸ਼ਰ ਜੀ ਤੈਨੂੰ ਕਹਿਆਹੈ ਖਾਣਾ ਸੋ ਤੂੰ ਖਾਹ ਤੇ ਜੇਕਰ ਤੂੰਓਸਦੇਹੁਕਮ ਮੰਨਕੇ ਉਸਦੀ ਕਹੀ ਹੋਈ ਚੀਜ਼ ਖਾਵੇਂਗਾ ਤਾਂ ਓਹ ਖਾਣਾਅਮ੍ਰਿਤਹੋਵੇਗਾ ਅਤੇਤੇਰਾਬੁਰਾਭੀ ਨਾ ਹੋਵੇਗਾ ਅਤੇਜੋ ਨਿਰੰਕਾਰ ਤੈਨੂੰ ਮਨਾਕੀਤਾਹੈ ਸੋਖਾਵੇਂਗਾ ਤਾਂਤੂੰ ਜ਼ਰੂਰਫਾਹੀਵਿੱਚ ਫਸੇਂਗਾ ਇਸ ਹਰਨਦੀ ਨਿਆਈਂ ਇਕਦਿਨ ਤੂੰ ਜਮਦੇਵਸਪੜੇਂਗਾ ਜਿਉਂਹਰਨਫਸਿਆ ਤਿਵੇਂ ਤੂੰ ਦੁਖਪਾਵੈਂਗਾਹੇਮਨਾ ਜੇ ਕਰ ਤੂੰਬਿਖਫਲ ਖਾਵੇਂਗਾ ਸੋ ਅੰਤ ਦੇ ਸਮੇ ਤੇਰੇ ਗਲ ਵਿਚ ਫਾਹੀਪਵੇਗੀ ਅਤੇਪਰਮੇਸ਼ਰ ਦੇ ਨਾਮਤੋਂ ਬਿਨਾ ਹੇ ਮਨਾਂ ਪੱਛੋਤਾਵੇਂਗਾ ਨਰਕਕੀਲਹਿਰ ਤੈਨੂੰ ਜਲਾਵੇਗੀ ਤਬਤੂੰ ਬਹੁਤ ਦੁਖਪਾਵੇਂਗਾ ਅਤੇ ਓਥੇ ਬਿਨਾਂ ਕਰਤਾਰਦੇ ਹੋਰਕੋਈ ਤੇਰਾ ਸਹਾਇਕ ਨਾ ਹੋਵੇਗਾ ਹੇਮਨਤੂੰ

INTERNET // ABHINAV GAUR //

ਸ੍ਰੀ ਪਰਮੇਸ਼ਰ ਜੀ ਕਾ ਸਿਮਰਨ ਕਰ ਤਾਂ ਤੂੰ ਜਮਦੇ ਡੰਡਥੀਂ ਬਚੇਂਗਾ ਤਾਂ ਸ੍ਰੀਬਾਬਾਜੀਏਹ ਬਾਤ ਕਰਕੇ ਓਥੋਂ ਚਲਦੇ ਰਹੇ॥ ਬੋਲੋ ਭਾਈ ਜੀ ਵਾਹਿਗੁਰੂ ॥ ੧੧੯ ॥

ਅੱਗੇ ਭਵਰੇ ਦੇ ਪ੍ਰਥਾਇ ਸ਼ਬਦ ਕਹਿਆ

ਤਾਂ ਭਾਈਬਾਲਾ ਕਹੇ ਹੇ ਗੁਰੂ ਅੰਗਦਜੀ ਇਕਦਿਨ ਸ੍ਰੀਗੁਰੂ ਜਾਂਦੇ ਜਾਂਦੇ ਇਕਥਾਂਦੇਖਨ ਤੋਂ ਇਕ ਸੁੰਦਰ ਤਲਾਬ ਜਲਕਰਕੇ ਪੂਰਨਹੈ ਅਰ ਉਸ ਸਰ ਵਿਖੇ ਬੜੇ ਪ੍ਰਫੁਲਤਕਵਲ ਹੈਨ ਅਰਉਨ੍ਹਾਂਕਵਲਾਂਦੀ ਸੁਗੰਧਤਾਭਵਰ ਲੈ ਰਹਿਆ ਹੈ ਬਡਾ ਗਦਗਦ ਪ੍ਰਸੰਨ ਹੋਇਕਰ ਗੁੰਜਾਰਤਾਹੈ ਅਤੇਉਸਤਲਾਬ ਕੇ ਕਿਨਾਰੇਉਪਰ ਸ੍ਰੀ ਸਤਿਗੁਰੂਨਾਨਕਦੇਵਜੀ ਉਸਭਵਰੇ ਕਾ ਕਉਤਕ ਦੇਖਕਰ ਬੈਠ ਗਏ ਜਾਂ ਸਾਯੰਕਾਲਕਾ ਸਮਾ ਨਜ਼ੀਕ ਆਯਾ ਤੋਂ ਓਹ ਭਵਰਾ ਇਕ ਕਵਲਕੇ ਮੱਧਮੇਂ ਬੈਠ ਗਿਯਾ ਤੋ ਇਤਨੇ ਮੇਂ ਸੂਰਜ ਭਗਵਾਨ ਅਸਤਾਚਲਮੇਂ ਜਾਇ ਪ੍ਰਵੇਸ਼ਕਰਤੇ ਭਏ ਤਾਂ ਵਹੁ ਕਮਲੁ ਮੁੰਦਿਆਗਿਆ ਤੇਓਹ ਭਵਰਾ ਵਿੱਚ ਲਪੇਟਿਆਗਿਆ ਤਾਂ ਸ੍ਰੀਗੁਰੂਨਾਨਕਜੀ ਉਸ ਭਵਰੇਕੀ ਗਤਿਕਉ ਦੇਖਕਰ ਆਪਨੇ ਮਨਕੋ ਭਉਦਖਾਲਤੇ ਹੈਂ ਆਪਨੇ ਆਤਮੇ ਨਾਲ ਬਾਣੀ ਉਚਾਰਤੇ ਭਏ ॥ ਛੰਤ ਮਹਲਾ ੧

ਭਵਰਾਫੂਲ ਭਵੰਤਿਆ ਦੁਖ ਅਤ ਭਾਰੀ ਰਾਮ ॥ ਮੈਗੁਰ ਪੂਛਿਆ ਆਪਣਾ ਸਾਚਾ ਵੀਚਾਰੀ ਰਾਮ ॥ ਬੀਚਾਰ ਸਤਿਗੁਰ ਮੁਝੈ ਪੂਛਿਆ ਭਵਰਬੇਲੀ ਰਾਤਓ॥ ਸੂਰਜ ਚੜਿਆ ਪਿੰਡ ਪੜਿਆ ਤੇਲ ਤਾਵਣ ਤਾਤਓ ॥ ਜਮਮਗ ਬਾਧਾ ਖਾਹਿਚੋਟਾਂਸਬਦ ਬਿਨ ਬੇਤਾਲਿਆ॥ ਸਚ ਕਹੈ ਨਾਨਕ ਚੇਤ ਰੇ ਮਨ ਮਰਹਿ ਭਵਰਾ ਕਾਲਿਆ

ਭਿਸਕਾ ਪ੍ਰਮਾਰਥ ॥ ਸ੍ਰੀ ਗੁਰੂ ਨਾਨਕਜੀ ਕਹਿਤੇ ਹੈਨ ਹੇ ਮਨ ਮੇਰਿਆ ਦੇਖਿਆ ਤੈ ਤੈਨੇ ਭਵਰੇਕਾ ਤਮਾਸ਼ਾ ਜੋਵਾਸ਼ਨਾਕੇਲੋਭਕਰਕੇ ਕਮਲਵਿਚ ਓਹ ਭਵਰਾ ਮਰਗਿਆਹੈ ਤੈਸੇ ਏ ਮਨਾ ਤੂੰਭੀ ਇਸ ਮਾਯਾ ਕੇ ਲੋਭ ਕਰਕੇ ਇਸ ਮਾਯਾ ਮੇਂ ਪਚ ਜਾਵੇਂਗਾ ਇਸਭਉਰੇਕੀ ਨਿਆਈਂ ਹੇਮਨਾ ਮਾਯਾਕੇ ਰੰਗਰਾਤਾ ਤੂੰਜੋਪਾਪਕਰਤਾਹੈਂ ਸੋਪਾਪਤੇਰੇਨਾਲ ਚੱਲੇਗਾ ਅਰ ਇਨ੍ਹਾਂ ਪਾਪਾਂਕੀਸਜ਼ਾਇ ਤੈਨੂੰਮਿਲੇਗੀ ਇਸਮਾਯਾਕੀ ਪ੍ਰੀਤ ਉਸਭਉਰੇਕੀਨਿਆਈਂ ਤੇਰੇ ਕੋ ਮਾਰ ਲੇਵੇਗੀ ਜਿਉਂ ਕਮਲੀ ਬਾਣਨਾ ਭਵ੍ਰੇ ਕਉ ਲੈ ਲੈਂਦੀ ਹੈ ਅਰ ਸੂਰਜ ਕੇ ਅਸਤ ਹੋਤੇ ਹੀ ਕਮਲ ਮੇਂ ਆਇਕਰ ਮਰਗਿਆ ਤੈਸੇਹੀਤੂੰ ਮਾਯਾਕੀ ਪ੍ਰੀਤਸਾਥਗਲ ਜਾਵੇਂਗਾ ਜੈਸੇ ਕਹਾਹੇ ਵਿਚ ਤੇਲਤਪਦਾਹੈ ਤੈਸੇਹੀਹੇਮਨਮੇਰੇ ਤੂੰਭੀਅਗਨਿ ਵਿਚ ਜਲਾਯਾ ਜਾਵੇਂਗਾ ਜੈਸੇ ਏਤਾਲ ਸਿਰੇ ਸਿਰਮਾਰੀਦਾ ਹੈ ਇਵੇਂਤੇਰੀਸੂਰਤ ਬੈਤਾਲਜੈਸੀਹੋਵੇਗੀਗੁਰੂ ਕੇ ਸ਼ਬਦ ਬਿਨਾਂ ਹੇ ਮਨ ਤੇਰਾ ਕੋਈ ਨਹੀਂ ਸਹਾਇਕ ਹੋਣਾ ਅਤੇ ਜੋ ਤੂੰ ਮੋਹ ਮਾਯਾ ਦੇ ਪਦਾਰਥਾਂ ਨਾਲ ਪ੍ਰੀਤ ਕਰਦਾਹੈਂ ਸੋ ਮੋਹ ਹਰਜੀਕੇ ਨਾਮ ਸੰਗ ਕਰ ਤਾਂ ਤੇਰੀਕਲਿਆਨ ਹੋਵੇਗੀ ਤਾਂ ਸ੍ਰੀ ਗੁਰੂ ਨਾਨਕ ਜੀ ਓਥੋਂ ਚਲਦੇ ਰਹੇ॥ ੧੨੦॥

CC-0. Gurukul Kangri University Haridwar Collection. Digitized by S3 Foundation USA

ਆਗੇ ਸਾਖੀ ਝੀਵਰ ਕੇ ਜਾਲ ਕੇ ਪ੍ਰਥਾਇ

ਸ੍ਰੀਗੁਰੂ ਨਾਨਕ ਜੀ ਜਾਂਦੇ ੨ ਇਕਦਰੀਆਉਦੇਕਿਨਾਰੇਜਾਇਬੈਠੇ ਤਾਂਕਿਆਦੇਖਨਜੋਇਕ ਝੀਵਰਨੇਆਪਨਾਜਾਲਰਾਸਕੀਤਾਅਤੇਦਰੀਆਉਮੇਂਸੁਟਿਆ ਤਾਂਜਿਤਨੀਆਂਮੱਛੀਆਂਉਸ ਜਾਲਮੇਂ ਆਈਆਂ ਸੋਝੀਵਰ ਲੈਕਰ ਚਲਦਾਰਹਿਆ ਪਰਏਹਤਮਾਸ਼ਾ ਸ੍ਰੀਗੁਰੂ ਨਾਨਕਜੀ ਦੇਖਕਰ ਬਹੁਤ ਬਿਸਮਾਦ ਕੇ ਘਰਮੈ ਆਇਗਏ ਅਤੇ ਕਹਿਣਲਗੇ ਹੇ ਪਰਮੇਸ਼ਰਜੀਕਿੱਥੇ ਏਹ ਮੱਛੀਆਂ ਸਨ ਅਸਗਾਹ ਜਲ ਵਿਖੇ ਅਰਕਿੱਥੇ ਏਹ ਝੀਵਰਸੀ ਤਿਸਪਰ ਸ੍ਰੀਗੁਰੂਜੀ ਇਕ ਸ਼ਬਦ ਕਹਿਆ ਆਪਣੇ ਆਤਮੇ ਕਉ ਸਮਝਾਣੇ ਲਈ ॥ ਛੰਤ ਮਹਲਾ ੧

ਮੇਰੇ ਜੀਅੜਿਆ ਪਰਦੇਸੀਆ ਕਿਤ ਪਵਹਿਜੰਜਾਲੇ ਰਾਮ॥ਸਾਚਾਸਾਹਿਬ ਮਨਵਸੈ ਕੀਢਾਸਹਿਜਮਜਾਲੇ ਰਾਮ॥ਮਛਲੀਵਿਛੁੰਨੀ ਭਰਨੈਣਰੁੰਨੀ ਜਾਲ ਬਧਕਪਾਇਆ ॥ ਸੰਸਾਰ ਮਾਯਾ ਮੋਹ ਮੀਠਾ ਅੰਤ ਭਰਮ ਚੁਕਾਇਆ ॥ ਭਗਤਿ ਕਰਚਿਤਲਾਇ ਹਰਿ ਸਿਉ ਛੋਡ ਮਨਹੁ ਅੰਦੇਸਿਆ॥ ਸਚ ਕਹੈ ਨਾਨਕ ਚੇਤ ਰੇ ਮਨ ਜੀਅੜਿਆ ਪਰਦੇਸੀਆ ॥ ੨ ॥ ਤਿਸਕਾ ਪ੍ਰਮਾਰਥ ਸ੍ਰੀ ਗੁਰੂ ਨਾਨਕ ਜੀ ਕਹਿੰਦੇ ਹੈਨ ਹੇ ਮਨ ਮੇਰਿਆ ਦੇਖ ਤਮਾਸ਼ਾ ਜੋ ਪਤਾਲ ਥੀਂ ਮੱਛੀਨੂੰ ਝੀਵਰ ਕਢਕਰ ਇਕ ਪਲਕਵਿੱਚ ਲੈਗਿਆ ਹੈ ਇਸੇ ਤਰਾਂ ਤੈਨੂੰ ਧਮ ਆਨ ਗ੍ਰਸੇਗਾ ਅਤੇ ਏਥੇ ਤੂੰ ਪਰਦੇਸੀ ਹੈਂ ਕਿਉਂ ਜੋ ਏਥੇ ਤੇਰਾ ਕੋਈ ਨਾਹੀਂ ਅਤੇ ਇਕ ਪਰਮੇਸ਼ਰਦੇ ਨਾਮਬਿਨਾਤੇਰੈਕੰਮ ਕਿਸੇਨਹੀਂਆਉਣਾ ਏਸੇ ਮੱਛੀ ਦੀ ਤਰਾਂ ਇਕ ਦਿਨ ਜਮ ਲੈਜਾਸੀ ਹੇ ਮਨ ਸੁਣ ਸ੍ਰੀ ਪਰਮੇਸ਼ਰਜੀਕਾ ਭਜਨ ਕਰ ਜਿਉਂ ਅਚੇਤ ਤੇ ਨਿਰਭੈ ਹੋਈ ਨੂੰ ਝੀਵਰ ਜਾਲ ਮੇਂ ਪਕੜਕਰਲੈਗਿਆ ਤਾਂ ਲਗੀ ਫੇਰ ਵਿਰਲਾਪ ਕਰਨੇ ਤੈਸੇ ਹੇ ਮਨਾ ਤੈਨੂੰ ਭੀ ਬਿਲਾਸ ਕਰਦੇ ਧਮ ਚੋਂਟੀ ਸੇ ਪਕੜ ਲਵੇਗਾ ਹੇਮਨਾ ਜਦਅੰਤਕਾਲਕਾ ਸਮਾ ਆਵੇਗਾ ਤਾਂਤੇਰਾਵੀਭਰਮਉਤਰਜਾਵੇਗਾਮਛਲੀ ਕੀਨਿਆਈਂ ਤਾਂਤੇਹੇਮਨਾ ਤੈਨੂੰ ਚਾਹੀਦਾਹੈਜੋਤੂੰ ਪਹਿਲੇਹੀ ਸ੍ਰੀ ਪਰਮੇਸ਼ਰਜੀ ਕਾਸਿਮਰਨ ਕਰੇਂਗਾ ਤਾਂ ਤੇਰੀ ਕਲਿਆਣ ਹੋਵੇਗੀ ਏਹ ਕਹਿਕਰ ਉਸ ਨਦੀ ਦੇ ਕਿਨਾਰੇ ਕਿਨਾਰੇ ਦੇਖਦੇ ਦੇਖਦੇ ਸ੍ਰੀ ਗੁਰੂ ਜੀ ਆਗੇ ਕਉ ਚਲਦੇ ਰਹੇ ॥ ੧੨੧ ॥

ਆਗੇ ਗੁਰੂ ਜੀ ਵਾਹੇ ਕੇ ਪ੍ਰਥਾਇ ਕਹਿਤੇ ਹੈਂ

ਤਾਂਤੇ ਭਾਈ ਬਾਲਾ ਕਹੈ ਸੁਣਹੁ ਭਾਈ ਸੱਜਣੋ ਜੋ ਸ੍ਰੀਗੁਰੂ ਨਾਨਕਦੇਵ ਜੀਕੇ ਚਰਿਤ੍ਰਸੁਵਣ ਕਰੇਗਾ ਸੋ ਅੰਤ ਸਮੇ ਪਰਮ ਗਤੀ ਕਾ ਅਧਕਾਰੀ ਹੋਵੇਗਾ ਇਸ ਸਮੇਂ ਜਾਂਦੇ ਜਾਂਦੇ ਸ੍ਰੀਗੁਰੂ ਜੀ ਓਸ ਨਦੀ ਕਾ ਪ੍ਰਵਾਹ ਦੇਖਦੇ ਜਾਤੇਹੈਂ ਤਾਂ ਅੱਗੇਗਏ ਤਾਂਕਿਆਦੇਖਣ ਜੋਨਦੀਕਾਵਾਹ ਵਿਛੜਗਿਆ ਹੈ ਓਥੇ ਸ੍ਰੀਗੁਰੂਜੀਜਾਇਖੜੇ ਹੋਏ ਪਰ ਜੋ ਪਰਵਾਹਨਦੀਦਾਹੈ ਇਕਦਹਿਨੇ ਤਰਫ਼ ਜਾਂਦਾ ਹੈ ਅਤੇ ਇਕ ਬਾਵੀਂ ਤਰਫ ਕਉ ਜਾਦਾ ਹੈ ਏਹ ਦੇਖਕਰ ਸ੍ਰੀ ਗੁਰੂਜੀਕਹਿਣੇ

CC-0. Gurukul Kangri University Haridwar Collection. Digitized

INTERNET ABHINAV GAUR

ਲੱਗੇਹੋਨਿਰੰਕਾਰਜੀ ਏਸਨਦੀ ਦਾ ਜਲ ਅਕੱਠਾ ਜਾਂਦਾ ਸੀ ਅਤੇ ਹੁਣ ਪ੍ਰਵਾਹੁ ਨਦੀ ਦਾ ਦਹਿਣੀ ਤਰਫ਼ਨੂੰ ਜਾਂਦਾਹੈ ਅਤੇਵਿਚੋਂਇਕਵਾਹਬਾਵੀਂਤਰਫ਼ਨੂੰਜਾਂਦਾਹੈ ਹੇ ਪਰਮੇਸ਼ਰ ਜੀ ਏਹਤੇਰੀਕੁਦਰਤ ਪਰਜੀ ਹੁਣ ਕਿਤੇਸੰਜੋਗਨਾਲਹੀ ਮੇਲ ਹੋਵੇਗਾ ਜਾਂ ਤੇਰੀ ਕ੍ਰਿਪਾ ਹੋਵੇਗੀ ਤਾਂ ਏਹ ਮਿਲਣਗੇ ਪਰੰਤੂ ਸ੍ਰੀਗੁਰੂਜੀ ਉਸਨਿਰੰਕਾਰ ਦੇ ਚੋਜਦੇਖਕ ਤਸੰਸਾਰਦੇਮਨ ਸ਼ਾਂਤ ਕਰਨੇ ਨਮਿੱਤ ਆਪਣੇ ਮਨਕਉਕਹਿੰਦੇਹੈਨ ਹੇਮਨਾ ਮੇਰਿਆ ਇਕ ਦਿਨ ਤੇਰੀ ਭੀ ਏਹ ਗਤਿ ਹੋਵੇਗੀ ਨਦੀ ਦੇ ਪ੍ਰਵਾਹਦੀ ਨਿਆਈਂ ਏਹ ਕਹਿਕਰ ਤੇ ਪ੍ਰਵਾਹ ਨੂੰ ਵਿਛੁੜਿਆ ਦੇਖ ਕਰ ਸ੍ਰੀਗੁਰੂਨਾਨਕਜੀ ਇਕ ਸ਼ਬਦ ਕਹਿਆ ॥ ਛੰਤ ਮਹਲਾ ੧ ॥

ਨਦੀਆ ਵਾਹਿ ਵਿਛੁੰਨਿਆਂ ਮੇਲਾ ਸੰਜੋਗੀ ਰਾਮ ॥ ਜੁਗ ਜੁਗ ਮੀਠਾ ਵਿਸ ਭਰੇ ਕੋ ਜਾਣੈ ਜੋਗੀ ਰਾਮ ॥ ਕੋਈ ਸਹਿਜ ਜਾਣੈ ਹਰਿ ਪਛਾਣੈ ਸਤਿਗੁਰੂ ਜਿਨ ਚੇਤਿਆ ॥ ਬਿਨ ਨਾਮ ਹਰਿ ਕੇ ਭਰਮ ਭੂਲੇ ਪਚਹਿ ਮੁਗਧ ਅਚੇਤਿਆ ॥ ਹਰਿਨਾਮਭਗਤਿਨ ਰਿਦੈ ਸਾਚਾ ਅੰਤ ਧਾਹੀਰੁੰਨਿਆ ॥ ਸਚਕ ਹੈਨਾਨਕਸ਼ਬਦਸਾਚਾਮੇਲਚਿਰੀਵਿਛੁੰਨਿਆ ॥ ॥ ੪ ॥ ੧ ॥ ਤਿਸਕਾ ਪ੍ਰਮਾਨਥ ॥ ਸ੍ਰੀਗੁਰੂਨਾਨਕ ਜੀ ਕਹਿੰਦੇ ਹੈਨ ਹੇਮਨ ਮੇਰੇ ਜੋ ਤੂੰ ਏਹ ਨਦੀ ਦਾ ਪ੍ਰਵਾਹ ਵਿਛੜਿਆ ਦੇਖਦਾਹੈਂ ਸੋ ਏਹ ਹੁਣ ਕਿਤੇ ਸੰਜੋਗ ਨਾਲ ਹੀ ਮਿਲੇਗਾ ਪਰ ਜੇ ਕਰਤਾਰ ਦੀ ਮੇਹਰਬਾਨੀ ਹੋਵੇਗੀ ਤਾਂ ਮਿਲਸੀ ਨਹੀਂ ਤਾਂ ਵਿਛੜ ਤਾਂ ਚਲੇ ਹੀ ਹੈਨ ਸੋ ਹੇ ਮਨਾ ਇਸਪ੍ਰਵਾਹਦੀਨਿਆਈਂਤੂੰ ਹੁਣ ਪਰਮੇਸ਼ਰਜੀ ਨੂੰ ਮਿਲਲੈ ਨਹੀਂ ਤਾਂ ਫੇਰ ਕਬ ਮਨੁਖ ਜਨਮ ਪਰਮ ਪਵਿੱਤ੍ਰ ਸਰੀਰ ਪਾਵੇਂਗਾ ਸੋ ਭੀ ਕੋਈ ਸੰਜੋਗ ਕਰਕੇ ਮੇਲ ਹੋਵੇਗਾ ਨਹੀਂ ਤਾਂ ਫੇਰ ਚੌਰਾਸੀਲਖ ਜੋ ਜੂਨਹੈ ਤਿਸਵਿਚ ਪ੍ਰਮੇਸ਼ਰ ਦੇ ਹੁਕਮ ਨਾਲ ਪਾਇਆਜਾਂਦਾ ਹੈ ਜੁਗੋ ਜੁਗ ਏਹੋਹੀ ਹੁੰਦਾ ਆਇਆ ਹੈ ਹੇਮਨਾ ਮੇਰਿਆ ਜੋਕੁਛ ਮਿਠਾਕਰਕੇ ਖਾਈਦਾ ਹੈ ਸੋ ਪ੍ਰਮੇਸ਼ਰਜੀ ਦੇ ਨਾਮ ਤੋਂ ਬਗੈਰ ਓਹ ਬਿਖ ਹੋਇਕਰ ਲਗਦਾ ਹੈ ਇਸ ਬਾਤਨੂੰ ਸੋਈ ਜਾਣਦਾਹੈ ਜੇਹੜਾ ਪੂਰਨ ਜੋਗ ਧਿਆਨ ਹੁੰਦਾ ਹੈ ਹੇ ਮੇਰੇ ਮਨਾ ਹਰਿ ਸਿਮਰਨ ਕਾ ਸਹਿਜ ਸੁਖ ਤਬ ਤੇਰੇ ਕਉ ਪ੍ਰਾਪਤ ਹੋਵੇਗਾ ਜਾਂ ਤੂੰ ਸਤਿਗੁਰੂ ਨੂੰ ਮਿਲੇਂਗਾ ਉਸਨੂੰ ਪਰਮੇਸ਼ਰ ਜੀ ਸਾਹਿਬ ਕਾ ਸਿਮਰਣ ਉਪਜੇਗਾ ਅਤੇ ਜਿਸਨੇ ਗੁਰੂ ਨਹੀਂਪਾਇਆਉਸਨੂੰਪਰਮੇਸ਼ਰਜੀ ਕੇ ਸਿਮਰਨ ਕਾ ਰਸ ਨਹੀਂ ਆਯਾ ਸੋ ਮਨੁਖ ਅਤਿ ਮੂਰਖ ਮੁਗਧ ਹੈਨ ਅਚੇਤ ਮਾਇਆ ਕੇ ਮੋਹ ਵਿਖੇ ਪਚ ਮੋਏ ਹੈਨ ਸੋ ਪ੍ਰਾਣੀ ਨਰਕ ਗਾਮੀ ਹੋਵਨਗੇ ਅਰ ਭਰਮ ਰੂਪੀ ਮੋਹ ਮੇਂ ਬਾਂਧੇ ਹੂਏ ਹੈਨ ਅਰ ਮਿਥਿਆ ਵਸਤ ਕੋ ਸਦਾ ਪਕੜ ਰਹੇ ਹੈਨ ਔਰ ਭਗਤਿ ਹਰਿਜਸ ਕੀਰਤਨ ਨਾਮਦਾਨ ਇਸ਼ਨਾਨ ਦਇਆਧਰਮ ਪਰਉਪਕਾਰਜਿਨਕੇਹਿਰਦੇਕਭੀਨਹੀਂ ਵਸਿਆਸੋਅੰਤਕਾਲਕਉਪਛਤਾਵਨਗੇ ਅਤੇ ਹਾਇਹਾਇਕਰਕੇਰੋਵਨਗੇ ਪਰਹੇ ਮੇਰੇ ਮਨਾ ਤੂੰਸ੍ਰੀਪਰਮੇਸ਼ਰਜੀ ਕਾ ਸਿਮਰਨ ਕਰਕੇ ਨਿਰੰਕਾਰ ਕਉ ਮਿਲ ਜਦਏਹ ਬਚਨ ਬਾਲੇ ਨੇ ਸ੍ਰੀਗੁਰੂਅੰਗਦਜੀ ਕਉ ਸੁਨਾਇਆ ਤੋ ਸ੍ਰੀਗੁਰੂਜੀ ਤੋ ਨਿਜ ਸਰੂਪ ਮੈਂ ਲੀਣ ਹੋਗਏ ਤਾਂ

CC-0. Gurukul Kangri University Haridwar Collection. Digitized by S3 Foundation USA

ਸੰਗਤਸਭ ਆਨੰਦਕਉਪ੍ਰਾਪਤਭਈ ਅਰ ਸੰਪੂਰਨਸੰਗਤਨੇ ਸ੍ਰੀ ਗੁਰੂਜੀ ਕੇ ਚਰਨਾਂ ਨਮਸਕਾਰ ਕਰੀ ਤਾਂਭਾਈਬਾਲੇ ਕਉ ਕਹਿਤੇ ਭਏ ਵਾਹਭਾਈਬਾਲਾਤੂੰਨਿਹਾਲ ਹੋਇਆ ਹੈਂ ਸਾਖੀ ਪੂਰੀਹੋਈ॥ ਬੋਲੋਜੀ ਵਾਹਿਗੁਰੂ॥੧੨੨॥

ਤਾਂ ਫੇਰ ਸਾਖੀ ਸ਼ਹੁ ਸੁਹਾਗਣ ਨਾਲ ਹੋਈ

ਤਾਂਫੇਰਸ੍ਰੀਗੁਰੂਅੰਗਦਦੇਵਜੀਨੇ ਕਹਿਆ ਭਾਈ ਤੂੰ ਅਸਾਨੂੰ ਕ੍ਰਿਤਾਰਥਕੀਆ ਅਤੇ ਧੰਨ ਤੂੰ ਹੈਂ ਅਤੇ ਧੰਨ ਤੇਰੀ ਰਸਨਾ ਹੈਜਿਸਨੇ ਸ੍ਰੀ ਗੁਰੂਨਾਨਕ ਨਿਰੰਕਾਰਜੀਕੇ ਅਦਭੁਤ ਚਰਿਤ੍ਰ ਵਰਨਨ ਕੀਤੇਹੈਨ ਪਰੰਤੂ ਹੇਭਾਈ ਬਾਲਾ ਆਗੇ ਸ੍ਰੀਗੁਰੂਜੀ ਕਹਾਂਜਾਤੇ ਭਏ॥ਭਾਈਬਾਲਾ ਸੰਧੂਵਾਚ॥ ਤਾਂਤੇ ਹੇਸਤਿਗੁਰਜੀ ਏਕ ਦਿਨ ਸ੍ਰੀਗੁਰੂਨਾਨਕ ਜੀ ਇਕਨਗਰ ਜਾਇਵੜੇ, ਅਤੇ ਇਕਸ ਬੁਢੀ ਤੇ ਘਰਜਾਇਬੈਠੇ ਤੇਉਸ ਸ਼ਹਿਰ ਵਿੱਚ ਇਕ ਫ਼ਕੀਰਰਹਿੰਦਾਸੀਜਿਸ ਰਾਤ ਚੰਦ ਚੜ੍ਹਦਾਹੈਸੀ ਉਸਰਾਤ ਉਸਕੇ ਘਰ ਬਡੀ ਹਜੂਮ ਇਕੱਠੀਹੋਂਦੀਸੀ ਤੇਬਹੁਤ ਲੋਕ ਨਜ਼ਰਾਂਤੇਨਿਆਮਤਾਂ ਲਜਾਂਵਦੇਸਨ ਬਹੁਤਵਾਜੇਤੇ ਨੌਬਤਾਂਬਜਾਂਵਦੇਸਨਉਸਫ਼ਕੀਰ ਦੇ ਮਕਾਨਉਪਰਇਕ ਬਡਾ ਭਾਰਾ ਮੇਲਾ ਲਗਦਾ ਹੈਸੀ ਅਤੇ ਜੋ ਕੋਈ ਪੁਛੇ ਇਸਦੇਅੱਜ ਕੀ ਹੈ ਤਾਂ ਲੋਕ ਕਹਿਨ ਅੱਜ ਇਸਦੇ ਘਰ ਸ਼ਹੁ ਆਉਣਾ ਹੈ ਅਤੇ ਨਾਲੇ ਏਹ ਫ਼ਕੀਰ ਆਖਦਾਹੈ ਜੋਮੇਰੇ ਅੰਦਰਤੇ ਕੋਈ ਨਾਵੜੇ ਤੇ ਆਪਨੇ ਘਰ ਫੁਲਾਂਦੀਸੇਹਜਵਿਛਾਇਰਖਦਾ ਹੈ ਔਰ ਅਤਰ ਗੁਲਾਬ ਛਿੜਕ ਰਖਦਾਹੈ ਅਤੇ ਚੰਦ ਰਾਤ ਵਾਲੇ ਦਿਨ ਕਿਸੇ ਨੂੰ ਆਪਣਾ ਮੂੰਹਨਹੀਂ ਦਿਖਾਂਵਦਾਹੈ ਤੇ ਨਾਂ ਕਿਸੇਦਾ ਮੂੰਹ ਦੇਖਦਾਹੈ ਤੇ ਅੰਦਰਵੜਕੇ ਸਾਰੀਰਾਤ ਬੈਠਾ ਰਹਿੰਦਾਹੈ ਅਤੇ ਐਸੀਰਹਿਤ ਰਖਦਾ ਹੈ ਬੁਰਕਾ ਪਹਿਨ ਕੇ ਬੈਠਾ ਰਹਿੰਦਾਹੈ ਏਹ ਗੱਲਾਂ ਸਾਰੇ ਸ਼ਹਿਰ ਵਿਚ ਲੋਕ ਆਪਸ ਵਿੱਚ ਕਰਦੇ ਹੈਨ ਅਤੇ ਉਧਰ ਜਿਸ ਬੁਢੀ ਦੇ ਘਰ ਸ੍ਰੀ ਗੁਰੂਨਾਨਕਜੀ ਬੈਠੇਹੈਨ ਤਾਂ ਉਸ ਮਾਈ ਬੁਢੀ ਨੇ ਪ੍ਰਸਾਦਿ ਤਿਆਰ ਕਰਕੇ ਸ੍ਰੀ ਗੁ ਜੀ ਦੇ ਅੱਗੇ ਆਣ ਰਖਿਆ ਅਤੇ ਹੱਥ ਜੋੜਕੇ ਆਖਿਓਸ ਹੇਗੁਰੂਜੀ ਪ੍ਰਸਾਦਿ ਪਾਉਜੀ ਤਾਂ ਸ੍ਰੀ ਗੁਰੂਜੀ ਆਖਿਆ ਮਾਈ ਪ੍ਰਸਾਦਿ ਵੀ ਅਸੀ ਪਾਇਲਵਾਂਗੇ ਪਰਸ਼ਹਿਰਵਿਚਰੌਲਾਕੈਸਾ ਹੈ ਤਾਂ ਉਸ ਮਾਈ ਬੁਢੀਨੇ ਆਖਿਆ ਹੇ ਸਚੇ ਪਾਤਿਸ਼ਾਹਜੀ ਇਸ ਨਗਰੀ ਵਿਚ ਇਕਫ਼ਕੀਰ ਰਹਿੰਦਾਹੈ ਅਤੇ ਆਖਦਾਹੈ ਜੋ ਚੰਦਰਾਤ ਵਾਲੇ ਦਿਨ ਮੇਰੇਪਾਸ ਸ਼ਹੁ ਆਉਂਦਾਹੈ ਤਾਂ ਏਹ ਬਾਤ ਬੁਢੀਦੀਸੁਣਕੇ ਸ੍ਰੀਗੁਰੂਬਾਬੇਜੀ ਰੇਤਾਂਈਂਆਖਿਆਚਲੋਭਾਈਬਾਲਾ ਤੇ ਮਰਦਾਨਾ ਅਸੀਭੀ ਉਸਦੇ ਘਰ ਚਲੀਏ ਅਤੇ ਸ਼ਹੁ ਸੁਹਾਗਨ ਦਾ ਦੀਦਾਰ ਕਰੀਏ ਤਾਂ ਸ੍ਰੀਗੁਰੂ ਜੀ ਅਤੇ ਸੰਗ ਦੋਵੇਂ ਅਸੀਂ ਉਸਫ਼ਕੀਰਦੇ ਦਰਵਾਜੇ ਉਪਰ ਜਾਇਖੜੇਹੋਏ ਅਤੇਅੱਗੇ ਬਹੁਤ ਹਜੂਮ ਖੜੀ ਹੈਤੇ ਅੰਦਰ ਕਿਸੇਨੂੰਨਹੀਂਜਾਣਦੇਂਦੇ ਪਰ ਗੁਰੂਜੀਵੀ ਅੰਦਰਉਸਦੇਦੀਦਾਰ ਨੂੰ ਚਲੇ ਤਾਂ ਲੋਕਾਂਨੇਗੁਰੂਜੀਨੂੰਜਾਵਨਨਹੀਂਦਿੱਤਾ ਤਾਂਸ੍ਰੀਗੁਰੂਜੀ ਕਹਿਆਭਾਈਦਰਵਾਨੋਂ ਤੁਸੀ ਅੰਦਰ ਜਾਇ ਕਹੋ ਜੋ ਤੇਰੇ ਦੀਦਾਰਨੂੰਬਾਹਰ ਫ਼ਕੀਰ ਖੜੇਹੈਂ ਤਾਂ ਉਨਾਂ ਦਰਵਾਨਾਂ

CC-0. Gurukul Kangri University Haridwar Collection. Digitized by S3 Foundation USA

ਅੰਦਰ ਜਾਇਕੇਕਹਿਆ ਭਾਈਬਾਹਰਫ਼ਕੀਰਦੀਦਾਰਵਾਸਤੇਖੜੇਹੈਂਤਾਂਉਸ ਸ਼ਹੁ ਸੁਹਾਗਣ ਨੇ ਆਖਿਆ ਭਾਈਅੱਜਮੈਂਅਪਨੇਸ਼ਹੁਦਾਦੀਦਾਰਕਰਨਾਹੈਤੇਨਾਅੱਜਹੋਰਨੂੰਦਰਸ਼ਣ ਦੇਣਾ ਹੈ ਏਹ ਗੱਲ ਸੁਨਕੇ ਓਨਾਂ ਦਰਵਾਨਾਂਨੇ ਸ੍ਰੀਗੁਰੂਜੀਤਾਈਂ ਆਨਆਖਿਆ ਕੇਓਹਆਖਦਾ ਹੈਜੋ ਅੱਜ ਮੈਂ ਅਪਨੇ ਸ਼ਹੁ ਦਾ ਦਰਸ਼ਨ ਕਰਨਾ ਹੈ ਤਾਂ ਗੁਰੂਨਾਨਕ ਜੀਆਖਿਆ ਚਲੋਭਾਈ ਬਾਲਾ ਤੇਮਰਦਾਨਾ ਏਥੇਕੁਛ ਨਹੀਂ ਏਹ ਝੂਠਾਸਾਂਗ ਹੈ ਅੱਗੇ ਏਸ ਨੂੰ ਸ਼ਹੁਦਾ ਦੀਦਾਰ ਅਜੇ ਹੋਇਆ ਨਹੀਂ ਜੇਕਰ ਇਸਨੂੰ ਸ਼ਹੁਮਿਲਦਾ ਤਾਂ ਏਹ ਹਰ ਬੁਰਕੇ ਵਿਚ ਸ਼ਹੁਨੂੰ ਜਾਨਦਾ ਤਾਂ ਏਹ ਕਹਿਕਰ ਸ੍ਰੀ ਗੁਰੂਨਾਨਕ ਜੀ ਓਥੋਂ ਉਠ ਕਰ ਇੱਕ ਪਹਾੜੀ ਉੱਪਰ ਜਾਇਬੈਠੇ ਜਦ ਗੁਰੂ ਬਾਬਾਜੀ ਮੇਲੇ ਵਿੱਚੋਂ ਨਿਕਲਵੰਞੇ ਤਾਂਪਰਮੇਸ਼ਰਦੇਹੁਕਮ ਨਾਲਅਕਸਮਾਤਦੀਲੜਾਈ ਹੋਈ ਕੋਈ ਨਿਸ਼ਾਨ ਪੁੱਟਕੇ ਲੈ ਗਿਆ ਕੋਈ ਨਗਾਰੇ ਉਠਾਇ ਕਰ ਲੈ ਗਿਆ ਐਸੀ ਮਾਰ ਹੋਈ ਜੋ ਕਈ ਖੂਨ ਹੋਇਗਏ ਅਜੇਹੀਹੋਈ ਜੋ ਉਸਦਾ ਮੇਲਾ ਰਹਿ ਗਿਆ ਤੇ ਉਸ ਫ਼ਕੀਰ ਨੂੰ ਕੋਈ ਮੂੰਹ ਨਾ ਲਾਵੇ ਮਹਿਮਾਂ ਸਭ ਘਟ ਗਈ ਸਾਰੇ ਸ਼ਹਿਰ ਵਿਚ ਜੋ ਬੋਲੇਸੋਏਹੋਹੀ ਕਹੇ ਜੋ ਝੂਠਾ ਹੈ ਜਾਂ ਮਹੀਨਾਂ ਗੁਜ਼ਰਿਆ ਤਾਂ ਫੇਰਸ੍ਰੀ ਗੁਰੂ ਜੀ ਉਸ ਬੁਢੀਦੇ ਘਰ ਆਇ ਬੈਠੇ ਪਰ ਉਸ ਦਿਨ ਚੰਦਰਾਤਸੀ ਤਾਂ ਫੇਰ ਸ੍ਰੀਗੁਰੂ ਜੀ ਕਹਿਆ ਹੇ ਮਾਈ ਅੱਜ ਉਸ ਫ਼ਕੀਰਦੇ ਘਰ ਮੇਲਾ ਨਹੀਂਲੱਗਾ ਤਾਂ ਉਸ ਬੁਢੀ ਨੇ ਕਹਿਆ ਗੁਰੂ ਜੀ ਧੰਨ ਤੂੰ ਹੈਂ ਤੇ ਧੰਨ ਤੇਰਾ ਦਰਸ਼ਨ ਹੈ ਅਤੇ ਜਿਵੇਂ ਆਪਨੂੰਭਾਉਂਦਾਹੈ ਸੋਈ ਚੰਗਾ ਹੈ ਪਰ ਗੁਰੂਜੀ ਓਹ ਤਾਂ ਸ਼ਹੁਸੁਹਾਗਣ ਝੂਠਾ ਹੀ ਨਿਕਲਿਆ ਹੈ ਜੀ ਜਾਂ ਕਿਤਨੇਕ ਦਿਨ ਓਥੇ ਹੋਏ ਤਾਂ ਗੁਰੂ ਜੀ ਬਾਹਰ ਗਏ ਤਾਂ ਇੱਕਲੰਙਾਂਲੂਲ੍ਹਾ ਸ਼ਹਿਰ ਦੇ ਬਾਹਿਰਮੰਗਦਾ ਹੋਯਾ ਸ੍ਰੀਗੁਰੂਜੀਦੇ ਚਰਨਾਂ ਉਪਰ ਆਇ ਪਿਆ ਤਾਂ ਸ੍ਰੀਗੁਰੂਬਾਬੇ ਉਸ ਫ਼ਕੀਰ ਵਲ ਮਿਹਰ ਦੀ ਨਜ਼ਰ ਕੀਤੀ ਤਾਂ ਉਸ ਲੂਲ੍ਹੇ ਲੰਗੜੇ ਦੇ ਹੱਥ ਪੈਰ ਸਾਬਤ ਹੋਇਗਏ ਤਾਂ ਓਹਲੂਲ੍ਹਾ ਬਾਰੰਬਾਰ ਨਿੰਮ੍ਰੀ ਭੂਤ ਹੋਇਕਰ ਲਗਾ ਉਸਤਤਿ ਕਰਨ ਤਾਂ ਸ੍ਰੀਗੁਰੂ ਨਾਨਕ ਦੇਵ ਜੀ ਉਸ ਲੰਗੜੇ ਲੂਲ੍ਹੇ ਨੂ ਆਖਿਆ ਭਾਈ ਤੈਨੂੰ ਕੋਈਪੁਛੇਤੇਰੇਹੱਥਪੈਰਕਿਨਹੱਛੇਕੀਤੇਹੈਨ ਤਾਂਤੂੰਆਖੀਂਮੇਰੇਹੱਥਪੈਰ ਸ਼ਹੁ ਸੁਹਾਗਣ ਨੇ ਹਛੇ ਕੀਤੇ ਹੈਨ ਤਾਂ ਉਸਨੂੰ ਜੋ ਕੋਈ ਪੁਛੇ ਤੇਰੇ ਹੱਥ ਪੈਰਕਿਨਹੱਛੇਕੀਤੇ ਹੈਨ ਅਤੇ ਓਹ ਆਖੇ ਜੋ ਮੇਰੇ ਹੱਥਪੈਰ ਸ਼ਹੁ ਸੁਹਾਗਣ ਫ਼ਕੀਰਨੇਹੱਛੇਕੀਤੇਹੈਨ ਜਦ ਓਹ ਪੁਰਖ ਫਿਰਦਾ ਫਿਰਦਾ ਓਸਸ਼ਹੁਸੁਹਾਗਣਫ਼ਕੀਰਨੂੰ ਮਿਲਪਿਆਤੇ ਉਸ ਫ਼ਕੀਰ ਨੂੰ ਸ਼ਹੁ ਸੁਹਾਗਨਨੇ ਪੁਛਿਆ ਤੇਰੇ ਹਥ ਪੈਰ ਕਿਸਨੇ ਹੱਛੇ ਕੀਤੇ ਹੈਨਤਾਂ ਓਹ ਕਹਿਣਲਗਾਭਾਈ ਮੇਰੇ ਹੱਥ ਪੈਰ ਸ਼ਹੁਸੁਹਾਗਨ ਫ਼ਕੀਰਨੇ ਹਛੇ ਕੀਤੇ ਹੈਨ ਤਾਂ ਓਸਨੇਕਹਿਆਭਾਈਮੈਨੂੰਵੀ ਉਸਦਾ ਦਰਸ਼ਨ ਕਰਾਇ ਲਿਆਉ ਤਾਂ ਓਹਆਖਨ ਲੱਗਾ ਭਾਈਓਹਇਕਬੁਢੀਦੇ ਘਰ ਬੈਠੇ ਹੋਏ ਹੈਨ ਤਾਂ ਓਹ ਲੂਲ੍ਹਾ ਫ਼ਕੀਰ ਤੇ ਝੂਠਾ ਫ਼ਕੀਰ ਦੋਵੇਂ ਜਣੇਂ ਸ੍ਰੀਗੁਰੂਜੀਦੀ ਚਰਨੀ ਆਇ ਪਏ ਅਤੇ ਕਹਿਣਲਗਾ ਹੇ ਗੁਰੂਜੀ ਮੈਂ ਭੁਲਾ ਹਾਂ ਜੀ ਮੈਨੂੰ ਬਖ਼ਸ਼ੋ ਜੀ ਮੈਂ ਆਪ ਨੂ

CC-0. Gurukul Kangri University Haridwar Collection. Digitized by S3 Foundation USA

ਆਣਿਆ ਨਹੀਂ ਸੀ ਜੀ ਹੁਣਮੇਰੇਉੱਪਰਮੇਹਰਬਾਨੀਕਰੋਜੀ ਤਾਂ ਗੁਰੂਨਾਨਕਜੀਕਹਿਆ ਸੁਣਭਾਈ ਤੂੰ ਹਰ ਬੁਰਕੇਵਿੱਚਸ਼ਹੁਨੂੰ ਜਾਣਿਆ ਕਰ ਹਰਕਿਸੇ ਦਾ ਦੀਦਾਰ ਲੀਤਾ ਕਰ ਅਤੇ ਹਰਬੰਦੇਨੂੰ ਦਿੱਤਾਕਰ ਤਾਂ ਤੈਨੂੰਸ਼ਹੁਕਾ ਦੀਦਾਰਹੋਵੇਗਾ ਜੇਕਰਤੂੰਸਭਨਾਂਵਿੱਚ ਸ਼ਹੁ ਨੂੰ ਜਾਣੇਂਗਾ ਅਤੇ ਪਰਮੇਸ਼ਰਕਾ ਭਜਨਕਰੇਂਗਾ ਤਾਂ ਤੂੰ ਸ਼ਹੁ ਨੂੰ ਪ੍ਰਾਪਤ ਹੋਵੇਂਗਾ ਤਾਂ ਓਸ ਸ਼ਹੁ ਸੁਹਾਗਣ ਫ਼ਕੀਰ ਨੇ ਸ੍ਰੀ ਗੁਰੂਨਾਨਕਜੀ ਦੇ ਚਰਨਾਂ ਪਰ ਮੱਥਾਟੇਕਿਆ ਅਤੇ ਗੁਰੂ ਜੀਕੀ ਖੁਸ਼ੀ ਲੈਕੇ ਓਹ ਸ਼ਹੁਸੁਹਾਗਣ ਫ਼ਕੀਰ ਆਪਨੇ ਟਿਕਾਨੇ ਜਾਇਬੈਠਾ ਅਤੇ ਓਹ ਲੂਲ੍ਹਾ ਸਾਰੇ ਹੀ ਕਹਿੰਦਾ ਫਿਰੇ ਜੋ ਮੇਰੇ ਹੱਥਪੈਰ ਸ਼ਹੁਸੁਹਾਗਣਫ਼ਕੀਰਨੇਹੱਛੇਕੀਤੇਹੈਨ ਉਸਦੇਕਹਿਣੇ ਨਾਲ ਤੇ ਸ੍ਰੀਗੁਰੂ ਜੀਕੀ ਕ੍ਰਿਪਾਨਾਲ ਫੇਰ ਸਭਲੋਕ ਸ਼ਹੁ ਸੁਹਾਗਣ ਫ਼ਕੀਰਦੀ ਉਸਤਤ ਲਗੇ ਕਰਨ ਤਾਂ ਫੇਰ ਉਸਫ਼ਕੀਰਦੇਲਗਾਮੇਲਾਲਗਨ ਸ੍ਰੀਗੁਰੂ ਜੀਕੀਮੇਹਰਬਾਨੀ ਸੇ ਫੇਰ ਲੋਕ ਲਗੇ ਨਿਆਮਤਾਂਲਿਆਉਣ ਅਤੇ ਨਗਾਰੇਨੌਬਤਾਂ ਲਗੇ ਵੱਜਨ ਉਸੇਤਰਹ ਨਿਸ਼ਾਨ ਗੱਡੇ ਗਏ ਅਤੇ ਸ਼ਹੁ ਸੁਹਾਗਨ ਫ਼ਕੀਰ ਸ੍ਰੀ ਗੁਰੂ ਨਾਨਕ ਜੀਦਾ ਮੁਰੀਦਹੋਯਾ ਅਤੇ ਸੁਣਹੁ ਭਾਈ ਪ੍ਰੇਮੀ ਜਾਨੋਂ ਜੋ ਫ਼ਕੀਰ ਘੁੰਘਰੂ ਅਤੇ ਮਉਲੀਦੇਅੱਦੇ ਗਲ ਵਿੱਚ ਪਾਉਂਦੇਹਨਸੋਸ਼ਹੁ ਸੁਹਾਗਨ ਦੇ ਮੁਰੀਦਹੈਨ ਤਾਂ ਸ੍ਰੀ ਗੁਰੂਨਾਨਕ ਜੀ ਓਥੇ ਇੱਕ ਸ਼ਲੋਕ ਉਚਾਰਿਆ ॥ ਸਲੋਕ ਮਹਲਾ ੧ ॥ ਤੁਧਭਾਵਹਿ ਤਾਂ ਵਾਵਹਿ ਗਾਵਹਿ ਤੁਧਭਾਵਹਿਜਲਨਾਵਹਿ॥ਜਾਂਤੁਧ ਭਾਵਹਿ ਤਾਂਕਰਹਿਬਿਭੂਤਾ ਸਿੰਙੀਨਾਦਵਜਾਵਹਿ॥ ਜਾਂ ਤੁਧਭਾਵੈਤਾਂਪੜਹਿਕਤੇਬਾ ਮੁਲਾਂ ਸੇਖਕਹਾਵਹਿ ॥ ਜਾਂ ਤੁਧਭਾਵਹਿ ਤਾਂਹੋਵਹਿਰਾਜੇਰਸਕਸਬਹੁਤਕਮਾਵਹਿ॥ ਜਾਂ ਤੁਧਭਾਵਹਿ ਤਾਂ ਭੇਗ ਵਗਾਵਹਿ ਸਿਰ ਮੁੰਡੀ ਕਟਿ ਜਾਵਹਿ ॥ ਜਾਂ ਤੁਧਭਾਵਹਿ ਤਾਂ ਜਾਹਿ ਦਿਸੰਤਰ ਸੁਣ ਗਲਾਂਘਰਆਵਹਿ ॥ਜਾਤੁਧਭਾਵਹਿਤਾਂਨਾਇਰਚਾਵਹਿ ਤੁਧ ਭਾਣੇਤੂੰਭਾਵਹਿ॥ਨਾਨਕਏਕਕ ਹੈਬੇਨੰਤੀ ਹੋਰ ਸਗਲੇ ਕੂੜ ਕਮਾਵਹਿ ॥ ੧ ॥

ਜਾਂ ਏਹ ਸ਼ਲੋਕ ਸ੍ਰੀ ਗੁਰੂ ਜੀ ਨੇ ਕਹਿਆਤਾਂ ਸਭ ਲੋਗ ਸ੍ਰੀ ਗੁਰੂਜੀਕੀ ਚਰਨੀਆਇਲਗੇ ਤਾਂ ਸ੍ਰੀ ਗੁਰੂ ਨਾਨਕਜੀ ਉਨਾਂ ਲੋਕਾਂ ਉੱਤੇ ਖੁਸ਼ੀ ਕਰਕੇ ਓਥੋਂ ਚਲਦੇ ਰਹੇ ॥ ੧੨੩ ॥

ਸਾਖੀ ਇੱਕ ਸਿੱਖ ਨਾਲ ਹੋਈ

ਤਾਂਤੇ ਹੇ ਸ੍ਰੀਗੁਰੂਅੰਗਦ ਸਾਹਿਬਜੀ ਗੁਰੂ ਨਾਨਕਦੇਵਜੀ ਸੰਪੂਰਨ ਜੀਵਾਂ ਦੀ ਕਲਿਆਨ ਕਰਦੇ ਕਰਦੇ ਦਲੇ ਜਾਂਦੇ ਹੈਸਨ ਤਾਂ ਇਕ ਸਿੱਖ ਰਸਤੇਵਿਚ ਮਿਲਿਆ ਤੇ ਸ੍ਰੀਗੁਰੂਨਾਨਕ ਜੀਅੱਗੇਅਰਦਾਸਕੀਤੀ ਹੇ ਸਤਿਗੁਰੂਜੀ ਸਿੱਖੀਕਰਨੀ ਚੰਗੀਹੈ ਕਿ ਫਕੀਰੀਕਰਨੀ ਚੰਗੀ ਹੈ ਤਾਂ ਸ੍ਰੀ ਗੁਰੂ ਜੀਨੇ ਕਹਿਆ ਸੁਣ ਭਾਈ ਸਿੱਖਾ ਤੂੰ ਅਸਾਡਾ ਇੱਕ ਕੰਮ ਕਰ ਫਲਾਣੇ ਗਿਰਾਉਂਵਿਚ ਸਾਡਾਇਕਸਿਖਰਹਿੰਦਾਹੈ ਉਸਸਿਖ ਦੇ ਪਾਸ ਜਾਉ ਅਤੇ ਸਾਡਾ ਲਿਖਿਆ ਲੈਜਾਹ ਤੇਪ੍ਰਸਾਦਤਦ ਓਹਦੇ ਘਰੋਂ ਛਕਨਾ ਜੇਰੁਪੈਯਾਂਦਾ ਪਹਿਲਾਂ ਬੰਦੋਬਸਤ ਕਰਲਈਂ ਜਾਂ ਫੇਰ ਤੂੰ ਓਥੋਂ ਆਵੇਂਗਾ ਤਾਂ ਤੈਨੂੰ ਸਿੱਖੀ ਦੱਸਾਂਗੇ ਤਾਂ ਓਹ ਸਿੱਖ ਹੱਥ ਜੋੜਕਰ ਕਹਿਨ

CC-0. Gurukul Kangri University Haridwar Collection. Digitized by S3 Foundation USA

ਲਗਾ ਜੀ ਜੋ ਹੁਕਮ ਕਰੋ ਸੋਈ ਕਰਾਂਗਾ ਜੀ ਜਾਂ ਉਸਸਿੱਖਨੇ ਸ੍ਰੀਗੁਰੂ ਨਾਨਕਜੀਅੱਗੇਏਹ ਬੇਨਤੀ ਕੀਤੀ ਤਾਂ ਗੁਰੂਨਾਨਕਜੀ ਇਕ ਹੁਕਮਨਾਵਾਂ ਓਸਸਿੱਖ ਵਲ ਲਿਖਦਿਤਾ ਤੇਸਿੱਖ ਹੁਕਮਨਾਵਾਂਲੈਕੇ ਟੁਰਗਿਆ ਜਦ ਉਸ ਸ਼ਹਿਰਦੇ ਬਾਹਰ ਜਾਇਖੜਾ ਹੂਆ ਤੇਲਗਾਪੁਛਨ ਭਾਈ ਅਮਕੇਸਿੱਖਦਾ ਗ੍ਰੋਹਕਿਥੇਹੈ ਕਿਸੇ ਨੇ ਉਸਨੂੰਦ ਸਿਆ ਭਈ ਫਲਾਣੇਅਸਥਾਨ ਉਸ ਦਾ ਘਰ ਹੈ ਤਾਂ ਓਹ ਪੁਛਦਾ ੨ ਉਸ ਸਿੱਖ ਨੂੰ ਜਾਇਮਿਲਜਾ ਤਾਂਸਿੱਖ ਨੇ ਅਗੋਂਉਠਕਰ ਮੱਥਾ ਟੇਕਿਆ ਕਿਹਾ ਆਈਏਜੀ ਬੈਠੀਏਜੀ ਅਨੰਦ ਕੁਸ਼ਲ ਪੁੱਛੀ ਸਤਕਾਰਕੀਤਾ ਆਪਸ ਮੇਂ ਬਹੁਤ ਖ਼ੁਸ਼ੀ ਹੋਏ ਪਰ ਓਹ ਸਿੱਖ ਘਰੋਂ ਨਿਰਧਨ ਹੈਸੀ ਰਾਤ ਜੁੜਦਾਸੀ ਤਾਂ ਦਿਨੇ ਨਹੀਂਸੀ ਜੁੜਦਾ ਜੇਦਿਨੇਜੁੜਦਾਸੀ ਤਾਂ ਰਾਤ ਨਹੀਂਸੀ ਜੁੜਦਾ ਅਤੇ ਉਸਦੇ ਘਰ ਇਕ ਲੜਕੀ ਸੀ ਪਰਉਸਲੜਕੀਦਾ ਹਜ਼ਾਰਰੁਪੈਯਾ ਇਕਸ਼ਾਹੂਕਾਰ ਦੇਂਦਾਸੀ ਓਹਸਿੱਖ ਨਹੀਂ ਸੀ ਲੈਂਦਾ ਤਾਂ ਉਤਨੇ ਚਿਰ ਨੂੰ ਉਸ ਸਿੱਖ ਨੇਕਿਹਾ ਜੀ ਪ੍ਰਸਾਦ ਤਜਾਰ ਹੈਜੀ ਚਲਕੇ ਪਾਓ ਜੀ ਤਾਂ ਓਹ ਹੁਕਮਨਾਵੇਂ ਵਾਲਾ ਸਿੱਖ ਕਹਿਨਲਗਾ ਸੁਨ ਭਾਈ ਸਿੱਖਾ ਏਹਸ੍ਰੀਗੁਰੂਜੀ ਦਾ ਹੁਕਮਨਾਵਾਂਹੈਸੋਤੂੰਪੜ੍ਹਲੈ ਤਾਂ ਓਸ ਗ੍ਰਿਸਤੀ ਸਿੱਖਨੇ ਹੁਕਮਨਾਵਾਂ ਲੈਕੇਨੇਤ੍ਰਾਂ ਤੇ ਲਾਯਾ ਫੇਰ ਸੀਸ ਉਪਰ ਰੱਖਿਆ ਜਾਂ ਓਹ ਖੋਲ੍ਹਕੇਪੜ੍ਹਿਆ ਤਾਂ ਉਸਉਪਰ ਇਹ ਲਿਖਜਾਹੈ ਕਿ ਦੋ ਸੌ ਰੁਪਯਾ ਸਾਡੀ ਭੇਟ ਤੇ ਪੱਚਾਸ ਰੁਪਏ ਏਸ ਸਿੱਖਦੀ ਭੇਟਾਕਰਨੀ ਤਾਂਉਸਨੇਕਿਹਾਜੀਪ੍ਰਸਾਦ ਪਾਵੋ ਤਾਂ ਹੁਕਮਨਾਵੇਂਵਾਲੇਸਿੱਖਨੇਕਿਹਾਜੀ ਮੈਨੂੰ ਸ੍ਰੀਗੁਰੂਜੀ ਕਾ ਇਹ ਹੁਕਮਹੈ ਜੋ ਰੁਪਏ ਲੈਕੇ ਪ੍ਰਸਾਦਿ ਛਕਣਾ ਤਾਂ ਗ੍ਰਿਸਤੀ ਸਿੱਖ ਆਪਣੀ ਇਸਤ੍ਰੀ ਨੂੰ ਆਖਣ ਲਗਾ ਕਿਉਂ ਗੁਰੂ ਦੀਏ ਪਜਾਰੀਏ ਕਿਸ ਤਰਹ ਕਰੀਏ ਤਾਂ ਉਸ ਸਿੱਖਣੀ ਨੇ ਆਖਿਆ ਹੇਸੁਆਮੀਜੀ ਚਿੰਤਾ ਮਤ ਕਰੋ ਤਨ ਭੀ ਸ੍ਰੀਗੁਰੂ ਸੱਚੇ ਕਾ ਮਨਭੀ ਗੁਰੂਜੀ ਦਾ ਅਸੀਂ ਵੀ ਗੁਰੂਜੀਦੇ ਤੇ ਸਾਡੀ ਲੜਕੀਵੀ ਗੁਰੂਜੀਦੀਹੈ ਅਤੇਓਹ ਸ਼ਾਹੂਕਾਰ ਹਜ਼ਾਰ ਰੁਪਯਾਦੇਂਦਾਹੈ ਉਸਦੇਪਾਸੋਂ ਜਿਤ-ਨਿਆਂ ਰੁਪੈਆਂਦੀਲੋੜਹੈ ਸੋਲੈਕੇ ਵਜਾਹਦੇਓ ਤਾਂ ਓਸ ਗ੍ਰਿਸਤੀਸਿੱਖਨੇਕਿਹਾ ਭਲਾ ਸਿਖ-ਣੀਏਂ ਏਹ ਸਲਾਹ ਕਰਦਿਆਂ ਓਨਾਂਨੂੰਚਾਰਘੜੀਆਂ ਲੱਗਗਈਆਂ ਤਾਂ ਓਹ ਹੁਕਮਨਾਵੇਂ ਵਾਲਾ ਸਿੱਖ ਓਨਾਂਦੀ ਗੁਜ਼ਰਾਨ ਦੇਖਕਰ ਕੈਹਨਲਗਾ ਹੇਪ੍ਰਮੇਸ਼ਰਜੀ ਇਨ੍ਹਾਂਦੀ ਤਾਂ ਗੁਜ਼-ਰਾਨ ਨਹੀਂਹੁੰਦੀ ਤੇਏਹਰੁਪਏਕਿਥੋਂਦੇਵਨਗੇ ਓਹਸਿੱਖ ਏਹੋਗਿਨਤੀ ਕਰਰਿਹਾਹੈਸੀ ਜੋ ਉਤਨੇਚਿਰਨੂੰਓਹ ਗ੍ਰਿਸਤੀਸਿੱਖ ਉਠਕਰ ਉਸ ਸ਼ਾਹੂਕਾਰਦੀਦੁਕਾਨ ਪਰ ਗਿਆ ਤੇ ਜਾ ਕਰ ਪੈਰੀਪੌਣਾਕਰਕੇ ਬੈਠਗਿਆ ਤਾਂ ਉਸਸ਼ਾਹੂਕਾਰਨੇ ਆਖਿਆ ਆਓਭਾਈ ਕਿਸ ਕੰਮ ਵਾਸਤੇਆਯਾਹੈਂ ਤਾਂਉਸ ਗ੍ਰਿਸਤੀਸਿੱਖਨੇ ਉਸ ਸ਼ਾਹੂਕਾਰਨੂੰ ਕਿਹਾ ਜੀ ਤੁਸੀ ਮੈਨੂੰ ਢਾਈ ਸੌ ਰੁਪਯਾ ਦੇਵੋ ਤਾਂ ਮੇਰੀ ਲੜਕੀ ਤੁਸੀਂਵਿਆਹਲਓ ਤਾਂ ਓਹ ਸ਼ਾਹੂਕਾਰ ਕੈਹਣ ਲਗਾ ਭਾਈਸਿੱਖਾ ਤੂੰਕੁਛ ਹੋਰਵੀ ਲੈ ਲੈ ਤਾਂ ਉਸ ਗ੍ਰਿਹਸਤੀ ਸਿੱਖ ਕਿਹਾ ਜੀ ਮੈਨੂੰ ਅਢਾਈ ਸੌ ਦੀ ਲੋੜ ਹੈ ਤਾਂ ਓਸ ਸ਼ਾਹੂਕਾਰਨੈ ਅਢਾਈਸੌ ਰੁਪਯਾਦੇਕਰਕੇ ਉਸਨੂੰ ਵਿਦਾ ਕੀਤਾ ਤਾਂ

CC-0. Gurukul Kangri University Haridwar Collection. Digitized by S3 Foundation USA

ਓਹ ਸਿੱਖ ਅਢਾਈ ਸੌ ਰੁਪੈਆ ਲੈਕਰ ਓਸ ਹੁਕਮਨਾਵੇਂਵਾਲੇ ਸਿੱਖ ਦੇ ਪਾਸ ਆਯਾ ਦੋ ਸੌ ਰੁਪਆ ਹੁਕਮਨਾਵੇਂ ਦੀ ਭੇਟਕੀਤਾ ਤੇ ਪਚਾਸਰੁਪਯੇ ਉਸ ਸਿੱਖਦੀ ਭੇਟਕੀਤੇ ਤਾਂ ਪ੍ਰਸਾਦ ਛਕਿਆ ਤੇ ਰੁਪੱਯੇ ਲੈਕਰ ਓਸਨੇ ਓਨਾਂ ਪਾਸੋਂ ਰੁਖਸਤ ਮੰਗੀ ਤਾਂ ਓਸਗ੍ਰਿਹਸਤੀ ਸਿੱਖ ਨੇ ਤੇ ਓਸਦੀ ਸਿਖਣੀ ਨੇ ਓਸ ਸਿੱਖ ਦੇ ਚਰਨਾਂ ਉੱਪਰ ਮੱਥਾਟੇਕਿਆ ਤੇਹੱਥਜੋੜਕੇ ਕਿਹਾਜੀ ਧੰਨ ਅਸਾਡੇ ਭਾਗਹੈਨ ਜੋ ਸ੍ਰੀ ਸਤਿਗੁਰੂਨਾਨਕ ਦੇਵ ਜੀ ਦੇ ਹੁਕਮਨਾਵੇਂ ਦਾ ਦਰਸ਼ਨ ਪਾਯਾਹੈ ਅਤੇ ਧੰਨ ਭਾਈਤੁਸੀਹੋ ਜੋ ਸ੍ਰੀਗੁਰੂਨਾਨਕ ਜੀ ਦੇ ਪਾਸ ਅੱਠੇ ਪੈਹਰ ਰਹਿੰਦੇ ਹੋ ਏਹਬਾਤਾਂਕਰਕੇ ਓਹ ਸਿੱਖ ਓਥੋਂ ਚਲਦਾਰਿਹਾ ਪਰ ਮਨ ਵਿਚ ਕੈਹਨ ਲਗਾ ਭਾਈ ਧੰਨ ਗੁਰੂ ਪੂਰਾਹੈ ਅਤੇ ਧੰਨ ਸ੍ਰੀਗੁਰੂ ਮਹਾਰਾਜ ਦੇ ਸਿਖ ਹੈਨ ਤਾਂ ਓਹ ਹੁਕਮ ਨਾਵੇਂਵਾਲਾ ਸਿੱਖ ਰਸਤੇ ੨ ਚਲਾ ਔਂਦਾਹੈਤਾਂ ਕਿਆ ਦੇਖੇ ਜੋ ਇਕ ਫਕੀਰ ਓਥੇ ਬੈਠਾ ਹੈ ਓਸਦੇ ਪਾਸ ਛਾਯਾ ਦੇਖਕਰ ਜਾਇਬੈਠਾ ਜਾਂ ਇਕ ਦੋ ਘੜੀਆਂ ਬੀਤੀਆਂ ਤਾਂ ਇਕ ਸੌਦਾਗਰਆਯਾ ਓਸਨੇ ਇਕਥਾਲ ਪ੍ਰਸਾਦਦਾ ਓਸਫਕੀਰਦੇ ਅੱਗੇ ਰਖਕੇ ਮੱਥਾ ਟੇਕਜਾ ਅਤੇ ਦੁਸ਼ਾਲਾ ਫਕੀਰ ਉਪਰ ਦੇ ਦਿਤਾ ਤੇ ਫੇਰ ਦੋ ਘੜੀਆਂ ਬੀਤੀਆਂ ਤਾਂ ਇਕ ਹੋਰਮੁਸਾਫ਼ਰ ਆਯਾ ਓਸਨੇਥਾਲਵੀ ਚੁਕਲਿਆ ਅਤੇ ਫਕੀਰ ਦੇ ਉਪਰੋਂ ਦੁਸ਼ਾਲਾ ਖਿਚ ਕਰਕੇ ਤੁਰਗਿਆ ਤਾਂ ਓਸ ਫਕੀਰ ਨੇ ਦੇਣ ਵਾਲੇਨੂੰ ਏਹ ਨਹੀਂ ਕਿਹਾ ਜੋ ਤੇਰਾ ਭਲਾ ਹੋਵੇ ਲਾਹਕੇ ਲੈਜਾਣ ਵਾਲੇ ਨੂੰ ਏਹ ਨਹੀਂ ਆਖਿਆ ਕਿ ਤੇਰਾ ਬੁਰਾ ਹੋਵੇ ਓਸ ਫ਼ਕੀਰਨੇ ਕਿਸੇ ਨੂੰ ਦੋਹਾਂ ਵਿਚੋਂ ਭਲੀ ਬੁਰੀ ਨਹੀਂਕਹੀ ਅਤੇ ਸਦਾ ਹੀ ਇਕ ਰਸ ਰਿਹਾ ਆਏ ਕਾ ਹਰਖ ਨਹੀਂ ਅਰ ਗਏ ਕਾ ਸ਼ੋਕ ਨਹੀਂ ਕੀਤਾ ਚਾਰ ਘੜੀਆਂ ਬੈਠਕੇ ਓਹ ਉਥੋਂ ਚਲਦਾ ਰਿਹਾ ਜਦ ਓਹ ਸਿੱਖ ਕਿਤਨਾਕ ਰਸਤਾ ਆਯਾ ਤਾਂ ਉਸਨੂੰ ਰਾਤ ਪੈ ਗਈ ਤਾਂ ਇਕਦ੍ਰਖਤ ਦੇ ਹੇਠ ਜਾਇ ਬੈਠਾ ਤਾਂ ਓਸ ਦ੍ਰਖਤ ਦੇ ਉਪਰ ਇਕ ਜੋੜਾ ਪੰਛੀਆਂ ਦਾ ਰਹਿੰਦਾ ਸੀ ਪਰ ਓਹ ਪੰਛੀ ਵੀ ਸ੍ਰੀਗੁਰੂਜੀਦੇ ਘਰਦੇ ਸਿੱਖ ਹੈਸਨ ਜਦ ਓਸ ਪੰਛੀ ਨੇ ਦੇਖਿਆ ਤਾਂ ਆਪਣੀ ਇਸਤ੍ਰੀ ਨੂੰ ਪੁਛਿਆ ਕਿ ਪ੍ਰਮੇਸਰ ਦੀ ਪਜਾਰੀਏ ਸਾਡੇ ਘਰ ਏਹ ਅਭਿਆਗਤ ਆਯਾ ਹੈ ਏਹ ਭੁਖਾਰਹੇਗਾ ਤਾਂ ਸਾਨੂੰ ਪ੍ਰਾਸ਼ਚਿਤ ਹੋਵੇਗਾ ਤਾਂ ਓਹ ਪੰਛਣੀ ਕੈਹਣ ਲਗੀ ਹੇ ਪ੍ਰਮੇਸ਼ਰਦੇ ਪਜਾਰੇ ਇਸ ਵਕਤ ਦਿਨ ਹੋਵੇ ਤਾਂ ਕੋਈ ਸਬਬ ਹੋਇ ਜਾਂਦਾ ਪਰ ਹੁਣ ਤੇ ਅਸਾਡਾ ਸਰੀਰ ਹਾਜ਼ਰ ਹੈ ਇਤਨਾ ਕੈਹ ਕਰ ਓਹ ਪੰਛੀ ਦੀ ਪੰਛਨੀ ਉਡਕਰ ਧੂੰਏਂ ਵਿਚੋਂ ਚੰਗਜਾੜਾ ਚੁੰਝ ਨਾਲ ਪਕੜਕੇ ਲਿਆਈ ਉਸ ਸਿਖਦੇ ਅਗੇ ਸੱਟ ਦਿਤਾ ਅਤੇਉਤੋਂ ਆਪਣੇ ਆਲ੍ਹਣੇ ਦੇ ਕੱਖ ਸੁਟ ਦਿਤੇ ਤਾਂ ਉਸਨੇ ਅੱਗਬਾਲੀ ਤਾਂ ਚਾਨਣਹੋਯਾ ਓਸ ਸਿੱਖ ਨੇ ਚਾਨਣ ਦੇ ਹੋਣੇ ਨਾਲ ਹੋਰ ਕੱਖ ਕੰਡਾ ਅਕੱਠਾ ਕਰਕੇ ਹਛਾ ਭਾਂਬੜਬਾਲਿਆ ਤਾਂ ਉਸ ਪੰਛਣੀ ਨੇ ਆਖਿਆ ਹੇ ਪਜਾਰੇ ਮੈਂ ਹੁਣਇਸਦੇ ਵਿਚ ਜਾਇ ਨੀਹਾਂ ਤੂੰ ਏਹਭੁੰਨਕਰ ਖਾਇਲਵੇਗਾ ਤਾਂਉਹਦੇ ਭਰਤੇ ਪੰਛੀ ਕਹਾ ਭਲੀਬਾਤਹੈ ਤਾਂ ਓਹ ਪੰਛਣੀਵਿਚਅਗਨਦੇ

INTERNET // ABHINAV GAUR //

ਜਾਇਪੜੀਤਾਂਉਸਪੰਛੀਦੇਖਿਆਜੋਇਸਤ੍ਰੀਤੋਮੁਕਤਹੁਈਮੈਂਪੀਛੇਕਿਆਰਹਨਾਹੈਏਹਵਿਚਾ-
ਰਕਰਪੰਛੀਵੀਵਿੱਚਜਾਇਪਿਆਤਾਂਉਸਨੇਭੁੰਨਕਰ ਦੋਨੋਂ ਖਾਇਲਏ ਅਤੇ ਫੇਰਸਉਂ ਰਹਿਆ
ਜਾਂ ਪ੍ਰਾਤਹਕਾਲ ਹੋਯਾ ਤਾਂ ਓਹਸਿੱਖ ਸ੍ਰੀਗੁਰੂਜੀ ਕੇ ਪਾਸ ਆਇ ਪਹੁਚਾ ਅਤੇ ਚਰਨਾਂ ਉੱਪਰ
ਮਥਾ ਟੇਕਿਆ ਤੇ ਬੈਠਗਿਆ ਤਾਂ ਸ੍ਰੀਗੁਰੂ ਨਾਨਕਜੀ ਕਹਿਆ ਸੁਣ ਭਾਈਸਿੱਖਾ ਤੇਰੀ ਨਿਸ਼ਾ
ਹੋਈ ਹੈ ਕਿ ਨਹੀਂ ਤਾਂ ਉਸਸਿੱਖਨੇ ਕਹਿਆ ਹੇ ਸਤਿਗੁਰੋ ਆਪ ਸਰਬਸ਼ਕਤੀ ਸੰਯੁਕਤ ਹੋ
ਧੰਨ ਗੁਰੂ ਹੈ ਔਰ ਧੰਨ ਗੁਰੂਕੇ ਸਿੱਖ ਹੈਨ ਤਾਂ ਸ੍ਰੀਗੁਰੂਜੀ ਨੇ ਕਹਿਆ ਸੁਣਭਾਈ ਸਿੱਖਾ ਜੇ
ਕਰ ਗ੍ਰਹਸਤੀ ਸਿਖ ਬਨਣਾ ਹੈ ਤਾਂ ਉਨ੍ਹਾਂ ਪੰਛੀਆਂਦੇ ਤਰ੍ਹਾਂ ਔਰਯਾਂ ਉਸ ਹੁਕਮ ਨਾਮਾ ਮੰਨਣ
ਵਾਲੇ ਸਿੱਖ ਜੈਸਾ ਬਣ ਅਤੇ ਜੇਕਰਘਰਛੱਡਕਰ ਬਾਹਰ ਨਿਕਲਿਆ ਚਾਹੇਂ ਤਾਂਉਸਫ਼ਕੀਰ
ਵਾਂਗਟਬਣ ਜਦ ਸ੍ਰੀਗੁਰੂਜੀ ਏਹ ਸੁਣਾਯਾ ਤਾਂ ਓਸਸਿੱਖਨੇ ਸੁਨਕਰ ਸ੍ਰੀਗੁਰੂਜੀਕੇਚਰਨਾਂ
ਉੱਪਰ ਮਥਾ ਟੇਕਿਆ ਅਤੇਅਰਦਾਸਕਰੀ ਕਹਿਆ ਹੇਸਤਿਗੁਰੋ ਏਹ ਤਾਂ ਦੋਵੇਂ ਮਾਰਗ ਔਖੇ
ਹੈਨਜੇਕਰ ਆਪਕ੍ਰਿਪਾਕਰੋ ਤਾਂ ਮੇਰੇਪਿਛਲੇ ਗੁਨਾਹਮਾਫ਼ ਕਰੋਜੀ ਆਪਦਾਦਰਸ਼ਨ ਕੀਆ
ਮੇਰੇ ਉੱਪਰ ਮੇਹਰ ਕਰੋ ਤਾਂ ਗੁਰੂਜੀ ਉਸ ਸਿਖ ਉੱਪਰ ਕ੍ਰਿਪਾਦ੍ਰਿਸ਼ਟਕੀਤੀ ਕਹਿਆਭਾਈ
ਸਿੱਖਾ ਧਰਮ ਦੀ ਕਿਰਤ ਕਰਨੀ ਤੇ ਆਏ ਸਿੱਖ ਦੀ ਟਹਿਲ ਕਰਨੀ ਤੇ ਸਤਨਾਮ ਦਾ
ਸਿਮਰਨ ਕਰਨਾ ਤਾਂ ਤੇਰਾਵੀ ਭਲਾਹੋਵੇਗਾ ਅੰਤਨੂੰ ਸਤਗਤੀ ਨੂੰ ਪ੍ਰਾਪਤ ਹੋਵੇਂਗਾ॥੨੨੪॥

੧ ਓਸਤਿਗੁਰਪ੍ਰਸਾਦਿ ॥

ਉਦਾਸੀ ਚਉਥੀ ਚਲੀ ॥ ਆਗੇ ਸਾਖੀ ਵੀਰਾਨਾਉਂ ਮਲਾਰ ਨਾਲ

ਇਕ ਦਿਨ ਸ੍ਰੀ ਗੁਰੂਜੀ ਜਾਂਦੇ ਜਾਂਦੇ ਧਨਾਸਰੀ ਦੇਸੋਂ ਅੱਗੇ ਕੋ ਚਲਤੇ ਭਏ ਪਰ ਇਕ ਮੰਜੀ
ਸ੍ਰੀ ਗੁਰੂਨਾਨਕਜੀ ਬਨਾਈਹੈ ਤਾਂ ਗੁਰੂ ਨਾਨਕ ਜੀ ਅਤੇ ਮਰਦਾਨਾ ਰਬਾਬੀ ਅਤੇ ਸੀਹੋਰ ਔਰ
ਘਿਹੋ ਏਹ ਚਾਰੋਂ ਬੈਠੇ ਹੋਏ ਸਨ ਤਾਂ ਸ੍ਰੀ ਗੁਰੂ ਨਾਨਕ ਜੀ ਦੀ ਸਮਾਧੀ ਲਗ ਗਈ ਜਦ ਸ੍ਰੀ
ਗੁਰੂ ਜੀ ਸਵਾਧਾਨ ਹੋਏ ਤਾਂ ਸਿਖਾਂ ਅਰਦਾਸਕੀਤੀ ਹੇਸਚੇ ਪਾਤਸ਼ਾਹਜੀ ਤੁਸਾਡਾਧਿਆਨ
ਕਿਧਰ ਗਿਆ ਹੈ ਤਾਂ ਸ੍ਰੀਗੁਰੂਨਾਨਕ ਜੀ ਕਹਿਆ ਹੇਮਰਦਾਨਾ ਅਸਾਡਾ ਮਨਉਠਖੜਾਹੋਯਾ
ਹੈਤਾਂਫੇਰਮਰਦਾਨੇ ਆਖਿਆਜੀਸਚੇਪਾਤਸ਼ਾਹ ਕਿਧਰਜਾਵੋਗੇ ਤਾਂਗੁਰੂਨਾਨਕਜੀ ਆਖਿਆ
ਮਰਦਾਨਾ ਵੀਰਾ ਨਾਉਂ ਮਲਾਰ ਹੈ ਅਗਲੇ ਗਿਰਾਉਂ ਵਿੱਚ ਰਹਿੰਦਾ ਹੈ ਉਸਨੂੰ ਮਿਲਕਰ
ਚਲਾਂਗੇ ਤਾਂ ਸ੍ਰੀ ਗੁਰੂ ਜੀ ਅਤੇ ਮਰਦਾਨਾ ਚਲਦੇ ਚਲਦੇ ਓਥੇ ਜਾਇ ਪਹੁੰਚੇ ਜਿਥੇ ਵੀਰਾਂ
ਰਹਿੰਦਾ ਸੀ ਤਾਂ ਓਥੇ ਮਰਦਾਨੇ ਜਾਇ ਪੁਛਿਆ ਭਾਈ ਵੀਰਾਂ ਮਲਾਰ ਕਿੱਥੇ ਰਹਿੰਦਾ ਹੈ
ਤਾਂ ਉਨ੍ਹਾਂ ਲੋਕਾਂ ਆਖਿਆ ਭਾਈ ਔਹ ਵਾੜੀ ਵੀਰਾਂ ਮਲਾਰ ਦੀ ਹੈ ਤਾਂ ਸ੍ਰੀਗੁਰੂਨਾਨਕ ਦੇਵ
ਜੀ ਉਥਾਈਂ ਜਾਇ ਪਹੁੰਚੇ ਜਿਥੇ ਵੀਰਾਂ ਬੈਠਾ ਸੀ ਤਾਂ ਸ੍ਰੀ ਗੁਰੂ ਨਾਨਕ ਜੀ ਜਾਇ ਕਨ

CC-0. Gurukul Kangri University Haridwar Collection. Digitized by S3 Foundation USA

ਕਹਿਆ ਹੇ ਵੀਰਾਂ ਅਲੇਖ ਕਉ ਸਲਾਮ ਹੈ ਭਾਂ ਅੱਗੋਂ ਵੀਰਾਂ ਮਲਾਰ ਨੇ ਮੱਥਾ ਟੇਕਿਆ ਭਾਂ ਵੀਰਾਂਨੇ ਪੁਛਿਆਜੀ ਤੁਸੀਕੌਣ ਹੋ ਅਤੇਕਿਥੋਂ ਆਏ ਹੋ ਅਤੇਅਸਾਂ ਨਾਲ ਕੇ ਕੰਮ ਹੈ ਭਾਂ ਸ੍ਰੀ ਗੁਰੂਬਾਬੇ ਕਹਿਆ ਭਾਈ ਅਸਾਂ ਦੁਇਸੁਖਨ ਦਰਗਾਹ ਸੱਚੀਦੇ ਦਰਬਾਰਦੇ ਤੁਸਾਂਦੇਪਾਸੋਂ ਪੁਛਨੇ ਹੈਨ ਭਾਂ ਵੀਰੇ ਆਖਿਆ ਭਾਈ ਤੁਸੀ ਏਨਾਂ ਨੂੰ ਪੁਛੋ ਜੋ ਕੌਣ ਲੋਕ ਹੈਨ ਅਤੇ ਅਸਾਂ ਪਾਸੋਂ ਕੇ ਪੁਛਦੇ ਆਹੇ ਅਤੇ ਭਾਈ ਸਾਈਂਲੋਕੋ ਅਸੀਤਾਂ ਗਰੀਬਅਰਾਈਂ ਆਹੇ ਅਸੀਂ ਕਜਾਣਦੇਹਾਂਦਰਗਾਹਦੀ ਕੇਖਬਰਹੈ ਭਾਂਗੁਰੂਨਾਨਕਜੀਆਖਿਆਭਾਈ ਸਾਹਬਦੇ ਪਿਆਰੇ ਤੁਸਾਂਨੂੰ ਸਭਕੁਛ ਮਲੂਮ ਹੈਜੀ ਤੁਸਾਂਥੀਂ ਗੁਝਾ ਕੁਛ ਨਹੀਂ ਭਾਂ ਮਰਦਾਨੇ ਆਖਿਆ ਸਾਹਿਬ ਦੇਪਿਆਰੇਏਹਨਾਨਕਨਿਰੰਕਾਰੀਹੈਜਿਉਂ ਤਿਉਂ ਆਖਣਾਂਮਲਾਰਨੇਆਖਿਆ ਜੋਅਸਾਡੇਵੱਡੇ ਭਾਗਹੋਏ ਹੈਨ ਜੋ ਅਸਾਨੂੰ ਦੀਦਾਰਹੋਇਆ ਅਤੇ ਮਲਾਰਬੋਲਿਆਜੀ ਅਸਾਨੂੰਏਹਦੱਸੋ ਜੀ ਜੇ ਪਾਕ ਖ਼ੁਦਾਇਕੈਸਾ ਹੈ ਤੇ ਕਿਥੇ ਰਹਿੰਦਾ ਹੈ ਅਤੇਜੋਮੁਸਲਮਾਨ ਹੈਨ ਸੋ ਆਖਦੇ ਹਨ ਕਿ ਮੁਹੰਮਦ ਖ਼ੁਦਾਇਦਾ ਨਜ਼ੀਕੀਹੈ ਅਤੇਹਿੰਦੂਆਖਦੇ ਹੈਨ ਕਿ ਬ੍ਰਹਮਾਬਿਸ਼ਨਮਹੇਸ਼ਨਿਰੰਕਾਰ ਦੀ ਸੂਰਤ ਹੈਨ ਹਿਕੇ ਰਾਮਕ੍ਰਿਸ਼ਨ ਖ਼ੁਦਾਇ ਹੋਏਹੈਨ ਸੋ ਗਰੀਬਨਿਵਾਜ ਜੀ ਆਪ ਮੇਹਰ-ਬਾਨੀ ਕਰੋ ਮੇਰੇ ਭਾਈਂ ਦਸੋ ਏਹੋ ਖ਼ੁਦਾਇ ਹੈਨ ਕਿ ਕੋਈ ਹੋਰ ਖੁਦਾਇ ਹੈ ਭਾਂ ਸ੍ਰੀਗੁਰੂ ਨਾਨਕ ਜੀ ਸ਼ਲੋਕ ਆਖਿਆ॥ ਸਲੋਕ ਮਹਲਾ ੧

(ਜਿਤ ਦਰ ਲਖ ਮੁਹੰਮਦਾ ਲਖ ਬ੍ਰਹਮੇ ਬਿਸਨ ਮਹੇਸ) ਭਾਂ ਗੁਰੂ ਨਾਨਕ ਜੀਆਖਦੇ ਹੈਨ ਕਿ ਓਸ ਸਚੇਦਰਬਾਰ ਉਪਰ ਕਈਲਖ ਮੁਹੰਮਦ ਹੈਨ ਅਤੇ ਕਈ ਲੱਖ ਬਿਸ਼ਨਹੈਨ ਅਤੇ ਕਈ ਲਖ ਸ਼ਿਵਜੀ ਅਥਵਾਮਹੇਸ਼ ਹੈਨ॥ (ਲਖ ਲਖ ਰਾਮਵਡੀਰੀਅਹਿ ਲਖ ਰਾਹੀ ਲਖ ਵੇਸ) ਅਤੇ ਭਾਈ ਕਈ ਲੱਖਾਂ ਓਸਦੇ ਦਰਬਾਰ ਉਪਰ ਰਾਮ ਵਡੀਆਈਦੇ ਹੈਨ ਅਤੇ ਕਈ ਲੱਖਾਂ ਰਾਹ ਵਿਚ ਵੇਸ ਕੀਤੇ ਹੋਏ ਨਜਰ ਆਉਂਦੇ ਹੈਨ॥ (ਲਖ ਲਖ ਓਥੇ ਜਤੀ ਹੈ ਸਤੀਅਹੁ ਤੇ ਸੰਨਿਆਸ) ਅਤੇ ਭਾਈ ਕਈ ਲੱਖ ਓਥੇ ਸਤੀ ਰਹਿੰਦੇ ਹੈਨ ਤੇ ਕਈਲੱਖ ਓਥੇ ਜਤੀ ਹੈਨ ਅਤੇ ਕਈ ਲਖਾਂ ਦੱਤਾਤ੍ਰੇਓ ਸੰਨਿਆਸੀ ਹੈਂ॥ (ਲਖ ਲਖ ਓਥੇ ਗੋਰਖਾ ਲਖ ਲਖ ਨਾਥਾਂ ਨਾਥ) ਅਤੇ ਭਾਈ ਲੱਖਾਂ ਓਥੇ ਗੋਰਖ ਹੈਨ ਅਤੇ ਲੱਖਾਂ ਨਾਥ ਫਿਰਦੇ ਹੈਨ॥ (ਲਖ ਲਖ ਓਥੇ ਆਸਨਾ ਗੁਰ ਚੇਲੇ ਰਹਿਰਾਸ) ਅਤੇ ਭਾਈ ਲੱਖਾਂ ਓਥੇ ਆਸਨਧਾਰੀ ਹੈਨ ਤੇ ਕਈ ਲੱਖ ਗੁਰੂ ਚੇਲੇ ਹੈਨ॥ (ਲਖ ਲਖ ਦੇਵੀ ਦੇਵਤੇ ਦਾਨੋ ਲੱਖ ਨਿਵਾਸ) ਸੁਣ ਭਾਈ ਮਲਾਰ ਓਸ ਨਿਰੰਕਾਰ ਦੇ ਦਰਬਾਰ ਉਤੇ ਲੱਖਾਂ ਦੇਵੀਆਂ ਅਤੇ ਲੱਖਾਂ ਹੀ ਦੇਵਤੇ ਹੈਨ ਇੰਦ੍ਰ ਸਾਰਖੇ ਅਤੇ ਲੱਖਾਂਹੀ ਦਾਨੋਂਹੈਨਤੇ ਲੱਖਾਂ ਹੀ ਦੇਉ ਹੈਨ॥ (ਲਖ ਪੀਰ ਪੈਕੰਬਰ ਅਉਲੀਏ ਲਖ ਕਾਜੀ ਮੁੱਲਾ ਸੇਖ) ਅਤੇਲੱਖਾਂ ਪੀਰਹੈਨ॥ ਤੇ ਲੱਖਾਂ ਪੈਗੰਬਰ ਹੈਨ ਅਤੇਲੱਖਾਂ ਕਾਜ਼ੀ ਹੈਨ ਅਤੇ ਲੱਖਾਂ ਹੀ ਮੁੱਲਾਂ ਹੈਨ ਅਤੇ ਲੱਖਾਂ ਹੀ ਸ਼ੇਖ ਫਿਰਦੇ ਹੈਨ॥ (ਕਿਸੈ ਸਾਂਤ ਨ ਆਈਆ ਬਿਨ ਸਤਿਗੁਰ ਕੇ

CC-0. Gurukul Kangri University Haridwar Collection.

OF INTERNET ABHINAV GAUR

ਉਪਦੇਸ਼) ਭਾਂਤੇ ਸ੍ਰੀ ਗੁਰੂ ਨਾਨਕ ਜੀ ਆਖਦੇ ਹੈਨ ਸੁਣ ਭਾਈ ਵੀਰਿਆ ਇਤਨੇ ਜੋ ਹੋਏ ਹੈਨ ਸੋ ਆਪਹੀ ਆਪ ਕਹਾਇਗਏ ਹੈਨ ਅਤੇ ਪ੍ਰਤੀਤ ਕਰਨੀ ਕਿ ਜਿਨ੍ਹਾਂ ਪ੍ਰਾਣੀਆਂ ਗੁਰੂ ਨਾਹੀਂ ਥਾਪਿਆ ਅਤੇ ਨਹੀਂ ਕਿਸੇ ਗੁਰੂਦੀ ਦੀਖਿਆਲਈ ਤੇਨਹੀਂ ਉਪਦੇਸ਼ ਪੁੱਛਿਆ ਹੈ ਕਿਸੇਪਾਸੋਂ ਭਾਂ ਸ਼ਾਂਤ ਪ੍ਰਾਪਤ ਨਹੀਂ ਹੁੰਦੀ ਅਤੇ ਸੁਣ ਭਾਈ ਸੱਚੇ ਗੁਰੂ ਤੋਂ ਬਗ਼ੈਰ ਗਤਿ ਨਹੀਂ ਹੁੰਦੀ ਅਤੇ (ਸਾਧਕ ਸਿਧ ਅਗਨਤ ਹੈ ਕੇਤੇ ਲਖ ਅਪਾਰ) ਹੋਰ ਜੋ ਸਾਧਿਕ ਅਤੇ ਸਿੱਧ ਹੈਨ ਇਨ੍ਹਾਂ ਦੀ ਭਾਂ ਗਿਣਤੀ ਕਾਈ ਨਹੀਂ ਓਹ ਭਾਂ ਅਪਾਰ ਹੀ ਹੈਨ(ਏਤਡ਼ਿਆਂ ਅਪਵਿਤ੍ਰ ਹੈ ਬਿਨ ਸਤਿਗੁਰ ਕੇ ਸਬਦ ਬੀਚਾਰ) ਅਤੇ ਭਾਈ ਕਦਾਚਿਤ ਏਤਨੇ ਪਾਠ ਪੜ੍ਹੇ ਅਤੇ ਵਰ ਪਾਏ ਬਿਨਾਂ ਆਪਣੇ ਸਤਿਗੁਰੂ ਦੇ ਬੀਚਾਰ ਥੀਂ ਭਾਂ ਸੱਭੋਅਪਵਿੱਤ੍ਰ ਹੈ ਕਿਉਂ ਜੋ ਹੋਰਤੋਂ ਇਸ ਦੀ ਗਤਿ ਨਹੀਂ ਹੁੰਦੀ (ਸਿਰਨਾਥਾਂਕੇ ਇਕਨਾਥ ਸਤਿਨਾਮ ਕਰਤਾਰ)ਅਤੇ ਭਾਈ ਜਿਤਨੇ ਅਉਤਾਰ ਹੋਏ ਹੈਨ ਅਤੇ ਨਾਥ ਹੈਨ ਹੋਰ ਦੇਵੀ ਦੇਵਤੇ ਜਿਤਨੇ ਹੋਏ ਤਿਨ੍ਹਾਂ ਸਭਨਾਂਦੇ ਸਿਰ ਉਤਸਤ ਜੋ ਨਾਮ ਹੈ ਉਸ ਕਰਤਾਰ ਨਿਰੰਕਰ ਦਾ ਜੋ ਸਭਨਾਂਦੇ ਉਤੇਨਾਥ ਓਹ ਹੈ (ਨਾਨਕ ਤਾਕੀ ਕੀਮਤ ਨਾ ਪਵੈ ਬੇਅੰਤ ਬੇ ਸੁਮਾਰ) ਭਾਂ ਸ੍ਰੀ ਗੁਰੂ ਨਾਨਕ ਜੀ ਆਖਿਆ ਭਾਈ ਮਲਾਰਜੀ ਓਹ ਜੋ ਕਰਤਾਰ ਨਿਰੰਕਾਰ ਹੈ ਉਸਦੀ ਕੀਮਤ ਮੈਂ ਨਾਨਕਥੀਂ ਨਾਹੀਂਪਾਈ ਜਾਂਦੀ ਕਿਉਂਜੋ ਬੇਅੰਤਹੈ ਉਹਦਾ ਅੰਤਕੋਈਨਹੀਂ ਬੇਸ਼ੁਮਾਰਹੈ ਉਸਦਾ ਸ਼ੁਮਾਰ ਕੋਈ ਨਹੀਂ ਭਾਂ ਮਲਾਰ ਨੇ ਆਖਿਆ ਜੀ ਜਿਵੇਂ ਤੁਸਾਡੀ ਰਜਾਇ ਹੈ ਜੀ ਭਾਂ ਸ੍ਰੀ ਗੁਰੂ ਨਾਨਕ ਜੀ ਵੀਰਾ ਮਲਾਰਪਾਸੋਂ ਵਿਦਿਆ ਹੋਏ ਓਨਾਂ ਪਰ ਖ਼ੁਸ਼ੀ ਕਰਕੇ ਸ੍ਰੀਗੁਰੂਨਾਨਕ ਜੀ ਅੱਗੇ ਕੋ ਚਲਦੇ ਭਏ ਮਲਾਰ ਕੀ ਕਲਿਆਨ ਕੀਤੀ ॥ ਬੋਲੋ ਭਾਈ ਜੀ ਵਾਹਿਗੁਰੂ ॥੧੨੫॥

ਸਾਖੀ ਪੀਰ ਜਲਾਲ ਦੇ ਨਾਲ ਹੋਈ

ਭਾਂ ਭਾਈ ਬਾਲਾ ਸੁਣਾਉਂਦਾ ਹੈ ਹੇ ਦੀਨ ਦਿਆਲ ਸ੍ਰੀ ਗੁਰੂ ਅੰਗਦ ਜੀ ਇਕਸਮੇ ਸ੍ਰੀਗੁਰੂ ਨਾਨਕਦੇਵਜੀ ਸਮੁੰਦਰਦੇ ਕਿਨਾਰੇ ਕਿਨਾਰ ਜਾਂਦੇਜਾਂਦੇ ਓਥੇ ਜਾਇਪ੍ਰਾਪਤ ਹੋਏ ਜਿੱਥੇ ਅੱਗੇ ਪੀਰਜਲਾਲਅਪਣਾ ਮੁਸੱਲਾ ਸਮੁੰਦਰ ਉਪਰਵਛਾਇ ਕਰਖੇਡਦਾ ਆਹਾ ਭਾਂਪੀਰਜਲਾਲ ਦੇਖਕਰ ਕਹਿਆ ਸਲਾਮ ਲੈਕਮ ਦਰਵੇਸ਼ ਭਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਅਲੇਖ ਕਉ ਸਲਾਮ ਪੀਰ ਜਲਾਲ ਕੁਦੈਸ਼ੀ ਭਾਂ ਸ੍ਰੀ ਗੁਰੂ ਜੀਦੇ ਨਾਲ ਦਸਤ ਪੰਜਾ ਲੈਕਰ ਬੈਠਗਏ ਭਾਂ ਪੀਰ ਜਲਾਲਦੀਨ ਆਖਿਆ ਆਉਨਾਨਕ ਦਰਵੇਸ਼ ਸਮੁੰਦਰਦਾ ਸੈਲਕਰਵਾਲਿਆਵੀਏਭਾਂ ਸ੍ਰੀ ਗੁਰੂਨਾਨਕ ਜੀਂ ਆਖਿਆ ਪੀਰਜੀ ਸੈਲਕਰਦਿਆਂ ਕੁਛਨਜਰਵੀਆਇਆ ਹੈ ਭਾਂਪੀਰ ਜਲਾਲ ਦੀਨ ਆਖਿਆ ਜੀ ਇਕ ਦਿਨ ਇਕ ਮੁਨਾਰਾ ਦੇਖਿਆ ਸੀ ਭਾਂ ਗੁਰੂ ਬਾਬੇ ਜੀ ਆਖਿਆ ਹੇਪੀਰ ਜਲਾਲਦੀਨ ਉਸ ਮੁਨਾਰੇਕੀ ਖ਼ਬਰ ਲਿਆਓ ਭਾਂ ਪੀਰ ਨੇ ਕਹਿਆਜੀ ਬਚਨ ਹੋਵੇ ਭਾਂ ਸ੍ਰੀ ਗੁਰੂ ਜੀ ਕਹਿਆ ਜਾਹ ਭਾਂਤੇ ਪੀਰ ਜਲਾਲ ਆਖਿਆ ਜਾਨਾ ਹਾਂ ਭਾਂ ਪੀਰ ਆਪਣਾ ਮੁਸੱਲਾ ਸਮੁੰਦਰ ਦੇ ਉਪਰ ਸੁੱਟ ਕਰ ਮੁਸੱਲੇ ਉਪਰ ਬੈਠ ਕਰ ਖੇਡਦਾ

CC-0. Gurukul Kangri University Haridwar Collection. Digitized by S3 Foundation USA

ਖੇਡਦਾ ਨਦ ਇਕ ਅਸਥਾਨ ਪਹੁੰਚਾ ਤਾਂ ਕਿਆ ਦੇਖੇ ਜੋ ਇਕ ਮੁਨਾਰਾ ਹੈ ਜਦ ਓਥੇ ਪਹੁੰਚਾ ਤਾਂ ਕਿਆ ਦੇਖਿਆ ਜੋ ਬੀਸ ਆਦਮੀ ਬੈਠੇ ਹੈਨ ਓਥੇ ਜਾ ਇਸਲਾਮ ਕੀਤੀ ਅਤੇ ਦਸਤ ਪੰਜਾ ਲੈਕੇ ਬੈਠ ਗਿਆ ਜਦ ਰਾਤ ਪਈ ਤਬ ਇਕੀ ਸ ਭਾਂਡੇ ਖਾਣੇ ਕੇ ਉਤਰੇ ਭਾਂ ਫ਼ਕੀਰਾਂ ਓਹ ਖਾਣੇ ਵੰਡ ਕੇ ਖਾਧੇ ਸਭ ਨੇ ਖਾ ਇ ਕਰ ਸੱਚੇ ਸਾਹਿਬ ਦੀ ਬੰਦਗੀ ਕਰ ਕੇ ਸਾਰੀ ਰਾਤ ਗੁਜ਼ਾਰੀ ਜਦ ਦਿਨ ਚੜ੍ਹਿਆ ਭਾਂ ਓਹ ਬੀਸ ਸੰਤ ਜਾਤੇ ਰਹੇ ਅਤੇ ਓਹ ਪੀਰ ਜਲਾਲਦੀਨ ਓਸ ਦਿਨ ਓਥੇ ਹੀ ਰਿਹਾ ਸਾਰਾ ਦਿਨ ਸੈਲ ਕਰਦਾ ਰਿਹਾ ਜਾਂ ਸਮੁੰਦ੍ਰ ਦੇ ਕੰਢੇ ਉੱਪਰ ਆਧਾ ਤਾਂ ਇਕ ਜਹਾਜ਼ ਡੁੱਬਨ ਲੱਗਾ ਭਾਂ ਪੀਰ ਜਲਾਲਦੀਨ ਕਹਿਆ ਐ ਪਰਵਰਦਗਾਰ ਦੇਖ ਕੋਈ ਪੁੱਤ੍ਰ ਛੱਡਿਆ ਯਾਂ ਹੈ ਕੋਈ ਔਰਤ ਛੱਡਿਆ ਯਾ ਹੈ ਤੇਰਾ ਕਿਆ ਸਵਰੇਗਾ ਭਾਂਤੇ ਏਹ ਜਹਾਜ਼ ਨਾ ਗ਼ਰਕ ਹੋਵੇ ਜਾਂ ਪੀਰ ਨੇ ਏਹ ਆਖਿਆ ਭਾਂ ਫੇਰ ਓਹ ਜਹਾਜ਼ ਡੁੱਬਾ ਨਾਹੀਂ ਜਦ ਰਾਤ ਪਈ ਭਾਂ ਓਹ ਬੀਸ ਫ਼ਕੀਰ ਆਇ ਬੈਠੇ ਭਾਂ ਫੇਰ ਓਹ ਖਾਣਾ ਉਤਰਿਆ ਅਤੇ ਪੀਰ ਜਲਾਲਦੀਨ ਨੂੰ ਖਾਣਾ ਉਤਰਿਆ ਭਾਂ ਪੀਰ ਭੁੱਖਾ ਰਹਿਆ ਪਰ ਓਹ ਮਰਦ ਸਾਰੀ ਰਾਤ ਬੰਦਗੀ ਕਰਦੇ ਰਹੇ ਜਾਂ ਸੁਬਹ ਹੋਈ ਭਾਂ ਓਹ ਸੰਤ ਖੁਦਾਇ ਦੇ ਪਿਆਰੇ ਚਲਦੇ ਰਹੇ ਭਾਂ ਪੀਰ ਜਲਾਲਦੀਨ ਉਸ ਦਿਨ ਭੀ ਓਥੇ ਰਹਿਆ ਜਾਂ ਦੇਖ ਦਾ ਸੀ ਭਾਂ ਕਿਆ ਦੇਖੇ ਜੋ ਓਹ ਮੁਨਾਰਾ ਢਹਿਣ ਲੱਗਾ ਭਾਂ ਪੀਰ ਨੇ ਖ਼ੁਦਾਇ ਦੇ ਕੰਮ ਨੂੰ ਨ ਵਿਚਾਰਿਆ ਤੇ ਆਖਿ ਓਸ ਕਿ ਏਹ ਮੁਨਾਰਾ ਨਾ ਢਹੇ ਜਾਂ ਪੀਰ ਨੇ ਏਹ ਕਿਹਾ ਤਾਂ ਮੁਨਾਰਾ ਢਹਿਣੇ ਤੇ ਰਹਿ ਗਿਆ ਜਦ ਫੇਰ ਰਾਤ ਪਈ ਭਾਂ ਓਹ ਸੰਤ ਓਥੇ ਆਏ ਅੱਠੇ ਰਹੇ ਭਾਂ ਖਾਣਾਂ ਉਤਰਿਓ ਨਾਹੀਂ ਭਾਂ ਓਨਾਂ ਸੰਤਾਂ ਕਹਿਆ ਜੋ ਕਿਸੇ ਬਦ ਬਖ਼ਤ ਨੇ ਖ਼ੁਦਾਇ ਦੇ ਹੁਕਮ ਵਿਚ ਭੰਗ ਪਾਯਾ ਹੈ ਭਾਂ ਓਹ ਆਪਸ ਵਿਚ ਲੱਗੇ ਸਲਾਕਰਨ ਭਾਂ ਪੀਰ ਜਲਾਲਦੀਨ ਆਖਿਆ ਕਿ ਭਾਈ ਮੈਂ ਦੁਇ ਕੰਮ ਕੀਤੇ ਹੈਨ ਇਕ ਭਾਂ ਜਹਾਜ਼ ਡੁੱਬਦਾ ਰਖਿਆ ਹੈ ਅਤੇ ਇਕ ਮੁਨਾਰਾ ਢਹਿੰਦਾ ਬਚਾਯਾ ਹੈ ਭਾਂ ਓਹਨਾਂ ਲੋਕਾਂ ਆਖਿਆ ਭਾਈ ਤੇਰਾ ਨਾਉਂ ਕਿਆ ਹੈ ਅਰਤੂੰ ਦਾ ਕਉਣ ਹੈਂ ਭਾਂ ਪੀਰ ਨੇ ਆਖਿਆ ਭਾਈ ਮੇਰਾ ਨਾਉਂ ਪੀਰ ਜਲਾਲਦੀਨ ਹੈ ਭਾਂ ਓਨਾਂ ਲੋਕਾਂ ਆਖਿਆ ਭਾਈ ਏਥੇ ਪੀਰਾਂ ਦੀ ਤੇ ਪਾਤਸ਼ਾਹਦੀ ਜਗਾ ਨਹੀਂ ਕਿਉਂ ਜੋ ਪੀਰ ਤੇ ਪਾਤਸ਼ਾਹ ਨੂੰ ਦੁਨੀਆਂ ਵਿਚ ਠਉਰ ਹੈ ਅਤੇ ਏਥੇ ਭਾਂ ਖ਼ੁਦਾਇ ਦੇ ਪਿਆਰਿਆਂ ਦੀ ਠਉਰ ਹੈ ਭਾਂ ਪੀਰ ਜਲਾਲਦੀਨ ਓਥੋਂ ਆਇ ਕੇ ਆਪਣਾ ਮੁੱਸਲਾ ਪਾਣੀ ਉਪਰ ਵਿਛਾਇ ਕਰ ਉੱਪਰ ਹੋਏ ਬੈਠਾ ਪਰ ਮੁੱਸਲਾ ਓਥੋਂ ਤੁਰੇ ਨਾਂਹੀਂ ਓਹ ਜਦੋਂ ਫ਼ਕੀਰ ਆਏ ਦਿਨ ਦੇ ਅਸਤ ਹੋਣੇ ਦੇ ਵਖਤ ਦੇਖਣ ਭਾਂ ਓਹ ਬੰਦਾ ਸਮੁੰਦ੍ਰ ਵਿਚ ਬੈਠਾ ਹੈ ਭਾਂ ਓਨਾਂ ਪੁਛਿਆ ਹੇ ਦਰਵੇਸ਼ ਤੂੰ ਏਥੇ ਕਿਉਂ ਬੈਠਾ ਹੈਂ ਭਾਂ ਪੀਰ ਜਲਾਲਦੀਨ ਆਖਿਆ ਭਾਈ ਮੇਰਾ ਮੁੱਸਲਾ ਚਲਦਾ ਨਾਹੀ ਤਾਂ ਓਹਨਾਂ ਗੁਰਮੁਖਾਂ ਕਹਿਆ ਭਾਈ ਤੂੰ ਸ੍ਰੀ ਗੁਰੂ ਨਾਨਕ ਜੀ ਕਉ ਯਾਦ ਕਰ ਭਾਂ ਤੇਰਾ ਮੁੱਸਲਾ ਚੱਲੇਗਾ ਭਾਂ ਪੀਰ ਜਲਾਲਦੀਨ ਪੁੱਛਿਆ ਭਾਈ ਤੁਸੀ ਕਉਣ ਹੋ ਤਾਂ ਓਨਾਂ ਮਰਦਾਂ ਕਹਿਆ ਭ ਈ ਅਸੀ ਵੀ ਸ੍ਰੀ ਗੁਰੂ ਨਾਨਕ ਜੀ ਦੇ ਸਿੱਖ ਹਾਂ ਭਾਂ ਪੀਰ ਜਲਾਲਦੀਨ ਨੇ ਸ੍ਰੀ ਗੁਰੂ ਨਾਨਕ ਜੀ ਕਾ

CC-0. Gurukul Kangri University Haridwar Collection. Digit

ਧਿਆਨ ਕੀਤਾ ਤਾਂ ਮੁਸੱਲਾ ਦੌੜਿਆ ਤਾਂ ਸ੍ਰੀ ਗੁਰੂ ਨਾਨਕ ਜੀ ਪਾਸ ਆਯਾ ਅਤੇ ਹੱਥ ਬੰਨ੍ਹ ਕਰ ਸਲਾਮ ਕੀਤਾ ਅਤੇ ਬੈਠ ਗਿਆ ਤਾਂ ਸ੍ਰੀ ਗੁਰੂ ਜੀ ਪੁਛਿਆ ਕਹੁ ਪੀਰ ਜੀ ਕਿਆ ਡਿੱਠੋ ਤਾਂ ਪੀਰ ਜਲਾਲਦੀਨ ਆਖਿਆ ਸ੍ਰੀ ਗੁਰੂ ਜੀ ਆਪ ਸਭ ਕੁਛ ਜਾਣਦੇ ਹੋ ਅਤੇ ਹੇ ਗਰੀਬਨਿਵਾਜ਼ ਜੀ ਆਪਦੇ ਦਾਸਾਂਦੀ ਮੇਹਰਬਾਨੀ ਕਰਕੇ ਆਪਦੇ ਕਦਮਾਂ ਉਪਰ ਆਇ ਪਹੁੰਚਾ ਹਾਂ ਜੀ ਤਾਂ ਗੁਰੂ ਨਾਨਕ ਜੀ ਸ਼ਲੋਕ ਉਚਾਰਿਆ ॥ ਲਖ ਉਲਾਂਭੇ ਦਿਵਸਕੇ ਰਾਤੀ ਮਿਲਣ ਸਹੰਸ ॥ ਸਿਫਤ ਸਲਾਹਿਣ ਛਡਕੇ ਕਰੰਗੀ ਲਗਾ ਹੰਸ ॥ ੧ ॥ ਤਾਂ ਗੁਰੂ ਨਾਨਕ ਜੀ ਆਖਿਆ ਪੀਰਜਲਾਲਦੀਨਕਰਮਕਰੰਗ ਹੈ ਓਥੇਹੰਸਾਂਦੀਮਨਾਹੀ ਹੈ ਓਥੇ ਨਾ ਬਹਿਨ ਭਾਂ ਪੀਰਜਲਾਲਦੀਨ ਸ੍ਰੀ ਗੁਰੂਜੀਕੇਪੈਰਚੁੰਮੇ ਤਦ ਪੀਰ ਜਲਾਲਦੀਨ ਓਹ ਮੁਸੱਲਾ ਸੱਟ ਘੱਤਿਆ ਤਾਂ ਪੀਰਨੂੰ ਹੁਕਮ ਹੋਯਾ ਜਾਹ ਪੀਰਜਲਾਲਤੂੰ ਪੂਰਾਪੀਰ ਕਰ ਤਾਂ ਪੀਰ ਜਲਾਲ ਨੇ ਕਹਿਆ ਗੁਰੂ ਜੀ ਪੀਰ ਕੇਹੜਾ ਕਰਾਂ ਤਾਂ ਸ੍ਰੀ ਗੁਰੂਨਾਨਕ ਜੀ ਕਹਿਆ ਜੋ ਪੀਰ ਫ਼ਰੀਦ ਕੀਤਾ ਹੈ ਤਾਂ ਪੀਰ ਜਲਾਲਦੀਨ ਸ੍ਰੀ ਗੁਰੂ ਨਾਨਕ ਜੀ ਪਾਸੋਂ ਵਿਦਿਆ ਹੋਇਆ ਸ੍ਰੀ ਗੁਰੂ ਨਾਨਕ ਦੇਵ ਜੀ ਭੀ ਓਥੇਂ ਚਲਦੇ ਰਹੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੨੬ ॥

ਸਾਖੀ ਸਿੱਧ ਮੰਡਲੀ ਨਾਲ ਹੋਈ

ਇਕ ਸਮੇ ਸ੍ਰੀ ਗੁਰੂਨਾਨਕਜੀ ਚਲੇ ਚਲੇ ਸਮੁੰਦ੍ਰਦੀ ਬਰੇਤੀ ਵਿਚ ਜਾਇ ਪ੍ਰਾਪਤਹੂਏ ਅਰ ਆਗੇ ਦੇਖਨ ਤਾਂ ਕਿਆ ਦੇਖਨ ਜੋ ਸਿੱਧਮੰਡਲੀਬੈਠੀਹੈ ਤਾਂਗੁਰੂਜੀ ਜਾਇ ਆਦੇਸਕੀਤੀ ਤਾਂ ਅਗੋਂ ਗੋਰਖਨਾਥ ਨੇ ਆਖਿਆ ਅਦੇਸਅਲੇਖਪੁਰਖਕਉ ਆਦੇਸ ਤਾਂ ਗੋਰਖਨਾਥ ਕਹਿਆ ਆਉ ਨਾਨਕ ਭਪਾਜੀ ਆਈਏਬੈਠੀਏਜੀ ਅਤੇ ਅੱਗੇਸਿੱਧਭੰਡਾਰਾ ਤਯਾਰਕਰਰਹੇਸਨ ਤਾਂ ਗੋਰਖਨਾਥ ਕਹਿਆ ਰੇ ਭਰਥਰੀ ਤੂੰ ਪਾਂਣੀ ਲੈ ਆਉ ਤਾਂ ਭਰਥਰੀਡੋਲ ਕੋਲੈਕਰਪਾਣੀ ਕੋ ਚਲਾ ਪਰਓਹ ਦੇਗ ਕੈਸੀ ਹੈਸੀ ਕਿਓਂਸਠਮਣ ਕਾ ਏਕ ਡੋਲ ਸੀ ਅਰ ਚੌਸਠ ਡੋਲ ਪਾਣੀ ਕੇ ਉਸ ਦੇਗਮੇਂ ਪੜਤੇਥੇ ਸੋ ਭਰਥਰੀਸਿਰਪਰ ਉਠਾਕੇ ਆਪਹੀਲੈਆਤਾ ਥਾ ਜਾਂਭਰਥਰੀ ਪਾਣੀ ਕੀ ਦੇਗ ਚੁਕਕਰਲਈਆਉਂਦਾਸੀ ਜਬਆਉਂਦਾ ਆਉਂਦਾ ਭਰਥਰੀ ਪੂਰਬ ਕੀ ਤਰਫ ਦੇਖਿਆ ਤਾਂ ਕੁਰੰਗ ਕੀ ਕਤਾਰਚਲੀਆਉਂਦੀਹੈ ਤਾਂ ਜਬਭਰਥਰੀਦੇਖਿਆਤਾਂ ਏਕ ਕੁਰੰਗਕੁਰੰਗਨੀ ਕੀਪੀਠ ਪਰ ਚੜ੍ਹਕਰ ਕਲੋਲ ਕਰਤਾ ਜਾਤਾਹੈ ਤਾਂ ਭਰਥਰੀ ਨੇ ਕਹਿਆ ਅਰੇ ਪਾਪੀ ਤੂੰ ਕਾਮਕ੍ਰੀਤ ਕਿਆ ਕਰਤਾਹੈਂ ਨਰਕ ਕਉ ਪ੍ਰਾਪਤ ਹੋਵੇਂਗਾ ਤਾਂਅੱਗੋਂ ਓਹ ਕੁਰੰਗ ਬੋਲਿਆ ਸੁਣਰੇ ਭਰਥਰੀਪਾਪੀਮੈਂ ਨਹੀਂ ਹਾਂ ਪਰਕਵਲਾਪਤਿਜੂਨਾਂ ਰਾਜੇ ਦੀ ਬੇਟੀ ਹੈ ਅਰ ਦੁਇਵਾਰ ਤੇਰੇਨਾਲਅਗੇਵਿਆਹੀ ਹੈ ਅਰ ਤੀਸਰੀ ਵਾਰ ਓਸਦਾ ਅਰ ਤੁਮਾਰਾ ਸੰਜੋਗ ਹੈ ਜੇਕਰ ਕਲਤੂੰ ਚਹੁੰ ਪਹਿਰਾਂ ਦੇ ਅੰਦਰ ਓਥੇ ਜਾਇਪਹੁੰਚੇਂਤਾਂਨਰਕ ਥੀਂ ਬਚੇਂਗਾ ਅਰ ਜੇਕਰ ਨਾ ਜਾਵੇਂਗਾ ਤਾਂ ਨਰਕਗਾਮੀ ਹੋਵੇਂਗਾ ਤਾਂ ਭਰਥਰੀ ਏਹ ਬਾਤ ਕੁਰੰਗ ਕੀ ਸੁਣ ਕਰ ਚਿਤ ਮੇਂ ਬਹੁਤ ਦਿਲਗੀਰ ਹੋਇ ਕਰ ਪੁੱਛਿਆ ਅਰੇ ਕੁਰੰਗ ਓਹ ਕਿਤਨੇਕ

CC-0. Gurukul Kangri University Haridwar Collection. Digitized by S3 Foundation USA

ਕੋਸਾਂ ਦਾ ਮਾਰਗ ਹੈ ਤਾਂ ਉਸ ਕੁਰੰਗ ਨੇ ਆਖਿਆ ਭਰਥਰੀ ਓਹ ਪੈਂਡਾ ਉਣਾਨਵੇਂ ਕਰੋੜ ਕੋਸਹੈਤਾਂ ਭਰਥਰੀ ਕਹਿਆ ਅਰੇ ਭਾਈਏਹਤਾਂ ਮਾਰਗ ਕਲ ਪਹੁੰਚਨੇਕਾ ਨਾਹੀਂ ਤਾਂਕੁਰੰਗ ਨੇ ਆਖਿਆ ਸੁਨ ਭਰਥਰੀ ਜੇ ਨ ਪਹੁੰਚੇਂਗਾ ਤਾਂ ਜਰੂਰ ਨਰਕਗਾਮੀ ਹੋਵੇਂਗਾ ਜੋ ਕਲ ਤੁਮਾਰਾ ਉਸਕਾ ਸੰਜੋਗ ਹੈ ਏਹ ਬਾਤ ਸੁਨਕਰ ਭਰਥਰੀ ਲਗਾਰੁਦਨ ਕਰਨ ਤਬ ਚਲਤਾ ਚਲਤਾ ਭਰਥਰੀ ਸਿੱਧ ਮੰਡਲੀਵਿਚ ਜਾਇਪਹੁੰਚਾ ਤਾਂ ਭਰਥਰੀ ਅੱਗੇ ਓਹ ਦੇਗ ਆਪੇ ਸਿਰ ਉਪਰ ਚਾਇਲੈਂਦਾ ਸਾ ਅਤੇ ਆਪੇਉਤਾਰ ਲੈਂਦਾਸੀ ਪਰ ਉਸ ਦਿਨ ਭਰਥਰੀਪਾਸੋਂ ਦੇਗ ਉਤਾਰਨ ਕੀ ਸ਼ਕਤੀ ਨਾ ਰਹੀ ਤਾਂ ਭਰਥਰੀਨੇਆਖਿਆ ਸਿੱਧੋ ਜਤੀਓ ਮੇਰੇ ਸਿਰ ਤੋਂ ਦੇਗ ਉਤਾਰੋ ਤਾਂ ਗੋਰਖ ਨਾਥ ਨੇ ਹੁਕਮ ਕੀਤਾ ਹੇ ਸਿੱਧੋ ਜਤੀਓ ਭਰਥਰੀ ਦੇ ਸਿਰ ਉਤੋਂ ਦੇਗ ਉਤਾਰ ਦੇਵੋ ਤਾਂ ਸਿੱਧਾਂਨੇ ਉਠਕੇ ਭਰਥਰੀਦੇ ਸਿਰਉਤੋਂ ਦੇਗਉਤਾਰੀ ਤਾਂਗੋਰਖਨਾਥ ਨੈ ਕਹਿਆ ਬੱਚਾ ਆਜ ਤੇਰਾ ਮੁਖ ਕਿਉਂ ਕੁਮਲਾਨਾ ਹੈ ਤਾਂ ਭਰਥਰੀ ਨੇ ਅਰਦਾਸ ਕੀਤੀ ਹੇ ਸਿੱਧੋ ਮਹਾਂਪੁਰਖੋ ਮੇਰੇ ਭਾਈਂ ਆਜ ਬੜਾ ਜਰੂਰੀ ਕਾਜ ਆਇ ਬਣਿਆ ਹੈ ਏਹ ਮੇਰਾ ਕਾਰਜ ਕਰੋ ਨਹੀਂ ਤਾਂ ਮੈਂ ਨਰਕ ਕੋ ਪ੍ਰਾਪਤ ਹੋਤਾ ਹਾਂ ਤਾਂ ਗੋਰਖਨਾਥ ਨੇ ਕਹਿਆ ਹੇ ਭਰਥਰੀ ਨਾਥ ਤੇਰੇਤਾਈਂ ਕੈਸਾਜਰੂਰਤ ਆਇਬਨਿਆ ਹੈ ਜੋ ਤੂੰ ਆਖਦਾ ਹੈਂ ਮੇਰਾ ਕੰਮ ਕਰੋ ਨਹੀਂ ਤਾਂ ਮੈਂ ਨਰਕ ਕੋ ਪ੍ਰਾਪਤ ਹੋਤਾ ਹਾਂ ਭਰਥਰੀ ਨੇ ਬੇਨਤੀ ਕੀਤੀ ਹੇ ਗੁਰੂ ਜੀ ਮੁਝਕਉ ਕੁਰੰਗ ਨੇ ਕਹਿਆ ਹੈ ਜੋ ਕਵਲਾਪਤਿ ਜੂਨਾ ਰਾਜੇ ਕੀ ਬੇਟੀ ਹੈ ਸੋ ਦੁਇ ਵਾਰ ਤੇਰੇ ਸਾਥ ਅੱਗੇ ਵਿਵਾਹੀ ਹੈ ਅਰ ਕੱਲ ਮਾਰਾ ਅਰ ਉਸਕਾ ਸੰਜੋਗ ਹੈ ਸੋ ਜੇ ਕੱਲ ਚੌ ਪਹਿਰਾਂ ਵਿਚ ਓਥੇਜਾਇਪਹੁੰਚੇਂ ਤਾਂ ਨਰਕੋਂ ਬਚੇਂਗਾ ਅਤੇ ਜੇ ਕੱਲ ਨਾਂ ਪਹੁੰਚੇਂ ਤਾਂ ਨਰਕ ਗਾਮੀ ਹੋਵੇਂਗਾ ਤਾਂ ਗੋਰਖਨਾਥ ਨੇ ਸਿੱਧ ਮੰਡਲੀ ਵਿਚ ਕਹਿਆ ਸਿੱਧੋ ਨਾਥੋ ਜਤੀਓ ਤਪੀਓ ਕੋਈ ਐਸਾ ਹੈ ਜੋ ਭਰਥਰੀ ਕਾ ਕਾਰਜਕਰੇ ਤਾਂਸਿੱਧਾਂਕਹਿਆ ਨਾਥ ਜੀ ਕਿਤਨੇ ਕੋਸਾਂ ਕਾ ਮਾਰਗ ਹੈ ਤਾਂ ਭਰਥਰੀ ਨੇ ਆਖਿਆ ਜੀ ਉਣਾਨਵੇਂ ਕਰੋੜਾਂਕੋਸਹੈ ਜਾਂਏਹਬਾਤਸਿੱਧਾਂ ਸੁਣੀ ਤਾਂ ਸਭਨਾਂਸਿੱਧਾਂ ਜਵਾਬਦੇਦਿੱਤਾ ਹੇ ਭਰਥਰੀ ਏਹ ਤਾਂ ਮਾਰਗ ਕਲ ਪਹੁੰਚਨੇ ਕਾ ਨਹੀਂ ਤਾਂ ਭਰਥਰੀ ਲਗਾ ਦੋਨੇ ਤਾਂ ਸ੍ਰੀ ਗੁਰੂ ਨਾਨਕਜੀ ਕਹਿਆ ਚਲ ਭਾਈ ਭਰਥਰੀ ਤੇਰੇ ਸਾਥ ਹਮ ਚਲਤੇ ਹੈਂ ਔਰ ਦੂਝਕੇ ਹਮ ਨਰਕ ਮੇਂ ਨਹੀਂ ਪੜਨੇ ਦੇਤੇ ਤਬ ਸੀਖ ਕਲੰਦਰੀ ਰੂਪ ਗੁਰੂ ਬਾਬਾ ਨਾਨਕ ਜੀ ਉਠ ਖੜਾ ਹੂਆ ਕਹਿਆ ਭਰਥਰੀ ਸ਼ਿਤਾਬ ਤਯਾਰਕੀ ਹੈ ਤਾਂ ਭਰਥਰੀ ਬਹੁਤ ਜਲਦੀ ਤਯਾਰ ਹੋਇਚਲਿਆ ਤਾਂ ਸ੍ਰੀ ਗੁਰੂਜੀਨੇ ਮ੍ਰਿਗਾਨ ਕੀ ਅਸਵਾਰੀ ਕਰੀ ਤੇ ਮਰਦਾਨੇ ਨੇ ਰਬਾਬਕੀ ਅਸਵਾਰੀ ਕਰੀ ਅਤੇ ਭਰਥਰੀ ਨੇ ਡੰਡੇ ਕੀ ਅਸਵਾਰੀ ਕਰੀ ਤਾਂ ਤੀਨੋਂ ਅਸਵਾਰ ਹੋਇਕੇ ਗੋਰਖਨਾਥ ਨੂੰ ਅਰ ਸਿੱਧਾਂ ਨੂੰ ਆਦੇਸ਼ ਆਦੇਸ਼ ਕਰਕੇ ਉਡੇ ਤਬ ਜਾਤੇ ਜਾਤੇ ਜਬ ਸੂਰਜ ਤੇ ਚਾਰ ਜੋਜਨ ਉਰੇ ਗਏ ਤਾਂ ਜਾਇ ਧਰਤੀ ਪਰ ਉਤਰੇ ਤਬ ਦਿਨ ਪਹਿਰ ਡੇਢ ਰਹਿੰਦਾਸੀ ਜੋ ਜੂਨਾਪਤਿ ਰਾਜੇਕੀ ਨਗਰੀ ਜਾਇਪ੍ਰਾਪਤ ਹੋਏ ਸਦਬਾਰ ਕੇ

CC-0. Gurukul Kangri University Haridwar Collection. Digitized by S3 Foundation USA

ਗਿਰਦੇਗਏ ਤਾਂ ਸ੍ਰੀਗੁਰੂਨਾਨਕਜੀ ਕਹਿਆ ਅਰੇ ਭਰਥਰੀ ਹਮ ਇਸ਼ਨਾਨ ਨਹੀਂਕੀਆ ਹਮ ਇਸ਼ਨਾਨਕਉ ਜਾਤੇਹੈਂ ਅਰ ਤੂੰ ਇਸਬਾਗ਼ਮੇਂ ਜਾਇਵੜ ਤਾਂ ਭਰਥਰੀਉਸ ਬਾਗ ਮੇਂ ਜਾਇ ਪ੍ਰਾਪਤਹੂਆ ਜਾਂ ਆਗੇ ਦੇਖੇ ਤੋ ਕਵਲਾਪਤਿਰਾਣੀਕਾਧਉਲਰਹੈ ਅਰਕਵਲਾਪਤਿ ਬਾਰੀਮੇਂ ਬੈਠੀ ਦੇਖਰਹੀਥੀ ਜਾਂ ਦੇਖੇ ਤਾਂ ਕਿਆ ਦੇਖੇ ਜੋ ਇਕ ਜੋਗੀ ਬਾਗ਼ ਮੇਂ ਸੈਲ ਕਰ ਰਹਿਆਹੈ ਤਾਂ ਕਵਲਾਪਤਿ ਰਾਣੀਨੇ ਦਾਸੀਆਂ ਸੇ ਕਹਿਆ ਅਰੀ ਜਾਇ ਜੋਗੀਕਉ ਪਕੜ ਕਰ ਮੇਰੇ ਪਾਸ ਲੈਆਓ ਤਬ ਓਹਸਹੇਲੀਆਂ ਭਰਥਰੀ ਕਉ ਪਕੜਕਰ ਕਵਲਾਪਤਿਰਾਣੀ ਦੇ ਪਾਸ ਲੈਗਈਆਂ ਤਬਕਵਲਾਪਤਿ ਰਾਣੀਨੇ ਭਰਥਰੀਦੇਪਾਉਂਮੇਂ ਪਦਮ ਦੇਖਿਆ ਤਾਂ ਰਾਣੀ ਅੰਚਲਾਪਕੜਕਰ ਠਾਂਢੀ ਭਈ ਤਬ ਭਰਥਰੀਨੇਕਹਿਆਅਰੀ ਹਮਤੋਜੋਗੀਹਾਂਅਤੇ ਤੂੰ ਹਮਾਰੇ ਕੋ ਕਿਆ ਕਹਿਤੀਹੈਂ ਤਦ ਕਵਲਾਪਤਿ ਰਾਣੀਨੇ ਕਹਾ ਤੂੰ ਜੋਗੀਨਹੀਂ ਤੂੰ ਤਉ ਰਾਜਾਭਰਥਰੀਹੈਂ ਰਾਜਾਗੰਧਰਬ ਸੈਨ ਕਾਪੁਤ੍ਰਹੈਂ ਸੁਨੋ ਰਾਜਾਜੀ ਦੁਇਵਾਰਆਗੇਤੁਮਾਰਾ ਹਮਾਰਾ ਵਿਵਾਹ ਹੋਯਾਹੈ ਅਬਤੀਸਰੀਵਾਰਹਮਾਰਾ ਤੁਮਾਰਾ ਸੰਜੋਗਹੈ ਤੁਮਕਹਾਂਜਾਤੇਹੋ ਮੈਂ ਤੁਮਾਰਾ ਰਸਤਾ ਉਡੀਕਦੀਥੀ ਜਬ ਰਾਣੀਨੇ ਏਹ ਬਾਤਕਹੀ ਤਬ ਸਹੇਲੀਆਂਸੱਭੇਸੁਨਕੇ ਦਉੜੀਆਂ ਜਾਇਕਰ ਕਵਲਾਪਤਿ ਕੀ ਮਾਇਕੋ ਕਹਿਆ ਏਕਜੋਗੀਬਾਗ਼ਮੇਂਆਯਾਹੈ ਅਰ ਤੇਰੀ ਬੇਟੀ ਉਸਕਉ ਪਕੜ ਬੈਠੀਹੈ ਅਰ ਕਹਿਤੀ ਹੈ ਕਿ ਮੈਂਜੋਗੀ ਨਾਲ ਜਾਤੀ ਹੋਂ ਤਾਂ ਹਮ ਕਹਿਆ ਜੋ ਰਾਣੀਕਉ ਖ਼ਬਰਕਰੀਐ ਜਬਰਾਣੀ ਏਹਬਾਤਸੁਨੀਤਬਉਠਖੜੀਹੋਈ ਉਸ ਜਾਇਕਰ ਜੂਨਾ ਰਾਜਾ ਕੋ ਖ਼ਬਰ ਕਰੀ ਜੋ ਹੇ ਰਾਜਾ ਜੀ ਆਪਦੇ ਬਾਗ਼ਦੇ ਵਿੱਚ ਇਕ ਜੋਗੀ ਆਇ ਵੜਿਆਹੈਔਰਤੇਰੀਬੇਟੀਉਸਦੇਨਾਲ ਜਾਤੀਹੈ ਜਬਰਾਜਾਨੇ ਏਹਬਾਤਸੁਣੀ ਤਾਂ ਉਠਖੜਾਹੋਯਾ ਅਤੇ ਹੁਕਮਦੀਆ ਕਿ ਜੋਗੀ ਕਉ ਪਕੜਲਿਆਓ ਤਾਂਵਜ਼ੀਰਜਾਇਕਰ ਜੋਗੀਕਉ ਪਕੜ ਲਿਆਯਾ ਜਾਂ ਰਾਜਾਦੇਸਾਮ੍ਹਨੇ ਆਂਦਾ ਤਾਂ ਰਾਜਾਨੇ ਹੁਕਮਦੀਆਕਿ ਇਸ ਕਉ ਮਾਰਕਰ ਦਰੀਆਉਵਿਚ ਰੁੜ੍ਹਾਇ ਦੇਵੋ ਤਾਂ ਏਹ ਹੁਕਮ ਸੁਣਕਰ ਉਸਜੋਗੀਨੂੰ ਮਾਰ ਕਰ ਦਰੀਆਉਮੇਂ ਰੋੜ੍ਹਦੀਆ ਤਾਂ ਮਰਦਾਨੇ ਕਹਿਆਗੁਰੂਜੀ ਭਰਥਰੀਨੂੰਮਾਰਕਰ ਦਰੀ-ਆਉਵਿੱਚਰੋੜ੍ਹ ਦਿੱਤਾਨੇ ਤਾਂ ਸ੍ਰੀਗੁਰੂਨਾਨਕਜੀ ਆਖਿਆ ਮਰਦਾਨਾ ਭਰਥਰੀ ਮਰਨੇਕਾ ਨਹੀਂ ਤਾਂਭਰਥਰੀ ਫੇਰਬਾਗ਼ਵਿਚਧਉਲਰਉੱਪਰਜਾਇਬੈਠਾ ਤਾਂਫੇਰਰਾਜੇਕਉ ਖ਼ਬਰਹੋਈ ਤਾਂਰਾਜੇਫੇਰਪਕੜ ਮੰਗਵਾਯਾ ਤਾਂਫੇਰ ਰਾਜੇਨੇਚਿਖਾਵਿਚ ਭਰਥਰੀ ਕੰਉ ਸਾੜਦਿੱਤਾ ਫੇਰ ਮਰਦਾਨੇ ਕਹਿਆ ਹੇ ਗੁਰੂਜੀ ਭਰਥਰੀਨੂੰਚਿਖਾਵਿਚ ਸਾੜਦਿੱਤਾ ਤਾਂ ਸ੍ਰੀਗੁਰੂਨਾਨਕਜੀ ਕਹਿਆ ਹੇਮਰਦਾਨਾ ਭਰਥਰੀਕਦੀਨਾਂ ਸੜੇਗਾ ਤਾਂਫੇਰਭਰਥਰੀਅਗਨੀਵਿੱਚੋਂ ਉਡੰਕੇਫੇਰ ਧਉਲਰਉੱਪਰਜਾਇਬੈਠਾ ਤਾਂਫੇਰਰਾਜੇਕਉ ਖ਼ਬਰ ਹੋਈ ਕਿ ਰਾਜਾ ਜੀ ਜੋਗੀ ਧਉਲਰ ਪਰ ਬੈਠਾਹੈ ਤਾਂ ਰਾਜਾਨੇ ਹੁਕਮਦੀਆ ਇਕਖਾਤਾ ਪੁੱਟਕਰ ਇਸਜੋਗੀਨੂੰ ਮਾਰਕਰ ਉੱਪਰ ਭੀਤ ਉਸਾਰਦੇਓ ਰਾਜੇਦੇ ਨੌਕਰਾਂ ਗੜ੍ਹਾ ਖੋਦਕਰ ਭਰਥਰੀਨੂੰ ਦੇਠ ਦੇਕਰ ਭੀਤਉੱਪਰ

CC-0. Gurukul Kangri University Haridwar Collection. Digitized by S3 Foundation USA

ਉਸਾਰ ਦਿੱਤੀ ਤਾਂ ਮਰਦਾਨੇ ਆਖਿਆ ਹੁਣ ਜੀ ਭਰਥਰੀ ਨੂੰ ਧਰਤੀ ਵਿੱਚ ਦਬ ਦਿੱਤਾ ਹੈ ਤਾਂ ਗੁਰੂ ਜੀ ਕਹਿਆ ਮਰਦਾਨਾ ਭਰਥਰੀ ਮਰਨੇ ਕਾ ਨਹੀਂ ਤਾਂ ਫੇਰ ਭਰਥਰੀ ਜ਼ਮੀਨ ਵਿੱਚੋਂ ਨਿਕਲ ਕੇ ਓਸ ਥਉਲਰ ਉੱਪਰ ਜਾਇ ਬੈਠਾ ਤਾਂ ਫੇਰ ਰਾਜੇ ਕੋ ਖ਼ਬਰ ਹੋਈ ਜੋ ਹੈ ਰਾਜਾ ਜੀ ਜੋਗੀ ਮਰਤਾ ਨਹੀਂ ਤਾਂ ਰਾਜਾ ਨੇ ਕਹਿਆ ਕਿ ਜੋਗੀ ਫੇ ਟਕੀ ਹੈ ਇਸ ਵਾਸਤੇ ਨਹੀਂ ਮਰਤਾ ਇਸ ਜੋਗੀ ਕੋ ਤੁਮ ਗਲ ਵਿੱਚ ਰੱਸਾ ਪਾਇ ਕਰ ਸੂਲੀ ਦੇਓ ਤਬ ਏਹ ਜੋਗੀ ਮਰੇਗਾ ਜਾਂ ਏਹ ਰਾਜੇ ਨੇ ਹੁਕਮ ਦਿੱਤਾ ਤਾਂ ਓਹ ਜੋਗੀ ਦੇ ਗਲ ਵਿਚ ਰੱਸਾ ਪਾਇ ਕੇ ਲੈ ਭੁਰੇ ਵੱਲ ਵਜਦਾ ਹੈ ਅਰ ਲੋਕ ਇਕੱਠੇ ਹੋਏ ਅਤੇ ਭਰਥਰੀ ਨੂੰ ਸੂਲੀ ਦੇ ਪਾਸ ਲੈ ਜਾਇ ਖੜਾ ਕੀਤਾ ਤਾਂ ਸ੍ਰੀ ਗੁਰੂ ਜੀ ਕਹਿਆ ਚਲ ਮਰਦਾਨਾ ਹੁਣ ਭਰਥਰੀ ਦੀ ਸਹਾਇਤਾ ਕਰੀਏ ਹੁਨ ਤਾਂ ਸੂਲੀ ਦੇਵਨ ਕਉ ਲੈ ਗਏ ਹੈਨ ਏਹ ਬਾਤਾਂ ਕਰਦੇ ਕਰਦੇ ਸ੍ਰੀ ਗੁਰੂ ਨਾਨਕ ਜੀ ਓਸ ਸੂਲੀ ਪਾਸ ਜਾਇ ਖੜੇ ਹੋਏ ਜਦ ਸ੍ਰੀ ਬਾਬੇ ਨਾਨਕ ਜੀ ਸੂਲੀ ਵਲ ਨਦਰ ਕੀਤੀ ਤਾਂ ਓਸੇ ਵਕਤ ਸੂਲੀ ਹਰੀ ਹੋਇ ਗਈ ਤਾਂ ਰਾਜੇ ਕਹਿਆ ਭਾਈ ਏਹ ਫਕੀਰ ਕਉਣ ਹੈ ਜੋ ਜਿਸ ਦੇ ਆਖਾਂ ਸੂਲੀ ਹਰੀ ਹੋਇ ਗਈ ਹੈ ਦੇਖਾਂ ਜੋ ਏਹ ਕਵਣ ਹੈ ਤਬ ਜੂਨਾ ਰਾਜੇ ਨੇ ਆਇ ਕਰ ਮਰਦਾਨੇ ਨੂੰ ਪੁਛਿਆ ਭਾਈ ਏਹ ਮਹਾਂ ਪੁਰਖ ਕਵਣ ਹੈਨ ਤਾਂ ਮਰਦਾਨੇ ਆਖਿਆ ਜੀ ਏਹ ਸੀਖ ਕਲੰਦਰ ਰੂਪ ਗੁਰੂ ਨਾਨਕ ਦੇਵ ਜੀ ਹੈਨ ਔਰ ਏਹ ਰਾਜਾ ਭਰਥਰੀ ਹੈ ਰਾਜੇ ਗੰਧਰਬ ਸੈਨ ਦਾ ਪੁੱਤ੍ਰ ਹੈ ਤਬ ਰਾਜੇ ਕਹਿਆ ਜੀ ਏਹ ਹਮਕੋ ਕਿਆ ਕਹਿਤੇ ਹੈਨ ਤਾਂ ਮਰਦਾਨਾ ਬੋਲਿਆ ਐ ਰਾਜਾ ਏਹ ਤੇਰੀ ਬੇਟੀ ਦੁਇਵਾਰ ਭਰਥਰੀ ਨਾਲ ਅੱਗੇ ਵਿਵਾਹੀ ਹੈ ਅਬ ਤੀਸਰੀ ਵਾਰ ਯੇਹ ਤੇਰੀ ਬੇਟੀ ਲੈਨੇ ਆਏ ਹੈਨ ਸੁਨਾ ਰਾਜਾ ਗਲ ਵਿਚ ਕਪੜਾ ਪਾਇ ਕਰ ਸ੍ਰੀ ਗੁਰੂ ਨਾਨਕ ਜੀ ਦੇ ਚਰਨਾਂ ਉੱਪਰ ਢਹਿ ਪਿਆ ਅਤੇ ਹੱਥ ਜੋੜਕਰ ਰਾਜੇ ਕਿਹਾ ਜੀ ਮੇਰੇ ਭਾਈਂ ਕਿਆ ਹੁਕਮ ਹੈ ਤਬ ਸ੍ਰੀ ਗੁਰੂ ਜੀ ਕਹਿਆ ਹੇ ਰਾਜਾ ਅਸੀਂ ਤੇਰੀ ਬੇਟੀ ਮਾਂਗਨੇ ਆਏ ਹਾਂ ਅੱਜ ਕੀ ਰਾਤ ਤੇਰੀ ਬੇਟੀ ਔਰ ਭਰਥਰੀ ਕਾ ਸੰਜੋਗ ਹੈ ਤਬ ਰਾਜੇਨੇ ਸ੍ਰੀ ਗੁਰੂ ਜੀ ਅੱਗੇ ਅਰਦਾਸ ਕੀਤੀ ਹੇ ਗੁਰੂ ਜੀ ਹਮਰਾਜੇ ਹੈਂ ਕੁਛ ਜੰਞ ਕਾ ਸਾਮਾਨ ਹੋਵੇ ਤੋ ਭਲਾ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਹੇ ਰਾਜਾ ਤੂੰ ਆਪਨੇ ਘਰ ਜੰਞ ਦਾ ਸਾਮਾਨ ਕਰ ਜੰਞ ਆਵੇਗੀ ਤੇ ਰਾਜਾ ਆਗਜਾ ਲੈਕੇ ਅਪਨੇ ਗ੍ਰਿਹ ਕਉ ਗਿਆ ਅਤੇ ਸ੍ਰੀ ਗੁਰੂ ਜੀ ਨੇ ਨਿਰੰਕਾਰ ਜੀ ਦੇ ਅੱਗੇ ਅਰਦਾਸ ਕੀਤੀ ਹੇ ਨਿਰੰਕਾਰ ਜੀ ਜੋ ਆਪ ਦੇ ਛਿਨਵੇਂ ਕਰੋੜੀ ਮੇਘਮਾਲਾ ਹੈ ਸੋ ਹਮਕੋ ਚਾਹੀਤੀ ਹੈ ਜੋ ਇਨ ਕੋ ਦ੍ਰਿਸ਼ਟਾਂਤ ਦੇਵਤਾ ਹੈਨ ਸੋ ਭੇਜਦੇਹੋ ਤਾਂ ਨਿਰੰਕਾਰ ਜੀ ਏਹ ਅਰਦਾਸ ਸੁਣਕਰ ਸਭ ਭੇਜ ਦੀਏ ਕਈ ਪ੍ਰਕਾਰ ਦੇ ਵਜੰਤ੍ਰੀ ਵਾਜੇ ਵਜਾਇ ਰਹੇ ਹੈਨ ਅਨੇਕ ਭਾਂਤ ਕੀ ਸੁੰਦਰ ਜੰਞ ਆਇ ਪ੍ਰਾਪਤ ਹੋਈ ਜਬ ਜੰਞ ਆਈ ਤਾਂ ਰਾਜੇ ਨੂੰ ਖ਼ਬਰ ਹੋਈ ਕਿ ਰਾਜਾ ਜੀ ਇਤਨੀ ਜੰਞ ਆਈ ਹੈ ਜੋ ਤੁਮਾਰੇ ਮੁਲਕ ਵਿਚ ਉਸ ਜੰਞ ਦੇ ਬੈਠਨੇ ਵਾਸਤੇ ਜਗਹ ਵੀ ਨਹੀਂ ਸਭ ਦੇਸ ਮੱਲ ਲਿਆ ਹੈ ਤਬ ਰਾਜੇਨੇ ਕਹਿਆ ਜੋ ਮੈਂ ਆਪਣੇ ਰਾਜ ਦੀ ਸਭ ਸਮੱਗ੍ਰੀ ਇਕੱਠੀ ਕਰਾਂ

CC-0. Gurukul Kangri U

INTERNET // ABHINAV GAUR //

ਤੋਂ ਭੀ ਏਕ ਰਾਤ ਕਾ ਖਾਨਾ ਭੀ ਨਹੀਂ ਹੋਸਕਤਾ ਤਬ ਰਾਜੇ ਗਲਵਿਚ ਕਪੜਾਪਾਇਕਰ ਸ੍ਰੀ ਗੁਰੂਨਾਨਕ ਜੀਦੇ ਚਰਨਾਂਉੱਪਰ ਮੱਥਾ ਟੇਕਿਆ ਤੇ ਕਹਿਆ ਹੇ ਗੁਰੂ ਜੀ ਮੈਂ ਭੁਲ ਗਿਆ ਹਾਂ ਜੀ ਮੈਨੂੰ ਬਖ਼ਸ਼ ਦੇਓ ਜੀ ਤਬ ਸ੍ਰੀਗੁਰੂ ਜੀ ਕਹਿਆ ਹੇਰਾਜਾ ਤੁਧਆਪੇਹੀਜੰਞ ਮੰਗੀ ਹੈ ਅਸਾਂ ਤਾਂ ਕੁਛ ਨਹੀਂ ਕਹਿਆ ਪਰ ਹੇ ਰਾਜਾ ਜੀ ਤੂੰ ਚਿੰਤਾ ਮਤ ਕਰ ਜਿੱਥੋਂ ਜੰਞ ਆਈਹੈ ਓਥੋਂ ਹੀ ਅਹਾਰ ਆਇ ਜਾਵੇਗਾ ਤਾਂ ਫੇਰ ਸ੍ਰੀ ਗੁਰੂਜੀ ਨਿਰੰਕਾਰਅੱਗੇਅਰਦਾਸ ਕਰੀ ਹੇ ਪਾਰਬ੍ਰਹਮਜੀ ਜੋਛਿਨਵੇਂ ਕ੍ਰੋੜੀ ਮੇਘ ਆਪਨੇ ਭੇਜਿਆ ਹੈ ਸੋ ਮੇਹਰਬਾਨੀ ਕਰਕੇ ਉਨਕਾ ਅਹਾਰਭੀ ਭੇਜਦੇਵੋ ਤਬ ਨਿਰੰਕਾਰਜੀ ਭੰਡਾਰੀਕੋਆਗਿਆਦਈਤਾਂ ਛੱਤੀਪ੍ਰਕਾਰ ਦੇ ਅਹਾਰ ਭੇਜ ਦਿੱਤੇ ਅਤੇ ਅਨੰਦ ਹੋਏ ਜਦ ਪਹਿਰ ਰਾਤ ਰਹੀ ਤਾਂ ਭਰਥਰੀ ਦੀਆਂ ਲਾਵਾਂ ਹੋਈਆਂ ਤਬ ਗੁਰੂਜੀ ਮੇਘਾਂਕਉ ਵਿਦਾਦਈ ਵੁਹਅਪਨੀਅਪਨੀ ਪੁਰੀਕਉ ਜਾਇ ਪ੍ਰਾਪਤਹੋਏ ਭਲਾਕਾਰਜਹੁਆ ਪਤਰਹੀ ਅੰਤੇਰਾਜਾਨੇਕਪੜਾ ਗਲ ਵਿੱਚ ਘੱਤਕੇ ਅਰਦਾਸ ਕੀਤੀ ਹੇ ਸੱਚੇਪਾਤਸ਼ਾਹ ਜੀ ਏਹ ਭਿਲਫੁਲ ਔਰ ਕੰਨਜਾਂ ਮੇਰੀ ਸਾਥਲੈਜਾਓ ਜੀ ਤਾ ਗੁਰੂ ਨਾਨਕ ਜੀ ਕਹਿਆ ਐ ਰਾਜਾ ਏਹ ਵਸਤ ਸਾਡੇ ਕਿਸੇ ਕੰਮ ਨਾਹੀਂ ਹਮਤੇਪਹੁੰਚ ਤੀਭੀ ਨਾਹੀਂ ਤਬਰਾਜਾਚੁਪਕਰਗਿਆ ਫੇਰਬਚਨ ਦੁਰਾਇਓ ਨਾਹੀਂ ਤਬ ਸ੍ਰੀਗੁਰੂ ਜੀ ਕਹਿਆ ਹੇਰਾਜਾ ਹਮਜਾਤੇਹੈਂ ਏਹਬਾਤ ਸੁਣਕਰ ਕਵਲਾਪਤੀ ਆਇ ਚਰਨੀਲਗੀ ਅਤੇ ਕਹਿਣ ਲਗੀ ਗੁਰੂਜੀ ਮੈਂ ਤੋ ਤੁਮਾਰੀ ਦਾਸੀ ਹੋਂ ਹਮਕੋ ਤੁਮ ਈਹਾਂ ਛੋਡ ਜਾਵੋਗੇ ਮੈਂਤਾਂਆਪਕੇ ਚਰਨਾਂਸਾਥਟਹਿਲਕਰੋਂਗੀ ਤਬਸ੍ਰੀਗੁਰੂਬਾਬੇਜੀਕਹਿਆ ਹੇਕਵਲਾਪਤਿਰਾਣੀ ਜੋ ਦਸ ਹਜ਼ਾਰਬਰਸ ਤਪੱਸਿਆਕਰੇਂ ਤਾਂਤੂੰਹਮਾਰੇਸਾਥ ਸਮਾਵੇਂਗੀ ਤਬ ਕਵਲਾਪਤਿ ਚੁਪ ਕਰ ਰਹੀ ਅਤੇਫੇਰ ਕਵਲਾਪਤਿ ਇਕਭੋਛਨਮਰਦਾਨੇ ਕਉ ਦੀਆ ਜੋ ਮਰਦਾਨਾ ਏਹਮੇਰੀ ਨਿਸ਼ਾਨੀਹੈ ਸੋਲੈਜਾਹੁ ਜਦਓਥੋਂਸ੍ਰੀਗੁਰੂਜੀਤੇਭਰਥਰੀਔਰ ਮਰਦਾਨਾ ਏਹ ਵਿਦਾ ਹੋਇ ਚਲੇਤਾਂਆਪਨੀਆਪਨੀਅਸਵਾਰੀਉੱਪਰਚੜ੍ਹੇਤਾਂਮਰਦਾਨੇਦਾਰਬਾਬ ਚਲੇ ਨਾਹੀਂ ਤਾਂ ਸ੍ਰੀ ਗੁਰੂਜੀ ਕਹਿਆਮਰਦਾਨਾਜੇਕੁਛਗ੍ਰਹਸਤੀਆਂਦਾਆਂਦਾਹਈਤਾਂਫੇਰਦੇਆਉ ਤਾਂ ਮਰਦਾਨੇ ਕਹਿਆਹੇਗੁਰੂਜੀ ਇੱਕਭੋਛਨ ਆਂਦਾਹੈਤਾਂਸ੍ਰੀਗੁਰੂਜੀਕਹਿਆ ਮਰਦਾਨਾ ਏਹ ਫੇਰ ਦੇਹ ਤਾਂ ਮਰਦਾਨੇਅਰਦਾਸਕੀਤੀਹੇਸੱਚੇਪਾਤਸ਼ਾਹਜੀਏਹਭੋਛਨਹੈ ਜਾਂ ਦੇਖਨ ਤਾਂ ਓਹ ਭੋਛਨ ਦਸਾਂ ਹਜ਼ਾਰਾਂ ਦੀ ਕੀਮਤ ਦਾ ਹੈ ਤੇ ਮਰਦਾਨੇਕਹਿਆ ਜੀ ਇਸ ਮੂੰਹਿਆਂਦਾ ਹੈ ਅਤੇ ਕਿਸ ਮੂੰਹਿ ਫੇਰ ਆਵਾਂ ਜੀ ਤਾਂ ਸ੍ਰੀਗੁਰੂ ਨਾਨਕ ਜੀ ਕਹਿਆ ਮਰਦਾਨਾਉਰੇਆਉ ਜਾਂਮਰਦਾਨਾ ਅੱਗੇਹੁਆ ਤੋ ਸ੍ਰੀਬਾਬੇਜੀਮੁਹਿਤੇਹੱਥਫੇਰਿਆ ਤਾਂਮਰਦਾਨੇਦਾ ਦਾਹੜਾ ਸੁਫੈਦ ਹੋਇਗਿਆ ਤਾਂ ਗੁਰੂਜੀ ਕਹਿਆ ਮਰਦਾਨਾ ਜਾਹ ਉਸ ਮੁਹਿਆਂਦਾਹਈ ਤਾਂਇਸ ਮਹਿਫੇਰਆਉ ਤਾਂ ਮਰਦਾਨਾ ਜਾਇਕਰ ਓਹਭੋਛਨ ਫੇਰਕੇ ਦੇਆਯਾ ਤਾਂਗੁਰੂਜੀਕਹਿਆ ਕਿਉਂਮਰਦਾਨਾਦੇ ਆਯਾ ਹੈਂ ਤਾਂ ਮਰਦਾਨੇ ਕਹਿਆ ਜੀ ਦੇ ਆਯਾ ਹਾਂ ਸ੍ਰੀ ਗੁਰੂਨਾਨਕ ਜੀ ਤੇ ਮਰਦਾਨਾ

CC-0. Gurukul Kangri University Haridwar Collection. Digitized by S3 Foundation USA

ਔਰ ਭਰਥਰੀ ਏਹ ਤਿੰਨੇ ਓਥੋਂ ਸਵਾਰ ਹੋਏ ਸਰਬ ਸ਼ਕਤੀ ਸੰਯੁਕਤ ਸਿੱਧ ਮੰਡਲੀ ਮੇਂ ਪ੍ਰਾਪਤ ਜਾ ਹੋਇ ਔਰਆਦੇਸ਼ ਆਦੇਸ਼ ਕੀਆ ਸਭਕਉ ਮਿਲੇ ਤਾਂਗੋਰਖਨੇ ਪੁੱਛਿਆ ਕਿਉਂ ਨਾਨਕਜੀ ਭਰਥਰੀਕਾ ਕਾਰਜਹੁਆਹੈ ਤਾਂਸ੍ਰੀਗੁਰੂਜੀ ਕਹਿਆ ਨਾਥਜੀ ਆਪਹੀ ਕੀਆ ਹੈ ਤਾਂ ਸਭਸਿੱਧ ਰਾਜ਼ੀਹੂਏ ਤਾਂਸ੍ਰੀਗੁਰੂਜੀਕਹਿਆ ਨਾਥਜੀ ਅਸੀਹੁਣ ਆਦੇਸ ਆਦੇਸ਼ ਕਰਦੇ ਹਾਂ ਜੀ ਤਾਂ ਗੋਰਖਨਾਥ ਨੇ ਕਹਿਆ ਤਪਾ ਜੀ ਤੁਮ ਕੋਈ ਦਿਨ ਟਿਕੋ ਤਾਂਸ੍ਰੀਗੁਰੂ ਜੀ ਕਹਿਆ ਨਾਥ ਜੀ ਹਮਕੋ ਆਗਜ਼ਾ ਦੀਜੋ ਹਮਰਮਤੇਹੈਂ ਤਾਂ ਗੋਰਖਨਾਥ ਨੇ ਕਹਿਆ ਹੇ ਨਾਨਕ ਜੀ ਤੁਮ ਕੋ ਨਿਰੰਕਾਰ ਜੀ ਕੀ ਆਗਜ਼ਾ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਸਭ ਸਿੱਧਾਂ ਕਉ ਮਿਲ ਕਰ ਓਥੋਂ ਚਲਦੇ ਰਹੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੨੭ ॥

ਆਗੇ ਸਾਖੀ ਕਲਕੱਤੇ ਕੀ ਚਲੀ

ਆਗੇ ਸ੍ਰੀਗੁਰੂਜੀ ਤੇਮਰਦਾਨਾ ਸਮੁੰਦਰਦੀਬਰੇਤੀਵਿੱਚ ਖੇਡ ਦੇਖੇਡਦੇ ਅੱਗੇ ਕਲਕੱਤੇ ਦੀ ਧਰਤੀਜਾਇਪ੍ਰਾਪਤਿਹੋਏ ਅਤੇਅੱਗੇਓਥੇ ਲੋਕਬਹੁਤ ਬੀਮਾਰਹੈਨ ਅਤੇਨਾਲੇ ਸ਼ਹਿਰ ਦਾ ਰਾਜਾਵੀ ਬੀਮਾਰ ਹੈਸੀ ਜਦਲੋਕਾਂ ਆਇ ਕਿਹਾ ਹੇਫ਼ਕੀਰਜੀ ਅਸਾਂ ਦਾ ਹਾਲ ਦੇਖੋ ਜੀ ਅਰ ਸਭਲੋਕ ਆਇ ਚਰਨੀਂ ਲਾਗੇ ਕੋਈਕਹੇ ਮੇਰਾਹੱਥ ਦੇਖੋ ਕੋਈਕਹੇ ਮੇਰਾ ਹੱਥ ਦੇਖੋ ਸ੍ਰੀਗੁਰੂਜੀ ਤਿੰਨਦਿਨ ਓਥੇਰਹੇ ਪਰਜੋਆਵੇ ਸੋਰੋਗਦੀਬਾਤਕਰੇ ਹੁੰਦਿਆਂ ਹੁੰਦਿਆਂ ਏਹ ਖਬਰ ਰਾਜਾਪਾਸਪਹੁੰਚੀ ਕਿ ਹੇ ਰਾਜਾਜੀ ਆਪਦੇ ਸ਼ਹਿਰਦੇਬਾਹਰ ਦੋ ਫ਼ਕੀਰ ਆਏਹੈਨ ਅਰ ਬਹੁਤਸਿਆਣੇਹੈਨਜੀ ਤੁਮਭੀ ਉਨਸੋਂ ਪੂਛੋ ਜੀ ਤਾਂ ਰਾਜਾ ਜੀ ਸੁਖਪਾਲਕੀ ਉਪਰ ਸਵਾਰ ਹੋਕਰ ਸ੍ਰੀ ਗੁਰੂ ਜੀ ਕੇ ਦਰਸ਼ਨ ਕਉ ਆਯਾ ਅਤੇ ਰਾਜੇ ਨੇ ਆਇਮੱਥਾਟੇਕਿਆ ਤੇ ਕਹਿਨੇ ਲਗਾ ਹੇ ਦੀਨਦਿਆਲ ਜੀ ਮੇਰੇ ਪੇਟਮੇਂ ਸਿਲਾ ਹੋਤੀਹੈ ਜੀ ਏਹ ਹਮਾਰਾ ਰੋਗ ਗਵਾਈਏਜੀਆਪਮੇਹਰਬਾਨੀਕਰੋਜੀਤਾਂਸ੍ਰੀਗੁਰੂਨਾਨਕਜੀਕਹਿਆ ਮਰਦਾਨਿਆਂ ਰਬਾਬ ਵਸਾਇ ਤਾਂ ਮਰਦਾਨੇ ਰਬਾਬ ਵਜਾਇਆ ਤਾਂ ਸ੍ਰੀਗੁਰੂਜੀ ਇਕ ਸ਼ਬਦ ਉਚਾਰਨਕੀਤਾ॥

ਰਾਗਭੈਰਉਅਸਟਪਦੀ ਮਹਲਾ ੨ ਘਰੁ ੨ ॥ਆਤਮਮਹਿਰਾਮਰਾਮਮਹਿਆਤਮ ਚੀਨਸਗੁਰਬੀਚਾਰਾ ॥ ਅੰਮ੍ਰਿਤਬਾਣੀਸਬਦਪਛਾਣੀ ਦੁਖਕਾਦੇਹਉਮਾਰਾ॥ ੧ ॥ ਨਾਨਕ ਹਉਮੈ ਰੋਗਬੁਰੇ ॥ ਜਹ ਦੇਖਾ ਤਹ ਏਕਾ ਬੇਦਨ ਆਪੇ ਬਖਸੇ ਸਬਦ ਧੁਰੇ ॥੧॥ਰਹਾਉ ॥ ਆਪੇਪਰਖੈਪਰਖਨਹਾਰਾਬਹੁਰਸੁਲਾਕਨ ਹੋਈ॥ ਜਿਨਕਉ ਨਦਰ ਭਈ ਗੁਰ ਮੇਲੇ ਪ੍ਰਭ ਭਾਣਾ ਸਚਸੋਈ ॥ ੨ ॥ ਪਉਣਪਾਣੀ ਬੈਸੰਤਰ ਰੋਗੀ ਰੋਗੀ ਧਰੜਸਭੋਗੀ ॥ ਮਾਤਪਿਤਾਮਾਇਆਦੇਹਸਿਰੋਗੀ ਰੋਗੀਕੁਟੰਬਸੰਜੋਗੀ ॥੩॥ਰੋਗੀ ਬ੍ਰਹਮਾਬਿਸਨਸਰੁਦ੍ਰਾਰੋਗੀਸਗਲਸੰਸਾਰਾ॥ ਹਰਿ ਪਦਿ ਚੀਨਭ ਏਸੇਮੁਕਤੇਗੁਰਕਾ ਸਬਦ ਬੀਚਾਰਾ ॥੪॥ ਰੋਗੀ ਸਾਤ ਸਮੁੰਦਸਨਦੀਆਂ ਖੰਡ ਪਤਾਲ ਸੇ ਰੋਗ ਭਰੇ ॥ ਹਰਿਕੇਲੋਕ ਸੇ ਸਾਚ ਸੁਹੇਲੇ ਸਰਬੀਥਾਈਂ ਨਦਰਕਰੇ ॥ ੫ ॥ ਰੋਗੀਖਟਦਰਸ਼ਨ

CC-0. Gurukul Kangri University Haridwar Collection. Digitized by S3 F

ਭੇਖ ਧਾਰੀ ਨਾਨਾ ਹਠੀ ਅਨੇਕਾ ॥ ਬੇਦ ਕਤੇਬ ਕਹਹਿ ਕਹਿ ਬਪੁਰੇ ਨਹ ਬੂਝਸਿ ਇਕ ਏਕਾ ॥ ੬ ॥ ਮਿਠ ਰਸ ਖਾਇ ਸੋ ਰੋਗ ਭਰੀਜੈ ਕੰਦ ਮੂਲ ਸੁਖ ਨਾਹੀ ॥ ਨਾਮ ਬਿਸਾਰ ਚਲਹਿ ਅਨਮਾਰਗ ਅੰਤਕਾਲ ਪਛਤਾਹੀ ॥ ੭ ॥ ਤੀਰਥ ਭਰਮੈ ਰੋਗ ਨ ਛੂਟਸਿ ਪੜਿਆ ਬਾਦ ਬਿਬਾਦ ਭਇਆ ॥ ਦੁਬਿਧਾਰੋਗਸੁਅਧਿਕਵਡੇਰਾ ਮਾਇਆ ਕਾ ਮੁਹਿਤਾਜ ਭਇਆ ॥ ੮ ॥ ਗੁਰਮੁਖਿ ਸਾਚਾ ਸਬਦ ਸਲਾਹੇ ਮਨਸਾਚਾ ਤਿਸ ਰੋਗ ਗਇਆ ॥ ਨਾਨਕ ਹਰਿਜਨ ਅਨਦਿਨ ਨਿਰਮਲ ਜਿਨ ਕਉ ਕਰਮ ਨੀਸਾਣ ਪਇਆ ॥ ੯ ॥

ਭਾਂ ਸ੍ਰੀ ਬਾਬੇ ਜੀ ਕਹਿਆ ਹੇ ਰਾਜਾਜੀ ਇਸ ਆਤਮੇ ਮਹਿ ਰਾਮ ਹੈ ਇਸਕੋ ਚੀਨੋ ਔਰ ਰਾਜਾਜੀ ਗੁਰ ਪੂਰਾ ਕਰੋ ਜੋ ਤੇਰੇ ਸਭੋ ਰੋਗ ਜਾਂਵਨ ਔਰ ਸ੍ਰੀ ਗੁਰੂ ਜੀ ਕੀ ਬਾਣੀਕਾ ਜਾਪ ਕਰੋ ਔਰ ਮਨ ਮਹਿ ਸੱਚ ਵਸਾਵਹੁ ਔਰ ਅਨ ਦਿਨ ਮਨ ਕਉ ਨਿਰਮਲ ਰਾਖਹੁ ਭਾਂ ਤੇਰਾ ਰੋਗ ਸਭ ਦੂਰ ਹੋ ਜਾਵੇਗਾ ਏਹ ਬਾਤ ਸੁਨਕਰ ਰਾਜਾ ਸ੍ਰੀ ਗੁਰੂ ਨਾਨਕ ਦੇਵ ਜੀਕੇ ਪੈਰਾਂ ਤੇ ਢਹਿ ਪਿਆ ਅਰ ਅਰਦਾਸ ਕੀਤੀ ਕਿ ਹੇ ਸਤਿਗੁਰੂ ਜੀ ਆਪ ਤਰਣ ਤਾਰਣ ਹੋ ਸਮਕਉ ਭੀ ਆਪਨੀ ਦੀਖਿਆ ਦੇਹੋ ਤਦ ਰਾਜਾ ਸ੍ਰੀ ਗੁਰੂਨਾਨਕ ਜੀਕਾ ਸਿੱਖ ਹੋਯਾ ਸਭ ਰੋਗਰਾਜੇ ਦੇ ਦੂਰ ਹੋਇ ਗਏ ਔਰ ਸ੍ਰੀ ਬਾਬੇ ਜੀ ਕਾ ਬਚਨ ਮੰਨਕਰ ਸਭ ਸ਼ਹਿਰਦੇ ਲੋਕ ਸਿੱਖ ਹੁਏ ਔਰ ਸ੍ਰੀ ਵਾਹਿਗੁਰੂ ਜੀ ਕਾ ਜਾਪ ਲਗੇਕਰਨ ਅਤੇ ਇਕ ਧਰਮਸਾਲਾਬਨਾਈ ਔਰ ਬਾਣੀ ਕਾ ਪ੍ਰਕਾਸ਼ ਲਗੇਕਰਨ ਸ਼ਬਦ ਕੀਰਤਨ ਰੋਜ਼ਹੋਵੇ ਤਾਂਸ੍ਰੀਗੁਰੂਨਾਨਕ ਜੀ ਰਾਜੇ ਕਉ ਉਪਦੇਸ਼ ਕੀਆ ਔਰ ਸਬਕਉ ਨਾਮ ਦੀਆ ਤੇ ਏਕਸੰਨਿਆਸੀਆਧਾ ਔਰ ਝੜੀਆਂ ਬਡੀਆਂ ਜਟਾਂਹੈਨ ਸੀਸ ਪਰ ਧਾਰੀਆਂ ਹੈਨ ਹਾਥਮੈਂ ਡੰਡਾ ਔਰ ਕਮੰਡਲ ਹੈ ਕਿਨਾਰੇਦਾਰ ਧੋਤੀ ਹੈ ਸਰੀਰ ਪਰ ਭਸਮ ਚੜ੍ਹਾਈ ਹੋਈ ਹੈ ਓਹ ਸਾਧ ਸ੍ਰੀ ਗੁਰੂ ਨਾਨਕਜੀ ਕਉ ਆਇ ਮਿਲਿਆ ਅਤੇ ਕਹਿਨਲਗਾ ਤੁਮ ਕਉਨ ਹੋ ਜੋ ਸਭ ਸੇਵਾ ਪੂਜਾ ਭੁਲਾਇ ਦਿੱਤੀ ਹੈ ਅਤੇ ਸਭ ਲੋਕ ਵਾਹਿਗੁਰੂਵਾਹਿਗੁਰੂ ਜਪਤੇਹੈਂ ਤੇ ਰਾਮ ਅਰ ਬਿਸ਼ਨ ਅਰਮਹਾਂਦੇਉ ਸਭਕੀਪੂਜਾ ਭੁਲਾਇ ਦਿੱਤੀਹੈ ਸਭ ਵਾਹਿਗੁਰੂਵਾਹਿਗੁਰੂ ਜਪਰਹੇ ਹੈਨ ਜਾਂ ਉਸ ਸਾਧ ਪਾਸੋਂ ਏਹ ਬਾਤ ਸੁਣੀਤਾਂਕਹਿਆ ਮਰਦਾਨਿਆਂ ਰਬਾਬਵਜਾਇ ਤਾਂ ਮਰਦਾਨੇ ਰਬਾਬ ਵਜਾਇਆਤਾਂ ਗੁਰੂ ਨਾਨਕ ਜੀ ਸ਼ਬਦ ਉਚਾਰਿਆ ॥ ਰਾਗ ਭੈਰਉ ਮਹਲਾ ੧ ॥ ਜੱਗ ਨ ਹੋਮ ਪੁੰਨ ਤਪ ਪੂਜਾ ਏਹ ਦੁਖੀ ਨਿਤ ਦੂਖ ਸਹੈ ॥ ਰਾਮਨਾਮ ਬਿਨਮੁਕਤਿਨਪਾਵਸਿ ਮੁਕਤ ਨਾਮਗੁਰਮੁਖ ਲਹੈ ॥੧॥ ਰਾਮ ਨਾਮ ਬਿਨ ਬਿਰਥੇ ਸਭ ਜਨਮਾ ॥ ਬਿਖ ਖਾਵੈ ਬਿਖ ਬੋਲੀ ਬੋਲੈ ਬਿਨਨਾਵੈ ਨਿਹ ਫਲਿ ਮਰਿ ਭ੍ਰਮਨਾ ॥ ੧ ॥ ਰਹਾਉ ॥ ਪੁਸਤਕ ਪਾਠ ਬਿਆਕਰਣ ਬਖਾਨੈ ਸੰਧਿਆ ਕਰਮ ਤ੍ਰਿਕਾਲਕਰੈ ॥ ਬਿਨ ਗੁਰਸ਼ਬਦ ਮੁਕਤਿ ਕਹਾਂ ਪ੍ਰਾਨੀ ਰਾਮਨਾਮ ਬਿਨ ਉਰਝ ਮਰੈ ॥੨॥ ਡੰਡ ਕਮੰਡਲਸਿਖਾ ਸੂਤ ਧੋਤੀ ਤੀਰਥ ਗਵਨ ਅਤਿਭ੍ਰਮਨਕਰੈ ॥ ਰਾਮਨਾਮਬਿਨਸਾਂਤਿਨਆਵੈ

CC-0. Gurukul Kangri University Haridwar Collection. Digitized by S3 Foundation USA

ਜਪ ਹਰਿ ਹਰਿ ਨਾਮ ਸੁ ਪਾਰ ਪਰੈ ॥ ੩ ॥ ਜਟਾ ਮੁਕਟ ਤਨ ਭਸਮ ਲਗਾਈ ਬਸਤ੍ਰ ਛੋਡ ਤਨ ਨਗਨ ਭਇਆ ॥ ਰਾਮਨਾਮ ਬਿਨ ਤ੍ਰਿਪਤ ਨ ਆਵੈ ਕਿਰਤ ਕੈ ਬਾਧੇ ਭੇਖ ਭਇਆ ॥੪॥ ਜੇਤੇ ਜੀਅ ਜੰਤ ਜਲਿ ਥਲਿ ਮਹੀਅਲ ਜਤ੍ਰ ਕਤ੍ਰ ਤੂੰ ਸਰਬ ਜੀਆ ॥ ਗੁਰਪ੍ਰਸਾਦਿ ਰਾਖਲੇਹੁ ਜਨ ਕਉ ਹਰਿ ਰਸਿ ਨਾਨਕ ਝੋਲ ਪੀਆ ॥ ੫ ॥ ਜਬ ਸ੍ਰੀ ਗੁਰੂ ਨਾਨਕ ਜੀ ਏਹ ਸ਼ਬਦ ਕਹਿਆ ਤੇ ਸੰਨਿਆਸੀ ਪੈਰੀਂ ਆਇ ਪਇਆ ਅਰਬੇਨਤੀ ਕੀਤੀ ਜੀ ਮੈਂ ਤਾਂ ਆਪ ਕਾ ਦਾਸ ਹੋਂ ਜਿਵ ਭਾਵਹਿ ਤਿਵ ਰਾਖਹੁ ਜੀ ਤਬ ਸ੍ਰੀ ਗੁਰੂ ਨਾਨਕ ਜੀ ਉਸ ਸਾਧ ਕਉ ਉਪਦੇਸ਼ ਦੀਆ ਹੇ ਸੰਤ ਜੀ ਬਿਨਾ ਰਾਮ ਨਾਮ ਤੋਂ ਮੁਕਤਿ ਨਾਹੀਂ ਹੋਤੀ ਗੁਰਾਂ ਕਾ ਵਾਕ ਲੇਕਰ ਰਾਮ ਕਾ ਜਪ ਕਰੋ ਤਬ ਉਸ ਸੰਨਿਆਸੀ ਕਹਿਆ ਹੇ ਦੀਨਬੰਧੂ ਜੀ ਮੇਰੇ ਤੋ ਆਪਹੀ ਗੁਰੂ ਹੋ ਜੀ ਤਬ ਸ੍ਰੀ ਗੁਰੂ ਜੀ ਓਸ ਪਰ ਖੁਸ਼ੀ ਕੀਤੀ ਔਰ ਓਹ ਨਿਹਾਲ ਹੁਆ ਤਾਂ ਰਾਜਾ ਪਰ ਕ੍ਰਿਪਾ ਦ੍ਰਿਸ਼ਟ ਕਰੀ ਤਦ ਸ੍ਰੀ ਗੁਰੂ ਜੀ ਓਥੋਂ ਬਿਦਿਆ ਹੋਏ ਤੇ ਓਹ ਲੋਕ ਵਿਰਾਗ ਕਰਨੇ ਲਗੇ ਪਰ ਸ੍ਰੀ ਗੁਰੂ ਜੀ ਮਰਦਾਨੇ ਕਉ ਲੈਕਰ ਓਥੋਂ ਚਲਦੇ ਰਹੇ ਸਭ ਕਾ ਰੋਗ ਦੂਰ ਹੋਇ ਗਇਆ ਸ੍ਰੀ ਗੁਰਾਂ ਦੀ ਕ੍ਰਿਪਾ ਕਰਕੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੨੯ ॥

ਅੱਗੇ ਸਾਖੀ ਸੱਯਦ ਜਲਾਲ ਨਾਲ ਹੋਈ

ਤਾਂ ਭਾਈ ਬਾਲਾ ਕਹੇ ਸ੍ਰੀ ਗੁਰੂ ਅੰਗਦ ਜੀ ਇਕ ਦਿਨ ਸ੍ਰੀ ਗੁਰੂ ਨਾਨਕ ਜੀ ਅੰਤਰਜਾਮੀ ਓਥੋਂ ਅੰਤ੍ਰਧਾਨ ਹੋਏ ਤਾਂ ਸੱਯਦ ਜਲਾਲਦੀਨ ਉਚ ਦੇ ਆਇ ਪ੍ਰਗਟੇ ਜਾਂ ਵੱਡਾ ਵੇਲਾ ਹੋਇਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਸਨਾਨ ਕਰਕੇ ਬਾਣੀ ਦਾ ਪਾਠ ਕਰਨੇ ਲਗੇ ਤਾਂ ਇਕ ਸਿੰਧੀ ਪਾਣੀ ਭਰਨ ਵਾਸਤੇ ਆਯਾ ਹੈ ਤਾਂ ਅੱਗੇ ਗੁਰੂ ਜੀ ਏਹ ਤੁਕ ਪੜ੍ਹਤੇ ਥੇ ॥ ਸ੍ਰੀ ਮੁਖਵਾਕ ॥

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥ ਗੁਰੁ ਈਸਰੁ ਗੁਰੁ ਗੋਰਖੁ ਬ੍ਰਹਮਾ ਗੁਰੁ ਪਾਰਬਤੀ ਮਾਈ ॥ ਜੇਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹ ਬੁਝਾਈ ॥ ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥ ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥ ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥ ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥ ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥

ਸ੍ਰੀ ਗੁਰੂ ਜੀ ਹੋਰ ਭੀ ਬਾਣੀ ਬਹੁਤ ਪੜ੍ਹੀ ਪਰ ਓਹ ਸਿੰਧੀ ਦੁਹਿ ਜਗਹ ਪਰ ਅਟਕਿਆ ਇਕ ਗੁਰਮੁਖਾਂ ਤੇ ਔਰ ਇਕ ਪਤਾਲਾਂ ਅਕਾਸ਼ਾਂ ਤੇ ਸ੍ਰੀ ਗੁਰੂ ਜੀ ਮਰਦਾਨਾ ਦੋਵੇਂ ਨ੍ਹਾਂਵਦੇ ਰਹੇ ਸਿੰਧੀ ਆਪਣੇ ਪੀਰ ਪਾਸ ਗਇਆ ਤਾਂ ਪੀਰ ਆਖਿਆ ਆਉ ਬੱਚਾ ਅਜ ਦਿਨ ਕਿਉਂ ਚਾੜ੍ਹਿਆ ਤਾਂ ਸਿੰਧੀ ਆਖਿਆ ਜੀ ਵੇਂ ਪੀਰ ਸਲਾਮਤ ਅਜ ਇਕ ਮੈਨੂੰ ਵਡੀ ਹੈਰਾਨਗੀ ਲੱਗੀ ਹੈ ਤਾਂ ਪੀਰ ਨੇ ਕਹਿਆ ਬੱਚਾ ਕੇਹੜੀ ਹੈਰਾਨਗੀ ਲੱਗੀ ਹੈ ਤਾਂ ਸਿੰਧੀ ਆਖਿਆ ਜੀ ਪੀਰ ਸਲਾਮਤ ਇਕ ਹਿੰਦੂ ਫ਼ਕੀਰ ਦਰੀਆ ਦੇ ਉਪਰ ਨ੍ਹਾਂਵਦਾ ਹੈ ਪਰ ਉਸਨੇ ਬੜਾ ਕੁਫਰ ਦਾ

CC-0. Gurukul Kangri University Haridwar Collection. Digitized by S3 F

ਬਕਾਉ ਬਕਿਆਹੈ ਭਾਂ ਪੀਰਨੇ ਕਹਿਆ ਏਂਚਾ ਕੈਸਾ ਬਕਾਉ ਬਕਿਆ ਹੈਸੁ ਭਾਂ ਸਿੰਧੀ ਨੇ ਕਹਿਆ ਪੀਰ ਜੀ ਤੁਸਾਂ ਕਹਿਆ ਹੈ ਕਿ ਚਉਦਾਂ ਤਬਕ ਅਤੇ ਕੁਰਾਨਮਜੀਦ ਵਿਚ ਵੀ ਪਾਕ ਪਰਵਰਦਗਾਰ ਨੇ ਚਉਦਾਂ ਹੀ ਲਿਖੇਹਨ ਅਤੇ ਉਸਏਡਾ ਤੁਫ਼ਾਨਬੋਲਿਆਹੈ ਜੋ ਲੱਖ ਹੀ ਲੱਖ ਆਖੇਹੈਂ ਸੋਜਦਦੀ ਮੈਂ ਉਸਦੀਬਾਣੀ ਸੁਣੀ ਹੈ ਤਦੋਂ ਦੀ ਮੈਨੂੰ ਹੈਰਾਨਗੀ ਲਗ ਰਹੀ ਹੈ ਭਾਂ ਪੀਰ ਨੇ ਕਹਿਆ ਏਂਚਾ ਹਿੰਦੂ ਫ਼ਕੀਰ ਕਿਥੇ ਛਡਿਓਈ ਭਾਂ ਸਿੰਧੀ ਕਹਿਆ ਪੀਰ ਜੀ ਮੈਂ ਭਾਂ ਦਰੀਆਉ ਉਪਰ ਨ੍ਹਾਂਵਦਾ ਛੱਡ ਆਯਾ ਹਾਂ ਭਾਂ ਪੀਰ ਨੇ ਕਹਿਆ ਬੱਚਾ ਜਾਹ ਉਸਨੂੰ ਸੱਦਕੇ ਲੈਆਉ ਭਾਂ ਓਹਸਿੰਧੀ ਸੱਦਨੇ ਚਲਿਆ ਭਾਂ ਸ੍ਰੀ ਗੁਰੂਨਾਨਕਜੀਅੱਗੇ ਰਸਤੇ ਵਿਚ ਆਉਂਦੇ ਮਿਲ ਪਏ ਭਾਂ ਸਿੰਧੀਕਹਿਆ ਚਲੋ ਦਰਵੇਸ਼ਜੀ ਤੁਸਾਨੂੰ ਮੇਰਾ ਪੀਰ ਯਾਦ ਕਰਦਾਹੈ ਭਾਂ ਸ੍ਰੀਗੁਰੂਜੀ ਕਹਿਆ ਚਲ ਦਰਵੇਸ਼ ਅਸੀ ਭੈਂਡੇ ਪੀਰਦੀ ਮੁਲਾਕਾਤ ਕੋ ਜਾਤੇ ਆਹੇ ਭਾਂ ਓਹ ਸਿੰਧੀ ਦੋਹਾਂਨੂੰ ਨਾਲ ਲੈ ਗਿਆ ਭਾਂ ਅੱਗੇ ਪੀਰ ਦੇਖ ਰਹਿਆ ਸੀ ਤੋਂ ਇਤਨੇਮੇਂ ਸ੍ਰੀ ਗੁਰੂਨਾਨਕਜੀ ਜਾਇ ਮੁਲਾਕਾਤ ਕਰੀ ਭਾਂ ਅੱਗੋਂ ਪੀਰ ਪੁੱਛਿਆ॥ ਉਤੇ ਏਂਦੇ ਪਹੀਅੜੇ ਇਤੇ ਅਚਾਇਨ ॥ ਭਾਂ ਅੱਗੋਂ ਜਬਾਬਸ੍ਰੀਬਾਬੇ ਨਾਨਕਜੀ ਕਹਿਆ ॥ ਗਲ ਅਪਾਰ ਸੰਦੀਆ ਜੋ ਮੰਰੇ ਸੋਦੈਨ॥ਤਾਂਪੀਰ ਸਈਯਦ ਜਲਾਲ ਅੱਗੋਂ ਉਠਕਰ ਦਸਤਬੋਸੀ ਕੀਤੀ ਅਤੇਮੂੰਹਤੇ ਬਚਨਕੀਤਾ ॥ ਯਾਰ ਸਲਾਮਾ ਲੈਕ ਬਰਾਖ਼ੁਦਾਈ ਸੱਚ ਕਹੁ ॥ ਦਰਗਹ ਕੀ ਵਸੇਖ ਆਖ ਸੁਨਾਈਂ ਸੱਚਮੂੰ॥ਭਾਂਗੁਰੂਨਾਨਕਜੀ ਕਹਿਆ॥ ਪੀਰ ਸੁਣਾਊਂ ਸੱਚ ਅੱਗੇ ਦਰਗਾਹਸੋਹਿਨ ਸਚੀਆਂ ॥ ਝੂਠੀਆਂਨਾਹੀ ਠਾਉ ਫੇਰਚਉਰਾਸੀਹ ਹੁਦੀਆਂ॥ ਭਾਂਫੇਰਸਿੰਧੀ ਆਖਿਆ ਪੀਰ ਸਲਾਮਤ ਜੀ ਮੇਰੀ ਗੱਲ ਏਵੇਂ ਹੀ ਰਹੀ ਅਤੇ ਤੁਸੀ ਭਾਂ ਆਪਸਵਿਚਹੀ ਪਰਚਗਏ ਭਾਂ ਪੀਰ ਆਖਿਆ ਕਹੁ ਬੱਚਾ ਝੂੰ ਕੇ ਆਖਦਾਹੈਂ ਭਾਂ ਸਿੰਧੀ ਆਖਿਆ ਹੇ ਪੀਰ ਸਲਾਮਤ ਤੁਸਾਂ ਵੀ ਚਉਦਾਂਹੀ ਆਖੇਹੈਨ ਅਤੇ ਕੁਰਾਨ ਵਿਚ ਵੀ ਚਉਦਾਂਹੀ ਲਿਖੇ ਹੈਨ ਅਤੇ ਪੈਕੰਬਰਾਂ ਵੀ ਚਉਦਾਂ ਹੀ ਆਖੇ ਹੈਨ ਔਰ ਇਸ ਦਰਵੇਸ਼ ਨੇ ਲੱਖਾਂ ਕਹੇ ਹਨ ਸੋ ਮੈਂ ਆਖਦਾਹਾਂ ਏਹ ਖਿਲਾਫ਼ ਬੋਲਦਾਹੈ ਕਿ ਤੁਸੀ ਖਿਲਾਫ਼ ਬੋਲਦੇਹੋ ਭਾਂ ਪੀਰ ਨੇ ਕਹਿਆ ਸੁਨਬੱਚਾਝੂਠਾਨੇਈਭੀਨਹੀਂਬੋਲਦੇ ਜਿਸਨੂੰਚਉਦਾਂਦੀਨਜ਼ਰਖੁਲ੍ਹੀਹੈ ਓਹਚਉਦਾਂਆਖਦੇ ਹੈਂ ਅਤੇਬੱਚਾ ਜਿਨ੍ਹਾਂ ਦੀ ਲੱਖਾਂ ਦੀ ਨਜ਼ਰਖੁਲ੍ਹੀਹੈ ਓਹ ਲੱਖਾਂ ਹੀ ਦਸਦੇ ਹੈਨ ਭਾਂ ਪੀਰ ਸਈਅਦ ਜਲਾਲ ਨੇ ਆਖਿਆ ਕਹੁ ਨਾਨਕ ਦਰਵੇਸ਼ ਲੱਖਾਂਦੇਅੱਗੇ ਕਿਆਹੈ ਭਾਂ ਸ੍ਰੀਗੁਰੂ ਨਾਨਕਜੀ ਆਖਿਆ ਸੁਣ ਪੀਰਜੀ ਲੱਖਾਂਦੇਅੱਗੇ ਫਿਅੰਤ ਹੈ ਅਤੇ ਇਸਤੋਂ ਅੱਗੇ ਮੈਂ ਕੀ ਜਾਣਾਂਤਾਂ ਪੀਰਕਹਿਆ ਬੱਚਾ ਲੱਖਾਂਥੀਂਅੱਗੇਇਸਨੂੰਵੀਖ਼ਬਰਨਹੀਂ ਜਿਥੋਂਤੀਕਰ ਇਸਦੀ ਨਜ਼ਰ ਖੁਲ੍ਹੀਹੈ ਸੋ ਇਸ ਆਖਿਆਹੈ ਭਾਂ ਫੇਰ ਸਿੰਧੀ ਆਖਿਆਜੀ ਦੂਸਰੀ ਗੱਲ ਕੀਕਰਹੈ ਜੋਇਸਨੇਕਹਿਆਹੈ ਰੁ ਰਮੁਖ ਸੋਕਉਣਹੈਨ ਭਾਂ ਪੀਰ ਜਲਾਲਦੀਨ ਪੁਛਿਆਕਹੁ ਨਾਨਕ ਦਰਵੇਸ਼ ਜੋ ਗੁਰਮੁਖ ਕਿਸਨੂੰ ਆਖਦੇ ਹੋ ਭਾਂ ਸ੍ਰੀਗੁਰੂਜੀਕਹਿਆ ਪੀਰ ਮੈਂ ਕੇ ਜਾਣਾਂ ਭਾਂ

CC-0. Gurukul Kangri University Haridwar Collection. Digitized by S3 Foundation USA

ਪੀਰਨੇ ਆਖਿਆ ਨਾਨਕ ਦਰਵੇਸ਼ ਹੁਣਲੇਟਨਾਹੀਂ ਭਾਂਗੁਰੂਨਾਨਕਜੀ ਕਹਿਆ ਪੀਰ ਜੀ ਮੈਂ ਭਾਂ ਸਗੋਂ ਤੁਸਾਂਥੀਂ ਪੁੱਛਨ ਆਯਾ ਹਾਂ ਭਾਂ ਪੀਰ ਕਹਿਆ ਸੁਣੋ ਨਾਨਕਜੀ ਜੇਕਰ ਸਾਡੇ ਮੰਡਲਦੀ ਗੱਲਹੋਵੇ ਭਾਂ ਨਿਕੇ ਨੀਂ ਗਰ ਭੀ ਦੱਸਦੇਵਨ ਪਰ ਜੋ ਤੁਸਾਡੇ ਮੰਡਲ ਦੀ ਗੱਲ ਹੈ ਸੋ ਤੂੰ ਹੀ ਜਾਣੇਂ ਭਾਂ ਸ੍ਰੀਗੁਰੂਨਾਨਕਜੀ ਏਹਕਹਿਆ ਜੋ ਪੀਰ ਜੀ ਹੱਥੋਂ ਮੈਂ ਭਾਂ ਆਪਦੇਪਾਸ ਆਇਆਹੀ ਪੁੱਛਣਹਾਂ ਭਾਂ ਸੱਯਦ ਜਲਾਲਨੇ ਸਭਨਾਂ ਸਿੰਧੀਆਂ ਨੂੰ ਬੁਲਾਯਾ ਤੇ ਕਹਿਓਸ ਭਾਈ ਏਹਦਰਵੇਸ਼ ਅਸਾਂਦੇਭਕੀਏ ਉਪਰਆਇਬੈਠੇਹੈਂ ਅਸੀ ਇਨ੍ਹਾਂਨੋਂ ਬੈਠਾਇ ਜਾਂਦੇ ਹਾਂ ਅਤੇ ਤੁਸਾਂ ਅਸਾਡੇ ਆਉਂਦਿਆਂ ਤੀਕਰ ਬਿਹਜ ਕਰ ਜਾਨਣਾਅਤੇਮੇਰੇਆਉਂਦਿਆਂਤੋੜੀ ਇਨ੍ਹਾਂਦਾ ਹੁਕਮ ਬਜਾਲਿਆਉਂਣਾ ਕਿਸੇ ਬਾਤਥੀਂ ਉਜ਼ਰਨਹੀਂ ਕਰਨਾ ਭਾਂ ਪੀਰ ਕਹਜਾ ਹੇ ਨਾਨਕਜੀ ਤੁਸੀ ਸਾਨੂੰ ਕੋਈ ਗੁਰਮੁਖਾਂ ਦੀ ਗੱਲ ਦਸੋ ਭਾਂ ਸ੍ਰੀ ਗੁਰੂਨਾਨਕਜੀ ਕਹਿਆ ਪੀਰਜੀ ਤੁਸਾਨੂੰ ਆਪਹੀ ਮਲੂਮ ਹੋਜਾਵੇਗੀ ਭਾਂ ਫੇਰ ਪੀਰਨੇ ਕਹਿਆ ਹੇਨਾਨਕਦਰਵੇਸ਼ ਜੀ ਤੁਸਾਂ ਅਸਾਡੇ ਆਉਂਦਿਆਂ ਤੀਕਰ ਏਥੋਂ ਜਾਣਾਨਾਹੀਂ ਭਾਂ ਸ੍ਰੀਗੁਰੂਜੀ ਆਖਿਆ ਪੀਰ ਜੀਤੁਸੀ ਕੇਹੜੇ ਪਾਸੇਜਾਂਦੇਹੋ ਭਾਂ ਪੀਰਨੇ ਕਿਹਾ ਅਸੀ ਗੁਰਮੁਖਾਂ ਦਾ ਜਵਾਬ ਲੈਣੇ ਵਾਸਤੇ ਜਾਂਦੇ ਹਾਂ ਭਾਂ ਸ੍ਰੀਗੁਰੂਜੀ ਕਹਿਆ ਪੀਰਜੀ ਕਿਸਜਗਾਂ ਜਾਵੋਗੇ ਭਾਂਪੀਰਨੇ ਕਹਿਆਨਾਨਕ ਜੀ ਅਸੀ ਮੱਕੇ ਜਾਵਾਂਗੇ ਤਾਂ ਗੁਰਮੁਖਾਂ ਦਾ ਜਬਾਬ ਲਿਆਵਾਂਗੇ ਭਾਂ ਗੁਰੂਨਾਨਕਜੀ ਕਹਿਆ ਪੀਰ ਜੀ ਤੁਸਾਂ ਸਮੁੰਦਰ ਦੇ ਰਾਹ ਜਾਣਾਂ ਭਾਂ ਪੀਰ ਇਕ ਕਥਾ ਗਲ ਪਾਯਾ ਅਤੇ ਕੁੱਲਹਾ ਸਿਰਤੇ ਰਖਿਆ ਅਤੇਹੱਥ ਵਿੱਚ ਆਸਾ ਪਕੜਿਆ ਇਕ ਅਸਤਾਵਾ ਲਿਆ ਪੈਰੀਂ ਕਉਂਸਾਂ ਪਾਈਆਂ ਅਤੇ ਮੁਸੱਲਾ ਕੱਛ ਵਿਚ ਮਾਰ ਲਿਆ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੨੯ ॥

ਆਗੇ ਸਾਖੀ ਗੁਰਮੁਖਾਂ ਨਾਲ ਹੋਈ

ਭਾਂ ਭਾਈ ਬਾਲੇ ਪੁਛਿਆ ਸ੍ਰੀ ਗੁਰੂਜੀ ਮੱਕਾ ਓਹ ਹੈ ਜਿੱਥੇ ਮਰਦਾਨਾ ਗਿਆ ਸੀ ਕਿ ਕੋਈ ਹੋਰ ਮੱਕਾਹੈ? ਭਾਂ ਫੇਰ ਗੁਰੂਨਾਨਕ ਜੀ ਬੋਲੇ ਭਾਈ ਓਹੀ ਹੈ ਭਾਂ ਮੈਂ ਪੁੱਛਿਆ ਗੁਰੂ ਜੀ ਓਥੋਂ ਕਿਸ ਪਾਸੋਂ ਪੁਛਕੇ ਆਵੇਗਾ ਭਾਂ ਸ੍ਰੀ ਬਾਬਾਜੀ ਕਹਿਣ ਲਗੇ ਹੇ ਬਾਲਾ ਏਹ ਫ਼ਕੀਰ ਬੰਦਗੀਦਾ ਪੂਰਾਹੈ ਪਰ ਇਸਦਾ ਪੀਰ ਕੱਚਾ ਹੈ ਸੁ ਇਤਨੇ ਚਿਰਨੂੰ ਸੱਯਦ ਜਲਾਲ ਜਹਾਜ਼ ਉੱਪਰ ਜਾਇ ਚੜ੍ਹਿਆ ਭਾਂ ਜਹਾਜ਼ ਭੁਰਿਆ ਜਾਂਦਾ ਹੈ ਭਾਂ ਸੱਯਦ ਜਲਾਲ ਦੇਖੇ ਭਾਂ ਇਕ ਪਹਾੜ ਨਜ਼ਰੀ ਆਯਾਹੈ ਭਾਂ ਸੱਯਦ ਜਲਾਲ ਨੇ ਆਖਿਆ ਹੇਖ਼ੁਦਾਇਜੀ ਜੇਕਰ ਏਸਪਹਾੜ ਨਾਲ ਜਹਾਜ਼ ਜਾਇਲਗੇ ਭਾਂ ਏਸ ਪਹਾੜਦੀ ਵੀ ਸੈਲ ਕਰ ਲਈਏ ਕੁਦਰਤ ਖ਼ੁਦਾਇਦੀ ਨਾਲ ਐਸਾ ਝੱਖੜ ਵੱਗਿਆਜੋਜਹਾਜ਼ ਉਸੇ ਪਹਾੜ ਨਾਲ ਜਾਇ ਲੱਗਾ ਭਾਂ ਜਹਾਜ਼ ਵਿੱਚੋਂ ਹੋਕਾ ਮਿਲਿਆ ਭਾਈ ਜਹਾਜ਼ਵਿੱਚੋਂ ਜਿਨਉਤਰਨਾਹ ਸੋ ਉਤਰ ਪਵੇ ਭਾਂ ਪੀਰਉਸੇਵਕਤ ਉਤਰਗਿਆ ਭਾਂ ਉਸਪਹਾੜ ਉਪਰ ਚੜ੍ਹਗਿਆ ਭਾਂਉਪਰਜਾਇਕਰ ਦੇਖੇ ਤੋ ਬੜੀ ਸੁੰਦਰ ਜਗਹਬਣੀਹੈਤੇਮਸਨਦ ਵਿਛੀਹੈ ਔਰਸੁੰਦਰ ਸੇਜਾਂ ਹੈਨ ਸਭ ਸਮਿਗ੍ਰੀ ਹਾਜ਼ਰਹੈ ਤੇ ਉਚੇ

CC-0. Gurukul Kangri University Haridwar Collection. Digitized by S3 Foundation USA

ABHINAV GAUR

ਰਹਿਣ ਵਾਲਾ ਕੋਈ ਨਹੀਂ ਤਾਂ ਪੀਰ ਨੇ ਮਨ ਵਿੱਚ ਕਹਿਆ ਭਾਈ ਏਹ ਪਦਾਰਥ ਸੁੰਞੇ ਤਾਂ ਨਹੀਂ ਹੋਣੇ ਕੋਈ ਤਾਂ ਆਵੇਗਾ ਈਨਾ ਤਾਂ ਸੱਯਦ ਜਲਾਲ ਓਥੋਂ ਉਤਰਕੇ ਸਮੁੰਦ ਦੀ ਸੈਲ ਕਰਨ ਲਗਾ ਜਾਂ ਦੇਖਦਾਸੀ ਤਾਂ ਕਿਆ ਦੇਖੇ ਜੋ ਸਮੁੰਦ ਦੇ ਉਪਰ ਵਰਖਾ ਲਗੀ ਹੋਵਨ ਤਾਂ ਸੱਯਦ ਜਲਾਲ ਦੇਖਕਰ ਕਹਿਣ ਲੱਗਾ ਐ ਖੁਦਾਵੰਦ ਜਿੱਥੇ ਲੋੜ ਹੈ ਓਥੇ ਨਹੀਂ ਵਰਸਦਾ ਜਿੱਥੇ ਨਹੀਂ ਲੋੜ ਓਥੇ ਵਰਸਦਾ ਹੈ ਪੀਰਦੇ ਇਤਨੇ ਕਹਿਨੇ ਨਾਲ ਓਹ ਵਰਖਾ ਰਹਿ ਗਈ ਤਾਂ ਫੇਰ ਸੱਯਦ ਜਲਾਲ ਓਸ ਪਹਾੜਦੇ ਉਪਰ ਚੜ੍ਹ ਗਿਆ ਜਾਂ ਦੇਖੇ ਤਾਂ ਬੜੇ ਅੱਛੇ ਸੁੰਦ ਸਰੂਪ ਸੰਤਾਂ ਕੇ ਰੂਪ ਆਪੋ ਆਪਣੇ ਆਸਣਾਂ ਉਪਰ ਬੈਠੇ ਹਨ ਪਰਮੇਸ਼ਰ ਦੀ ਬੰਦਗੀ ਕਰ ਰਹੇ ਹੈਨ ਤਾਂ ਪੀਰ ਜਲਾਲ ਵੀ ਇੱਕ ਦੇ ਪਾਸ ਬਹਿ ਗਿਆ ਜਾਂ ਰਾਤ ਪਹਿਰ ਗਈ ਤਾਂ ਉਨ੍ਹਾਂ ਸੰਤਾਂ ਨੂੰ ਨਿਰੰਕਾਰ ਦੀ ਦਰਗਾਹ ਸੇਂ ਇੱਛਾ ਅਨੁਸਾਰ ਭੋਜਨ ਉਤਰੇ ਤਾਂ ਜਿਸ ਦੇ ਪਾਸ ਸੱਯਦ ਜਲਾਲ ਬੈਠਾ ਸੀ ਉਸਨੇ ਆਪਣੇ ਗੁਰਦੇਵ ਪਾਸ ਜਾਇਕਰ ਮੱਥਾ ਟੇਕਿਆ ਤਾਂ ਓਸ ਪੁੱਛਿਆ ਕਿਉਂ ਰੇ ਭਾਈ ਭੋਜਨ ਉਤਰਿਆ ਹੈ ਤਾਂ ਓਸਨੇ ਕਹਿਆ ਜੀ ਉਤਰਿਆ ਹੈ ਤਾਂ ਫੇਰ ਗੁਰੂ ਨੇ ਕਹਿਆ ਅਰੇ ਪਰਚੇ ਹੋ ਤਾਂ ਓਸਨੇ ਕਹਿਆ ਜੀ ਪਰਚੇ ਨਾਹੀਂ ਤਾਂ ਗੁਰਦੇਵਨੇ ਪੁਛਿਆ ਰੇ ਪਰਚੇ ਕਿਉਂ ਨਹੀਂ ਤਾਂ ਓਸਨੇ ਕਹਿਆ ਜੀ ਇਕ ਕਿਸੇ ਧਰਤੀ ਦਾ ਦਰਵੇਸ਼ ਹੈ ਓਸਨੂੰ ਭੋਜਨ ਨਹੀਂ ਉਤਰਿਆ ਤਾਂ ਗੁਰਦੇਵਨੇ ਕਹਿਆ ਭਾਈ ਓਸਨੇ ਪਰਮੇਸ਼ਰ ਦਾ ਭਾਣਾ ਨਹੀਂ ਮੰਨਿਆ ਕਿਉਂ ਜੋ ਆਹਾਰ ਕਿਸਦਾ ਅਤੇ ਓਹ ਕਿਸਦਾ ਤਾਂ ਓਸ ਆਖਿਆ ਜੀ ਆਹਾਰ ਭੀ ਓਸਦਾ ਹੈ ਓਹ ਵੀ ਓਸਦਾ ਤਾਂ ਗੁਰਦੇਵਨੇ ਆਖਿਆ ਭਾਈ ਤੂੰ (ਥਕਾਰਾ) ਕਉਨ ਹੈ ਜੋ ਹਰਛ ਦਰਿਮਿਆਨ ਲੈ ਆਵੇਂ ਤਾਂ ਫੇਰ ਏਹ ਆਪਣੇ ਆਸਨ ਉਪਰ ਆਇਕਰ ਭੋਜਨ ਖਾਇਕਰ ਬੈਠ ਗਿਆ ਪਰ ਦੇਣ ਤੋਂ ਸੰਗਦਾ ਰਹਿਆ ਤਾਂ ਸੱਯਦ ਜਲਾਲ ਚੁਪ ਕਰਕੇ ਬੈਠ ਰਹਿਆ ਅਤੇ ਆਖਿਓ ਸੁ ਕਿ ਵਾਹ ਤੇਰੀ ਕੁਦਰਤ ਇਤਨੇ ਮੇਂ ਓਹ ਚਲੇ ਗਏ ਨਾਂ ਆਉਂਦੇ ਦੇਖੇ ਅਤੇ ਨਾ ਜਾਂਦੇ ਦੇਖੇ ਜਾਂ ਅਗਲੀ ਪ੍ਰਭਾਤ ਹੋਈ ਤਾਂ ਸੱਯਦ ਜਲਾਲ ਦੀਆਂ ਪਲਕਾਂ ਲੱਗ ਗਈਆਂ ਤਾਂ ਓਹ ਮਹਾਂ ਪੁਰਖ ਜਾਂਦੇ ਨਜ਼ਰੀ ਨਾ ਆਏ ਤਾਂ ਸੱਯਦ ਜਲਾਲ ਨੇ ਕਹਿਆ ਐ ਖੁਦਾਵੰਦ ਤੇਰੀ ਕੁਦਰਤ ਏਹ ਕਹਿਕਰ ਫੇਰ ਸਮੁੰਦ ਦੇ ਕਿਨਾਰੇ ਪਰ ਆਇ ਬੈਠਾ ਜਾਂ ਦੇਖੇ ਤਾਂ ਕਿਆ ਦੇਖੇ ਇਕ ਜਹਾਜ਼ ਡੁੱਬਦਾ ਹੈ ਅਤੇ ਤੰਦੂਆ ਖਿੱਚੀ ਜਾਂਦਾ ਹੈ ਤਾਂ ਏਹ ਪੀਰ ਦੇ ਚਿੱਤ ਵਿੱਚ ਆਈ ਤੇ ਕਹਿ ਓਸ ਯਾ ਖ਼ੁਦਾਵੰਦ ਕੋਈ ਮਾਇ ਬਾਪ ਛਡ ਆਯਾ ਹੈ ਕੋਈ ਪੁਤ੍ਰ ਧੀਆਂ ਛੱਡ ਆਯਾ ਹੈ ਕਿ ਸੇ ਕਰਜ਼ਾ ਕਢਾਇਕਰ ਮਾਲ ਲੱਦਿਆ ਹੈ ਹੇ ਖੁਦਾ ਤੇਰਾ ਕੀ ਸੌਦੇ ਬਾਜਾਂ ਏਹ ਗੱਲ ਪੀਰ ਨੇ ਆਖੀ ਤਾਂ ਜਹਾਜ਼ ਡੁੱਬਣ ਥੀਂ ਰਹਿ ਗਯਾ ਤਾਂ ਫੇਰ ਸੱਯਦ ਜਲਾਲ ਨੇ ਆਖਿਆ ਭਾਈ ਸਵੇਰੇ ਚਲੀਏ ਜੋ ਆਉਂਦੇ ਦੇਖੀਏ ਜਾਂ ਫੇਰ ਪਹਾੜ ਦੇ ਉੱਪਰ ਚੜ੍ਹਿਆ ਤਾਂ ਦੇਖੇ ਸੱਭੇ ਆਪੋ ਆਪਣੀ ਜਗਹ ਬੈਠੇ ਹੈਨ ਤਾਂ ਫੇਰ ਓਸੇ ਪਾਸ ਜਾਇ ਬੈਠਾ ਜਾਂ ਫੇਰ ਓਹ ਵੇਲਾ ਆਹਾਰ ਉਤਰਨ ਕਾ ਹੁਆ ਤਾਂ ਓਸਨੂੰ ਆਹਾਰ ਨਹੀਂ ਉਤਰਿਆ ਤਾਂ ਓਹ ਸਾਧ ਬਿਸਮਾਦ ਹੋਯਾ ਅਤੇ ਫੇਰ ਆਪਣੇ ਗੁਰਦੇਵ ਜੀ ਪਾਸ ਜਾਕੇ ਮੱਥਾ ਟੇਕਿਆ ਤਾਂ

CC-0. Gurukul Kangri University Haridwar Collection. Digitized by S3 Foundation USA

ਗੁਰਦੇਵਨੇ ਉਸਨੂੰ ਪੁੱਛਿਆ ਕਿਉਂ ਰੇਅਹਾਰ ਉਤਰਿਆਹੈ ਤਾਂ ਓਸਨੇ ਕਹਜਾ ਜੀ ਉਤਰਿਆ ਹੈ ਤਾਂ ਗੁਰਦੇਵਨੇ ਕਹਿਆ ਭਾਈ ਪਰਚੇ ਹੋ ਤਾਂ ਓਸਨੇ ਕਹਿਆ ਜੀ ਨਾਹੀਂ ਪਰਚੇ ਤਾਂ ਗੁਰਦੇਵ ਨੇ ਕਹਿਆ ਕਿਉਂ ਭਾਈ ਤਾਂ ਫੇਰ ਉਸ ਸਾਧਨੇ ਕਹਿਆ ਜੀ ਜੋ ਕੱਲ੍ਹ ਵਾਲਾ ਦਰਵੇਸ਼ ਅੱਜ ਵੀ ਭੁੱਖਾ ਹੈ ਤਾਂ ਓਸ ਮਹਾਂ ਪੁਰਖਨੇ ਕਹਿਆ ਭਾਈ ਓਸ ਦਰਵੇਸ਼ਕੋ ਬੁਲਾਵੋ ਦੇਖੀਏ ਜੋ ਕਿਆ ਭਕਸੀਰ ਓਸ ਕੀਤੀਹੈ ਜੋ ਅਹਾਰ ਨਹੀਂ ਹੱਥ ਲੱਗਾ ਓਹ ਸਾਧ ਆਨਕੇ ਸੱਯਦ ਜਲਾਲ ਕੋ ਬੁਲਾਇ ਕਨ ਲੈ ਗਿਆ ਅਤੇ ਗੁਰਦੇਵ ਦੇ ਸਨਮੁਖ ਜਾਇ ਖਲੋਤਾ ਮਹਾਂ ਪੁਰਖਾਂ ਨੇ ਓਸਨੂੰ ਪੁੱਛਿਆ ਭਾਈ ਤੂੰ ਕਿੱਥੋਂ ਆਇਆਹੈਂ ਅਤੇ ਕਿਥਾਉਂ ਜਾਣਾਹੈ ਤਾਂ ਸੱਯਦ ਜਲਾਲ ਨੇ ਕਹਾਜੀ ਮੈਂ ਉੱਛਥੀਂ ਆਯਾ ਹਾਂ ਅਤੇ ਮੱਕੇ ਵਿੱਚ ਚਲਿਆ ਹਾਂ ਤਾਂ ਫੇਰ ਮਹਾਂਪੁਰਖਾਂ ਕਹਿਆ ਹੇ ਦਰਵੇਸ਼ ਓਥੇ ਕਿਸਵਾਸਤੇ ਚਲਿਆ ਹੈਂ ਤਾਂ ਸੱਯਦ ਜਲਾਲਨੇ ਕਹਿਆਜੀ ਮੈਂ ਗੁਰਮੁਖਾਂ ਦੇ ਲੱਛਨ ਪੁੱਛਣ ਚਲਿਆ ਹਾਂ ਅਤੇ ਨਾਲੇ ਦੇਖਨ ਚਲਿਆ ਹਾਂ ਗੁਰਮੁਖਕਿਸਤਰਾਂਹੁੰਦੇਹੈਨ ਤਾਂ ਫੇਰ ਗੁਰਦੇਵਨੇਪੁੱਛਿਆ ਭਾਈ ਤੇਰੀ ਉਮਰਾ ਕਿਤਨੀ ਹੈ ਓਸਨੇ ਕਹਿਆਜੀ ਮੈਨੂੰ ਤਾਂ ਮਾਲੂਮ ਨਹੀਂ ਤਾਂ ਫੇਰ ਗੁਰਦੇਵਨੇ ਕਹਿਆ ਭਾਈ ਤੂੰ ਆਪਨੀ ਉਮਰਾ ਵਿੱਚ ਬਿਨਾਂ ਇਨ੍ਹਾਂ ਦੋਹਾਂ ਦਿਨਾਂਦੇ ਅੱਗੇਵੀ ਕਦੀ ਭੁੱਖਾ ਰਹਿਆ ਹੈਂ ਤਾਂ ਸੱਯਦ ਜਲਾਲ ਨੇ ਆਖਿਆ ਹੇ ਸੰਤ ਜੀ ਮੈਂ ਕਦੀ ਭੁੱਖਾ ਨਹੀਂ ਰਹਿਆ ਤਾਂ ਗੁਰਦੇਵਨੇ ਕਹਿਆ ਹੇਦਰਵੇਸ਼ ਤੂੰ ਆਪਣੀਤਕਸੀਰ ਜ਼ਾਹਰ ਕਰ ਕਿਉਂ ਜੋ ਨਿਰੰਕਾਰ ਤਾਂ ਕਦੀਨਹੀਂ ਭਕਸੀਰਕੀਤੀ ਪਰਤੂੰ ਅੱਛੀ ਤਰਾਂ ਦੇਖਤਾਂ ਸੱਯਦ ਜਲਾਲਨੇ ਆਖਿਆਜੀਮੈਂ ਇਨ੍ਹਾਂ ਦੋਹਾਂ ਦਿਨਾਂਵਿੱਚ ਸਮੁੰਦ੍ਰ ਦੀਆਂ ਲਹਿਰਾਂ ਦੇਖਦਾ ਰਹਿਆ ਹਾਂ ਇਕ ਦਿਨ ਤਾਂਸਮੁੰਦ੍ਰਵਿੱਚਬਾਰਸ਼ਹੁੰਦੀਸੀ ਤੇ ਮੈਂ ਆਖਿਆ ਹੇਖ਼ੁਦਾਇਤੂੰ ਇਹ ਕਿਆ ਕਰਦਾਹੈਂ ਜਿੱਥੇਲੋੜਹੈ ਓਥੇਮੀਂਹ ਨਹੀਂਪਾਂਵਦਾ ਅਤੇਜਿੱਥੇ ਨਹੀਂ ਲੋੜ ਓਥੇਮੀਂਹ ਪਾਂਵਦਾਹੈਂ ਜਾਂ ਮੈਂ ਏਹਆਖਿਆ ਤਾਂ ਮੀਂਹ ਪੈਨੇਥੀਂ ਬੰਦ ਹੋਇਗਿਆ ਅਤੇ ਮਹਾਂਪੁਰਖ ਜੀ ਅਗਲੇ ਦਿਨ ਜਦ ਮੈਂ ਦੇਖਿਆ ਤਾਂ ਇਕ ਜਹਾਜ਼ ਡੁਬਦਾ ਨਜ਼ਰੀ ਆਯਾ ਤਾਂ ਮੈਂ ਆਖਿਆ ਐਖ਼ੁਦਾਵੰਦ ਕੋਈ ਮਾਂ ਬਾਪ ਛਡ ਆਯਾ ਹੈ ਅਤੇ ਕੋਈ ਆਪਨੀ ਔਰਤ ਧੀਆਂ ਪੁੱਤ੍ਰ ਛੋਡ ਕਰ ਆਯਾਹੈ ਅਤੇਕੋਈ ਕਰਜ਼ਾ ਕਢਵਾਇ ਕਰ ਬਿਪਾਰ ਕਰਨੇ ਆਯਾ ਹੈ ਜੇਕਰ ਜਹਾਜ਼ ਡੁਬਗਿਆ ਤਾਂ ਤੇਰਾ ਕਿਆ ਸੋਰ ਜਾਵੇਗਾ ਜਾਂ ਮੈਂ ਏਹ ਆਖਿਆ ਤਾਂ ਜਹਾਜ਼ ਡੁੱਬਣ ਥੀਂ ਰਹਿਗਿਆ ਜਾਂ ਸੱਯਦ ਜਲਾਲਨੇ ਏਹ ਬਾਤ ਸੁਨਾਈ ਤਾਂ ਓਸ ਗੁਰਦੇਵ ਨੇ ਕਹਿਆ ਭਾਈ ਏਸ ਮਨਮੁਖ ਨੂੰ ਏਥੋਂ ਕੱਢ ਦੇਓ ਕਿਉਂਕਿ ਐਸੇ ਝੂਠੇ ਕਾ ਦਰਸ਼ਨ ਨਹੀਂ ਕਰਨਾ ਚਾਹੀਦਾ ਏਹਅਸਾਡੇ ਮੰਡਲ ਦੀ ਲਾਇਕ ਨਹੀਂ ਤਾਂਸੱਯਦ ਜਲਾਲ ਨੇ ਆਖਿਆ ਜੀ ਮੈਂ ਤਾਂ ਕੋਈਗੁਨਾਹਨਹੀਂਕੀਤਾ ਅਤੇ ਮੇਰੇਵਿੱਚ ਕੇਹੜੀ ਗੁਸਤਾਖ਼ੀਹੈ ਤਾਂ ਗੁਰਦੇਵਨੇ ਕਹਿਆ ਸੁਣ ਭਾਈ ਜੋ ਓਸ ਪਰਵਦਗਾਰਦਾ ਭਾਣਾਹੈ ਸੋ ਉਸਕਰਨਾਹੈ ਅਤੇ ਤੂੰ ਓਸਦੇ ਭਾਣੇ ਨੂੰ ਮੇਟਿਆ ਹੈ ਤਾਂਤੇਤੂੰਬੇਮੁਖਹੈਂ ਕਿਉਂ ਜੋ ਤੂੰ ਹੁਣਜਾਣਦਾਹੋਵੇਂਗਾ ਕਿ ਜੋ ਮੈਂ ਆਖਿਆ ਹੈ ਸੋ

CC-0. Gurukul Kangri University Haridwar

OF INTERNET // ABHINAV GAUR //

ਖ਼ੁਦਾਇ ਕਰਦਾ ਹੈ ਹੁਣ ਮੈਂ ਬੜਾ ਪੀਰ ਹੋਇ ਗਿਆ ਹਾਂ ਨਹੀਂ ਭਾਈ ਖ਼ੁਦਾਇਦਾ ਹੁਕਮ ਗੁਰਮੁਖ ਨਹੀਂ ਫੇਰਦੇ ਤਾਂ ਸੱਈਯਦ ਜਲਾਲ ਨੇ ਆਖਿਆ ਜੀ ਗੁਰਮੁਖ ਕਉਣਹੈਨ ਤੇ ਮਨਮੁਖ ਕਉਣ ਹੈਂ ਤਾਂ ਗੁਰਦੇਵਨੇ ਆਖਿਆ ਭਾਈ ਜੋਸੱਚੇਪਰਮੇਸ਼ਰਦਾਕੀਤਾਹੋਯਾਫੇਰੇ ਨਾ ਅਤੇ ਉਸਦਾ ਭਾਣਾ ਮੰਨੇ ਅਤੇ ਉਸਦਾ ਹੁਕਮ ਮਿੱਠਾ ਕਰਕੇ ਮੰਨੇ ਅਤੇ ਦੁਖਸੁਖਇਕੋ ਜੇਹਾ ਜਾਣੇ ਅਤੇ ਹਰ ਵਿੱਚ ਸਾਈਂ ਜਾਣ ਸੰਭਾਂਦੇ ਅਧੀਨ ਰਹੇ ਸੁਣ ਦਰਵੇਸ਼ ਜਿਨ੍ਹਾਂ ਵਿੱਚ ਏਹਲੱਛਨਹੈਨ ਉਨ੍ਹਾਂਨੂੰਗੁਰਮੁਖ ਕਹਿੰਦੇਹੈਨਅਤੇ ਜੇਹੜਾ ਉਸਦੇਕੀਤੇ ਉੱਪਰਸ਼ੱਕ ਕਰੇ ਉਸਦੇ ਕੀਤੇ ਨੂੰ ਮੰਨੇਨਹੀਂ ਓਹਬੇਮੁਖਹੈਨ ਤਾਂ ਸੱਈਯਦ ਜਲਾਲ ਨੇ ਆਖਿਆ ਸੰਤ ਜੀ ਏਹਗੱਲਸੱਚਹੈ ਤਾਂ ਭਲਾਹੋਯਾ ਜੀ ਅਸਾਡੀ ਨੇੜੇਹੀ ਨਿਸ਼ਾ ਹੋਇਗਈਹੈ ਜੀ ਨਹੀਂ ਤਾਂ ਅਸੀ ਮੱਕੇ ਵਿੱਚ ਚੱਲੇਸਾਂ ਜੀ ਪਰਅਸੀਂ ਤਾਂ ਆਪਣੇਮਜ਼ਹਬ ਵਾਲਿਆਂ ਪਾਸੋਂ ਪੁਛਨਚਲੇ ਸਾਂਜੀ ਤਾਂਗੁਰਦੇਵਨੇ ਕਹਿਆ ਹੇ ਦਰਵੇਸ਼ਤੂੰ ਆਪਣੇ ਤਕੀਏਉਪਰਵੀ ਕਿਸੇਨੂੰ ਛੱਡਆਯਾ ਹੈਂ ਤਾਂ ਸੱਈਯਦ ਜਲਾਲਨੇਆਖਿਆਜੀ ਮੈਂ ਇਕ ਫ਼ਕੀਰ ਛੱਡ ਆਯਾ ਹਾਂ ਤਾਂ ਗੁਰਦੇਵਨੇ ਆਖਿਆ ਭਾਈ ਜਿਸਨੂੰ ਤੂੰ ਆਪਣੇਤਕੀਏ ਤੇ ਛੱਡ ਆਯਾ ਹੈਂ ਓਹਸਭਕੁਛ ਜਾਣਦੇ ਹੈਨ ਤਾਂ ਸੱਯਦਜਲਾਲ ਨੇ ਆਖਿਆ ਭਾਈ ਮੈਂ ਏਹ ਸਾਧ ਜਾਂਦੇਨਹੀਂਦੇਖੇ ਤਾਂ ਓਸਰਾਤ ਸਾਰੀ ਜਾਗਦਾਰਹਿਆਜਦ ਓਨਾਂਦੇ ਜਾਵਨਦਾਵਕਤਹੋਯਾਤਾਂ ਸੱਈਯਦ ਜਲਾਲਦੀਆਂ ਪਲਕਾਂ ਲਗ ਗਈਆਂ ਜਦ ਓਹ ਦੇਖੇ ਤਾਂ ਓਥੇਕੋਈ ਵੀ ਨਹੀਂ ਤਾਂ ਫੇਰ ਸੱਈਯਦ ਜਲਾਲ ਨੇ ਕਹਿਆ ਭਾਈ ਓਸ ਖ਼ੁਦਾਇਦੀ ਕੁਦਰਤ ਦਾ ਅੰਤਨਹੀਂ ਪਰਅੱਛਾਹੁਣਕੋਈਜਹਾਜ਼ ਆਵੇ ਤਾਂ ਚੜ੍ਹਕਰ ਆਪਣੇ ਤਕੀਏ ਕੋ ਚਲੀਏ ਜਦ ਦੇਖੇ ਤਾਂ ਕਿਆ ਦੇਖੇ ਜੋ ਇਕਜਹਾਜ਼ ਆਇ ਗਿਆ ਤਾਂ ਸੱਈਯਦ ਜਲਾਲ ਉਸ ਜਹਾਜ਼ਉੱਪਰਸਵਾਰ ਹੋਯਾ ਤਾਂ ਆਪਣੇ ਆਸਨ ਪਰ ਆਇ ਪ੍ਰਾਪਤਿ ਹੋਯਾ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਕੋ ਆਇ ਮਿਲੇ ਅਤੇ ਗੁਰੂਨਾਨਕਜੀ ਨਾਲ ਦਸ਼ਭਬੋਸੀ ਲਈ ਅੱਗੋਂ ਸ੍ਰੀ ਗੁਰੂ ਮਹਾਰਾਜ ਜੀ ਵੀ ਦਸਭਬੋਸੀ ਕਰੀ ਤਾਂ ਸ੍ਰੀ ਗੁਰੂ ਨਾਨਕ ਦੇਵਜੀ ਕਹਿਆ ਸੱਈਯਦ ਜਲਾਲ ਜੋ ਤੁਮ ਗੁਰਮੁਖਾਂ ਦਾ ਜਵਾਬ ਪੁਛਣ ਗਏ ਸਾਓ ਸੋ ਦੱਸੋ ਕਿਸ ਤਰ੍ਹਾਂ ਜਵਾਬ ਲਿਆਏ ਹੋ ਤਾਂ ਸੱਈਯਦ ਜਲਾਲ ਨੇ ਕਹਿਆ ਸੁਣੋ ਗੁਰੂ ਨਾਨਕਜੀ ਏਹ ਸਭ ਕੁਛ ਆਪਨੂੰ ਮਲੂਮਹੈ ਅਤੇਮੈਂਜੋ ਸੁਣਆਯਾ ਹਾਂ ਸੋ ਸਭ ਆਪ ਅੱਗੇ ਕਹਿਦੇ ਭਾਹੋਂ ਜੋ ਉਸ ਪਰਮੇਸ਼ਰ ਜੀ ਕਾ ਹੁਕਮ ਮੰਨੇ ਅਤੇ ਭਾਣੇ ਉੱਪਰ ਰਾਜ਼ੀ ਰਹੇ ਅੰਤੇ ਸੁਖ ਦੁਖ ਏਕ ਸਮ ਜਾਣੇ ਤਾਂ ਓਸਨੂੰ ਗੁਰਮੁਖਕਹਿਤੇਹੈਨ ॥ ਅਤੇ ਜੋ ਖ਼ੁਦਾਇ ਦਾ ਹੁਕਮ ਮੰਨੇ ਨਾਹੀਂ ਸੋ ਮਨਮੁਖ ਹੈਨ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਹੇ ਸੱਈਯਦ ਜਲਾਲ ਏਹ ਜਵਾਬ ਤੂੰ ਕਿਥੋਂ ਲਿਆਇਆ ਹੈਂ ਤਾਂਪੀਰ ਸੱਈਯਦ ਜਲਾਲ ਨੇ ਆਖਿਆ ਨਾਨਕਜੀਮੈਂ ਜਦਏਥੋਂ ਗਿਆ ਤਾਂ ਅੱਗੇ ਇਕਪਹਾੜਆਯਾ ਤਾਂ ਮੈਂ ਉਸਪਹਾੜ ਉੱਪਰਜਾਕੇਦੇਖਿਆ ਤਾਂ ਉਥੇਕੁਦਰਤਦੇਦਰਵੇਸ਼ਰਹਿੰਦੇਆਹੇਉਨਾਂਨੂੰਕੁਦਰਤਦਾਅਹਾਰ

CC-0. Gurukul Kangri University Haridwar Collection. Digitized by S3 Foundation USA

ਉਤਰਿਆ ਪਰ ਗੁਰੂ ਨਾਨਕਜੀ ਉਨ੍ਹਾਂਦਾ ਆਉਣ ਜਾਣਦਾ ਰਸਤਾਨਹੀਂ ਖ਼ਬਰਜੋਕਿੱਥੋਂ ਆਉਂਦੇ ਸਨ ਤਾਂ ਗੁਰੂਜੀ ਪੁੱਛਿਆ ਹੇਸੱਯਦ ਜਲਾਲ ਓਹ ਕਉਨ ਦਰਵੇਸ਼ ਹੈਗੇ ਸਨਤਾਂ ਸੱਈਯਦਜਲਾਲਕਹਿਆ ਹੇ ਗੁਰੂਨਾਨਕਜੀ ਉਨ੍ਹਾਂ ਦਰਵੇਸ਼ਾਂਦਾ ਸਾਇਆ ਬਹੁਤ ਸੀ ਏਸ ਵਾਸਤੇ ਮੈਂ ਪੁਛ ਨਾ ਸਕਿਆ ਅਤੇ ਨਾ ਮੈਨੂੰ ਕੁਛ ਸੁਧਪਈ ਤਾਂਸ੍ਰੀ ਗੁਰੂਜੀ ਕਹਾ ਹੁਣ ਤੁਸਾਡੇ ਦਿਲ ਵਿਚਕੀ ਆਂਵਦੀਹੈ ਸੱਈਯਦ ਜਲਾਲ ਨੇ ਆਖਿਆ ਜੀ ਤੁਸਾਡੇ ਸਦਕਾ ਹੁਣਏਵੇਂ ਦਿਲ ਆਂਵਦੀ ਹੈ ਜੋ ਖ਼ੁਦਾਇਦਾਭਾਣਾ ਹੈ ਸੋਈਸੱਚਹੈ ਤਾਂਗੁਰੂਨਾਨਕਜੀਕਹਿਆ ਪੀਰਜੀ ਹੁਣ ਅਸਾਨੂੰ ਵਿਦਿਆ ਦੇਓ ਤਾਂ ਸੱਯਦ ਜਲਾਲ ਨੇ ਕਹਿਆ ਨਾਨਕ ਜੀ ਏਥੇਕੋਈਦਿਨ ਰਹੋ ਤਾਂ ਸ੍ਰੀ ਗੁਰੂਜੀ ਸੱਯਦ ਜਲਾਲ ਨਾਲ ਬਹੁਤਬਾਤਾਂ ਰੱਬਪ੍ਰਸਤੀ ਦੀਆਂ ਕੀਤੀਆਂ ਤਾਂ ਫੇਰ ਗੁਰੂਨਾਨਕ ਜੀ ਆਖਿਆ ਪੀਰ ਜੀ ਅਸਾਨੂੰ ਰੁਖਸਤ ਦੇਵੋ ਜੀਤਾਂ ਸੱਯਦ ਜਲਾਲਨੇ ਆਖਿਆ ਨਾਨਕਜੀਤੁਸਾਂਨੂੰ ਰਜ਼ਾਇ ਖ਼ੁਦਾਇਦੀਹੈ ਜੀ ਤਾਂ ਗੁਰੂਨਾਨਕਜੀਓਥੋਂ ਚਲੇ ਤਾਂ ਮਰਦਾਨੇ ਪੁਛਿਆ ਗੁਰੂਜੀ ਓਸ ਪਰਬਤ ਉੱਪਰ ਕਉਨਸਾਧਹੈਗੇਸਨ ਜਿਨਾਂ ਪਾਸੋਂ ਏਹ ਪੀਰ ਪੁਛਕਰ ਮੁੜ ਆਯਾ ਹੈ ਤਾਂ ਸ੍ਰੀ ਗੁਰੂ ਜੀ ਕਹਿਆ ਮਰਦਾਨਾ ਓਸ ਪਰਬਤ ਉੱਪਰ ਨਾਰਦ ਗੁਸਾਂਈਂਦੇਸਿੱਖਹੈਂ ਉਨ੍ਹਾਂ ਸਾਧਾਂਦੀ ਸੰਗਤਿਆਹੀ ਓਹ ਪੂਰਨਸਾਧਹੈਨ ਅਤੇਮਹਾਂ ਪੁਰਖ ਆਹੇ ਅਤੇ ਓਨਾਂ ਦੇ ਬਾਝੋਂ ਸੱਯਦ ਜਲਾਲ ਸਿੱਧਾ ਨਹੀਂ ਸੀ ਹੋਂਦਾ ਤਾਂ ਮਰਦਾਨੇ ਕਹਿਆਸ੍ਰੀਗੁਰੂਜੀਹੁਣ ਕੇਹੜੀ ਤਰਫ਼ਚਲਦੇ ਹੋ ਜੀਤਾਂਗੁਰੂਨਾਨਕਜੀਕਹਿਆਮਰਦਾਨ ਜਿਧਰ ਕਰਤਾਰ ਲੈਚਲਸੀ ਉਸੇਪਾਸੇ ਚਲਾਂਗੇ॥ ਬੋਲਹੁਭਾਈਜੀਵਾਹਿਗੁਰੂ ॥ ੧੩੦

ੴ ਸਤਿਗੁਰਪ੍ਰਸਾਦਿ ॥

ਅਥ ਜੁਗਾਵਲੀ ਲਿਖਯਤੇ ॥ ਤਾਂ ਸ੍ਰੀਗੁਰੂ ਨਾਨਕ ਜੀ ਪਉਣ ਅਹਾਰੀ ਹੂਏ ਅਤੇ ਨਾਲ ਈਡਾਬਾਢੀ ਥਾ ਬਿਸੀਅਰ ਦੇਸਵਾਲਾ ਤਿਸਨੋਂ ਜੁਗਾਵਲੀ ਪ੍ਰਾਪਤਹੋਈ ਨਗਰ ਛੁਟ ਘਾਟ ਕਾ ਤਿਸ ਮਹਿਲ ਬਿਸਾਦ ਪੜ੍ਹਦਾ ਥਾ ॥ ਆਗੇ ਜੁਗਾਵਲੀ ਚਲੀ ॥ਚਹੁਅੱਖਰਾਂਕਾ ਮਖੰਤ ਈਡੇਬਾਢੀ ਨੂੰ ਸੁਣਾਇਆ ॥ ਸੰਮਤ ੧੫੬੯ ॥ ਆਰਬਲਾ ਸ੍ਰੀ ਗੁਰੂਨਾਨਕਜੀਕੀਵਰ੍ਹਿਆਂ ਪੰਤਾਲੀਆਂ ਕੀ ਹੋਈ ਅਤੇਦਾੜ੍ਹਾਸ੍ਰੀਬਾਬੇਜੀਕਾਬਹੁਤ ਧਉਲਾਤੇਥੋੜਾਕਾਲਾ ॥ ਜੁਗਾਵਲੀ ॥ ੪੦ ਜੁਗ ਪਿੱਛੇ ਬੈਠਿਆਂਮਿਹਨਤ ਕੀਤੀਸੀ ਸੋ ਸਿੱਧ ਨਾਥ ਕਉ ਸੁਣਾਇ ਆਰਬਲਾ ਦਮਾਹੀ ਹੈ ॥ ਆਗੇ ਪਉੜੀ ਚਲੀ ॥ ਇਕ ਕਰੋੜ ਬਹੱਤਰ ਲੱਖ ਅਠਾਈ ਹਜ਼ਾਰ ੧੭੨੨੮੦੦੦ ॥ਅਨੰਤਯੁਗਅਨੰਤਅਹਿਰਹਿਆ ॥ ਸਹਿਜਵਾਨਮਹਿ ਵਾਹ ਵਾਹ ਕਹਿਆ ॥ ਕਹੁਨਾਨਕ ਅਨੰਤਯੁਗਕੀਗਾਥਾ ॥ ਵਾਹਵਾਹਕਰਦਿਆਂਸਭਦੁਖਲਾਥਾ ॥ ੧ ॥ ਇਕ ਕਰੋੜ ਅਠਾਹਠ ਲੱਖ ਅਠਤਾਲੀ ਹਜ਼ਾਰ ੧੯੮੪੮੦੦੦ ॥ ਦੁਰਲੰਭੇਆ ਜੁਗਾ ਵਾਹਵਾਹ ਕੀਨਾ ॥ ਸਾਹਜਵਾਣ ਵਾਹਵਾਹ ਜਪਲੀਨਾ ॥ ਕਹੁਨਾਨਕ ਦੁਰਲੰਭੇਆ ਯੁਗਕੀ

CC-0. Gurukul Kangri University Haridwar Collection. Digitized by S3 Foundation USA

ABHINAV GAUR

ਗਾਥਾ ॥ ਵਾਹਵਾਹਜਪਦਿਆਂਸਭਦੁਖਲਾਥਾ ॥੨॥ ਇਕ ਕਰੋੜ ਪਚਵੰਜਾ ਲੱਖ ਬਾਨਵੇਂ ਹਜ਼ਾਰ ੧੫੫੯੨੦੦੦ ॥ ਬੱਜਰਯੁਗ ਮਹਿ ਕੀਰਤਨ ਗਾਇਆ ॥ ਸਹਿਜਵਾਨ ਮਹਿ ਵਾਹਵਾਹਕਰਾਇਆ ॥ ਕਹੁਨਾਨਕਬੱਜਰਯੁਗਕੀਗਾਥਾ ॥ ਵਾਹਵਾਹਜਪਦਿਆਂਸਭਦੁਖ ਲਾਥਾ॥੩॥ਇਕਕਰੋੜ ਚੁਰੰਜਾ ਲੱਖ ਚਉਰਾਸੀ ਹਜ਼ਾਰ ੧੫੪੯੪੦੦੦ ॥ ਧਰਮ ਜੁਗ ਧਿਆਨ ਪ੍ਰਭ ਧਰਿਆ ॥ ਸਹਿਜਵਾਨਮਹਿਵਾਹਵਾਹ ਕਰਿਆ ॥ ਕਹੁ ਨਾਨਕ ਧਰਮ ਯੁਗ ਕੀਗਾਥਾ॥ਵਾਹਵਾਹਜਪਦਿਆਂਸਭਦੁਖਲਾਥਾ॥੪॥ ਇਕ ਕਰੋੜ ਚਉਰੰਜਾ ਲੱਖ ਤਰੀਹ ਹਜ਼ਾਰ੧੫੪੩੦੦੦੦।ਗਉਸਲਿਆਯੁਗਿਗੁਰਮੁਖਜਾਤ॥ਸਹਿਜਵਾਨਵਾਹਵਾਹਪਛਾਤਾ ॥ ਕਹੁਨਾਨਕ ਗਉਸਲਿਆਯੁਗਕੀ ਗਾਥਾ ॥ਵਾਹਵਾਹਜਪਦਿਆਂ ਸਭ ਦੁਖ ਲਾਥਾ ॥ ੫ ॥ ਇਕ ਕਰੋੜ ਪੰਜਾਹਲੱਖ ਅਠਾਈਹਜ਼ਾਰ ੧੫੦੨੮੦੦੦ ॥ ਦੁਰਲੰਭੈਆਯੁਗਕੀਤਾ ਏਹ ਧਿਆਨ॥ਸਹਿਜਵਾਣਮਹਿਵਾਹਵਾਹਪਰਧਾਨ ॥ ਕਹੁਨਾਨਕਦੁਰਲੰਭੈਆਯੁਗਕੀ ਗਾਥਾ ॥ ਵਾਹਵਾਹਜਪਦਿਆਂ ਸਭਦੁਖਲਾਥਾ ॥ ੬ ॥ ਇਕ ਕਰੋੜ ਬੈਤਾਲੀ ਲੱਖ ਛਿਵੰਜਾ ਹਜ਼ਾਰ ੧੪੨੫੬੦੦੦ ॥ ਰੇਚਕਯੁਗਰਚਰਹਿਆਗਿਆਨੀ॥ਸਹਿਜਵਾਣਵਾਹਵਾਹਮਤਜਾਨੀ ॥ ਕਹੁਨਾਨਕਰੇਚਕ ਯੁਗਕੀ ਗਾਥਾ ॥ ਵਾਹਵਾਹ ਜਪਦਿਆਂ ਸਭਦੁਖ ਲਾਥਾ ॥੭॥ ਇਕ ਕਰੋੜ ਅਠੱਤੀ ਲੱਖ ਬੈਤਾਲੀ ਹਜ਼ਾਰ ੧੩੯੪੨੦੦੦ ॥ ਮਨਮਾਲ ਯੁਗ ਮਹਿ ਮਾਨ ਮਿਟਾਨਾ ॥ ਸਹਿਜਵਾਨ ਮਹਿ ਵਾਹ ਵਾਹ ਮਿਤਜਾਨਾ ॥ ਕਹੁ ਨਾਨਕ ਮਨਮਾਲ ਯੁਗ ਕੀ ਗਾਥਾ ॥ ਵਾਹਵਾਹ ਜਪਦਿਆਂ ਸਭਦੁਖ ਲਾਥਾ ॥ ੮ ॥ ਇਕ ਕਰੋੜ ਤੇਤੀ ਲੱਖ ਬਾਨਵੇਂ ਹਜ਼ਾਰ ੧੩੩੯੨੦੦੦ ॥ ਚਕ੍ਰ ਯੁਗ ਚਿਤ ਹਰ ਸਿਉ ਰਚਿਆ ॥ ਸਹਿਜਵਾਣ ਮਹਿ ਵਾਹ ਵਾਹ ਬਦਿਆ ॥ ਕਹੁ ਨਾਨਕ ਚਕ੍ਰ ਯੁਗ ਕੀ ਗਾਥਾ ॥ ਵਾਹ ਵਾਹ ਜਪਦਿਆਂ ਸਭ ਦੁਖ ਲਾਥਾ ॥ ੯ ॥ ਨਉਯੁਗ ਨਿਬ੍ਹੜੇ ਵੱਵੇ ਨਾਲ ਮਿਹਨਤਕੀਤੀ ਅਗੇ ਵੱਵੇ ਕੀ ਪਉੜੀ ਕਹੀ ॥ ਵੱਵਾ ਨੀਕਾ ਵਾਸਦੇਵਾ ॥ ਆਪੇ ਚੇਲਾ ਆਪੇ ਕਰੇ ਸੇਵਾ ॥ ਵੱਵੇ ਵਾਹ ਵਾਹ ਜਪ ਲੀਨਾ ॥ ਨਵਯੁਗ ਵੱਵਾ ਮਥ ਕਰ ਕੀਨਾ ॥ ਅੱਖਰ ਵੰਙ ਵੱਵਾ ਨਾਉਂ ਧਰਿਆ ॥ ਨਾਨਕ ਨਉਜੁਗਵੱਵਾਕਰਿਆ ॥੧॥ ਧਿਆਉਵੱਵੇਕਾਨਿਬਹਿਆ ॥ ਤੇਰਹ ਕਰੋੜ ਚਉਹੱਤਰਲੱਖ ਬੱਤੀ ਹਜ਼ਾਰ ੧੩੭੪੩੨੦੦੦ ॥ਵੱਵੇਕੇ ਜੁਗਾਂਕਾਜੋੜ ॥ ਸਹਿਜਵਾਨ ਮਹਿ ਵਾਹਵਾਹ ਕੀਨਾ॥ ੧ ॥ ਆਗੇ ਹਾਹਾ ਚਲਿਆ ਹੈ ॥ ਇਕ ਕਰੋੜ ਉਨੱਤੀ ਲੱਖ ਸੱਠ ਹਜ਼ਾਰ ੧੨੯੯੦੦੦੦॥ਬਿੱਦਿਆਯੁਗਮਹਿਬਿੱਦਿਆਬੀਚਾਰੀ ॥ ਹਾਹੇਸਿਉਂਕੀਨੀ ਰੁਜਕਾਰੀ॥ ਹਾਹੇ ਸੰਗ ਬੈਠਤ ਉਠਤ ਬੋਲਤ ॥ ਕਹੁ ਨਾਨਕ ਹਰਿ ਜਪ ਕਦੇ ਨ ਡੋਲਤ ॥ ਕਹੁਨਾਨਕ ਸੰਜਮਵਾਨ ਕੀ ਗਾਥਾ ॥ ਵਾਹ ਵਾਹ ਜਪਦਿਆਂ ਸਭ ਦੁਖ ਲਾਥਾ ॥ ੧ ॥ ਇਕ ਕਰੋੜ ਪੱਚੀਸ ਲੱਖ ਅਠਾਈ ਹਜ਼ਾਰ ੧੨੫੨੮੦੦੦ ॥ਅੰਧਕਾਰਯੁਗ ਅੰਧਕਾਰ ਗਵਾਇਆ॥ ਅੱਗਿਆਨ ਬਿਨਾਸਗਿਆਨਪਰਗਟਾਇਆ ॥ ਭਇਆ ਚਾਨਣ ਅੰਧੇਰਾ ਰਹਿਤਾ ॥ਹਰਿ

CC-0. Gurukul Kangri University Haridwar Collection. Digitized by S3 Foundation USA

ਅੰਤਰਤੋਂ ਸਭਕੁਛਲਹਿਤਾ ॥ ਕਹੁਨਾਨਕਸੰਜਮਵਾਨਕੀ ਬਾਤਾ ॥ ਵਾਹ ਵਾਹ ਜਪਦਿਆਂ ਸਭ ਦੁਖ ਲਾਥਾ ॥ ਇਕ ਕਰੋੜ ਸੋਲਾਂ ਲੱਖ ਚਉਸਠ ਹਜ਼ਾਰ ੧੧੬੬੪੦੦੦ ॥ ਕਲਿਯੁਗ ਇਕ ਕਲਾਧਾਰੀ ॥ ਹਾਹਾ ਢੂੰਡਤ ਹਰਿ ਕਥਾ ਚਿਤਾਰੀ ॥ ਹਰਿ ਬਿਨ ਅਵਰ ਨਹੀਂ ਕਛੁ ਬਾਤਾ ॥ ਵਾਹਵਾਹ ਜਪਦਿਆਂ ਸਭ ਦੁਖ ਲਾਥਾ ॥ ੩ ॥ ਇਕਕਰੋੜ ਬਾਰਹ ਲੱਖ ਬੱਤੀ ਹਜ਼ਾਰ ੧੧੨੩੨੦੦੦ ॥ ਤ੍ਰਿਪਤਿਯੁਗਮਹਿ ਤ੍ਰੈਤੇ ਰਹਿ ਸਾਜੇ॥ਹੋਤਪੁਨੀਤ ਸੰਪੂਰਨਕਾਜੇ ॥ ਹਾਹਾਸੂਰਤਹਰਿਨਾਮਮਨੀਆਤਾ॥ਕਹੁਨਾਨਕਸੰਜਮਵਾਨਕੀਬਾਤਾ ॥੪॥ ਇਕਕਰੋੜ ਇਕਾਦਸ ਲੱਖ ਚਾਲੀ ਹਜ਼ਾਰ ੧੧੧੪੦੦੦੦ ॥ ਨਿਹਾਲਯੁਗ ਮਹਿ ਜਪ ਹੋਤ ਨਿਹਾਲਾ ॥ ਤਹਸਿਮਰਤ ਕਿਨਹੀਬੂਢਾਬਾਲਾ ॥ ਹਾਹਾਪੜਕਛੁਅਵਰਨਜਾਤਾ॥ਕਹੁ ਨਾਨਕ ਸੰਜਮਵਾਣ ਕੀ ਬਾਤਾ ॥ ੫ ॥ ਨਵਿੰਨਵੇਂ ਲੱਖ ਛੱਤੀ ਹਜ਼ਾਰ ੯੯੩੬੦੦੦ ॥ ਯੁਗਮਹਿਗਾਵਤਗੋਬਿੰਦਾ ॥ ਹਾਹੇਜਪਤਿਆਂਉਤਰੈਚਿੰਤਾ ॥ ਹਰਿਪੂੰਜੀਹਰਿਭੋਜਨਖਾਤਾ ॥ ਕਹੁ ਨਾਨਕ ਸੰਜਮਵਾਣ ਕੀ ਬਾਤਾ ॥ ਬਾਨਵੇਂ ਲੱਖ ਚਾਲੀ ਹਜ਼ਾਰ ੯੨੪੦੦੦੦॥ ਬਿਨੋਦ ਜੁਗ ਮਹਿ ਇਕ ਬਨਤ ਬਨਾਈ ॥ ਕਰ ਬਿਨੋਦ ਅਚਰਜ ਵਡਿਆਈ ॥ ਕਰ ਬਿਨੋਦ ਸਾਧੂ ਪਗ ਪਾਤਾ ॥ ਕਹੁ ਨਾਨਕ ਸੰਜਮਵਾਣ ਕੀ ਬਾਤਾ ॥ ੭ ॥ ਉਣਾਨਵੇਂਲੱਖ ਬਹੱਤਰ ਹਜ਼ਾਰ ੮੯੭੨੦੦੦ ॥ ਮੰਘਰਯੁਗ ਮਹਿ ਦਸਦੁਆਰ ਸੰਘਾਰੇ ॥ ਪੰਚਮਰਦ ਪੰਚ ਧੂਨੀਹਾਰੇ ॥ ਹਰਿਸੰਗ ਬੈਠਤ ਊਠਤ ਬੋਲਤਾ ॥ ਕਹੁਨਾਨਕਸੰਜਮਵਾਣ ਕੀ ਬਾਤਾ ॥੮॥ ਆਗੇ ਹਾਹੇ ਕੀ ਪਉੜੀ ਚਲੀ ॥ ਹਾਹਾ ਹਰਿ ਜਪਿ ਹਰਿ ਮਨਾਹਰਿ ਕੀ ਕਥਾ ਪਛਾਨ ॥ ਹੈਭੀ ਹੋਸੀਹੋਵਨਹਾਰ ਹਾਹਾਹੀਪਰਧਾਨ ॥ ਹੇਅਚੁਤਹੇ ਪਾਰਬ੍ਰਹਮ ਹੈਭੀ ਹੋਵਨਹਾਰ ॥ ਨਾਨਕ ਹਾਹਾਹਰਿਕੀਆ ਨਉਯੁਗ ਸੋਧਬਿਚਾਰ ॥ ੯ ॥ ਨਉਕਰੋੜਉਨਾਸੀ ਲੱਖ ਚੌਦਹ ਹਜ਼ਾਰ ੯੭੯੧੪੦੦੦ ॥ਹਾਹੇਕਾਜੋੜ ॥ ਧਿਆਉਹਾਹੇ ਕਾ ਪੂਰਾ ਹੋਯਾ ॥ ਹਾਹੇ ਕਾ ਜੋੜ ਸੰਜਮਵਾਣਵਿਚਹਾਹਾਕੀਤਾ ॥ ਆਗੇਸੁਪਾਉਵਾਣਚਲੀ॥ਜਿਸਵਿਚਗੱਗਾਕੀਤਾ॥ ਅਠਾਸੀ ਲੱਖ ਚੌਸਠ ਹਜ਼ਾਰ ੮੮੬੪੦੦੦ ॥ ਘੋਰਜੁਗਮਹਿ ਘੋਰ ਗੁਬਾਰਪਛਾਤਾ ॥ ਰੁਰਲਾਗੀ ਪ੍ਰੀਤਨਾਮਸੰਗਮਾਤਾ ॥ ਗਜਾਨਬਿਚਾਰਗੁਰਕਥਾਪਛਾਨੀ ॥ ਨਾਨਕਸੁਪਾਉਵਾਨਕੀਕਥਾ ਬਖਾਨੀ ॥ ੧੦ ॥ ਬਿਆਸੀਲੱਖ ਅਠਾਰਾਂ ਹਜ਼ਾਰ ੮੨੧੮੦੦੦ ॥ ਅਰਧਜੁਗਮਹਿਅਰਧ ਖੀਰਕੀਨੀ॥ਅਪਨੇਚਲਤ ਆਪਹੀਚੀਨੀ ॥ ਗੱਗੇਪੜਿਆਭਇਆਗਿਆਨੀ॥ਸੁਪਾਉਵਾਨ ਨਾਨਕਹੈਰਾਨੀ ॥੧੧॥ ਸਤੱਤਰਲੱਖਛਿਹੱਤਰਹਜ਼ਾਰ॥ ੭੭੬੦੦੦॥ਉਨਮਨਿ ਦ੍ਰੁਗ ਕਛੁ ਕਥਾ ਨਜਾਣੈ ॥ ਕਹਿਨਸੁਨਨ ਸਬਰਖਿਆ ਸਮਾਨੈ॥ ਸੁਪਾਉਵਾਣ ਐਸਾਮੰਡੂਰਹਿਆ ॥ ਕਹੁਨਾਨਕਉਨਮਹਿਹੋਇਰਹਿਆ । ੩॥ ਬਹੱਤਰਲੱਖਚਉਰਾਸੀ ਹਜ਼ਾਰ ੭੨੮੪੦੦੦ ॥ ਸੋਵਨਜੁਗ ਸੋਇਰਹਿਆਮੋਨੀ ॥ਅੰਤਰਸਿਮਰੈਬਾਹਰਭਯਾਸੋਨੀ॥ ਅਨਹਦਸਬਦ ਜਾਂ ਕਾ ਮਨਰਹਿਆ ॥ ਨਾਨਕਸੁਪਾਉਵਾਂਣ ਕਾ ਏਹ ਮੰਡੂਕਹਿਆ ॥ ੪ ॥ ਸਭਾਰਹਲੱਖਛੱਤੀ

CC-0. Gurukul Kangri University Haridwar Coll

OF INTERNET // ABHINAV GAUR //

੧੭੩੨੦੦੦ ਹਜ਼ਾਰ ॥ ਦਿਆ ਜੁਗ ਦਿਆ ਮਨਨੀ ਆਈ ॥ ਨੀਂਦ ਨਿਵਾਰੀ ਕਥਾ ਸੁਣਾਈ ॥ ਗਿਆਨ ਰਤਨ ਮਣ ਮਨਿ ਬੀਚਾਰੇ ॥ ਨਾਨਕ ਸੁਪਾਉਵਾਣ ਮਹਿ ਨੀਂਦ ਨਿਵਾਰੇ ॥ ੫ ॥ ਚੋਹਠ ਲੱਖ ਅਠਾਰਾਂ ਹਜ਼ਾਰ ੬੪੧੮੦੦੦ ॥ ਮੇਘ ਜੁਗ ਪ੍ਰਭ ਘਟਾ ਬਣਾਈ ॥ ਨਾਮ ਬਿਥਾਰ ਬਰਖਾ ਪ੍ਰਭ ਲਾਈ ॥ ਘੋਰ ਘੋਰ ਪ੍ਰਭ ਬਰਸਨ ਲਾਗੇ ॥ ਨਾਨਕ ਭੀਜੇ ਸੰਤ ਸਭਾਗੇ ॥ ੬ ॥ ਸੱਠ ਲੱਖ ਅਠਤਾਲੀ ਹਜ਼ਾਰ ੬੦੪੮੦੦੦ ॥ ਚਿਨੰਭ ਜੁਗ ਅਪਨਾ ਆਪ ਚੀਨਾ ॥ ਅਪਨਾ ਖੇਲ ਆਪਹੀ ਕੀਨਾ ॥ ਅੱਗੇ ਗੂਹਿਕਾ ਸੰਜਮ ਕਹਿਆ ॥ ਨਾਨਕ ਸੁਪਾਉਵਾਣ ਗੱਗਾ ਗੋਇ ਧਰਿਆ ॥ ੭ ॥ ਛਿਵੰਜਾ ਲੱਖ ਸੋਲਾਂ ਹਜ਼ਾਰ ੫੬੧੬੦੦੦ ॥ ਨਿਰੰਭੈਆ ਜੁਗ ਨਿਰਭਉ ਨਿਰੰਕਾਰ ॥ ਆਪ ਕਥੇ ਆਪੇ ਸੁਨਨੇਹਾਰ ॥ ਅੰਮ੍ਰਿਤ ਬਾਣੀ ਜਿਸ ਮਨ ਆਈ ॥ ਸੁਪਾਉ ਵਾਣ ਨਾਨਕ ਮਿਤਿ ਪਾਈ ॥ ੮ ॥ ਇਕਵੰਜਾ ਲੱਖ ਚੌਰਾਸੀ ਹਜ਼ਾਰ ੫੧੮੪੦੦੦ ॥ ਨਿਰੰਕਾਰ ਜਗ ਆਇ ਪ੍ਰਭ ਸੁਆਮੀ ॥ ਸਭ ਕਿਛੁ ਜਾਨੈ ਅੰਤਰਜਾਮੀ ॥ ਕਿਰਨ ਦ੍ਰਿਸਟ ਨਿਰੰਕਾਰ ਰਹਿਤਾ ॥ ਨਾਨਕ ਸੁਪਾਉਵਾਣ ਗੱਗਾ ਗਾਵੰਤਾ ॥ ੯ ॥ ਆਗੇ ਗੱਗੇ ਕੀ ਪਉੜੀ ਚਲੀ ॥ ਗੱਗੈ ਗਿਣਤੀ ਸਭ ਮਿਟੈ ਗਿਆਨ ਬੀਚਾਰਹੁ ਮੀਤ ॥ ਸਦਾ ਸਦਾ ਗੋਬਿੰਦ ਕੇ ਗੁਣ ਗਾਈਐ ਗਹਿਕ ਗਹਿਕ ਰੰਗ ਕੀਤ ॥ ਗੋਬਿੰਦ ਕੇ ਗੁਣ ਗਾਈਐ ਗਹਿਕ ਗਹਿਕ ਇਕ ਰੰਗ ॥ ਨਾਨਕ ਨਉ ਜੁਗ ਰਵ ਰਹਿਆ ਗੋਬਿੰਦ ਗੱਗੇ ਸੰਗ ॥ ੧ ॥ ੧੦ ॥ ਧਿਆਉ ਗੱਗੇ ਕਾ ਪੂਰਾ ਹੋਯਾ ਛਿਅ ਕਰੋੜ ਇਕੀਸ ਲੱਖ ਛੱਤ੍ਰੀ ਹਜ਼ਾਰ ੬੨੧੬੯੦੦ ॥ ਨਵਾਂ ਜੁਗਾਂ ਕਾ ਜੋੜ ਗੱਗੇ ਕਾ ਜੋੜ ਸੁਪਾਵਣ ਵਿੱਚ ਗੱਗਾ ਕੀਤਾ ॥ ਅੱਗੇ ਰਾਰਾ ਚਲਿਆ ॥ ਅਤੀਤ ਵਾਣ ਵਿਚ ਰਾਰਾ ਕੀਤਾ ॥ ਸੈਂਤਾਲੀ ਲੱਖ ਬੈਤਾਲੀ ਹਜ਼ਾਰ ੪੭੪੨੦੦੦ ॥ ਸੈਲ ਜੁਗ ਇਕ ਸ਼ੈਲ ਬਣਾਯਾ ॥ ਲਾਲ ਰਤਨ ਸੰਤਨ ਤੇ ਪਾਯਾ ॥ ਰਾਮ ਨਾਮ ਜਪਤ ਦੁਖ ਗਿਆ ॥ ਨਾਨਕ ਅਤੀਤ ਵਾਣ ਰਾਗ ਜਪਲਿਆ ॥ ੧ ॥ ਚਾਲੀ ਲੱਖ ਬੱਤ੍ਰੀ ਹਜ਼ਾਰ ੪੦੩੨੦੦੦ ॥ ਪਸੂ ਆ ਜੁਗ ਹੋਇ ਰਹਿਆ ਅਜਾਨ ॥ ਮੁਖ ਹੁਨ ਬੋਲੈ ਅੰਤਰ ਧਿਆਨ ॥ ਰਾਰਾ ਰਹਿਤ ਪਸ਼ੂ ਕੀ ਨਿਆਈਂ ॥ ਨਾਨਕ ਅਤੀਤ ਵਾਣ ਵਿੱਚ ਸਭ ਬਿਧ ਆਈ ॥ ੨ ॥ ਅਠੱਤੀ ਲੱਖ ਅਠਾਸੀ ਹਜ਼ਾਰ ੩੮੮੮੦੦੦ ॥ ਸ੍ਰੀ ਜਾਮ ਜੁਗ ਸ੍ਰੀ ਜਾਮ ਬਣਾਯਾ ॥ ਦੀਨੀ ਭਗਤੀ ਨਵ ਨਿਧ ਪਾਯਾ ॥ ਪੰਚ ਮਾਰ ਚਿਤ ਹਰਿ ਸਿਉ ਰਚਿਆ ॥ ਨਾਨਕ ਰਾਰੇ ਰਾਮ ਨਾਮ ਆਖਿਆ ॥ ੩ ॥ ਚਉਤੀ ਲੱਖ ਛਿਵੰਜਾ ਹਜ਼ਾਰ ॥ ੩੪੫੬੦੦੦ ॥ ਅਕ੍ਰਿਤ ਜੁਗ ਅਕ੍ਰਿਤ ਘਣ ਮਾਰੇ ॥ ਅਠਿ ਸਠਿ ਕੀਏ ਦੀਏ ਕਿਵਾਰੇ ॥ ਜਿਸ ਪ੍ਰਭ ਭਾਵੈ ਤਿਸ ਜੰਦਰ ਖੋਲੈ ॥ ਨਾਨਕ ਅਤੀਤ ਵਾਣ ਮਹਿ ਸਤਿਗੁਰ ਟੋਲੈ ॥ ੪ ॥ ਪੱਚੀਸ ਲੱਖ ਬਾਨਵੇ ਹਜ਼ਾਰ ੨੫੯੨੦੦੦ ॥ ਨਿਸੰਗ ਜੁਗ ਹੋਇ ਰਹਿਆ ਨਿਰੰਕ ॥ ਜਪੀਐ ਹਰਿ ਹਰਿ ਮਿਟਹਿ ਕਲੰਕ ॥ ਨਾਮ ਨਿਰੰਜਨ ਅੰਤਰ ਜਾਨਿਆ ॥ ਨਾਨਕ ਅਤੀਤ ਵਾਣ ਰਾਰਾ ਮਨ ਮਾਨਿਆ ॥ ੫ ॥ ਚੱਵੀ ਲੱਖ ਚਉਸਠ ਹਜ਼ਾਰ ੨੪੬੪੦੦੦ ॥ ਸਲੋਕ ਜੁਗ ਮਹਿ ਕਰਤ ਸਲੋਕਾ ॥ ਕੀਨੀ ਭਗਤਿ ਨਾਮ ਦਾਨ ਇਹ ਥੋਕਾ ॥ ਕਹੁ ਨਾਨਕ

CC-0. Gurukul Kangri University Haridwar Collection. Digitized by S3 Foundation USA

ਅਚਰਜਕੀਨਾ ॥ਅਤੀਤਰਾਮਨਾਮਚੀਨਾ॥੬॥ ਤ੍ਰੈਲੱਖ ਬੈਤਾਲੀਹਜ਼ਾਰ ੨੩੪੨੦੦੦ ॥ ਤਰਲ ਜੁਗ ਮਹਿ ਓਹ ਪਰਧਾਨ॥ਪੰਚਾਸੇਤੀ ਰਲ ਮਨ ਮਾਨ ॥ ਨਵਗ੍ਰਹਿ ਜਪਤੇਅਵਰ ਸਤਾਈ॥ ਨਾਨਕ ਅਤੀਤ ਵਾਨ ਐਸੀ ਮਿਤਿ ਪਾਈ ॥ ੭ ॥ ਬਾਈ ਲੱਖ ਛਿਵੰਜਾਹਜ਼ਾਰ ੨੨੫੬੦੦੦ ॥ ਖਲਲਿ ਜੁਗ ਮਲਲਿ ਪ੍ਰਭ ਕਰ ਧਰਿਆ॥ਕਹੁ ਨਾਨਕ ਖਲਿਲ ਪ੍ਰਭ ਕੀਨਾ ॥ ਅ ੰਭ ਜੁਗਕਾ ਅਰੰਭ ਪ੍ਰਭਦੀਨਾ॥੮॥ਇੱਕੀਸ ਲੱਖ ਸੱਠ ਹਜ਼ਾਰ ੨੧੬੦੦੦੦ ॥ ਅਰੰਭ ਜੁਗ ਅਰੰਭ ਕਰਾਏ ॥ ਬ੍ਰਹਮਾ ਵਿਸ਼ਨ ਮਹੇਸ਼ ਉਪਾਏ ॥ ਰਚਨਾਗਣਤੀਗਣੀਨ ਜਾਈ ॥ ਨਾਨਕ ਅਰੰਭ ਜੁਗਕੀ ਸਾਖ ਸੁਣਾਈ ॥ ੯ ॥ ਅੱਗੇ ਰਾਰੇ ਕੀ ਪਉੜੀ ਚਲੀ ॥ ਰਾਰਾ ਰੇ ਮਨ ਜਪਹੁ ਨਾਮ ਰੇਨ ਹੋਵਹੁ ਸਭ ਚਰਨਾ ॥ ਰਿਦਾ ਨਿਵਾਰਹੁ ਏਕਬੁਝ ਕਹਾਂ ਬੀਚਾਰਹੁ ਬਰਨਾ॥ਵਰਨਸਵਰਨ ਸਭ ਆਪੇਕੀਏ ਸਭਮਹਿ ਆਪੇਬਸਿਆ॥ਨਾਨਕਨਉ ਜੁਗ ਆਪ ਪ੍ਰਭ ਰਾਰੇ ਸੰਗ ਰਸਿਆ ॥ ੧ ॥ ੧੦ ॥ ਧਿਆਉ ਰਾਰੇਕਾਪੂਰਾ ਹੋਯਾ ॥ ਦੁਇ ਕਰੋੜਬਿਆਸੀਲੱਖਅਠਾਈਹਜ਼ਾਰ੨੯੨੨੯੦੦੦ ॥ ਰਾਰੇਕਾ ਜੋੜ ਨਵਾਂ ਜੁਗਾਂਕਾਜੋੜ॥ ਅਤੀਤਵਾਣ ਵਿਚ ਰਾਰਾ ਕੀਤਾ॥ ਰਾਰੇ ਕਿਆਂ ਜੁਗਾਂ ਕਾ ਜੋੜ ਸਹੀ ਸੰਪੂਰਨ॥ਵੱਵੇ ਹਾਹੇ ਗੱਗੇ ਰਾਰੇ ਕਾ ਜੋੜ ॥ ਤੇਰਾਂ ਕਰੋੜ ਚਉਹੱਤ੍ਰੀ ਲੱਖ ਬਤੀ ਹਜ਼ਾਰ ੧੩੭੪੩੨੦੦੦ ॥ ਵੱਵੇ ਕਾਜੋੜ ॥ ਨਉ ਕ ੋੜ ਉਣਤਾਲੀ ਲੱਖ ਚਉਦਾਂ ਹਜ਼ਾਰ ੯੩੯੧੪੦੦੦ ॥ ਹਾਹਾ ਕਾ ਜੋੜ ਛਿਅ ਕਰੋ ਇਕੀਸ ਲੱਖ ਤੀਸ ਹਜ਼ਾਰ ੬੨੧੩੦੦੦੦ ॥ ਗੱਗੇ ਕਾ ਜੋੜ ॥ ਚਾਰ ਕਰੋੜ ਪੰਜਾਹ ਲੱਖ ੪੫੦੦੦੦੦੦ ॥ ਰਾਰੇ ਕਾ ਜੋੜ ॥ ਬੱਤੀ ਕਰੋੜ ਛਿਵੰਜਾ ਲੱਖ ਨਛਿਨਵੇਂ ਹਜ਼ਾਰ ੩੨੫੬੯੯੦੦੦ ॥ ਵਾਹਿਗੁਰੂ ਕਾ ਜੋੜ ਆਧਾ ॥ ਛਤੀ ਜੁਗ ਧੁੰਧੂਕਾਰ ਕੇ ਹੋਇ ਮੁਕੇਅੱਗੇ ਚਾਰ ਜੁਗ ਚਲੇ ਚਹੁ ਜੁਗਾਂ ਕਾ ਵਰਤਾਰਾ ਚਲਿਆ ॥ ਸਤਾਰਾਂ ਲੱਖ ਅਠਾਈ ਹਜ਼ਾਰ ੧੭੨੮੦੦੦ ॥ ਸਤਿਜੁਗ ਸਤਿ ਸੰਤੋਖਿ ਉਪਾਇਆ ॥ ਸਤਿ ਸਤਿ ਕਰ ਸਾਸ ਕਮਾਇਆ ॥ ਸਤਿਧਰਮ ਦੁਇ ਅ ੂਮਾਨੇ ॥ ਨਾਨਕਸਤਿਜੁਗਬੋਲੇ ਗਿਆਨੇ ॥੧॥ ਬਾਰਾਂ ਲੱਖ ਛਿਨਵੇਂ ਹਜ਼ਾਰ ੧੨੯੬੦੦੦ ॥ ਤ੍ਰੇਤਾ ਜੁਗ ਤ੍ਰੈ ਗੁਣਪ੍ਰਗਟਾਏ ॥ ਸਤਿ ਧਰਮ ਆਨ ਰੱਖੇ ਸਮਾਇ ॥ ਹਿਸੇ ਤੀਨ ਸਭ ਕਛੁ ਰਹਿਆ ॥ ਨਾਨਕ ਤ੍ਰੇਤੇਜੁਗ ਇਉਂ ਕਹਿਆ ॥ ੨ ॥ ਅੱਠ ਲੱਖ ਚਉਸਠ ਹਜ਼ਾਰ ੮੬੪੦੦੦ ॥ ਦੁਆਪਰ ਜੁਗ ਮਹਿ ਦੁਇ ਚਿਤ ਕੀਨੇ ॥ਲੁਣੰਹਿ ਰਹਿਣ ਦੁਇ ਵੇਕੀ ਦੀਨੇ ॥ ਮਾਸ ਦੁਇ ਦਿਨਹੈਣਉਪਾਇ ॥ਨਾਨਕ ਦੁਆਪਰ ਆਖ ਸੁਣਾਇ॥੩॥੬॥ਚਾਰ ਲੱਖਬੱਤੀਹਜ਼ਾਰ੪੩੨੦੦੦॥ ਕਲਜੁਗ ਮਹਿ ਪ੍ਰਭਖੇਲਾ ਘਟਾਏ ॥ ਬੀਜ ਬੀਜੇ ਕੋਈ ਕਰਮੀ ਖਾਏ ॥ ਕਲੀ ਕਾਲਮਹਿਕੋਈ ਸਾਧੂ ਰਹਿਤਾ ॥ ਕਹੁ ਨਾਨਕ ਜੁਗ ਇਉਂ ਕਹਿਤਾ ॥ ੪ ॥ ੪੦॥ਚਹੁਜੁਗਾਂ ਕਾ ਜੋੜ ॥ਸਤਿਜੁਗ ਕਾਜੋੜ ੧੭੨੮੦੦੦ਹਜ਼ਾਰ॥ ਤ੍ਰੇਤਾਜੁਗਕਾਜੋੜ ੧੨੯੬੦੦੦ਹਜ਼ਾਰ॥ ਦੁਆਪਰਕਾਜੋੜ ੮੬੪੦੦੦ ਹਜ਼ਾਰ॥ਕਲਿਜੁਗ ਕਾ ਜੋੜ੪੩੨੦੦੦ ਹਜ਼ਾਰ॥ਅਗੇ ਚਹੁ ਅੱਖਰਾਂਕਾਜੋੜ ॥

CC-0. Gurukul Kangri Univ...

INTERNET // ABHINAV GAUR //

ਚਹੁ ਅੱਖਰਾਂ ਕੀ ਕਿਆ ਮਿਤਿ ਜਾਣੈ॥ ਚਾਰ ਅੱਖਰ ਦਰਗਹਿਪ੍ਰਵਾਨੈ ॥ ਵੱਵੇਹਾਹੇ ਗੱਗੇਰਾਰੇ॥ ਅੱਖਰ ਗੁਰਮੁਖ ਚਾਰ ਪਿਆਰੇ॥ ਆਪੇ ਗੁਰਮੁਖਿ ਆਪੇ ਸਿੱਖਿਆ ॥ ਨਾਨਕ ਵਾਹਗੁਰੂਕਰ ਰੱਖਿਆ ॥ ਚਾਲੀਸ ਜੁੱਗ ਚਾਰ ਅੱਖਰ ਮੱਥੇ ॥ ਅੰਗੇ ਨਾਨਕ ਨਾਉਂ ਕਿਆ ਕਿਆ ਕਰਦਾ ਆਯਾ ॥ ਨਾਨਕ ਕਿਉਂਕਰ ਨਾਉਂ ਧਰਾਯਾ ॥ ਵਾਹਿਗੁਰੂ ਕਿਉਂਕਰ ਜਪਾਇਆ ॥ ਕਲ ਯੁਗ ਮਹਿ ਕਿਉਂਕਰ ਪ੍ਰਗਟਾਇਆ ॥ ਨੰਨਾ ਨਵ ਯੁਗ ਨੈਨ ਨਿਹਾਰੇ ॥ ਨੰਨਾ ਨੰਨਾ ਹੋਇ ਰਹਿਆ ॥ ਨਾਰਾਇਣ ਸੰਗ ਪ੍ਰੀਤ ਨਾਨਾਬਿਧ ਲਖਿਆ ਨਜਾਇ ॥ਨੀਕੇ ਹੂੰਤੇ ਨਾ ਨੂੰ ਨੰਨੇ ਨਾਉਂ ॥ ਜਪ ਮਿਲੇ ਤਬ ਨਾਨਕ ਰੱਖਿਆ ਨਾਉਂ ॥ ੩ ॥ ਸਸੇ ਸਤਿਗੁਰੂ ਮਥਕੀਨਾ ॥ ਸਤਿ ਸਤਿ ਬਹਿ ਆਪੇ ਚੀਨਾ ॥ ਨਾਰਦ ਕਉ ਲੈ ਸੱਸਾ ਦੀਆ ॥ ਨਾਰਦ ਸਤਿ ਸਤਿ ਕਰ ਲੀਆ ॥ ਨਾਰਦ ਸਤਿਯੁਗ ਭਗਤਿ ਕਮਾਈ ॥ਸੱਤਿ ਸੱਤਿ ਕਰ ਹਰਿ ਲਿਵਲਾਈ ॥ ਤੱਤਾ ਤ੍ਰੇਤੇ ਯੁਗ ਪਰਧਾਨਾ ॥ ਤ੍ਰੈਗੁਨ ਪ੍ਰਗਟੇ ਏਕ ਸਮਾਨਾ ॥ ਨਲਿ ਸੁਭ ਭਗਤਿ ਸੇ ਨਾਮ ਭਗਤਿ ਕਮਾਈ ॥ ਤ੍ਰੇਤੇ ਜੁਗ ਕੀ ਸਾਖ ਸੁਨਾਈ ॥ ਦੁਆਪੁਰ ਕਾਮ ਕ੍ਰੋਧ ਦੁਇ ਮਾਰੇ ॥ ਕੀਨੀ ਭਗਤੀ ਹਰਿ ਕੇ ਦਰਬਾਰੇ ॥ ਨਿਹਕੰਟ ਭਗਤਿਲੇ ਨਾਮ ਧਰਾਇਆ ॥ ਨਾਨਕ ਦੁਆਪਰ ਆਖ ਸੁਨਾਇਆ ॥ ਕਲਿਜੁਗ ਮਹਿ ਕੀਰਤਨ ਪ੍ਰਧਾਨਾ ॥ ਗਿਆਨ ਸ੍ਰਿਸ਼ਟ ਊਤਮ ਇਸ਼ਨਾਨਾ ॥ ਭਾਂਤੇ ਕਲਿਯੁਗ ਕਲਾ ਘਟਾਈ ॥ ਬੀਜੇ ਬੀਜ ਸੋ ਕਰਮੇ ਖਾਈ ॥ ਕਲਿਯੁਗ ਮਹਿਨਾਨਕ ਨਾਉਂ ਧਰਾਇਆ ॥ ਵਾਹਿਗੁਰੂ ਕਾ ਮੰਤਰ ਜਪਾਇਆ ॥ ਆਇਆ ਸਫਲ ਤਬ ਜਬ ਏਕ ਪਛਾਨਿਆ ਮੰਤ੍ਰ ॥ ਆਈ ਪੰਥੀ ਕਥਾ ਕੋ ਕੋ ਬਿਰਲਾ ਬੂਝੈ ਸੰਤ ॥ ਨਾਨਕ ਅੰ ਅੰਗਦ ਹੋਯਾ ਜਿਸ ਲਿਖਾਈ ਸਾਖ ॥ ਲਿਖੀ ਪੈੜੇ ਮੋਖੇ ਖਤ੍ਰੀ ਸੁਲਤਾਨਪੁਰਕਾਵਾਸੀ॥ ਨਾਨਕਆਈ ਪੰਥੀ ਕਿਆ ਸੁਣਾਵੋ ਬਾਤ॥ਆਖੀ ਕਥਾ ਪੰਥਕੀ ਸੁਰਨਰ ਮੁਨੀਪਛਾਤ॥੯॥ ਯੁਗਾਵਲੀ ਖਿਮਾ ਸੰਪੂਰਨ ਹੋਈ॥ ਏਹ ਯੁਗਾਵਲੀ ਗੁਰੂ ਨਾਨਕ ਜੀਨੇ ਸਿੱਧਾਂ ਨੂੰ ਸੁਣਾਈ ਹੈ ਤਾਂ ਭਾਈਬਾਲਾਕਹੇਗੁਰੂ ਅੰਗਦ ਜੀ ਜਦਮਹਾਰਾਜਏਹ ਜੁਗਾਵਲੀਉਚਾਰਨਕੀਤੀਸੀ ਤਾਂ ਸੰਮਤ ਯੁਗਾਂਕਾਏਹਹੈਸੀ ਕਲਿਜੁਗ ਚਾਰਹਜ਼ਾਰ ਸਤਬ੍ਹੋਂ ਪੈਂਤੀਸਬਰਸ ਵਰਤਿਆ ਸੀ ੪੭੩੫॥ ਕਲਜੁਗ ਸੇਸ ਚਾਰਲੱਖ ਸਤਾਈ ਹਜ਼ਾਰ ਦੋ ਸੌ ਪੈਂਸਠ ਬਰਸ ਬਾਕੀ ਰਿਹਾ ੪੨੭੨੬੫ ॥ ਚਾਲੀਜੁਗਾਂ ਕੀ ਮਰਯਾਦਾ ਲਿਖੀ॥ ਵਾਹਿਗੁਰੂ ਕੀ ਮਿਹਨਤ। ਸਭ ਸਿਧਾਂ ਨਾਥਾਂ ਜੋਗੀਆਂ ਕੋ ਬਤਾਈ ਆਗੇ ਵਾਹਿਗੁਰੂ ਕੀ ਮਿਹਨਤ ਕਾ ਜੋੜ ੧੩੯੪੮੯੭੮॥ ਸਹਿਜਵਾਨ ਕਾ ਜੋੜ ੭੩੧੩੩ ॥ ਸੰਜਮਵਾਣ ਕਾ ਜੋੜ ੭੪੯੭੬੦ ॥ ਸੁਪਾਉਵਾਣ ਕਾ ਜੋੜ ੨੮੯੮ ॥ ਅਤੀਤਵਾਣ ਕਾਜੋੜ ਸਤਿਜੁਗ ਕਾ ਜੋੜ ੧੭੨੮੦੦੦॥ਤ੍ਰੇਤੇਜੁਗਕਾਜੋੜ੧੨੯੬੦੦੦॥ ਦੁਆਪਰਯੁਗਕਾ ਜੋੜ੮੬੪੦੦੦॥ ਕਲਿਜੁਗ ਕਾ ਜੋੜ ੪੩੨੦੦੦ ॥ ਯੁਗਾਵਲੀ ਕਾ ਜੋੜ॥ ਸਹਿਜਵਾਨ ਕੀ ਮਰਯਾਦਾ ॥ ਸੰਜਮਵਾਣਕੀ ਮਰਯਾਦਾ ॥ ਸੁਪਾਵਾਣ ਕੀ ਮਰਯਾਦਾ ॥ ਅਤੀਤਵਾਨ ਕੀ ਮਰਯਾਦਾ ॥

CC-0. Gurukul Kangri University Haridwar Collection. Digitized by S3 Foundation USA

ਸਤਿਯੁਗਕੀ ਮਰਯਾਦਾ॥ਤ੍ਰੇਤਾਯੁਗਕੀਮਰਯਾਦਾ॥ਦੁਆਪੁਰਯੁਗਕੀਮਰਯਾਦਾ॥ਕਲਿਯੁਗ ਕੀ ਮਰਯਾਦਾ ॥ਵਾਹਿਗੁਰੂ ਕੀ ਮਰਯਾਦਾ ਪੂਰੀ ਹੋਈ ਏਹ ਸਭ ਮ੍ਰਯਾਦਾ ਸੁਨਾਇਕੇ ਗੁਰੂ ਨਾਨਕਜੀ ਭੇ ਮਰਦਾਨਾ ਤੇ ਮੈਂ ਤਿੰਨੇ ਓਥੋਂ ਚਲਦੇ ਰਹੇ ॥ਤੀਜੀ ਉਦਾਸੀ ਪੂਰੀ ਹੋਈ॥ ॥੧੩੧ ॥

ਆਗੇ ਸਾਖੀ ਕੰਧਾਰ ਦੇਸ਼ ਕੀ

ਤਾਂ ਸ੍ਰੀਗੁਰੂਨਾਨਕਦੇਵ ਜੀ ਓਥੋਂਅੰਤਰਧਿਆਨ ਹੋਏ ਔਰ ਨਾਲ ਮਰਦਾਨਾ ਅਤੇਮੈਂ ਅਰ-ਗੰਧਾ ਨਾਮ ਨਦੀ ਉੱਪਰ ਜਾਇ ਖੜੇ ਹੋਏ ਅਤੇ ਓਥੇ ਮੁਗਲ ਪਠਾਨ ਫ਼ਕੀਰ ਆਹਾ ਪਰ ਉਸਦਾ ਯਾਰ ਅਲੀ ਆਹਾ ਤਾਂ ਓਸ ਨਾਲ ਭੇਟ ਹੋਈ ਤਾਂ ਓਸ ਫ਼ਕੀਰ ਨੇ ਸੁਆਲ ਕੀਤਾ ਸ਼ੁਮਾ ਨਾਮ ਚਿ ਦਾਰੀ ਅਤੇ ਸ੍ਰੀਗੁਰੂ ਨਾਨਕ ਜੀ ਕਹਿਆ ਹਮਾ ਨਾਉਂ ਨਾਨਕ ਨਿਰੰਕਾਰੀ ਤਾਂ ਫੇਰਮੁਗ਼ਲ ਬੋਲਿਆ ਮਾਇਨੇ ਫ਼ਹਿਮੀਦਮਤਾਂ ਗੁਰੂ ਨਾਨਕ ਜੀ ਬੋਲਿਆ ਮਾਬੰਦਾ ਖ਼ੁਦਾਇਮ ਤਾਂ ਮੁਗ਼ਲ ਪੁਛਿਆ ਸ਼ੁਮਾ ਪੀਰਗੁਫ਼ਤਤਾਂ ਸ੍ਰੀਗੁਰੂ ਨਾਨਕਜੀਬੋਲਿਆ ਮਾ ਪੀਰ ਜ਼ਿੰਦਾ ਪੀਰ ਤਾਂ ਫੇਰਮੁਗ਼ਲ ਬੋਲਿਆ ਸ਼ੁਮਾ ਪੀਰ ਜ਼ਿੰਦਹ ਪੀਰਤਾਂ ਗੁਰੂ ਨਾਨਕ ਜੀ ਕਹਿਆ ਆਰੇ ਆਰੇ ਤਾਂ ਮੁਗ਼ਲ ਬੋਲਿਆ ਮਾ ਇਤਕਾਦ ਨੇਸਤ ਤਾਂ ਗੁਰੂ ਨਾਨਕ ਜੀ ਕਹਿਆ ਚਿ ਗੁਫ਼ਤ ਤਾਂ ਮੁਗ਼ਲ ਕਹਿਆ ਪੈਦਾਇਸ਼ੁਦੰ ਮੁਰਦਹ ਜੀ ਤਾਂ ਗੁਰੂ ਨਾਨਕ ਜੀ ਕਹਿਆ ਯਕ ਖ਼ੁਦਾਇਪੀਰਕੁਲਆਲਮ ਮੁਰੀਦਸ੍ਰੀਗੁਰੂਨਾਨਕਫ਼ਕੀਰ ਖ਼ਬਰਦਾਰਆਹਾ ਤਾਂ ਓਹ ਮੁਗ਼ਲ ਪੈਰਾਂ ਉਪਰ ਢਹਿ ਪਿਆ ਤਾਂ ਗੁਰੂ ਨਾਨਕ ਜੀ ਕਹਿਆ ਖ਼ੁਦਾਈ ਵਿਗਰ ਸਖਾਦਾਰੀ ਤਾਂ ਮੁਗ਼ਲ ਬੋਲਿਆ ਸ਼ੁਮਾਪੀਰਮਾ ਮੁਰੀਦ ਤਾਂ ਗੁਰੂਨਾਨਕਜੀ ਕਹਿਆ ਗੁਫ਼ਤ ਸ਼ੁਮਾ ਨਾਮ ਬਾਬਾ ਵਲੀ ਕੰਧਾਰੀ ਤਾਂ ਉਸ ਮੁਗ਼ਲਨੇ ਕੁਰਨਸ਼ਕੀਤੀ ਅਤੇ ਸ੍ਰੀ ਗੁਰੂ ਜੀਓਸ ਮੁਗ਼ਲ ਉਪਰ ਖੁਸ਼ੀਕਰਕੇ ਓਥੋਂ ਵਿਦਾਹੋਏ ਅਰ ਕਹਿਨਲਗੇ ਚਲ ਮਰਦਾਨਾਂ ਆਤੇਭਾਈ ਬਾਲਾ ਧੁਆਨੂੰ ਇਕ ਹੋਰ ਫ਼ਕੀਰ ਦਾ ਦੀਦਾਰ ਕਰਵਾਇ ਲਿਆਵੀਏ ਤਾਂ ਓਥੋਂ ਗੁਰੂ ਨਾਨਕ ਜੀ ਚਲਦੇ ਚਲਦੇ ਵਲੀ ਕੰਧਾਰੀ ਦੇ ਪਾਸ ਆਇ ਪ੍ਰਾਪਤ ਭਏ ॥ ੧੩੨ ॥

ਆਗੇ ਸਾਖੀ ਵਲੀ ਕੰਧਾਰੀ ਦੇ ਪਾਸ ਆਏ

ਤਾਂ ਫੇਰ ਗੁਰੂ ਨਾਨਕਜੀ ਅਤੇ ਮਰਦਾਨਾ ਔਰ ਮੈਂ ਤਿੰਨੇ ਓਥੋਂ ਚਲੇ ਤੇ ਚਉਥੇ ਦਿਨ ਵਲੀ ਕੰਧਾਰੀ ਦੇ ਆਇ ਪਹੁੰਚੇ ਤਾਂ ਅੱਗੇ ਵਲੀ ਕੰਧਾਰੀ ਦੇ ਪਾਸ ਸ਼ਰਫ਼ਪਠਾਣ ਦੱਖਣੀ ਬੈਠਾ ਸੀ ਤਾਂ ਗੁਰੂ ਨਾਨਕ ਜੀ ਆਇ ਆਖਿਆ ਸਲਾਮਲੇਕ ਵਲੀ ਕੰਧਾਰੀ ਤਾਂ ਵਲੀ ਕੰਧਾਰੀ ਕਹਿਆ ਵਾਲੇਕਮਸਲਾਮ ਆਈਏਬੈਠੀਏਪੀਰਜੀ ਸਰਫ਼ਰਾਜ਼ੀਹੁਈ ਲੁਤਫ਼ਹੁਆਬਖਸ਼ੀਸ਼ ਹੁਆ ਤਾਂ ਗੁਰੂ ਨਾਨਕ ਜੀਕਹਿਆ ਲੁਤਫ਼ ਖੁਦਾਈ ਬੰਦਾ ਗੁਮਰਾਹੀਕਰਮਬਖ਼ਸ਼ਇਲਾਹੀ॥ ਤਾਂਸ਼ਰਫ਼ ਪਠਾਣ ਬੋਲਿਆ ਪੁਰਸੀਦਸ਼ਰਫ਼ ਗੁਫ਼ਤਨਾਨਕਦਰੁਸਤ ਮਾਇਨਬੋਲੇ ਕੁਲਾਹ ਚਿਹਵਾਲ ਤਾਂ ਗੁਰੂਨਾਨਕਜੀ ਕਹਿਆ ॥ ਕੁਲਹਕੁਲਏਕਖ਼ੁਦਾਇ ॥ ਸਭਤੇ ਬੇਪਰਵਾਹ ॥

CC-0. Gurukul Kangri University

INTERNET // ABHINAV GAUR //

ਸਿਫ਼ਤ ਧਰੇ ਏਕ ਨਿਸ਼ਾਨਾ ॥ ਸਭ ਤੇ ਹੋਇ ਰਹੇ ਬੇਗਾਨਾ ॥ ਗੁਫ਼ਤ ਨਾਨਕ ਦਰੁਸਤ ਮਾਇਨਾ ॥ ਸਮਝੇ ਤਬ ਜਬ ਖੁਲੇ ਆਇਨਾ॥ ਤਾਂ ਫੇਰ ਸ਼ਰਫ਼ ਪੁਛਿਆ ਕਫ਼ਨੀ ਚਿ ਕਾਰ ਕਰਦੀ ਤਾਂ ਗੁਰੂਨਾਨਜੀ ਕਹਿਆ॥ ਕਫ਼ਨੀ ਖ਼ੌਫ਼ ਖੁਦਾਇ ਕਾ ਦੇਖ ॥ ਮੁਰਦਾ ਹੋਇ ਤਜੈ ਸਭ ਭੇਸ ॥ ਜ਼ੁਲਮ ਜਹਾਨ ਅਲਾਹ ਨੇਕੀਆ ॥ ਖ਼ਾਲਕ ਏਕ ਅਵਰ ਨਹੀਂ ਦੂਆ॥ਗ਼ੁਫ਼ਤ ਨਾਨਕ ਸੁਣ ਸ਼ਰਫ਼ਇਆਣੇ ॥ ਦਰੁਸਤਮਾਇਨਾ ਜੋ ਹੱਕ ਪਛਾਣੇ ॥ ਸ਼ਰਫ਼ਪੁਰਸੀਦੰਸੇਲੀ ਰਾ ਚਿ ਕਰਦੀ ਤਾਂ ਗੁਰੂ ਨਾਨਕ ਜੀ ਕਹਿਆ ॥ ਸੇਲੀ ਸਾਲਸ ਕੁਲ ਜਹਾਨ ॥ ਚਾਰ ਕਤੇਬ ਫ਼ੁਟੇਕੁਰਾਨ॥ ਸ਼ਰਾ ਸ਼ਰੀਅਤ ਮਾਨੇਨਾਹੀਂ ॥ ਸਰੀਕਤ ਮਾਰਫ਼ਤ ਦਾਵੇ ਮਾਹੀਂ ॥ ਬਾਹਰੋਂ ਸ਼ਾਹੀ ਅੰਦਰੋਂ ਲਾਲ ॥ ਗੁਫ਼ਤ ਨਾਨਕ ਦਰ ਪਹੁਚੈ ਹਾਲ ॥ ਤਾਂ ਫੇਰ ਸ਼ਰਫ਼ ਪੁਰਸੀਦ ਕਮਰ ਮੁਤਕਾ ਚਿ ਹਵਾਲ॥ਤਾਂਗੁਰੂਨਾਨਕਜੀਕਹਿਆ ॥ ਮੁਤਕਾਮਿਹਰਖ਼ੁਦਾਇਦੀ ਸ਼ਾਹਦ ਪੀਰ ਬਤਾਇ ॥ ਦੂਜੇਸੇਤੀ ਫ਼ਾਕਰਾ ਕਰਹੁ ਤਾਂ ਪਾਵਹੁ ਰਾਹ ਨਿਵਾਇ ॥ਐਸੀ ਰਹਿਣੀਜੋ ਰਹੈ ਭਾਂ ਹੋਵੈ ਦਰੁਸਤ ਈਮਾਨ ॥ ਜ਼ੋਰ ਜ਼ੁਲਮ ਨ ਕਿਸੀ ਪਰ ਕਰੋ ਪਕੜਹਲੀਮੀਖ਼ਾਨ॥ ਗੁਫ਼ਤ ਨਾਨਕ ਸੁਣ ਸ਼ਰਫ਼ ਆਜਜ਼ੀ ਮੁਕਾਮ ॥ ਤਾਂ ਫੇਰ ਸ਼ਰਫ਼ ਕਹਿਆ ਗੋਦੜੀ ਚਿ ਕਾਰ ਫ਼ਕਰਾ ਕੰਮ ਤਾਂ ਗੁ ਨਾਨਕ ਜੀ ਕਹਿਆ॥ਗੋਦੜੀਗਿਆਨ ਸਮਝੇ ਏਕ ਖ਼ੁਦਾਇ॥ ਸੂਈ ਸਬੂਰੀ ਸਚ ਤਾਗਾ ਪਾਇ ॥ ਸਾਧ ਪੀਰ ਮਿਲਸੀ ਵੀਏਪਾਟ ਨਾ ਕਬਹੁ ਜਾਇ॥ਸਭਤੇ ਨੀਚ ਕਹਾਈਐ ਤੋ ਕੁਲ ਅੰਗ ਸਮਾਇ॥ਗੁਫ਼ਤ ਨਾਨਕ ਸੁਣ ਸ਼ਰਫ਼ ਚਲੋ ਹੁਕਮ ਰਜ਼ਾਇ॥ ਤਾਂ ਫੇਰ ਸ਼ਰਫ਼ ਪੁਰਸੀਦ ਕਉਂਸ ਚਿਕਾਰ ਕਰਦੀ ਤਾਂ ਗੁਰੂਨਾਨਕਜੀ ਕਹਿਆ ॥ ਕਉਸ ਕਾ ਮਨ ਬਿੰਦ ਕਰ ਕਹੀਂ ਨਿਕਲਨ ਜਾਵੇ ॥ ਪੀਰ ਨਸੀਹਤ ਰਾਖੀਐ ਆਪਣੇਘਰਆਵੈ ॥ ਲਗਨ ਸ਼ਗਨ ਤਬ ਜਾਗਈ ਜਬ ਏਕ ਦਿਖਾਵੈ ॥ ਦਿਲ ਦਲੀਲ ਉਠੈ ਨਹੀਂ ਕਾਈ ਮਨ ਈਮਾਨ ਮਿਲਾਵੈ ॥ ਗ਼ੁਫਤ ਨਾਨਕ ਸ਼ਰਫ਼ ਸੁਣ ਤਬ ਫ਼ਕਰ ਕਹਾਵੈ ॥ ਭਾਂ ਫੇਰ ਸ਼ਰਫ਼ ਪੁਰਸੀਦ ਠੀਕਰ ਚਿਹ ਫ਼ਰਮੂਦ ॥ ਤਾਂ ਗੁਰੂ ਨਾਨਕਜੀ ਕਹਿਆ॥ਠੀਕਰਾਉਜੂ ਕੋ ਨਾਮ ਭੀਖ ਕਰ ਲੇਹੁ ॥ ਮਾਂਗੋ ਏਕ ਦਾਇ ਪੈ ਪੀਰ ਫੁਰਮਾ ਇਸ਼ ਏਹੁ ॥ ਦੂਜਾਦਿਲ ਤੇਦੂਰ ਕਰਕਰਪੈਦਾਨਾਪੈਦ॥ਐਸੀ ਮਸਲਤ ਹੋਇ ਰਹੁ ਕਬਹੂੰ ਨ ਪਈਐ ਕੈਦ ॥ ਗੁਫ਼ਤ ਨਾਨਕ ਸ਼ਰਫ਼ ਕੀਏ ਪਰ ਕਹਾਂਗੁਮਾਨ॥ਫ਼ਕਰ ਮਾਰਫਤ ਤਉ ਮਿਲੈ ਦੂਜਾਗਿਫ਼ੈਨਿਸ਼ਾਨ॥ ਭਾਂ ਫੇਰ ਸ਼ਰਫ ਪੁਰਸੀਦ ਬੈਰਾਗੀ ਚਿ ਫ਼ਰਮਾਇਸ਼ ॥ ਤਾਂ ਫੇਰ ਗੁਰੂ ਨਾਨਕ ਜੀ ਕਹਿਆ ॥ ਬੈਰਾਗੀ ਬੇਐਬ ਹੋਇ ਰਹੈ ॥ ਕੀ ਕੋ ਕੀਆਹੀ ਕਹੈ ॥ ਕਰਣਹਾਰੇ ਕੀ ਸਿਫ਼ਤ ਬਤਾਇ ॥ ਮਤਲਬ ਪੂਰਾ ਕਰੇ ਖੁਦਾਇ॥ ਗੁਫ਼ਤ ਨਾਨਕ ਸੁਣਸ਼ਰਫ਼ਇਆਣੇ॥ਪੀਰਪਕੜੇ ਤਬ ਏਕ ਪਛਾਣੇ ॥ ਸ਼ੇਖ਼ ਸ਼ਰਫ਼ ਪਠਾਣ ਬਿਦਰ ਸ਼ਹਿਰ ਦਾ ਆਹਾ ਬਾਬੇ ਵਲੀ ਕੰਧਾਰੀ ਪਾਸ ਪਰਚਣਆਯਾ ਆਹਾ ਏਹਗੋਸ਼ਟ ਕੰਧਾਰ ਵਿੱਚ ਹੋਈ ਅਰ ਗੰਧਾਨਦੀਉਤੇ॥ ਤਾਂਫੇਰ ਸ਼ਰਫ਼ ਗੁਰੂਨਾਨਕਜੀ ਦੇ ਪੈਰਾਂ ਉਤੇ ਢਹਿਪਿਆ ਅਤੇ ਆਖਿਓਸੁ ਸ਼ੁਮਾਂ ਪੀਰ ਮਾਮੁਰੀਦ

CC-0. Gurukul Kangri University Haridwar Collection. Digitized by S3 Foundation USA

ਤਾਂ ਸ੍ਰੀਗੁਰੂਨਾਨਕਜੀ ਕਹਿਆ ਆਪਨੇ ਬਿਦਰ ਸ਼ਹਿਰ ਵਿੱਚ ਜਾਇਰਹੁ ਤਾਂ ਫੇਰ ਸ਼ਰਫ਼ ਕਹਿਆ ਪੀਰ ਨਾਨਕ ਹਮ ਕੋ ਫੇਰ ਕਦ ਦੀਦਾਰ ਹੋਵੇਗਾ ਤਾਂ ਗੁਰੂ ਨਾਨਕਜੀ ਕਹਿਆ ਦੀਦਾਰ ਦਿਲ ਵਿਚ ਰਖੀਓ ਜਉ ਭੁਲ ਨਾ ਜਾਵੇ ਸ਼ਰਫ਼ ਨੇ ਕਹਿਆ ਪੀਰ ਜੀ ਦੀਦਾਰ ਦਿਲ ਹੋਵੇਗਾ ਪਰ ਫੇਰ ਵੀ ਇਸ ਵਜਾ ਨਹੀਂ ਹੋਵਨੇਕਾ ਤਾਂ ਗੁਰੂਨਾਨਕਜੀ ਕਹਿਆ ਜੇ ਬਹੁਤ ਤਲਬ ਰਖਦੇ ਹੋ ਤਾਂ ਸ਼ਹਿਜ਼ਾਦਹ ਮਿਰਾਸੀ ਹੋਵੇਗਾ ਉਸਦਾ ਦੀਦਾਰ ਕਰੋਗੇ ਤਾਂ ਹਮਾਰਾ ਹੀ ਦੀਦਾਰ ਹੋਵੇਗਾ ਯਿਹ ਬਾਤ ਦਰੁਸਤ ਕਰ ਮਾਨੀਓ ਤਾਂ ਫੇਰਸ਼ਰਫ਼ਕਹਿਆ ਜੀ ਓਹ ਕਹਾਂ ਹੋਵੇਗਾ ਤਾਂ ਗੁਰੂ ਨਾਨਕ ਜੀ ਕਹਿਆ ਓਹ ਜੋ ਖੁਰਮਾ ਸ਼ਹਿਰਹੈ ਸੋ ਊਹਾਂ ਸ਼ਹਿਜ਼ਾਦਾ ਮਰਦਾਨੇ ਕਾ ਬੇਟਾ ਹੋਵੇਗਾ ਓਥੇ ਅਸੀ ਉਸਨੂੰ ਛੱਡਆਵਾਂਗੇ ਤਾਂ ਫੇਰ ਗੁਰੂ ਜੀ ਕਹਿਆ ਹੇ ਸ਼ਰਫ਼ ਜੀ ਅਬ ਵਲੀਕੰਧਾਰੀਜੋ ਹੈ ਸੋ ਉਸਕਾਦੀਦਾਰਕਰੀਐ ਤਾਂਸ਼ੇਖ ਸ਼ਰਫ਼ ਨੇ ਕਹਿਆ ਭਲਾ ਪੀਰ ਜੀ ਵਡੀ ਇਨਾਇਤ ਹੋਈਹੈ ਤਾਂਫੇਰ ਵਲੀਕੰਧਾਰੀਕਹਿਆ ਹਮ ਕਉ ਕੁਝ ਕੌਲ ਕਰਾਰ ਕਹੋ ਤਾਂ ਫੇਰ ਗੁਰੂ ਜੀ ਕਹਿਆ ਜੋ ਯਿਹ ਕਉਲਹੈ ਦਾਵਾਦੂਰਕਰ ਸੰਨਿਆਸ ਅਰ ਰਾਵਜੀ ਜੇਤੇ ਫਿਰਕੇਹੈਂ ਸਭ ਖੁਦਾਇ ਕੇ ਹੈਨ ਇਉਂਹੀਜਾਨੇਤਾਂਫ਼ਕੀਰੀ ਉਸਕੀ ਹੈ ਤਾਂ ਵਲੀ ਕੰਧਾਰੀ ਕਹਿਆ ਪੀਰ ਜੀ ਜਦਕਾ ਦੀਦਾਰ ਤੁਮਾਰਾਭਯਾਹੈ ਤਬਕਾ ਯਿਹ ਦਾਵਾ ਹਮ ਸੋਂ ਉਠਗਿਆਹੈ ਖ਼ੁਦਾਇ ਸ਼ਰਫ਼ ਰਾਜ਼ੀਹੂਆ ਔਰ ਭਲਾਹੂਆਫੇਰ ਵਲੀ ਕੰਧਾਰੀ ਕਹਿਆ ਪੀਰ ਜੀ ਤੁਮ ਹਮਕਉ ਸਾਥ ਲੈ ਚਲੋ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਵਲੀਕੰਧਾਰੀ ਅਸਾਂਤੈਨੂੰਈਹਾਂਹੀ ਰੱਖਨਾ ਹੈ ਤਾਂਵਲੀਕੰਧਾਰੀ ਕਹਿਆਜੀ ਤੁਮਾਰੀਰਜ਼ਾਇ ਤਾਂ ਗੁਰੂ ਨਾਨਕ ਜੀ ਬਚਨ ਕੀਤਾ ਯਿਹ ਮੁਲਖ਼ ਤੁਮਾਰਾ ਹੈ॥ਬੋਲੋਜੀਵਾਹਿਗੁਰੂ॥੧੩੩॥

ਆਗੇ ਸਾਖੀ ਹੋਰ ਚਲੀ

ਤਾਂ ਗੁਰੂ ਜੀ ਓਥੋਂ ਚਲਦੇ ਰਹੇ ਜਾਂਕਿਤਨਾਂਕੁ ਪੈਂਡਾਗਏ ਤਾਂ ਮਰਦਾਨੇਆਖਿਆ ਗੁਰੂਜੀ ਤੁਸੀ ਵਲੀ ਕੰਧਾਰੀਉੱਪਰ ਬਡੀ ਮੇਹਰਬਾਨੀ ਕੀਤੀਹੈ ਤਾਂਗੁਰੂਨਾਨਕਜੀਕਹਿਆ ਭਾਈ ਮਰਦਾਨਾ ਏਹ ਅਸਾਡਾ ਪਿਆਰਾ ਯਾਰ ਹੈਸੀ ਇਸਨੇ ਸਾਡੀ ਤ੍ਰੈਤੇਯੁਗਵਿਚ ਬਹੁਤਸੇਵਾ ਕੀਤੀ ਆਹੀ ਤਾਂ ਫੇਰ ਗੁਰੂ ਅੰਗਦ ਸਾਹਿਬ ਜੀ ਮੈਂ ਪੁਛਿਆ ਹੇ ਸ੍ਰੀਗੁਰੂਨਾਨਕਜੀ ਜੋਕਰ ਤ੍ਰੈਤੇ ਯੁਗ ਵਿਚ ਆਪਦਾ ਯਾਰ ਆਹਾ ਤਾਂ ਫੇਰ ਤੁਰਕ ਦੇ ਜਨਮ ਕਿਉਂ ਆਯਾ ਹੈ ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਕਹਿਆ ਸੁਣ ਭ ਈਬਾਲਾ ਇਸਨੇਤ੍ਰੈਤੇਯੁਗਵਿਚਕੁੱਤਾਮਾਰਿਆਹੈਸੀ ਇਸ ਵਾਸਤੇ ਇਸਨੇ ਤੁਰਕ ਦੇ ਘਰ ਜਨਮ ਲਿਆ ਹੈ ਅਤੇ ਅਸਾਡਾ ਇਸਦੇਨਾਲ ਬਚਨ ਆਹਾ ਤੇ ਨਾਲੇ ਦੀਨਾਨਾਥ ਨਾਲ ਵੀ ਅਸਾਡਾਬਚਨਆਹਾ ਅਤੇਵਲੀਕੰਧਾਰੀਨਾਲ ਸ਼ੇਖ ਸ਼ਰਫ਼ ਵੀ ਪੂਰਨ ਹੋਇਗਿਆਹੈ ਤਾਂ ਫੇਰਮਰਦਾਨੇ ਪੁਛਿਆਜੀ ਸ਼ੇਖ ਸ਼ਰਫ਼ ਵਲੀ ਕੰਧਾਰੀ ਜਿਹਾ ਹੋਯਾਹੈਜੀ ਕਿ ਕੁਝ ਘੱਟ ਹੋਯਾਹੈਜੀ ਤਾਂ ਫੇਰਸ੍ਰੀਗੁਰੂਨਾਨਕਜੀਕਹਿਆਸੁਣਭਾਈ ਮਰਦਾਨਾ ਵਲੀਕੰਧਾਰੀ ਤਾਂ ਬਹੁਤਦੂਰਹੈ ਪਰਮਰਦਾਨਾਸ਼ੇਖਸ਼ਰਫ਼ਵੀਆਪਣੇ ਨੋਗਾਹੋਇ

CC-0. Gurukul Kangri University Haridwar Collection. Digitized by S3 Foundation USA

S OF INTERNET ITH ABHINAV GAUR

ਰਹਿਆ ਹੈ ਅਤੇ ਸ਼ੇਖ ਸ਼ਰਫ਼ ਪਾਸੋਂ ਦੁਇ ਹੋਰ ਭੀ ਸਿੱਝਣਗੇ ਪਰ ਵਲੀ ਕੰਧਾਰੀ ਪਾਸੋਂ ਸੈਂ ਕੜੇ ਜੀਉ ਉਧਰਨਗੇ ਕਿਉਂ ਕਿ ਵਲੀ ਕੰਧਾਰੀ ਗੁਰੂ ਦੇ ਸਮਾਨ ਹੋਇਆ ਹੈ ਤਾਂ ਫੇਰ ਮਰਦਾਨੇ ਪੁੱਛਿਆ ਜੀ ਦੀਨਾਨਾਥ ਕਿਹਾ ਕ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਮਰਦਾਨਾ ਦੀਨਾਨਾਥ ਤਾਂ ਅੱਗੇ ਹੀ ਪੂਰਨ ਆਹਾ ਦੀਨਾਨਾਥ ਦੀ ਬਿਹੰਗਮ ਭਗਤ ਹੋਈ ਅਤੇ ਅਸਾਡੀ ਪੰਖ ਭਗਤੀ ਹੈ ਤਾਂ ਮਰਦਾਨੇ ਪੁੱਛਿਆ ਗੁਰੂਜੀ ਉਸਕੀ ਬਿਹੰਗਮ ਭਗਤੀ ਕਿਉਂ ਕਰ ਹੋਈ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿਆ ਮਰਦਾਨਿਆਂ ਉਸਕੀ ਬਿਹੰਗਮ ਭਗਤੀ ਏਸਵਾਸਤੇ ਹੋਈ ਹੈ ਜੋ ਮਾਯਾ ਉਸਨੂੰ ਲਗੀ ਨਹੀਂ ਜੰਮਦਿਆਂ ਭਗਤਿ ਲੈਂ ਦੋਈ ਆਯਾ ਨਾ ਗ੍ਰਸਤ ਨਾ ਕਸਬ ਅੱਗੇ ਦਹਿਲ ਕਰਨ ਨੋਂ ਹੋਰ ਨ ਇਸਨੂੰ ਘਾਟੇਦਾ ਸ਼ੋਗ ਨਾ ਇਸਨੋਂ ਵਾਧੇ ਦਾ ਹਰਖ ਤੇ ਜਾਂ ਵਡਾ ਹੋਸੀ ਤਾਂ ਗ੍ਰਸਤ ਕਰਸੀ ਤਾਂ ਸਾਰੀ ਉਲਾਦ ਇਸਦੀ ਮਹਾਂ ਪੁਰਖ ਹੂਸੀ ਤੇ ਅਸਾਂਨੂੰ ਪਹਿਲੇ ਹੀ ਗ੍ਰਸਤ ਹੋਇਆ ਹੈ ਅਤੇ ਓਸਦੀ ਏਸਵਾਸਤੇ ਬਿਹੰਗਮ ਭਗਤੀ ਹੋਈ ਤਾਂ ਫੇਰ ਮਰਦਾਨੇ ਅਰਦਾਸ ਕੀਤੀ ਹੇ ਸਤਿਗੁਰ ਜੀ ਏਸ ਕਾਬਲ ਸ਼ਹਿਰ ਦੇ ਵਿਚ ਭੀ ਕੋਈ ਮਹਾਂ ਪੁਰਖ ਹੈ? ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਸੁਣ ਮਰਦਾਨਾ ਏਥੇ ਵੀ ਇਕ ਹੈ ਪਰ ਪਠਾਣਾਂ ਵਿਚ ਹੈ ਅਤੇ ਬਾਬੁ ਖੇਲਦੀ ਦੇਹ ਵਿਚ ਹੈ ਪਰ ਅਜੇ ਮੁਸ਼ਕਿਆ ਨਹੀਂ ਤਾਂ ਮਰਦਾਨੇ ਆਖਿਆ ਜੀ ਓਸਨੂੰ ਭੀ ਮਿਲੋਗੇ। ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਮਰਦਾਨਾ ਅਸਾਂ ਉਸਨੂੰ ਜ਼ਰੂਰ ਮਿਲਣਾ ਹੈ ਤਾਂ ਗੁਰੂ ਨਾਨਕ ਜੀ ਤੇ ਮਰਦਾਨਾ ਤੇ ਮੈਂ ਜਾਇ ਬਾਬੁ ਖੇਲਦੀ ਵਿਚ ਵਡੇ ਅੱਗੇ ਦੇਖਣ ਤਾਂ ਕਿਆ ਦੇਖਣ ਜੋਇਕ ਹੱਟ ਖਾਲੀ ਪਈ ਸੀ ਉਸ ਉਪਰ ਬੈਠ ਗਏ ਤਾਂ ਇਕ ਪਠਾਣ ਓਥੇ ਆਯਾ ਅਤੇ ਕਹਿਣ ਲਗਾ ਅਰੇ ਗੁਚੇ ਤੁਮ ਕੌਣ ਹੋ ਤਾਂ ਗੁਰੂ ਨਾਨਕ ਜੀ ਕਹਿਆ ਹਮ ਬੰਦੇ ਖ਼ੁਦਾਇ ਕੇ ਹਾਂ ਤਾਂ ਫੇਰ ਪਠਾਣ ਨੇ ਸ੍ਰੀ ਗੁਰੂ ਨਾਨਕ ਜੀ ਨੂੰ ਕਹਿਆ ਅਰੇ ਗੁਚੇ ਬੰਦੇ ਤੋ ਸਭੀ ਖੁਦਾਇ ਕੇ ਹੈਨ ਪਰ ਆਪ ਜੋ ਏਥੇ ਬੈਠੇ ਹੋ ਸੋ ਕਿਸ ਨਾਲ ਕੰਮ ਹੈ ਸੋ ਕਹੋ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਰੇ ਪਠਾਣ ਹਮ ਫ਼ਕੀਰ ਹੈਂ ਅਤੇ ਈਹਾਂ ਇਕ ਹਮਾਰਾ ਆਸ਼ਨਾਉ ਹੈ ਤਾਂ ਫੇਰ ਪਠਾਣ ਨੇ ਕਹਿਆ ਓਹ ਕਉਨ ਹੈ ਅਰ ਉਸਕਾ ਨਾਮ ਕਿਆ ਹੈ ਤਾਂ ਫੇਰ ਗੁਰੂ ਨਾਨਕ ਜੀ ਕਹਿਆ ਅਰੇ ਖਾਨ ਓਹ ਖਤ੍ਰੀ ਹੈ ਤੇ ਨਾਉਂ ਉਸਕਾ ਮਾਣਾ ਹੈ ਤਾਂ ਫੇਰ ਪਠਾਣ ਨੇ ਕਹਿਆ ਅਰੇ ਗੁਚੇ ਉਸਕੇ ਬਾਪਕਾ ਕਿਆ ਨਾਉਂ ਹੈ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿਆ ਅਰੇ ਭਾਈ ਉਸਕੇ ਬਾਪਕਾ ਨਾਮ ਖਾਨ ਚੰਦ ਹੈ ਤਾਂ ਪਠਾਣ ਨੇ ਕਹਿਆ ਚਲੋ ਭਾਈ ਮੈਂ ਭੁਹਾਨੂੰ ਲੈ ਚਲਦਾਹਾਂ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਅਰੇ ਪਠਾਣ ਹੌਂ ਨਹੀਂ ਜਾਤਾ ਓਹ ਆਪੇ ਹੀ ਆਵੇਗਾ ਤਾਂ ਓਸ ਪਠਾਣ ਨੇ ਜਾਕਰ ਓਸ ਖਤ੍ਰੀ ਕੋ ਕਹਿਆ ਅਰੇ ਮਾਣੇ ਭੋਲੇ ਦੁਇ ਫ਼ਕੀਰ ਅਸ਼ਨਾਉ ਹੈਨ ਤੇ ਬਜ਼ਾਰ ਵਿਚ ਬੈਠੇ ਹੈਨ ਤੇ ਕਹਿਤੇ ਹੈਨ ਕਿ ਖਾਨ ਚੰਦ ਖਤ੍ਰੀ ਦਾ ਪੁਤ੍ਰ ਮਾਣਾ ਸਾਡਾ ਅਸ਼ਨਾਉ ਹੈ ਅਤੇ ਮੈਂ ਉਨ੍ਹਾਂ ਦਰਵੇਸ਼ਾਂ ਨੂੰ ਕਹਿਆ ਕਿ ਮੇਰੇ ਨਾਲ ਚਲੋ ਤਾਂ ਮੈਂ ਤੁਹਾਨੂੰ ਮਾਣੇ ਪਾਸ ਲੈ ਚਲਦਾਹਾਂ ਤਾਂ ਉਨ੍ਹਾਂ ਕਹਿਆ ਭਾਈ ਅਸੀ ਨਹੀਂ ਚਲਦੇ ਓਹ

CC-0. Gurukul Kangri University Haridwar Collection. Digitized by S3 Foundation USA

ਆਪੇ ਆਵੇਗਾ ਤਾਂ ਉਸ ਖੱਤ੍ਰੀ ਨੇ ਕਹਾ ਉੱਥੇ ਮੇਰਾ ਤੋ ਕੋਈ ਅਸ਼ਨਾਉ ਨਹੀਂ ਤਾਂ ਪਠਾਣ ਨੇ ਕਿਹਾ ਅਰੇ ਭਾਈ ਮਾਣਾ ਤੋਂ ਤੇਰਾ ਹੀ ਨਾਉਂ ਹੈ ਅਤੇ ਓਹ ਤੇਰਾ ਹੀ ਨਾਉਂ ਲੇਤੇ ਹੈਂ ਨਹੀਂ ਤਾਂ ਹਮ ਅਪਨੇ ਘਰ ਸੇ ਟੁਕੜਾ ਲੇ ਜਾਤੇ ਜਾਂ ਏਹ ਬਾਤ ਸੁਨੀ ਤਾਂ ਮਾਣਚੰਦ ਏਹ ਬੀਚਾਰ ਕੀਤੀ ਭਾਈ ਮੈਂ ਚਲਾਂ ਤੋ ਸਹੀ ਤਾਂ ਮਾਣਚੰਦ ਦੋਇ ਸੇਰ ਮੇਵਾ ਲੈਕੇ ਗਿਆ ਤੇ ਜਾਇਕਰ ਦੇਖੇ ਤਾਂ ਦੋ ਫਕੀਰ ਬੈਠੇ ਹਨ ਪਰ ਇਨਕਾ ਭੇਦ ਕੁਛ ਨਹੀਂ ਮਲੂ ਮਹੋਤਾ ਤੋ ਮਾਣੇ ਜਾਇ ਕਿਹਾ ਹੇ ਫ਼ਕੀਰ ਜੀ ਪੈਰੀ ਪਏ ਤੇ ਮੇਵਾ ਅੱਗੇ ਰਖਿਆ ਤਾਂ ਸ੍ਰੀ ਗੁਰੂ ਨਾਨਕ ਜੀ ਕਿਹਾ ਆਉ ਮਾਣਚੰਦ ਸਤਕਰਤਾਰ ਆਉ ਬੈਠੀਏ ਤਾਂ ਫੇਰ ਮਾਣਚੰਦ ਨੇ ਕਿਹਾ ਹੇ ਫ਼ਕੀਰ ਜੀ ਅਤੀਤ ਫ਼ਕੀਰ ਤਾਂ ਸਭ ਕੇ ਅਸ਼ਨਾਉ ਹੈਨ ਤੇ ਫ਼ਕੀਰ ਦੇ ਸਭ ਕੋਈ ਸੇਵਕ ਹਨ ਪਰ ਹੇ ਨਿਰੰਕਾਰ ਜੀ ਆਪ ਮੇਹਰਬਾਨੀ ਕਰਕੇ ਕਹੋ ਜੀ ਆਪ ਮੇਰੇ ਕਦਕਦੇ ਅਸ਼ਨਾ ਹੋ ਜੀ ਏਹ ਮੈਂ ਪੂਛਤਾ ਹੋਂ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਮਾਣਚੰਦ ਤੈਨੂੰ ਆਪੇ ਹੀ ਖ਼ਬਰ ਹੋਇ ਜਾਵੇਗੀ ਤਾਂ ਫੇਰ ਮਾਣਚੰਦ ਨੇ ਕਿਹਾ ਹੇ ਦੀਨਾ ਨਾਥ ਜੀ ਆਪਕਾ ਨਾਉਂ ਕਿਆ ਹੈ ਜੀ ਤਾਂ ਸ੍ਰੀ ਗੁਰੂ ਜੀ ਕਿਹਾ ਹੇ ਮਾਣਚੰਦ ਮੇਰਾ ਨਾਉਂ ਨਾਨਕ ਨਿਰੰਕਾਰੀ ਹੈ ਅਤੇ ਇਸ ਦਾ ਨਾਉਂ ਬਾਲਾ ਹੈ ਤੇ ਇਕ ਅਸਾਡਾ ਮਿਰਾਸੀ ਹੈ ਸੋ ਬਾਹਰ ਹੈ ਤਾਂ ਮਾਣਚੰਦ ਨੇ ਕਿਹਾ ਜੀ ਆਪਦਾ ਵਤਨ ਕੌਨ ਜਗਹ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਕਿਹਾ ਭਾਈ ਮਾਣਚੰਦ ਦੇਸ ਵਤਨ ਸਭੇ ਸਮਝ ਲਏਂਗਾ ਤੈਨੂੰ ਖ਼ਬਰ ਹੈ ਦੇਸ ਵਤਨ ਦੀ ਤਾਂ ਮਾਣਚੰਦ ਨੇ ਕਿਹਾ ਜੀ ਦੇਖੇ ਨਾ ਹੋਨ ਗੇ ਤੋ ਸੁਨੇ ਤਾਂ ਹੋਵਣਗੇ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਸ਼ਬਦ ਬੋਲਿਆ॥ ਦੇਸ ਹਮਾਰਾ ਬੇਗਮਪੁਰ ਕਹੀਏ ਤਿਸ ਵਤਨ ਸੋਂ ਆਏ॥ ਰਾਜਾ ਉਸਕਾ ਏਕੰਕਾਰ ਹੈ ਤਿਸਨੇ ਈਹਾਂ ਪਠਾਏ॥ ਮਾਣਚੰਦ ਕੋ ਰਾਹ ਬਤਾਯਾ ਨਿਰ-ਮਲ ਮਾਰਗ ਪਾਯਾ॥ ਨਾਨਕ ਕਹੇ ਸੁਣ ਮਾਣਚੰਦ ਜੀ ਹਮਤੁਮ ਕੋ ਤਦੀ ਬੁਲਾਯਾ॥ ਤਾਂ ਮਾਣ ਚੰਦ ਨੇ ਕਿਹਾ ਤੁਮ ਤੋ ਔਰ ਬਾਤਾਂ ਕਰਤੇ ਹੋ ਏਹ ਤੋ ਸੰਸਾਰ ਮੇਂ ਬਾਤਾਂ ਨਹੀਂ ਤਾਂ ਸ੍ਰੀ ਗੁਰੂ ਨਾਨਕ ਜੀ ਕਿਹਾ ਮਾਣਚੰਦ ਏਹ ਬਾਤਾਂ ਅਸਲ ਹੈਨ ਅਤੇ ਓਹ ਬਾਤਾਂ ਨਕਲੀ ਹੈਨ ਤਾਂ ਸ੍ਰੀ ਗੁਰੂ ਨਾਨਕ ਜੀ ਇਕ ਸ਼ਬਦ ਕਿਹਾ ਰਾਗ ਤਿਲੰਗ ਦੇ ਵਿਚ ॥ ਰਾਗ ਤਿਲੰਗ ਮਹਲਾ ੧

ਜਿਨ ਕੀਆ ਤਿਨ ਦੇਖਿਆ ਕਿਆ ਕਹੀਐ ਰੇ ਭਾਈ॥ ਆਪੇ ਜਾਣੇ ਕਰੇ ਆਪ ਜਿਨ ਵਾੜੀ ਹੈ ਲਾਈ॥ ਰਾਇਸਾ ਪਿਆਰੇ ਕਾ ਰਾਇਸਾ ਜਿਤ ਸਦਾ ਸੁਖ ਹੋਈ ॥ ਗਾਉ ਪਿਆਰੇ ਕਾ ਗਾਇਸਾ ਜਿਤ ਦੁਖ ਰਹੈ ਨ ਕੋਈ ॥੧॥ ਰਹਾਉ ॥ ਜਿਸ ਰੰਗ ਕੰਤ ਨ ਰਾਵਿਆ ਸਾ ਪਛੋਰੇ ਤਾਣੀ ॥ ਹੱਥ ਪਛੋੜੈ ਸਿਰ ਨੈ ਜਬ ਰੈਣ ਵਿਹਾਣੀ॥ ਪਛੋਤਾਵਾ ਨਾ ਮਿਲੇ ਜਬ ਚੁਕੇਗੀ ਸਾਰੀ॥ ਤਦ ਫਿਰ ਪਿਆਰਾ ਰਾਵੀਐ ਜਬ ਆਵੇਗੀ ਵਾਰੀ ॥੨॥ ਕੰਤਲੀਆ ਸੋਹਾਗਣੀ ਮੈਥੋਂ ਵਧਵੀ ਏਹ॥ ਸੇ ਗੁਣ ਮੰਝ ਨ ਆਵਨੀ ਕੈਸੀ ਦੋਸ ਧਰੇ॥ ਜਿਨ ਸਖੀਆਂ ਸਹੁ ਰਾਵਿਆ ਤਿਨ ਪੂਛੋਂਗੀ ਜਾਇ॥ ਪਾਇ ਲਗਉ ਬੇਨਤੀ ਕਰਉ ਲੇਉਗੀ ਪੰਥ ਬਤਾਇ॥ ਆਪ ਪਛਾਣੇ ਨਾਨਕਾ ਭੈ ਚੰਦਨ ਲਾਵੈ

CC-0. Gurukul K

॥ ਗੁਨ ਕਾਮਨ ਕਾਮਨ ਕਰੈ ਤਉ ਪਿਆਰੇ ਕਉ ਪਾਵੈ ॥੬॥ ਪਾਨਾਵਾੜੀਹੋਇ ਘਰ ਖਰ ਸਾਰ ਨਾ ਜਾਣੈ ॥ ਰਸੀਆ ਹੋਵੈ ਮੁਸ਼ਕਕਾ ਤਬ ਫੂਲ ਪਛਾਣੈ॥੭॥ਧਾਤ ਮਿਲੈ ਫੁਨਿ ਧਾਤ ਕਉ ਲਿਵਲਵੈ ਕੋ ਧਾਵੈ ॥ ਸਹਿਜੇ ਸਹਿਜੇ ਮਿਲਿਰਹੈਅਨਭੋਂਕਉ ਪਾਵੈ ॥ ੮ ॥ ਜੋ ਦਿਲ ਮਿਲਿਆ ਸੋ ਮਿਲਿ ਰਹਿਆ ਮਿਲਿਆ ਕਹੀਐ ਰੇ ਸੋਈ॥ਜੇ ਬਹੁਤੇਰਾ ਲੋਚੀਐ ਬਾਤੀ ਮੇਲ ਨ ਹੋਈ॥੯॥ਅਪਿਉ ਪੀਵੈਜੋਨਾਨਕਾ ਭ੍ਰਮਭ੍ਰਮਹਿ ਸਮਾਵੈ ॥ ਗੁਰ ਪ੍ਰਸਾਦੀ ਜਾਣੀਐ ਅਮਰਾ ਪਦ ਪਾਵੈ ॥ ੧੦ ॥

ਤਾਂ ਫੇਰ ਮਾਣਚੰਦਕਹਿਆ ਹੇ ਗੁਰੂ ਜੀ ਇਸ ਜੀਵਾਂਦਾ ਭਲਾ ਕਿਉਂਕਰਹੋਵੈ ਤਾਂ ਸ੍ਰੀ ਗੁਰੂ ਨਾਨਕਜੀ ਕਹਿਆ ਸੁਣ ਭਾਈਮਾਣਚੰਦ ਇਸ ਜੀਉਕਾ ਭਲਾ ਤਦਹੋਵੈ ਜਾਂ ਇਸਤਾਂਈਂ ਬਿਨਾ ਪ੍ਰਮੇਸ਼ਰ ਹੋਰ ਕੋਈ ਚਿਤ ਨ ਰਹੇ ਸਾਸ ਸਾਸ ਕਰਤਾਰ ਹੀ ਯਾਦ ਕਰਦਾ ਰਹੈ ਤਾਂ ਫੇਰ ਮਾਣ ਚੰਦ ਕਿਹਾ ਜੀ ਸੋਈ ਬਿਧਿ ਬਤਾਈਐ ਜਿਸਬਿਧ ਕਰਤਾਰ ਚਿਤ ਆਵੈ ਤਾਂ ਸ੍ਰੀਗੁਰੂਨਾਨਕ ਜੀ ਕਹਿਆ ਭਾਈ ਮਾਣ ਚੰਦ ਭੁੱਖਦਾ ਸੰਸਾ ਨ ਕਰ ਤੇ ਨੰਗਦਾਸੰਸਾ ਨਾ ਕਰ ਇਕ ਕਰਤਾਰ ਦਾ ਸੰਸਾ ਕਰ ਜੋਹੈਂ ਮੈਨੂੰ ਕਰਤਾਰਵਿਸਰਗਿਆਹੈਤਾਂਕਰਤਾਰ ਚਿਤ ਆਵੀ ਤਾਂ ਮਾਣਚੰਦਨੇ ਕਹਿਆ ਧੰਨਹੋ ਗੁਰੂਜੀ ਏਹਕੈਹਕਰ ਸ੍ਰੀਗੁਰੂ ਨਾਨਕਜੀਦੇ ਪੈਰਾਂ ਤੇ ਢਹਿ ਪਿਆ ਤਾਂ ਸ੍ਰੀ ਗੁਰੂ ਨਾਨਕਜੀ ਆਪਣੇ ਹੱਥ ਦਾ ਡੰਡਾਦਿੱਤਾ ਤੇ ਕਹਿਓਨੇਸੁਣ ਭਾਈ ਮਾਣਚੰਦ ਇਸਡੰਡੇ ਕਉ ਖ਼ਬਰਦਾਰ ਕਰਕੇ ਰੱਖਣਾ ਤਾਂ ਸ੍ਰੀ ਗੁਰੂਨਾਨਕ ਜੀ ਕੇ ਬਚਨ ਮੰਨਕਰ ਮਾਣਚੰਦ ਲੇਕਰ ਓਹ ਡੰਡਾ ਆਪਣੇ ਸਿਰਤੇਰਖਿਆਫੇਰਅੱਖੀਆਂ ਉਪਰ ਰਖਿਆ ਜਾਂ ਡੰਡਾ ਸਿਰਨਾਲ ਛੁਹਿਆ ਤਾਂ ਓਸੇ ਵਕਤ ਮਾਣਚੰਦ ਦੇ ਕਪਾਟ ਖੁਲ੍ਹ ਗਏ ਅਗਮਨਿਗਮਦੀਸੋਝੀਹੋਇਗਈਪਰਸ੍ਰੀਗੁਰੂਨਾਨਕਜੀਕੀਕ੍ਰਿਪਾਸੇਮਾਣਚੰਦ ਪੂਰਨ ਭਯਾ ਅਤੇ ਮਸਤ ਹੋਇ ਗਇਆ ਤਾਂਸ੍ਰੀਗੁਰੂਨਾਨਕਜੀਕਹਿਆਸੁਣਭਾਈਮਾਣਚੰਦਸ੍ਰੀ ਕਰਤਾਰ ਨੂੰ ਯਾਦਰਖਣਾਅਤੇਸਤਧਰਮਵਿਖੇਇਸਥਿਤ ਰੈਹਣਾ ਆਏ ਸੰਤ ਮਹੰਤ ਦੀ ਸੇਵਾ ਕਰਣੀ ਵੰਡ ਖਾਣਾ ਗਰੀਬ ਦੀ ਪਾਲਣਾ ਕਰਣੀ ਔਰ ਜੋ ਸੁਧ ਸਰੂਪ ਪੂਰਨ ਪਾਰਬ੍ਰਹਮ ਹੈ ਉਸ ਵਿਖੇਮਨਨੂੰ ਦ੍ਰਿੜ੍ਹ ਰਖਣਾ ਏਹਉੱਤਰਪ੍ਰਸ਼ਨ ਸ੍ਰੀ ਗੁਰੂਜੀ ਮਾਣਚੰਦ ਦੇ ਨਾਲ ਕੀਤੇ ਅਤੇ ਕੁਛਕ ਕਾਲ ਸ੍ਰੀ ਗੁਰੂਨਾਨਕਜੀ ਕਾਬਲ ਦੀ ਧਰਤੀ ਵਿਚ ਰਹੇ ਔਰ ਅਨੇਕ ਜੀਆਂ ਦਾ ਉਧਾਰ ਕੀਤਾ ਤੇ ਨਾਮ ਦਾ ਪ੍ਰਚਾਰ ਚਲਾਯਾ ਤਾਂ ਫੇਰ ਸ੍ਰੀਗੁਰੂ ਨਾਨਕਜੀ ਕਹਿਆ ਚਲ ਭਾਈ ਮਰਦਾਨਾ ਹੁਣ ਤੈਨੂੰ ਸਿੰਧਦੀ ਧਰਤੀ ਦਾ ਸੈਲਕਰਾਇ ਲਿਆਈਏਤਾਂ ਮਰਦਾਨੇ ਕਿਹਾ ਸ੍ਰੀ ਗੁਰੂਜੀਜਿਵੇਂਤੈਂਡੀਰਜ਼ਾਇ ਜਿਧਰਆਪਜਾਵੋਗੇ ਓਧਰ ਹੀ ਪਰਉਪਕਾਰ ਕਰੋਗੇ ਤਾਂ ਫੇਰ ਸ੍ਰੀ ਸਤਿਗੁਰੂ ਮੇਰੇਤਾਈਂ ਕਿਹਾ ਕਿਉਂ ਬਾਲਾ ਮਰਦਾਨਾ ਕਿਆ ਕਹਿੰਦਾ ਹੈ ਤਾਂ ਮੈਂ ਆਖਿਆ ਸ੍ਰੀ ਬਾਬਾਜੀ ਮਰਦਾਨਾ ਸੱਚਆਖਦਾਹੈ ਜੀਅਤੇਜਿਵੇਂ ਆਪਦੀ ਰਜ਼ਾਇ ਜੀ ਹੁਣ ਕਿਥਾਉਂ ਚਲਦੇਹੋਜੀ ਤਾਂ ਸ੍ਰੀਗੁਰੂ ਜੀ ਕਹਾ ਭਾਈ ਜਿਧਰ ਕਰਤਾਰ ਲੈ ਜਾਸੀ

CC-0. Gurukul Kangri University Haridwar Collection. Digitized by S3 Foundation USA

ਉਧਰਹੀ ਚਲੀਏਂਗੇ ਤਾਂ ਫੇਰ ਸ੍ਰੀਗੁਰੂ ਜੀ ਮਾਣਚੰਦ ਨੂੰ ਕਰਤਾਰ ਕਰਤਾਰ ਕੀਤੀ ਅੱਗੋਂ ਮਾਣਚੰਦ ਕਿਹਾ ਸਤਿਕਰਤਾਰ ਤਾਂ ਸ੍ਰੀਗੁਰੂਜੀਓਥੋਂ ਚਲਦੇ ਰਹੇ॥ਬੋਲੋਭਾਈਜੀਵਾਹਿਗੁਰੂ

॥ ੧੩੪ ॥ **ਆਗੇ ਸਾਖੀ ਬਾਲ ਗੁੰਦਾਈ ਦੇ ਟਿੱਲੇ ਦੀ ਚਲੀ**

ਤਾਂ ਸ੍ਰੀ ਗੁਰੂ ਨਾਨਕਜੀ ਓਥੋਂ ਕਾਬਲ ਦੀ ਧਰਤੀਓਂ ਚਲਦੇ ੨ ਬਾਲ ਗੁੰਦਾਈ ਦੇ ਟਿੱਲੇ ਆਇ ਪ੍ਰਾਪਤਹੋਏ ਅਤੇ ਟਿੱਲੇ ਦੇ ਬਾਹਰ ਕੋਹ ਅੱਧਉਪਰ ਆਇ ਬੈਠੇ ਪਰ ਬਾਲ ਗੁੰਦਾਈ ਪੂਰਨ ਸਾਧ ਆਹਾ ਬਸਤ੍ ਅਰ ਪ੍ਰਸਾਦਿ ਤਜਾਰਕ ਰਵਾਇਕੇ ਰੱਖਛੋਡਦਾਸੀਆਏ ਸਾਧਸੰਤ ਮਹਾਤਮਾ ਔਰਅਤਿੱਥ ਦੀ ਵੀ ਸੇਵਾਕਰਦਾਸੀ ਔਰਜੋ ਥੱਕਿਆਹੋਯਾਹੋਵੇ ਸੋ ਉਸਕੇ ਵਾਸਤੇ ਘੋੜਾ ਵਾ ਪਾਲਕੀ ਭੇਜਕਰ ਨਾਲਸਾਧਾਂਨੂੰ ਭੇਜਕੇ ਆਦਰ ਸੰਯੁਕਤ ਮੰਗਾਇਲੈਂਦਾਸੀਜਬ ਜੋਗੀਸਰਨੇਸੁਣਿਆ ਕਿ ਅਤੀਤ ਫ਼ਕੀਰ ਬੈਠੇ ਹੈਨ ਤਾਂ ਬਾਲਗੁੰਦਾਈ ਗੁਰੂ ਨੇ ਕਿਹਾ ਜਾਵੋ ਸਿੱਧੋ ਤਪੀਓ ਜਾਕਰ ਸੰਤਾਂ ਕੋ ਲੈਆਵੋ ਤਾਂ ਸਿੱਧ ਸ੍ਰੀ ਗੁਰੂ ਨਾਨਕ ਜੀ ਦੇ ਪਾਸ ਆਕਰ ਆਖਣ ਲਗੇ ਚਲੋ ਜੀ ਸੰਤੋ ਆਸਨ ਉਪਰ ਚਲਕਰ ਬੈਠੋ ਜੀ ਏਥੇ ਦੇਖਹੁ ਬਹੁਤ ਮੀਂਹ ਆਯਾ ਹੈ ਜੀ ਸੋ ਆਪ ਚਲਕਰ ਮੰਦਰ ਮੈਂ ਅਰਾਮ ਕਰੋ ਜੀ ਤਾਂ ਸ੍ਰੀਗੁਰੂ ਨਾਨਕਜੀਕਿਹਾ ਹੇ ਜੋਗੀਸ਼ਰੋ ਹਮ ਅਤੀਤਫ਼ਕੀਰ ਹੈਂ ਜਹਾਂ ਗੁਜ਼ਰੀ ਤਹਾਂ ਹੀ ਗੁਜ਼ਾਰ ਲਈ ਭਾਈ ਤੁਮ ਜਾਵੋ ਮੰਦਰੋਂ ਮੇਂ ਤਾਂਉਨ੍ਹਾਂ ਜੋਗੀਸ਼ਰਾਂ ਜਾਕਰ ਬਾਲਗੁੰਦਾਈ ਕੋ ਕਹਾ ਹੇਨਾਥ ਜੀ ਬਾਹਰ ਫ਼ੈ ਫ਼ਕੀਰ ਬੈਠੇ ਹੈਨ ਹਮਨੇ ਬਹੁਤ ਕਹਿਆ ਓਹ ਨਹੀਂ ਆਤੇ ਜਾਂ ਏਹ ਬਾਤ ਸੁਣੀ ਤੇ ਗੁਰੂ ਨਾਥ ਆਪ ਸ੍ਰੀ ਗੁਰੂਨਾਨਕਜੀ ਦੇ ਪਾਸ ਆਯਾ ਅਤੇ ਆਣਕਰ ਕਹਿਓਸੁ ਆਦੇਸਹੋ ਤਪਾ ਆਦੇਸ ਤਾਂ ਸ੍ਰੀਗੁਰੂਨਾਨਕਜੀ ਕਿਹਾਅਦੇਸਓਂਕਾਰਕੋ ਆਦੇਸ ਆਓਜੀ ਬਾਲਗੁੰਦਾਈ ਜੀ ਬੈਠੀਏ ਤਾਂ ਫੇਰ ਬਾਲਗੁੰਦਾਈਕਹਿਆ ਤਪਾ ਜੀ ਆਪਦਾ ਨਾਉਂ ਕਿਆ ਹੈ ਤਾਂ ਗੁਰੂ ਨਾਨਕਜੀ ਕਹਾ ਨਾਥ ਜੀ ਹਮਾਰਾ ਨਾਉਂ ਨਾਨਕ ਨਿਰੰਕਾਰੀ ਹੈ ਤਾਂ ਫੇਰ ਬਾਲਗੁੰਦਾਈ ਆਖਿਆ ਤਪਾ ਜੀ ਆਪ ਮੰਦਰਮੇਂ ਚਲੋ ਜੀ ਗੁਜਾਰਾ ਕਰੀਏਜੀ ਉਪਰ ਤੇ ਬਰਖਾ ਆਈ ਹੈ ਜੀ ਏਹ ਬਾਤ ਕੈਹਕਰ ਬਾਲਗੁੰਦਾਈ ਸ੍ਰੀਗੁਰੂ ਨਾਨਕ ਜੀਦੇ ਚਰਨਾਂਤੇ ਮੱਥਾ ਟੇਕਿਆ ਤਾਂ ਸ੍ਰੀ ਗੁਰੂਨਾਨਕਜੀ ਕਿਹਾ ਨਾਥਜੀ ਹਮ ਅਤੀਤ ਫ਼ਕੀਰ ਹੈਂ ਜਹਾਂ ਬੀਤੀ ਤਹਾਂਹੀਬੀਤੀ ਅਤੇ ਕਹਾਂ ੨ ਮੰਦਰ ਕੋ ਖੋਜੈਂਗੇ ਤਾਂ ਬਾਲਗੁੰਦਾਈ ਆਖਿਆ ਤਪਾਜੀ ਫ਼ਕੀਰ ਕੋ ਤੋ ਐਸੇ ਹੀ ਚਾਹੀਦਾ ਹੈ ਪਰ ਜੋ ਅਲੇਖ ਪੁਰਖ ਭੇਜਦੇਵੇ ਸੰਤੋਖਸੇਵਰਤਲੈਣਾਚਾਹੀਏ ਇਸਮੇਂ ਫ਼ਕੀਰ ਨੂੰ ਹਰਖ ਨਹੀਂ ਕਰਨਾ ਚਾਹੀਦਾ ਚਲੋ ਤਪਾਜੀ ਆਸਨ ਪਰ ਬਸੇਰਾ ਕਰੋ ਰਾਤ ਕੋ ਆਪ ਮਹਾਂ ਪੁਰਖ ਪੁਰਖ ਹੋ ਤਾਂ ਸ੍ਰੀਗੁਰੂ ਨਾਨਕ ਜੀ ਉਸ ਨਾਥ ਦੇ ਨਾਲਉਠਕਰ ਤੁਰਪਏ ਅਤੇ ਮਹੰਤ ਨੇ ਪੈਹਲਾਂ ਤਾਂ ਸ੍ਰੀਗੁਰੂ ਜੀ ਕੋ ਤਰਹ ਤਰਹ ਦੇ ਮੰਦਰ ਦਿਖਾਏ ਫੇਰ ਘੋੜੇ ਦਿਖਾਏ ਤਾਂ ਫੇਰ ਬਸਤ੍ ਦਿਖਲਾਏ ਔਰ ਰਸੋਈ ਵਾਲਾ ਭੰਡਾਰਾ ਦਿਖਾਯਾ ਔਰ ਕਈ ਤਰਹ ਦੇ ਪਦਾਰਥ ਦਿਖਾਏ ਤਾਂ ਸ੍ਰੀਗੁਰੂ ਨਾਨਕ ਜੀ ਕਹਾ ਨਾਥਜੀ ਰਾਜ ਲੀਲ੍ਹਾ ਕਾ ਕਿਆ ਦੇਖਨਾ

CC-0. Gurukul Kangri University Haridwar Collection

INTERNET ABHINAV GAUR

ਹੈ ਤਾਂ ਬਾਲ ਗੁੰਦਾਈ ਆਖਿਆ ਤਪਾ ਜੀ ਏਹ ਸਭ ਅਲਖ ਪੁਰਖ ਦੀ ਮਾਇਆ ਹੈ ਹਮਤੋ ਸੇਵਾ ਕਰਤੇਹੈਂ ਸੰਤੋਂ ਅਰ ਮਹਾਤਮੋਂ ਕੀ ਔਰ ਆਏ ਗਏ ਅਤਿਥ ਕੀ ਔਰ ਹੇ ਤਪਾਜੀ ਹਮਾਰੀ ਖ਼ੁਰਾਕ ਤੋ ਏਹ ਰੋਟੀ ਹੈ ਭੁੱਖੜੇ ਕੇ ਆਟੇ ਕੀ ਔਰ ਸਾਗ ਅਲੂਣਾਹਮ ਔਰ ਕੁਛ ਨਹੀਂ ਅੰਗੀਕਾਰਕਰਤੇਤਾਂਸ੍ਰੀ ਗੁਰੂਨਾਨਕਜੀ ਕਹਿਆ ਹੇ ਬਾਲ ਗੁੰਦਾਈ ਤੂੰ ਅਸਲਜੋਗੀਸ਼ਰ ਹੈਂਤੈਂ ਭਲੀਸਮਝੀਹੈ ਗ੍ਰਿਹਸਤਕੋਤਿਆਗਕੇ ਜੋਗੀ ਹੋਣਾ ਤੇਫੇਰਰਸਕਸਨਾ ਛੋਡਣੇ ਤੇਜੋਗੀ ਹੋਣੇਕਾ ਕਿਆਫਾਇਦਾ ਹੈ ਮਹਾਤਮਾ ਕੇ ਏਹ ਹੀ ਲੱਛਣਹੈਨ ਜੋ ਮਨ ਨੂੰ ਪਰਮੇਸ਼ਰ ਨਾਲ ਜੋੜਨਾ ਅਤੇ ਪਦਾਰਥਾਂ ਨਾਲੋਂਤੋੜਨਾ ਔਰ ਨਿਜਸਰੂਪਦਾ ਧਿਆਨਰਖਨਾਸਰਬਮੇਪੂਰਨ ਜਾਨਣਾ ਨੰਗੇ ਭੁੱਖੇਨੂੰਛਾਦਨ ਭੋਜਨਦੇਣਾ ਹੇ ਨਾਥ ਜੀ ਆਪ ਪੂਰਨਸਾਧ ਹੋ ਅਤੇ ਜੋ ਚੇਲਾ ਹੋਵੇ ਉਸਨੂੰ ਵੀ ਐਸਾ ਹੀ ਉਪਦੇਸ਼ ਕਰਨਾ ਤਾਂ ਆਪ ਪਰਮ ਧਾਮ ਕੇ ਹਿਤਕਾਰੀ ਹੋਵੋਗੇ ਏਹ ਚਰਚਾ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਓਥੇ ਰਾਤ ਰਹੇ ਜਬ ਪਰਾਤਹ ਕਾਲ ਹੋਈ ਤਾਂ ਸ੍ਰੀ ਗੁਰੂਜੀ ਬਾਲ ਗੁੰਦਾਈ ਉਪਰ ਖੁਸ਼ੀ ਕਰਕੇ ਕਹਿਨ ਲਗੇ ਹੇ ਜੋਗੀਸ਼ਰਜੀ ਸਾਡੀ ਕਰਤਾਰ ਕਰਤਾਰ ਤਾਂ ਬਾਲਗੁੰਦਾਈ ਕਹਿਆ ਹੇ ਤਪਾਜੀ ਆਪਉਦਾਸਕਿਉਂ ਹੋਏਹੋ ਕੋਈ ਕਾਲ ਤਾਂ ਦਰਸ਼ਨ ਦੇਓ ਔਰ ਦਰਸ਼ਨਲਓਜੀ ਅਤੇ ਨਾਲੇਹੋਰਸਿੱਧਸ੍ਰੀਗੁਰੂਜੀਕੇ ਚਰਨਾਂ ਉਪਰ ਮੱਥਾ ਟੇਕਤੇ ਭਏ ਅਤੇ ਕਹਿਨਲਗੇ ਤਪਾਜੀ ਅਜੇ ਤਾਂ ਕੋਈਬੀ ਬਾਤਨਾਹੀਂ ਕੀਤੀ ਜੀ ਤਾਂ ਸ੍ਰੀ ਗੁਰੂ ਨਾਨਕਜੀ ਸਭਨਾਂ ਕਉ ਕ੍ਰਿਪਾ ਦ੍ਰਿਸ਼ਟੀ ਕਰੀ ਅਤੇ ਓਥੋਂ ਵਿਦਿਆਹੋਏ ਨਾਲ ਮਰਦਾਨਾ ਅਤੇ ਨਾਲਮੈਂ ਜਿਉਂ ਅੰਤਰਧਿਆਨਹੋਏ ਤੇਇਕਵਲਾਇਤ ਜਾਇ ਪਹੁੰਚੇ

੧੩੫ ॥ ਅੱਗੇ ਸਾਖੀ ਇਕ ਰਾਜੇ ਨਾਲ ਹੋਈ

ਤਾਂ ਭਾਈ ਬਾਲਾ ਕਹੇਹੇ ਸ੍ਰੀ ਗੁਰੂ ਅੰਗਦਜੀ ਇਕ ਸਮੇਂ ਸ੍ਰੀ ਗੁਰੂਨਾਨਕਦੇਵ ਜੀ ਜਿਉਂ ਅੰਤਰਧਿਆਨ ਹੋਏ ਇਕਦੇਸ ਐਸੇਵਿਚ ਜਾਇਪ੍ਰਾਪਤਹੋਏ ਜੋ ਓਸਮੁਲਕ ਵਿਚ ਨ ਅੰਨ ਅਤੇ ਨ ਅੱਗ ਏਹ ਦੋਵੇਂ ਵਸਤੂ ਓਥੇ ਪੈਦਾ ਨਹੀਂ ਸੀ ਹੁੰਦੀਆਂ ਅਤੇ ਓਥੋਂ ਦੇ ਰਹਿਨੇ ਵਾਲੇ ਜੀਉਦੂੰਬਿਆਂਦਾਮਾਸਖਾਂਦੇਸਾਨ ਅਰਦੂੰਬਾਮਾਰਕੇ ਤੇ ਉਸਦਾਮਾਸਬਨਾਇਕਰਇਕਪੱਥਰ ਮਾਸਦੇ ਹੇਠ ਤੇ ਇਕ ਪੱਥਰ ਮਾਸਦੇ ਉੱਪਰ ਦੇ ਕੇ ਰੱਖਦੇਂਦੇ ਸਨ ਤੇ ਸਦਾ ਪਹਿਰ ਸੂਰਜ ਦਾ ਜਾਪ ਕਰਦੇਸਾਨ ਤਾਂ ਓਹ ਮਾਸ ਆਪੇ ਹੀ ਦਿੱਝਜਾਂਦਾ ਸੀ ਤਾਂ ਖਾ ਲੈਂਦੇਸਨਅਤੇਆਏ ਸਾਧ ਫ਼ਕੀਰਨੂੰ ਵੀ ਦੂੰਬਦਾ ਮਾਸ ਖਾਣੇ ਕਉਦੇਂਦੇ ਸਨ ਤਾਂਉਸ ਸ਼ਹਿਰਦੇ ਬਾਹਰ ਸ੍ਰੀਗੁਰੂ ਨਾਨਕ ਜੀ ਜਾਇ ਬੈਠੇ ਤਾਂ ਓਥੇਇਕ ਅਧਾਲੀ ਦੂੰਬੇ ਚਾਰਨ ਵਾਲਾ ਸ੍ਰੀ ਗੁਰੂ ਨਾਨਕ ਜੀ ਦੇ ਪਾਸ ਆਇ ਬੈਠਾ ਅਤੇਹੱਥਜੋੜਕਰ ਕਹਿਨਲੱਗਾ ਹੇ ਸੰਤ ਜੀ ਜੇਕਹੋ ਤਾਂ ਮੈਂ ਇਕਦੂੰਬਾ ਮਾਰਦਾ ਹਾਂ ਅਤੇ ਆਪ ਖਾਵੋਜੀ ਜੇਕਰ ਆਪ ਨਾ ਖਾਵੋਗੇ ਤਾਂ ਮੈਨੂੰਦੂੰਬਿਆਂਦਾ ਖ਼ਾਵੰਦਗੁੱਸੇ ਹੋਵੇਗਾ ਜੀ ਅਤੇਕਹੇਗਾ ਤੂੰ ਸੰਤ ਅਤੀਤ ਨੂੰ ਭੁੱਖਾਂਕਿਉਂ ਰੱਖਿਆਹੈ ਅਤੇਸੰਤਜੀ ਏਸਮੁਲਕ ਦੀ ਰੀਤ ਏਹ ਹੈਜੀ ਜਿਸਨੂੰਅਤੀਤ ਸਾਧ ਨਦਰੀ ਆਵੇਜੀ ਤਾਂ ਓਹ ਦੂੰਬਾਮਾਰਕੇ ਖੁਲਾਵੇ

CC-0. Gurukul Kangri University Haridwar Collection. Digitized by S3 Foundation USA

ਜੀ ਅਤੇ ਏਸ ਮੁਲਕ ਵਿੱਚ ਅੰਨ ਅਤੇ ਅੱਗ ਏਹ ਦੋਵੇਂ ਵਸਤੂ ਪੈਦਾ ਨਹੀਂ ਹੁੰਦੀ ਆਂ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਹੁਣ ਤੂੰ ਦੁੰਬਾ ਮਾਰ ਤਾਂ ਓ ਸ ਅਖਾਲੀ ਨੇ ਦੁੰਬਾ ਮਾਰਿਆ ਅਤੇ ਬਣਾਇ ਕਰ ਇਕ ਪੱਥਰ ਹੇਠ ਅਤੇ ਇਕ ਪੱਥਰ ਉਪਰ ਦਿੱਤਾ ਤੇ ਵਿੱਚ ਮਾਸ ਰੱਖਿਆ ਅਤੇ ਲਗਾ ਸੂਰਜ ਦਾ ਜਾਪ ਕਰਨ ਜਾਂ ਸਵਾ ਪੈਹਰ ਗੁਜ਼ਰਿਆ ਤਾਂ ਮਾਸ ਰਿੱਝ ਆਧਾ ਤਾਂ ਉਸ ਅਖਾਲੀ ਨੇ ਅਰਦਾਸ ਕੀਤੀ ਹੇ ਸੰਤ ਜੀ ਤੁਸੀ ਏਹ ਮਾਸ ਖਾਵਹੁ ਜੀ ਤਾਂ ਸ੍ਰੀ ਗੁਰੂ ਜੀ ਉਸ ਅਖਾਲੀ ਕਉ ਆਖਿਆ ਭਾਈ ਤੂੰ ਇਸ ਦੁੰਬੇ ਦਾ ਖਲੜਾ ਅਤੇ ਹੱਡੀਆਂ ਸਭ ਇਕੱਠੀਆਂ ਕਰ ਉਸ ਪਾਸੋਂ ਇਕੱਠੀਆਂ ਕਰਵਾਇ ਕਰ ਸ੍ਰੀ ਗੁਰੂ ਨਾਨਕ ਜੀ ਮੁਖੋਂ ਕਹਿਆ ਉਠ ਦੁੰਬੇ ਚਰ ਇਤਨੇ ਕਹਿਣੇ ਨਾਲ ਦੁੰਬਾ ਉਠ ਕਰ ਚਰਨੇ ਲਗਾ ਤਾਂ ਅਖਾਲੀ ਏਹ ਕੌਤਕ ਦੇਖ ਕਰ ਹੈਰਾਨ ਹੋਇ ਗਿਆ ਤਾਂ ਸ੍ਰੀ ਗੁਰੂ ਜੀ ਉਸ ਅਖਾਲੀ ਨੂੰ ਕਹਿਆ ਭਾਈ ਤੂੰ ਸ਼ਹਿਰ ਵਿੱਚ ਜਾਇ ਕਰ ਕਿਸੇ ਬੜੇ ਆਦਮੀ ਨੂੰ ਖ਼ਬਰ ਕਰ ਅਤੇ ਏਹ ਆਖੀਂ ਭਾਈ ਚਲੋ ਬਾਹਰ ਧੁਆਨੂੰ ਇਕ ਸੰਤ ਬੁਲਾਂਵਦਾ ਹੈ ਅਤੇ ਸ੍ਰੀ ਵਾਹਿਗੁਰੂ ਪਾਸੋਂ ਧੁਆਨੂੰ ਅੱਗ ਅਤੇ ਅੰਨ ਲੈਦੇਂ ਦੇ ਹੈਂ ਤਾਂ ਇਤਨਾਂ ਬਚਨ ਸੁਣ ਕਰ ਓਹ ਅਖਾਲੀ ਸ਼ਹਿਰ ਵਿੱਚ ਗਿਆ ਤਾਂ ਇਕ ਸ਼ਾਹੂਕਾਰ ਦੇ ਪਾਸ ਜਾਇ ਕਰ ਕਹਿਣ ਲਗਾ ਹੇ ਮਹਾਰਾਜ ਜੀ ਬਾਹਰ ਸ਼ਹਿਰ ਦੇ ਇਕ ਅਤੀਤ ਫ਼ਕੀਰ ਬੈਠਾ ਹੈ ਅਤੇ ਆਪ ਨੂੰ ਬੁਲਾਂਵਦਾ ਹੈ ਅਤੇ ਕਹਿੰਦਾ ਹੈ ਜੋ ਸੱਚੇ ਵਾਹਿਗੁਰੂ ਪਾਸੋਂ ਧੁਆਨੂੰ ਅੰਨ ਅਤੇ ਅੱਗ ਏਹ ਦੋਵੇਂ ਚੀਜਾਂ ਲੈਦੇਂ ਦੇ ਹਾਂ ਜਾਂ ਏਹ ਗੱਲ ਸੁਣੀ ਤਾਂ ਓ ਹ ਸ਼ਾਹੂਕਾਰ ਉਠ ਤੁਰਿਆ ਜਾਂ ਬਾਹਰ ਆਧਾ ਤਾਂ ਕਿਆ ਦੇਖੇ ਜੋ ਸੰਤ ਬੈਠੇ ਹੈਨ ਤਾਂ ਉਸ ਸ਼ਾਹੂਕਾਰ ਨੇ ਸ੍ਰੀ ਗੁਰੂ ਜੀ ਦੇ ਅੱਗੇ ਮੱਥਾ ਟੇਕਿਆ ਤਾਂ ਗੁਰੂ ਜੀ ਉਸ ਸ਼ਾਹੂਕਾਰ ਨੂੰ ਕਹਿਆ ਭਾਈ ਤੂੰ ਕੁਛ ਅਨਾਜ ਲੈਆਉ ਤਾਂ ਉਸ ਸ਼ਾਹੂਕਾਰ ਨੇ ਕਹਿਆ ਗਰੀਬ ਨਿਵਾਜ਼ ਜੀ ਏਥੇ ਤਾਂ ਅਨਾਜ ਨਹੀਂ ਪਰ ਮੈਂ ਏਥੋਂ ਦੇ ਰਾਜਾ ਨੂੰ ਆਖਨਾ ਹਾਂ ਜੀ ਤਾਂ ਓਹ ਸ਼ਾਹੂਕਾਰ ਗੁਰੂ ਜੀ ਦੇ ਪਾਸੋਂ ਉਠ ਕੇ ਸ਼ਹਿਰ ਦੇ ਰਾਜੇ ਪਾਸ ਗਿਆ ਤੇ ਜਾ ਕੇ ਰਾਜਾ ਕੋ ਆਖਿਆ ਹੇ ਰਾਜਾ ਜੀ ਬਾਹਰ ਸ਼ਹਿਰ ਦੇ ਇਕ ਅਤੀਤ ਫ਼ਕੀਰ ਬੈਠਾ ਹੈ ਅਤੇ ਆਖਦਾ ਹੈ ਕਿ ਧੁਆਨੂੰ ਕਰਤਾਰ ਪਾਸੋਂ ਅੰਨ ਤੇ ਅੱਗ ਦੋਵੇਂ ਵਸਤੂ ਲੈ ਦੇਂਦੇ ਹਾਂ ਤਾਂ ਏਹ ਬਾਤ ਸ਼ਾਹੂਕਾਰ ਦੀ ਸੁਣ ਕਰ ਰਾਜਾ ਸਮੇਤ ਵਜ਼ੀਰ ਸ੍ਰੀ ਗੁਰੂ ਜੀ ਕੀ ਚਰਨੀਂ ਆਇ ਲਗਾ ਤਾਂ ਸ੍ਰੀ ਗੁਰੂ ਜੀ ਕਹਿਆ ਹੇ ਰਾਜਾ ਤੁਸੀ ਸ੍ਰੀ ਕਰਤਾਰ ਜੀ ਕੀ ਭਗਤੀ ਗ੍ਰਹਿਣ ਕਰੋ ਤਾਂ ਧੁਆਨੂੰ ਕਰਤਾਰ ਸਭ ਕੁਛ ਦੇਸੀ ਤਾਂ ਗੁਰੂ ਜੀ ਕੀ ਆਗਿਆ ਮੰਨ ਕਰ ਸਮੇਤ ਪਰਜਾ ਰਾਜਾ ਗੁਰੂ ਨਾਨਕ ਜੀ ਕੇ ਸਿੱਖ ਹੋਏ ਤਾਂ ਸ੍ਰੀ ਗੁਰੂ ਜੀ ਕਿਰਪਾ ਕਰਕੇ ਕਹਿਆ ਰਾਜਾ ਥੋੜਾ ਅੰਨ ਲੈ ਆਵਹੁ ਤਾਂ ਓਸ ਸਾਰੇ ਸ਼ਹਿਰ ਵਿੱਚੋਂ ਇਕ ਸੇਰ ਅੰਨ ਨਿਕਲਿਆ ਤਾਂ ਓਹ ਲੈਆਏ ਤਾਂ ਸ੍ਰੀ ਗੁਰੂ ਜੀ ਨੇ ਕਿਹਾ ਇਸਨੂੰ ਬੀਜਹੁ ਤਾਂ ਓਨਾਂ ਲੋਕਾਂ ਸ੍ਰੀ ਗੁਰੂ ਜੀ ਦੇ ਹੁਕਮ ਨਾਲ ਅੰਨ ਬੀਜਿਆ ਤਾਂ ਓਹ ਅੰਨ ਉਗਿਆ ਜਾਂ ਓਹ ਪੱਕਾ ਤਾਂ ਸ੍ਰੀ ਗੁਰੂ ਜੀ ਕਿਹਾ ਇਸਨੂੰ ਵੱਢ ਕਰ ਗਾਹੋ ਜਾਂ ਓਨਾਂ ਲੋਕਾਂ ਗਾਹਿਆ ਤਾਂ ਸ੍ਰੀ ਗੁਰੂ ਜੀ ਦੀ ਕ੍ਰਿਪਾ ਨਾਲ ਅਤੁੱਟ ਭੰਡਾਰ ਹੋ ਗਏ ਤਾਂ ਸ੍ਰੀ ਗੁਰੂ ਜੀ ਕਹਿਆ ਰਾਜਾ ਕਰਤਾਰ ਦਾ

CC-0. Gurukul Kangri University Haridwar Collection. Digitized by

OF INTERNET ABHINAV GAUR

ਨਾਮਲੈਕੇ ਸਮੇਸਿਰ ਬੀਜਿਆ ਕਰੋ ਕਰਤਾਰ ਬਰਕਤ ਪਾਵੇਗਾ ਭਾਂਫੇਰਸ੍ਰੀ ਗੁਰੂਜੀ ਪੱਥਰ ਝਾੜਕਰਅੱਗਓ ਨਾਂਨੂੰਦਿੱਤੀ ਭਾਂ ਓਹ ਮੁਲਖ ਰਾਜਾ ਸਮੇਤ ਸ੍ਰੀਗੁਰੂ ਜੀ ਕਾ ਸਿੱਖ ਹੋਯਾ ਭਾਂ ਲੱਗੇ ਗੁਰੂ ਗੁਰੂ ਜਪਣ ਭੇ ਸ੍ਰੀ ਗੁਰੂ ਜੀ ਕੀ ਚਰਨੀਲੱਗੇ ਭਾਂ ਸ੍ਰੀ ਗੁਰੂ ਜੀ ਕਹਿਆ ਭਾਈ ਆਏ ਸੰਭ ਦੀਸੇਵਾਕਰਨੀ ਗਰੀਬਦੀਪਾਲਨਾਕਰਨੀਤਨਮਨ ਧਨਕਰਕੇ ਸ੍ਰੀ ਪਰਮੇਸ਼ਰ ਜੀਕਾ ਸਿਮਰਨ ਕਰਨਾ ਭਾਂ ਤੁਹਾਡਾ ਉਧਾਰ ਹੋਵੇਗਾ ਏਹ ਬਾਤ ਕਰਕੇ ਸ੍ਰੀਗੁਰੂ ਜੀ ਓਥੋਂ ਚਲਣ ਲਗੇ ਭਾਂ ਓਹ ਲੋਗ ਬਡਾ ਪ੍ਰੇਮ ਕਰਨ ਭਾਂ ਫੇਰਸ੍ਰੀਗੁਰੂਨਾਨਕਜੀ ਕੋਈ ਸਮਾ ਓਥੇ ਰਹੇਭਾਂਫੇਰਉਸਰਾਜਾਪਰਖੁਸ਼ੀਕਰਕੇਚਲਦੇਰਹੇ॥ ਬੋਲਹੁਭਾਈਜੀਵਾਹਿਗੁਰੂ॥ ੧੩੬॥

ਆਗੇ ਭੁਟੰਤਰ ਦੇਸ ਵਿਚ ਗਏ

ਭਾਂ ਸ੍ਰੀ ਗੁਰੂਜੀ ਚਲਦੇ ਚਲਦੇ ਇਕਸ ਦੇਸ ਵਿੱਚ ਗਏ ਤੇ ਸ਼ਹਿਰ ਦੇ ਬਾਹਿਰ ਜਾਇ ਬੈਠੇ ਅਤੇ ਜੋ ਕੋਈ ਸ੍ਰੀਗੁਰੂਜੀਕਾ ਦਰਸ਼ਨ ਕਰੇ ਸੋ ਓਥੇਹੀਬੈਠਰਹੇ ਅਤੇਦਰਸ਼ਨਕਰਦੇਰੱਜਨ ਨਾਹੀਂ ਭਾਂ ਸਾਰੇ ਸ਼ਹਿਰਵਿੱਚ ਏਹਚਰਚਾਹੋਇਰਹੀ ਕਿਭਾਈਐਸਾਸੰਤਆਯਾਹੈਜੋ ਨਾਂਕੁਛ ਕਿਸੇ ਪਾਸੋਂ ਮੰਗਦਾ ਹੈ ਤੇ ਨਾ ਕਿਸੇ ਨਾਲ ਬੋਲਦਾ ਹੈ ਬਡਾ ਸੰਤੋਖੀ ਸੰਤ ਹੈ ਏਹ ਬਾਤਾਂ ਜਿੱਥੇ ਕਿੱਥੇ ਲੋਕ ਕਰਨ ਪਰ ਏਹ ਗੱਲਾਂ ਉਸ ਨਗਰ ਦੇ ਰਾਜਾ ਨੇ ਸੁਨੀਆਂ ਅਤੇ ਰਾਜਾ ਨੇ ਬਹੁਤ ਭਲੀਆਂ ਭਲੀਆਂ ਵਸਤੂ ਲੈਕਰ ਸ੍ਰੀ ਗੁਰੂ ਜੀ ਦੇ ਅੱਗੇ ਜਾਇ ਰੱਖੀਆਂ ਅਤੇ ਆਪ ਚਰਨਾਂ ਉੱਪਰ ਮੱਥਾ ਟੇਕਿਆ ਅਤੇ ਓਸ ਦੇਸਦੀ ਏਹ ਰੀਤ ਸੀ ਕਿ ਰਾਜਾ ਓਥੋਂਦਾ ਘਾਸ ਖੋਂਦਿਆ ਕਰੇ ਅਤੇ ਕੱਪੜੇ ਰਾਜੇ ਦੇ ਜੱਤਦੇ ਸਨ ਏਹ ਪਹਿਰਾਵਾਰਾਜਾਦਾਸੀ ਭਾਂ ਗੁਰੂ ਜੀ ਦੇਖ ਕਰ ਕਹਿਆ ਐ ਰਾਜਾ ਏਹ ਵਸਤੂ ਆਪਨੀਆਂ ਉਠਾਇਲੈਜਾਹੁ ਅਤੇ ਪ੍ਰਮੇਸ਼ਰ ਜੀ ਦੇ ਅਰਥ ਗ਼ਰੀਬਾਂ ਦੇ ਮੁਹਿ ਜਾਇ ਪਾਵਹੁ ਭਾਂ ਰਾਜੇਨੇ ਇਸੇਤਰਾਂਕੀਤਾਸਭਪਦਾਰਥ ਸ੍ਰੀ ਕਰਤਾਰ ਦੇ ਅਰਥ ਗ਼ਰੀਬਾਂ ਕਉ ਖੁਵਾਇ ਦਿੱਤੇ ਭਾਂ ਫੇਰ ਸ੍ਰੀਗੁਰੂਜੀਕੇਚਰਨਾਂਉਪਰ ਮੱਥਾ ਟੇਕਿਆ ਤੇ ਕਹਿਆਸੁ ਹੇਮਹਾਂਪੁਰਖਜੀ ਆਪਦਾ ਚਰਨ ਏਸ ਦੇਸ ਵਿੱਚ ਪਇਆਹੈ ਤੇ ਹਮਾਰੇ ਕਈਆਂ ਜਨਮਾਂ ਦੇ ਪਾਪ ਦੂਰ ਹੋਏਹੈਨ ਹੇ ਸੰਤਜੀ ਹਮਾਰਾ ਬਹੁਤਭਲਾਹੂਆ ਹੈ ਜੀ ਅਤੇ ਆਪਕੋ ਭਾਂ ਕੋਈ ਪਰਵਾਹ ਨਹੀਂ ਅਤੇਆਪਤਾਂਸੰਤ ਪਰਉਪਕਾਰੀ ਹੋ ਅਤੇ ਮੈਂ ਆਪਕੀਸ਼ਰਣਆਯਾ ਹੋਂ ਅਤੇਆਪਕਾਆਵਣਾਜੋਏਥੇਹੋਇਆਹੈਤਾਂ ਕੇਵਲ ਅਸਾਡਾ ਭਲਾ ਕਰਨ ਵਾਸਤੇ ਆਏ ਹੋ ਜੀ ਭਾਂ ਏਹ ਸੁਣ ਕਰ ਸ੍ਰੀਗੁਰੂ ਜੀ ਕੇ ਹਿਰਦੇ ਮੇਂ ਦਇਆ ਆਈ ਕਹਿਆ ਕਹੁਰਾਜਾ ਤੇਰੀ ਕਿਆਮਨਸ਼ਾਹੈ ਭਾਂਰਾਜਾਨੇਕਹਿਆ ਹੇ ਗੁਰੂਜੀ ਇਕ ਚਾਵਲ ਤੇ ਇਕ ਪਸ਼ਮ ਏਹ ਦੋਇਵਸਤੂ ਮੇਰੇਦੇਸਵਿਚਹੋਂਦੀਆਂਹੈਨਜੀ ਅਤੇਹੋਰਕੁਝਨਹੀਂਹੋਂਦਾ ਜੀ ਪਰ ਹੇ ਦੀਨਾਨਾਥਜੀ ਆਪ ਕ੍ਰਿਪਾਕਰੀਏ ਜੋ ਹੋਰਭੀ ਅੰਨ ਮੇਰੇ ਦੇਸਵਿਖੇਂ ਹੋਵਨ ਜੀ ਏਹਵਰਦੇਵਹੁਜੀ ਔਰ ਮਹਾਰਾਜ ਜੀ ਕਪਾਹਵੀ ਮੇਰੇ ਦੇਸਮੇਂ ਹੋਵੇਜੀ ਅਤੇ ਰਾਜਾ ਸਮੇਤ ਸਭਲੋਕ ਸ੍ਰੀਗੁਰੂਨਾਨਕ ਜੀਕੇ ਸਿੱਖ ਹੋਏ ਜਬ ਰਾਜਾ ਨੇ ਨਿਮ੍ਰ ਹੋਇਕੇ ਬੇਨਤੀ ਕੀਤੀ ਭਾਂ

CC-0. Gurukul Kangri University Haridwar Collection. Digitized by S3 Foundation USA

ਕ੍ਰਿਪਾਨਿਧਾਨਦਾਸੋਂਕੋਸੁਖਦਾਈਕਵਲਨੇਤ੍ਰ ਸ੍ਰੀ ਗੁਰੂਨਾਨਕ ਜੀ ਕਹਿਆ ਹੇ ਰਾਜਾ ਸਰਬ ਪ੍ਰਕਾਰ ਕਾ ਅੰਨ ਤੇਰੇ ਮੁਲਖ ਵਿਖੇਹੋਵੇਗਾ ਏਹ ਬਾਰਤਾਸੁਣਕਰ ਰਾਜਾ ਬਡਾ ਪ੍ਰਸੰਨ ਹੋਯਾ ਅਤੇਆਪਨੀਪਰਜਾਦੇਸਮੇਤ ਇਸਤ੍ਰੀਆਂਪੁਰਖਸਭਨੇਸ੍ਰੀ ਗੁਰੂਨਾਨਕ ਦੇਵ ਜੀ ਕੇ ਚਰਨਾਂ ਕੀ ਪਾਹੁਲ ਲਈ ਅਤੇ ਸਤਿਨਾਮਲੱਗੇਜਪਨਔਰ ਜਿਸਤਰਾਂ ਸ੍ਰੀਗੁਰੂਜੀ ਕਾ ਹੁਕਮ ਹੈ ਜੋ ਪਹਿਰਰਾਤਨਾਲਉਠਕਰਇਸ਼ਨਾਨਕਰਨਫੇਰਸ੍ਰੀਪਰਮੇਸ਼ਰ ਜੀ ਦੀ ਭਗਤੀ ਕਰਨ ਜਬ ਸ੍ਰੀ ਗੁਰੂ ਨਾਨਕਜੀ ਓਥੋਂਵਿਦਿਆ ਲਗੇਹੋਵਨ ਤਾਂ ਰਾਜਾਸਮੇਤ ਪਰਜਾ ਦੇ ਆਇ ਚਰਨੀ ਲਗੇ ਤੇ ਆਖਨ ਲੱਗੇ ਹੇਦੀਨਾਬੰਧੂ ਆਪਏਥੋਂ ਕਿਉਂਕਰ ਛੇਤੀ ਉਦਾਸ ਹੋਏਹੋ ਜੀ ਆਪ ਦੇ ਏਥੇ ਰਹਿਨ ਨਾਲ ਬੜੇ ਅੰਨ ਹੋਵਨਗੇ ਅਤੇ ਬਹੁਤ ਅਨੰਦ ਹੋਗਾ ਤੇ ਦੇਸ ਪਵਿੱਤ੍ਰ ਹੋਗਾ ਤੇ ਸਿੱਖੀ ਪ੍ਰਗਟਹੋਵੇਗੀ ਸੋਕ੍ਰਿਪਾ ਕਰਕੇ ਏਥੇ ਹੀ ਰਹੋ ਜੀ ਜਾਂ ਏਸ ਤਰਾਂ ਦੀਆਂ ਬਹੁਤ ਬੇਨਤੀਆਂ ਰਾਜਾ ਤੇ ਸਰਬ ਲੋਕਾਂ ਕੀਤੀਆਂ ਤਾਂ ਸ੍ਰੀਗੁਰੂਨਾਨਕ ਜੀ ਮੇਹਰਬਾਨੀ ਕਰਕੇ ਕਹਿਨ ਲਗੇ ਹੇ ਰਾਜਾ ਤੇਰੇ ਦੇਸ ਵਿ ਸਰਬ ਤਰਾਂ ਕੀਆਂ ਖਾਨੀਆਂ ਹੋਵਨਗੀਆਂ ਅਰ ਧੁਆਨੂੰ ਕਰਤਾਰ ਪਾਸੋਂ ਲੈ ਦਿੱਤੀਆਂ ਹੈਨ ਕੱਪੜੇ ਦੀ ਖਾਨ ਕਪਾਹ ਹੋਵੇਗੀ ਅਰ ਚਾਂਦੀ ਸੁਇਨੇ ਕੀ ਖਾਨ ਭੀ ਏਥੇ ਹੋਵੇਗੀ ਔਰ ਸਰਬ ਤਰਾਂ ਦੀਆਂ ਖ਼ੁਸ਼ਬੋਈਆਂ ਹੋਨਗੀਆਂ ਔਰ ਆਏ ਸਿੱਖਸੰਤਦੀ ਸੇਵਾਕਰਨੀ ਨਾਮਜਪਨਾ ਧਰਮਦੀਕਿਰਤਕਰਨੀ ਪਰਜਾਨੂੰ ਗਿਆਨ ਦ੍ਰਿੜਾਯਾ ਸੁਖਸਾਂਤ ਦਿੱਤੀ ਅਤੇਰਾਜਾਤੇਸਰਬੱਤਲੋਕ ਸ੍ਰੀਗੁਰੂਜੀ ਦੇ ਰੱਖਣੇ ਵਾਸਤੇ ਬਹੁਤ ਜਤਨ ਕਰਰਹੇ ਪਰ ਸ੍ਰੀਗੁਰੂਜੀਓਥੇਰਹਿਣ ਨਾਹੀਂ ਤੇ ਕਹਿਣਲਗੇ ਹੇ ਰਾਜਾਜਿਸਤਰਾਂਤੂੰ ਹੈਂ ਏਸੇਤਰਾਂਸਾਨੂੰ ਹੋਰਭੀ ਲੋਕਚਾਹੁੰਦੇ ਹੈਨ ਤੇਅਸਾਂ ਸਾਰੇ ਹੀ ਜਾਣਾਹੈ ਜਿੱਥੇ ੨ ਕਰਤਾਰ ਦਾ ਹੁਕਮ ਹੋਵੇਗਾ ਓਥੇ ਓਥੇ ਜਾਈ ਪਹੁੰਚਾਂਗੇ ਏਹ ਕਹਿਕਰ ਰਾਜਾ ਅਤੇ ਪਰਜਾ ਦਾ ਮਨ ਠਹਿਰਾਇਕਰ ਓਥੋਂ ਸ੍ਰੀਗੁਰੂਨਾਨਕਜੀ ਸਰਬੱਤ ਪਰ ਖ਼ੁਸ਼ੀ ਕਰਕੇ ਚਲਨੇਲਾਗੇ ਤਾਂ ਓਨਾਂ ਲੋਕਾਂਕਹਿਆ ਹੇ ਸੁਆਮੀ ਜੀ ਅਸਾਂ ਕੁਛ ਆਪਦੀ ਸੇਵਾਭੀ ਨਾਕਰਲੀਤੀ ਤੇ ਦਰਸ਼ਨ ਭੀ ਪ੍ਰਸੰਨਹੋਕੇ ਨਾਂਕੀਤਾਤਾਂਸ੍ਰੀਗੁਰੂਨਾਨਕਜੀਸਭਨੂੰਸ਼ਾਂਤੀਦੇਕਰਓਥੋਂ ਚਲਦੇ ਰਹੇ ॥ ੧੩੭ ॥

ਆਗੇ ਸਾਖੀ ਸਮੁੰਦ੍ ਦੇ ਗ੍ਰਾਮ ਰੋੜ੍ਹਨੇ ਕੀ

ਤਾਂ ਆਗੇ ਸ੍ਰੀ ਗੁਰੂਨਾਨਕਜੀ ਜਾਂਦੇਜਾਂਦੇ ਸਮੁੰਦ੍ਰਦੇ ਕਿਨਾਰੇਇਕਗ੍ਰਾਮਦੇਪਾਸ ਜਾਇ ਬੈਠੇ ਤਾਂ ਓਥੋਂਦੇ ਲੋਕਾਂ ਬਹੁਤ ਟਹਿਲ ਸੇਵਾਕਰੀ ਜਦਛੇਮਹੀਨੇਗੁਜ਼ਰੇ ਤਾਂ ਉਨਾਂਲੋਕਾਂ ਸ੍ਰੀਗੁਰੂ ਜੀਨੂੰ ਕਹਿਆ ਹੇ ਸ੍ਰੀ ਗੁਰੂਜੀ ਅਬ ਹਮ ਏਥੋਂ ਚਲਦੇਹਾਂ ਜੀ ਤੇ ਤੁਸੀਭੀ ਅਸਾਡੇਨਾਲਹੀ ਚਲੋ ਜੀ ਦੇਖੋ ਸਭ ਅਸਬਾਬ ਦੇ ਗੱਡੇ ਲੱਦਕੇ ਗ੍ਰਾਮ ਥੋਂ ਬਾਹਰ ਖੜੇ ਹੈਂ ਅਤੇ ਹੋਰ ਕਿਸੇ ਅਸਥਾਨ ਜਾਇ ਰਹਾਂਗੇ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਤੁਸੀਂ ਏਥੋਂ ਚੰਗੇ ਭਲੇ ਵਸਦੇ ਉਠਤੁਰੇਹੋ ਧੁਆਨੂੰ ਕਿਯਾਦੁਖਹੈ ਤਾਂ ਉਨ੍ਹਾਂ ਲੋਕਾਂ ਕਹਿਆ ਗੁਰੂਜੀ ਏਥੇ ਸਾਨੂੰ ਏਹੈ ਦੁਖ ਹੈ ਕਿ ਜਦ ਛੇ ਮਹੀਨੇ ਗੁਜਰਦੇਹੈਨ ਤਾਂ ਏਹਸਮੁੰਦ੍ ਸਾਡਾਗ੍ਰਾਮ ਰੋੜ੍ਹ ਕਰ ਲੈਜਾਂਦਾਹੈ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਭਾਂ ਅਸੀਂ ਫੇਰ ਛੀਂ ਮਹੀਨੀਂ ਆਉਂਦੇਹਾਂ ਤੇ ਮੁੜ ਘਰ ਬਣਾਉਨੇ ਹਾਂ ਏਹਬਾਤ ਓਹਨਾਂ ਲੋਕਾਂ ਦੀ ਸੁਨਕਰ ਸ੍ਰੀਗੁਰੂ ਜੀ ਕਿਹਾ ਭਾਈ ਤੁਮਾਰੇ ਘਰ ਜੋ ਸਮੁੰਦਰ ਰੋੜ੍ਹਕਰਲੈ ਜਾਂਦਾ ਹੈ ਜੇਕਰਤੁਮਾਰੇ ਘਰਸਮੁੰਦ੍ਰਨਾਦ੍ਰੜ੍ਹਾਵੇ ਭਾਂਤੁਸੀਗੁਰੂਜੀਕੇਸਿੱਖਹੋਵੋਗੇ? ਭਾਂ ਓਨਾਂ ਲੋਕਾਂ ਨੇ ਕਿਹਾ ਹੇ ਮਹਾਰਾਜਜੀ ਅਸਾਨੂੰ ਜੇਕਹੋਚੋ ਭਾਂ ਅਸੀਂ ਆਪਦੇ ਹੀ ਸਿੱਖਹੋਵਾਂਗੇ ਤੇਗੁਰੂ ਗੁਰੂ ਜਪਾਂਗੇ ਜੇਕਰ ਸਾਡਾ ਦੁਖ ਦੂਰ ਹੋਵੇਗਾ ਭਾਂ ਅਸੀਂ ਸਭ ਤੁਮਾਰੇ ਦਾਸ ਹੋਵੇਂਗੇ ਭਾਂ ਸ੍ਰੀ ਗੁਰੂ ਜੀ ਕਿਹਾ ਭਾਈ ਅਬ ਕੀ ਵਾਰ ਤੁਮ ਜਾਵੋ ਅਤੇ ਅਸੀਂ ਏਥੇ ਬੈਠਦੇ ਹਾਂ ਜਬ ਤੁਮ ਆਵੋਗੇ ਭਾਂਦੇਖਲੈਣਾਂ ਜੇਕਰ ਤੁਸਾਡੇਘਰ ਬਨੇ ਰਹੇ ਭਾਂ ਤੁਸਾਂਆਪਣੇ ੨ ਘਰੋਂ ਮੇਂਆਇਬਸਨਾਂ ਤੇ ਗੁਰੂ ਕੀ ਸਿੱਖੀ ਤੁਸਾਂ ਧਾਰਣ ਕਰਨੀ ਏਹ ਬਾਤ ਸੁਣਕਰ ਓਹ ਲੋਕ ਓਥੋਂ ਚਲੇ ਗਏ ਅਤੇ ਗੁਰੂਨਾਨਕਜੀ ਓਥੇ ਬੈਠਰਹੇ ਜਦ ਪਰਮੇਸ਼ਰ ਦੇ ਹੁਕਮ ਨਾਲ ਓਹ ਸਮਾ ਆਯਾ ਭਾਂ ਸਮੁੰਦ੍ ਲਗਾ ਲੈਹਰਾਂ ਛੱਡਣ ਜਾਂ ਉਛਲਿਆ ਤੇ ਓਨਾਂ ਦੇ ਘਰਾਂ ਨੂੰ ਰੋੜ੍ਹਨ ਵਾਸਤੇ ਆਯਾ ਸ੍ਰੀਗੁਰੂਜੀਆਪਣਾਚਰਣਛੁਹਾਯਾਭਾਂਸਮੁੰਦ੍ਚਰਨਦੇਛੁਹਨੇਨਾਲ ਆਪਣੇ ਟਿਕਾਣੇ ਜਾਇ ਖੜ੍ਹਾਹੋਯਾ ਸ੍ਰੀਗੁਰੂਨਾਨਕਜੀਕੇ ਪ੍ਰਤਾਪ ਕਰਕੇ ਸਮੁੰਦ੍ ਓਨਾਂਦੇ ਘਰਾਂ ਨੂੰ ਨਾ ਢਾਹਸਕਿਆ ਸ੍ਰੀਗੁਰੂਜੀਦੀਕ੍ਰਿਪਾਕਰਕੇਓਹਗ੍ਰੈਹਬਣੇਬਣਾਏਰਹੇ ਸਬ ਅਪਨੇ ੨ ਅਸਥਾਨ ਟਿਕੇ ਰਹੇ ਜਦ ਓਹ ਸਮਾ ਬੀਤਚੁਕਾ ਭਾਂ ਓਹਲੋਕ ਆਏ ਆਪਣੇ ਘਰਾਂ ਨੂੰ ਜਦ ਆਇਕਰ ਦੇਖਨ ਭਾਂ ਘਰ ਓਸੇ ਤਰਾਂ ਬਨੇ ਰਹੇ ਤੇ ਅਮਨ ਅਮਾਨ ਖੜੇ ਰਹੇ ਅਤੇ ਸ੍ਰੀ ਗੁਰੂ ਨਾਨਕ ਜੀ ਭੀ ਓਥੇ ਬੈਠੇ ਹੈਨ ਭਾਂ ਓਹ ਲੋਕ ਆਪੋ ਆਪਣੇ ਘਰਾਂ ਵਿੱਚ ਆਇ ਵਸੇ ਭਾਂ ਓਹ ਲੋਕ ਇਕੱਠੇ ਹੋਕਰ ਕੈਹਨਲਗੇ ਭਾਈ ਏਹ ਸੰਤ ਭਾਂ ਬੜੀ ਕਲਾਵਾਲੇ ਹੈਨ ਚਲੋ ਭਾਈ ਓਸ ਸੰਤ ਦੀ ਸ਼ਰਨ ਕੋ ਚਲੀਏ ਭਾਂ ਓਹ ਲੋਕ ਭੇਟਾ ਲੈਕਰ ਸ੍ਰੀ ਗੁਰੂਨਾਨਕ ਜੀਕੇਸਿੱਖ ਹੋਵਣ ਵਾਸਤੇ ਚਲੇ ਭਾਂ ਆਕਰ ਸਤਿਗੁਰਾਂ ਦੇ ਚਰਨਾਂ ਉਪਰ ਮੱਥਾ ਟੇਕਿਆ ਤੇ ਕੈਹਨਲੱਗੇਜੀ ਸਾਨੂੰ ਅਪਨੇ ਚਰਨਾਂ ਦੀ ਪਾਹੁਲ ਦੇਵੋ ਭਾਂ ਸ੍ਰੀ ਗੁਰੂ ਜੀ ਉਨਾਂ ਨੂੰ ਚਰਨ ਧੋਇਕਰ ਪਾਹੁਲ ਦਿੱਤੀ ਤੇ ਨਾਮ ਦਾ ਉਪਦੇਸ਼ ਕੀਤਾ ਭਾਂ ਓਹਲੱਗੇ ਗੁਰੂ ਗੁਰੂ ਜਪਣ ਸਤਿਗੁਰੂ ਜੀਨੇ ਓਨਾਂਕੋ ਕਿਰਪਾਦ੍ਰਿਸ਼ਟ ਕਰੀ ਅਤੇ ਕਿਹਾ ਭਾਈ ਧਰਮਸਾਲਾ ਬਨਾਵਹੁ ਤੇ ਸ਼ਬਦ ਕੀਰਤਨਕਰਨਾ ਆਏਸੰਤ ਮਹਾਤਮਾਦੀ ਟਹਿਲ ਕਰਨੀ ਤੇ ਭੁੱਖੇ ਨੰਗੇ ਕੋ ਛਾਦਨ ਭੋਜਨ ਦੇਣਾ ਏਹ ਉਪਦੇਸ਼ ਕਰਕੇ ਮਾਰਗ ਕੋ ਪਏ ਅਤੇ ਜਿਤਨੇ ਸਮੁੰਦ੍ ਦੇ ਕਿਨਾਰੇ ਗ੍ਰਾਮ ਸਨ ਸਭਨਾਂ ਵਿਖੇ ਸ੍ਰੀ ਗੁਰੂ ਜੀ ਕਾ ਜਸ ਪ੍ਰਗਟਿਆ ਸਭਨਾਂ ਕੋ ਨਿਹਾਲਕੀਤਾ ਤੇਕਰਤਾਰ ਦੀ ਬੰਦਗੀ ਵਿਚ ਸਬ ਜੀਵਾਂ ਕੋ ਲਾਯਾ ਕਿਤਨਾ ਕਾਲ ਓਥੇ ਰਹੇ ਤੇ ਫੇਰ ਸਬ ਉਪਰ ਖ਼ੁਸ਼ੀ ਕਰਕੇ ਓਥੋਂ ਚਲੇ ਆਗੇ ਔਰ ਅਸਥਾਨ ਕੋਜਾਤੇਭਏ॥ਬੋਲੋਭਾਈਜੀਵਾਹਿਗੁਰੂ॥ ੧੩੮॥

ਆਗੇ ਸਾਖੀ ਏਕ ਦੇਵ ਨਾਲ ਹੋਈ

ਆਗੇ ਸ੍ਰੀਗੁਰੂਨਾਨਕਜੀ ਸੰਸਾਰ ਕੋ ਤਾਰਤੇ ਤਾਰਤੇ ਏਕ ਔਰ ਨਗਰ ਮੇਂ ਜਾਇ ਪ੍ਰਾਪਤ

CC-0. Gurukul Kangri University Haridwar Collection. Digitized by S3 Foundation USA

ਹੂਏ ਉਸ ਨਗਰ ਕਾ ਨਾਮ ਹਾਰੂਪੁਰ ਕਹਿਤੇ ਥੇ ਭਾਂ ਉਸ ਸ਼ਹਿਰਦੇ ਬਾਹਰ ਗੁਰੂ ਨਾਨਕ ਜੀ ਨਾਲ ਮਰਦਾਨਾ ਔਰ ਹੇ ਸਤਿਗੁਰੂ ਅੰਗਦ ਜੀ ਅਤੇ ਨਾਲ ਮੇਰੇ ਭਾਈਂ ਲੈਕਰ ਏਕ ਬ੍ਰਿਖ ਤਲੇ ਜਾਇ ਬੈਠੇ ਪਰ ਇਸ ਗ੍ਰਾਮ ਕਉ ਏਕ ਦੇਵ ਅਗਨਿ ਲਗਾਇ ਜਾਤਾ ਥਾ ਅਤੇ ਓਨਾਂ ਲੋਕਾਂਨੂੰ ਨਿੱਤ ਨਵੇਂ ਘਰ ਬਨਾਉਨੇ ਪੈਂਦੇਸਨ ਭਾਂ ਸ੍ਰੀਗੁਰੂਨਾਨਕਜੀ ਭੀ ਉਸ ਨਗਰ ਦੇ ਬਾਹਿਰ ਜਾਇਬੈਠੇ ਜਦ ਉਨਾਂ ਲੋਕਾਂ ਨੇ ਸੰਤ ਜਾਨ ਕਰ ਸ੍ਰੀਗੁਰੂਨਾਨਕ ਜੀ ਚਰਨਾਂ ਪਰ ਮੱਥਾ ਟੇਕਿਆ ਤੇ ਬੈਠ ਗਏ ਅਤੇ ਭਲੀ ਪ੍ਰਕਾਰ ਅੰਨ ਦੀ ਸੇਵਾ ਕੀਤੀ ਬਡੇ ਪ੍ਰੇਮ ਨਾਲ ਸੇਵਾਕੀਤੀ ਭਾਂ ਸ੍ਰੀਗੁਰੂਜੀ ਕ੍ਰਿਪਾਦੇ ਸਾਗਰ ਉਨਾਂਲੋਕਾਂਦੀ ਕਲਿਆਣ ਕੀਤੀ ਅਤੇ ਕਿਤਨੇਕ ਦਿਨ ਓਥੇ ਰਹਿਕਰ ਉਨਾਂ ਲੋਕਾਂ ਉੱਪਰ ਕ੍ਰਿਪਾ ਦ੍ਰਿਸ਼ਟੀ ਕੀਤੀ ਅਤੇ ਸ੍ਰੀ ਗੁਰੂ ਜੀਕਾ ਦਰਸ਼ਨ ਜਿਸ ਰਾਜਾ ਨੇ ਅਥਵਾ ਰਿਖੀ ਨੇ ਯਾ ਸਿੱਖ ਨੇ ਜਿਨ ਕੀਤਾ ਹੈ ਸੋ ਤਿਸਕਾ ਉਧਾਰ ਹੂਆਹੈ ਸਭ ਕਾ ਦੁਖ ਦੂਰ ਹੋਯਾਹੈ ਪਰ ਉਸ ਸ਼ਹਿਰਦੇ ਲੋਕਾਂ ਸ੍ਰੀਗੁਰੂ ਜੀਕੀ ਟਹਿਲ ਬਹੁਤਕੀਤੀ ਜਦ ਓਹਦਿਨ ਆਯਾ ਭਾਂ ਸਭਲੋਕ ਇਕੱਠੇ ਹੋਇ ਸ੍ਰੀ ਗੁਰੂ ਜੀਕੇ ਪਾਸ ਆਏ ਅਤੇ ਕਹਿਣੇ ਲਗੇ ਹੇ ਮਹਾਂਪੁਰਖ ਜੀ ਹੋਰ ਭਾਂ ਅਸੀ ਸਭ ਤਰਹ ਰਾਜ਼ੀ ਹਾਂਜੀ ਪਰ ਸਾਨੂੰ ਇਕਬਡ਼ਾ ਕਲੇਸ਼ ਹੋਂਦਾ ਹੈ ਸੋ ਛੇ ਮਹੀਨਿਆਂ ਪਿੱਛੋਂ ਅਸੀ ਸਭ ਆਦਮੀ ਪਰਵਾਰਸਹਿਤ ਅਸਬਾਬ ਲੱਦ ਹੋਰਥੇ ਚਲੇਜਾਂਦੇਹਾਂ ਜੀ ਕਿਉਂਕਿ ਏਥੇ ਸਾਡੇ ਘਰਾਂ ਨੂੰ ਅਚਾਣਕ ਹੀ ਅੱਗ ਲਗਜਾਂਦੀਹੈ ਉਸਅਗਨੀਦੇ ਡੈਕਰਕੇ ਹੋਰ ਅਸਥਾਨ ਗੁਜ਼ਾਰਾ ਜਾਇ ਕਰਦੇਹਾਂਜੀ ਜਦ ਫੇਰ ਓਹਸਮਾ ਆਉਂਦਾਹੈ ਭਾਂਫੇਰ ਆਣਕਰ ਨਵੇਂ ਘਰ ਬਣਾਉਨੇ ਹਾਂ ਜੀ ਸੋ ਮਹਾਰਾਜ ਜੀ ਅਸੀ ਹੁਣ ਤਿਆਰ ਹਾਂ ਜੀ ਅਤੇ ਆਪ ਵੀ ਸਾਡੇ ਨਾਲ ਚਲੋ ਜੀ ਅਸੀ ਧੁਆਡੀ ਸੇਵਾਟਹਿਲ ਕਰਾਂਗੇ ਭਾਂਗੁਰੂਜੀਕਹਿਆ ਭਾਈਅੱਗ ਕਿ ਸਤੰਰਹ ਲਗਦੀ ਹੈ ਭਾਂ ਉਨਾਂਲੋਕਾਂ ਕਹਿਆ ਮਹਾਰਾਜ ਜੀ ਇੱਕ ਦੇਉ ਹੈ ਓਹ ਆਣ ਕਰ ਅੱਗ ਲਾਇਕੇ ਸਾੜਜਾਂਦਾਹੈ ਜੀ ਸੋਆਪ ਪੂਰਨਸੰਤਹੋ ਤੇ ਪਰਉਪਕਾਰੀ ਹੋ ਜਿਸਤਰਹ ਆਪਦੀ ਰਜ਼ਾਇ ਹੋਵ ਸੋ ਕਰੀਏ ਜੀ ਏਹ ਬਾਤ ਸੁਨ ਕਰ ਸ੍ਰੀ ਗੁਰੂ ਨਾਨਕ ਜੀ ਕ੍ਰਿਪਾ ਦੇ ਸਮੁੰਦ੍ਰ ਕਹਿਤੇ ਭਏਭਾਈਤੁਸੀਗੁਰੂਕੇਸਿੱਖਹੋਵਹੁ ਫੇਰਧੁਆਡੇਘਰਨਾਸਡ਼ਨਗੇ ਅਤੇਜੇਸ਼ਤਿਨਾਮਦਾ ਜਾਪ ਕਰਹੁਗੇ ਭਾਂ ਧੁਆਨੂੰਕੋਈ ਭੈਨਾਹੋਵੇਗਾ ਸਭਡਰਧੁਆਡੇ ਦੂਰ ਹੋਇਜਾਣਗੇ ਸਾਂਤਿ ਸੰਤੋਖ ਨਾਲ ਅਪਨੇ ਘਰਾਂਵਿੱਚ ਬੈਠੇ ਸੁਖ ਪਾਵੋਗੇ ਮਨਬਾਂਛਤ ਫਲਭੋਗਹੁਗੇ ਅਤੇਅੱਜਤੋਂ ਲੈਕਰ ਅੱਗੇ ਅਗਨਿ ਨਾਂ ਲਗੇਗੀ ਪਰਇੱਕ ਏਥੇਸੁੰਦਰ ਧਰਮਸਾਲਾ ਬਣਾਉਣੀ ਆਏ ਅਤਿਥ ਨੂੰ ਭੋਜਨ ਦੇਣਾ ਧਰਮ ਦੀ ਕ੍ਰਿਤ ਕਰਨੀਸੰਤਮਹਾਤਮਾਦੀ ਟਹਿਲਕਰਨੀਭਾਂਉਨਾਂ ਲੋਕਾਂਨੇ ਕਹਿਆ ਭਲਾ ਗੁਰੂ ਜੀ ਹਮਆਪਕੇ ਸਿੱਖਹੋਵੇਂਗੇ ਭਾਂ ਸਭਲੋਕ ਇਕੱਠੇ ਹੋਇਕੇ ਸ੍ਰੀ ਗੁਰੂ ਜੀਕੇ ਸਿੱਖਹੋਏ ਲੱਗੇ ਗੁਰੂ ਗੁਰੂ ਜਪਣ ਅਤੇ ਦੂਸਰੇ ਗ੍ਰਾਮ ਕੋ ਭੀ ਨਾ ਗਏ ਸ੍ਰੀ ਗੁਰੂਜੀ ਕਾ ਹੁਕਮ ਮੰਨਕਰ ਓਥੇ ਹੀ ਬੈਠਰਹੇ ਅਤੇ ਜਦ ਓਹ ਦਿਨ ਅੱਗ ਲੱਗਨਦਾ ਆਯਾ ਭਾਂ

CC-0. Gurukul Kangri University Haridwar Collection

OF INTERNET
TH
ABHINAV GAUR

ਓਹ ਲੋਕ ਇਸਤ੍ਰੀਆਂ ਅਤੇ ਬਾਲ ਬੱਚੇ ਨੂੰ ਲੈ ਕਰਕੇ ਸ੍ਰੀ ਗੁਰੂ ਜੀ ਦੇ ਪਾਸ ਆਇ ਏਠੇ ਅਤੇ ਕਹਿਓਨੇ ਹੇ ਗਰੀਬਨਵਾਜ਼ਜੀ ਅੱਜ ਏਥੇਅੱਗਲੱਗਣੀਹੈ ਜੀ ਤੇ ਸਾਨੂੰ ਕਿਆਹੁਕਮ ਹੈ ਤਾਂ ਗੁਰੂਜੀ ਓਨਾਂਨੂੰ ਕਹਿਆ ਸੁਣੋ ਭਾਈ ਭੁਸੀਇਕੱਠੇਹੋਇਕਰ ਸਤਿਨਾਮ ਪਰਮੇਸ਼ਰ ਜੀ ਕਾ ਸਿਮਰਨ ਕਰਹੁ ਤਾਂ ਉਨਾਂ ਲੋਕਾਂ ਕੁਛ ਅਸਬਾਬ ਘਰਾਂ ਤੋਂ ਨਹੀਂ ਕੱਢਿਆ ਅਰ ਡਰਦੇ ਮਾਰੇ ਗੁਰੂ ਜੀ ਦੇ ਪਾਸ ਆਇ ਬੈਠੇ ਤੇ ਸਤਿਨਾਮ ਜਪਨ ਲਗੇ ਜਾਂ ਓਹ ਵਕਤ ਆਧਾ ਤਾਂ ਕਿਆ ਦੇਖਨ ਜੋ ਇਕ ਦਿਓ ਆਧਾ ਹੈ ਓਸਦਾ ਸਿਰ ਅਸਮਾਨ ਨਾਲ ਤੇ ਪੈਰ ਜ਼ਿਮੀਨ ਨਾਲ ਹਨ ਅਤੇ ਬਡਾ ਬਿਕਰਾਲਰੂਪਹੈ ਤੇਲੋਹੇਜੈਸਾਦੰਗਹੈ ਤੇ ਹੱਥ ਵਿਚ ਅਗਨ ਹੈ ਤੇ ਉਨਾਂ ਲੋਕਾਂਵਲਦੇਖਦਾਹੈ ਤੇਆਖਦਾਹੈ ਕਿ ਅੱਗੇਤਾਂ ਮੇਰੇਡਰਕਰਕੇ ਨੱਸਜਾਂਦੇ ਸਾਨ ਤੇਮੈਂਇਨ੍ਹਾਂਦੇਘਰਾਂਨੂੰ ਸਾੜਜਾਂਦਾਸਾਂ ਤੇ ਐਤਕੀਂ ਇਨ੍ਹਾਂ ਮੇਰਾਡਰ ਵਿਸਾਰ ਦਿੱਤਾਹੈ ਅੱਛਾ ਹੁਣਮੈਂ ਇਨ੍ਹਾਂਨੂੰ ਸਾੜਜਾਵਾਂਗਾ ਏਹਕੈਂਹਦਾ ਹੈ ਤੇ ਜ਼ਬਾਨ ਹੋਠਾਂਉਤੇਫੇਰਦਾ ਹੈ ਤੇ ਓਨਾਂ ਵਲ ਚਲਜਾ ਆਉਂਦਾਹੈ ਤੇ ਦੇਖਕੇ ਪੁਰਸ਼ਇਸਤ੍ਰੀਆਂ ਡਰਗਏ ਹੈਨ ਤੇ ਹੋਰਤਾਂ ਸਭਕੁਛ ਭੁਲ ਗਯਾ ਏਹਕੈਂਹਦੇਹਨ ਕਿ ਮੋਏ ਥਰਥਰਕੰਬਦੇਹਨਤੇ ਰੂਜੀਦੀ ਚਰਨੀਆਇਲਗੇ ਤੇ ਕੈਹਣ ਲਗੇ ਹੇਸੰਤਜੀ ਅਗੇ ਤਾਂ ਅਸੀਂਹੋਰਥੇਚਲੇਜਾਂਦੇਸਾਂ ਤਾਂ ਬਚਰੈਂਹਦੇ ਸਾਂ ਤੇ ਹੁਨ ਤਾਂ ਏਹਨੱਸਣ ਵੀ ਨਹੀਂਦੇਂਦਾ ਹੇਮਹਾਰਾਜ ਸਾਡੀ ਰੱਖੜਾ ਕਰੋ ਜਾਂਸ੍ਰੀਗੁਰੂਜੀ ਦੇਖਿਆ ਕਿਲੋਕ ਸਭ ਡਰ ਹਨ ਅਤੇ ਆਤਰ ਹੋਏਹਨ ਦੇਖ ਸ੍ਰੀ ਗੁਰੂ ਨਾਨਕਜੀ ਓਸ ਦਿਓ ਵਲ ਦ੍ਰਿਸ਼ਟੀਕੀਤੀ ਜਾਂ ਓਸਦੇਓ ਪਰ ਦ੍ਰਿਸ਼ਟੀ ਪੜੀ ਤਾਂ ਤਤਕਾਲ ਹੀ ਗਿਰ ਪੜਾ ਤੇ ਮੂਰਛਾ ਹੋਇ ਗਿਆ ਪਰ ਸ੍ਰੀ ਗੁਰੂ ਨਾਨਕ ਜੀ ਪਰਮ ਕ੍ਰਿਪਾ ਦੇ ਘਰ ਜਾਂ ਦੇਓ ਡਿੱਗਾ ਤਾਂ ਗੁਰੂਜੀ ਕੇ ਮਨ ਮੈਂ ਦਯਾ ਆਇ ਗਈ ਤਾਂ ਆਪਣਾ ਚਰਣ ਉਸ ਦੇਓ ਦੇ ਸਿਰ ਨੂੰ ਛੁਹਾਯਾ ਜਦ ਚਰਨਲੱਗਾ ਤਾਂ ਦੇਓ ਉਠਕਰ ਬੈਠਗਯਾ ਅਤੇਸ੍ਰੀਗੁਰੂਜੀ ਦਿਆਂ ਚਰਨਾਂ ਉਪਰ ਢਹਿ ਪਿਆ ਜਿਸਤਰ੍ਹਾਂ ਮੋਏਹੋਏ ਜੀਵਨੂੰ ਪ੍ਰਾਨ ਪੈਜਾਂਦੇ ਹਨ ਉਸੇਤਰ੍ਹਾਂ ਓਹਦੇਵ ਸ੍ਰੀਗੁਰੂਜੀਕਾ ਪ੍ਰਤਾਪ ਦੇਖਕਰ ਕੈਹਣਲਗਾ ਹੇ ਪ੍ਰਭ ਜੀ ਮੈਂ ਆਪ ਦੀ ਸਰਨ ਹਾਂ ਮੇਰਾ ਅਪਰਾਧ ਛਿਮਾਪਨਕਰੋਜੀ ਮੈਂ ਆਪਦੀ ਸ਼ਰਨ ਆਯਾ ਹਾਂ ਜੀ ਤੁਸੀ ਪ੍ਰਮੇਸ਼ਰ ਹੋ ਤੁਮਾਰੇ ਮੈਂ ਤੇ ਪਰਮੇਸ਼ਰਜੀ ਵਿਚ ਭੇਦ ਕੋਈ ਨਾਹੀਂ ਜੀ ਮੈਂ ਅਨਜਾਣ ਹਾਂ ਜੀ ਆਪਕੀਮੈਹਮਾਂ ਮੈਂ ਨਹੀਂਸਮਝੀਤੇ ਆਪ ਮਹਾਂਪੁਰਖ ਹੋ ਸਰਬਗੁਣਾਂ ਕੀ ਖਾਣਹੋ ਤੇਮੈਂਇਨ੍ਹਾਂਲੋਕਾਂ ਪਾਸੋਂ ਈਨ ਮਨਾਂਵਦਾ ਸਾਂ ਤੇ ਤਾਂ ਏਨਾਂ ਦੇ ਘਰ ਸਾ ਜਾਂਦਾ ਸਾਂ ਤੇ ਹੁਣ ਮੈਂਗੁਰੂ ਜੀ ਭੁੱਲਾ ਹਾਂ ਜੋ ਤੁਸਾਡੇ ਹੁੰਦਿਆਂਮੈਂ ਏਹ ਕੁਕਰਮ ਕਰਨ ਲਗਾ ਸਾਂ ਅਬ ਇਨਕੇ ਭਾਗ ਜਾਗੇ ਹਨ ਜੋ ਆਪਦਾ ਏਥੇ ਚਰਨ ਪਿਆ ਹੈ ਸੋ ਸਭਕੀ ਕਲਿਆਨ ਕਰੀ ਹੈ ਜੀ ਤੁਸੀਂ ਕ੍ਰਿਪਾ ਕੀ ਨਿਧਿ ਹੋ ਪਰਉਪਕਾਰੀ ਹੋ ਤੇ ਮੈਂ ਭੀ ਆਪਕਾ ਦਾਸਹਾਂ ਜੀ ਜੋ ਆਗਿਆਕਰੋਗੇਮੈਂ ਸੋਈ ਕਰਾਂਗਾ ਜੀ ਸਰਬ ਪ੍ਰਕਾਰ ਕਾ ਕਸ਼ਟ ਮੇਟਹੁਜੀ ਏਹਵਾਰਤਾ ਸ੍ਰਣਕਰ ਸ੍ਰੀਗੁਰੂ ਨਾਨਕ

CC-0. Gurukul Kangri University Haridwar Collection. Digitized by S3 Foundation USA

ਜੀ ਦੀਨਦਇਆਲ ਸਰਬ ਪਰ ਕਿਰਪਾਲ ਬਾਣੀ ਕਰਤੇ ਭਏ ਓਨਾਂ ਸਭਨਾਂ ਸਿਖਾਂ ਪ੍ਰਤੀ ਕਿਹਾ ਹੇ ਭਾਈ ਇਸ ਨਗਰ ਮੇਂ ਬੜੀ ਸੁੰਦਰ ਧਰਮਸਾਲ ਬਨਾਓ ਤੇਸ਼ਬਦ ਕੀਰਤਨ ਕਰਿਆ ਕਰੋ ਸਤਿਨਾਮ ਰਾਤਦਿਨ ਜਪਨਾਤਾਂ ਤੁਮਾਰੇ ਸਭਦੁਖ ਦੂਰਹੋਵਨਗੇ ਅਤੇ ਉਸ ਦੇਵਨੂੰ ਕਿਹਾ ਜੋਭਾਈ ਤੇਰੀ ਕਲਜ਼ਾਨ ਤਦ ਹੋਵੇਗੀ ਜਾਂ ਤੂੰ ਏਸ ਧਰਮਸਾਲਾ ਦਾ ਪਾਣੀ ਭਰੇਂਗਾ ਆਪਣੇਸਿਰਉਪਰ ਰੱਖਕੇ ਜਲਭਰੇਂਗਾ ਤਾਂਭਾਈ ਬਾਲਾਕਹੇ ਹੇਸਤਿਗੁਰੂਅੰਗਦ ਸਾਹਿਬਜੀ ਏਹ ਸ੍ਰੀਗੁਰੂ ਨਾਨਕਜੀ ਆਪ ਜ਼ੁਬਾਨੀਂ ਬਚਨ ਕਰਦੇ ਹਨਕਿ ਜੋਸਿਖ ਸਾਧ ਗ੍ਰਸਤੀ ਹਰਇਕ ਧਰਮਸਾਲਾ ਮੇਂ ਜੋ ਮਨੁੱਖ ਪ੍ਰੇਮਕਰਕੇ ਜਲਭਰੇਗਾ ਵਾ ਦੀਵਾ ਬਾਲੇਗਾ ਜਾਂ ਝਾੜੂ ਦੇਵੇਗਾ ਹੋਰ ਕਿਸੀ ਪ੍ਰਕਾਰ ਦੀ ਟਹਿਲ ਕਰੇਗਾ ਸੋ ਪਰਮਗਤੀ ਕੋ ਪ੍ਰਾਪਤਿ ਹੋਵੇਗਾ ਅੰਤ ਸਮੇਂ ਉਤਮ ਗਤੀ ਪਾਵੇਗਾ ਅਤੇ ਸ੍ਰੀ ਗੁਰੂ ਜੀ ਕੇ ਲੋਕ ਮੇਂ ਪ੍ਰਾਪਤ ਹੋਵੇਗਾ ਓਹ ਸਾਰਾ ਦੇਸ ਗੁਰੂਨਾਨਕਜੀ ਕਾ ਸਿੱਖ ਹੋਯਾਜੋ ਕੋਈਸਤਿਗੁਰਾਂ ਕੀ ਉਸਤਤ ਸੁਨਨ ਆਉਣ ਸ੍ਰੀ ਗੁਰੂਜੀ ਉਪਦੇਸ਼ ਦੇਣ ਸਿੱਖੀ ਕੀ ਰੀਤ ਸਿੱਖਣ ਪਰਮੇਸ਼ਰਕੇ ਨਾਮ ਦੇ ਅਧਕਾਰੀਹੋਵਣ ਏਹਰੀਤ ਸਾਰੇਦੇਸ਼ਵਿਚ ਵਿਦਤ ਹੋਈ ਲਗੇ ਗੁਰੂ ਗੁਰੂ ਜਪਣ॥੧੩੯॥

ਆਗੇ ਸਾਖੀ ਆਪਣੇ ਦੇਸ ਕੋ ਆਏ

ਤਾਂ ਸ੍ਰੀਗੁਰੂਨਾਨਕਜੀ ਉਸ ਦੇਸ ਤੋਂ ਸੰਗਤਾਂ ਕਉ ਸੱਚੇਮਾਰਗ ਲਾਇਕਰ ਸਰਬਤ ਰਾਜਾ ਰੰਕ ਕਾ ਉਧਾਰ ਕਰਕੇ ਮਰਦਾਨੇ ਨੂੰ ਬਚਨ ਕੀਤਾ ਕਿਉਂ ਮਰਦਾਨਾ ਹੁਣ ਦੱਸ ਕਿਥਾਉਂ ਚਲਣਾ ਹਈ ਤਾਂ ਮਰਦਾਨੇ ਆਖਜਾ ਗੁਰੂਜੀ ਜਿਉਂ ਤੁਸਾਡੀ ਰਜ਼ਾਇ ਹੈ ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਕਿਰਪਾ ਕੇ ਸਮੁੰਦ੍ ਮੇਰੇ ਭਾਈਂ ਕਿਹਾ ਕਹੁ ਭਾਈ ਬਾਲਾ ਕਿਥਾਊਂ ਚਲਦੇ ਹੋ ਤਾਂ ਮੈਂ ਹੱਥ ਜੋੜਕੇ ਅਰਦਾਸ ਕੀਤੀ ਹੇ ਦੀਨਦਜਾਲ ਜੀ ਜਿੱਥੇ ਆਪ ਲਈ ਜਾਂਦੇਹੋ ਓਥੇ ਆਏਹਾਂ ਅਗੇ ਜਿਧਰ ਜਾਵੋਗੇ ਦਾਸ ਭੀ ਉਥਾਈਂਚੱਲਣਗੇ ਏਹਬਾਤਸੁਣ ਕਰ ਸ੍ਰੀ ਗੁਰੂ ਜੀ ਬਡੇ ਪ੍ਰਸੰਨ ਹੋਏ ਅਤੇ ਜਜੋਂ ਓਥੋਂ ਅੰਤਰ ਧਯਾਨ ਹੋਏ ਰਾਵੀ ਉੱਪਰ ਆਇ ਖੜੇਹੋਏ ਤੇ ਕੈਹਨਲੱਗੇਭਾਈਏਥੋਂਅਜਿਤੇਨੂੰ ਨਾਲ ਲੈਚਲਣਾਹੈ ਤਾਂ ਓਥੇ ਅਜਿਤਾ ਆਇ ਮਿਲਿਆ ਤੇ ਸ੍ਰੀ ਗੁਰੂ ਨਾਨਕਜੀ ਅੱਗੇ ਮੱਥਾ ਟੇਕਿਆ ਤੇ ਗੁਰੂ ਜੀ ਕਿਹਾ ਭਾਈ ਅਜਿਤਜਾ ਇਕ ਅਬਦੁਲਰੈਹਮਾਨਫ਼ਕੀਰ ਛਾਲੇ ਦੇ ਚਕਰੈਂਹਦਾਹੈ ਓਥੇਚਲੇਂ ਤਾਂ ਉਸਨੂੰ ਮਿਲ ਆਵੀਏ ਓਹ ਸਾਡੇ ਪਾਸੋਂ ਘਿਉ ਮੰਗਦਾ ਰਿਹਾ ਹੈ ਤਾਂ ਅਜਿਤੇ ਆਖਿਆ ਸ੍ਰੀ ਗੁਰੂ ਜੀ ਚਲੀਏ ਜੀ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਅਜਿਤਿਆ ਤੂੰ ਅੱਖੀਆਂ ਮੀਟ ਜਾਂ ਅਜਿਤੇ ਅੱਖੀਆਂਮੀਟੀਆਂ ਤਾਂ ਸਭੇ ਹੀ ਛਾਲੇਦੇ ਚਕ ਆਇ ਬੈਠੇ ਤਾਂ ਮਹਾਰਾਜ ਸ੍ਰੀ ਗੁਰੂ ਨਾਨਕਦੇਵਜੀ ਆਖਜਾ ਅਜਿਤਿਆ ਤੂੰ ਅੱਖੀਂ ਉਘਾੜਕੇਦੇਖਤਾਂ ਅਜਿਤੇ ਅਖੀਂ ਖੋਲ੍ਹਕਰ ਦੇਖਿਆ ਤਾਂ ਕਿਆ ਦੇਖੇ ਜੋਛਾਲੇਕੇਚਕ ਬੈਠੇਹੋਏਹਾਂ ਤਾਂ ਗੁਰੂਨਾਨਕ ਜੀਅਬਦੁਲਰੈਹਮਾਨ ਦੇ ਪਾਸੋਂ ਕੋਹਾਂ ਦੋਂਹ ਉਪਰ ਜਾਇਬੈਠੇਤਾਂ ਸ੍ਰੀਗੁਰੂਜੀ ਕਹਿਆ ਅਜਿਤਿਆਤੂੰ ਜਾਹ ਅਤੇ

CC-0. Gurukul Kangri University Haridwar Collection. Digitized by S3 Foundation USA

ਮੀਏਂਨੂੰ ਸਾਡੀ ਵਲੋਂ ਦੁਆਇ ਆਖੀਂ ਅਤੇ ਨਾਲ ਏਹ ਆਖੀਂ ਹੇ ਅਬਦੁਲਰਹਿਮਾਨ ਜੀ ਆਪਨੂੰ ਨਾਨਕਨਿਰੰਕਾਰੀ ਸੱਦਦਾਹੈ ਤਾਂ ਅਜਿੱਤੇ ਆਇਕਰ ਮੀਏਂ ਅਬਦੁਲਰਹਿਮਾਨਨੂੰ ਜਾਇਆਖਿਆ ਤਾਂਮੀਆਂਅਬਦੁਲਰਹਿਮਾਨਸੁਣਦਾਈ ਉਠ ਤੁਰਿਆ ਪਰ ਮੀਏਂਦੇਨਾਲ ਹੋਰਭੀ ਲੋਕ ਬਹੁਤ ਆਏ ਤਾਂ ਸ੍ਰੀ ਗੁਰੂਨਾਨਕ ਜੀ ਦੇਖਿਆ ਜੋ ਮੀਆਂ ਚਲਿਆ ਆਉਂਦਾ ਹੈਪਰਲੋਕਾਂਨੂੰ ਦੁਆਈਂਦੇਂਦਾ ਆਉਂਦਾਹੈ ਅਤੇ ਲੋਕਾਂ ਨੂੰ ਵਿਦਿਆ ਵੀ ਕਰਦਾ ਆਉਂਦਾ ਹੈ ਏਹ ਦੇਖਕਰ ਸ੍ਰੀ ਗੁਰੂ ਨਾਨਕ ਜੀ ਇਕ ਸ਼ਲੋਕ ਆਖਿਆ ॥ ਸ਼ਲੋਕ ਮਹਲਾ ੧ ॥ ਦੇਨ ਦੁਆਈਂ ਸੇ ਮਰਨ ਲੈਂਦੇ ਭੀ ਮਰਜਾਹਿ ॥ ਲਖੀ ਨ ਜਾਈ ਨਾਨਕਾ ਕਿਥੇ ਜਾਇ ਸਮ ਹਿ ॥ ੧ ॥ ਤਾਂ ਅਬਦੁਲਰੈਹਮਾਨ ਏਹ ਸੁਣ ਕਰ ਚਮਕਿਆ ਅਤੇ ਆਇ ਸ੍ਰੀ ਗੁਰਜੀਅੱਗੇਸਲਾਮਕੀਤੀਓਸ ਤਾਂ ਅੱਗੋਂ ਸ੍ਰੀਗੁਰੂਨਾਨਕਜੀ ਕਹਿਆ ਕਿਉਂ ਮੀਆਂਜੀ ਚੰਗੇ ਭਲੇ ਹੋ ਤਾਂ ਮੀਏਂ ਆਖਿਆ ਹਾਂ ਸਾਈਂਲੋਕ ਜੀ ਚੰਗੇ ਭਲੇ ਹਾਂ ਜੀ ਤਾਂ ਸ੍ਰੀਗੁਰੂਨਾਨਕਜੀ ਕਹਿਆ ਮੀਆਂ ਜੀ ਤੁਸਾਂ ਕਿਉਂਕਰ ਆਖਿਆ ਸੀ ਜੋ ਕਿਰਾੜੀ ਨੇ ਘਿਉ ਇਕੱਠਾ ਕਰ ਰੱਖਿਆਹੈ ਪਰਇਉਂ ਲੈਲਵਾਂਗੇ ਜਿਸਤਰਾਂ ਸਾਲਨੇਉਪਰ ਖੱਟੇ ਦੀ ਫਾੜੀ ਨਚੋੜਲਈਦੀ ਹੈ ਤੇ ਫੋਕ ਸੁੱਟ ਪਾਈਦਾ ਹੈ ਜਾਂ ਏਹ ਬਾਤ ਸ੍ਰੀਬਾਬੇ ਜੀ ਕਹੀ ਤਾਂ ਮੀਯਾਂ ਅਬਦੁਲਰਹਿਮਾਨ ਖਾਲੀ ਹੋਇਬੈਠਾ ਤਾਂ ਮੀਏਂਨੂੰ ਚਮਕ ਲਗੀ ਤੇ ਕਹਿਨ ਲਗਾ ਜੋ ਮੈਂ ਤਾਂ ਕੁਛ ਲੈਣ ਆਯਾ ਹਾਂ ਸਾਜੋਂ ਅਗਲੀ ਸਭ ਦੇ ਚਲਿਆਹਾਂ ਅਤੇ ਮੀਏਂਨੇਇਕ ਹੋਰ ਮੀਯਾਂਨਾਲ ਸੱਦ ਆਂਦਾਸੀਤਾਂ ਮੀਏਂਕਹਿਆਜੋ ਏਹਕੀਆਖੇਗਾ ਜੋਅਬਦੁਲਰਹਿਮਾਨ ਹਿੰਦੂਪਾਸ ਆਪਣੀ ਕਰਾਮਾਤ ਖੁਹਾਇ ਆਯਾਹੈ ਤਾਂ ਇਤਨੇ ਮੈਂ ਓਹਬੀ ਆਇ ਗਿਆ ਪਰ ਬਹੁਤ ਗੁਮਾਨ ਨਾਲ ਆਯਾ ਅਤੇ ਸ੍ਰੀ ਗੁਰੂ ਜੀ ਦੇ ਪਾਸ ਆਇ ਬੈਠਾ ਤਾਂ ਸ੍ਰੀ ਗੁਰੂਨਾਨਕਜੀਨੇਉਸਦੀ ਵੱਲ ਨਜ਼ਰਭਰਕੇਡਿੱਠਾ ਤਾਂ ਓਹਭੀ ਖ਼ਾਲੀ ਹੋਇਗਿਆ ਤਾਂ ਮੀਏਂਨੇਕਹਿਆਭਾਈ ਅਸੀਂ ਵੱਖੋ ਨਾਗਉਂਪਰ ਪਏਹਾਂ ਜੋ ਖ਼ੁਦਾਇਜਿੰਦ ਭੀ ਰਖੇਗਾਤਾਂ ਭੀਭਲੀਬਾਤਹੈਕਰਾਮਾਤਦੀ ਕਿਸਨੂੰਪਈਹੈ ਤਾਂ ਸ੍ਰੀਗੁਰੂਨਾਨਕਜੀਨੇ ਡਿੱਠਾ ਜੋਮੀਯਾਂ ਬਹੁਤਦਿਲਗਾਰਹੈਅਤੇ ਸਹਿਮ ਗਿਆਹੈਤਾਂ ਸੀਗੁਰੂਕਹਿਆ ਮੀਯਾਂਜੀ ਸਮੁੰਦਰ ਵਿੱਚ ਇਕ ਛਪੜੀ ਆਇਪਈ ਤਾਂ ਕਿਆ ਹੋਇਆ ਪਰ ਏਡਾ ਬੋਲ ਨਹੀਂਬੋਲੀਦਾ ਜਿਸਦੀਵਸਤਹੈ ਉਸੇਦੇ ਪਾਸ ਹੀ ਜਾਵੇਗੀ ਜਾਂ ਏਹ ਬਾਤ ਸ੍ਰੀਬਾਬੇਜੀ ਕਹੀ ਤਾਂ ਓਨਾਂਦੀ ਕਰਾਮਾਤ ਓਨਾਂਦੇਪਾਸਹੀ ਆਇਗਈਤਾਂਓਹ ਦੋਵੇਂ ਸ੍ਰੀ ਬਾਬੇਜੀ ਦੀ ਚਰਨੀ ਆਇ ਪਏ ਤਾਂ ਮੀਏਂ ਸ੍ਰੀਗੁਰੂਜੀ ਦੇ ਅੱਗੇ ਹਥ ਜੋੜ ਕਰ ਆਖਿਆ ਮੀਏਂ ਅਰਦਾਸ ਕੀਤੀ ਹੇ ਸ੍ਰੀ ਗੁਰੂਬਾਬਾਜੀ ਮੇਹਰਬਾਨਗੀ ਕਰਕੇਹੁਜਰੇਵਿੱਚ ਚਲੋਜੀ ਮੈਨੂੰ ਮਰਫਰਾਜ਼ ਕਰੀਏ ਜੀ ਤਾਂ ਸ੍ਰੀ ਗੁਰੂ ਜੀ ਕਹਿਆ ਚਲੀਏ ਮੀਯਾਂ ਜੀ ॥ ਤਾਂਗੁਰੂਜੀ ਓਥੋਂ ਉਠਕੇ ਮੀਏਂ ਅਬਦੁਲਰਹਿਮਾਨ ਨਾਲ ਤੁਰ ਪਏ ਜਾਂ ਗੁਰੂਨਾਨਕਜੀ ਚਲਦੇਚਲਦੇ ਰਾਹਵਿੱਚ ਜ਼ਿਮੀਂਵੱਲ ਨਿਗਾਹਕੀਤੀ ਤਾਂ ਓਥੇਮਹਿਰਾਂਹੋਗਈਆਂ ਤਾਂ ਸ੍ਰੀ

CC-0. Gurukul Kangri University Haridwar Collection. Digitized by S3 Foundation USA

ਰੁਜੀ ਕਹਿਆ ਮੀਆਂ ਜੀ ਅਸੀ ਤਾਂ ਰਸਤਾ ਭੁੱਲ ਗਏ ਹਾਂ ਰਸਤਾ ਤਾਂ ਸੱਜੇ ਹੱਥ ਰਹਿ ਗਿਆਹੈ ਤਾਂਮੀਏਂ ਕਹਿਆ ਚਲੋਜੀ ਸੱਜੇਪਾਸੇ ਹੀ ਚਲੋ ਤਾਂ ਗੁਰੂਜੀ ਉਸਪਾਸੇ ਗਏ ਤਾਂ ਮੀਆਂ ਕਿਆਦੇਖੇ ਜੋ ਮਣ ਮਣ ਦੀਆਂ ਢੀਮਾਂ ਪਈਆਂਹੈਨ ਤਾਂਇਤਨੇਚਿਰਵਿਚਸ੍ਰੀਗੁਰੂ ਜੀ ਹੁਜਰੇਵਿੱਚ ਜਾਇਕਰਬੈਠੇਤਾਂ ਮੀਏਂਨੇ ਵੱਡੀਸੇਵਾਕੀਤੀ ਤਾਂ ਸ੍ਰੀਗੁਰੂਜੀ ਕਹਿਆ ਹੇ ਮੀਆਂਜੀਤੁਸੀਂ ਕਿਸਰਉੱਸਰਹਿਤੇਹੋ ਤਾਂਮੀਏਂਕਹਿਆ ਦੋ੍ਸ੍ਰੀ ਬਾਬਾਜੀ ਛਿਆਂ ਮਹੀਨਿਆਂ ਪਿਛੋਂਹੁਜਰੇਤੋਂਬਾਹਰ ਆਉਨਾਹਾਂ ਇਕਅਸਤਾਵਾਪਾਣੀਦਾ ਤੇ ਇੱਕ ਸੇਰ ਜੌਂਲੈਕੇ ਵੜਨਾ ਹਾਂ ਅਤੇ ਛੇਈਂ ਮਹੀਨੀਂ ਨਿਕਲਆਉਨਾ ਹਾਂ ਤਾਂ ਸ੍ਰੀਗੁਰੂਜੀ ਕਹਿਆ ਹੇ ਅਜਿਤਿਆ ਅੱਜ ਤੋਂਲੈਕਰ ਅਸੀ ਵੀ ਇੱਕ ਮੁਸ਼ਟ ਰੇਤਦੀਖਾਇਆ ਕਰਹਿੰਗੇ ਜਦ ਏਹ ਬਾਤ ਗੁਰੂ ਨਾਨਕ ਦੇਵਜੀ ਦੀ ਸੁਣੀ ਤਾਂ ਮੀਏਂ ਸ੍ਰੀਗੁਰੂਜੀਦੇ ਅੱਗੇ ਮੱਥਾ ਟੇਕਿਆ ਅਤੇ ਕਹਿਆਹੇਗੁਰੂਜੀ ਆਪ ਕਿਰਪਾ ਦੇ ਘਰ ਹੋ ਅਤੇ ਹਮਭੁੱਲੇਹਾਂ ਜੀ ਮੇਰੇਉੱਪਰ ਮੇਹਰਬਾਨੀਕਰਕੇ ਬਖ਼ਸ਼ੀਏ ਜੀ ਔਰ ਆਜ ਧੰਨ ਭਾਗ ਹੈਂ ਹਮਾਰੇ ਜੋ ਆਪਨੇ ਹਮਾਰੇ ਕਉ ਬਸ਼ੇਸ਼ ਕੀਆ ਹੈ ਤਾਂ ਸ੍ਰੀ ਗੁਰੂਜੀ ਕਹਿਆ ਮੀਆਂ ਜੀ ਹੁਣ ਤੁਸੀ ਬਖ਼ਸ਼ੇ ਅਤੇ ਧੁਆਨੂੰ ਪੂਰਾ ਗੁਰੂ ਮਿਲਿਆ ਹੈ ਤਾਂ ਮੀਏਂ ਸ੍ਰੀ ਗੁਰੂ ਜੀ ਦੇ ਚਰਨਾਂ ਉਤੇ ਮੱਥਾਟੇਕਿਆ ਅਤੇ ਗੁਰੂਨਾਨਕਦੇਵਜੀਮੀਏਂ ਉੱਪਰ ਖ਼ੁਸ਼ੀ ਕਰਕੇ ਓਥੋਂ ਚਲਦੇ ਰਹੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੪੦ ॥

ਆਗੇ ਸਾਖੀ ਮਰਦਾਨੇ ਨਾਲ ਹੋਈ

ਤਾਂ ਸ੍ਰੀ ਗੁਰੂਨਾਨਕਜੀ ਜੀਵਾਂ ਕਾ ਉਧਾਰਕਰਤੇ ਕਰਤੇਇਕ ਨਗਰ ਵਿਖੇ ਜਾਇ ਪ੍ਰਾਪਤ ਭਏ ਅਤੇਮਰਦਾਨੇਕਹਾਹੇ ਭਗਵਾਨਜੀ ਜੇਆਗਿਆਕਰੋ ਤਾਂਇਸਵਸਤੀਵਿੱਚੋਂਆਹਾਰ ਲੈ ਆਵਾਂ ਤਾਂਗੁਰੂਜੀ ਕਹਿਆਅੱਛਾ ਭਾਈ ਤੇਰੀਮਰਜ਼ੀ ਏਹਸੁਨਕਰ ਮਰਦਾਨਾਉੱਠਕੇ ਉਸ ਸ਼ਹਿਰਵਿੱਚਜਾਇਵੜਿਆਅਤੇ ਓਨਾਂਲੋਕਾਂਨੇਮਰਦਾਨੇ ਨੂੰ ਰਸਤਭਾਂਦਿੱਤੀ ਪਰ ਸਭਨਾਂਨੂੰ ਮਨ੍ਹੇ ਕਰਛੱਡਿਆ ਜੋਇਸਨੂੰ ਕੋਈ ਅੱਗ ਅਤੇ ਪਾਣੀ ਨਾਦੇਵੇ ਸਾਰੇ ਫਿਰਦੁੱਕਾ ਅੱਗ ਪਾਣੀ ਕਿਥਾਉਂ ਨਾਂਹੱਥਲੱਗਾਤਾਂਮਰਦਾਨਾਸ੍ਰੀਗੁਰੂਜੀ ਪਾਸ ਆਯਾ ਤਾਂ ਸ੍ਰੀ ਗੁਰੂ ਨਾਨਕ ਜੀ ਅਤੇ ਮਰਦਾਨਾਔਰਮੈਂ ਓਥੋਂ ਉਠਕੇਔਰਅਸਥਾਨਜਾਇਬੈਠੇਤਾਂਗੁਰੂਜੀਨੇਕਹਿਆ ਮਰਦਾਨਿਆਂ ਸ੍ਰੀਵਾਹਿਗੁਰੂ ਆਖਕਰ ਏਥੋਂ ਪੱਥਰਉਠਾਇ ਜਾਂਮਰਦਾਨੇ ਨੇ ਓਥੋਂ ਪੱਥਰ ਚੁੱਕਿਆਤਾਂ ਉਸ ਪੱਥਰਦੇਹੇਠੋਂ ਬੜਾਸੁੰਦਰ ਕੁਦਰਤ ਦਾ ਤਲਾਉ ਨਿਕਲ ਆਯਾ ਜਲਕਰਕੇ ਪੂਰਣ ਹੈ ਤਾਂ ਬਚਨਹੋਇਆ ਮਰਦਾਨਿਆਂ ਤੂੰ ਇਸਕੁੰਡਵਿੱਚ ਰੋਟੀਆਂਘੜਕਰ ਪਾਇਦੇਉ ਅਤੇਜੋ ਹੋਰ ਅਨਾਜਹੈ ਤਾਂ ਓਹਕੱਪੜੇਵਿੱਚ ਬੰਨ੍ਹਕੇ ਪਾਇ ਦੇਹ ਪਰ ਵਾਹਿਗੁਰੂ ਆਖ ਕਰ ਜਾਂ ਮਰਦਾਨੇ ਸ੍ਰੀਗੁਰੂਜੀਦਾ ਬਚਨ ਸੁਨਿਆ ਤਾਂ ਉਸੇ ਵਕਤ ਰੋਟੀਆਂ ਘੜਕੇ ਮਰਦਾਨੇਉਸਕੁੰਡ ਵਿਚ ਪਾਇਦਿਤੀਆਂ ਅਤੇ ਹੋਰ ਅੰਨ ਕੱਪੜੇਬਿਚ ਬੰਨ੍ਹਕੇ ਚਾਇ ਪਾਯਾ ਜਦ ਮਰਦਾਨੇ ਰੋਟੀਆਂ ਅੰਨ ਪਾਇਆ ਸੱਭੋਹੀ ਡੁੱਬਗਇਆ ਤੇ ਮਰਦਾਨੇ ਆਖਿਆ ਹੇ ਗੁਰੂ ਜੀ ਏਹ ਤਾਂ ਅਨਾਜ

CC-0. Gurukul Kangri University Haridwar Collection. Digitized by S3 Foundation

INTERNET ABHINAV GAUR

ਸਾਡਾਏਵੇਂਹੀ ਗਇਆਹੈ ਤਾਂ ਗੁਰੂਨਾਨਕਜੀ ਬਚਨ ਕੀਤਾ ਮਰਦਾਨਿਆਂ ਤੂੰ ਵਾਹਿਗੁਰੂ ਆਖਕੇ ਕਹੁ ਸੱਚੇਪਾਤਸ਼ਾਹ ਜੀ ਜੇਕਰ ਸਾਡਾ ਅਨਾਜ ਨਿਕਲਆਵੇ ਤਾਂ ਮੈਂ ਇਕ ਰੋਟੀ ਤੇਰੇਨਮਿੱਤਦੇਵਾਂਗਾ ਤਾਂਮਰਦਾਨੇਹੱਥਜੋੜਕਰਕਹਿਆ ਹੇ ਸੱਚੇਪਾਤਸ਼ਾਹ ਜੀ ਜੇਕਰ ਸਾਡਾ ਅਨਾਜਨਿਕਲਪਵੇ ਤਾਂ ਮੈਂਇਕਰੋਟੀ ਤੇਰੇਨਾਮ ਦੇਵਾਂਗਾ ਜਾਂ ਮਰਦਾਨੇ ਨੇ ਏਹ ਪ੍ਰਾਰਥਨਾ ਕੀਤੀ ਤਾਂਰੋਟੀਆਂ ਅਤੇ ਹੋਰਅਨਾਜ ਸਭ ਪੱਕਕੇ ਤਰਆਯਾ ਤਾਂ ਗੁਰੂਜੀ ਕਹਿਆ ਸੁਣ ਮਰਦਾਨਿਆਂ ਇੱਸੇਤਰਾਂ ਕੋਈ ਮਾਨੁੱਖ ਸ੍ਰੀ ਪਰਮੇਸ਼ਰ ਜੀ ਕੇ ਨਾਮ ਦੇਂਦਾ ਹੈ ਤਾਂ ਉਸਦਾ ਡੁੱਬਾਹੂਆ ਨਿਕਲਆਵੇਹੈ ਏਹਬਾਤਸੁਣਕਰ ਮਰਦਾਨਾ ਸ੍ਰੀਗੁਰੂਜੀਦੀ ਚਰਨੀ ਲੱਗਾ ਤੇ ਕਹਿਓਸੁ ਕ੍ਰਿਪਾਨਿਧਾਨਜੀ ਆਪ ਧੰਨ ਹੋ ਜੀ ਤਾਂ ਏਹ ਬਾਤ ਸਾਰੇ ਸ਼ਹਿਰ ਵਿੱਚ ਸੁਣੀ ਗਈ ਭਾਈਏਹਫ਼ਕੀਰ ਤਾਂਕੋਈ ਪਰਮੇਸ਼ਰਦਾ ਪਿਆਰਾਹੈ ਅਸਾਂ ਤਾਂਅੱਗ ਤੇ ਪਾਣੀ ਦੋਵੇਂ ਥੋਕ ਨਹੀਂਸਨ ਦਿੱਤੇਅਤੇ ਏਨਾਂਕੁਦਰਤਦਾ ਤਲ਼ਾਉ ੱਛਕਰ ਰੋਟੀਆਂ ਤੇ ਅੰਨ ਪਕਾਇ ਲਿਆਹੈ ਭਾਈਏਹ ਤਾਂ ਕੋਈ ਮਹਾਂਪੁਰਖ ਤੇ ਬਡਾ ਕਲਾਵਾਨ ਹੈ ਅਤੇ ਫੇਰ ਉਸ ਦੇਸ ਦੇ ਰਾਜੇਨੇ ਸੁਣਿਆ ਅਤੇ ਸਭ ਵਜ਼ੀਰ ਮੁਸੱਦੀ ਅਤੇ ਰਾਜਾਦੇ ਲੋਕ ਨਾਲਲੈਆਂਦੇ ਸਭ ਸ੍ਰੀ ਗੁਰੂਜੀਦੀ ਚਰਨੀਂ ਆਇਲੱਗੇ ਤੇਹੱਥਜੋੜਕਰ ਆਖਣ ਲੱਗੇ ਹੇ ਦੀਨਬੰਧੂ ਜੀ ਅਸੀ ਭੁੱਲੇ ਹਾਂ ਜੀ ਅਸੀ ਬੜੀ ਕੁਦਲਤਾ ਕੀਤੀਹੈਜੀ ਅਤੇ ਆਪ ਮਹਾਂਪੁਰਖ ਹੋਸਾਨੂੰ ਬਖ਼ਸ਼ੀਓ ਜੀ ਸਾਥੋਂਬਡੀਬਿਅਦਬੀਹੋਈਹੈ ਅਤੇਤੁਸੀਸੰਤਪਰਉਪਕਾਰੀ ਹੋ ਸਾਡੇ ਪਰ ਖਿਮਾਕਰੀਏ ਜੀ ਤਾਂ ਸ੍ਰੀ ਗੁਰੂ ਜੀ ਬਚਨ ਕੀਤਾ ਹੇ ਭਾਈ ਪਰਮੇਸ਼ਰ ਦੇ ਲੋਕੋ॥ ਵਾਸਦੇਵ ਸਰਬਤ੍ਰ ਮਹਿ ਊਨਨ ਕਤਹੂਠਾਇ॥ ਅੰਤਰਬਾਹਰ ਸੰਗਹੈ ਨਾਨਕ ਕਾਇ ਦੁਰਾਇ॥ ੧॥ ਓਹ ਪਰਮੇਸ਼ਰ ਸਰਬਅਸਥਾਨਮੇਂਵਸਦਾਹੈ ਜਿੱਥੇਕਿੱਥੇ ਹਾਜ਼ਰਹਜ਼ੂਰਹੈਕੋਈ ਅਸਥਾਨ ਐਸਾ ਨਹੀਂਜਿੱਥੇਓਹਨਹੀਂ ਸਾਰੇਪਰਮੇਸ਼ਰਹੀ ਵਰਤਦਾਹੈ ਅੰਗਸੰਗ ਹੈ ਜਹਾਂਕਹਾਂ ਲੋਕ ਪਰ-ਲੋਕ ਵਿਚ ਸਹਾਇਕ ਹੈ ਪਰਮੇਸ਼ਰ ਕੋਲੋਂ ਕੁਛ ਭੁੱਲਿਆ ਹੋਇਆ ਨਹੀਂ ਅਤੇ ਤੁਸੀ ਭੀ ਉਸਪਰਮੇਸ਼ਰ ਜੀਕਾ ਜਾਪਕਰਹੁ ਤੁਸਾਡਾਭੀ ਭਲਾਹੋਵੇਗਾ ਤਬਰਾਜਾਪਰਜਾ ਸਭ ਉਸ ਦੇਸਦੇਗੁਰੂਜੀਦੇਸਿੱਖਹੋਏ ਤੇਗੁਰੂਜੀਕਹਾ ਭਾਈ ਤੁਸਾਡੀ ਕਲਜਾਣ ਤਾਂ ਹੋਵੇਗੀ ਜਾਂ ਤੁਸੀ ਆਪਨੀਕਮਾਈਵਿੱਚੋਂ ਸਾਧਸੰਤਦੀਸੇਵਾਕਰਹੁਗੇ ਏਕਧਰਮਸਾਲਬਣਾਵਹੁ ਆਏ ਅਭਜਾ-ਗਤਕੀਸੇਵਾਕਰਨੀਤਾਂਪਰਮਧਾਮਕੋਪ੍ਰਾਪਤਹੋਵੋਗੇਏਹਕਹਿਕੇਓਥੋਂ ਚਲੰਦੇ ਭਏ॥੧੪੧॥

ਆਗੇ ਸਾਖੀ ਇਕ ਕੋਹੜੀ ਫ਼ਕੀਰ ਨਾਲ ਹੋਈ

ਆਗੇਬਾਲਾਜੀ ਕਹਿਤੇ ਹੈਨ ਹੇਸ੍ਰੀਗੁਰੂ ਅੰਗਦ ਜੀ ਕਾਰਣ ਕਰਣ ਜੋਤੀਸਰੂਪ ਸ੍ਰੀ ਗੁਰੂ ਨਾਨਕਜੀ ਪਰਮ ਸੁਖਾਂਦੀ ਨਿਧੀ ਸਰਬਤ੍ਰ ਕੀ ਗਤੀ ਕਰਤੇ ਕਰਤੇ ਚਲਤੇ ਚਲਤੇ ਏਕ ਨਗਰਮੇਂ ਜਾਇਪ੍ਰਾਪਤਭਏ ਪਰਉਸਨਗਰਮੇਂ ਕੋਈ ਮਹਾਰਾਜ ਜੀ ਕਉ ਰਹਿਣੇ ਨਾਹੀਂ ਦੇਵੇ ਤਾਂ ਜਾਤੇਜਾਤੇਏਕ ਕੋਹੜੀਫ਼ਕੀਰਕੀਕੁਟੀਆਮੇਂ ਜਾਇ ਵੜੇ ਓਹ ਇਕ ਤੇ ਕੱਖਾਂ ਦੀ

CC-0. Gurukul Kangri University Haridwar Collection. Digitized by S3 Foundation USA

ਕੁੱਲੀਸੀ ਤੇਨਾਂਦੀਵਾਸੀ ਏਕਪਾਸੇ ਬੈਠਗਏ ਏਸਵਾਸਤੇ ਨਾਂ ਓਸ ਫ਼ਕੀਰ ਨੇ ਗੁਰੂਜੀ ਨੂੰ ਦੇਖਿਆ ਤੇ ਨਾਂ ਏਨਾਂ ਨੇ ਦੇਖਿਆ ਓਥੇ ਰਾਤ ਕੱਟੀਜਾਂਦਿਨਚੜ੍ਹਿਆ ਤਾਂਓਸ ਫ਼ਕੀਰ ਅਰਜ਼ ਕੀਤੀ ਹੇ ਗ਼ਰੀਬਨਿਵਾਜ਼ ਜੀ ਹੈ ਮਹਾਂ ਪੁਰਖੋ ਮੇਰੇ ਪਾਸ ਤਾਂ ਦਿਨੇ ਪੰਛੀ ਔਰ ਪਸ਼ੂ ਭੀ ਕੋਈ ਨਹੀਂ ਆਉਂਦਾ ਤੇ ਮਨੁੱਖ ਦੀ ਕਿਆ ਬਾਤ ਕਰੋਂ ਮੈਂ ਆਜ ਬੜੇ ਭਾਗਾਂ ਵਾਲਾਹਾਂ ਜੋ ਆਪਕਾ ਦੀਦਾਰ ਹੋਇਆਹੈ ਅਤੇ ਆਪਨੇ ਮੇਰੇ ਉਪਰ ਬੜੀ ਮੇਹਰਬਾਨੀ ਕੀਤੀ ਹੈ ਇਸਤੇ ਮੈਂ ਬਡਾ ਪ੍ਰਸੰਨ ਹੁਆ ਹਾਂ ਕਿ ਮੇਰੀ ਕਲਿਆਨ ਹੋਵੇ ਪਰ ਓਥੇ ਸ੍ਰੀ ਗੁਰੂਜੀ ਤੇ ਮਰਦਾਨਾਂ ਅਤੇ ਮੈਂ ਤਿੰਨਾਂ ਨੇ ਰਾਤ ਕੱਟੀ ਪਰ ਚਾਰਪਹਿਰ ਬੈਠਕੇ ਗੁਜਾਰੀ ਬੜੀ ਦੁਰਗੰਧਉਸ ਕੋਹੜੀਦੀਦੇਹਪਾਸੋਂਆਵੇਅਤੇ ਨਾਲੇ ਓਹਫ਼ਕੀਰ ਦੁਖੀ ਹੋਯਾ ਹਾਤ ਸਾਰੀ ਵਿਰਲਾਪ ਕਰਦਾ ਰਹਿਆ ਤਾਂ ਸ੍ਰੀ ਗੁਰੂ ਨਾਨਕ ਦੇਵ ਜੀਨੇਉਸਫ਼ਕੀਰ ਕੋ ਦੁਖੀ ਦੇਖ ਕਰ ਸ਼ਬਦ ਉਚਾਰਨ ਕੀਆ ॥ ਰਾਗ ਧਨਾਸਰੀ ਮਹਲਾ ੧ ॥ ਜੀਉ ਤਪਤਿ ਹੈਬਾਰੋਬਾਰ ॥ ਤਪਿਤਪਿ ਖਪੈ ਬਹੁਤਬਿਕਾਰ ॥ ਜੈਤਨਿ ਬਾਨੀ ਵਿਸਰਜਾਇ॥ਜਿਉ ਪਕਾ ਰੋਗੀਬਿਲਲਾਇ ॥ ੧ ॥ ਬਹੁਤਾਬੋਲਣ ਝਖਣਹੋਇ ॥ ਵਿਣਬੋਲੈ ਜਾਣੈਸਭੁਸੋਇ ॥ ੧ ॥ ਰਹਾਉ ॥ ਜਿਨਕੰਨ ਕੀਤੇ ਅਖੀਨਾਕ ॥ ਜਿਨ ਜਿਹਬਾ ਦਿਤੀ ਬੋਲੈ ਤਾਤ ॥ ਜਿਨ ਮਨ ਰਾਖਿਆ ਅਗਨੀ ਪਾਇ ॥ ਵਾਜੈਪਵਣਆਖੈਸਭੁਵਾਇ ॥ ੨ ॥ ਜੇਤਾ ਮੋਹ ਪਰੀਤਸੁਆਦ ॥ ਸਭਾਕਾਲਖਦਾਗਾਦਾਗ ॥ ਦਾਗਦੋਸਮੁਹਿਚਲਿਆਲਾਇ ॥ ਦਰਗਹਿਬੈਸਣਨਾਹੀ ਜਾਇ ॥੩॥ ਕਰਮਮਿਲੈ ਆਖਣਤੇਰਾਨਾਉ ॥ ਜਿਤਲਗਤਰਨਾ ਹੋਰਨਾਹੀ ਥਾਉ ॥ ਜੇਕੋ ਭੂਲਾ ਫਿਰਹੋਵੈਸਾਰ ॥ ਨਾਨਕਸਾਚਾ ਸਰਬਦਾਤਾਰ ॥ ੪ ॥ ੧ ॥ ਜਾਂ ਏਹ ਸ਼ਬਦ ਸ੍ਰੀ ਗੁਰੂ ਜੀ ਕਹਿਆਤਾਂਓਹ ਕੋਹੜੀ ਫ਼ਕੀਰ ਸ਼ਬਦ ਸੁਣ ਕਰ ਸ੍ਰੀ ਗੁਰੂ ਜੀ ਦੇ ਚਰਨਾਂ ਉੱਪਰ ਆਇ ਪਿਆ ਅਤੇਬੁੱਧ ਉਸ ਫ਼ਕੀਰ ਦੀ ਨਿਰਮਲ ਹੋਇ ਗਈ ਅਤੇ ਦੇਹ ਉਸਦੀ ਚੱਗੀ ਹੋਇ ਗਈ ਅਤੇਰੋਗਭੀਉਸਦਾਸ੍ਰੀਸਤਿਗੁਰਾਂ ਦੀ ਕ੍ਰਿਪਾ ਨਾਲ ਦੂਰ ਹੋਇਗਇਆ ਅਤੇ ਲੱਗਾ ਗੁਰੂਗੁਰੂਜਪਨ ਅਤੇਸ੍ਰੀਗੁਰੂਜੀਨੇ ਉਸਫ਼ਕੀਰ ਦੀ ਅਧੀਨਤਾ ਦੇਖਕਰ ਓਸਨੂੰ ਨਿਹਾਲ ਕੀਤਾ ਜਦ ਓਥੋਂ ਸ੍ਰੀਗੁਰੂਜੀਤੁਰਨਲਗੇਤਾਂ ਸਾਰੇ ਸ਼ਹਿਰ ਵਿੱਚ ਖ਼ਬਰ ਹੋਗਈ ਕਿ ਜਿਸ ਫ਼ਕੀਰਨੂੰਅਸੀਰਹਿਣਨਹੀਂਸਾਂਦੇਂਦੇ ਉਸ ਸਾਈਂ ਦੇ ਪਿਆਰੇ ਕੋਹੜੀ ਫ਼ਕੀਰ ਦਾ ਸਰੀਰ ਸੁੰਦਰ ਕਰ ਦਿੱਤਾਹੈ ਅਤੇ ਓਹ ਫ਼ਕੀਰ ਵੀ ਸ਼ਹਿਰ ਵਿੱਚ ਜਾਇ ਵੜਿਆ ਤੇ ਆਖਣ ਲੱਗਾ ਦੇਖੋ ਭਾਈ ਓਸ ਮਹਾਂਪੁਰਖ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਮੇਰਾ ਕਿਤਨੇ ਚਿਰ ਦਾ ਰੋਗ ਦੂਰ ਹੋਇ ਗਿਆ ਹੈ ਅਤੇ ਓਸ ਸ਼ਹਿਰ ਦੇ ਲੋਕ ਓਸ ਫ਼ਕੀਰਨੂੰਰਾਜ਼ੀਹੋਏਦੇਖਕਰਦੌੜੇ ਸ੍ਰੀਗੁਰੂ ਨਾਨਕਜੀਦੇ ਚਰਨਾਂਉੱਪਰ ਆਇਪਏ ਅਤੇਦੀਨ ਹੋਏ ਲੱਗੇ ਬੇਨਤੀਆਂ ਕਰਨ ਹੇ ਸਤਿ-ਗੁਰੂਜੀ ਅਸਾਂ ਆਪਦਾ ਬੜਾ ਨਿਰਾਦਰ ਕੀਤਾਹੈ ਅਸੀਬੇਮੁਖਹੋਏ ਹਾਂ ਅਤੇ ਤੁਸੀ ਸੰਤ ਪਰ-ਉਪਕਾਰੀ ਹੋ ਤੇ ਪਰਮੇਸ਼ਰ ਦੇ ਪਿਆਰੇ ਹੋ ਜੀ ਸਾਡੀ ਪਾਪੀਆਂ ਦੀ ਗਤੀ ਕਰੋ ਜੀ

CC-0. Gurukul Kangri University Haridwar Collection. Digitized by S3 Foundation USA

ਸਾਨੂੰ ਆਪਣੇ ਸਿੱਖਕਰਹੁ ਜੀ ਤੇ ਨਾਮ ਬਖ਼ਸ਼ੋਜੀ ਸੱਚੇਰਸਤੇਪਾਵਹੁਜੀ ਜਿਸਕਰਕੇਸਾਡੀ ਕਲਿਆਨਹੋਵੇਜੀ ਹੇ ਮਹਾਰਾਜਜੀ ਅਸੀਭੁਲੇਹਾਂਜੀ ਅਤੇ ਤੁਸੀਜਗਤਦੇ ਤਰਨਤਾਰਨਹੋ ਹੇ ਦੀਨ ਬੰਧੂਜੀ ਕ੍ਰਿਪਾ ਕਰਉ ਜੀ ਏਹ ਬੇਨਤੀ ਲੋਕਾਂ ਦੀ ਸੁਣਕਰ ਸ੍ਰੀ ਗੁਰੂ ਨਾਨਕ ਜੀ ਦਇਆ ਦੇ ਸਮੁੰਦ੍ਰ ਕਰੁਨਾ ਕੀ ਖਾਨ ਜਗਤਕੇਉਧਾਰਵਾਸਤੇਜਿਨ੍ਹਾਂਨੇ ਔਤਾਰਧਾਰਿਆ ਹੈ ਭਾਂਗੁਰੂਜੀਕੇਮਨਮੇਂ ਦਇਆ ਆਇਗਈ ਤਾਂ ਮੁੜ ਕਰਬੈਠਗਏ ਅਤੇ ਸਭਲੋਕ ਓਥੇ ਉਚ ਨੀਚਇਕੱਠੇਹੋਇਕਰ ਸ੍ਰੀਗੁਰੂ ਜੀ ਪਾਸ ਹਥਜੋੜਕਰ ਬੈਠ ਗਏ ਤਿਨ੍ਹਾਂਦੇ ਭਾਈਂ ਸ੍ਰੀ ਗੁਰੂ ਜੀ ਕਿਹਾ ਸੁਣੋਭਾਈ ਪਰਮੇਸ਼ਰਦੇਪਿਆਰਓ ਅਸੀ ਤੁਹਾਡੇ ਉੱਪਰ ਭਾਂਪ੍ਰਸੰਨਹੋਵਾਂਗੇ ਜਾਂ ਤੁਸੀ ਏਥੇ ਇਕ ਜਗਾ ਬਣਾਵਹੁ ਜਿਥੇਮੁਸਾਫ਼ਰ ਆਇਕਰ ਬਸ੍ਰਾਮ ਕਰੇ ਔਰ ਆਏ ਸੰਤ ਸਾਧਦੀਸੇਵਾਕਰਨੀ ਅਤੇਅਭਿਆਗਤਕੋ ਭੋਜਨਦੇਨਾ ਔਰਆਪਨੀ ਕਿਰਤ ਕਰਕੇ ਵਿਚੋਂ ਸ੍ਰੀਮਹਾਰਾਜਕੇ ਨਾਮ ਕਾ ਦਿੱਤਾ ਕਰੋ ਤਾਂ ਓਨਾਂ ਲੋਕਾਂ ਸਭ ਮਨਜ਼ੂਰ ਕੀਤਾ ਤੇ ਧਰਮਸਾਲ ਬਣਵਾਈ ਤੇ ਸ੍ਰੀਗੁਰੂ ਜੀ ਆਪਣੇ ਚਰਣ ਧੋਇਕਰ ਸਭਕਉ ਪਾਹੁਲ ਦਿੱਤੀ ਨਾਮ ਦਾਨ ਦਿਤਾ ਅਤੇਕਹਾ ਪ੍ਰਮੇਸ਼ਰਨੂੰ ਹਾਜ਼ਰ ਹਜ਼ੂਰ ਜਾਨਨਾ ਛਲਨਹੀਂ ਕਰਨਾ ਹਰ ਸੂਰਤ ਰਾਜ਼ੀ ਰਹਿਣਾ ਧਰਮਦੀ ਕਿਰਤਕਰਨੀ ਦਸਵੰਧਦੇਨਾ ਪਰਮੇਸ਼ਰਜੀ ਕੇਨਮਿੱਤ ॥ ਏਕਦਿਨਸ੍ਰੀ ਗੁਰੂਜੀਬੈਠੇਹੈਨ ਤੇ ਦੀਵਾਨਲਗਾਹੋਯਾ ਹੈ ਅਤੇਬਹੁਤਸਿੱਖਸੰਗਤ ਪ੍ਰੇਮਕਰਕੇਇਕੱਠੀਹੋਈ ਭਾਂਇਕ ਸਿੱਖਨੇ ਪ੍ਰਸ਼ਨ ਕੀਆ ਹੇ ਸ੍ਰੀਗੁਰੂਜੀ ਕਿਰਪਾਕਰਕੇ ਸਾਡਾ ਸੰਸਾ ਨਿਵਰਤ ਕਰੋ ਜੋ ਸਿੱਖੀ ਕਿਸਤਰਾਂ ਕਮਾਈਦੀਹੈ ਭਾਂ ਸ੍ਰੀਗੁਰੂ ਬਾਬਾ ਜੀ ਉਨ੍ਹਾਂ ਸਿੱਖਾਂ ਪ੍ਰਤੀ ਏਕ ਸਾਖੀ ਸੁਣਾਉਂਦੇ ਭਏ ॥ ਸ੍ਰੀ ਮੁਖ ਵਾਕ ॥ ਸ੍ਰੀ ਗੁਰੂ ਜੀ ਕਹਿਤੇ ਭਏ ਹੇ ਭਾਈ ਸਿੱਖੋ ਸਿੱਖੀ ਐਸੇ ਕਮਾਵਣੀਚਾਹੀਏ ਜੈਸੇਏਕ ਰਾਜਾਥਾ ਜੋ ਆਪਭੀ ਉਧਰਿਆ ਤੇਆਪਣੇ ਗੁਰੂਕਾਵੀਉਧਾਰਕੀਆਤੇਸਾਖਜਾਤਪਰਮੇਸ਼ਰਕਾਦਰਸ਼ਨਭੀ ਕੀਆ ਤਾਂ ਗੁਰੂਜੀ ਕਹਿਆ ॥ਗੁਰ ਕਹਿਆ ਸਾਕਾਰਕਮਾਵਹੁ ॥ਗੁਰਕੀ ਕਰਨੀ ਕਾਹੇ ਧਾਵਹੁ॥ ਸੁਣੋ ਭਾਈ ਸਿੱਖੋ ਇਕ ਰਾਜਾਸੀਸੋਮਨਵਿਚਹੀਪਰਮੇਸ਼ਰਕੀਭਗਤੀਕਰਦਾਸੀਤੇਰਾਜਭੀਕਰਦਾਸੀਇਕਦਿਨ ਮਨ ਮੇਂਆਈ ਮੈਂਇਤਨੇਚਿਰ ਰਾਜਕੀਤਾਹੈ ਅਤੇਕਿਆਜਾਣਾਂ ਕਿਹੋਰਇਤਨਾਚਿਰਰਾਜਕਰਨਾ ਹੈ ਕਿ ਨਹੀਂ ਕਰਨਾ ਪਰ ਓਹ ਰਾਜਾ ਅੱਗੇਵੀਘਰ ਸੇ ਉਦਾਸ ਰਹਿੰਦਾ ਸੀ ਸੋਆਪਣੇਪੁਤ੍ਰ ਨੂੰ ਰਾਜ ਦੇਕਰ ਐਸੀ ਸਿੱਖਜਾਦਈ ਕਿ ਹੇ ਬੇਟਾ ਇਸਰਾਜ ਕੋਤੂੰ ਐਸਾ ਜਾਅ ਮੇਂ ਸਮਝੀਂ ਕਿ ਏਹ ਰਾਜ ਸ੍ਰੀਪਰਮੇਸ਼ਰਜੀਦਾ ਹੈ ਐਸਾਜਾਨਕੇ ਰਾਜ ਕਰੀਓ ਧਰਮਕਾ ਅਤੇ ਨਿਆਉਂ ਬੀ ਧਰਮਕਾ ਕਰੀਓ ਏਹ ਬਾਤ ਰਾਜਾਨੇ ਪੁਤ੍ਰਕਉਕਹੀ ਔਰਅਪਨੇ ਵਜ਼ੀਰ ਕਉਭੀਰਾਜਾ ਨੇ ਐਸਾ ਕਹਿਆ ਹੇ ਵਜ਼ੀਰ ਏਹ ਜੋਮੇਰਾ ਪੁੱਤ੍ਰ ਹੈ ਸੋ ਇਸਕੀ ਤੂੰ ਰੱਖਿਆ ਕਰੰਨੀ ਹੋਵੇਗੀ ਏਹ ਸਮਝਾਇ ਕਰ ਰਾਜਾ ਵਿਰਕਤ ਹੋਇਕਰ ਬਨ ਕੋ ਚਲਾ ਗਿਆ ਪਰ ਰਾਜਾ ਨੇ ਇੱਕ ਤੁਰਦਿਆਂ ਹੋਯਾਂ ਲਾਲ ਪੱਲੇ ਬੰਨ੍ਹ ਲੀਤਾ ਸੀ ਅਤੇ ਦਿਲ ਵਿਚ ਏਹ ਸਮਝਿਆ ਜੋ ਸ੍ਰੀ

CC-0. Gurukul Kangri University Haridwar Collection. Digitized by S3 Foundation USA

ਪਰਮੇਸ਼ਰ ਕਾ ਨਾਮ ਸਿਮਰਾਂ ਤੇ ਮੁਕਤ ਹੋਈਏ ਤਉ ਰਾਜਾ ਲਗਾ ਤਪੱਸਿਆ ਕਰਨ ਅਤੇ ਜਦ ਰਾਜਾ ਘਰੋਂ ਨਿਕਲਿਆ ਸੀ ਤਾਂ ਇਕ ਚੋਰ ਰਾਜਾ ਕੋ ਦੇਖ ਕਰ ਮਗਰ ਤੁਰ ਪਿਆ ਮਨ ਮੇਂ ਵਿਚਾਰਿਆ ਕਿ ਰਾਜਾ ਜੋ ਘਰੋਂ ਨਿਕਲਿਆ ਹੈ ਸੋ ਕੁਛ ਨ ਕੁਛ ਪਦਾਰਥ ਜ਼ਰੂਰ ਲੈ ਕਰ ਨਿਕਲਿਆ ਹੋਵੇਗਾ ਸੋ ਮੈਂ ਇਸਦੇ ਪਾਸੋਂ ਲਵਾਂਗਾ ਜਿਸ ਤਰ ਹ ਮੇਰਾ ਦਾਉ ਲਗੇਗਾ ਭਾਵੇਂ ਮਾਰ ਕੇ ਹੱਥ ਲਗੇ ਭਾਵੇਂ ਜੀਂਦਿਆਂ ਹੱਥ ਲਗੇ ਇਤਨੇ ਚਿਰ ਨੂੰ ਕੋਈ ਪੁਰਬੀ ਕਾ ਦਿਨ ਆਯਾ ਤਾਂ ਰਾਜਾ ਨਦੀ ਉੱਪਰ ਨ੍ਹਾਵਣੇ ਵਾਸਤੇ ਗਿਆ ਤਾਂ ਅੱਗੇ ਕਬਾਹੋਇ ਰਹੀ ਸੀ ਪਰ ਉਸ ਮੇਂ ਇਹ ਪ੍ਰਸੰਗ ਹੋਇ ਰਹਿਆ ਸੀ ਕਿ ਗੁਰੂ ਬਿਨਾਂ ਗਤ ਨਹੀਂ ਹੋਤੀ ਭਾਵੇਂ ਕੋਈ ਕੈਸਾ ਤਪ ਕਰੇ ਜਪ ਕਰੇ ਦਾਨ ਕਰੇ ਪੂਜਾ ਕਰੇ ਪਾਠ ਕਰੈ ਭਾਵੇਂ ਜੱਗ ਕਰੇ ਤਉ ਭੀ ਗੁਰੂ ਤੇ ਬਿਨਾ ਕਬੀ ਨਹੀਂ ਸਦਗਤੀ ਹੋਤੀ ਜੋ ਗੁਰੂ ਧਾਰਨ ਕਰੇ ਤਾਂ ਭਲਾ ਹੋਏਗਾ ਏਹ ਵਾਰਤਾ ਸੁਣਕਰ ਇਕ ਸਿੱਖ ਨੇ ਪ੍ਰਸ਼ਨ ਕੀਆ ਹੇ ਸਤਿਗੁਰਜੀ ਸ੍ਰੀ ਪਰਮੇਸ਼ਰ ਜੀ ਨੇ ਕੈਸੇ ਰੀਤ ਧਾਰੀ ਹੈ ਤਾਂ ਸ੍ਰੀ ਗੁਰੂ ਜੀ ਕਹੈਂ ਭਾਈ ਸਿੱਖਾ ਸ੍ਰੀ ਪਰਮੇਸ਼ਰ ਜੀ ਵਿਚ ਤੇ ਸ੍ਰੀ ਪਰਮੇਸ਼ਰ ਦ ਪਿਆਰਿਆਂ ਅਵਤਾਰਾਂ ਵਿਚ ਅਤੇ ਨਾਰਾਇਣ ਦੇ ਭਗਤਾਂ ਵਿਚ ਔਰ ਸੰਤਾਂ ਮਹੰਤਾਂ ਵਿਚ ਕੋਈ ਭੇਦ ਨਹੀਂ ਸਮਝਣਾਂ ਹੇ ਭਾਈ ਸਿੱਖਾ ਸ੍ਰੀ ਪਰਮੇਸ਼ਰ ਜੀ ਦੇ ਚੌਬੀਸ ਅਵਤਾਰ ਹੂਏ ਹੈਨ ਸੋ ਤਿਨ ਵਿਖੇ ਦੋ ਅਵਤਾਰ ਸਿਰੋਮਣਿ ਹੋਏ ਹਨ ਏਕ ਰਾਮਚੰਦ੍ਰ ਏਕ ਕ੍ਰਿਸ਼ਨ ਚੰਦ੍ਰ ਸੋ ਇਨ੍ਹਾਂ ਦੋਹਾਂ ਨੇ ਗੁਰੂ ਧਾਰਨ ਕੀਏ ਹੈਨ ਰਾਮਚੰਦ ਵਸਿਸ਼ਟ ਜੀ ਕੋ ਗੁਰੂ ਧਾਰਿਆ ਹੈ ਅਤੇ ਕ੍ਰਿਸ਼ਨ ਜੀ ਸੰਦੀਪਨ ਕੋ ਗੁਰੂ ਧਾਰਿਆ ਹੈ ਔਰ ਭੀ ਜੋ ਜੋ ਭਗਤ ਸੰਤ ਹੋਏ ਹੈਨ ਸਰਬਤ ਨੇ ਗੁਰੂ ਧਾਰੇ ਹੈਨ ਤਉ ਪਰਮ ਗਤ ਕੋ ਪ੍ਰਾਪਤ ਹੂਏ ਹਨ ਕਿਉਂ ਜੋ ਈਸ਼ੂਰ ਮਰਯਾਦਾ ਪੁਰਸ਼ੋਤਮ ਹੈ ਉਸਨੇ ਆਪ ਏਹ ਰੀਤੀ ਚਲਾਈ ਹੈ ਤਾਂ ਓਥੋਂ ਕਥਾ ਸ੍ਰਵਣ ਕਰਕੇ ਰਾਜਾ ਜੀ ਚਲੇ ਤਾਂ ਮਗਰ ਮਗਰ ਚੋਰ ਭੀ ਰਾਜਾ ਕੇ ਉੱਠ ਚਲਿਆ ਕਿ ਜਬ ਰਾਜਾ ਸੋ ਜਾਵੇਗਾ ਤਬ ਇਸਕੋ ਮਾਰਕਰ ਇਸਕਾ ਦ੍ਰਬ ਲੇ ਜਾਵਾਂਗਾ ਪਰ ਰਾਜਾ ਤੋ ਸ੍ਰੀ ਪਰਮੇਸ਼ਰ ਜੀ ਕੇ ਪ੍ਰੇਮ ਮੇਂ ਲੀਨ ਹੋਯਾ ਕਬੀ ਸਵੇਂ ਹੀ ਨਹੀਂ ਅਤੇ ਮਨ ਮੇਂ ਏਹ ਭੀ ਵਿਚਾਰਤਾ ਹੈ ਕਿ ਮੈਂ ਗੁਰੂ ਧਾਰਾਂ ਪਰ ਕਿ ਆ ਕਰਾਂ ਜੋ ਗੁਰੂ ਕੀ ਪ੍ਰਤੀਤ ਯੇਹ ਕਰੋਂ ਜੋ ਕੋਈ ਮਾਨੁਖ ਦੋ ਘੜੀਆਂ ਰਾਤ ਰਹੇ ਤੇ ਪ੍ਰਾਤਹਕਾਲ ਕੇ ਵਕਤ ਜੋ ਮੈਨੂੰ ਆਇ ਮਿਲੇ ਮੈਂ ਉਸਕੋ ਗੁਰੂ ਕਰੂੰਗਾ ਇਹ ਕਹਿਕਰ ਰਾਜਾ ਉਦਿਆਨ ਵਿਖੇ ਬੈਠ ਰਹਿਆ ਤਾਂ ਚੋਰ ਨੇ ਕਹਿਆ ਭਾਈ ਰਾਜਾ ਤੋ ਸਉਂਦਾ ਵੀ ਨਹੀਂ ਅਤੇ ਮੈਂ ਦੋ ਘੜੀਆਂ ਮੈਂ ਦਾਹਾਂ ਤੇ ਰਾਜਾ ਦੋ ਘੜੀਆਂ ਵੀ ਨਹੀਂ ਸੌਂਦਾ ਅਤੇ ਚੋਰ ਨੇ ਕਹਿਆ ਭਾਈ ਅੱਜ ਤਾਂ ਮੈਂ ਇਸਕੋ ਦੇਖਾਂ ਏਹ ਤੋ ਕਬੀ ਨਹੀਂ ਸੋਤਾ ਪਰ ਮੈਂ ਪ੍ਰਾਤਹਕਾਲ ਕਉ ਇਸਕੋ ਮਾਰਤਾ ਹੋਂ ਏਹ ਚੋਰ ਮਨ ਮੇਂ ਵਿਚਾਰ ਕਰ ਰਾਜਾ ਕੇ ਮਾਰਨੇ ਕਉ ਦੌੜਿਆ ਅਤੇ ਰਾਜਾ ਨੇ ਕਹਿਆ ਜੋ ਭਾਈ ਮੇਰੇ ਧੰਨ ਭਾਗ ਹੈਨ ਜੋ ਜਿਸ ਗੁਰੂ ਕੋ ਮੈਂ ਢੂੰਡਤਾ ਥਾ ਸੋ ਗੁਰੂ ਮੇਰੇ ਕਉ ਆਪ ਦਰਸ਼ਨ ਦੇਵਨੇ ਆਯਾ ਹੈ ਏਹ ਕੈਹ ਕਰ ਰਾਜਾ ਚੋਰ ਦੇ ਚਰਨਾਂ ਕਉ ਦਉੜਿਆ ਤਾਂ ਚੋਰ ਨੇ ਕਹਿਆ ਭਾਈ ਰਾਜਾ ਮੇਰੇ ਕਉ ਮਾਰਨੇ ਆਯਾ ਹੈ ਪਰ

CC-0. Gurukul Kangri University Haridwar Collection. Digitized by S3 Foundation USA

ਹੱਛਾ ਰਾਜਾ ਵੀ ਅਕੇਲਾ ਹੈ ਅਤੇ ਏਕਹੀ ਮੈਂ ਹੋਂ ਹੁਣ ਤਾਂ ਰਾਜਾ ਸਾਥ ਲੜਨਾਹੀ ਪਿਆ ਚੋਰ ਏਹੀ ਵਿਚਾਰਾਂ ਕਰਤਾ ਥਾ ਉਤਨੇ ਮੈਂ ਰਾਜਾ ਚੋਰਦੇ ਪੈਰਾਂ ਤੇ ਜਾਇ ਪਿਆ ਤੇ ਚੋਰਨੇ ਦਿਲ ਵਿਚ ਕਿਹਾ ਜੋ ਰਾਜਾ ਮੇਰੇ ਪਾਸੋਂ ਡਰਦਾ ਹੈ ਪਰ ਮੈਂ ਹੁਣ ਛੋਡਦਾ ਨਾਹੀਂ ਇਤਨੇ ਮੈਂ ਰਾਜਾ ਨੇ ਕਿਹਾ ਹੇ ਮੇਰੇ ਸੁਆਮੀ ਗੁਰਦੇਵਜੀ ਮੈਂ ਬਲਿਹਾਰੇ ਜਾਵਾਂ ਜੀ ਆਪਦੇ ਦਰਸ਼ਨ ਉਤੋਂ ਜੋ ਮੈਨੂੰ ਕ੍ਰਿਤਾਰਥ ਕਰਨ ਆਏ ਹੋ ਤਾਂ ਚੋਰਨੇ ਕਹਿਆ ਰਾਜਾ ਤੂੰ ਗੁਰਦੇਵ ਕਿਸਕੋ ਆਖਦਾ ਹੈਂ ਤਾਂ ਰਾਜਾਨੇ ਕਿਹਾ ਮੈਂ ਬਲਿਹਾਰੇ ਜਾਵਾਂਜੀ ਆਪਦੇ ਤਾਈਂ ਮੈਂ ਗੁਰਦੇਵ ਕਹਿਤਾ ਹਾਂ ਤਾਂ ਚੋਰ ਨੇ ਕਿਹਾ ਹੇ ਰਾਜਾ ਮੈਂ ਤੋ ਚੋਰ ਹਾਂ ਤਾਂ ਰਾਜਾਨੇ ਕਿਹਾ ਹੇ ਦੀਨਦਯਾਲ ਜੀ ਮੇਰੇ ਤਾਈਂ ਆਪ ਕਯੋਂ ਭਰਮਾਵਤੇ ਹੋ ਜੀ ਤਾਂ ਚੋਰਨੇ ਕਿਹਾ ਹੇ ਰਾਜਾ ਅਬ ਤੂੰ ਮੇਰੇ ਤਾਈਂ ਕਿਆ ਕੈਹਤਾਹੈਂ ਤਾਂ ਰਾਜਾ ਨੇ ਕਿਹਾ ਜੀ ਮੈਂ ਆਪ ਕੋ ਗੁਰੂ ਕੀਤਾ ਚਾਹੁੰਦਾ ਹਾਂ ਜੀ ਕਿਉਂ ਜੋ ਆਪ ਮੇਰੇ ਉਤੇ ਬਹੁਤ ਅਨੁਗ੍ਰਹ ਕੀਆ ਹੈ ਜੋ ਮੇਰੇ ਮਨ ਦਾ ਸੰਕਲਪ ਪੂਰਨ ਕੀਆ ਹੈ ਆਪਤੋ ਪੂਰਨ ਗੁਰੂ ਹੋ ਤਾਂ ਚੋਰਨੇ ਕਿਹਾ ਹੇ ਰਾਜਾ ਜੀ ਗੁਰੂ ਜਿਸ ਕਉ ਧਾਰਨ ਕਰੀਦਾ ਹੈ ਉਸਕਾ ਬਚਨ ਸਤ ਪ੍ਰਤੀਤ ਕਰਕੇ ਮੰਨੀਦਾ ਹੈ ਔਰ ਗੁਰਦੇਵ ਕੋ ਤਨ ਮਨ ਧਨ ਏਹ ਅਰਪਨ ਕਰ ਦੇਈਦਾ ਹੈ ਸੋ ਤੂੰ ਜੋ ਪਦਾਰਥ ਘਰੋਂ ਲਿਆਯਾ ਹੈਂ ਸੋ ਮੇਰੇ ਆਗੇ ਰਖਦੇਹ ਤਾਂ ਮੈਂ ਤੇਰਾ ਗੁਰੂ ਬਨਤਾਹੋਂ ਤਾਂ ਰਾਜਾ ਨੇ ਕਿਹਾ ਹੇ ਗੁਰਦੇਵ ਦੀਨਬੰਧੂ ਜੀ ਮੈਂ ਤੋ ਘਰਸੇ ਏਕ ਰਤਨ ਲਾਲ ਲਜਾਂਦਾ ਹੈਸੋ ਏਹ ਹੈ ਜੀ ਅਤੇ ਏਹਲਾਲ ਦੂਜਾ ਮੇਰਾ ਸਰੀਰ ਏਹ ਦੋਵੇਂ ਆਪਕੀਭੇਟਾਹੈਨਜੀ ਭਾਵੇਂ ਜੋਚਾਹੋ ਸੋਕਰੋ ਜੀ ਤਾਂ ਚੋਰ ਰਾਜਾ ਪਾਸੋਂ ਓਹ ਰਤਨ ਲਾਲ ਲੈਕੇ ਕੈਹਨ ਲਗਾ ਹੇ ਰਾਜਾ ਗੁਰੂਕਾ ਹੁਕਮਫੇਰਨਾਨਹੀਂ ਪਰ ਇਸਜਗਹ ਉੱਪਰੋਂ ਉਠਨਾ ਨਹੀਂ ਜਿਤਨਾਚਿਰ ਮੈਂ ਨਾ ਆਵਾਂ ਤਾਂ ਰਾਜਾਨੇ ਕਿਹਾ ਹੇ ਪ੍ਰਮਾਤਮਾਂ ਗੁਰਦੇਵਜੀ ਮੈਂ ਆਪਤੋਂ ਬਲਿਹਾਰਜਾਵਾਂ ਜੀ ਜਿਤਨਾ ਚਿਰ ਆਪ ਮੇਰੇ ਤਾਈਂ ਦੀਦਾਰ ਨਦੇਵੋਂਗੇ ਜੀ ਉਤਨਾ ਚਿਰ ਮੈਂ ਕਦਾਚਿਤ ਏਕ ਕਦਮਭੀ ਨਾ ਉਠਾਉਂਗਾ ਜੀ ਏਹ ਬਾਤ ਰਾਜਾਕੀ ਚੋਰ ਸੁਣਕਰ ਲਾਲ ਲੇਕਰ ਉਠ ਨੱਠਾ ਕਿ ਮਤਹੁਣ ਭੀ ਰਾਜਾ ਆਇ ਮਿਲੇ ਏਹ ਬਾਤ ਚਿਤ ਵਿਚ ਵਿਚਾਰਤਾ ਵਿਚਾਰਤਾ ਨਸਦਾ ਭਜਦਾ ਇਕ ਨਗਰ ਮੈਂ ਜਾਇ ਬੈਠਾ ਅਤੇ ਰਾਜਾ ਉੱਸੇ ਥਾਂ ਉਦਿਆਨ ਵਿਚ ਬੈਠ ਰਿਹਾ ਜਾਂ ਰਾਜੇ ਕੋ ਓਥੇ ਬੈਠੇ ਕਉ ਏਕ ਬਰਸ ਗੁਜ਼ਰਿਆ ਤਾਂ ਸ੍ਰੀ ਨਿਰੰਕਾਰ ਜੀ ਭਗਤਾਂ ਕੇ ਰਿਦੇਕੀ ਜਾਨਣ ਹਾਰੇ ਆਪ ਰਾਜਾਕੇ ਪਾਸ ਆਏ ਤੇ ਕਿਹਾ ਹੇ ਰਾਜਾ ਤੂੰ ਏਥੇ ਕਿਉਂ ਬੈਠਾ ਹੈਂ ਏਥੇ ਤਾਂ ਤੇਰਾ ਕੁਛ ਨਹੀਂ ਸੌਰਨਾ ਤੂੰ ਕਿਸੇ ਤੀਰਥ ਪਰ ਜਾਹ ਜਾਇਕਰ ਨਿਰੰਕਾਰ ਕੋ ਚੇਤਨ ਕਰ ਜਾਂ ਕਿਸੇ ਸੰਤ ਮਹਾਤਮਾਂ ਕਉ ਮਿਲ ਤੇ ਜਾਂ ਕਿਸੇ ਨਗਰ ਮੈਂ ਜਾਕਰ ਬੈਠ ਰਾਜੇ ਨੇ ਕਹਿਆ ਹੇ ਦੀਨਾਨਾਥ ਜੀ ਮੈਨੂੰ ਗੁਰਦੇਵ ਜੀ ਕਾ ਹੁਕਮ ਹੈ ਜੋ ਮੇਰੇ ਆਉਂਦਿਆਂ ਤੀਕਰ ਏਥੇਬਠੀਂ ਸੋ ਮੈਂ ਤਾਂ ਗੁਰਦੇਵ ਜੀ ਕੀ ਆਗਜਾ ਸੇ ਬਗ਼ੈਰ ਕਬੀ ਨਾ ਉਠੂੰਗਾ ਤਾਂ ਫੇਰ ਸ੍ਰੀ ਠਾਕੁਰਜੀ ਕਹਾ ਹੇ ਰਾਜਾ ਓਹ ਤਾਂ ਚੋਰਸੀ ਤੇ ਤੂੰ ਉਸਦੀ ਆਗਜਾ ਮੰਨਕਰ ਨਰਕ ਕਉ ਜਾਵੇਂਗਾ

CC-0. Gurukul Kangri University Haridwar Collection. Digitized by S3 Foundation USA

ਅਜੇਭੀ ਕਿਸੇਸਾਧਦੀ ਸ਼ਰਨਜਾਹ ਤੇ ਹੋਰ ਕਿਸੇ ਮਹਾਤਮਾਂਨੂੰ ਗੁਰੂ ਕਰ ਤਾਂਤੇਰੀਗਤੀਹੋਗੀ ਤਾਂ ਰਾਜੇ ਕਿਹਾ ਹੇਠਾਕਰਜੀਮੈਂਤਾਂਓਸਸਾਧ ਜਿਹਾ ਕੋਈ ਸਾਧ ਨਹੀਂ ਦੇਖਜਾ ਜੇਕਰ ਓਹ ਸਾਧ ਹੈ ਤਾਂ ਭੀ ਜੇਕਰ ਚੋਰਹੈ ਤਾਂਭੀ ਓਹੀ ਮੇਰਾ ਸਤਿਗੁਰਦੇਵ ਹੈ ਤਾਂ ਫੇਰ ਠਾਕਰਜੀਕਹਾ ਹੱਛਾ ਰਾਜਾ ਤੂੰ ਜਾਣ ਬੈਠਾਰਹੁ ਤਾਂ ਠਾਕਰਜੀ ਏਹਬਾਤ ਕੈਹਕਰਓਥੋਂ ਚਲੇਗਏ ਪਰਰਾਜੇ ਓਥੇ ਬੈਠਿਆਂ ਤਿੰਨ ਬਰਸ ਹੋਏ ਤਾਂ ਸ੍ਰੀਠਾਕੁਰਜੀ ਬਹੁਤ ਕੰਬੇ ਅਰ ਮਨਮੇਂ ਕਿਹਾ ਜੋ ਰਾਜਾ ਤਾਂਐਸੀਦਿ੍ਰੜ੍ਹਤਾ ਬੰਨ੍ਹ ਬੈਠਾਹੈ ਅਤੇ ਰਾਜੇਦਾ ਨੇਮ ਮੇਰੇਪਾਸੋਂ ਅਬਤੋਂਨਹੀਂਸਹਾਰਜਾ ਜਾਤਾ ਏਹਬਾਤ ਵਿਚਾਰਕਰ ਸ੍ਰੀਠਾਕੁਰਜੀ ਫੇਰ ਰਾਜੇਪਾਸ ਆਏ ਤੇ ਕੈਹਨ ਲਗੇ ਹੇਰਾਜਾ ਅਬ ਤੂੰ ਉਠ ਖੜਾ ਹੋ ਤਾਂ ਰਾਜੇ ਕਿਹਾ ਹੇ ਪ੍ਰਭੂ ਜੀ ਬਿਨਾਂ ਗੁਰਦੇਵ ਜੀ ਕੀ ਆਗਜਾ ਸੇ ਕਯੋਂਕਰ ਉਠੋਂ ਜੀ ਤਾਂ ਸ੍ਰੀ ਠਾਕਰ ਜੀ ਨੇ ਕਿਹਾ ਰਾਜਾ ਜਿਸਕੋ ਤੂੰ ਅਰਾਧਤਾਹੈਂ ਮੈਂ ਤਾਂ ਸੋਈ ਹਾਂ ਮੇਰੀ ਆਗਜਾ ਹੈ ਜੋ ਤੂੰ ਪਰਮ ਭਗਤਿ ਕੋ ਪ੍ਰਾਪਤ ਹੁਆ ਹੈਂ ਹੁਣ ਤੂੰ ਬੈਕੁੰਠ ਕੋ ਚਲ ਤੇਰਾ ਨਾਮ ਸਿਮਰਨਾ ਤੋ ਪੂਰਨਹੋਤਾ ਹੈ ਤਾਂਰਾਜੇਨੇ ਕਿਹਾ ਜੀ ਮੈਂ ਬਲਿਹਾਰ ਜਾਵਾਂ ਜੀ ਤੇਰੇ ਦਰਸ਼ਨ ਉਪਰੋਂ ਜੋ ਆਪਨੇ ਮੈਂ ਉਪਰ ਬਡੀ ਕ੍ਰਿਪਾ ਕੀਤੀਹੈ ਜੀ ਪਰ ਗੁਰਦੇਵ ਜੀ ਕੀ ਆਗਿਆ ਬਗ਼ੈਰ ਮੈਂ ਕੈਸੇ ਉਠੂੰ ਜੀ ਤਾਂ ਸ੍ਰੀ ਠਾਕਰ ਜੀ ਨੇ ਕਿਹਾ ਹੇ ਰਾਜਾ ਓਹ ਤਾਂ ਚੋਰ ਸੀ ਤੈਨੂੰ ਠੱਗਣ ਵਾਸਤੇ ਆਯਾ ਸੀ ਤੇਰੇ ਪਾਸੋਂ ਰਤਨ ਠੱਗਕੇ ਲੈਗਿਆ ਹੈ ਅਰ ਹੁਨ ਤੂੰ ਉਸਕੋਂਕਿਆ ਢੂੰਡਤਾਹੈਂ ਅਬ ਤੂੰ ਬੈਕੁੰਠਕੋ ਚਲ ਤਬਰਾਜਾਨੇ ਕਹਾਬਲਿਹਾਰ ਜਾਵਾਂ ਜੀ ਤੇਰੇ ਦਰਸ਼ਨ ਉਤੋਂ ਜੀ ਪਰ ਜੀ ਸ੍ਰੀਗੁਰੂਦੇਵ ਜੀਕੀਆਗਜਾਬਗ਼ੈਰਮੈਂਤੋਨਹੀਂ ਉਠੂੰਗਾ ਤਾਂ ਠਾਕੁਰ ਜੀ ਕਿਹਾ ਹੇਰਾਜਾ ਤੂੰ ਚੋਰਕੇ ਸਾਥ ਨਰਕ ਕੋ ਗਿਆ ਚਾਹਤਾਹੈਂ ਤਾਂ ਰਾਜੇ ਨੇਕਹਾ ਹੇ ਪ੍ਰਭੂਜੀਮੈਂਉਸਕੇ ਸਾਥ ਨਰਕ ਕੋਹੀਜਾਊਂਗਾ ਪਰ ਬਗ਼ੈਰ ਉਸ ਗੁਰਦੇਵ ਜੀਕੀ ਆਗਜਾ ਕੇ ਕਬੀ ਨਾ ਉਠੂੰਗਾ ਤਾਂ ਏਹ ਨਿਸਚਾਰਾਜੇਕਾ ਦੇਖਕੇ ਸ੍ਰੀਠਾਕੁਰਜੀਓਏਂ ਉਠ ਚਲੇ ਅਰ ਚੋਰ ਕੇ ਪਾਸ ਆਏ ਤਾਂ ਸ੍ਰੀ ਨਿਰੰਕਾਰ ਜੀ ਉਸ ਚੋਰ ਕੋ ਕਹਿਆ ਅਰੇਤੂੰ ਉਸ ਰਾਜਾ ਕੋ ਉਦਜਾਨ ਵਿਖੇ ਬਠਾ ਆਯਾਹੈਂ ਅਤੇਫੇਰ ਤੂੰ ਉਸਕੀਖ਼ਬਰ ਭੀ ਨਹੀਂਲੀਤੀ ਅਬਜਾਇਕਰ ਦੇਖ ਉਸ ਰਾਜਾ ਕੀ ਕਵਨ ਦਸ਼ਾ ਹੈ ਤਾਂ ਚੋਰਨੇ ਕਿਹਾ ਅਰੇਭਾਈ ਤੂੰ ਕਿਸ ਕੀ ਬਾਤ ਕਰਤਾ ਹੈਂ ਅਤੇ ਮੈਂ ਕਿਸਕੋ ਬੈਠਾਇ ਆਯਾ ਹੂੰ ਤਾਂ ਸ੍ਰੀ ਠਾਕੁਰਜੀਕਹਿਆ ਅਰੇ ਚੋਰ ਜਿਸ ਰਾਜਾਸੇ ਲਾਲ ਰਤਨ ਠਗਕੇ ਲੈਆਯਾ ਹੈਂ ਸੋਉਸਨੂੰ ਅਬਨਹੀਂ ਜਾਣਤਾ ਤੇਓਹ ਉਦਿਆਨ ਵਿਖੇ ਬੈਠਾਹੈ ਤੇਰੀਆਗਿਆ ਬਿਨਾਂ ਓਹ ਉਠਤਾ ਨਹੀਂ ਸੋ ਤੂੰ ਉਸਕੋ ਜਾਇ ਕਰ ਕਯੋਂਨਹੀਂ ਉਠਾਵਤਾ ਤਾਂ ਚੋਰਨੇ ਮਨ ਵਿਚ ਦੇਖਜਾ ਜੋ ਭਾਈ ਓਹਰਾਜਾ ਅਬ ਤੀਕਰ ਵਹਾਂ ਬੈਠਾ ਹੈ ਅਤੇ ਏਹ ਕੌਣ ਹੈ ਜਿਸਨੇ ਮੈਨੂੰ ਆਇਕਰ ਲੱਭ ਲੀਤਾ ਹੈ ਤਾਂ ਉਸ ਚੋਰ ਨੇ ਪੁੱਛਿਆ ਭਾਈ ਤੂੰ ਕੌਣ ਹੈਂ ਤਾਂ ਸ੍ਰੀਠਕੁਰਜੀ ਕਿਹਾ ਅਰੇ ਚੋਰ ਮੈਂ ਤਾਂ ਆਪ ਨਿਰੰਕਾਰ ਹਾਂ ਤਾਂ ਉਸ ਚੋਰ ਨੇ ਏਹ ਬਾਤ ਸੁਣਦਿਆਂ ਹੀ ਸ੍ਰੀ ਠਾਕਰ ਜੀ ਦੇ ਚਰਨਾਂਉੱਤੇ ਮੱਥਾ ਟੇਕਿਆ

CC-0. Gurukul Kangri University Haridwar Collection. Digitized by S3 Foundation USA

ਸ੍ਰੀ ਪਰਮੇਸ਼ਰ ਜੀ ਅੱਗੇਅਧੀਨਤਾ ਕੀਤੀ ਅਤੇ ਚੋਰ ਉਸ ਰਾਜਾ ਕੀ ਤਰਫ਼ ਉਠ ਚਲਿਆ ਅਤੇ ਚੋਰ ਦੇ ਨਾਲ ਸ੍ਰੀਠਾਕੁਰਜੀ ਚਲੇ ਪਰ ਰਾਜਾਦਾ ਪ੍ਰੇਮਸ੍ਰੀਨਿਰੰਕਾਰਸਹਾਰ ਨ ਸਕਿਆ ਅੱਗੇਅੱਗੇਚੋਰ ਅਤੇ ਪਿੱਛੇਪਿੱਛੇ ਸ੍ਰੀਠਾਕੁਰਜੀਗਏ ਦੋਨੋਜਨੇਰਾਜਾ ਦੇ ਪਾਸਜਾਇ ਪ੍ਰਾਪਤ ਹੋਏ ਤਾਂ ਰਾਜੇ ਨੇ ਕਹਿਆ ਜੋ ਮੇਰਾ ਗੁਰਦੇਵਜੀਆਯਾਹੈ ਬਡੀਕ੍ਰਿਪਾ ਹੋਈਹੈ ਤੇ ਧੰਨਮੇਰਾ ਗੁਰਦੇਵ ਹੈ ਜਿਸਨੇ ਮੈਨੂੰਆਇਕਰ ਦਰਸ਼ਨ ਦੀਆਹੈ ਤਾਂ ਰਾਜਾਉਸਚੋਰਦੇ ਚਰਨਾਂ ਵੱਲ ਦਉੜਿਆ ਤਾਂ ਚੋਰਨੇਕਹਿਆ ਹੇਰਾਜਾਤੂੰਸ੍ਰੀਠਾਕਰਜੀਦੇਹੀਚਰਨਾਂਉੱਪਰ ਮੱਥਾਟੇਕ ਅਤੇ ਪਹਿਲਾਂ ਰਾਜਾ ਚੋਰਦੇ ਪੈਰਾਂ ਪਰ ਨਮਸਕਾਰ ਕਰਕੇ ਫੇਰ ਸ੍ਰੀਠਾਕਰਜੀਦੀਚਰਨੀ ਲਾਗਾ ਤਾਂ ਸ੍ਰੀ ਠਾਕਰ ਜੀ ਕਹਿਆ ਹੇ ਰਾਜਾ ਤੂੰ ਮੇਰੇਚਰਨਾਂ ਕੋ ਛੋਡ ਦੇਹ ਅਰ ਚੋਰ ਕੇ ਚਰਨਾਂ ਕਉਪਕੜਤਾਂਰਾਜੇਨੇਕਹਿਆ ਹੇਪ੍ਰਭੂਜੀਚੋਰਤਾਂਮੇਰਾਤੂੰਹੈਂ ਤਾਂ ਸ੍ਰੀ ਪਰਮੇਸ਼ਰਨੇ ਕਹਿਆ ਹੇ ਰਾਜਾ ਮੈਂ ਤੇਰਾ ਚੋਰ ਕਿਸਤਰਾਂਹੋਂ ਤਾਂ ਰਾਜੇ ਨੇ ਕਹਿਆ ਹੇ ਪ੍ਰਭੂਜੀ ਜੇਕਰ ਤੂੰ ਸਾਧ ਹੋਤਾ ਤਉ ਮੇਰੇਤਾਈਂ ਅੱਗੇ ਕਿਉਂ ਨ ਦਰਸ਼ਨਦੇਤਾ ਜਦ ਮੈਂ ਇਸ ਸੰਤ ਦੀ ਚਰਨੀਂਲਾਗਾ ਤਾਂ ਤੂੰ ਭੀ ਮੇਰੇ ਤਾਈਂ ਦਰਸ਼ਨ ਦੀਆ ਮੇਰੇਤਾਈਂ ਇਸ ਸੰਤਕੀ ਕ੍ਰਿਪਾਸੇ ਤੇਰਾਵੀ ਦਰਸ਼ਨ ਹੁਆਹੈ ਤਾਂ ਸ੍ਰੀਠਾਕਰਜੀ ਕਹਿਆ ਹੇ ਰਾਜਾ ਤੂੰ ਧੰਨਹੈਂ ਅਤੇਹੁਣ ਤੂੰ ਮੁਕਤ ਹੁਆਹੈਂ ਅਤੇ ਤੇਰੇ ਪਿਛੇ ਇਸ ਚੋਰਦੀਵੀ ਮੁਕਤਹੋਈਹੈ ਤਬ ਸ੍ਰੀਗੁਰੂ ਨਾਨਕ ਜੀ ਕਹਿਆ ਹੇ ਭਾਈ ਸਿੱਖੋ ਸੁਣੋ ॥ ਸ੍ਰੀ ਮੁਖਵਾਕ ॥ ਮੰਨੈ ਤਰੈ ਤਾਰੇ ਗੁਰ ਸਿਖ ॥ ਮੰਨੈ ਨਾਨਕ ਭਵੈ ਨ ਭਿਖ ॥ ਤਾਂ ਸ੍ਰੀ ਗੁਰੂ ਨਾਨਕ ਜੀ ਕਹੈਂ ਹੇ ਭਾਈ ਸਿੱਖੋ ਜਿਸ ਸਿੱਖ ਕ ਸਤਿਗੁਰਾਂਕੇ ਬਚਨਾਂ ਉਪਰ ਦ੍ਰਿੜ੍ਹਭਾਹੋਵੈਤੇ ਪ੍ਰੀਤਹੋਵੇ ਜੋਐਸਾ ਭਰੋਸਾ ਕਰਨਗੇ ਸੋ ਸਿੱਖਮੁਕਤਿਕਉਪ੍ਰਾਪਤਿਹੋਵੇਂਗੇਏਹ ਬਾਤ ਸੁਨ ਕਰ ਸਰ ੱਤ ਸੰਗਤਨੇ ਸ੍ਰੀਗੁਰੂ ਨਾਨਕ ਜੀਦੇ ਚਰਨਾਂਉੱਪਰਮੱਥਾਟੇਕਿਆਤਾਂ ਸ੍ਰੀ ਗੁਰੂ ਨਾਨਕ ਜੀ ਸਰਬੱਤ ਸੰਗਤ ਪਰ ਖ਼ੁਸ਼ੀ ਕਰਕੇ ਓਥੋਂ ਚਲਦੇ ਰਹੇ ॥ ੧੪੨ ॥

ਆਗੇ ਸਾਖੀ ਹੋਰ ਚਲੀ

ਤਾਂ ਭਾਈ ਬਾਲਾਜੀਕਹੈਂ ਹੇਸ੍ਰੀਗੁਰੂ ਅੰਗਦਜੀ ਸ੍ਰੀ ਗੁ ੂ ਨਾਨਕਦੇਵਜੀਕੇ ਅਦਭੁਤ ਚਰਿੱਤ੍ਰ ਹੈਂ ਜੋ ਕੋਈ ਸਿੱਖਸੁਣੇਗਾ ਅਥਵਾ ਸੁਣਾਵੇਗਾ ਸੋ ਮੁਕਤਕਉ ਪ੍ਰਾਪਤ ਹੋਵੇਗਾ ॥ ਸ੍ਰੀ ਗੁਰੂ ਅੰਗਦ ਜੀ ਵਾਚ ਹੇ ਭਾਈਬਾਲਾ ਤੂੰ ਧੰਨ ਹੈਂ ਤੇ ਜੀਵਣ ਮੁਕਤ ਹੈਂ ਅਤੇ ਸਰਬੜ ਸੰਗਤ ਕੋ ਤੂੰ ਨਿਹਾਲ ਕੀਤਾ ਹੈ ਪਰ ਅੱਗੇ ਸ੍ਰੀਗੁਰੂ ਜੀ ਕਿਧਰ ਕਉ ਗਏ ਸੋ ਸੁਣਾਉ ॥ ਬਾਲਾ ਸੰਧੂ ਵਾਚ॥ ਹੇ ਸ੍ਰੀਗੁਰੂ ਜੀ ਆਗੇ ਮਹਾਰਾਜ ਸ੍ਰੀ ਗੁਰੂ ਨਾਨਕ ਜੀ ਜਾਂਦੇ ਜਾਂਦੇ ਇਕ ਪਠਾਣਾਂ ਦੇ ਦੇਸਜਾਇ ਪ੍ਰਾਪਤਹੋਏ ਤੇ ਇਕ ਰੋੜੀ ਉੱਪਰ ਉੱਚੇ ਅਸਥਾਨ ਪਰਜਾਇਬੈਠੇ ਤਾਂ ਓਥੇ ਇਕ ਰੁਹੇਲਾ ਪਠਾਨਆਇਪਹੁੰਚਿਆਜਾਂ ਸ੍ਰੀਗੁਰੂਜੀਨੇ ਉਸਰੁਹੇਲੇਕਉਦੇਖਿਆ ਤਾਂ ਸਾਨੂੰਸਤਿਗੁਰੂਨਾਨਕਜੀ ਕਹਿਆ ਭਾਈ ਬਾਲਾ ਤੇ ਮਰਦਾਨਾ ਤੁਸੀਕੋਈਦਿਨ ਗੁਪਤ ਹੋਇਕਰ ਖੇਲੋ ਤੇ ਆਪ ਬਾਰਾਂ ਬਰਸਾਂ ਦੇ ਲੜਕੇ ਬਣਕਰ ਬੈਠਗਏ ਇਤਨਾ ਆਖਦਿਆਂ

CC-0. Gurukul Kangri University Haridwar Collection. Digitized by S3 Foundation USA

ਹੀ ਓਹ ਪਠਾਣ ਪਾਸ ਆਇਪਹੁੰਚਾ ਤੇ ਸ੍ਰੀਬਾਬੇ ਜੀਨੂੰ ਅਕੇਲਾ ਦੇਖਕਰ ਪਕੜਕੇ ਆਪਣੇ ਘਰਲੈਗਿਆਤੇਆਪਣੀਔਰਤਨੂੰਕਹਿਣਲੱਗਾ ਹੇਬੰਦੀਖੁਦਾਇਦੀ ਅੱਜਸਾਨੂੰ ਇਕ ਲੜਕਾ ਹਿੰਦੂਹੱਥਆਯਾ ਹੈ ਅਤੇ ਮੈਂ ਇਸਦੇ ਬਹੁਤ ਦਾਮ ਵੱਟਣੇਹਨ ਜਦ ਪਠਾਣੀਨੇ ਸ੍ਰੀ ਗੁਰੂਜੀ ਨੂੰ ਦੇਖਿਆ ਜੋ ਬੜਾਖੂਬਸੂਰਤਹੈ ਤਾਂ ਓਹਰੁਹੇਲੀ ਸ੍ਰੀਗੁਰੂਨਾਨਕਜੀਕੀ ਸੁੰਦਰ ਸੂਰਤਦੇਖ ਕਰ ਬਡੀਪ੍ਰਸੰਨ ਹੋਈ ਅਤੇ ਕਹਿਣ ਲਗੀ ਜੋ ਏਹਲੜਕਾਤਾਂਮੈਂਆਪਣੇਘਰ ਹੀ ਰਖਾਂਗੀ ਅਸੀਂਇਸਨੂੰਵੇਚਾਂਗੇਨਾਹੀਂ ਤਾਂ ਪਠਾਣਨੇ ਆਖਿਆ ਹੇਬੰਦੀਖੁਦਾਇਦੀ ਇਸਦੇ ਦੋ ਘੋੜੇ ਮਿਲਦੇਹੈਨ ਤਾਂ ਉਸ ਰੁਹੇਲੀਨੇਆਖਿਆ ਜੀ ਧੁਆਡੀਖੁਸ਼ੀ ਤਾਂ ਓਹਰੁਹੇਲਾਸ੍ਰੀਗੁਰੂਜੀਨੂੰ ਵੇਚਨਵਾਸਤੇਲੈਗਿਆ ਓਹ ਬਹੁਤਨਿਗੁਰਾਦੇਸਥਾਨਾਓਹਗੁਰਾਂਨੂੰਜਾਣਨਨਾਪਰਮੇਸ਼ਰਨੂੰ ਜਾਣਨ ਤੇ ਗੁਰੂਨਾਨਕਜੀ ਓਨਾਂਦੇ ਤਾਰਨਵਾਸਤੇ ਏਸ ਦੇਸ ਵਿਚ ਆਏਹੈਨ ਤੇ ਆਪਣੇ ਆਪਨੂੰ ਵਿਚਾਵਨਵਾਸਤੇ ਤਾਂਓਹਰੁਹੇਲਾਗੁਰੂਜੀਨੂੰ ਵੇਚਣਨੂੰ ਲੈਗਿਆ ਦੋਇਘੋੜੇ ਵੱਟਕੇ ਲੈਗਿਆ ਅਤੇ ਹੇ ਗੁਰੂਅੰਗਦਜੀ ਮੈਂ ਤੇ ਭਾਈ ਮਰਦਾਨਾਅਸੀਗੁਪਤਖੇਡੀਏਪਰ ਸ੍ਰੀਗੁਰੂ ਜੀ ਦੇ ਆਸ ਪਾਸ ਰਹੀਏ ਔਰ ਜਿਸ ਪਠਾਣ ਨੇ ਸ੍ਰੀ ਗੁਰੂ ਜੀ ਨੂੰ ਮੁੱਲ ਖਰੀਦਿਆਹੈ ਸੋ ਆਪਣੇਘਰਲੈਗਿਆਤਾਂਉਸਦੀਮੁਗ਼ਲਾਣੀਨੇ ਸ੍ਰੀਗੁਰੂਨਾਨਕਜੀਦੀਸੂਰਤਦੇਖੀ ਤੇ ਬਹੁਤ ਪਰਸੰਨ ਹੋਈ ਤੇ ਆਖਣ ਲੱਗੀ ਏਸਨੂੰ ਅਪਣੇਘਰ ਰੱਖਾਂਗੇ ਤਾਂ ਉਸ ਮੁਗ਼ਲ ਨੇ ਕਹਿਆ ਸੁਣ ਬੰਦੀ ਏਸਨੂੰ ਖ਼ਿਦਮਤਕੇਹੜੀ ਦੱਸਾਂਗੇ ਤਾਂਓਹ ਬੋਲੀ ਜੋਇਸਲੜਕੇਨੂੰਘਰਦਾ ਪਾਣੀ ਭਰਨਵਾਸਤੇ ਰੱਖੀਏ ਤਾਂ ਉਸ ਮੁਗ਼ਲ ਨੇ ਕਹਿਆ ਹੇ ਲੜਕੇ ਤੂੰ ਪਾਣੀ ਲਿਆਇਆ ਕਰ ਤਾਂ ਸ੍ਰੀ ਗੁਰੂਜੀ ਇਕ ਦਿਨ ਘੜਾ ਲੈਕੇ ਖੂਹੇ ਉੱਪਰ ਗਏ ਅਤੇ ਜਾਇਕਰ ਸ੍ਰੀ ਗੁਰੂ ਜੀ ਖ਼ੁਵਾਜ਼ਾ ਖ਼ਿਜ਼ਰ ਨੂੰ ਕਹਿਆ ਹੇ ਖ਼ਵਾਜ਼ਾ ਮੇਰੇ ਕਹੇ ਬਗ਼ੈਰ ਤੂੰ ਪਾਣੀ ਕਿਸੇਨੂੰ ਨਹੀਂ ਦੇਣਾਂ ਤਾਂ ਖ਼ੁਵਾਜ਼ਾ ਖ਼ਿਜ਼ਰ ਨੇ ਕਹਿਆ ਭਲਾ ਗੁਰੂ ਜੀ ਇਤਨਾ ਹੁਕਮ ਸ੍ਰੀਗੁਰੂ ਜੀਕਾ ਮੰਨਕੇ ਖ਼ੁਵਾਜੇ ਨੇ ਸਾਰੇ ਸ਼ਹਿਰ ਦੇ ਖੂਹਾਂਦਾ ਪਾਣੀ ਸੁਕਾਇਦਿੱਤਾ ਤਾਂ ਸ੍ਰੀ ਗੁਰੂ ਜੀ ਖਾਲੀ ਘੜਾ ਲੈਕੇ ਉਸ ਮੁਗ਼ਲ ਦੇ ਘਰ ਮੁੜ ਆਏ ਗੁਰੂ ਜੀ ਨੇ ਕਹਿਆ ਹੇ ਮੀਆਂ ਜੀ ਖੂਹ ਵਿਚ ਤਾਂ ਪਾਣੀਹੈਨਹੀਂ ਤਾਂ ਓਸ ਮੁਗ਼ਲਨੈਕਹਿਆਭਾਈਦੂਸਰੇਖੂਹਉੱਪਰਜਾਉ ਤਾਂ ਸ੍ਰੀ ਗੁਰੂਜੀ ਨੇ ਕਿਹਾ ਭਲਾ ਮੀਯਾਂਜੀ ਤਾਂ ਸ੍ਰੀਗੁਰੂ ਦੂਸਰੇ ਖੂਹਉੱਪਰਗਏਅਤੇ ਓਥੋਂਵੀਖਾਲੀ ਮੁੜ ਆਏ ਤਾਂ ਕਹਿਆ ਜੀ ਓਥੇਵੀ ਪਾਣੀ ਹੈ ਨਹੀਂ ਜਾਂ ਅਗਲਾ ਦਿਨ ਹੋਯਾ ਤਾਂ ਸਾਰੇ ਸ਼ਹਿਰ ਵਿਚ ਹੁਮ ਪੈਗਈ ਅਤੇਕਹਿਣਲਗੇ ਹੇਖੁਦਾਇਤੂੰਅਸਾਨੂੰਇਕੋਵਾਰੀ ਮਾਰੇਂਗਾ ਸਾਰਾ ਹੀ ਪਾਣੀ ਸੁੱਕਗਿਆਹੈ ਅਸੀਂਤਾਂਪਾਣੀਰਾਤੀਭਰਕੇ ਸੁੱਤੇਹਾਂ ਅਤੇ ਹੁਣ ਕਿਆ ਹੋਇ ਗਿਆ ਹੈ ਤਾਂ ਸਭ ਲੋਕ ਆਜਜ਼ ਹੋਏ ਅਰ ਆਖਣ ਲੱਗੇ ਹੇ ਖ਼ੁਦਾਇ ਤੂੰ ਅਸਾਨੂੰ ਇਕੋਵਾਰੀ ਮਾਰੇਂਗਾ ਤੇ ਸਭਨਾਂ ਲੋਕਾਂ ਦਾ ਲਹੂ ਸੁੱਕਗਿਆ ਸ੍ਰੀਗੁਰੂਨਾਨਕ ਦੇਵ ਜੀ ਬਹੁਤ ਪ੍ਰਸੰਨ ਰੈਹਨ ਤਾਂ ਇਕ ਮੁਗ਼ਲ ਨੇ ਆਖਿਆ ਮੀਆਂ ਜੀ ਹੋਰ ਸਭ ਦਿਲਗੀਰ ਹਨ ਤੇ ਇਕ ਤੁਹਾਡਾ

CC-0. Gurukul Kangri University Haridwar Collection.

INTERNET ABHINAV GAUR

ਗੁਲਾਮ ਰਾਜੀ ਫਿਰਦਾ ਹੈ ਸੋ ਤੈਂ ਕਿੱਥੋਂ ਆਂਦਾਹੈ ਤਾਂ ਉਸ ਮੁਗ਼ਲਨੇ ਕਹਿਆ ਭਾਈਮੈਂਤਾਂ ਇਹ ਲੌਂਡਾ ਕੱਲਮੁਲ ਆਂਦਾ ਹੈ ਪਰ ਕੰਮਨੂੰ ਬਹੁਤ ਹੁਸ਼ਿਆਰਹੈ ਅਤੇ ਖਾਂਦਾ ਪੀਂਦਾ ਕੁਛ ਨਾਹੀਂ ਅਤੇ ਹੁਣਭੀ ਰਾਜੀ ਰਹਿੰਦਾ ਹੈ ਤਾਂ ਉਹ ਸਭ ਇਕੱਠੇ ਹੋਇਕਰ ਸ੍ਰੀ ਗੁਰੂਬਾਬੇ ਜੀ ਦੀ ਪੈਰੀਂ ਆਇ ਪਏ ਅਤੇ ਕਹਿਨ ਲਗੇ ਭਾਈ ਤੂੰ ਤਾਂ ਕੋਈ ਮਹਾਂ ਪੁਰਖ ਹੈਂ ਤੇ ਅਸੀ ਹੁਣ ਸਭੇ ਮਰਦੇ ਹਾਂ ਜੀ ਤੂੰ ਸਾਡੇ ਉਪਰਕਿਰਪਾ ਕਰ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਤੁਸੀ ਜੇਕਰ ਸਿਖਹੋਵੋਗੇ ਤਾਂਤੁਸਾਨੂੰਪਾਣੀਮਿਲੇਗਾ ਤਾਂ ਓਨਾਂ ਲੋਕਾਂਕਹਿਆ ਜੀ ਅਸੀ ਤੇਰੇ ਸਿੱਖ ਹੋਵਾਂਗੇ ਜੀ ਪਰ ਸਾਨੂੰ ਪਾਣੀਮਿਲੇਜੀ ਤਾਂਸ੍ਰੀਗੁਰੂਜੀ ਕਹਿਆ ਖ਼ੁਆਜਾ ਤੂੰ ਹੁਨਪਾਣੀ ਇਨਾਂਨੂੰ ਦੇਹ ਇਤਨਾ ਗੁਰੂ ਜੀਕਾ ਕਹਿਣਾਸੁਣਕਰਖ਼ੁਆਜੇਸਭਨਾਂਖੂਹਾਂਵਿੱਚਪਾਣੀ ਭੇਜ ਦਿੱਤਾ ਤਾਂ ਸਭ ਮੁਗਲਾਂਦਾਦੇਸ਼ ਸ੍ਰੀਗੁਰੂਜੀਕਾਸਿੱਖਹੋਯਾ ਅਤੇ ਸ੍ਰੀ ਗੁਰੂਜੀ ਓਨਾਂ ਲੋਕਾਂ ਨੂੰ ਨਾਮ ਦਾਨ ਇਸ਼ਨਾਨ ਦ੍ਰਿੜ੍ਹਾਇਆ ਤੇ ਧਰਮ ਦੇ ਰਸਤੇ ਚਲਾਏ ਤਾਂ ਸਭਨਾਂ ਧਰਮਸਾਲਾਂ ਬਣਾਈਆਂ ਪੰਚਾਮ੍ਰਿਤਕਰਾਏ ਤੇ ਗੁਰੂ ਜੀਦੀ ਬਾਣੀ ਉਚਾਰੀ ਹੋਈ ਕੰਠ ਕਰ ਕਰ ਲਿਖ ਲਿਖ ਦੇਵਣ ਤੇ ਸਭਇਕੱਠੇ ਹੋਕੇਰਾਤਨੂੰ ਕੀਰਤਨਕਰਨ ਤੇਸ੍ਰੀਮਹਾਰਾਜਨੇਕਹਿਆਭਾਈ ਜੋ ਕੋਈ ਅਸਾਡਾ ਸਿੱਖ ਸੰਤਏਥੇਆਵੇ ਓਸਦੀ ਸੇਵਾਕਰਨੀ ਤਾਂਤੁਸਾਡਾ ਭਲਾਹੋਵੇਗਾ ਅਤੇ ਧਰਮ ਦੀ ਕਿਰਤਕਰਨੀ ਅਤੇਵੰਡਛਕਣਾ ਅਤੇਅਸਾਡੇਵਾਂਗਰਤੁਸਾਂਪਕੜਨਾਨਾਹੀਂ ਸਗੋਂ ਤੁਸਾਂ ਉਸਦੀਸੇਵਾਕਰਨੀ ਤਾਂਓਨਾਂਲੋਕਾਂਨੇਕਹਿਆਭਲਾ ਗੁਰੂਜੀ ਤਾਂ ਫੇਰ ਸ੍ਰੀਗੁਰੂ ਨਾਨਕ ਜੀਨੇਕਹਿਆਹੇਮੀਰਜੀ ਮੇਰਾਲਾਹਾਤੁਸਾਂਜੋਗਾਕਿਤਨਾਕੁਆਉਂਦਾਹੈ ਜਾਂਉਸਤੋਂ ਦੂਨੇ ਦੰਮ ਲੇਵੋਂਗਾਤਾਂਅਸੀਜਾਵਾਂਗੇਤਾਂਓਨਾਂਮੁਗ਼ਲਾਂਨੇਆਖਿਆ ਹੇ ਗਰੀਬਨਿਵਾਜ਼ਜੀ ਇਹਜਿਤਨਾ ਪਿੰਡ ਅਰ ਗ੍ਰਾਉਂਅਤੇਘਰਬਾਰ ਹੈ ਏਹਸਭ ਆਪਦੀਮਿਹਰਬਾਨੀਹੈਅਤੇਏਹ ਜੋ ਪਦਾਰਥ ਹੈਂ ਸੋ ਸਭ ਤੁਸਾਡਾਹੀਹੈ ਅਤੇ ਸ੍ਰੀਗੁਰੂ ਜੀ ਤੁਸਾਂ ਇਹ ਕਿਆ ਆਖਿਆ ਹੈ ਔਰਸ੍ਰੀਗੁਰੂਜੀ ਜੇਕਰ ਤੁਸਾਂ ਸਾਡੇ ਪਾਸ ਨਹੀਂ ਰਹਿਨਾ ਤਾਂਤੁਸਾਡੀ ਮਰਜ਼ੀ ਜਹਾਂ ਚਾਹੋ ਤਹਾਂਵਿਚਰੋਤਾਂਸ੍ਰੀ ਗੁਰੂਜੀ ਕਹਿਆਭਾਈਤੁਸੀਅਮਕੀਜਗਾਹਜ਼ਾਕੇ ਇਕ ਢੀਮ ਉਠਾਵੋ ਜਾਂ ਉਨ੍ਹਾਂ ਜਾਇਕਰ ਓਥੋਂ ਢੀਮ ਉਠਾਈ ਤਾਂਕਿਆਦੇਖਣਜੋ ਓਥੇ ਖ਼ਜ਼ਾਨਾਹੈ ਤਾਂ ਸ੍ਰੀਗੁਰੁਨਾਨਕਜੀ ਆਖਿਆ ਭਾਈ ਏਹ ਸਭ ਖ਼ਜ਼ਾਨਾਧੁਵਾਡਾਹੀ ਹੈ ਤਾਂਉਨਾਂਪਠਾਣਾਂਨ ਕਹਿਆਗੁਰੂਜੀਮਹਾਰਾਜਏਹ ਸਭ ਵਸਤੂ ਆਪਦੀਆਂਹੈਨ ਹਮਾਰਾ ਤੋ ਕੁਛ ਨਹੀਂ ਏਹਬਾਤਸੁਣਕਰ ਸ੍ਰੀਗੁਰੂਜੀਨੇਕਹਾ ਭਾਈਤੁਸੀ ਮੇਰੇ ਤੇ ਮੈਂ ਤੁਹਾਡਾ ਪਰਮੇਸ਼ਰਦਾ ਭਜਨਬੰਦਗੀਕਰਿਆਕਰੋ ਕਿਰਤ ਕਰਨੀ ਵੰਡਖਾਣਾ ਆਏ ਅਤਿਥਦੀਸੇਵਾ ਕਰਨੀ ਔਰਟਹਿਲ ਕਰਨੀ ਏਹ ਕਹਿਕਰ ਸ੍ਰੀਗੁਰੂ ਜੀ ਉਨਾਂ ਨੂੰ ਸਿਖਜਾਕਰਕੇ ਫੇਰ ਉੱਸੇ ਰੋੜੀ ਦੇ ਸਿਖਰ ਜਾਇਬੈਠੇ ਜਾਂ ਕੁਛਕ ਕਾਲ ਬੀਤਿਆ ਤਾਂ ਫੇਰ ਓਹ ਰੁਹੇਲਾ ਆਯਾ ਤੇ ਸ੍ਰੀ ਗੁਰੂਜੀ ਨੂੰ ਪਕੜ ਕੇ ਲੈਗਿਆ ਜਾਂ ਉਸ ਰੁਹੇਲੇ ਨੇ ਦੇਖਿਆ ਤਾਂਓਹੀ ਲੜਕਾਹੈ ਤਾਂ ਉਸਦੀ ਔਰਤਨੇ ਕਹਿਆ ਕਿ ਏਹ ਲੌਂਡਾਤਾਂ ਮੈਂ ਆਪਣੇ

CC-0. Gurukul Kangri University Haridwar Collection. Digitized by S3 Foundation USA

ਘਰ ਰੱਖਾਂਗੀ ਤਾਂ ਉਸ ਰੁਹੇਲੇਨੇ ਦੇਖਿਆ ਕਿ ਇਹ ਔਰਤ ਤਾਂ ਬੁਰਾਮਤਰੱਖਦੀਹੈ ਤਾਂਉਹ ਰੁਹੇਲਾ ਅਗਲੇ ਭਲਕ ਸ੍ਰੀਗੁਰੂਜੀ ਨੂੰ ਹੋਰਸ ਸ਼ਹਿਰ ਲੈਗਿਆ ਤੇ ਵੇਚ ਆਧਾ ਤੇ ਦੋਇ ਘੋੜੇ ਲੈ ਆਧਾ ਅਤੇ ਜਿਸਨੇ ਮੁੱਲਲਿਆਸੀ ਓਹ ਆਪਣੇ ਘਰ ਲੈਗਿਆ ਅਤੇ ਆਪਣੇ ਘਰਦੀ ਸਭਕਾਰ ਸਪੁਰਦਕਰਦਿੱਤੀ ਤਾਂ ਸ੍ਰੀਗੁਰੂਜੀਕਹਿਆਭਲਾਮੀਆਂਜੀ ਜਾਂ ਅਗਲਾ ਭਲਕਹੋਯਾ ਤਾਂ ਸ੍ਰੀਗੁਰੂਨਾਨਕਜੀਨੇ ਉਸ ਸ਼ਹਿਰਥੀਂ ਅਗਨ ਤੇ ਪਾਣੀ ਅਉਰ ਅਨਾਜ ਬੰਦ ਕਰਛੱਡਿਆ ਤਾਂ ਓਹਸਭ ਲੋਕ ਹੈਰਾਨ ਹੋਇਰਹੇ ਅਤੇ ਕਹਿਣ ਲੱਗੇ ਕਿ ਹੇ ਖ਼ੁਦਾ ਏਹ ਕਿਆ ਸਰਾਰ ਹੋਯਾ ਹੈ ਜੋ ਸਭ ਕੁਛ ਇਕੋਵਾਰਹੀਨਿਖੁਟਗਿਆਹੈ ਇਹਕਉਤਕ ਦੇਖ ਕਰ ਜੇਹੜੇ ਭਲੇ ਸਿਆਣੇ ਹੈਸਨ ਤਿਨ੍ਹਾਂਨੇ ਕਹਿਆ ਚਲੋ ਭਾਈ ਅਸੀ ਸੱਭੇ ਇਕੱਤ੍ਰਹੋਇ ਕਰ ਆਪਣੇ ਪੀਰ ਮੁਰਸ਼ਦ ਮਨਾਈਏ ਤਾਂ ਓਹ ਸਭ ਲੋਕ ਆਪੋ ਆਪਣੀ ਅਕਲ ਖ਼ਰਚ ਕਰਣਲੱਗੇ ਤੇ ਪੀਰ ਫ਼ਕੀਰ ਭੀ ਮਨਾਏ ਪਰ ਹੋਵੇ ਕੁਛ ਨਾਹੀਂ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਆਪਨੇ ਮੁਗ਼ਲ ਕਉ ਕਹਿਆ ਹੇ ਮੀਆਂ ਜੀ ਜੇਕਰ ਤੁਸੀ ਗੁਰੂਜੀਕੇ ਸਿੱਖ ਹੋਵੋਗੇ ਤਾਂ ਧੁਆਨੂੰ ਸਭ ਕੁਛ ਮਿਲੇਗਾ ਜੇਕਰ ਤੁਸੀ ਆਪਨੇ ਪੀਰ ਮਨਾਵੋਗੇ ਤਾਂ ਧੁਆਨੂੰਕੁਛ ਨਹੀਂ ਪ੍ਰਾਪਤ ਹੋਨਾ ਤਾਂ ਉਸ ਮੁਗ਼ਲ ਨੇ ਸਭਨਾਂ ਲੋਕਾਂਨੂੰ ਸੱਦਕੇ ਆਖਿਆ ਭਾਈਏਹ ਜੋ ਲੜਕਾ ਮੈਂ ਕੱਲ ਖ਼ਰੀਦਆਂਦਾਹੈ ਸੋਆਖਦਾਹੈ ਕਿਜੇਗੁਰੂਕੇਸਿੱਖਹੋਵੋਗੇ ਤਾਂ ਧੁਆਨੂੰਮੈਂ ਸਭ ਚੀਜਾਂ ਦੇਵਾਵਾਂਗਾ ਤਾਂ ਸਭਨਾਂ ਲੋਕਾਂਨੇ ਆਖਿਆ ਭਾਈ ਮਰਦੇ ਭਲੇਹੋ ਕਿ ਜੋਇਹਆਖਦਾ ਹੈ ਸੋ ਕਬੂਲ ਕਰੋ ਤਾਂ ਓਹ ਸਭ ਇਕੱਠੇ ਹੋਕਰ ਸ੍ਰੀ ਗੁਰੂਨਾਨਕਜੀਕੀ ਚਰਨੀਂ ਆਇਪਏ ਅਤੇ ਸਿੱਖ ਹੋਏ ਤਾਂ ਸ੍ਰੀ ਗੁਰੂਜੀ ਨੇ ਓਨਾਂਨੂੰ ਆਪਨੇਚਰਨ ਧੋਇਕਰ ਪਾਹੁਲ ਦਿੱਤੀ ਤਾਂ ਲਗੇ ਗੁਰੂਗੁਰੂ ਜਪਨ ਤਾਂ ਸ੍ਰੀ ਗੁਰੂਨਾਨਕਜੀਓਹਨਾਂਨੂੰ ਸਭਕੁਛ ਦਿਤਾ ਅਤੇਨਾਮਜਪਨਾਦਾਨ ਕਰਨਾਦਯਾਧਰਮਇਸ਼ਨਾਨ ਦ੍ਰਿੜ੍ਹਾਯਾ ਤੇਪਰਉਪਕਾਰਵਾਸਤੇਗੁਰੁਮਤਦ੍ਰਿੜ੍ਹਾਈਘਰਘਰ ਧਰਮਸਾਲਾ ਬਣਵਾਈ ਤੇ ਗੁਰੂ ਜੀਨੇ ਬਚਨਕੀਤਾ ਹੇ ਭਾਈ ਸਿੱਖੋ ਜੋ ਕੋਈ ਸਾਡਾ ਸਿੱਖ ਸੇਵਕ ਏਥੇ ਆਵੇ ਉਸਨੂੰ ਤੁਸਾਂ ਪਕੜਨਾ ਨਹੀਂ ਉਸਦੀ ਸੇਵਾ ਕਰਨੀ ਤਾਂ ਫੇਰ ਸ੍ਰੀ ਗੁਰੂ ਨਾਨਕ ਜੀ ਓਸ ਮੁਗ਼ਲ ਨੂੰ ਕਹਿਆ ਸੁਣੋ ਖ਼ਾਂ ਜੀ ਤੁਸੀ ਓਥੋਂ ਜਾਇ ਕਰ ਪੱਥਰਦੀ ਸਿਲ ਦੁੱਕੋ ਜਾਂ ਓਸ ਮੁਗ਼ਲ ਨੇ ਓਥੋਂ ਜਾਇਕੇ ਪੱਥਰ ਚੁੱਕਿਆ ਤੇ ਕਿਆ ਦੇਖੇ ਜੋ ਬਹੁਤ ਸਾਰੀ ਮਾਯਾ ਹੈਸੀ ਸੋ ਗੁਰੂ ਜੀ ਕਹਿਆ ਭਾਈ ਏਹ ਦੌਲਤ ਸਭ ਤੇਰੀ ਹੈ ਤੂੰਹੀ ਲੈ ਲੈ ਤਾਂ ਉਸ ਮੁਗ਼ਲ ਨੇ ਕਹਿਆ ਗੁਰੂਜੀ ਮੈਂ ਕਿਸ ਤਰਹ ਕਹਾਂ ਕਿ ਤੁਸੀ ਏਥੋਂਚਲੇਜਾਓ ਜੇਕਰ ਆਪ ਦੀ ਖ਼ੁਸ਼ੀ ਹੋਵੇ ਤਾਂ ਰਹੋ ਜੀ ਤਾਂ ਸ੍ਰੀ ਗੁਰੂਜੀ ਕਹਿਆ ਭਾਈ ਏਹ ਮਾਯਾ ਸਭ ਤੇਰੀ ਹੈ ਤੂੰ ਸਾਂਭਲੈ ਅਸੀ ਹੁਣ ਜਾਵਾਂਗੇ ਪਠਾਣਾਂ ਕਿਹਾ ਆਪਦੀਖ਼ੁਸ਼ੀਹੋਵੇ ਤਾਂਸਾਡੇਪਾਸ ਰਹੋਜੀ ਸਾਡੇ ਉੱਪਰ ਦਇਆ ਕਰੋ ਤਾਂਫੇਰ ਗੁਰੂਨਾਨਕਜੀ ਓਨਾਂ ਮੁਗ਼ਲਾਂ ਉੱਪਰ ਖ਼ੁਸ਼ੀ ਕਰਕੇ ਓਥੋਂ ਚਲਦੇ ਰਹੇ ਤਾਂ ਫੇਰ ਓਸੇ ਰੋੜੀ ਉੱਪਰ ਸ੍ਰੀ ਗੁਰੂ ਜੀ ਆਇ ਬੈਠੇ ਤਾਂ ਅਗਲੇ ਦਿਨ

CC-0. Gurukul Kangri University Haridwar Collection. Digitized by S3 F

ਓਹਰੁਹੇਲਾ ਫੇਰ ਆਯਾ ਭਾਂ ਕਿਆ ਦੇਖੇ ਜਓਹਲੜਕਾ ਬੈਠਾ ਹੈ ਭਾਂ ਫੇਰਓਹ ਰੁਹੇਲਾ ਗੁਰੂ ਜੀਕੋ ਪਕੜਕਰ ਲੈਗਿਆਭੇਕਿਸੇ ਹੋਰਸ ਪਿੰਡਜਾਇਕੇਵੇਚਆਯਾ ਤੇਓਸਰੁਹੇਲੇਦੀ ਔਰਤ ਆਖੇ ਜੋ ਇਹਲੜਕਾ ਸਾਡੇ ਘਰ ਰਹੇ ਭਾਂ ਸਾਡਾ ਭਲਾਹੋਵੇ ਪਰ ਉਸਦਾ ਵੱਸ ਚੱਲੇ ਨਾਹੀਂ ਭੋਲੀ ਸ੍ਰੀਗੁਰੂਜੀਉਪਰ ਬਹੁਤ ਰੀਝੀ ਅਤੇ ਰੁਹੇਲਾ ਗੁਰੂ ਜੀ ਕੋ ਵੇਚਕੇ ਦੋਇ ਘੋੜੇ ਲੈ ਆਯਾ ਜਿਸ ਮੁਗ਼ਲ ਨੇ ਮੁੱਲ ਖ਼ਰੀਦਿਆ ਸੀ ਓਹ ਆਪਨੇ ਘਰ ਲੈ ਗਿਆ ਅਤੇ ਕਹਿਨ ਲੱਗਾ ਅਰੇ ਲੜਕੇ ਤੂੰਮੇਰੇਦੁੰਬੇ ਚਾਰਲਿਆਯਾ ਕਰ ਤਾਂਸ੍ਰੀਗੁਰੂਜੀ ਕਹਿਆ ਮੈਂ ਬੜਾ ਚੰਦ੍ਰਾ ਹਾਂ ਮੈਂਜਿਸਦੁੰਬੇਨੂੰ ਛਟੀਲਗਾਵਨਾਂ ਹਾਂ ਸੋਈਮਰਜਾਂਦਾ ਹੈ ਏਸੇਵਾਸਤੇ ਮੈਨੂੰ ਮਾਪਿਆਂ ਨੇ ਘਰੋਂਕੱਢਛਡਿਆਹੈ ਜੇਕਰ ਤੈਨੂੰਇਤਬਾਰ ਨਹੀਂ ਆਉਂਦਾ ਭਾਂ ਪਰਤਾਲੈ ਭਾਂ ਉਸਮੁਗ਼ਲ ਨੇ ਕਹਿਆ ਭਲਾ ਲੜਕੇ ਏਸ ਦੁੰਬੇਨੂੰ ਛਟੀ ਮਾਰ ਸ੍ਰੀਗੁਰੂਜੀਨੇ ਉਸਦੁੰਬੇਨੂੰ ਛਟੀਮਾਰੀ ਭਾਂ ਓਹ ਦੁੰਬਾ ਮਰਗਿਆ ਤਾਂਉਸ ਮੁਗ਼ਲਨੇ ਆਖਿਆ ਲੜਕੇ ਏਸ ਦੁੰਬੇਨੂੰ ਜਿਵਾਇਦੇਹ ਭਾਂਮੈਂ ਤੈਨੂੰ ਕੋਈਹੋਰ ਕੰਮ ਦੱਸਦੇਵਾਂਗਾ ਭਾਂ ਸ੍ਰੀਗੁਰੂਜੀ ਨੇ ਕਹਿਆ ਉਠ ਦੁੰਬੇ ਚਰ ਭਾਂ ਓਹਦੁੰਬਾ ਇਤਨੇ ਕਹਿਣੇਨਾਲ ਉਠਕੇ ਚਰਨਲੱਗਪਿਆ ਤਾਂਫੇਰ ਓਸਮੁਗ਼ਲਨੇ ਕਹਿਆ ਚਲ ਲੜਕੇ ਤੂੰ ਮੇਰੇ ਬਾਗ਼ ਦੀ ਖ਼ਿਜਮਤ ਕਰਭਾਂ ਸ੍ਰੀ ਗੁਰੂਜੀ ਕਹਿਆ ਮੀਯਾਂ ਜੀ ਮੇਰੇ ਵੜਨ ਨਾਲ ਬਾਗ਼ ਸੁੱਕ ਜਾਵੇਗਾ ਭਾਂ ਗੁਰੂ ਜੀ ਭੇ ਓਹ ਮੁਗਲ ਜਦ ਬਾਗ ਵਿਚ ਜਾਇ ਵੜੇਤਾਂਬਾਗ ਸਾਰਾਹੀ ਸੁੱਕਗਿਆ ਤਾਂਓਸਮੁਗਲਨੇਕਹਿਆ ਭਾਈ ਲੜਕੇ ਤੂੰ ਮੇਰੇ ਬਾਗ ਵਿਚੋਂ ਬਾਹਰਆਇਜਾਹ ਜਾਂ ਸ੍ਰੀਗੁਰੂਉਸਬਾਗ਼ਵਿੱਚੋਂਬਾਹਰਆਇਗਏ ਭਾਂ ਬਾਗ਼ਸ਼ੀਘ੍ਰਹੀ ਹਰਿਆ ਹੋਇ ਗਿਆ ਭਾਂ ਭੀ ਓਹ ਮੁਗ਼ਲ ਸਮਝੇ ਨਾਹੀਂ ਫੇਰ ਉਸ ਨੇ ਕਹਿਆ ਭਾਈ ਤੂੰ ਅਸਾਡੇ ਘਰਦੇ ਦਾਣੇਪੀਸਿਆ ਕਰਭਾਂ ਸ੍ਰੀਗੁਰੂਜੀਕਹਿਆਭਾਈਮੈਂਭਾਂ ਧੁਆਡੇ ਦਾਣੇ ਹੀ ਪੀਸਿਆ ਕਰਾਂਗਾ ਪਰ ਆਟਾ ਕਿਸਪਾਸੋਂ ਲਿਆ ਕਰੋਗੇ ਮੈਂ ਭਾਂ ਕਦੀ ਜੰਮ ਕੇ ਰੱਜਿਆ ਨਹੀਂ ਅਤੇ ਮੇਰਾ ਸੌਮਨਅਹਾਰਹੈ ਭਾਂ ਮੁਗ਼ਲਨੇ ਕਹਿਆ ਭਾਈ ਇਸ ਕੋਠੀਵਿਚ ਸੌ ਮਣ ਕਣਕ ਹੈ ਏਹਤੂੰ ਪੀਸ ਦੇਖਾਂਗਾ ਜੋਆਟਾਕਿਥਾਊਂ ਜਾਂਦਾ ਹੈ ਭਾਂ ਉਸ ਮੁਗ਼ਲ ਨੇ ਆਪਨੇ ਨਫ਼ਰਾਂ ਨੂੰ ਕਹਿਆ ਭਾਈ ਕਣਕ ਇਸਨੂੰ ਕੱਢ ਲਿਆਦੇਵੋ ਭਾਂ ਓਹ ਮੁਗ਼ਲ ਲਗੇ ਕਣਕ ਅੰਦਰੋਂ ਲਿਆਉਣ ਤੇ ਸ੍ਰੀਗੁਰੂਜੀ ਇਕ ਗਾਲਾ ਆਪ ਪਾਈ ਜਾਵਣ ਤੇਚੱਕੀ ਆਪੇਪਈ ਫਿਰੇ ਏਸ ਤਰਹ ਪੀਸਦੇਪੀਸਦੇ ਸਾਰੀ ਕਣਕ ਪੀਸ ਗਈ ਪਰ ਆਟਾ ਇੱਕ ਸਰਸਾਹੀ ਵੀ ਨਹੀਂ ਨਿਕਲਿਆ ਜਦ ਓਸ ਮੁਗ਼ਲ ਦੀ ਮੁਗ਼ਲਾਣੀਨੇ ਆਇਕਰ ਦੇਖਿਆ ਭਾਂ ਕੋਠੀ ਸਾਰੀਵੇਹਲੀ ਹੋਗਈਹੈ ਤੇ ਆਟਾ ਇਕ ਪੈਸਾਭਰ ਭੀ ਨਹੀਂ ਨਿਕਲਿਆ ਭਾਂ ਏਹਦੇਖਕਰ ਲਗੀਰੌਲਾਪਾਵਣ ਕਿ ਯਾ ਖ਼ੁਦਾਇ ਏਹ ਬਲਾਇ ਕਿਥੋਂਆਂਦੀ ਹਈ ਇਸਨੇ ਭਾਂ ਅਸਾਡਾ ਘਰ ਉਜਾੜਛੱਡਿਆਹੈ ਅਤੇਅਸਾਡੀਜੜ੍ਹਵੀ ਭੰਨ ਛੱਡੀਹੈ ਓਹਮੁਗ਼ਲਾਣੀਪਿਟਦੀਰੋਂਦੀ ਕਦੀ ਅੰਦਰ ਜਾਵੇ ਕਦੀ ਬਾਹਰਜਾਵੇ ਤੇਮੂੰਹੋਂ ਕਹੇ ਹੇਖ਼ੁਦਾਇਜੀ ਏਸ ਬਲਾਇ ਨੂੰ ਕਿਵੇਂ

CC-0. Gurukul Kangri University Haridwar Collection. Digitized by S3 Foundation USA

ਏਥੋਂ ਕੱਢ ਏਹ ਕਹਿਕਰ ਰੌਲਾ ਪਾਇ ਰਹੀ ਸੀ ਤਾਂ ਓਹ ਮੁਗ਼ਲ ਆਯਾ ਤੇ ਸਬ ਹਾਲ ਸੁਣਿਆ ਅਤੇ ਦੇਖਿਆ ਤਾਂ ਦਿਲਦੇ ਵਿੱਚ ਜਾਣਿਆ ਕਿ ਭਾਈ ਏਹ ਤਾਂ ਕੋਈ ਖ਼ੁਦਾਇ ਦਾ ਔਲੀਆਹੈ ਤਾਂ ਉਸ ਮੁਗ਼ਲਨੇਕਹਿਆ ਹੇ ਸਾਈਂਦੇ ਪਿਆਰੇ ਅਸਾਂ ਤੇਰੀ ਬੜੀ ਬੇਅਦਬੀ ਕੀਤੀਹੈ ਸੋ ਗੁਨਾਹ ਅਸਾਨੂੰ ਬਖ਼ਸ਼ ਅਤੇ ਆਪ ਜਿੱਧਰ ਖ਼ੁਸ਼ੀ ਹੋਵੇ ਓਧਰਹੀ ਜਾਈਏ ਜੀ ਤਾਂ ਸ੍ਰੀ ਗੁਰੂ ਨਾਨਕ ਕਹਿਆ ਭਾਈ ਜਿਤਨੇ ਤੇਰੇ ਪੈਸੇ ਖ਼ਰਚ ਹੋਏ ਹੈਨ ਸੋ ਤੁਮ ਉਨ ਸੇ ਦੂਨੇ ਰੁਪਏ ਲੇਵੋ ਤਾਂਹਮ ਜਾਵੇਂਗੇ ਨਹੀਂ ਤਾਂਹਮ ਕਭੀਨਹੀਂ ਜਾਵੇਂਗੇ ਏਹੀ ਬਾਤ ਹੋਰਹੀ ਜੋ ਮੁਗਲ ਪੈਸੇ ਲੇਵੇ ਨਹੀਂ ਤੇ ਸ੍ਰੀ ਗੁਰੂਜੀ ਬਿਨਾ ਦੀਏ ਜਾਵਨ ਨਹੀਂ ਆਖਰਸ੍ਰੀਗੁਰੂ ਨਾਨਕਜੀ ਆਪਨੀਚੋਟੀਵਿਚੋਂ ਇਕ ਲਾਲ ਨਿਕਾਲਕਰਦਿੱਤਾ ਤੇਕਿਹਾ ਕਿ ਤੇਰੇ ਭਾਈਂ ਕੋਈ ਮੁੱਲ ਘੱਟਦੇਵੇ ਤਾਂ ਤੂੰ ਲਾਲ ਮੇਰੇ ਪਾਸ ਫੇਰ ਲਿਆਈਂ ਤਾਂ ਓਹ ਮੁਗ਼ਲਉਸਲਾਲਕ ਬਾਜ਼ਾਰਮੇਂ ਵੇਚਣੇ ਕੇ ਵਾਸਤੇ ਇੱਕ ਸਰਾਫ਼ਕੀ ਦੁਕਾਨਪਰ ਲੈਗਿਆ ਜਬ ਉਸ ਸ਼ਾਹੂਕਾਰ ਨੇ ਲਾਲਦੇਖਿਆ ਤਾਂ ਕਹਿਆ ਭਾਈ ਇਸ ਲਾਲ ਦੀ ਕੀਮਤ ਤਾਂ ਮੇਰੇ ਪਾਸ ਨਹੀਂ ਪਰ ਜਿਤਨੇ ਰੁਪਏ ਤੈਨੂੰ ਦਰਕਾਰ ਹੈਨ ਸੋ ਤੂੰ ਲੈਜਾਹੁ ਤਾਂ ਓਹ ਮੁਗਲ ਓਹ ਲਾਲ ਲੈਕੇ ਸ੍ਰੀ ਗੁਰੂਨਾਨਕਜੀ ਦੇ ਪਾਸ ਲੈ ਆਯਾ ਤੇ ਕਹਿਣ ਲਗਾ ਹੇ ਗਰੀਬ ਨਿਵਾਜ ਜੀਏਹ ਲਾਲ ਆਪ ਲੇਵੋਜੀ ਤੇ ਮੇਰੇ ਭਾਈਂ ਖ਼ੁਸ਼ੀਕਰੋ ਜੀ ਤਾਂ ਸ੍ਰੀਗੁਰੂਜੀ ਕਹਿਆ ਭਾਈਤੁਸੀ ਦੋਜ਼ਕ ਪਓਂਦੇਸਾਹੋ ਪਰਹੁਣਸਭਿਗੁਰਾਂਨੇਧੁਆਨੂੰ ਬਖ਼ਸ਼ਿਆ ਹੈ ਤਾਂਏਹ ਸੁਣਕਰਓਹਮੁਗ਼ਲਸ੍ਰੀ ਗੁਰੂਜੀਦੇਚਰਨਾਂਤੇ ਢਹਿ ਪਿਆ ਤੇ ਆਖਿਓਸ ਗੁਰੂਜੀਆਪਣੇਸਿੱਖਕਰੋ ਤਾਂ ਸ੍ਰੀਗੁਰੂ ਜੀ ਓਨ੍ਹਾਂ ਮੁਗ਼ਲਾਂਨੂੰ ਸਿੱਖਕੀਤਾ ਤਾਂਓਹ ਲਗੇ ਗੁਰੂਗੁਰੂਜਪਣ ਤੇ ਸ੍ਰੀਗੁਰੂਜੀ ਉਨ੍ਹਾਂ ਨੂੰ ਨਾਮ ਦਾਨ ਇਸ਼ਨਾਨਦ੍ਰਿੜ੍ਹਾਯਾ ਅਤੇ ਕਹਿਆਭਾਈ ਏਥੇਸਾਡਾ ਕੋਈਸਿੱਖਆਵੇ ਤਾਂਉਸਨੂੰ ਤੁਸਾਂ ਪਕੜਨਾ ਨਹੀਂ ਸਗੋਂਆਏਸਿੱਖ ਸਾਧਦੀਦਹਿਲ ਕਰਨੀ ਨਾਮਜਪਣਾ ਧਰਮਦੀ ਕਿਰਤ ਕਰਨੀ ਕਿਸੇਨੂੰ ਦੁਖਾਣਾਨਹੀਂ ਏਹਸਿੱਖਿਆ ਦੇਕੇ ਗੁਰੂਨਾਨਕਜੀ ਓਥੋਂ ਵਿਦਿਆਹੋਏ॥ ਤਾਂਫੇਰ ਸ੍ਰੀਗੁਰੂ ਅੰਗਦਸਾਹਿਬਜੀ ਸ੍ਰੀਗੁਰੂਨਾਨਕ ਜੀ ਓਨਾਂ ਮੁਗ਼ਲਾਂਦਾ ਉਧਾਰ ਕਰਕੇ ਫੇਰਓਸੇ ਰੋੜੀਉਪਰ ਜਾਇ ਪ੍ਰਾਪਤ ਹੋਏ ਜਾਂ ਅਗਲਾ ਦਿਨ ਹੋਯਾ ਤਾਂ ਫੇਰ ਓਹ ਰੁਹੇਲਾ ਆਇਨਿਕਲਿਆ ਤੇਸ੍ਰੀਗੁਰੂਨਾਨਕਜੀਨੂੰ ਪਕੜਕਰ ਵੇਚਣਕੋ ਲੈਚਲਿਆ ਤਾਂ ਉਸਦੀ ਰੁਹੇਲੀਨੇ ਕਹਿਆ ਹੈਬੰਦੇ ਰੱਬਦੇ ਜੋਕੋਈ ਇੱਕਵਾਰ ਆਉਂਦਾਹੈ ਤਾਂ ਅਪਨੀ ਜਾਨ ਲੈਕੇ ਨੱਸਜਾਂਦਾਹੈ ਅਤੇ ਏਸਨੂੰ ਤੂੰ ਕਈਵਾਰ ਵੇਚਆਯਾ ਹੈਂ ਤੇ ਏਹਘੜੀਘੜੀਆਉਂਦਾਹੈ ਤੇਰੇ ਮਨਵਿਚਨਹਾਂਆਉਂਦਾ ਏਹਕੋਈ ਮਹਾਂਪੁਰਖ ਹਈ ਤੂੰਜਾਇਕਰ ਉਸਦੀ ਪੈਰੀਂਪਉ ਤੇ ਅਪਨਾ ਗੁਨਾਹ ਬਖ਼ਸ਼ਾਉਤਾਂ ਓਹ ਰੁਹੇਲਾ ਆਪਣੀ ਔਰਤ ਦਾ ਕਹਿਆ ਮੰਨਕੇ ਸ੍ਰੀਗੁਰੂ ਨਾਨਕਜੀ ਦੀ ਪੈਰੀਂ ਆਇ ਪਿਆ ਤੇ ਆਖਣ ਲਗਾ ਹੇ-ਗਰੀਬਨਿਵਾਜ ਜੀਮੈਂ ਭੁੱਲਾ ਹਾਂ ਆਪਮੇਹਰਬਾਨੀਕਰਕੇ ਸਾਡਾਗੁਨਾਹਬਖ਼ਸ਼ੋਜੀ ਤਾਂਸ੍ਰੀਗੁਰੂਜੀਹੱਸੇ ਤੇਕਹਿਣਲੱਗੇ ਭਾਈ

CC-0. Gurukul Kangri University Haridwar Collection. Digitized by S3 Foundation USA

ਤੁਸੀ ਦੋਜ਼ਕ ਵਿੱਚ ਪਉਂਦੇ ਸਾਹੋ ਹੁਣ ਤੁਸਾਂਨੂੰ ਬਖ਼ਸ਼ਿਆਹੈ ਪਰ ਏਹ ਕਰਮ ਛੋਡ ਦੇਵੋ ਤਾਂ ਤੁਮਾਰਾਭਲਾਹੋਵੇਗਾ ਤਾਂਓਹ ਰੁਹੇਲਾ ਸ੍ਰੀਗੁਰੂ ਨਾਨਕ ਜੀ ਦਾ ਸਿੱਖ ਹੋਯਾ ਅਰ ਲਗਾ ਗੁਰੂ ਗੁਰੂਜਪਨ ਤਾਂਗੁਰੂਨਾਨਕਦੇਵਜੀ ਉਸਨੂੰ ਸਿੱਖਕੀਤਾ ਤੇਉਪਦੇਸ਼ਕੀਤਾ ਸੁਣੋ ਭਾਈ ਏਥੇ ਕੋਈਸਿੱਖਸੰਤਗ੍ਰਹਸਤੀਆਵੇਅਤੇਸਾਡਾਨਾਮਲਵੇਗਾ ਉਸਨੂੰਪਕੜਨਾਨਹੀਂ ਸਗੋਂ ਉਸਦੀ ਸੇਵਾ ਕਰਨੀ ਅੰਨ ਪਾਣੀ ਬਸਤ੍ਰ ਦੇਣਾ ਤਾਂਤੁਸਾਡਾ ਭਲਾਹੋਵੇਗਾ ਅਤੇ ਤੁਸਾਂ ਨਾਮ ਜਪਣਾ ਧਰਮ ਦੀ ਕਿਰਤ ਕਰਨੀ ਵੰਡ ਖਾਣਾ ਬਾਣੀਪੜ੍ਹਨੀ ਹਰਵਕਤਪਰਮੇਸ਼ਰ ਦਾ ਸਿਮਰਨ ਕਰਨਾ ਸੱਚ ਬੋਲਨਾ ਤਾਂ ਉਸ ਰੁਹੇਲੇ ਨੇ ਸ੍ਰੀਗੁਰੂਜੀ ਅੱਗੇ ਮੱਥਾਟੇਕਿਆ ਅਤੇ ਸਭ ਬਾਤ ਮੰਨੀ ਤੇ ਕਹਿਆ ਗੁਰੂ ਜੀ ਸਾਡੇ ਉੱਪਰ ਮੇਹਰ ਕਰਨੀ ਤਾਂ ਸ੍ਰੀ ਗੁਰੂ ਨਾਨਕ ਉਸ ਪਰ ਬਹੁਤ ਖ਼ੁਸ਼ੀ ਕਰਕੇ ਓਥੋਂ ਚਲਦੇ ਰਹੇ ॥ ੧੪੩॥

ਆਰੋ ਸਾਖੀ ਕਾਬਲ ਦੀ ਮਸੀਤ ਦੀ ਚਲੀ

ਤਾਂ ਭਾਈ ਬਾਲਾ ਕਹੇ ਹੇ ਸੀਗੁਰੂਅੰਗਦਦੇਵ ਜੀ ਇਕਦਿਨਸ੍ਰੀਗੁਰੂਨਾਨਕਦੇਵਜੀ ਕਰਨ ਕਾਰਨਸਰਬਸ਼ਕਤੀਸੰਯੁਕਤਅਸਾਨੂੰ ਨਾਲ ਲੈਕਰ ਕਾਬਲ ਵਿੱਚ ਜਾਇ ਪ੍ਰਾਪਤ ਹੋਏ ਇਕ ਮਸੀਤ ਵਿੱਚਜਾਇਬੈਠੇ ਤਾਂ ਉਸਮਸੀਤਦਾ ਮੁੱਲਾਂ ਆਇਕਰ ਕਹਿਣਲੱਗਾ ਭਾਈਤੂੰਹਿੰਦੂ ਨਜ਼ਰ ਆਉਨਾਹੈਂ ਏਹਮਸੀਤ ਜੋ ਹੈ ਕਾਜ਼ੀ ਦੀ ਹੈ ਏਥੇ ਨਾਂ ਬੈਠ ਤਾਂ ਸ੍ਰੀ ਗੁਰੂਨਾਨਕ ਜੀ ਕਹਿਆ ਭਾਈ ਕਿਆਹੂਆਜੇ ਕਾਜ਼ੀ ਦੀ ਮਸੀਤ ਹੈ ਅਸੀ ਤਾਂ ਏਥੇਹੀ ਬੈਠਾਂਗੇ ਪਰ ਏਹ ਸੁਣਕਰ ਓਹ ਮੁੱਲਾਂ ਸ੍ਰੀਗੁਰੂ ਜੀਦੇ ਬਹੁਤਹੀ ਖ਼ਿਆਲ ਪਿਆ ਤਾਂ ਉਸ ਮੁੱਲਾਂ ਨੂੰ ਸ੍ਰੀਗੁਰੂ ਜੀਕਹਿਆ ਹੇਮੁੱਲਾਂ ਤੂੰ ਇਤਨਾਮਾਨਕਰਦਾਹੈਂ ਤੂੰਏਸ ਮਸੀਤ ਨੂੰ ਰੱਖੇਂਗਾ ਤਾਂ ਉਸ ਮੁੱਲਾਂ ਕਹਿਆ ਭਾਈਮੇਰੀਮਸੀਤ ਨੂੰ ਕੌਣ ਲੈਜਾਵੇਗਾ ਜਾਂ ਉਸ ਮੁੱਲਾਂਨੇ ਏਹ ਆਖਿਆ ਤਾਂ ਸ੍ਰੀ ਗੁਰੂਜੀ ਵਾਹਿਗੁਰੂਆਖਕੇ ਉਸਮਸੀਤ ਉੱਪਰਅਸਵਾਰਹੋਇਕਰ ਓਸਮਸੀਤ ਕੋ ਦੁੜਾਯਾ ਕਾਬਲਦੇ ਚੁਫੇਰੇ ਪਈਦੌੜੇਏਹ ਗੱਲ ਸੁਨਕਰ ਸਭ ਕਾਬਲ ਦੇ ਲੋਕ ਹੈਰਾਨ ਹੋਇਗਏ ਅਤੇਕਾਜ਼ੀਵੀ ਆਗਿਆ ਜਾਂ ਦੇਖੇ ਤਾਂਮਸੀਤ ਪਈਦੌੜੇ ਤਾਂਕਾਜ਼ੀਨੇ ਕਹਿਆ ਯਾ ਖ਼ੁਦਾਇ ਏਹਕੋਈ ਬੜਾ ਔਲੀਆ ਹੈ ਜਾਂਕੋਈਪੀਰਹੈ ਏਹਤਾਂ ਕੋਈ ਬਡੀਕਰਾਮਾਤ ਵਾਲਾ ਹੈ ਅਤੇ ਜਾਂਕੋਈ ਏਸਜ਼ਮਾਨੇ ਦਾ ਪੈਰੰਬਰਹੈ ਏਹੀਕਹਿਕਰ ਔਰ ਖ਼ਲਕਤ ਕੋ ਨਾਲਲੈਕਰ ਕਾਜ਼ੀ ਹੱਥਜੋੜਕਰ ਕਹਿਨੇਲਗਾ ਹੇਖ਼ੁਦਾਇਦੇ ਵਲੀ ਵਾਸਤਾਈ ਤੈਨੂੰ ਖ਼ੁੰਦਾਇ ਦਾ ਜਿਸ ਤੈਨੂੰ ਪੈਦਾਕੀਤਾਹੈ ਉਸਦੇਵਾਸਤੇ ਮਸੀਤਖੜੀਕਰ ਤਾਂ ਸ੍ਰੀਗੁਰੂਨਾਨਕਜੀ ਸਭ ਦੀ ਬਾਤ ਸੁਣ ਕਰ ਮਸੀਤਖੜੀਕੀਤੀਤਾਂਹਿੰਦੂਮੁਸਲਮਾਨ ਸਭ ਸ੍ਰੀਬਾਬੇਜੀਦੀਪੈਰੀ ਆਇ ਪਏ ਤਾਂ ਸ੍ਰੀ ਗੁਰੂਜੀਨੇ ਮੁਸਲਮਾਨਾਂਨੂੰਕਹਿਆ ਭਾਈਤੁਸੀਬਾਵਾਂ ਪੈਰਪੂਜਹੁ ਅਤੇ ਹਿੰਦੂਆਂ ਨੂੰ ਕਹਿਆ ਭਾਈ ਤੁਸੀਂਦਹਿਣਾਂ ਪੈਰਪੂਜਹੁ ਏਹਗੱਲਸੁਣਕਰ ਹਿੰਦੂਤੇਮੁਸਲਮਾਨਲਗੇਪੂਜਾਕਰਨ ਤਾਂ ਸ੍ਰੀਗੁਰੂਨਾਨਕਜੀ ਓਥੇ ਅਪਨਾ ਨਾਮ ਧਰਾਯਾ ਔਘੜ ਤੇ ਸ੍ਰੀ ਬਾਬੇ ਆਪਣੀ ਸਿੱਖੀ

CC-0. Gurukul Kangri University Haridwar Collection. Digitized by S3 Foundation USA

ਬਨਾਈ ਅਤੇ ਲਗੇ ਲੋਕ ਗੁਰੂ ਗੁਰੂ ਜਪਣ ਤਾਂ ਸ੍ਰੀਗੁਰੂਜੀਨੇ ਇਕ ਸ਼ਬਦ ਉਚਾਰਿਆ ॥ ਮੁੱਲਾਂਦਿਲਸਿਉ ਦਿਲਹਿਮਿਲਾਵੈ ॥ ਤਬ ਭੇਦਸਾਹਿਬ ਕਾ ਪਾਵੈ ॥ ੧ ॥ ਖ਼ਾਲਕ ਖ਼ਸਮ ਖ਼ੈਰ ਅਰ ਖ਼ੂਬੀ ਇਸਦਿਲਮੈਤਸਬੀਤੋਸਾ॥ਦਿਲਦੇ ਅੰਦਰਚੜੇ ਸ਼ਰੀਨੀ ਸਕਰਖੰਡਸ ੋਸਾ ॥ ੨ ॥ ਦਿਲਮੇਤਾਲਬਤੀਰਥ ਕੀਆਦਿਲ ਮੇਂ ਮੁਹੰਮਦ ਜਾਣਾ ॥ ਦਿਲਮੇਂ ਹਸਨਹੁਸੈਨਫਾਤਮਾ ਦਿਲਹੀਮੇਂਮਉਲਾਣਾ ॥ ੩ ॥ ਦਿਲਮੇਂ ਮੇਹਰ ਮੁਹੱਬਤ ਕਾਬਾ ਦਿਲ ਮੇਂ ਗੋਰਸਤਾਨੀ ॥ ਹਕ ਹਲਾਲ ਦੋਊ ਦਿਲ ਭੀਤਰ ਖਾਹਿ ਪਛਾਣਪਛਾਣੀ॥੪ ॥ ਦਿਲਮੇਂ ਗਿਆਨ ਕਥਾ ਅਰ ਪੂਜਾ ਦਿਲਮਹਿਰੱਬ ਰਸੂਲੁ ॥ ਨਾਨਕ ਖੋਜੀ ਦਿਲ ਮੇਂ ਖੋਜੈ ਤਾਂ ਦਰਗਹ ਪਵਹਿ ਕਬੂਲੁ ॥ ੫ ॥ ੧ ॥ ਤਿਸਦਾ ਪ੍ਰਮਾਰਥ ਗੁਰੂ ਜੀ ਕਹੈਂ॥ਫੇਰ ਗੁਰੂਜੀ ਬੈਰਾਗੀਆਂ ਕੇ ਰੂਪ ਪਏ ਫਿਰਨ ਅਤੇ ਇਕ ਪੈਰ ਵਿੱਚ ਵੱਡਾ ਸਾਰਾ ਪੈਰ ਜੁੱਤੀਦਾ ਅਤੇਹਿੱਕਪੈਰਖੜਾਵਾਂਤੇਇਕ ਭਗਵੀ ਚਾਦਰ ਉੱਪਰ ਅਤੇ ਇਕਚਾਦਰ ਤੇੜ ਸਿਰਉੱਪਰ ਟੋਪੀ ਮਸਤਕ ਉਪਰ ਟਿੱਕਾ ਏਸ ਤਰਹ ਦਾ ਭੇਸ ਸ੍ਰੀ ਗੁਰੂ ਨਾਨਕਸਾਹਿਬ ਕੀਤਾ ਅਤੇ ਆਪਣੀ ਮਉਜ ਨਾਲ ਫਿਰਦੇ ਰਹੇ ਤੇ ਗਲਵਿੱਚਅੰਬੂਏਰੰਗ ਦਾ ਪਹਿਰਾਹਨ ਪਾਯਾ ਅਤੇ ਸ੍ਰੀਗੁਰੂਜੀਕੋ ਨਾ ਕੋਈ ਹਿੰਦੂ ਜਾਣੇ ਤੇ ਨਾ ਕੋਈ ਮੁਸਲਮਾਨ ਜਾਣੇ ਜੇ ਕੋਈ ਹਿੰਦੂ ਮਿਲੇ ਤਾਂ ਹਿੰਦੂਆਂ ਦਾ ਜਵਾਬ ਦੇਵਨ ਅਤੇਜੇਕੋਈਮੁਸਲਮਾਨਮਿਲੇ ਤਾਂ ਉਸਨੂੰ ਮੁਸਲਮਾਨਾਂ ਜਵਾਬ ਮਿਲੇ ਏਸਭੇਸ ਵਿੱਚ ਸ੍ਰੀ ਗੁਰੂ ਨਾਨਕ ਜੀ ਸੰਸਾਰ ਕਉ ਪਰਮੇਸ਼ਰ ਜੀਕਾ ਨਾਮ ਦ੍ਰਿੜ੍ਹਾਵਨ ਅਤੇ ਜੇ ਕੋਈ ਸ੍ਰੀਗੁਰੂ ਨਾਨਕਜੀਕਉ ਮਿਲਨ ਆਵੈ ਸੋ ਨਿਹਾਲਹੋਇਜਾਵੈ ਅਤੇ ਸੰਸਾਰ ਵਿੱਚ ਬੁੱਧਬਿਬੇਕ ਮਤ ਸ੍ਰੀ ਪਰਮੇਸ਼ਰਜੀਕੇਨਾਮ ਕਾਹੀ ਸਿਮਰਨ ਭਗਵੰਤ ਕਾ ਯਸ ਦ੍ਰਿੜ੍ਹਾਯਾ ਅਤੇ ਘਰ ਘਰ ਮੇਂ ਧਰਮਸਾਲਾ ਕਰਾਈਆਂ ਸਭ ਕਉ ਨਾਮਦਾਨ ਦਿੱਤਾ ਅਤੇ ਕਹਿਆ ਸੱਚ ਬੋਲਣਾ ਆਏ ਗਏ ਦੀ ਸੇਵਾ ਕਰਨੀ ਏਹ ਉਪਦੇਸ਼ ਕਰਕੇ ਸ੍ਰੀ ਗੁਰਨਾਨਕ ਜੀ ਓਥੋਂ ਚਲਦੇ ਰਹੇ ॥ ੧੪੪ ॥

ਅੱਗੇ ਸਾਖੀ ਮੂਲੇ ਖੱਤ੍ਰੀ ਨਾਲ ਹੋਈ

ਤਾਂ ਇਕਦਿਨ ਸ੍ਰੀਗੁਰੂਨਾਨਕਜੀ ਮੇਰੇ ਭਾਈਂ ਕਹਿਣਲਗੇ ਸੁਣ ਭਾਈ ਬਾਲਾ ਇਕ ਮੇਰਾ ਸੰਸਾਰੀ ਮੇਲੀਹੈ ਬਾਲਾ ਜਦ ਦਾ ਮੈਂਕਿਰਤ ਕਰਦਾਸਾਂ ਤਦੋਂਦਾ ਮੂਲਾ ਮੇਰਾ ਅਸ਼ਨਾਇਹੈ ਚਲੋਤਾਂ ਉਸਨੂੰਮਿਲਆਵੀਏ ਮੇਰਾ ਦਿਲ ਬਹੁਤ ਮਿਲਣਨੂੰ ਲੋਚਦਾ ਹੈ ਤਾਂਮੈਂ ਆਖਿਆ ਜੀ ਚਲੀਏ ਤਾਂ ਸ੍ਰੀ ਗੁਰੂ ਨਾਨਕ ਜੀ ਫ਼ਕੀਰਾਂ ਦਾ ਰੂਪ ਧਾਰਕਰਚਲਤੇਚਲਤੇਮੂਲੇ ਖੱਤਰੀ ਦੀ ਦਲੀਜ ਉਪਰ ਜਾਇ ਖੜੇ ਹੋਏ ਤਾਂ ਮੂਲੇ ਦੀ ਜੋਰੂ ਸ੍ਰੀ ਗੁਰੂਨਾਨਕ ਜੀ ਨੂੰ ਦੇਖਕਰ ਅੰਦਰ ਵੜ ਗਈ ਅਤੇਜਾਇਕਰ ਮੂਲੇਨੂੰ ਕਹਿਣਲਗੀ ਕਿ ਤੇਰਾਯਾਰ ਆ ਯਾਹੈ ਪਰ ਬੁਰੇ ਹਾਲਹੈਲੁੱਟਿਆਪੁੱਟਿਆਹੋਯਾਹੈ ਅੱਗੇਤਾਂਬੜੇਸੁੰਦਰਹਾਲਨਾਲ ਆਉਂਦਾ ਹੁੰਦਾ ਹੈਸੀ ਕਦੀ ਘੋੜੀ ਪਰ ਕਦੇ ਪਾਲਕੀ ਵਿੱਚ ਆਉਂਦਾ ਹੁੰਦਾ ਸੀ ਤੇ ਹੁਨ ਤੇਰੇ ਪਾਸੋਂ ਕੁਛ ਮੰਗਨ

CC-0. Gurukul Kangri University Haridwar Collection. Digitized by S3 Foundation USA

ਆਧਾ ਹਈ ਅਤੇ ਹੁਣ ਤੂੰ ਛਪ ਜਾਹ ਇਤਨੇ ਮੇਂ ਗੁਰੂ ਜੀ ਮੂਲੇ ਨੂੰ ਅਵਾਜ਼ ਜਾਇ ਮਾਰੀ ਤਾਂ ਅੱਗੋਂ ਮੂਲਾ ਕੋਠੜੀ ਵਿੱਚ ਜਾਇ ਵੜਿਆ ਤਾਂ ਸ੍ਰੀਗੁਰੂਜੀ ਮੂਲੇਦੀ ਜੋਰੂ ਨੂੰ ਪੁੱਛਿਆ ਜੋ ਮੂਲਾ ਕਿੱਥੇ ਹੈ ਤਾਂ ਓਹ ਕਹਿਣ ਲਗੀ ਘਰ ਨਹੀਂ ਤਾਂ ਸ੍ਰੀ ਗੁਰੂਨਾਨਕਜੀ ਸਰਬਘਟਾਂ ਕੇ ਅੰਤ੍ਰਜਾਮੀ ਕਹਿਣਲਗੇ ਅਵੋਮੂਲਾ ਅਸੀ ਤਾਂ ਤੇਰੇ ਮਿਲਣੇਨੂੰ ਆਏ ਤੇ ਤੂੰ ਅੱਗੋਂ ਛਪ ਬੈਠੋਂ ਤਾਂ ਸ੍ਰੀ ਗੁ ਜੀਨੇ ਮੂਲੇਦੇ ਪਰਥਾਇ ਸ਼ਲੋਕ ਉਚਾਰਿਆ ॥ ਨਾਲ ਕਿਰਾੜਾਂ ਦੋਸਤੀ ਏਵੇ ਕਰੇ ਗੁਆਉ ॥ ਮਰਣ ਨ ਜਾਪੀ ਮੂਲਿਆ ਆਵੈ ਕਿਤੈ ਥਾਉ ॥ ੧ ॥ਏਹ ਸ਼ਲੋਕ ਆਖਕੇ ਸ੍ਰੀ ਗੁਰੂਨਾਨਕਜੀ ਓਥੋਂ ਚਲਦੇ ਰਹੇ ਤੇ ਬਾਹਰ ਆਇਬੈਠੇ ਤਾਂ ਓਹ ਕਿਰਾੜ ਜਿਉਂ ਕੋਠੀ ਵਿਚ ਵੜਿਆਸੀ ਤਿਉਂਹੀ ਉਸਨੂੰ ਸਰਪ ਲੜਗਿਆ ਜਾਂ ਓਹ ਕਿਰਾੜ ਕੋਠੀਵਿਚੋਂ ਬਾਹਰ ਆਯਾ ਤੇ ਜੋਰੂਨੂੰ ਕਹਿਣ ਲਗਾ ਕਹੁ ਓਹ ਫ਼ਕੀਰ ਕਿਧਰ ਨੂੰ ਗਿਆ ਹੈ ਅਤੇ ਉਸਤੋਂ ਮੈਨੂੰ ਬੇਮੁਖ ਕਰ ਤੂਹੀਂ ਮੈਨੂੰ ਮਾਰਿਆਹੈ ਤੂਹੀ ਮੇਰੇ ਸਿਰ ਚੜ੍ਹੀਹੈਂ ਹੁਣਤੂੰ ਮੈਨੂੰ ਛੇਤੀਂ ਦੱਸ ਕਿ ਫ਼ਕੀਰ ਕਿੱਥੇ ਗਿਆਹੈ ਮੂਲੇ ਦੀ ਜੋਰੂ ਬੋਲੀ ਕਿ ਫਕੀਰ ਤਾਂ ਬਾਹਰ ਨੂੰ ਗਿਆ ਹੈ ਇਤਨੇ ਚਿਰ ਮੇਂ ਮੂਲੇ ਨੂੰ ਜ਼ੋਹਰ ਚੜ੍ਹ ਗਈ ਤਾਂ ਮੂਲੇ ਨੂੰ ਮੰਜੀ ਉੱਪਰ ਪਾਇਕੇ ਬਾਹਰ ਸ੍ਰੀਗੁਰੂ ਜੀ ਦੇ ਪਾਸਲੈਗਏ ਪਰ ਏਹ ਗੱਲ ਸਾਰੇ ਜ਼ਾਹਰ ਹੋਗਈ ਕਿ ਗੁਰੂ ਨਾਨਕ ਜੀ ਮੂਲੇ ਨੂੰ ਮਿਲਣ ਆਏ ਤੇ ਮੂਲਾ ਕੋਠੀ ਵਿੱਚ ਲੁਕਬੈਠਾ ਤੇ ਬੋਲੇ ਨਹੀਂ ਤਾਂ ਓਥੇਂ ਸਰਪ ਲੜਕੇ ਮਰਗਿਆਹੈ ਅਤੇ ਮੰਜੀ ਮੂਲੇ ਦੀ ਸ੍ਰੀਗੁਰੂਨਾਨਕ ਜੀਵੇ ਅੱਗੇ ਰੱਖਕਰ ਸਭਨਾਂ ਹੱਥ ਜੋੜਕਰ ਕਹਿਆ ਹੇ ਸੱਚੇ ਪਾਤਸ਼ਾਹ ਜੀ ਮੂਲਾਤਾਂਹੁਨ ਮਰਦਾਹੈਹੇ ਦੀਨਦਇਆਲ ਜੀ ਏਹ ਹੁਣਭੁੱਲਗਿਆਹੈਅਤੇ ਆਪਦੇਮੂੰਹੋਂ ਨਿਕਲਨਦੀ ਦੇਰਹੋਈ ਹੈ ਤੇ ਏਸਦੇ ਮਰਦਿਆਂ ਦੇਰਨਹੀਂ ਹੋਈ ਤਾਂਤੇਮਹਾਰਾਜ ਜੀ ਆਪ ਪਰਮੇਸ਼ਰ ਦਾ ਰੂਪ ਹੋ ਹੁਣਬਖਸ਼ੋ ਜੀ ਤਾਂ ਸ੍ਰੀਗੁਰੂਨਾਨਕ ਜੀ ਕਹਿਆ ਹੇ ਭਾਈਸਿੱਖੋ ਮੂਲਾ ਤਾਂ ਹੁਣ ਜੀਵਣੇ ਤੇ ਰਹਿ ਚੁਕਾ ਹੈ ਕਿਉਂ ਜੋ ਇਸਨੂੰ ਸਖ਼ਤ ਮਾਰ ਹੋਈ ਹੈ ਹੋਰ ਇਸਦੀ ਮੁਕਤੀ ਹੋਜਾਵੇਗੀ ਜੋ ਇਸਨੂੰ ਸਾਡਾ ਦਰਸ਼ਨ ਅੰਤਦੇ ਸਮੇ ਹੋਇਗਿਆਹੈ ਏਸ ਕਰਕੇ ਅਸੀ ਇਸਦੀ ਗਤੀ ਕਰਾਂਗੇ ਪਰ ਹੁਨ ਤੁਸੀ ਇਸਨੂੰ ਘਰਮੈਂ ਮੋੜਕਰਲੈਜਾਵੋ ਕਿਉਂ ਜੋ ਇਸਦਾ ਮਰਨਾ ਨਜ਼ੀਕ ਆਇ ਗਿਆਹੈ ਤਾਂ ਓਹ ਲੋਕ ਸ੍ਰੀ ਗੁਰੂ ਕਾ ਹੁਕਮ ਮੰਨਕਰ ਮੂਲੇ ਕਉ ਘਰ ਲੈਗਏ ਅਰ ਮੂਲਾ ਘਰਜਾਂਦਾ ਹੀ ਮਰਗਿਆ ਪਰਸ੍ਰੀਗੁਰੂਨਾਨਕਜੀ ਕੇ ਬਚਨਕਰਨੇ ਸੇਮੂਲੇ ਕੀ ਮੁਕਤੀ ਹੋਇਗਈ ਅਤੇ ਲੋਕਵੀ ਸ੍ਰੀਗੁਰੂਨਾਨਕਜੀ ਕਾ ਜੱਸ ਕਰਨੇ ਲਗੇ ਤਾਂ ਓਥੋਂ ਸ੍ਰੀਗੁਰੂਨਾਨਕ ਜੀ ਉਸਦਾ ਸਸਕਾਰ ਕਰਵਾਇ ਕਰ ਉਸਦੇ ਘਰਦੇ ਸਰਬੰਧੀਆਂ ਕੋ ਉਪਦੇਸ਼ ਦੀਆ ਅਤੇ ਓਥੋਂ ਸ੍ਰੀਗੁਰੂਜੀ ਚਲਦੇਰਹੇ॥ ਬੋਲੋ ਭਾਈਜੀਵਾਹਿਗੁਰੂ ॥ ੪੫॥

ਤਾਂ ਭਾਈਬਾਲਾ ਕਹੇ ਹੇ ਸ੍ਰੀਗੁਰੂਅੰਗਦਸਾਹਿਬਜੀ ਐਸੇ ਐਸੇ ਅਨੇਕ ਚਰਿਤ੍ਰ ਗੁਰੂਨਾਨਕ ਜੀ ਕਰਤੇ ਭਏ ਔਰ ਏਕ ਦਿਨ ਸ੍ਰੀਗੁਰੂਜੀ ਕਰਨ ਕਾਰਨ ਸਰਬ ਸ਼ਕਤੀ ਮੰਤ੍ਰ ਤ ਮੇਰੇ ਪ੍ਰਤੀ ਕਹਿਤੇ ਭਏ ਕਿ ਹੇ ਭਾਈ ਬਾਲਾ ਤੁਹਾਨੂੰ ਕਸ਼ਮੀਰ ਦੀ ਧਰਤੀ ਦਾ ਸੈਰ ਕਰਵਾਇ

CC-0. Gurukul Kangri University Haridwar Collection. Digitized by S3 Foundation USA

PSYCHOLOGICAL CORRELA
ADDICTION IN

ਲਿਆਵੀਏ ਤਾਂ ਮੈਂ ਹੱਥ ਜੋੜਕਰ ਆਖਿਆ ਹੇ ਦੀਨਦਇਆਲ ਜੀ ਜਿਵੇਂ ਆਪਦੀ ਰਜ਼ਾਇ ਤਾਂ ਸ੍ਰੀ ਗੁਰੂ ਨਾਨਕਜੀ ਕਹਿਣ ਲਗੇ ਹੇ ਭਾਈ ਏਹ ਜੋ ਕਸ਼ਮੀਰ ਦੀ ਧਰਤੀ ਹੈ ਸੋ ਕਸ਼ਪ ਜੀ ਦੀ ਬਣਾਈ ਹੋਈਹੈ ਜਸੇ ਸ਼ਿਵਜੀ ਕਾਂਸ਼ੀ ਪੁਰੀ ਰਚੀ ਹੈ ਸਰਬ ਤੀਰਥਾਂ ਵਿਖੇ ਉਤਮ ਹੈ ਤੈਸੇ ਏਹ ਕਸ਼ਮੀਰ ਕਸ਼ਪ ਜੀ ਰਚਿਆ ਹੈ ਜਿਸ ਵਿਖੇ ਉੱਗਰ ਅਸਥਾਨ ਅਮਰ ਨਾਥ ਹੈ ਜਹਾਂ ਸ਼ਿਵਾਂ ਕਾ ਹਮੇਸ਼ਹੀ ਵਾਸਾ ਹੈ ਤਾਂ ਮੈਂ ਅਤੇ ਮਰਦਾਨਾ ਹਥ ਜੋੜਕਰ ਕਹਿਆ ਚਲੀਏ ਗੁਸਾਈਂ ਜੀ ਆਪ ਅੱਗੇ ਚਲੀਏਂਗੇ ਤਾਂ ਪਿੱਛੇ ਪਿੱਛੇ ਅਸਾਂ ਚਲਣਾਂਹੈ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਸ਼ਮੀਰ ਦੀ ਧਰਤੀ ਚਲਦੇ ਚਲਦੇ ਕਸ਼ਮੀਰ ਦੇ ਬਾਹਰ ਜਾਇ ਬੈਠੇ॥

੧੪੬॥ ਸਾਖੀ ਕਸ਼ਮੀਰ ਦੇ ਪਾਲੀ ਨਾਲੀ ਹੋਈ

ਜਦ ਸ੍ਰੀ ਗੁਰੂ ਨਾਨਕ ਜੀ ਕਸ਼ਮੀਰ ਦੇ ਬਾਹਰ ਜਾਇਕਰ ਪਹੁੰਚੇ ਤਾਂ ਦੇਖਨ ਜੋ ਓਥੇ ਬਡਾ ਧਰਮਹੋਂਦਾ ਹੈ ਕਸ਼ਮੀਰ ਵਿਚ ਸਭ ਕਸ਼ਮੀਰੀ ਬ੍ਰਹਮਣ ਬੰਸ ਕਸ਼ਪ ਕੀ ਸੰਤਾਨ ਕਹਾਉਂਦੀਹੈ ਅਤੇ ਪਹਾੜ ਪਰਬਤ ਬੀ ਬੜੇ ਹੈਨ ਤਾਂ ਇਕ ਪਰਬਤ ਉਪਰ ਸ੍ਰੀਗੁਰੂ ਜੀ ਜਾਇ ਬੈਠੇ ਓਥੇ ਬਾਰਹ ਦਿਨ ਸ੍ਰੀਗੁਰੂ ਜੀ ਨੂੰ ਬੈਠਿਆਂ ਗੁਜਰ ਗਏ ਕਿਸੇ ਨੇ ਆਨਕਰ ਖਬਰ ਨਹੀਂ ਲੀਤੀ ਜਬ ਤੇਰਵਾਂ ਦਿਨ ਹੋਯਾ ਤਾਂ ਇਕ ਪਾਲੀ ਅੱਯੜ ਚਾਰਦਾ ਚਾਰਦਾ ਆ ਨਿਕਲਿਆ ਅਤੇ ਸ੍ਰੀ ਗੁਰੂਜੀ ਨੂੰ ਦੇਖਕਰ ਆਖਨ ਲਗਾ ਭਾਈ ਤੁਸੀ ਕਉਣ ਹੋ ਤਾਂ ਗੁਰੂਜੀ ਕਹਿਆ ਭਾਈ ਤੈਨੂੰ ਅਸੀ ਕਉਣ ਨਜ਼ਰ ਆਉਂਦੇਹਾਂ ਤਾਂ ਓਹ ਪਾਲੀ ਬੋਲਿਆ ਭਾਈ ਤੁਸੀ ਭਲੇਨਾਹੀਂ ਜੋਹਵੈ ਉਜਾੜ ਵਿਚ ਬੈਠੇ ਹੋ ਕਿਆ ਜਾਣੀਏਂ ਤੁਸੀ ਚੋਰ ਹੋ ਯਾ ਬਾਦਪਾਰ ਹੋ ਜੋਕਰ ਤੁਸੀ ਫ਼ਕੀਰ ਹੋਤੇ ਤਾਂ ਵਸਦੀ ਵਿਚ ਜਾਇ ਕਰ ਬੈਠਤੇ ਸ੍ਰੀ ਗੁਰੂ ਨਾਨਕ ਜੀ ਕਹਿਆ ਭਾਈ ਹੁਣ ਤੂੰ ਆਪਣੇ ਘਰ ਨੂੰ ਜਾਹ ਅਤੇ ਅਸਾਂ ਨੂੰ ਕੁਛ ਨਾ ਆਖ ਤਾਂ ਕਸ਼ਮੀਰੀ ਨੇ ਆਖਿਆ ਭਾਈ ਏਥੇ ਅਸੀ ਖ਼ੁਦਾਇਨੇਹੀ ਆਂਦੇਹਾਂ ਨਹੀਂ ਤਾਂ ਏਥੇ ਹੋਰ ਅੱਗੇ ਕੋਈ ਨਹੀਂ ਆਯਾ ਤਾਂ ਫੇਰ ਗੁਰੂ ਜੀ ਨੇ ਕਹਾ ਭਾਈ ਹੁਨ ਤੂੰ ਏਥੋਂ ਜਾਹੁ ਅਪਨੀ ਕਾਰ ਕਰ ਤਾਂ ਓਹ ਕਸ਼ਮੀਰੀ ਗੁਰੂ ਜੀ ਨੂੰ ਸਲਾਮ ਕਰਕੇ ਚਲਦਾ ਰਹਿਆ ਜਾਂ ਆਪਨਾ ਅੱਯੜ ਦੇਖੇ ਤਾਂ ਸਾਰਾ ਹੀ ਮੋਇਆ ਪਿਆਹੈ ਅੱਯੜ ਦੇਖਕਰ ਬੜਾ ਹੈਰਾਨਹੋਯਾ ਤੇ ਆਖਨ ਲਗਾ ਯਾ ਖ਼ੁਦਾਇ ਏਹ ਅੱਯੜ ਮੇਰਾ ਹੁਣ ਅਜੇ ਚੰਗਾ ਭਲਾ ਹੈਸੀ ਅਤੇ ਹੁਣ ਇਸਨੂੰ ਕਿਆ ਹੋਯਾ ਹੈ ਤਾਂ ਉਸਨੇ ਆਪਨੇ ਮਨ ਵਿੱਚ ਸਮਝਿਆ ਕਿ ਭਾਈ ਏਹ ਜੋ ਹੋਈ ਹੈ ਓਸ ਫ਼ਕੀਰ ਦੀ ਬਾਤ ਹੋਈ ਹੈ ਸੋ ਹੁਣ ਮੈਂ ਜਾਕਰ ਓਸੇ ਫ਼ਕੀਰ ਦੀ ਪੈਰੀਂ ਪਵਾਂ ਤਾਂ ਮੇਰਾ ਕੁਛ ਸੌਰੇਗਾ ਨਹੀਂ ਤਾਂ ਮੇਰਾ ਬੁਰਾ ਹਾਲ ਹੋਵੇਗਾ ਕਿਉਂ ਕਿ ਅੱਯੜ ਦਾ ਖ਼ਾਵਿੰਦ ਮੈਨੂੰ ਕਿਆ ਆਖੇਗਾ ਅਤੇ ਮੇਰਾ ਬਾਲ ਬੱਚਾ ਕਿਸ ਭਰਹ ਪਲੇਗਾ ਏਹ ਬਾਤ ਸਮਝਕਰ ਓਹ ਕਸ਼ਮੀਰੀ ਸ੍ਰੀ ਗੁਰੂ ਨਾਨਕ ਜੀ ਦੀ ਤਰਫ਼ ਨੂੰ ਚਲਿਆ ਓਸੇ ਤਰਹ ਅਪਨਾ ਦੁੰਬਿਆਂ ਦਾ ਅੱਯੜ ਛੱਡ ਕਰ ਗੁਰੂ ਨਾਨਕ ਜੀਦੀ ਪੈਰੀਂ ਜਾਇਪਿਆ ਅਤੇ ਆਖਨ ਲੱਗਾ ਹੇ ਗ਼ਰੀਬਨਿਵਾਜ਼ ਇਕ ਬੜੀ ਕੁਦਰਤ ਹੋਈ ਹੈ ਤਾਂ ਸ੍ਰੀ ਗੁਰੂ ਨਾਨਕ

CC-0. Gurukul Kangri University Haridwar Collection. Digitized by S3 Foundation USA

ਜੀ ਕਹਿਆ ਕਹੁ ਭਾਈ ਕੀ ਬਾਤ ਹੋਈਹੈ ਤਾਂ ਉਸ ਪਾਲੀ ਨੇ ਕਹਿਆ ਹੇਸਾਈਂ ਲੋਕਜੀ ਮੈਂ ਨਿੱਤਹੀ ਦੁੰਬੇਚਾਰਦਾਫਿਰਦਾਹਾਂ ਏਸੇਬਾਤ ਉਪਰ ਮੇਰੀ ਅਤੇਮੇਰੇਟੱਬਰਦੀਗੁਜ਼ਰਾਨ ਚਲਦੀ ਹੈ ਅਤੇ ਇਸੀਕਰਕੇ ਮੇਰਾ ਬਾਲ ਬਚਾ ਪਲਦਾ ਹੈ ਅੱਜ ਮਾਂ ਘਰ ਤੋਂ ਦੁੰਬੇ ਚਾਰਨ ਵਾਸਤੇ ਆਧਾ ਸਾਂ ਅਤੇ ਅੱਯੜ ਚੰਗਾਭਲਾ ਛੱਡਕਰ ਆਪਦੀ ਤਰਫ਼ ਨੂੰ ਆਧਾਸਾਂ ਸੋਆਪ ਦਾ ਦੀਦਾਰ ਕੀਤਾਹੈ ਜਦ ਮੈਂ ਧੁਆਡੇ ਪਾਸੋਂ ਗਿਆ ਤੇ ਜਾਇਕਰ ਦੇਖਜਾ ਤਾਂ ਮੇਰਾ ਅੱਯੜ ਸਾਰਾ ਹੀ ਮੋਯਾਪਿਆਹੈ ਅਤੇ ਹੁਣ ਮੈਂ ਘਰਜਾਵਾਂਗਾ ਤਾਂ ਅੱਯੜ ਦਾ ਮਾਲਕ ਮੇਰਾ ਬਾਲ ਬੱਚਾ ਘਾਣੀ ਚਾਇ ਘੱਤੇਗਾ ਅਤੇਮੈਨੂੰਭੀ ਕਿਆਜਾਣਾ ਜੋਕਿਆ ਕਰੇਗਾਜੀ ਤਾਂਤੇਮੈਂ ਆਪ ਦੀ ਸ਼ਰਨ ਆਯਾ ਹਾਂ ਤੁਸੀਂ ਖੁਦਾਇ ਦੇ ਲੋਕ ਹੋ ਅਤੇ ਪ੍ਰਮੇਸ਼ਰਦੇ ਪਿਆਰੇਹੋ ਆਪ ਵਲੀ ਹੋ ਜੀ ਮੇਰੇ ਅਨਾਥ ਉਪਰ ਮੇਹਰਬਾਨੀ ਕਰੀਏਜੀ ਹੇ ਦੀਨਦਯਾਲ ਜੀ ਆਪ ਦਇਆ ਵਾਨ ਹੋ ਜੀ ਓਸਦੀਆਂ ਬਾਤਾਂ ਸੁਣਕਰ ਸ੍ਰੀ ਗੁਰੂ ਨਾਨਕ ਦੇਵਜੀ ਸਰਬਘਟਾਂਕੇ ਅੰਤਰ ਜਾਮੀ ਓਸਦੇ ਮਨ ਦੀ ਬੁਝਕਰ ਰਿਦੇ ਵਿਚ ਦਯਾ ਆਈ ਉਸਦੀ ਗਰੀਬੀ ਵਲ ਦੇਖਕੇ ਤਰਸਆਯਾ ਤੇ ਉਸ ਅਯਾਲੀਨੂੰ ਕੈਹਣ ਲਗੇ ਭਾਈ ਤੂੰ ਜਾਇਕੇ ਆਪਣੇ ਅੱਯੜਦੇ ਪਾਸ ਤੇ ਇਕ ਇਕ ਦੁੰਬੇ ਦੇ ਪਾਸ ਜਾਇਕਰ ਕਹੁ ਹੇ ਵਾਹਿਗੁਰੂਜੀ ਸੋ ਵਾਹਿਗੁਰੂ ਕੈਹਕਰ ਸਭਕੋ ਉਠਾਂਵਦਾ ਜਾਹ ਸੋ ਓਹ ਅਯਾਲੀ ਆਪਨੇ ਅੱਯ ਦੇ ਪਾਸ ਜਾਇਕਰ ਇਕ ਮਨ ਹੋਇਕੇ ਕੈਹਨ ਲਗਾ ਐ ਪ੍ਰਮੇਸ਼ਰ ਜੀ ਤੂੰ ਸਰਬੱਤ ਕਾ ਮਾਲਿਕ ਹੈਂ ਤਾਂ ਤੂੰ ਮੇਰੀ ਅਰਜ਼ ਸੁਣ ਕਰ ਮੇਰੇ ਅੱਯੜ ਨੂੰ ਮੁੜ ਸਾਬਤ ਕਰ ਇਹ ਕਹਿ ਕਰ ਓਹ ਅਯਾਲੀ ਵਾਹਿਗੁਰੂਆਖੇਤੇ ਦੁੰਬੇ ਨੂੰ ਹੱਥ ਲਾਵੇ ਦੁੰਬਾ ਉਠਕੇ ਚਰਨ ਲਗਪਵੇ ਏਸੇਤਰਾਂ ਸਾਰਾਅੱਯੜ ਉਠਕਰਚੁਗਨ ਲਗ ਪਿਆ ਤਾਂ ਓਹ ਅਯਾਲੀ ਦੇਖਕਰ ਬਹੁਤ ਹੈਰਾਨ ਹੋਇ ਗਯਾ ਤੇ ਫੇਰ ਅੱਯੜਛੱਡਕੇ ਸ੍ਰੀ ਗੁਰੂਜੀਦੇਪਾਸ ਜਾਇਕਰ ਚਰਨਾਂ ਤੇ ਢੈਹਪਿਆ ਤੇ ਆਖਨਲਗਾ ਹੇਮਹਾਂਪੁਰਖਜੀਮੇਰੇ ਉਪਰਕ੍ਰਿਪਾ ਦ੍ਰਿਸ਼ਟੀ ਕਰੋ ਜੀ ਏਹ ਆਖਕਰ ਓਹ ਅਯਾਲੀ ਸਾਰੀ ਰਾਤਸ੍ਰੀਗੁਰੂਨਾਨਕ ਜੀ ਦੇ ਚਰਨਾਂ ਪਾਸ ਬੈਠਾ ਰਿਹਾ ਤੇ ਅੱਯੜ ਸੁੰਞਾਹੀ ਚਰਦਾਰਿਹਾ ਜਾਂ ਅਗਲਾਦਿਨਹੋਯਾ ਤਾਂ ਓਸ ਅੱਯੜ ਦੇ ਖ਼ਾਵੰਦ ਨੇ ਆਖਿਆ ਭਾਈ ਅੱਯੜ ਮੇਰਾ ਰਾਤ ਘਰਨਹੀਂ ਆਯਾ ਮੈਂ ਚਲਕੇਦੇਖਾਂ ਕਿ ਕਿਉਂ ਨਹੀਂ ਆਯਾ ਤਾਂ ਓਹ ਢੂੰਡਦਾ ਢੂੰਡਦਾ ਓਥੇਆਇਕੇਦੇਖੇ ਤਾਂਕਿਆ ਦੇਖੇ ਜੋ ਅੱਯੜ ਸੁੰਞਾ ਚਰਦਾ ਹੈ ਤੇ ਅਯਾਲੀਗੁਰੂ ਜੀਦੇ ਪਾਸ ਬੈਠਾ ਹੈ ਤਾਂ ਓਸ ਅੱਯੜਦੇ ਖ਼ਾਵੰਦ ਨੇ ਦੇਖਕਰ ਸ੍ਰੀਗੁਰੂਨਾਨਕ ਜੀਦੇ ਚਰਨਾਂ ਉਪਰ ਮੱਥਾਟੇਕਿਆ ਤੇ ਦੇਖੇ ਤਾਂ ਸ੍ਰੀ ਗੁਰੂ ਜੀ ਭੀ ਬਡੇ ਮਸਤ ਹੋਇਕਰ ਬੈਠੇ ਹਨ ਅਤੇ ਨਾਲੇ ਓਹ ਅਯਾਲੀ ਭੀ ਮਸਤਹੋਕਰ ਬੈਠਾ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਦੇ ਅੱਗੇ ਓਸ ਅੱਯੜ ਦੇ ਮਾਲਕ ਨੇ ਕਹਿਆ ਹੇ ਮਹਾਂ ਪੁਰਖਜੀ ਏਹਅਯਾਲੀਰੋਜ਼ ਅਯੜਚਾਰਦਾ ਰੈਂਹਦਾਹੈਸੀ ਅਤੇ ਰਾਤਨੂੰ ਘਰਲੈਆਉਂਦਾ ਸੀ ਸੋ ਹੇ ਮੇਹਰਬਾਨ ਜੀ ਏਹ ਅੱਯਾਲੀ ਅੱਜ ਰਾਤਨੂੰ ਘਰ ਨਹੀਂ ਆਯਾ ਤਾਂ ਹੇ ਗੁਰੂਜੀ

CC-0. Gurukul Kangri University Haridwar Collection. Digitized by S3 Foundation USA

ਮਹਾਰਾਜ ਅਸੀ ਏਸਦੀ ਭਲਾਇਸ਼ ਕਰਦੇ ਕਨ ਦੇ ਆਏ ਹਾਂ ਜੀ ਪਰ ਹੇ ਦੀਨ ਦਇਆਲ ਜੀ ਏਹ ਦੇ ਪਿੱਛੇ ਅਸਾਨੂੰ ਆਪਦਾ ਦੀਦਾਰ ਹੋਇ ਗਿਆ ਹੈ ਜੀ ਤਾਂ ਉਸ ਅੱਯਾਲੀ ਨੇ ਕਹਿਆ ਭਾਈ ਇਹ ਜੋ ਫ਼ਕੀਰ ਖ਼ੁਦਾਇਦਾ ਪਿਆਰਾ ਦੇਖਦੇ ਹੋ ਸੋ ਐਨ ਖ਼ੁਦਾਇਦਾ ਰੂਪ ਹੈ ਅਤੇ ਯਾ ਆਪ ਖ਼ੁਦਾਇ ਇਸਦੇ ਵਿੱਚ ਹੈ ਮਤ ਤੁਸੀ ਕੁਛ ਹੋਰ ਜਾਨਦੇ ਹੋਵੋ ਤਾਂ ਉਸ ਅੱਯਫ਼ਦੇ ਮਾਲਕ ਨੇ ਕਹਿਆ ਭਾਈ ਤੂੰ ਜੋ ਇਸਫ਼ਕੀਰਦੀ ਉਸਤਤ ਕਰਦਾ ਹੈਂ ਤੂੰ ਕਿਸਤਰਾਂ ਜਾਨਦਾ ਹੈਂ ਭਾਈ ਸੱਚ ਕਹੁ ਤਾਂ ਉਸ ਅੱਯਾਲੀ ਨੇ ਕਹਿਆ ਭਾਈ ਸੁਣੋ ਮੈਂ ਏਥੇ ਰੋਜ ਦੁੱਬੇ ਚਰਾਂਦਾ ਸਾਂ ਜਾਂ ਮੈਂ ਕੱਲ ਏਥੇ ਆਯਾ ਤੇ ਅੱਯਫ਼ ਨੂੰ ਛੱਡ ਕੇ ਏਨਾਂ ਦੇ ਪਾਸ ਆਇ ਕਰ ਮੈਂ ਏਨਾਂ ਨੂੰ ਕਹਿਆ ਭਾਈ ਤੁਸੀ ਚੋਰ ਹੋ ਅਥਵਾ ਰਾਹ ਪਾਫ਼ ਹੋ ਐਸੀਆਂ ਐਸੀਆਂ ਬਿਅਦਬੀ ਦੀਆਂ ਬਾਤਾਂ ਬਹੁਤ ਹੀ ਆਖੀਆਂ ਤਾਂ ਏਨਾਂ ਸਾਈਂ ਦੇ ਪਿਆਰਿਆਂ ਮੈਨੂੰ ਏਹ ਆਖਿਆ ਭਾਈ ਤੂੰ ਜਾਹ ਜਾਇ ਕਰ ਆਪਨਾ ਕੰਮ ਕਰ ਜਾਂ ਮੈਂ ਏਥੋਂ ਗਿਆ ਤੇ ਜਾਇ ਕਰ ਦੇਖਾਂ ਤਾਂ ਅੱਯਫ਼ ਵਿੱਚੋਂ ਇਕ ਦੁੱਬਾ ਨਹੀਂ ਜੀਂਦਾ ਸਾਰਾ ਅੱਯਫ਼ ਮੋਯਾ ਪਿਆ ਹੈ ਮੈਂ ਦੇਖ ਕੇ ਬਹੁਤ ਦਿਲਗੀਰ ਹੋਯਾ ਤੇ ਦਿਲ ਵਿੱਚ ਵਿਚਾਰਿਆ ਕਿ ਭਾਈ ਮੈਂ ਉਸ ਫ਼ਕੀਰ ਦੀ ਬਿਅਦਬੀ ਕੀਤੀ ਹੈ ਤਾਂ ਮੈਂ ਮੁੜ ਕੇ ਏਨਾਂ ਦੇ ਚਰਨਾਂ ਉਪਰ ਆਇ ਪਿਆ ਤਾਂ ਏਨਾਂ ਦੇ ਮਨ ਵਿਚ ਦਯਾ ਆਈ ਤੇ ਮੇਰੇ ਭਾਈਂ ਆਖਿਆ ਕਿ ਭਾਈ ਜਾਇ ਕਰ ਤੂੰ ਸ੍ਰੀ ਵਾਹਿਗੁਰੂ ਆਖ ਕਰ ਦੁੱਬੇ ਨੂੰ ਉਠਾਇ ਲੈ ਤਾਂ ਭਾਈ ਮੈਂ ਆਇ ਕੇ ਵਾਹਿਗੁਰੂ ਆਖਾਂ ਤੇ ਦੁੱਬੇ ਨੂੰ ਹੱਥ ਲਾਵਾਂ ਤੇ ਏਸੇ ਤਰਾਂ ਸਾਰਾ ਅੱਯਫ਼ ਉਠਾ ਲਿਆ ਸੋ ਭਾਈ ਇਸ ਕਰ ਕੇ ਮੈਂ ਸਮਝਿਆ ਹੈ ਜੋ ਏਹ ਖ਼ੁਦਾਇ ਦੇ ਪਿਆਰੇ ਹੈਨ ਯਾ ਆਪ ਖ਼ੁਦਾਇ ਹੈਨ ਅਤੇ ਭਾਈ ਹੁਣ ਤੁਸੀ ਆਪੇ ਆਪਣੇ ਦੁੱਬੇ ਘਰੀਂ ਲੈ ਜਾਹੋ ਤੇ ਮੇਰੇ ਭਰੋਸੇ ਉਪਰ ਮਤ ਛੱਡੋ ਤਾਂ ਓਨਾਂ ਲੋਕਾਂ ਕਹਿਆ ਭਾਈ ਤੂੰ ਸੱਤ ਆਖਦਾ ਹੈਂ ਤਾਂ ਓਨਾਂ ਆਪਨੇ ਦੁੱਬੇ ਘਰੋ ਘਰੀ ਲੈ ਆਂਦੇ ਤੇ ਵਸਤੀ ਵਿਚ ਧੂੰਮ ਆਇ ਪੱਤੀ ਆਨੇ ਕਹਿਆ ਸੁਣੋ ਭਾਈ ਏਸ ਸ਼ਹਿਰ ਦੇ ਬਾਹਰ ਫ਼ਕੀਰ ਆਯਾ ਹੈ ਪਰ ਐਨ ਖ਼ੁਦਾਇ ਦੀ ਸੂਰਤ ਹੈ ਅਤੇ ਦੋ ਦਾਂ ਦਿਨ ਉਸ ਨੂੰ ਬੈਠਿਆਂ ਹੋਏ ਹੈਨ ਅਤੇ ਕਿਸੇ ਓਨਾਂ ਦੀ ਖ਼ਬਰ ਵੀ ਨਹੀਂ ਲੀਤੀ ਏਹ ਬਾਤ ਸੁਣ ਕਰ ਸਭ ਲੋਕ ਸ਼ਹਿਰ ਦੇ ਓਥੇ ਆਇ ਸ੍ਰੀ ਗੁਰੂ ਜੀ ਦੀ ਪੈਰੀਂ ਪਏ ਅਤੇ ਕਹਿਣ ਲਗੇ ਹੇ ਫ਼ਕੀਰ ਸਾਈਂ ਲੋਕ ਜੀ ਅਸਾਥੋਂ ਬੜਾ ਗੁਨਾਹ ਹੋਯਾ ਹੈ ਜੋ ਅਸਾਂ ਆਪਦੀ ਕਿਸੇ ਤਰਾਂ ਦੀ ਟਹਿਲ ਨਹੀਂ ਕੀਤੀ ਸੋ ਸਾਨੂੰ ਆਪ ਬਖ਼ਸ਼ੋ ਜੀ ਅਸੀ ਦੁਨੀਆਂ ਦਾਰ ਸਦਾ ਹੀ ਗੁਨਾਹ ਗਾਰ ਹਾਂ ਤੇ ਆਪ ਪਰਮੇਸ਼ਰ ਦੇ ਪਿਆਰੇ ਹੋ ਸਾਡਾ ਗੁਨਾਹ ਨਾ ਵਿਚਾਰਨਾ ਜੀ ਅਸੀ ਭੁੱਲੇ ਹਾਂ ਆਪ ਬਖ਼ਸ਼ਨਹਾਰ ਹੋ ਜੀ ਜਿਉਂ ਜਾਣੋ ਸਾਨੂੰ ਕ੍ਰਿਪਾ ਦ੍ਰਿਸ਼ਟੀ ਕਰੋ ਜੀ ਇਹ ਅਰਜ਼ ਉਨਾਂ ਲੋਕਾਂ ਦੀ ਸੁਨ ਕਰ ਸ੍ਰੀ ਗੁਰੂ ਜੀ ਓਨਾਂ ਉਪਰ ਖ਼ੁਸ਼ੀ ਕੀਤੀ ਤੇ ਆਪਨੇ ਸਿੱਖ ਕੀਤੇ ਨਾਮ ਦਾਨ ਦਿੱਤਾ ਅਤੇ ਕਹਿਆ ਭਾਈ ਧਰਮ ਦੀ ਕਿਰਤ ਕਰਨੀ ਸੱਚ ਬੋਲਣਾਂ ਓਨਾਂ ਨੇ ਕਹਿਆ ਭਲਾ ਗੁਰੂ ਜੀ ਤਾਂ ਓਹ ਲੋਕ ਸ੍ਰੀ ਗੁਰੂ ਜੀ ਦੇ ਸਿੱਖ ਹੋਏ ਲੱਗੇ ਗੁਰੂ ਗੁਰੂ ਜਪਣ ਪਹਿਰ ਰਾਤ ਦੇ ਵਕਤ ਇਸ਼ਨਾਨ ਕਰਨ ਤੇ ਬਾਣੀ ਪੜ੍ਹਨ ਤੇ ਨਿੱਤ ਨੇਮ ਕਰਨ ॥ ਔਰ

CC-0. Gurukul Kangri University Haridwar Collection

OF INTERNET
UTH
ABHINAV GAUR

ਏਕ ਪੰਡਤ ਕਸ਼ਮੀਰ ਵਿਚ ਰਹਿੰਦਾ ਸੀ ਓਸਨੇ ਸੁਣਿਆ ਜੋ ਇਕ ਫ਼ਕੀਰ ਏਵੇਂ ਆਯਾ ਹੈ ਤੇ ਮੈਂ ਭੀ ਦੇਖਾਂ ਕੈਸਾ ਕ ਹੈ ਪਰ ਓਸ ਪੰਡਤ ਦੇ ਪਾਸ ਪੂਜਾ ਪਾਠਦੀ ਸਮੱਗ੍ਰੀ ਸੀ ਅਤੇ ਉਸ ਦੇ ਗਲਵਿੱਚ ਸਾਲਗ੍ਰਾਮਦੀ ਪ੍ਰਿਤਮਾ ਸੀ ਅਤੇ ਕਰਮਕਾਂਡੀ ਸੀ ਪਰ ਉਸਕੇ ਮਨ ਵਿਚੋਂ ਦੂਜਾ ਭਾਉ ਜਾਂਦਾ ਨਹੀਂ ਸੀ ਸੋ ਓਹ ਪੰਡਤ ਵੀ ਸ੍ਰੀ ਗੁਰੂ ਨਾਨਕ ਜੀ ਦੇ ਪਾਸ ਗਿਆ ਤਾਂ ਸ੍ਰੀ ਗੁਰੂ ਜੀ ਦਾ ਡੇਖਦੇਖਕਰ ਰਾਮ ਰਾਮ ਕਹਿਕਰ ਬੈਠ ਗਿਆ ਅਤੇ ਜੋ ਉਸਦੇ ਮਨ ਮੇਂ ਦੂਜਾ ਭਾਉ ਸੀ ਉਸਦਾ ਸਦਕਾ ਉਸਦੀ ਪੂਜਾ ਥਾਇ ਨਹੀਂ ਸੀ ਪਉਂਦੀ ਤਾਂ ਸ੍ਰੀ ਗੁਰੂ ਨਾਨਕ ਜੀ ਬਚਨ ਕੀਤਾ ਹੇ ਪੰਡਤਜੀ ਤੁਸੀਂ ਵੀ ਕੁਛ ਆਖਹੁ ਤਾਂ ਪੰਡਤ ਨੇ ਕਹਿਆ ਹੇ ਭਗਤਜੀ ਮੇਰੇ ਮਨ ਵਿਚੋਂ ਦੂਜਾ ਭਾਉ ਨਹੀਂ ਜਾਂਦਾ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਹੇ ਪੰਡਤ ਜੀ ਤੁਸੀ ਜਾਇ ਕਰ ਗੁਰੂ ਕਰੋ ਤਾਂ ਤੁਮਾਰਾ ਦੂਜਾ ਭਾਉ ਦੂਰ ਹੋਵੇਗਾ ਤਾਂ ਪੰਡਤ ਨੇ ਕਹਿਆ ਹੇ ਗੁਰੂ ਜੀ ਮੈਂ ਗੁਰੂ ਕਿਸਨੂੰ ਕਰਾਂ ਤਾਂ ਸ੍ਰੀ ਗੁਰੂ ਜੀ ਨੇ ਕਹਿਆ ਹੇ ਪੰਡਤ ਜੀ ਉਦਿਆਨ ਵਿੱਚ ਚਾਰ ਫ਼ਕੀਰ ਬੈਠੇ ਹਨ ਉਨ੍ਹਾਂ ਨੂੰ ਜਾਇਕਰ ਪੁੱਛ ਓਹ ਤੇਰੇ ਭਾਈਂ ਜੋ ਦੱਸਣ ਓ ਉਸਨੂੰ ਗੁਰੂ ਕਰੀਂ ਤਾਂ ਓਹ ਪੰਡਤ ਓਥੋਂ ਉਠ ਕਰ ਉਜਾੜ ਮੇਂ ਗਿਆ ਜਾਇਕਰ ਦੇਖੇ ਤਾਂ ਕਿਆ ਦੇਖੇ ਜੋ ਫ਼ਕੀਰ ਚਾਰ ਓਥੇ ਬੈਠੇ ਹੈਨ ਸੋ ਪੰਡਤ ਉਨ੍ਹਾਂ ਭਾਈਂ ਮੱਥਾ ਟੇਕਕਰ ਬੈਠ ਗਿਆ ਤਾਂ ਉਨ੍ਹਾਂ ਕਹਿਆ ਪੰਡਤ ਜੀ ਕੀਕਰ ਆਏ ਹੋ ਤਾਂ ਉਸ ਪੰਡਤ ਨੇ ਕਹਿਆ ਹੇ ਸੰਤਜੀ ਮੈਂ ਗੁਰੂ ਕਰਨਾ ਹੈ ਜੋ ਮੇਰੇ ਭਾਈਂ ਕਹੋ ਸੋ ਮੈਂ ਕਰਾਂ ਤਾਂ ਉਨ੍ਹਾਂ ਸੰਤਾਂ ਨੇ ਕਹਿਆ ਪੰਡਤਜੀ ਓਹ ਜੋ ਉੱਚਾ ਮਕਾਨ ਹੈ ਓਥੇ ਤੇਰਾ ਗੁਰੂ ਹੈ ਓਹ ਤੈਨੂੰ ਦੱਸੇਗਾ ਤੂੰ ਉਸ ਪਾਸ ਜਾਹ ਤਾਂ ਪੰਡਤ ਜੀ ਓਸ ਮੰਦਰ ਦੇ ਬਾਹਰ ਜਾਇਕਰ ਮੱਥਾ ਟੇਕ ਕਰ ਓਹਦੇ ਅੰਦਰ ਜਾਇ ਝਾਤੀ ਪਾਈ ਤਾਂ ਕਿਆ ਦੇਖੇ ਜੋ ਓਥੇ ਸੂਹੇ ਬਸਤ੍ਰ ਪਹਿਨਕਰ ਇਕ ਇਸਤ੍ਰੀ ਬਹੁਤ ਸਰੂਪਵਾਲੀ ਬੈਠੀ ਹੈਸੀ ਪਰ ਆਪਣੇ ਧਯਾਨ ਖੇਡ ਰਹੀ ਸੀ ਅ ਉਸਦੇ ਪੈਰੀਂ ਜੁੱਤੀ ਸੀ ਸੋ ਉਸਨੇ ਜੁੱਤੀ ਉਤਾਰਕਰ ਸੁੱਟੀ ਤਾਂ ਪੰਡਤ ਦੇ ਸਿਰ ਵਿਚ ਵੱਜੀ ਤਾਂ ਪੰਡਤ ਜੀ ਓਥੋਂ ਰੋਂਦਾ ਪਿਟਦਾ ਉਨ੍ਹਾਂ ਸੰਤਾਂ ਪਾਸ ਆਯਾ ਤੇ ਉਨ੍ਹਾਂ ਸੰਤਾਂ ਕਹਿਆ ਕਹੁ ਪੰਡਤਜੀ ਗੁਰੂ ਮਿਲਿਆ ਹਈ ਤਾਂ ਪੰਡਤ ਨੇ ਆਪਨੀ ਸਭ ਹਕੀਕਤ ਕਹਿਕਰ ਸੁਨਾਈ ਤਾਂ ਉਨ੍ਹਾਂ ਸੰਤਾਂ ਕਹਿਆ ਹੇ ਪੰਡਤ ਜੀ ਓਹ ਤਾਂ ਮਾਯਾ ਹੈ ਜਿਸਦੀ ਤੂੰ ਪੂਜਾ ਕਰਦਾ ਹੈਂ ਤਾਂ ਓਹ ਪੰਡਤ ਫੇਰ ਸ੍ਰੀ ਗੁਰੂ ਨਾਨਕ ਜੀ ਦੀ ਸ਼ਰਨੀ ਆਇ ਪਿਆ ਤੇ ਕਹਿ ਓਸ ਹੇ ਗੁਰੂ ਜੀ ਮੇਰੇ ਉਪਰ ਕ੍ਰਿਪਾ ਦ੍ਰਿਸ਼ਟੀ ਕਰੋ ਜੀ ਮੈਂ ਭੁੱਲਾ ਹਾਂ ਜੀ ਅਤੇ ਜੋ ਸਮੱਗ੍ਰੀ ਸੀ ਸੋ ਸਭ ਸਟ ਘੱਤੀ ਅਤੇ ਪੁਸਤਕ ਲੁਟਾਇ ਦਿੱਤੇ ਤੇ ਸ੍ਰੀ ਗੁਰੂ ਨਾਨਕ ਜੀ ਦਾ ਸਿੱਖ ਹੋਯਾ ਲੱਗਾ ਗੁਰੂ ਗੁਰੂ ਜਪਨ ਤਾਂ ਸ੍ਰੀ ਗੁਰੂ ਜੀ ਉਸ ਪੰਡਤ ਦੇ ਪ੍ਰਥਾਇ ਇਕ ਸ਼ਲੋਕ ਉਚਾਰਿਆ ॥

ਗੁਰ ਮਿਲਿਐ ਮਨ ਰਹਿਸੀਐ ਜਿਉਂ ਵੁਠੈ ਧਰਣਸੀਗਾਰ ॥ ਸਭ ਦਿਸੈ ਹਰੀਆ-
ਵਲੀ ਸਰ ਭਰੇ ਸੁਕਰ ਤਾਲ ॥ ਅੰਦਰ ਰਚੇ ਰੰਗ ਜਿਉ ਮੰਜੀਠੈ ਲਾਲ ਗੁਲਾਲ ॥
ਕਮਲ ਬਿਗਸੈ ਸਚ ਮਨ ਗੁਰ ਕੈ ਸਬਦ ਨਿਹਲ ॥ ਮਨਮੁਖ ਦੂਜੀ ਤਰਫ ਹੈ ਦੇਖਹ

CC-0. Gurukul Kangri University Haridwar Collection. Digitized by S3 Foundation USA

ਨਦਰ ਨਿਹਾਲ ॥ ਢਾਹੀਢਾਬੇਮਿ੍ਗਜਿਉ ਸਿਰਦਿਸੈਜਮਕਾਲ ॥ ਖੁਧਿਆਤ੍ਰਿਸਨਾ ਨਿੰਦਾ ਬੁਰੀ ਕਾਮਕ੍ਰੋਧਵਿਕਰਾਲ ॥ ਏਨੀਅਖੀਂ ਨਦਰਨਆਵਹੀ ਜਿਚਰ ਸਬਦ ਨ ਕਰੇ ਪਿਆਰ ॥ ਤੁਧ ਭਾਵੈ ਸੰਤੋਖੀਆ ਚੂਕੈ ਆਲ ਜੰਜਾਲ ॥ ਮੂਲਰਹੈ ਗੁਰ ਸੇਵੀਐ ਗੁਰ ਪਉੜੀ ਬੋਹਿਥ ॥ ਨਾਨਕ ਲਗੀ ਤਤਲੈ ਤੂੰਸਚਾ ਮਨਸਚ ॥ ੧ ॥

ਜਾਂ ਏਹ ਸ਼ਬਦ ਸ੍ਰੀ ਗੁਰੂ ਜੀ ਕਹਿਆ ਤਾਂਹੋਰਪੰਡਤ ਕਸ਼ਮੀਰਦੇ ਸੱਭੇਰਲਕਰਸ੍ਰੀਗੁਰੂ ਜੀ ਦੇ ਪਾਸਆਇਬੈਠੇ ਤੇ ਕਹਿਨਲਗੇ ਹੇਸ੍ਰੀਗੁਰੂਨਾਨਕਜੀ ਅਸੀ ਸਭ ਵੇਦ ਪਾਠ ਕਰਦੇ ਹਾਂ ਤੇ ਪੁਰਾਣ ਸੁਣਦੇਹਾਂ ਅਤੇ ਸਾਡੇਮਨਵਿੱਚੋਂਹੰਕਾਰਨਹੀਂਜਾਂਦਾਐਸੀ ਕ੍ਰਿਪਾਦ੍ਰਿਸ਼ਟੀ ਕਰੋ ਜੋ ਸਾਡੇਮਨਵਿੱਚੋਂ ਹੰਕਾਰਦੂਰਹੋਜਾਵੇਜੀਤਾਂਸ੍ਰੀਗੁਰੂਨਾਨਕਜੀਉਨ੍ਹਾਂਪੰਡਿਤਾਂਦੀ ਬੇਨਤੀ ਸੁਣ ਕਰ ਉਨ੍ਹਾਂ ਦੇ ਪ੍ਰਥਾਇ ਪਰ ਸ਼ਬਦ ਉਚਾਰਨ ਕੀਤਾ ॥ ਸਿਰੀਰਾਗ ਮਹਲਾ ੧

ਲਬਕੁਤਾਕੂੜਚੁਹੜਾਠਗਖਾਧਾਮੁਹਦਾਰ ॥ ਪਰ ਨਿੰਦਾ ਪਰਮਲ ਮੁਖ ਸੁਧੀ ਅਗਨਿ ਕ੍ਰੋਧ ਚੰਡਾਲ ॥ ਰਸ ਕਸ ਆਪ ਸਲਾਹਣਾ ਏਹ ਕਰਮਮੇਰੇਕਰਤਾਰ ॥ ੧ ॥ ਬਾਬਾਬੋਲੀਐਪਤਿ ਹੋਇ ॥ਊਤਮਸੇਦਰਊਤਮਕਹੀਅਹਿਨੀਚਕਰਮਬਹਿਰੋਇ ॥ ੧ ॥ ਰਹਾਉ ॥ਰਸਸੁਇਨਾ ਰਸ ਰੁਪਾਕਾਮਣ ਰਸੁਪਰਮਲਕੀਵਾਸ ॥ ਰਸ ਘੋੜੇਰਸਸੇਜਾਮੰਦਰਰਸਮੀਠਾਰਸਮਾਸ ॥ ਏਤੇ ਰਸ ਸਰੀਰਕੇ ਕੈਘਟਿਨਾਮਨਿਵਾਸ ॥ ੨ ॥ ਜਿਸ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣ ॥ ਫਿਕਾਬੋਲ ਵਿਗੁਚਨਾ ਸੁਨਮੂਰਖ ਮਨਅਜਾਨ ॥ ਜੋਤਿਸ ਭਾਵਹਿ ਸੇ ਭਲੇ ਹੋਰ ਕਿ ਕਹਿਣ ਵਖਾਣ ॥ ੩॥ ਤਿਨ ਮਤਿ ਤਿਨ ਪਤਿ ਤਿਨ ਧਨ ਪਲੈ ਜਿਨ ਹਿਰਦੈ ਰਹਿਆ ਸਮਾਇ ॥ ਤਿਨਕਾਕਿਆਸਲਾਹਣਾਅਵਰਸੁਆਲਿਓਕਾਇ ॥ ਨਾਨਕਨਦਰੀਬਾਹਰੇ ਰਾਚੇ ਦਾਨ ਨ ਨਾਇ ॥ ੪ ॥ ੧ ॥ ਤਿਸਕਾ ਪਰਮਾਰਥ ਸ੍ਰੀ ਗੁਰੂਨਾਨਕ ਜੀ ਕਹਿਤੇ ਹੈਨ ਸੁਣੋ ਪੰਡਤ ਜੀ ਲੋਭ ਜੋ ਹੈ ਸਰੀਰ ਮੇਂ ਸੋ ਕੁੱਤਾ ਹੈ ਝੂਠ ਚੰਡਾਲ ਹੈ ਤੇ ਠੱਗੀ ਕਰਨੀ ਮੁਰਦੇ ਦੇ ਸਮਾਨਹੈ ਪਰਨਿੰਦਾ ਚੂਹੜੀ ਹੈ ਪਰਮਲ ਜੋਹੈ ਸੋ ਅਗਨ ਦੇ ਸਮਾਨ ਹੈ ਰਸ ਕਸ ਇੱਤਿ-ਆਦਿਕਖੋਟੇ ਕਰਮਹੈਨ ਤੌ ਪਰਮੇਸ਼ਰ ਦਾ ਨਾਮ ਕੈਸੇ ਰਿਦੇ ਮੇਂ ਪਰਵੇਸ਼ ਕਰੇ ਤੇ ਜਬਲਗ ਸਤਸੰਗ ਨਹੀਂ ਹੁੰਦਾ ਤਬਲਗ ਮਨਸ਼ੁੱਧ ਨਹੀਂਹੋਤਾ ਸੋ ਜੋ ਉਤਮ ਕਰਮ ਕਰਦੇ ਹੈਨ ਸੋ ਉਤਮ ਹੈਨ ਤੇਜੋਨੀਚਕਰਮਕਰਦੇਹੈਨ ਸੋਨੀਚਹੈਨ ਤੈਸੇਹੇਪੰਡਿਤਜੀਨਾਮ ਜਪੇ ਅਥਵਾ ਸੁਣੇਤੇ ਮਨਨਕਰੇਤਾਂ ਏਸਜੀਵਦੇਸਰੀਰਮੇਂ ਸ਼ਾਂਤ ਨਿਵਾਸਕਰਦੀਹੈ ਤਾਂ ਵੋਹ ਪੁਰਖ ਪਰ-ਮੇਸ਼ਰਦੇਲੋਕਕੋਪ੍ਰਾਪਤਹੋਤੇਹੈਨ ਏਹਉਪਦੇਸ਼ਸੁਨਕਰਓਹ ਪੰਡਤ ਸ੍ਰੀ ਗੁਰੂ ਜੀਕੇ ਸਿੱਖ ਹੋਏ ਅਤੇਲਗੇਗੁਰੂਗੁਰੂਜਪਣ ਤਾਂ ਸ੍ਰੀ ਗੁਰੂਜੀਨੇ ਕਹਿਆ ਭਾਈ ਵਿੱਦਜਾ ਕਾ ਅਭਿਮਾਨ ਨਹੀਂ ਕਰਨਾਂ ਅਤੇ ਸੰਤਾਂ ਦੀ ਟਹਿਲ ਕਰਨੀ ਆਏ ਅਭਿਆਗਤ ਦੀ ਸੇਵਾ ਕਰਨੀ ਧਰਮ ਮੇਂ ਅਸਥਿਤ ਰਹਿਣਾ ਔਰ ਨਾਮਦਾਨ ਇਸ਼ਨਾਨ ਕਰਨਾ ਤੇ ਝੂਠ ਨਹੀਂ ਬੋਲਨਾ ਤੇ ਧਰਮ ਦੀ ਕਮਾਈ ਕਰਨੀ ਏਹ ਕਹਿਕਰ ਸ੍ਰੀ ਗੁਰੂ ਜੀ ਓਥੋਂ ਚਲਦੇ ਰਹੇ ॥ ੧੪੬ ॥

CC-0. Gurukul Kangri University Haridwar Collection. Digitized by S3 Foundation USA

INTERNET
UTH
ABHINAV GAUR

ਸਾਖੀ ਹੋਰ ਚਲੀ

ਗੋਸ਼ਟਿ ਭਾਈ ਅਜੱਤੇ ਰੰਧਾਵੇ ਨਾਲ ਹੋਈ

ਇਕ ਦਿਨ ਸ੍ਰੀ ਗੁਰੂ ਬਾਬਾ ਨਾਨਕ ਜੀ ਨਗਰ ਕਰਤਾਰਪੁਰ ਧਰਮਸਾਲਾ ਵਿੱਚ ਇਕੰਤ ਬਹੁਤ ਬੈਰਾਗ ਕੇ ਘਰਵਿੱਚ ਛਪਬੈਠਾਥਾ ਤਿਸਸਮੇਂ ਸਿਰੀਰਾਗਵਿੱਚਸ਼ਬਦਗਾਂਵਦਾਸੀ ॥

ਸਿਰੀ ਰਾਗ ਮਹਲਾ ੧ ॥ ਕੋਟਿ ਕੋਟੀ ਮੇਰੀ ਆਰਜਾ ਪਉਣ ਪੀਅਨ ਅਪਿਆਉ॥ ਚੰਦਸੂਰਜ ਦੁਇ ਗੁਫੈ ਨ ਦੇਖਾ ਸੁਪਨੇ ਸਵਣ ਨ ਥਾਉ॥ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡ ਆਖਾ ਨਾਉ॥੧॥ ਸਾਚਾ ਨਿਰੰਕਾਰ ਨਿਜ ਥਾਉ ॥ ਸੁਣਿ ਸੁਣਿ ਆਖਣ ਆਖਣਾ ਜੇਭਾਵੈ ਕਰੈ ਤਮਾਉ ॥੧॥ ਰਹਾਉ॥ ਪੰਖੀ ਹੋਇਕੈ ਜੇਭਵਾਂ ਸੈ ਅਸਮਾਨੀ ਜਾਉ॥ਨਦਰੀ ਕਿਸੇਨਆਵਊ ਨਾ ਕਿਛੁ ਪੀਆ ਨ ਖਾਉ॥ਭੀ ਤੇਰੀ ਕੀਮਤਿ ਨਾਪਵੈ ਹਉ ਕੇਵਡੁ ਆਖਾ ਨਾਉ ॥ ੨ ॥ ਕੁਸਾ ਕਟੀਆ ਵਾਰ ਵਾਰ ਪੀਸਣ ਪੀਸਾ ਪਾਉ ॥ ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ ॥ ਭੀ ਤੇਰੀ ਕੀਮਤਿ ਨਾਪਵੈ ਹਉ ਕੇ ਵਡ ਆਖਾ ਨਾਉ॥੩॥ ਨਾਨਕ ਕਾਗਦ ਲਖਮਣਾ ਪੜਿ ਪੜਿ ਕੀ ਚੈ ਭਾਉ॥ ਮਸੂ ਤੋਟਿ ਨ ਆਵਈ ਲੇਖਣ ਪਉਣ ਚਲਾਉ॥ ਭੀ ਤੇਰੀ ਕੀਮਤਿ ਨਾਪਵੈ ਹਉ ਕੇ ਵਡ ਆਖਾ ਨਾਉ॥੪

ਜਾਂ ਸ੍ਰੀ ਗੁਰੂ ਬਾਬੇ ਨਾਨਕ ਜੀ ਏਹ ਸ਼ਬਦ ਉਦਾਸ ਰੂਪ ਬੈਰਾਗ ਦੇ ਘਰ ਗਾਂਵਿਆ ਤਾਂ ਭਾਈ ਅਜੱਤੇ ਰੰਧਾਵੇ ਸੁਣਿਆ ਸੁਣਕਰ ਡਰਗਿਆ ਭੈਮਾਨ ਹੋਇਕਰ ਹਜ਼ੂਰ ਸ੍ਰੀ ਗੁਰੂ ਬਾਬੇ ਅੱਗੇ ਹੱਥ ਜੋੜਕੇ ਆਯਾ ਜਾਂ ਦੇਖੈ ਤਾਂ ਸ਼ਬਦ ਕਰਕੇ ਬੈਰਾਗ ਕਰਦੇਹੈਨ ਅਰ ਬਹੁਤ ਉਦਾਸੀਦੇ ਘਰਹੈਨ ਤਾਂ ਮੱਥਾਟੇਕਕਰ ਬੈਠਾ ਤਾਂ ਭਾਈ ਅਜੱਤਾ ਰੰਧਾਵਾ ਸ੍ਰੀ ਗੁਰੂ ਬਾਬੇ ਜੀਕਾ ਸੁਭਾਵ ਦੇਖਕਰ ਬਹੁਤ ਦਿਲਗੀਰ ਹੋਯਾ ਜਾਂ ਘੜੀਆਂ ਦੁਇਕ ਬੀਤੀਆਂ ਤਾਂ ਸਤਿਗੁਰ ਦਇਆਲ ਹੋਯਾ ਤਾਂ ਆਖਿਆ ਬੱਚਾ ਤੂੰ ਭੈਮਾਨ ਕਿਉਂ ਹੋਯਾ ਹੈਂ ਤਾਂ ਅਜੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਿਸ਼ਾਹ ਜੀ ਤੇਰਾ ਬਚਨ ਸੁਨਕੇ ਬਹੁਤ ਮਨਵਿੱਚ ਗਿਣਤੀ ਆਈ ਹੈ ਜੇ ਭਾਵੈ ਤਾਂ ਅਰਦਾਸ ਸੁਣੀਐ ਤਾਂ ਬਚਨ ਹੋਯਾ ਬੱਚਾ ਅਜੱਤਿਆ ਅਰਦਾਸ ਗੁਰੂ ਸੁਣਦਾ ਹੈ ਜੋ ਕੁਛ ਪੁਛੇਂਗਾ ਸੋ ਨਿਸ਼ਾ ਹੋਵੇਗੀ ਤਾਂ ਗੁਰੂ ਕੇ ਬਚਨ ਪਾਇ ਕਰ ਅਜੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਿਸ਼ਾਹ ਜੀ ਜੇ ਤੂੰ ਮੇਹਰਬਾਨ ਹੋਯਾ ਹੈਂ ਤਾਂ ਇਸ ਪਦ ਦਾ ਵੀਚਾਰ ਸਮਝਾਈਐ ਤਾਂ ਬਚਨ ਹੋਯਾ ਸ਼ਾਬਾਸ ਬੱਚਾ ਅਜੱਤਿਆ ਤੈਂ ਭਲੀ ਬਾਤ ਪੁੱਛੀ ਹੈ ਸਿੱਖ ਤੇ ਪੁੱਤ੍ਰ ਏਹੋ ਜੇਹੇ ਲੋੜੀਦੇ ਹਨ ਜਿਸ ਕਰਕੇ ਸਿੱਖੀ ਕਾ ਉਧਾਰ ਹੋਵੇ ਬੱਚਾ ਅਜੱਤਿਆ ਤੈਂ ਭਲੀ ਬਾਤ ਪੁੱਛੀ ਹੈ ਇਸ ਪਦ ਕਾ ਬੀਚਾਰ ਏਹ ਹੈ ਜੇ ਕੋਈ ਕਹੇ ਜੋ ਮੈਂ ਬੇਸ਼ੁਮਾਰ ਜੀਕੀ ਕੀਮਤ ਪਾਵਾਂ ਤਾਂ ਨਹੀਂ ਪਾਈ ਜਾਤੀ ਤਾਂ ਉਸਦੇ ਵਾਸਤੇ ਕਿਤਨੇ ਜਤਨ ਕਰਤੇ ਹੈਨ ਜੇ ਕੋਈ ਆਖੇ ਜੋ ਮੈਂ ਪਉਣ ਕਾ ਅਹਾਰ ਕੀਤਾ ਕਿਛ ਨਾਹੀਂ ਹੋਂਦਾ ਜਿਚਰ ਚੰਦਸੂਰਜ ਇਕ ਗੁਫਾ ਵਿਚ ਨ ਹੋਵਨ ਤਿਚਰ ਸੁਪਨੈ ਸਉਣ ਨਾਹੀਂ ਮਿਲਦਾ ਅਤੇ ਸੱਚੇ ਨਿਰੰਕਾਰ ਕਾ ਵਾਸ ਜੋ ਹੈ ਸੋ ਨਿਜ ਥਾਉਂ ਵਿੱਚ ਹੈ ਜਾਂ ਨਿਜ ਥਾਉਂ ਦਿੱਸੇ

CC-0. Gurukul Kangri University Haridwar Collection. Digitized by S3 Foundation USA

ਤਾਂ ਆਵਾਗਉਣ ਤੇ ਰਹਿਤ ਹੋਵੇ ਨਿਜਥਾਉਂ ਏਹ ਆਪਣੇਘਟਵਿਚ ਪਰਮੇਸ਼ਰ ਵਸਦਾ ਹੈ ਅਤੇ ਜੋਬੇਸ਼ੁਮਾਰਦੀ ਦਰਗਾਹ ਵਲ ਦਿਸਦਾਹੈ ਤਾਂਓੜਕ ਅੰਤਕੁਛਨਾਹੀਂ ਜਿਸ ਕਰਕੇ ਉਸਦੀ ਕੀਮਤਿ ਪਾਵੇ ਤਿਸਦਾ ਹਉਂ ਕੇਵਡ ਕਰਕੇ ਨਾਵ ਸਲਾਹੀਂ ਜੇ ਏਵਡ ਸਾਹਿਬ ਹੈ ਪਰ ਸੁਣ ਸੁਣ ਬੇਦ ਸ਼ਾਸਤ੍ਰ ਸਿੱਧ ਸਾਧਿਕ ਹੁਲਾਸ ਕਰਦੇਹੈਨ ਪਰਮੇਸ਼ਰ ਸਰਬਮਈ ਹੈ ਪਰ ਡਿੱਠਾ ਕਿਸੇ ਨਾਹੀਂ ਜੋ ਇਸ ਰੰਗਰੂਪਵਿੱਚਹੈਤਿਸਕਰਕੇ ਜੇ ਭਾਵਸ ਭਾਂ ਕਰੇ ਤਮਾਉ ਤਿਸਕੇ ਅੰਤਕਾਰਣ ਕੇਤੇ ਉਪਾਉ ਕਰਦੇ ਹੈਨ ਜੋ ਕਿਵੇਂ ਬੇਸ਼ੁਮਾਰ ਕਾ ਅੰਤ ਆਵੇ ਭਾਈ ਅਜਿੱਤਿਆ ਜੇਕੋਈ ਆਖੇ ਹਉਂ ਪੰਖੀਹੋਇਕੇ ਭਵਾਂਅਤੇ ਮੈ ਅਸਮਾਨੀਉੱਡਕੇਜਾਇਚੜ੍ਹਾਂ ਅਤੇ ਨਾ ਕਿਛੁ ਪੀਵੇ ਨਾ ਕੁਛਖਾਵੇ ਅਤੇ ਨਦਰੀਭੀ ਕਿਸੇਨੂੰਨਾਆਵੇ ਤਾਂਭੀ ਕੀਮਤਬੇਸ਼ੁਮਾਰ ਦੀ ਪਾਈ ਨਹੀਂ ਜਾਂਦੀ ਅਤੇਓਸਦਾਅੰਤ ਕੋਈਨਹੀਂ ਜਾਣਦਾ ਅਤੇ ਜੇ ਕੋਈ ਆਪ ਕੁਹਾਇ ਕੁਹਾਇਕੇ ਕਟ ਕਟਕੇ ਚੱਕੀ ਕਰ ਚਾਇ ਪੀਸਾਈਐ ਅਤੇ ਜੇਭਸਮ ਹੋਇਕਰ ਖੇਹ ਸੇਤੀ ਰਲਾਯਾ ਜਾਵੇ ਤਾਂ ਭੀ ਓਸਦੀ ਕੀਮਤਿਨਾਹੀਂ ਪਉਂਦੀ ਅਤੇਜੇ ਕੋਈਆਖੇ ਜੋਮੈਂ ਪਰਮੇਸ਼ਰ ਦਾ ਨਾਉਂ ਲਿਖ ਪੜ੍ਹ ਭਾਉ ਕਰੀਂ ਅਤੇ ਮਸ ਅਤੇ ਕਲਮਕੀ ਤੋਟ ਕਦੇ ਆਵੇਨਾਹੀਂ ਅਤੇ ਪਉਣਕੀ ਨਿਆਈਂ ਲਿੱਖਣ ਚਲਾਇ ਜਾਣਦਾ ਹੋਵੇ ਤਾਂ ਭੀ ਬੇਸ਼ੁਮਾਰ ਕੀ ਕੀਮਤ ਨਾਹੀਂ ਪਉਂਦੀ ਅਤੇ ਰਹਿੰਦਾਭੀ ਇਸਕੇ ਬੀਚਹੀਹੈ ਸਰਬਮਹਿਸਮਾਯਾਹੈ ਅਰ ਆਖਿਆ ਨਾਹੀਂ ਜਾਂਦਾ ਪਰ ਜੇ ਕੋਈ ਓਸਦੇ ਦੁਆਰੇ ਪਰ ਜਾਇਕੇ ਢਹਿਪਵੇ ਪਾਲਾ ਘਾਮ ਸਿਰ ਪਰ ਝੱਲੇ ਜੇਭਾਵਸ ਤਾਂਕਿਤਵੇਲੇਸਮਾਲਕਰੇਨਾਹੀਂ ਤਾਂ ਚਤਰਾਈਕੀਤਿਆਂਨਹੀਂ ਪਾਯਾਜਾਂਦਾਤਾਂਫੇਰ ਅਜਿੱਤੇਰੰਧਾਵੇਅਰਦਾਸਕੀਤੀ ਜੀਸਚੇਪਾਤਸ਼ਾਹਜੀ ਏਥੇ ਕਿਉਂਹੋਰ ਵਰਤਾਵਰਤਿਆਹੈ ਅਤੇਸੰਸਾਰ ਹੋਰਨਾਂ ਬਾਤਾਂਵਿੱਚ ਪਚਪਚਮਰਦਾਹੈ ਜੋਅਮਕਾ ਬੇਦ ਸੁਣੀਐ ਅਮਕਾ ਧਰਮ ਕਰੀਐਤਾਂ ਪਰਮੇਸ਼ਰ ਕਉਮਿਲੀਐ ਏਹਬਾਤਕਿਉਂਕਰਹੈ ਜੀ ਤਾਂ ਏਲਣਾ ਹੋਯਾ॥ਸ਼ਲੋਕ ॥ ਨਾ ਭੀਜੈ ਰਾਗੀਨਾਦੀਬੇਦ ॥ ਨਾਭੀਜੈ ਸੁਰਤੀਧਿਆਨੀਜੋਗ ॥ ਨਾਭੀਜੈ ਜੋਗੀਕੀਤੈ ਰੋਜਾ॥ ਨਾ ਭੀਜੈ ਰੁਪੀਮਾਲੀਰੰਗ ॥ ਨਾਭੀਜੈ ਬਾਹਰ ਬੈਠਿਆਸੁੰਨਿ॥ ਨਾਭੀਜੈਭੇਖਮਰਹਿਭਿਖਸੁਰ ॥ ਨਾਭੀਜੈ ਕੇਤਕ ਹੋਵੈਧੁੜ ॥ ਲੇਖਾ ਲਿਖੀਐ ਮਨਕੈ ਭਾਇ ॥ ਨਾਨਕ ਭੀਜੈ ਸਾਚੈ ਨਾਇ॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਓਹ ਬੇਸ਼ੁਮਾਰ ਅਗਮ ਪਰਮੇਸ਼ਰ ਹੈ ਬੇਪਰਵਾਹ ਹੈ ਨਾਹੀਂ ਭਿਜਦਾ ਭਾਵੇਂ ਕੋਈਰਾਗਨਾਦਗਾਵੈਭਾਵੇਂ ਬੇਦ ਸੁਣਾਵੈਭਾਵੇਂ ਕੋਈ ਗਿਆਨ ਸੁਰਤਕਰੈ ਭਾਵੈਂਕੋਈ ਸੋਗਕਰਕੇ ਬਹੇ ਨਾ ਰੂਪ ਮਾਲਕਰਕੇ ਭਿੰਜਦਾ ਹੈ ਨਾਦਾਨ ਪੁੰਨ ਕੀਏ ਭਿਜਦਾਹੈ ਸੁਨਭਾਈ ਸੂਰਮੇ ਕਾ ਮਹਾਤਮ ਸਬਤੇ ਵੱਡਾ ਕਹਿੰਦੇ ਹੈਨ ਜੋ ਭਿੜ ਮਰੀਐਤਾਂਵੀ ਨਹੀਂਭਿਜਦਾਜੋਕਹੇਹਉਂਧੁੜ ਹੋਇਰਹਾਂ ਤਾਂਭੀ ਪਰਮੇਸ਼ਰਨਾਹੀਂ ਭਿਜਦਾ ਬਿਨਾਂਸਚੇਨਾਮ ਨਹੀਂਭਿਜਦਾ ਸੱਚਨਾਮ ਜੋ ਹੈ ਸੋ ਮਨਕੇ ਅੰਤਰਲਿਖਿਆਹੋਯਾਹੈ ਓਸਕਾ ਰੂਪ ਸੱਚਹੈ ਹੋਰ ਚਤਰਾਈਆਂ ਕੀਤਿਆਂ ਓਹਨਾਹੀਂ ਭਿਜਦਾ ਬੇਦਸ਼ਾਸਤ੍ਰਪੁਰਾਨਇਹ ਜੋਗ

CC-0. Gurukul Kangri University Haridwar Collection. Digitized by

OF INTERNET // ABHINAV GAUR //

ਅਭਿਆਸ ਜੋ ਹੈਸੋ ਭੀ ਸਾਧਾਂ ਕੇਬਚਨਹੈਨ ਪਰਭਿਹੁੰ ਗੁਣਾਂਦਾਵਰਤਾਰਾਹੈ ਬੱਚਾਸਤਵਾਦ ਹੋਇਰਹੀਐਨਿੰਦਾ ਅਤੇਚਿੰਦਾਕਿਸੇਦੀਨਕਰੀਐ ਜੋ ਕੁਛ ਪਰਮੇਸ਼ਰਕੀਪੈਦਾਇਸ਼ਹੈਸੋਸਭ ਸੱਤਹੈ॥ਸਲੋਕ॥ ਜੂਠ ਨਾ ਰਾਗੀ ਜੂਠ ਨ ਬੇਦੀ ॥ ਜੂਠ ਨ ਚੰਦ ਸੂਰਜਕੀ ਭੇਦੀ॥ਜੂਠ ਨ ਅੰਨੀਜੂਠ ਨ ਨਾਈ॥ਜੂਠਨਮੀਹਵਰਿਐਸਭਥਾਈ॥ ਜੂਠਨਧਰਤੀ ਜੂਠਨਪਾਣੀ॥ ਜੂਠਨ ਪਵਣੈਮਾਹਿਸਮਾਣੀ ॥ ਨਾਨਕਨਿਗੁਰਿਆਗੁਨ ਨਾਹੀਕੋਇ॥ਮੂੰਹਫੇਰੈਮੂੰਹਜੂਠਾਹੋਇ॥ ੩ ॥ ਤਿਸਕਾ ਪਰਮਾਰਥ ॥ ਭਾਈ ਅਜੱਿਤਿਆ ਰਾਗਬੇਦ ਭੀ ਜੂਠ ਨਹੀਂ ਅਤੇ ਚੰਦਸੂਰਜ ਭੀ ਅਤੇ ਸਰਬਥਾਨ ਉਸਦੇਹੈਨ ਧਰਤੀ ਪਉਣ ਪਾਣੀ ਏਹ ਭੀ ਜੂਠ ਨਹੀਂ ਏਹਸਭ ਸੱਤ ਹੈ ਜੂਠਾ ਭਾਂ ਓਹਹੈ ਜਿਸਨੇ ਗੁਰਾਂਦੇਸ਼ਬਦ ਨਾਲੋਂਮੂੰਹ ਫੇਰਿਆਹੈ ਅਰ ਜੋ ਨਿਗੁਰੇਹਨ ਤਿਨ ਕਾ ਕੀ ਹਵਾਲਹੈ ਜੋਏਥੇਹੀ ਪਰਤੱਖ ਗੁਰਾਂਨਾਲੋਂਨਿਖੜੇਹੈਨ ਸੋ ਫੇਰ ਕਦੇ ਨਾ ਮਿਲਨਗੇ ਜਾਂ ਏਹ ਬਚਨ ਸ੍ਰੀਗੁਰੂਬਾਬੇਜੀ ਕਹਿਆ ਭੁਾਂ ਅਜੱਿਤਾ ੰਧਾਵਾ ਬਿਸਮਾਦ ਹੋਇਗਿਆ ਭਾਂ ਅਰਦਾਸਕੀਤੀਅਸਜੀ ਸੱਚੇ ਪਾਤਸ਼ਾਹ ਤੇਰਾਵਰਨ ਚਿਹਨ ਰੰਗਰੂਪਏਹੋਹੈ ਕਿ ਕੋਈ ਹੋਰ ਹੈ ਭਾਂ ਬੋਲਣਾਹੋਯਾ ਬੱਚਾ ਅਜੱਿਤਿਆ ਪੂਰੇ ਏਹੋਜੇਹੇਲੋੜੀਦੇ ਹਨ ਗੁਰੂ ਬਾਬਾ ਜੀ ਬਹੁਤ ਖ਼ੁਸ਼ੀਹੋਯਾ ਬੱਚਾ ਤੂੰ ਭਲੀਵਸਤ ਪੁੱਛੀਹੈ ਏਹ ਬਚਨ ਸਿੱਖਾਂ ਸੰਤਾਂਨੂੰ ਕਿ ੇ ਭਲੇ ਵਖਤ ਕੰਮ ਦੇਵਨਗੇ ਭਾਂਫੇਰ ਬਚਨਹੋਯਾ ਬਚਾਜਿਉਂ ਸਾਂਗੀਸਾਂਗ ਕਰਤਾਹੈ ਅਤੇ ਆਪਣਾ ਭੇਖ ਬਦ-ਲਾਇੰਦਾਹੈ ਤਿਸਨੋਂਕੋਈ ਲਖਨਹੀਂਸਕਦਾ ਜੋ ਏਹ ਕੌਣਹੈ ਸੋ ਇਸੀਰਉਂਸਗੁਰੂ ਭੀ ਭੇਖ ਵਟਾਯਾ ਭਾਂ ਸਿਆਣੀਏਂਗਾ ਨਾਹੀਂ ਜੋ ਏਹ ਗੁਰੂਹੈ ਕਿ ਕੋਈ ਹੋਰ ਹੈ ॥ ਸ਼ਲੋਕ॥ਧੁੰਧੂਕਾਰ ਅਗਮਹੈ ਏਕੋ ਏਕ ਹਰਿਰਾਇ॥ ਆਧਾ ਆਪ ਉਲਾਸਕਰ ਨਾਨਕ ਦਰਸ ਦਿਖਾਇ॥ ੪॥ ਤਿਸਕਾ ਪਰਮਾਰਥ॥ ਸੁਣ ਬੱਚਾ ਅਜੱਿਤਿਆ ਧੁੰਧੂਕਾਰਵਿੱਚ ਇਕਨਿਰੰਕਾਰ ਰਹਿਸੀ ਤਦ ਏਕ ਇਕੱਲਾਸੀ ਕੋਈ ਦੂਸਰਾ ਨਾ ਸੀ ਜੋ ਕੀਮਤ ਬੇਸ਼ੁਮਾਰਕੀ ਕਰੇ ਜੇਭਾਵਸ ਭਾਂ ਆਪੇ ਉਲਾਸ ਕੀਤੇਸ ਆਪਣਾ ਆਪ ਉਪਾਇਓਸ ਇਸਤੇ ਅਨੇਕ ਰੂਪ ਅਨੇਕ ਭਾਂਤ ਕਰ ਸਾਜੇ ਤਿਸਕਰਕੇ ਬੇਸ਼ੁਮਾਰਸਾਹਿਬਹੈ ਬੇਸ਼ੁਮਾਰਹੀ ਕੰਮ ਕੀਤੇਸ ਤਿਸਤੇ ਆਪਣੀ ਜੋਤ ਪਾਇਕੇ ਗੁਰੂ ਹੋਇਬੈਠਾਹੈ ਜਿਸਨੂੰਦਰਸ਼ਨਦਿੱਤੇਸ ਸੋਭੀ ਸਾਧਸੰਤ ਹੋਇਬੈਠਾ ਜਿੱਥੇ ਗੁਰੂ ਪਰਮੇਸ਼ਰ ਕਾ ਨਿਵਾਸ ਹੋਯਾਹੈ ਮਾਨੁਖਾਂਕੇ ਜਾਮੇ ਜਿਨਕੋ ਦਰਸ਼ਨ ਹੋਯਾਹੈ ਅਰ ਪ੍ਰਤੀਤ ਆਈਹੈ ਸੋ ਆਵਾਗਉਣ ਤੇ ਰਹਿਤ ਹੋਯਾ ਔਰ ਪਾਰ ਗਿਰਾਮੀ ਹੋਯਾ ॥ ਸਲੋਕ ॥ ਜਾਮਾ ਪਹਿਰ ਜੁਗਾ ਮਹਿਬੈਠਾ ਸੰਗਲ ਪਰੋਈ ਸੂਤ॥ਅੰਧਕਾਰਦੀਪਕਪਰਗਾਸਿਆ ਕਹੁ ਨਾਨਕ ਮਰਮ ਨ ਜਾਨਹਿਦੂਤ ॥ ੫ ॥ ਤਿਸਕਾ ਪਰਮਾਰਥ ॥ ਬੱਚਾ ਅਜੱਿਤਿਆ ਗੁਰੂ ਜੋ ਹੈ ਸੋ ਆਦਿ ਪੁਰਖ ਹੈ ਜੁਗਜੁਗਕਰਦਾਆਯਾਹੈ ਪਰਇਕਨਾਂਨੋਂ ਮਰਮ ਆਯਾ ਹੈ ਤੇ ਇਕਨਾਂ ਨੋਂ ਨਹੀਂ ਆਯਾ ਤਿਨਾਂਜਾਣਿਆ ਜੋਰਾਜਾਹੈ ਜਿਸਗੁਰੂਕਰਕੇਜਾਣਿਆ ਬਚਨ ਮੰਨਿਆ ਸ਼ਬਦ ਮਨ ਵਸਾਯਾ ਤੇਪ੍ਰਤੀਤਆਈ ਸੋ ਮਹਾਂਪੁਰਖ ਭਏ ਉਸਪਿੱਛੇ ਬਹੁਤ ਲੱਗੇ ਸੋ ਭੀ ਓਧਰੇ ਬੱਚਾ

CC-0. Gurukul Kangri University Haridwar Collection. Digitized by S3 Foundation USA

ਸਤਜੁਗ ਵਿਖੇ ਗੁਰੂ ਚਉਰਾਸੀਜਾਮੇਪਹਿਰੇਸੀ ਚਉਰਾਸੀਜਾਮੇ ਤ੍ਰੇਤੇਜੁਗ ਵਿੱਚ ਚਉਰਾਸੀ ਜਾਮੇ ਦੁਆਪਰ ਵਿੱਚ ਪਹਿਰੇਸੀ ਅਰਜਿਨਾਂਦਰਸ਼ਨਕੀਤਾਅਰਉਪਦੇਸ਼ਲਿਆਅਰਸ਼ਬਦ ਮਨ ਵਸਾਯਾ ਤਿਨ੍ਹਾਂਨੋਂ ਭਾਲਦੀਪਕ ਹੋਯਾ ਸ਼ਬਦ ਜੋ ਹੈ ਸੋ ਦੀਪਕ ਹੈ ਜਿਸਕਉ ਗੁਰੂਕੇ ਸ਼ਬਦ ਕਾ ਮਰਮ ਨ ਆਯਾ ਸੋ ਦੂਰ ਹੋਏ ਓਹ ਜੁਗਜੁਗ ਅੰਧੇ ਹੀ ਰਹੇ ਸੂਤਕ ਉਨ੍ਹਾਂਦਾ ਗਇਓਨਹੀਂ ਸਗਲਪਰੋਈ ਸੂਤ ਸੋ ਕਜੋਂਕਰਪਰੋਈ ਮਾਲਖ਼ਾਵੰਦਦੁਇ ਕਰਨੀਆਂ ਪਿੱਛੇ ਜਾਪਦਾ ਹੈ ਕਿਸੇ ਗੁਰਮੁਖ ਕਾ ਕਹਿਆ ਮੰਨਣਾ ਹੁੰਦਾ ਹੈ ਤਿਨ੍ਹਾਂ ਕੋ ਸ਼ਬਦ ਉਪਜਾਉਂਦਾ ਹੈ ਓਹ ਸਾਧ ਸੰਗਤ ਦਾ ਮਰਮਖੋਜਦੇ ਹੈਨ ਬੱਚਾ ਅਜੱਤਿਆ ਹੁਣ ਏਹ ਕਲਜੁਗ ਆਯਾ ਹੈ ਇਸਵਿਚ ਮਹਾਂਦੁੰਦ ਰਹੇਗਾ ਕਿਸੇਕੀਰਹਿਣ ਨਾ ਦੇਵੇਗਾ ਇਸਕਲਜੁਗ ਵਿਖੇ ਕਈ ਜਾਮੇ ਗੁਰੂ ਹੋਵਨਗੇ ਦਸ ਜਾਮੇ ਗੁਰੂ ਜ਼ਾਹਰ ਹੋਵਨਗੇ ਅਰ ਸਤਿਗੁਰ ਸਾਧ ਕਹੀਅਨਗੇ ਅਰ ਸੱਤਰਜਾਮੇਂ ਨਾਉਂ ਧਰੀਕਭਗਤਿ ਕਹੀਅਨਗੇ ਅਰ ਜਦ ਗੁਰੂ ਜਾਮਾ ਪਹਿਰੇਗਾ ਤਾਂ ਗੁਰੂ ਅਕਾਲਪੁਰਖ ਦਾ ਭਾਣਾ ਮੰਨੇਗਾ ਜੋਭਾਵੈ ਸੋਕਰੇ ਅਤੇ ਸੁਣ ਭਾਈ ਅਜੱਤਿਆ ਹੁਣ ਏਹ ਵਰਤਾਰਾਦੇਖ ਜੋ ਗੁਰੂਸਾਂਗਕਰੇਗਾ ਤਾਂ ਸਿਖ ਸਭ ਨਾਲੋਂ ਭੁੱਲਜਾਨਗੇ ਤੇਸਤਿਗੁਰੂਨੂੰ ਦੋਸ਼ ਰੱਖਨਗੇ ਨਿੰਦਾਕਰਨਗੇ ਤਿਤ ਕਰ ਬੇਮੁਖ ਹੋਵਨਗੇ ਅਤੇਮਨੁੱਖਾਂਨੂੰ ਗੁਰੂ ਕਰਕੇ ਬਠਾਵਨ ਗੇ ਸਤਿਗੁਰ ਤੇ ਭੁੱਲਜਾਵਨਗੇ ਬੱਚਾ ਅਜੱਤਿਆ ਗੁਰੂ ਜੁਗ ਜੁਗ ਵਿੱਚ ਹੁੰਦਾ ਆਯਾ ਹੈ ਅਰ ਹੋਵੇਗਾ ॥ ਸਲੋਕ ॥ ਸਤਿ ਜੁਗ ਗੁਰ ਮਿਹਰਬਾਨ ਤ੍ਰੇਤੇ ਜਨਕ ਬਦੇਹ ॥ ਹਰੀਚੰਦ ਦੁਆਪਰ ਗੁਰੂ ਕਲਜੁਗ ਨਾਨਕ ਦੇਉ ॥ ੬ ॥ ਤਿਸਕਾ ਵਿਚਾਰ ਕਹਿਤੇ ਹੈਨ ॥ ਭਾਈ ਅਜੱਤਿਆ ਸਤਿਯੁਗਵਿਖੇ ਏਹੀ ਗੁਰੂ ਮਿਹਰਬਾਨ ਥਾ ਤਿਸਦੀ ਪੈਰੀ ਸਿੱਖਕ ਰੋੜੀਪੰਦ੍ਰਾਂ ਪਏ ਇਸ ਸਮੇ ਆਗਿਆ ਹੋਈ ਭਾਈ ਜੱਗ ਕਰਹੁ ਅਤੇ ਹਾਥੀ ਜੱਗ ਵਿਖੇ ਮਾਵਹੁ ਅਰ ਖਾਵਹੁ ਅਤੇ ਹਾਥੀ ਜੱਗ ਪਾਇਕੇ ਸਿੱਖ ਸੰਤ ਸਭ ਸਦਾਏ ਅਤੇ ਬਚਨ ਹੋਯਾ ਘਾਹਦਾਣਾ ਤਈਆਰ ਕਰਾਵੋ ਹਾਥੀ ਫੇਰ ਜੀਵੇਗਾ ਤਾਂ ਸਿੱਖਾਂਨੋ ਆਗਿਆ ਹੋਈ ਬੱਚਾ ਏਸਹਾਥੀ ਕਉ ਜੋਂਵਹੁ ਤਾਂਸਿੱਖ ਕਰੋੜਾਂ ਹੀ ਨੱਸਗਏ ਪੰਜਾਂ ਹੁਕਮ ਮੰਨਿਆ ਅਤੇ ਦਸ ਕਰੋੜ ਵਿਚਾਰਾਂਹੀ ਕਰਦੇਰਹੇ ਤਾਂਭਾਈ ਗੁਰੂ ਫੇਰਹਾਥੀ ਜਿਵਾਇ ਖੜਾਕੀਤਾ ਇਹਕਉਤਕ ਸਤਿਜੁਗ ਵਿੱਚ ਹੋਯਾ ਸੀ ਅਤੇ ਜਿਨ੍ਹਾਂ ਨਾਹੀਂਸੀ ਜੋਂਵਿਆਸੋ ਪਿਛੋਂਪੱਛੋਤਾਵਣਲਗੇਤਾਂਫੇਰਆਖਣਲਗੇਜੀ ਜੇ ਹੁਕਮਹੋਵੇ ਤਾਂ ਅਸੀ ਹੁਣ ਜੋਂਵੀਏ ਜੀ ਤਾਂ ਹੁਕਮਹੋਯਾ ਓਹ ਵੇਲਾਬੀਤਗਿਆ ਮਿਲੇਸੋ ਥਾਇ ਪਏ ਅਛੇ ਤ੍ਰੂਟੇ ਸੋ ਫੇਰ ਹੁਟੇ ਤਾਂਫੇਰਤ੍ਰੇਤੇ ਜੁਗਵਿੱਚ ਗੁਰੂ ਜਨਕ ਬਦੇਹੀ ਹੋਯਾ ਅਰ ਸਿੱਖਕਰੋੜੀਇਕੀਸ ਪੈਰੀਂ ਆਇਪਏ ਤਾਂ ਆਗਿਆਹੋਈ ਜੋ ਘੋੜਾ ਜੱਗ ਪਾਵਹੁ ਤਾਂ ਸਿੱਖ ਸਭ ਸਦਾਏ ਤੇ ਹੁਕਮ ਹੋਯਾ ਦਾਣਾ ਘਾਹ ਆਣ ਰੱਖੋ ਘੋੜਾ ਫੇਰ ਉਠੇਗਾ ਤਾਂ ਸਿੱਖਾਂ ਨੂੰ ਆਗਿਆਹੋਈ ਬੱਚਾ ਘੋੜਾ ਜੋਂਵਹੁਤਾਂ ਸੱਤਾਂਕਰੋੜੀ ਹੁਕਮ ਮੰਨਿਆ ਅਤੇਚੌਦਾਂ ਕਰੋੜੀ ਨੱਸ ਗਏ ਜਾਂ ਘੋੜਾਉੱਠਿਆ ਤਾਂਲਗੇ ਪੱਛੋਤਾਵਣੇ ਤੇ ਆਖਣਲੱਗੇਜੀ ਅਸੀਭੀ ਹੁਣਜੋਵਨੇਹਾਂ

CC-0. Gurukul Kangri University Haridwar Collection. Digitized by S3 Foundation USA

ABHINAV GAUR

ਤਾਂ ਹੁਕਮ ਹੋਯਾ ਓਹ ਵੇਲਾ ਗੁਜ਼ਰਗਿਆ ਤਾਂ ਫੇਰ ਦੁਆਪੁਰਜੁਗ ਗੁਰੂਹਰੀਚੰਦ ਪ੍ਰਗਟਿਆ ਤਾਂ ਸਿੱਖ ਕਰੋੜੀ ਛਤ੍ਰੀ ਆਇ ਪੈਰੀਪਏ ਤਾਂ ਆਗਜਾ ਹੋਈ ਭਾਈ ਗੈਂਡਾ ਜੱਗ ਪਾਵੋ ਤਾਂ ਸਭ ਸਿੱਖ ਅਕੱਠੇਹੋਏ ਤੇ ਲਗੇ ਵਿਚਾਰਾਂ ਕਰਨ ਭਾਈ ਇਹ ਸਾਂਗ ਬੜਾ ਭਾਰੀ ਹੋਯਾਹੈ ਤਾਂ ਹੁਕਮ ਹੋਯਾ ਬੱਚਾ ਘਾਹ ਦਾਣਾ ਇਕੱਠਾ ਕਰੋ ਗੈਂਡਾ ਫੇਰ ਉਠੇਗਾ ਤਾਂ ਫੇਰ ਸਿੱਖਾਂ ਨੂੰ ਹੁਕਮ ਹੋਯਾ ਬੱਚਾ ਏਹ ਪ੍ਰਸਾਦਿ ਜੇਂਵਹੁ ਤਾਂ ਇਕੀਸ ਕਰੋੜੀ ਬਚਨ ਮੰਨਿਆ ਤੇ ਪੰਦ੍ਰਾਂ ਕਰੋੜਨੱਸਗਏ ਤਾਂ ਗੈਂਡਾਉਠਖੜਾ ਹੁਆ ਤਾਂਲਗੇਪਛੋਤਾਵਣੇ ਤਾਂ ਆਖਣਲਗੇ ਅਸੀਹੁਣ ਜੇਵਨੇਹਾਂ ਜੀ ਤਾਂ ਅੱਗੋਂ ਆਗਿਆਹੋਈ ਬੱਚਾ ਓਹ ਜੋ ਵੇਲਾ ਸੀ ਸੋ ਗੁਜ਼ਰ ਗਿਆ ਤਾਂ ਫੇਰ ਹੁਨ ਜੋ ਨਿਵੇੜਾ ਹੋਵੇਗਾ ਤਾਂ ਕਲਜੁਗਵਿਚਹੋਵੇਗਾ ਬੱਚਾ ਪਿਛਲੇ ਜੁਗਾਂਵਿਚ ਜਪ ਤਪ ਬਹੁਤ ਕਰਦੇ ਸਨ ਅਤੇਸਤਵਾਦੀ ਹੁੰਦੇ ਸਨ ਤੇ ਜੋ ਕੋਈ ਤੁਟਦਾਸੀ ਸੋ ਫੇਰ ਮਨੁੱਖਜਨਮ ਹੋਕਰਉਧਰਦਾਸਾ ਜੇ ਇਕ ਜੁਗ ਚੁਕਦਾ ਸੀ ਤਾਂ ਦੂਸਰੇ ਜੁਗ ਮਿਲ ਪਉਂਦਾ ਸੀ ਅਤੇ ਮੁਕਤਿ ਪਾਉਂਦਾਸੀ ਅਤੇ ਬੱਚਾ ਅਜਿੱਤਿਆ ਹੁਣ ਆਯਾਹੈ ਕਲਜੁਗਤੇ ਗੁਰੂ ਨਾਉਂ ਧਰਾਯਾ ਹੈ ਨਾਨਕ ਤੇ ਸਿੱਖ ਪੈਰੀਂ ਪਵਨਗੇ ਛਿੰਨਵੇਂ ਕਰੋੜੀ ਤੇ ਮਨੁੱਖ ਜੱਗਪਵੇਗਾ ਅਤੇ ਇਸਸਾਂਗ ਵਿਚ ਠਹਰ ਕੋਈ ਨਾ ਸਕੇਗਾਇਕਨੱਸਜਾਨਗੇਤੇਇਕਭ੍ਰਿਸ਼ਟ ਹੋਜਾਨਗੇ ਇਕਬਚਨਉੱਪਰਪੰਜਸਿੱਖਤਗੜੇ ਰੈਹਨਗੇ ਅਤੇ ਓਨ੍ਹਾਂਦਾ ਸਦਕਾ ਓਹਭੀ ਸਾਂਗ ਬਖਸ਼ਿਆ ਜਾਵੇਗਾ ਅਤੇ ਬੱਚਾ ਅਗਲਿਆਂ ਜੁਗਾਂ ਦੇ ਮਨੁੱਖ ਸਤਵਾਦੀ ਰਹਿੰਦੇਸਨ ਅਤੇ ਪ੍ਰਤੀਤ ਗੁਰਾਂ ਦੇ ਬਚਨਾਂ ਉਪਰ ਰਖਦੇ ਸਨ ਅਤੇ ਓਨ੍ਹਾਂਦੀ ਅਰਦਾਸਨਾਲ ਓਹਭੀਉਠਖੜਾ ਹੁੰਦਾਆਹਾ ਅਤੇਬੱਚਾਅਜਿੱਤਿਆ ਕਲਜੁਗ ਵਿਚ ਸਿੱਖ ਗੁਰਾਂ ਉੱਪਰ ਪ੍ਰਤੀਤ ਥੋੜੀ ਰਖਨਗੇ ਅਤੇ ਮਾਯਾ ਕਾਰਨ ਜਗਤ ਬਹੁਤ ਇਕੱਠਾਹੋਵੇਗਾ ਬੱਚਾਏਹਸੰਸਾਰ ਅਵੇਹਾਹੈ ਜੇ ਆਪਣਾਆਪਦਿਖਾਈਏ ਤਾਂਮਿੱਟੀ ਵੀ ਪੁੱਟਕੇ ਲੈਜਾਵਨ ਇਸ ਵਾਸਤੇ ਮਾਨੁੱਖ ਖੜਾ ਨਾ ਕੀਚੈਗਾ ਇਤ ਕਰਕੇ ਗੁਰੂ ਸੰਜਮ ਵਿਚ ਰਹੇਗਾ ਜਾਂ ਸਾਂਗ ਕਰੇਗਾ ਤਾਂ ਸਭ ਖਿੰਡ ਜਾਵੇਗੀ ਕੋਈਗੁਰਮੁਖਹੀ ਸਬੂਤਰਹੇਗਾ ਅਤੇ ਜੋ ਏਥੋਂ ਖਿਸਕੇਗਾ ਅਥਵਾ ਚੁਕੇਗਾ ਸੋ ਥਾਉਂ ਕਿਥਾਉਂ ਨ ਪਾਵੇਗਾ ਅਤੇ ਬਹੁਤ ਜੁਗ ਭਰਮੇਗਾ ਜੇਵਡ ਸਾਹਿਬ ਤੇਵਡ ਰਜ਼ਾਈਂ ॥ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸਚੇਪਾਤਸ਼ਾਹ ਜੀ ਜਿਸਦੀ ਪ੍ਰਤੀਤ ਤੂੰ ਰੱਖੇਂਗਾ ਤਿਸੇਦੀ ਰਹੇਗੀ ਜੇਵਡ ਸਾਹਿਬ ਹੈ ਤਿਸਦੀਆਂ ਤੇਵਡ ਰਜ਼ਾਈਂ ਹੈਨ ॥ ਤਾਂ ਬੋਲਣਾ ਹੋਯਾ ॥ ਸਲੋਕ ॥ ਆਦਿਪੁਰਖ ਅਪਰੰਪਰ ਕਰਤਾ ਆਪੇ ਦਾਨਾ ਬੀਨਾ ॥ ਕਹਨ ਸੁਨਨ ਤੇ ਰਹੈ ਨਿਆਰਾ ਕਾਹੂੰ ਸੰਗ ਨ ਭੀਨਾ ॥ ਤਾਂ ਕੀ ਜਾਤ ਨ ਜਨਮ ਨ ਵਰਨਚਿਹਨ ਹੈ ਕਵਨਕਹੈਤੂਕਦਕਾ॥ਹਾਜਰ ਹਜੂਰ ਨਿਕਟਨਆਵੈਹਰਖਸੋਗਤੇਰਹਿਤਾ ॥ ਗਗਨ ਨਿਰੰਤਰਿ ਮਹਿਲ ਨਿਵਾਸੀ ਕੁੰਜ ਅਵਾਜਾ ਬੋਲੈ ॥ ਕਹੁਨਾਨਕਅਬਿਭਈਹੈਰਾਨੀ ਕੋਈਸਾਧੂਤਤਵਿਰੋਲੈ ॥ ੭ ॥ ਤਿਸਕਾਪਰਮਾਰਥ ਸ੍ਰੀ ਗੁਰੂ ਨਾਨਕ ਜੀ ਕਹਿਤੇ ਹੈਨ ॥ ਭਾਈ ਅਜਿੱਤਿਆ ਓਹ ਜੋ ਆਦਿ ਪੁਰਖ ਹੈ ਸੋ

CC-0. Gurukul Kangri University Haridwar Collection. Digitized by S3 Foundation USA

ਜੁਗ ਜੁਗ ਵਿਖੇ ਵਰਤਦਾ ਆਯਾ ਹੈ ਤਿਸਦਾ ਪਾਰਾਵਾਰ ਨਹੀਂ ਪਾਯਾ ਜਾਂਦਾ ਉਹ ਆਪੇ ਹੀ ਦਾਨਾ ਹੈ ਅਤੇ ਆਪੇ ਹੀ ਬੀਨਾ ਹੈ ਦਾਨਾ ਤਾਂ ਇਉਂ ਹੈ ਜੋ ਕੁਛ ਕਰਦਾ ਹੈ ਸੋ ਆਪੇ ਹੀ ਕਰਦਾਹੈ ਅਤੇ ਦੂਸਰੇ ਪਾਸੋਂ ਮਸਲਤ ਨਹੀਂ ਪੁਛਦਾ ਅਤੇ ਜੋ ਕੁਛ ਕਰਦਾਹੈਸੋ ਭਲੀ ਹੀ ਕਰਦਾਹੈ ਅਤੇ ਬੀਨਾਂਇਉਂ ਹੈ ਜੋਸਭਸਦਾਅੰਤਰਜਾਮੀ ਹੈ ਅਤੇਕਾਹੂਸੰਗਨਾਭੀਨਾ ਓੁਸ ਕਿਸੇਕੀ ਮਨ ਬੁਧ ਚਤੁਰਾਈ ਸਜਾਨਪ ਮਸਲਤ ਖੁਸ਼ੀ ਨਹੀਂ ਆਂਵਦੀ ਓਹ ਕਿਸੇ ਛਾਤ ਪਰ ਪਰਚਦਾ ਨਹੀਂ ਤਟਤੀਰਥ ਤਪਸਜਾ ਪੂਜਾ ਅਰਚਾਦਾਨਪੁੰਨਪਰਭਿਜਦਾਨਹੀਂ ਬਿਨਾਂ ਸਤਿਗੁਰਾਂ ਦੇ ਸ਼ਬਦ ਉਸਕੀ ਜਾਤਿ ਕੌਣ ਜਾਨੈ ॥ ਅਰਵਰਨ ਕਿਆ ਕਹੀਐ ਅਰ ਚਿਹਨ ਕਜਾਕਹੀਐ ਜਜੋਂ ਪਾਰਸਕੇ ਭੇਟੇ ਲੋਹਾ ਸੁਵਰਨ ਹੋ ਜਾਤਾ ਹੈ ਅਤੇ ਦੁਰਮਤਮਿਟਜਾਂਦੀ ਹੈ ਜਸੇ ਅਤਿਸੈ ਪਾਪੀ ਜੀਵ ਸੰਤਾਂ ਨਾਲ ਮਿਲਕਰ ਸਾਧਹੋ ਜਾਂਦਾਹੈ ਤਜੋਂ ਪਾਰਸਦੇ ਸਪਰਸ਼ ਕੀਏ ਪਾਰਸ ਨਹੀਂ ਹੋਤਾ ਸੋਨਾ ਹੋਤਾ ਹੈ ਏਹਅੰਤਰਾ ਸੰਤਮੈਂ ਔਰਪਾਰਸਮੈਂ ਹੈ ਅਤੇ ਸੰਤ ਜੋ ਹਨ ਸੋ ਦੀਵੇ ਦੇ ਸਮਾਨ ਹਨ ਜੈਸੇ ਏਕ ਦੀਵੇਸੇ ਦੂਸਰਾ ਦੀਵਾਜਗਾਵੇ ਉਸਸੇਔਰ ਜਗਾਵੇ ਇੱਸੇਤਰ੍ਹਾਂ ਅਸੰਖਦੀਵੇ ਜਗਾਈਏ ਤਾਂ ਜੋਤ ਸਭਨਾਂਦੀਇਕੋ ਜੇਹੀ ਰੁਸ਼ਨਾਈਹੈ ਅਰੁ ਪਾਰਸ ਸੇਲੋਹਾਲਾਈਏ ਤਾਂਸੋਨਾ ਹੋਤਾ ਹੈ ਪਰਓਹ ਸੋਨਾਹੋਰ ਸੋਨਾਨਹੀਂਬਨਾਸਕਤਾ ਸੋਨਾ ਤਬੀ ਹੋਤਾ ਹੈ ਜੋ ਪਾਰਸ ਸੇ ਮਿਲੇ ਸੋ ਪਾਰਸ ਮੇਂ ਔਰ ਸੰਤ ਮੇਂ ਏਹੀ ਵਸ਼ੇਸ਼ਤਾ ਹੈਸੰਤਾਂਕੋ ਭਾਵੇਂ ਕੈਸਾ ਪਾਪੀ ਮਿਲੇ ਤੋਂ ਭੀ ਸੰਤ ਆਪ ਸਮਾਨ ਕਰਲੈਂਦੇਹਨਅਰਫੇਰ ਉਸਕੀ ਕੀਮਤ ਹੀ ਹੋਰ ਹੋ ਜਾਂਦੀ ਹੈ ਕਜੋਂ ਜੋ ਓਹਫੇਰਦੁਨੀਆਂਨਾਲ ਨਹੀਂਮਿਲਦਾਜਜੋਂਮ੍ਰਿਤਕ ਵਿਚ ਜੀਉ ਪੌਂਦਾ ਹੈ ਅਤੇ ਓਹ ਆਪਣੀ ਭਾਖਿਆ ਨਾਲ ਬੋਲਉਠਦਾਹੈ ਜਬ ਪਰਮੇਸ਼ਰ ਇਸਪ੍ਰਾਣੀ ਵਿਚ ਜੋਤ ਪਾਂਇਦਾ ਹੈ ਤਾਂ ਏਹਭੀ ਬੋਲ ਉਠਦਾਹੈ ਉਸ ਪ੍ਰਮੇਸ਼ਰਕੀ ਭਾਖਜਾ ਦੀ ਕੀਮਤ ਨਹੀਂ ਕਹੀ ਜਾਤੀ ਅਪਰ ਅਪਾਰ ਹੈ ਹਰਖ ਸ਼ੋਗ ਤੇ ਨਿਆਰਾ ਹੈ ਓਹ ਗਗਨੰਤਰ ਮਹਲ ਨਿਵਾਸੀ ਹੈ ਕੁੰਜ ਅਵਾਜ਼ ਬੋਲਦਾ ਹੈ ॥ ਕਹੁ ਨਾਨਕ ਅਬ ਭਈ ਹੈਰਾਨੀ ਕੋਊ ਸਾਧੂ ਭਤ ਵਿਰੋਲੈ ॥ਸੋ ਕਜੋਂਕਰਹੈ ਜਿਤਨਾ ਅਕਾਰ ਹੈ ਤਿਸ ਵਿਚ ਉਸਕਾ ਨਿਵਾਸ ਹੈ ਤਿਸ ਕਰਕੇ ਸਭਸੁਰਜੀਤ ਹਨ ਅਰ ਮਹਿਲਾਂਨਿਵਾਸੀ ਉਸਕੇ ਸਾਧਹਨ ਸੋ ਉਨ੍ਹਾਂਵਿਚ ਕੁੰਜ ਅਵਾਜ਼ ਹੋਇ ਬੋਲਦਾ ਹੈ ਸੋ ਕੁੰਜ ਅਵਾਜ਼ ਕਿਆ ਹੈ ਜੋ ਕੁੰਜ ਕਹੀਏ ਦੇਹੀ ਅਤੇ ਜੋ ਇਸ ਦੇਹੀ ਵਿਚ ਅਨਾਹਦ ਵਾਜਾ ਹੈ ਸੋ ਕਹੀਐ ਬੋਲਣਾ ਅਤੇ ਜੋ ਸੰਤ ਜਨ ਹਨ ਸੋ ਅਨਾਹਦ ਸ਼ਬਦ ਸੁਣਦੇਹਨ ਅਨਾਹਦਸ਼ਬਦਕਾ ਏਹ ਪ੍ਰਭਾਵਹੈ ਪਰ ਹੈਰਾਨਗੀ ਜੋਹੈ ਸੋ ਕਿਆ ਹੈ ਜਾਂ ਓਹਸਾਧਅੰਤਰਬ੍ਰਤੀ ਹੋਕਰ ਸੁਣਨੇ ਤੇਰੈਹਤ ਹੋਜਾਏਂਗੇ ਓਹ ਜੋ ਥਾਨ ਹਨ ਤਿਨ੍ਹਾਂ ਵਿਚੋਂ ਬਰਕਤ ਨਿਕਲਜਾਂਦੀ ਹੈ ਤੇ ਓਹ ਖਾਲੀ ਰੈਹ ਜਾਨਗੇ ਤਬ ਦੁਨੀਆਂ ਬੇਪ੍ਰਤੀਤਿ ਹੋਇਗੀ ਭਾਈ ਅਜਿੱਤਿਆ ਨਾਵੇਂਜਾਮੇ ਸਾਂਗਭਾਰੀਹੋਵੇਗਾ ॥ ਸਲੋਕ ॥ ਦਸਤ ਮੁਹਾਰ ਅਪਨੇ ਵੱਸ ਰਾਖੀ ਜਾਂ ਤੁਣਕੇ ਤਾਂ ਬੋਲੇ ॥ ਭ੍ਰਮ ਭੀਤ ਕਉ ਸਭ ਜਗ ਬੰਦਿਆ ਅਪਾ

CC-0. Gurukul Kangri University Haridwar Collection. Digitized by S3 Foundation USA

TH INTERNET // ABHINAV GAUR //

ਅਡੋਲ ਨਾ ਡੋਲੈ ॥ ਪੈਨਣਹਾਰ ਸਦਾ ਅਬਿਨਾਸ਼ੀ ਤਿਸਤੇ ਰਹੇ ਨਿਆਰਾ ॥ ਕਹੁ ਨਾਨਕ ਕੋਟਿ ਜੁਗ ਬੀਤੇ ਅੰਤ ਨਾ ਪਾਰਾਵਾਰਾ ॥ ੮ ॥ ਤਿਸਕਾ ਪ੍ਰਮਾਰਥ ਸ੍ਰੀ ਸਤ ਗੁਰੂ ਕਹਿਤੇ ਹੈਨ ਬੋਲਣਾ ਹੋਯਾ ਭਾਈ ਅਜੱਤਿਆ ਦਸਤ ਮੋਹਾਰ ਜੋ ਹੈ ਸੋ ਸਭਨਾਂ ਕਾ ਮਤਿ ਬੁੱਧ ਬਲ ਖਿੱਚਕੇ ਆਪਣੇ ਵੱਸ ਰਾਖੀਐਗੀ ਜਿਉਂ ਖਿਲਾਵਹਿੰਗਾ ਤਿਉ ਖੇਲੇਂਗਾ ਕੋਈ ਪਹੁੰਚਣੇ ਨ ਪਾਈਐਗਾ ਸਭ ਭਰਮਜਾਵੇਗੀ ਆਪ ਅਡੋਲ ਹੋਇਰਹੇਗਾ ਅਤੇਜਾਮੇ ਜੁਗ ਜੁਗ ਪਹਿਰਦਾ ਆਯਾ ਹੈ ਪਰ ਆਪ ਜਾਮੇਂ ਥੀਂ ਨਿਆਰਾ ਰਹਿੰਦਾ ਹੈ ਆਪ ਤਾਂ ਅਬਿਨਾਸ਼ੀ ਹੈ ਮਰਣਕਾ ਨਹੀਂ ਹੈ ਜਾਮੇਂ ਕਾ ਬਿਨਾਸ਼ ਹੈ ਆਪਤਾਂ ਨਵਤਨ ਬਾਲਾਹੈ ਕਈ ਕੋਟਿ ਜੁਗ ਬੀਤੇ ਹੈਨ ਓਹ ਸਦਾ ਹੀ ਅਮਰ ਹੈ ਤਿਸਕਾ ਅੰਤ ਕੋਈ ਨਹੀਂ ਪਾਵਤਾ ॥ ਸਲੋਕ ॥ ਨਾਥ ਨਿਰੰਜਨ ਨਾਥੀ ਸਭ ਜਾਕੀ ਤਾਂਕੋ ਨਿਕਟ ਨ ਕੋਈ॥ਨਵਦੁਆਰੇ ਚਲਤ ਕਰ ਦੇਖਿਆ ਰਹੈ ਅਲਿਪਤ ਗੁਸਾਈਂ ॥ ਦਸਵਾਂ ਦੁਆਰ ਬ੍ਰਹਮ ਕਾ ਪੁਤਰਾ ਤਾਂ ਮੈ ਬਹੁ ਹੈਰਾਨੈ ॥ ਕਹੁ ਨਾਨਕ ਪ੍ਰਭ ਅਗਮ ਅਗੋਚਰ ਕੋਈ ਵਿਰਲਾ ਸਾਧ ਪਛਾਨੈ ॥ ੯ ॥ ਤਿਸਕਾ ਪ੍ਰਮਾਰਥ ਸ੍ਰੀਗੁਰੂਜੀ ਕਹਿਤੇਹੈਨ ਤਾਂ ਬੋਲਨਾਹੋਯਾ ਅਜੱਤਿਆ ਓਹਸਭ ਕਿਸੇਕਾ ਨਾਥਹੈਅਰ ਪੈਦਾਇਸ਼ ਸਭ ਓਸਕੇ ਹਾਥ ਹੋਇਗਈ ਓਸਨੋ ਸਭ ਦ੍ਰਿਸ਼ਟਿਮਾਨਹੋਵੇਗਾ ਤੇ ਓਸਕੋ ਕੋਈਲਖਨਾਸਕੇਗਾ ਅਤੇ ਨਉ ਦੁਆਰੀ ਚਲਤ ਕਰੇਗਾ ਅਤੇ ਆਪ ਦਸਵੇਂਦੁਆਰੇ ਖੇਲੇਗਾ ਭਾਈ ਜਾਂ ਗੁਰੂ ਨਾਵਾਂ ਜਾਮਾਂ ਪਹਿਰੇਗਾ ਤਾਂ ਸਭ ਬੇਮੁਖਹੋਜਾਵੇਗੀ ਤੇ ਗੁਰੂਜੀਕਾ ਹੁਕਮ ਮੰਨਣਗੇ ਨਾਹੀਂ ਆਪਣੀ ਮਤ ਚਲੇਗੀ ਤਾਂ ਭਾਈ ਆਪਨੇ ਆਪ ਹੀ ਗੁ ਬਣ ਬੈਹਨਗੇ ਅਤੇ ਆਖਣਗੇ ਅਸੀ ਭਰਾਉ ਸ਼ਰੀਕ ਹੈਂਗੇ ਹਾਂ ਤਿਨਕਾਫਲਆਗੇਹੀ ਨਿਹਫਲ ਹੋਇਜਾਵੇਗਾ ਅਤੇ ਜੂਨੀਆਂ ਵਿਚ ਪਾਈਅਨਗੇ ਅਤੇਗੁਰੂਕੋ ਮਾਨੁੱਖਕਰਕੇ ਜਾਨਨਗੇ ਔਰ ਨਿੰਦਿਆ ਕਰਣਗੇ ਅਤੇ ਸਤਿਗੁਰੂ ਕਉ ਨਾ ਜਾਨਣਗੇ ਭੁੱਲ ਜਾਣਗੇ ਪਿੱਛੇ ਸਤਿਗੁਰ ਗੁਪਤ ਖੇਲੀਐਗਾ ਆਪਣੇ ਜਾਮੇਂ ਥੀਂ ਭੀ ਨਿਆਰਾ ਰਹੇਗਾ ਓਹ ਸਨਕਾਦਿਕ ਰੂਪ ਰਹੇਗਾ ਜਿਸਕਉਕੋਈ ਆਖਨਸਕੇਗਾ ਮਹਿਰਮਗਹਿਰਮਸਭਸਕੋ ਭੁਲਾਵੇਗਾ ਤਿਸਕਉ ਕੋਈਲਖਨਸਕੇਗਾ॥ਕਹੁਨਾਨਕਗੁਰ ਅਗਮ ਅਗੋਚਰ ਕੋਈ ਵਿਰਲਾ ਸਾਧਪਛਾਣੈ॥ਜਦ ਨਾਵਾਂ ਜਾਮਾਂ ਪਹਿਰੇਗਾ ਤਾਂ ਕਿਸੀਕਉ ਨਦਰ ਨਆਵੇਗਾ॥ਸਭਕਹਿਣਗੇਗੁਰੂਅਬਦੇਖਣ ਗੋਚਰਾ ਨਾਹੀਂ ਆਖਣਗੇ ਜੋ ਗੁਰੂਕਹਿਆਹੈਇਸਬਾਤਕਾ ਪਾਰ ਪਾਯਾ ਨਹੀਂ ਜਾਤਾ ਕੋਈ ਵਿਰਲਾ ਹੀ ਪਛਾਣੇਗਾ ਜਿਸਕੋ ਪ੍ਰਾਪਤ ਹੋਵੇਗੀ ਕੋਈ ਵਿਰਲਾਹੀ ਸਹੀ ਕਰੇਗਾ ਜੋ ਗੁਰੂ ਨਾਲ ਸੱਚਾ ਹੋਵੇਗਾ ਗੁਰੂ ਭਾਵੇਂ ਤਾਂਭੀ ਬਰਖੇਗਾ ਨਵੇਂ ਸਿਰੇ ਖੇਤ ਜਮਾਵੇਗਾ ਗੁਰੂਭਾਣੇ ਕਾ ਖ਼ਸਮਹੈ ਜੋ ਭਾਵੇ ਸੋ ਕਰੇ ਤਾਂ ਫੇਰ ਅਜੱਤੇਰੰਧਾਵੇ ਅਰਦਾਸਕੀਤੀ ਸੱਚੇ ਪਾਤਸ਼ਾਹ ਜਾਂ ਤੂੰ ਜਾਮਾਂ ਬਦਲੇਂਗਾ ਤਾਂ ਤੇਰੇ ਪਿੱਛੇ ਸਿੱਖ ਭਰਮਜਾਵਨਗੇ ਤਾਂ ਫੇਰ ਏਹਜੋਤ ਕਿੱਥੇਸਮਾਵੇਗੀ ਤਾਂ ਫੇਰ ਬਾਬੇਜੀ ਦਾ ਬੋਲਣਾਹੋਯਾ ਮੇਰਾਵਾਕ ਸ਼ਬਦਹੈ ਹੁਕਮਹੋਯਾ ਮੁੰਹਤੇਆਖਣਦਾਕੁਛ

CC-0. Gurukul Kangri University Haridwar Collection. Digitized by S3 Foundation USA

ਨਹੀਂ ਸ਼ਬਦ ਕੀ ਬਾਤ ਸੱਚ ਹੈ ਸ਼ਬਦ ਕਰਕੇ ਪਾਈਐ ਸਹੀ ॥ ਸ਼ਲੋਕ ॥ ਮਰ ਜਨਮੈਜੋਨੀ ਸੋ ਆਵੈ ਜੋ ਗੁਰ ਜਾਣੈ ਦੂਆ ॥ ਕਰਮਕਰਭੂਤਬੇਲਬਿਸਥਾਰੀਨਾਮਿਲਿਆ ਨਾ ਫਲਹੂਆ॥ ਮੁਖ ਆਗਰ ਕਾ ਕਹਿਆ ਜੋ ਮਾਨੈ ਸੋਸਿਖਭਰਮਭੁਲਾਨੇ॥ਸ਼ਬਦਨਿਰੰਤਰ ਜੋ ਜਨ ਖੋਜੈ ਸਾਚੈ ਸਬਦ ਸਮਾਨੇ॥ ਉਡੇ ਬਿਹੰਗਮ ਚੀਟੀਕਾਪਗ ਹਸਤ ਉਪਰਅਸਵਾਰੀ ॥ ਜਾਂਕੇਕਰਮ ਧਰਮ ਨਹੀਂਮਾਯਾ ਮਾਖੀ ਕਹੁ ਨਾਨਕ ਆਠ ਪਹਿਰ ਲਿਵਤਾਰੀ ॥ ੧੦ ॥ ਤਿਸਕਾ ਪ੍ਰਮਾਰਥ ॥ ਭਾਈ ਅਜਿੱਤਿਆ ਗੁਰੂ ਜਾਮਾ ਬਦਲੇਗਾ ਤਾਂ ਸੰਬੂਹ ਸਿੱਖ ਭਰਮ ਜਾਵਣਗੇ ਆਖਨਗੇ ਜੋ ਗੁਰੂ ਮੋਯਾ ਹੈ ਫਿਰ ਜੰਮੇਗਾ ਪਰ ਇਹ ਜੋ ਹੈ ਸੋ ਭਰਮ ਹੈ ਭਾਈ ਅਜਿੱਤਿਆ ਗੁਰੂ ਜੰਮਣ ਮਰਣਵਿੱਚਨਾਹੀਂਅਲਿਪਤਹੈ ਜੋਤੀਸਰੂਪ ਅਮਰਹੈ ਪਰਏਹੁਜੋ ਕਰਮਕਰਭੂਤਹੈ ਸੋ ਸੰਸਾਰਕੀਬੇਲਬਿਸਥਾਰੀਹੈ ਸੰਸਾਰ ਏਸਬੇਲਕੇ ਬੀਚ ਬਿਸਥਾਰਿਆ ਹੈ ਸੋਕੈਸੇ ਕਰਮ ਕਰਭੂਤਕੀ ਬੇਲ ਬਿਸਥਾਰੀ ਹੈ ਏਹ ਜੋ ਭਲੇ ਬੁਰੇ ਕਰਮ ਕਰਦਾ ਹੈ ਉਨ੍ਹੋਂ ਕਰਮੋਂ ਕਰ ਬਹੁ ਜੂਨੀ ਭਰਮਾਈਦਾਹੈ ਅਤੇ ਸਤਿਗੁਰੂ ਜੋਹੈ ਨਿਹਕਰਮੀਹੈ ਕਰਮ ਧਰਮ ਤੇ ਪਰੇ ਹੈ ਪਾਪ ਪੁੰਨ ਤੇ ਨਿਰਲੇਪਰਹਿੰਦਾਹੈ ਓਹ ਜੋ ਕਹਿਣਗੇ ਜੋਗੁਰੂਫੇਰਜੰਮੇਗਾ ਓਹ ਫੇਰ ੨ ਮਰਣ ਜੰਮਣਗੇ ਕਈ ਜੂਨ ਭਰਮ ਭਰਮੇਂਗੇ ਅਰ ਗੁਰੂ ਕੇ ਹਜ਼ੂਰ ਓਇ ਬੁਰੇ ਕਰਮ ਕਰਹਿੰਗੇ ਉਨ੍ਹਾਂ ਕਉ ਗੁਰੂ ਮਿਲਣ ਕਾ ਫਲ ਲਗੇਗਾ ਨਹੀਂ ਸਤਗੁਰੂ ਉਨ੍ਹਾਂ ਕੋ ਹੋਰ ਮੁਖ ਵਾਕ ਭਰਮਾਵੇਗਾ ਤਾਂ ਓਹ ਵਾਕ ਸੁਣ ਸੁਣ ਭਰਮਣਗੇ ਆਖਣਗੇ ਜੋ ਏਹ ਵਾਕ ਕੀਤੇ ਨ ਸਾਖੀਆਂ ਕਰ ੨ ਭਰਮਣਗੇ ਕੁਚਾਲ ਚੱਲਣਗੇ ਮੁਖਆਗਰ ਕੇ ਕਹੇ ਕਾ ਏਹ ਫਲ ਲੱਗੇਗਾ ਅਤੇ ਜੋ ਸ਼ਬਦ ਖੋਜੇਗਾ ਸੋ ਵਿਰਲਾ ਕੋਈ ਸਾਧੂ ਖੋਜੇਗਾ ਸੋ ਸੱਚ ਸਮਾਵੇਗਾ ਸਤਿਗੁਰੂ ਕਉ ਮਿਲੇਗਾ ਸੋ ਕਿਸ ਰਉਂ ਸਮਿਲੇਗਾ ਬੱਚਾ ਸ਼ਬਦ ਜੋਹੈ ਸੋ ਸਤਿ ਗੁਰੂ ਹੈ ਓਹ ਇਤ ਬਿਧ ਕਰਕੇ ਸਤਿਗੁਰੂ ਕਉ ਮਿਲਣਗੇ ਬਿਹੰਗਮ ਜੋਹੈ ਸੋਪਾਰਬ੍ਰਹਮ ਕੀ ਜੋਤ ਹੈ ਓਹ ਖਰੀ ਫੁਰਦੀਹੈ ਚੀਟੀਕਾ ਪਗ ਜੋ ਹੈ ਸੋ ਏਹਮਾਨੁੱਖਕਾਜਾਮਾਪਹਿਨਿਆ ਹੈ ਹਸਤੀ ਕੀ ਅਸਵਾਰੀ ਜੋ ਹੈ ਸੋ ਸ੍ਰੀਸਤਿਗੁਰ ਸਾਧਹੈ ਜੋ ਮਨੁੱਖ ਕਾ ਜਾਮਾਂ ਪਹਿਰਣਗੇ ਬਿਹੰਗਮ ਰੂਪ ਹੋਇ ਖੇਲੇਗਾ ਅਤੇ ਜਾਮੇ ਤੇ ਨਿਆਰਾ ਰਹੇਗਾ ਅਤੇ ਕਰਮਭੀ ਨਾ ਹੋਵੇਗਾ ਅਤੇ ਪਾਪ ਪੁੰਨ ਅਤੇ ਆਸ ਅੰਦੇਸ਼ੇ ਤੇ ਨਿਆਰਾ ਰਹੇਗਾ ਅਤੇ ਕਿਸੀ ਸਾਥ ਮਸਲਤ ਭੀ ਨਾਹੋਵੇਗੀ ਸਭਤੇ ਨਿਆਰਾ ਰਹੇਗਾ ਆਠਪਹਿਰ ਸ੍ਰੀ ਪਾਰਬ੍ਰਹਮਸਾਥਲਿਵਤਾਰੀਰਹੇਗੀ ਤਾਂ ਫੇਰ ਬੋਲਣਾ ਹੋਯਾ ਜੋ ਆਠ ਪਹਿਰ ਲਿਵ ਆਪਣੇ ਗੁਰੂ ਪਰਮੇਸ਼ਰ ਨਾਲ ਰੱਖੇਗਾ ਸ਼ਬਦ ਮਨ ਵਸਾਵੇਗਾ ਉਸ ਵਿੱਚ ਸਤਿਗੁਰੂਕਾ ਵਾਸਾਹੋਵੇਗਾ ਜਿਸਦੀਸ਼ਬਦ ਨਾਲਪ੍ਰੀਤ ਲਗੇਗੀ ਤਿਸਦੀ ਗੁਰੂ ਨਾਲ ਲਿਵ ਲਗੇਗੀ ਜੋਉਸਦੇ ਭਗਤ ਹੋਵਣਗੇ ਤਿਨ੍ਹਾਂਨੂੰ ਲਿਵ ਲਗੇਗੀ ਉਸ ਜਾਮੇਂਦਾਮੈਂ ਵਾਲੀਹਾਂਤਾਂਅੱਜਿਤੇਰੰਧਾਵੇ ਅਰਦਾਸ ਕੀਤੀਜੀਸੱਚੇ ਪਾਤਸ਼ਾਹ ਜੀ ਜਾਮਾਂ ਏਹ ਰਖੀਐਗਾ ਤਾਂ ਫੇਰ ਹੁਕਮ ਹੋਯਾ ਭਾਈ ਅਜਿੱਤਿਆ ਏਹ ਨਹੀਂ ॥

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਸ਼ਲੋਕ ॥ ਭਗ ਤੇ ਨਿਕਸਿਆ ਸੋ ਸਭ ਬਿਨਸੇ ਪਗ ਬੇੜੀ ਹੈ ਈਧ ॥ ਭਏ ਗੁਸਾਂਈ ਸਾਂਗ ਮੈਂ ਦੀਪਕ ਜਲੇ ਬਿਹੰਗ ॥ ਕੋਕਿਲ ਅੰਬ ਪਰੀਤ ਜਿਉ ਉਤਿ ਅਉਸਰਿ ਲਾਗੀ ਸੋਇ॥ਟੂਟੀ ਤੰਤ ਰਬਾਬਕੀ ਬਹੁੜ ਨ ਵਾਜਾਹੋਇ ॥ ਨਾਨਕ ਐਸੇ ਸਾਂਗਸੈਂ ਕਿਸੇ ਮਿਲਾਵਾ ਹੋਇ ॥ ੧੧ ॥ ਤਿਸਕਾ ਪਰਮਾਰਥ ਸ੍ਰੀਗੁਰੂ ਜੀ ਕਹਿਤੇਹੈਨ ॥ ਭਗ ਤੇ ਜੋਨਿਕਸਿਆਹੈਸੋ ਬਿਨਸਨਹਾਰਾ ਹੈ ਪਗ ਬੇੜੀ ਪਰਬਿਧਿ ਜੋਹੈ ਸੋ ਸੰਜੋਗ ਵਿਜੋਗਹੈ ਸੰਜੋਗਕਰਕੇ ਮੇਲ ਹੁੰਦਾ ਹੈ ਵਿਜੋਗਕਰਕੇਵਿਛੜੀਦਾਹੈ ਗੁਸਾਈਂਜੋਹੈ ਸੋਸਤਿਗੁਰੂਹੈ ਓਹਸਾਂਗਕਰ ਕਰਚੋਜ ਵੇਖਦਾ ਹੈ ਦੀਪਕ ਜੋ ਹੈ ਸੋ ਬਿਹੰਗਮ ਹੈ ਜੋਤਿ ਸਰੂਪ ਅਮਰ ਹੈ ਕੋਕਲ ਅੰਬ ਪਰੀਤ ਹੈ ਸੋ ਉਨਕੇ ਸਾਸ ਹੈਨ ਉਨ੍ਹਾਂਦੀਪਰੀਤ ਉਸਦੇਨਾਮਸੰਗਹੈ ਕੋਕਲਕੀ ਨਿਆਈਂਸਾਧਹੈ ਅਰਨਾਮ ਜੋਹੈ ਸੋਅੰਮ੍ਰਿਤਫਲ ਹੈ ਓਹ ਉਸ ਸਾਥ ਖ਼ੁਸ਼ੀਹੋਤੇਹੈਂ ਰੰਗਲਗਾਵਤੇਹੈਂ ਜਿਉਂ ਕੋਕਲ ਅੰਬ ਫਲ ਖਾਇਕੇ ਸੁਭਾਉ ਕਰਕੇ ਬੋਲਤੀ ਹੈ ਤਿਉਂ ਸਾਧ ਨਾਮ ਫਲ ਅੰਮ੍ਰਿਤਫਲ ਖਾਇ ਬਹੁਤੇਖ਼ੁਸ਼ ਹੋਤੇ ਹੈਂ ਇਵਕਰ ਸਤਿਗੁਰੂ ਰਹੇਗਾ ਅਰ ਜੀਵੂਦੀ ਤੰਤ ਰਬਾਬਕੀ ਏਹਕੀ ਹੈ ਜੋ ਕੋਈਓੁਸ ਕਉ ਮਿਲਕਰ ਫੇਰ ਤੁਟਦੇ ਹੈਨ ਓਹ ਫੇਰ ਨਾਹੀਂ ਮਿਲਦੇ ਜਿਉਂ ਤੰਤਰਬਾਬਕੀਤੁਟਦੀਹੈ ਫੇਰ ਵਜਦੀ ਨਾਹੀਂ ਤਿਉਂਵਿਚਗਿਰਹਾਂਪੈਜਾਇਗੀ ਐਸਾ ਵਕਤਆਵੇਗਾ ਜੋ ਸਤਿਗੁਰੂ ਕੀ ਨਿੰਦਿਆਸਭਸੰਸਾਰਕਰੇਗਾ ਅਤੇ ਸਭ ਭੂਲਜਾਨਗੇ ਅਤੇਨਰਕਗਾਮੀਹੋਵਨਗੇ ਅਤੇ ਮੇਰਾ ਇਕਨਾਂ ਨੂੰਸੰਸਾਰ ਵਿਚ ਦਰਸ਼ਨ ਪ੍ਰਾਪਤ ਹੋਵੇਗਾ ਪਰ ਜੋ ਨਿੰਦਾਤੇ ਰਹਿਤਹੈਂ ਕੈਸੇਹੋਵਨਗੇ ਓਹ ਕਹਿਨਗੇ ਜੋ ਗੁਰੂ ਕਰਦਾ ਹੈ ਸੋਭਲਾਹੀ ਕਰਦਾਹੈ ਸੋਭਾਵਸ ਸੋ ਕਰੇ ਓਹ ਭਲਾ ਬੁਰਾ ਕਿਸੇਕ ਉਕਹਿਨਗੇ ਨਾਹੀਂ ਓਹਸਿੱਖ ਮੇਲ ਲਈਅਨਗੇ ਤਾਂ ਫੇਰ ਅਜਿੱਤੇ ਰੰਧਵੇ ਅਰਦਾਸ ਕੀਤੀ ਜੀਸੱਚੇਪਾਤਸ਼ਾਹ ਜਾਂਸਭਭੁੱਲਜਾਵਗੀ ਤਾਂ ਬਡਾਕਲਜੁਗ ਆਵੇਗਾ ਤਾਂਇਨ੍ਹਾਂ ਜੀਆਂ ਕੇ ਬਾਬ ਕਿਆ ਹੋਵੇਗੀ ਤਾਂ ਫੇਰ ਅੱਗੇਬਾਬੇਦਾਬੋਲਣਾ ਹੋਯਾ ॥ ਸ਼ਲੋਕ ॥ ਬਾਦਿਰ ਧੂਅਰ ਪਉਣ ਨਿਵਾਸੀ ਨਿਜਪਉੜੀ ਨਿਜਥਾਉਂ ॥ ਨਾਵੈਂ ਮਹਲੇ ਨਾਨਕਾ ਦੁਗਲ ਅਪਾਰਕਾ ਨਾਉਂ ॥ ੧੨ ॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਇਹ ਦੁਨੀਆਂ ਜੋ ਹੈ ਸੋ ਬੱਦਲ ਧੂਏਂ ਦੇ ਹੈਨ ਜੋ ਦੇਖੋ ਦੇਖੀ ਹੋਵਨਗੇ ਅਰ ਦੇਖੋਦੇਖੀ ਫਟਜਾਵਣਗੇ ਜਿਉਂ ਧੂਏਂ ਕੇ ਬਾਦਰ ਪਉਣ ਲਾਗੇ ਨਹੀਂ ਠਹਿਰਤੇ ਉਡ ਜਾਤੇਹੈਂ ਉਨ੍ਹਾਂ ਕੀ ਨਿਆਈਂ ਜਾਂ ਉਸ ਸਮੈ ਗੁਰੂ ਸਾਂਗ ਕਰੇਗਾ ਤਾਂ ਸਭ ਦੁਨੀਆਂ ਖਿੰਡ ਜਾਵੇਗੀ ਜਿਉਂ ਪਉਣ ਚਲੇ ਬੱਦਲ ਖਿੰਡ ਜਾਂਦੇ ਹੈਨ ਅਰ ਬੁਰੇ ਕਰਮ ਜੋ ਹੈਨ ਸੋ ਤਿਨੀਂ ਜਾਈਂ ਟਿਕਨਗੇ ਜੋ ਏਮੁਖ ਨਿੰਦਕ ਹੋਵਨਗੇ ਪਰ ਅੰਤ ਪੱਛੋਤਾਂਵਨਗੇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਕੁਛ ਫੇਰਭੀ ਬਖ਼ਸ਼ੀਅਨਗੇ ਕਿ ਨਾਂ ਤਾਂ ਫੇਰ ਗੁਰੂਜੀ ਦਾ ਬੋਲਣਾ ਹੋਯਾ ਬੱਚਾ ਅਜਿੱਤਿਆ ਇੰਦ੍ਰ ਜੋ ਹੈ ਸੋ ਸਤਿਗੁਰੂ ਹੈ ਤਿਸ ਦੇ ਸਿੱਖ ਸਭ ਸਾਧ ਦੇਵਤੇ ਹੈਨ ਓਹ ਨਿਰਤਕਾਰ ਕਰਦਾ ਹੈ ਤਾਂ ਬਖਸ਼ਾਇ ਲੈਂਦੇ ਹੈਨ ਹਾਣਤ ਕਿਸੇ ਦੀ ਨਾਹੀਂ ਕਰਣ ਦੇਤੇ ਸਭਸੇ ਕਾ ਭਲਾ ਚਾਹਤੇ

CC-0. Gurukul Kangri University Haridwar Collection. Digitized by S3 Foundation USA

ਹੈਨ ਸਭਨਾਂ ਕੋ ਮਿਲਾਇ ਲੈਂਦੇ ਹੈਨ ਤਿਉਂ ਬੱਚਾ ਇਕ ਐਸੇਹੀ ਸਿੱਖ ਹੋਵਨ ਗੇ ਜੋ ਹਾਣਤ ਕਿਸੈਦੀ ਨ ਕਰਨਗੇ ਅਰ ਮਿਲੇ ਕਉ ਮੋਲ ਲੈਨਗੇ ਪਰ ਜਾਂ ਓਹ ਵਖਤ ਆਵੇਗਾ ਤਾਂ ਸਾਧ ਸਿੱਖ ਆਗੇਹੀ ਸਮਾਇ ਜਾਨਗੇ ਐਸੇ ਮਨੁਖ ਰਹਿਨਗੇ ਜੋ ਮਿਲੇਨੂੰ ਭੀ ਵਿਛੋੜਨਗੇ ਸੋ ਪੁਰਖ ਨਰਕਗਾਮੀ ਹੋਵਨਗੇ ਨਿਜ ਪਉੜੀ ਨਿਜਥਾਉਂ ਜੋ ਹੈ ਸੋਕੀਹੈ ਸੋ ਉਸਕਾਨਾਮ ਹੈ ਸ਼ਬਦ ਕਾ ਜੋਉਸਵਕਤ ਸ਼ਬਦਹੀ ਉਚਾਰੀਐਗਾ ਸਤਿਗੁਰੂ ਨਿਰਾਲਮ ਹੋਇਰਹੇਗਾ ਜਿਉਂ ਗਰਦਿਆ ਜਾਮਾ ਧੂੜ ਝਾੜ ਉਜਲਾਹੁੰਦਾਹੈ ਐਸਾਸੰਸਾਰਤੇਰਹੇਗਾਜੈਸਾਕਮਲਜਲਤੇਰਹਿਤਹੈਉਸਕੋ ਜਲ ਨਹੀਂ ਪੋਹਤਾ ਤੈਸੇ ਇਹਧੂਏਂਕੇਬਾਦਰ ਨਿਕਟ ਨਾ ਆਵਨਗੇ ਅਰ ਬੱਚਾ ਨਾਵਾਂਜਾਮਾ ਜੋ ਹੋਵੇਗਾ ਸੋ ਜਗਪਰਵਾਨ ਹੋਵੇਗਾ ਸਭੇ ਵਸਤੂ ਨਵੀਆਂ ਹੋਵਨਗੀਆਂ ਅਰ ਅਪਾਰ ਵਸਤ ਜੋ ਹੈ ਸੋਈਹੈ ਅਪਾਰ ਵਸਤ ਸ਼ਬਦ ਹੈ ਸੋ ਓਥੇ ਸ਼ਬਦ ਹੀ ਹੋਵੇਗਾ ਸੋ ਇਕ ਐਸੇ ਬੇਮੁਖ ਹੋਵਨਗੇ ਤਿਸਨੋਂਭੀ ਨਾਉਂ ਰੱਖਨਗੇ ਓਹ ਅਪਾਰ ਵਸਤ ਕਿਸੇਦੇ ਨਿੰਦਣੇਕੀ ਨਾਹੀਂ ਪਰ ਉਸਕੀ ਚੁਗਲੀ ਕਰਕੇ ਦੁਸ਼ਟਾਦਕ ਮਰਨਗੇ ਸਚਿਆਰਾਂਉਪਰ ਚੁਗਲੀ ਨਹੀਂਚਲਦੀ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇਪਾਤਸ਼ਾਹ ਤੂੰ ਛ ਖਾਂਦਾ ਪੀਂਦਾ ਭੀ ਹੈਂ ਤਾਂ ਫੇਰ ਬਾਬੇਜੀਕਾ ਬੋਲਣਾਹੋਯਾ ਬੱਚਾ ਅਜਿੱਤਿਆ ਜਿਥੇ ਗੁਰੂਕਾ ਆਸਣਹੈ ਓਥੇ ਖਾਣਾ ਪੀਣਾ ਕੁਛ ਨਾਹੀਂ ॥ ਸ਼ਲੋਕ ॥ ਆਪੇ ਧੰਧੈ ਘਰਿ ਕਰੈ ਨਾ ਕੁਛ ਪੀਐ ਨ ਖਾਇ ॥ ਨੀਚਾ ਅੰਦਰ ਨੀਚਜਾਤ ਸਤਿਗੁਰੂ ਰਹੈ ਬਿਲਾਇ॥ ਸਾਂਗੀ ਸਾਂਗ ਰਚਾਇਸੀ ਫੁਟੈਸਗਲ ਜਹਾਨ ॥ਨਾਨਕ ਕੋਈ ਗੁਰਮੁਖ ਉਬਰੈ ਸਬਦਿ ਰਹੈ ਮਨ ਗਿਆਨ॥੧੩॥ ਤਿਸਕਾ ਪ੍ਰਮਾਰਥ ॥ ਭਾਈ ਅਜਿੱਤਿਆ ਜਿੱਥੇ ਗੁਰੂਕਾ ਆਸਣ ਹੈ ਤਿਥੇ ਖਾਣ ਪੀਣ ਕੁਛ ਨਹੀਂ ਓਥੇ ਸੱਚੋ ਹੀ ਸੱਚ ਹੈ ਸੱਚ ਜੋ ਹੈ ਸੋ ਨਾਮ ਹੈ ਉਸ ਨਾਮ ਸੰਗ ਪਰਚਿਆ ਰਹੇ ਹੋਰ ਕਿਸੇ ਦਾ ਰੀਝਾਇਆ ਨਾਹੀਂ ਰੀਝਦਾ ਓਥੇ ਪਾਪ ਪਰਕਿਚਤ ਕਾਈ ਨਾਹੀਂ ਅਤੇ ਨੀਚਾਂ ਅੰਦਰ ਨੀਚ ਜਾਤ ਹੈ ਸੋ ਕੀ ਹੈ ਓਹ ਆਪਣਾ ਆਪ ਜਣਾਵੇਗਾ ਨਾਹੀਂ ਹਉਮੈਂ ਤੇ ਅਹੰਕਾਰ ਦੂਰ ਕਰੇਗਾ ਸੰਤੋਖ ਖਿਮਾ ਮਸ਼ਟ ਉਸ ਕੀ ਜਾਤ ਹੈ ਓਥੇ ਹੀ ਸਤਿਗੁਰੂ ਜੀ ਕਾ ਬਾਸਾ ਹੋਇਗਾ ਅਤੇ ਜਿੱਥੇ ਏਹ ਤ੍ਰੈਵਸਤੂ ਹੋਵਨਗੀਆਂ ਅਤੇ ਆਪ ਸੀਗਾਰ ਭੀ ਕਰਦਾਹੈ ਸਾਧਾਂ ਨਾਲ ਮਿਲਕਰ ਸਭ ਕੁਛ ਭੋਗਦਾ ਹੈ ਪਰ ਉਸਨੂੰ ਕੁਛ ਨਾਹੀਂ ਲਗਦਾ ਓਹ ਅਲਿਪਤ ਹੈ ਪਰ ਸਾਂਗਵਿਚ ਰਹੇਗਾ ਸਾਂਗ ਜੁਗਜੁਗ ਕਰਦਾ ਆਯਾਹੈ ਪਰ ਜੋ ਇਸ ਕਲਜੁਗ ਿੱਚ ਸਾਂਗ ਕਰੇਗਾ ਤਿਸਤੇ ਸਭ ਫਿੱਟ ਜਾਵੇਗੀ ਸੋ ਕਉਣ ਕੌਣ ਭੁਲਨਗੇ ਸਿਧ ਸਾਧਿਕ ਸਿੱਖ ਸਾਖੀ ਸਭ ਫਿਟ ਜਾਨਗੇ ਕੋਈ ਵਿਰਲਾ ਗੁਰਮੁਖ ਸਾਬਤ ਰਹੇਗਾ ਓਹ ਸ਼ਬਦ ਗੁਰੂਕਾ ਕਹੇਗਾ ਸ਼ਬਦ ਕਰਕੇ ਰਹੇਗਾ ਸ਼ਬਦ ਪਰ ਚੱਲੇਗਾ ਸ਼ਬਦ ਕਉ ਮੰਨੇਗਾ ਹੋਰ ਗੱਲਾਂ ਝੂਠ ਕਰ ਮੰ ਗਾ ਸੋਈ ਪੁਰਖ ਸਤਿਗੁਰੂ ਕਾ ਸਿੱਖ ਹੋਵੇਗਾ ਹੋਰ ਸਭ ਨਰਕਗਾਮੀ ਹੋਵਨਗੇ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱ ੇ ਪਾਤਸ਼ਾਹ ਐਸਾ ਇਕ ੋਈ ਹੋਵੇਗਾ ਅਰ ਜੀ ਹੋਰਨਾਂ ਜੀਆਂਕੇ ਬਾਬ ਕੀ ਹੋਵੇਗਾ ਤਾਂਫੇਰ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਬਾਬੇ ਜੀ ਦਾ ਬੋਲਣਾ ਹੋਯਾ ॥ ਸ਼ਲੋਕ ॥ ਲੱਖ ਕਰੋੜੀ ਜੀਵਤੇ ਕੌਨ ਨਰਕ ਭੁੰਚਾਈਐ॥ ਲਾਗੈਅੰਕ ਕਾ ਸੀਓ ਬਹੁ ਪਚਾਈਐ॥ਹੁਕਮ ਹੋਯਾ ਧਰਮਰਾਇ ਕੋ ਕਾਢੋ ਨਰਕ ਨਿਵਾਸ॥ ਇਨਾਂ ਜੀਆਂ ਸਤਿਗੁਰ ਨਹੀਂ ਭੇਟਿਆ ਕਰਹਿਬ੍ਰਹਮੇਕੀ ਆਸ ॥ ਤਾਕਉ ਲੇਖ ਲਿਖਾਈਐ ਏਹ ਦਾਣੇ ਪਾਣੀਕਾ ਜੀਉ॥ਮਾਯਾ ਮਮਤਾ ਮੋਹਣੀ ਤਾਂਸਿਉ ਲਗਾ ਜੀਉ॥ਨਾਨਕਆਸਣ ਪੁਰਿਆ ਫਿਰ ਨਰਕ ਸਿਧਾਸਨ ਜੀਉ ॥ ੧੪ ॥ ਤਿਸਕਾ ਪ੍ਰਮਾਰਥ ॥ ਸੁਣ ਭਾਈ ਅਜੱਤਿਆ ਛਿਨਵੇਂ ਕਰੋੜ ਜੋ ਜੀਵਥੇ ਤਿਨ੍ਹਾਂ ਸਤਿਗੁਰੂਕੋ ਨਾ ਜਾਣਿਆ ਸੀ ਬ੍ਰਹਮਬ੍ਰਹਮ ਜਪਦਿਆਂ ਸਾਰੀ ਉਮਰ ਗੁਜ਼ਰ ਗਈ ਕਹਿਣ ਜੋ ਹਮਭੀ ਬ੍ਰਹਮਹੈਂ ਗੁਰੂਭੀਬ੍ਰਹਮਹੈ ਅਰ ਸਤਿਗੁਰ ਸਿਉਂ ਵਾਦਕਰਦੇਸੇ ਜੋ ਅਸੀ ਵਡੇ ਹਾਂ ਅਸਾਡੇਪੰਥ ਜੇਹਾਹੋਰ ਕੋਈ ਨਾਹੀਂ ਉਨ੍ਹਾਂ ਦਾਵਾਬੱਧਾਸੀ ਓਹਮਾਰਬਿਦਾਰ ਕਰਨੇਹਾਰੇ ਖਉਕੀਤੇ ਕੁੰਭੀ ਨਰਕਮੇਂ ਸਭਪਾਏ ਉਨ੍ਹਾਂਨੂੰ ਬਿਲਲਾਂਦਿਆਂ ਸਤਿਜੁਗ ਬੀਤਿਆ ਫਿਰਤ੍ਰੇਤੇ ਜੁਗਗੁਰੂਜਨਕਬਿਦੇਹੀਦੀ ਆਗਿਆ ਸਾਥ ਨਰਕੋਂ ਨਿਕਲੇ ਸੋ ਕਿਉਂਕਰਨਰਕੋਂ ਨਿਕਸੇ ਥੇ ਜਾਂ ਸਤਿਗੁਰੂ ਕੇ ਜਾਮੇਕਾ ਪਉਣ ਉਨ੍ਹਾਂਨੂੰ ਲੱਗਾਸੀ ਤਾਂ ਓਹ ਪੁਰਖ ਨਰਕੋਂ ਬਾਹਰ ਨਿਕਲੇਸੇ ਭਾਵੇਂ ਉਨ੍ਹਾਂ ਵਾਦਕੀਤਾਸੀਪਰ ਭਾਈ ਅਜੱਤਿਆਗੁਰੂਨਿਰਵੈਰਹੈ ਵੈਰਕਿਸੀਨਾਲਨਹੀਂਰਖਤਾ ਤਾਂਫੇਰਅਜੱਤੇਰੰਧਾਵੇ ਅਰਦਾਸ ਕੀਤੀਜੀ ਸੱਚੇਪਾਤਸ਼ਾਹ ਓਹਕਿਉਂਕਰ ਪਉਣਲਾਗੀਸੀ ਤਾਂਫੇਰ ਗੁਰੂਜੀਕਾਬੋਲਣਾਹੋਯਾ ਜਾਂ ਗੁਰੂ ਜਨਕਜੀ ਸੱਚੇਖੰਡਕੋ ਚਲੇ ਹੈਨ ਤਾਂ ਹੁਕਮ ਕੀਤੋ ਨੇ ਨਾਲੇ ਗਣ ਗੰਧਰਬ ਬਹੁਤ ਭਗਤ ਥੇ ਪੁਹਪ ਬਿਬਾਣ ਉਠਾਈ ਜਾਂਦੇਸੇ ਤਾਂ ਉਨ੍ਹਾਂਨੂੰ ਹੁਕਮ ਕੀਤੋਨੇ ਜੋਅਸਾਨੂੰ ਨਰਕੋਂ ਕੇ ਜੀਵਹੈਨਸੋ ਜਾਇ ਵਿਖਾਲੋ ਤਾਂ ਉਨ੍ਹਾਂਭਗਤਾਂ ਅਰਦਾਸਕੀਤੀ ਜੀ ਸੱਚੇ ਪਾਤਸ਼ਾਹ ਤੁਸਾਂ ਨੂੰ ਨਰਕ ਸੁਰਗ ਨਾਲ ਕੀ ਕੰਮ ਹੈ ਤੁਸੀ ਸੱਚਖੰਡ ਕੋ ਚਲੋ ਤਾਂ ਫੇਰ ਹੁਕਮ ਕੀਤੋ ਨੇ ਅਸਾਂਤਾਂ ਏਹ ਤਮਾਸ਼ਾ ਦੇਖਕਰ ਚਲਣਾਹੈ ਤਾਂ ਗਣ ਹੁਕਮ ਮੰਨਕੇ ਲੈਚਲੇ ਤਾਂਅੱਗੋਂਪੁਕਾਰ ਆਂਵਦੀ ਸੀ ਨਰਕਦੇ ਜੀ ਬਹੁਤ ਕੁਰਲਾਂਵਦੇ ਹੈਸਨ ਪਰ ਜਿਉਂ ਗੁਰੂਜਨਕਕਾ ਬਿਬਾਣਨੇੜੇਆਯਾ ਤਾਂ ਓਹ ਜੀਆਂ ਸਭ ਚੁਪ ਕਰਗਏ ਅਰ ਧਰਮਰਾਇ ਆਸਣ ਛੋਡਕਰ ਭੰਨਾ ਤਾਂ ਓਹ ਚਿਤ੍ਰ ਗੁਪਤ ਭੀ ਨਾਲੇ ਭੰਨੇ ਤਾਂ ਫੇਰ ਗੁਰੂ ਜਨਕ ਜੀ ਓਹਨਾਂ ਨਰਕਕੇ ਜੀਆਂ ਸੇ ਪੁੱਛੇਂ ਤੁਸੀ ਜੋ ਕੁਰਲਾਂਵਦੇ ਸੇ ਸੋ ਹੁਣ ਕਿਉਂਕਰਸ਼ਾਂਤਿਆਈ ਤਾਂਓਹਨਰਕਕੇਜੀਵਬੋਲੇ ਜੋ ਜੀ ਤੇਰੇਜਾਮੇ ਕਾ ਜੋ ਸੀਤਲ ਪਉਣ ਲੱਗਾ ਹੈ ਤਾਂ ਅਸਾਂਨੂੰ ਸ਼ਾਂਤਿ ਆਈ ਹੈ ਤੇ ਤਪਤ ਬੁਝ ਗਈ ਹੈ ਅਰ ਜਮਦੂਤ ਜੋ ਅਸਾਂਨੂੰ ਮਾਰਦੇ ਸੇ ਸੋ ਸਭ ਨੱਸਗਏ ਹੈਂ ਤਾਂ ਹੁਕਮ ਹੋਯਾ ਜੋ ਇਨ੍ਹਾਂ ਕੋ ਬਾਹਰ ਕਾਢੋ ਤਾਂ ਸਤਿਗੁਰੂ ਸੱਜੇ ਪੈਰਕੇ ਅੰਗੂਠੇ ਨਾਲ ਛਿਨਵੇਂ ਕਰੋੜੀ ਅਤੇ ਬੀਸ ਲੱਖ ਜੀਵਨਰਕ ਵਿੱਚੋਂ ਕਾਢੇ ਸਨ ਤਾਂ ਧਰਮਰਾਇ ਨਿਰੰਜਨ ਨਿਰੰਕਾਰਜੀ ਅਗੇ ਜਾਇ ਪੁਕਾਰਿਆ ਜੋ ਜੀ ਇਕ ਮਹਾਂਪੁਰਖ ਆਯਾਹੈ ਜਿਸਕੋਜਨਕਬਿਦੇਹੀ ਕਹਿਤੇਹੈਂ ਓਸਨੇ ਜੋਨਰਕਕੇ ਜੀਵ ਹੈਨ ਸੋ ਸਭ ਨਰਕੋਂ ਬਾਹਰਕੱਢਬਹਾਏ ਹੈਨ ਜਿਉਂ ਤੁਮਾਰੀਆਗਿਆਹੋਵੇਤਾਂਫੇਰਸੱਚਾਨਿਰੰਕਾਰ

CC-0. Gurukul Kangri University Haridwar Collection. Digitized by S3 Foundation USA

ਜੀ ਏਂਲਿਆ ਹੇ ਧਰਮਰਾਇ ਉਸ ਮਹਾਂ ਪੁਰਖ ਕੋ ਕੁਛ ਨਹੀਂ ਕਹਿਣਾ ਜੇ ਓਹ ਚਾਹੇ ਭਾਂ ਨਰਕ ਹੀ ਦੂਰਕਰਦੇਵੇ ਪਰਉਸਕੋ ਰਾਜੀ ਰਖਣਾਹੈ ਭਾਂਧਰਮਰਾਇ ਹਾਥਜੋੜਕੇ ਅਰਦਾਸ ਕੀਤੀ ਜੀ ਫੇਰ ਸ੍ਰਿਸ਼ਟਕਾ ਬੰਧੇਜ ਕਿਉਂਕਰ ਚਲੇਗਾ ਭਾਂ ਫੇਰ ਨਿਰੰਕਾਰਕੀ ਆਗਿਆਹੋਈ ਜੋ ਹੇ ਧਰਮਰਾਇ ਤੂੰ ਉਸੀ ਭਗਤ ਪਾਸ ਜਾਇ ਜਿਉਂਕਰ ਰਾਜੀ ਹੋਵੇ ਤਿਵੇਂ ਕਰਨਾ ਭਾਂ ਧਰਮਰਾਇ ਸ੍ਰੀ ਸਤਿਗੁਰੂਆਗੇ ਆਇਹੱਥਜੋੜਕੇ ਖੜਾਹੋਯਾ ਅਤੇ ਅਰਦਾਸਕੀਤੀਓਸੁ ਜੀ ਮਿਹਰਵਾਨ ਏਨਾਂਜੀਆਂ ਬਡੇ ਅਨਗਿਣਤ ਹੀ ਪਾਪ ਕੀਤੇਹੈਨ ਭਾਂਓਸਵਖਤ ਸਤਿਗੁਰੂ ਨਿਰੰਕਾਰ ਨਾਲ ਧਿਆਨਕਰਕੇ ਤਪੱਸਿਆ ਕੀਤੀ ਹੈਸੀ ਜਾਂ ਤਾਂਈ ਗੁਰੂ ਜੀ ਮਹਾਰਾਜ ਨੇ ਖੋਲ੍ਹੀ ਭਾਂ ਧਰਮਰਾਇ ਜੋਗ ਆਖਿਓਸੁ ਹੇ ਧਰਮਰਾਇ ਏਹ ਤਪੱਸਿਆ ਸਵਾ ਘੜੀਕੀ ਜੀਆਂ ਕੋ ਮੁਜਰੇ ਦੀਜੈ ਪਾਪਾਂ ਕੇ ਬਦਲੇ ਇਨ੍ਹਾਂਕੀ ਖਲਾਸੀ ਕੀਜੈ ਭਾਂ ਧਰਮਰਾਇ ਭਮਾਉ ਕੀਤਾ ਤਪੱਸਿਆ ਏਕਧਾਰਨਮੰਡੀ ਜੀਆਂਕੇ ਪਾਪ ਏਕਧਾਰਨਮੰਡੇ ਭਾਂ ਤਪੱਸਿਆ ਭਾਰੀਹੋਈਜੀਆਂ ਕੇ ਪਾਪ ਹੌਲੇ ਹੋਏ ਨਾਮਕੀ ਮਹਿਮਾ ਜੋ ਹੈ ਸੋ ਅਗਮ ਹੈ ਫੇਰ ਜੀਆਂ ਕਉ ਸੁਰਗ ਮਾਹਿ ਪਾਯਾ ਭਾਂ ਓਥੇ ਭੁੱਖਨਾਲ ਲਗੇਕੁਰਲਾਵਣ ਭਾਂਫੇਰ ਗੁਰੂਬਾਬੇਜੀ ਪੁੱਛਿਆ ਜੀ ਓਨਾਂਜੀਆਂ ਕਾ ਹੁਣ ਕੀ ਹਵਾਲਹੈ ਭਾਂ ਅੱਗੋਂ ਧਰਮਰਾਇ ਕਹਿਆ ਜੀ ਨਾ ਓਹ ਸੁਰਗ ਹੈਨ ਨਾ ਨਰਕ ਹੈਨ ਓਹ ਅਧਬੀਚ ਹੀ ਸਹਿਕਦੇ ਹੈਨ ਅੱਗੇ ਇਨ੍ਹਾਂ ਕੁਛ ਨਹੀਂ ਬੀਜਿਆ ਜੋ ਏਥੇ ਏਨ੍ਹਾਂਨੂੰ ਮਿਲੇ ਭਾਂਸਤਿਗੁਰੂਨਿਰੰਕਾਰਕਉ ਜਾਇਕਹਿਆ ਭਾਂ ਸਚੇ ਨਿਰੰਕਾਰਜੀ ਕਹਿਆ ਜੋਜੀ ਏਹ ਜੀਵ ਤੇਰੇ ਹਵਾਲੇ ਹੈਂ ਇਨ੍ਹਾਂ ਕੋ ਮਿਰਤ ਮੰਡਲ ਲੈਜਾਵਹੁ ਇਨ੍ਹਾਂ ਕੋ ਨਾਮਦਾਨ ਇਸ਼ਨਾਨ ਦ੍ਰਿੜਾਵਹੁ ਭਾਂ ਇਨ੍ਹਾਂ ਜੀਆਂ ਕਾ ਉਧਾਰ ਹੋਵੇ ਭਾਂਫੇਰ ਸਤਿਗੁਰੂਅਰਦਾਸਕੀਤੀਜੀਏਹ ਦਾਣੇ ਪਾਣੀਕੇ ਜੀਅਹੈਨ ਇਨ੍ਹਾਂਕਾ ਰਿਜ਼ਕ ਭੀ ਲਿਖਿਆ ਮਿਲੇ ਜੋਇਨ੍ਹਾਂਦਾ ਖਰਚਹੈ ਭਾਂਫੇਰਸੱਚੇ ਨਿਰੰਕਾਰ ਕਹਿਆ ਹੇ ਜਨਕ ਇਨ੍ਹਾਂਕਾ ਰਿਜਕਭੀ ਤੇਰੇ ਹਵਾਲੇ ਹੈ ਭਾਂਫੇਰਸ੍ਰੀ ਸਤਿਗੁਰੂ ਜੀ ਅਰਦਾਸ ਕੀਤੀ ਜੀ ਗਰੀਬਨਵਾਜ ਤੇਰੀ ਕੋਠੜੀ ਵਿੱਚ ਸਭ ਕੁਛ ਹੈ ਭਾਂ ਨਿਰੰਕਾਰਜੀ ਕੀ ਆਗਿਆ ਹੋਈ ਜੋਤੂੰਜਾਹ ਤੂੰਮੇਰਾਸਿਖਹੋਯਾ ਏਹਸ਼ਭਜੀਅ ਤੇਰੇਸਿੱਖ ਹੂਏ ਭਾਂਨਿਰੰਕਾਰਕੀ ਥਾਪੀਲੈਕਰ ਇਸਸੰਜੋਗ ਸਤਿਗੁਰੂ ਜਾਮਾਪਹਿਨਿਆ ਇਸ ਵਾਸਤੇ ਜਗਤ ਮੇਂ ਆ ਯਾ ਪਰ ਬੱਚਾ ਅਜੋਂਤਿਆ ਜਿਸਦੇ ਪੂਰੇ ਭਾਗ ਹੋਨਗੇ ਸੋ ਪੁਰਖ ਸੁਧਰਨਗੇ ਹੋਰਮਾਯਾ ਮਮਤਾਕੇਲੋਕ ਹੈਨ ਜਿਤਨੇ ਭਾਂਈਂ ਮੇਰਾ ਜਾਮਾ ਰਹੇਗਾ ਦਸਾਂ ਮਹਲਾਂ ਤਾਂਈਂ ਗੁਰੂਜਾਮਾਂ ਹਾਜਰ ਰਖੇਗਾ ਤੇ ਦਸ ਜਾਮੇ ਭਾਂ ਮੇਰਾ ਹੀ ਸਰੂਪ ਅਰ ਮੇਰੀ ਹੀ ਜੋਤ ਹੋਵੇਗੀ ਪਿੱਛੇ ਧੁੰਧੂਕਾਰ ਪੈਜਾਵੇਗਾ ਆਪੋ ਆਪਣੇ ਮਤ ਚਲਣਗੇ ਗੁਰੂ ਇਕੋ ਹੋਵੇਗਾ ਮਤ ਬਹੁਤੇ ਹੋਇ ਜਾਵਣਗੇ ਅਰ ਮਤਿ ਮਤੀਕੀ ਨਿੰਦਿਆ ਕਰੇਗਾ ਵਰਜਨਹਾਰ ਕੋਈ ਨ ਹੋਵੇਗਾ ਕੋਈ ਇਕਅੱਧ ਸਮ ਦਰਸੀ ਸਤਿਗੁਰੂ ਕਾ ਸਿੱਖ ਹੋਵੇਗਾ ਨਹੀਂ ਭਾਂ ਹੋਰ ਸਭ ਸਿੱਖਾਂ ਹੀ ਕੀ ਨਿੰਦਿਆ ਕਰਨਗੇ ਅਤੇ ਬੇਮੁਖ ਹੋਵਨਗੇ ਸੋਫੇਰ ਨ ਤਕਗਾਮੀ ਕਰੀਅਨਗੇ ਜੋ ਸਤਿਗੁਰ ਕੇ ਸ਼ਬਦ ਕਉ ਨਾ ਜਾਨਣਗੇ

CC-0. Gurukul Kangri University Haridwar Collection. Digitized by S3 Foundation USA

INTERNET ABHINAV GAUR

ਸੋ ਨਿਰਾਸ ਹੋਵਨਗੇ ਓਹ ਬਿਧਿ ਇਨ੍ਹਾਂ ਜੀਆਂ ਦੇ ਸਿਰ ਉਲਟਦੀ ਨਾਹੀਂ ਆਗੇ ਸਤਿਗੁਰੂ ਜੋ ਭਾਵੇ ਸੋ ਹੋਇ ॥ ਸ਼ਲੋਕ ॥ ਭਗਤਾਂ ਕੋ ਆਗਿਆ ਭਈ ਲਾਹਾ ਲੈਹ ਅਮੋਲ ॥ ਆਏ ਜਗਮਹਿ ਸਾਧਜਨ ਨਾਮ ਅਜਾਚੀ ਤੋਲ ॥ ਦੀਵਾ ਸ਼ਬਦ ਜਲਾਇਆ ਖਰ ਪੈਖਰ ਪੈਬੰਦ ॥ ਸ਼ਬਦਗੁਰੂਤੇਵੀਛੜੈਕੂੜਕਮਾਵਹਿਅੰਧ ॥ ਕਾਮਕਸਉਟੀਹੱਥਕਰੀ ਸੰਗ ਤਿਰੀਆ ਸੋ ਮੋਹ ॥ ਨਾਨਕ ਕੂਕ ਸੁਣਾਇਅਨ ਨਾ ਮਿਲਿਆ ਪ੍ਰਭ ਸੋਇ ॥ ੧੫ ॥ ਤਿਸਕਾ ਪਰਮਾਰਥ ॥ ਬੱਚਾ ਅਜੱਤਿਆ ਭਗਤਾਂ ਨੂੰ ਆਗਿਆ ਹੈ ਜੋ ਤੁਸੀ ਜਗ ਮਹਿ ਜਾਵੋ ਤੁਸੀਂ ਜਾਇਕੇ ਮੇਰਾ ਨਾਮ ਦ੍ਰਿੜਾਵਹੁ ਜਗਜੋਹੈ ਸੋ ਅੰਧਗੁਬਾਰਹੈ ਮਾਯਾਕਾ ਅੰਧਹੈ ਜਾਇਕਰ ਸ਼ਬਦਕਾ ਦੀਵਾ ਜਗਾਇਓ ਜੋ ਤਿਮਰ ਅੰਧੇਰਾ ਮਿਟਜਾਵੇ ਰੁਸ਼ਨਾਈਹੋਵੇ ਅਰ ਅਮੋਲ ਵਸਤ ਜੋ ਹੈ ਸੋ ਨਾਮ ਹੈ ਅਰ ਅਤੋਲਹੈ ਸੋਜਾਇਕੇ ਆਪ ਭੀ ਜਪੋ ਤੋ ਸੰਸਾਰ ਕੋ ਭੀ ਦ੍ਰਿੜਾਵਹੁਤਾਂਸੰਸਾਰ ਕੀ ਭੀ ਗਤਿ ਹੋਵੇ ਸ੍ਰੀਪਾਰਬ੍ਰਹਮਕੀ ਆਗਿਆ ਸਾਥ ਸੰਸਾਰਵਿਖੇ ਆਇ ਜਨਮ ਲਿਓਨੇ ਉਨ੍ਹਾਂਕੋ ਏਹਾ ਮਿਲਿਆ ਨਾਮਦਾਨ ਇਸ਼ਨਾਨ ਗਿਆਨ ਭਾਉਭਗਤ ਧਰਮਦਯਾ ਜਤ ਸਤ ਸੰਤੋਖ ਖਿਮਾਂ ਗਰੀਬੀ ਸੀਲ ਸੰਜਮ ਸੇਵਾ ਟਹਿਲ ਏਹ ਵਸਤੂ ਓਨਾਂ ਭਗਤਾਂ ਨੂੰਮਿਲੀਆਂਸੋ ਲੈਕੇ ਜਗਵਿੱਚਆਏ ਸਤਿਗੁਰੂਆਪਸਦਾਏ ਤਿਨ੍ਹਾਂਨਾਲਸਤਿਗੁਰੂਕਾ ਬਾਸਾ ਹੋਯਾ ਜੋ ਕੋਈ ਓਨ੍ਹਾਂ ਨਾਲਮਿਲੇਗਾਸੋਸਤਿਗੁਰੂਕਉ ਪਾਵੇਗਾ ਅਰ ਜੋ ਕੋਈ ਓਨਾਂ ਕਾ ਕਹਿਆ ਨ ਕਰੇਗਾ ਤਿਨ੍ਹਾਂ ਕੋ ਸਤਿਗੁਰੂਨਮਿਲੇਗਾ ਓਹਅੱਗੇਬੰਨ੍ਹ ਬਹਾਲੀਐਂਗੇ ਦੁਖਪਾਵੇਂਗੇ ਉਨਕਉ ਸ਼ਬਦ ਭੀ ਨ ਲਗੇਗਾਅਰਜੇਕੁਛ ਥੋੜਾ ਬਹੁਤਾ ਕਮਾਵਨਗੇ ਸੋ ਭੀ ਨਿਹਫਲ ਜਾਵੇਗਾ ਤਿਨਕਉ ਸ਼ਬਦ ਭੁੱਲ ਜਾਵੇਗਾ ਸੇਵਾ ਥਾਇ ਨ ਪਵੇਗੀ ਓਹ ਕੂੜ ਕਪਟ ਕਮਾਵਨਗੇ ਅਰਇਸਤ੍ਰੀਆਂ ਸੋਂ ਮੋਹਲਗਾਵਨਗੇ ਕਾਮਕਮਾਵਨਗੇ ਜੋਗੱਲਾਂਮਨਹਕੀਤੀਆਂਹੈਨ ਸੋਈ ਕਮਾਵਨਗੇ ਤਿਨ੍ਹਾਂ ਪੁਰਖਾਂਕੋ ਸਤਿਗੁਰੂਕਾ ਮੇਲਹੋਵੇਗਾ ਨਹੀਂ ਓਹ ਨਿਰਾਸ ਹੀ ਜਾਵਨਗੇ ਮਨੁੱਖ ਜਨਮ ਨੂੰ ਪਾਇਕੇ ਜਿਉਂ ਕੋਈ ਪਰਦੇਸ ਵਿਚ ਧਨ ਖਟਦਾ ਹੈ ਅਤੇ ਬਦਮਾਮਲੀ ਕਰਕੇ ਖੋਂਵਦਾ ਹੈ ਤਿਉਂ ਉਨ੍ਹਾਂਦੀਸੇਵਾਭਾਉਖੋਈਜਾਇਗੀਆਸਾਓਨਾਂਦੀਪੂਰੀ ਨ ਹੋਵੇਗੀ ਸੋ ਜੀਅ ਨਿਰਾਸ ਜਾਂਹਿਗੇਫੇਰਨਰਕਹੀਪਾਹੀਅਨਗੇ ॥ ਕਹੁਨਾਨਕਆਸਾਂਨ ਪੂਰੀਆਂ ਫਿਰ ਨਰਕ ਸਿਧਾਰੇ ਜੀਆ॥ਤਾਂਫੇਰਅਜੱਤੇਰੀਧਾਵੇਅਰਦਾਸਕੀਤੀਜੀਸੱਚੇਪਾਤਸ਼ਾਹਛਿਨਮੈਕਰੋੜੀਬੀਜ ਜਿਥੋਂ ਕੱਢਿਆਫੇਰ ਤਿਥਾਉਂਪਾਯਾ ਤਾਂਸੱਚੇਪਾਤਸ਼ਾਹ ਜੋਤੇਰੇਸ਼ਬਦਸਾਖੀ ਲਿਖੰਦੇ ਪੜ੍ਹਦੇ ਸੋ ਪਰ ਜੀਆਪ ਏਹਕਹੋ ਲਿਖੇਪੜ੍ਹੇਕਾ ਇਨ੍ਹਾਂਕੋ ਕੁਛਫਲ ਹੱਥਆਵੇਗਾ ਕਿਨਾਹੀਂ ਤਾਂਫੇਰ ਬਾਬੇ ਜੀ ਕਾ ਬੋਲਣਾ ਹੋਯਾ ॥ ਲੋਕ ॥ ਹੈ ਬਬੇਕ ਏਹ ਨਾਹੀਂ ਦੀਸੈ ਕਪਟ ਭੁਗਤ ॥ ਰਾਗ ਪਾਇ ਰਾਗਨੀਗਾਵੇ ਕਿਸੇ ਨ ਆਵੇ ਗੁਰਕੀ ਮੱਤ ॥ ਸਰਪਾਹੁ ਅੰਤਰਲੈਧਾਰੇ ਜੀਵਣਕੀ ਏਹਗਤਿ॥ਕਹੁਨਾਨਕਪ੍ਰਭੁਅਗਮਅਗੋਚਰ ਕਉਣ ਜੁਗਤ ਤਾਂਕੀ ਹੋਇ ਭੁਗਤ॥ ੧੬॥ ਤਿਸਕਾਪਰਮਾਰਥ ॥ ਤਾਂਸੁਣਭਾਈਅਜੱਤਿਆ ਕਲਜੁਗਵਿਚਧਰਮਛੀਨ ਹੋਏਗਾ ਧਰਮ

CC-0. Gurukul Kangri University Haridwar Collection. Digitized by S3 Foundation USA

ਹੋਵਨਾ ਨਾ ਪਾਵੇਗਾ ਅਤੇ ਭਗਤਿ ਜੋ ਕੋਈ ਕਰੇਗਾ ਸੋ ਕਪਟ ਕੀ ਕਰੇਗਾ ਸੋ ਆਪਣੀ ਪ੍ਰਾਲਬਧ ਦੇ ਵਾਸਤੇ ਕਰੇਗਾ ਜੋ ਹਉਂ ਵਡਾ ਕਹਾਵਾਂ ਸੰਸਾਰ ਸਭ ਮੰਨੇ ਅਰ ਰਾਗ ਜੋ ਹੈ ਸੋ ਸ਼ਬਦ ਹੈ ਅਰ ਰਾਗਨੀ ਜੋ ਹੈ ਸੋ ਰੁਜਗਾਰ ਹੈ ਓਹ ਆਪਣੇ ਰੁਜਗਾਰ ਕੇ ਵਾਸਤੇ ਗਾਵਨ ਪੜ੍ਹਨ ਗੇ ਜਿਥੇ ਕੁਛ ਹੱਥ ਆਵੇਗਾ ਤਿਥੇ ਹੀ ਸੁਨਾਵਨ ਗੇ ਅਤੇ ਖਾਵਣ ਪੀਵਣ ਕੇ ਮੇਲੇ ਹੋਵਨ ਗੇ ਗੁਰੂ ਕਾ ਅਰਥ ਕੋਈ ਵਿਰਲਾ ਹੀ ਜਾਣੇਗਾ ਸੰਸਾਰ ਸੱਭੋ ਸੁਆਦੇ ਹੀ ਲਗ ਜਾਵੇਗਾ ਅਰ ਸ਼ਬਦ ਕੋਈ ਵਿਰਲਾ ਹੀ ਖੋਜੇਗਾ ਅਰ ਸਤਿਗੁਰੂ ਕੀ ਮਤ ਖਰੀ ਉਚੀ ਹੈ ਸੋ ਕੋਟਾਂ ਮੱਧੇ ਹੋਵੇਗੀ ਸੋ ਮਤ ਕੇ ਹੀ ਹੈ ਨਾਮ ਦਾਨ ਇਸਨਾਨ ਸਤ ਸੰਤੋਖ ਸੀਲ ਸੰਜਮ ਜਪ ਤਪ ਦਯਾ ਧਰਮ ਭਾਉ ਭਗਤਿ ਗਰੀਬੀ ਟਹਿਲ ਏਹ ਸਤਿਗੁਰੂ ਕੀ ਮੱਤ ਹੈ ਕਾਮ ਕ੍ਰੋਧ ਅਹੰਕਾਰ ਲੋਭ ਮੋਹ ਪਰਨਿੰਦਾ ਕਬੁਧ ਹਿਰਸ ਤ੍ਰਿਸ਼ਨਾ ਏਹ ਛਡਨੀਆਂ ਹੈਨ ਅਤੇ ਜੇ ਕੋਈ ਸਿੱਖ ਸੰਤ ਗੁਰੂ ਕਾ ਨਾਉਂ ਧਰੀਕ ਹੈ ਸਭ ਕੀ ਟਹਿਲ ਕਰਨੀ ਜੋ ਕੋਈ ਏਹ ਹੁਕਮ ਮੰਨੇ ਕਮਾਵੇ ਦਰਸਨ ਲੱਗੇ ਸਬਦ ਮਨ ਵਸਾਏ ਤਾਂ ਤਿਸਕੋ ਪਾਹੁ ਲਗਦਾ ਹੈ ਓਹ ਬੁਰਿਆਂ ਕਰਮਾਂ ਤੇ ਸ਼ਰਮਿੰਦਾ ਹੈ ਜਾਂ ਬੁਰਿਆਂ ਕਰਮਾਂ ਤੇ ਸ਼ਰਮਾਯਾ ਅਰ ਗੁਰਾਂ ਕੇ ਉਪਦੇਸ਼ ਤੇ ਚਲਿਆ ਤਾਂ ਇਸ ਮਨੁੱਖ ਕਉ ਰੰਗ ਲਗਦਾ ਹੈ ਓਹ ਜੀਂਵਦਿਆਂ ਹੀ ਗਤਿ ਕਉ ਪ੍ਰਾਪਤ ਹੋਯਾ ਅਰ ਜੇ ਕਮਾਵੇ ਕੁਛ ਨਹੀਂ ਤਾਂ ਕਿਉਂ ਕਰ ਪਹੁੰਚੇ ਇਸਕੀ ਜਾਂਦ ਗਤ ਭੁਗਤ ਹੋਵੈ ਨਹੀਂ ਤਾਂ ਕਜੋਂ ਕਰ ਮਿਲਾਵਾ ਹੋਵੇ ॥ ਕਹੁ ਨਾਨਕ ਪ੍ਰਭੂ ਅਗਮ ਅਗੋਚਰ ਕਉਣ ਜੁਗਤ ਤਾਂ ਕੀ ਇਹੋ ਭਗਤਿ ॥ ਤਾਂ ਫੇਰ ਸਤਿਗੁਰੂ ਜੀ ਕਾ ਬੋਲਣਾ ਹੋਯਾ ਸੁਣ ਭਾਈ ਅਜੱਤਿਆ ਐਸਾ ਵਕਤ ਆਵੇਗਾ ਜੋ ਘਰ ਘਰ ਮੰਜੀਆਂ ਪਾਇਬ ਹਿਨ ਗੇ ਅਰ ਗੁਰੂ ਸਦਾਇਨ ਗੇ ਤਾਂ ਉਨ੍ਹਾਂ ਦੇ ਪਿਛੇ ਸੰਸਾਰ ਲਗ ਜਾਵੇਗਾ ਤਾਂ ਉਨ੍ਹਾਂ ਮੰਜੀਆਂ ਦੇ ਬਾਬ ਏਹ ਹੋਵੇਗਾ ॥ਸ਼ਲੋਕ॥ਪਦ ਨਿਰਬਾਨ ਰਹੈ ਬਿਹੰਗਮ ਦੇਖ ਦੇਖ ਬਿਸਮਾਈ ॥ ਬਾਂਧੇ ਮੋਹ ਮਾਯਾ ਕੇ ਬੰਧਨ ਵੁਹ ਲਾਗੇ ਗੁਰੂ ਰਹਾਈ॥ ਚਕਨਾ ਚੂਰ ਕਰੈ ਗੁਰੁ ਪੂਰਾ ਤਾਂ ਕਾ ਲੇਖ ਨ ਮਿਟਿਆ ਜਾਈ ॥ ਮੁਸਲਮਾਨ ਸਿਫਤ ਸ਼ਰੀਅਤ ਸਾਹੇ ਕੀ ਵਡਿਆਈ ॥ ਕਹੁ ਨਾਨਕ ਧੁੰਧੂਕਾਰ ਵਰਤੈ ਅਲਹੁ ਅਗਮ ਖੁਦਾਈ ॥ ੧੭ ॥ ਤਿਸਕਾ ਪਰਮਾਰਥ ॥ ਪਦ ਗੁਰੂ ਹੈ ਬਿਹੰਗਮ ਪਰਮੇਸ਼ਰ ਕਾ ਰੂਪ ਹੈ ਏਹ ਜੁਗਤ ਗੁਰੂ ਦੇਖ ਬਿਗਸੇਗਾ ਅਰ ਨਿਰਬਾਨ ਜੋ ਹੈ ਸੋ ਨਿਰਲੇਪ ਹੈ ਜਜੋਂ ਮੁਰਗਾਬੀ ਦੇ ਪਰ ਨਹੀਂ ਭਿਜਦੇ ਤਿਉਂ ਉਹ ਮਾਯਾ ਮੋਹ ਤੇ ਨਿਰਬਾਣ ਰਹੇਗਾ ਮਾਯਾ ਮੋਹ ਕੀ ਹੈ ਰੂਪ ਤ ਕੁਰੰਬ ਨੀਆਂ ਕਾ ਜੋ ਬਿਉਹਾਰ ਤਿਸ ਸਾਥ ਮੋਹ ਨ ਲਗਾਵੇਗਾ ਤਾਂ ਸ੍ਰੀ ਪਾਰਬ੍ਰਹਮ ਕੇ ਜੱਸ ਸਿਉਂ ਰਹੇਗਾ ਬਾਂਧੇ ਮੋਹ ਮਾਯਾ ਕੇ ਫਾਂਧੇ ਸੋ ਐਸੇ ਬਰਤੇ ਗੁਰੂ ਹੋਵਨ ਗੇ ਓਨਾਂ ਕਾ ਮਨ ਮਾਯਾ ਰੂਪ ਤ ਸਿਉਂ ਲਗਾ ਰਹੇਗਾ ਅਰ ਓਹ ਔਰ ਕਰਮ ਹੀ ਕਰਨ ਗੇ ਸੋ ਕੈਸੇ ਔਰ ਕਰਮ ਕਰਨ ਗੇ ਜੋ ਕਿਤੇ ਜੁਗ ਨਹੀਂ ਹੋਏ ਸੋ ਉਹ ਬਦਰਾਹ ਚਲਾਨ ਗੇ ਅਤੇ ਸੰਸਾਰ ਉਨਾਂ ਨੂੰ ਪੂਜੇਗਾ ਸੋ ਦੋਣ ਹੋਵਨ ਗੇ ਘਰ ਘਰ ਸੰਤ ਗੁਸਾਈਂ ਹੋਇ ਬਹਿਣ ਗੇ ਓਹ ਗੁਰਸਿਖ ਨਰਕ ਗਾਮੀ ਹੋਵਨ ਗੇ ਗੁਰ ਭੀ ਅਰ ਸਿੱਖ ਭੀ ਬਿਕਰਮ ਹੀ ਕਰਨ ਗੇ ਸੋ ਪੁਰਖ ਅੰਧੂ ਹਵਿੱਚ

CC-0. Gurukul Kangri University Haridwar Collection. Digitized by S3 Foundation USA

ES OF INTERNET
OUTH
ABHINAV GAUR

ਪਾਈਅਨਗੇ ਜਿਤਨੇ ਭੇਖਹਨਤਿਨ੍ਹਾਂਦਾ ਏਹਵਰਤਾਰਾ ਹੋਇ ਵਰਤੇਗਾ ਅਤੇਕਲਜੁਗਐਸੀ ਕਰੇਗਾ ਸ਼ਾਸਤ੍ਰ ਗਾਯਤ੍ਰੀਤਰਪਨ ਇਕਾਦਸੀ ਤੀਰਥ ਬਡੇ ਬਡੇ ਸੌਨਸੰਜੋਗਤਿਨਾਂਕੌ ਮੰਨੇਗਾ ਕੋਈ ਨਾਹੀਂ ਏਹ ਵਰਤਾਰਾ ਵਰਤ ਜਾਇਗਾ ਏਸ ਸੰਸਾਰ ਵਿਖੇ ਕੌਣ ਕੌਣ ਗੁਰੂ ਕਹਾਇਨਗੇ ਜੋਗੀ ਸੰਨਜਾਸੀ ਜੰਗਮ ਬ੍ਰਹਮਚਾਰੀ ਬ੍ਰਹਮਣ ਏਹ ਕਲਜੁਗ ਵਿਖੇ ਗੁਰੂਕਹਾਇਨ ਤਿਨ੍ਹਾਂ ਕੇ ਬਾਬ ਏਹ ਹੋਵੇਗੀ॥ ਚਕਨਾਚੂਰ ਕਰੇ ਗੁਰ ਪੂਰਾ ਤਾਂਕਾ ਲੇਖਨਾ ਮਿਟਿਆ ਜਾਈ॥ ਓਨਾਂ ਦੇ ਬਾਬ ਏਹ ਹੋਵੇਗਾ ਸੋ ਮਿਟਣੇ ਕਾ ਨਾਹੀਂ ਅਰਇਕ ਜੋ ਬੰਦਾ ਸਾਹਿਬਦਾਉਠੇਗਾ ਤਿਸ ਕਾ ਨਾਮ ਬੈਰਾਗੀ ਹੋਵੇਗਾ ਸੋ ਸਤਗੁਰੂ ਕੇ ਹੁਕਮ ਸਿਉ ਉਠੇਗਾ ਸਤਿਗੁਰੂ ਉਸਨੂੰ ਅਪਨੀ ਬੰਦਗੀ ਬਖਸ਼ਨਗੇ ਓਹ ਅਕਾਲ ਪੁਰਖ ਕੋ ਜਾਣੇਗਾ ਅਵਰ ਦੂਸਰੇ ਕੋ ਨਾ ਜਾਣੇਗਾ ਹਾਂ ਜਹਾਂ ਜੂਠ ਹੋਵੇਗਾ ਸੋ ਉਸਕੇ ਹਵਾਲੇਕਰੀਐਗਾ ਸੋ ਪਾਰਬ੍ਰਹਮਕੇ ਹੁਕਮ ਸਾਥ ਚਕਨਾਚੂਰ ਕਰੇਗਾ ਜਿਤਨੀਆਂ ਜੂਠੀਆਂ ਠਉੜਾਂ ਹਨ ਤੀਰਥ ਮੜ੍ਹੀਆਂ ਦੇਹੁਰੇ ਪੀਰਾਂ ਕੇ ਟਿਕਾਨੇ ਰਾਜ ਰੰਗ ਕੀਆਂ ਠਉਰਾਂ ਜਹਾਂ ਜਹਾਂ ਜੂਠ ਹੋਵੇਗਾ ਸੋ ਸਜਾਇ ਪਾਵਹਿੰਗੇ ਓਸ ਵਖਤ ਧੁੰਧੂਕਾਰ ਵਰਤੇਗਾ॥ ਅਲਹ ਅਗਮ ਖ਼ੁਦਾਈ ਸੋ ਖ਼ੁਦਾਇ ਸ਼ਬਦ ਹੀ ਹੈ ਜੋ ਅਲਖ ਅਗੰਮ ਕੀ ਖਬਰ ਦੇਂਦਾ ਹੈ ਅਗੋਂ ਹੀ ਆਖਦਾ ਹੈ ਜੋਇਉਂ ਹੋਵੇਗੀ ਪਰ ਕੋਈ ਵਿਰਲਾ ਹੀ ਜਾਣੇ ਗਾ ਪੜ੍ਹਨਗੇ ਪਰ ਕਮਾਵਨਗੇ ਨਾਹੀਂ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੋ ਸਚੇ ਪਾਤਸ਼ਾਹ ਕਿਹੁ ਓਸਨੂੰ ਮਿਲਿਆਂ ਫਲ ਹੋਵੇਗਾ ਕਿ ਨਾਹੀਂ ਤਾਂ ਫੇਰ ਸਤਿਗੁਰੂ ਕਾਬੋਲਨਾ ਹੋਯਾ॥ ਸ਼ਲੋਕ॥ ਉਪਜੀ ਰੀਤਿ ਪ੍ਰੀਤਿ ਮਨ ਉਪਜੀ ਭਏ ਦਇਆਲ ਗੁਸਾਈਂ॥ ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ ਜਲ ਉਪਜੈ ਰਹੇ ਸਮਾਈ॥ ਤੁਟੇ ਪੰਖ ਪਾਤ ਜਿਉਂ ਦੂ ਛੂਟੀ ਤਰਵਰ ਡਾਲੀ॥ ਕਹੁ ਨਾਨਕ ਜਬ ਜਗ ਉਲਟਾਨਾ ਸਾਧੂ ਭਏ ਸੁਆਲੀ॥੨੮॥ ਤਿਸਕਾ ਪਰਮਾਰਥ ਤਾਂ ਸੁਣ ਭਾਈ ਅਜਿੱਤਿਆ ਜਾਂ ਆਪ ਦਿਆਲ ਹੁੰਦਾ ਹੈ ਤਾਂ ਸਾਧਾਂ ਕੇ ਮਿਲਣੇ ਕੀ ਪ੍ਰੀਤ ਉਪਜਦੀ ਹੈ ਸਾਧੂ ਕੇ ਮਿਲਨੇ ਕਰ ਇਸ ਕੀ ਗਤਿ ਸੰਸਾਰ ਪਾਸੋਂ ਨਜਾਰੀ ਹੁੰਦੀ ਹੈ ਸਾਧੂ ਅਰ ਪਰਮੇਸ਼ਰ ਵਿਚ ਭੇਦ ਕੁਛ ਨਾਹੀਂ ਜਿਉਂ ਬੂੰਦ ਸਾਗਰ ਮਹਿ ਮਿਲ ਜਾਤੀ ਹੈ ਪਰ ਜਾਂ ਭਗਤਿ ਪ੍ਰੀਤਿ ਕਰ ਅਰਦਾਸ ਕਰੇਂਗੇ ਜੋ ਅਸਾਨੂੰ ਦਰਸ਼ਨ ਆਪਣਾ ਦੇਹ ਤਾਂ ਜੁਗਪਰਵਾਨ ਹੋਇਕੇ ਦਰਸਨਦੇਵੇਗਾ ਸਚਿ ਬਡਿਆਈ ਸਤਗੁਰੂ ਕੀ ਪ੍ਰਾਪਤ ਹੋਵੇਗੀ ਉਸਤੁਤ ਹੋਵੇਗੀ ਪਰ ਜੋ ਪੁਰਖ ਤੁਟਨਗੇ ਸੋ ਫੇਰ ਨਾਹੀਂ ਮਿਲਨਗੇ ਜੈਸੇ ਪੰਖੀ ਕੇ ਪਰ ਤੁਟਦੇਹਨ ਓਹਫੇਰ ਨਾਹੀਂ ਲਗਦੇ ਫੇਰ ਨਵੇਂ ਸਿਰੇ ਉਗਦੇਹਨ ਜਜੋਂ ਨਵੇਂ ਸਿਰੇ ਖੇਤ ਜਮਾਵੇਗਾ ਸਾਧਾਂ ਹੀ ਕੇ ਸੁਆਲ ਕਰ ਉਤ ਸਮੇ ਦਰਸ਼ਨ ਹੋਵੇਗਾ ਅਰ ਕਰੜਾ ਦੀਵਾਨ ਲਗੇਗਾ ਪਹੁੰਚਣੇ ਕੋਈ ਨਾ ਪਾਵੇਗਾ॥ ਸ਼ਲੋਕ॥ ਐਸਾ ਪਾਸਾ ਢਾਲਸੀ ਦੂਰ ਦੀਵਾਨ ਅਭਗ॥ ਨਵਤਨ ਜਾਮਾ ਪਹਿਨਕੇ ਭਏ ਅਲਖ ਅਲਗ॥ ਇਕ ਕਚੇ ਇਕ ਪਕਿਆ ਗੁਰਮੁਖ ਭਏ ਨਿਹਾਲ॥ ਤੁਟਨ ਸੇਈ ਨਾਨਕਾ ਜੋ ਤੋੜੇ ਆਪ ਦਿਆਲ॥੨੯॥ ਤਿਸਕਾ

CC-0. Gurukul Kangri University Haridwar Collection. Digitized by S3 Foundation USA

PSYCHOLOGICAL CORREL
ADDICTION IN

ਪਰਮਾਰਥ ਦੂਰ ਦੀਵਾਨਅਭਗ ਕਹੈ ਐਸਾ ਪਾਸਾ ਢਾਲੇਗਾ ਦੁਨੀਆਂ ਭੇ ਦੂਰ ਰਹੇਗਾ ਦੀਬਾਣ ਜੋਹੈ ਸੋ ਅਡੱਗ ਲਗੇਗਾ ਤੁਟਣੇਕਾ ਕਦੇਨਾਹੀਂ ਅਰ ਇਕ ਕੱਚੇ ਇਕ ਪਕਿਆ ਸੋ ਕੀ ਹੈ ਪੱਕੇਤਾਂ ਗੁਰਮੁਖ ਹੈਨ ਜੋਤੁਟਨੇਕੇਨਾਹੀਂ ਗੁਰਮੁਖਕਹਿਨਗੇ ਜੋ ਏਹਪੂਰਨਪੁਰਖ ਅਬਿਨਾਸ਼ੀ ਸ੍ਰਿਸ਼ਟਕਾ ਕਰਤਾਕਰਣੇਹਾਰਾ ਹੈ ਅਰ ਜੋਕੱਚੇ ਹੋਵਨਗੇ ਸੋ ਭਰਮਾਈਅਣਗੇ ਸੋ ਕਹਿਨਗੇ ਜੋ ਏਹਰਾਜਾਹੈ ਅਰ ਗੁਰਮੁਖਸਿੱਖ ਜੋਸੱਚੇ ਗੁਰੂਕੇਪਿਆਰੇਹੈਨ ਉਨਕਉਡੀ ਨਿੰਦਨਗੇਤਿਨਕੋਸਤਿਗੁਰੂਆਪਤੋਂਛਸੱਟੇਗਾ ॥ ਤੁਟਨਸੇਈਨਾਨਕਾਜੋਦੂਏਆਪਦਿਆਲੁ॥ ਸਭ ਉਸੀ ਦਿਆਲ ਪੁਰਖਕਾ ਕਾਰਨ ਹੋਂਦਾ ਹੈ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਓਹਦਿਆਲਪੁਰਖ ਕੇਵਡ ਹੈ ਤਾਂ ਫੇਰਸਤਿਗੁਰ ਕਾ ਬੋਲਣਾਹੋਯਾ॥ ਸਲੋਕ ॥ ਬਲ ਉਪਜੈ ਨਾ ਬਲ ਖਿਸੈ ਤਾਂਕੋ ਰੋਮ ਰੋਮ ਪਰਗਾਸ॥ਜੋ ਭੇਨੇ ਆਏ ਪਾਰਬ੍ਰਹਮ ਕੇ ਮਤਿਕੋ ਹੋਇ ਤੁਮਾਰੇਦਾਸ ॥ ਪਾਹੁ ਲਗਾਇਆ ਸਤਿਗੁਰੂ ਰੰਗ ਚਲੂਲਾ ਜੱਗ॥ਨਾਨਕ ਪਕੜੀ ਓਟ ਜਨ ਨਾ ਪੋਹੈ ਜਮ ਮਗ॥ ੨੦ ॥ ਤਿਸਕਾ ਪਰਮਾਰਥ ॥ ਸੁਣ ਭਾਈ ਅਜਿੱਤਿਆ ਓਹ ਪਾਰਬ੍ਰਹਮਜੋ ਹੈ ਸੋ ਬਡਾ ਪ੍ਰਬਲਹੈ ਅਤੇ ਦਿਨੋ ਦਿਨ ਬਲਵੰਤਹੋਦਾਹੈ ਪਰ ਓਸਕੀ ਕੀਮਤਿ ਕੋਈ ਨਹੀਂ ਕਰਸਕਦਾ ਜੋ ਕੇਵਡ ਹੈ ਪਰ ਇਕਨਿਸ਼ਾਨੀਹੈ ਓਸ ਕੇ ਜੋ ਸਾਧਹੈਨ ਸੋ ਓਸਕੋ ਰੋਮ ਰੋਮ ਪਰਗਾਸਹੋਂਦਾਹੈ ਓਸਕੋ ਇਕ ਪਲਨਾਹੀਂ ਬਿਸਰਤ ਓਹ ਪਲ ਪਲ ਖਿਨ ਖਿਨ ਸਾਸ ਗਿਰਾਸ ਵਿਖੇ ਉਸੀ ਕਾ ਧਿਆਨ ਧਰਤੇ ਹੈਨ ਇਕ ਪਲ ਭੀ ਉਨਾਂ ਸੋ ਨਾਹੀਂ ਖਿਸਕਦਾ ਸਦਾਹੀ ਉਸੀ ਕੇ ਸਾਥ ਰਹਿਤੇ ਹੈਂ ਅਰ ਦਿਨੋਦਿਨ ਬਾਲਾ ਹੈ ਬਢਤਾ ਨਾਹੀਂ ਸੰਤ ਹੀ ਜਾਨਤੇ ਹੈਨ ਸੰਤ ਜੋ ਹੈਨ ਪਾਰਬ੍ਰਹਮ ਹੈਨਓਹ ਪਾਰ ਬ੍ਰਹਮ ਕੇ ਭੇਜੇ ਆਂਵਦੇ ਹੈਨ ਪਾਰਬ੍ਰਹਮਕੀ ਆਗਿਆ ਹੋਤੀ ਹੈ ਜੋ ਤੁਸੀ ਜਗਮਹਿ ਜਾਵਹੁ ਪਾਰ ਲੰਘਾਵਹੁ ਨਾਮਕਾ ਉਪਦੇਸ਼ ਦ੍ਰਿੜਾਵਹੁ ਜੋ ਸੰਸਾਰ ਤੁਮਾਰਾ ਦਾਸ ਹੋਵੇ ਪਾਹੁ ਜੋਹੈਸੋ ਉਪਦੇਸ਼ ਹੈ ਸੋ ਉਪਦੇਸ਼ ਸ਼ਬਦ ਹੀ ਹੈ ਇਨ੍ਹਾਂ ਕੋ ਸ਼ਬਦ ਕਾ ਪਾਹੁ ਲਗਦਾਹੈ ਸੋ ਸੰਸਾਰ ਤੇ ਨਿਆਰਾ ਹੋਂਦਾ ਹੈ ਤਿਸਕਾ ਖਰਾ ਰੰਗ ਚਲੂਲਾ ਹੋਵੇਗਾ ਫੇਰ ਓਹ ਦੁਨੀਆਂ ਨਾਲ ਨਾਹੀਂ ਰਲਦਾ ਸੁਣ ਭਾਈ ਅਜਿੱਤਿਆ ਜੇਕੋਈਓਸਦੀ ਓਟ ਪਕੜਦਾਹੈ ਤਿਸਕਉ ਕੋਈਪਿਆਸ ਨਾਹੀਂਹੋਦੀ ਓਹ ਪੁਰਖ ਜਮਕੀ ਤ੍ਰਾਸਸੇ ਭੀ ਬਚਦਾਹੈ॥ਨਾਨਕ ਪਕੜੀ ਓਟ ਜਨ ਨਾ ਪੋਹੈ ਜਮ ਮਗ॥ ਤਾਂਫੇਰ ਅਜਿੱਤੇਰੰਧਾਵੇ ਅਰਦਾਸਕੀਤੀ ਜੀਸੱਚੇਪਾਤਸ਼ਾਹ ਤੇਰਾ ਬੋਲਣਾ ਹੋਯਾ ਸੀ ਜੋ ਸਾਧੂ ਕੀ ਓਟ ਪਕੜੇ ਤਾਂ ਜਮ ਕੀ ਤ੍ਰਾਸ ਦੂਰ ਹੋਂਦੀ ਹੈ ਤਾਂ ਫੇਰ ਸਤਿਗੁਰੂ ਜੀਕਾ ਬੋਲਣਾ ਹੋਯਾ ਸਾਧੂਕੀ ਓਟ ਏਹ ਹੈ ਜੋ ਸਾਧਾਂਕੇ ਕਹੇ ਤਰ ਚਲਣਾ ਤੇਕਾਮ ਤੇਰਹਿਤਹੋਣਾ ਝੂਠਾ ਨਾਂ ਬੋਲਣਾ ਪਰਾਈ ਨਿੰਦਾਨਹੀਂ ਕਰਨੀ ਤਾਂ ਸਾਧਾਂਦੇ ਮਿਲਣੇਕਾਫਲਹੋਂਦਾਹੈ ਅਰ ਜੇ ਕਹੇ ਪਰ ਨ ਚਲੇ ਤਾਂ ਸਾਧ ਆਪਣਾ ਬਚਨ ਖਸ ਲੈਂਦੇ ਹੈਨ ॥ ਸ਼ਲੋਕ ॥ ਜੈਸੀਲਹਿਰ ਸਮੁੰਦ੍ਰ ਦੀ ਸਤਿਗੁਰ ਕੀਨੋ ਵਾਕ ॥ ਬਚਨ ਹਮਾਰਾ ਫੇਰ ਕਹੁ ਹਮ ਤੁਮ ਕੈਸਾ ਸਾਕ ॥੧੨॥

CC-0. Gurukul Kangri University Haridwar Collection. Digitized by S3 Foundation

INTERNET ABHINAV GAUR

ਤਿਸਕਾ ਪਰਮਾਰਥ ॥ ਸਮੁੰਦ੍ ਜੋ ਹੈ ਸੋ ਸਤਿਗੁਰੂ ਹੈ ਉਸਕੀ ਲਹਿਰ ਜੋ ਹੈ ਸੋ ਸ਼ਬਦ ਹੈ ਜਿਉਂ ਸਮੁੰਦਰਦੀ ਲਹਿਰ ਨਾਲ ਮੋਤੀ ਹੀਰਾ ਲਾਲ ਲੱਛਮੀ ਬੰਨੇਆਇਪਉਂਦੀਹੈ ਤਿਸ ਕੀ ਨਿਆਈਂ ਜਿਸਕੋ ਸ਼ਬਦ ਪ੍ਰਾਪਤ ਹੋਂਦਾਹੈ ਸੋ ਸਾਧ ਹੋਂਦਾ ਹੈ ਅਤੇ ਜੇਕਰ ਸ਼ਬਦ ਕੀ ਕੀਮਤ ਜਾਂਨੈ ਨਾਹੀਂ ਤਾਂ ਓਹ ਕਉਡੀ ਬਦਲੈ ਲਾਲ ਵੇਚ ਲੈਂਦਾ ਹੈ ਤਿਸਕੀ ਨਿਆਈਂ ਐਸੇ ਸਿੱਖ ਹੋਵਨਗੇ ਜੋ ਸ਼ਬਦ ਕਉ ਵੇਚਨਗੇ ਉਸ ਵਕਤ ਉਸਕੀ ਕੀਮਤ ਨਾਂ ਜਾਨਣ ਗੇ ਤਾਂ ਉਨ੍ਹਾਂ ਪਾਸੋਂ ਸ਼ਬਦਕਾ ਸਾਕਤੁਟਜਾਵੇਗਾ ਜਿਨ੍ਹਾਂ ਸ਼ਬਦ ਕਾ ਕਿਹਾ ਮੰਨਿਆਂ ਨਾਹੀਂ ਉਨ੍ਹਾਂਨਾਲਕੀਸਾਕਹੈ ਬਚਨ ਹਮਾਰਾ ਫੇਰਦੇਹੈਨ ਹਮਾਰੇ ਓਹ ਕੈਸਾਸਾਕ ਤਾਂ ਫੇਰ ਅਜੱਤੇ ਰੰਧਾਵੇ ਅਰਦਾਸਕੀਤੀ ਜੀ ਸੱਚੇ ਪਾਤਸ਼ਾਹ ਜੋਓਹਕੌਨਸਾਇਤਹੋਵੇਗੀ ਤਾਂ ਫੇਰ ਸ੍ਰੀ ਸਤਿ-ਗੁਰੂ ਜੀ ਕਾ ਬੋਲਣਾ ਹੋਯਾ ॥ਸ਼ਲੋਕ॥ ਸਿੱਧੀਂ ਮੰਡਲ ਮੰਡਿਆ ਬੈਠਾ ਤਾੜੀਲਾਇ ॥ ਹਥੀ ਖੱਪਰ ਤੇ ਸਿਰ ਟੋਪੀ ਜਨਮ ਬਿਰਥਾ ਜਾਇ ॥ ਆਇਆ ਗੁਰੂ ਨਾਜਾਣਨੀਕੀਤਾ ਮੁਖਹਿ ਅਲਾਇ॥ ਮੁਹਿ ਕਾਲੇ ਦੋਜਕ ਸਦੀਅਨ ਲੱਖ ਚੁਰਾਸੀਹ ਪਾਇ ॥ ਅਚਲ ਆਵੈ ਨਾਨਕਾ ਸੁ ਨਰਕ ਪੁਰੀ ਕੋ ਜਾਇ ॥ ੨੨ ॥ ਤਿਸਕਾ ਪਰਮਾਰਥ ॥ਸੁਣ ਬੱਚਾ ਅਜੱਤਿਆ ਸਿੱਖ ਜੋ ਸੋ ਸੋ ਤਾਂ ਸਤਿਗੁਰੂ ਕੇ ਭਾਲਬ ਸੇ ਜਬਓਹ ਵਖਤ ਆਵੇਗਾ ਅਰਗੁਰੂਕਾਜਾਮਾਂ ਅਲੋਪ ਹੋਇਜਾਵੇਗਾ ਤਾਂ ਕੌਨਹੋਵਨਗੇ ਕੋਈ ਗ੍ਰਿਹਸਤੀ ਕੋਈਫਕੀਰ ਹੋਵੇਗਾ ਮੰਡਲ ਜੋ ਮੰਡਨਗੇ ਸੋ ਆਪੋ ਆਪਣੇ ਆਸਣ ਸਵਾਰ ਬੈਠਨਗੇ ਅਰ ਸਿਰ ਟੋਪੀਆਂ ਪਾਈਆਂ ਤੇ ਕਿਹਾ ਜੋ ਮੈਂ ਉਦਾਸੀ ਹੋਂ ਸੁ ਉਦਾਸੀ ਕੀ ਹੈ ਜੋਇਨ੍ਹਾਂਗੱਲਾਂਤੇ ਉਦਾਸ ਹੋਵੈ ਪੈਹਲੇਮਾਯਾਤੇ ਗ੍ਰਿਸਤ ਤੇ ਦੁਨੀਆਂ ਕੇ ਗੁਰ ਹੋਇ ਫਿਰਣਗੇ ਬਾਤਾਂ ਕਰ ਕਰ ਉਪਦੇਸ਼ਕਰਣਗੇ ਅਰਇਸਤ੍ਰੀਆਂ ਜਹਾਂਨ ਤੇ ਕਾਮ ਕ੍ਰੋਧ ਲੋਭ ਮੋਹ ਨਿੰਦਾ ਬਖੀਲੀਤ੍ਰਿਸ਼ਨਾ ਜੇ ਇਨਤੇ ਉਦਾਸ ਹੋਵੇਗਾ ਤਾਂ ਉਦਾਸੀ ਜਾਨਣਾ ਨਾਹੀਂਤਾਂ ਉਨ੍ਹਾਂ ਕੇ ੇਖ ਕੋ ਮਰਣ ਪਰਯੰਤ ਨਹੀਂਮੰਨਣਾ ਪਰ ਸੁਣ ਬੱਚਾਐਸਾਵਖਤਆਵੇਗਾ ਜੋ ਓਹ ਦੁਨੀਆਂਨਾਲਮੋਹਕਰਨਗੇ ਅਰਕਹਿਨਗੇ ਹਮ ਫ਼ਕੀਰ ਹੈਂ ਐਸਾ ਸਮਾ ਭੀ ਆਵੇਗਾ ਓਸ ਵਕਤ ਕੋਈ ਗੁਰੂ ਉਨ੍ਹਾਂ ਪਾਸਆਵੇਗਾ ਤਾਂਓਹਪਛਾਣ ਨਾਸੱਕਣਗੇ ਤੇਸਗੋਂਮੂੰਹੋਂ ਬੁਰਾਬੋਲਨਗੇ ਕਹਿਣਗੇ ਏਹਕੌਣਹੈਗੁ ਅਸਾਡੇ ਨਾਲ ਹੈ ਅਤੇ ਆਪੋ ਆਪਣੀ ਭਾਖਿਆਬੋਲਣਗੇ ਅਤੇ ਗੁਰੂਕੋ ਪਛਾਣਨਾਸੱਕਨਗੇ ਭਰਮਣਗੇ ਤਾਂਓਹ ਗੁਰੂਤੇ ਵਿਛੜਨਗੇ,ਪਰਇਕ ਐਸੇ ਭੀ ਸਿੱਖ ਦ੍ਰਿੜ੍ਹਬੁਧੀਵਾਲੇਹੋਵਨਗੇ ਜੋਓਨਾਂਦਾਕਹਿਆ ਨਾਂਮੰਨਣਗੇ ਸ਼ਬਦ ਦੇ ਕਹੇ ਪਰ ਚੱਲਣ ਗੇ ਅਰ ਓਹ ਭਰਮਾਵਣੇ ਵਾਲੇ ਕੇ ਮੁੰਹਕਾਲੇ ਹੋਵਣਗੇ ਅਤੇ ਫੇਰ ਚਉਰਾਸੀਵਿਚਸੱਟੀਅਨਗੇ ਤੇਨਰਕਗਾਮੀਹੋਵਣਗੇ॥ ਅਚਲ ਆਵੈ ਨਾਨਕਾ ਸੋ ਨਰਕਪੁਰੀਕਉ ਜਾਇ ॥ ਫੇਰ ਬੋਲਨਾ ਹੋਯਾ ਏਹ ਕੀ ਹੈ ਇਨ੍ਹਾਂ ਥੀਂ ਭੀ ਵਡ ਭੁਲਨਗੇ॥ ਸ਼ਲੋਕ ॥ ਹਰਿ ਉਪਜੈ ਹਰਿ ਖੰਪ ਗਏ ਕਈ ਰਾਮ ਅਵਤਾਰ॥ ਬ੍ਰਹਮੇ ਕੋਟਿ ਕਈ ਜੁਗ ਬੀਤੇ ਮਾਧੋ ਕ੍ਰਿਸ਼ਨ ਮੁਰਾਰਿ ॥ ਦਰ ਦਰਵਾਨ ਰੈ ਬੇਨਤੀ ਅੰਤ ਨ

CC-0. Gurukul Kangri University Haridwar Collection. Digitized by S3 Foundation USA

ਪਾਰਾਵਾਰ ॥ ਕਹੁ ਨਾਨਕ ਏਹ ਸਭ ਜਗ ਛੁਬਾ ਝੂਠੇ ਮੋਹਿ ਪਿਆਰ ॥ ੨੩ ॥ ਤਿਸ ਕਾ ਪਰਮਾਰਥ ॥ ਓਹ ਹਰਿ ਉਪਾਏ ਹਰਿ ਖਪਾਏ ਕਈ ਬਾਰ ਰਾਮ ਹੀ ਨਾਮ ਰਖਾਯਾ ਕਈ ਜੁਗ ਬਰਮੇ ਕੋਟ ਹੀ ਹੂਏ ਅਰ ਕਈਬਾਰ ਮਾਧੋ ਕ੍ਰਿਸ਼ਨ ਮੁਰਾਰ ਸਦਾਯਾ ਅਪਨ ਅਪਾਰ ਹੈ ਆਪਨੀ ਕੀਮਤ ਆਪਹੀ ਜਾਨਦਾਹੈ ਸੰਗ ਜੁਗ ਜੁਗ ਵਰਦਾ ਆਯਾ ਹੈ ਅਰ ਦਰਵਾਨ ਓਸਕੇ ਕਉਣ ਹੈਨ ਕਈ ਅਸੰਖ ਭਗਤ ਕਈ ਅਸੰਖ ਸਿੱਖ ਸੰਤ ਸਿਧ ਸਾਧਿਕ ਦੇਵਤੇ ਉਸਕੇ ਦਰਵਾਨਹੈਨ ਸੋ ਦਰ ਉਸਕਾ ਸ਼ਬਦ ਹੈ ਸੋ ਓਸਦਰਖੜੇਰਹਿੰਦੇ ਹੈਨ ਮਤ ਕਿਸੇ ਸਮੇ ਕਿਤੇ ਸਾਇਤਆਉਂਦਾਹੋਵੇ ਦਰਸ਼ਨਹੋਇ ਤਾਂ ਮੁਕਤਹੋਵਹਿ ਓਨਾਂਨੋਵੀਖਬਰਨਾਹੀਂ ਬੇਸ਼ੁਮਾਰ ਕੀ ਜੇ ਕਿਤ ਵਕਤ ਆਉਂਦਾ ਹੈ ਅਤੇ ਏਹਜਗਤ ਜੋਹੈ ਸੋ ਤਾਂ ਮਾਯਾਨਾਲ ਰਚ ਰਹਿਆਹੈ ਸੋਈ ਬਿਧ ਡੂਬੋ ਡੂਬਾਹੈ ਕਹੁਨਾਨਕ ਏਹ ਸਭ ਜਗ ਝੂਠਾ ਮਾਯਾਮੋਹਪਿਆਰ ॥ ਤਾਂ ਫੇਰ ਅਜੱਤੇ ਰੰਧਾਵੇ ਅਰਦਾਸ ਕੀਤੀ ਜੀਸੱਚੇਪਾਤਸ਼ਾਹ ਏਹ ਜਗਤ ਜਹਾਨ ਤਾਂ ਸਭ ਬਿਨਾਸ਼ੀ ਹੈ ਅਰ ਏਥੇ ਜੋ ਜੋਗ ਪਾਵਤੇ ਹੈਨ ਸਭੇ ਸੁਆਦ ਤਜਕੇ ਓਨਾਂ ਦੀ ਕਿਆ ਜੁਗਤਹੈਤਾਂਫੇਰਸ੍ਰੀਸਤਿਗੁਰੂਕਾਬੋਲਣਾਹੋਯਾ॥ ਸ਼ਲੋਕ ॥ਜੋਉਪਜੈ ਸੋ ਖਪੈ ਜੋਗੀਸਰ ਲਾਇ ਏਠੇ ਬਿਭੂਤ ॥ ਜੋਗਜੁਗਤ ਕੀ ਸਾਰ ਨਾ ਜਾਣੈ ਗੁਰਸਬਦੀ ਨਾਹੀਂ ਪ੍ਰੀਤ ॥ ਰਸਕਸਸੁਆਦ ਸਭੇ ਤਜ ਛੋਡਹਿ ਫੀਕਾ ਖਾਇ ਅਲੂਣਾ ॥ ਕਹੁਨਾਨਕ ਇਨ੍ਹਾਂਜੋਗ ਨਾ ਪਾਯਾ ਜਿਉਂ ਚੁਦਰ ਚਲੂਣਾ ॥ ੨੪ ॥ ਤਿਸਕਾ ਪਰਮਾਰਥ ॥ ਜੋ ਉਪਜਿਆ ਹੈ ਸੋ ਸਭ ਖਪੇ ਗਾ ਝੂਠ ਖਪੇਗਾ ਸੱਚ ਸਦਾ ਕਾਇਮ ਹੈ ਜੋਈ ਸੱਚਕੋ ਦੇਖਕਰ ਖਿਝਦਾ ਹੈ ਤਿਸਕੋ ਸੱਚ ਪਾਵਣੇਕੀ ਬਿਧ ਨਹੀਂ ਆਂਵਦੀ ਬਿਨਾਂ ਸਤਿਗੁਰੂ ਸੱਚ ਨਾਹੀਂ ਪਿਆ ਅਤੇ ਏਹ ਭੇਖ ਜੋ ਹੈਨ ਸੋਆਪੋ ਆਪਕੋ ਧਾਵਤ ਹੈਨ ਅਰ ਕਹਿਤੇਹੈਂ ਜੋ ਹਮ ਤਪੱਸੀ ਹਾਂ ਤਪੱਸਿਆ ਕਾ ਗੁਮਾਨ ਕਰਦੇਹੈਨ ਆਪ ਕਉ ਗੁਰੂ ਕਹਾਵਤੇ ਹੈਨ ਅਰ ਜੋਗ ਜੁਗਤਕੀ ਸਾਰ ਨਹੀਂਜਾਨਤੇ ਅਰ ਸਤਿਗੁਰੂਕੇ ਸ਼ਬਦ ਕੀ ਪਹੁਚ ਨਾਹੀਂ ਪਾਵਤੇਅਰਜੋਗ ਕੀ ਜੁਗਤਕੀਹੈ ਜੋ ਗੁਰੂਕਾ ਸ਼ਬਦਹੈ ਸੋ ਕਮਾਵੈ ਤੇ ਜੋਗਕੀ ਜੁਗਤ ਪਾਵੈ ਸ਼ਬਦ ਸੱਚ ਹੈ ਪਰ ਸ਼ਬਦ ਬਿਨਾਂਹੋਰ ਸਭ ਝੂਠਹੈਸੋ ਜਿਸਪੁਰਖਕੋ ਸਚ ਸ਼ਬਦ ਕੀ ਖਬਰ ਨਾਹੀਂ ਪੜਤੀ ਸੋਸਚ ਕਿਆ ਚਾਲ ਹੈ ਅਰ ਰਸਕਸਸੁਆਦ ਛੋਡਤੇ ਹੈਨ ਅਰ ਜੋਗ ਕੀ ਜੁਗਤ ਨਾਹੀਂ ਜਾਣਤੇ ਜੋਗ ਜੋ ਹੈ ਸੋ ਸੱਚਸ਼ਬਦ ਹੈ ਜਦ ਸਚ ਸ਼ਬਦਕੋ ਕਮਾਵੇਗਾ ਤਬ ਜੋਗ ਕੀ ਜੁਗਤ ਕੋ ਪਾਵੇਗਾ ਆਸ ਕਰਕੇ ਮੰਨੈ ਸੰਤੋਖ ਕਰਕੇ ਬਹੇ ਅਰ ਨਾਮਕਾ ਅਹਾਰ ਕਰੇ ਤਬ ਜੋਗਕੀ ਜੁਗਤਕੋ ਪਾਵੇ ਏਹ ਜੋ ਛਕੀਰਅਲੂਣਾ ਖਾਤੇ ਹੈਨ ਏਹ ਅਲੂਣਾ ਨਾਹੀਂ ਇਨਕੋ ਜੋਗ ਕੀ ਸਾਰ ਨਾਹੀਂ ਅਤੇ ਜੋ ਜੋਗੀ ਤਪੱਸੀ ਕਹਾਵਤੇਹੈਨ ਸੋਸਭ ਨਰਕ ਮਹਿਪਾਈਅਹਿੰਗੇ ਤਾਂ ਫੇਰ ਅਜੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਤੂੰ ਗੁਰੂ ਹੈ ਤੇਰੇਪਾਸ ਅਰਦਾਸ ਹੈ ਤਦ ਗੁਰਮਤ ਓਸ ਸਮੇ ਦ੍ਰਿੜਾਵਣੀ ਤਾਂ ਫੇਰ ਸਤਿਗੁਰੂ ਕਾ ਬੋਲਣਾ ਹੋਯਾ ॥ ਸ਼ਲੋਕ ॥ ਸਤਿਗੁਰ ਸੇਤੀ ਅਰਦਾਸ ਕਰ ਜਿਨ ਸਤਿਗੁਰੂ ਜਾਤਾ

CC-0. Gurukul Kangri University Haridwar Collection. Digitized by S3 Foundation USA

॥ ਕਿਆਕੋ ਆਖੇ ਆਖ ਵਖਾਣੇ ਓਹਪੂਰਣ ਰਖ ਬਿਧਾਤਾ ॥ਜਨਮਜਨਮ ਕਾ ਭੁੱਲਾਪ੍ਰਾਣੀ ਨਿਤ ਉਠਕਰੈ ਅਰਦਾਸੀ ॥ ਕਹੁਨਾਨਕਮਨੂਆ ਬਿਰਥਾਨਾ ਜਮਪੁਰ ਬੱਧਾ ਜਾਸੀ ॥੨੫ ॥ ਤਿਸਕਾ ਪਰਮਾਰਥ॥ ਸੁਣ ਭਾਈ ਅਜਿੱਤਿਆ ਸਤਿਗੁਰੂ ਪਾਸ ਜੋ ਅਰਦਾਸਾਂ ਕਰਨਗੇ ਸੋ ਮਾਯਾ ਕੀਆਂ ਵਡਿਆਈਆਂ ਅਰ ਪੁਤ੍ਰਾਂਜ ਮੰਗਨਗੇ ਜੋ ਅਸੀ ਦੁਨੀਆਂ ਮਹਿੰ ਵੱਡੇ ਹੋਵਹਿੰ ਸੰਸਾਰ ਹੀ ਕੇ ਸੁਖ ਮੰਗਨਗੇ ਤਿਨਾਂ ਪੁਰਖਾਂ ਸਤਿਗੁਰੂ ਨਾ ਜਾਤਾ ਕਿਉਂ ਕਰ ਨਾ ਜਾਤਾ ਜੋ ਸਤਿਗੁਰੂ ਪਾਸੋਂ ਨਾਮਦਾਨ ਨਾ ਮੰਗਿਆ ਸੇਵਾ ਦਹਿਲ ਨ ਮੰਗੀ ਅਤੇਸਤਿਗੁਰੂਕੇਘਰਤਾਂ ਸਭ ਕਿਛੁ ਹੈ ਜੇਹੀ ਕੋਈ ਇੱਛਾ ਕਰ ਆਂਵਦਾ ਹੈ ਤੇਹਾਫਲਪਾਇੰਦਾਹੈ ਬਿਨਾਂਸਤਿਗੁਰੂ ਕੀ ਦੀਖਿਆ ਪਾਪ ਨਹੀਂ ਉਤਰਦੇ ਅਰਫਲ ਜੋ ਹੈਨ ਬਿਨਾਂਸਤਿਗੁਰੂ ਤੋਂ ਓਹ ਭੀ ਕੋਈਨਾਹੀਂ ਭਾਂ ਅਜਿੱਤੇਰੰਧਾਵੇ ਅਰਦਾਸ ਕੀਤੀ ਜੀ ਸੱਚੇਪਾਤਸ਼ਾਹ ਓਹਕਉਨਗੁਣਹੈਨ ਜਿਨ੍ਹਾਂਕਰਕੇ ਪਾਪ ਉਤਰਦੇ ਹੈਨ ਤਾਂ ਫੇਰ ਬਾਬੇ ਜੀਕਾ ਬੋਲਣਾ ਹੋਯਾ ॥ ਸ਼ਲੋਕ ॥ ਨਾਨਕ ਨਾਉ ਨਿਰੰਕਾਰ ਹੈ ਆਪ ਨਿਰੰਜਨਦੇਉ ॥ ਕਈ ਜੁਗਵਰਤਾਰਾਵਰਜਿ ।ਆਪਣਾਆਪਸਮੇਉ॥ ਖੇਲੇ ਬਿਗਸੇ ਜਗਮੈ ਅਲਖਨਲਖਿਆ ਜਾਇ ॥ ਤ੍ਰਿਭਵਣ ਸੋਝੀ ਤਿਸਕਉ ਜੋ ਮਾਰਗ ਦੇਇ ਬਤਾਇ॥ ਪੁਤ੍ਰ ਕਲਤ੍ਰ ਸਭ ਬੰਧਨਾ ਰਹੈ ਨਿਆਰਾ ਆਪ ॥ ਅਲਖਨਿਰੰਜਨ ਆਪਹੈ ਤਿਸ ਮਾਯਾ ਨਾ ਬਾਪ ॥ ਭੁਪੇ ਤਪੀਸ਼ਰ ਜੋਗੀਆਂ ਗੋਰਖ ਕਈ ਅਨੇਕ॥ਜਿਨ ਖੋਜਿਆ ਤਿਨ ਪਾਇਆ ਨਾਨਕ ਸਤਿਗੁਰ ਏਕ ॥ ੨੬ ॥ ਤਿਸਕਾ ਪਰਮਾਰਥ ॥ ਗੁਰੂ ਅਰ ਨਿਰੰਕਾਰ ਏਕ ਹੀ ਜੋਤ ਹੈ ਕਈ ਜੁਗਵਰਤਾਰਾ ਵਰਤਦਾ ਆਯਾਹੈ ਸੋ ਇਸੀਜੁਗ ਮਹਿ ਖੇਲਤਾ ਬਿਗਸਤਾ ਹਾਜ਼ਰਹੈ ਕੋਈ ਓਸ ਕਉ ਲਖ ਸਕਤਾ ਨਾਹੀਂ ਜੋ ਇਹ ਗੁਰੂ ਹੈ ਪਰ ਜੋ ਓਸਦੇ ਮਾਰਗ ਚਲਤਾ ਹੈ ਤਿਸਕੋ ਤ੍ਰਿਭਵਣਕੀ ਸੋਝੀ ਆਂਵਦੀ ਹੈ ਭਾਂ ਜਨਮ ਜਨਮ ਕੇ ਪਾਪ ਸਭ ਮਿਟ ਜਾਂਦੇ ਹੈਂ ਲੇਖਾ ਨਿਬੜਤਾ ਹੈ ਕੁਲਾਂ ਕਾ ਉਧਾਰ ਹੋਤਾ ਹੈ ਉਸਕਾ ਮਾਰਗ ਜੋ ਹੈ ਸੋ ਦੁਨੀਆਂ ਤੇ ਨਿਰਮੋਹ ਹੈ ਪੁਤ੍ਰ ਕਲੱਤ੍ਰ ਸਨਬੰਧ ਦੁਨੀਆਂ ਕੇ ਸਭ ਹੋਵਨਗੇ ਓਹ ਸਭਨਾਂਤੇਨਿਆਰਾਹੋਗਾ ਉਸਕਾਨਾਉਂ ਅਲਖਨਿਰੰਜਨਹੈ ਉਸਕੋਲਖਸਕੇਗਾ ਕੋਈ ਨਾਹੀਂ ਸਾਂਗ ਕਰ ਭਰਮਾਏਗਾ ਅਰ ਆਪਣਾ ਬਾਣਾ ਛੱਡੇਗਾ ਨਹੀਂ ਬਾਣਾ ਓਸਕਾ ਕੀਹੈਸ਼ਬਦਹੈ ਸੋ ਸ਼ਬਦਹੀ ਤੇ ਪਾਈਐਗਾ ਅਰਕਈਤਪੀਸ਼ਰ ਕਈਜੋਗੀਸ਼ਰਗੁਰੂਕਹਾਵਨਗੇ ਪਰਸੱਚ ਕੋ ਕੋਈ ਵਿਰਲਾਹੀਖੋਜੇਗਾ ਜਹਾਂ ਸੱਚ ਹੋਵੇਗਾ ਤਹਾਂ ਸਤਿਗੁਰੂਕਾ ਵਾਸਾਹੋਵੇਗਾ ਸੋ ਕਉਣ ਸੱਚ ਮਾਯਾ ਮੋਹ ਤੇ ਰਹਿਤ ਹੋਵੇਗਾ ਪਰ ਜਾਂ ਓਹ ਸਮਾ ਆਵੇਗਾ ਤਾਂ ਸਭ ਸੋਖ ਲਾਵੇਗਾ॥ ਸ਼ਲੋਕ॥ਸੋਖੇਸਾਗਰਭੱਭਸਭ ਰਹੈ ਪਦਨਿਰਬਾਣੀ॥ਓਹਵਿਸ ਵਿਸਵਾਸ ਤੇ ਵਿਗੁਲੇ ਪ੍ਰਾਣੀ ॥ ੨੭ ॥ ਤਿਸਕਾ ਪਰਮਾਰਥ ॥ ਸੁਣਬੱਚਾ ਇਕ ਸਮਾ ਐਸਾ ਆਵੇਗਾ ਸਤਿਗੁਰ ਸੰਗਤਿ ਕੋ ਸੋਖ ਲੇਵੇਗਾ ਤਾਂ ਉਹ ਪ੍ਰਾਣੀ ਵਿਗਸਾ ਹਾਰ ਜਾਵੇ ਤਬ ਕੁਬੁਧੁ ਉਪਜੇਗੀਜੋ ਮੁੰਹੋਂ ਕਹਿਣਗੇ ਅਸੀ ਸਿੱਖ ਹਾਂ ਬਾਬੇ ਨਾਨਕ ਕੇ ਹਾਂ ਤੇ ਜੋ ਮੇਰਾ ਵਾਸਤਾ ਪਾਏਗਾ ਸੋ ਤਿਸਕੋ

CC-0. Gurukul Kangri University Haridwar Collection. Digitized by S3 Foundation USA

ਨ ਮੰਨਨਗੇ ਮੇਰਾ ਨਾਉਂ ਨਾ ਮੰਨਨਗੇ ਅਰ ਸਿੱਖ ਕਹਾਨਗੇ ਓਹ ਬੇਮੁਖ ਨਰਕ ਪਾਈਅਨਗੇ ਕਿਉਂ ਜੋ ਉਨਾਂ ਕੋ ਮੇਰਾ ਸ਼ਬਦ ਸੁਨਿਆ ਲੱਗੇਗਾ ਨਾਹੀਂ ਜਿਉਂ ਪੱਥਰਕਉ ਜਲ ਨਹੀਂ ਪੋਹਤਾ ਤਬ ਓਹ ਵਿਗੁਚੇਂਗੇ ਗੁਰੂ ਉਨਾਂਨੂੰ ਨਦਰਆਵੇਗਾ ਨਾਹੀਂ ਗੁਰੂ ਉਨਾਂਦਾ ਵਸਾਹ ਕਰੇਗਾ ਨਹੀਂ ਜਿਉਂ ਸ਼ਾਹੂਕਾਰ ਝੂਠਿਆਂ ਵਣਜਾਰਿਆਂ ਕਾ ਵੇਸਾਹ ਨਹੀਂ ਕਰਦਾ ਅਤੇ ਸੁਨਕਰਕੇ ਵੇ ਧਿਆਨ ਹੋਇ ਬੈਠਤਾ ਹੈ ਸੋ ਉਨ੍ਹਾਂਦੇ ਸੰਗ ਬੋਲਦਾ ਨਹੀਂ ਜਿਤਨੀ ਕੁਛ ਓਹ ਅਰਦਾਸ ਕਰਦੇ ਹਨ ਸੋ ਭੀ ਸੁਣਦਾ ਨਹੀਂ ਤਾਂ ਓਹ ਖਾਲੀ ਹੀ ਜਾਣਗੇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਓਹ ਦਾਨ ਪੁੰਨ ਭੇਟ ਤੇਰੇ ਨਾਮ ਕੀ ਦੇਨਗੇ ਤਾਂ ਉਨਾਂ ਕੋ ਕੁਛ ਪ੍ਰਾਪਤ ਹੋਵੇਗਾ ਕਿ ਨਾਂ ਤਾਂ ਫੇਰ ਸ੍ਰੀ ਗੁਰੂ ਜੀ ਕਾ ਬੋਲਣਾ ਹੋਯਾ ॥ ਸ਼ਲੋਕ ਦਾਨ ਪੁੰਨ ਕਬਹੂੰ ਨਹੀਂ ਸਿਝੈ ਦਿਤਾ ਗੁਰੂ ਕਾ ਖਾਇ॥ ਅਹੰਕਾਰ ਕਰਕੇ ਦੇਵੇ ਮੁਹਕਾਲਾ ਚਲਿਆ ਜਨਮ ਗਵਾਇ ॥੨੮॥ ਤਿਸਕਾ ਪਰਮਾਰਥ ॥ ਸੁਣ ਬੱਚਾ ਇਸ ਦਾਨ ਪੁੰਨ ਤੇ ਸਿਝਦਾ ਨਾਹੀਂ ਇਸਕੀ ਮੁਕਤੀ ਹੋਂਦੀ ਨਾਹੀਂ ਜਿਹੜਾ ਦਾਨਪੁੰਨ ਕਰਕੇ ਕਹਿੰਦਾਹੈ ਜੋਹਉਂ ਕਰਦਾਹਾਂ ਸੋ ਇਸਕਾਕੀ ਹੈ ਏਹ ਜੋ ਖਾਂਦਾ ਹੈ ਸਭ ਕਰਣਹਾਰ ਦੀ ਦਾਤ ਹੈ ਅਤੇ ਆਪਣੇ ਕਾਰਜ ਕੇ ਵਾਸਤੇ ਕਰਹਿੰਗੇ ਗੁਰੂ ਕੇ ਮਿਲਨੇ ਕੇ ਨਮਿੱਤ ਨਾ ਕਰਨਗੇ ਜੋ ਗੁਰੂ ਕਾ ਵਾਸਤਾ ਪਾਏਗਾ ਤਿਸਕੋ ਤਾਂ ਨ ਦੇਵਨਗੇ ਆਪਣੇ ਪ੍ਰਾਪਤਿ ਵਾਸਤੇ ਕਰਨਗੇ ਇਉਂ ਹੀ ਦੁਨੀਆਂਦੇ ਕਾਰਣ ਨਾਲ ਜਨਮ ਜਾਵੇਗਾ ॥ ਸ਼ਲੋਕ ॥ ਗਊ ਘਾਤ ਹੱਤਿਆ ਨਹੀਂ ਉਤਰੇ ਭਦਿ ਤੀਰਥ ਭ੍ਰਮਾਇ॥ ਕਹੁ ਨਾਨਕ ਜਗ ਥਾਪਿਉ ਥਾਪੇ ਸਤਿਗੁਰ ਕਿਨੇ ਨ ਪਾਇਆ ਜਾਇ ॥ ੨੯ ॥ ਤਿਸਕਾ ਪਰਮਾਰਥ ॥ ਸੁਣ ਬੱਚਾ ਅਜਿੱਤਿਆ ਜੋ ਪੁਰਖ ਗਊ ਮਾਰਕੇ ਤੀਰਥ ਜਾਂਦੇ ਹੈਨ ਸੋ ਹਤਿਆ ਨਾਹੀਂ ਉਤਰਦੀ ਅਰ ਜੋ ਸਾਧਾਂ ਕੀ ਨਿੰਦਿਆ ਕੀ ਹੱਤਿਆ ਹੈ ਸੋ ਭੀ ਨਾਹੀਂ ਉਤਰਦੀ ਭਾਵੇਂ ਅਨੇਕ ਤੀਰਥ ਕਰੇ ਭਾਵੇਂ ਅਨੇਕ ਪੁੰਨ ਕਰੇ ਭਾਵੇਂ ਤਪ ਕਰੇ ਸਾਧ ਕੇ ਨਿੰਦਕ ਕੇ ਪਾਪ ਨਹੀਂ ਉਤਰਦੇ ਭਾਂਫੇਰ ਅਜਿੱਤੇ ਰੰਧਾਵੇ ਅਰਦਾਸਿ ਕੀਤੀ ਜੀ ਸੱਚੇ ਪਾਤਿਸ਼ਾਹ ਕਲਯੁਗ ਕੇ ਜੋ ਗੁਰੂ ਹੋਵਨਗੇ ਤਿਨਾਂ ਕੀ ਸੁਖ ਸ਼ਰੀਣੀ ਕਾ ਕਿਆ ਫਲ ਹੋਵੇਗਾ ॥ ਸ਼ਲੋਕ ॥ ਸੁਖ ਸ਼ਰੀਣੀ ਜੋ ਨਰ ਕਰੇ ਸੋ ਲਖ ਚਉਰਾਸੀ ਜੂਨ ਫਿਰ ਆਵੈ॥ਜੋ ਚਾਉ ਤਮਾਸ਼ੇ ਬਾਂਧਿਆ ਸੋ ਪੱਛੋਤਾਵੈ॥ ਸਰਿਡੂਗਰ ਅਸਗਾਹ ਹੈ ਕਿਉਂ ਮਾਰਗ ਪਾਵੈ ॥ ਨਾਨਕ ਸਤਿਗੁਰ ਤਾਂ ਮਿਲੈ ਜਾਂ ਸੱਚ ਸਮਾਵੈ ॥ ੩ ॥ ਤਿਸਕਾ ਪਰਮਾਰਥ ॥ ਸੁਣ ਬੱਚਾ ਅਜਿੱਤਿਆ ਕਲਜੁਗੀ ਜੋ ਸੁਖ ਸ਼ਰੀਨੀਆਂ ਮੰਨਨਗੇ ਸੋ ਝੂਠਿਆਂ ਥਾਵਾਂ ਨੂੰ ਮੰਨਨਗੇ ਪੀਰਾਂ ਅਰ ਕਬਰਾਂ ਕੋ ਮੰਨਨਗੇ ਸੋ ਫੇਰ ਚਉਰਾਸੀ ਭਰਮਣਗੇ ਏਹ ਕਲਜੁਗਕੇ ਪੀਰ ਅਰ ਗੁਸਾਈਂ ਜੋ ਹੋਵਨਗੇ ਸੋ ਕੱਚੇ ਗੁਰੂ ਹੋਵਨਗੇ ਬਿਨਾ ਸਤਿਗੁਰਾਂ ਦੇ ਇਨਾਂਕਾ ਛੁਟਕਾਰਾ ਨਹੀਂ ਹੁੰਦਾ ਪਰ ਚਾਉ ਤਮਾਸ਼ੇ ਪਿਛੇ ਦੁਨੀਆਂ ਰੀਝੇਗੀ ਸੋ ਓਹ ਚਾਉ ਤਮਾਸ਼ੇ ਗੁਰੂ ਕੇ ਹੋਵਨਗੇ ਅਰ ਬੰਦਗੀ ਭੀ ਦੁਨੀਆਂਦੀ ਦੇਖੋ ਦੇਖੀ ਵਾਸਤੇ ਕਰਨਗੇ ਦੁਨੀਆਂ ਕੀ ਜੁਗਤ ਤੇ ਮੁਕਤ ਨਾਹੀਂ ਅਰ

CC-0. Gurukul Kangri University Haridwar Collection. Digitized

INTERNET ABHINAV GAUR

ਸਰ ਭੂਗਰ ਜੋ ਹੈ ਸੋ ਸ੍ਰੀ ਸਤਿਗੁਰ ਕਰਨਹਾਰੇ ਹਨ ਸੋ ਅਗਮ ਦਇਆਲ ਬੇਅੰਤ ਪਰੇ ਤੇ ਪਰੇ ਹੈ ਬੇਸ਼ੁਮਾਰਹੈ ਸੋ ਬਿਨਾ ਸਤਿਗੁਰ ਉਸਦਾ ਥਾਉਂ ਨਾਹੀਂ ਦਿਸਦਾ ਜੋ ਸਤਿਗੁਰੂ ਕਉ ਮਿਲਿਆ ਸੋ ਸਚਯਾਰ ਹੋਯਾ ਦੁਨੀਆਂ ਕੇ ਮਾਰਗ ਛੱਡੇ ਸਤਿਗੁਰੂ ਕੇ ਮਾਰਗ ਚੱਲੇ ਸਤਿਗੁਰੂ ਕਾ ਮਾਰਗ ਕਉਣ ਹੈ ਸਚ ਸ਼ਬਦ ਹੈ ਸ਼ਬਦ ਨਾਲ ਰਚੇ ਤਾਂ ਸਤਿਗੁਰੂ ਮਿਲੇ ਸਚ ਮੇਂ ਸਮਾਵੈ ਜੂਨੀ ਭਰਮੇਂ ਨਾਹੀਂ ॥

ਸ਼ਲੋਕ ॥ ਫੰਧੀ ਦਰ ਬਾਜਾਰ ਦੇਵਾਨੇ ॥ ਪਸਰੇ ਕੇਸੂ ਫੂਲ ਫੁਲਾਨੇ ॥
ਕਰੇ ਮੋਹ ਤ੍ਰਿਯਾ ਲਾਵੇ ਅੰਗ ॥ ਨਾਨਕ ਚਉਰਾਸੀ ਕਾ ਪਾਵੈ ਸੰਗ ॥

ਤਿਸਕਾ ਪਰਮਾਰਥ ॥ ਸੁਣ ਬੱਚਾ ਅਜੱਤਿਆ ਓਹ ਕੈਸੇ ਮਰਦ ਹੋਵਨਗੇ ਜੋ ਕੋਈ ਸਤਿਗੁਰੂ ਕੇ ਜਾਨਨੇ ਵਾਲਾ ਸਾਧਹੋਵੇਗਾ ਤਿਸਕੇ ਜੀਅ ਕੇ ਲਾਗੂ ਹੋਵਨਗੇ ਅਤੇ ਬਜਾਰ ਜੋ ਕਰਨਗੇ ਜਿਉਂ ਬਜਾਰਮਹਿ ਕਰੂੰਜੜੇ ਭਠਿਆਰੇ ਲੜਦੇਹਨ ਤਿਉਂ ਓਹ ਲੜਪਵਨਗੇ ਅਰ ਬਾਤਾਂ ਜੋ ਕਰਨਗੇ ਸੋ ਦੇਵਾਨਿਆਂ ਕੀਆਂ ਹੀ ਕਰਨਗੇ ਜਿਉਂ ਕੇਸੂ ਫੁੱਲਾਂ ਦਾ ਗੁੱਛਾ ਖਿੜ ਪਉਂਦਾ ਹੈ ਤਿਉਂ ਓਨਾਂ ਦਾ ਰੰਗ ਦੂਟ ਜਾਵੇਗਾ ਓਹ ਆਪ ਵਿਚ ਅਕੱਠੇ ਨ ਹੋਵਨਗੇ ਓਨਾਂ ਦਾ ਮੋਹ ਤਿਰੀਆ ਸੰਗ ਲਗ ਜਾਵੇਗਾ ਸਤਿਗੁਰ ਤੇ ਓਹ ਬੇਮੁਖ ਹੋਇ ਜਾਵਨਗੇ ਓਹ ਚੌਰਾਸੀ ਭਰਮਨਗੇ ਤਾਂ ਫੇਰ ਅਜੱਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜੀ ਤੇਰੇ ਘਰ ਘਰ ਸਿਖ ਕਹਾਈਅਨਗੇ ਸੋ ਪੜ੍ਹਨਗੇ ਗਾਵਨਗੇ ਤਿਨਕੀ ਗੱਲ ਕਿਉਂਕਰ ਹੋਵੇਗੀ ਤਾਂ ਫੇਰ ਸਤਿਗੁਰੂ ਜੀ ਕਾ ਬੋਲਨਾ ਹੋਯਾ ॥

ਸ਼ਲੋਕ ॥ ਲੁਕਮੇ ਜਗ ਗਿਰਾਸਿਆ ਲੁਕਮੇ ਕੀ ਮਹਿਮਾ ਖੂਬ ॥ ਲੁਕਮੇ ਵਿਚਹੁ ਗਿਰਾਸਿਆ ਕਲੀ ਕਾਲ ਫਾਥਾ ਸਿੰਘ ਕਰਤੂਬ ॥ ਗਦਹਾ ਚੜਕੈ ਨਿਕਲੇ ਬਹਿ ਬਹਿ ਹੀਂਗਹਿ ਬਾਨ ॥ ਫਿਟਅਵੇਹਾ ਖਾਇਆ ਸਿਰ ਮਾਰੈ ਸ਼ੈਤਾਨ ॥

ਤਿਸਕਾ ਪਰਮਾਰਥ ॥ ਸੁਣ ਭਾਈ ਅਜੱਤਿਆ ਕਲਜੁਗਕੇ ਵਿਚ ਗੁਰੂ ਕੇ ਸਿੱਖ ਏਡੇ ਹੋਵਨਗੇ ਐਸਾ ਵਕਤਭੀ ਆਵੇਗਾ ॥ ਜਿਥੇ ਟੁਕੜਾ ਖਾਵਨਗੇ ਤਿਥੇ ਹੀ ਪੜ੍ਹਨਗੇ ਉਥੇ ਹੀ ਗੁਰੂਕੈਹਨਗੇ ਓਥੇਹੀਗਾਵਨਗੇ ਅਜੇਹੀਜਿਨਸਕੀ ਸਿਖੀ ਹੋਵੇਗੀ ਜਿਸਕਾਖਾਵਨਗੇਤਿਸ ਕੋ ਸਲਾਹਨਗੇ ਸਤਿਗੁਰੂਤੇ ਭੁੱਲ ਜਾਵਨਗੇ ਸੋ ਲੁਕਮਾ ਇਹ ਹੋਇ ਲਰੇਗਾ ਜਿਉਂ ਸਿੰਘ ਕਾਲ ਕੀ ਫਾਸੀ ਵਿਚ ਫਾਸਦਾਹੈ ਖਾਣਾ ਪੀਣਾ ਭੁੱਲ ਜਾਂਦਾ ਹੈਸੁ ਜੀਅ ਕੀ ਪੌਂਦੀ ਹੈਸੁ ਤਿਉਂ ਉਨ੍ਹਾਂ ਕਉ ਭੀ ਇਕ ਦਿਨ ਜੀਅਕੀ ਪਵੇਗੀ ਖਾਣਾ ਪੀਣਾ ਭੁੱਲ ਜਾਵੇਗਾ ਜਿਉਂ ਕਰ ਗਧਾ ਮਸਤਹੋਇਕਰ ਹੀਂਗਦਾਹੈ ਤਿਉਂ ਓਹ ਗਾਵਨਗੇ ਇਕ ਦਿਨ ਜਮ ਕੇ ਹਵਾਲੇ ਹੋਵਣਗੇ ਤਾਂ ਬਿਲਲਾਵਨਗੇ ਦੁਖ ਪਾਵਨਗੇ ਤਾਂ ਆਖਨਗੇ ਜੋ ਫਿਟੇ ਮੂੰਹ ਅਸਾਡੇ ਇਸ ਖਾਧੇ ਦਾ ਜੋ ਇਹ ਹਵਾਲ ਹੋਯਾ ॥ ਆਖਣਗੇ ਜੋ ਅਸੀਂ ਗੁਰੂ ਤੇ ਭੁੱਲੇਹਾਂ ਤਾਂਫੇਰ ਵਕਤ ਪਾਵਨਗੇਨਾਹੀਂ ਫੇਰਬਖਸ਼ੀਅਨਗੇਨਾਹੀਂ ਕਿਉਂਜੋ ਖਾਣਦਾਣਾ ਗੁਰੂ ਜੀ ਦਾ ਅਰ

CC-0. Gurukul Kangri University Haridwar Collection. Digitized by S3 Foundation USA

ਸਲਾਹਣਾ ਮਨੁੱਖ ਦਾ ਪੱਛੋਤਾਵਨਗੇ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਕੋਈ ਜੋ ਕਿਸੀ ਕੀ ਸੇਵਾ ਕਰਦਾ ਹੈ ਸੋ ਥਾਇ ਪਵੇਗੀ ਕਿ ਬਿਰਥੀ ਜਾਇਗੀ ਤਾਂ ਫੇਰ ਸ੍ਰੀ ਗੁਰੂ ਬਾਬੇ ਕਾ ਬੋਲਣਾ ਹੋਯਾ ॥ ਸ਼ਲੋਕ ॥ ਸੇਵਕ ਮੋਹਨਿ ਵਿਟੋਲੈ ॥ ਕਾਗਜੋਨ ਵਿਸਟਾ ਫੋਲੈ ॥ ਕਰੈ ਸੇਵਾ ਸਤਿਗੁਰੂ ਨ ਭਾਵੈ ॥ ਸੋ ਸੇਵਕ ਸੇਵਾ ਖੋਇ ਜਾਵੈ ॥ ਲਿਖਿਆ ਲੇਖ ਨਾਹੀ ਧੁਰਿ ਰੰਗ ॥ ਨਾਨਕ ਤਿਸਤੇ ਚੁਪੈ ਚੰਗ ॥੨੩॥ ਤਿਸਕਾ ਪਰਮਾਰਥ ॥ ਜੋ ਸੇਵਕ ਹੋਇਕੇ ਗਰਬੈ ਜੋ ਮੈਂ ਅਜੇਹੀ ਸੇਵਾ ਕਰਦਾ ਹਾਂ ਮੈਂ ਭੀ ਕੁਛ ਹੋਯਾਹਾਂ ਤਿਸਕੀਜੂਨ ਕਾਗਦੀ ਹੋਂਦੀ ਹੈ ਓਸਦੇਮੂੰਹਵਿੱਚ ਵਿਸ਼ਟਾਮਿਲਦੀਹੈ ਜੋਕੁਛ ਕਰਕੇ ਮਨਵਿਚ ਗਰਬ ਕਰਦਾਹੈ ਅਰ ਆਖਦਾਹੈ ਜੋਮੈਂ ਗੁਰੂ ਕਉ ਕੁਛ ਦੇਂਦਾ ਹਾਂ ਅਰ ਗੁਰੂਕੇਭਾਣੇਚੱਲੇਨਾਹੀਂ ਤਾਂ ਓਹ ਸੇਵਕ ਗੁਰੂ ਕੋ ਨਾਹੀਂ ਭਾਉਂਦਾ ਓਹ ਸੇਵਾਅਪਣੀ ਖੋਇ ਜਾਂਦਾਹੈ ਲਿਖਿਆ ਲੇਖ ਨਾਹੀਂ ਧੁਰ ਅੰਗ ॥ ਉਨ੍ਹਾਂਦੇਸਿਰ ਧੁਰਦਾ ਲੇਖ ਲਿਖਿਆਹੋਯਾਹੈ ਸੋ ਟਲਣੇ ਕਾ ਨਾਹੀਂ ਓਹਦੇਖੋ ਦੇਖੀ ਸੇਵਾ ਕਰਦੇ ਹੈਨ ਪਰ ਰੰਗ ਨਹੀਂਲਗਦਾ ਅਤੇ ਚੁਪ ਚੰਗੀਹੈ ਸੋਕੀਹੈ ਸੋਬੁੱਧਹੈ ਜਿਉਂ ਕਰ ਸੰਤੋਖ ਮੇਂ ਰਹੇ ਤਾਂਇਸ ਸੇਵਾ ਤੇ ਫਲ ਲਗਦਾ ਹੈ ਨਾਨਕ ਤਾਂਤੇ ਚੁਪ ਚੰਗੀਹੈ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਕਲੀ ਕਾਲ ਕੇ ਵਿਖੇ ਸੰਸਾਰੀ ਸਾਧ ਕਿਸਨੋਂ ਕਹਿਨਗੇ ਅਰ ਕਿਸਨੂੰ ਪੂਜਣਗੇ ਤਾਂ ਫੇਰ ਬੋਲਣਾ ਹੋਯਾ ॥ ਸ਼ਲੋਕ ॥ ਸਾਧ ਕਹਾਇ ਮੁਖ ਬੁਰਾ ਜੋ ਬੋਲੈ ॥ ਜੀਆਂ ਘਾਤ ਕਰ ਅਨਰਥ ਤੋਲੈ ॥ ਲਹੈਸਜਾਇ ਦਰਗਹਿ ਨਾਹੀ ਢੋਈ ॥ ਕਹੈਨਾਨਕ ਤਿਨ ਮਿਲਿਆਂਮੁਕਤ ਨ ਹੋਈ॥੨੪॥ ਤਿਸਕਾ ਪਰਮਾਰਥ ॥ ਗੁਰੂ ਜੀ ਕਹੈਂ ਭਾਈ ਅਜਿੱਤਿਆ ਕਲੀ ਕਾਲ ਵਿਖੇ ਜਿਨ੍ਹਾਂ ਨੂੰ ਸੰਸਾਰ ਸਾਧ ਕਰਕੇ ਪੂਜੇਗਾ ਸੋ ਕੁਚਲਨ ਚਾਲ ਚੱਲਣਗੇ ਕੁਬਾਨ ਬੋਲਨਗੇ ਓਹ ਸਾਧ ਕਰਕੇ ਮੱਥਾਟੇਕਨਜਾਵਣਗੇ ਅਤੇ ਓਹ ਔਗੋਂ ਬੁਰਾ ਬੋਲਣਗੇ ਅਤੇ ਮਨਤੇ ਦਇਆ ਨਹੋਵੇਗੀ ਬੇਮੇਹਰ ਹੋਵਨਗੇ ਸੋ ਅਨਰਥ ਕਉ ਤੋਲਨਗੇ ਅਤੇ ਓਹ ਅਤਿ ਸਜਾਇ ਪਾਵਨਗੇ ਦਰਗਹਿ ਢੋਈ ਨਮਿਲੇਗੀ ਓਹ ਚੌਰਾਸੀ ਫੇਰ ਪਾਵਨਗੇ ਅਤੇ ਨਰਕ ਗਾਮੀ ਹੋਵਨਗੇ ਅਤੇ ਜੋ ਕੋਈ ਉਨ੍ਹਾਂਕਉ ਪੂਜੇਗਾ ੋ ਮੁਕਤ ਨ ਪਾਵੇਗਾ ਅਤੇ ਨਿਹਫਲ ਜਾਵੇਗਾ ਨਾਨ ? ਤਿਨਮਿਲਿਆ ਮੁਕ ਨਹੋਈ ਤਾਂਅਜਿੱਤੇਰੰਧਾਵੇ ਅਰਦਾਸਕੀਤੀ ਹੈ ਸੱਚੇ ਪਾਤਸ਼ਾਹ ਜੋਸਾਧ ਤੇਰੇ ਮਨ ਭਾਣੇ ਹੈਨ ਤਿਨ ਕੀ ਕਿਆ ਚਾਲੀ ਹੈ ਤਾਂ ਬੋਲਣਾਂ ਹੋਯਾ ॥ ਸ਼ਲੋਕ ॥ ਸਾਧ ਕੀ ਮਹਿਮਾ ਬੇਦ ਨ ਜਾਣੈ ਓਹ ਗਰਭ ਜੋਨ ਨਹੀਂ ਆਏ ॥ ਓਹ ਬੁਰਾ ਨ ਬੋਲਣ ਕੁਬਚਨ ਨ ਬੋਲਹਿ ਗੁਰਮੁਖ ਸ਼ਬਦ ਸਮਾਏ ॥ ਸਦਾ ਹਜੂਰ ਰਹੇ ਸੰਗ ਰਾਤੇ ਮਾਤੇ ਮਦਾ ਖੁਮਾਰੀ ॥ ਰਾਗ ਨਿਰੰਤਰ ਮਿਲਹਿ ਨਿਵਾਸੀ ਸਹਜਿ ਲਗੀ ਧੁਨ ਕਾਰੀ ॥ ਗੁਪਤ ਬਾਣੀ ਕੋ ਵਿਰਲਾ ਬੂਝੈ ਕਛੂ ਨ ਜਾਏ ਕਹਿਣਾ ॥ ਕਹੁ ਨਾਨਕ ਤਿਨ ਹੋਇ ਪਰਾਪਤਿ ਜਿਸ ਪੁਰਬ ਲਿਖੇ ਕਾ ਲਹਿਣਾ ॥ ੨੫ ॥ ਤਿਸਕਾ ਪਰਮਾਰਥ

CC-0. Gurukul Kangri University Haridwar Collection. Digitized by S3 F

TES OF INTERNET // ABHINAV GAUR //
YOUTH

ਭਾਈ ਅਜਿੱਤਿਆ ਸਾਧਕੀ ਮਹਿਮਾ ਬੇਦ ਭੀ ਨਹੀਂ ਜਾਣਤਾ ਬੇਦ ਜੋਹੈ ਸੋਤਿਹ ਗੁਣਾਂ ਕੀਆ ਬਾਤਾਂ ਕਰਤਾਹੈ ਚਉਥੇਗੁਣ ਕਉ ਨਾਹੀਂ ਜਾਣਤਾ ਚਉਥਾ ਬੇਦ ਜੋਹੈ ਸੋਸੰਭਹੀ ਹੈਨ ਤਿਨਾਂ ਕੀ ਬੇਦ ਕੋ ਭੀ ਖਬਰ ਨਹੀਂ ਅਤੇ ਸੰਤਾਂ ਕੀ ਖਬਰ ਓਹ ਅਕਾਲਪੁਰਖ ਆਪ ਹੀ ਜਾਣੈ ਅਥਵਾ ਸੰਤਾਂ ਕੀ ਮਹਿਮਾ ਸੰਭਹੀ ਜਾਣਹਿ ਓਹ ਅੰਤਰਆਤਮੇ ਕੇ ਸਮਾਇ ਰਹੈਹੈਨ ਅਨਹਦ ਸ਼ਬਦ ਕੇ ਸਾਥ ਉਨਕੀ ਆਠਪਹਿਰ ਲਿਵ ਲਾਗਰਹੀ ਹੈ ਅਤੇ ਖੁਮਾਰੀ ਉਤਰਤੀ ਨਾਹੀਂ ਨਾਮ ਦੇ ਸੰਗ ਰਚ ਰਹੇ ਹੈਨ ਦੁਨੀਆਂ ਕੀ ਸੁਰਤ ਭੁੱਲ ਗਈ ਹੈ ਸੱਤ ਗੁਰੂ ਨਾਲ ਸਮਾਏ ਤਾਂ ਕਉਨ ਬੋਲੇ ਤੇ ਕਉਨ ਬਚਨ ਹੋਇ ਜਬ ਐਸਾ ਹੁਆ ਤਬ ਸੰਸਾਰ ਤੇ ਉਲਟਾ ਹੋਯਾ ਅਤੇ ਬਾਣੀ ਭੀ ਉਸਕੀ ਉਲਟੀ ਹੋਇ ਜਾਤੀ ਹੈ ਕਉਨ ਸਮਝੈ ਕੌਨ ਬੀਚਾਰੇ ਕੋਈ ਗੁਰਮੁਖ ਸਮਝੈ ਜਿਸਕੋ ਪੂਰਬ ਕਾ ਲਹਿਣਾ ਹੋਵੇਗਾ ਜਿਥੇ ਸੰਭ ਹੋਵਨਗੇ ਓਥੇ ਕਲੀਕਾਲ ਦੇ ਲੋਕ ਉਨਾਂ ਦੀ ਨਿੰਦਾ ਕਰਨਗੇ ਓਨਾਂ ਕੋ ਚੋਰ ਯਾਰ ਕਹਿਨਗੇ ਤਾਂ ਫੇਰ ਅਜਿੱਤੇ ਰੰਧਾਵੇ ਨੇ ਅਰਦਾਸ ਕੀਤੀ ਹੇ ਸੱਚੇ ਪਾਤਸ਼ਾਹ ਜੀ ਉਸਵਕਤ ਕਿਸੇ ਨੂੰ ਸਨਮੁਖ ਰਖੇਗਾ ਕਿ ਨਹੀਂ ਸ੍ਰੀ ਗੁਰੂ ਨਾਨਕ ਜੀ ਕਹੈਂ ਬੱਚਾ ਜਿਸਦੇ ਪੂਰਬ ਮਸਤਕ ਲੇਖ ਲਿਖਿਆ ਹੈ ਸੋ ਹੋਵੇਗਾ ਤਿਸਨੇ ਏਹ ਵਸਤ ਪ੍ਰਾਪਤ ਹੋਵੇਗੀ ॥ ਸ਼ਲੋਕ ॥ ਗੁਹਜ ਕਥਾ ਲੇ ਮਨ ਮਹਿ ਰਾਖੈ ॥ ਓਅੰਕਾਰ ਅੱਖਰ ਚਿਤ ਮਹਿ ਭਾਖੈ॥ਕਰੈ ਨਮਸਕਾਰ ਪੂਰੇ ਗੁਰਦੇਵਾ॥ਨਾਨਕ ਮਿਲੀਐ ਅਲਖ ਅਭੇਵਾ ॥੩੬॥ਤਿਸਕਾ ਪਰਮਾਰਥ ॥ ਬੱਚਾ ਅਜਿੱਤਿਆ ਗੁਹਜ ਕਥਾ ਹੈ ਸੋ ਸ਼ਬਦ ਹੈ ਤਿਸਕੋ ਬਿਰਲਾ ਹੀ ਮਨ ਵਿੱਚ ਰਖੇਗਾ ਅਰ ਅੱਖਰ ਜੋ ਭਾਖੈ ਸੋ ਕੀ ਭਾਖੈ ਅੱਖਰ ਜੋ ਹੈ ਸੋ ਏਕੰਕਾਰ ਸ੍ਰਿਸ਼ਟ ਕਰਤਾ ਉਨਕੀ ਦੀਖਿਆ ਸੱਚ ਸ਼ਬਦ ਹੈ ਤਾਂ ਓਹ ਸੱਚ ਸ਼ਬਦ ਕਿਸਤੋਂ ਪਾਈਐ ਸੋ ਪੂਰੇ ਗੁਰੂ ਤੋਂ ਪਾਈਐ ਭੂੰ ਕਰ ਨਮਸਕਾਰ ਪੂਰੇ ਗੁਰਦੇਵ ਕੋ ਨਾਨਕ ਮਿਲੀਐ ਅਲਖ ਅਭੇਵ ਸੋਮਨ ਕਿਤੇ ਬਾਤ ਪਰ ਭਿਜਦਾ ਨਾਹੀਂ ਸੋ ਸੱਚ ਸ਼ਬਦ ਪਰ ਭਿਜਦਾ ਹੈ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਕਿਛ ਪੁੰਨ ਦਾਨ ਭੀ ਫਲਦਾ ਹੈ ਕਿ ਨਹੀਂ ਤਾਂ ਬੋਲਣਾ ਹੋਯਾ

ਸ਼ਲੋਕ ॥ ਕਰੈ ਦਾਨ ਜੋ ਗੁਰ ਕੋ ਭਾਵੈ॥ਉਹ ਫਿਰ ਨਹੀਂ ਭੂਲੇ ਜਨਮ ਨ ਆਵੈ ॥
ਨਾਨਕ ਸੱਚੀ ਦਰਗਹ ਪਹਿਦਾ ਜਾਵੈ ॥ ੩੭ ॥ ਤਿਸਕਾ ਪ੍ਰਮਾਰਥ ॥ ਸੁਣ ਭਾਈ ਅਜਿੱਤਿਆ ਏਹ ਜੋ ਦਾਨ ਕਰਦੇ ਹਨ ਸੋ ਸਉਦਾ ਕਰਦੇ ਹੈਨ ਸੋ ਕੈਸਾ ਸਉਦਾ ਕਰਦੇ ਹੈਨ ਜੋ ਮੇਰੇ ਦੂਣੇ ਹੋਵਨ ਜਾਂ ਸਵਾਏ ਹੋਵਨ ਅਰ ਕਹਿੰਦਾ ਹੈ ਜੋ ਮੈਂ ਕਰਦਾਂਹਾਂ ਸੋ ਮੈਂ ਪਾਵਾਂਗਾ ਜੋ ਦਾਨ ਕਰਕੇ ਫਲਤਾ ਹੈ ਸੋ ਫੇਰ ਗਰਬ ਮਹਿ ਆਵਤਾ ਹੈ ਅਤੇ ਜੋ ਸਤਿਗੁਰੂ ਨੂੰ ਦਾਨ ਭਾਂਵਦਾ ਹੈ ਸੋ ਈ ਚੱਛਾ ਹੈ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਜੀ ਸੱਚੇ ਪਾਤਸ਼ਾਹ ਜੀ ਓਹ ਕੇਹੜਾਂ ਦਾਨ ਹੈ ਜੋ ਸਤਿਗੁਰੂ ਨੂੰ ਭਾਂਵਦਾ ਹੈ ਤਾਂ ਸ੍ਰੀ ਗੁਰੂ ਨਾਨਕ ਜੀ ਕਹੈਂ ਬੱਚਾ ਅਜਿੱਤਿਆ ਸਤਿਗੁਰਾਂ ਨੂੰ ਏਹ ਦਾਨ ਭਾਂਵਦਾ ਹੈ ਜੋ ਸਿੱਖ ਸਤਿਗੁਰਾਂ ਦੇ ਨਮਿੱਤ ਦਾਨ ਕਰੇ ਅਤੇ ਕਰੇ ਕਿਆ ਜੋ ਆਪਣਾ ਆਪ ਨਾ ਜਣਾਵੇ ਅਤੇ ਜੋ ਕੁਛ ਕਰਦਾ ਹੈ ਤਾਂ ਆਖਦਾ ਹੈ ਜੋ ਮੇਰਾ ਇਸਮੇਂ ਕੁਛ ਨਾਹੀਂ ਸਭ ਕੁਛ

CC-0. Gurukul Kangri University Haridwar Collection. Digitized by S3 Foundation USA

ਸ੍ਰੀਗੁਰੂ ਕਾ ਹੈ ਤੇ ਦਾਤਾ ਭੁਗਤਾ ਸਤਿਗੁਰੂਆਪਹੈ ਔਰਸਾਸਸਾਸਸ੍ਰੀਗੁਰੂਜੀਕਾ ਜਾਪਕਰੇ ਹੈ ਅਜਿੱਤਿਆ ਨਾਮ ਤੁੱਲ ਕੁਛ ਅਵਰ ਨਹੀਂ ਹੈ ਬੱਚਾ ਉਸਕਾ ਦਾਨ ਸਤਿਗੁਰਾਂਕੋਭਾਂਵਦਾ ਹੈ ਓਹਦਾਨ ਫਿਰ ਫੁਲਤਾ ਨਹੀਂ ਫੁਲਤਾਏਹਹੈ ਜੋ ਗਰਭਜੂਨਮੇਂ ਨਹੀਂ ਆਵਤਾ ਓਹ ਸੱਚੇ ਵਿੱਚ ਸਮਾਵਤਾ ਹੈ ਅਰ ਸੱਚੀ ਦਰਗਹਿ ਪਹਿਰਿਆ ਜਾਵੇਗਾ ॥ ਸ਼ਲੋਕ ॥ ਆਦ ਪੁਰਖ ਤੇ ਸਭ ਡਰਪਾਨੀ ਨੈਨੀ ਨੀਂਦ ਬਿਲੋਵੈ ॥ ਜੋ ਕੁਛ ਕਰਣਾ ਸੋ ਕਰ ਰਹਿਆ ਬਹੁਰ ਨਾ ਕਰਣਾ ਹੋਵੈ ॥ ੩੮ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਸਭ ਕੁਛ ਆਦਿ ਪੁਰਖ ਕਾ ਕਰਨਾ ਹੋਂਦਾ ਹੈ ਜਿਉਂ ਤਿਸ ਭਾਵੇਗਾ ਤਿਉਂ ਹੀ ਕਰੇਗਾ ਇਕ ਮਾਅੈਸਾ ਆਵੇਗਾ ਭਾਈਗੁਰੂ ਕਾ ਦਰਸ਼ਨਕਰਮਾਂ ਕਰ ਹੋਵੇਗਾ ਤੇ ਗੁਰੂਆਪਨੇਵੈਰਾਗਵਿਚਰਹੇਗਾ ਅਤੇ ਸਿੱਖਪੁੱਤ੍ਰ ਕੋਈ ਨਜ਼ਦੀਕ ਨ ਆਵੇਗਾ ਬੱਚਾ ਬਾਣੀਗੁਰੂਕੀ ਅਗਮ ਅਗਾਧਹੈ ਪਰ ਇਹ ਪੰਜਾਂਮਹਿਲਾਂ ਵਿਚਹੋਵੇਗੀ ਜਾਂ ਪੰਜਵਾਂ ਜਾਮਾਂ ਗੁਰੂਪਾਵੇਗਾ ਤਾਂ ਮੁਹਿਰਦੇਵੇਗੀ ਤਿਸਤੇ ਪਿੱਛੇ ਗੁਰੂ ਭਾਣੇ ਕਾ ਖਸਮ ਹੋਵੇਗਾ ਓਸ ਸਮੇ ਹੋਰਹੀ ਸਾਂਗਗੁਰੂ ਕਹੇਗਾ ਪਰਜਦੋਂ ਗੁਰੂ ਨਾਵਾਂ ਜਾਮਾਂ ਪਹਿਰੇਗਾ ਅਤੇ ਛੀਵੀਂ ਪਾਤਸ਼ਾਹੀ ਬਾਬਰ ਕੀ ਹੋਵੇਗੀ ਸੁਣਇੱਚਾਅਜਿੱਤਿਆ ਤਿਸ ਸਮੇ ਇਕ ਵਡਾ ਚੋਜ ਵਰਤੇਗਾ ॥ ਸ਼ਲੋਕ ॥ ਮਲੇਛ ਜਾਮਾਂ ਬਹੁਤ ਹੋਇਕੈ ਕਰੇ ਹਿੰਦੂਆਂ ਪਰ ਜੋਰ ॥ ਇਕ ਵਰਨ ਸਭ ਸ੍ਰਿਸ਼ਟ ਹੋਇ ਵਰਤੇ ਹੋਵੇ ਧੰਧੂ ਕੋਰ॥ਹਿੰਦ ਧਰਮ ਕੇ ਕਾਰਣੇ ਕਰੋਂਗਾ ਭਾਰੀ ਸਾਂਗ॥ਨਾਵਾਂ ਜਾਮਾਂ ਪਲਟਕੇ ਦਸਵਾਂ ਪਹਿਰੋਂ ਭਾਂਗ॥ਜੈਕਾਰ ਕਰੇ ਸਭ ਜਗਤ ਮੇਂ ਓਹੀ ਨਾਨਕ ਸ਼ਾਹ ॥ ਸੰਤ ਜਨਾਂ ਕੇ ਕਾਰਨੇ ਦੁਸ਼ਟਾਂ ਮਾਰੋ ਧਾਇ ॥ ੩੯ ॥ ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਓਹ ਅਜੇਹਾ ਸਮਾਂ ਆਵੇਗਾ ਜੋ ਮਲੇਛ ਹਿੰਦੂਆਂ ਪਰ ਬਹੁਤਜ਼ੋਰ ਕਰਨਗੇ ਅਤੇ ਮਲੇਛ ਕਰੇਗਾ ਕਿਜਹਾਂ ਤਕ ਮੇਰੀ ਪਾਤਸ਼ਾਹੀ ਹੈ ਤਹਾਂ ਤੀਕ ਹਿੰਦੂ ਸਭ ਇਕ ਵਰਣ ਹੋਇ ਜਾਨ ਅਰੁ ਜੋਕੋਈ ਹਿੰਦੂਆਂਦੇਪੀਰ ਹੈਨ ਔਰਠਾਕੁਰ ਦੁਆਰੇ ਤੇ ਤੀਰਥਹੈਂ ਸਭਬੰਦ ਕਰ ਲੇਵੋਂਗਾਤਾਂਹਿੰਦੂਆਂ ਕੋ ਕੋਈ ਉਪਾਵ ਹੱਥ ਨਾ ਆਵੇਗਾ ਜਹਾਂ ਤੀਕਰ ਹਿੰਦੂ ਹੈਨ ਸਭ ਸੁੰਨ ਹੋਇਜਾਵੇਂਗੇਤਿਸ ਕਰਕੇ ਸੰਤ ਜਨਾਂ ਕਉ ਬਹੁਤ ਕਸੀਸਪਹੁਚੇਗੀਭਾਈਅਜਿੱਤਿਆਤਿਸਸਮੇਸੰਤਾਂਕੇਕਾਰਨ ਔਰ ਗਉ ਬ੍ਰਹਮਨਾਂ ਦੇ ਪਿੱਛੇ ਗੁਰੂ ਅਪਨੇ ਸੀਸ ਉਪਰ ਭਾਰ ਲੇਵੇਗਾ ਤਿਸ ਅਸਥਾਨ ਅਪਨੀ ਦੇਹੀ ਅਰਪਂ ਦੇਵੇਗਾ ਅਤੇ ਜੰਞੂਟਿੱਕੇਦੀ ਲਾਜ ਰਖਲਵੇਗਾ ਅਤੇਬੱਚਾਅਜਿੱਤਿਆ ਸੰਸਾਰ ਐਸਾ ਭੋਲਾ ਹੋਵੇਗਾ ਗੁਰੂ ਕੀ ਨਿੰਦਾ ਕਰਨਗੇ ਕਹਿਣਗੇ ਜੋ ਗੁਰੂ ਪਾਸ ਕੁਛ ਹੋਂਦਾ ਤਾਂ ਆਪਨਾਆਪ ਜ਼ਾਹਰ ਕਰਦੇ ਅਤੇਜੋ ਪ੍ਰਤੀਤਵਾਲੇ ਸਿੱਖਸੰਤਹੋਨਗੇਸੋਕਹਨਗੇ ਧੰਨ ਸਾਡਾ ਸਤਿਗੁਰੂਹੈ ਪ੍ਰਮਾਰਥ ਵਾਸਤੇ ਸਤਿਗੁਰਾਂ ਅਪਨਾ ਆਪ ਤਜ ਦਿੱਤਾ ਹੈ ਬੱਚਾ ਅਜਿੱਤਿਆਜੇਕਰ ਉਸਸਮੇ ਗੁਰੂਆਪਣੀ ਦੇਹੀਨਾ ਛੋਡੇਗਾਤਾਂਜਿਥੋਂ ਤੀਕਰ ਹਿੰਦਹੋਵੇਗੀ ਸੋ ਸਭ ਇਕ ਵਰਨ ਹੋਜਾਵੇਗੀ ਪਰ ਬੱਚਾ ਸੰਤ ਜਨਾਂ ਦੇ ਕਾਰਨੇ ਗੁਰੂ ਸੰਸਾਰਕੀਰਖਜਾ

CC-0. Gurukul Kangri University Haridwar Collection. Digitized by

ES OF INTERNET ABHINAV GAUR
OUTH

ਕਰੇਗਾ ਅਤੇ ਬੱਚਾਫੇਰਦਸਵਾਂ ਜਾਮਾਂ ਅਜੇਹਾ ਪੈਹਰ ਬੈਠੇਗਾ ਜੋ ਜਿੱਥੇ ਸੰਤਾਂਦਾ ਦੋਖੀ ਹੋਵੇ ਗਾ ਉਸਨੂੰ ਥਾਂਇ ਮਾਰੇਗਾ ਫੇਰ ਨਵਾਂ ਧਰਮ ਚਲਾਵੇਗਾ ॥ ਸ਼ਲੋਕ ॥ ਬਾਬਾ ਪਹਿਲੇ ਮੈਹਲ ਸੀ ਦਸਵਾਂ ਪ੍ਰਗਟੀ ਆਇ ॥ ਜਿਸਨੋ ਪਖਸੇ ਨਾਨਕਾ ਤਿਸਨੂੰ ਦੇਇ ਬੁਝਾਇ ॥ ੪੦ ॥

ਤਿਸਕਾ ਪਰਮਾਰਥ ॥ ਭਾਈ ਅਜੋਂਤਿਆ ਏਹ ਜੋ ਪੈਹਲਾ ਸਰੂਪ ਹੈ ਸੋ ਦਸਵਾਂ ਇਸਥੀਂ ਨਿਰਾਲਾ ਹੋਏਗਾ ਅਤੇ ਵਿਚਵਿਚ ਜੋ ਜਾਮੇਂ ਪਹਿਰੇਗਾ ਸੋ ਸੰਜਮ ਵਿਚ ਰਹੇਗਾ ਆਪਨਾਆਪ ਸ਼ਬਦਵਿਚ ਜ਼ਾਹਰ ਕਰੇਗਾ ਪਰ ਦਸਵੇਂਜਾਮੇਂ ਆਪਨਾਆਪ ਜ਼ਾਹਰ ਕਰੇਗਾ ਅਤੇ ਆਪਨਾਪੰਥ ਹਿੰਦੂਆਂ ਤੇਮੁਸਲਮਾਨਾਂ ਤੇ ਨਿਆਰਾ ਪ੍ਰਗਟਾਵੇਗਾ ਅਤੇ ਇਕ ਵਾਕਐਸਾ ਕਰਸੀ ਤਿਸ ਵਾਕ ਸੇ ਸਿੱਖੀ ਕਾ ਮੂਲ ਬੱਝੇਗਾ ਪਰਸੁੰਨਹੀ ਰਹੇਗਾ ਅਤੇ ਦਰਸ਼ਨ ਅਵੇਹਾ ਹੋਏਗਾ ਜੈਸਾਕਰੜੀ ਕਮਾਨਦਾ ਤੀਰ ਹੋਂਦਾਹੈ ਔਰ ਜੋਮਸਤਕਲਗੇਗਾ ਸੋਉਸਦਾਉਧਾਰ ਹੋਜਾਵੇਗਾ ਅਤੇ ਜੋ ਕੋਈ ਓਸਕੇ ਬਚਨਪਰ ਮੁਹਕਮ ਰਹੇਗਾ ਸੋ ਤਰ ਜਾਵੇਗਾ ਪਰ ਅਵੇਹਾ ਬਚਨ ਕਰੜਾ ਕਰੇਗਾ ਜੋ ਸਨਮੁਖ ਕੋਈ ਖੜਾ ਨਾ ਹੋਇ ਸਕੇਗਾ ਹੇਭਾਈ ਅਜੋਂਤਿਆ ਓਸ ਸਮੇ ਅਜੇਹਾ ਹੋਵੇਗਾ ਕਿ ਕੋਈ ਆਪਣੇ ਗੁਰ ਪੀਰ ਕੋਨਾਂ ਜਾਨੇਗਾ ਨਾ ਸ਼ੇਭਾ ਦੇਵੇਗਾ ਅਤੇ ਆਪੋ ਆਪਨੇ ਮਾਰਗਚਲੇਗਾ ਤੇ ਗੁ ਅਵੇਹਾ ਹੋਇਬੈਠੇਗਾ ਜੋ ਆਪਣੀ ਕਲਾ ਰਖੇ ਗਾ ਤਾਂ ਓਸਸਮੇ ਸਿੱਖ ਅਰਦਾਸ ਕਰਨਗੇ ॥ ਸ਼ਲੋਕ ॥ ਇੰਦ੍ਰਾਦਿਕ ਬ੍ਰਹਮਾਦਕਾਂ ਭਗਤਾਂ ਕੇ ਅਵਤਾਰ ॥ ਹਾਥ ਜੋੜ ਬਿਨਤੀ ਕਰ ਠਾਂਢੇ ਹੋਇ ਦਰਬਾਰ ॥ ਸੁੰਨ ਮੰਡਲਕੇ ਕਾਰਨੇ ਹਰਿ ਸੇ ਕਰਹੁ ਬੀਚਾਰ ॥ ਜਾਮਾ ਰਖੇ ਅੱਗਕਾ ਨਾਨਕ ਮੁਕਤ ਪਾਏ ਸੰਸਾਰ ॥ ੪੧ ॥ ਤਿਸ ਕਾ ਪ੍ਰਮਾਰਥ॥ਬੱਚਾ ਸਿੱਖ ਅਰਦਾਸ ਕਰਨਗੇ ਇੰਦ੍ਰਾਦਿਕਬ੍ਰਹਮਾਦਿਕ ਭਗਤਜਨਾਂਕੇਅਵ-ਤਾਰ ਓਹ ਹੱਥ ਜੋੜਕਰ ਅਰਦਾਸ ਕਰਨਗੇ ਚੰਦ ਸੂਰਜ ਅਕਾਸ਼ ਪੌਣ ਪਾਣੀ ਹ ਸਤਿ-ਗੁਰੂਪਾਸ ਗੁਪਤ ਅਰਦਾਸ ਕਰਨਗੇ ਜੋ ਹੇਪਾਰਬ੍ਰਹਮਜੀਏਹ ਮੰਡਲਬਿਨਾਂ ਤੇਰੀਜੋਤ ਸੁੰਨ ਹੋਇਜਾਵੇਗਾ ਤੇ ਗੁਰੂਕੇ ਸ਼ਬਦਬਿਨਾ ਮੰਡਲ ਖਾਲੀ ਰਹੇਗਾ ਸੰਸਾਰ ਸਭ ਭ੍ਰਿਸ਼ਟ ਹੋਜਾਵੇਗਾ ਭਾਈ ਜਿਤਨਾ ਥਿਰ ਗੁਰੂ ਵਰਤੇਗਾ ਤਿਥਰ ਸੰਸਾਰ ਮੋਂ ਭਉ ਹੋਵੇਗਾ ਭਾਈ ਸ੍ਰੀ ਸਤਿ-ਗੁਰੂ ਜੀ ਕੇ ਜਾਮੇਂ ਤੋਂ ਬ਼ਗ਼ੈਰ ਭਾਉ ਭਗਤੀ ਨਹੀਂ ਹੋਵੇਗੀ ਅਤੇ ਬਿਨਾ ਭਾਉ ਭਗਤੀ ਹਮ ਕਿਉਂਕਰ ਰਹੇਂਗੇ ਅਤੇ ਸੰਸਾਰ ਮੇਂ ਕਿਉਂਕਰ ਕੋਈ ਮੋਖ ਪਾਵੇਗਾ ਅਤੇ ਕਿਉਂਕਰ ਕੋਈ ਪਾਰਗਰਾਮੀ.ਹੋਵੇਗਾ ਬਿਨਾ ਤੇਰੇ ਹੇ ਸਚੇ ਪਾਤਸ਼ਾਹ ਜਬ ਤੇ ਸ਼ਬਦ ਨਾਲੋਂ ਬੋਧ ਰੂਪ ਕੀਤਾ ਫਿਰਖਲੋਨਗੇਕੋਈ ਕਿਸੇਕੋਬਦੇਗਾਨਾਹੀਂ ਸਭ ਆਪਣੇਮਤ ਮੇਂ ਚਲਣਗੇਕੋਈਐਸਾ ਜਵਾਬ ਹੋਵੇ ਜੋਕਲੀਕਾਲਮੋਂ ਮੋਖ ਪ੍ਰਾਪਤ ਹੋਵੇ ਜੀ ਤਾਂਫੇਰਗੁਰੂਜੀ ਕਿਹਾ ਬੱਚਾ ਅਜੋਂਤਿਆ ਜਬ ਏਹ ਅਰਦਾਸ ਸਿੱਖ ਕਰਨਗੇ ਤਾਂ ਓਨਾਂ ਦੇ ਵਾਸਤੇ ਇੱਕ ਟੰਚਕ ਦੀਵਾਨ ਲਗੇਗਾ ਇਕੰਤ ਮਹਲ ਗੁਰੂ ਹੋਇ ਬੈਠੇਗਾ ਜੇ ਕੋਈ ਉਸ ਵਕਤ ਦਰਸ਼ਨ ਕਰੇਗਾ ਸੋ ਨਿਹਾਲ ਹੋਵੇਗਾ ਅਤੇ ਜਨਮ ਮਰਣ ਤੇ ਰਹਿਤ ਹੋਵੇਗਾ ਅਤੇ ਬੱਚਾ ਗੁਰੂ ਸੰਜਮ ਇਕ ਐਸਾ ਕਰੇਗਾ

CC-0. Gurukul Kangri University Haridwar Collection. Digitized by S3 Foundation USA

ਸਿੱਖੀਕਾ ਬੀਜ ਰਖਜਾਵਨਗੇ ਅਤੇ ਬੱਚਾ ਜੇਕਰ ਗੁਰੂਏਨਾਂਭਗਤਾਂਸਿੱਖਾਂ ਦੀ ਅਰਦਾਸ ਨਾ ਸੁਣਦਾ ਤਾ ਜਿੱਥੋਂ ਤੀਕਰ ਨਉਖੰਡ ਪ੍ਰਿਥਵੀ ਹੈਸੀ ਸੋ ਸਭ ਭ੍ਰਿਸ਼ਟ ਹੋਇਜਾਤੀ ਇਹਪਉਣ ਪਾਣੀ ਧਰਤੀ ਅਕਾਸ਼ਚੰਦ ਸੂਰਜਤਿਛਰਾਂਤਾਈਂ ਕਾਇਮਹੈਨ ਜਿਤਨਾਚਿਰ ਗੁਰੂਹੈ ਨਾਹੀਂ ਤਾਂ ਏਹਭੀ ਠਹਿਰਨਗੇ ਨਾਹੀਂ ਪਰ ਬੱਚਾ ਭੁਰਕਾਇਣ ਸਤਿਗੁਰਾਂਕਾ ਬਹੁਤ ਪਿੱਛਾਕਰਨਗੇ ਪਰ ਗੁਰੂ ਉਨਕਉ ਮਿਲਨਗੇ ਨਾਹੀਂ। ਤਾਂ ਅਜਿੱਤੇਅਰਦਾਸ ਕੀਤੀ ਜੀ ਸਚੇ ਪਾਤਸ਼ਾਹਜੀ ਇਕਵਿਸਵਾਸ ਮੇਰੇਮਨ ਵਿੱਚ ਹੈ ਕਿਉਂਕਿ ਆਪਕਾ ਬੋਲਣਾ ਹੋਯਾ ਸੀ ਜੋ ਬਾਬਰ ਮੇਰਾ ਭਗਤ ਹੈ ਅਤੇ ਭਗਤੀ ਕਰਕੇ ਪਾਤਸ਼ਾਹੀਲਈ ਹੈਸੁ ਹੇ ਸੱਚੇ ਪਾਤਸ਼ਾਹਜੀ ਏਹ ਆਪਕਾਹੀ ਸਿੱਖ ਹੋਇਕਰ ਅਤੇ ਆਪਕਾਹੀ ਪਿੱਛਾ ਕਰੇਗਾ ਹੇਗ਼ਰੀਬਨਿਵਾਜ਼ ਜੀ ਮੇਰੀ ਏਹ ਵੀ ਨਿਸ਼ਾ ਕਰੋ ਜੀ ਜੋ ਕਿਉਂਕਰ ਬਾਦਸ਼ਾਹੀ ਬਾਬਰ ਕੋ ਬਖਸ਼ੀ ਜੀ ਤਾਂ ਸ੍ਰੀ ਗੁਰੂ ਜੀ ਨੇ ਸ਼ਲੋਕ ਉਚਾਰਿਆ ॥ ਸ਼ਲੋਕ ॥ ਬਾਬਰ ਧਾਣਾ ਕਾਬਲੋਂ ਆਇਆ ਹਿੰਦੁਸਤਾਨ ॥

ਪਹਿਲੋਂ ਮਾਰਿਆ ਸੈਦਪੁਰ ਬਹੁਤ ਹੋਈ ਕਤਲਾਮ ॥ ਰਹਿੰਦੇ ਬੰਦੀ ਕੀਤਿਓਸ ਸਉਂਪੇ ਫੇਰ ਸ਼ੈਤਾਂਨ॥ਅਗੋਂਦੇ ਜੇ ਚੇਤੀਐ ਤਾਂ ਕਿਉਂ ਹੋਈਐ ਪਰੇਸ਼ਾਨ॥ ਗੁਰੂ ਦੇਖ ਨਸਕਿਆ ਬੰਦ ਕੋ ਬਹੁਤ ਮਿਲੇ ਸਜਾਇ॥ਬਾਬਰ ਕੋ ਫ਼ਰਮਾਇਆ ਸਭ ਬੰਦੀ ਦੇਇ ਛੁਡਾਇ॥ ਬਾਬਰ ਚਰਨੀ ਢਹਪਿਆ ਮੁਝਕੋ ਕਰਹੁ ਦੁਆਇ॥ ਪਾਤਸ਼ਾਹੀ ਚਿਰਤਾਈਂ ਕਰਹੁ ਫੇਰ ਨਾ ਕਾਹੇ ਜਾਇ॥ ਬਾਬਰ ਕੀਬੇਨਤੀਸੁਨੀਸਤਿਗੁਰਭਏ ਦਇਆਲ ॥ ਪਾਤਸ਼ਾਹੀ ਚਿਰ ਤੀਕਰ ਦਿਤੀਆ ਨਾਨਕ ਨਦਰਿ ਨਿਹਾਲ ॥੪੨॥

ਤਿਸਕਾ ਪ੍ਰਮਾਰਥ॥ ਭਾਈ ਅਜਿੱਤਿਆ ਜਾਂ ਪਹਿਲੋਂ ਬਾਬਰ ਕਾਬਲੋਂ ਆਯਾ ਹੈਸੀ ਤਾਂ ਪਹਿਲਾਂ ਹਿੰਦੁਸਤਾਨ ਮਾਰਿਆ ਤਿਸ ਸਮੇ ਗੁਰੂ ਸੈਦਪੁਰਵਿੱਚ ਆਹਾ ਅਤੇਸੈਦਪੁਰਦੇਲੋਕ ਬਹੁਤ ਨਿਰਦਈਆਹੇ ਪੀਰ ਫਕੀਰ ਕਉ ਜਾਣਦੇਭੀ ਨਾਹੀਂ ਤਾਂ ਗੁਰੂਕੇ ਹੁਕਮ ਨਾਲ ਓਹ ਮਾਰੇਗਏ ਅਤੇਕੁਛਬੰਦੀਕੀਤਿਓਸ ਤਾਂ ਭਾਈ ਅਜਿੱਤਿਆ ਓਨਾਂਬੰਦੀਵਾਨਾਂਕਉ ਦੇਖਕਰ ਗੁਰੂਕਉ ਤਰਸ ਆਯਾ ਤਾਂ ਸ੍ਰੀਗੁਰੂ ਨੇ ਸ਼ਬਦ ਵਿੱਚ ਬਾਬਰ ਕਉ ਬੁਲਾਇਆ ਤਾਂ ਬਾਬਰ ਸ਼ਬਦ ਸੁਣ ਕਰ ਸ੍ਰੀ ਗੁਰੂ ਬਾਬੇ ਜੀ ਦੇ ਪਾਸ ਆਯਾ ਤਾਂ ਸ੍ਰੀ ਗੁਰੂ ਜੀਨੇ ਬਾਬਰ ਦੇ ਮਨ ਵਿੱਚ ਭਉ ਪਾਯਾ ਤਾਂ ਲਗਾਕਹਿਣ ਹੇਗਰੀਬਨਿਵਾਜ਼ ਜੀ ਮੇਰੇ ਉੱਪਰ ਮੇਹਰਬਾਨੀ ਕਰੋ ਤਾਂ ਬਚਨ ਹੋਯਾ ਕਿ ਤੇਰੇ ਉਪਰ ਬਹੁਤਖੁਸ਼ੀ ਹੋਈਹੈ ਪਰ ਏਹ ਬੰਦੀਆਂ ਪਠਾਣਾਂਦੀਆਂਛੱਡ ਦੇਹੁ ਤਾਂ ਕਹਿਣਲੱਗਾ ਜੀਬੰਦੀਵਾਨ ਮੈਂ ਤਾਂ ਛੱਡਦਾ ਹਾਂ ਜੇ ਮੇਰਾਰਾਜਚਿਰਤੀਕਰ ਰਹੇ ਤਾਂ ਭਾਈ ਅਜਿੱਤਿਆ ਭਗਤਚਿਰਤੀਕਰਰਾਜਕਰਦਾਹੈ ਪਰਭਾਈਅਜਿੱਤਿਆਪਿੱਛੋਂ ਮਹਿਲਾਂ ਨਾਲ ਬਾਬਰ ਦੀ ਉਲਾਦ ਅੜਦੀ ਰਹੇਗੀ ਜਿਤਨਾਂਚਿਰ ਏਨਾਂ ਦਾ ਅਮਲ ਰਹੇਗਾ ਅਤੇ ਭਾਈ ਤਿਸਥੋਂ ਪਿੱਛੇ ਗੁਰੂ ਜਿਸਨੋਂਚਾਹੇ ਤਿਸਨੋਂ ਬਖਸ਼ੇਗਾ ਜਾਂ ਗੁਰੂ ਦੀਦਰਾਵਲ ਖੇੜੇ ਨਿਵਾਸ ਕਰੇਗਾ ਤਾਂ ਬਾਬਰ ਦੀ ਉਲਾਦਸਿੱਖਹੋਵੇਗੀ ਅਤੇਵਿਚਵਿਚ ਅੜਦੇ ਹੀ ਰਹਿਗੇ

CC-0. Gurukul Kangri University Haridwar Collection. Digitized by S3 F

INTERNET // ABHINAV GAUR //

ਛਦ ਗੁਰੂ ਜੀ ਓਨਾਂ ਉਪਰ ਦਇਆਲ ਹੋਵੇਂਗੇ ਅਤੇ ਜੇਹੜੇ ਜੇਹੜੇ ਗੁਰੂ ਪਾਸੋਂ ਮੂੰਹ ਫੇਰਨਗੇ ਉਨ੍ਹਾਂ ਨੂੰ ਬਾਬਰਕੇ ਸਿੱਧੇ ਕਰਨਗੇ ਅਤੇ ਜੋ ਗੁਰੂ ਕੇ ਬਚਨਾਂ ਉੱਪਰ ਚਲਨ ਗੇ ਉਨ੍ਹਾਂ ਦੇ ਨੇੜੇ ਜਮ ਬੀ ਨਾ ਆਇ ਸਕੇਗਾ ਤਾਂ ਅਜੱਤੇ ਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜਦ ਨਾਵਾਂ ਗੁਰੂ ਹੋਵੇਗਾ ਤਿਸਤੋਂ ਅੱਗੇਹੀ ਹੋਵੇਗਾ ਕਿ ਪਿਛੋਂ ਹੋਵੇਗਾ ਤਾਂ ਬਚਨ ਹੋਯਾ ਸ਼ਲੋਕ ॥ ਦਸਵਾਂ ਜਾਮਾਂ ਪਹਿਰਕਰ ਵਰਤੇ ਧੰਧੂਕਾਰ॥ ਭਾਰੀ ਸਾਂਗ ਵਰਤਦਾ ਫਿਰਜਾਸੀ ਸੰਸਾਰ ॥ ਮੰਨੇ ਹੁਕਮ ਸੋ ਬਖਸ਼ੀਐ ਨਾਤਰ ਹੋਇ ਖੁਆਰ ॥ ਨਾਨਕ ਸਚਾ ਪਾਤਸ਼ਾਹ ਕਿਨੇ ਨ ਪਾਇਓ ਪਾਰ॥ ੪੩॥ ਤਿਸਕਾ ਪਰਮਾਰਥ ॥ ਭਾਈਅਜੱਤਿਆ ਗੁਰੂ ਜਦ ਦਸਵਾਂ ਜਾਮਾਂ ਹੋਵੇਗਾ ਤਾਂ ਜਗਤ ਵਿਖੇ ਰੌਲਾ ਬਹੁਤ ਹੋਇ ਜਾਵੇਗਾ ਤਾਂ ਭਾਈ ਅਜੱਤਿਆ ਗੁਰੂ ਅਜੇਹਾ ਵਿਹਾਰ ਬੰਨ੍ਹੇਗਾ ਜੋ ਸੁਣ ਸੁਣ ਖੋਟੇ ਆਦਮੀ ਬਹੁਤ ਭਜਨਗੇ ਅਤੇ ਆਪਣੇ ਸਿੱਖ ਸੰਸਾਰ ਵਿਚੋਂ ਚੁਣ ਕਢੇਗਾ ਜਜੋਂ ਰੇਤ ਵਿਚੋਂ ਸੋਨੇ ਦੇ ਕਿਣਕੇ ਚੁਣਕੇ ਕਢਲਈਦੇ ਹਨ ਜੈਸੇ ਦੁਧ ਵਿਚੋਂ ਘਿਉ ਨਕਾਲ ਲਈਦਾਹੈ ਤਜੋਂ ਆਪਣੇ ਸਿਖ ਸੰਤ ਸੰਸਾਰਵਿਚੋਂ ਨਜਾਰੇਕਰਲਵੇਗਾ ਅਤੇ ਬਚਨ ਅਜੇਹਾ ਕਰੜਾ ਰਖੇਗਾ ਜਿਸਨੋਂ ਸੁਣਕਰ ਪਾਂਛਰਾਂ ਲੋਕਾਂਸੇ ਟੂਟਜਾਵੇਂਗੇ ਅਤੇ ਜੋ ਉਸਕੇਬਚਨੋਂਪਰਤਕਜ਼ਾਰਹੇਗਾ ਤਿਸਕੋ ਆਪਨਾ ਸ਼ਬਦ ਦੇਵੇਗਾ ਅਤੇ ਜੋਨਾਵਾਂਮਹਲਾਂ ਥੀਂ ਸਿਖ ਪਿਛੇ ਰਹੇਗਾ ਤਿਸਕੋ ਭੁਲਾਵੇਗਾ ਅਤੇ ਕੋਈ ਵਿਰਲਾ ਹੀਰਹੇਗਾਜਿਸਕੇ ਅੰਦਰ ਗੁ ਦਾ ਸ਼ਬਦ ਵਸੇਗਾ ਅਤੇ ਬੀਜਮੰਡ੍ਰ ਕੇ ਵਾਸਤੇ ਜਿਨ੍ਹਾਂ ਹੁਕਮ ਮੰਨਜਾਹੋਵੇਗਾ ਸੋ ਅਰ-ਦਾਸ ਕਰਨਗੇ ਜੀ ਪਾਤਸ਼ਾਹ ਤੇਰੇ ਸਿਖ ਹਨ ਤੇਰਾਹੀਨਾਮ ਜਪਦੇ ਹਨ ਆਪਣੇ ਨਾਮਕੀ ਏਕ ਰਖਣੀ ਜਾਂ ਏਹ ਅਰਦਾਸ ਸਿਖ ਕਰਨਗੇ ਤਾਂ ਓਨਾਂ ਸਿਖਾਂ ਪਰ ਬਹੁਤਖੁਸ਼ੀਹੋਵੇ ਗਾ ਅਤੇ ਆਖੇਗਾ ਬੱਚਾ ਜੋਮੇਰੇਬਚਨਾਂ ਉਪਰ ਪੈਹਰਾ ਦੇਵੇਗਾ ਸੋਨਿਹਾਲ ਹੋਵੇਗਾਅਤੇਜੋ ਮੇਰਾ ਬਚਨ ਮੰਨੇਗਾ ਸੋ ਭੁਟਾ ਹੂਆ ਫੇਰ ਗੁਰੂ ਭਾਵੇ ਤਾਂ ਮਿਲੇਗਾ ਅਤੇ ਜੋ ਮੇਰਾ ਸਿਖਹੋਵੇਗਾਸੋ ਮੇਰਾ ਹੁਕਮ ਮੰਨੇਗਾ ਅਤੇ ਪੂਰਨ ਮੰਨੇ ਜਾਵੇਂਗੇ ਅਤੇਜੋ ਸਤਿਗੁਰੂਕਾ ਜਾਮਾਂਹੈ ਸੋਸੰਸਾਰ ਮੇਂ ਜਹਾਜ਼ ਹੈਸੁਭਉਜਲਹੈਜਜੋਂ ਸਮੁੰਦ੍ਰਕਾਪਾਣੀਖਾਰਾਹੈ ਭਜੋਂ ਸੰਸਾਰ ਪਾਪਾਂ ਦਾ ਕਾਰਣ ਹੈ ਅਤੇ ਜੋਗੁਰੂਕੇ ਜਹਾਜ਼ਪਰ ਚੜ੍ਹੇਗਾ ਸੋਭਉਜਲ ਸੇ ਪਾਰ ਲੰਘੇਗਾ ਅਤੇ ਜੋ ਏਮੁਖਹੋਵੇਗਾਸੋ ਜਹਾਜ਼ ਪਰ ਚੜ੍ਹਨਾਂ ਨ ਪਾਵੇਗਾ ਸੋ ਭਉਜਲ ਮਹਿ ਗੋਤੇ ਖਾਵੇਗਾ ਅਤੇ ਜੋਨੀ ਂਭਰਮੇਗਾ ਅਤੇ ਦਸਵਾਂ ਜਾਮਾਂ ਜੋ ਹੈ ਸੋ ਓਸ ਜਹਾਜ਼ ਪਰ ਕੋਈ ਨਾ ਚੜ੍ਹੇਗਾ ਤੇ ਨਾਂ ਚੜ੍ਹਨਾ ਪਾਵੇਗਾ ਅਤ ਦੀਵਾਨ ਜੋ ਹੈ ਸੋ ਪੁਰਜਾ ਹੋਇਲਰੇਗਾ ਪੁਰਜਾ ਕੀ ਹੈ ਜੋ ਇਕਮਣ ਚੀਜ਼ ਹੁੰਦੀਹੈ ਅਤੇ ਸੇਰ ਦ੍ਰਿਸ਼ਟੀ ਔਂਦੀਹੈ ਤਿਸਕੀ ਨਜਾਈਂ ਜਾਹਰ ਜਾਨੀਐਗਾਨਹੀਂਅਤੇਪੁਰਜੇਕੀ ਨਜਾਈਂ ਕੋਈ ਵਿਰਲਾ ਹੀ ਸਿਖ ਰਹੇਗਾ ਹੋਰ ਸਭ ਭੁੱਲ ਜਾਵੇਗੀ ਉਤ ਵਕਤ ਧੰਦੂਕਾਰ ਵਰਤ ਜਾਵੇਗਾ ਤੇ ਸੰਸਾਰਭੁੱਲਕਰ ਕੁਰਾਹ ਪੈ ਜਾਵੇਗਾ ਉਨਕਉ ਗੁਰੂ ਨਜ਼ਰੀ ਨਾਹੀਂ ਆਵੇਗਾ ਜਿਉਂ ਧੰਧ ਮੇਂ ਸੂਰਜ ਛਪ ਜਾਤਾ ਹੈ ਓਸ ਵਕਤ ਤੁਰਕ ਕਾ ਤੇਜ ਬਹੁਤ ਹੋਵੇਗਾ ਅਤੇ

CC-0. Gurukul Kangri University Haridwar Collection. Digitized by S3 Foundation USA

ਹਿਦੂਆਂਦਾ ਤੇਜ ਘਟ ਜਾਵੇਗਾ ਫੇਰ ਗੁਰੂ ਹਿੰਦੂ ਤੇ ਮੁਸਲਮਾਨਾਂਵਿਚੋਂ ਨਜਾਰਾ ਹੋਵੇਗਾ ਜੋ ਦਰਸ਼ਨ ਕਰੇਗਾ ਸੋ ਨਿਹਾਲ ਹੋਵੇਗਾ ਇਕ ਐਸੇ ਲੋਕ ਹੋਨਗੇ ਜੋ ਗੁਰੂ ਪਾਸੋਂ ਕਰਾਮਾਤਾਂ ਮਗਨਗੇ ਅਤੇ ਕਹਿਨਗੇ ਆਪ ਸਾਨੂੰ ਕੁਛ ਵੇਖਾਲੋ ਤਾਂ ਅਸੀਂ ਪ੍ਰਤੀਤ ਕਰਾਂਗੇ ਹੇ ਭਾਈ ਅਜੱਤਿਆ ਕਰਾਮਾਤ ਨਾਮ ਕਹਿਰਦਾ ਹੈ ਅਤੇ ਦੁਨੀਆਂਫ਼ਕੀਰਾਂ ਪਾਸੋਂ ਕਹਿਰਮੰਗਦੀ ਹੈ ਇੱਸੇ ਕਰਕੇ ਸੰਸਾਰ ਮੇਂ ਪਰਲੋ ਆਵੇਗੀ ਓਸ ਪਰਲੋ ਵਿਚ ਕਈ ਬਹਿਜਾਵੇਂਗੇ ਅਤੇ ਭਾਈ ਅਜੱਤਿਆ ਗੁਰੂ ਦੇ ਘਰ ਵਿਚ ਮਿਹਰ ਹੈ ਅਤੇ ਜਿਧਰ ਗੁਰੂ ਨਜਰ ਕਰਦਾ ਹੈ ਤਿਧਰਹੀ ਅੰਮ੍ਰਿਤ ਵਸਦਾ ਹੈ ਸਭ ਪੈਦਾਇਸ਼ ਗੁਰੂਕੀਹੈ ਗੁਰੂ ਆਪਣੇ ਉੱਪਰ ਭਾਰ ਲੈਂਦਾਹੈ ਅਤੇ ਸ੍ਰਿਸ਼ਟ ਕਾ ਭਲਾ ਕਰਦਾਹੈ ਅਤੇ ਇਕ ਤਪ ਜੁਹਦ ਕਰਕੇ ਇਕ ਰੱਤੀ ਦਰਗਾਹੋਂ ਲੈਂਦੇ ਹੈਨ ਜੇ ਉਸ ਰੱਤੀ ਕੋ ਵਰਤਾਉਨ ਤਾਂ ਉਨਪਿੱਛੇ ਕਈ ਲੰਘ ਜਾਵੇਂ ਪਰ ਉਨ ਕਉ ਉਸ ਰੱਤੀ ਦਾ ਪਾਰ ਨਹੀਂ ਆਉਂਦਾ ਅਤੇ ਓਹ ਦੁਨੀਆਂਕੇ ਲੋਭ ਕਰ ਆਪਨਾ ਆਪ ਜ਼ਾਹਰ ਕਰਦੇ ਹੈਨ ਤਿਸਕਰਕੇ ਉਨ੍ਹਾਂਦੀ ਅਗਲੀ ਪਿਛਲੀ ਕਮਾਈਸਭ ਜਾਂਦੀਹੈ ਓਹ ਆਪਣੀ ਘਾਲ ਇਸ ਥਾਈਂ ਖਾਇ ਜਾਂਦੇ ਹੈਨ ਅੱਗੇ ਦਰਗਾਹ ਸੇ ਬੇਮੁਖ ਹੋ ਜਾਂਦੇ ਹੈਨ ਅਤੇ ਦਸਵੇਂ ਗੁਰੂ ਕਾ ਇਹ ਚਾਲਾ ਹੋਵੇਗਾ ਜੋ ਨਉ ਮਣ ਵਸਤ ਹੋਵੇਗੀ ਤਾਂ ਇਸ ਸੰਸਾਰਵਿੱਚ ਪਾਇਕ ਜ਼ਾਹਿਰ ਹੋਵੇਗੀ ਸੋ ਭੀ ਏਹੋ ਜੇਹੀ ਭੀੜ ਪਉਸੀ ਤਾਂ ਗੁਰੂ ਦੇ ਘਰ ਵਿੱਚ ਦੋਵੇਂਗੱਲਾਂ ਹੈਨ ਇਕ ਮਿਹਰ ਤੇ ਇਕ ਕਹਿਰ ਹੈ ਮੇਹਰ ਤਾਂ ਸ਼ਬਦ ਹੈ ਅਤੇ ਕਹਿਰ ਗਰਬ ਹੈ ਜੇਹੀਕੋਈ ਭਾਵਨਾ ਕਰੇਗਾ ਤੇਹਾ ਫਲ ਪ੍ਰਾਪਤ ਹੋਵੇਗਾ ਅਤੇ ਬੱਚਾ ਐਸਾ ਸਮਾ ਆਵੇਗਾ ਕਿ ਸ਼ਬਦਕੇ ਖੋਜਣੇ ਵਾਲਾ ਕੋਟਾਂ ਬੱਧੀ ਕੋਈਕੋਈ ਹੋਵੇਗਾ ਨਹੀਂ ਤਾਂਪਸ਼ੂਕੀਨਜਾਈਂ ਹੋਇਜਾਵੇਂਗੇ ਪਰ ਭਾਈ ਜਿਨਕਉਗਰੂਕਾ ਨਾਮਯਾਦਰਹੇਗਾ ਤਿਨਕੋਹਰਵਕਤ ਮੁਕਤਕਰੇਗਾ ਅਤੇ ਜੋ ਕੋਈ ਓਸਧੁੰਧੂਕਾਰਵਿਚੋਂ ਦੂਰਹੇਗਾਸੋਈਬਚੇਗਾਨਾਤਰਜਿੱਥੋਂ ਕੱਢੇਹੈਂਤਿਥਾਈਂਪਾਏਜਾਨਗੇਤਾਂ ਫੇਰ ਅਜੱਤੇ ਰੰਧਾਵੇ ਅਰਦਾਸਕੀਤੀ ਕਿ ਹੇਸਚੇਪਾਤਸ਼ਾਹਜੀ ਆਪਨੇ ਬਚਨਕੀਤਾ ਹੈ ਕਿ ਦਸਵੇਂ ਗੁਰੂਜੀਕੇ ਵਕਤ ਓਹ ਜੋ ਛਿੰਨਵੇਂ ਕਰੋੜੀ ਨਰਕਸੇਨਿਕਾਲੇਹੈਨ ਫੇਰਉਥਾਈਂਹੀ ਪਾਏਜਾਵੇਂਗੇ ਅਤੇ ਹੇ ਦੀਨਦਇਆਲ ਜੀ ਆਪਕਾਹੀ ਬਚਨਹੈ ਕਿਜੋਮੇਰਾਮੰਤ੍ਰਪੜ੍ਹਨਗੇ ਸੋ ਆਵਾ ਗਉਨ ਤੇ ਮੁਕਤ ਕੋ ਪ੍ਰਾਪਤ ਹੋਵਨਗੇ ਹੇ ਮਹਾਰਾਜਜੀਏਹ ਗੱਲ ਕੀਕਰਹੈ ਜੀ ਮੇਹਰਬਾਨੀ ਕਰਕੇ ਮੇਰਾ ਸੰਸਾ ਨਿਵਰਤ ਕਰਹੁ ਜੀ ਤਾਂ ਬਚਨ ਹੋਯਾ ॥ ਸ਼ਲੋਕ ॥ ਸਾਧੂ ਬਚਨ ਨ ਮਿਟਈ ਜੇ ਸਉ ਜਤਨਕਮਾਇ॥ ਸੂਲੀ ਕਾ ਕੰਡਾ ਕਰੇ ਸਤਿਗੁਰ ਲਏ ਛੁਡਾਇ॥ ਸਉ ਪਾਪੀਕਾ ਫੇੜਿਆ ਇਕ ਨਿੰਦਕ ਕੇ ਸਿਰ ਭਾਰ ॥ ਨਾਨਕ ਲੇਖ ਨ ਮਿਟਈ ਜੋ ਲਿਖਿਆ ਕਰਤਾਰ ॥ ੪੪ ॥ ਤਿਸਕਾ ਪਰਮਾਰਥ ॥ ਭਾਈ ਅਜੱਤਿਆ ਜੋਗੁਰੂ ਬਚਨਕੀਤਾ ਹੈ ਸੋ ਸਭ ਸੱਚ ਹੈ ਕਿਉਂ ਜੋ ਜੈਸੇ ਕੋਈ ਦਿਨ ਕਾ ਭੁੱਲਾ ਹੋਯਾ ਜੇਕਰ ਰਾਤ ਘਰਆਇ ਵੜੇ ਤਾਂ ਤਿਸਨੋਂ ਦੋਸ਼ ਕੋਈ ਨਹੀਂ ਲਗਾਯਾ ਜਾਤਾ ਤਿਸਨੋਂ ਵੜਨੇ ਦੇਵੇ

CC-0. Gurukul Kangri University Haridwar Collection. Digitized by S3 Foundation USA

ਅਤੇਜੋਕੋਈਮੇਰਾ ਸਿੱਖ ਹੋਵੇਗਾ ਸੋ ਤੁੱਟੇ ਮੇਲ ਲਏਗਾ ਅਤੇ ਜੇ ਨਾ ਮੇਲੇ ਤਾਂ ਸੰਸਾਰ ਮੇਂ ਨਿੰਦਜਾ ਹੋਵੇਗੀ ਅਤੇ ਜੋ ਕੋਈ ਗੁਰਾਂ ਦੇ ਬਚਨਾਂਉਪਰ ਚਲਨਗੇ ਤਿਨਾਂ ਦੇ ਬਾਬ ਨਿਗੁਰੇ ਬੁਰੀ ਕਰਨਗੇ ਅਤੇਜੋ ਕੋਈ ਨਿੰਦਕ ਗੁਰੂਕੀ ਸੰਗਤ ਕੀ ਨਿੰਦਿਆ ਕਰੇਗਾ ਸੋ ਨਰਕ ਗਾਮੀ ਹੋਵੇਗਾ ਜੇ ਸੌਪਾਪ ਇਕ ਸਿਖਨੇ ਕੀਤਾ ਹੋਵੇਗਾ ਅਤੇ ਦੂਸਰਾ ਸਿਖ ਉਸਦੀਨਿੰਦਜਾ ਕਰੇ ਤਾਂ ਉਸਦੀ ਸਬ ਬਲਾਇ ਉਸਦੇ ਸਿਰ ਪਵੇਗੀ ਅਤੇ ਉਸ ਸਿਖ ਕਉ ਕੁੰਭੀ ਨਰਕ ਪਾਵਨਗੇ ਅਤੇ ਜੋ ਗੁਰੂਕੇ ਬਚਨਾਂ ਉਪਰ ਚਲੇਗਾ ਉਸਨੂੰ ਸੂਲੀ ਦਾ ਕੰਡਾ ਹੋ ਜਾਵੇਗਾ ਅਤੇ ਜੋ ਕੋਈ ਸਿਖ ਹੋਕੇ ਬਿਸਿਦਕ ਹੋਵੇਗਾ ਤਾਂ ਓਹਭੀ ਨਰਕਗਾਮੀ ਹੋਵੇਗਾ ਅਤੇ ਜੋ ਕੋਈ ਸਿਖ ਭੁਲਾ ਹੋਯਾ ਫੇਰ ਸ਼ਰਨੀ ਪਵੇ ਤਾਂ ਫੇਰ ਉਸਨੂੰ ਗੁਰੂ ਬਖਸ਼ੇਗਾ ਪਰ ਨਿੰਦਿਆ ਸ਼ਿਖ ਦੀ ਸਿੱਖ ਨੂੰ ਕਰਨੀ ਬਹੁਤ ਬੁਰੀ ਬਾਤ ਹੈ ਏਹ ਸਾਧ ਬਚਨ ਫਿਰਤੇ ਨਹੀਂਤਾਂਫੇਰ ਅਜਿੱਤੇਰੰਧਾਵੇ ਅਰਦਾਸ ਕੀਤੀ ਜੀ ਸਚੇ ਪਾਤਸ਼ਾਹ ਜੀ ਏਹਨਾਂ ਜੀਆਂ ਦੇ ਕੀ ਵੱਸ ਹੈ ਜਿਉਂ ਜਿਉਂ ਤੇਰਾਭਾਣਾ ਹੈ ਤਿਵੇਂਤਿਵੇਂ ਹੋਵੇਗਾ ਤਾਂ ਫੇਰ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੀ ਫਿਰ ਸਿਖ ਕਿਸਦੀ ਪੈਰੀਂ ਪਉਣਗੇ ਤੇ ਕਿਉਂ ਕਰ ਵਰਤਾਰਾ ਵਰਤੇਗਾ ਤਾਂ ਬਚਨ ਹੋਯਾ ਭਾਈ ਅਜਿੱਤਿਆ ਜਿਥੇ ਸ਼ਬਦਮਿਹਰਵਾਨ ਹੋਂਦਾ ਹੈ ਤਿਥੇ ਹੀ ਬਖਸ਼ੇਗਾ ਕਿਆ ਘਰ ਕਿਆ ਬਾਹਰ ਏਹ ਆਦਿ ਜੁਗਾਦੀ ਗੁਰੂ ਕੇ ਹੁਕਮ ਵਿਚ ਹੈ ਤੇ ਬੱਚਾ ਅਜਿੱਤਿਆ ਤੈਂ ਜੋ ਪੁਛਿਆ ਹੈ ਕਿ ਕਿਉਂਕਰ ਵਰਤਾਰਾਵਰਤੇਗਾ ਸੋ ਭਾਈ ਜਬ ਦਸਵਾਂ ਜਾਮਾਂ ਹੋਵੇਗਾ ਤਿਸਤੇ ਪਿਛੇ ਆਪੋ ਆਪਣੀ ਹੋਇ ਕਰ ਵਰਤੇਗੀ ਅਤੇ ਕੋਈ ਕਿਸੇ ਕਉ ਬਦੇਗਾ ਨਾਹੀਂ ਤੇ ਸਿਖੀ ਐਸੀ ਚਲੇਗੀ ਜੋ ਮਨ ਭਾਂਵਦੀ ਕਰਨਗੇ ਅਤੇ ਕਿਤਨੇ ਹੀ ਪੰਥ ਗੁਰੂ ਕੇ ਘਰ ਵਿਚੋਂ ਨਿਕਲਣਗੇ ਐਸੀ ਕਲਾ ਵਰਤੇਗੀ ਕਿ ਜੈਸੇ ਇਕ ਬਾਪ ਦੇ ਬੇਟੇ ਹੋਵਨਗੇ ਕੋਈ ਕਿਸੇ ਨਾਲ ਵਰਤੇਗਾ ਕੋਈ ਕਿਸੇ ਨਾਲ ਵਰਤੇਗਾ

॥ ਸ਼ਲੋਕ ॥

ਗੁਰ ਚੇਲੇ ਰਹਿਰਾਸ ਹੈ ਅੰਤਰ ਵੇਖੋ ਟੋਹਿ।
ਸੁਆਂਗੀ ਹਰਿ ਪ੍ਰਭ ਹੋਇਆ ਨਹੀਂ ਮਿਲਾਵਾ ਤੋਹਿ ॥੪੬॥

ਤਿਸਕਾ ਪਰਮਾਰਥ ॥ ਭਾਈ ਅਜਿੱਤਿਆ ਦਸਵਾਂ ਜਾਮਾਂ ਜਦ ਗੁਰੂ ਹੋਵੇਗਾ ਨਿਰਲੰਭ ਸਭ ਤੇ ਨਿਰਲੇਪ ਸਭ ਦੁਨੀਆਂ ਤੇ ਨਿਆਰਾ ਰਹੇਗਾ ਅਤੇ ਆਪਕੋ ਜਣਾਵੇਗਾ ਨਹੀਂ ਔਰ ਨਿਰਮੋਹ ਹੋਵੇਗਾ ਅਤੇ ਆਸਰਾ ਜ ਲਏਗਾ ਸੋ ਇਕ ਅਕਾਲ ਪੁਰਖ ਜੀ ਕਾ ਲਏਗਾ ਤੇ ਤਿਸ ਕੋ ਕੋਈ ਲਖ ਨਾ ਸਕੇਗਾ ਸੂਲੀ ਸ਼ਬਦ ਉਚਰੇਗਾ ਔਰ ਸ਼ਬਦ ਕਮਾਏਗਾ ਔਰ ਜੋ ਸਿਖ ਹੋਵਨਗੇ ਤਿਨ ਕੋ ਵੀ ਸ਼ਬਦ ਹੀ ਦੱਸੇਗਾ ਅਰ ਤਿਸਕੇ ਆਸਰੇ ਮਾਰਗ ਚਲੇਗਾ ਇਸ ਕਰਕੇ ਜਗਤ ਵਿਚ ਜੈਕਾਰ ਹੋਵੇਗਾ ਅਤੇ ਉਸਤਤ ਹੋਵੇਗੀ ਅਰ ਜਹਾਂ ਤਕ ਕੋਈ ਸਿਖ ਭੀਨਾ ਤੁੱਟਾ ਹੋਵੇਗਾ ਸੋ ਸਭ ਉਸਕੀ

CC-0. Gurukul Kangri University Haridwar Collection. Digitized by S3 Foundation USA

ਪੈਰੀਂ ਆਨ ਪੈਨਗੇ ਸੋ ਨਵੇਂਸਿਰੇ ਤੇ ਸਿੱਖਹੋਵਨਗੇ ਅਤੇ ਉਨਾਂਕੋ ਬਖਸ਼ਕਰ ਗੁਰੂ ਬੋਹਿਥਾ ਹੋਵੇਗਾ ਅਤੇ ਜੋ ਿੱਖ ਹੋਵੇਗਾ ਸੋਉਸਜਹਾਜ਼ਉਪਰਚੜ੍ਹਕੇਪਾਰਹੋਵੇਗਾਭਾਈ ਅਜਿੱਤਿਆ ਕੋਈ ਸਤਿਗੁਰੂ ਕੋ ਮਿਲੇਗਾ ਸੋ ਸਭ ਗੱਲਾਂ ਗੁਰੂ ਦੀਆਂ ਕ ੂਲ ਕਰੇਗਾ ਤਾਂ ਸਤਿਗੁਰਾਂ ਦੇ ਸ਼ਬਦਨਾਲਭਿੱਜੇਗਾ ਅਤੇ ਜਿਨ੍ਹਾਂਪਾਸੋਂ ਰਹਿਤਾਂਤੇਓਹ ਕਰਮਨਾਹੋਵਣਗੇ ਅਤੇ ਸੰਸਾਰਦੀ ਲਾਜ ਵਿਚ ਮਰਨਗੇ ਤਾਂ ਭਾਈ ਉਨਾਂਕੋ ਗੁਰੂ ਕਦੀ ਨਾ ਮਿਲੇਗਾ ਪਰ ਜੋ ਸ੍ਰੀਗੁਰੂਜੀਦੇ ਬਚਨਾਂਤੋਂਬੇਮੁਖ ਹੋਵਣਗੇ ਸੋ ਗੁਰੂ ਨਾ ਮੂੰਹਲਾਵੇਗਾ ਅਤੇ ਗੁਰੂਜੀਕੇ ਏਹਵਚਨ ਹੈਨ ਜੋਰ ਜੁਲਮ ਚੋਰੀ ਯਾਰੀ ਪਰਨਿੰਦਿਆ ਜੋ ਮੇਰਾ ਸਿੱਖਹੋਵੇਗਾ ਸੋਏਹ ਬਾਤਾਂ ਨਾਕਰੇ ਤੇਜੋਗੁਰੂ ਜੀਦੇਬਚਨਾਂਪੁਰਨਾਚਲਨਗੇ ਅਰਓਹੀ ਕਰਮ ਕਰਨਗੇ ਤਿਸਕਰਕੇ ਫਿਰ ਨਰਕਗਾਮੀ ਹੋਵਨਗੇ ਤੇ ਗੁਰੂ ਕੇ ਸ਼ਬਦ ਦਾ ਰੰਗ ਨਾ ਚੜ੍ਹੇਗਾ ਓਹ ਕੋਰੇਹੀ ਰਹਿਨਗੇ ਸੋ ਕਲੀਕਾਲ ਵਿੱਚ ਡੁਬਣਗੇ ਭਾਈ ਅਜਿੱਤਿਆ ਏਹ ਜਾਮਾਂ ਵੀ ਕਰਡਾਰਾਹ ਦੱਸੇਗਾ ਤਾਂ ਫੇਰਅਜਿੱਤੇ ਰੰਧਾਵੇ ਅਰਦਾਸਕੀਤੀ ਹੇਸੱਚੇਪਾਤਸ਼ਾਹ ਪਿਛਲਾਕਮਾਇਆ ਏਵੇਂ ਹੀ ਬਰਬਾਦਜਾਇਗਾ ਜੋਤੇਰਾਨਾਮ ਜਪਦੇਰਹੇ ਸਾਨ ਓਹਭੀ ਕੁਛ ਹੱਥਲਗੇਗਾ ਕਿਨਾਹੀਂ॥ਤਾਂਬਚਨਹੋਯਾ ਬਚਾ ਸ਼ਬਦ ਜੋਗੁਰੂਕਹਿਆਹੈ ਸੋ ਉਸ ਵਿਚਵੀਚੋਰੀ ਯਾਰੀ ਪਰਨਿੰਦਿਆ ਜੋਹੈ ਸੋਸਭ ਮਨਹਿ ਕੀਤੇ ਹੈਨ ਜੋਐਸੇ ਸਿਖ ਹੋਵਨਗੇ ਪੜ੍ਹਨਗੇ ਗਾਵਨਗੇ ਤੇ ਕਮਾਇ ਨ ਸਕਨਗੇਅਤੇਦਸਵੇਂ ਗੁਰੂ ਨੂੰ ਮਨ ਵਿਚ ਯਾਦ ਕਰਨਗੇ ਤੇ ਆਖਣਗੇ ਗੁਰੂ ਏਵੇਂ ਹੀ ਆਖਦਾ ਹੈ ਅਤੇ ਸਿਖ ਆਪਸ ਵਿਚ ਆਖਨਗੇ ਸਿਖ ਕੋਈ ਨਹੀਂ ਰਿਹਾ ਭਾਈ ਕਲੀਕਾਲ ਵਿਚ ਦਸਵਾਂ ਗੁਰੂ ਭਾਰੀ ਅਵਤਾਰ ਹੋਵੇਗਾ ਅਤੇ ਮੁਖਵਾਕ ਕਰਕੇ ਸਭਸੇ ਕਉ ਭੁਲਾਇ ਦੇਵੇਗਾ ਅਤੇ ਗੁਰੂ ਨਾਲੋਂ ਭੱਜਨਗੇ ਜਾਂ ਨਿੰਦਿਆ ਕਰਨਗੇ ਸੋ ਨਿੰਦਿਆ ਮਨਹਿ ਹੈ ਫੇਰ ਓਨਾਂ ਲੋਕਾਂ ਕੋ ਚਉਰਾਸੀ ਵਿੱਚ ਘੱਤੀ ੈਗਾ ॥

ਸ਼ਲੋਕ

ਮਾਸ ਕੀੜਾ ਲਗਾ ਬੁਰਿਆਰ॥ ਭਉਕੇ ਫਕੜ ਹੋਇ ਖੁਆਰ ॥
ਸਭ ਕਲ ਡੁਬੇ ਨਿੰਦ ਗੁਬਾਰ ॥ ਨਾਨਕ ਦਸਵਾਂ ਰੂਪ ਅਪਾਰ ॥੪੭॥

ਤਿਸਕਾ ਪ ਤਮਾਰਥ ॥ ਅਜਿੱਤਿਆ ਮਾਸ ਜੋ ਹੈ ਸੋ ਮਾਯਾ ਅਤੇ ਕੀੜਾ ਸੰਸਾਰਹੈ ਸੋ ਸੰਮਾਰ ਐਸਾ ਬੁਰਾ ਹੋਇਕਰ ਲਗੇਗਾ ਮਾਯਾ ਕੋ ਜੈਸੇ ਮਾਸਕਉ ਕੀੜਾ ਲਗਤਾ ਹੈ ਤਿਉਂ ਕਲੂ ਕੇ ਲੋਕ ਮਾਯਾ ਕਉ ਲੱਗਨਗੇ ਪਰਮੇਸ਼ਰ ਕੇ ਜਪ ਤਪ ਤੇ ਭੁੱਲ ਜਾਵਨਗੇ ਭਾਈ ਅਜਿੱਤਿਆ ਸ਼ਬਦ ਪੜ੍ਹਨਗੇ ਅਤੇ ਕਮਾਇ ਨਾ ਸਕਨਗੇ ਤਾਂ ਸ਼ਬਦ ਉਲਟ ਕੇ ਮਸਾਣ ਜਿਉਂ ਸੰਸਾਰ ਕੋ ਜਲਾਇ ਮਾਰੇਗਾ ਗ੍ਰਸ ਲਏਗਾ ਏਹ ਕਲਜੁਗ ਕੇ ਲੋਕ ਅਵੇਹੇ ਨਿੰਦਿਆ ਕਰਨਗੇ ਆਪੋਆਪਨੇ ਮਤ ਚਲਾਉਨਗੇ ਤਿਤਸਮੇਗੁਰੂਨਜਰੀਨਾ ਆਵੇਗਾਪਾਪ ਬਹੁਤਹੋਵੇਗਾ ਇਸ ਰਉਂਸ ਕਲਜੁਗ ਸੰਸਾਰਕਉ ਡੋਬੇਗਾਜਿਉਂਦੁਰਾਚਾਰ

CC-0. Gurukul Kangri University Haridwar Collection. Digitized by S3

OUTH INTERNET ABHINAV GAUR

ਇਸਤ੍ਰੀ ਹੋਤੀ ਹੈ ਖ਼ਸਮ ਉਸਕਉ ਤਿਆਗ ਦੇਤਾਹੈ ਔਰ ਦਰ ਦਰ ਖੁਆਰ ਹੋਤੀ ਫਿਰਤੀ ਹੈ ਡੌਂਕਤੀਹੈ ਅਤੇ ਆਪ ਕੌ ਹੰਸਾਵਤੀ ਹੈ ਉਸ ਇਸਤ੍ਰੀ ਕੀ ਨਿਆਈਂ ਕਲ ਕੇ ਲੋਕਾਂ ਕੋ ਗੁਰੂ ਤਿਆਗ ਦੇਵੇਗਾ ਤਾਂ ਏਹਭੀ ਦਰ ਦਰ ਖ਼ੁਆਰ ਹੋਵਨਗੇ ਪਰ ਬੀਜ ਮਾਤ੍ਰ ਕੋਈ ਕੋਟੌਂ ਮੱਧੇ ਸਿੱਖ ਰਹਿ ਜਾਵੇਗਾ ਸੋ ਆਖਨਗੇ ਜੋ ਸਤਿਗੁਰੂਹੈ ਅਤੇਭਾਣੇਕਾਖ਼ਾਵੰਦਹੈ ਆਪਣੇਚੋਜ ਕੀਤੇ ਹੈਸੁ ਓਹ ਕਿਸੇ ਕੀ ਨਿੰਦਾ ਨਾਕਰਨਗੇ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇਸਚੇ ਪਾਤਸ਼ਾਹ ਜੋ ਸਿੱਖ ਤੇਰੇਪਾਸੋਂ ਤੁਟਨਗੇ ਓਹ ਫੇਰ ਬੀ ਕਿਤੇਬਖ਼ਸ਼ੇਜਾਨਗੇ ਕਿ ਨਾਹੀਂਬਖ਼ਸ਼ੇ ਜਾਨਗੇ ਤਾਂ ਬਚਨ ਹੋਯਾ॥ ਭਾਈ ਅਜਿੱਤਿਆ ਓਹ ਫੇਰ ਗੁਰੂ ਨੂੰ ਨਵੇਂ ਸਿਰੇ ਮਿਲਨਗੇ ਤੇ ਬਖ਼ਸ਼ਾਵਨਗੇ ਤਾਂ ਗੁਰੂ ਨਵੇਂ ਸਿਰੇ ਤੇ ਸ਼ਬਦ ਦੱ ਗਾ ਤਾਂ ਫੇਰ ਸਿਦਕ ਰੱਖਨਗੇ ਤਾਂ ਬਖ਼ਸ਼ੇ ਜਾਨਗੇ॥ ਸ਼ਲੋਕ॥ ਜੁਗਾ ਜੁਗੰਤਰ ਸਤਿਗੁਰੂ ਦੂਸਰ ਹੂਆ ਨ ਹੋਗ॥ ਚਉਰਾਸੀ ਜਾਮੇਂ ਪਹਿਰ ਕੇ ਪਾਛੇ ਹੋਯਾ ਅਲੋਪ॥ ਚੌਹੱਤਰਜਾਮੇਂ ਭਗਤਜਨ ਦਸਹੈਸਤਿਗੁਰੂ ਰਾਇ॥ ਗੁਰਮੁਖ ਹੋਇ ਸੋ ਮਿਲਰਹੇ ਮਨ ਮੁਖ ਮਿਲਹਿ ਸਜਾਹਿ॥ ਭਰ ਬੇੜੇ ਲੈ ਜਾਹਿੰਗੇ ਸੰਤਜਨਾਂ ਕੇ ਪੂਰ॥ ਬੇਮੁਖ ਤੁਟੇ ਤੁਟ ਮੂਏ ਮਨਮੁਖ ਨ ਭਏ ਕਬੂਲ॥ ਗੁਰ ਮੁਖ ਜਿਨੀ ਜਾਣਿਆ ਮਿਟਗਏ ਆਵਣ ਜਾਣ॥ ਨਾਨਕ ਜਾਤਾ ਖਸਮਜਿਨ ਆਏ ਤੇਪਰਵਾਣ॥੪੮॥ ਤਿਸਕਾ ਪਰਮਾਰਥ॥ ਜੁਗਾਜੁਗੰਤਰ ਗੁਰੂਅਟੱਲਹੈ ਦੂਸਰਾ ਹੋਰ ਨਾਕੋਈ ਹੋਯਾ ਹੈ ਨਾ ਹੋਵੇਗਾ ਅਤੇ ਗੁਰੂ ਚੌਰਾਸੀ ਜਾਮੇਂ ਪਹਿਰੇਂਗੇ ਜਿਸਵਿਚ ਚੌਹਤ੍ਰਜਾਮੇਂ ਭਗਤ ਹੋਵਨਗੇ ਅਤੇ ਦਸ ਜਾਮੇਂ ਗੁਰੂ ਹੋਵਨਗੇ ਅਤੇ ਜੋ ਕੋਈ ਗੁਰੂ ਕਉ ਮਿਲਕਰ ਲੜ ਪਕੜੇਗਾ ਸੋਈਉਧਰੇਗਾ ਅਤੇਜੋ ਗੁਰੂ ਕੇ ਸ਼ਬਦ ਪਰ ਪਰਤੀਤ ਰਾਖੇਗਾ ਸੋਬਿਨਾਕਮਾਈ ਤਰ ਜਾਵੇਗਾ ਨਾਲੇ ਕੁਟੰਬ ਵੀ ਉਧਾਰ ਜਾਵੇਗਾ ਤਾਂ ਜੋ ਬੇਮੁਖਹੋਵੇਗਾ ਸੋਤੁਟੇਗਾ ਤੇਸਜ਼ਾਇ ਵੀ ਪਾਵੇਗਾ ਔਰ ਪਰਲੋਕ ਭੀ ਜਾਂਦਾ ਰਹੇਗਾ ਫੇਰ ਮੁੜ ਭੰਨ ਘੜੀਅਨਗੇ ਜੋ ਖ਼ਸਮ ਕਉ ਪਛਾਨਣਗੇ ਸੋ ਅਵਾਗਉਣ ਤੇ ਰਹਿ ਜਾਵਣਗੇ ਬੱਚਾਅਜਿੱਤਿਆ ਜੋਗੁਰੂਕੇਲੜ ਲੱਗੇਗਾ ਸੋ ਮੁਕਤ ਹੋਵੇਗਾ ਤਾਂ ਅਜਿੱਤੇ ਰੰਧਾਵੇਅਰਦਾਸਕੀਤੀ ਹੇਸਤਗੁਰਜੀ ਤੇਰਾ ਬਚਨ ਹੋਯਾਹੈ ਜੋ ਇਸ ਮਹਿਲਕਾ ਦਰਸ਼ਨ ਕਰੇਗਾ ਸੋਮੁਕਤਪਾਵੇਗਾ ਅਤੇ ਜੋ ਸੰਸਾਰਪਿਛੇਰਹੇਗਾ ਤਿਨ੍ਹਾਂ ਕੀ ਕਿਉਂਕਰ ਹੋਵੇਗੀ ਤਾਂ ਬਚਨ ਹੋਯਾ ਭਾਈ ਸੁਣ॥ ਸ਼ਲੋਕ॥ ਧੁੰਧੂਕਾਰ ਜੋ ਵਰਤਸੀ ਨਾ ਹਿੰਦੂ ਨਾ ਮੁਸਲ਼ਮਾਨ॥ ਰਾਮਰਹੀਮ ਨ ਜਾਣਸੀ ਨਾ ਕੋ ਕਹੇ ਕੰਲਾਮ॥ ਨਾਗਾਇੜੀਨਾ ਭਰਪਣੇ ਨਾ ਫਾਇਤਾ ਨਾ ਦਰੂਦ॥ਨਾ ਤੀਰਥ ਨਾ ਦੇਹੁਰਾ ਨਾ ਦੇਵੀਕੀਪੂਜ॥ ਗੁਰਮੁਖਿਕੋਇ ਨ ਜਾਨਸੀ ਨਾ ਕੋ ਲਏ ਉਪਦੇਸ਼॥ ਇਕੋ ਵਰਤਣ ਵਰਤੀਐ ਨਾਕੋ ਕਰੇ ਅਦੇਸ॥ ਬੇਦ ਕਤੇਬ ਨ ਜਾਣਸਨ ਨਾ ਦਵਾਰਾ ਮਸੀਤ॥ ਰੋਜ਼ਾ ਬਾਂਗ ਨ ਵਰਤ ਨੇਮ ਨ ਕੋ ਕੱਢੇਹਦੀਸ॥ ਕੋਈ ਨ ਕਿਸਕੀ ਜਾਣਸੀ ਨਾਕੋ ਕਰੇ ਸਲਾਮ॥ਨਾਨਕ ਸ਼ਬਦ ਵਰੱਤਦਾ ਜਿਸ ਕੋਟੀ ਮੱਧੀ ਜਾਣ॥੪੯॥ ਤਿਸਦਾ ਪਰਮਾਰਥ॥ ਭਾਈ ਅਜਿੱਤਿਆ ਜਦੋਂ ਗੁਰੂ ਏਸ ਧਰਤੀ ਉਪੱਰੋਂ

CC-0. Gurukul Kangri University Haridwar Collection. Digitized by S3 Foundation USA

ਅਦਿਸ਼ਟਰ ਹੋਜਾਵਣਗੇ ਤਾਂ ਪਿੱਛੇ ਸੰਸਾਰ ਵਿਚ ਐਸੀ ਵਰਤਜਾਵੇਗੀ ਜੋ ਕੋਈ ਕਿਸੇ ਨੂੰ ਜਾਣੇਗਾ ਨਾਹੀਂ ਅਤੇ ਧੁੰਧੂਕਾਰ ਵਰਤ ਜਾਸੀ ਅਵੇਹੇ ਮਨਮੁਖ ਹੋਨਗੇ ਜੋ ਕੋਈ ਨਾ ਹਿੰਦੂਰਹੈਗਾ ਨ ਮੁਸਲਮਾਨ ਰਹੇਗਾ ਨਾ ਰਾਮ ਕਉ ਮੰਨਣਗੇ ਨ ਰਹੀਮਕੋ ਮੰਨਣਗੇ ਨਾ ਗਾਇਤ੍ਰੀਤਰਪਣ ਇਸ਼ਨਾਨ ਨ ਧਰਮ ਨ ਨੇਮ ਤੀਰਥ ਨ ਪੂਜਾ ਨ ਦੇਵੀ ਨਾ ਦੇਹੁਰਾ ਨ ਧਰਮਸਾਲਾ ਨ ਮਸੀਤ ਨਾ ਬਾਂਗ ਨ ਨਿਮਾਜ਼ ਨਾ ਫਾਇਤਾ ਨ ਦੁਆਇ ਨਾ ਸਲਾਮ ਨਾਕੋ ਕਿਸੇ ਧਿਆਇ-ਸੀ ਨਾ ਦੇਵੀ ਕੀ ਪੂਜਾ ਸੰਸਾਰ ਕਰੇਗਾ ਸਭ ਇਕ ਵਰਨ ਹੋਇ ਜਾਵਨਗੇ ਅਤੇ ਸ਼ਬਦ ਗੁਰੂ ਕਾ ਕਿਥਾਉਂ ਵਿਰਲਾ ਹੀ ਹੋਵੇਗਾ ਤਿਸ ਸਮੈਂ ਜੋ ਕੋਈ ਕਿਤੇ ਜਾਇ ਪਰਮੇਸ਼ਰ ਕਾ ਨਾਮ ਲਏਗਾ ਤਿਸਕੋ ਮਾਰਨਗੇ ਐਸਾਵਰਤਾਰਾ ਵਰਤ ਜਾਵੇਗਾ ਦੁਹਾਂਧਿਰਾਂਦਾਨਾਸ ਹੋਇ ਜਾਵੇਗਾ ਤਾਂ ਉਸ ਸਮੇਂ ਇਕ ਭਗਤ ਪੈਦਾ ਹੋਇ ਜਾਵੇਗਾ ਸੋ ਨੀਲ ਬਸਤਰ ਪਹਿਰੇਗਾ ਅਤੇ ਅੰਤ੍ਰੋਂ ਸ਼ਬਦਪੋਥੀਆਂਉਚਾਰੇਗਾ ਤਾਂ ਉਸਦੇ ਵਾਸਤੇ ਪਰਮੇਸ਼ਰਆਪਉਤਾਰੀਹੋਇਕਰ ਸਹਾਇਤਾਕਰੇਗਾ ਅਤੇ ਸ਼ਬਦ ਅਲੋਪਰਹਿਜਾਵੇਗਾ ਕੋਈਵਿਰਲਾਂਹੀ ਜਾਣੇਗਾ ਤੇ ਉਸਪਾਸ ਕੋਈ ਵਿਰਲਾ ਹੀ ਜਾਵੇਗਾ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਸੱਚੇ ਪਾਤਸ਼ਾਹ ਜੀ ਓਹ ਕੌਣਭਗਤ ਹੋਵੇਗਾ ਜੀ ਤਾਂ ਬਚਨ ਹੋਯਾ ਹੇ ਭਾਈ ਅਜਿੱਤਿਆ ਤੂੰ ਸੁਣ ॥ ਸ਼ਲੋਕ ॥ ਨਿਹ ਕਲੰਕ ਹੋਇ ਉਤਰਸੀ ਮਹਾਂਬਲੀ ਅਉਤਾਰ ॥ ਸੰਤ ਰੱਛਿਆ ਜੁਗ ਜੁਗ ਕਰੇ ਦੁਸ਼ਟਾਂ ਕਰੇ ਸੰਘਾਰ॥ ਨਵਾਂ ਧਰਮ ਚਲਾਇਸੀ ਜਗ ਹੋਮ ਹੋਵਹਿ ਵਾਰ॥ ਨਾਨਕ ਕਲਜੁਗ ਤਾਰਸੀ ਕੀਰਤਨ ਨਾਮ ਅਧਾਰ ॥੫੦॥ ਤਿਸਦਾ ਪਰਮਾਰਥ ॥ ਭਾਈ ਅਜਿੱਤਿਆ ਗੁਰੂ ਜੋ ਕਲਜੁਗ ਮੇਂ ਸੰਸਾਰ ਵਿਚ ਆਯਾਹੈ ਸੋਪਰਉਪਕਾਰਵਾਸਤੇ ਅਤੇ ਜਾਂ ਗੁਰੂਜਾਮਾਂਪਹਿਰਸੀ ਤਾਂ ਧੁੰਧੂਕਾਰ ਵਰਤ ਜਾਏਗਾ ਜਿੱਥੋਂ ਕੁਛ ਪੂਜਾ ਚਰਚਾ ਸੁਨਣਗੇ ਤਿੱਥੇ ਚੜ੍ਹਕਰਮਾਰਨਗੇ ਤੁਰਕਾਂ ਦਾ ਤੇਜ ਹੋਵਸੀ ਤਾਂ ਓਸ ਸਮੇ ਇਕ ਸੰਤ ਪ੍ਰਮੇਸ਼ਰ ਕੀ ਪੂਜਾ ਕਰੇਗਾ ਤੇ ਓਸਦੇ ਘਰ ਇੱਕ ਇਸਤ੍ਰੀ ਬਹੁਤਚੰਦ੍ਰੀ ਹੋਵੇਗੀ ਓਹਨਾਰ ਜਾਇ ਲੋਕਾਂ ਅੱਗੇ ਚੁਗਲੀਕਰੇਗੀ ਤਿਤ ਕਰਕੇ ਸੰਤਕੋ ਦੈਤ ਦੁਖਦੇਵਨਗੇ ਤਾਂ ਓਸ ਸੰਤ ਵਾਸਤੇ ਗੁਰੂ ਜਾਮਾਂ ਪਹਿਰਸੀ ਜਹਾਂਤੀਕਰ ਓਸ ਸੰਤ ਦਾ ਦ੍ਰੋਹੀ ਦੁਸ਼ਟ ਹੋਵੇਗਾ ਸੋ ਓਨਾਂ ਨੂੰ ਚੁਣ ੨ ਕਰ ਮਾਰੇਗਾ ਫੇਰ ਨਵੇਂ ਧਰਮ ਚਲਾਵੇਗਾ ਅਤੇ ਜਗ ਹੋਮ ਸ਼ਬਦ ਸਾਖੀ ਕੀਰਤਨ ਹੋਵਨਗੇ ਦੂਤਾਂ ਦੁਸ਼ਟ ਕਉ ਸੰਘਾਰੇਗਾ ਅਤੇ ਚਉਰਾਸੀ ਜਾਂਮੇਂ ਕਲਜੁਗ ਮੇਂ ਸੰਪੂਰਨ ਕਰੇਗਾ ਕਲਜੁਗ ਕੀ ਮਿਤ ਪੂਰਨ ਹੋਇਗੀ ਤਾਂ ਅਜਿੱਤੇ ਰੰਧਾਵੇ ਅਰਦਾਸ ਕੀਤੀ ਹੇ ਸਚੇ ਪਾਤਸ਼ਾਹ ਜੀ ਮੈਨੂੰਬਖ਼ਸ਼ ਲਵੋ ਜੀ ਮੈਂ ਆਪ ਦੇ ਸਨਮੁਖ-ਬਹੁਤ ਬਚਨ ਕੀਤੇ ਹਨ ਤਾਂ ਬਚਨ ਹੋਯਾ ਭਾਈ ਏਹਗੱਲਾਂ ਨਾਹੀਂ ਏਹਤਾਂਗੁਰ ਮੰਤ੍ਰ ਹਨ ਜੋ ਕੋਈ ਏਸ ਨੂੰ ਮਨ ਕਰਕੇ ਪੜ੍ਹੇਗਾ ਅਥਵਾ ਦਿਲ ਕਰਕੇ ਸੁਣੇਗਾ ਸੋ ਤਿਸ ਕਾ ਤਤਕਾਲ ਹੀ ਉਧਾਰ ਹੋਵੇਗਾ ॥ ਸ਼ਲੋਕ ॥ ਅਮਰ ਬਚਨ ਗੁਰਦੇਵ ਦੇ ਜਿਹ ਜਨ ਰਿਦੇ ਬਸਾਇ ॥ ਮੁਕਤਿ ਜੁਗਤਿ ਅਰ ਮਾਲ ਧਨ ਜੁਗੋ ਜੁਗੰਤਰ ਖਾਹਿ ॥

CC-0. Gurukul Kangri University Haridwar Collection. Digitized by

INTERNET
ABHINAV GAUR

ਸ਼ਬਦ ਅਖਰ ਜਿਸ ਮਨਵਸੈ ਖਿਨਮਹਿ ਹੋਇ ਉਧਾਰ॥ਧੰਨ ਪਰਮਾਰਥ ਨਾਨਕਾ ਜਿਸ ਲਗ ਤਰੈ ਸੰਸਾਰ ॥ ੫੧ ॥ ਤਿਸਕਾ ਪਰਮਾਰਥ ॥ ਭਾਈ ਅਜੱਂਤਿਆ ਜੋ ਕੋਈ ਸ਼ਬਦ ਕਉ ਖੋਜੈਗਾ ਤੇ ਮਨ ਵਿਖੇ ਵਸਾਵੇਗਾ ਤਾਂ ਓਸਦਾ ਤਤਕਾਲਹੀ ਉਧਾਰ ਹੋਇ ਜਾਵੇਗਾ ਭਾਵੇਂ ਖੱਤ੍ਰੀ ਵਾ ਬ੍ਰਹਮਣ ਵੈਸ਼ ਸ਼ਦਰ ਚੰਡਾਲ ਹੋਵੇ ਜੋ ਗੁਰੂ ਕੇ ਸ਼ਬਦ ਕੋ ਖੋਜੇਗਾ ਤਿਸਕਾ ਉਧਾਰ ਹੋਵੇਗਾ ਅਤੇ ਬੱਚਾ ਓਹ ਪਰਮਾਰਥ ਵੀ ਧੰਨ ਹੈ ਜਿਸ ਕਰਕੇ ਸੰਸਾਰ ਤਰੇਗਾ ਏਹ ਹਰਿ ਧਨ ਜੁਗਾ ਜੁਗੰਤਰ ਨਿਖੁਟੇਗਾ ਨਾਹੀਂ ਹਰਿ ਨਾਮ ਰੂਪੀ ਜੋ ਧਨ ਹੈ ਸੋ ਅਖੁਟ ਭੰਡਾਰ ਹੈ॥ ਬੋਲੋ ਭਾਈਜੀ ਵਾਹਿਗੁਰੂ ॥

ਸ਼ਲੋਕ

ਗੋਸ਼ਟ ਸ਼ਤਿਗੁਰੂ ਨਾਨਕ ਨਿਰੰਕਾਰ ਜੀ ਨਾਲ
ਅਜਿਤੇ ਰੰਧਾਵੇ ਕੀਆ ਉਚਾਰ ॥
ਜੋ ਸਿਖ ਪੜ੍ਹੈ ਪ੍ਰੀਤਿ ਕਰ ਸੋਈ ਉਤਰੈ ਪਾਰ॥

॥ ਦੋਹਰਾ ॥

ਜਨਮ ਮਰਨ ਤਾਂਕਾ ਮਿਟੈ ਪੜ੍ਹੈ ਜੁ ਪ੍ਰੀਤ ਲਗਾਇ ॥
ਜੀਵਨ ਤਿਸਕਾ ਸਫਲ ਹੈ ਨਾਨਕ ਨਾਮ ਧਿਆਇ ॥
ਨਾਨਕ ਮੂਰਤਿ ਨਾਮ ਕੀ ਜਪਿਆਂ ਸਭ ਦੁਖ ਦੂਰ ॥
ਨਾਨਕ ਤਿਸ ਬਲਿਹਾਰਣੇ ਜੋ ਰਹਿੰਦੇ ਸਦਾ ਹਜ਼ੂਰ॥

ਗੋਸ਼ਟ ਅਜੱਂਤੇ ਰੰਧਾਵੇ ਕੀ ਸੰਪੂਰਣੰ ਸ਼ੁਭ ਮਸਤ

॥ ੧੪੯ ॥

CC-0. Gurukul Kangri University Haridwar Collection. Digitized by S3 Foundation USA

੧ ੐ ਸਤਿਗੁਰਪ੍ਰਸਾਦਿ ॥

ਤਾਂਤੇ ਜਦ ਭਾਈ ਬਾਲੇ ਨੇ ਸੰਪੂਰਨ ਗੋਸ਼ਟ ਅਜਿੱਤੇ ਦੀ ਸੁਣਾਈ ਅਤਿਸੈ ਪਵਿੱਤ੍ਰ ਜਸ ਸ੍ਰੀ ਗੁਰੂ ਨਾਨਕਜੀ ਜੋਤੀ ਸਰੂਪਜੀਕੇਚਰਿਤ੍ਰ ਇਕਤੋਂ ਇਕ ਅਦਭੁਤ ਸੁਣਕਰ ਸ੍ਰੀਅੰਗਦਜੀ ਤਿੰਨਦਿਨ ਤੇ ਤਿੰਨਰਾਤ ਬਿਦੇਹਰਹੇ ਜਦ ਸ੍ਰੀਗੁਰੂ ਅੰਗਦਜੀਕੋ ਆਪਣੇ ਸਰੀਰਵਿਚਸੁਧ ਆਈ ਤਾਂ ਫੇਰ ਭਾਈ ਬਾਲੇ ਕੋ ਸਦਵਾਯਾ ਅਤੇ ਆਖਨਲਗੇ ਭਾਈ ਬਾਲਾ ਤੂੰ ਧੰਨ ਹੈਂ ਜਿਸਨੇ ਐਸੇ ਚਰਿਤ੍ਰ ਨੇਤ੍ਰਾਂ ਕਰਕੇ ਦੇਖੇ ਹਨ ਔਰ ਸ੍ਰਵਣਾਂ ਕਰਕੇ ਸ੍ਰਵਣ ਕੀਤੇ ਹਨ ਤਾਂ ਭਾਈ ਬਾਲਾ ਫੇਰ ਸ੍ਰੀਗੁਰੂ ਨਾਨਕਦੇਵਜੀ ਕਿਸ ਧਰਤੀਕੋ ਜਾਤੇ ਭਏ ਸੋ ਅਸਾਂਤਾਈਂ ਉਚਾਰ ਕਰਕੇ ਕਹੋ ॥ ਬਾਲਾ ਸੰਧੁ ਵਾਚ ॥ ਤਾਂਤੇ ਹੇ ਗੁਰੂ ਅੰਗਦ ਜੀ ਜਦ ਸ੍ਰੀ ਗੁਰੂ ਜੀ ਅਜਿੱਤੇ ਪਾਸੋਂ ਵਿਦਿਆ ਹੋਏ ਤਾਂ ਮਰਦਾਨੇਨੇ ਕਿਹਾ ਹੇਸਚੇਪਾਤਸ਼ਾਹਜੀ ਅਸਾਂ ਸਮੁੰ ਭਾਂ ਦੇਖਜਾਪਰਲੰਕਾਨਾਦੇਖੀ ਜਿਥੇ ਸ੍ਰੀ ਰਾਮਚੰਦ੍ਰ ਜੀ ਚਢ੍ਹਾਈ ਕੀਤੀ ਹੈ ਭਾਂ ਸ੍ਰੀ ਗੁਰੂ ਨਾਨਕ ਜੀ ਕਿਹਾ ਚਲੋ ਭਾਈ ਬਾਲਾ ਤੇ ਮਰਦਾਨਾ ਧੁਆਨੂੰ ਰੰਜ ਨਹੀਂ ਕਰਨਾ ਅਖੀਂ ਮੀਟੋ ਜਾਂ ਅਖੀਂ ਮੀਟਕੇ ਖੋਲ੍ਹੀਆਂ ਤਾਂ ਸਮੁੰਦ੍ਰ ਦੇ ਕੰਢੇਤੇ ਜਾਇ ਖੜੇਹੋਏ ਤੇ ਆਖਨਲਗੇ ਬਾਲਾ ਅਤੇ ਮਰਦਾਨਾ ਮੇਰੇ ਪਿਛੇ ਪਿਛੇ ਚਲੇਆਓ ਮੁਖੋਂ ਵਾਹਿਗੁ ਵਾਹਿਗੁਰੂ ਕਹਿੰਦੇ ਆਓ ਤੇ ਅਗੇ ਅਗੇ ਸ੍ਰੀ ਗੁਰੂ ਜੀ ਤੁਰ ਪਏ ਜੈਸੇਧਰਤੀਉਪਰਤੁਰਦੇਸਨ ਓਸੇ ਤਰ੍ਹਾਂ ਸਮੁੰਦ੍ਰ ਉਪਰਤੁਰ ਪਏ ਜਾਂ ਚਲੇ ਜਾਵਨ ਤੇ ਪਿਛੇ ਬਾਲਾ ਤੇ ਮਰਦਾਨਾ ਜਾਵਨ ਜਾਂ ਮਰਦਾਨੇ ਵਿਚਾਰ ਕੀਤੀ ਤਾਂ ਸ੍ਰੀ ਗੁਰੂ ਨਾਨਕਦੇਵਜੀ ਤਾਂਓਅੰਸੋਹੰ ਜਪਦੇ ਜਾਂਦੇ ਹਨ ਤਾਂ ਮਰਦਾਨਾਂ ਵੀ ਓਅੰਸੋਹੰ ਲਗਾਜਪਨ ਤੇ ਲਗਾ ਗੋਤੇਖਾਵਨ ਜਾਂ ਸ੍ਰੀਗੁਰੂਨਾਨਕਜੀ ਦੇਖਨ ਤਾਂ ਮਰਦਾਨਾਗੋਤੇਖਾਂਦਾ ਹੈ ਤਾਂ ਸ੍ਰੀਗੁਰੂਜੀ ਕਿਹਾ ਮਰਦਾਨਾ ਗੁਰੂਦੀ ਕਰਨੀ ਵਲ ਨਹੀਂ ਦੇਖਨਾ ਗੁਰੂਦੇ ਬਚਨਾਂ ਪਰ ਚਲਣਾਚਾਹੀਏ ਤੂੰਮਰਦਾਨਾ ਓਹੋਆਖਜੋ ਅਸਾਂ ਆਖਿਆ ਹੈ ਤਾਂਮਰਦਾਨਾ ਫੇਰ ਲਗਾ ਵਾਹਿਗੁਰੂ ਵਾਹਿਗੁਰੂ ਕੈਹਣ ਤਾਂ ਫੇਰ ਜਲ ਉਪਰ ਓਸੇ ਤਰਹ ਤੁਰਨਲਗਾ ਏਸੇ ਤਰਹ ਮਾਨਸਰੋਵਰ ਪਰ ਜਾਇ ਖੜੇਹੋਏ ਓਥੇ ਅਨੇਕਤਰਹਕੇ ਹੰਸ ਅਨੰਦਭੋਗ ਰਹੇ ਹਨ ਅਤੇ ਮੋਤੀਆਂਦਾ ਅਹਾਰ ਕਰਦੇਹਨ ਜਾਂ ਮਰਦਾਨੇ ਮਾਨਸਰੋਵਰਦਾਦਰਸ਼ਨ ਕੀਤਾ ਤੇ ਆਖਨ ਲਗਾ ਧੰਨਹੋ ਗੁਰੂਜੀ ਤੁਸੀਂ ਅਤੇ ਧਨ ਆਪਦੀ ਕਮਾਈਹੈ ਅਸਾਂ ਅਧਮ ਜੀਵਾਂ ਨੇ ਏਹ ਅਸਥਾਨ ਕਿਸ ਤਰਹ ਦੇਖਨੇ ਸਨ ਆਪ ਦੀ ਕਿਰਪਾ ਕਰਕੇ ਅਸਾਂ ਵੀ ਮਾਨਸਰੋਵਰ ਦੇਖਿਆਹੈ ਤਾਂਸ੍ਰੀਗੁਰੂਜੀ ਕਿਹਾ ਮਰਦਾਨਿਆਂ ਹੁਣ ਅੱਖੀਂ ਮੀਟੋ ਜਾਂ ਗੁਰੂਅੰਗਦ ਸਾਹਿਬ ਜੀ ਅਸਾਂ ਅੱਖੀਂ ਮੀਟ ਕੇ ਖੋਲ੍ਹੀਆਂ ਤਾਂ ਕਿਆ ਦੇਖੀਐ ਜੋ ਹਾਰੂ ਸ਼ੈਹਰਦੇ ਪਾਸਜਾਇਖੜੇ ਹੋਏਹਾਂ ਪਰਓਸ ਹਾਰੂਦੇਸਦਾ ਪਾਤਸ਼ਾਹ ਜੋਗੀਦਾ ਸਿੱਖਹੈਸੀਪਰ ਓਹ ਜੋਗੀਸਰੇਵੜਾਸੀ

CC-0. Gurukul Kangri University Haridwar Collection.

INTERNET ABHINAV GAUR

ਅਤੇ ਓਹ ਆਪਨੂੰ ਪਰਮੇਸ਼ਰ ਸਦਾਂਵਦਾ ਸੀ ਅਤੇ ਰਾਜਾ ਓਸ ਦਾ ਹੁਕਮ ਮੰਨਦਾ ਸੀ ਤੇ ਰਾਜਾ ਕੋ ਕਹਿਤਾ ਸੀ ਕਿ ਮੇਰੇ ਬ਼ਗ਼ੈਰ ਪਰਮੇਸ਼ਰ ਹੋਰ ਕੋਈ ਨਹੀਂ ਤੁਹਾਨੂੰ ਜੋ ਲੋੜ ਹੈ ਸੋ ਤੁਸੀਂ ਮੇਰੇ ਪਾਸੋਂ ਮੰਗੋ ਮੈਂ ਤੁਹਾਨੂੰ ਦੇਵਾਂਗਾ ਤਾਂ ਰਾਜਾਵੀ ਤੇ ਪਰਜਾ ਵੀ ਜਿਸ ਚੀਜ਼ਦੀਲੋੜ ਹੋਵੈ ਤਾਂ ਓਸੇ ਜੋਗੀ ਦੇ ਪਾਸ ਜਾਇਕਰ ਮੰਗਨ ਸੋ ਓਹ ਜੋਗੀ ਮੰਤ੍ਰ ਜੰਤ੍ਰ ਪੜ੍ਹਕਰ ਓਹਨਾਂ ਲੋਕਾਂ ਕੋ ਮੀਂਹ ਭੀ ਵਸਾਇ ਦੇਵੇ ਅਤੇ ਪੁੱਤ੍ਰ ਵੀ ਮੰਤ੍ਰ ਕਰਕੇ ਦੇਵੇ ਔਰ ਧਨ ਪਦਾਰਥ ਭੀ ਦੇਂਦਾ ਸੀ ਸੋ ਉਸ ਸ਼ਹਿਰ ਦੇ ਬਾਹਿਰ ਸ੍ਰੀ ਗੁਰੂ ਨਾਨਕ ਜੀ ਜਾਇਕਰ ਆਸਣ ਲਾਇਕਰ ਸ੍ਰੀ ਪਰਮੇਸ਼ਰ ਜੀ ਕਾ ਸਿਮਰਨ ਕਰਨ ਲੱਗੇ ਤੇ ਸ਼ਬਦ ਕੀਰਤਨ ਕਰਨ ਲਗੇ ਤਾਂ ਰਾਜਾ ਅਤੇ ਪਰਜਾ ਨੇ ਸ੍ਰੀ ਗੁਰੂ ਨਾਨਕ ਜੀਦੇ ਅੱਗੇ ਮੱਥਾ ਜਾਇ ਟੇਕਿਆ ਅਤੇ ਸ੍ਰੀ ਗੁਰੂ ਜੀ ਨੇ ਕਹਿਆ ਰਾਜਾ ਤੁਮ ਪਰਮੇਸ਼ਰਕੋ ਕਿਉਂ ਨਹੀਂ ਸਿਮਰਤੇ ਤਾਂ ਰਾਜਾਨੇਕਹਿਆ ਹੇ ਸੰਤਜੀ ਸਾਡਾ ਜੋ ਗੁਰੂ ਹੈ ਓਹ ਆਖਦਾ ਹੈ ਕਿ ਪਰਮੇਸ਼ਰ ਹੋਰ ਕੋਈ ਨਹੀਂ ਜਾਂ ਏਹ ਬਾਤ ਰਾਜਾ ਪਾਸੋਂ ਗੁਰਾਂ ਸੁਣੀ ਤੇ ਕਹਿਆ ਰਾਜਾ ਧੁਆਡਾ ਵਿਹਾਰ ਕਿਸਤਰਹ ਚਲਦਾਹੈ ਤਾਂਓਸ ਰਾਜਾ ਨੇ ਕਹਿਆ ਸੰਤਜੀ ਸਾਨੂੰ ਮੀਂਹ ਦੀ ਲੋੜ ਹੁੰਦੀ ਹੈ ਤਾਂ ਓਸ ਸੰਤ ਨੂੰ ਜਾਇ ਕਰ ਆਖਦੇ ਹਾਂ ਸੋ ਮੀਂਹ ਵਸਾਇ ਦੇਂਦਾ ਹੈ ਅਤੇ ਜੇਕਰ ਕਿਸੇਨੂੰ ਪੁੱਤ੍ਰਦੀ ਲੋੜ ਹੁੰਦੀਹੈ ਤਾਂ ਓਸਨੂੰ ਪੁੱਤ੍ਰਦਿਵਾ ਦੇਂਦਾ ਹੈ ਧਨਵਾਲੇ ਕੋ ਧਨ ਦਿਵਾਇ ਦੇਤਾ ਹੈ ਅਤੇ ਆਖਦੇ ਹਨ ਕਿ ਜੈਸੇ ਬੀਜਤੇ ਬੀਜ ਹੋਇਜਾਤਾਹੈ ਬਿਰਛਤੇ ਬਿਰਛ ਹੋਇਜਾਤੇ ਹੈਨਤੈਸੇਹੀ ਆਦਮੀ ਸੇ ਆਦਮੀ ਪੈਦਾ ਹੋਇਜਾਤਾਹੈ ਇਸਵਾਸਤੇ ਸੰਤ ਜੀ ਅਸੀਂ ਜੋਗੀ ਦੀ ਸੇਵਾ ਕਰਦੇ ਹਾਂ ਅਤੇ ਜੋ ਸਾਡੀਕਾਮਨਾ ਹੋਤੀ ਸੋਈ ਪੂਰਨ ਹੋਇ ਜਾਂਦੀ ਹੈ ਜਾਂ ਸ੍ਰੀ ਗੁਰੂਜੀ ਨੇ ਏਹ ਬਾਤ ਰਾਜਾਦੇ ਮੂੰਹੋਂ ਸੁਣੀ ਤਾਂ ਸ੍ਰੀ ਗੁਰੂ ਨਾਨਕ ਜੀਨੇ ਓਸ ਜੋਗੀਦੀ ਸਾਰੀ ਕਰਾਮਾਤ ਖਿੱਚਲਈ ਤਾਂ ਮੀਂਹ ਬਰਸਨੋਂ ਰਹਿਗਿਆ ਅਤੇ ਓਥੋਂ ਦੇ ਸਭ ਲੋਕ ਦੁਖੀ ਹੋਏ ਕਿਉਂਕਿ ਓਥੋਂਦੇ ਸਭਕੰਮ ਮੀਂਹ ਨਾਲ ਸੌਰਦੇ ਹੈਸਨ ਜਦ ਓਸ ਦੇਸ ਵਿਚੋਂ ਮੀਂਹ ਠੈਹਰ ਗਿਆ ਤਾਂ ਰਾਜਾ ਪਰਜਾ ਪਰਮਦੁਖ ਕੋ ਪ੍ਰਾਪਤ ਹੋਏ ਅਤੇ ਓਥੇ ਪੀਵਨ ਕਉ ਬੀ ਮੀਂਹਦਾ ਹੀ ਪਾਣੀ ਕੰਮ ਆਂਵਦਾਸੀ ਤਾਂ ਲੋਕਾਂ ਰਾਜਾਕੋਂਕਹਿਆ ਅਤੇ ਰਾਜਾ ਨੇ ਪਰਜਾਕਉ ਨਾਲ ਲੈਕੇ ਉਸਜੋਗੀਕੇ ਪਾਸ ਜਾਇ ਅਰਜ ਕਰੀ ਹੇ ਜੋਗੀ ਜੀ ਅਸੀਂ ਪਾਣੀ ਨ ਬਰਸਨੇ ਤੇ ਬਹੁਤ ਦੁਖੀ ਹੋਏਹਾਂ ਹੁਣ ਤਾਂ ਪੀਵਣੇਜੋਗਾ ਵੀ ਪਾਣੀ ਨਹੀਂ ਰਹਿਆ ਤਾਂਓਹ ਜੋਗੀ ਰਾਜਾਪਰਜਾਕਉ ਦੁਖੀਦੇਖਕਰ ਲਗਾਜੰਤ੍ਰਮੰਤ੍ਰ ਕਰਨ ਪਰ ਕੁਝ ਪੇਸ਼ ਨਾ ਜਾਵੇ ਬਤੇਰਾ ਹੀ ਜ਼ੋਰ ਲਗਾਇਰਿਹਾਇਕ ਬੂੰਦ ਪਾਣੀ ਦੀ ਨਾ ਬਰਸੀ ਤਾਂ ਫੇਰ ਜੋਗੀ ਪਾਸੋਂ ਰਾਜਾ ਪਰਜਾ ਨਿਰਾਸ ਹੋਇਕਰ ਸ੍ਰੀ ਗੁਰੂ ਨਾਨਕ ਜੀ ਦੀ ਚਰਨੀ ਆਇ ਲਗੇ ਤੇ ਸ੍ਰੀ ਗੁਰੂਜੀ ਕਹਿਨਲਗੇ ਹੇ ਰਾਜਾ ਮੀਂਹ ਤਾਂ ਬਰਸੇਗਾ ਜਦ ਤੁਸੀਂ ਲੋਕ ਸ੍ਰੀਕਰਤਾਰ ਅੱਗੇ ਬੇਨਤੀ ਕਰੋਗੇ ਔਰ ਸੱਤਿਨਾਮਦਾ ਜਾਪ ਜਪੋ ਅਤੇ ਕੜਾਹਪ੍ਰਸ਼ਾਦ ਕਰਾਕੇ ਸ਼ਬਦਕੀਰਤਨ ਕਰੋ ਔਰ ਸੁਣੋ ਤਾਂ ਓਹ ਅਕਾਲਪੁਰਖ ਸਬਕਾਰਜ ਧੁਆਡੇ ਪੂਰਨਕਰੇਗਾ ਏਹ ਬਾਤ ਜਦ ਸ੍ਰੀਗੁਰੂਜੀ

CC-0. Gurukul Kangri University Haridwar Collection. Digitized by S3 Foundation USA

ਕਹੀ ਤਾਂ ਰਾਜਾ ਪਰਜਾ ਸਭ ਜੋਗੀ ਦੀ ਮੰਨਤਾ ਨੂੰ ਛੋਡ ਬੈਠੇ ਜਿਸ ਤਰਹ ਸ੍ਰੀ ਬਾਬੇਜੀ ਕਹਿਆ ਸੀ ਉਸੀ ਤਰਹ ਰਾਜਾਨੇ ਓਸੇ ਵਕਤ ਆਦਮੀ ਕਉ ਭੇਜ ਕਰ ਰਸਤਮੰਗਵਾਇਲਈ ਅਤੇ ਬਹੁਤ ਪਵਿਤ੍ਰ ਹੋਇ ਕਰ ਸ੍ਰੀ ਵਾਹਿਗੁਰੂਜੀਕਾ ਪਾਠਕਰਕੇ ਡ੍ਰਿਹਾਵਲ ਤਈਆਰ ਕਰਵਾਯਾ ਅਤੇ ਸ੍ਰੀਗੁਰੂ ਜੀਦੇ ਸਿਖ ਹੋਏ ਸ੍ਰੀਬਾਬੇ ਜੀਨੇ ਆਪਨੇ ਚਰਨ ਧੋਇਕਰ ਰਾਜਾ ਅਤੇ ਪਰਜਾ ਸਭ ਕਉ ਚਰਨ ਪਾਹੁਲ ਦੇਇਕਰ ਸਿੱਖਕੀਤਾ ਓਹਲਗੇ ਸ੍ਰੀਵਾਹਿਗੁਰੂ ਵਾਹਿਗੁਰੂਜਪਨ ਤਾਂ ਬੜੀ ਬਾਰਸ਼ ਹੋਈ ਅਤੇ ਓਹਨਾਂ ਲੋਕਾਂ ਸ੍ਰੀ ਗੁਰੂ ਜੀ ਅੱਗੇ ਅਰਦਾਸ ਕੀਤੀ ਤੇ ਕਹਿਆ ਸ੍ਰੀ ਗੁਰੂ ਨਾਨਕ ਜੀ ਆਪ ਕ੍ਰਿਪਾ ਕਰੋ ਅਤੇ ਸਾਡੇ ਪਾਸ ਹੀ ਰਹੋ ਜੀ ਕਿਉਂਕਿ ਆਪਦੇ ਰਹਿਨੇ ਕਰਕੇ ਅਸਾਡਾ ਉਧਾਰ ਹੋਵੇਗਾਜੀ ਅਤੇ ਸ੍ਰੀਗੁਰੂਜੀ ਕਹਿਆ ਰਾਜਾ ਤੁਸਾਂ ਏਹ ਕੰਮ ਕਰਨਾ ਜਦ ਤੁਹਾਨੂੰ ਕੋਈ ਕਾਰਜ ਕਰਨਾ ਬਨੇ ਤਾਂ ਇਕ ਮਨ ਹੋਇਕਰ ਅਰਦਾਸਕਰਨੀ ਤੇ ਕੜਾਹ ਪ੍ਰਸਾਦ ਪਵਿਤ੍ਰ ਹੋਇਕ ਰਕਰਨਾ ਸੰਗਤਨੇਇੱਕਤਰਹੋਇਕਰ ਹੱਥ ਜੋੜਨੇਤੇ ਕਹਿਣਾ ਹੇ ਅਕਾਲ ਪੁਰਖਜੀ ਸਾਡਾ ਕਾਰਜ ਪੂਰਨ ਕਰੋਜੀ ਤਾਂ ਰਾਜਾ ਤੁਹਾਡਾਭਾਵੇਂ ਕੋਈ ਕੰਮ ਹੋਵੇ ਸੋਈ ਤੱਤ ਕਾਲਹੀ ਹੋਇ ਜਾਇਗਾ ਏਹ ਉਪਦੇਸ਼ ਦੇਇਕਰ ਸ੍ਰੀ ਗੁਰੂ ਨਾਨਕ ਜੀ ਓਥੋਂ ਤੁਰਨਲੱਗੇ ਤੇ ਉਨ੍ਹਾਂ ਲੋਕਾਂ ਨੂੰ ਕਹਿਆ ਭਾਈ ਨਾਮ ਜਪਣਾ ਤੇ ਆਏ ਸੰਤਦੀ ਟਹਿਲ ਕਰਨੀ ਧਰਮ ਦੀ ਕਿਰਤ ਕਰਨੀ ਝੂਠਨਾਹੀਂ ਬੋਲਣਾ ਬਾਣੀਨਾਲ ਪ੍ਰੀਤ ਰਖਨੀ ਸ਼ਬਦਦਾਅਭਿਆਸ ਕਰਨਾ ਜਾਂ ਏਹ ਕਹਿਆ ਤਾਂ ਰਾਜਾਨੇ ਇਕਜਵਾਹਰਾਂ ਦਾ ਥਾਲ ਭਰਕੇ ਸ੍ਰੀ ਗੁਰੂਜੀ ਦੇ ਅੱਗੇ ਆਣ ਰਖਿਆ ਤੇ ਕਹਿਆ ਗੁਰੂ ਜੀ ਏਹ ਤਾਂ ਮੇਰੀ ਭੇਟਾ ਹੈ ਆਪਲਵੋ ਜੀ ਤਾਂਸ੍ਰੀ ਬਾਬੇਜੀਕਹਿਆ ਹੇ ਰਾਜਾ ਅਸਾਡੇਪਾਸ ਸ੍ਰੀਪਰਮੇਸ਼ਰ ਜੀ ਕੇ ਨਾਮ ਕਾ ਅਚਰਜ ਜਵਾਹਰ ਹੈ ਅਤੇ ਏਹਝੂਠੇ ਜਵਾਹਰ ਅਸਾਡੇਕਿਸੇ ਕੰਮਨਾਹੀਂ ਤਾਂ ਮਰਦਾਨੇ ਕਹਿਆ ਗੁਰੂਜੀ ਇਕ ਦੋਇ ਤਾਂ ਲੈ ਲਵੋ ਜੀ ਤਾਂ ਗੁਰੂਜੀ ਕਹਿਆ ਮਰਦਾਨਾ ਏਹ ਜਵਾਹਰ ਦੁਖਰੂਪ ਹੈਨ ਅਤੇ ਤੇਰੇਪਾਸ ਸੱਚਾ ਨਾਮ ਲਾਲ ਹੈ ਸੋਤੂੰ ਸ਼ਬਦਪੜ੍ਹ ਤਾਂ ਮਰਦਾਨੇ ਮੱਥਾ ਟੇਕਿਆ ਤੇ ਸ੍ਰੀਗੁਰੂ ਜੀ ਰਾਜਾ ਪਰ ਖ਼ੁਸ਼ੀਕਰ ਕੇ ਓਥੋਂ ਚਲਦੇ ਰਹੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੪੯ ॥

ਆਗੇ ਸਾਖੀ ਸਿੱਖਾਂ ਨੂੰ ਸੁਣਾਈ

ਭਾਈ ਬਾਲਾ ਕਹੇ ਹੇ ਸ੍ਰੀਗੁਰੂ ਅੰਗਦ ਸਾਹਿਬ ਜੀ ਸ੍ਰੀਗੁਰੂ ਕਰਨ ਕਾਰਨ ਜੋਤੀ ਸਰੂਪ ਗੁਰੂ ਨਾਨਕ ਸਾਹਿਬ ਜੀ ਸਰਬ ਧਰਤੀ ਕਾ ਸੈਰ ਕਰਾ ਅਤੇ ਬਹੁਤ ਪਾਪੀਆਂ ਕੀ ਕਾਲ੍ਹਆਣ ਕਰੀ ਅਤੇ ਇਕ ਦਿਨ ਮਹਾਰਾਜ ਗੁਰੂ ਨਾਨਕ ਜੀ ਬੈਠੇ ਸਨ ਤੇ ਚਾਰੇ ਸਿੱਖਾਂ ਆਇ ਮੱਥਾ ਟੇਕਿਆ ਅਤੇ ਬੈਠ ਗਏ ਜਾਂਘੜੀ ਦੋਇ ਘੜੀਆਂ ਰੁਜ਼ਰੀਆਂ ਤਾਂ ਉਨ੍ਹਾਂ ਅਰਦਾਸਕੀਤੀ ਹੇ ਦੀਨਾਨਾਥ ਜੀ ਸੰਤਾਂ ਦੀ ਸੇਵਾ ਕਰੀਦੀ ਹੈ ਉਸਦਾ ਕੀ ਫਲ ਹੁੰਦਾ ਹੈ ਕਿਰਪਾ ਕਰਕੇ ਸਾਨੂੰ ਸੁਣਾਓਜੀ ਤਾਂਉਨ੍ਹਾਂ ਸਿੱਖਾਂਦੀ ਪ੍ਰਾਰਥਨਾ ਸੁਨਕਰ ਸ੍ਰੀਗੁਰੂ ਨਾਨਕ ਸਾਹਿਬ ਦਇਆ ਦੇ ਸਮੁੰਦ੍ਰ ਇਕ ਸਾਖੀ ਲੱਗੇ ਉਚਾਰਨ ॥ ਸ੍ਰੀ ਗੁਰੂ ਨਾਨਕ ਜੀ ਵਾਚ ॥ ਸ੍ਰੀ ਗੁਰੂ ਜੀ ਨੇ

CC-0. Gurukul Kangri University Haridwar Collection. Digitized

UTH INTERNET ABHINAV GAUR

ਬਚਨ ਕੀਤਾ ਸੁਣੋ ਭਾਈ ਸਿੱਖੋ ਸੰਤਾਂ ਦਾ ਮਹਾਤਮ ਸਾਰਾਤੋ ਕਹਿਆ ਨਹੀਂ ਜਾਤਾ ਪਰ ਥੋੜ ਜਿਹਾ ਤੁਹਾਨੂੰ ਕਹਿਤੇ ਹਾਂ ਆਗੇ ਆਪਨੇ ਸਮਝ ਲੈਣਾ ਇਹ ਬਚਨ ਸੁਣਕਰ ਸੰਗਤਨੇ ਹਾਥ ਜੋੜੇਤੇ ਕਿਹਾ ਸਤ ਬਚਨ ਜੀ ਤਾਂ ਸ੍ਰੀ ਗੁਰੂ ਜੀ ਕਹਿਆ ਸੁਣੋ ਭਾਈ ਸਿੱਖੋ ਇਕ ਬ੍ਰਾਹਮਣ ਸੀ ਗੰਗਾ ਜੀ ਕੇ ਕਿਨਾਰੇ ਪਰ ਰਹਿੰਦਾ ਸੀ ਤਾਂ ਓਥੇ ਇਕ ਠਾਕਰ ਦੁਵਾਰਾ ਸੀ ਅਤੇ ਉਸ ਠਾਕਰ ਦੁਵਾਰੇ ਵਿਚ ਸੰਤਾਂ ਦਾ ਆਉਣ ਜਾਣ ਬਹੁਤ ਰਹਿੰਦਾ ਸੀ ਕਿਉਂ ਕਿ ਓਥੇ ਸੇਵਾ ਬਹੁਤ ਹੁੰਦੀ ਸੀ ਅਤੇ ਸੰਤ ਮਿਲਕਰ ਭਜਨ ਭਗਵਾਨ ਦਾ ਕਰਦੇ ਸਨ ਤੇ ਗਿਆਨ ਚਰਚਾ ਵੀ ਹੋਤੀ ਥੀ ਅ ਉਸ ਬ੍ਰਾਹਮਣ ਦਾ ਡੇਰਾ ਉਸ ਠਾਕਰ ਦੁਆਰੇ ਦੇ ਪਾਸ ਸੀ ਜੋ ਸੰਤ ਮਹਾਤਮਾ ਆਵੇ ਤਾਂ ਉਸ ਨੂੰ ਦਰਸ਼ਨ ਹੋਯਾ ਕਰੇ ਅਤੇ ਓਸ ਬ੍ਰਾਹਮਣ ਦਾ ਵਿਹਾਰ ਏਹ ਸੀ ਕਿ ਚਮੜੇ ਦੀਆਂ ਢਾਲਾਂ ਤੇ ਸਿੰਗੜੇ ਬਣਵਾਇਕਰ ਵੇਚਦਾ ਸੀ ਸਾਰੀ ਉਮਰ ਉਸਦੀ ਏਸੇ ਤਰ੍ਹਾਂ ਬੀਤ ਗਈ ਅਤੇ ਸੰਤਾਂ ਦਾ ਜੋ ਦਰਸ਼ਨ ਕਰਦਾ ਸੀ ਸੋ ਬੀ ਕੁਛ ਚਾਹ ਕਰਕੇ ਨਹੀਂ ਸੀ ਕਰਦਾ ਕਿਉਂ ਕਿ ਆਪਨੇ ਵਿਹਾਰ ਵਿੱਚ ਸਾਰਾ ਦਿਨ ਰਹਿਣਾ ਤੇ ਸੰਤਾਂ ਵੀ ਓਥੋਂ ਦੀ ਜਰੂਰ ਲੰਘਨਾ ਏਸ ਕਰਕੇ ਉਸਨੂੰ ਦਰਸ਼ਨ ਹੋਜਾਵੇ ਜਦ ਉਸਦੇ ਦਿਨ ਪੂਰੇ ਹੋਏ ਤਾਂ ਧਰਮਰਾਜਾ ਨੇ ਆਪਣੇ ਦੂਤਾਂ ਕਉ ਹੁਕਮ ਦੀਆ ਕਿ ਜਾਇਕਰ ਉਸ ਪਾਪੀ ਬ੍ਰਾਹਮਣ ਕਉ ਪਕੜ ਲਿਆਓ ਖੂਬ ਮਾਰ ਕਰਕੇ ਲਿਆਉਣਾ ਕਿਉਂ ਜੋ ਉਸਨੂੰ ਮਾਨੁੱਖ ਸਰੀਰ ਮਿਲਿਆ ਸੀ ਸ੍ਰੀ ਪਰਮੇਸ਼ਰ ਜੀ ਦਾ ਸਿਮਰਨ ਕਰਨ ਨੂੰ ਸੋ ਉਸਦੁਸ਼ਟ ਨੇ ਸਾਰੀ ਆਯੂ ਏਸੇ ਤਰ੍ਹਾਂ ਖੋਇ ਦਿੱਤੀ ਹੈ ਤਾਂ ਤੇ ਧਰਮਰਾਜਾ ਦੀ ਆਗਿਆ ਪਾਇ ਕਰ ਜਮਦੂਤ ਉਸ ਬ੍ਰਾਹਮਣ ਕੋ ਲੈਆਏ ਹਾਥੋਂ ਮੇਂ ਸੰਗਲ ਪੈਰੋਂ ਮੇਂ ਬੇੜੀਆਂ ਡਾਲਲਈਆਂ ਤੇ ਬਹੁਤ ਨਰਕਾਂ ਕੇ ਰਸਤੇ ਮਾਰਦੇ ਕੁਟਦੇ ਘਸੀਟਦੇ ਲੈ ਗਏ ਜਾਇ ਧਰਮਰਾਜਾਦੇ ਸਨਮੁਖ ਹਾਜ਼ਰ ਕੀਤਾ ਤਾਂ ਧਰਮਰਾਜਾ ਨੇ ਕਹਾ ਭਾਈ ਇਸ ਕਉ ਕੁੰਭੀ ਨਰਕ ਮੈਂ ਪਾਇ ਦੇਵੋ ਤਾਂ ਓਹ ਜਮਦੂਤ ਉਸ ਬ੍ਰਹਮਣ ਕਉ ਕੁੰਭੀ ਨਰਕ ਪਾਸ ਲੈ ਗਏ ਉਸ ਨਰਕ ਕਾ ਮੁਖ ਤੋ ਥੜੇ ਕੇ ਮੁਖ ਜਿਤਨਾ ਹੈ ਅਤੇ ਹੇਠੋਂ ਕਈ ਲਾਖ ਜੋਜਨ ਹੈ ਜਦ ਉਸ ਨਰਕ ਮੈਂ ਉਸ ਬ੍ਰਹਮਣ ਨੂੰ ਸੁੱਟਿਆ ਤਾਂ ਅੱਗੋਂ ਅਵਾਜ ਆਈ ਜਿਸ ਤਰਾਂ ਖੂਹੇ ਮੇਂ ਇੱਟ ਸੁਟੀਏ ਤੇ ਆਉਂਦੀ ਹੈ ਅੱਗੇ ਉਸ ਨਰਕ ਮੇਂ ਜੀਵ ਪੁਕਾਰ ਕਰ ਰਹੇ ਸਾਨ ਤੇ ਅਗਨ ਜਲਾਇ ਰਹੀ ਸੀ ਜਦ ਉਸ ਬ੍ਰਾਹਮਣ ਕਉ ਸੁਟਿਆ ਤਾਂ ਜੋ ਹੜੀ ਬਦਬੋਇ ਆਉਂਦੀ ਸੀ ਓਹ ਹਟ ਗਈ ਅਤੇ ਸ਼ਾਂਤ ਹੋ ਗਈ ਜੋ ਜਲਨ ਹੋਂਦੀ ਸੀ ਸੋ ਮਿਟ ਗਈ ਜੀਵ ਪੁਕਾਰ ਕਰਨ ਥੀਂ ਰਹ ਗਏ ਧਰਮਰਾਜ ਨੇ ਚਿੱਤ੍ਰਗੁਪਤਾਂ ਨੂੰ ਪੁਛਿਆ ਭਾਈ ਏਹ ਓਹ ਬ੍ਰਾਹਮਨ ਸੀ ਕਿ ਕੋਈ ਹੋਰ ਸੀ ਇਸ ਦੇ ਪਿਆਂ ਨਰਕ ਠੰਡਾ ਹੋਇ ਗਿਆ ਹੈ ਦੇਖੋ ਖਾਂ ਕੋਈ ਭੁਲੇਖੇ ਨਾਲ ਉੱਤਮ ਲੋਕ ਨਾ ਸੁਟਿਆ ਗਿਆ ਹੋਵੇ ਤਾਂ ਚਿੱਤ੍ਰਗੁਪਤਾਂ ਨੇ ਜਮਦੂਤਾਂ ਕੋਲੋਂ ਪੁੱਛਿਆ ਤਾਂ ਓਨਾਂ ਨੇ ਕਹਿਆ ਜੀ ਓਹ ਬ੍ਰਾਹਮਣ ਹੀ ਹੈ ਜਿਸਨੇ ਆਪਨਾ ਧਰਮ ਛੱਡ ਕਰਕੇ ਨੀਚਾਂ ਦਾ ਧਰਮ ਅੰਗੀਕਾਰ ਕੀਤਾ ਹੈ ਸੀ ਅਤੇ ਸਾਰੀ ਉਮਰ ਏਸ ਨੇ ਵਿਸ਼ਿਆਂ ਵਿਖੇ ਬਿਤਾਈ ਹੈ ਸੁਰਾ ਪਾਨ ਕਰਦਾ ਰਹਿਆ ਹੈ ਮਾਸ

CC-0. Gurukul Kangri University Haridwar Collection. Digitized by S3 Foundation USA

ਮੱਛੀ ਅਨੇਕ ਪੰਛੀ ਮਾਰ ਕਰ ਖਾਂਦਾ ਰਿਹਾ ਹੈ ਜੀ ਓਹੀ ਹੈ ਹੋਰ ਕੋਈ ਸਾਥ ਨਹੀਂ ਪਰ ਜਿਤਨੇ ਕੁੰਭੀ ਨਰਕ ਦੇ ਆਦਮੀ ਹੈਨ ਸਭ ਉਸ ਦੀ ਚਰਨੀਂ ਆਇ ਲੱਗੇ ਹੈਨ ਭਾਂ ਧਰਮਰਾਜਾ ਕੀ ਆਗਿਆ ਭਈ ਕਿ ਏਸ ਦੇ ਕਰਮ ਦੇਖੋ ਕਿਆ ਕਿਆ ਹੈਨ ਜਾਂ ਚਿਤ੍ਰ ਗੁਪਤ ਉਸ ਬ੍ਰਾਹਮਣ ਦੇ ਕਰਮ ਲੱਗੇ ਦੇਖਣ ਭਾਂ ਕਿਆ ਲਿਖਾ ਹੈ ਕਿ ਸਾਰੀ ਉਮਰ ਸੰਤਾਂ ਕਾ ਦਰਸ਼ਨ ਕਰਦਾ ਰਿਹਾ ਹੈ ਔਰ ਬਹੁਤ ਸੇ ਮਹਾਤਮੋਂ ਕੇ ਚਰਨਾਂਕੀ ਧੂੜੀ ਉਡਕਰ ਇਸਦੇ ਸ਼ਰੀਰਉਪਰ ਪੈਂਦੀ ਰਹੀਹੈ ਇਸ ਕਰਕੇ ਏਸ ਬ੍ਰਾਹਮਣ ਦਾ ਸ਼ਰੀਰ ਪਵਿਤ੍ਰ ਹੂਆ ਹੈ ਭਾਂ ਧਰਮਰਾਜਾਨੇ ਹੁਕਮਦੀਆ ਭਾਈ ਜਾਇਕਰ ਉਸਬ੍ਰਾਹਮਣ ਕਉ ਉਸ ਨਰਕ ਥੀਂ ਨਿਕਾਲ ਲੇਵੋ ਭਾਂ ਜਮਦੂਤਾਂ ਜਾਇ ਕਰ ਕਹਿਆ ਹੇਬ੍ਰਾਹਮਣ ਅਸਾਂ ਤੈਨੂੰ ਭੁੱਲ ਕਰ ਏਸ ਨਰਕ ਮੈਂ ਪਾਯਾਹੈ ਹੁਣ ਤੂੰ ਨਿਕਲ ਆਉ ਭਾਂ ਉਸ ਬ੍ਰਾਹਮਣ ਨੇ ਕਹਿਆ ਭ੍ਰਾਈ ਮੈਂ ਤਦ ਨਿਕਲਦਾ ਹਾਂ ਜਾਂ ਏਸ ਨਰਕ ਦੇ ਸਭ ਜੀਵ ਕੱਢੋ ਭਾਂ ਓਨਾਂਨੇ ਜਾਇਕਰ ਧਰਮਰਾਜਾ ਕੋ ਕਹਿਆ ਹੇ ਰਾਜਾਜੀ ਓਹਬ੍ਰਾਹਮਣ ਕਹਿੰਦਾਹੈ ਜੇਸਾਰਾ ਨਰਕਖਾਲੀਕਰੋ ਤਾਂਮੈਨਿਕਲਦਾ ਹਾਂ ਤਾਂ ਧਰਮਰਾਜਾ ਨੇ ਕਹਿਆ ਜਾਵੋ ਭਾਈ ਸਭ ਕਉ ਕੱਢ ਲਿਆਉ ਭਾਂ ਹੁਕਮ ਲੈਕੇ ਓਨਾਂ ਜਮਦੂਤਾਂਨੇ ਸਾਰਾਨਰਕ ਖਾਲੀ ਕੀਤਾ ਅਤੇਸਭਕੋ ਮਾਤਲੋਕ ਨੂੰ ਭੇਜਿਆ ਅਤੇ ਉਸ ਬ੍ਰਾਹਮਣ ਨੂੰ ਸਚਖੰਡ ਨੂੰ ਭੇਜਦਿਤਾ ਸ੍ਰੀ ਗੁਰੂ ਜੀ ਕੇ ਲੋਕ ਨੂੰ ਪ੍ਰਾਪਤ ਹੋਯਾ ਭਾਂ ਲਗਾ ਸ੍ਰੀ ਪਰਮੇਸ਼ਰ ਜੀ ਕਾ ਸਿਮਰਨ ਕਰਨ ਭਾਂ ਸ੍ਰੀ ਗੁਰੂ ਨਾਨਕ ਦੇਵ ਜੀ ਕਹਿਆ ਹੇ ਭਾਈ ਸਿੱਖੋ ਏਹ ਸ੍ਰੀ ਠਾਕਰ ਜੀਦੇ ਪਿਆਰਿਆਂ ਦੇ ਦਰਸ਼ਨ ਦਾ ਮਹਾਤਮ ਹੈ ਭਾਂ ਓਨਾਂ ਲੋਕਾਂ ਸ੍ਰੀਗੁਰੂ ਜੀਕੀ ਉਸਤਤ ਕੀਤੀਤੇ ਕਿਹਾ ਹੇਸਤਿਗੁਰੂਜੀ ਆਪਦੀ ਰਸਨਾਂਤੇ ਸੁਣਿਆਹੈ ਅਤੇ ਸਾਡਾ ਵੀ ਉਧਾਰਹੂਆਹੈ ਅਤੇਦੀਨਦਯਾਲਜੀ ਆਪਵਿਚ ਤੇਪਰਮੇਸ਼ਰਜੀਵਿੱਚਕੋਈਭੇਦ ਨਹੀਂ ਅਤੇ ਫੇਰ ਗੁਰੂਜੀ ਸ਼ਬਦ ਉਚਾਰਿਆ ॥ ਰਾਗ ਮਾਰੂ ਮਹਲਾ ੧ ॥ ਮੋਹਨੀ ਮੋਹ ਲੀਏ ਤ੍ਰੈ ਗੁਨੀਆ॥ਲੋਭ ਵਿਆਪੀ ਜੂਠੀ ਦੁਨੀਆ॥ਮੇਰੀਮੇਰੀਕਰਕੈ ਸੰਚੀ ਅੰਤਕੀ ਬਾਰ ਸਗਲ ਹੈਛਲੀਆ ॥ ੧ ॥ ਨਿਰਭਉ ਨਿਰੰਕਾਰ ਦਇਅਲੀਆ॥ ਜੀਅਜੰਤ ਸਗਲੇ ਪ੍ਰਭਪਲੀਆ ॥੧॥ਰਹਾਉ॥ ਏਕੈ ਸੁਮਕਰ ਗਾਡੀ ਗਡਹੈ ॥ ਏਕੈਸੁਪਨੈ ਦਾਮ ਨ ਛੱਡਹੈ ॥ ਰਾਜਕਮਾਇ ਕਰੀ ਜਿਨ ਥੈਲੀ ਤਾਕੈ ਸੰਗ ਨ ਚੰਚਲਚਲੀਆ॥੨॥ਏਕੈ ਪ੍ਰਾਂਨ ਪਿੰਡ ਤੇ ਪਿਆਰੀ॥ ਇਕ ਸੰਚੀ ਭਜਬਾਪਮਹਿਤਾਂਰੀ॥ਸੁਤ ਮੀਤ ਭ੍ਰਾਤ ਤੇ ਗੁਹਜੀ ਤਾਕੈ ਨਿਕਟਨ ਹੋਈ ਖਲੀਆ॥੩ ॥ ਹੋਇ ਅਉਧੂਤ ਬੈਠਾਲਾਇਤਾੜੀ ॥ ਜੋਗੀ ਜਤੀ ਪੰਡਤ ਬੀਚਾਰੀ ॥ ਗ੍ਰਿਹਮੜੀਮਸਾਣੀ ਬਨਮੇਂ ਬਸਤੇ ਊਠ ਤਿਨਾਂਕੇਲਾਗੀ ਪਲੀਆ॥੪॥ਕਾਟੇ ਬੰਧਨ ਠਾਕਰ ਜਾਕੇ॥ ਹਰਿਹਰਿ ਨਾਮ ਬਸਿਓ ਜੀਅ ਤਾਕੇ ॥ ਸਾਧਸੰਗ ਭਏ ਜਨ ਮੁਕਤੇ ਗਤਿਪਾਈ ਨਾਨਕ ਨਦਰ ਨਿਹ ਲੀਆ॥ ੫॥੧ ॥ ਉਸ ਵਕਤ ਸਭ ਸੰਗਤ ਸ੍ਰੀ ਗੁਰੂ ਜੀ ਕੇ ਪਾਸ ਬੈਠੀ ਸੀ ਅਤੇ ਉਸ ਸਮੇ ਇਕ ਖੱਤ੍ਰੀ ਵਿਚ ਬੈਠਾਸੀ ਅਤੇ ਚਾਰ ਕਰੋੜ ਰੁਪਿਆ ਪਾਸ ਜਮਾਂ ਰਖਦਾਸੀ ਅਤੇ ਦੇਂਦਾ

CC-0. Gurukul Kangri University Haridwar Collection. Di

INTERNET ABHINAV GAUR

ਕਿਸੇਨੂੰਨਹੀਂ ਸੀ ਅਤੇ ਸਨਬੰਧੀ ਉਸਕੇ ਵਿਰਲੇ ਰਹਿੰਦੇਸਨ ਤੇ ਧਰਮਦੇਰਸਤੇ ਵੀ ਇਕ ਕਉਡੀਨਹੀਂ ਸੀ ਲਾਉਂਦਾ ਤੇ ਨਾਕਿਸੇਮਿੱਤ੍ਰਕੋ ਦਿੰਦਾ ਸੀ ਤੇ ਨਾ ਕਿਸੇਸਤਸੰਗ ਦੇ ਰਸਤੇ ਖ਼ਰਚ ਕਰਦਾ ਸੀ ਤਾਂ ਇਕ ਦਿਨ ਉਸ ਖੱਤ੍ਰੀ ਨੇ ਸ਼ਬਦ ਸੁਣਿਆ ਤੇ ਸ਼ਬਦ ਸੁਣਕੇ ਬਹੁਤ ਕੰਬਿਆ ਔਰਭੈਕਉ ਪ੍ਰਾਪਤਹੁਆ ਅਤੇ ਵਿਚਾਰਕਰਕੇ ਸ੍ਰੀ ਗੁਰੂ ਜੀਕੇ ਚਰਨੀ ਆਇਲਗਾ ਅਤੇ ਅਰਦਾਸ ਕੀਤੀਉਸ ਨੇ ਸਤਿਗੁਰੂ ਜੀ ਮੇਰੇ ਤਾਈਂ ਕੋਈ ਉਪਦੇਸ਼ਕਰੋ ਜੋ ਮੇਰੀ ਵੀ ਕਲਿਆਨ ਹੋਵੈ ਤਾਂ ਸ੍ਰੀ ਗੁਰੂ ਜੀ ਨੇ ਕਹਿਆ ਸੁਣ ਭਾਈ ਇਕ ਤੇਰੇ ਜੈਸਾਖੱਤ੍ਰੀਸੀ ਓਹ ਭੀ ਬਹੁਤ ਪਦਾਰਥ ਰਖਦਾ ਸੀ ਤੇ ਕਿਸੇਕਾ ਵਿਸਾਹ ਨਹੀਂ ਕਰਦਾ ਸੀ ਅਤੇ ਜੋ ਉਸਨੇ ਕਸ਼ਟ ਪਾਯਾ ਹੈ ਸੋ ਤੇਰੇਤਾਈਂ ਸੁਨਾਉਂਦੇਹਾਂ ਉਸ ਪਾਸ ਜੋਹੜਾਪਦਾਰਥਹੈਸੀ ਉਸ ਉਪਰ ਉਹ ਰਾਤ ਦਿਨ ਬੈਠਾਰਹਿੰਦਾਸੀ ਕਿਸੇ ਨੂੰ ਪਾਸ ਨਹੀਂ ਸੀ ਆਉਣਦੇਂਦਾ ਨਾ ਕਿਸੇ ਕੋ ਖਵਾਵੇ ਤੇ ਨਾ ਆਪ ਖਾਵੇ ਐਸਾਕਸ਼ਟ ਸਹਾਰੈ ਪਰਉਸਕੀ ਰਾਖੀਕਰਦਿਆਂ ਬਹੁਤਕਾਲ ਗੁਜ਼ਰਿਆ ਤੇ ਉਸਦੀ ਉਮਰ ਪੂਰੀਹੋਈ ਤਾਂ ਨਿਰੰਕਾਰਜੀਕੀ ਆਗਿਆ ਹੂਈ ਕਿ ਓਸ ਧਨ ਵਾਲੇ ਕੋ ਜਾਇਕਰ ਲੈਆਉ ਤਾਂ ਜਮਦੂਤ ਧਰਮਰਾਜਾ ਕੀ ਆਗਿਆਪਾਇਕਰ ਓਸਧਨਵਾਲੇ ਕਉ ਆਇ ਕੇਸਾਂ ਤੇ ਪਕੜ ਕਰ ਪਟਕਾਯਾ ਤੇ ਉਸਦੇ ਮੂੰਹੋਂ ਏਹ ਨਿਕਲਿਆ ਕਿ ਹਾਇ ਹਾਇ ਤੁਸੀ ਕਉਨ ਮਾਰੇ ਵਖਤ ਦੇ ਉਸਦੇ ਮੂੰਹੋ ਰਾਮਨਾਮ ਵੀ ਨਾ ਨਿਕਲਿਆ ਤੇ ਕਹਿਨਲਗਾ ਭਾਈ ਤੁਸੀ ਕਉਣ ਹੋ ਤਾਂ ਦੂਤਾਂ ਕਹਿਆ ਭਾਈ ਅਸੀ ਧਰਮ ਰਾਜਾ ਦੇ ਦੂਤ ਹਾਂ ਅਰ ਤੇਰੇ ਕਉ ਧਰਮ ਰਾਜਾ ਦੇ ਪਾਸ ਲੈਚਲੇਂਗੇ ਤਾਂ ਓਸ ਧਨਾਢ ਨੇ ਕਹਿਆ ਭਾਈ ਤੁਸੀਂ ਮੇਰੀ ਏਕ ਬਾਤ ਤੋ ਸੁਨੋ ਤਾਂ ਜਮਦੂਤਾਂ ਨੇ ਆਖਿਆ ਕਹੁ ਭਾਈ ਕੀ ਆਖਦਾਹੈਂ ਤਾਂਓਸ ਧਨੀ ਨੇ ਕਹਿਆ ਭਾਈ ਤੁਸੀ ਮੇਰੇ ਪਾਸੋਂ ਚਉਥਾ ਹਿੱਸਾ ਧਨ ਕਾ ਲੇਵੋ ਅਤੇਮੇਰੇਕਉ ਛੋਡ ਦੇਉ ਤਾਂ ਓਨਾਂ ਜਮਦੂਤਾਂ ਨੇ ਓਸ ਧਨੀ ਕੋ ਖੂਬ ਪੀਟਾ ਔਰ ਘਸੀਟਿਆ ਤਾਂ ਫੇਰ ਧਨੀ ਨੇ ਕਹਿਆ ਭਾਈ ਤੁਮ ਮੇਰਾ ਆਧਾ ਧਨ ਲੇਵੋ ਔਰਮੁਝੇਛੋਡਦੇਵੋਤਾਂਉਨੋਂਨੇਕਹਾਕਿਭਾਈ ਹਮ ਤੇਰੇਕਉ ਲੈ ਹੀ ਜਾਵੇਂਗੇ ਔਰਧਨ ਹਮਾਰੇ ਕਿਸੇਕਾਮ ਨਹੀਂ ਤਾਂ ਉਸਨੇਕਹਿਆ ਭਲਾਜੀ ਤੁਸੀ ਤੀਨ ਹਿੱਸੇ ਲੇਜਾਵੋ ਅਤੇ ਮੇਰੇ ਕੋ ਛੋਡ ਜਾਵੋ ਤਾਂਉਨ੍ਹਾਂ ਜਮਦੂਤਾਂ ਨੇਉਸਕਉਬਹੁਤ ਕਸ਼ਟ ਦੀਆ ਨਾਲੇਮਾਰਿਆ ਤੇਘਸੀਟਿਆ ਤੇ ਫੇਰ ਓਸਧਨੀਨੇ ਉਨ੍ਹਾਂਕਉਕਹਿਆਭਾਈ ਤੁਸੀ ਮੇਰਾਸੰਪੂਰਨ ਧਨਲੈਜਾਵੋ ਔਰ ਮੇਰੇ ਭਾਈਂ ਛੋਡਜਾਓ ਤਾਂ ਓਨਾਂ ਜਮਦੂਤਾਂ ਕਹਿਆ ਭਾਈ ਤੂੰ ਖਪਤੀ ਹੋਂ ਗਿਆ ਹੈਂ ਏਹ ਧਨ ਕਿਆ ਜੋ ਸਾਰੀ ਪ੍ਰਿਥਵੀ ਕਾ ਧਨ ਅਤੇ ਸਾਰੀ ਧਰਤੀ ਕਾ ਰਾਜ ਵੀ ਹਮਾਰੇਕਉ ਦੇਵੇਂ ਤਾਂ ਭੀ ਸਾਡੇ ਕਿਸੇਕਾਮਨਾਹੀਂ ਅਸਾਂਤਾਂਤੈਂਰੇਤਾਈਂ ਖੜਨਾ ਹੈ ਜਿਸਤਰ੍ਹਾਂ ਜਾਵੇਂ ਤਾਂ ਛੋਡੇਂਗੇ ਨਾਹੀਂ ਤਾਂ ਓਸ ਧਨੀ ਨੇ ਕਹਿਆ ਭ੍ਰਾਈ ਧੁਆਨੂੰ ਸ੍ਰੀ ਪਰਮੇਸ਼ਰ ਜੀਦਾ ਵਾਸਤਾਹੈ ਮੈਨੂੰਦੋ ਚਾਰ ਬਾਤਾਂ ਏਸ ਲੱਛਮੀਨਾਲਕਰਲੈਨਦਿਓ ਤਾਂ ਓਨਾਂ ਜਮਦੂਤਾਂ ਨੇ ਉਸ ਧਨੀ ਕੋ ਉਸ ਮਾਯਾ ਕੇ ਪਾਸ ਲੈਜਾਇ ਖੜਾ ਕੀਤਾ ਤਾਂ ਓਸ

CC-0. Gurukul Kangri University Haridwar Collection. Digitized by S3 Foundation USA

ਸ਼ਾਹੁਕਾਰ ਨੇ ਓਸ ਪਦਾਰਥ ਦੇ ਪਾਸ ਜਾਇਕਰ ਕਹਾ ਹੇ ਲੱਛਮੀ ਮੈਨੇ ਤੇਰੀ ਬੜੀ ਸੇਵਾ ਕਰੀ ਅਰ ਸਭਸੇ ਮੈਂ ਤੁਝੇ ਪਜਾਰੀ ਜਾਨਤਾ ਥਾ ਔਰ ਤੁਝੇ ਕਬੀ ਖਰਚਿਆ ਭੀ ਨਹੀਂ ਥਾ ਜੋ ਏਹ ਕਮਤੀ ਨਾ ਹੋਜਾਵੈ ਔਰ ਰਾਤ ਦਿਨ ਤੇਰੀ ਰਾਖੀ ਕਰਦਾ ਰਿਹਾਹਾਂ ਅਤੇ ਜਾਨ ਸੇ ਪਜਾਰੀ ਰਖਦਾ ਸਾਂ ਕਿਉਂਕਿ ਅੰਤ ਦੇ ਵਖ਼ਤ ਮੇਰੇ ਕੰਮ ਆਵੇਗੀ ਔਖੀ ਵੇਲੇ ਮੇਰੀ ਸਹਾਇਤਾ ਕਰੇਗੀ ਔਰ ਦੇਖ ਲੱਛਮੀ ਮੈਂ ਨਾ ਤੈਨੂੰ ਖਾਧਾ ਅਤੇ ਨਾ ਕਿਸੇ ਨੂੰ ਖਵਾਯਾ ਫੇਰ ਜਦ ਤੋਂ ਤੈਨੂੰ ਮੈਂ ਸਾਂਭਿਆ ਹੈ ਤਦ ਤੋਂ ਪਿਛੇ ਇਕ ਪੈਸਾਭੀ ਤੇਰੇ ਸੇ ਨਹੀਂ ਖਰਚਿਆ ਸਗੋਂ ਜਿਉਂ ਤਿਉਂ ਕਰ ਕੇ ਦੁਛ ਪਾਧਾ ਹੋਵੇਗਾ ਅ ਆਪਨਾ ਸਰੀਰ ਸੁਕਾਇ ਛੱਡਿਆ ਪਰ ਤੇਰੇ ਤਾਂਈਂ ਖਰਚਿਆ ਨਾਹੀਂ ਕਿ ਅੰਤਦੇ ਵਖਤ ਮੇਰੀ ਸਹਾਇਤਾ ਕਰੇਗੀ ਔਰ ਜਿਤਨਾਂ ਚਿਰ ਮੈਂ ਜੀਵਨਾ ਤਿਤਨਾ ਚਿਰ ਤੇਰੇ ਅਰਥ ਹੀ ਦੇਹ ਸੁਕਾਈ ਤੇ ਸਬਤੇ ਤੈਨੂੰ ਅਧਕ ਜਾਨਦਾ ਸਾਂ ਅਰ ਹੋਰ ਤਾਂ ਸਬ ਕੁਛ ਤੇਰਾ ਰਿਹਾ ਪਰ ਤੂੰ ਮੇਰੇ ਨਾਲ ਚਾਰ ਕਦਮ ਤੁਰ ਕਰ ਵਿਦਆ ਤੋ ਕਰਤੀ॥ਤਾਂ ਲੱਛਮੀ ਬੋਲੀ ਸੁਣ ਪਾਪੀ ਅਧਮ ਤੇ ਅਧ ਮਤੈਨੇ ਮੇਰੇ ਕਰਕੇ ਇਸ ਸੰਸਾਰ ਵਿਖੇ ਕੋਈ ਉਤਮ ਕਾਮ ਨਹੀਂ ਕੀਆ ਅਤੇ ਨਾ ਕਿਸੇ ਮਿਤ੍ਰ ਪਿਆਰ ਦੇ ਅਰਥ ਮੈਨੂੰ ਖਰਚਿਆ ਅਤੇ ਨਾ ਕਿਸੇ ਸਰਬੰਧੀ ਕੇ ਕਾਰਜ ਮੈਂ ਮੁਝੇ ਲਗਾਯਾ ਤੇ ਨਾ ਕੋਈ ਗੁਰੂ ਅਰ ਪਣ ਜੱਗ ਕੀਆ ਨਾਂ ਕੋਈ ਖੂਹ ਬਾਵਲੀ ਲਵਾਯਾ ਨਾ ਕਿਸੇ ਅਤਿਥ ਕਾ ਆਤਮਾ ਪਰਸੰਨ ਕੀਆ ਅਤੇ ਨਾ ਕਿਸੇ ਕੋ ਸੀਤ ਨਿਵਾਰਨ ਕੇ ਕਾਰਨ ਬਸਤਰ ਬਨਵਾਇ ਦੀਆ ਔਰ ਨਾ ਕਿਸੇ ਗਰੀਬ ਕੋ ਪੈਰਾਂ ਮੇਂ ਜੋੜਾ ਛੜਵਾਇ ਦਿਤਾ ਅਤੇ ਹੇ ਦੁਸ਼ਟ ਨਾ ਕੋਈ ਬਾਗ਼ ਹੀ ਲਵਾਯਾ ਮੇਰੇ ਕਰਕੇ ਅਤੇ ਨਾ ਕਿਸੇ ਧੀ ਭੈਣ ਦੇ ਕਾਰਜ ਮੇਰੇ ਕਉ ਤੂੰ ਖਰਚਿਆ ਔਰ ਨਾ ਤੈਨੇ ਭੁਖੇ ਕੋ ਅੰਨ ਖੁਵਾਯਾ ਅਰੇ ਮਹਾਂ ਪਾਪੀ ਤੈਨੇ ਔਰ ਤੋ ਛੋਡਿਆ ਫਕਤ ਆਪਨੇ ਆਤਮੇ ਕਉ ਐਸਾ ਤਰਸਾਯਾ ਹੈ ਕਿ ਕੋਈ ਪਦਾਰਥ ਨਹੀਂ ਲੈ ਦੀਆ ਜੋ ਜਿਸ ਕਰਕੇ ਰੂਹ ਪ੍ਰਸੰਨ ਰਹੇ ਤੈਨੇ ਸੋ ਕਾਮ ਭੀ ਨਹੀਂ ਕੀਆ ਅਰੇ ਦੁਸ਼ਟ ਜੇ ਕਦਾਚਿੱਤ ਤੂੰ ਕੋਈ ਕਰਮ ਉਤਮ ਕਰਦਾ ਤਾਂ ਮੈਂ ਅਬ ਤੇਰੇ ਕਉ ਬੈਕੁੰਠ ਵਿਖੇ ਨਰਨਾਰਾਇਣ ਕੇ ਚਰਨੋਂ ਵਿਖੇ ਲੈ ਚਲਦੀ ਔਰ ਤੇਰੀ ਸਦਗਤੀ ਦੀ ਕਰਵਾਤੀ ਅਰੇ ਪਾਪੀ ਜੈਸੇ ਤੂੰ ਮੇਰੇ ਤਾਂਈਂ ਧਰਤੀ ਮੇਂ ਗੜ੍ਹਾ ਖੋਦ ਕਰ ਦਬਾਯਾ ਹੈ ਤੈਸੇ ਹੀ ਮੈਂ ਤੇਰੇ ਤਾਂਈਂ ਮਹਾਂ ਘੋਰ ਨਰਕ ਵਿਖੇ ਸੁਟਾਊਂਗੀ ਏਹ ਕਹਿਕਰ ਲੱਛਮੀ ਅੰਤਰਧਯਾਨ ਹੋਗਈ ਅਤੇ ਓਹ ਧਨੀ ਚੁਪ ਕਰ ਗਿਆ ਅਤੇ ਜਮਦੂਤ ਉਸਨੂੰ ਪਕੜਕਰ ਮਾਰਤੇ ਘਸੀਟਤੇ ਸ੍ਰੀ ਧਰਮਰਾਜਾ ਕੇ ਪਾਸ ਲੈ ਗਏ ਤਾਂਤੇ ਧਰਮਰਾਜ ਨੇ ਉਸ ਖੱਤ੍ਰੀ ਕੋ ਘੋਰ ਨਰਕ ਵਿਖੇ ਡਾਲਦੀਆ ਅਤੇ ਸ੍ਰੀ ਗੁਰੂ ਨਾਨਕ ਜੀ ਕਹੈਂ ਹੇ ਭਾਈ ਸਿੱਖੋ ਜੋ ਕੋਈ ਮਾਯਾ ਕੋਇ ਸਤਰਾਂਦ ਬਾਵੇਗਾ ਅਥਵਾ ਨਾ ਖਰਚੇਗਾ ਸੋ ਭਾਈ ਸਿਖੋ ਤਿਸਕਾ ਅੰਤ ਕਾ ਵਕਤ ਐਸਾਹੀ ਹੋਵੇਗਾ ਜਾਂ ਏਹ ਅਧਯਾਸ ਸ੍ਰੀ ਗੁਰੂ ਜੀ ਉਚਾਰਨ ਕੀਤਾ ਤਾਂ ਓਹ ਸਿਖ ਸੁਣਕਰ ਬਹੁਤ ਭੈ ਕਉ ਪ੍ਰਾਪਤ ਹੁਆ ਅਤੇ ਕੈਹਨ ਲਗਾ ਹੇ ਦੀਨ ਬੰਧੂ ਜੀ ਮੇਰੇ ਉਪਰ ਆਪ ਮੇਹਰਬਾਨੀ ਕਰੋ ਜੀ ਤਾਂ ਸ੍ਰੀ ਗੁਰੂ ਜੀ ਕਹਿਆ ਹੇ ਭਾਈ ਸਿਖਾ ਜੇ ਕਰ ਤੂੰ ਅਪਨੀ

CC-0. Gurukul Kangri University Haridwar Collection.

ABHINAV GAUR

ਕਲਿਆਨ ਚਾਹੁੰਦਾਹੈਂ ਭਾਂ ਇਕ ਧਰਮਸਾਲ ਬਣਾਓ ਤਿਸਦੇਵਿਖੇ ਜੋ ਸੰਤਮਹਾਤਮਾਅਭਿਆਗਤ ਆਵੇ ਉਸਦੀ ਮਨ ਕਰਕੇ ਧਨ ਕਰਕੇ ਤਨ ਕਰਕੇ ਸੇਵਾਕਰਨੀ ਔਰ ਗੋਬਿੰਦਜੀ ਕਾ ਸਿਮਰਨ ਕਰਨਾ ਅਤੇ ਸੁਨਣਾ ਵੀ ਔਰ ਧਰਮ ਦੀਕਿਰਤ ਕਰਨੀ ਅਤੇ ਜੋ ਲਾਭ ਹੋਵੇ ਉਸਮੇਂ ਸੇ ਦਸਵਾਂ ਹਿੱਸਾ ਸ੍ਰੀ ਨਾਰਾਇਣ ਦੇ ਨਮਿੱਤ ਖੁਲਾਇ ਦੇਣਾ ਭਾਂ ਤੇਰੀ ਕਲਿਆਣ ਹੋਵੇਗੀ ਹੇ ਭਾਈ ਏਹ ਮਾਯਾ ਮੋਹਨੀ ਹੈ ਜਿਸਨੇਇਸਨੂੰ ਆਪਣੀ ਜਾਣਕੇ ਸੰਚਿਆਹੈ ਤਿਸਦਾ ਅੰਤ ਸਮੇਂ ਕਦਾਚਿਤ ਨਹੀਂ ਕਾਮ ਆਤੀ ਸਗੋਂ ਇਸ ਜੀਵਨੂੰ ਨਰਕਵਿਖੇ ਗਿਰਾਤੀਹੈ ਅਤੇ ਏਹ ਮਾਯਾ ਛਲ ਰੂਪਹੈ ਅਤੇ ਜੋ ਜੀਅਜੰਤ ਹੈਂ ਸਭਦੀ ਪਾਲਣਾਂ ਮਾਯਾਹੀ ਕਰਦੀਹੈ ਅਤੇ ਜੋ ਪੁਰਖ ਇਸਨੂੰ ਸ੍ਰੀ ਪਰਮੇਸ਼ਰ ਦੇ ਅਰਪਨ ਕਾਵੇ ਹੈ ਤਿਸਦੀ ਲੋਕ ਪਰਲੋਕਵਿਖੇ ਸਹਾਇਤਾ ਕਰਦੀ ਹੈ ਏਹ ਉਪਦੇਸ਼ ਕਰਕੇ ਸ੍ਰੀ ਗੁਰੂਜੀ ਓਥੋਂ ਚਲਦੇ ਰਹੇ॥ ਬੋਲੋ ਭਾਈ ਜੀ ਵਾਹਿਗੁਰੂ॥੫੦॥

ਅੱਗੇ ਸਾਖੀ ਬਘਿਆੜ ਦੇ ਪ੍ਰਥਾਇ ਹੋਈ

ਇਕ ਦਿਨ ਸ੍ਰੀ ਗੁਰੂਨਾਨਕ ਜੀ ਇਕ ਸਮੁੰਦਰ ਦੇ ਕਿਨਾਰੇ ਉਪਰ ਬੈਠੇ ਸੇ ਅਰ ਮਰਦਾਨਾ ਅੱਗੇ ਬੈਠਾ ਸ਼ਬਦ ਪੜ੍ਹਦਾ ਸੀ ਅਤੇ ਪਾਸ ਮੈਂ ਭੀ ਬੈਠਾ ਸਾਂ ਤਾਂ ਓਥੋਂ ਥੋੜ੍ਹੀ ਦੂਰ ਇਕ ਮਿਰਤਕ ਪਇਆ ਸੀ ਤਾਂ ਓਸ ਮਿਰਤਕ ਨੂੰ ਦੇਖਕਰ ਬਘਿਆੜ ਆਯਾ ਤੇ ਉਸ ਮਿਰਤਕ ਨੂੰ ਦੇਖਕਰ ਮੁੜਪਿਆ ਥੋੜ੍ਹੀ ਦੂਰ ਜਾਇਕਰ ਫੇਰ ਉਸਦਾਰਿਦਾ ਤੇ ਮਸਤਕ ਸੁੰਘਿਆ ਤੇ ਮੁੜ ਗਿਆ ਫੇਰ ਮਿਰਤਕ ਦੇ ਹੱਥ ਪੈਰ ਸੁੰਘਕੇ ਹਟਗਿਆ ਤੇ ਫੇਰ ਉਸ ਮਿਰਤਕ ਦੇ ਕੰਨ ਅਤੇ ਰਸਨਾ ਸੁੰਘਕਰ ਚਲਾਗਿਆ ਭਾਂ ਏਹ ਤਮਾਸ਼ਾ ਮਰਦਾਨੇ ਦੇਖਿਆ ਅਤੇ ਸ੍ਰੀ ਗੁਰੂਜੀ ਦੇ ਅੱਗੇ ਅਰਦਾਸ ਕੀਤੀ ਹੇ ਗਰੀਬਨਿਵਾਜ਼ ਜੀ ਏਹ ਬਘਿਆੜ ਭੁੱਖਾ ਹੈ ਅਤੇ ਮਿਰਤਕ ਕੋ ਕਈਵਾਰ ਸੁੰਘ ਸੁੰਘ ਕਰ ਮੁੜ ਗਿਆ ਹੈ ਏਹ ਕਿਆ ਕਾਰਣ ਹੈ ਏਹ ਅਰਜ਼ ਮਰਦਾਨੇ ਦੀ ਸੁਣਕਰ ਸ੍ਰੀ ਗੁਰੂ ਨਾਨਕ ਦੇਵ ਜੀ ਸਰਬ ਸ਼ਕਤੀਸਮਰੱਥ ਉਸ ਬਘਿਆੜ ਕਉ ਬੁਲਾਇਆ ਅਤੇ ਕਹਾ ਹੇ ਬਘਿਆੜ ਤੂੰ ਖੁਧਾਵੰਤ ਹੋਇਕੇ ਏਸਮਿਰਤਕ ਦਾ ਮਾਸਕਿਉਂ ਨਹੀਂ ਖਾਂਦਾ ਤਾਂ ਉਸ ਬਘਿਆੜਨੇ ਕਹਿਆ ਹੇ ਮਹਾਂਪੁਰਖਜੀ ਆਪਦੇ ਦਰਸ਼ਨ ਕਰਨ ਦਾ ਸਦਕਾ ਮੇਰਾ ਰਿਦਾ ਸੁਧ ਹੋਇਗਿਆ ਹੈ ਅਤੇ ਮੈਂ ਨੇ ਇਸ ਮਿਰਤਕ ਦੇ ਸੰਪੂਰਨ ਅੰਗ ਸੁੰਘਕਰ ਦੇਖੇ ਹੈਨ ਇਸ ਮਿਰਤਕ ਦਾ ਇਕ ਅੰਗ ਭੀ ਸਕਾਰਥ ਨਹੀਂ ਦੇਖਿਆ ਜੀ ਕਿਉਂਕਿ ਇਸਨੇ ਰਸਨਾ ਕਰਕੇ ਗੋਬਿੰਦ ਕਾ ਭਜਨ ਨਹੀਂ ਕੀਆ ਅਤੇ ਸ੍ਰਵਣਾਂ ਕਰਕੇ ਕਦੀ ਕੋਈ ਕਥਾ ਬਾਰਤਾ ਪਰਮੇਸ਼ਰ ਕਾ ਗੁਣਾਬਾਦ ਨਹੀਂ ਸੁਣਿਆ ਔਰ ਚਰਨਾਂ ਕਰਕੇ ਕਦੀ ਏਹ ਕਿਸੇ ਗੁਰੂਦੁਆਰੇ ਅਥਵਾ ਕਿਸੇ ਧਰਮਸਾਲਾ ਨਹੀਂ ਗਿਆ ਅਤੇ ਨਾ ਕਿਸੇ ਤੀਰਥ ਪਰ ਜਾਇਕਰ ਇਸਨੇ ਅਪਨਾ ਮਸਤਕ ਟੇਕਿਆ ਹੈ ਔਰ ਨਾ ਰਿਦੇ ਕਰਕੇ ਕਿਸੇ ਦਾ ਪਰਸੁਆਰਥ ਹੀ ਕੀਤਾ ਹੈ ਅਤੇ ਨਾ ਹੱਥਾਂ ਕਰਕੇ ਕੁਛ ਪੁੰਨਕੀਤਾਹੈ ਅਤੇ ਨਾ ਕਿਸੇ ਸੰਤ ਮਹਾਤਮਾਦੀ ਸੇਵਾ ਟਹਿਲ ਕੀਤੀ ਹੈ ਹੇ ਦੀਨਬੰਧੂ ਜੀ ਮੈਂ ਸਭ ਇਸਦੇ ਅੰਗ ਦੇਖੇ ਹੈਨ ਕੋਈ ਵੀ ਸਕਾਰਥ ਨਹੀਂ ਜੀ ਤਾਂਤੇ ਮੈਂ ਸਮਝਿਆਹੈ ਕਿ ਓ

CC-0. Gurukul Kangri University Haridwar Collection. Digitized by S3 Foundation USA

ਕੋਈ ਇਸਦਾ ਮਾਸ ਖਾਵੇਗਾ ਓਹਅਧੋਗਤੀ ਕੋ ਪਰਾਪਤ ਹੋਵੇਗਾ ਭਾਂਤੇ ਹੇ ਮਹਾਂਪੁਰਖ ਜੀ ਇਸਦੇ ਮਾਸ ਨਾਲੋਂ ਖੁਧਿਆ ਕਰਕੇ ਮਰਜਾਣਾ ਚੰਗਾ ਹੈ ਪਰ ਐਸੇ ਦੁਸ਼ਟ ਦਾ ਮਾਸ ਖਾਣਾ ਮਹਾਂ ਪਾਪਾਂ ਦਾ ਕਾਰਣ ਹੈ ਜਾਂ ਏਹ ਬਾਤ ਉਸ ਬਘਿਆੜ ਦੀ ਸੁਣੀ ਤਾਂ ਸ੍ਰੀ ਗੁਰੂ ਜੀਨੇ ਕ੍ਰਿਪਾ ਦ੍ਰਿਸ਼ਟੀ ਉਨ੍ਹੋਂ ਪਰ ਕਰੀ ਤਾਂ ਉਸ ਮਿਰਤਕਦੀ ਅਤੇ ਬ੍ਰਘਿਆੜ ਦੀ ਕਲਿਆਣ ਹੋਇਗਈ ਤਾਂ ਫੇਰ ਸ੍ਰੀ ਗੁਰੂਨਾਨਕ ਜੀਕਹਿਆ ਹੇ ਮਰਦਾਨਿਆਂ ਜੋ ਪ੍ਰਾਣੀ ਮਨੁੱਖ ਜਨਮ ਧਾਰਣ ਕਰਤੇਹੈਂ ਅਤੇ ਸਤਸੰਗ ਨਹੀਂਕਰਤੇ ਉਨਕਾਹੋਣਾਹੀ ਨਿਹਫਲਹੈਅਤੇਏਸਪ੍ਰਾਣੀ ਕੋਨਿਰੰਕਾਰ ਮਨੁੱਖਜਨਮ ਜੋ ਦੇਂਦਾਹੈ ਸੋਕੇਵਲ ਸਤਸੰਗ ਔਰ ਸੰਤਾਂਕੀ ਸੇਵਾਤੇ ਨਾਮ ਕਾ ਜਪਣਾ ਇਸੀਵਾਸਤੇ ਮਨੁੱਖਦੇਹੀ ਮਿਲਤੀਹੈ ਪਰ ਹੇਮਰਦਾਨਾ ਜੋ ਐਸਾ ਅਮੋਲਕਜਨਮ ਪਾਇਕਰ ਸਤਸੰਗ ਨਹੀਂ ਕਰਦੇ ਉਨ ਪੁਰਸ਼ੋਂ ਕੀ ਗਤੀ ਨਹੀਂ ਹੋਵੇਗੀ ਤਾਂ ਓਥੋਂ ਸ੍ਰੀ ਮਹਾਰਾਜ ਓਨਾਂਦੀ ਗਤੀ ਕਰਕੇ ਚਲਦੇਰਹੇ ਤਾਂਮਰਦਾਨੇ ਸ੍ਰੀਗੁਰੂਜੀਅੱਗੇ ਮੱਥਾਟੇਕਿਆ ॥ ਬੋਲੋ ਭਾਈਜੀ ਵਾਹਿਗੁਰੂ ॥ ੧੫੧ ॥

ਆਗੇ ਸਾਖੀ ਰਾਕਸ਼ਾਂ ਨਾਲ ਹੋਈ

ਆਗੇ ਜਾਂਦੇ ਜਾਂਦੇ ਇਕ ਬੜਾ ਭਾਰੀ ਜੰਗਲ ਆਯਾ ਉਸ ਜੰਗਲ ਦੇ ਵਿਚ ਸ੍ਰੀਗੁਰੂਜੀ ਜਾਇਕਰ ਬੈਠ ਗਏ ਤਾਂ ਭਾਈ ਮਰਦਾਨਾ ਅਤੇ ਨਾਲ ਮੈਂ ਜਾਂ ਥੋੜੀ ਦੇਰ ਹੂਈ ਤਾਂ ਉਸ ਜੰਗਲਦੇ ਵਿਚ ਬਹੁਤਸਾਰੇ ਰਾਕਸ਼ ਫਿਰਦੇ ਨਜ਼ਰੀਂ ਆਏ ਤੇ ਮਰਦਾਨੇ ਦਾ ਮੁਖ ਜ਼ਰਦ ਹੋਇਗਿਆ ਤਾਂ ਸ੍ਰੀ ਗੁਰੂਜੀ ਕਹਿਆ ਮਰਦਾਨਿਆਂ ਕਿਆ ਹੂਆਹੈ ਤਾਂ ਮਰਦਾਨੇਕਹਿਆ ਗੁਰੂਜੀ ਏਹ ਬਲਾਈਂ ਆਈਆਂਹੈਂ ਅਸਾਨੂੰ ਖਾਇਜਾਸਨ ਅਤੇਤੈਨੂੰ ਨਕਿਸੇਦਾਛਰ ਅਤੇ ਨਾਤੈਨੂੰ ਕੋਈਮਾਰਸੀ ਅਤੇਸਾਡਾ ਜੀਵਣ ਰਹਿਆ ਤਾਂ ਸ੍ਰੀਗੁਰੂਜੀ ਕਹਿਆ ਮਰਦਾਨਿਆਂ ਰਬਾਬ ਵਜਾਇ ਅਤੇ ਸ਼ਬਦਪੜ੍ਹੁਤੇਰੇ ਨੇੜੇਨਾਹੀਂ ਆਂਵਦੇਅਤੇ ਡਰਮਤ ਤਾਂ ਮਰਦਾਨਾ ਸ੍ਰੀ ਗੁਰੂਜੀ ਦਾ ਬਚਨ ਸੁਣਕਰ ਲੱਗਾਰਬਾਬਵਜਾਵਨ ਅਤੇ ਸ਼ਬਦਪੜ੍ਹਨਜਦਓਨਾਂ ਰਾਕਸ਼ਾਂ ਇਨ੍ਹਾਂਨੂੰ ਡਿੱਠਾ ਤੇ ਆਖਣਲੱਗੇ ਵਾਹਰੱਬਾਅਸਾਡਾ ਅਹਾਰਆਯਾਹੈਅਤੇ ਜੋਹੜਾ ਓਹਨਾਂਦਾ ਸਰਦਾਰ ਸੀ ਉਸਦਾ ਵਡਾਸਰੀਰ ਤੇ ਕਾਲਾਮੂੰਹ ਵਿਚ ਬੜੇਬੜੇ ਦੰਦ ਅਤੇਪਿੰਡੇ ਉਪਰ ਖਾਲ ਓਹਭੀ ਦੇਖਕਰਕਹਿਨਲੱਗਾ ਚਲੋਭਾਈ ਮਨੁੱਖਾਂਦਾ ਮਾਸਖਾਵੋਜਦ ਓਹਨੇਰੇਆਏ ਅਤੇ ਸ਼ਬਦ ਦੀ ਅਵਾਜ ਕੰਨੀਂ ਪਈ ਤਾਂਓਨਾਂਦਾਮਨਸ਼ਾਂਤਹੋਇਗਿਆਤੇਪਾਸਆਣਆਣ ਬਹਿੰਦੇ ਜਾਵਨ ਜਾਂਸ਼ਬਦਦਾ ਭੋਗਪਾਯਾਤਾਂਓਨਾਂਸ੍ਰੀਗੁਰੂਜੀ ਅੱਗੇ ਮੱਥਾਟੇਕਿਆ ਅਤੇ ਓਹ ਸਰਦਾਰਕਹਿਣ ਲੱਗਾ ਹੇਸੰਤਜੀ ਅਸੀ ਤਾਮਸ ਸਰੀਰ ਹਾਂ ਅਤੇ ਮਨੁੱਖਾਂਦਾਮਾਸ ਅਸੀ ਖਾਨੇਹਾਂਜਦ ਤੁਹਾਡਾ ਦਰਸ਼ਨ ਕੀਤਾਹੈ ਤੇਓਸੇਵਕਤ ਸਾਡਾ ਮਨ ਸ਼ਾਂਤ ਹੋਇਗਿਆ ਔਰ ਅਸਾਂ ਜਾਨਿਆਹੈ ਕਿਆਪਦੇ ਸ਼ਬਦ ਕਰਕੇ ਸਾਡੀ ਗਤੀਹੋਵੇਗੀਜੀ ਅਰ ਹੇਸੰਤਜੀਆਪ ਮਿਹਰਬਾਨੀ ਕਰਕੇ ਸਾਡੀਮੁਕਤ ਕਰੋਜੀ ਅਤੇਧੁਵਾਡੇਦਰਬਾਰ ਵਿੱਚ ਏਹਗੁਣਹੈ ਜੋਆਏ

CC-0. Gurukul Kangri University Haridwar Collection. Di

ES OF INTERNET // ABHINAV GAUR //
OUTH

ਸਾਂ ਮਾਰਨ ਵਾਸਤੇ ਤੇ ਦਰਸ਼ਨ ਕਰਨ ਨਾਲ ਅਸੀ ਤ੍ਰਿਪਤ ਹੋਇ ਗਏ ਹਾਂ ਤੇ ਅਸਾਂ ਜਾਣਿਆਹੈ ਜੋ ਧੁਵਾਡੇ ਪਾਸੋਂ ਸਾਡੀ ਕਲਿਆਣ ਹੋਵੇਗੀਹੇਸੰਤਜੀ ਤੁਸੀਦਯਾਦੇ ਸਮੁੰਦਰ ਹੋ ਅਤੇ ਸਾਡੀ ਮੁਕਤ ਕਰੋਜੀ ਤਾਂ ਸ੍ਰੀ ਬਾਬੇਜੀ ਕਹਿਆ ਭਾਈ ਤੁਸੀ ਸੱਤਨਾਮ ਦਾ ਜਾਪ ਜਪੋਅਤੇ ਹਾਰੂਸ਼ਹਿਰਵਿੱਚ ਜਾਓ ਓਥੇਅਸੀਸਿੱਖੀ ਦ੍ਰਿੜ੍ਹਾਇਆਏਹਾਂ ਤੇ ਹਾਰੂ ਸ਼ਹਿਰ ਵਿੱਚ ਜਾਇਕਰ ਧਰਮਸਾਲਵਿੱਚ ਟਹਿਲ ਕਰਿਆਕਰਹੁ ਅਤੇ ਨਾਮਜਪਿਆਕਰਹੁ ਤਾਂ ਧੁਵਾਡੀ ਗਤੀ ਹੋਵੇਗੀ ਅਤੇ ਓਥੋਂ ਕੜਾਹ ਪ੍ਰਸ਼ਾਦ ਲੈਕੇ ਖਾਣਾ ਤਾਂ ਮੁਕਤ ਹੋਵੇਗੀ ਏਹ ਉਪਦੇਸ਼ ਕਰਕੇ ਓਥੋਂ ਸ੍ਰੀ ਗੁਰੂ ਜੀ ਚਲਦੇ ਰਹੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੫੨ ॥

ਆਗੇ ਸਾਖੀ ਸਿੱਧਾਂ ਨਾਲ ਹੋਈ

ਇਕਦਿਨ ਸ੍ਰੀਗੁਰੂ ਨਾਨਕਜੀ ਬੈਠੇ ਸਨ ਤਾਂ ਮਰਦਾਨੇ ਕਹਿਆ ਹੇ ਗੁਰੂਜੀ ਜੋ ਗੋਰਖਦੇ ਤਪ ਦੀ ਜਾਹਗਾ ਹੈ ਜਿੱਥੇ ਗੋਰਖਨਾਥ ਨੇ ਤਿਲ ਖਾਇ ਕੇ ਤਪ ਕੀਤਾਹੈ ਜਿਸਦਾ ਨਾਮ ਤਿਲਰੀਜ ਰੱਖਿਆ ਹੈ ਜੇਕਰ ਗੁਰੂਜੀ ਓਥੇ ਚਲੋ ਤਾਂ ਦਰਸ਼ਨ ਕਰਚਲੀਏ ਜੀ ਤਾਂ ਸ੍ਰੀ ਗੁਰੂ ਨਾਨਕਜੀ ਕਹਿਆ ਚਲੋ ਭਾਈਬਾਲਾ ਤੇ ਮਰਦਾਨਾ ਓਥੇਚਲੀਏ ਤਾਂਅਸਾਂ ਕਹਿਆ ਚਲੋਜੀ ਤਾਂਸ੍ਰੀਬਾਬਾਜੀਕਹਿਆਭਾਈਤੁਸੀਅੱਖੀਂ ਮੀਟੋਜਾਂਅੱਖੀਂ ਮੀਟਕੇਖੋਲ੍ਹੀਆਂ ਤੇ ਦੇਖੀਏ ਜੋ ਤਿਲਰੀਜਬੈਠੇਹਾਂ ਤਾਂ ਸ੍ਰੀਗੁਰੂਆਸਣਲਾਇਕਰਬੈਠਗਏਅਤੇ ਸਭ ਸਿੱਧ ਆਇ ਮਿਲੇ ਤੇ ਅਦੇਸ ਕੀਤੀਓਨੇ ਤਾਂ ਸ੍ਰੀ ਗੁਰੂ ਜੀ ਕਹਿਆ ਆਦਪੁਰਖ ਕਉ ਆਦੇਸ ਤਾਂ ਬਾਬੇ ਜੀ ਕਹਿਆ ਆਓ ਸਿੱਧੋ ਜਤੀਓ ਨਾਥੋ ਬੈਠੀਏਜੀ ਤਾਂ ਸਿੱਧਾਂਨੇ ਸ੍ਰੀਬਾਬੇ ਜੀ ਅੱਗੇਇਕਤਿਲ ਆਣ ਰੱਖਿਆ ਤੇ ਮਨਵਿਚ ਕਹਿਓਨੇ ਭਾਈ ਦੇਖੀਏਜੋ ਏਹਕਿਸਤਰਹ ਵਰਤਾਉਂਦੇ ਹੈਨ ਅਤੇ ਸਿੱਧਾਂ ਆਪਣੇ ਬਲ ਕਰਕੇ ਓਥੋਂ ਦਾ ਜਿਤਨਾ ਪਾਣੀ ਸੀ ਸੋ ਸਭ ਛਪਾਲਿਆ ਜਾਂ ਤਿਲ ਸ੍ਰੀਗੁਰੂਨਾਨਕਜੀ ਦੇਖਿਆ ਤਾਂ ਮਰਦਾਨੇ ਨੂੰ ਆਖਿਓਨੇ ਮਰਦਾਨਾ ਏਸ ਪਹਾੜੀ ਤੇ ਜਾਹ ਓਥੇ ਕਪਲ ਮੁਨੀ ਜੀ ਤਪ ਕਰਦੇਹੈਨ ਓਨਾਂਦੇਅੱਗੇ ਇਕ ਡੂੰਬਾ ਜਲਦਾਭਰਿਆਹੈ ਤੇਓਨਾਂਦੀ ਸਮਾਧਲੱਗੀਹੋਈਹੈ ਡੂੰ ਚੁਪਾਤਾ ਹੀ ਓਥੋਂਡੂੰਬਾ ਡ੍ਰਾਇਕੇ ਆ ਜਾਈਂ ਪਰਪਿੱਛੇ ਮੁੜਕਰ ਦੇਖੀਂਨਾਹੀਂਤਾਂਮਰਦਾਨੇਉਸੀਤਰਾਂ ਕੀਤਾ ਓਹਡੂੰਬਾ ਪਾਣੀਦਾਰੁੜ੍ਹਾਇਆਯਾ ਤੇ ਏਧਰਸ੍ਰੀਗੁਰੂ ਮੇਰੇਭਾਈਂ ਹੁਕਮਕੀਤਾਕਿ ਬਾਲਾ ਇਸ ਤਿਲ ਨੂੰ ਘੋਟ ਤਾਂ ਮੈਂ ਤਿਲ ਨੂੰ ਖੁਬਰਗੜਿਆਤੇਓਧਰੋਂ ਜੋ ਡੂੰਬਾਰੁੜ੍ਹਿਆ ਸੋਉਸਦੀਨਦੀ ਹੋਗਈਤਾਂ ਸ੍ਰੀਗੁਰੂ ਜੀ ਕਹਿਆ ਬਾਲਾ ਇਸਕੋ ਛਾਣ ਕਰ ਕਮੰਡਲ ਭਰਕੇ ਸਭਸਿੱਧਾਂਕੋ ਵਰਤਾਇ ਦੇਓ ਤਾਂ ਮੈਂ ਸਭ ਕਉ ਵਰਤਾਇਆ ਸਭ ਸਿੱਧ ਹੈਰਾਨ ਹੋਇਗਏ ਤਾਂ ਮੰਗਲ ਨਾਥ ਬੋਲਿਆ ਹੇ ਤਪਾਜੀ ਏਥੇ ਜੋ ਕੋਈ ਸਾਧ ਆਯਾ ਹੈ ਤਿਸਪਰ ਸਿੱਧਾਂਕਾ ਜ਼ੋਰ ਪੜ ਜਾਤਾਹੈ ਹੇਤਪਾਜੀ ਆਪਤਾਂਪੂਰਨ ਸਾਧ ਹੋ ਤਾਂਤੇ ਸਭਸਿੱਧ ਭੈਭੀਤਹੋਇਗਏਹੈਨ ਏਹਸੋ ਕੁਦਰਤਹੈ ਸੋ ਪਰਮੇਸ਼ਰਨੇਆਪਕੋ ਹੀ ਬਖਸ਼ੀ ਹੈ ਤਾਂ ਸ੍ਰੀਗੁਰੂਜੀ ਕਹਿਆ ਹੇ ਮੰਗਲਨਾਥਜੀ ਜਿਨ੍ਹਾਂਦੇ ਰਿਦੇ ਵਿਚ ਮਾਯਾਹੈ

CC-0. Gurukul Kangri University Haridwar Collection. Digitized by S3 Foundation USA

ਅਤੇ ਮੋਹ ਹੈ ਸੋ ਜਗਤ ਕੋ ਪਰਬੋਧ ਕਰਕੇ ਮੜੀਆਂ ਬੰਨ੍ਹ ਬੈਠਤੇ ਹੈਨ ਅਤੇ ਆਸਨ ਛੱਡ ਕੇ ਦੁਆਰੇ ਦੁਆਰੇ ਫਿਰਦੇ ਹੈਨ ਓਨਾਂਕਉ ਸੱਚ ਕਿਸਤਰ੍ਹਾਂ ਪ੍ਰਾਪਤਹੋਵੇ ਓਹਮਮਤਾ ਵਿਚ ਫਸੇਹੋਏਹਨ ਤੇਇਸਤ੍ਰੀਆਂ ਦੇ ਹਿਤਕਾਰੀ ਹਨ ਨਾ ਓਹ ਔਧੂਤ ਹਨ ਤੇ ਨਾ ਓਹ ਕ੍ਰਿਸਤੀ ਹੈਨ ਸੁਣੋ ਜੋਗੀਸ਼ਰ ਜੀ ਜੇ ਆਪਣੇ ਆਸਣ ਤੇ ਬੈਠੇ ਹੋ ਅਤੇ ਜੋ ਧੁਵਾਡੀ ਪ੍ਰਾਲਬਧ ਹੈ ਸੋ ਓਥੇ ਹੀ ਪੌਂਹਚੇਗੀ ਜੇ ਦੁਬਿਧਾ ਧੁਵਾਡੇ ਮਨੋਂ ਦੂਰ ਹੋਵੇਗੀ ਤਾਂ ਅਤੇ ਜੇਕਰ ਘਰ ਘਰ ਮੰਗਦੇ ਫਿਰਦੇ ਹੋ ਧੁਵਾਨੂੰ ਸ਼ਰਮ ਨਹੀਂ ਆਂਵਦੀ ਸੋ ਤੁਸੀਂ ਕਰਤਾਰ ਦੇ ਉਪਰ ਸਿਦਕ ਰੱਖੋ ਰਿਦੇ ਵਿਚ ਸ਼ਾਂਤ ਕਰੋ ਭਰੋਸਾ ਕਰਤਾਰ ਦਾ ਕਰੋ ਸ਼ਬਦ ਪੜ੍ਹੋ ਤੇ ਸੁਣੋ ਤੇ ਗਾਂਵਦੇ ਹੋ ਤੇ ਰੂਪ ਆਪਣੇ ਨਹੀਂ ਚੀਨਦੇ ਭਾਈ ਏਹ ਤ੍ਰਿਸ਼ਨਾ ਦੀ ਅਗਨ ਭਲੀ ਤਰ੍ਹਾਂ ਜਲਾਂਵਦੀ ਹੈ ਅਤੇ ਸ਼ਾਂਤ ਬਿਨਾਂ ਗੁਰਾਂਦੇ ਸ਼ਬਦ ਕਮਾਏਨਹੀਂ ਹੁੰਦੀ ਸ਼ਬਦਨਾਲ ਪਰਚੋ ਭਾਉ ਭਗਤਿ ਕਰ ਸਹਿਜ ਦੀ ਭਿੱਛਿਆ ਵਿਚਾਰੋ ਤੇ ਖਾਓ ਤਾਂ ਪ੍ਰਮੇਸ਼ਰ ਨੂੰ ਪ੍ਰਾਪਤ ਹੋਵੋਗੇ ਤੇਜਬ ਲਗ ਗੁਰਾਂਨੂੰ ਮਿਲ ਕਰ ਨਾਮ ਦਾ ਅਭਜਾਸ ਨਹੀਂ ਕਰਦੇ ਤਦ ਤਕ ਤੁਮਾਰੀ ਗਤੀ ਨਹੀਂ ਹੋਤੀ ਤੇ ਜਿਤਨਾਂ ਚਿਰ ਏਸ ਸਰੀਰ ਕਾ ਆਵਾਗੌਣਨਹੀਂ ਮਿਟਦਾ ਅਤੇ ਬਾਸ਼ਨਾ ਦੇ ਬੰਧੇ ਜਨਮਮਰਨ ਦੀ ਫਾਹੀਵਿਚ ਫਾਸਕੇ ਆਵਣਜਾਨਗੇ ਅਤੇ ਬਿੰਦ ਨਹੀਂ ਰਖਦੇ ਅਤੇਜਤੀ ਕਹੌਂਦੇਹੈਨ ਮਾਯਾਵਾਸਤੇ ਤ੍ਰਿਲੋਕੀਵਿੱਚ ਮੰਗਦੇ ਫਿਰਦੇਹੈਨ ਅਤੇ ਜੀਆਂ ਪਰ ਦਯਾ ਨਹੀਂ ਕਰਦੇ ਉਨਕੋ ਗਯਾਨਕੀ ਜੋਤਕਾ ਉਜਾਲਾ ਨਹੀਂ ਹੁੰਦਾ ਤੇ ਓਹ ਸਭ ਝੂਠੇ ਜੰਜਾਲ ਵਿਚ ਡੁੱਬੇ ਹੋਏ ਹੈਨ ਉਤੋਂ ਭੇਖ ਬਣਾਯਾ ਹੈ ਤੇ ਅੰਦਰੋਂ ਚਿੰਤਾ ਰੂਪੀ ਆਤਸ਼ ਵਿਚ ਦਗਧ ਹੋਂਦੇ ਹੈਨ ਸੋਬਿਨਾਂ ਨਾਮਦਾਨ ਦੇ ਕੈਸੇ ਪਾਰਉਤਰਨਗੇ ਅਤੇ ਫਟਕਦੀਆਂਮੁੰਦ੍ਰਾਂ ਕੰਨ ਪਾਇਕਰ ਤੇ ਇੰਦਰੀਆਂ ਦੇ ਸੁਆਦਾਂ ਵਿੱਚ ਡੁੱਬੇ ਹੈਨ ਅਤੇ ਗਿਆਨ ਤੋਂ ਬਿਨਾਂ ਮੁਕਤ ਨਹੀਂ ਹੁੰਦੇ ਤੇ ਜੋ ਸਤਗੁਰਾਂ ਦੇ ਸ਼ਬਦ ਕੋ ਵਿਚਾਰਦੇ ਹਨ ਸੋ ਤਤਕਾਲ ਹੀ ਮੁਕਤ ਕੋ ਪ੍ਰਾਪਤ ਹੋਤੇ ਹੈਨ ਅਤੇ ਸਤਗੁਰਾਂ ਦੇ ਖ਼ਜ਼ਾਨੇ ਵਿਚ ਨਵ ਨਿਧਾਂ ਹਾਜ਼ਰ ਹੈਨ ਗੁਰ ਸਭ ਕੁਛ ਕਰਨ ਕਾਰਨ ਸਮਰਥ ਹੈਨ ਜਿਸਦੇ ਮਨ ਵਿਚ ਜਤਸਤ ਸੰਜਮਹੈ ਤਿਸਕੋ ਕਿਰਪਾਦ੍ਰਿਸ਼ਟੀ ਸੇ ਮੁਕਤ ਕਰਦੇ ਹੈਨ ਜਿਸ ਜੋਗੀਦੇ ਚਿਤ ਵਿਚ ਏਹ ਚੀਜ਼ਾਂ ਹੈਨ ਸੋ ਜੋਗੀ ਤ੍ਰਿੰਨਾਂ ਭਵਨਾਂ ਕਾ ਮਿੱਤਹੈ ਭਾਂ ਏਹਬਾਤ ਸਤਗੁਰਾਂਦੀਸੁਣਕਰ ਸਭਸਿੱਧ ਚਰਨੀਆਇਪਏ ਅਤੇਓਥੇ ਹੀ ਸਿੱਧ ਗੋਸ਼ਟ ਬਾਣੀ ਸ੍ਰੀ ਗੁਰੂ ਨਾਨਕਜੀ ਉਚਾਰਨ ਕੀਤੀ ਹੈ ਅਤੇ ਸਭਨਾਂ ਸਿਧਾਂਦੇਮਨ ਸ਼ਾਂਤ ਆਈ ਸ੍ਰੀਨ੍ ਤੂਜੀ ਅੱਗੇ ਮੱਥਾ ਟੇਕਿਆ ਤੇ ਭੰਗਰਨਾਥ ਨੇ ਦਿਲ ਵਿਚ ਗਰਬਕੀਤਾ ਅਤੇ ਕੈਹਣ ਲਗਾ ਜੋ ਮੈਂ ਅਵਧੂਤ ਹਾਂ ਅਤੇ ਫੇਰ ਸ੍ਰੀ ਬਾਬੇਜੀਕੋ ਕਹਿਓਸੁ ਤਪਾਜੀਕੁਛ ਕਰਾਮਾਤਦਿਖਾਓ ਤਉ ਤੁਮਾਰੇ ਆਗੇ ਹਮ ਨਿਵੇਂਗੇ ਏਹ ਕੈਹਕਰ ਮਰਦਾਨੇ ਦਾ ਰਬਾਬ ਲੈਕਰ ਉਡਿਆ ਤਾਂ ਸ੍ਰੀਗੁਰੂਜੀ ਭੰਗਰਨਾਥ ਦੀ ਚਲਾਕੀ ਦੇਖ ਕਰ ਆਪਣੀ ਖੜਾਉਂ ਕੋ ਹੁਕਮ ਦੀਆ ਕਿ ਜਾਇਕਰ ਭੰਗਰ ਨਾਥ ਕੋ ਮਾਰ ਮਾਰ ਕਰ ਉਤਾਰ ਲਿਆਓ ਤਾਂ

CC-0. Gurukul Kangri University

ES OF INTERNET // ABHINAV GAUR //
UTH

ਖੜਾਉਂ ਜਿਉਂ ਉੱਡੀ ਜਾਇਕਰ ਭੰਗਰਨਾਥ ਕਉ ਮਾਰਕਰ ਲਿਆਈ ਤੇ ਮਰਦਾਨੇ ਕਾ ਰਬਾਬ ਦਿੱਤਾ ਤੇ ਗੁਰੂਜੀ ਅੱਗੇ ਮੱਥਾ ਟੇਕਿਆ ਤੇ ਸ਼ਰਮਿਦਾ ਹੋਇਆ ਤਾਂ ਗੋਰਖ ਨੇ ਕਹਾ ਕਿਉਂ ਰੇ ਭੰਗਰਨਾਥ ਦੇਖੀ ਤਪੇ ਕੀ ਕਰਾਮਾਤ ਮਾਰ ਖਾਧੇ ਬਿਨਾਂ ਨਾ ਰਹਿ ਸੱਕਿਓਂ ਤਾਂ ਸਭਨਾਂ ਸਿੱਧਾਂ ਸ੍ਰੀ ਗੁਰੂ ਜੀ ਅੱਗੇ ਮੱਥਾ ਟੇਕਿਆ ਅਤੇ ਸਭ ਉਪਰ ਖੁਸ਼ੀਹੋਈ ਤੇ ਜੋ ਸਿੱਧ ਗੋਸ਼ਟਉਚਰੀ ਹੈ ਸੋ ਗੁਰੂਜੀ ਹੁਕਮ ਕੀਤਾ ਕਿ ਜੋ ਕੋਈ ਏਸ ਗੋਸ਼ਟਕੋ ਸੁਣੇਗਾ ਸੁਣਾਵੇਗਾ ਸੋ ਪਰਮ ਗਤੀ ਕੋ ਪ੍ਰਾਪਤ ਹੋਵੇਗਾ ਅਤੇ ਜੋ ਸਿੱਖ ਐਸਾ ਪਰੇਮ ਕਰੇਗਾ ਸੋ ਪਰਮਗਤੀ ਪਾਵੇਗਾ ਤਾਂ ਸਭ ਸਿਧ ਗੁਰਾਂ ਪਾਸੋਂ ਵਿਦਿਆ ਹੋਏ ॥ ੧੫੩ ॥

ਆਰੀ ਸਾਖੀ ਲੰਕਾ ਦੇ ਟਾਪੂ ਦੀ ਚਲੀ

ਜਬ ਗੁਰੂ ਅੰਗਦ ਸਾਹਿਬ ਜੀ ਸਿੱਧਾਂ ਪਾਸੋਂ ਸ੍ਰੀ ਗੁਰੂ ਨਾਨਕ ਜੀ ਵਿਦਿਆ ਹੂਏ ਤਾਂ ਮੈਨੇ ਹਾਥ ਜੋੜ ਕਰ ਕਹਾ ਹੇ ਦੀਨਦਿਆਲ ਜੀ ਜੋ ਸ੍ਰੀ ਰਾਮਚੰਦਜੀ ਲੰਕਾ ਪਰ ਚੜ੍ਹਾਈ ਕਰੀਹੈ ਤੇ ਸਮੁੰਦ੍ਰ ਪਰ ਪੁਲ ਬਾਂਧਨਾ ਹੈ ਸੈਨਾਕੇ ਪਾਰ ਉਤਾਰਨੇਕੇ ਵਾਸਤੇ ਓਹ ਅਸਥਾਂਨ ਕ੍ਰਿਪਾ ਕਰੋ ਤਾਂ ਦੇਖਦੇ ਚਲੀਏ ਜੀ ਤਾਂ ਅਸਾਂਨੂੰ ਹੁਕਮ ਹੋਯਾ ਭਾਈ ਬਾਲਾ ਅਤੇ ਮਰਦਾਨਾ ਆਖੀਂ ਮੀਟੋ ਤਾਂ ਅਸਾਂ ਅੱਖੀਂ ਮੀਟੀਆਂ ਜਾਂ ਖੋਲ੍ਹੀਆਂ ਤਾਂ ਸੇਤ ਬੰਦਰਾਮੇਸ਼ਰ ਉਪਰਜਾਇਖੜੇ ਹੋਏ ਤਾਂ ਮਰਦਾਨੇ ਨੇ ਪੁਛਿਆ ਹੇ ਸਚੇ ਪਾਤਸ਼ਾਹ ਜੀ ਏਹ ਸ਼ਿਵਲਿੰਗ ਏਥੇ ਕੈਸਾਹੈ ਤਾਂ ਸ੍ਰੀਗੁਰੂ ਨਾਨਕਜੀ ਕਹਾ ਜਦ ਸ੍ਰੀਰਾਮਚੰਦ੍ਰ ਜੀ ਪੁਲ ਦਾ ਅਰੰਭ ਕੀਆਸੀ ਤੇ ਬਾਂਦਰਾਂ ਨੂੰ ਪਰਬਤ ਲੈਣ ਵਾਸਤੇ ਏਜਜਾ ਸੀ ਓਸਵਕਤ ਕਾਰਜ ਦੇ ਨਿਰਵਿਘਨ ਵਾਸਤੇ ਇਹ ਰਾਮੇਸ਼ਰ ਸ਼ਿਵ ਜੀ ਕਾ ਅਸਥਾਨ ਕੀਆ ਹੈ ਤਾਂ ਫੇਰ ਬਾਂਦਰਾਂ ਕੋ ਹੁਕਮ ਦੀਆ ਜਦ ਪੱਥਰਲਯਾਂਦੇ ਤੇ ਰਾਮਚੰਦ ਜੀ ਨੇ ਕਹਾ ਇਨਾਂ ਪੱਥਰਾਂ ਉਤੇ ਰਾਮ ਨਾਮ ਲਿਖਕੇ ਤਾਰ ਦੇਓ ਜਾਂ ਤਾਰੇ ਸਭ ਪੁਲ ਬੱਝਗਿਆ ਤੇ ਸੈਨਾ ਪਾਰਹੋਈ ਤਾਂ ਬਾਲੇ ਪ੍ਰਸ਼ਨ ਕੀਤਾ ਹੇ ਸਤਿਗੁਰਜੀ ਸ਼੍ਰੀਰਾਮਚੰਦ੍ਰਜੀ ਚਾਹੁੰਦੇ ਤਾਂ ਸਮੁੰਦ੍ਰ ਕੋ ਸੁਕਾਇ ਦੇਂਦੇ ਤਾਂ ਸੈਨਾਂ ਪਾਰ ਲੰਘਾਇ ਲੇਤੇ ਤਾਂ ਸ੍ਰੀ ਗੁਰੂਨਾਨਕ ਜੀ ਕਹਾ ਭਾਈ ਬਾਲਾ ਰਾਮਚੰਦ੍ਰਜੀ ਮਰਯਾਦਾ ਪੁਰਸ਼ੋਤਮ ਸੇ ਇਸ ਵਾਸਤੇ ਓਨਾਂ ਵਿਚਾਰਿਆ ਕਿ ਸਾਡਾ ਦਰਸ਼ਨ ਸਭਨਾਂ ਲੋਕਾਂ ਨਹੀਂ ਕਰਨਾਂ ਅਤੇ ਨਾਮ ਕਰਕੇ ਸੰਸਾਰ ਪਾਰਉਤਰੇਗਾ ਏਸ ਵਾਸਤੇ ਮਹਾਰਾਜ ਨੈ ਪੁਲ ਬਾਂਧਾ ਹੈ ਤਾਂ ਬਾਲੇ ਨੇ ਸ੍ਰੀ ਗੁਰੂਜੀ ਅੱਗੇ ਮਥਾਟੇਕਿਆ ਤੇ ਕਹਾ ਸਚ ਹੈ ਜੀ ਤਾਂ ਮਰਦਾਨੇ ਕੋ ਸ੍ਰੀਗੁਰੂਜੀ ਕਿਹਾ ਚਲੋ ਭਾਈ ਧੁਆਨੂੰ ਲੰਕਾ ਦਿਖਾਇ ਲਿਆਵੋਂ ਤਾਂ ਮਰਦਾਨੈ ਕਹਾ ਗੁਰੂ ਜੀ ਪੁਲ ਉਪਰੋਂਦੀ ਚਲੋਗੇ? ਤਾਂ ਸ੍ਰੀਗੁਰੂਜੀ ਕਹਿਆ ਮਰਦਾਨਿਆਂ ਪੁਲ ਤਾਂ ਬੰਧੀ ਸੀ ਤੇ ਲੰਕਾ ਜਿਤ ਕਰਕੇ ਫੇਰ ਤੋੜ ਛਡੀ ਤਾਂ ਫੇਰ ਮਰੇਦਾਨੇ ਕਹਾ ਗੁਰੂ ਜੀ ਤੇ ਹੋਰ ਕਿਥੋਂ ਦੀ ਚਲੋਗੇ ਤਾਂ ਸ੍ਰੀ ਗਰੂਜੀ ਕਹਿਆ ਮਰਦਾਨਿਆਂ ਸਤਿਨਾਮ ਦੇਆਸਰੇ ਅਸੀਂ ਧੁਆਨੂੰ ਲੈ ਚਲਾਂਗੇ ਤਾਂ ਏਹ ਕੈਹ ਕਰ ਸ੍ਰੀਗੁਰੂਜੀ ਸਮੁੰਦ੍ਰ ਦੇ ਉਤੋਂ ਦੀ ਤੁਰੇ ਗਏ ਅਤੇ ਪਿਛੇ ੨ ਅਸੀਂ ਤੁਰੇ ਗਏ ਤਾਂ ਲੰਕਾ ਦੇ ਬਾਹਰ ਜਾਇਪਹੁੰਚੇ ਤਾਂ ਓਥੇ ਅੱਗੇ

CC-0. Gurukul Kangri University Haridwar Collection. Digitized by S3 Foundation USA

ਰਾਕਸ਼ ਫਿਰਦੇ ਹੈਸਨ ਤਾਂ ਮਰਦਾਨਾ ਦੇਖਕੇ ਡਰਿਆ ਤਾਂ ਸ੍ਰੀਗੁਰੂਜੀ ਕਿਹਾ ਮਰਦਾਨਿਆਂ ਦੇਹ ਨੂੰ ਅਨਿੱਤ ਜਾਣ ਤੇ ਸ਼ਬਦ ਪੜ੍ਹ ਦੇਹ ਦਾ ਅਧਿ ਸਰੂਪ ਭੂਤ ਤੇਰਾ ਫਲ ਜਾਵੇਗਾ ਤਾਂ ਮਰਦਾਨੇ ਕਿਹਾ ਗੁਰੂਜੀ ਅੱਗੇ ਮੈਂ ਪੜ੍ਹਦਾ ਸੁਨਦਾ ਸਾਂ ਪਰ ਹੁਣ ਆਪ ਦੇ ਬਚਨ ਕਰਕੇ ਮੇਰੀ ਨਿਸ਼ਾ ਹੋਈਹੈ ਹੁਣ ਭਾਵੇਂ ਸੌ ਬਰਸ ਜੀਵਾਂ ਤੇ ਭਾਵੇਂ ਹੁਣੇਹੀ ਮਰਜਾਵਾਂ ਮੇਰਾ ਦੇਹਨਾਲ ਪਰਜੋਜਨ ਕੋਈਨਹੀਂ ਜਿਉਂ ਸੱਪ ਕੁੰਜ ਨੂੰ ਉਤਾਰ ਦੇਂਦਾਹੈ ਤੈਸੇਹੀ ਮੈਂਭੀ ਏਸ ਦੇਹ ਦਾ ਅਭਿਮਾਨ ਛਡਿਆ ਏਹ ਚਰਚਾ ਕਰਦੇਈ ਸਨ ਜਾਂ ਇਤਨੇ ਚਿਰ ਨੂੰ ਦੋਇ ਰਾਖਸ਼ ਗੁਰੂਜੀ ਦੇ ਪਾਸ ਆਇ ਖਲੋਤੇ ਆਖਣਲਗੇ ਤੁਸੀਂ ਕੌਣਹੋ ਅਤੇ ਕਿਥੋਂ ਆਏਹੋ ਤਾਂ ਸ੍ਰੀ ਗੁਰੂਜੀ ਕਿਹਾ ਭਾਈ ਅਸੀਂ ਰਾਮਚੰਦ੍ਰ ਦੇ ਦੂਤ ਹਾਂ ਅਤੇ ਭਬੀਖਣ ਕੋ ਮਿਲਨ ਆਏ ਹਾਂ ਤਾਂ ਓਨਾਂ ਰਾਕਸ਼ਾਂ ਨੇ ਜਾਕਰ ਰਾਜੇ ਭਬੀਖਣ ਕੋ ਕਿਹਾ ਤਿੰਨ ਮਨੁੱਖ ਆਪਦੇ ਮਿਲਣ ਵਾਸਤੇ ਆਏ ਹੈਂ ਤੇ ਆਖਦੇਹੈਨ ਜੋ ਅਸੀਂ ਰਾਮਜੀ ਕੇ ਦੂਤ ਹਾਂ ਜਾਂ ਇਹ ਬਾਤ ਭਬੀਛਨ ਨੇ ਸੁਣੀ ਤਾਂ ਨੰਗੀ ਪੈਰੀਂ ਨਾਲ ਮੰਤ੍ਰੀਆਂ ਕੋ ਲੈਕੇ ਆਇ ਪੌਂਹਚਾ ਸ੍ਰੀ ਗੁਰੂ ਜੀਕੇ ਚਰਨਾਂ ਪਰ ਮੱਥਾ ਟੇਕਿਆ ਤੇ ਫਲ ਫੁੱਲ ਮੇਵੇ ਸ੍ਰੀ ਗੁਰੂ ਜੀ ਦੀ ਭੇਟਾ ਰਖੇ ਤਾਂ ਸ੍ਰੀਗੁਰੂ ਜੀ ਕਹਾ ਹੇ ਭਬੀਛਨ ਜੀ ਕਦੋਂਦੇ ਤੁਸੀ ਰਾਮ ਜੀ ਤੋਂ ਵਿਛੜੇ ਹੋ ਤਾਂ ਭਬੀਛਨ ਨੇ ਕਹਾ ਸੰਤਜੀ ਜਦੋਂ ਮਹਾਰਾਜਜੀ ਤੋਂ ਮੈਂ ਵਿਦਿਆ ਹੋਯਾ ਸਾਂ ਤਾਂ ਸ੍ਰੀ ਰਾਮਜੀ ਮੇਰੇ ਭਾਣੀਂ ਕਹਿਆਸੀ ਹੇ ਭਬੀਛਨ ਵਿਛੜੀਦਾ ਤਦੋਂ ਹੁੰਦਾ ਹੈਜਦੋਂ ਰਿਦੇ ਤੋਂ ਨਾਮ ਭੁਲ ਜਾਵੇ ਸੋ ਸੰਤ ਜੀ ਮੈਂ ਤਾਂ ਹਰਦਮ ਹੀ ਸ੍ਰੀ ਰਾਮਚੰਦ ਦਾ ਨਾਮ ਸਿਮਰਦਾ ਹਾਂ ਮੇਰੇ ਰਿਦੇ ਤੋਂ ਕਦੀ ਮਹਾਰਾਜਦਾ ਨਾਮ ਨਹੀਂ ਭੁੱਲਾ ਤੇ ਮੈਂ ਨਾਮ ਔਰਨਾਂਮੀ ਕੋ ਅਭੇਦਕਰਜਾਤਾ ਹੈ ਹੇ ਸੰਤ ਜੀ ਜਦਮੈਂ ਰਾਮ ਜੀ ਕੋਮਿਲਿਆ ਸਾਂ ਤਾਂ ਮੇਰੇ ਰਿਦੇਵਿਚ ਰਾਜਦੀ ਚਾਹ ਸੀ ਅਤੇਜਦਮੈਂ ਜਾਇ ਸ੍ਰੀ ਰਾਮਜੀਕਾ ਦਰਸ਼ਨਕੀਤਾ ਤਾਂ ਮੈਂ ਰਾਜ ਨੂੰ ਅੰਧੇ ਖੂਹ ਦੀ ਨਜਾਈਂ ਜਾਨਿਆ ਕਿਉਂ ਜੋ ਧੰਧਿਆਂ ਵਿਚ ਪਿਆਂ ਫੇਰ ਦਰਸ਼ਨ ਨਹੀਂ ਹੋਨਾ ਅਤੇ ਨਿਹਕਾਮ ਹੋਕੇ ਭੇਟ ਕੀਤੀ ਤਾਂ ਸ੍ਰੀਰਾਮਚੰਦ੍ਰ ਕਹਾ ਆਉ ਲੰਕੇਸ਼ ਤਾਂ ਮੈਂ ਬੇਨਤੀ ਕੀਤੀ ਹੇ ਮਹਾਰਾਜ ਜੀ ਮੇਰੇ ਮਨ ਰਾਜ ਦੀ ਚਾਹਨਹੀਂ ਤਾਂ ਸ੍ਰੀ ਰਾਮ ਜੀ ਕਹਾ ਹੇ ਭਬੀਛਨ ਜਦੋਂ ਘਰੋਂ ਤੁਰਿਆ ਸੈਂ ਤਾਂ ਰਾਜ ਦੀ ਆਸਾ ਤੇਰੇ ਮਨਸੀ ਤੇ ਅਸਾਡਾ ਬਿਰਦ ਹੈ ਜੋ ਪੈਹਲਾਂ ਜਗਿਆਸੂ ਕੀ ਮਨੋ ਕਾਮਨਾ ਪੂਰਨ ਕਰਨੀ ਤੇ ਪਿਛੋਂ ਨਿਹ-ਕਾਮ ਕਰਕੇ ਉਸਕਾ ਉਧਾਰ ਕਰਨਾ ਤਾਂ ਮੈਂ ਸ੍ਰੀ ਰਾਮਚੰਦ੍ਰ ਜੀ ਕੇ ਚਰਨਾਂ ਉਪਰ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਨਾਨਕ ਜੀ ਕਹਾ ਹੇ ਭਬੀਖਨ ਤੂੰ ਧੰਨ ਹੈਂ ਰਾਮਜੀ ਤੈਨੂੰ ਤਦੇ ਹੀ ਜੀਵਨ ਮੁਕਤੀਦਿਤੀਹੈ ਕਿਭਬੀਛਨ ਤੂੰ ਚਿਰਜੀਵਨਰਹੁ ਤਾਂ ਫੇਰ ਭਬੀਛਨਨੇ ਸ੍ਰੀਗੁਰੂਜੀ ਅਗੇ ਬੇਨਤੀਕੀਤੀਹੇਸੰਤਜੀ ਪਰਮੇਸ਼ਰ ਵਿਚ ਤੇਸੰਤਾਂਵਿੱਚ ਕੁਛ ਭੇਦਨਹੀਂ ਜਾਂਤੇ ਹੇ ਸੰਤਜੀ ਆਪ ਕਿਰਪਾ ਕਰਕੇ ਕੋਈ ਐਸਾ ਉਪਦੇਸ਼ ਕਰੋ ਜੋ ਜਿਸਤੇ ਮਨ ਕਉ ਸ਼ਾਂਤ ਆਵੇਤਾਂ ਸ੍ਰੀਗੁਰੂ ਜੀ ਕਹਿਆ ਭਬੀਛਨ ਜਿਸ ਵਕਤ ਰਾਜਾ ਜੀ ਪੁਲ ਬੱਧਾ ਹੈ ਤਿਸ ਵਕਤ ਗੁਰਮੰਤ੍ਰ ਧਾਦ

CC-0. Gurukul Kangri University Haridwar Collection. Digitized by S3 Foundation USA

S OF INTERNET
UTH
ABHINAV GAUR

ਕਰਕੇ ਰਾਮਨਾਮ ਪਰਬਤਾਂ ਉੱਪਰ ਲਿਖਕੇ ਤੇ ਜਲ ਉਪੱਰ ਪੱਥਰਤਾਰੇ ਤੇ ਲੰਕਾ ਲੁੱਟੀ ਤੇ ਦੈਂਤ ਮਾਰੇ ਤੇ ਗੁਰਮੁਖ ਰਾਮਜੀ ਤਾਰੇ ਤੇਤੀਕਰੋੜ ਦੇਵਤਾ ਉਧਾਰੇ ਭਾਵ ਏਹ ਕਿ ਜੋ ਗੁਰਾਂ ਦੇ ਬਚਨ ਹੈਨ ਸੋ ਭਵਜਲ ਕੀ ਪੁਲ ਹੈ ਤੇ ਲੰਕਾ ਅਵਿੱਦਯਾ ਹੈ ਸੋ ਓਨਾਂਲੁੱਟੀਹੈ ਕਾਮਕ੍ਰੋਧ ਆਦਿ ਦੈਤਾਂਕੋ ਮਾਰਿਆ ਤੇ ਰਾਮਕਾ ਨਾਮ ਜੋ ਹੈ ਸੋ ਚੰਦ੍ਰਮਾ ਵਤ ਉਸਦੇ ਅਭਿਆਸ ਕਰਕੇ ਮਨਰੂਪੀ ਭੁਯੰਗ ਕੋ ਮਾਰਕੈ ਉਸਕੋ ਵੱਸਕੀਤਾ ਅਤੇ ਗੁਰਮੁਖ ਸੰਤਾਂਨੇ ਮਨ ਮਾਰਨਦਾ ਭੇਦ ਦੱਸਿਆ ਤੇ ਗੁਰਾਂਦੇ ਬਚਨਾਂ ਕਰਕੇ ਗਿਆਨਰੂਪੀਸਮੁੰਦ੍ਰਮੇਂ ਅਗਿਆਨੀ ਪੱਥਰਾਂਕੋਤਾਰਿਆ ਹੈ ਤੇਤੀ ਕਰੋੜ ਦੇਵਤਿਆਂਦੀ ਨਿਆਈਂ ਅਗਿਆਨੀ ਹੈਂ ਤਿਨ੍ਹਾਂਦਾਉਧਾਰ ਸ੍ਰੀ ਮਹਾਰਾਜਨੇ ਕੀਤਾ ਤੇ ਤਾਰੇ ਹੈਨ ਹੇ ਭਬੀਛਨ ਤੁਸਾਂ ਗੁਰਾਂ ਦੇ ਬਚਨਾਂ ਦਾ ਅਭਿਆਸ ਕਰਨਾ ਤੇ ਸੰਤਾਂ ਕਾ ਸੰਗ ਕਰਨਾ ਰਾਮਨਾਮਕਾ ਭਜਨ ਕਰਨਾ ਤਾਂ ਧੁਵਾਡਾ ਵੀ ਉਧਾਰ ਹੋਵੇਗਾ ਤਾਂਭਬੀਛਨ ਸ੍ਰੀਗੁਰੂਜੀ ਅੱਗੇ ਮੱਥਾਟੇਕਿਆ ਤਾਂ ਮੈਂ ਗੁਰੂ ਅੰਗਦਜੀ ਭਬੀਛਨਕੋ ਕਹਿਆ ਹੇਭਗਤਜੀ ਏਥੇ ਹਨੂੰਮਾਨਜੀ ਸੁਣੀਦੇਹੈਨ ਸੋ ਭਬੀਛਨ ਨੇ ਕਹਿਆ ਸੰਤ ਜੀ ਹਨੂੰਮਾਨਤਾਂਰਾਵਣਦੀ ਚਿਖਾ ਉਪਰ ਬੈਠ ਰਹਿੰਦਾਹੈ ਪਰ ਹੁਕਮ ਕਰੋ ਤਾਂ ਸੱਦਲਿਆਵੀਏ ਪਰ ਓਹ ਸ੍ਰੀਰਾਮਜੀ ਕੇ ਰੂਪਬਿਨਾ ਮੱਥਾ ਕਿਸੇ ਅੱਗੇ ਨਹੀਂ ਟੇਕਤਾ ਤਾਂ ਸ੍ਰੀਗੁਰੂਜੀ ਕਹਿਆ ਅਸੀ ਉਸਨੂੰ ਰਾਮਜੀ ਕਾਹੀ ਦਰਸ਼ਨ ਕਰਵਾਈਅਹਿੰਗੇ ਤਾਂ ਭਬੀਛਨ ਨੇ ਹਨੂੰਮਾਨਕਉ ਸਦਵਾਯਾ ਅਤੇ ਏਧਰ ਸ੍ਰੀਗੁਰੂਜੀ ਰਾਮ ਬਣੇ ਤੇ ਮੈਨੂੰ ਲਛਮਨਬਨਾਯਾਤੇਮਰਦਾਨੇ ਕੋ ਸੀਤਾਕੀਤਾਤਾਂਹਨੂੰਮਾਨ ਦੇਖਕਰ ਸ੍ਰੀਗੁਰੂਜੀ ਅੱਗੇ ਮੱਥਾਟੇਕਿਆ ਤਾਂ ਸ੍ਰੀਗੁਰੂਜੀ ਕਹਿਆ ਹੇ ਹਨੂੰਮਾਨ ਸਾਨੂੰਤੂੰ ਸਰਬਵਿਆਪੀ ਜਾਣਿਆਂ ਕਰ ਤਾਂ ਤੂੰ ਕਦੀ ਸ੍ਰੀਰਾਮਜੀਤੇਨਹੀਂਵਿਛੜੇਂਗਾ ਹੇਹਨੂੰਮਾਨ ਤੂੰ ਏਹੋ ਜਾਨ ਕਿ ਜੋ ਜੀਵ ਦੇਹਧਾਰੀ ਹੈਨ ਸੋ ਸਭਓਨਾਂਦੇਹੀਹੈਨ ਸ੍ਰੀ ਰਾਮਜੀ ਦੀ ਆਗਿਆ ਸਾਥ ਉਸੀ ਸੀਤਾ ਲਛਮਨ ਕਾ ਰੂਪਧਾਰਿਆ ਤੇ ਓਹੀ ਜਾਮਵੰਤਸੁਗ੍ਰੀਵ ਔਰ ਅੰਗਦ ਤੇ ਹਨੂੰਮਾਨ ਏਹ ਸਭ ਰੂਪ ਸੀਤਾ ਧਾਰਨਕਰੇਹੈਨ ਤੇ ਰਾਵਣ ਆਦ ਮਾਰੇਹੈਨ ਏਹਸਬਰਾਮ ਜੀਕੀ ਸੱਤਿਆ ਕਰਕੇ ਸੀ ਤਾਂ ਜਗਤ ਕਾ ਉਧਾਰਕੀਤਾਹੈ ਅਤੇ ਅਸਥਿਤਵੀਕਰਦੀਹੈ ਤੇ ਪ੍ਰਲੈ ਵੀ ਕਰਦੀਹੈ ਤੇ ਰਾਮ ਜੀ ਸਰਬਵਿਆਪੀ ਹੈਨ ਤਾਂ ਹਨੂੰਮਾਨਕਹਿਆ ਮਹਾਰਾਜਜੀ ਮੈਂ ਆਪਨੂੰ ਠੀਕ ਜਾਣਦਾ ਹਾਂ ਉਪਾਸ਼ਨਾਕਰਕੇ ਤੁਹਾਡਾ ਦਾਸਹਾਂ ਤੇ ਪਰਮੇਸ਼ਰਕਰਕੇਵੀ ਆਪਕੋ ਹੀਜਾਣਤਾਹੋਂ ਤੇ ਗਿਆਨ ਕਰਕੇ ਵੀ ਆਪਹੀ ਸਾਰੇ ਰਮੇ ਹੋ ਅਤੇ ਮੈਂ ਤਾਂ ਕੁਛ ਨਹੀਂਜੀ ਮੇਰੇ ਪਰ ਕ੍ਰਿਪਾ ਰਖਣੀਜੀਇਤਨੀਚਰਚਾਕਰਕੇ ਹਨੂੰਮਾਨ ਸ੍ਰੀਗੁਰੂਨਾਨਕ ਜੀ ਕੋ ਮੱਥਾ ਟੇਕਕੇ ਅਪਨੇ ਅਸਥਾਨਕੋ ਜਾਤਾਰਹਿਆ ਅਤੇ ਭਬੀਛਨਭੀ ਸ੍ਰੀਗੁਰੂਜੀਕੋ ਮੱਥਾ ਟੇਕਕੇਜਾਂਦਾਰਹਿਆ ਅਤੇਸ੍ਰੀਗੁਰੂਨਾਨਕਜੀ ਅਪਨਾਰੂਪ ਧਾਰਨਕੀਤਾ ਤੇ ਬਾਲੇਮਰਦਾਨੇ ਆਪਨਾ ਰੂਪ ਧਾਰਨਕੀਤਾ ਅਤੇ ਓਥੋਂਵਿਦਿਆ ਹੋਏ ਅਤੇਮਰਦਾਨੇਆਖਿਆ ਹੇ ਗੁਰੂਜੀ ਆਪ ਮੇਹਰਬਾਨੀ ਕਰਕੇ ਬਰ੍ਹਦਾਦ ਤਾਂ ਸਾਨੂੰ ਦਿਖਾਇ ਖੜਨੀ ਤਾਂ ਸ੍ਰੀ ਗੁਰੂ ਨਾਨਕ ਜੀ

CC-0. Gurukul Kangri University Haridwar Collection. Digitized by S3 Foundation USA

ਕਹਿਆ ਮਰਦਾਨਿਆਂ ਅਸੀ ਜੋ ਕਹੇਂਗਾ ਸੋ ਦਿਖਾਇ ਖੜਾਂਗੇ ਏਹ ਕਹਿਕਰ ਗੁਰੂ ਨਾਨਕ ਜੀ ਓਥੋਂ ਚਲਦੇ ਰਹੇ॥ ਬੋਲੋ ਭਾਈ ਜੀ ਵਾਹਿਗੁਰੂ॥ ੧੫੪॥

ਆਗੇ ਸਾਖੀ ਸ਼ਹਿਰ ਬਗ਼ਦਾਦ ਕੀ ਚਲੀ

ਤਾਂ ਭਾਈ ਬਾਲਾ ਕਹੇ ਹੇ ਗੁਰੂ ਅੰਗਦ ਜੀ ਜਾਂ ਓਥੋਂ ਗੁਰੂਜੀ ਤੁਰੇ ਜਾਂਦੇਜਾਂਦੇ ਬਗ਼ਦਾਦਦੇ ਬਾਹਰ ਜਾਇਬੈਠੇ ਤੇ ਮਰਦਾਨਾਂਲਗਾਸ਼ਬਦਪੜ੍ਹਨੇ ਤਾਂ ਲੋਕਾਂਨੇਕਹਿਆ ਭਾਈ ਸਰੋਦ ਬੰਦ ਕਰੋ ਏਥੇ ਪੀਰਜੀ ਆਵਨਗੇ ਤੇਗੁੱਸੇਹੋਵਨਗੇ ਤਾਂ ਸ੍ਰੀਗੁਰੂਜੀਕਹਿਆ ਭਾਈ ਜਦ ਪੁਵਾਡਾ ਗੁਰੂਆਵੇਗਾ ਤਾਂ ਅਸੀ ਸਰੋਦਬੰਦਕਰਦੇਵਾਂਗੇ ਤਾਂ ਇਤਨੇ ਚਿਰਨੂੰ ਪੀਰਮੁਰੀਦਾਂਦੇ ਸਮੇਤ ਹੀ ਆਇਏਠਾ ਤਾਂ ਪੀਰਨੇਕਹਾ ਸਰੋਦਬੰਦਕਰੋ ਤਾਂਸ੍ਰੀਬਾਬੇਜੀ ਕਹਾ ਭਾਈ ਬਿਨਾ ਸਰੋਦ ਤੋਂ ਰੂਹਖ਼ੁਸ਼ਨਹੀਂਹੁੰਦਾ ਕਿਉਂਜੋ ਜਿਸਵੇਲੇ ਬਾਵੇਆਦਮਨੇ ਬੁੱਤ ਬਨਾਏਹੋਨ ਤਾਂ ਉਸ ਵੇਲੇ ਰੂਹਵਿੱਚ ਦਾਖ਼ਲ ਨਾ ਹੋਵੇ ਤਾਂ ਖ਼ੁਦਾਸੱਚੇਨੇ ਫ਼ਰਿਸ਼ਤਿਆਂਕੋ ਹੁਕਮਕੀਤਾ ਕਿ ਇਸਦੇਸਿਰ ਸਰੋਦਕਰੋ ਤਾਂਫ਼ਰਿਸ਼ਤਿਆਂ ਇਸ ਬੁੱਤਦੇਸਿਰ ਵਿਚ ਸਰੋਦਕੀਤਾ ਤਦ ਰੂਹ ਵਿਚ ਦਾਖ਼ਲ ਹੋਯਾਹੈ ਜੇਕਰਆਖੋ ਕਿਪੈਗ਼ੰਬਰਨੇ ਸਰੋਦ ਬੰਦ ਕੀਤੇ ਹੈਨ ਤਾਂ ਪੈਗ਼ੰਬਰ ਨੇ ਤਾਂ ਬਦਫ਼ੈਲੀ ਸਰੋਦ ਬੰਦਕੀਤਾ ਹੈ ਕੁਫ਼ਰੱਬਦੇ ਯਾਦ ਦਾ ਸਰੋਦ ਤਾਂ ਨਹੀਂ ਬੰਦਕੀਤਾ ਤੇਬਦਫ਼ੈਲੀ ਏਸ ਵਾਸਤੇ ਬੰਦਕੀਤੇਹੈਨ ਕਿਇਨ੍ਹਾਂਲੋਕਾਂਦੀ ਉਮਰਾਨਾਂ ਜ਼ਾਇਆਜਾਵੇ ਸੋ ਤੁਸੀ ਰੱਬਦੀਯਾਦ ਦੇ ਸਰੋਦ ਕਿਉਂ ਬੰਦਕਰਦੇਹੋ ਏਹਤਾਂ ਖ਼ੁਦਾਇਦੀ ਸਿਫ਼ਤ ਦਾ ਸਰੋਦ ਹੈ ਤਾਂਪੀਰਨੇਕਹਾ ਸਾਡੇ ਪੈਗ਼ੰਬਰਨੇ ਜ਼ਿਮੀ ਤੇਅਸਮਾਨਮੇਂ ਖ਼ੁਦਾਇਦੀ ਸਿਫ਼ਤ ਕਹੀਹੈ ਤੇ ਸਰੋਦ ਮਨ੍ਹੇਕੀਤਾ ਹੈ ਤਾਂ ਸ੍ਰੀਗੁਰੂਨਾਨਕਜੀ ਨੇ ਕਹਾ ਪੀਰਜੀ ਲੱਖਾਂ ਅਕਾਸ਼ਤੇ ਲੱਖਾਂ ਪਤਾਲ ਹੈਨ ਤਿਨ੍ਹਾਂ ਦੇ ਕੜਕਨੂੰ ਭਾਲਦੇਭਾਲਦੇ ਥੱਕਪਏਹੈਨ ਉਨ੍ਹਾਂਦਾ ਅੰਤ ਨਹੀਂ ਪਾਇਆ ਤੇ ਵੇਦਵੀ ਏਹੋਈ ਕਹਿੰਦੇ ਹਨ ਕਿ ਬਿਅੰਤ ਹੈ ਕਿਅੰਤਹੈ ਤਾਂਪੀਰਨੇ ਕਹਿਆ ਸਾਡੇ ਪੈਗ਼ੰਬਰ ਨੇ ਸੱਤ ਅਕਾਸ਼ ਤੇ ਸੱਤ ਪਤਾਲ ਕਹੇਹੈਨ ਉਨ੍ਹਾਂਨੇ ਥੱਹੁਤਡਿੱਠੇਹੈਨ ਕਿ ਨਾਹੀਂਡਿੱਠੇਤਾਂਸ੍ਰੀਗੁਰੂਜੀ ਕਹਿਆ ਡਿੱਠੇਹੈਨ ਤਾਂ ਪੀਰ ਨੇ ਕਹਾ ਕਿਥੇ ਡਿੱਠੇਹੈਨ ਤਾਂ ਸ੍ਰੀ ਬਾਬੇ ਜੀ ਕਹਾ ਜਿਸ ਵੇਲੇ ਹਜ਼ਰਤ ਜਬਰਾਈਲ ਪੈਕੰਬਰ ਕੋ ਮਹਿਰਾਜ ਮੇਂ ਲੇਗਏ ਸਨ ਤੇ ਰਸਤੇਵਿਚ ਇਕ ਕਤਾਰਊਠਾਂਦੀ ਲੰਘਦੀ ਜਾਂਦੀਸੀ ਜਾਂ ਪੈਕੰਬਰ ਖਲੋਇਰਹੇ ਤਾਂ ਜਬਰਾਈਲ ਪੁਛਿਆ ਖਲੋਤੇਕਿਉਂਹੋਤਾਂ ਪੈਗ਼ੰਬਰ ਕਹਾਕਤਾਰ ਲੰਘਜਾਵੇਗੀਤਾਂ ਲੰਘਾਂਗੇਤਾਂਹਜ਼ਰਤ ਜਬਰਾਈਲਨੇਕਹਾ ਕਿ ਅਜੇ ਮੈਂਭੀ ਪੈਦਾਨਹੀਂਸਾਂ ਹੋਯਾ ਜਦਦੀਏਹ ਕਤਾਰਲੰਘਦੀਹੈ ਤਾਂ ਪੈਗ਼ੰਬਰਨੇਕਹਾਕਿਦੇਖਨਾ ਚਾਹੀਏ ਜੋਕਿਆਹੈ ਤਾਂਉਸ ਕਤਾਰਵਿਚੋਂ ਇਕ ਊਠ ਖੋਲ੍ਹਕੇ ਦੇਖਿਆਤਾਂਇਕ ਊਠ ਉੱਪਰ ਦੋਇਦੋਇ ਸੰਦੂਕਹੈਨ ਤੇ ਤਾਲੇਲਗੇਹੋਏ ਤੇ ਤਾਲੀਆਂ ਨਾਲਹੈਨ ਜਦ ਸੰਦੂਕ ਖੋਲ੍ਹਿਆ ਤੇ ਕਿਆ ਦੇਖਨ ਜੋ ਸੰਦੂਕ ਆਂਡਿਆਂਦਾ ਭਰਿਆਹੁਆਹੈਜਾਂਇਕ ਆਂਡਾਖੋਲ੍ਹਿਆ ਤਾਂ ਹਜ਼ਰਤ ਜਬਰਾਈਲ ਤੇ ਪੈਗ਼ੰਬਰ ਦੋਨੋਂ ਆਂਡੇ ਵਿੱਚ ਪ੍ਰਵੇਸ਼ ਕਰਗਏ ਤਾਂ ਕਿਆ ਦੇਖਨ ਜੋ ਇਕ

CC-0. Gurukul Kangri University Haridwar Collection. Digitized by S3 Foundation USA

S OF INTERNET ABHINAV GAUR
UTH

ਇਕ ਹਜ਼ਰਤ ਜਬਰਾਈਲ ਤੇ ਇਕਇਕ ਪੈਰੀਬਰ ਅੱਗੇਬੈਠੇਹੈਂ ਹਰ ਆਂਡੇਵਿਚ ਭਾਂ ਓਥੋਂ ਨਿਕਲਗਏ ਭਾਂ ਹੈਰਾਨ ਹੋਏ ਜਬਰਾਈਲ ਕਹਾ ਬਾਕੀ ਦੇ ਆਂਡਿਆਂ ਵਿਚ ਵੀ ਇੱਸੇਤਰ੍ਹਾਂ ਹੈਨ ਤੇ ਕਤਾਰਾਂ ਦਾ ਕੋਈ ਹਿਸਾਬਨਹੀਂਆਉਂਦਾ ਤੇਅਸੀਤੁਸੀਇਕਆਂਡੇਦੇ ਰਹਿਣਵਾਲੇ ਹਾਂ ਸੋ ਮਹਾਰਾਜਦੀ ਕੁਦਰਤਦਾ ਅੰਤਨਹੀਂਪਾਇਆ ਜਾਂਦਾ ਜੈਸੇ ਭਗਵਤਦੇ ਸਰੀਰਵਿੱਚ ਰੋਮ ਹੈਨ ਸੋ ਬਿਰਛ ਹਨ ਤੇ ਬਿਰਛ ਰੂਪੀ ਦਰਖ਼ਤਾਂ ਕੇ ਬ੍ਰਹਮੰਡਰੂਪੀਫਲਹੈਨ ਤਿਸਵਿਖੇ ਸ੍ਰਿਸ਼ਟੀਵਸਦੀਹੈਜੈਸੇਗੂਲਰਦੇਫਲਵਿਚਅੰਤਨਹੀਂਪਾਈਦਾ ਸੋਈਸ਼ਰਦੇਰੋਮਾਂਦਾਅੰਤਨਹੀਂ ਭਾਂ ਫੇਰ ਪੈਰੀਬਰਨੂੰ ਜਬਰਾਈਲਲੈਗਿਆ ਹੈ ਅਤੇਓਥੇ ਪੈਰੀਬਰਨਾਲ ਪੜਦੇਵਿਚ ਗੱਲਾਂ ਹੋਈਆਂਹੈਨ ਤੈਸੇ ਪੈਰੀਬਰਬਾਹਰ ਪਗੜੀਬਾਂਧਦਾਸੀਤੇ ਪੜਦੇਵਿਚ ਖ਼ੁਦਾਇ ਦੀ ਸ਼ਬੀਹ ਦਿਸਦੀਸੀਭਾਂ ਅਵਾਜ਼ਹੋਈ ਐਪੈਰੀਬਰ ਮੈਂ ਤੇਰੀ ਸ਼ਬੀਹ ਨਹੀਂ ਤੂੰ ਮੇਰੀ ਸ਼ਬੀਹਹੈਂ ਭਾਂਤੇ ਆਪਣੇ ਰੂਪਦੀਸੂਰਤਸਭ੍ਹਜਗਾਂ ਹੈ ਤੇ ਸਾਫ਼ ਸ਼ੀਸ਼ੇਵਿਚ ਨਜਰ ਆਉਂਦੀ ਹੈ ਇਸੇਤਰਾਂ ਮੈਂ ਸਭ ਜਗਾਂ ਹੋਂ ਅਤੇ ਤੇਰਾ ਆਈਨਾਂ ਸਾਫ਼ ਨਿਰਮਲ ਹੈਭਾਂ ਤੇਰੇ ਵਿਚ ਮੇਰੀ ਸ਼ਬੀਹ ਨਜ਼ਰ ਆਉਂਦੀਹੈ ਪਰਏਹਸਰੀਰਮੇਰਾ ਗ਼ਾਇਬਰੱਖੀਂ ਤੇ ਮੈਂ ਤੈਨੂੰਸ਼ਾਹਰਗਬੀਂਨਜ਼ਦੀਕਹਾਂ ਭੇਦ ਮੇਰਾ ਛਪਿਆਹੋਯਾਹੈ ਏਹ ਗੱਲ ਕਰਕੇ ਪੈਰੀਬਰਮੁੜਆਯਾ ਅੱਗੇ ਦੇਵਾਨਾ ਮਜਹੂਲਰਾਹ ਵਿੱਚ ਅਵਾਜ਼ਕਰਕੇ ਆਖੇ ਹੇਪੈਰੀਬਰ ਖ਼ੁਦਾਇਨੇਆਦਮੀਨੂੰ ਆਪਨੀਸੂਰਤ ਬਨਾਇਆਹੈ ਤੇ ਤੂੰ ਕਿਥੇ ਢੂੰਡਦਾ ਫਿਰਦਾਹੈਂ ਏਹ ਸੁਣਕਰ ਅਗਲੇ ਦਿਨ ਪੈਰੀਬਰ ਨੇ ਦਰਗਾਹ ਵਿਚ ਜਾਇਕਰ ਅਰਜ਼ ਕਰੀ ਕਿ ਹੇ ਪਰਵਰਦਿਗਾਰ ਜਿਸ ਭੇਤ ਦਾ ਮੈਨੂੰ ਹੁਕਮ ਸੀਕਿਗਾਇਬ ਰੱਖਨਾ ਸੋ ਭੇਤ ਭਾਂ ਰਾਹ ਵਿਚ ਇਕਮਸਤਾਨੇਨੇ ਸੁਨਾਇਦਿੱਤਾ ਭਾਂ ਦਰਗਾਹ ਥੀਂ ਅਵਾਜ਼ ਆਈਕਿ ਦਾਨੇ ਦਿਵਾਨੇ ਮਸਤਾਨੇ ਏਹ ਸਬ ਮੇਰੀ ਸੂਰਤ ਹੈਂ ਤਿਨਾਂ ਪਾਸੋਂ ਮੈਂ ਕੁਛ ਨਹੀਂ ਲੁਕਾਂਵਦਾ ਜੋ ਦਾਨੇ ਹੈਨ ਉਨ੍ਹਾਂਦੇਪਿੱਛੇਸਭ ਲਗਦੇਹੈਨ ਤੇ ਕਾਫ਼ਲਾ ਜਿਸਦੇਮਗਰ ਲੱਗੇ ਉਨੂੰ ਸਿੱਧੇ ਰਾਹ ਜਾਨਾਵਾਜਬਹੈ ਅਤੇਖ਼ੁਦਾਇਦੀ ਕੁਦਰਤਦਾਬਿਆਨ ਨਹੀਂਕੀਤਾਜਾਂਦਾ ਅਤੇ ਤੈਨੇ ਮੁਹੱਯਦ ਦੀਨਨਾਮਧਰਾਇਆਹੈ ਭਾਂਪੀਰਨੇਕਹਾ ਪੈਰੀਬਰ ਨੂੰ ਵਫ਼ਾਤਪਾਇਆਂ ਬਹੁਤ ਮੁਦਤ ਗੁਜ਼ਰੀਹੈ ਸਭ ਲੋਕ ਈਮਾਨਥੀਂ ਫਿਰਗਏ ਨਿਮਾਜ਼ ਰੋਜ਼ਾ ਛੱਡਕੇ ਭਕੱਬਰ ਸ਼ਹਵਤ ਬਖ਼ੀਲੀ ਮੇਂ ਵਰਤ ਗਏ ਹੈਨ ਦੀਨਵਡਾ ਆਜਜ਼ ਹੋਯਾ ਹੈ ਭਾਂ ਮੇਰਾਜਨਮਹੋਯਾ ਹੈ ਖ਼ੁਦਾਇ ਦੇ ਹੁਕਮਨਾਲ ਤੇ ਦੀਨ ਨੂੰ ਹਯਾਤੀ ਦਿੱਤੀ ਫੇਰ ਨੌਂ ਸਿਰੇ ਜਵਾਂਨੀਦਿੱਤੀ ਹੈ ਮੁਸਲਮਾਨਾਂਨੂੰ ਨਮਾਜ਼ ਰੋਜ਼ਾਬੰਦਗੀ ਤਸਬੀ ਸਿਖਾਈਹੈ ਅਤੇ ਤੁਸੀ ਜੋ ਇਸ ਜ਼ਮਾਨੇ ਵਿੱਚ ਆਏਹੋ ਕਿਸਵਾਸਤੇਆਏਹੋ ਔਰਕਿਸਖਾਨਦਾਨਦੇ ਆਪਸਾਹਿਬਹੋ ਤਾਂ ਸ੍ਰੀ ਗੁਰੂਨਾਨਕਜੀ ਕਹਿਆ ਸੁਨੋਪੀਰਜੀ ਅੱਵਲ ਤੁਸਾਡੇ ਦੋਇਪੀਰ ਹੋਏਹੈਨ ਅਬਦੁਲ ਰਹਿਮਾਨ ਤਿਸਨੇ ਨੌਂ ਖ਼ਾਨਦਾਨਕੀਤੇ ਦੂਜਾਅਬਦੁਲਵਾਹਦਪੰਜਖ਼ਾਨਦਾਨਉਸਨੇਕੀਤੇਹੈਂ ਚੌਦਾਂਖਾਨਦਾਨਬਹੱਤ੍ ਫਿਰਕੇ ਸੋਅਸੀ ਕਿਸੇ ਖ਼ਾਨਦਾਨਦੇ ਨਾਹੀਂ ਅਸੀਏਸਵਾਸਤੇ ਆਏਹਾਂ ਜੋਧਰਮਦੀ ਹਾਨੀ

CC-0. Gurukul Kangri University Haridwar Collection. Digitized by S3 Foundation USA

ਹੋਈ ਅਤੇ ਹਿੰਦੂਆਂਨੇ ਕਰਮਧਰਮ ਸਭਛੱਡਦਿੱਤਾਹੈ ਸੋ ਸੱਤਦੀ ਬ੍ਰਿਧੀਵਾਸਤੇ ਅਤੇਧਰਮ ਦੀ ਹਯਾਤੀ ਵਾਸਤੇ ਅਕਾਲਪੁਰਖਨੇ ਸਾਨੂੰ ਭੇਜਿਆ ਹੈ ਤਾਂ ਪੀਰਨੇ ਕਹਿਆ ਈਮਾਨ ਲਵੋ ਬਾਂਗਦੇਵੋ ਕਿਸੇਖ਼ਾਨਦਾਨਦੇਹੋਵੋ ਨਹੀਂਤਾਂ ਧੁਆਨੂੰਸੰਗਸਾਰਕਰਾਂਗੇਜਦੋਂਪੀਰਨੇ ਏਹਬਾਤ ਕੀਤੀ ਤਾਂ ਸ੍ਰੀ ਗੁਰੂ ਜੀ ਉੱਚੀ ਸੁਰ ਨਾਲ ਬਾਂਗਾ ਦਿੱਤਾ ॥ ਸ੍ਰੀ ਮੁਖਵਾਕ ॥ "ਗੁਰਬਰ ਅਕਾਲ ਸਤਸ੍ਰੀਅਕਾਲ ਚਿਤ ਚਰਣ ਨਾਮ ਘਰਘਰ ਪ੍ਰਨਾਮ ਸਭ ਪਰ ਕ੍ਰਿਪਾਲ ਜੋਰਸ ਜਵਾਲ" ਤਾਂ ਏਹ ਸ਼ਬਦ ਸ੍ਰੀਗੁਰੂਜੀ ਉਚਾਰਿਆ ਜਾਂਮੁਸਲਮਾਨਾਂ ਨੇ ਏਹ ਬੁਲੰਦ ਅਵਾਜ਼ ਸਣੀ ਤਾਂ ਸਭਮੁਸਲਮਾਨ ਮੂਰਛਾਹੋਇਗਏ ਅਤੇ ਸ੍ਰੀ ਗੁਰੂਨਾਨਕ ਦੇਵਜੀਨੇ ਕਹਾ ਭਾਈ ਅਭਨਾਂ ਦਾ ਮਰਨਾ ਚੰਗਾ ਨਹੀਂ ਏਹ ਵਿਚਾਰਕਰਕੇ ਸ੍ਰੀਬਾਬੇ ਜੀ ਨੇ ਇਕ ਪੀਰ ਕੋ ਕ੍ਰਿਪਾ ਦ੍ਰਿਸ਼ਟੀ ਕੀਤੀਤੇ ਪੀਰਨੇ ਦੇਖਿਆ ਸਭ ਮੁਸਲਮਾਨ ਮੂਰਛਾਹੋਗਏ ਹੈਨ ਤਾਂ ਏਹ ਕੁਦਰਤ ਖ਼ੁਦਾਇ ਦੀ ਦੇਖ ਕਰਕੇ ਦਿਲਮੇਂ ਕਹਿਨੇ ਲਗਾ ਯਾ ਖ਼ੁਦਾਇ ਜੀ ਏਹ ਫ਼ਕੀਰ ਤਾਂ ਬੜੀ ਕਰਾਮਾਤ ਵਾਲਾ ਹੈ ਜੋ ਇਸਨੇ ਸਭ ਖ਼ਾਨਦਾਨਾਂ ਨੂੰ ਰੱਦਕੇ ਇਕ ਪਰਮੇਸ਼ਰ ਨੂੰ ਪਛਾਤਾ ਹੈ ਅਤੇ ਖੁਦਾਇ ਨੇ ਧਰਤੀ ਤੇ ਅਸਮਾਨ ਵਿੱਚ ਇਸਫ਼ਕੀਰਨੂੰ ਮਸ਼ਹੂਰਕੀਤਾਹੈਅਤੇ ਖ਼ੁਦਾਇ ਦੀ ਯਾਦ ਬਿਨਾਂ ਇਸਦਾ ਇਕਦਮ ਭੀ ਖਾਲੀ ਨਹੀਂ ਜਾਂਦਾ ਜਾਂਪੀਰਦੀਅੱਛੀ ਤਰਹਗ਼ਸ਼ ਖੁਲ੍ਹੀ ਤਾਂ ਹੱਥ ਜੋੜਕਰਆਖਣਲੱਗਾ ਹੇਨਾਨਕਜੀ ਜਿਸਤਰਹ ਮੇਰੇ ਉੱਪਰ ਮੇਹਰਬਾਨੀ ਕੀਤੀਹੈ ਜੀ ਇਸੀਤਰਹ ਏਨਾਂ ਲੋਕਾਂਉੱਪਰਵੀਕਰੋ ਜੀ ਤਾਂ ਸ੍ਰੀ ਬਾਬੇਜੀ ਕਹਿਆ ਪੀਰ ਜੀ ਤੁਸੀਤਾਂ ਸੰਗਸਾਰ ਕਰਨ ਨੂੰ ਪੱਥਰਆਂਦੇ ਹੈਸਨ ਹੁਣ ਕਿਉਂ ਨਹੀਂਕਰਦੇ ਤਾਂ ਪੀਰਨੇ ਸ੍ਰੀ ਗੁਰੂਜੀਕੇ ਕਦਮ ਪਕੜ ਲੀਤੇ ਤੇ ਕਿਹਾ ਹੇ ਸੰਤ ਜੀ ਏਸ ਬਗ਼ਦਾਦ ਵਿਚ ਕਰਾਮਾਤ ਕਿਸੇ ਦੀ ਨਹੀਂ ਸੀ ਚਲਦੀ ਅਤੇ ਤੂੰ ਫਕੀਰ ਹੈਂ ਜਿਸਨੇ ਏਹ ਕਲਾ ਦਿਖਲਾਈ ਹੈ ਪਰ ਹੁਣ ਆਪ ਮੇਹਰਬਾਨੀ ਕਰਕੇ ਸਾਡੀਆਂ ਤਕਸੀਰਾਂ ਮੁਆਫ਼ ਕਰੋ ਜੀ ਤਾਂ ਸ੍ਰੀਬਾਬੇਜੀ ਉਨ੍ਹਾਂ ਉੱਪਰ ਕ੍ਰਿਪਾ ਦ੍ਰਿਸ਼ਟੀ ਕੀਤੀ ਤਾਂ ਸਭ ਲੋਕ ਸੁਰਤਵਿੱਚ ਆਏ ਤਾਂ ਸ੍ਰੀ ਬਾਬੇ ਜੀ ਦੇ ਅੱਗੇ ਸਭਨਾਂ ਲੋਕਾਂ ਦਸਤਬਸਤਾ ਹੋਕੇ ਤਾਜ਼ੀਮ ਕੀਤੀ ਤਾਂ ਪੀਰਨੇ ਕਹਿਆ ਹੇਫ਼ਕੀਰ ਜੀ ਆਪਨੇ ਲੱਖ ਅਕਾਸ਼ਤੇ ਲੱਖ ਪਤਾਲ ਕਹੇ ਹੈਨ ਸੋ ਓਨਾਂਦਾਹਾਲ ਦੱਸੋ ਕੀਕਰ ਹੈਨ ਤਾਂ ਸ੍ਰੀ ਬਾਬੇ ਜੀ ਕਹਾ ਪੀਰਜੀ ਤੁਸਾਡੇ ਪੈਗ਼ੰਬਰਨੇ ਜੋ ਕਤਾਰਾਂਸ਼ੁਤਰਾਂ ਦੀਆਂ ਡਿਠੀਆਂ ਹੈਨ ਸੋ ਇਕ ਇਕ ਫ਼ਲਕਹੈ ਸ਼ੁਤਰਦਾਉਪਰਦਾ ਹਿੱਸਾ ਸੱਤ ਅਕਾਸ ਹੈਨ ਤੇ ਹੇਠ ਸੱਤ ਪਤਾਲ ਹੈਨ ਤੇ ਜ਼ਮੀਨ ਬਹਿਸ਼ਤ ਦੋਜ਼ਖ਼ ਤਿੰਨ ਸੰਦੂਕ ਸ਼ੁਤਰਉੱਤੇ ਹੈਸਨ ਜਿਤਨੇ ਖਲਕਤਦੇ ਬਚਨ ਹੈਨ ਸੰਦੂਕਾਂ ਵਿੱਚ ਅੰਡੇ ਹੈਨ ਤੇ ਇਕ ਆਦਮੀ ਵਿਚ ਭੀ ਚੌਦਾਂ ਤਬਕ ਹੈਨ ਸੋ ਖ਼ੁਦਾਇ ਦੀ ਕੁਦਰਤ ਬਿਅੰਤਹੈ ਜਿਸਤਰਾਂ ਤੂੰ ਦੀਨ ਦੀ ਹਯਾਤੀਵਾਸਤੇ ਆਯਾਹੈਂ ਇਸੀਤਰਹ ਧਰਮ ਦੀ ਹਯਾਤੀ ਵਾਸਤੇ ਸਾਨੂੰਉਸਪਰ ਅਸ਼ਰਨੇਭੇਜਿਆਹੈਕਿ ਕਲਯੁਗਮੇਂਧਰਮਦੇ ਤਿੰਨ ਪੈਰ ਟਲਗਏ ਹੈਨ ਤੇ ਚਉਥੇ ਪੈਰ ਉਪਰ ਖਲੋਤਾ ਹੈ ਸੋ ਕੂੜ ਕੁਸੱਤ ਵਧਦੇ ਹੈਨ ਤੇ ਧਰਮ

CC-0. Gurukul Kangri University Haridwar Collection. Digitized by S3 Foundation USA

OF INTERNET ABHINAV GAUR

ਕਰਮ ਦੂਰ ਹੁੰਦੇ ਜਾਂਦੇ ਹਨ ਅਤੇ ਮੈਂ ਕਰਤਾਰ ਦੇ ਹੁਕਮ ਨਾਲ ਨਾਮ ਰੂਪੀ ਅੰਮ੍ਰਿਤ ਸੇ ਹਿੰਦੂ ਜੋ ਮਰਦੇ ਹੈਨ ਸੋ ਉਨ੍ਹਾਂਕੋ ਜਿੰਦਾ ਕਰਾਂਗਾ ਤੋ ਸਤਿਨਾਮ ਮੰਤਰ ਪੜ੍ਹਨਗੇ ਧਰਮ ਕਮਾਵਣਗੇ ਮੇਰੇ ਧਰਮੋ ਬਲ ਹੋਵੇਗਾ ਅਤੇ ਦਸਵਾਂਜਾਮਾਂ ਪਹਿਰਕਰ ਹਿੰਦੂਆਂਕੋਸ਼ਸਤਰ ਪਕੜਾਵਾਂਗਾ ਜੇਕਰ ਸੱਚ ਕਮਾਵਣਗੇ ਤਾਂ ਦਿਨੋ ਦਿਨ ਪ੍ਰਤਾਪ ਵਧੇਗਾ ਤੇ ਜੇ ਬੇਇਤਫਾਕੀ ਕਰਨਗੇ ਤਾਂ ਪਰਤਾਪ ਖਲੋਤਾ ਰਹੇਗਾ ਤਾਂ ਪੀਰਾਂ ਨੇ ਕਹਾ ਸਾਨੂੰ ਪਾਤਾਲਾਂ ਦਾ ਪਤਾ ਹੱਛੀ ਤਰਹ ਨਹੀਂ ਦਿਖਲਾਯਾ ਤਾਂ ਫੇਰ ਸ੍ਰੀ ਗੁਰੂਜੀ ਨੇ ਉਸ ਪੀਰ ਦੇ ਪੁਤ੍ਰ ਕਉ ਨਾਲ ਲੈ ਕਰ ਉਸਦਾ ਹੱਥ ਪਕੜ ਲਿਆ ਕਹਾ ਅੱਖੀਂ. ਮੀਟ ਜਾਂ ਉਸ ਲੜਕੇ ਨੇ ਅੱਖੀ ਮੀਟੀਆਂ ਤੇ ਓਥੋਂ ਗਾਇਬ ਹੋਇਗਏ ਅਤੇ ਪੈਹਲੋਂ ਓਸਨੂੰ ਲੱਖਾਂ ਹੀ ਅਕਾਸ਼ ਦਿਖਾਏ ਤੇ ਫੇਰ ਪਤਾਲ ਲੱਖਾਂਹੀ ਦਿਖਾਏ ਤਾਂ ਓਹ ਲੜਕਾ ਦੇਖਦਾ ਦੇਖਦਾ ਥੱਕ ਪਿਆ ਤਾਂ ਪੀਰ ਦੇ ਪੁਤ੍ਰ ਨੇ ਕਿਹਾ ਜੀ ਹੁਣ ਪਿਛਾਹਾਂ ਨੂੰ ਚਲੀਏਜੀ ਤਾਂ ਸ੍ਰੀ ਬਾਬੇ ਜੀ ਨੇ ਕਹਾ ਤੇਰਾ ਪੀਰਮੰਨੇਗਾਨਹੀਂਏਥੋਂ ਇਕ ਕਚਕੌਲ ਕੜਾਹ ਦਾ ਭਰਕਰ ਲੈ ਚਲ ਤਾਂ ਕਿਆ ਦੇਖੇ ਜੋ ਅੱਗੇ ਸੰਗਤ ਇਕੱਠੀ ਹੋਈ ਹੈ ਤੇ ਕੜਾਹ ਪਰਸ਼ਾਦ ਤਿਆਰ ਹੈ ਤੇ ਵਰਤਾਉਂ ਦੇ ਹੈਨ ਓਥੋਂ ਕੜਾਹ ਪ੍ਰਸ਼ਾਦ ਦਾ ਕਚਕੌਲ ਭਰ ਲਿਆ ਤਾਂ ਧੁਰੋਂ ਪਤਾਲੋਂ ਕੜਾਹੀ ਲਈ ਅਤੇ ਪੀਰ ਅੱਗੇ ਆਇ ਰੱਖੀ ਤਾਂ ਪੀਰ ਪੁੱਛਨ ਲਗਾ ਤਾਂ ਸ੍ਰੀ ਬਾਬੇ ਜੀ ਕਹਾ ਤੂੰ ਆਪਣੇ ਪੁੱਤ੍ਰ ਕੋਲੋਂ ਪੁੱਛ ਤਾਂ ਪੀਰ ਦੇ ਪੁੱਤ੍ਰ ਨੇ ਕਹਾ ਮੈਂ ਤਾਂ ਅਕਾਸ਼ ਪਤਾਲ ਦੇਖਦਾ ਦੇਖਦਾ ਥੱਕ ਪਿਆ ਹਾਂ ਜਿੱਥੇ ਜਿੱਥੇ ਜਾਵਨ ਓਥੇ ਅੱਗੇਹੀ ਸੰਗਤ ਇਕੱਠੀ ਹੋਈ ਹੋਵੇ ਤੇ ਕੜਾਹ ਪ੍ਰਸਾਦਿ ਵੰਡੀਦਾ ਹੋਵੇ ਅਤੇ ਜੋ ਮਨੁੱਖਰੂਪ ਹੈ ਸੋ ਸ੍ਰੀਗੁਰੂ ਨਾਨਕ ਜੀ ਕਾ ਹੀ ਜਸ ਕਰ ਰਿਹਾ ਹੈਤੇ ਏਨਾਂ ਦੇ ਸ਼ਬਦ ਪੜ੍ਹ ਕਰ ਸ੍ਰੀ ਪਰਮੇਸ਼ਰ ਦੀ ਉਸਤਤ ਕਰਦੇ ਹੈਨ ਤਾਂ ਮੈਂ ਇਨ੍ਹਾਂਕੋ ਕਿਹਾ ਜੀ ਹੁਨ ਪਿਛਾਂ ਚਲੀਏਜੀ ਤਾਂ ਇਨ੍ਹਾਂ ਨੇ ਹੁਕਮ ਕੀਤਾ ਕਿ ਏਥੋਂ ਕੋਈਨਿਸ਼ਾਨੀ ਲੈਲੈ ਜੋ ਤੇਰਾ ਪੀਰਮੰਨੇਗਾ ਨਹੀਂ ਤਾਂ ਏਹ ਕਚਕੌਲ ਕੜਾਹਪ੍ਰਸਾਦ ਦਾ ਲਿਆਂਦਾ ਹੈ ਤਾਂ ਓਹ ਦੇਖਨ ਤਾਂ ਕਿਆ ਦੇਖਨ ਜੋ ਕੜਾਹ ਗਰਮ ਹੈ ਤਾਂ ਪੀਰਨੇ ਕਿਹਾ ਪੁੱਤ੍ਰ ਏਨਾਂ ਦੀ ਜ਼ਾਹਰ ਕਰਾਮਾਤਹੈ ਤਾਂ ਫੇਰ ਪੀਰ ਨੇ ਸਵਾਲ ਕੀਤਾ ਹੇ ਬਾਬਾ ਜੀ ਜਦੋਂ ਬਾਵੇ ਆਦਮਨੇ ਪੈਹਲੇ ਆਦਮੀਆਂਦੇ ਭਾਂਡੇ ਘੜੇਹੈਂ ਸੋਕਿਸਤਰਾਂ ਘੜੇ ਹੈਨ ਜੀ ਤਾਂ ਸ੍ਰੀਗੁਰੂਜੀ ਕਿਹਾ ਪੀਰਜੀ ਜਿਉਂ ਕੁਲਾਲ ਭਾਂਡੇ ਚੱਕ ਉੱਪਰ ਬਨੌਂਦਾ ਹੈ ਤਾਂ ਅੰਦਰ ਬਾਹਰ ਹੱਥ ਦੇਕਰ ਬਨੌਂਦਾ ਹੈਅਤੇ ਕੱਚੇ ਭਾਂਡੇ ਕੁਛਕੰਮ ਨਹੀਂ ਸਵਾਰਦੇ ਤੇ ਆਵੇ ਵਿੱਚ ਕੱਚੇ ਚੜ੍ਹਾਕੇ ਪਕਾਂਵਦਾਹੈ ਤਾਂ ਕੰਮ ਸੌਰਦਾ ਹੈਤੈਸਾ ਬਾਵਾਆਦਮ ਕੁਲਾਲ ਤੇ ਅਸਮਾਨ ਚੱਕ ਜਿਉਂ ਅਸਮਾਨ ਦੀ ਗਰਦਸ਼ ਹੁੰਦੀ ਹੈ ਤਿਉਂ ਹੀ ਖਲਕਤ ਪੈਦਾ ਹੁੰਦੀ ਹੈ ਬਜ਼ੁਰਗਾਂ ਦੀ ਸੋਹਬਤਰੂਪੀ ਆਵੇਮੇਂ ਪਰਵਰਦਾ ਹੁੰਦਾਹੈ ਸੋ ਸੁਖੀ ਰੈਂਹਦਾ ਹੈ ਨਹੀਂ ਤਾਂ ਖੁਆਰ ਹੁੰਦੇ ਹਨ ਤਾਂ ਪੀਰ ਨੇ ਕਹਾ ਕਿ ਮੁਸਲਮਾਨ ਆਖਦੇ ਹਨ ਕਿ ਆਦਮੀ ਦਾ ਰੂਹ ਫੇਰਨਹੀਂ ਜੰਮਦਾ ਤੇ ਹਿੰਦੂ ਆਖਦੇ ਹਨ ਕਿ ਜੰਮਦੇ ਮਰਦੇ ਰੈਂਹਦੇ ਹਨ ਤਾਂ ਸ੍ਰੀ ਬਾਬੇ

CC-0. Gurukul Kangri University Haridwar Collection. Digitized by S3 Foundation USA

ਕਹਿਆ ਮੁਸਲਮਾਨ ਸੋਈ ਹਿੰਦੂ ਹੈ ਜੋ ਗਜਾਨ ਅਗਨਿ ਕਰ ਪੁਖਤਾਹੈ ਜੈਸੇ ਕੱਚੇ ਦਾਣੇ ਉਗਦੇ ਹਨ ਤੈਂ ਪੱਕੇ ਦਾਣੇ ਨਹੀਂ ਉਗਦੇ ਤੈਸੇ ਜੋ ਅਗਿਆਨੀ ਹੈਨ ਸੋ ਮਰਦੇ ਜੰਮਦੇ ਹੈਨ ਅਤੇ ਗਜਾਨੀ ਜੋ ਹੈ ਨਾ ਓਹ ਜੰਮਦਾ ਹੈ ਤੇ ਨਾ ਓਹ ਮਰਦਾ ਹੈ ਅਤੇ ਜੋ ਆਪਣੇ ਦਿਲ ਨੂੰ ਤਕੜਾ ਕਰਕੇ ਖੁਦਾਇ ਦੀ ਸਿਫਤ ਕਰਦਾ ਹੈ ਸੋ ਖੁਦਾਇ ਦੇ ਹਜੂਰ ਰਹਿੰਦਾ ਹੈ ਇਹ ਬਾਤਾਂ ਸ੍ਰੀ ਬਾਬੇ ਜੀ ਦੀਆਂ ਸੁਣਕਰ ਉਨ੍ਹਾਂ ਲੋਕਾਂ ਸਿਦਕ ਆਂਦਾ ਤੇ ਬਾਬੇ ਅੱਗੇ ਸਭਨਾਂ ਸਿਧਦਾ ਕੀਤਾ ਤਾਂ ਸ੍ਰੀ ਗੁਰੂ ਜੀ ਓਥੋਂ ਚਲਦੇ ਰਹੇ ॥ ੨੫੫ ॥

ਆਗੇ ਸਾਖੀ ਮਰਦਾਨੇ ਦੇ ਚਲਾਣੇ ਦੀ ਚਲੀ

ਤਾਂ ਭਾਈਬਾਲਾ ਕਹੇ ਹੇ ਸ੍ਰੀਗੁਰੂ ਅੰਗਦਜੀ ਸ੍ਰੀਗੁਰੂਨਾਨਕ ਜੀ ਕਰਨਕਾਰਨ ਜੋਤੀ ਸ੍ਵਰੂਪ ਜਦ ਸਮੁੰਦ੍ਰ ਦੇ ਕਿਨਾਰੇ ਉੱਪਰ ਆਏ ਤਾਂ ਆਨਕਰ ਆਖਿਆ ਨੇ ਮਰਦਾਨਾ ਕਿਆ ਖਬਰ ਹੈ ਤਾਂ ਮਰਦਾਨੇ ਕਹਿਆ ਗੁਰੂ ਜੀ ਹੁਨ ਅਸੀਂ ਕਿਥੇ ਆਏ ਹਾਂ ਸ੍ਰੀ ਗੁਰੂ ਜੀ ਕਹਿਆ ਅਸੀ ਸਮੁੰਦ੍ਰ ਪਰ ਆਹੇ ਤਾਂ ਮਰਦਾਨੇ ਕਹਾ ਗੁਰੂਜੀ ਏਥੋਂ ਘਰ ਕਿਤਨੀਕ ਦੂਰਹੈ ਅਤੇ ਆਪਘਰ ਕਦਕਦੱਲੋਗੇ ਤਾਂ ਗੁਰੂਜੀ ਕਹਿਆ ਮਰਦਾਨਾ ਸਾਨੂੰ ਜਦ ਕਰਤਾਰ ਖੜੇਗਾ ਤਾਂ ਜਾਵਾਂਗੇ ਪਰ ਚਲ ਤੈਨੂੰ ਘਰ ਲੈਚਲਦੇ ਆਹੇ ਪਰ ਤੂੰ ਉਤਾਵਲਾਨਾ ਹੋ ਤਾਂ ਮਰਦਾਨੇ ਕਹਿਆ ਜੀ ਹੁਣੇ ਹੀ ਧੱਕਾਦੇਂ ਦੇਹੋ ਤਾਂ ਸ੍ਰੀ ਗੁਰੂਜੀ ਕਹਿਆ ਮਰਦਾਨਾਂ ਅਸੀਤਾਂ ਨਹੀਂ ਧੱਕਾਦੇਂ ਦੇ ਪਰ ਤੂ ਧੁਆਪੇ ਹੀ ਘਰ ਯਾਦ ਕੀਤਾ ਆਹਾ ਤਾਂ ਮਰਦਾਨੇ ਕਹਿਆ ਗੁਰੂਜੀ ਮੈਂ ਤਾਂ ਸੁਭਾਵਕ ਹੀ ਗੱਲ ਕੀਤੀ ਆਹੀ ਤਾਂ ਸ੍ਰੀਗੁਰੂਜੀ ਕਹਿਆ ਚਲੋ ਭਾਈਬਾਲਾ ਮਰਦਾਨਾ ਸਾਥੋਂ ਅੱਗੇਹੀ ਵਿਦਿਆ ਹੁੰਦਾ ਹੈ ਤਾਂ ਮਰਦਾਨੇ ਆਖਿਆ ਗੁਰੂਜੀ ਅਜੇਹਾ ਨਾ ਵੇ ਜੋ ਛੋਡਦੇਹੋ ਨਾਲਹੀ ਨਿਬਾਹਵਣਾ ਤਾਂ ਸ੍ਰੀ ਗੁਰੂਜੀ ਆਖਿਆ ਮਰਦਾਨਾ ਕਰਤਾਰਦੀ ਬਡੀ ਕਿਰਪਾ ਹੈ ਅਸਾਡੇ ਉੱਤੇ ਅਸੀਵੀ ਬਡੇ ਪਰਸੰਨ ਹਾਂ ਜੋ ਸਾਥੀ ਓਥੇ ਨਹੀਂ ਮੰਗਿਆ ਜੋ ਤੂੰ ਆਖੇਂ ਹਾਂ ਜੋ ਭੁਖ ਦੇ ਧੋਖੇ ਮਰਗਿਆ ਤਾਂ ਮਰਦਾਨੇ ਆਖਿਆ ਗੁਰੂਜੀ ਸੈਨੂੰ ਦੋ ਆਦਮੀ ਬਡੇ ਸੁੰਦਰ ਮਿਲੇ ਹੈਨ ਤੇ ਓਨਾਂ ਸੈਨੂੰ ਫੁੱਲਾਂਦੀ ਮਾਲਾ ਦਿੱਤੀ ਹੈ ਪਰ ਓਹ ਫੁੱਲ ਅਜੇ ਹੈਹੈਨ ਕਿ ਕਦੇ ਕੁਮਲਾਏ ਵੀ ਨਾਹੀਂ ਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਆਖਿਆ ਮਰਦਾਨਾ ਓਹ ਗੰਧਰਬ ਹੈਸਨ ਤੇਰੇ ਲੈਣੇ ਵਾਸਤੇ ਆਏ ਹੈਣ ਪਰ ਹੁਣ ਤੂੰ ਅੱਗੇ ਨੱਠ ਅਤੇ ਬਾਕੀ ਕੰਮ ਕਰਕੇ ਤੇ ਅਸੀ ਵੀ ਆਵਨੇਹਾਂ ਅਤੇ ਜਦ ਅਸੀ ਬੈਕੁੰਠ ਨੂੰ ਜਾਵਾਂਗੇ ਤਾਂ ਤੈਨੂੰ ਗੰਧਰਬਪੁਰੀ ਵਿੱਚੋਂ ਨਾਲਹੀ ਲਈ ਚਲੀਏਂਗੇ ਤਾਂ ਮਰਦਾਨੇ ਆਖਿਆ ਗੁਰੂਜੀ ਜਿਵੇਂ ਤੁਸਾਡੀ ਆਗਿਆ ਹੈ ਤਿਵੇਂ ਹੀ ਅੱਛਾ ਹੈ ਪਰ ਹੇ ਸੱਚੇ ਪਾਤਸ਼ਾਹ ਜੀ ਮੇਰੀ ਦੇਹ ਕਿਥੇ ਛੁਟੇਗੀ ਜੀ ਤਾਂ ਸ੍ਰੀਗੁਰੂ ਜੀ ਕਹੇ ਮਰਦਾਨਾਂ ਤੇਰੀ ਦੇਹ ਕਿਸੇ ਭਲੀ ਜਗਹ ਛੁਟੇਗੀ ਤੇ ਅਸੀ ਪਾਸ ਹੋਵਾਂਗੇ ਤਾਂ ਤੇਰੀ ਦੇਹ ਛੁਟੇਗੀ ਤਾਂ ਫੇਰ ਗੁਰੂਜੀ ਕਹਿਆ ਮਰਦਾਨਾ ਬ੍ਰਾਹਮਣਾਂ ਦਾ ਜੋ ਹੈ ਜਲ ਦਾਗ ਹੈ ਤੇ ਪੰਡੀਆਂ ਦਾ ਦਾਗ ਜੋ ਹੈ ਸੋ ਅਗਨ ਦਾਗ ਹੈ ਤੇ ਵੈਸ਼ਨਾਂ ਦਾ ਧਰਣ ਵਿੱਚ ਸੁਟਣਾ ਹੈ ਅਤੇ ਸੂਦ੍ਰਾਂ ਕੋ ਦੱਬ ਦੇਂਦੇ ਹੈਨ ਅਤੇ ਤੂੰ ਜੋ ਸਾਨੂੰ ਆਖੇਂ ਸੋ ਦਾਗ ਤੈਨੂੰ ਦੇਵੀਏ ਅਤੇ ਨਾਲੇ

CC-0. Gurukul Kangri University Haridwar Collection. Digitized by S3 Foundation USA

ਤੇਰੀ ਮੜ੍ਹੀ ਬਨਾਈਏ ਤਾਂ ਮਰਦਾਨੇ ਆਖਜਾ ਗੁਰੂ ਜੀ ਸ਼ਰੀਰ ਰੂਪੀ ਮੜ੍ਹੀ ਵਿੱਚੋਂ ਕੱਢਕੇ ਤੇ ਇੱਟਾਂ ਵਿਚ ਰੂਹਨੂੰ ਪੌਂਦੇਹੋ ਤਾਂ ਸ੍ਰੀਬਾਬੇ ਜੀ ਕਹਾ ਮਰਦਾਨਾ ਤੈਂ ਬ੍ਰਹਮ ਨੂੰ ਪਛਾਣਜਾ ਹੈ ਤਾਂ ਮਰਦਾਨੇ ਕਹਾ ਗੁ ਜੀ ਆਪਦੀਕ੍ਰਿਪਾ ਕਰਕੇ ਜੋ ਕਰਤਾਰਨੇਦਿਖਾਯਾ ਹੈ ਸੋ ਦੇਖਜਾ ਹੈ ਜੀ ਤੇ ਮਰਦਾਨੇ ਕਹਾ ਗੁਰੂ ਜੀ ਜੋ ਏਥੇ ਸਾੜੀਦੇ ਹਨ ਸੋ ਪਾਕ ਹੋਜਾਂਦੇ ਹਨ ਅਤੇ ਜੋ ਏਥੇ ਦਬੀਂਦੇ ਹਨ ਸੋ ਅੱਗੇ ਸਾੜੀਦੇ ਹਨਜੀ ਤਾਂਤੇ ਹੇ ਦੀਨਦਜਾਲਜੀ ਮੈਨੂੰ ਆਪ ਮੇਹਰਬਾਨੀ ਕਰਕੇ ਸਾੜਨਾ ਜੀ ਸੋ ਏਹ ਬਾਤਾਂ ਕਰਦੇ ਕਰਦੇ ਸ੍ਰੀਗੁਰੂਜੀ ਦਰਬੇਲਾਨਾਮਸ਼ੈਹਰਮੇਂਆਣ ਉਤਰੇਤਾਂਮਰਦਾਨੇ ਪੁਛਿਆ ਗੁਰੂਜੀਮੇਰੀਏਥੇ ਦੇਹਛੁਟੇਗੀਤਾਂ ਸ੍ਰੀਬਾਬੇਜੀਕਹਾ ਮਰਦਾਨਾ ਏਥੇ ਤੇਰੀ ਉਲਾਦ ਰਹੇਗੀ ਤੇ ਤੈਨੂੰ ਅਸੀਂ ਖੁਰਮੇ ਸ਼ੈਹਰ ਲੈ ਚਲਦੇਹਾਂ ਤਾਂ ਓਥੇ ਤੇਰੀ ਦੇਹ ਛੁਟੇਗੀ ਤਾਂਮਰਦਾਨੇ ਆਖਿਆ ਜੀਭਲਾਗੁਰੂਜੀ ਤਾਂਸ੍ਰੀਗੁਰੂਜੀਕਹਾ ਮਰਦਾਨਾ ਓਥੇਖੁਰਮੇਂ ਚਲਕਰਖਾਹ ਤੇਰਾ ਅਹਾਰ ਬਾਕੀ ਰੈਂਹਦਾਹੈ ਤਾਂ ਓਥੋਂਚਲੇਪੰਜਵੇਂਦਿਨਮਰਦਾਨੇਨੇ ਖੁਰਮੇ ਆਣ ਖਾਧੇ ਅਤੇ ਤ੍ਰੈ ਘੜੀਆਂ ਦਿਨਰਿਹਾ ਤਾਂ ਸ੍ਰੀਗੁਰੂਨਾਨਕਦੇਵ ਜੀ ਨੇ ਮਰਦਾਨੇ ਪਾਸੋਂ ਪੁਛਜਾ ਕਜੋਂ ਮਰਦਾਨਾ ਦੇਹ ਖ਼ਬਰ ਆਤਮੇਦੀ ਜੋ ਕੈਸਾਕੁ ਹੈ ਤਾਂ ਮਰਦਾਨੇ ਕਹਾ ਗੁਰੂ ਜੀ ਤਯਾਰੀ ਹੈ ਤਾਂ ਸ੍ਰੀਗੁਰੂਬਾਬੇਜੀਕਹਾ ਮਰਦਾਨਾ ਤੂੰ ਕਜੋਂਕਰ ਜਾਤਾ ਹੈ ਤਾਂ ਮਰਦਾਨੇਕਿਹਾ ਗੁਰੂ ਜੀ ਜੋ ਮੇਰੀ ਨਾਭੀ ਹੈ ਤਿਸਦੇ ਵਿਚੋਂ ਸ੍ਵਾਸਾਂ ਦੀ ਗੰਢ ਖੁਲ੍ਹਗਈ ਹੈ ਔਰ ਗੁਰੂਜੀ ਮੇਰੇ ਨੱਬੇ ਸੁਆਸ ਬਾਕੀ ਰੈਂਹਦੇਹਨ ਭਾ ਆਪਗਿਣਲੇਵੋ ਤਾਂ ਸ੍ਰੀ ਗੁਰੂਜੀ ਕਹਾ ਭਾਈਬਾਲਾਤੂੰ ਗਿਣਦਾ ਜਾਹ ਤਾਂ ਮੈਂ ਲਗਾ ਗਿਣਨ ਤਾਂ ਗੁਰੂਜੀ ਭੀ ਬੈਠੇ ਹਨ ਜਾਂ ਨੱਬੇ ਆਸ ਪੂਰੇਹੋਏ ਤਾਂ ਮਰਦਾਨੇ ਦੀ ਦੇਹ ਠੰਢੀ ਹੋਈ ਜਾਂ ਮੈਂ ਗੁਰੂਜੀ ਹੱਥ ਲਾਯਾ ਤਾਂ ਮਰਦਾਨੇਦੀਦੇਹਵਿਚ ਸੁਆਸ ਕੋਈ ਬਾਕੀ ਨਹੀਂ ਰਿਹਾ ਤਾਂ ਮੈਂ ਆਖਿਆ ਗੁਰੂਜੀ ਮਰਦਾਨਾ ਪੂਰਾਭੈਆਹੈ ਤਾਂ ਸ੍ਰੀ ਗੁਰੂ ਜੀ ਕਰਤਾਰ ਅਗੇ ਮੱਥਾ ਟੇਕਿਆ ਤੇ ਕਹਾ ਦੇਖ ਭਾਈਬਾਲਾਕਰਤਾਰਦੇ ਰੰਗਤਮਾਸ਼ੇ ਜੋ ਕੇਹੀ ਕ੍ਰਿਪਾ ਮਰਦਾਨੇ ਉਪਰ ਕੀਤੀ ਹੈ ਤਾਂ ਮੈਂ ਅਖਿਆ ਗੁਰੂਜੀਧੰਨਕਰਤਾਰਹੈ ਤੇਧੰਨ ਆਪਹੈਂ ਜਿਸਉਪਰ ਆਪਦੀਕ੍ਰਿਪਾ ਹੋਵੇ ਉਸਉਪਰ ਕਿਉਂਨਾ ਕਰਤਾਰ ਕ੍ਰਿਪਾਕਰੇ ਤਾਂ ਸ੍ਰੀ ਗੁਰੂਨਾਨਕਜੀਕਹਾ ਭਾਈਬਾਲਾ ਹੁਣ ਮਰਦਾਨੇਨੂੰ ਸਾੜੀਏ ਤਾਂ ਮੈਂ ਆਖਿਆ ਭਲਾਜੀਤਾਂ ਲਕੜੀਆਂਕੱਠੀਆਂਕੀਤੀਆਂਖੁਰਮੇਦੀਆਂ ਤਾਂ ਇਕ ਚਾਦਰ ਗੁਰੂ ਜੀ ਆਪਣੀਲਈਤੇਇਕ ਚਾਦਰਮੇਰੀਲਈ ਤਾਂ ਮਰਦਾਨੇਦੀਚਾਦਰ ਤੀਸਰੀ ਤਿੰਨਾਂ ਦਾ ਖਣਨਸੀਤਾ ਤੇਮਰਦਾਨੇਨੂੰ ਇਸ਼ਨਾਨ ਕਰਾਵਾਇਕੇਅੱਛੀਤਰ੍ਹਾਂ ਨਾਲ ਮਰਦਾਨੇਦਾ ਸਸਕਾਰ ਕੀਤਾ ਸ੍ਰੀ ਗੁਰੂਜੀ ਅਪ ਨੀ ਹੱਥੀਂ ਮਰਦਾਨੇ ਦੀ ਦੇਹ ਜਲਾਈ ਅਤੇ ਮੇਰੇਤਾਈਂ ਕਹਿਨ ਲਗੇ ਭਾਈ ਬਾਲਾ ਹੁਣ ਏਥੇ ਮਰਦਾਨੇ ਦੀ ਸੰਤਾਂਨਕੋ ਲਜਾਇਵਸਾਈਏ ਤਾਂ ਮੈਂ ਆਖਜਾ ਗੁਰੂਜੀ ਜਿਵੇਂਤੁਸਾਂਡੀ ਰਜ਼ਾਇ ਹੈ ਸੋ ਕਰੋਜੀ ਤਾਂ ਓਥੋਂ ਸ੍ਰੀਗੁਰੂ ਜੀ ਚਲਦੇ ਰਹੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੫੬ ॥

CC-0. Gurukul Kangri University Haridwar Collection. Digitized by S3 Foundation USA

ਆਗੇ ਸਾਖੀ ਮੁਲਤਾਨ ਦੇ ਪੀਰਾਂਨਾਲ

ਤਾਂ ਬਾਲਾ ਕਹੇ ਹੈ ਸ੍ਰੀ ਗੁਰੂ ਅੰਗਦ ਸਹਿਬ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਮਰਦਾਨੇ ਦੀ ਅਸਵਾਰੀ ਪੂਰਨ ਕਰਕੇਜਿਉਂ ਓਥੋਂ ਚਲੇ ਜਾਂਦੇਜਾਂਦੇ ਮੁਲਤਾਨ ਦੇ ਬਾਹਰ ਆਏਠੇ ਜਿੱਥੇ ਸ਼ੈਮਸਤਬਰੇਜ਼ ਦਾ ਮਕਾਨ ਹੈ ਜਿੱਥੇ ਸ਼ੈਮਸਬਰੇਜ਼ ਨੇ ਤਪ ਕੀਤਾ ਸੀ ਓਥੇ ਗੁਰੂਜੀ ਬੈਠੇ ਸਾਨ ਤਾਂ ਪੀਰਾਂਨੇਸੁਣਿਆਂ ਕਿ ਹਿੰਦੂ ਫਕੀਰ ਆਯਾਹੈ ਤਾਂ ਉਨ੍ਹਾਂਨੇ ਇਕ ਪਿਆਲਾਦੁੱਧਦਾ ਭਰਕੇ ਸ੍ਰੀ ਗੁਰੂ ਜੀ ਦੇ ਪਾਸ ਭੇਜ ਦਿਤਾ ਤਾਂ ਕਹਿਓਨੇ ਕਿ ਏਥੇ ਪੀਰੀਪੁਰ ਹੈ ਤਾਂ ਗੁਰੂ ਜੀ ਨੇ ਅੱਗੋਂ ਇਕ ਚੰਬੇਲੀ ਦਾ ਫੁੱਲ ਕਟੋਰੇ ਦੇ ਉਪਰ ਰੱਖ ਦਿੱਤਾ ਤੇ ਕਿਹਾ ਅਸੀਂ ਇਸਤਰ੍ਹਾਂ ਰਹਾਂਗੇ ਏਹਬਾਤ ਸੁਣਕਰ ਮੁਲਤਾਨਦੇ ਪੀਰ ਸਭ ਇਕੱਠੇ ਹੋਕਰ ਸ੍ਰੀ ਗੁਰੂ ਜੀ ਦੇ ਪਾਸ ਆਏ ਤੇ ਆਇਸੁਆਲਕੀਤੋ ਨੇ ਕਿ ਵਰਮੀਕਰਕੇ ਸੱਪ ਨਹੀਂ ਮਰਦਾਤੇਸੱਪਤਾਂਮੰਤ੍ਰਾਂਕਰ ਵੱਸ ਆਂਵਦਾਹੈ ਸੋ ਓਹ ਕੇਹੜਾਸਬਦਹੈ ਜਿਸ ਕਰਕੇ ਮਨਵੱਸ ਆਂਵਦਾਹੈਅਤੇਸੁਧਹੁੰਦਾਹੈ ਤਾਂ ਸ੍ਰੀਗੁਰੂਜੀਕਹਾ ਭਾਈਜਗਤਨੂੰ ਝੂਠ ਜਾਣੋਂ ਪਰਮੇਸ਼ਰ ਕੋ ਸੱਤਜਾਣੋਂ ਜਿਤਨਾਜਗਤਹੈ ਸੋ ਮਨਦੇ ਸੰਕਲਪਵਿਚ ਹੈ ਅਤੇਮਨਸ਼ਬਦਵਲਲਗਦਾਨਹੀਂ ਜੇਮਨਸ਼ਬਦਦਾਅਭਿਆਸਕਰੇ ਤਾਂਸੁਧਹੋਵੇਤਾਂਬਹਾਵਲਹੱਕਕਹਿਆਜੋਮਾਇਆਕੋਝੂਠਕਹਿੰਦੇਹਨਤੇਮਾਯਾਦੇਬਿਨਾਂਵਿਚਾਰ ਨਹੀਂ ਚਲਦਾ ਤਾਂ ਬਾਬੇ ਜੀ ਕਿਹਾ ਜੈਸੇ ਮਾਯਾ ਝੂਠੀਹੈ ਤੈਸੇ ਵਿਹਾਰਭੀ ਸਭਝੂਠੇਹੈਨਅਤੇ ਇਕ ਪਰਮੇਸ਼ਰ ਕਾ ਨਾਮ ਹੀ ਸੱਚਾ ਹੈ ਤਾਂ ਰੁਕਨਦੀਨ ਕਹਿਆ ਸੰਤਾਂ ਕੇ ਲੱਛਨ ਤਾਂਕਹੋਤਾਂ ਬਾਬੇ ਜੀ ਕਹਾ ਜੋ ਬਜ਼ੁਰਗਾਂ ਦੀ ਸੰਗਤ ਨੀਯਤਰਾਸ ਪ੍ਰਮੇਸ਼ਰਦਾ ਨਾਮਸੁਣਕੇ ਖ਼ੁਸ਼ੀਹੋਵੇ ਜਿਨ੍ਹਾਂਪਾਸ ਗੁਣ ਹੋਵੇ ਉਨ੍ਹਾਂਦੀ ਸੇਵਾਕਰੇ ਅਤੇ ਸਭ ਵਡਿਆਈ ਗੁਰੂ ਪੀਰ ਦੀ ਕਰਜਾਣੇ ਜੈਸਾ ਖਾਵਣ ਪੀਵਣ ਪਹਿਰਣ ਦਾ ਅਭਿਆਸ ਹੈ ਤਿਸੇ ਤਰ੍ਹਾਂ ਸ਼ਬਦ ਦਾ ਤੇ ਆਤਮ ਗਿਆਨ ਦਾ ਅਭਿਆਸ ਕਰੇ ਬਿਗਾਨੀ ਔਰਤ ਨਾਲ ਸੰਗ ਨਾਂ ਕਰੇ ਸਬੰਧੀ ਲੋਕਾਂ ਨਾਲ ਪਿਆਰ ਕਰੇ ਜਿਸ ਗੱਲੇ ਸੰਤਾਂ ਨਾਲ ਅਥਵਾ ਮਹਾਤਮਾਂ ਨਾਲ ਝਗੜਾ ਵਧਦਾ ਹੋਵੇ ਓਹ ਗੱਲਾਂਕਰੇ ਹੀ ਨਹੀਂ ਅਪਨੇ ਆਪਨੂੰ ਨੀਵਾਂ ਕਰੇ ਸੰਤਦੀ ਸੇਵਾ ਟਹਿਲ ਕਰੇ ਅਪਣਾਆਪ ਜਣਾਵੇ ਨਾਹੀਂ ਕੁਕਰਮੀ ਦੀ ਸੰਗਤ ਨਾ ਕਰੇ ਜਾਂ ਏਹ ਗੱਲਾਂ ਸੁਣੀਆਂ ਤਾਂ ਪੀਰਾਂਨੇਕਿਹਾ ਧੰਨਹੋਜੀ ਨਾਨਕਤਪਾ ਪਰ ਆਪ ਸਾਡੇਉੱਪਰਮੇਹਰਬਾਨੀ ਕਰੋਜੀ ਕੋਈ ਉਪਦੇਸ਼ਕਰੋ ਜੀ ਜਿਸ ਕਰਕੇ ਸਾਨੂੰ ਸ਼ਾਂਤਹੋਵੇ ਜੀ ਤਾਂ ਸ੍ਰੀਗੁਰੂ ਜੀ ਕਹਾਸੁਣੋਪੀਰਜੀਦੇਖਨਾਚਾਹੀਏਜੋ ਕਪਾਹ ਨਾਲ ਕੀ ਹੁੰਦਾਹੈ ਓਸਦੇ ਸਿਰਕਿਤਨੀਆਂ ਸਜ਼ਾਈਂਮਿਲਦੀਆਂਹਨ ਅਤੇਦੁਨੀਆਂ ਦੇ ਲੋਕ ਖਾਵਣ ਪੈਹਰਣ ਦੇ ਵਾਸਤੇ ਕੇਡੇ ਬੇਗੁਮਰਾਹਹੋਏਹਨ ਜਿਧਰਮਨਜਾਂਦਾਹੈਓਹੋ ਕਰਮ ਕਰਦੇ ਹਨ ਅਤੇ ਲੱਬ ਕਰਨਾ ਬੁਰਾ ਹੈ ਪਹਿਲਾਂ ਕਪਾਹ ਵਾੜੀ ਤੇ ਚੁਣੀਦੀ ਹੈ ਫੇਰ ਧੁੱਪੇ ਸੁਕਾਈ ਲਾਠੀ ਨਾਲ ਝੰਬੀ ਚੁਖ ਚੁਖ ਕਰਕੇ ਖੋਹੀ ਵੇਲਣੇ ਦੇ ਮੂੰਹ ਦਿਤੀ ਸਖ਼ਤ ਮਾਰਾਂ ਝੱਲੀਆਂਫੇਰਪੋਂਜੇ ਨੇ ਪਿੰਜੀਤਾਂਪੂੰਣੀਆਂਵਟੀਆਂਫੇਰਕੱਤੀਆਂਫੇਰਤੰਦਾਂਤਨੀਆਂ ਫੇਰ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //
UTH

ਜੁਲਾਹੇ ਛਿੱਕ ਕੇ ਮਰੋੜੀਆਂ ਦਿਤੀਆਂ ਫੇਰ ਕੱਪੜਾ ਬੁਣਿਆ ਧੋਬੀ ਪਟੜੇ ਤੇ ਛੱਟਿਆ ਤਾਂ ਦਰਜ਼ੀ ਕੱਟਿਆ ਸੂਈਆਂ ਨਾਲ ਵਿੰਨਿਆਂ ਤਾਂ ਤਿਆਰਹੂਆ ਪੈਹਨਣ ਕੇ ਜੋਗ ਹੂਆ ਏਹ ਦੇਖਕਰ ਮਾਨੁਖ ਹਸਦੇ ਹੈਨ ਸੋ ਭਾਈ ਐਸੇ ਜੋ ਗਰਬ ਕਰਦੇ ਹੈਨ ਕੈਹਤੇ ਹੈਨ ਕਿਆ ਹੈ ਪਰ ਦੇਖੋ ਇਨਕੇ ਸਿਰ ਕੀਕਰ ਬੀਤਦੀਹੈ ਤਾਂ ਪੀਰਾਂ ਕਹਾ ਧੰਨ ਹੋ ਨਾਨਕ ਜੀ ਤੁ ਧੰਨ ਆਪਦੀ ਸਿਫ਼ਤ ਹੈ ਕੁਛ ਵਡਿਆਈ ਕਹੀ ਨਹੀਂ ਜਾਂਦੀ ਫ਼ਕੀਰੀ ਨਾਮ ਏਸਦਾਹੈ ਫ਼ਕੀਰੀ ਵੀ ਨਾਨਕ ਜੀ ਆਪਨੇ ਹੀ ਕੀਤੀ ਹੈ ਤੇ ਗੁਰਿਆਈ ਵੀ ਤੁਮਾਰੇ ਹੀ ਲੈਕ ਹੈਅਤੇ ਜੋਹਦ ਸ਼ੇਖ ਫ਼ਰੀਦ ਨੇ ਕੀਆ ਭਗਤੀ ਭਗਤ ਕਬੀਰ ਨੇ ਕਰੀ ਹੈਅਤੇ ਜੋਗ ਗੋਰਖ ਨੇ ਕੀਤਾਹੈ ਤੇ ਤਜਾਗ ਰਾਜੇ ਜਨਕ ਵਦੇਹੀ ਕੀਆ ਹੈ ਤੇ ਵਿਚਾਰ ਦੇਵਦੱਤ ਕੀਤਾ ਹੈ ਤੇ ਜਤ ਲਛਮਣ ਨੇ ਕੀਤਾਹੈ ਪ੍ਰੇਮ ਹਨਵੰਤਨੇ ਕੀਆਹੈ ਯੁਧ ਦਹਿਸਿਰਨੇ ਕੀਤਾਹੈ ਬਿਓਗ ਰਾਮਜੀ ਕੀਤਾ ਹੈ ਹਠ ਧ੍ਰੂ ਭਗਤ ਨੇ ਕੀਤਾ ਹੈ ਤੇ ਸਤ ਸੀਤਾ ਦਾ ਹੈ ਗ੍ਰਹਸਤ ਬਾਵੇ ਆਦਮ ਕੀਤਾ ਹੈ ਤੇ ਨਾਨਕੁੱਜੀ ਅਤੀਤ ਫ਼ਕੀਰੀਆਪਨੇਹੀਕੀਤੀਹੈ ਤਾਂ ਸ੍ਰੀਗੁਰੂ ਬਾਬੇ ਜੀਕਹਾ ਪੀਰਜੀਖ਼ੁਦਾਇ ਦਾ ਯਾਦ ਕਰਨਾ ਤੇ ਬਜ਼ੁਰਗਾਂ ਦੀ ਸੋਹਬਤ ਕਰਨੀ ਦਿਲ ਅੰਦਰ ਖੌਫ ਰਖਨਾ ਜਿਨ੍ਹਾਂ ਦੇ ਏਹ ਲਖਣ ਹੋਣਗੇ ਉਨ੍ਹਾਂਨੂੰ ਮੁਕਤ ਪ੍ਰਾਪਤ ਹੋਵੇਗੀ ਏਹ ਗੋਸ਼ਟਸੁਣਕੇ ਮੁਲਤਾਨਦੇਪੀਰਾਂ ਸ੍ਰੀ ਗੁਰੂ ਜੀ ਦੇ ਅੱਗੇ ਮੱਥਾ ਟੇਕਿਆ ਤੇ ਸੱਚਾ ਸਰੂਪ ਖ਼ੁਦਾਇ ਦਾ ਕਰਕੇ ਜਾਣਿਆ ਤਾਂ ਗੁਰੂ ਨਾਨਕ ਜੀ ਸਭ ਪੀਰਾਂ ਉਪਰ ਖੁਸ਼ੀ ਕਰਕੇ ਓਥੋਂ ਚਲਦੇ ਰਹੇ ॥ ੧੫੭ ॥

ਆਗੇ ਸਾਖੀ ਨੁਸ਼ਹਿਰੇ ਵਿੱਚ ਧਨੀ ਨਾਲ ਹੋਈ

ਤਾਂ ਭਾਈ ਬਾਲਾ ਕਹੇ ਹੈ ਦੀਨਦਇਆਲ ਗੁਰੂ ਅੰਗਦਜੀ ਸ੍ਰੀ ਗੁਰੂ ਨਾਨਕ ਜੀਦੇ ਅਦਭੁਤ ਚਰਿਤ੍ਰ ਹੈਨ ਜੋ ਇਨ੍ਹਾਂ ਕੋ ਪੜ੍ਹੇਗਾ ਜਾਂ ਸੁਣੇਗਾ ਸੋ ਪਰਮ ਗਤੀ ਕੋ ਪ੍ਰਾਪਤ ਹੋਵੇਗਾ ॥ ਸ੍ਰੀ ਗੁਰੂ ਅੰਗਦੋ ਵਾਚ ॥ ਤਾਂ ਸ੍ਰੀ ਗੁਰੂ ਅੰਗਦ ਜੀ ਬਾਲੇ ਕੋ ਸਦਵਾਇ ਕਰ ਕਹਾ ਭਾਈ ਬਾਲਾ ਤੂੰ ਧੰਨ ਹੈਂ ਤੇ ਧੰਨ ਓਹ ਸਿਖ ਹੈਨ ਜਿਨ੍ਹਾਂ ਸ੍ਰੀ ਗੁਰੂ ਨਾਨਕ ਜੀ ਦਾ ਦੀਦਾਰ ਕੀਤਾ ਹੈ ਅਤੇ ਧੰਨ ਓਹ ਦੇਸਹਨ ਜਿਥੇ ਮਹਾਰਾਜਜੀ ਕੇ ਚਰਨ ਪਏ ਹਨ ਸੋ ਭਾਈ ਬਾਲਾ ਤੈਂ ਸ੍ਰੀ ਗੁਰੂ ਨਾਨਕਜੀ ਕੀਆਂ ਸਾਖੀਆਂ ਸੁਣਾਕਰ ਸੰਗਤ ਸੰਪੂਰਣ ਕੋ ਕ੍ਰਿਤਾਰਥ ਕੀਆਹੈ ਪਰੰਤੂ ਭਾਈਬਾਲਾ ਵਤ ਸ੍ਰੀਸਤਗੁਰੂ ਕਿਥਾਈਂ ਵਿਚਾਰੇ ਹਨ ॥ ਬਾਲਾ ਸੰਧੂ ਵਾਚ ॥ ਹੇ ਸ੍ਰੀ ਗੁਰੂ ਅੰਗਦ ਜੀ ਇਕਦਿਨ ਸ੍ਰੀ ਗੁਰੂਜੀ ਜਗਤ ਦੇ ਉਧਾਰ ਕਰਨਵਾਸਤੇ ਜਾਂਦੇ ਜਾਂਦੇ ਨੁਸ਼ਹਿਰੇ ਨਗਰਮੇਂ ਜਾ ਬੈਠੇ ਬਜ਼ਾਰਦੇ ਵਿਚ ਓਥੇ ਇਕ ਧਨੀਰੈ ਹਦਾਸੀ ਪਰਬਹੁਤ ਪਦਾਰਥ ਵਾਲਾ ਸੀ ਪਰ ਓਹ ਧਨੀ ਆਪਣੇ ਵਿਹਾਰਵਿਚ ਲੱਗਾ ਰਿਹਾ ਅਤੇ ਗੁਰੂਜੀਦੀ ਖ਼ਬਰ ਓਸਨੇਨਾ ਲਈ ਤਾਂ ਬਾਲੇਨੇ ਆਖਿਆ ਗੁਰੂ ਜੀ ਏਸ ਧਨੀ ਨੇ ਕੁਛ ਦਾਨਪੁੰਨ ਵੀ ਨਹੀਂ ਕੀਤਾ ਤੇ ਧਨੀ ਵੀ ਬਹੁਤ ਨਜ਼ਰ ਔਂਦਾ ਹੈ ਅਤੇ ਸੁਖ ਵੀ ਬਹੁਤ ਹੈ ਤੇ ਸਾਧ ਸੰਗਤ ਦੀ ਟੈਹਲ ਨਹੀਂ ਕਰਦਾ ਜੀ ਤਾਂ ਸ੍ਰੀਗੁਰੂਨਾਨਕਜੀਨੈ ਕਹਾਭਾਈਬਾਲਾ ਦੁਖ ਪਾਪਾਂਦਾ ਧਰਮ

CC-0. Gurukul Kangri University Haridwar Collection. Digitized by S3 Foundation USA

ਹੈ ਤੇ ਗਿਆਨ ਤੋਂ ਬਿਨਾਂ ਸੁਖੀ ਕੋਈ ਨਹੀਂ ਪਰ ਜੇ ਨਹੀਂ ਰਹਿੰਦਾ ਤਾਂ ਪੁੱਛਦੇਖ ਭਾਂ ਬਾਲੇ ਉਸ ਖੱਤ੍ਰੀ ਕੋ ਰਾਮਰਾਮ ਕਰਕੇ ਬੈਠਕੇ ਪੁਛਿਆ ਹੇ ਸ਼ਾਹ ਜੀ ਆਪਕਾ ਵਿਹਾਰ ਭੀ ਅੱਛਾ ਚਲਦਾਹੈ ਤੇ ਨੌਕਰ ਆਗਿਆਕਾਰੀ ਹੈਨ ਏਸ ਵਾਸਤੇ ਸ਼ਾਹਜੀ ਪਰਮੇਸ਼ਰ ਸਭੀ ਕੁਛ ਤੁਮਾਰੇ ਕੋ ਬਖ਼ਸ਼ਿਆ ਹੈ ਆਜ ਆਪਦੇ ਸਮਾਨ ਸੁਖੀ ਕੋਈ ਨਾਹੀਂ ਭਾਂ ਓਹ ਸ਼ਾਹੂਕਾਰ ਉਠਕਰ ਨਿਆਰਾ ਹੋਇਆ ਸ੍ਰੀਗੁਰੂਜੀ ਦੇ ਪਾਸ ਆਇ ਬੈਠਾ ਅਤੇ ਹੱਥ ਜੋੜਕਰ ਕਹਿਣੇ ਲਗਾ ਹੇ ਸੰਤਜੀ ਆਪਦਾ ਸਾਥ ਆਖਦਾਹੈ ਕਿ ਤੁਮਸੁਖੀਹੋ ਪਰ ਹੇਸੰਤਜੀ ਮੇਰੇਨਾਲ ਦਾ ਤਾਂ ਕੋਈ ਸੰਸਾਰਵਿਚ ਦੁਖੀਨਾਹੀਂ ਕਿਉਂਕਿ ਮਹਾਰਾਜਜੀ ਮੇਰਾ ਮਨ ਆਪਣੀ ਇਸਤ੍ਰੀਨਾਲਬਹੁਤ ਮਿਲਿਆਹੋਯਾ ਸੀ ਅਤੇ ਓਹ ਇਸਤ੍ਰੀ ਸੁੰਦਰ ਵੀ ਬੜੀਸੀ ਰਾਤਦਿਨ ਇਕਪਲਭਰ ਮੈਨੂੰ ਨਹੀਂਸੀ ਭੁੱਲਦੀ ਸੋ ਮਹਾਰਾਜਜੀ ਓਹ ਇਸਤ੍ਰੀ ਬਿਮਾਰਹੋਇਗਈ ਕੈਸੀ ਹੋਈ ਕਿ ਮਰਣ ਪਰਯੰਤ ਹੋਇਗਈ ਤਾਂ ਅੰਤਦੇ ਵਖਤ ਮੈਂ ਉਸ ਵਲ ਦੇਖਕਰ ਰੋਇ ਪਿਆ ਤਾਂ ਓਹ ਲਗੀ ਕਹਿਨ ਤੂੰ ਕਿਉਂ ਰੋਂਦਾ ਹੈਂ ਤਾਂ ਮੈਂ ਆਖਿਆ ਬੰਦੀਏ ਰੱਬਦੀਏ ਤੇਰਾ ਮੇਰਾ ਸੰਜੋਗ ਹੱਡਾ ਗੁਜ਼ਰਿਆ ਸੀ ਸੋ ਹੁਣਤੂੰ ਮੈਨੂੰ ਪਿੱਛਾ ਦੇ ਚੱਲੀਹੈਂ ਤਾਂ ਓਹ ਬੋਲੀਪਰਮੇਸ਼ਰਦੇ ਪਿਆਰਿਆ ਤੈਨੂੰ ਕੀ ਦੁਖ ਹੈ ਤੇਰੇਪਾਸ ਪਦਾਰਥ ਹੈ ਹੋਰ ਸਨਬੰਧੀ ਭੀ ਬਹੁਤਹੈਨ ਤੂੰ ਤਾਂ ਹੋਰਵਿਆਹ ਕਰਲਿਆਵੇਂਗਾ ਮੇਰੇਨਾਲੋਂ ਚੰਗੀਯਾਮੰਦੀਆਜਾਵੇਗੀਕੁਛਦਿਨਾਂਥੋਂ ਬਾਦਮੈਂ ਭੁੱਲਜਾਵਾਂਗੀ ਤਾਂ ਸੱਚੇਪਾਤਸ਼ਾਹ ਜੀ ਓਸਦਾ ਏਹ ਸੁਖਨ ਮੈਨੂੰ ਐਸਾ ਲੱਗਾ ਜੈਸੇ ਕਿਸੇ ਨੂੰ ਪੱਛਾਂ ਤੇ ਨਿਮਕ ਲਗਦਾਹੈ ਤਾਂ ਸੰਤਜੀ ਮੈਂ ਮੋਹਦੇ ਵੱਸ ਹੋਯਾ ਉਸਤਰਾ ਲੈਕਰ ਆਪਨੀਇੰਦ੍ਰੀ ਕੱਟਕੇ ਸੁੱਟ ਦਿੱਤੀ ਤਾਂ ਸੰਤਜੀ ਈਸ਼ਰਦੀ ਕ੍ਰਿਪਾ ਨਾਲ ਇਸਤ੍ਰੀ ਹੱਛੀ ਹੋਇਗਈ ਅਤੇ ਬਹੁਤਕਸ਼ਟ ਪਾਇਕਰ ਮੈਂ ਭੀ ਰਾਜ਼ੀ ਹੋਇਗਿਆ ਹਾਂ ਸੰਤਜੀ ਹੁਣ ਓਹਇਸਤ੍ਰੀ ਮੇਰੇ ਦੇਖਦੇ ਹੀ ਹੋਰਨਾਂ ਪੁਰਸ਼ਾਂਨਾਲਭੋਗ ਕਰਦੀਹੈ ਅਤੇ ਮੈਂਦੇਖਕਰ ਦੁਖੀ ਹੁੰਦਾ ਹਾਂ ਅਤੇਦਗਧਹੋਇਕਰਆਪਨੇ ਮਨਮੇਂ ਚੁਪ ਕਰ ਰਹਿੰਦਾਹਾਂ ਹੇ ਪਰਮੇਸ਼ਰਦੇ ਪਿਆਰਿਓ ਮੇਰੇ ਜੇਹਾ ਭਾਂ ਸਾਰੀਸ੍ਰਿਸ਼ਟੀਮੇਂ ਦੁਖੀ ਕੋਈਨਹੀਂ ਭਾਂ ਸ੍ਰੀ ਗੁਰੂਨਾਨਕਜੀ ਕਹਾ ਸੁਣੋ ਸ਼ਾਹਜੀ ਦੁਖਸੁਖਤਾਂ ਪਿਛਲੇ ਕਰਮਾਂ ਦੇ ਅਨੁਸਾਰਹੈਨ ਕਿਉਂਜੋ ਪਾਪਾਂਥੀਂ ਦੁਖ ਹੁੰਦਾਹੈ ਤੇ ਪੁੰਨਾਂਥੀਂ ਸੁਖ ਪਰਾਪਤਿਹੁੰਦਾਹੈ ਅਤੇ ਸੁਣ ਭਾਈ ਈਸ਼ਰ ਥੀਂ ਆਦਿ ਲੈਕੇਜੋ ਜੀਵ ਪਾਪਪੁੰਨ ਕਰਦੇ ਹੈਨ ਸੋ ਤਿਸਕਾ ਫਲ ਜਰੂਰ ਭੋਗਨਾ ਪੜਦਾਹੈ ਸੋ ਭਾਈ ਅਗਿਆਨੀ ਤਾਂ ਮਾਤਲੋਕਮੇਂ ਦੁਖ ਔਰ ਸੁਖਭੋਗਤੇਹੈਨ ਅਤੇ ਗਿਆਨਵਾਨ ਤਾਂ ਦੁਖਕੋ ਅਤੇ ਸੁਖ ਕੋ ਅਤੇ ਸਰੀਰ ਕੋ ਸਭ ਕੋ ਅਨਿੱਤਹੀ ਜਾਨਤੇ ਹੈਨ ਤੇ ਪਰਮੇਸ਼ਰਕੋ ਸੱਤਜਾਨਤੇਹੈਂ ਆਪਨਾਮਿਤ੍ਰ ਸਮਝਤੇਹੈਂ ਹੇ ਸ਼ਾਹਜੀ ਦੁਖਸੁਖਤਾਂ ਇਸਸੰਸਾਰ ਉਤੇਸਭਨੇ ਭੋਗਿਆਹੈ ਜੈਸੇਕਿਇੰਦ੍ਰਨੇਹਜ਼ਾਰਾਂਭੱਗਕੀਤੇ ਭਾਂਦੇਵਤਿਆਂ ਦਾ ਰਾਜਾ ਭਇਆ ਅਤੇ ਹਜ਼ਾਰਾਂਹੀ ਅਪਸਰਾਂ ਭੋਗਣ ਕੋ ਮਿਲੀਆਂ ਭਾਂਇਕਦਿਨ ਓਹ ਇੰਦ੍ਰ ਗੌਤਮ ਰਿਖੀ ਦੇ ਘਰ ਵਿਖੇ ਇਸਤ੍ਰੀ ਪਾਸ ਵਿਸ਼ਾ ਭੋਗਨ ਆਯਾ ਤਾਂ ਗੌਤਮ ਨੂੰ ਖ਼ਬਰ ਹੋਈ ਤੇ ਗੌਤਮ ਨੇ

CC-0. Gurukul Kangri University Haridwar Collection. Digitized by S3 Foundation USA

ES OF INTERNET ABHINAV GAUR
UTH

ਸ੍ਰਾਪਦੀਆ ਕਿ ਹੇ ਦੁਸ਼ਟ ਭੂੰ ਇੱਕ ਭਗ ਦੇ ਵਾਸਤੇ ਆਧਾਹੈਂ ਜਾਹ ਤੇਰੇ ਸਰੀਰ ਮੇਂ ਸਹੰਸ ਭਗ ਹੋਇਜਾਵੇਂਗੀ ਸੋ ਇੰਦ੍ਰਜਲਮੇਂ ਜਾਇਕਰ ਰੁੰਨਾ ॥ ੧ ॥ ਅਤੇ ਪਰਸਦ੍ਰਾਮ ਨੇ ਇਕੀਸ ਵਾਰ ਨਿਹਛੱਤ੍ਰਾਇਨ ਪਿਰਥਵੀ ਕੀਤੀ ਤਾਂ ਫੇਰ ਸ੍ਰੀ ਰਾਮਚਦ ਜੀ ਉਸਦਾ ਬਲ ਛੀਨ ਲੀਆ ਤਾਂ ਓਹ ਸਮੁੰਦਰ ਦੇ ਪਾਸ ਜਾਇਕਰ ਛਪਿਆ ਸੋ ਓਹਚਿਰੰਜੀਵ ਹੈ ਸੋ ਬ੍ਰਾਹਮਣਾਂ ਨੂੰ ਭਿੱਖਿਆ ਮੰਗਦੇ ਦੇਖਕੇ ਰੋਂਦਾ ਹੈ ॥ ੨ ॥ ਰਾਜੇ ਰਾਜ ਛੱਡ ਕਰ ਅਤੀਤ ਹੋਏ ਤਾਂ ਭੀ ਓਹਰੁੰਨੇ ॥ ੩ ॥ ਅਤੇ ਪਾਪਾਂ ਨੂੰ ਦਰਗਾਹਵਿੱਚ ਸਜ਼ਾਇ ਮਿਲਦੀ ਹੈ ਅਤੇ ਰਾਮਜੀਕੋਪਿਤਾ ਨੇ ਨਿਕਾਲ ਦਿੱਤਾ ਤੇ ਸੀਤਾ ਕੋ ਰਾਵਣ ਲੈਗਿਆ ਤੇ ਲਛਮਣ ਕੋ ਯੁਧ ਵਿੱਚ ਮੂਰਛਾਹੋਈ ਤਾਂ ਰਾਮਜੀ ਭੀ ਰੁੰਨੇ ਰਾਮਜੀ ਨੇ ਰਾਵਣਨੂੰ ਮਾਰਿਆ ਤੇ ਲੰਕਾ ਦਾ ਰਾਜ ਭਬੀਛਨਨੂੰ ਦਿੱਤਾ ਤੇ ਰਾਵਣ ਦਾ ਕੁਟੰਬ ਖੇਤ ਵਿੱਚ ਰੁਲਿਆ ਤਾਂ ਓਹਨਾਂ ਕੋ ਦੇਖਕਰ ਰਾਵਣਭੀ ਰੁੰਨਾ॥ ੫॥ ਪੰਜੇ ਪਾਂਡਵਾਂਦੁਰਜੋਧਨਨਾਲ ਜੂਆ ਖੇਡਿਆ ਤੇਬਾਰਾਂਬਰਸਬਨਬਾਸਭੋਗਿਆ ਫੇਰ ਬੈਰਾਠ ਰਾਜਾਦੇ ਮਜ਼ੂਰ ਜਾਇ ਬਨੇ ਅਤੇ ਦੇਖਦ੍ਰਿਆਂਪਾਂਡਵਾਂਦੇ ਦੁਰਜੋਧਨਦ੍ਰੋਪਤੀਕੋਨਗਨ ਕੀਨਾ ਤਾਂ ਪਾਂਡਵ ਭੀ ਰੁੰਨੇ ॥ ੬ ॥ ਅਤੇ ਓਹ ਪਾਂਡਵ ਜੋ ਜਦ ਸ੍ਰੀ ਮਹਾਰਾਜ ਕੋ ਯਾਦ ਕਰਨ ਤਾਂ ਤਤਕਾਲ ਨਾਰਾਇਨ ਆਨ ਹਾਜ਼ਰ ਹੋਵੇ ਤਾਂ ਫੇਰ ਰਾਜੇ ਜਨਮੇਜੇ ਬਿਆਸ ਜੀ ਕੋ ਪੁਛਿਆ ਹੇ ਰਿਖੀ ਜੀ ਮੇਰੇ ਬੜੇ ਜੋ ਰਾਜਾ ਯੁਧਿਸ਼ਟਰ ਦਰਜੋਧਨ ਨਾਲ ਜੂਆ ਖੇਡਿਆ ਸੀ ਓਸ ਵਕਤ ਕਿਸੇ ਨੇ ਉਨ੍ਹਾਂਕੋ ਵਰਜਿਆ ਨਹੀਂ? ਤਾਂਬ੍ਰੇਦਬ੍ਯਿਆਸਨੇ ਕਿਹਾ ਰਾਜਾ ਅਸੀ ਸੱਭੇ ਹੀ ਵਰਜ ਰਹੇ ਸਾਂ ਪਰ ਜੋ ਈਸ਼ਰ ਦੀ ਗਤੀ ਹੈ ਸੋ ਕਦਾਚਿਤ ਨਹੀਂ ਟਲਦੀ ਤਾਂਰਾਜਾ ਜਨਮੇਜਾ ਨੇ ਆਖਿਆ ਜੀ ਜੇਕਰ ਪਹਿਲੋਂ ਖ਼ਬਰ ਹੋਜਾਵੇ ਤਾਂ ਓਹ ਕਿਉਂਕਰਹੋਜਾਵੇ ਤਾਂ ਬ੍ਰੇਦ ਬ੍ਯਿਆਸ ਕਹਿਆ ਰਾਜਾ ਤੇਰੇ ਭਾਈਂ ਪਹਿਲੇ ਖਬਰ ਦੇਤੇ ਹਾਂ ਤੂੰ ਬੰਦੋਬਸਤਕਰਲਵੀਂ ਇਕ ਤੂੰਘੋੜੀਖਰੀਦੇਂਗਾ ਤੇ ਓਸਨੂੰ ਦਰਿਆਈਘੋੜਾਮਿਲੇਗਾ ਤਾਂਓਸਵਿੱਚੋਂ ਇਕ ਵਛੇਰਾ ਜਨਮੇਗਾ ਕਾਲੇ ਕੰਨਾਂਵਾਲਾ ਤਾਂਤੂੰ ਓਸਉੱਪਰ ਚੜ੍ਹਕੇ ਸ਼ਿਕਾਰਕਰਨਜਾਵੇਂਗਾ ਓਥੋਂਇਕ ਇਸਤ੍ਰੀ ਲਿਆਵੇਂਗਾ ਤੇ ਫੇਰ ਤੂੰ ਜੱਗ ਕਰੇਂਗਾ ਤਾਂ ਓਸ ਜੱਗ ਵਿੱਚ ਬ੍ਰਾਹਮਨਹੱਸਨਗੇਤੈਂਤੂੰਓਨਾਂਕੋ ਮਰਵਾਦੇਵੇਂਗਾ ਤੈਨੂੰ ਅਠਾਰਾਂ ਪ੍ਰਕਾਰ ਦਾਕੋਹੜਹੋਵੇਗਾਤਾਂਫੇਰਤੂੰਅਠਾਰਾਂਪਰਬਮਹਾਭਾਰਥ ਸੁਣੇਗਾ ਜਦ ਭੀਮਸੈਨਦਾ ਪ੍ਰਸੰਗਸੁਨੇਗਾਜੋਅਕਾਸ਼ਮੇਂ ਹਾਥੀ ਮਾਰੇ ਅਜੇਤੀਕ ਭ੍ਰਮਦੇ ਹੈਨ ਸੋ ਤੂੰ ਏਸਬਾਤਕਉਨਾਮੰਨਨਕਰੇਂਗਾ ਤਾਂ ਤੈਨੂੰ ਇਕ ਕੁਸ਼ਟ ਰਹਿਜਾਵੇਗਾ ਏਹ ਗੱਲਾਂਸਭ ਠੀਕ ਹੋਈਆਂਤਾਂਨੱਕਉੱਪਰਰਾਜਾਦੇ ਰੋਗਰਹਿਆ ਤਾਂਓਸੇ ਦੁਖ ਕਰਕੇ ਰਾਜਾਤੂੰ ਮਰੇਂਗਾ ਸੋ ਸੁਣਕੇ ਰਾਜਾ ਜਨਮੇਜਾ ਭੀ ਰੁੰਨਾ ਇਕ ਬਚਨ ਦੇ ਨਾਮੰਨਨੇਕਰਪਾਪੀ ਭਇਆ॥ ੭॥ ਸੋ ਹੇਸ਼ਾਹੁਕਾਰਜੀ ਜੋ ਬੜੇ੨ਸ਼ੇਖਮਸਾਇਕ ਪੀਰ ਸ਼ੇ ਸਭ ਰੋਂ ਦੇਰਹੇ ਹੈਨ ਕਿਉਂ ਕਿੰਮਤਅੰਤ ਕਾਲਦੇਵਕਤਜਨਮਮਰਨਦਾ ਦੁਖਹੋਂਦਾਹੋਵੇ ਹੇਸ਼ਾਹ ਗੋਪੀਚੰਦਜੇਹੇ ਰਾਜੇ ਰਾਜਤੇਮਹਿਲ ਦੌਲਤ ਰਾਣੀਆਂ ਛੱਡਕਰ ਫ਼ਕੀਰ ਹੋਏ ਤਾਂਫੇਰਘਰਘਰਮੇਂ ਭਿੱਖਿਆ ਮੰਗਦੇ ਫਿਰਦੇ ਹੈਨ

CC-0. Gurukul Kangri University Haridwar Collection. Digitized by S3 Foundation USA

ਬਿਨਾਂ ਪਰਮੇਸ਼ਰਦੇਨਾਮ ਦੇ ਸਿਵਾਕਿਸੇਦੀਗਤੀਨਹੀਂਹੋਈਤਾਂਸ੍ਰੀਗੁਰੂਜੀਦੇਬਚਨਾਂਕੋਸੁਣ
ਕਰ ਓਹ ਧਨੀ ਸ੍ਰੀ ਬਾਬੇ ਜੀ ਦੇ ਚਰਨਾਂ ਪਰ ਢਹਿ ਪਿਆ ਤਾਂਸ੍ਰੀ ਬਾਬੇ ਜੀਕਹਿਆਭਾਈ
ਸਾਸ ਸਾਸ ਵਾਹਿਗੁਰੂ ਜਪਿਆਕਰ ਤਾਂ ਤੇਰਾ ਜਨਮ ਮਰਨ ਕੱਟਿਆਜਾਵੇਗਾਅਤੇਉਸਦੀ
ਇਸਤ੍ਰੀ ਕੋ ਕਹਿਆ ਹੇ ਪਰਮੇਸ਼ਰਦੀਏਪਿਆਰੀਏਜੋਇਸਤ੍ਰੀਆਂ ਬਗਾਨੇ ਪੁਰਖਭੋਗਦੀਆਂ
ਹੈਨ ਸੋ ਉਨ੍ਹਾਂ ਕੋ ਅੰਧ ਘੋਰ ਨਰਕਮੈਂਸਟਦੇ ਹੈਨ ਔਰ ਤਪਦੇ ਥੰਮਾਂ ਸਾਥਲਗਾਈਦੀਆਂ
ਹੈਨ ਤਾਂ ਓਸ ਇਸਤ੍ਰੀ ਪੁਰਖ ਦੋਹਾਂ ਸ੍ਰੀਗੁਰੂ ਜੀ ਅੱਗੇ ਮੱਥਾਟੇਕਿਆ ਤੇਹੱਥਜੋੜਕੇ ਅਰਜ
ਕੀਤੀ ਹੇ ਗਰੀਬਨਿਵਾਜ ਜੀ ਸਾਡਾ ਲੋਕ ਪਰਲੋਕ ਮੇਂ ਭਲਾ ਕਰੋ ਜਾਂ ਸ੍ਰੀ ਗੁਰੂਨਾਨਕਜੀ
ਨੇ ਕ੍ਰਿਪਾ ਦ੍ਰਿਸ਼ਟੀ ਕਰਕੇ ਉਸ ਸਰਾਫਦੀਦੇਹਦਰੁਸਤ ਕਰਦਿੱਤੀ ਤਾਂ ਦੋਨੋਂ ਜਨੇ ਸ੍ਰੀ ਗੁਰੂ
ਜੀਕੇ ਸਿੱਖ ਹੋਏ ਤਾਂ ਓਨਾਂ ਪਰ ਖ਼ੁਸ਼ੀ ਕਰਕੇ ਸ੍ਰੀਗੁਰੂਜੀਓਸਦੇਸਥੀਂ ਚਲਦੇਰਹੇ॥੨੫੮॥

ਆਗੇ ਸਾਖੀ ਇਕ ਕੰਨਜਾਂ ਨਾਲ ਹੋਈ

ਤਾਂ ਭਾਈ ਬਾਲਾ ਕਹੇ ਹੇਗੁਰੂ ਅੰਗਦ ਸਾਹਿਬ ਜੀ ਸ੍ਰੀ ਗੁਰੂਨਾਨਕ ਜੀਐਸੇਐਸੇਪਾਪੀਆਂ
ਕਾ ਉਧਾਰ ਕਰਤੇ ੨ ਇਕਦਿਨ ਬੜੀ ਉਜਾੜ ਦੇ ਵਿੱਚ ਜਾਂਦੇ ਜਾਂਦੇ ਬੈਠਗਏ ਜਦ ਸਾਯੰ
ਕਾਲ ਦਾ ਵਕਤ ਹੂਆ ਤਾਂ ਮੇਰੇਭਾਈਂ ਕਹਿਆ ਬਾਲਾ ਰਹਿਰਾਸ ਪੜ੍ਹ ਤਾਂ ਸਤਿਗੁਰੂਜੀ ਮੈਂ
ਸ੍ਰੀ ਗੁਰੂ ਜੀ ਕਾ ਹੁਕਮ ਮੰਨਕੇ ਉਸ ਵੇਲੇ ਲੱਗਾ ਪੜ੍ਹਨ ਜਾਂ ਮੈਂ ਉੱਚੀ ਉੱਚੀਰਹਿਰਾਸ
ਪੜ੍ਹੀ ਤਾਂਓਥੋਂ ਨਜ਼ਦੀਕਇਕਝੁਗੀਸੀਉਸਝੁੱਗੀਦੇਵਿੱਚੋਂ ਇਕਕੰਨਜਾਂਅਦਭੁਤਸੁੰਦਰਨਿਕਲ
ਕੇਸ੍ਰੀਗੁਰੂਜੀ ਦੇ ਸਾਮ੍ਹਨੇਆਇ ਬੈਠੀ ਅਤੇ ਸ੍ਰੀ ਗੁਰੂਜੀਕਾ ਦਰਸ਼ਨ ਕਰਕੇਮੱਥਾ ਟੇਕਿਆ
ਤੇ ਕਹਿਨ ਲਗੀ ਭੁਸੀ ਕਉਨ ਹੋ ਅਤੇ ਕਿਥੋਂ ਆਏ ਹੋ ਤਾਂਤੇ ਹੇ ਗੁਰੂ ਜੀ ਮੈਂ ਉਸਕੋ
ਕਹਿਆ ਅਸੀ ਅਤੀਤ ਫਕੀਰ ਹਾਂ ਅਤੇ ਰਾਤ ਗੁਜਾਰਕੇਚਲੇਜਾਵਾਂਗੇ ਤਾਂਓਹਕੰਨਜਾਂਸੁਣ
ਦਿਆਂ ਸਾਰ ਉਠਕਰਇਕ ਛੁਰਾ ਪਕੜਕਰ ਝੁੱਗੀ ਕੇ ਅੰਦਰ ਜਾਇਵੜੀ ਅੰਦਰੋਂ ਇਕ
ਗਤਲਾਮਾਸਦਾਲੈਆਈ ਉਸਮਾਸਕਉਤੱਕੜੀਵਿੱਚਰਖਕਰਤੋਲਿਆ ਤਾਂ ਦੋਇ ਸੇਰ ਹੂਆ
ਤਾਂ ਓਸਨੇਇਕਸੇਰ ਆਪਰੱਖਲਿਆ ਤੇ ਇੱਕਸੇਰ ਮੇਰੇਭਾਈਂ ਦਿੱਤਾਤੇਮੈਂਕਹਾਗੁਰੂਜੀ ਏਹ
ਕੰਨਜਾਂ ਮਾਸ ਦੇਤੀਹੈ ਤਾਂ ਪਤਿਤ ਪਾਵਨ ਸ੍ਰੀਗੁਰੂਨਾਨਕਜੀ ਕਹਿਣੇਲਗੇ ਭਾਈ ਮਾਸਕਾ
ਕੁਛ ਪਤਾ ਨਹੀਂਜੋਕਾਸਦਾਹੈ ਸੋ ਬਿਨਦੇਖੇ ਤਾਂ ਖਾਣਾ ਵਾਜਬ ਨਹੀਂ ਤਾਂ ਮੈਂ ਓਸ ਕੰਨਜਾਂ
ਕੋ ਕਹਾ ਹੇ ਕੰਨਜਾਂ ਏਹ ਮਾਸ ਕਿਸਦਾ ਹੈ ਤਾਂ ਕੰਨਜਾਂ ਕਹਿਨੇ ਲਗੀ ਭਾਈ ਜੇਕਰ ਭੁਸੀ
ਕਸੈਲਿਓਂ ਡਰਦੇਹੋ ਤਾਂ ਰਿੱਧਾਹੋਯਾ ਭੁਸੀਲੈਜਾਓ ਏਹਰੱਖਦੇਹੁ ਤਾਂਮੈਂ ਫੇਰਉਸਨੂੰ ਕਹਿਆ
ਹੇ ਕੰਨਜਾਂ ਮਾਸ ਤਾਂ ਬਿਨਾਂਦੇਖੇ ਖਾਨਾ ਵਾਜਬ ਨਹੀਂ ਤਾਂ ਓਹ ਕੰਨਜਾਂ ਬੋਲੀ ਭਾਈ ਏਸ
ਉਜਾੜ ਦੇ ਵਿਚ ਕਦੀ ਕੋਈ ਆਦਮੀਨਹੀਂਆਯਾ ਤੇ ਨਾ ਕੋਈ ਪਸ਼ੂਹੀ ਦੇਖਿਆਹੈ ਅਤੇ
ਅੱਜ ਦੇਵ ਜੋਗ ਕਰਕੇ ਧੁਆਡਾਦਰਸ਼ਨਕੀਤਾਹੈ ਸੋਮੈਂ ਅਤੀਤਸਾਧਸਮਝਕੇ ਧੁਆਨੂੰਮਾਸ
ਦਿੱਤਾਹੈਸੋ ਤੁਸੀ ਮਾਸ ਖਾਕੇ ਰਾਤ ਗੁਜਾਰਕੇ ਚਲੇਜਾਓ ਤੁਸੀ ਏਹ ਮੇਰਾ ਸਿਰੜ ਕਿਉਂ

CC-0. Gurukul Kangri University Haridwar Collection. Digitized by S3 Foundation USA

INTERNET
ABHINAV GAUR

ਸਾਹਰ ਕਰਤੇ ਹੋ ਤਾਂ ਭਾਈ ਬਾਲੇ ਆਪਨੇ ਮਨ ਵਿਚ ਗਿਣਤੀ ਖਾਧੀ ਜੋ ਏਹ ਕੰਨਿਆਂ ਸਿਰੜ ਆਖਦੀ ਹੈ ਤਾਂਤੇ ਕੋਈ ਬਡਾ ਹੀ ਅਪਰਾਧ ਕਰਦੀ ਹੋਵੇਗੀ ਤਾਂਤੇ ਗੁਰੂ ਜੀ ਮੈਂ ਉਸਨੂੰ ਆਖਿਆ ਹੇ ਲੜਕੀ ਸਾਨੂੰ ਏਹ ਜ਼ਰੂਰ ਹੀ ਦੱਸ ਜੋ ਮਾਸ ਕਾਸਦਾ ਹੈ ਤਾਂ ਓਹ ਕੰਨਜਾਂ ਬੋਲੀ ਚਲ ਭਾਈ ਜੋ ਤੂੰ ਨਹੀਂ ਰਹਿੰਦਾ ਤਾਂ ਚੱਲਕੇ ਦੇਖਲੈ ਤਾਂ ਓਹ ਮੈਨੂੰ ਅੰਦਰ ਲੈ ਗਈ ਤਾਂ ਮੈਂ ਜਾਕਰ ਦੇਖਿਆ ਤੇ ਇਕ ਮੁਰਦਾ ਅੰਦਰ ਲਟਕਦਾ ਹੈ ਤਾਂ ਓਹ ਆਖਨ ਲਗੀ ਭਾਈ ਮੈਂ ਇਸਦਾ ਮਾਸ ਖਾਂਦੀ ਹਾਂ ਜਾਂ ਏਹ ਦੇਖਿਆ ਤਾਂ ਬਾਲਾ ਵਾਹਿਗੁਰੂ ੨ ਆਖ ਕੇ ਬਾਹਰ ਆਯਾ ਤੇ ਮਾਸ ਸਟ ਦਿਤੋਸ ਤਾਂ ਸ੍ਰੀ ਗੁਰੂ ਨਾਨਕ ਜੀ ਕਹਿਆ ਬਾਲੇ ਕਿਆ ਡਿੱਠੇ ਹਈ ਤਾਂ ਮੈਂ ਕਿਹਾ ਹੇ ਗਰੀਬਨਿਵਾਜ ਜੀ ਏਹ ਕੰਨਿਆਂ ਤਾਂ ਮਨੁੱਖ ਦਾ ਮਾਸ ਰਿੰਨ੍ਹ ਕੇ ਖਾਂਦੀ ਹੈ ਤਾਂ ਫੇਰ ਸ੍ਰੀ ਗੁਰੂ ਨਾਨਕਜੀ ਕਿਹਾ ਭਾਈ ਬਾਲਾ ਇਸ ਲੜਕੀ ਨੂੰ ਪੁੱਛ ਜੋ ਤੂੰ ਮੁਰਦੇ ਦਾ ਮਾਸ ਕਿਉਂ ਖਾਂਦੀ ਹੈਂ ਤੇਰੇ ਤਾਈਂ ਕੁਛ ਹੋਰ ਨਹੀਂ ਖਾਣੇ ਕੋ ਲਭਦਾ ਤੂੰ ਤਾਂ ਰਾਖ਼ਸ਼ੀ ਹੈਂ ਤਾਂ ਮੈਂ ਜਾਕਰ ਉਸ ਲੜਕੀ ਕੋ ਕਹਾ ਹੇ ਕੰਨਿਆਂ ਤੂੰ ਮੁਰਦੇ ਦਾ ਮਾਸ ਕਿਉਂ ਖਾਂਦੀ ਹੈਂ ਤੇਰੇ ਖਾਣ ਵਾਲੀ ਕੋਈ ਹੋਰ ਚੀਜ਼ ਨਹੀਂ ਤਾਂ ਲੜਕੀ ਬੋਲੀ ਭਾਈ ਤੇਰਾ ਨਾਉਂ ਕਿਆ ਹੈ ਤਾਂ ਮੈਂ ਕਹਾ ਹੇ ਲੜਕੀ ਮੇਰਾ ਨਾਉਂ ਬਾਲਾ ਹੈ ਤਾਂ ਓਹ ਕਹਿਨ ਲਗੀ ਬਾਲਾ ਤੂੰ ਮੇਰਾ ਪੜ੍ਹਦਾ ਕਿਉਂ ਜ਼ਾਹਰ ਕਰਦਾ ਹੈਂ ਤੇਰੇ ਹੱਥ ਕੀ ਆਵੇਗਾ ਤਾਂ ਮੈਂ ਉਸ ਲੜਕੀ ਕੋ ਕਹਾ ਹੇ ਕੰਨਿਆਂ ਏਹ ਪੜ੍ਹਦਾ ਸੰਤਾਂ ਪਾਸੋਂ ਨਹੀਂ ਲੁਕਾਈਦਾ ਤਾਂ ਓਹ ਆਖਣ ਲਗੀ ਸੁਣ ਭਾਈ ਏਹ ਜੋ ਹੈ ਸੋ ਮੇਰਾ ਪਿਤਾ ਹੈ ਜਦ ਮੈਂ ਇਸਦੇ ਘਰ ਜਨਮੀ ਤਾਂ ਏਹ ਮੇਰੇ ਨਾਲ ਬਹੁਤ ਪਿਆਰ ਕਰਦਾ ਸੀ ਬੜੇ ਸੁੰਦਰ ਖਾਣੇ ਖੁਲਾਵੇ ਤੇ ਬੜੇ ਸੁੰਦ੍ਰ ਕਪੜੇ ਪੈਹਨਾਵੇ ਤਾਂ ਮੈਂ ਅਤਿ ਸੁੰਦ੍ਰ ਸਰੂਪ ਵਾਲੀ ਹੋਈ ਜਾਂ ਏਸਨੇ ਦੇਖਾ ਕਿ ਹੁਣ ਏਹ ਸੋਲਾਂ ਬਰਸਾਂ ਕੀ ਹੋਈ ਹੈ ਤਾਂ ਏਸ ਇਕ ਖਤਰੇ ਪਾਸੋਂ ਬਹੁਤ ਦਰਬ ਲੈਕੇ ਮੇਰੇ ਕੌ ਦੀਆ ਹੇ ਸੰਤ ਜੀ ਰਾਕਸ਼ ਏਹ ਹੂਆ ਕਿ ਮੈਂ ਹੂਈ ਜਿਸਨੇ ਮੇਰਾ ਜਿਉਂਦਿਆਂ ਮਾਸ ਵੇਚ ਖਾਧਾ ਤਾਂਤੇ ਏਸਦੇ ਸ੍ਵਾਸ ਪੂਰੇ ਹੋਏ ਅਤੇ ਧਰਮ ਰਾਜਾ ਨੇ ਜਮਦੂਤਾਂ ਕੋ ਹੁਕਮ ਕੀਆ ਭਾਈ ਉਸ ਦੁਸ਼ਟ ਕੌ ਲੈਆਵੋ ਤਾਂ ਭਾਈ ਓਹ ਜਮਦੂਤ ਇਸਨੂੰ ਲੈ ਗਏ ਤਾਂ ਧਰਮਰਾਜ ਨੇ ਕਹਾ ਇਸ ਪਾਪੀ ਕੋ ਮੇਰੇ ਮੱਥੇ ਨਾ ਲਾਵੋ ਜਲਦੀ ਕੁੰਭੀ ਨਰਕ ਵਿਚ ਪਾਓ ਤਾਂ ਜਮਦੂਤਾਂ ਨੇ ਏਸਨੂੰ ਕੁੰਭੀ ਨਰਕ ਮੇਂ ਪਾਯਾ ਅਤੇ ਓਸ ਖਤਰੇ ਦੇ ਨਾਲ ਮੇਰਾ ਸੰਜੋਗ ਹੂਆ ਤੇ ਮੇਰੇ ਘਰ ਈਸ਼ਰ ਦੀ ਕਿਰਪਾ ਸੇ ਸੱਤ ਲੜਕੇ ਜਨਮੇਂ ਤਾਂ ਇਕ ਕੰਨਿਆਂ ਭਈ ਜਦ ਓਹ ਕੰਨਿਆਂ ਹੋਈ ਤਾਂ ਮੇਰਾ ਭਰਤਾ ਕਹੇ ਤੂੰ ਕੰਨਿਆਂ ਮਾਰ ਦੇਹ ਤਾਂ ਮੈਂ ਆਖਿਆ ਮੈਂ ਨਹੀਂ ਮਾਰਦੀ ਤਾਂ ਮੇਰਾ ਭਰਤਾ ਕਹਿਨ ਲਗਾ ਜੇ ਤੂੰ ਨਾ ਮਾਰੇਂਗੀ ਤਾਂ ਤੇਰਾ ਮੇਰਾ ਸਨਬੰਧ ਕੋਈ ਨਹੀਂ ਹੇ ਸੰਤਜੀ ਮੈਂ ਅਪਨੇ ਪਤੀ ਦੇ ਕਹੇ ਕੰਨਿਆਂ ਮਾਰਦਈ ਤਾਂਤੇ ਸਮਾ ਪਾਕਰ ਮੇਰਾ ਵੀ ਕਾਲ ਭਯਾ ਜਮਦੂਤ ਮੇਰੇ ਤਾਈਂ ਧਰਮਰਾਜ ਕੇ ਸਾਮ੍ਹਣੇ ਲੈ ਗਏ ਤਾਂ ਧਰਮਰਾਜ ਨੇ ਕਹਾ ਹੇ ਪਾਪਨੀ ਤੈਨੇ ਬਿਨਾਂ ਅਪਰਾਧ ਕੰਨਿਆਂ ਮਾਰੀ ਹੈ ਤਾਂ ਤੂੰ ਕੰਨਿਆਂ ਹੋਕੇ ਮਾਤ ਲੋਕ ਵਿਚ

CC-0. Gurukul Kangri University Haridwar Collection. Digitized by S3 Foundation USA

ਉਦਿਆਨਮਹਿਰਹੁਤੇਪਿਤਾਦਾ ਮਾਸਤੇਰੇਖਾਣੇਕੋ ਮਿਲੇਗਾ ਸੋ ਮੈਂ ਕੰਨਜਾਂਕਾਜਨਮਲਿਆ ਹੈ ਤੇ ਪਿਤਾਨੇ ਜੋ ਮੇਰਾਦੂਬ ਲੀਆਥਾ ਉਸਕੇਬਦਲੇ ਇਸਕਾ ਮਾਸਖਾਤੀ ਹੂੰ ਕੋਈ ਕਦੀਭੁੱਲਾ ਚੁਕਾ ਮਨੁਖਆਜਾਵੇ ਤਾਂਦੇਖਤੀਹੂੰ ਨਹੀਂ ਤਾਂ ਉਦਿਆਨ ਵਿਚ ਮੇਰਾਵਾਸਾਹੈ ਏਹਬਾਤਸੁਣ ਕਰ ਭਾਈਬਾਲਾ ਹੈਰਾਨ ਹੁਆ ਤੇ ਸ੍ਰੀ ਗੁਰੂਜੀ ਅੱਗੇ ਮੱਥਾ ਟੇਕਿਆ ਤੇਕਿਹਾ ਹੇਸਤਗੁਰਜੀ ਹੁਣ ਕਲਜੁਗ ਦੇ ਜੀਵ ਏਹੀ ਵਿਹਾਰ ਕਰਦੇ ਹੈਨ ਉਨਕਾ ਵਿਹਾਰ ਹੀ ਏਹੋ ਹੈ ਬੇਟੀਆਂਕਾ ਦੂਬ ਲੈਣਾ ਉਨਕਾ ਉਧਾਰ ਕੈਸੇ ਹੋਵੇਗਾ ਤਾਂ ਗੁਰੂ ਜੀਸ਼ਬਦ ਉਚਾਰਿਆ ਤਿਲੰਗਮਹਲਾ ੧

ਕੰਨਜਾ ਦਰਬ ਕਰੈ ਅਹਾਰ ਸੋ ਨਰਕੈ ਜਾਹੀ ॥ ਜਨਮ ਪਾਇਕੈ ਸੁਕ੍ਰਿਤ ਜੋ ਕੀਆ ਸੋ ਸਭ ਬਿਰਥਾ ਜਾਹੀ ॥ ੧ ॥ ਰਹਾਉ ॥ ਮੂਰਖ ਕਿਉਂ ਜਨਮ ਲੀਆ ਸੰਸਾਰ ॥ ਸੁਕ੍ਰਿਤ ਕਾਰਨ ਮਾਨਸ ਦੇਹੀ ਧਾਰੀ ਕਿਉਂ ਪਾਪ ਉਠਾਇਓ ਭਾਰ ॥ ੧ ॥ ਅੰਤ ਸਮੇ ਤੇਰਾ ਕੋਈ ਨਾ ਬੇਲੀ ਕੀਤਾ ਆਪਣਾ ਪਾਵੈ ॥ ਇਸ ਧਨ ਕਾਰਨ ਜਨਮ ਗਵਾਇਓ ਫਿਰ ਇਹ ਹਾਥ ਨਾ ਆਵੈ ॥ ੨ ॥ਕਿਆ ਕਮਾਇਆ ਖੋਇਓ ਪ੍ਰਾਣੀ ਜੋ ਤੈਂ ਪਾਪ ਕਮਾਇਆ ॥ ਆਪਣਾ ਕੀਆ ਭੋਗ ਤੂੰ ਆਪੇ ਅੱਗੇ ਤੇਰੇ ਆਇਆ ॥ ੩ ॥ ਕੰਨਜਾ ਦਰਬ ਅਰ ਨਿੰਦਾ ਪਰਾਈ ਇਹ ਦੋਨੋਂ ਹਤਿਆ ਭਾਰੀ ॥ ਕਹੁ ਨਾਨਕ ਏਹ ਕਬੀ ਨ ਉਤਰੈ ਭਾਵੇਂ ਗੰਗਾ ਜਾਹ ਕੇਦਾਰੀ ॥ ੪ ॥ ੧ ॥

ਤਿਸਦਾ ਪਰਮਾਰਥ——ਗੁਰੂਜੀ ਕਹਿਤੇ ਹੈਨ ਹੇ ਭਾਈ ਬਾਲਾ ਏਹ ਬਡੀ ਭਾਰੀ ਹੱਤਿਆਹੈ ਕੰਨਜਾਂ ਦਾ ਦਰਬ ਲੈਨਾ ਤੇ ਕੰਨਜਾਂਦਾ ਮਾਰਨਾ ਪਰ ਸੰਸਾਰ ਤਾਂ ਹੁਣ ਇਸੇਹੀ ਹੱਤਜਾਵਿਚ ਲੱਗ ਰਹਿਆ ਹੈ ਜੋ ਦਰਬ ਲੈਕੇ ਲੜਕੀ ਦਾ ਖਾਂਦੇ ਹੈਨ ਉਨ੍ਹਾਂ ਦੀ ਹੱਤਿਆ ਨਹੀਂ ਲਹਿੰਦੀ ਤੇ ਕਰਮਾਂਦੀ ਰੇਖ ਪਿਛੇ ਲਗੀ ਰਹਿੰਦੀ ਹੈ ਤੇ ਸਦਾ ਨਿਰਧਨ ਰਹਿੰਦੇ ਹੈਨ ਅਤੇ ਪਰਾਈ ਨਿੰਦਿਆ ਵਾਲਾ ਭੀ ਐਸਾ ਪਾਪੀ ਹੋਤਾ ਹੈ ਤਾਂਤੇ ਹੇ ਸ੍ਰੀ ਗੁਰੂਜੀ ਮੈਂ ਤਾਂ ਹੱਥ ਜੋੜ ਕੇ ਸ੍ਰੀ ਗੁਰੂ ਨਾਨਕ ਜੀਅੱਗੇ ਮੱਥਾ ਟੇਕਿਆ ਤੇ ਮੁਖੋਂਅਰਦਾਸਕੀਤੀ ਹੇ ਸੱਚੇ ਪਾਤਸ਼ਾਹਜੀ ਤੇਰੀਆਂ ਤੂੰਹੈਂ ਜਾਣ ਪਰ ਏਸ ਕੰਨਜਾਂ ਦੀ ਤਾਂ ਬਿਪਦਾ ਕੱਟੋ ਜੀ ਤਾਂ ਸ੍ਰੀ ਗੁਰੂ ਜੀ ਓਥੋਂ ਉਠ ਕਰ ਉਸ ਕੰਨਜਾਂ ਦੀ ਝੁੱਗੀ ਪਾਸ ਜਾਇ ਖੜੇ ਹੋਏ ਤਾਂ ਉਸ ਕੰਨਜਾਂ ਸ੍ਰੀ ਗੁਰੂ ਜੀ ਕੋ ਦੇਖ ਕਰ ਚਰਨਾਂ ਤੇ ਮੱਥਾ ਟੇਕਿਆ ਤੇ ਸ੍ਰੀ ਗੁਰੂ ਨਾਨਕ ਜੀ ਨੇ ਉਸ ਕਨਜਾਂ ਦੀ ਪਿੱਠ ਉਪਰ ਥਾਪੀਦਈ ਤਾਂ ਕੰਨਜਾ ਕੋ ਗੁਰਮਤ ਹੋਇਗਈ ਅਤੇ ਹੱਤਿਆ ਉਪਰ ਗਈ ਅਉਰ ਸ੍ਰੀਗੁਰੂ ਜੀ ਆਪਨੇ ਹੱਥ ਕਰਕੇਉਸ ਲੜਕੀਕੇ ਮੂੰਹਤੇ ਛਿੱਟਾ ਮਾਰਿਆ ਅਤੇ ਇਕ ਛਿੱਟਾ ਉਸ ਮੁਰਦੇ ਉਪਰ ਵੀ ਮਾਰਿਆ ਤੋ ਓਹ ਮੁਰਦਾ ਭੀ ਮੁਕਤ ਕੋ ਪਰਾਪਤ ਭਯਾਤਬ ਕੰਨਜਾ ਕਾ ਭੀ ਉਧਾਰ ਹੁਆ ਇਹ ਸਾਖੀ ਸੁਣ ਕਰ ਸ੍ਰੀ ਗੁਰੂ ਅੰਗਦ ਜੀ ਬਦੇਹੀ ਹੋਇ ਗਏ ਅੱਠਪਹਿਰ ਸ੍ਰੀਗੁਰੂਜੀ ਨਿਜਸਰੂਪ ਵਿਖੇ ਲੀਣ ਰਹੇ ਜਾਂ ਮਹਾਰਾਜ ਆਪਣੀ ਬ੍ਰਿਤੀਤੇ ਨਿਵਰਤ ਹੋਏ ਤਾਂ ਕਿਹਾ ਭਾਈ ਬਾਲਾ ਧੰਨ ਤੂੰਹੈਂ ਤੇ ਧੰਨ ਸ੍ਰੀਗੁਰੂਨਾਨਕਜੀਹੈਨ ਜਿਨਾਂਕੇ

CC-0. Gurukul Kangri University Haridwar Collection. Digitized by S3 Foundation USA

ES OF INTERNET
UTH
ABHINAV GAUR

ਦਰਸ਼ਨ ਕਰਕੇ ਐਸੇ ਪਾਪੀਜੀਵ ਮੁਕਤੀ ਕੋ ਪਰਾਪਤ ਭਏ ਹੈਨ ਭਾਂ ਫੇਰ ਭਾਈ ਬਾਲਾ ਗੁਰੂਜੀ ਕਿਸ ਧਰਤੀਕੋ ਜਾਤੇ ਭਏ ਸੋ ਸੰਗਤਕੋ ਸੁਣਾਵੋ ਤੇ ਸਿੱਖਾਂ ਕਾ ਉਧਾਰ ਕਰੋ ਬਾਲਾ ਕਹੇ ਹੇ ਸ੍ਰੀਗੁਰੂਅੰਗਦਸਾਹਿਬਜੀ ਫੇਰ ਉਸਕੰਨਜਾਂ ਕਾ ਉਧਾਰ ਕਰਕੇ ਭਾਂ ਮੇਰੇਕੋ ਕਹਿਤੇ ਭਏ ਚਲ ਬਾਲਾ ਅਸਾਂ ਮਰਦਾਨੇ ਦੇਪੁੱਤ੍ਰਨੂੰਏਬੋਲਿਆਇਵਸਾਵਨਾਹੈ ਤਾਂਮੈਂਆਖਿਆਚਲੋ ਗੁਰੂਜੀਜਿਵੇਂ ਆਪਦੀਰਜਾਇ ਤਾਂ ਗੁਰੂਜੀ ਨੇਕਹਾ ਬਾਲਾਅਸਾਂਸਜ਼ਾਦੇ ਨੂੰ ਖੁਰਮੇਂ ਸ਼ਹਿਰ ਦੀ ਮੰਜੀ ਤੇ ਬਹਾਲਨਾਹੈ ਤਾਂਮੈਂ ਆਖਿਆ ਗੁਰੂਜੀਸਜ਼ਾਦਾ ਤੋ ਤੁਲਵੰਡੀ ਹੋਵੇਗਾ ਤਾਂਸ੍ਰੀ ਗੁਰੂਜੀਕਹਿਆ ਭਾਈਬਾਲਾਅੱਖੀਂਮੀਟਤਾਂਮੈਂਅੱਖੀਂ ਮੀਟੀਆਂ ਜਾਂ ਖੋਲ੍ਹੀਆਂ ਤਾਂ ਤਲਵੰਡੀ ਦੇ ਬਾਹਰ ਚੰਦਰਭਾਨ ਦਾ ਖੂਹਹੈ ਉਸ ਉਪਰ ਜਾਇਬੈਠੇ ਓਹ ਖੂਹ ਹੇਗੁਰੂਜੀ ਮੇਰੇਪਿਤਾ ਦਾ ਹੈਸੀ ਤਾਂਸ੍ਰੀਗੁਰੂਜੀਨੇਕਹਾ ਹੇ ਭਾਈ ਬਾਲਾ ਰਾਇਬੁਲਾਰ ਭਾਂ ਚਲ ਗਿਆਹੈ ਜੇਕਰ ਅਸੀ ਗਏ ਤਾਂ ਸਾਨੂੰ ਕਾਲੂ ਲਾਲੂ ਚੰਬੜ ਪਉਸਣ ਤਾਂਤੇ ਤੂੰ ਚੁਪਾਤਾਹੀ ਜਾਕਰ ਸਜ਼ਾਦੇ ਕੋ ਸੱਦਲਿਆਉ ਤਾਂਹੇਗੁਰੂਜੀ ਮੈਂ ਚਾਰ ਘੜੀ ਰਾਤ ਗਈ ਸਜ਼ਾਦੇ ਕੋ ਬੁਲਾਵਨੇ ਚਲਿਆ ਤਾਂ ਗੁਰੂਜੀ ਨੇ ਕਹਾ ਹੋਰਕੋਈ ਸੁਣੇ ਨਾਹੀਂ ਬਾਲਾ ਉਨ੍ਹਾਂਦੇ ਘਰਦੇਬਾਹਰ ਜਾਇ ਖਲੋਤਾ ਅਤੇ ਸਜ਼ਾਦਾ ਆਪਨੇ ਘਰੋਂ ਬਾਹਰ ਨਿਕਲਿਆ ਤਾਂ ਕਿਆ ਦੇਖੇ ਜੋ ਬਾਲਾ ਖੜਾ ਹੈ ਜੋ ਨਾਨਕ ਭਪੇ ਦੇ ਨਾਲ ਥਾ ਅਤੇ ਏਹਨਾਂਦੇ ਨਾਲ ਹੀ ਮੇਰਾ ਪਿਤਾ ਆਹਾ ਏਹ ਸਿਵਾਣਕੇ ਸਜ਼ਾਦੇ ਨੇ ਬਾਲੇ ਦੇ ਚਰਨਾਂ ਉੱਤੇ ਮੱਥਾ ਟੇਕਿਆ ਤਾਂ ਸਜ਼ਾਦੇਕੋ ਦੇਖਕਰ ਬਾਲੇ ਕਹਿਆ ਕਰਤਾਰ ਤੇਰਾ ਭਲਾ ਕਰੇ ਤੇਕਿਹਾ ਸਜ਼ਾਦੇ ਤੈਨੂੰ ਨਾਨਕ ਭਪਾਸੱਦਦਾਹਈ ਤਾਂ ਸਜ਼ਾਦੇ ਕਹਿਆ ਜਜਮਾਨਮੇਰਾਬਾਪ ਕਿੱਥੇਹੈ ਤਾਂਮੈਂ ਆਖਿਆ ਤੇਰਾਬਾਪ ਨਾਨਕਜੀਦੇਪਾਸਹਈ ਤਾਂ ਸਜ਼ਾਦਾ ਕਰਮਾਂ ਦਾ ਬਲੀ ਆਹਾ ਸੋ ਉਸ ਵਕਤ ਮੇਚੇ ਨਾਲ ਤੁਰ ਪਿਆ ਤਾਂ ਸਜ਼ਾਦੇ ਗੁਰੂ ਨਾਨਕਜੀ ਅੱਗੇ ਮੱਥਾ ਟੇਕਿਆ ਤਾਂ ਪੁਛਿਆ ਜੀ ਮੇਰਾ ਬਾਪ ਕਿੱਥੇ ਹੈ ਤਾਂ ਸ੍ਰੀਗੁਰੂ ਨਾਨਕ ਜੀ ਕਹਿਆ ਸਜ਼ਾਦਾ ਤੇਰਾ ਬਾਪ ਕਾਲ ਵਸ ਹੋਇਗਿਆ ਹੈ ਅਤੇ ਸਾਨੂੰ ਜੋਗ ਹੈ ਜੋ ਤੈਨੂੰ ਸਿਰੋਪਾਉ ਦੇਣਾ ਅੱਗੇ ਤੂੰ ਜੇਹੜਾ ਸਿਰੋਪਾਉ ਕਹੇਂ ਸੋ ਦੇਵੀਏ ਤਾਂ ਸਜ਼ਾਦੇ ਨੇ ਕਹਿਆ ਭਪਾ ਜੀ ਜੇਹੜਾ ਮੇਰੇ ਪਿਤਾ ਮਰਦਾਨੇ ਨੂੰ ਦਿੱਤਾਸੀ ਸੋਈ ਸਿਰੋਪਾਉ ਮੈਨੂੰ ਦੇਓਜੀ ਤਾਂ ਸ੍ਰੀਗੁਰੂਜੀਨੇ ਕਹਿਆ ਸਜ਼ਾਦਾ ਮਰਦਾਨੇ ਭਾਂ ਸਾਨੂੰ ਕਹਿਆ ਹੈਸੀ ਕਿ ਮੈਨੂੰ ਸਾਝਨਾਂ ਸੋ ਅਸਾਂ ਉਸਨੂੰ ਸਾਝਿਆ ਹੈ ਜੇਕਰ ਕਦੀ ਤੂੰ ਭੀ ਓਥੇ ਚਲ ਰਹੈਂ ਤਾਂ ਓਸ ਵਰਗਾ ਹੀ ਹੋਇ ਜਾਵੇਂਗਾ ਤਾਂ ਸਜ਼ਾਦੇ ਕਹਿਆ ਹੇ ਭਪਾ ਜੀ ਜੇਕਰ ਕਦੀ ਮੈਨੂੰ ਬਾਬੇਦੇ ਅਸਥਾਨ ਉਪਰ ਲੈ ਚਲੋਗੇ ਤਾਂ ਮੇਰੇ ਉਪਰ ਕਰਤਾਰ ਭੀ ਮੇਹਰਬਾਨੀ ਕਰੇਗਾ ਤਾਂ ਸ੍ਰੀ ਗੁਰੂਜੀ ਕਹਿਆ ਚਲੋ ਭਾਈ ਬਾਲਾ ਅਸੀ ਸਜ਼ਾਦੇ ਕੋ ਲੈ ਚਲੀਏ ਤਾਂ ਮੈਂ ਆਖਿਆ ਜੀ ਚਲੋ ਗੁਰੂਜੀ ਜਿਵੇਂ ਤੁਸਾਡੀ ਰਜ਼ਾਇ ਤਾਂ ਸ੍ਰੀ ਗੁਰੂ ਨਾਨਕ ਜੀ ਤੇ ਨਾਲ ਸਜ਼ਾਦਾ ਮਿਰਾਸੀ ਤੇ ਮੈਂ ਤਿੰਨੇ ਤੁਰਪਏ ਤਾਂ ਪਹਿਲੋਂ ਗੁਰੂਜੀ ਲਾਹੌਰਆਏ ਤੇ ਕਸਾਇਪੁਰੇ ਦੇ ਪਾਸ ਗੁਰੂਜੀ

CC-0. Gurukul Kangri University Haridwar Collection. Digitized by S3 Foundation USA

ਆ ਖਲੋਤੇਤਾਂਓਦੋਂਸਵਾਪਹਿਰ ਦਿਨ ਚੜ੍ਹੇ ਤੀਕਰ ਲਾਹੌਰਵਿਚ ਸਉਬਧਹੁੰਦਾਸੀ ਭਾਂ ਸ੍ਰੀ ਗੁਰੁਨਾਨਕਜੀ ਇਕ ਸ਼ਲੋਕ ਉਚਾਰਿਆ ।। ਲਾਹੌਰ ਸ਼ਹਿਰ ਸ਼ਹਿਰ ਕਹਿਰ ਸਵਾਪਹਿਰ॥ ਭਾਂ ਫੇਰ ਸ੍ਰੀਗੁਰੂ ਜੀ ਕਹਿਆ ਭਾਈ ਅਸੀਂ ਭਾਂ ਲਉ ਦੀ ਨਗਰੀ ਜਾਣਕੇ ਆਏ ਸਾਂ ਸੋ ਮਲੇਛ ਦੇ ਜੋਰ ਕਰਕੇ ਸਵਾਪਹਿਰ ਤਕ ਕਹਿਰ ਵਰਤਦਾ ਹੈ ਅਸੀ ਦਸਵਾਂਜਾਮਾ ਪਹਿਰਕੇ ਤੁਰਕਾਂਦਾ ਨਾਸ ਕਰਾਂਗੇ ਅਤੇ ਧਰਮ ਦਾ ਰਾਜ ਹੋਵੇਗਾ ਤਾਂ ਤੁਣਚਲੋ ਭਾਈ ਬਾਲਾਸ਼ਹਿਰਦੇ ਬਾਹਰ ਚਲਰਹੀ ਭਾਂ ਰਾਤਗੁਰੂਜੀ ਸ਼ਾਹਦਰੇਰਹੇ ਅਤੇ ਫੇਰ ਸਲਕੋਟ ਬੇਰਦੇਹੇਠ ਜਾਇ ਰਹੇਓਥੇਬਠਕਰ ਸ੍ਰੀਗੁਰੂਜੀਸਜਾਦੇ ਨੂੰ ਦੁਇਪੈਸੇ ਦੇਕੇ ਸ਼ਹਿਰਭੇਜਿਆ ਕਹਿਆ ਸਜਾਦਾ ਏਨਾਂਪੈਸਿਆਂਦਾਝੂਠਸੱਚਲੈਆਉਤਾਂਸਜਾਦਾ ਪੈਸੇ ਲੈਕੇ ਸ਼ਹਿਰਗਿਆ ਸਾਰੇਫਿਰਿਆਉਸ ਨੂੰ ਕਿਸੇ ਨਾਦਿੱਤਾ ਤਾਂਇਕ ਬਜ਼ਾਰਵਿੱਚ ਮੂਲਾ ਨਾਮਹਟਵਾਣੀਆਂਸੀ ਉਸਨੇ ਕਹਿਆ ਭਾਈ ਤੂੰਕੀਲੈਣਾਹੈਤਾਂਸਜਾਦੇ ਕਹਿਆਜੀ ਮੇਰਾ ਗੁਰੂ ਸੱਚਤੇ ਝੂਠ ਮੰਗਦਾਹੈ ਤਾਂਓਹ ਖੱਤ੍ਰੀ ਰੋਜ਼ ਧਰਮਸਾਲਾਰਾਤਨੂੰ ਜਾਂਦਾਹੁੰਦਾਸੀ ਤਾਂਓਸਨੇਕਹਿਆ ਭਾਈ'ਜੀਵਣਝੂਠਤੇ ਮਰਨਾਸਚ' ਏਹਤੂੰ ਜਾਇਕਰ ਕਹੁਤਾਂ ਸਜਾਦੇ ਪੈਸੇ ਉਸਨੂੰ ਦੇਦਿੱਤੇ ਤੇ ਏਹ ਬਾਣੀਏਂ ਪਾਸੋਂ ਲਿਖਾਇ ਲਿਆਤਾਂਗੁਰੂਜੀਕੋਜਾਇਕਹਿਆ ਤਾਂ ਸ੍ਰੀਗੁਰੂਜੀ ਕਹਿਆ ਭਾਈ ਚਲੋ ਉਸਦਾ ਦਰਸ਼ਨ ਕਰੀਏਤਾਂ ਗੁਰੂਜੀ ਉਸਦੀ ਹੱਟੀ ਉੱਪਰ ਜਾਇ ਬੈਠੇ ਤੇ ਉਸ ਮੂਲੇ ਕੋ ਪੁਛਿਆਭਾਈਤੂੰ ਮਰਨਾਂਸੱਚ ਕਿਥੋਂ ਸੁਣਿਆਹੈ ਤਾਂਉਸਨੇ ਕਹਿਆ ਸੰਤਜੀ ਆਪਦੀ ਕ੍ਰਿਪਾ ਕਰਕੇ ਜਾਣ ਲਵਾਂਗਾਤਾਂਬਚਨਹੋਯਾ ਭਾਈਸਾਡੇਨਾਲਚਲੋਂਗਾਤਾਂਤੈਨੂੰਸੱਚਝੂਠ ਦਿਖ੍ਹਾਇਲਿਆਵੀਏਂਗੇ ਭਾਂ ਮੂਲੇ ਹੱਟੀ ਲੁਟਾਇਦਿਤੀ ਅਤੇ ਸ੍ਰੀਗੁਰੂ ਜੀ ਦੇ ਨਾਲ ਤੁਰਪਿਆ ਭਾਂ ਸ੍ਰੀਗੁਰੂਜੀਜਾਂਦੇ ਜਾਂਦੇ ਤਿਲੁੰਬੇ ਸ਼ਹਿਰ ਦੇ ਜਾਇ ਬਾਹਰ ਬੈਠੇ ਅੱਗੇ ਓਥੇਇਕ ਸੱਜਣਨਾਮ ਵੈਸ਼ਨੋਂ ਰਹਿੰਦਾ ਸੀ ਬੜੀ ਪਵਿਤ੍ਰ ਰਹਿਣੀ ਰੱਖਦਾਸੀ ਭਗਤ ਮਲੂਮਦੇਵੇ ਜਦਓਥੇ ਗੁਰੂਜੀ ਜਾਇਬੈਠੇ ਭਾਂ ਸਜਾਦੇਨੂੰ ਗੁਰੂ ਜੀ ਕਹਿਆ ਸਜਾਦਾ ਜਾਹ ਸ਼ਹਿਰ ਦਾ ਸੈਲਕਰ ਪਰ ਡਰੀਂ ਨਹੀਂ ਭਾਂ ਸਜਾਦੇ ਆਖਿਆ ਗੁਰੂਜੀ ਮੈਨੂੰ ਡਰ ਆਪਦੇ ਹੁੰਦਿਆਂ ਕਿਸਦਾਹੈ ਏਹਬਾਤਸਜਾਦਾ ਕਹਿ ਕਰਉਸਸ਼ਹਿਰਦੇਵਿਚਜਾਇਵੜਿਆ ਭਾਂ ਅੱਗੇਇਕ ਸੱਜਣਨਾਮ ਠੱਗ ਬੈਠਾਹੈ ਤੇਸਜਾਦੇ ਨੇ ਜਾਇਕਰ ਰਾਮਰਾਮ ਕਰੀ ਭਾਂਸਜਣਨੇਦੇਖਿਆਕਿਸਜਾਦੇਦੇ ਕੱਪੜੇਚੰਗੇਹੈਨ ਭਾਂਸੱਜਣ ਨੇ ਕਹਿਆ ਆਉ ਭਾਈ ਸੱਤਰਾਮ ਬੈਠੀਏਜੀ ਭਾਂ ਸੱਜਣ ਨੇ ਕਹਿਆ ਭਾਈਕਿੱਥੋਂਆਯਾ ਹੈਂ ਅਤੇਕਉਣ ਹੁੰਦਾ ਹੈਂ ਤੇਰੇ ਨਾਲ ਕੋਈ ਹੋਰਵੀ ਹੈ ਕਿ ਅਕੇਲਾਈਹੈਂ ਭਾਂਸਜਾਦੇ ਆਖਿਆ ਜੀ ਪਰਦੇਸੀ ਹਾਂ ਭਲਵੰਡੀਓਂ ਆਯਾਹਾਂ ਤੇ ਮਿਰਾਸੀ ਹਾਂ ਨਾਨਕਤਪੇ ਦਾ ਅਤੇ ਓਹ ਭੀ ਮੇਰੇ ਨਾਲ ਹੈਨ ਭਾਂ ਸੱਜਣ ਨੇ ਕਹਿਆ ਓਹ ਕਉਣਹੈ ਭਾਂ ਸਜਾਦੇ ਕਹਿਆ ਓਹ ਵੱਡਾ ਅਵਤਾਰੀ ਜੀਵਹੈ ਅਤੇ ਤੁਸਾਂਥੀਂਚੰਗਾਹੈ ਤਾਂ ਸੱਜਣਨੇ ਆਪਣੇ ਆਦਮੀਆਂ ਨੂੰ ਆਖਿਆ ਭਾਈ ਏਹ ਵੱਡੇ ਆਦਮੀਆਂਦਾ ਮਿਰਾਸੀਹੈ ਏਸਦੀ ਖਾਤਰ ਅੱਛੀ ਤਰ੍ਹਾਂ ਕਰਨੀ ਤੇਰਸੋਈ

CC-0. Gurukul Kangri University Haridwar Collection. Digitized by S3 F

INTERNET
ABHINAV GAUR

ਬਹੁਤਅੱਛੀਖੁਲਾਵਣੀਤਾਂਕਹਿਆਜਾਹਸਜਾਦਾ ਏਨਾਂਦੇਨਾਲ ਜਾਂ ਸਜਾਦਾ ਅੰਦਰ ਵੜਿਆ ਤਾਂ ਉੱਨਾਂ ਸਜਾਦੇ ਦੀਆਂ ਮੁਸ਼ਕਾਂ ਬੰਨ੍ਹਲਈਆਂ ਤੇ ਕਪੜੇ ਉਤਾਰਲਏ ਤੇਆਖਿਓਨੇਭਾਈ ਹੋਰ ਕੁਛਵੀਹਈ ਤਾਂ ਸਾਨੂੰਦਸਦੇਹਤਾਂ ਸਜਾਦੇ ਨੇ ਮਨ ਵਿਚ ਸ੍ਰੀਗੁਰੂਨਾਨਕ ਜੀਕੋ ਯਾਦ ਕੀਤਾ ਤੇ ਕਹਿਆ ਹੇ ਪਿਤਾਜੀ ਅੱਛੀ ਜਾਹਗਾ ਭੇਜਿਆ ਹੈ ਮੈਂ ਕੁਥਾਏਂ ਫਸਿਆਹਾਂ ਮੇਰੀ ਸਹਾਇਤਾ ਕਰਨੀ ਜੀ ਇਤਨੇ ਮੇਂ ਸ੍ਰੀਗੁਰੂਨਾਨਕ ਜੀ ਸਰਬਘਟਾਂਕੇਅੰਤਰਜਾਮੀ ਕਹਿਣ ਲਗੇ ਚਲ ਭਾਈ ਬਾਲਾ ਸਜਾਦੇ ਦੀ ਖਬਰ ਲਈਏ ਜੋ ਮਰਦਾਨੇ ਦੀ ਤਰਾਂ ਏਹ ਭੀ ਬੱਧਾ ਬੈਠਾ ਹੈ ਏਹ ਆਖਦੇਹੀ ਸੱਜਣ ਦੇ ਘਰਤੁਰਤਹੀ ਜਾਇਪਹੁੰਚੇ ਅੱਗੇ ਸੱਜਣ ਬੜਾਬੈਸ਼ਨੋ ਧਰਮ ਬਣੀਬੈਠਾ ਹੈ ਤਾਂ ਸ੍ਰੀਗੁਰੂ ਨਾਨਕਜੀ ਆਖਿਆ ਸੱਜਣਾ ਏਥੇਸਾਡਾਮਿਰਾਸੀ ਆਯਾ ਸੀ ਤਾਂ ਸੱਜਣ ਬੋਲਿਆ ਸੰਤਜੀ ਮੈਂ ਧੁਆਡੇ ਪਾਸੋਂ ਕਿਉਂ ਮੁਕਰਨਾ ਹੈਜੀਤੁਸੀਤਾਂਅਤੀਤ ਫਕੀਰ ਨਜ਼ਰ ਆਉਂਦੇਹੋ ਤਾਂ ਸ੍ਰੀਗੁਰੂ ਨਾਨਕਜੀਕਹਿਆਭਾਈਬਾਲਾ ਸਜਾਦੇ ਨੂੰ ਅੰਦਰੋਂ ਕੱਢ ਲਿਆਓ ਤਾਂ ਫੇਰ ਗੁਰੂ ਜੀ ਮੈਂ ਅਵਾਜ਼ਮਾਰੀ ਤੇ ਸਜਾਦੇ ਆਖਿਆ ਜਜਮਾਨ ਮੈਨੂੰ ਹੱਛੀਜਾਹਗਾਭੇਜਿਆਹੈ ਇਨ੍ਹਾਂ ਤੇ ਮੇਰੇਕੱਪੜੇਵੀ ਲਾਹਕਰ ਬੰਨ ਬਹਾਇਆ ਮੈਂ ਕਹਿਆ ਚਲ ਸਜਾਦਾ ਗੁਰੂਨਾਨਕ ਜੀ ਸਦਦੇ ਹੈਨੀ ਤੇ ਕੱਪੜੇ ਵੀ ਤੈਨੂੰ ਓਥੇ ਹੀ ਲੈ ਦੇਵਾਂਗੇ ਤੇ ਜਿਨ੍ਹਾਂ ਸਜਾਦੇ ਨੂੰ ਬੱਧਾਸੀ ਸੋ ਸ਼ਰਮਿੰਦੇਹੋਕੇ ਕਹਿਣੇਲਗੇ ਏਹ ਤਾਂ ਏਥੇ ਏਹੋ ਜਿਹਾ ਆਯਾ ਸੀ ਤਾਂ ਬਾਲੇ ਕਹਿਆ ਚਲ ਸਜਾਦਾ ਆਪੇਹੀ ਕੱਪੜੇਪਹੁੰਚਜਾਵਣਗੇ ਤਾਂਸਜਾਦੇਨੇਸ੍ਰੀਗੁਰੂ ਜੀ ਅੱਗੇ ਮੱਥਾ ਟੇਕਿਆ ਤੇ ਕਹਿਓਸ ਗੁਰੂਜੀ ਏਹ ਭਲਾ ਸੱਜਣਭਗਤ ਹੈ ਸ਼ਕਲਬੈਸ਼ਨ ਦੀ ਕਰਤੂਤ ਠੱਗਾਂ ਦੀ ਤੇ ਰਸੋਈ ਪਾਵਣੇਕੋ ਅੰਦਰ ਸੱਦਿਆ ਕਪੜੇ ਲਾਹਕੇ ਮੁਸ਼ਕਾਂ ਬੰਨਛੱਡੀਆਂ ਏਹ ਭਲਾ ਸੱਜਣ ਹੈ ਨਿਰਾ ਹੀ ਠੱਗ ਹੈ ਤਾਂ ਗੁਰੂਜੀਕਹਿਆ ਸੱਜਣਾ ਏਹ ਕੀ ਕੰਮ ਕਰਦਾ ਹੈਂ ਤਾਂ ਸੱਜਣ ਸ਼ਰਮਿੰਦਾ ਹੋਇਗਿਆ ਤਾਂ ਗੁਰੂਜੀ ਸ਼ਬਦ ਕਹਿਆ ਸੂਹੀਰਾਗ ਵਿਚ ॥ ਸੂਹੀ ਮਹਲਾ ੧ ॥ਉਜਲ ਕੈਹਾ ਚਿਲਕਣਾ ਘੋਟਮ ਕਾਲੜੀ ਮਸ ॥ ਧੋਤਿਆਜੂਠਨਉਤਰੇ ਜੇ ਸੌ ਧੋਵਾਂ ਤਿਸ ॥ ਸਜਣਸੇਈਨਾਲ ਮੈ ਚਲਦਿਆ ਨਾਲ ਚਲੰਨ ॥ ਜਿਥੈਲੇਖਾ ਮੰਗੀਐ ਹਾਜਰ ਖੜੇ ਦਿਸੰਨ ॥ ੧ ॥ ਰਹਾਉ ॥ ਅੰਞਣ ਪਿਪਲ ਜੰਮਿਆਂ ਬੂਹੇਤੇਧਰਮਸਾਲ ॥ ਬਾਹਿਰੋਂ ਦਿੱਸੈ ਸੋਹਿਣਾਅੰਦਰੋਂ ਘੋਟਾਲਾਲ ॥ ੨ ॥ ਮੱਥੇ ਟਿਕਾ ਲਾਲ ਹੈ ਗਲ ਮੈਂ ਮਾਲਾ ਚਾਰ ॥ ਬਾਤ ਫਰੋਸ਼ੀ ਸਿੱਖਿਆ ਠੱਗਣ ਕੋ ਸੰਸਾਰ ॥ ੩ ॥ ਕੋਠੇ ਮੰਡਪ ਮਾੜੀਆਂ ਪਾਸੋਂ ਚਿਟਵੀਆਹ ॥ ਢਠੀਆਂ ਕੰਮ ਨਾ ਆਵਨੀ ਵਿਚੋਂ ਸਖਣੀਆਹ॥੪॥ ਬਗਾ ਬਗੇ ਕਪੜੇ ਤੀਰਥਮੰਝਵਸੰਨ॥ ਘੁਟਘੁਟ ਜੀਆਂ ਖਾਵਣੇ ਬਗੇ ਨਾ ਕਹੀਅੰਨ ॥ ੫ ॥ ਸਿੰਮਲ ਰੁਖ ਸਰੀਰ ਮੈ ਮੈ ਜਨ ਦੇਖ ਭੁਲੰਨ॥ ਸੇ ਫਲ ਕੰਮ ਨ ਆਵਨੀ ਤੇ ਗੁਣ ਮੈ ਤਨ ਹੰਨ ॥ ੬ ॥ ਅੰਧਲੈ ਭਾਰ ਉਠਾਇਆ ਡੂੰਗਰਵਾਟ ਬਹੁਤ ॥ ਅਖੀ ਲੋੜੀ ਨਾ ਲਹਾ ਹਉ ਚੜ

CC-0. Gurukul Kangri University Haridwar Collection. Digitized by S3 Foundation USA

ਲੰਘਾ ਕਿਤ ॥ ੭ ॥ ਚਾਕਰੀਆ ਓਗਿਆਈਆ ਅਵਰ ਸਿਆਨਪ ਕਿਤ ॥
ਨਾਨਕ ਨਾਮ ਸਮਾਲ ਤੂੰ ਬਧਾ ਛੁਟਹਿ ਜਿਤ ॥ ੮ ॥ ੧ ॥

ਜਾਂ ਏਹ ਸ਼ਬਦ ਸ੍ਰੀ ਗੁਰੂ ਜੀ ਉਚਾਰਿਆ ਤਾਂ ਸੱਜਣ ਸ੍ਰੀ ਗੁਰੂਨਾਨਕ ਜੀ ਦੇ ਪੈਰਾਂ ਉੱਪਰ ਢਹਿ ਪਿਆ ਤੇ ਆਖਿਓਸ ਗੁਰੂ ਜੀ ਮੇਰੇ ਉੱਪਰ ਮੇਹਰਬਾਨੀ ਕਰੋ ਜੀ ਅੱਗੇ ਮੈਂ ਬੜੇ ਪਾਪ ਕੀਤੇਹੈਨ ਜੀ ਤਾਂ ਸ੍ਰੀ ਗੁਰੂਨਾਨਕ ਜੀ ਕਹਾ ਸੱਜਣਾ ਏਹ ਕੰਮ ਤੂੰ ਛੱਡੇਂਗਾ ਤਾਂ ਤੈਨੂੰ ਕਰਤਾਰ ਬਖਸ਼ੇਗਾ ਅਤੇ ਭਾਈ ਏਹੋਈਮਿਰਾਸੀ ਜੋ ਹਈ ਸੋ ਇਸਨੂੰ ਤੂੰ ਗੁਰੂਕਰਕੇਮੰਨੇਗਾ ਤਾਂ ਤੇਰੀ ਭੁੱਲ ਮਾਫਹੋਵੇਗੀ ਤਾਂਸੱਜਣ ਨੇ ਹੱਥਜੋੜਕਰ ਗਲਵਿੱਚ ਪਲਾਪਾਯਾ ਤੇ ਕਹਿਓਸ ਮੈਨੂੰ ਮਾਫਕਰੋ ਜੀ ਜਿਸਤਰਾਂ ਆਪ ਕਹੋਗੇ ਮੈਂ ਓਸੇਤਰਾਂ ਮੰਨਾਂਗਾ ਜੀ ਅੱਗੇ ਗੁਰੂ ਜੀ ਮੈਂ ਬਹੁਤਹੀ ਅਪਰਾਧਕੀਤੇਹੈਨ ਅਤੇ ਆਪਣਾ ਮੇਰੇਤਾਈਂ ਦਾਸ ਕਰੋਜੀ ਤਾਂਸ੍ਰੀਗੁਰੂਜੀ ਕਹਾ ਸੱਜਣਾ ਪਿਛੇ ਤੈਨੇ ਜੋ ਕੁਕਰਮ ਕੀਤੇ ਹੈਨ ਸੋ ਤਾਂ ਅਸੀਂ ਤੈਨੂੰ ਬਖਸ਼ਾਇਦਿਹਾਂਗੇਪਰ ਅੱਗੇ ਤੂੰ ਇਨ੍ਹਾਂ ਕਰਮਾਂਥੀਂ ਬਾਜ਼ ਹੋਇ ਜਾਵੀਂ ਅਤੇ ਕੋਈ ਮੁਸਾਫ਼ਰ ਆਵੇ ਨੰਗਾ ਹੋਵੇ ਭੁਖਾ ਹੋਵੇ ਉਸਦੀਖਾਤਰ ਕਰਨੀ ਜਹਾਂਤਕ ਹੋਸਕੇ ਭਲਾ ਕਰਨਾਂ ਤਾਂ ਸੱਜਣ ਨੇਸ੍ਰੀਗੁਰੂਜੀਦੇ ਚਰਨਾਂ ਪੁਰ ਮੱਥਾ ਟੇਕਿਆ ਸਚੇਪਾਤਸ਼ਾਹ ਜੀਮੈਂ ਭੁੱਲਾਜੀ ਜਿਵੇਂਕਹੋ ਸੋ ਮਨਮੁਰ ਹੈਜੀ ਤਾਂਗੁਰੂਜੀ ਸੱਜਣ ਨੂੰ ਸਿੱਖ ਕੀਤਾ ਨਾਮਦਾਨ ਬਖਸ਼ਿਆ ਤੇ ਸ੍ਰੀਗੁਰੂਜੀ ਸੱਜਣ ਨਿਵਾਜਕੇਤੇ ਸਜਾਦੇ ਕੋ ਨਾਲ ਲੈਕੇ ਖੁਰਮੇ ਸ਼ਹਿਰ ਵਿਚ ਆਇ ਪ੍ਰਾਪਤ ਹੂਏ ਅਤੇ ਕਹਿਓ ਨੇ ਸਜਾਦਾ ਏਹ ਤੁਮਾਰੇ ਬਾਪ ਮਰਦਾਨੇ ਦੀ ਸਮਾਧ ਹੈ ਤਾਂ ਸਜਾਦੇ ਓਥੇ ਮੱਥਾ ਟੇਕਿਆਤਾਂਸ੍ਰੀਗੁਰੂਜੀ ਕਹਾ ਸਜਾਦਾ ਤੂੰ ਏਥੇ ਹੀ ਆਇ ਰਹੋ ਤੇ ਸਜਾਦਾ ਮਰਦਾਨਾ ਸਾਡਾ ਯਾਰ ਆਹਾ ਤਾਂ ਸਜਾਦੇ ਕਹਾ ਤਪਾਜੀ ਦੱਬਰ ਓਥੇਰਹੇ ਕਿ ਏਥੇਲੈਆਵਾਂ ਤਾਂਸ੍ਰੀਗੁਰੂਜੀਕਹਾਸਜਾਦਾ ਮਰਦਾਨੇਦੀ ਤੇ ਤੇਰੀ ਮੰਨੀ ਏਥੇ ਹੀ ਹੋਵੇਗੀ ਹੁਣ ਤੂੰ ਦੱਬਰ ਵੀ ਏਥੇਲੈਆਵੀਂ ਤਾਂ ਸਜਾਦੇਕਹਾ ਸ੍ਰੀਗੁਰੂ ਜੀ ਤੁਸੀਂਹੁਣ ਕਿਧਰਨੂੰ ਜਾਵੋਗੇਅਤੇ ਮੈਂ ਕਿਸਦੇ ਅਧਾਰ ਰਹਾਂਗਾਜੀ ਤਾਂ ਸ੍ਰੀਗੁਰੂਜੀ ਕਹਾ ਸਜਾਦਾ ਤੂੰ ਸਾਨੂੰਜਿਸਵੇਲੇ ਯਾਦ ਕਰੇਂਗਾਉਸੀਵਕਤ ਅਸੀਂਤੇਰੇ ਪਾਸ ਹਾਜ਼ਰ ਹੋਵੀਏਗੇਂ ਤੂੰ ਸੱਤ ਪ੍ਰਤੀਤ ਰਖੀਂ ਤਾਂ ਸਜਾਦੇ ਕਹਾਹੇ ਤਪਾਜੀ ਮੈਨੂੰ ਆਪਦੇ ਬਚਨਾਂ ਪਰ ਸਤਪਰਤੀਤ ਹੈ ਤਾਂ ਸਜਾਦਾ ਆਪਣੇ ਦੱਬਰ ਕੋ ਲੈਕਰ ਖੁਰਮੇਸ਼ਹਿਰ ਜਾ ਰਿਹਾ ਤੇ ਸ੍ਰੀਗੁਰੂਜੀ ਸਜਾਦੇ ਉਪਰ ਖੁਸ਼ੀ ਕਰਕੇ ਓਥੋਂ ਕੰਧਾਰ ਕੋ ਗਏ॥ ਬੋਲੋ ਭਾਈ ਜੀ ਵਾਹਿਗੁਰੂ॥ ੧੫੯ ॥

ਆਗੇ ਸਾਖੀ ਫ਼ਕੀਰਾਂ ਨਾਲ ਕੰਧਾਰ ਮੇਂ

ਤਾਂ ਭਾਈ ਬਾਲਾ ਕਹੇ ਹੇ ਸ੍ਰੀਗੁਰੂ ਅੰਗਦ ਜੀ ਇਕਦਿਨ ਸ੍ਰੀਗੁਰੂਨਾਨਕਜੀਜਾਂਦੇ੨ ਕੰਧਾਰ ਵਿਚ ਯਾਰਅਲੀ ਪਾਸ ਜਾਇਪਹੁੰਚੇ ਤਾਂ ਅੱਗੇ ਇਕ ਮੁਗਲ ਫਕੀਰ ਆਹਾ ਉਸਨਾਲ ਗੁਰੂ ਜੀ ਕੀ ਏ ਟਾਕਈ ਤਾਂਓਸਨੇ ਕਹਾਤੁਮਾਰਾ ਨਾਮਕਿਆ ਹੈ ਤਾਂ ਸ੍ਰੀਗੁਰੂਜੀ ਨੇ ਕਹਾ ਨਾਨਕ ਨਿਰੰਕਾਰੀ ਫੇਰ ਮੁਗਲ ਨੇ ਕਹਾਤੁਮਾਰਾ ਪੀਰ ਕੌਨਹੈ ਤਾਂਗੁਰੂ ਜੀਨੇ ਕਹਾ ਪੀਰਸਾਡਾ ਇਕ

CC-0. Gurukul Kangri University Haridwar Collection. Digitized by S3 Foundation USA

TH TERNET ABHINAV GAUR

ਖ਼ੁਦਾਇ ਹੈ ਤੇ ਮੁਰਸ਼ਦ ਵੀ ਓਹੀ ਹੈ ਜਿਸਦੇ ਕੁਲ ਮੁਰੀਦ ਹੈਨ ਤੇ ਅਸੀਵੀ ਓਸੇਖ਼ੁਦਾਇ ਸੱਦੇਦੇ ਮੁਰੀਦਹੈਂ ਤੇ ਫ਼ਕੀਰ ਨਿਗਾਹ ਵਾਲਾ ਭੀ ਓਹੀਹੈ ਜਿਸਦੀ ਨਿਗਾਹਥੀਂ ਦੂਜਾਭਾਵ ਦੂਰਹੋਇ ਜਾਵੇ ਤੇ ਜਹਾਂ ਕਹਾਂ ਖ਼ੁਦਾਇ ਨੂੰ ਹਾਜ਼ਰ ਨਾਜ਼ਰ ਜਾਣੇ ਏਹ ਬਾਤ ਸੁਣਕੇ ਮੁਗ਼ਲ ਸ੍ਰੀਗੁਰੂ ਜੀ ਦੀ ਚਰਨੀ ਢਹਿ ਪਿਆ ਤੇ ਸ੍ਰੀਗੁਰੂਜੀਦਾ ਮੁਰੀਦ ਹੋਯਾ ਅਤੇਇਕ ਸ਼ੇਖਸ਼ਰਫ਼ ਪਠਾਣ ਦੱਖਨਦੀ ਧਰਤੀਦਾ ਹੈਸੀ ਬਿਦਰਸ਼ਹਿਰਦਾਆਹਾ ਸੋ ਉਸਪਠਾਣਦਾਯਾਰਆਹਾ ਤੇ ਓਹ ਪਠਾਣ ਉਸ ਨਾਲ ਪਰਚਣ ਵਾਸਤੇ ਆਉਂਦਾ ਹੁੰਦਾ ਸੀ ਜਾਂ ਇਕਦਿਨਪਠਾਣ ਨੇ ਆਇਕੇ ਮੁਗ਼ਲ ਨੂੰ ਦੇਖਿਆ ਤਾਂ ਉਸਦਾ ਕੁਝ ਹੋਰ ਹੀ ਤੌਰ ਹੈ ਤੇ ਅੱਗੇ ਕੁਛਹੋਰਹੀਰਉਂ ਸ ਹੁੰਦੀ ਸੀ ਤਾਂ ਪਠਾਣ ਨੇ ਪੁਛਿਆ ਐ ਮੀਰਜੀ ਤੁਮਾਰਾ ਵਕਤਕੌਣਹੈ ਤਾਂਮੁਗ਼ਲਨੇਕਹਿਆ ਤੁਮਕੋ ਕਿਆਨਜ਼ਰਆਂਵਦਾਹੈ ਤਾਂ ਪਠਾਣਨੇਕਹਿਆ ਮੁਝਕੋਕੁਛਔਰਹੀਨਜ਼ਰ ਆਉਂਦਾਹੈ ਤਾਂ ਮੁਗ਼ਲਨੇਕਹਾਖ਼ੁਦਾਇਦਾਰੀਚਿਰਾਗ਼ਮਦਾਰੀਤਾਂਪਠਾਣਨੇਕਹਾਕਹੋ ਤੋਮੁਗ਼ਲਨੇ ਕਹਾਹਮ ਚਿਹਵਾਲ ਮਸਤ ਪਠਾਣਨੇਕਹਾ ਕਿਸਤਰਾਂਮੁਗ਼ਲਨੇ ਕਹਾ ਇਕਫ਼ਕੀਰਹਮਚੁਪੀਰਸ਼ੁਦਾ ਪਠਾਣ ਨੇ ਕਹਿਆ ਉਸਕੇ ਦੀਦਾਰ ਤੇ ਮਤਲਬ ਪੂਰਾ ਹੁਆ ਹੈ ਮੁਗਲ ਨੇ ਕਹਾ ਬੰਦਾਉਰ ਖਲਾਸ ` ਮਤਲਬ ਦਰੋਗ ਨਮੇਂ ਆਇਦ ਤਾਂ ਪਠਾਣ ਨੇਕਹਿਆ ਸ਼ੁਮਾਬਿਰਾਦਰ ਸ਼ੁਮਾ ਰਜ਼ਾਇਸ਼ੁਦੀ ਮੁਗਲਨੇ ਕਹਿਆ ਮਤਲਬ ਦੀਦਾਰ ਊਰਾ ਜਾਂ ਸੇਹ ਪਠਾਣਕਹਾ ਖ਼ੁਦਾਇ ਸਤਾਰੀ ਅਗਰ ਮਿਹਰਕਾਰੀ ਮੁਗਲ ਕਹਿਆ ਆਰੇ ਆਰੇ ਪਠਾਣ ਕਹਿਆ ਗ਼ੁਫ਼ਤ ਸ਼ੁਮਾ ਬਿਰਾਦਰੇ ਯਾਰ ਵਫ਼ਾਦਾਰ ਤਾਂਮੁਗਲਕਹਿਆਈਂ ਲੁਤਫ਼ ਖ਼ੁਦਾਈਪਠਾਣ ਕਹਿਆ ਆਰੇ ਆਰੇ ਅੱਗੇ ਜਦ ਪਠਾਨ ਆਂਵਦਾ ਸੀ ਤਾਂ ਦੋ ਤਿੰਨ ਦਿਨ ਰਹਿ ਕਰ ਪਰਚ ਜਾਂਦਾ ਸੀ ਤੇ ਹੁਣ ਧਰਨਾ ਮਾਰ ਬੈਠਾ ਹੈ ਜਾਵੇ ਨਹੀਂ ਤਾਂ ਆਖਰ ਪਠਾਣ ਵੀ ਸ੍ਰੀ ਗੁਰੂ ਜੀ ਕੀ ਪੈਰੀਂ ਪਿਆ ਤਾਂ ਸ੍ਰੀਗੁਰੂ ਨਾਨਕਜੀ ਓਸ ਪਠਾਣ ਕੋਵੀਮੁਰੀਦ ਕੀਆ ਸੋਓਨਾਂ ਪਰ ਖ਼ੁਸ਼ੀਕਰਕੇ ਗੁਰੂ ਨਾਨਕ ਜੀ ਓਥੋਂ ਚਲਦੇ ਰਹੇ ॥ ਬੋਲੋ ਭਾਈ ਜੀ ਵਾਹਿਗੁਰੂ ॥ ੧੬੦ ॥

ਆਗੇ ਸਾਖੀ ਦੀਨਾਨਾਥ ਦਿਆਲ ਨਾਲ ਹੋਈ

ਕਿਹਾ ਹੇ ਬੇਟਾ ਨਾਨਕ ਜੀ ਸਾਨੂੰ ਪਿਤਰਾਂ ਨੇ ਸੁਪਨੇ ਮੇਂ ਕਿਹਾ ਹੈ ਹੇ ਕਾਲੂ ਤੂੰ ਬੈਕੁੰਠ ਨੂੰ ਆਉ ਤਾਂ ਸ੍ਰੀਬਾਬੇਜੀ ਕਿਹਾ ਹੇ ਮਹਿਤਾਜੀ ਜਹਾਂ ਆਪਦੀ ਇਛਜਾ ਹੋਵੇ ਤਹਾਂਹੀ ਰਹੀਏ ਤਾਂ ਫੇਰ ਕਾਲੂਨੇ ਕਹਿਆ ਬੇਟਾ ਨਾਨਕਾ ਤੇਰੀ ਕਿਰਪਾ ਕਰਕੇ ਅਸੀਂ ਸਰੀਰ ਤੇ ਨਜਾਰੇ ਹਾਂ ਮਰਨਾ ਤੇ ਜਨਮਣਾ ਦੇਹ ਦਾ ਧਰਮਹੈ ਤੇ ਅਸੀਂ ਸ਼ਾਖੀਹਾਂ ਅਤੇ ਤੁਹਾਡੇਦਰਸ਼ਨ ਦੀ ਅਭਲਾਖਾ ਹੈ ਤਾਂ ਸ੍ਰੀ ਬਾਬੇਜੀ ਕਹਿਆ ਤੁਸੀਂ ਬੈਕੁੰਠ ਧਾਮ ਨੂੰ ਚਲੋ ਅਸੀਂ ਭੀ ਆਏ ਜਾਣੋ ਤਾਂ ਮਹਿਤੇ ਕਾਲੂ ਵੇਦੀ ਨੇ ਏਹ ਬਚਨ ਨਾਨਕ ਜੀ ਕਾ ਸੁਣਕਰ ਸਭ ਸਮਿਗਰੀ ਮੰਗਵਾਕੇ ਅੱਧੀ ਸ੍ਰੀਚੰਦਤੇ ਲਖਮੀਦਾਸ ਦੁਹਾਂ ਨੂੰ ਦੇਦਿਤੀ ਅਤੇ ਅੱਧੀ ਪੁੰਨ ਕਰ ਦਿੱਤੀ ਅਤੇ ਰਾਵੀ ਦੇ ਕਿਨਾਰੇ ਉਪਰ ਬੈਠਕੇ ਪਦਮ ਆਸਨ ਧਾਰਨ ਕੀਆ ਤੇ ਪੌਣ ਰੋਕਕੇ ਤੇ ਦਸਵੇਂ ਦੁਆਰ ਪ੍ਰਾਣਾਂਕੋ ਚੜ੍ਹਾਕਰ ਤੇ ਬ੍ਰਹਮ ਰੰਧਰ ਨਾਟਕਾ ਫੋੜਕਰ ਦੇਹ ਤਿਆਗੀ ਤੇ ਜਦ ਕਾਲੂਨੇ ਦੇਹ ਤਜਾਗੀ ਤਾਂ ਸ੍ਰੀਗੁਰੂ ਜੀ ਨੇ ਸਸਕਾਰ ਤੋਂ ਲ਼ੈਕੇ ਸਭ ਵਿਹਾਰਬਹੁਤਰੰਗੇ ਕੀਤੇ ਅਤੇ ਗਰੀਬੋਂਕੋ ਕਪੜੇ ਔਰ ਗਹਿਣੇ ਭੋਜਨ ਖੁਆਏ ਤੇ ਪਿਤਾ ਦੇ ਅਰਪਣ ਵਾਸਤੇ ਸਭਕੁਛ ਅਭਜਾਗਤਾਂਕੋ ਦਾਨ ਦਿਤੇ ਔਰ ਵੇਦਰੀਤ ਤੇ ਕੁਲਾ ਰੀਤ ਦੇਸਾਚਾਲ ਸਭਕੀਤਾ ਤੇ ਕੜਾਹਪ੍ਰਸਾਦਿ ਕਰਕੇਵਰਤਾਯਾ ਤੇ ਫੇਰਚਾਰਦਿਨ ਦੇ ਬਾਦ ਮਾਤਾ ਤ੍ਰਿਪਤਾ ਭੀ ਪ੍ਰਾਣ ਤਜਾਗਨ ਕਰੇ ਪਰ ਉਸੀਤਰਹ ਐਰਾਵਤੀਕੇ ਕਿਨਾਰੇ ਪਰ ਸ੍ਰੀ ਗੁਰੂ ਨਾਨਕਜੀਨੇਮਾਤਾ ਜੀਕਾ ਸਸਕਾਰ ਵੇਦਰੀਤ ਕੁਲਾਰੀਤ ਦੇਸਾਚਾਲਦੇ ਮੂਜਬ ਕਰਾ ਬਡੇਦਾਨਪੁੰਨਕਰੇਅੱਠ ਪਹਿਰ ਕੀਰਤਨ ਹੁੰਦੇ ਰਹੇ ਤੇ ਸੰਗਤਾਂ ਆਵਨ ਤੇ ਦਰਸ਼ਨ ਕਰਨ ਤੇ ਮਨ ਭਾਵਤ ਫਲ ਪਾਇ ਪਾਇ ਆਪੋ ਆਪਣੇ ਘਰਾਂ ਨੂੰ ਜਾਵਣ ਅਤੇ ਸ੍ਰੀ ਬਾਬਾ ਜੀ ਜੋ ਸਭ ਕੋ ਸਤਿਨਾਮ ਕਾ ਉਪਦੇਸ਼ਦੇਵਣ ਤੇ ਕਹਿਣ ਭਾਈ ਸੱਤ ਬੋਲਣਾ ਧਰਮਦੀ ਕਿਰਤ ਕਰਨੀ ਆਏਸਿਖ ਸਾਧ ਦੀ ਸੇਵਾ ਕਰਨੀ ਔਰ ਕਰਤਾਰਪੁਰ ਸ੍ਰੀਬਾਬੇਜੀ ਦੇ ਦਰਬਾਰ ਵਿੱਚ ਇਕਪਿੱਪਲ ਸੀ ਉਸਪਿੱਪਲਦੇਹੇਠ ਸ੍ਰੀਬਾਬੇਜੀਦੀ ਮੰਜੀ ਵਿਛੀ ਰਹੇ ਉਸਮੰਜੀਦੇ ਉਤੇ ਸ੍ਰੀਗੁਰੂ ਬਾਬਾ ਜੀ ਬੈਠੇਰਹਿਨ ਤੇ ਸ੍ਰੀਬਾਬੇਜੀ ਦੇ ਘਰਇਕ ਕਮਲੀਆ ਨਾਮ ਟਹਿਲੀਆਸੀ ਤੇਗਊਆਂ ਮਹੀਆਂ ਦਾ ਘਾਸ ਲਜਾਉਂਦਾਸੀ ਅਤੇ ਇਕ ਦਿਨ ਕਮਲੀਆਘਾਸ ਲੈਨੇਕੋਗਜਾ ਤੋਕਜਾ ਦੇਖੇ ਜੋਬਣਵਿਚਤਿੰਨਜੋਗੀਸ਼ਰਸੰਤ ਹਨ ਉਨਾਂਕਮਲੀਏਕੋ ਸੱਦਿਆਤੇ ਕਹਾ ਕਮਲੀਆਂ ਓਹ ਢੀਂਮਮਿੱਟੀ ਦੀ ਸਾਡਾਸਨੇਹਾ ਨਾਨਕਜੀਦੇਪਾਸਲੈਜਾਹ ਤਾਂਕਮਲੀਆਬੋਲਜਾ ਭਾਈ ਘਾਸ ਲਜਾਣ ਲਗਾ ਲੈਜਾਵਾਂਗਾ ਤਾਂ ਉਨਾਂਸੰਤਾਂ ਵਿਚੋਂ ਇਕ ਸਾਧਨੇ ਕਮਲੀਏਦੀ ਦਾੜ੍ਹੀ ਪਕੜਕੇ ਇਕ ਬੂਟਾ ਘਾਸ ਦਾ ਵੱਢਕੇ ਚਾਇ ਖਿਲਾਰਿਆ ਤਾਂ ਓਥੇ ਘਾਸ ਦਾ ਢੇਰ ਲਗ ਗਿਆਤਾਂਕਮਲੀਏਨੂੰਕਹਿਨਲਗੇ ਭਾਈ ਜਿਤਨਾ ਚੁਕਸਕਦਾਹੈਂ ਉਤਨਾਂਚੁਕਲੈ ਤਾਂ ਕਮ-ਲੀਏ ਨੇ ਘਾਸ ਲਿਆ ਸੁਟਜਾ ਤੇ ਓਹਢੀਂਮ ਮਿੱਟੀਦੀ ਸ੍ਰੀਬਾਬੇਜੀਦੇ ਅਗੇ ਚਾਇਸੁਟੀਤੇ ਸ੍ਰੀ ਬਾਬੇਜੀ ਕਹਿਆ ਕਮਲੀਆ ਉਤਾਵਲਾ ਹੀ ਮੁੜ ਆਯਾਹੈਂ ਤੇ ਘਾਸ ਕਿਸੇਦਾਚੁਕਕੇ

CC-0. Gurukul Kangri University Haridwar Collection. Digitized by S3 Foundation USA

ਲਿਆਂਦਾ ਹਈ ਤਾਂ ਕਮਲੇ ਕਹਾ ਹੇ ਸਚੇਪਾਤਸ਼ਾਹਜੀ ਘਾਸਕਿਸੇਦਾ ਚੁਰਾਇਨਹੀਂ ਆਂਦਾ ਤਾਂ ਸ੍ਰੀਬਾਬੇਜੀ ਕਹਾ ਭਾਈ ਏਸੇਕਰਕੇਅਸਾਂ ਕਹਾਸੀ ਜੋ ਚੁੱਕ ਆਂਦਾ ਹਈ ਤਾਂ ਸਾਡੀਆਂ ਗਊਆਂ ਨੂੰ ਨਾ ਪਾਵੀਂ ਤਾਂ ਫੇਰ ਕਮਲੇ ਨੇ ਕਹਾ ਜੀ ਬਾਹਰ ਉਜਾੜਵਿੱਚ ਤਿੰਨ ਸਾਧ ਹੈਨ ਉਨਾਂਨੇ ਏਹ ਮਿੱਟੀ ਦੀ ਢੀਮ ਦਿੱਤੀ ਹੈ ਅਣੇਕ ਹਿਓ ਨੇ ਸ੍ਰੀਬਾਬੇ ਜੀ ਕੋ ਸਨੇਹਾ ਦੇ ਦੇਣਾ ਤਾਂ ਸ੍ਰੀਗੁਰੂ ਜੀ ਅਗੋਂ ਕਹਾ ਕਮਲਿਆ ਸਾਡਾ ਸਨੇਹਾ ਆਂਦਾ ਹਈ ਤਿੰਨ ਵਾਰੀ ਏਹੋਈ ਬਚਨ ਬਾਬੇਜੀ ਕਹਾ ਤਾਂ ਫੇਰ ਸ੍ਰੀਬਾਬੇ ਜੀ ਕਹਾ ਕਮਲਿਆ ਸਧਾਰਣ ਨੂੰ ਸੱਦ ਲਿਆਉ ਏਹ ਆਖੀਂ ਕਿ ਦੋ ਬਾਹੀਆਂ ਤੇ ਮੁੰਞ ਦਾ ਵਾਣ ਲੈਕੇ ਛੇਤੀ ਆਵੇ ਪਰ ਸ੍ਰੀਬਾਬਾ ਜੀ ਪ੍ਰਸਾਦ ਵੀ ਸਧਾਰਣਦੇ ਘਰੋਂ ਖਾਂਦਾ ਸੀ ਤੇ ਚਾਦਰਾਂ ਵੀ ਸਧਾਰਣਦੀਆਂ ਪੈਹਨਦਾ ਸੀ ਤਾਂ ਕਮਲੀਏ ਸਧਾਰਣ ਨੂੰ ਜਾਇ ਕਹਾ ਚਲ ਸਧਾਰਣਾ ਤਪਾਜੀਸੱਦਦਾਹੈਦੋਬਾਹੀਆਂ ਤੇ ਮੁੰਞ ਦਾ ਵਾਣ ਲੈਕੇ ਛੇਤੀ ਚਲ ਤਾਂ ਸਧਾਰਣ ਨੇ ਕਹਾ ਭਾਈ ਮੈਂ ਰੋਟੀ ਖਾ ਲਵਾਂ ਤਾਂ ਕਮਲੀਏ ਕਹਾ ਭਾਈ ਹੁਕਮ ਨਹੀਂ ਪਰ ਖਾਇ ਲੈ ਫੇਰ ਕਮਲੀਆ ਸਧਾਰਣ ਨੂੰ ਲੈਕੇ ਆਯਾਤਾਂ ਸਧਾਰਣ ਨੇ ਸ੍ਰੀਗੁਰੂਜੀਦੇ ਚਰਨਾਂਉਪਰਮੱਥਾਟੇਕਿਆ ਤੇ ਅਰਦਾਸਕੀਤੀਓਸ ਹੇ ਸਚੇ ਪਾਤਸ਼ਾਹਜੀ ਉਤਾਵਲਾਸਦਿਆਹੈਜੇ ਤਾਂ ਸ੍ਰੀਬਾਬੇਜੀ ਕਹਾ ਸਧਾਰਣਾ ਕਮਲੀਆ ਦਰਗਾਹ ਦੇ ਜਾਵਣਦਾ ਸਨੇਹਾ ਲੈ ਆਯਾਹੈ ਤੂੰ ਸਾਡੇਨਾਲ ਚਲ ਦੋਵੇਂ ਬੇਲੇ ਚਲੀਏ ਤਾਂ ਸ੍ਰੀਬਾਬਾ ਜੀ ਤੇ ਸਧਾਰਣ ਦੋਵੇਂ ਬੇਲੇਂਗਏ ਤੇਸ੍ਰੀਬਾਬੇ ਜੀ ਦਾ ਖੇਤ ਅੱਠ ਵਿਘੇ ਹੈਸੀ ਤਾਂ ਉਸ ਖੇਤਮੇਂ ਜਾਇਕੇ ਕਹਾ ਸਧਾਰਣਾ ਏਹ ਜਾਹਗਾਕਹੀਕ ਹੈ ਤਾਂ ਸਧਾਰਣਨੇ ਕਹਾ ਜੀ ਜਗਹ ਸੁੰਦਰ ਹੈ ਤਾਂ ਫੇਰ ਬਾਬਾਜੀ ਕਹਾ ਸਧਾਰਣਾ ਸਾਡੀਆਂ ਲਕੜੀਆਂ ਏਥੇ ਪੌਣੀਆਂ ਪਰ ਕੈਹਣਾ ਕਿਸੇ ਨੂੰ ਨਾਹੀਂ ਤਾਂ ਫੇਰ ਬਾਬਾ ਜੀ ਆਏ ਤੇ ਕਹਾ ਸਧਾਰਣਾ ਸਾਡੀਆਂ ਚਾਦਰਾਂ ਧੋਇ ਲਿਆਓ ਤਾਂ ਸਧਾਰਣ ਜਾਇਕਰ ਚਾਦਰਾਂ ਧੋਇ ਲਿਆਯਾ ਤੇ ਬਾਬੇ ਜੀ ਕਹਾ ਕੋਠੀ ਵਿਚ ਧਰ ਛਡ ਤਾਂ ਸ੍ਰੀਬਾਬੇ ਜੀ ਕਹਾ ਸਧਾਰਣਾ ਮੇਰਾ ਘਰ ਲਿੰਬ ਪੋਚਦੇਹ ਪਰ ਜਪ ਸਾਹਿਬ ਦਾ ਪਾਠ ਕਰਦਾ ਰਹੇਂ ਤਾਂ ਸਧਾਰਣ ਨੇ ਤਿਵੇਂ ਹੀ ਕੀਤਾ ਬੜੇ ਪ੍ਰੇਮ ਨਾਲ ਪੋਚਿਆ ਤਾਂ ਸ੍ਰੀ ਬਾਬੇ ਜੀ ਅੱਗੇ ਹੱਥ ਜੋੜਕੇ ਕਹਾ ਚਲੋ ਬਾਬਾ ਜੀ ਦੇਖ ਲਉ ਤਾਂ ਸ੍ਰੀ ਬਾਬੇ ਜੀ ਦੇਖਿਆ ਤੇ ਬੜੇ ਪ੍ਰਸੰਨ ਹੋਏ ਤੇ ਸਧਾਰਣ ਨੂੰ ਕਹਿਆ ਨਿਹਾਲ ਸਿਖਾ ਨਿਹਾਲ ਤੈਨੂੰ ਸੁਖਾਲੀਂ ਸਾਸੀਂ ਕਰਤਾਰ ਚਿਤ ਆਵੇ ॥ ੧੯੨ ॥

ਅਗੇ ਸਾਖੀ ਹੋਰ ਚਲੀ

ਤਾਂ ਭਾਈ ਜੀ ਬਾਬਾ ਬੁਢਾ ਜੀ ਕੈਹਤੇਹੈਨ ਸੁਣ ਭਾਈ ਇਕ ਦਿਨ ਸ੍ਰੀਬਾਬਾ ਜੀ ਕਰਤਾਰ ਪੁਰ ਧਰਮਸਾਲਵਿੱਚ ਬੈਠੇਸੇ ਤਾਂ ਚਿੱਤ ਵਿੱਚ ਵਿਚਾਰ ਕੀਤਾ ਜੋ ਹੋਵੇ ਤਾਂ ਸੱਚਖੰਡਮੇਂਸ੍ਰੀ ਨਿਰੰਕਾਰਜੀਕੇ ਚਰਨਕਮਲਾਂ ਮੇਂ ਚਲੀਏ ਤਾਂ ਓਧਰਸ੍ਰੀਠਾਕਰਜੀਅੰਤਰਜਾਮੀਘਟ ਘਟ ਕੀ ਜਾਨਣਹਾਰੇ ਭਗਤਵਛਲ ਭਗਤਾਂਕੇ ਅਧੀਨ ਔਰਭਗਤਾਂਕੀ ਰਾਖਣਹਾਰੇਸਚਖੰਡਮੇਂ

CC-0. Gurukul Kangri University Haridwar Collection. Digitized by S3 Foundation USA

ਸਭਾ ਲਗਾਏ ਬੈਠੇ ਥੇ ਔਰ ਸਭ ਭਗਤ ਆਪੋ ਆਪਣੇ ਅਸਥਾਨਾਂ ਉਪਰ ਹਥ ਜੋੜੀ ਖੜੇ ਹਨ ਇਤਨੇ ਮੇਂ ਸ੍ਰੀਠਾਕਰ ਜੀ ਬੋਲੇ ਸੁਨੋ ਭਗਤੋ ਜੋ ਨਾਨਕ ਭਗਤ ਮੇਰਾ ਪਰਮ ਪਿਆਰਾ ਹੈ ਸੋ ਮੇਰੇ ਲੋਕ ਕੋ ਆਵਣੇ ਚਾਹਤਾ ਹੈ ਤਾਂ ਸਭ ਨਾਂ ਭਗਤਾਂ ਹੱਥ ਜੋੜ ਕੇ ਅਰਦਾਸ ਕੀਤੀ ਹੇ ਪਾਰ-ਬ੍ਰਹਮ ਜੀ ਨਾਨਕ ਤੇਰਾ ਬੜਾ ਭਗਤ ਹੈ ਜਿਸ ਤਰਾਂ ਉਸਦੇ ਮਨ ਮੇਂ ਬਸੀ ਹੈ ਤਿਵੇਂ ਹੀ ਕਰੀਏ ਜੀ ਤਾਂ ਨਿਰੰਕਾਰ ਜੀ ਆਪਨੇ ਨਿਜ ਸੇਵਕਾਂ ਕੋ ਹੁਕਮ ਕੀਆ ਕਿ ਮੇਰੇ ਭਗਤ ਨਾਨਕ ਕੋ ਬੜੇ ਆਦਰ ਸਤਕਾਰ ਸੇਤੀ ਮੇਰੇ ਪਾਸ ਲਿਆਓ ਤਾਂ ਓਨਾਂ ਸੇਵਕਾਂ ਸ੍ਰੀ ਗੁਰੂ ਨਾਨਕ ਜੀ ਕੇ ਪਾਸ ਆਇ ਹੱਥ ਜੋੜ ਕੇ ਅਰਦਾਸ ਕੀਤੀ ਹੇ ਨਾਨਕ ਭਗਤ ਜੀ ਤੁਮਾਰੇ ਮਨ ਮੇਂ ਬਸੀ ਹੈ ਕਿ ਸ੍ਰੀ ਨਿਰੰਕਾਰ ਜੀ ਕੇ ਪਾਸ ਜਾਵੋਂ ਸੋ ਸ੍ਰੀਠਾਕਰ ਜੀ ਨੇ ਤੁਮਾਰੇ ਮਨ ਕੀ ਆਸਾ ਕੋ ਮਾਨ ਕਰ ਹਮ ਕੋ ਹੁਕਮ ਦੀਆ ਹੈ ਆਪ ਸੱਚ ਖੰਡ ਮੇਂ ਚਲੋ ਸ੍ਰੀਠਾਕਰ ਜੀ ਹਮਾਰੇ ਕੋ ਭੇਜਿਆ ਹੈ ਤੁਮਾਰੇ ਰਹਿਣੇ ਵਾਲੇ ਮੰਦਰ ਸੱਚ ਖੰਡ ਮੇਂ ਬਣੇ ਹੈਨ ਆਪ ਆਇ ਕੇ ਦੇਖ ਜਾਓ ਜੀ ਸ੍ਰੀ ਬਾਬੇ ਜੀ ਕਹਿਆ ਮੇਰੇ ਪ੍ਰਭ ਜੀ ਬਗੈਰ ਮੇਰੇ ਮਨ ਕੀ ਕਉਣ ਜਾਣੇ ਸੋ ਮੈਂ ਬਲਿਹਾਰ ਜਾਵਾਂ ਆਪਣੇ ਸੁਆਮੀ ਉਪਰੋਂ ਏਹ ਬਾਤ ਕਹਿ ਕਰ ਸ੍ਰੀ ਗੁਰੂ ਜੀ ਸੇਵਕਾਂ ਕੇ ਸਾਥ ਜਾਇ ਸ੍ਰੀ ਠਾਕਰ ਜੀ ਕੇ ਚਰਨਾਂ ਪਰ ਨਮਸ-ਕਾਰ ਕਰੀ ਤੇ ਹੱਥ ਜੋੜ ਕਰ ਖੜੇ ਹੋਏ ਤਾਂ ਸ੍ਰੀਠਾਕਰ ਜੀ ਕਹਿਆ ਆਉ ਨਾਨਕ ਤੂੰ ਮੇਰਾ ਪੂਰਨ ਭਗਤ ਹੈਂ ਰਾਜੀ ਖੁਸ਼ੀ ਹੈਂ ਹੇ ਨਾਨਕ ਤੇਰੇ ਜੀ ਅਮੇਂ ਏਥੇ ਆਵਣੇ ਕੀ ਬਸੀ ਤਬ ਤੇਰੇ ਕੋ ਬੁਲਾਯਾ ਹੈ ਤਾਂ ਸ੍ਰੀ ਬਾਬੇ ਜੀ ਕਹਿਆ ਹੇ ਨਿਰੰਕਾਰ ਜੀ ਮੈਂ ਬਲਿਹਾਰ ਜਾਵਾਂ ਜੀ ਆਪਦੇ ਨਾਮ ਉਪਰੋਂ ਮੈਂ ਮਨ ਦੀ ਬਿਨਾਂ ਆਪਦੇ ਹੋਰ ਕੌਣ ਜਾਣੇ ਜੀ ਔਰ ਮੈਂ ਕੌਣ ਕੀ ਵਹਾਂ ਜੋ ਕੁਛ ਹੈ ਸੋ ਆਪ ਦੇ ਹੀ ਹਾਥ ਹੈ ਜੀ ਜੋ ਚਾਹੋ ਸੋ ਕਰੋ ਜੀ ਤਾਂ ਸ੍ਰੀਠਾਕਰ ਜੀ ਕਹਿਆ ਹੇ ਨਾਨਕ ਜੀ ਤੂੰ ਅੰਗਦ ਕੋ ਏਹੀ ਸਮਝਾਣਾ ਕਿ ਸਭ ਸੰਸਾਰ ਕੋ ਮੇਰੇ ਨਾਮ ਨਾਲ ਲਾਵੇ ਤੇ ਜੋ ਪ੍ਰਾਣੀ ਤੇਰੇ ਬਚਨਾਂ ਕੋ ਸੁਣੇਗਾ ਅਰ ਸਮਝੇਗਾ ਅਰ ਕਮਾਵੇਗਾ ਮੈਂ ਤਿਸਕਾ ਭਲਾ ਕਰੂੰਗਾ ਤਾਂ ਸ੍ਰੀ ਗੁਰੂ ਨਾਨਕ ਜੀ ਨੇ ਸਚ ਖੰਡ ਵਿੱਚ ਜਾਇ ਕੇ ਸ੍ਰੀ ਨਿਰੰਕਾਰ ਜੀ ਕੀ ਬਾਰਤਾ ਸਮਝੀ ਤੇ ਪਾਰਬ੍ਰਹਮ ਜੀ ਕੀ ਆਗਿਆ ਲੈ ਕੇ ਮਾਤ ਲੋਕ ਵਿੱਚ ਆਇ ਕੇ ਸ੍ਰੀ ਅੰਗਦ ਜੀ ਕਉ ਸਦਵਾਇ ਕਰ ਸਭ ਸਮਝਾਇ ਦਿੱਤੀ ਔਰ ਪੰਜ ਪੈਸੇ ਤੇ ਇਕ ਨਲੀਏਰ ਸ੍ਰੀ ਗੁਰੂ ਅੰਗਦ ਜੀ ਕੇ ਅੱਗੇ ਰੱਖ ਕੇ ਸ੍ਰੀ ਗੁਰੂ ਨਾਨਕ ਜੀ ਪ੍ਰਕਰਮਾ ਕਰਕੇ ਅੰਗਦ ਜੀ ਅੱਗੇ ਮੱਥਾ ਟੇਕਿਆ ਤੇ ਅੰਗਦ ਜੀ ਬਾਬੇ ਜੀ ਅੱਗੇ ਮੱਥਾ ਟੇਕਿਆ ਅਤੇ ਕਹਾ ਹੇ ਗਰੀਬ ਨਵਾਜ਼ ਜੀ ਤੁਸਾਂ ਕਰਨ ਕਾਰਨ ਹੋਇ ਕਰ ਮੇਰੇ ਚਰਨਾਂ ਪਰ ਮੱਥਾ ਟੇਕਿਆ ਹੈ ਸੋ ਇਨ ਕੋ ਤਾਂ ਕੁਸ਼ਟ ਪ੍ਰਵੇਗਾ ਮੈਂ ਆਜਜ਼ ਨਿਮਾਨਾ ਹੋਂ ਤਾਂ ਬਚਨ ਹੂਆ ਅੰਗਦਾ ਤੂੰ ਆਪਣੇ ਸਰੂਪ ਕੋ ਪਛਾਣ ਜੋ ਮੇਰਾ ਤੇਰਾ ਸਰੀਰ ਸਭ ਪੰਜ ਤੱਤ ਕਾ ਹੈ ਤੇ ਚੇਤੰਨ ਕਲਾ ਭੀ ਮੇਰੀ ਤੇਰੀ ਇਕ ਹੈ ਜੈਸੇ ਸੂਰਜ ਏਕ ਹੈ ਤੇ ਘੜਾ ਸੌ ਹੋਵੇ ਤੋ ਸਭ ਮੇਂ ਪ੍ਰਕਾਸ਼ ਇਕ ਸਮਾਨ ਕਰਦਾ ਹੈ ਤੈਸੇ ਹੀ ਓਹ ਪ੍ਰਮਾਤਮਾ ਸਭ ਸਰੀਰ ਮੇਂ ਇਕ ਜੈਸਾ ਭਾਸਦਾ ਹੈ ਤੂੰ ਤਾਂ ਸਭ ਗਿਆਨ ਕੇ ਜਾਨਣ ਵਾਲਾ ਹੈਂ ਤੇ ਅਚਾਰਜ ਜਾਂ ਕੀ ਰੀਤੀ ਹੈ ਸਤਿਗੁਰੂ ਸਿਖ ਦਾ ਭਾਵ ਰਖਦੇ ਆਏ ਹੈਨ ਤੇ ਤੁਹਾਡਾ

CC-0. Gurukul Kangri University Haridwar Collection. Digitized by S3 F

ABHINAV GAUR

ਬਚਨ ਵੀ ਅੰਨਥਾ ਨਹੀਂ ਕਰਨਾ ਕੁਛ ਰੋਗ ਚਰਨ ਦੇ ਅੰਗੂਠੇ ਮੇਂ ਰਹੇਗਾ ਸੋ ਪ੍ਰਮੇਸ਼ਰ ਕੋ ਚਿਤ ਕਰਾਵੇਗਾ ਤੇ ਜੋਹੜੀ ਸਮਝ ਗਯਾਨ ਦੀ ਧੁਆਨੂੰ ਆਈ ਹੈ ਸੋ ਅਸਾਂ ਤਾਂ ਓਸ ਅੱਗੇ ਮਥਾ ਟੇਕਿਆ ਹੈ ਤਾਂ ਫੇਰ ਸ੍ਰੀਬਾਬੇ ਜੀ ਅੰਗਦਕੇ ਆਪਣੇ ਗਲੇ ਲਗਾਯਾ ਤੇ ਆਪਣੇ ਸਿੰਘਾਸਨ ਪਰ ਬੈਠਾ ਦਿੱਤਾ ਅਤੇ ਸਭ ਸੰਗਤਕੋ ਕਹਾ ਭਾਈ ਇਸ ਅੱਗੇ ਮੱਥਾ ਟੇਕੋ ਮੇਰਾ ਰੂਪ ਜਾਨਣਾ ਤੇ ਫੇਰ ਬੇਟਿਆਂ ਕੋ ਬੁਲਾਯਾ ਤੇ ਉਨ੍ਹਾਂ ਆਵਨ ਵਿੱਚ ਢਿਲ ਕੀਤੀ ਤੇ ਪਿਛੋਂ ਭਾਈ ਬੁਢੇ ਅੰਗਦਜੀ ਦੇ ਮਸਤਕ ਵਿਚ ਤਿਲਕ ਕੀਆ ਤੇ ਮੱਥਾ ਟੇਕਿਆ ਫੇਰ ਸ੍ਰੀਗੁਰੂ ਜੀ ਕਹਾ ਬੱਚਾ ਤੂੰ ਹੁਨ ਖਡੂਰਮੇਂ ਚਲਾ ਜਾਹ ਨਹੀਂ ਤਾਂ ਤੇਰੇ ਨਾਲ ਝਗੜਾ ਖੜਾ ਕਰਨਗੇ ਤਾਂ ਫੇਰ ਅੰਗਦਜੀ ਹੱਥ ਜੋੜਕਰ ਕਹਾ ਹੇਗਰੀਬਨਿਵਾਜਜੀ ਮੈਂ ਆਪਦੇ ਚਲਾਣੇ ਦੇ ਵਖਤ ਆਵਾਂ ਜੀ ਤਾਂ ਸ੍ਰੀਬਾਬਾਜੀਕਹਾਅਸੀ ਧੁਆਡੇ ਵਿਚੋਂ ਦੀ ਹੋਕੇ ਜਾਵਾਂਗੇ ਅਤੇ ਪਾਰਬ੍ਰਹਮ ਜੀ ਕੀ ਆਗਜਾ ਇਸੇਤਰਾਂਹੀਹੈ ਤੇਮੈਨੂੰਹਜੂਰਬੁਲਾਯਾਹੈਤੁਸਾਂਪ੍ਰਿਥਵੀਪ੍ਰਮੇਸ਼ਰ ਦੇ ਵਲ ਲਗਾਵਣੀ ਸ੍ਰੀਠਾਕੁਰਜੀਦੀਆਗਜਾਏਸੇਤਰਾਂਹੀਹੈ ਤੇਜਿਸਤਰਾਂ ਏਹਕਾਰਜਗੁਰਿਆਈਦਾ ਅਸਾਂ ਕਰਤਾਰ ਦੀ ਆਗਜਾਸੇਕੀਤਾਹੈ ਸੋ ਤੁਸਾਂਵੀ ਏਵੇਂਹੀ ਕਰਣਾ ਤਾਂਅੰਗਦਜੀ ਬਹੁਤਵੈਰਾਗ ਕਰੇ ਤੇਬਾਬੇਜੀਸੰਤੋਖਕਰਵਾਯਾ ਤੇ ਕਹਾ ਪੁਰਖਾ ਹਰਖਕਰੋ ਤੇ ਉਦਾਸਨਹੀਂ ਹੋਵਣਾਂਤਾਂ ਸ੍ਰੀ ਬਾਬੇ ਜੀਕਾ ਬਚਨ ਸੁਣਕੇ ਅੰਗਦਜੀਕਾ ਮਨਸ਼ਾਂਤੀਹੁਆ ਤਾਂ ਬਾਬੇ ਜੀ ਗੁਰੂ ਅੰਗਦਜੀ ਕੋ ਨਾਮ ਦਾਨ ਦਯਾ ਇਸ਼ਨਾਨ ਧਰਮਭਾਉ ਭਗਤਪਰਉਪਕਾਰ ਸਰਬ ਪ੍ਰਕਾਰ ਭਲਿਆਈ ਦੇਕਰ ਵਿਦਾਕੀਤਾਤਾਂ ਗੁਰੂ ਅੰਗਦਜੀ ਕਿਤਨੇਕ ਦਿਨਅੱਗੋਂ ਹੀਸ੍ਰੀਬਾਬੇਜੀ ਪਾਸੋਂ ਵਿਦਿਆ ਹੋਇ ਕਰ ਖਡੂਰਘਰਵਿਚ ਆਇ ਗਿਆ ਤੇ ਸ੍ਰੀਗੁਰੂਜੀ ਕਰਤਾਰਪੁਰ ਰਹਿਣ ਨਿਤ ਕੀਰਤਨ ਹੋਵੇ ਤੇ ਪਿਛਲੀਰਾਤ ਆਸਾਦੀ ਵਾਰ ਲਗੇ ਤੇ ਸ੍ਰੀਗੁਰੂਜੀ ਇਸ਼ਨਾਨ ਕਰਕੇ ਆਸਣ ਪਰ ਬਿਰਾਜਮਾਨ ਹੋਕੇ ਸੁਨਣ ਤੇ ਸਿੱਖਾਂ ਸੰਗਤ ਸਭ ਮਿਲਕੇ ਜਪੁਜੀ ਕਾ ਪਾਠ ਕਰਨ ਤੇ ਹੋਰ ਬਾਣੀਵੀ ਪੜ੍ਹਨ ਔਰਵੇਦਪਾਠੀ ਬ੍ਰਹਮਣ ਵੇਦਕਾ ਉਚਾਰ ਕਰਨ ਤੇ ਸੁਣਨ ਹੋਰ ਲੰਗਰ ਦੋਨੋਂ ਵਖਤ ਹੋਵੇ ਔਰ ਜਪ ਤਪ ਸੰਜਮ ਪੂਜਾ ਸੰਗਤਾਂ ਕਰਨ ਔਰ ਦਿਨ ੨ ਸ੍ਰੀ ਗੁਰੂ ਜੀ ਕੀਕੀਰਤਹੋਵੇ ਸੰਗਤਾਂਆਵਨ ਦਰਸ਼ਨ ਕਰਨ ਸ੍ਰੀ ਗੁਰੂਜੀ ਸਭਦੀ ਮਨੋ ਕਾਮਨਾ ਪੂਰਨ ਕਰਨ ਪਰ ਉਸ ਸਮੇਂ ਸ੍ਰੀਬਾਬੇਜੀ ਕੇ ਚਿੱਤਮੇਂ ਏਹ ਚਾਹਮੀ ਕਿ ਕਬ ਚਲਕਰ ਸ੍ਰੀ ਪਾਰ ਬ੍ਰਹਮ ਜੀਕੇ ਚਰਨ ਕਵਲਾਂ ਕਾ ਦਰਸ਼ਨ ਕਰੀਏ ਜਬ ਅੱਸੂ ਕਾ ਮਹੀਨਾ ਆਧਾ ਤੇ ਸਤਮੀ ਕਾ ਦਿਨਸੀ ਜੋ ਸ੍ਰੀਬਾਬੇਜੀ ਸੇਵਕਾਂਕੋ ਆਗਜਾ ਕੀਤੀ ਸ਼ੀਘਰ ਅਜ ਸਮਿਗ੍ਰੀ ਇਕਤ੍ਰ ਕਰੋ ਅਸਾਂ ਅਜਸਮਾਵਣਾਹੈਚੌਕਾਦੇਓਤੇਆਸਨਵਿਛਾਓਤਾਂ ਸੇਵਕਾਂਤਿਵੇਂ ਕੀਤਾ ਜਿਵੇਂ ਬਾਬੇਜੀ ਕਹਾਸੀ ਪਰ ਸੇਵਕ ਲਗੇਬੈਰਾਗਕਰਨ ਤਾਂਸ੍ਰੀਗੁਰੂਜੀ ਸਭਕੋ ਸੰਤੋਖਦਿੱਤਾ ਤਾਂਫੇਰਸ੍ਰੀਚੰਦ ਤੇ ਲਖਮੀਦਾਸਨੂੰਸੇਵਕਸੱਦਣਗਏ ਕਿ ਚਲੋ ਸ੍ਰੀ ਬਾਬੇਜੀਸਮਾਵਣਦੀ ਤਯਾਰੀ ਕੀਤੀ ਹੈ ਪਰਸ੍ਰੀਚੰਦਤੇ ਲਖਮੀਦਾਸਢਿਲਮੱਠਕੀਤੀਤੇਆਖਣਲਗੇ ਚੰਗੇਭਲੇਕਮੋਂ ਕਰਸਮਾਂਵਦੇ ਹਨ

CC-0. Gurukul Kangri University Haridwar Collection. Digitized by S3 Foundation USA

ਅੜੇਸੱਦੇਹੋਏ ਆਏ ਨਾਹੀਂ ਤੇਸ੍ਰੀਚੋਣੀਜੀ ਸੁਣਿਆ ਕਿ ਗੁਰੂਜੀ ਸਮਾਉਣ ਲਗੇ ਹਨ ਭਾਂ ਛੇਤੀਹੀ ਜਾਇ ਚਰਨਾਂ ਪਰ ਮੱਥਾ ਟੇਕਯਾ ਤੇ ਹੱਥ ਜੋੜਕੇ ਅਰਦਾਸ ਕੀਤੀ ਹੇ ਦੀਨਾਨਾਥ ਜੀ ਕੱਲ੍ਹ ਮੈਹਤੇਜੀ ਕਾ ਸਰਾਧਹੈ ਤੇ ਮੈਂ ਪੀਠੀ ਪੀਸ ਰਹੀਹਾਂ ਜੀ ਤੇ ਸਰਾਧ ਕਰਕੇ ਜਾਂਦੇ ਭਾਂ ਹੱਛੀ ਬਾਤਹੈ ਨਹੀਂ ਭਾਂ ਆਪਦੀ ਜੋ ਮਰਜੀ ਹੈ ਸੋਈ ਕਰੀਏ ਜੀਏਹ ਕੈਹ ਕਰ ਲਗੀ ਬੈਰਾਗ ਕਰਨ ਭਾਂਸ੍ਰੀਬਾਬੇਜੀ ਕਹਾ ਚੋਣੀਏਂ ਚਿਤ ਥਾਇ ਰਖ ਅਸੀਂ ਕੱਲ ਸਰਾਧ ਕਰਕੇ ਜਾਵਾਂਗੇ ਤੂੰ ਮਨਮੇ ਚਿੰਤਾ ਨਾਕਰ ਅਸੀਂ ਦਸਮੀ ਕੋ ਚਲਾਂਗੇ ਏਹਬਾਤਸੁਣਕੇ ਸ੍ਰੀਮਾਤਾਜੀ ਬਹੁਤ ਖੁਸ਼ੀਹੋਈ ਤੇ ਚਰਨਾਂ ਤੇ ਮੱਥਾ ਟੇਕਿਆ ਤੇ ਘਰ ਕੋ ਗਈ ਭਾਂਸ੍ਰੀਬਾਬੇਜੀ ਸਮਿਗ੍ਰੀ ਸਭ ਇਕੱਤ੍ਰਕਰਵਾਛਡੀ ਅਤੇ ਅਸ਼ਟਮੀ ਕੋ ਕਾਲੂਜੀਕਾ ਸਰਾਧ ਕਰਵਾਯਾ ਔਰ ਨੌਮੀ ਕੋ ਸਭ ਪਰਵਾਰ ਇਕੱਠਾ ਹੋਯਾ ਤੇ ਸ੍ਰੀ ਬਾਬੇਜੀ ਕਾ ਚਲਾਣਾ ਸੁਣਕੇ ਬਹੁਤ ਅਚਰਜ ਹੋਏ ਪਰ ਏਹਗੱਲ ਧੁੰਮਰਹੀ ਜੋ ਦਸਮੀ ਨੂੰ ਬਾਬਾਜੀ ਸਮਾਵੇਂਗੇ ਸਬਹਿੰਦੂ ਕੈਹਨਸਾਡਾ ਗੁਰੂ ਹੈ ਤੇਮੁਸਲਮਾਨਕੈਹਣਸਾਡਾਪੀਰਹੈ ਹੋਰ ਖੱਤ੍ਰੀ ਮਹਾਜਨ ਪੈਂਚ ਪੰਚਾਇਤ ਸਿਖ ਸੰਗਤ ਸਭ ਇਕੱਠੇਹੋਕੇ ਆਵਨ ਤੇ ਜੋ ਦਰਸ਼ਨ ਕਰੇ ਸੋ ਨਿਹਾਲ ਹੋਜਾਵੇ ਸ੍ਰੀਬਾਬੇ ਜੀ ਕਾ ਤੇਜ ਪ੍ਰਕਾਸ਼ਰਿਹਾਹੈਜੈਸੇਸੋਲਾਂ ਕਲਾਂਕਾਚੰਦ੍ਰਮਾਂ ਚਮਕਤਾਹੈ ਔਰ ਵੇਦ ਪਾਠ ਹੋਵੇ ਤੇ ਨਿਰੰਕਾਰ ਜੀ ਕੇ ਨਾਮਦੀ ਘਨਘੋਰ ਲੱਗ ਰਹੀਹੈ ਤਾਂਸ੍ਰੀਬਾਬੇਜੀ ਕਾ ਪ੍ਰਵਾਰ ਸਭ ਆਣਬੈਠਾਹੈਤੇ ਸ੍ਰੀਚੰਦ ਲਖਮੀਦਾਸਜੀਕੋ ਸਦਣਗਏ ਸੋ ਓਨਾਂਢਿਲਕੀਤੀ ਆਏ ਨਹੀਂ ਤੇ ਕੈਹਣ ਲਗੇ ਜੇਹਾ ਅਗਲੇ ਦਿਨਸਮਾਧਾਸੀ ਸੋ ਓਹੋਜੇਹਾ ਹੁਣ ਸਮਾਵੇਗਾ ਭਾਂ ਗੁਰੂਜੀ ਸੇਵਕਾਂ ਕੋ ਕਹਾ ਵੇਹੜੇਵਿਚਪ੍ਰਿਥਵੀਲੀਪੋਤਾਂਸੇਵਕਾਂ ਚੌਂਕਾ ਦੇਕਰ ਆਸਨ ਬਿਛਾਯਾ ਤੇ ਹੋਰ ਸਮਿਗ੍ਰੀਪਾਸ ਆਣਰਖੀ ਜਾਂਡੇਢਪੈਹਰਰਾਤਗਈਤਾਂ ਸੇਵਕਾਂ ਬੇਟਿਆਂ ਕੋ ਜਾਇਕਰ ਕਹਾ ਕਿ ਤੁਮਾਰੀ ਢਿਲਹੈ ਨਹੀਂ ਤਾਂ ਬਾਬਾ ਜੀ ਸਮਾਵਣੇ ਕੋ ਤਯਾਰਹਨ ਭਾਂ ਉਨਕੀ ਢਿਲਜਾਣਕੇ ਸ੍ਰੀਬਾਬਾ ਜੀ ਸਮਾ ਗਏ ਜਾਂ ਪਿਛੋਂ ਬੇਟੇ ਆਏ ਤਾਂਦੇਖਨ ਤਾਂਸਚਹੀ ਸਮਾਗਏਹਨ ਨੇਤ੍ਰ ਮੂੰਦ ਲੀਏ ਥੇ ਤਾਂਸ੍ਰੀਚੰਦ ਤੇਲਖਮੀਦਾਸ ਹਥਜੋੜਕੇ ਲਗੇ ਬੇਨਤੀ ਕਰਨ ਹੇ ਸ੍ਰੀਬਾਬਾਜੀ ਕਰਤਾਰ ਦੀ ਦੁਹਾਈਹਈ ਇਕ ਚਾਰਘੜੀਆਂ ਅਸਾਂ ਨਾਲ ਗੱਲਾਂ ਕੀਤੇ ਬਗੈਰ ਨਾ ਜਾਵੀਂਤਾਂ ਸ੍ਰੀ ਬਾਬਾਜੀ ਕਰਤਾਰ ਜੀ ਕੀ ਦੁਹਾਈ ਮੰਨਕੇ ਨੇਤ੍ਰ ਖੋਲਕੇ ਉਠ ਬੈਠੇ ਤੇ ਆਖਨ ਲਗੇ ਕਹੁ ਪੁਤ ਤੁਸਾਂ ਚਾਰਘੜੀਆਂ ਮੰਗੀਆਂ ਜੇਕਦੀ ਚਾਰਜੁਗ ਮੰਗਦੇ ਭਾਂ ਅਸੀਂ ਚਾਰਜੁਗ ਰੈਂਹਦੇ ਪਰ ਬੱਚਾ ਤੁਸਾਂ ਦੇ ਵਸ ਨਹੀਂ ਮੇਰੇ ਸਾਹਿਬ ਦਾ ਹੁਕਮ ਹੀ ਏਵੇਂਹੈ ਹੁਣ ਤੁਸਾਂ ਜੋ ਗੱਲਾਂ ਕਰਨੀਆਂਹਨਸੋਕਰੋਤਾਂਬੇਟਿਆਂ ਕਿਹਾ ਜੀ ਸਭ ਕੁਛ ਆਪ ਜਾਣਦੇ ਹੋ ਭਾਂ ਸ੍ਰੀ ਗੁਰੂ ਬਾਬੇ ਜੀ ਕਹਾ ਬੇਟਾ ਜੋ ਧੁਆਡੇਜੀ ਔਂਦਾਹੈ ਸੋ ਆਖੋ ਭਾਂ ਬੇਟਿਆਂ ਕਹਾ ਸ੍ਰੀਬਾਬਾਜੀ ਅਸੀਂ ਵੀ ਤਾਂਤੇਰੇ ਪੁੱਤਸਾਂ ਕੁਛਸਾਡੇਵਲਵੀ ਮੇਹਰ ਕਰਨੀਸੀ ਤੇ ਵਡਿਆਈ ਭਾਂ ਸਾਰੀ ਲੈਹਣੇਕੋਦੇ ਦਿਤੀਹੈ ਪਰ ਅੱਛਾਜੀ ਸਾਡੇ ਕੁਛਵੱਸ ਨਹੀਂ ਤੁਸਾਡੀਰਜਾਇ ਸੋ ਅਸਾਂ ਮੰਨਣੀਸਾਡਾ ਕੁਛ

CC-0. Gurukul Kangri University Haridwar Collection. Digitized by S3 Foundation USA

ABHINAV GAUR

ਚਾਰਾ ਨਹੀਂ ਚਲਦਾ ਜਾਂ ਨਿੱਮ੍ਰ ਹੋਕੇ ਦੋਹਾਂ ਅਰਦਾਸ ਕੀਤੀ ਤਾਂ ਸ੍ਰੀ ਬਾਬੇ ਜੀ ਕਹਾ ਸੁਣੋ ਬੇਟਾ ਏਹ ਵਡਜਾਈ ਦੀ ਬਾਤਤਾਂ ਕਿਸੇਦੇਹੱਥ ਨਹੀਂ ਜਿਸਨੂੰ ਪ੍ਰਮੇਸ਼ਰ ਦੇਵੇ ਉਸਨੂੰਮਿਲ ਦੀ ਹੈ ਜੇ ਕੋਈ ਕਹੇ ਜੋ ਮੈਂ ਯਤਨ ਕਰਕੇ ਲਵਾਂ ਤਾਂ ਨਹੀਂ ਮਿਲਦੀ ਸੇਵਾ ਕੀਤਿਆਂ ਸੂਰਬੀਰ ਸੰਗ੍ਰਾਮ ਕੀਤਿਆਂ ਨਾ ਸੁਰਤੀ ਗਜਾਨ ਧਯਾਨ ਕੀਤਿਆਂ ਮਿਲਦੀ ਹੈ ਸ਼ਾਸਤ੍ਰ ਪੜ੍ਹੇ ਨਹੀਂ ਹਥ ਆਉਂਦੀ ਪੁਰਾਣ ਪੜ੍ਹਿਆਂ ਨਹੀਂ ਹਥ ਆਉਂਦੀ ਤੇ ਨਾ ਤੀਰਥਾਂ ਤੇ ਤਪ ਕੀਤਜਾਂ ਮਿਲਦੀ ਹੈ ਹੇ ਬੇਟਾ ਏਹ ਕਰਤੇ ਪੁਰਖ ਨੇ ਰਚਨਾਂ ਰਚੀ ਹੈ ਸੋ ਤਿਸ ਤੇ ਏਹ ਲੇਖ ਲਿਖ ਛਡਜਾਹੈ ਜੰਮਣ ਮਰਣਾ ਸੁਖਦੁਖ ਤੇ ਆਵਣ ਜਾਣਾ ਸੋ ਏਹ ਵਡਜਾਈ ਉਸੀ ਕੇ ਹੀ ਹਥ ਹੈ ਹੋਰ ਕਿਸੇ ਕੇ ਹੱਥ ਨਹੀਂ ਤੇ ਬੱਚਾ ਜਿਸਨੂੰ ਕਰਤਾਰ ਦਿਤੀ ਹੈ ਓਹ ਲੈਗਿਆ ਹੈ ਤਾਂ ਫੇਰ ਲਖਮੀਦਾਸ ਕਹਾ ਬਾਬਾ ਜੀ ਜੇ ਅਸੀਂ ਤੇਰੇ ਪੁਤ੍ਰਰੋਟੀ ਕਪੜੇ ਥੀਂ ਬਗੈਰ ਆਜਜ਼ ਹੋਏ ਫਿਰਾਂਗੇ ਏਹਤਾਂ ਸ਼ਰਮਸਬ ਆਪਨੂੰ ਹੈ ਤਾਂ ਬਾਬੇਜੀ ਕਹਾ ਪੁਤ ਰੋਟੀ ਕਪੜਾ ਤੁਹਾਨੂੰ ਬਹੁਤ ਹੋਵੇਗਾ ਏਹ ਮੇਰੀ ਖ਼ੁਸ਼ੀ ਹੈ ਫੇਰ ਬੇਟਿਆਂ ਕਹਾ ਰੋਟੀ ਕਪੜਾ ਤਾਂ ਬਹੁਤਹੈ ਆਪਦੇ ਪ੍ਰਤਾਪ ਕਰਕੇ ਪਰਸਾਨੂੰ ਮੰਨੇਗਾ ਕੌਨ? ਤਾਂ ਸ੍ਰੀਗੁਰੂ ਬਾਬੇਜੀ ਕਹਾ ਸੁਣੋ ਬੇਟਾ ਜੋ ਗੁਰੂ ਹੁੰਦੇ ਹਨ ਅਥਵਾ ਜੋ ਪੀਰ ਹੁੰਦੇ ਹਨ ਉਨਾਂ ਦੀ ਕਮਾਈ ਦਾ ਸਦਕਾ ਜਾਂ ਉਨਾਂਦੇ ਤੇਜ ਕਰਕੇ ਓਨਾਂਦੇਕੂਕਰ ਪੂਜੀਦੇਹਨ ਤੇ ਤੁਸੀਂ ਤਾਂ ਖਾਸ ਮੇਰੇਪੁਤ੍ਰਹੋਬੇਟਾਏਸ ਬਾਤ ਦੀ ਤੁਸੀ ਰੰਚਕ ਪ੍ਰਮਾਨ ਚਿੰਤਾ ਨਾ ਕਰੋ ਜੋਕੋਈ ਏਸਸੰਸਾਰਤੇਪਿਛੇਸਾਨੂੰ ਮੰਨਗਾ ਬੇਟਾ ਓਹ ਹੀ ਤੁਹਾਨੂੰ ਮੰਨੇਗਾ ਸਾਡੇ ਪਿਛੇ ਤੁਸੀਂ ਸਾਹਿਬਜ਼ਾਦੇ ਕਰਕੇ ਪੂਜੇ ਜਾਓਗੇ ਪਰ ਬੱਚਾ ਸਿਦਕ ਰਖੋਗੇ ਤਾਂ ਤੁਹਾਡਾਮਾਨ ਹੋਵੇਗਾ ਤੇਸਿਖਸੰਗਤਤੁਹਾਡੀ ਸੇਵਾਕਰੇਗੀਅਤੇ ਜੇ ਬੇਟਾ ਹੰਕਾਰ ਕਰੋਗੇ ਤਾਂ ਤੁਹਾਡਾ ਪ੍ਰਤਾਪ ਘਟਜਾਵੇਗਾ ਤਾਂ ਏਹ ਬਾਤਾਂ ਸ੍ਰੀਬਾਬੇ ਜੀ ਦੀਆਂ ਸੁਣਕੇ ਸ੍ਰੀਚੰਦਤੇਲਖਮੀਦਾਸ ਨੇ ਸ੍ਰੀਗੁਰੂਨਾਨਕ ਜੀ ਦੇ ਚਰਨਾਂ ਪਰਮਥਾ ਟੇਕਜਾ ਤੇ ਸ੍ਰੀ ਗੁਰੂਨਾਨਕਜੀ ਦੋਹਾਂ ਪੁਤਾਂ ਉਪਰ ਬਹੁਤਖ਼ੁਸ਼ੀ ਕੀਤੀ ਤੇ ਸਭ ਪ੍ਰਵਾਰ ਨੇ ਭੀ ਸ੍ਰੀਗੁਰੂ ਜੀ ਦੇਚਰਨਾਂ ਪਰ ਮਥਾ ਟੇਕਜਾ ਫੇਰਸਿਖਾਂਔਰ ਸੰਗਤ ਨੇ ਸ੍ਰੀਬਾਬੇ ਜੀਦੇ ਚਰਨਾਂ ਪਰ ਮਥਾ ਟੇਕਜਾ ਤੇ ਸ੍ਰੀ ਗੁਰੂਨਾਨਕ ਜੀਦਾ ਜਿਸ ਜਿਸ ਸਿਖਨੇ ਉਸ ਵਕਤਦਰਸ਼ਨਕੀਤਾਹੈਸੋਸਭ ਨਿਹਾਲਹੋਏ ਤੇ ਕ੍ਰਿਪਾ ਦ੍ਰਿਸ਼ਟੀ ਦੀ ਨਜ਼ਰ ਸਬਤੇਕੀਤੀਪਰਓਸਵੇਲੇਸ੍ਰੀ ਗੁਰੂਜੀਕਾਸਭ ਪ੍ਰਵਾਰ ਹਾਜ਼ਰ ਸੀ ਤੇ ਹੋਰ ਸੰਗਤ ਵੀ ਸਭ ਬੈਠੀ ਤਾਂ ਭਾਈ ਬੁੱਢੇ ਜੀ ਕਿਹਾ ਸੁਣੋ ਸ੍ਰੀਗੁਰੂ ਅੰਗਦ ਜੀਤੇ ਭਾਈਬਾਲਾਜੀ ਉਸਵਕਤ ਮੈਂਸ੍ਰੀਗੁਰੂ ਨਾਨਕਜੀਕੋ ਪ੍ਰਸੰਨ ਦੇਖਕੇ ਕਿਹਾ ਹੇ ਸਚੇ ਪਾਤਸ਼ਾਹਜੀ ਆਪ ਕਰਨ ਕਾਰਨ ਸਰਬੱਤ ਸ਼ਕਤੀ ਸੰਯੁਕਤ ਹੋ ਆਪਣੇ ਸਿਖਾਂਕੋ ਸਤਿਨਾਮ ਜੋ ਪਰਮਪਵਿਤ੍ਰਨਾਮਹੈ ਤਿਸਦਾ ਉਪਦੇਸ਼ ਦਿੰਦੇਰਹੋਹੋ ਸੋ ਗਰੀਬਨਿਵਾਜਜੀ ਹੁਣਆਪਤੋਂਪਿਛੋਂਭੀਸ੍ਰੀਗੁਰੂਅੰਗਦਜੀਏਹੋ ਉਪਦੇਸ਼ ਸਤਿਨਾਮਕਾਕਰਨਗੇਤਾਂਤੇਹੇਪ੍ਰਭਜੀ ਇਸ ਨਾਮਕਾ ਮਹਾਤਮ ਕ੍ਰਿਪਾਕਰਕੇ ਕਹੋਜੀ ਤਾਂ ਸ੍ਰੀਗੁਰੂ ਜੀ ਕਿਹਾ ਭਾਈ ਬੁਢਿਆਜੈਸਾ

CC-0. Gurukul Kangri University Haridwar Collection. Digitized by S3 Foundation USA

ੀ ਪ੍ਰਮੇਸ਼ਰ ਜੀ ਅਗਾਧਹੈ ਤੈਸੇਹੀ ਪ੍ਰਮੇਸ਼ਰਜੀ ਕਾ ਨਾਮਵੀ ਅਗਾਧਹੈ ਪਰ ਸ੍ਰੀ ਬਾਬਾ ਜੀ ਪਦਮ ਆਸਣ ਬੈਠਕੇ ਸ੍ਰੀਵਾਹਿਗੁਰੂਜੀ ਕੇ ਨਾਮਕਾ ਮਹਾਤਮ ਕਹਾ ਸਤਜੁਗ ਮੇਂ ਪ੍ਰਮੇਸ਼ਰਜੀ ਨੇ ਨਾਮ ਵਾਸਦੇਵ ਰੂਪ ਧਾਰਨ ਕੀਆਹੈ ਤੇ ਦੁਆਪਰ ਜੁਗਮੇਂ ਕ੍ਰਿਸ਼ਨ ਹਰੀ ਰੂਪ ਹੋਏ ਤੇ ਤ੍ਰੇਤੇ ਜੁਗ ਮੇਂ ਰਾਮਾ ਅਵਤਾਰ ਧਾਰਨ ਕੀਆ ਹੈ ਅਤੇ ਕਲਜੁਗ ਮੇਂ ਗੋਬਿੰਦ ਰੂਪ ਪ੍ਰਮੇਸ਼ਰ ਧਾਰਨ ਕੀਆਹੈ ਸੋ ਭਾਈਬੁਢਿਆ ਏਨਾਂ ਚਹੁਜੁਗਾਂਵਿਚਪ੍ਰਮੇਸ਼ਰ ਨੇ ਚਾਰ ਅਵਤਾਰ ਧਾਰਕੇ ਚਾਰ ਨਾਮ ਕੀਤੇ ਅਬ ਉਨ ਚਾਰੋਂ ਨਾਮੋਂ ਸੇ ਏਕ ਏਕ ਅੱਖਰ ਲੈਕਰ ਸ੍ਰੀ ਵਾਹਿਗੁਰੂ ਨਾਮ ਸ੍ਰੀ ਠਾਕਰਜੀ ਕਾ ਸਾਰੇ ਸੰਸਾਰ ਕੋ ਆਪ ਜਪਣੇ ਕਾ ਹੁਕਮ ਕੀਆ ਹੈ ਜੋ ਪ੍ਰਮੇਸ਼ਰ ਸਤਚਿਤ ਆਨੰਦ ਰੂਪ ਤ੍ਰਿਨਾਂਗੁਣਾਂ ਥੀਂ ਰਹਿਤ ਹੈ ਜਨਮ ਮਰਣ ਹਾਨ ਲਾਭ ਦੁਖ ਸੁਖ ਇਨਾਂ ਵਿਕਾਰਾਂ ਥੀਂ ਰਹਿਤ ਹੈ ਜੋ ਵਾਹਿਗੁਰੂ ਨਾਮ ਕੋ ਜਪੇਗਾ ਸੋ ਪ੍ਰਮੇਸ਼ਰ ਮੇਂ ਜਾਇ ਸਮਾਵੇਗਾ ਸੋਵਾਹਿਗੁਰੂ ਰੂਪਹੋਜਾਵੇਗਾ ਤਾਂ ਫੇਰ ਬਾਬੇਜੀ ਪੜਦਾ ਤਨਾਇ ਦਿਤਾ ਤੇ ਸਭ ਸਮਿੱਗ੍ਰੀ ਪਾਸਰਖਾ ਲਈ ਪ੍ਰਿਥਵੀ ਤੇ ਆਸਣ ਕਰਾਕੇ ਦੋਇਚਾਦਰਾਂ ਲੈਕੇ ਪਦਮ ਆਸਨਪਰਬਿਰਾਜੇ ਹੁਕਮ ਦੀਆ ਅੰਦਰ ਕੋਈ ਆਵੇ ਨਾਹੀਂ ਸਭ ਸਿਖ ਸੰਗਤ ਪ੍ਰਵਾਰ ਬਾਹਰ ਬੈਠੇ ਜਾਂ ਇਕ ਪਹਿਰ ਰਾਤ ਰਹੀ ਤਾਂ ਬਾਬਾਜੀ ਧਜਾਨ ਮੇਂ ਲੀਣ ਹੋਗਏ ਤਾਂ ਸ੍ਰੀ ਨਿਰੰਕਾਰ ਸਰਬ ਘਟਾਂ ਕੇ ਜਾਨਣਹਾਰੇ ਜੋਤੀ ਸਰੂਪ ਪਤਤਪਾਵਨ ਚਤੁਰਭੁਜਗਰੁੜ ਦੀ ਅਸਵਾਰੀ ਚੜ ਆਏ ॥ ਜਾਂ ਕਨਾਤਮੇਂ ਆਏ ਤਾਂ ਬੜਾਪ੍ਰਕਾਸ਼ਹੂਆਕੋਟਸੂਰਜਚੰਦ੍ਰਮਾਜੈਸਾ ਤਾਂ ਸ਼੍ਰੀਗੁਰੂ ਨਾਨਕਜੀ ਕੋ ਦਰਸ਼ਨ ਆ ਦਿਤਾ ਸਚਖੰਡ ਮੇਂ ਬੜਾ ਜਸਹੂਆ ਭਗਤਕਹਿਣ ਲਗੇ ਧੰਨਸ੍ਰੀਨਾਨਕਜੀਹੈਂ ਜਿਸਕੋਸ੍ਰੀਠਾਕਰਜੀ ਆਪਮਾਤਲੋਕ ਮੇਂਲੈਣਗਏਹਨਤਾਂਪਵਣ ਸੇ ਚਲਣੇ ਵਾਲਾ ਸੁਖਆਸਣ ਪਾਰਖਦ ਲੈ ਆਏ ਬ੍ਰਹਮਾਬਿਸ਼ਨ ਮਹੇਸ਼ਗਣੇਸ਼ਸਭਦੇਵਤੇ ਇੰਦ੍ਰਵਰਣਕੁਬੇਰ ਤੋਂ ਲੈਕਰ ਸਭੀ ਆਏ ਸਭ ਭਗਤ ਆਏ ਸਭ ਤੇਤੀਸ ਕ੍ਰੋੜਦੇਵਤੇਆਏ ਭਗਤਧੰਅ, ਪ੍ਰਹਿਲਾਦ, ਧੰਨਾ, ਕਬੀਰ ਸੈਣ, ਨਾਮਦੇਵ, ਬੇਣੀ, ਪੀਪਾ ਸਰਬੱਤਮੁਨੀ ਸਿਧਮੰਡੱਲੀ ਗੋਰਖਥੀਂ ਆਦਿਲੈਕੇ ਗਣਗੰਧ੍ਰਬ ਾਠੋਂ ਲੋਕਪਾਲ ਆਏਸ੍ਰੀਠਾਕਰਜੀਕੀ ਆਗਜਾ ਪਾਕਰ ਸ਼ਬਦ ਲਗਾ ਹੋਵਣੇ ਕਈ ਪ੍ਰਕਾਰਕੇ ਵਜੰਤ੍ਰ ਲਗੇਵਾਜਣੇਜਬ ਕਨਾਤਦੇ ਅੰਦਰਸ਼ਬਦਵਜੰਤ੍ਰਾਹੋਯਾਤਾਂਸ੍ਰੀਗੁਰੂਜੀਕਾਧਜਾਨਖੁਲਗਿਆਤਾਂਸ੍ਰੀਗੁਰੂਜੀ ਸ੍ਰੀਨਿਰੰਕਾਰ ਜੀਦੇ ਚਰਨਾਂ ਪਰ ਮੱਥਾ ਟੇਕਜਾ ਤੇ ਹੱਥ ਜੋੜਕੇ ਕਿਹਾ ਮੈਂ ਬਲਿਹਾਰਜਾਵਾਂਜੀ ਮੇਰੇਤੁਛ ਜੀਵ ਪਰ ਆਪਨੇ ਕ੍ਰਿਪਾਕਰੀਹੈ ਜੀ ਮੈਂਕੌਣਕੀਟਹਾਂ ਤਾਂ ਸ੍ਰੀਠਾਕਰਜੀ ਕਿਹਾ ਹੇ ਨਾਨਕ ਭਗਤ ਤੇਰੀ ਭਗਤੀ ਤੇ ਮੈਂ ਬਹੁਤ ਪ੍ਰਸੰਨ ਹਾਂ ਤੇ ਮੈਂਤੇਰੇਕੋਬਖ਼ਸ਼ਿਆਹੈਤੇਜੋਕੋਈਤੇਰਾ ਨਾਮਲੇਗਾ ਉਸਕੋ ਮੈਂ ਆਪਣੇ ਲੋਕ ਮੇਂਵਾਸਦੇਵਾਂਗੇਜੋ ਕੋਈ ਤੇਰੀ ਬਾਣੀ ਪੜ੍ਹੇਗਾਅਰ ਸੁਣੇਗਾ ਸੋ ਮੁਕਤਹੋਵੇਗਾ ਸ੍ਰੀਪ੍ਰਮੇਸ਼ਰ ਜੀ ਕੀ ਅਗਿਆ ਸਾਥ ਸ੍ਰੀਗੁਰੂ ਜੀ ਕਾ ਚਲਾਣਾ ਹੂਆ ਸ਼ੁਭ ਸੀਮਤ ਰਾਜਾਬਿਕ੍ਰਮੀ ੧੫੯੬ ਅੱਸੂਵਦੀ ਤਿਥੀਦਸਮੀਕੇ ਦਿਨ ਅੰਮ੍ਰਿਤਵੇਲੇ

CC-0. Gurukul Kangri University Haridwar Collection. Digitized by S3 Foundation USA

ABHINAV GAUR

ਪਹਿਰ ਰਾਤ ਰਹਿੰਦੀ ਸ੍ਰੀਪਰਮੇਸ਼ਰਜੀਕੇ ਕੀਰਤਨ ਵਿੱਚ ਅਨੰਦਧੁਨੀਨਾਲਸਰਬੱਤਕਲਾਂ ਕੇ ਘਰ ਮੇਂ ਸ੍ਰੀਗੁਰੂ ਨਾਨਕਜੀ ਸ੍ਰੀ ਠਾਕਰਜੀਕੀ ਦੇਹ ਮੇਂ ਅਥਵਾ ਜੋਤਕੇ ਵਿਖੇ ਲਿਵ ਲੀਨ ਹੋਇਗਏ ਜਿਉਂ ਜਲਮੇਂ ਜਲ ਅਭੇਦ ਹੋਜਾਤਾਹੈ ਤੈਸੇ ਸ੍ਰੀ ਠਾਕਰਜੀਮੇਂਏਕਰੂਪ ਹੋਇਗਏ ਸ੍ਰੀਠਾਕੁਰਜੀ ਨਾਨਕ ਜੀ ਕੋ ਅਪਣੇ ਅੰਗਾਂ ਮੇਂ ਮਿਲਾਇ ਲਿਆ ਤਾਂ ਫੇਰ ਓਥੇ ਪਰਵਾਰ ਵਿੱਚ ਕਹਾਇ ਪੈਗਈ ਸਭ ਇਕੱਠ ਹੋਇਕਰ ਲਗੇ ਬੈਰਾਗ ਕਰਨੇ ਤਾਂ ਇਤਨੇ ਮੇਂ ਸ੍ਰੀ ਬਾਬੇਜੀ ਕੇ ਮੁਰੀਦ ਪਠਾਣ ਆਏ ਵੁਹ ਕਹਿਣ ਹਮ ਸ੍ਰੀ ਬਾਬੇ ਜੀ ਕਾ ਦੀਦਾਰ ਕਰੇਂਗੇਹਿੰਦੂਆਂਕਹਿਆਭਾਈਅਬਤੁਮਾਰਾ ਸਮਾਂਨਹੀਂ ਤਾਂਪਠਾਣਾਂਕਹਿਆ ਹਮਾਰਾ ਪੀਰਹੈ ਤੇ ਅਸੀ ਜ਼ਰੂਰ ਦੀਦਾਰ ਕਰਾਂਗੇ ਔਰ ਜੋ ਪੀਰਾਂ ਦਾ ਰਾਹ ਹੈ ਸੋ ਹਮ ਕਰਾਂਗੇ ਤਾਂ ਹਿੰਦੂ ਮੁਸਲਮਾਨਾਂ ਦਾ ਝਗੜਾ ਵਧ ਗਿਆ ਹਿੰਦੂ ਕਹਿਣ ਨਹੀਂ ਦੇਖਣ ਦੇਣਾ ਤੇ ਮੁਸਲਮਾਨ ਕਹਿਣ ਅਸਾਂ ਦੀਦਾਰ ਕਰਨਾਹੈ ਬਹੁਤ ਵਾਦ ਹੂਆ ਪਠਾਣ ਕਹਿਣ ਗੋਰਮੰਜ਼ਲਕਰਾਂਗੇ ਤਾਂ ਵਿੱਚੋਂ ਭਲੇ ਲੋਕਾਂ ਕਹਿਆ ਅੰਦਰ ਚਲਕੇ ਦੇਖੋਤਾਂ ਸਹੀ ਜਾਂ ਦੇਖਿਆਤਾਂ ਚਾਦਰਹੀ ਹੈ ਬਾਬੇਦੀ ਦੇਹ ਹੈ ਨਹੀਂ ਦੋਹਾਂਕਾ ਝਗੜਾ ਚੁਕਗਿਆ ਜਿਤਨੇਸਿਖਸੇਵਕਸੇ ਸਭ ਰਾਮਰਾਮ ਕਰ ਉਠੇ ਸਿਫ਼ਤਾਂ ਕਰਨ ਵਾਹ ਬਾਬਾਜੀ ਤੂੰ ਧੰਨਹੈਂ ਸਭ ਕਹਿਨ ਸ੍ਰੀ ਠਾਕਰਜੀ ਪ੍ਰਤੱਖਜ ਪਰਮੇਸ਼ਰ ਦੀ ਮੂਰਤ ਸੀ ਉਨਕੀ ਕੁਦਰਤ ਲਖੀ ਨਹੀਂਸੀ ਜਾਂਦੀ ਤੇ ਅਸਾਂਸੇਵਾਭੀ ਨਾਂ ਕੀਤੀ ਤੇ ਮੁਸਲਮਾਨ ਭੀ ਬਾਬੇ ਜੀ ਦਾ ਖੇਲ ਦੇਖਨ ਲਗੇ ਸਿਫ਼ਤਾਂ ਕਰਨ ਧੰਨ ਖ਼ੁਦਾਇ ਹੈ ਤੇ ਧੰਨ ਬਾਬਾ ਨਾਨਕ ਜੀ ਹੈਂ ਜਿਸਦੀ ਕੁਦਰਤ ਲਖੀ ਨਹੀਂਗਈ ਹਿੰਦੂ ਮੁਸਲਮਾਨ ਸਭ ਤਾਰੇ ਹੈਨ ਫੇਰ ਹਿੰਦੂਆਂ ਅੱਧੀ ਚਾਦਰ ਲੈਕੇ ਬਿਬਾਣ ਮੇਂ ਰਖਕੇ ਚਿਖਾਮੇਂ ਜਲਾਈ ਤੇ ਮੁਸਲਮਾਨਾਂ ਅਧੀ ਚਾਦਰ ਦਫ਼ਨ ਕੀਤੀ ਦੋਹਾਂ ਆਪੋ ਆਪਣੇ ਧਰਮਕਰਮ ਕੀਤੇ ਤੇ ਬਾਬਾਜੀ ਬੈਕੁੰਠਕੋ ਸਣਦੇਹ ਗਏ ਹੈਨ ਤੇ ਸ੍ਰੀ ਬਾਬੇ ਜੀ ਦੇ ਚਲਾਣੇ ਦੀ ਕਥਾ ਬਾਬੇ ਬੁਢੇ ਨੇ ਸ੍ਰੀਗੁਰੂ ਅੰਗਦਜੀ ਤੇ ਬਾਲੇ ਕੋ ਹੋਰ ਸੰਗਤ ਕੇ ਹਜੂਰ ਸੁਣਾਈ ਤੇ ਹੋਰ ਕਥਾ ਭਾਈ ਬਾਲੇ ਸੁਣਾਈ ਤਾਂ ਸ੍ਰੀ ਗੁਰੂਅੰਗਦਜੀ ਨੇ ਸ੍ਰੀ ਗੁਰੂ ਨਾਨਕ ਅੱਗੇ ਮੱਥਾ ਟੇਕਿਆ ਤੇ ਕਹਿਆ ਸੁਣੋ ਭਾਈ ਸਿੱਖੋ ਜੋ ਕੋਈ ਸਿਖ ਸ੍ਰੀ ਗੁਰੂ ਨਾਨਕ ਜੀ ਦੇ ਪੰਥ ਮੇਂ ਆਵੇਗਾ ਤੇ ਬਾਣੀ ਪੜ੍ਹੇਗਾ ਧਰਮ ਕਰਮ ਮੇਂ ਰਹੇਗਾ ਸ੍ਰੀ ਗੁਰੂਜੀ ਕੀਆਂ ਸਾਖੀਆਂ ਸੁਨੇਗਾ ਵਾ ਸੁਨਾਵੇਗਾ ਸੋ ਸਦਗਤੀ ਕੋ ਪਾਵੇਗਾ ਅੰਤਕੋ ਸਤਗੁਰਾਂਕੇ ਲੋਕ ਮੇਂ ਜਾਵੇਗਾ ਅਤੇ ਭਾਈ ਬਾਲੇ ਮੱਥਾ ਟੇਕਿਆ ਤੇ ਕਹਿਆ ਭਾਈ ਜੋ ਸਿੰਘ ਸਿਖ ਇਸਕੋ ਪ੍ਰੇਮਨਾਲ ਲਿਖੇਲਿਖਾਵੇ ਗਾ ਸੋ ਜੀਵਣ ਮੁਕਤ ਹੋਵੇਗਾ ॥ ੧੯੩ ॥

॥ ਇਤਿ ॥

CC-0. Gurukul Kangri University Haridwar Collection. Digitized by S3 Foundation USA

ਜਨਮ ਸਾਖੀ ਦੀ ਭੂਮਿਕਾ

ਸੰਮਤ ੧੫੨੦ ਬਿਃ ਤੋਂ ਲੈਕੇ ਅਜਤਕ ਜਿਤਨੀਆਂ ਜਨਮਸਾਖੀਆਂ ਗੁਰਨਾਨਕ ਸਾਹਿਬ ਜੀ ਦੀਆਂ ਬਣਚੁਕੀਆਂ ਹਨ ਭਾਵੇਂ ਏਹ ਆਪਸਵਿੱਚ ਸਾਰੀਆਂ ਦੀਆਂ ਸਾਰੀਆਂ ਨਹੀਂ ਮਿਲਦੀਆਂ ਤਾਂ ਭੀ ਅਸਲੀਯਤ ਸਭਨਾਂ ਵਿੱਚੋਂ ਸਿੱਧਹੈ ॥ ਸ੍ਰੀ ਗੁਰੂ ਨਾਨਕ ਸਾਹਿਬਜੀਦਾ ਜਨਮ ਬਹੁਤ ਸਾਰੀਆਂ ਸਾਖੀਆਂ ਤੇ ਨਾਨਕ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖਸਿੰਘਜੀਨੇ ਕੱਤਕ ਦੀ ਪੂਰਨਮਾਸ਼ੀ ਦਾ ਲਿਖਿਆ ਹੈ ਅਤੇ ਭਾਈ ਮਨੀਸਿੰਘ ਜੀ ਤੇ ਵਲੈਤ ਵਾਲੀ ਸਾਖੀ ਵਿਚ ਜਨਮ ਵੈਸਾਖ ਸੁਦੀ ਤੀਜ ਦਾ ਲਿਖਿਆ ਹੈ ॥

ਏਸਦੀ ਅਸਲੀਯਤ ਜਿੱਥੋਂ ਤੀਕ ਦੇਖੀਜਾਂਦੀਹੈ ਤਾਂ ਵੈਸਾਖ ਦੀ ਤੀਜ ਦਾ ਹੀ ਜਨਮ ਦਿਨ ਸਿੱਧ ਹੁੰਦਾ ਹੈ ਪਰੰਤੁ ਲੋਕਿਕ ਮੂਯਾਦਾ ਯਾ ਪ੍ਰਵਾਹ ਜੋਹੜਾ ਇਕਵਾਰੀ ਪੈਗਿਆ ਹੈ ਏਸਦਾ ਇੱਕੋਵਾਰੀ ਪਲਟਜਾਣਾਂ ਬਹੁਤ ਮੁਸ਼ਕਿਲਹੈ ਤੇ ਜੇਕਰ ਕੋਈ ਇੱਕ ਅੱਧਾ ਪੁਰਖ ਹੌਸਲਾ ਕਰਕੇ ਏਸਦੇ ਪ੍ਰਚਾਰ ਕਰਨ ਵਾਸਤੇ ਕੋਸ਼ਿਸ਼ ਕਰਦਾਹੈ ਤਾਂ ਬਾਕੀਦੇ ਲੋਕ ਜਿਨ੍ਹਾਂ ਨੂੰ ਪੂਰੀ ਵਾਕਫ਼ੀਯਤ ਨਹੀਂ ਹੁੰਦੀ ਓਸਦਾ ਸਾਥਨਹੀਂ ਦਿੰਦੇ ਜਿਸਕਰਕੇ ਓਸਦੀ ਮਿਹਨਤ ਨਿਸਫਲ ਹੁੰਦੀਹੈ ॥ ਪਰੰਤੂ ਅਸੀ ਭਰੋਸਾ ਰਖਦੇ ਹਾਂ ਜੇਕਰ ਸਿੰਘਸਭਾ ਵਾਲੇ ਲੋਕ ਇਕੱਤ੍ਰ ਹੋਕੇ ਏਸਦਾ ਨਿਰਨਾ ਕਰਕੇ ਪ੍ਰਚਾਰ ਕਰਿਆ ਚਾਹੁਨ ਤਾਂ ਏਹ ਗੱਲ ਕੋਈ ਮੁਸ਼ਕਿਲ ਨਹੀਂ ॥

ਉੱਪਰਲੇ ਲੇਖਨੂੰ ਪੜ੍ਹਕੇ ਪਾਠਕ ਸਾਡੇਉਪਰਸ਼ੰਕਾਕਰਣਗੇ ਕਿ ਜੇਕਰਤੁਹਾਨੂੰ ਵੈਸਾਖ ਦਾ ਜਨਮ ਨਿਸਚੇ ਪ੍ਰਤੀਤਸੀ ਤਾਂ ਫੇਰ ਇਸ ਜਨਮਸਾਖੀਵਿਚ ਕੱਤਕਦਾ ਕਜੋਂ ਲਿਖਿਆ ਹੈ ? ਤੋ ਏਸਦਾ ਉਤ੍ਰ ਏਹੋ ਹੋ ਸਕਦਾ ਹੈ ਕਿ ਸਾਰੀਆਂ ਜਨਮ ਸਾਖੀਆਂ ਵਿੱਚੋਂ ਦੋ ਜਨਮ ਸਾਖੀਆਂ ਵੱਡੀਆਂ ਮਸ਼ਹੂਰ ਹਨ ਇਕ ਭਾਈ ਮਨੀਸਿੰਘਜੀ ਵਾਲੀ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜ਼ਮਾਨੇ ਵਿੱਚ ਬਣਾਈ ਗਈ ਤੇ ਦੂਜੀ ਏਹ ਅਰਥਾਤ ਭਾਈਬਾਲੇ ਵਾਲੀ ਜਿਸਨੂੰ ਗੁਰੂ ਅੰਗਦਜੀ ਵਾਲੀ ਕਹਿੰਦੇ ਹਨ ਏਹ ਗੁਰੂ ਅੰਗਦਜੀ ਮਹਾਰਾਜ ਦੇ ਹਜ਼ੂਰ ਭਾਈ ਬਾਲੇ ਨੇ ਲਿਖਾਈ ॥

ਸੋ ਇੱਕ ਤਾਂ ਜੇਹੜੀ ਭਾਈਬਾਲੇ ਜੀਨੇ ਲਿਖਾਈਓਹਤਾਂਪ੍ਰੇਮਦੇਹੀਵੱਸਹੋਕਰਆਪਣੀ ਯਾਦਦਾਸ਼ਤ ਅਨੁਸਾਰ ਲਿਖੀ ਲਿਖਾਈਗਈ ਪਰੰਤੂਭਾਈਮਨੀਸਿੰਘਜੀਵਾਲੀ ਇਕਐਸੇ ਸਮੇਂਵਿੱਚ ਅਤੇਐਸੇ ਗੁਰੂਸਾਹਿਬਦੇ ਜ਼ਮਾਨੇਵਿੱਚਤਯਾਰਹੋਈਕਿਜਿਸਵੇਲੇਸਾਰੀਆਂ ਗੱਲਾਂ ਠੀਕਨਿਰਨੇਕਰਕੇ ਲਿਖਣਦਾਸਮਾਮਿਲਦਾਸੀਇਸਲਈਓਹਾਜਨਮਠੀਕਹੈਕਜੋਂਕਿ ਗੁਰੂ ਸਾਹਿਬਨੇ ਹੋਰਭੀਕਈਇਤਿਹਾਸ ਤੇਤਰਜੁਮੇਪੁਸਤਕਾਂਦੇ ਰਚੇ ਤੇ ਰਚਾਏਸੇ ਜਿਸਤੋਂ ਏਹਭੀ ਓਹਨਾਂਨੇ ਨਿਰਨੇ ਕਰਕੇ ਲਿਖਣ ਦੀ ਆਗਿਆ ਦਿਤੀ ਹੋਵੇ ਤਾਂ ਕੋਈ ਅਚਰਜ ਨਹੀਂ ॥ ਦੂਜੇ ਅਸਾਂਏਹਭਾਈਬਾਲੇ ਯਾਸ੍ਰੀਗੁਰੂਅੰਗਦਜੀ ਵਾਲੀ ਜਨਮਸਾਖੀ ਛਪਾਈਹੈ ਏਸ ਲਈ

CC-0. Gurukul Kangri University Haridwar Collection. Digitized by S3 Foundation USA

ਪੁਰਾਣੇ ਲਿਖੇ ਹੋਏ ਨੂੰ ਨਹੀਂ ਬਦਲਿਆ ॥ ਅਲਬੱਤਾ ਜਦ ਅਸੀ* ਭਾਈਮਨੀਸਿੰਘ ਜੀ ਵਾਲੀ ਸਾਖੀਨਿਰਨਾਂ ਕਰਕੇਛਾਪਾਂਗੇ ਤਦ ਇਸਦਾ ਨਿਰਨਾਂ ਸਬੂਤਦੇਕੇ ਕਰ ਦਿਆਂਗੇ ॥ ਭਾਵੇਂ ਸਾਖੀਆਂ ਕਈ ਹਨ ਪਰੰਤੂ ਜੋ ਅਸਲ ਬਾਤ ਅਰਥਾਤ ਗੁਰੂ ਸਾਹਿਬ ਦੀ ਸਚਾਈ ਅਤੇ ਨਿੰਮ੍ਰਿਤਾ ਅਤੇਧਰਮ ਦੇ ਪ੍ਰਚਾਰ ਕਰਨਵਾਲੇ ਕੰਮ ਤੇ ਵਾਕ ਹਨ ਓਹ ਸਾਰੀਆਂ ਹੀ ਜਨਮਸਾਖੀਆਂ ਵਿਚ ਪਾਏਜਾਂਦੇਹਨ । ਫਰਕਕੇਵਲ ਇਤਨਾਹੈਕਿਜੋ ਅਨਮਤ ਵਾਲਿਆਂ ਦੇ ਹਥ ਆਗਈ ਤਾਂ ਓਨਾਂਨੇ ਜਦ ਕੋਈ ਓਸ ਵਿਚ ਐਸੀ ਸਚਾਈ ਦੇਖੀ ਜਿਸ ਕਰਕੇ ਓਨਾਂ ਦੇ ਮਜ਼ਹਬ ਯਾ ਗੁਰ ਪੀਰ ਨੂੰ ਜ਼ਰਾ ਹੇਠੀ ਹੁੰਦੀ ਹੋਵੇ ਤਾਂ ਬਦਲ ਕੇ ਹੋਰ ਕੁਛ ਲਿਖ ਦਿਤਾ। ਜੈਸਾਕਿਜਦਏਹਜਨਮਸਾਖੀ ਹਿੰਦਾਲੀਆਂ ਦੇ ਹੱਥ ਆਗਈਤਾਂ ਓਨਾਂ ਨੇ ਅਪਣੇ ਹੰਦਾਲ ਗੁਰੂ ਨੂੰ ਵਡਾ ਕਰਨ ਵਾਸਤੇ ਅਯੋਗ ਬਾਤਾਂ ਸ੍ਰੀਗੁਰੂਨਾਨਕਦੇਵ ਜੀ ਦੀ ਬਾਬਤ ਲਿਖ ਦਿਤੀਆਂ ਤੇ ਫੇਰ ਕਬੀਰ ਜੀ ਨੂੰ ਵਡਿਆਉਣ ਵਾਸਤੇ ਓਨਾਂ ਦੇ ਅਨੁਸਾਰੀਆਂ ਨੇ ਗੁਰੂਸਾਹਿਬਦੇ ਹੱਕ ਵਿਚਭੀ ਏਸ ਖਿਆਲ ਕਰਕੇ ਜੋ ਕਿਤੇ ਕਬੀਰਜੀ ਦਾ ਕਮ ਦਰਜਾ ਨਾਰਹੇਕੁਛਅੱਛਾਨਾ ਲਿਖਨਾ ਚਾਹਿਆ। ਐਸਾਹੀ ਹੁਣ ਅਜੇ ਥੋੜਾ ਚਿਰ ਹੋਯਾ ਹੈਕਿ ਜਦ ਇਕ ਹੋਰ ਮਤ ਵਾਲੇਨੇ ਗੁਰੂ ਸਾਹਿਬ ਦੀ ਜਨਮਸਾਖੀ ਛਾਪੀ ਤਾਂ ਮੱਕੇ ਵਾਲੀ ਸਾਖੀ ਦੇ ਸ਼ਬਦ ਉਲਟਾ ਦਿਤੇ ॥ ਪਿਆਰੇ ਪਾਠਕੋ ! ਭਲਾ ਜੇਕਰ ਗੁਰੂਸਾਹਿਬ ਦਾ ਪ੍ਰੇਮੀ ਸਿਖ ਯਾ ਸਿੰਘ ਛਾਪਦਾ ਤਾਂ ਕੀ ਤੁਸੀਂ ਭਰੋਸਾ ਕਰਸਕਦੇ ਹੋ ਕਿ ਓਹ ਐਸਾ ਅਯੋਗ ਕਰਦਾ ?

ਖੈਰ ਏਨਾਂ ਗੱਲਾਂਦੇ ਲਿਖਣਦੀਏਥੇਕੋਈ ਲੋੜਨਹੀਂ ਅਸੀਂ ਸਿਰਫ ਏਹ ਦਸਿਆ ਚਾਹੁੰਦੇ ਹਾਂਕਿ ਸ੍ਰੀ ਗੁਰੂਨਾਨਕਸਾਹਿਬਜੀਨੇ ਇਕਐਸੇ ਅੰਧਕਾਰਦੇ ਸਮੇ ਵਿਚ ਅਵਤਾਰ ਧਾਰਿਆ ਜਿਸਵਕਤ ਕਿ ਏਨਾਂ ਦਾ ਹੋਣਾ ਜਰੂਰੀ ਸੀ ਅਤੇ ਏਹ ਪਰਮੇਸ਼ਰ ਦੀ ਤਰਫੋਂ ਖ਼ਾਸ ਏਸੇ ਕੰਮ ਵਾਸਤੇ ਆਏ ਸੇ ਕਿ ਖੋਟੀਆਂਰੀਤੀਆਂ ਔਰ ਪਾਖੰਡ ਜੋ ਪ੍ਰਚਲਤ ਹੋ ਰਹੇ ਸੇ ਓਨਾਂ ਨੂੰ ਦੂਰ ਕਰਕੇ ਸਤ ਧਰਮ ਦਾ ਪ੍ਰਚਾਰ ਕੀਤਾ ਜਾਵੇ ਇਸ ਪਰ ਭਾਈ ਗੁਰਦਾਸਜੀ ਦਾ ਭੀ ਕਥਨਹੈ ਯਥਾ ਪਉੜੀ ਭਾਈ ਗੁਰਦਾਸ ਜੀ ਕੀ ॥

ਪਉੜੀ

ਜਗ ਗਰਦੀ ਕਿਆ ਹੋਵਹੇ ਉਲਟੇ ਜੁਗ ਕਿਆ ਹੋਇ ਵਰਤਾਰਾ॥ਉਠੈ ਗਿਲਾਨਿ ਜਗਤ ਵਿਚ ਵਰਤੈ ਪਾਪ ਭ੍ਰਸ੍ਟ ਸੰਸਾਰਾ ॥ ਵਰਨਾ ਵਰਨ ਨ ਭਾਵਨੀ ਖਹਿ ਖਹਿ ਮਰਨ ਬਾਂਸ ਅੰਗਿਆਰਾ॥ ਨਿੰਦਾਚਾਲੈਵੇਦਕੀਸਮਝਨਨਹਿਅਗਿਆਨਗੁਬਾਰਾ॥ ਬੇਦ ਗੁੰਥ ਗੁਰ ਹੱਟ ਹੈ ਜਿਸਲਗ ਭਵਜਲ ਪਾਰ ਉਤਾਰਾ ॥ ਸਤਿਗੁਰਬਾਝ ਨ ਬੁਝੀਐ ਜਿ ਰਹ ਧਰੇ ਨ ਗੁਰ ਅਵਤਾਰਾ ॥ ਗੁਰ ਪਰਮੇਸ਼ਰ ਇਕਹੈ ਸੱਚਾ ਸ਼ਾਹ ਜਗਤ ਵਣਜਾਰਾ॥ਚੜੇ ਸੂਰ ਮਿਟ ਜਾਇ ਅੰਧਾਰਾ ॥ ੧੭ ॥ਪੁਨਹ

*ਭਾਈ ਮਨੀ ਸਿੰਘ ਜੀ ਵਾਲੀ ਸਾਖੀ ਜੋ ਅੱਗੇ ਛਪੀ ਹੋਈ ਹੈ ਇਸਵਿਚ ਬਹੁਤ ਹੀ ਥੋੜੀਆਂ ਸਾਖੀਆਂਹਨ ॥

CC-0. Gurukul Kangri University Haridwar Collection. Digitized by S3 Foundation USA

ਭਈ ਗਿਲਾਨ ਜਗਤ ਵਿਚ ਚਾਰ ਵਰਨ ਆਸਰਮ ਉਪਾਏ। ਦਸ ਨਾਮ ਸੰਨਯਾਸੀਆਂ ਜੋਗੀ ਬਾਰਹ ਪੰਥ ਚਲਾਏ। ਜਗਮ ਅਤੇ ਸਰੇਵੜੇ ਦਗੇ ਦਿਗੰਬਰ ਵਾਦ ਕਰਾਏ। ਬ੍ਰਹਮਣ ਬਹੁਪਰਕਾਰ ਕਰ ਸ਼ਾਸਤ੍ਰ ਬਹੁ ਪਰਕਾਰ ਲੜਾਏ। ਖਟ ਦਰਸ਼ਨ ਬਹੁ ਵੈਰ ਕਰ ਨਾਲਛਤੀਸ ਪਾਖੰਡ ਚਲਾਏ। ਭੰਤਮੰਤ ਰਸਾਇਣਾਂ ਕਰਾਮਾਤ ਕਾਲਖ ਲਪਟਾਏ। ਏਕਸ ਤੇ ਬਹੁਰੂਪ ਕਰ ਰੂਪ ਕਰੂਪੀ ਘਣੇ ਦਿਖਾਏ। ਕਲਿਜੁਗ ਅੰਦਰ ਭਰਮ ਭੁਲਾਏ ॥੧੯॥ ਬਹੁਵਾਟੀ ਜਗ ਚਲੀਆਂ ਜਬਹੀ ਭਏ ਮੁਹੰਮਦ ਯਾਰਾ। ਕੌਮ ਬਹੱਤਰ ਸੰਗਕਰ ਬਹੁ ਬਿਧ ਬੈਰ ਬਿਰੋਧ ਪਸਾਰਾ। ਰੋਜ਼ੇ ਈਦ ਨਿਮਾਜ਼ ਕਰ ਕਰਮੀ ਬੰਦਕੀਆ ਸੰਸਾਰਾ। ਪੀਰ ਪੈਕਾਂਬਰ ਔਲੀਏ ਗ਼ਉਸ ਕੁਤਬ ਬਹੁ ਭੇਖ ਸਵਾਰਾ। ਠਾਕੁਰਦ੍ਵਾਰੇ ਢਾਹਿਕੈ ਤਿਹ ਠੌੜੀ ਮਸੀਤ ਉਸਾਰਾ। ਮਾਰਨ ਗਊ ਗਰੀਬਨੂੰ ਧਰਤੀ ਉਪਰ ਪਾਪ ਬਿਥਾਰਾ। ਕਾਫਰ ਮੁਲਹਦ ਇਰਮਨੀ ਰੂਮੀ ਜੰਗੀ ਦੁਸ਼ਮਨ ਦਾਰਾ। ਪਾਪੇ ਦਾ ਵਰਤਿਆ ਵਰਤਾਰਾ ॥ ੨੦ ॥ ਪੁਨਹ ॥ ਸੁਣੀ ਪੁਕਾਰ ਦਾਤਾਰ ਪ੍ਰਭ ਗੁਰੁ ਨਾਨਕ ਜਗ ਮਾਹਿ ਪਠਾਯਾ॥ ਆਦਿ ॥ ਪੁਨਹ ॥ ਸਤਿ ਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਯਾ ॥ ਵਗੈਰਾ ॥

ਉਪਰਲੇ ਕਥਨ ਤੋਂ ਸਿਧ ਹੋਯਾ ਕਿ ਗੁਰੂ ਸਾਹਿਬ ਨੈ ਦੁਨੀਆਂ ਵਿਚ ਆਕੇ ਜੋ ਜੋ ਕੰਮ ਕੀਤੇ ਓਹ ਅਦਭੁਤ ਸੇ ਅਤੇ ਓਹ ਸਾਰੇ ਪ੍ਰਮਾਤਮਾ ਦੀ ਮਰਜ਼ੀ ਮਾਫ਼ਕ ਸੇ ਅਤੇ ਓਨਾਂ ਦੇ ਉਪਦੇਸ਼ ਭੀ ਹਰ ਇਕ ਕੌਮ ਜ਼ਾਤ ਵਾਸਤੇ ਇਕੋ ਜੇਹੇ ਸੇ ਏਸੇ ਲਈ ਮੁਸਲਮਾਨ ਲੋਗ ਉਨਾਂ ਨੂੰ ਪੀਰ ਜਾਣਦੇ ਸਨ ਅਤੇ ਗ਼ੈਰ ਕੌਮਾਂ ਦੇ ਲੋਗ ਭੀ ਓਨ੍ਹਾਂ ਨੂੰ ਖ਼ੁਦਾ ਪਰਸਤ ਸਚੇ ਮਹਾਤਮਾ ਪੁਰਸ਼ ਹੋਣੇ ਕਰਕੇ ਉਨ੍ਹਾਂਦੀ ਇੱਜ਼ਤ ਕਰਦੇਸੇ ਅਤੇ ਕਰਦੇ ਹਨ। ਗੁਰੂਸਾਹਿਬ ਨੇ ਆਪ ਭੀ ਸ੍ਰੀ ਗੁਰੂਗ੍ਰੰਥ ਸਾਹਿਬਜੀ ਵਿਚ ਏਸ ਬਾਤ ਦੀ ਗਵਾਹੀ ਦਿੱਤੀ ਹੈ ਕਿ ਜੋ ਕੁਛ ਓਹ ਕੈਂਹਦੇ ਰਹੇ ਸੋ ਸਭ ਅਕਾਲਪੁਰਖ ਦੀ ਤਰਫ਼ੋਂ ਓਨਾਂ ਨੂੰ ਹੁਕਮ ਆਂਵਦਾ ਰਿਹਾ ਜੈਸਾ ਕਿ ਵਾਕ ਹੈ:-

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇਲਾਲੋ ॥ ਪੁਨਹ ॥
ਜਿਉ ਬੋਲਾਵਹੁ ਤਿਉ ਨਾਨਕ ਦਾਸ ਬੋਲੈ ॥ ਵਗੈਰਾ ॥

ਅਖੀਰ ਵਿਚ ਅਸੀਂ ਪਾਠਕਾਂ ਤੇ ਖ਼ਾਲਸਾਜੀ ਅਗੇ ਬਹੁਤ ਨਿੰਮ੍ਰਤਾਸਹਿਤ ਬੇਨਤੀ ਕਰਦੇ ਹਾਂ ਕਿ ਓਹ ਏਸ ਜਨਮ ਸਾਖੀ ਅਤੇ ਏਸ ਤੋਂ ਅੱਗੇ ਜੋ ਅਸਾਂ ਦਸਮ ਪਾਤਸ਼ਾਹੀ ਭਕ ਸਾਰਿਆਂ ਗੁਰੂਸਾਹਿਬਾਂ ਦਾ ਪ੍ਰਸੰਗ ਲਿਖਿਆ ਹੈ ਓਸਨੂੰ ਪ੍ਰੇਮਨਾਲ ਪੜ੍ਹਨ ਅਤੇ ਪੜ੍ਹਕੇ ਜੇਹੜੀਆਂ ਗੱਲਾਂ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੇ ਨਾਲ ਮਿਲਦੀਆਂ ਦੇਖਣ ਓਹ ਮਨ ਵਿਚ ਧਾਰਨ ਕਰਕੇ ਸਾਡੇ ਏਸ ਪਰਿਸ਼੍ਰਮ ਨੂੰ ਸਫਲਾ ਕਰਣ ॥

ਰਾਇ ਸਾਹਿਬ ਮੁਨਸ਼ੀ ਗੁਲਾਬਸਿੰਘ ਐਂਡ ਸਨਜ਼
ਮਾਲਕਾਨ ਮੁਫ਼ੀਦਆਮ ਪ੍ਰੈਸ ਲਾਹੌਰ

CC-0. Gurukul Kangri University Haridwar Collection. Digitized by S3 Foundation USA

ਸ੍ਰੀ ਗੁਰੂ ਅੰਗਦ ਸਾਹਿਬ ਜੀ ਦਾ ਹਾਲ

ਪਾਤਸ਼ਾਹੀ ੨

ਏਹ ਗੁਰੂਸਾਹਿਬਸੰਃ੧੫੬੧ਬਿਃ ਬੈਸਾਖਦੀ ਸੁਦੀ ੧ ਨੂੰ ਫੇਰੂਮਲਤੇਹਣ ਖੱਤ੍ਰੀਦੇ ਘਰ ਪ੍ਰਗਟੇ ਸੇ ਜੋ ਮੱਤੇ ਦੀ ਸਰਾਇ ਮਾਲਵੇ ਦੇਸ ਵਿਚ ਰਹਿੰਦਾ ਸੀ ॥ ਪਹਿਲੇ ਏਨਾਂ ਦਾ ਨਾਮ ਲਹਿਣਾਜੀ ਸੀ ਪਰ ਜਦਗੁਰੂਨਾਨਕਸਾਹਿਬਜੀਨੇ ਗੱਦੀ ਦਿਤੀ ਤਾਂਏਨਾਂਦਾਨਾਮ ਅੰਗਦ ਰੱਖਯਾ ॥ ੧੫੯੯ ਬਿਃ ਨੂੰ ਅੱਸੂ ਦੇ ਮਹੀਨੇ ਆਪਣੇ ਬਾਪਦੀ ਭਰਾਂ ਜਦ ਏਹ ਭੀ ਵੈਸ਼ਨੋਂ ਦੇਵੀ ਦੇ ਦਰਸ਼ਨ ਨੂੰ ਚਲੇ ਤਾਂ ਸ੍ਰੀ ਗੁਰੂ ਨਾਨਕ ਜੀ ਦੀ ਮਹਿਮਾਂ ਸੁਣਕੇ ਓਨਾਂਦੇ ਦਰਸ਼ਨ ਕਰਨ ਵਾਸਤੇ ਰਸਤੇ ਵਿਚ ਠਹਿਰਗਏ ਅਤੇ ਜਦ ਜਾਕੇ ਦਰਸ਼ਨ ਕੀਤਾ ਤਾਂ ਮਨ ਸ਼ਾਂਤਹੋ ਗਿਆ, ਕਜੋਂਕਿ ਮਹਾਤਮਾਦੇ ਦਰਸ਼ਨਦਾ ਏਹੋਫਲਹੈ ਕਿ ਦੇਖਦੇਸਾਰਚਿਤ ਸਥਿਰਹੋਜਾਏ ॥ ਫੇਰਜਦ ਇਨਾਂ ਨੇ ਆਪਣੇ ਨਿਯਮ ਅਨੁਸਾਰ ਦੇਵੀ ਦੇ ਜਾਣਦਾ ਇਰਾਦਾ ਕੀਤਾ ਤਾਂ ਸੰਗਤ ਸਮੇਤ ਦੇਵੀ ਦਾ ਦਰਸ਼ਨ ਸ੍ਰੀ ਗੁਰੂ ਨਾਨਕ ਸਾਹਿਬ ਜੀਦੇ ਬੂਹੇ ਵਿਚ ਹੀ ਹੋਗਿਆ ਜੈਸਾ ਕਿ ਪਿਛੇ ਜਨਮ ਸਾਖੀ ਵਿਚ ਜ਼ਿਕਰ ਆ ਚੁਕਾ ਹੈ ॥

ਸ੍ਰੀ ਗੁਰੂ ਅੰਗਦ ਜੀ ਨੂੰ ਗੁਰਿਆਈ

ਦੇਵੀ ਦਾ ਦਰਸ਼ਨ ਕਰਕੇ ਫੇਰ ਗੁਰੂਅੰਗਦ ਜੀ ਗੁਰੂਨਾਨਕ ਜੀਦੇ ਸਚੇ ਸੇਵਕ ਬਣ ਗਏ ਤੇ ਸੇਵਾ ਵਿਚ ਹਾਜਰ ਰਹਿਣ ਲੱਗੇ ॥

(੧) ਇਕ ਦਿਨਦੀ ਬਾਤ ਹੈ ਕਿ ਫ਼ਰਸ਼ਉਪਰ ਚੂਹਾ ਮੋਯਾਪਿਆਦੇਖਕੇ ਗੁਰੂਨਾਨਕ ਜੀ ਨੇ ਸਿੱਖਾਂਪੁਤ੍ਰਾਂ ਨੂੰ ਓਸਦੇ ਚੁੱਟਣ ਲਈ ਆਖਯਾ ਓਹ ਅਜੇਸਲਾਹਾਂਵਿਚਹੀ ਸੇ ਕਿ ਗੁਰੂ ਅੰਗਦ ਜੀ ਨੇ ਛਟਪਟ ਉਠਾਕੇ ਬਾਹਰ ਸਿਟ ਦਿਤਾ ॥ (੨) ਬਾਬੇਜੀਨੇ ਸੁਚੇਸੁਲੇਮਾਨੀ ਪੱਥਰ ਦੇ ਕਟੋਰੇ ਨੂੰ ਗੰਦੇ ਚਿਕੜ ਦੇ ਟੋਏ ਵਿਚ ਸਿਟਕੇ ਪੁਤ੍ਰਾਂ ਤੇ ਸਿੱਖਾਂ ਨੂੰ ਓਸਦੇਕਢਣ ਲਈ ਆਖਯਾ ਤਾਂ ਓਨਾਂਨੇ ਆਲਾ ਟਾਲਾ ਕੀਤਾ ਪਰਜਦ ਏਨਾਂਵਲ ਇਸ਼ਾਰੇਨਾਲ ਦੇਖਯਾ ਤਾਂ ਗੁਰੂ ਅੰਗਦਜੀਨੇਕਪੜਜਾਂਸਮੇਤ ਓਸਗੰਦੇਟੋਏਵਿਚਛਾਲਮਾਰਕੇ ਕਟੋਰਾਕੱਢ ਆਂਦਾ॥ (੩) ਦਰਿਆ ਦੇ ਕਿਨਾਰੇਇਕ ਮੁਰਦਾ ਪਿਯਾ ਹੋਯਾ ਸੀ ਬਾਬੇਜੀ ਨੇ ਅਜ਼ਮਾਉਨਵਾਸਤੇ ਸਭ ਸੰਗਤ ਤੇ ਪੁਤ੍ਰਾਂ ਨੂੰ ਆਖਯਾ ਕਿ ਇਸਨੂੰ ਖਾਓ ਏਹ ਗੱਲ ਸੁਣਕੇ ਸਭ ਖਿਸਕ ਗਏ ਕੇਵਲ ਗੁਰੂਅੰਗਦ਼ਜੀ ਹਥਜੋੜਕੇ ਖੜੇ ਹੋਗਏ ਅਤੇ ਅਰਜ਼ਕੀਤੀ ਹੇਸਚੇ ਪਾਤਸ਼ਾਹ ਪੈਰਾਂ ਵਲੋਂਖਾਵਾਂ ਯਾ ਸਿਰ ਵਲੋਂ।ਇਸਪ੍ਰਕਾਰ ਦੀਆਂ ਹੋਰ ਬਹੁਤ ਸਾਰੀਆਂਪ੍ਰੀਖਿਆ ਲੈਕੇ ਗੁਰੂ ਨਾਨਕਜੀ ਨੇ ਜਦ ਜਾਣ ਲਿਆ ਕਿ ਏਹ ਠੀਕ ਗੁਰਿਆਈ ਦੇ ਲਾਇਕ ਹਨ ਤਾਂ ਅੱਸੂ ਵਦੀ ੫ ਸੰਮਤ ੧੫੯੬ ਬਿਃ ਨੂੰ ਗੁਰਿਆਈ ਦੀ ਗੱਦੀ ਉਤੇ ਬਿਠਾ ਕਰ ਪੰਜ ਪੈਸੇ ਤੇ ਨਲੀਏਰ ਧਰਕੇ ਮੱਥਾ ਟੇਕ ਦਿਤਾ ॥

ਗੁਰਿਆਈ ਲੈਕੇ ਏਹ ਖੰਡੂਰਜੀ ਚਲੇਗਏਤੇਓਥੇ ਤਲਾਓ ਕਿਨਾਰੇ ਰੋੜਾਂ ਦੇ ਬਿਸਤ੍ਰੇ ਪਰ

CC-0. Gurukul Kangri University Haridwar Collection. Digitized by S3 Foundation USA

ਭਪ ਕਰਨ ਲਗ ਪਏ॥ਜਿਸਦਾ ਨਾਮ ਹੁਣ ਭਪਜਾਣਾ ਸਾਹਿਬ ਹੈ ॥
ਸੰਮਤ ੧੫੯੦ ਬਿਃ ਦੇ ਵਿਚ ਗੁਰੂ ਅੰਗਦ ਜੀ ਨੇ ਗੁਰਮੁਖੀ ਅੱਖਰ ਚਲਾਏ ਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਚਰਿੱਤ੍ਰ ਭਾਈ ਬਾਲੇ ਦੀ ਜ਼ੁਬਾਨੀਂ ਲਿਖੇ ਜੋ ਏਹ ਜਨਮ ਸਾਖੀ ਮਸ਼ਹੂਰ ਹੈ ॥

ਗੁਰੂ ਅੰਗਦਜੀ ਹਮੇਸ਼ ੨ ਬਜੇ ਰਾਤਦੇ ਜਾਗਦੇ ਤੇ ਇਸ਼ਨਾਨ ਧਿਆਨ ਵਿਚ ੪ਘੜੀ ਦਿਨ ਚੜ੍ਹੇ ਤਕ ਮਗਨ ਰੈਂਹਦੇ ਕੀਰਤਨ ਹੁੰਦਾ ਤੇ ਸਾਰਾ ਦਿਨ ਲੰਗਰ ਚਲਦਾ ਰਹਿੰਦਾ ਹੋਰ ਅਨੇਕ ਪ੍ਰਕਾਰ ਦੇ ਚਰਿਤ੍ਰ ਏਥੇ ਪੁਸਤਕ ਵਧ ਜਾਣ ਦੇ ਕਾਰਣ ਨਹੀਂ ਲਿਖੇ ਗਏ ॥ ਓੜਕ ਸੰਮਤ ੧੬੦੯ ਬਿਃ ਨੂੰ ਗੁਰਿਆਈ ਦੀ ਗੱਦੀ ਦੇ ਲਾਇਕ ਗੁਰੂ ਅਮਰਦਾਸ ਜੀ ਨੂੰ ਸਮਝ ਕੇ ਚੇਤ ਸੁਦੀ ੧ ਨੂੰ ਮਰਯਾਦਾ ਅਨੁਸਾਰ ਮੱਥਾ ਟੇਕ ਦਿੱਤਾ ਤੇ ਸਿਖਾਂ ਪੁਤ੍ਰਾਂ ਤੋਂ ਭੀ ਮੱਥਾ ਟਿਕਾਯਾ ਅਤੇ ੧੨ ਬਰਸ ੯ ਮਹੀਨੇ ਤੋਂ ਜ਼ਿਆਦਾ ਗੁਰਿਆਈ ਕਰਕੇ ੪੭ ਬਰਸ ੧੧ ਮਹੀਨੇ ਕੁਲ ਉਮਰ ਭੋਗਕੇ ਚੇਤ ਸੁਦੀ ੪ ਬੁਧਵਾਰ ਸੰਮਤ ੧੬੦੯ ਬਿਃਨੂੰ ਖੰਡੂਰ ਸਾਹਿਬ ਵਿਚ ਹੀ ਦੇਹ ਤਿਆਗ ਗਏ ॥ ੧੯੪ ॥

ਸ੍ਰੀ ਗੁਰੂ ਅਮਰਦਾਸ ਸਾਹਿਬ ਜੀ

ਪਾਤਸ਼ਾਹੀ ੩

ਏਹ ਗੁਰੂ ਸਾਹਿਬ ਸੰਮਤ੧੫੭੯ਬਿਃਵੈਸਾਖਸੁਦੀ੧੪ਨੂੰਪਿੰਡਬਾਸਰਕੇ(ਜੋਅੰਮ੍ਰਿਤ ਸਰੋਂ ੪ ਕੋਹ ਹੈ) ਤੇਜਭਾਨ ਭਲੇ ਖੱਤ੍ਰੀਦੇ ਘਰ ਪ੍ਰਗਟ ਹੋਏ ॥
ਜਿਸਵੇਲੇ ਏਹ ਗੁਰੂ ਅੰਗਦ ਜੀ ਪਾਸ ਆਏ ਤੇ ਸੇਵਾ ਕਰਨਲਗੇਏਸਵੇਲੇਏਨ੍ਹਾਂਦੀਉਮਰ ੬੨ ਬਰਸ ਦੀ ਸੀ ਏਸ ਅਵਸਥਾ ਵਿਚ ਏਨਾਂਦਾ ਐਡਾ ਪੁਰਸ਼ਾਰਥ ਸੀ ਕਿ ਅੱਧੀ ਰਾਤ ਤੋਂ ਜਾਗਕੇ ਗਾਗਰ ਭਰਕੇ ਬਜਾਸਾ ਦਰਯਾ ਤੋਂਲਜਾਉਂਦੀ ਤੇ ਉਸਜਲ ਨਾਲਗੁਰੂਅੰਗਦ ਜੀ ਦਾ ਅਸ਼ਨਾਨਕਰਾਉਣਾਂ(ਬਜਾਸਾ ਦਰਯਾ ਤਿੰਨ ਕੋਸਦੇਫ਼ਾਸਲੇਪਰਸੀ)ਤੇ ਫੇਰ ਦਿਨ ਚੜ੍ਹੇ, ਜੰਗਲ ਵਿਚ ਜਾਕੇ ਹੱਛਾ ਤਕੜਾ ਗੱਠਾ ਲਕੜੀਆਂ ਦਾ ਚੁਣਕੇ ਆਪਣੇ ਸਿਰ ਪਰ ਰਖਕੇ ਲਿਆਉਣਾ ਤੇ ਲੰਗਰ ਦੇ ਬਰਤਨ ਆਪ ਬੜੀ ਸ਼ਰਧਾ ਨਾਲ ਮਾਂਜਨੇ ਇਸੀ ਤਰਾਂ ਰਾਤ ਦਿਨ ਸੇਵਾ ਵਿਚਹੀਗੁਜਾਰਦੇ ਰਹੇ ਤੇ ਜਦ ਬਾਰਾਂ ਬਰਸ ਇਸ ਤਰਾਂ ਸੇਵਾ ਕੀਤੀ ਤਾਂ ਇਕ ਦਿਨ ਪੋਹ ਦੇ ਮਹੀਨੇ ਜਦਕਿ ਵਰਖਾ ਭੀ ਸੀ ਤੇ ਹਵਾ ਦਾ ਭੀ ਜੋਰਸੀ ਸਿਵਾਇ ਏਸਦੇ ਕਿ ਜਦ ਬਿਜਲੀ ਚਮਕੇ ਰਸਤਾ ਭੀ ਨਹੀਂਸੀ ਲੱਭਦਾਗੁਰੂਅਮਰਦਾਸਜੀ ਗਾਗਰ ਭਰਕੇ ਲਿਆਏ ਤੇ ਰਸਤੇ ਵਿਚ ਇਕ ਜੁਲਾਹੇ ਦਾ ਘਰ ਸੀ ਜਿਸਦੇ ਕਿੱਲੇ ਨਾਲ (ਹਨੇਰੇ ਦੇ ਕਾਰਣ)ਪੈਰਲੱਗਕੇ ਗੁਰੂਜੀ ਦੋਏ ਵਿਚ ਡਿੱਗ ਪਏ ਪਰ ਦੋਵੇਂ ਹੱਥ ਗਾਗਰ ਨੂੰ ਪਾਈ ਰਖੇ ਕਿ ਪਾਣੀ ਨਾ ਡੁਲ੍ਹਜਾਵੇ ਡਿੱਗਨਦਾਅਵਾਜ ਸੁਣਕੇ ਜੁਲਾਹੇ ਨੇ ਜੁਲਾਹੀ ਤੋਂ ਪੁਛਿਆ ਕਿ ਏਹ ਕੌਣ ਹੈ ਜੋਐਸਵੇਲੇ ਡਿੱਗਾਹੈ?ਤਾਂਜੁਲਾਹੀ ਨੇ ਆਖਿਆ ਹੋਰ ਕੌਣ ਐਸਵੇਲੇਘਰੋਂ

CC-0. Gurukul Kangri University Haridwar Collection. Digitized by

ABHINAV GAUR

ਨਿਕਲਦਾ ਹੈ, ਹੋਵੇਗਾ "ਅਮਰੂ ਨਥਾਵਾਂ" ਜੋ ਗੁਰੂ ਅਗਦ ਜੀ ਦਾ ਰੋਟੀਆਂ ਚਾਕਰ ਹੈ ਨਾ ਓਹਨੂੰ ਦਿਨੇ ਚੈਨ ਹੈ ਨਾ ਰਾਤ ॥ ਏਹ ਗੱਲ ਸੁਣਕੇ ਭੀ ਗੁਰੂ ਅਮਰਦਾਸ ਜੀ ਦੇ ਦਿਲ ਵਿੱਚ ਜ਼ਰਾ ਕਿਰਕ ਨਾ ਆਈ ਤੇ ਸੁਣੀ ਅਣਸੁਣੀ ਕਰਕੇ ਗਾਗਰ ਸੰਭਾਲ ਕੇ ਤੁਰ ਪਏ ॥

ਪਿਆਰੇ ਪਾਠਕੋ ! ਜ਼ਰਾ ਗੌਰ ਕਰੋ ਕਿ ਆ ਏਹ ਥੋੜੀ ਜੇਹੀ ਗੱਲ ਹੈ ? ਜੇ ਜ਼ਰਾ ਕਿਸੇ ਨੂੰ ਓਇ ਕਰਕੇ ਬੁਲਾਵੀਏ ਭਾਂ ਅੱਗੋਂ ਓਹ ਸੌ ਸੌ ਗੱਲ ਸੁਣਾਉਂਦਾ ਹੈ, ਜ਼ਰਾ ਆਪਣੇ ਆਪ ਉਪਰ ਏਹ ਗੱਲ ਘਟਾਕੇ ਦੇਖੋ ਖਾਂ ਕੇਹੀਕ ਮਲੂਮ ਹੁੰਦੀ ਹੈ ॥

ਗੁਰੂ ਅੰਗਦ ਜੀ ਜਾਣੀਜਾਣ ਸੇ ਉਨਾਂ ਸਵੇਰੇ ਸਭਾ ਲਗਾਇਕੇ ਪੁੱਛਿਆ ਅਮਰਦਾਸ ! ਰਾਤ ਜੁਲਾਹੀ ਨੇ ਕੀ ਆਖਿਆ ਸੀ ? ਗੁਰੂ ਅਮਰਦਾਸ ਜੀ ਨੇ ਹੱਥ ਜੋੜਕੇ ਆਖਿਆ ਮਹਾਰਾਜ ਆਪ ਸਭ ਕੁਛ ਜਾਨਦੇ ਹੋ, ਤਦ ਗੁਰੂ ਸਾਹਿਬ ਨੇ ਰਾਤ ਵਾਲਾ ਸਾਰਾ ਪ੍ਰਸੰਗ ਸਭਨਾਂ ਸਿੱਖਾਂ ਸੇਵਕਾਂ ਨੂੰ ਸੁਣਾਯਾ ਤੇ ਗੁਰੂ ਅਮਰਦਾਸ ਜੀ ਨੂੰ ਏਹ ਵਰ ਦੇਕੇ (ਗੁਰੂ ਅਮਰਦਾਸ ਨਿਥਾਵਿਆਂ ਦਾ ਥਾਉਂ, ਨਿਮਾਣਿਆਂ ਦਾ ਮਾਣ, ਨਿਓਟਿਆਂ ਦੀ ਓਟ, ਨਿਧਰਿਆਂ ਦੀ ਧਿਰ, ਨਿਗਤਿਆਂ ਦੀ ਗਤ ਆਦਿਕ) ਚੇਤ ਸੁਦੀ ੧ ਸੰਮਤ ੧੬੦੯ ਬਿਃ ਨੂੰ ਗੁਰਿਆਈ ਦਿੱਤੀ ਤੇ ਮੱਥਾ ਟੇਕਿਆ ਅਤੇ ਗੋਇੰਦਵਾਲ ਜੋ ਉਨ੍ਹਾਂ ਨੇ ਹੀ ਬਸਾਯਾ ਸੀ ਉਥੇ ਭੇਜ ਦਿੱਤਾ ॥

੧੬੧੪ ਬਿਃ ਵਿਚ ਗੁਰੂ ਸਾਹਿਬ ਨੇ ਬਾਵਲੀ ਦਾ ਅਰੰਭ ਕੀਤਾ ਤੇ ੧੬੧੬ ਬਿਃ ਵਿਚ ਕੜ ਚੁੱਟਾ ॥ ਏਸਦੀ ਬਾਬਤ ਤਵਾਰੀਖ ਖਾਲਸਾ ਵਾਲੇ ਨੇ ਇਸ ਪ੍ਰਕਾਰ ਲਿਖਿਆ ਹੈ ॥ "ਓਧਰ ਅਕਬਰ ਬਾਦਸ਼ਾਹ ਚਤੌੜਗੜ ਵਿਚ ਜੈਮਲ ਫੱਤੇ ਨਾਲ ਲੜ ਰਹਿਆ ਸੀ ਪਰ ਓਹ ਕਿਲਾ ਟੁਟਦਾ ਨਹੀਂ ਸੀ, ਭਾਹਰ ਬੇਗ ਖਾਂ ਨੇ ਬਾਦਸ਼ਾਹ ਪਾਸ ਅਰਜ਼ ਕੀਤੀ ਜੇਕਰ ਨਾਨਕ ਪੀਰਦੀ ਗੱਦੀਵਾਲੇ ਅਮਰਦਾਸ ਜੀਦੀ ਮੰਨਤ ਕਰੋ ਭਾਂ ਭਰੋਸਾ ਹੈ ਕਿ ਕਿਲਾ ਫਤੇ ਹੋਜਾਵੇਗਾ ॥ ਤੇ ਏਹੋ ਗੱਲ ਦੋਡ ਰਮੱਲ ਦੀਵਾਨ ਨੇ ਭੀ ਆਖੀ ਤਾਂ ਬਾਦਸ਼ਾਹ ਨੇ ਗੁਰੂ ਜੀ ਦੀ ਮੰਨਤ ਕਰਕੇ ਗੁਰੂ ਸਾਹਿਬ ਪਾਸ ਖ਼ਬਰ ਭੇਜ ਦਿੱਤੀ ॥ ਗੁਰੂ ਜੀ ਬੋਲੇ ਜਦ ਸਾਡੀ ਬਾਵਲੀ ਦਾ ਕੜ ਟੁਟੇਗਾ ਤਦੋਂ ਕਿਲਾ ਟੁਟੇਗਾ ॥ ਬਾਦਸ਼ਾਹ ਨੇ ਫੌਰਨ ਕਾਰੀਗਰ ਭੇਜਕੇ ਸੰਮਤ ੧੬੧੬ ਵਿਚ ਬਾਵਲੀ ਦਾ ਕੜ ਤੁੜਵਾ ਦਿੱਤਾ । ਓਸੇ ਵਕਤ ਚਤੌੜਗੜ ਫ਼ਤੇ ਹੋਗਿਆ ਬਾਦਸ਼ਾਹ ਬਹੁਤ ਖੁਸ਼ੀ ਹੋਯਾ ਤੇ ਬਹੁਤ ਕੁਛ ਨਜ਼ਰ ਭੇਟ ਦਿੱਤਾ ॥ ਫੇਰ ਜਦ ਬਾਦਸ਼ਾਹ ਲਾਹੌਰ ਵਲ ਆਯਾ ਤਾਂ ਗੋਇੰਦਵਾਲ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਪੰਜ ਸੌ ਮੋਹਰ ਭੇਟ ਕੀਤੀ ॥ ਜੋ ਹੜੀਆਂ ਅਸ਼ਰਫ਼ੀਆਂ ਬਾਦਸ਼ਾਹ ਗੁਰੂ ਸਾਹਿਬ ਨੂੰ ਦੇਗਿਆ ਸੀ ਓਹ ਸਭ ਗਰੀਬਾਂ ਕੰਗਾਲਾਂ ਨੂੰ ਓਸੇ ਵੇਲੇ ਵੰਡ ਦਿੱਤੀਆਂ" ॥

ਏਸੇ ਸਮੇਂ ਇਕ ਦਿਨ ਗੁਰੂ ਸਾਹਿਬ ਦੀਵਾਨ ਲੰਗਾਏ ਬੈਠੇ ਸੇ ਕਿ ਅਚਾਨਕ ਇੱਕ ਮਾਈ ਦੇ ਬ੍ਰਿਲਾਪ ਕਰਨ ਦੀ ਅਵਾਜ ਆਈ ਜਦ ਦਰੀਆਫ਼ਤ ਕੀਤਾ ਤਾਂ ਮਲੂਮ ਹੋਯਾ ਜੋ

CC-0. Gurukul Kangri University Haridwar Collection. Digitized by S3 Foundation USA

ਓਹ ਰੰਡੀ ਇਸਤ੍ਰੀ ਹੈ ਤੇ ਓਸਦਾ ਇੱਕੋ ਪੁਤ੍ਰਹੀ ਸੀ ਜੋ ਤੇਈਏ ਤਾਪ ਨਾਲ ਮਰ ਗਿਆ ਹੈ ਗੁਰੂਸਾਹਿਬਨੂੰ ਓਸਦਾ ਬ੍ਰਿਲਾਪ ਸੁਣਕੇ ਦਯਾ ਆਈ ਤੇ ਕਰਤਾਰ ਅੱਗੇ ਬੇਨਤੀ ਕੀਤੀ ਤਾਂ ਓਸਦਾ ਪੁਤ੍ਰ ਜੀਂਵਦਾ ਹੋਗਿਆ ਤੇ ਅੱਗੇਨੂੰ ਜਦ ਤਕ ਗੁਰੂ ਸਾਹਿਬਰਹੇ ਤਦਤਕ ਕੋਈ ਲੜਕਾ ਮਾਂ ਬਾਪ ਦੇ ਜੀਂਵਦਿਆਂ ਤੇਈਏ ਤਾਪ ਨਾਲ ਨਾ ਮੋਯਾ ਤੇ ਤੇਈਏ ਨੂੰ ਪਕੜਕੇ ਗੁਰੂ ਸਾਹਿਬ ਨੇ ਕੈਦ ਕਰ ਲਿਆ ॥

ਇਕਵਾਰੀ ਸਿੱਖਾਂ ਪੁਤ੍ਰਾਂ ਨੂੰ ਪਰਖਣ ਲਈ ਗੁਰੂਸਾਹਿਬਨੇਹੁਕ ਮਦਿੱਤਾਕਿਥੜ੍ਹੇਬਣਾਓ ਜਦ ਓਨਾਂ ਬਣਾਏ ਤਾਂ ਨਾਂ ਪਸੰਦ ਕਰਕੇ ਢਾਹ ਦਿੱਤੇ ਏਸੇਤਰਾਂ ਕਈ ਵਾਰੀ ਢਹਾਏ ਸਭ ਲੋਗ ਤੰਗ ਹੋਕੇ ਛੱਡ ਬੈਠੇ ਪਰੰਤੂ ਗੁਰੂ ਰਾਮਦਾਸ ਬਰਾਬਰ ੨੧ ਦਿਨ ਤਕ ਬੜੀ ਖੁਸ਼ੀ ਨਾਲ ਬਣਾਈਹੀ ਗਏ ॥ ਇਸ ਪ੍ਰਕਾਰ ਦੀ ਸੱਚੀਭਗਤੀ ਦੇਖਕੇ ਗੁਰੂ ਜੀ ਪ੍ਰਸੰਨਹੋਏ ਤੇ ਭਾਦ੍ਰੋਂ ਸੁਦੀ ੧੩ ਸੰਮਤ ੧੬੩੧ ਬਿਃ ਵਿੱਚ ਗੁਰਿਆਈ ਦੀ ਗੱਦੀ ਦਿੱਤੀ ॥

ਗੁਰੂਅਮਰਦਾਸਜੀ ਹਮੇਸ਼ਕਿੱਲੀਨੂੰ ਪਕੜਕੇ ਸਦਾ ਪਹਿਰ ਤਕ ਤਪੱਸਿਆ ਕਰਦੇ ਹੁੰਦੇ ਤੇ ਫੇਰ ਉਪਦੇਸ਼ਕਰਦੇ ॥ ਜੋਹੜੀਏਨਾਂਬਾਵਲੀ ਗੋਇੰਦਵਾਲਬਨਾਈ ਹੈ ਓਸਦੀਆਂ ਚੌਰਾਸੀ ਪੌੜੀਆਂ ਹਨ ਜਿੱਥੇ ਲੋਕ ਚੌਰਾਸੀ ਪਾਠ ਜਪਜੀ ਸਾਹਿਬਦੇਇਸ਼ਨਾਨਸਹਿਤਕਰਦੇ ਹਨ॥ ਏਹ ਗੁਰੂਸਾਹਿਬ ੩੧ ਬਰਸ ੩ ਮਹੀਨੇ੧੩ਦਿਨਗੁਰਿਆਈਕਰ੧੦ਪਬਰਸ੪ ਮਹੀਨੇ ਸਾਰੀ ਉਮਰ ਭੋਗਕੇ ਸੰਮਤ ੧੬੩੧ ਬਿਃ ਭਾਦ੍ਰੋਂ ਸੁਦੀ ਪੁੰਨਿਆਂ ਨੂੰ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਏ ॥ ੧੯੫ ॥

ਸ੍ਰੀਗੁਰੂ ਰਾਮਦਾਸ ਸਾਹਿਬ ਜੀ

ਪਾਤਸ਼ਾਹੀ ੪

ਏਹਗੁਰੂਸਾਹਿਬ ਸੰਮਤ ੧੫੯੧ ਬਿਃਕੱਤਕਵਦੀ੨ ਨੂੰਹਰਦਾਸਮੱਲਖੱਤ੍ਰੀਦੇਘਰ ਚੂਨੀ ਮੰਡੀ ਲਾਹੌਰ ਵਿੱਚ ਪ੍ਰਗਟੇ ੧੬੧੬ ਬਿਕ੍ਰਮੀ ਨੂੰ ਲਾਹੌਰ ਦੀ ਸੰਗਤ ਨਾਲ ਗੋਇੰਦਵਾਲ ਜਾਕੇ ਜਦ ਏਨ੍ਹਾਂਨੇਗੁਰੂ ਅਮਰਦਾਸ ਜੀ ਦੇ ਦਰਸ਼ਨ ਕੀਤੇ ਤਾਂ ਫੇਰ ਓਥੇ ਹੀ ਰਹੇ ॥

ਗੁਰੂ ਅਮਰਦਾਸਜੀਨੇਭੀ ਏਨਾਂਨੂੰ ਸਰਬ ਪ੍ਰਕਾਰ ਲਾਯਕ ਦੇਖਕੇ ਸੰਃ ੧੬੩੧ ਬਿਃਵਿਚ ਗੁਰਿਆਈ ਦਾ ਤਿਲਕ ਦੇ ਦਿੱਤਾ ॥ ਅਤੇਏਨਾਂਦੇਗੁਜ਼ਾਰੇਵਾਸਤੇ ਸੰਮਤ ੧੬੨੬ ਬਿਃ ਨੂੰ ਜ਼ਮੀਨ ਮੁਲ ਲੈਕੇ ਰਾਮਦਾਸਜੀਦੇਨਾਮਪਰਰਾਮਦਾਸਪੁਰਵਸਾਯਾਜੋਹੁਣ "ਅੰਮ੍ਰਿਤਸਰ" ਦੇ ਨਾਮ ਪਰ ਮਸ਼ਹੂਰਹੈ ॥

ਏਨਾਂ ਦੇ ਭਾਵੇਂ ਤਿੰਨ ਸਪੁੱਤ੍ਰ ਅਰਥਾਤ ਪ੍ਰਿਥੀਚੰਦ, ਮਹਾਂਦੇਵ ਜੀ, ਗੁਰੂ ਅਰਜਨ ਜੀ ਸੇ ਪਰੰਤੂ ਸਭਤੋਂ ਵਧਕੇ ਆਪਣੇਪਿਤਾਦੀ ਆਗਿਆਪਾਲਨ ਵਾਲੇ ਤੇ ਪਰਮੇਸ਼੍ਵਰ ਰੂਪ ਜਾਨਨ ਵਾਲੇ ਗੁਰੂ ਅਰਜਨ ਜੀ ਹੀ ਸੇ ਏਸੇ ਕਰਕੇ ਏਨਾਂ ਨੂੰ ਗੁਰਿਆਈ ਮਿਲੀ । ਗੁਰੂ ਅਰਜਨ ਜੀ ਗੁਰੂਰਾਮਦਾਸ ਜੀ ਦੇ ਪ੍ਰੇਮੀ ਤੇ ਆਗਜਾਕਾਰੀ ਐਸੇ ਬਣੇ ਰਹੇ ਜੋ

CC-0. Gurukul Kangri University Haridwar Collection. Digitized by S3 Foundation USA

ਇਕਵਾਰੀ ਗੁਰੂ ਰਾਮਦਾਸ ਜੀ ਨੇ ਆਪਣੇ ਭਾਈ ਸਹਾਰੀ ਮੱਲ ਦੇ ਬੇਟੇ ਦੀ ਸ਼ਾਦੀ ਵਿਚ ਗੁਰੂ ਅਰਜਨਜੀ ਨੂੰ ਲਾਹੌਰ ਭੇਜਨ ਦੇ ਵਕਤ ਆਖਿਆ ਸਾਡੇ ਬੁਲਾਏ ਬਿਨਾਂ ਤੁਸਾਂ ਨਹੀਂ ਆਉਣਾ ॥ ਗੁਰੂਅਰਜਨਜੀ ਹੁਕਮਦੇ ਬੱਧੇਹੋਏ ਬਰਸ ਰੋਜ਼ ਲਾਹੌਰ ਬੈਠੇਰਹੇ ॥ ਭਾਵੇਂ ਏਹ ਬਰਸ ਉਨ੍ਹਾਂ ਨੇ ਸੌ ਬਰਸ ਜੈਸਾ ਕੱਟਿਆ ਪਰ ਹੁਕਮਨਾ ਮੋੜਿਆ ॥ ਓੜਕ ਗੁਰੂ ਅਰਜਨ ਜੀ ਨੇ ਇਕ ਚਿੱਠੀ ਲਿਖਾ ਯਥਾ (ਮਾਝ ਮਃ ੫ ॥ ਮੇਰਾ ਮਨਲੋਚੈ ਗੁਰ ਦਰਸਨ ਭਾਈ॥ ਬਿਲਪ ਕਰੇ ਚਾਤ੍ਰਿਕ ਕੀ ਨਜਾਈ ॥ ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨ ਦਰਸਨ ਸੰਤ ਪਿਆਰੇ ਜੀਉ॥ ੧ ॥ ਹਉ ਘੋਲੀ ਜੀਉ ਘੋਲ ਘੁਮਾਈ ਗੁਰਦਰਸਨ ਸੰਤ ਪਿਆਰੇ ਜੀਉ ॥ ੧ ॥ ਰਹਾਉ) ਏਹ ਅਰਦਾਸ ਲਿਖ ਕੇ ਲਾਹੌਰੀ ਸਿੱਖ ਦੇ ਹੱਥ ਜਦ ਗੁਰੂ ਜੀ ਦੀ ਤਰਫ਼ ਭੇਜੀ ਤਾਂ ਪ੍ਰਿਥੀਚੰਦ ਨੇ ਓਸਤੋਂ ਲੈਕੇ ਪੜ੍ਹੀ ਤੇ ਪੜ੍ਹਕੇ ਸੋਚਿਆ ਜੇਕਰ ਏਹ ਚਿੱਠੀ ਗੁਰਾਂ ਨੂੰ ਦਿਖਾਈ ਤਾਂ ਅਰਜਨ ਨੂੰ ਬੁਲਾਕੇ ਗੱਦੀ ਨਸ਼ੀਨ ਕਰਦੇਣਗੇ॥ ਏਹ ਸੋਚਕੇ ਦੋ ਘੜੀ ਪਿੱਛੋਂ ਓਸ ਸਿੱਖ ਨੂੰ ਪ੍ਰਸਾਦ ਛੱਕਾਕੇ ਆਖਿਆ ਚਿੱਠੀ ਪੜ੍ਹਕੇ ਸਾਹਿਬਾਂ ਨੇ ਕੁਛ ਉਤਰ ਨਹੀਂ ਦਿੱਤਾ ਤੂੰ ਏਹੋ ਸੰਦੇਸਾ ਜਾ ਦੇਹ। ਸਿੱਖ ਨੇ ਏਸੇ ਤਰ੍ਹਾਂ ਆਨ ਆਖਿਆ ॥ ਗੁਰੂ ਅਰਜਨਜੀ ਨੇ ੨੦ ਦਿਨ ਉਡੀਕ ਕੇ ਫਿਰ ਦੂਸਰੀ ਚਿੱਠੀ ਲਿਖੀ ਯਥਾ (ਤੇਰਾ ਮੁਖ ਸੁਹਾਵਾ ਜੀਉ ਸਹਜ ਧੁਨਿ ਬਾਣੀ ॥ ਚਿਰ ਹੋਆ ਦੇਖੇ ਸਾਰਿੰਗਪਾਣੀ ॥ ਧੰਨ ਸੁ ਦੇਸ ਜਹਾ ਤੂੰ ਵਸਿਆ ਮੇਰੇ ਸਜਣ ਮੀਤ ਮੁਰਾਰੇ ਜੀਉ॥੨॥ ਹਉ ਘੋਲੀ ਜੀਉ ਘੋਲ ਘੁਮਾਈ ਗੁਰ ਸਜਣ ਮੀਤ ਮੁਰਾਰੇ ਜੀਉ॥ ੧॥ ਰਹਾਉ) ਜਦ ਏਹ ਚਿੱਠੀ ਲੈਕੇ ਸਿਖ ਗੁਰੂ ਚੱਕ (ਅੰਮ੍ਰਿਤਸਰ) ਆਯਾ ਤਾਂ ਪ੍ਰਿਥੀਚੰਦ ਨੇ ਓਸੇ ਤਰਾਂ ਲੈਕੇ ਓਹੋ ਉਤ੍ਰ ਦੇ ਭੇਜਿਆ॥ ਗੁਰੂ ਅਰਜਨ ਦੇਵਜੀ ਨੇ ੧ ਮਹੀਨਾ ਉਡੀਕ ਕੇ ਫੇਰ ਏਹ ਤੀਸਰੀ ਚਿੱਠੀ ਲਿਖੀ ਯਥਾ (ਇਕ ਘੜੀ ਨ ਮਿਲਤੇ ਤਾਂ ਕਲਜੁਗ ਹੋਤਾ ॥ ਹੁਣ ਕਦ ਮਿਲੀਐ ਪ੍ਰਿਅ ਤੁਧ ਭਗਵੰਤਾ॥ ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨ ਦੇਖੇ ਗੁਰ ਦਰਬਾਰੇ ਜੀਉ॥੩॥ ਹਉ ਘੋਲੀ ਜੀਉ ਘੋਲ ਘੁਮਾਈ ਤਿਸ ਸਚੇ ਗੁਰ ਦਰਬਾਰੇ ਜੀਉ॥ ੧॥ ਰਹਾਉ) ਏਹ ਅਰਦਾਸ ਦੇਕੇ ਸਿਖ ਨੂੰ ਆਖਿਆ ਕਿ ਏਹ ਗੁਰੂਜੀ ਦੇ ਹੱਥ ਦੇਣੀ ॥ ਸਿੱਖ ਨੇ ਓਸੇ ਤਰ੍ਹਾਂ ਕੀਤਾ ਤੇ ਚਿੱਠੀ ਗੁਰੂ ਰਾਮਦਾਸਜੀ ਦੇ ਹੱਥ ਜਾ ਦਿੱਤੀ॥ ਗੁਰੂਜੀਨੇ ਚਿੱਠੀ ਪੜ੍ਹ ਤੀਸਰਾ ਅੰਕ ਦੇਖਕੇ ਪ੍ਰਿਥੀਚੰਦ ਪਾਸੋਂ ਪੁਛਿਆ ਤਾਂ ਓਸਨੇ ਆਖਿਆ ਮੇਰੇ ਪਾਸ ਕੋਈ ਚਿੱਠੀ ਅਰਜਨ ਜੀ ਦੀ ਨਹੀਂ ਆਈ ॥ ਫੇਰ ਗੁਰੂਜੀ ਨੇ ਆਖਿਆ ਜੇਹੜੇ ਤਾਂ ਦੇ ਦੇਹ ॥ ਤਾਂ ਓਹ ਕੋਪ ਹੋਕੇ ਬੋਲਿਆ ਕਿਆ ਕੋਈ ਹੁੰਡੀ ਸੀ ਜੋ ਮੈਂ ਮੁਕਰਦਾ ਹਾਂ? ਗੁਰੂਜੀ ਨੇ ਲਾਹੌਰੀ ਸਿੱਖ ਨੂੰ ਸਾਮ੍ਹਣੇ ਕੀਤਾ ਫੇਰਭੀ ਨਾ ਮੰਨਿਆ ਤੇ ਆਖਿਆ ਮੈਨੂੰ ਤੁਹਮਤ ਲਉਂਦੇ ਹੋ॥ ਤੁਸੀ ਓਸਨੂੰ ਰੁੰਗਿਆਈ ਦੇਣ ਵਾਸਤੇ ਮਨੂੰ ਝੂਠਾ ਇਲਜ਼ਾਮ ਦੇਕੇ ਅਨਿਆਇ ਕਰਨਾ ਚਾਹੁੰਦੇ ਹੋ ਤੁਸੀਂ ਉਸ ਨੂੰ ਗੁਰਿਆਈ ਦੇਉ ਦੇਖੋ ਫੇਰ ਮੈਂ ਕੈਸਾ ਸੁਖ ਪਾਉਨ ਦੇਵਾਂਗਾ ॥ ਏਹੋ ਜੇਹੇ ਰਾਗ ਦ੍ਵੈਖ ਦੇ ਬਚਨ ਸੁਣਕੇ ਗੁਰੂਜੀਨੇ ਓਸਦੀ ਭਲਾਈ ਲਈ ਤਾਂ ਦੋਵੇਂ ਚਿੱਠੀਆਂ ਜੇਬ ਵਿੱਚੋਂ ਨਿਕਲ ਪਈਆਂ

CC-0. Gurukul Kangri University Haridwar Collection. Digitized by S3 Foundation USA

ਪ੍ਰਿਥੀਚੰਦ ਤਾਂ ਸ਼ਰਮਿੰਦਾ ਹੋਕੇ ਬਹੁਤ ਅਜੋਗ ਬੋਲਦਾ ਹੋਯਾ ਘਰਨੂੰ ਚਲਾਗਿਆ ਤੇ ਗੁਰੂ ਜੀਨੇ ਅਰਜਨ ਦੇਵ ਜੀ ਨੂੰ ਲਾਹੌਰੋਂ ਬੁਲਾਇ ਆਖਿਆ ਏਸ ਸ਼ਬਦ ਨੂੰ ਪੂਰਾ ਕਰੋ ਤਦ ਗੁਰੂ ਅਰਜਨ ਦੇਵਜੀ ਨ ਦੌਥਾ ਪਦ ਉਚਾਰਿਆ ਯਥਾ (ਭਾਗ ਹੋਯਾ ਗੁਰ ਸੰਤ ਮਿਲਾਇਆ ॥ ਪ੍ਰਭ ਅਬਿਨਾਸੀ ਘਰ ਮਹਿ ਪਾਇਆ॥ ਸੇਵ ਕਰੀ ਪਲ ਚਸਾ ਨ ਵਿਛੁੜਾ ਜਨਨਾਨਕਦਾਸ ਤੁਮਾਰੇ ਜੀਉ॥੪॥ਹਉ ਘੋਲੀ ਜੀਉ ਘੋਲ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ॥੧॥ਰਹਾਉ॥) ਏਹ ਸ਼ਬਦ ਸੁਣਕੇ ਸ੍ਰੀ ਗੁਰੂਰਾਮਦਾਸਜੀ ਬਹੁਤ ਖੁਸ਼ਹੋਏ ਤੇ ੨੧ ਭਾਦ੍ਰੋਂ ਸੁਦੀ ੨ ਸੰਃ ੧੬੩੭ ਬਿਃ ਨੂੰ ਮੁਕਾਮ ਅੰਮ੍ਰਿਤਸਰ ਦਰਬਾਰ ਵਿਚ ਸਭਾ ਕਰਕੇ ਮਰਯਾਦਾ ਸਹਿਤ ਆਪਣੀ ਜਗਾ ਜਗਤਗੁਰੂ. ਗੁਰੂ ਅਰਜਨਦੇਵ ਜੀ ਨੂੰ ਕਾਯਮ ਕਰ ਦਿੱਤਾ ਤੇ ਆਪ ਸੱਚ ਖੰਡ ਨੂੰ ਗਏ ॥

ਏਹ ਗੁਰੂ ਸੰਃ ੨੫੯੧ ਬਿਃ ਕੱਤਕ ਵਦੀ ੨ ਨੂੰ ਪ੍ਰਗਟ ਹੋਏ ਤੇ ੯ ਬਰਸ ਯਾਰਾਂ ਮਹੀਨੇ ੧੬ ਦਿਨ ਗੁਰਿਆਈ ਕਰਕੇ ੪੯ ਬਰਸ ੧੦ ਮਹੀਨੇ ੧੬ ਦਿਨ ਕੁਲ ਉਮਰ ਭੋਗ,ਭਾਦ੍ਰੋਂ ਸੁਦੀ ੬ ਸੰਃ ੧੬੬੮ ਬਿਃ ਨੂੰ ਗੋਇੰਦਵਾਲ ਵਿਖੇ ਜੋਤੀ ਜੋਤ ਸਮਾਇ॥੧੮੬॥

ਸ੍ਰੀ ਗੁਰੂ ਅਰਜਨ ਦੇਵ ਜੀ

ਪਾਤਸ਼ਾਹੀ ੫

ਇਹ ਗੁਰੂ ਸਾਹਿਬ ਵਿਸਾਖ ਵਦੀ ੭ ਸੰਮਤ ੧੬੨੦ ਬਿਃ ਨੂੰ ਗੋਇੰਦਵਾਲ ਵਿਖੇ ਗੁਰੂਰਾਮਦਾਸਜੀ ਦੇ ਘਰ ਪੈਦਾ ਹੋਏ ਏਨਾਂਨੇ ਬਹੁਤ ਬੜੇਬੜੇ ਕੰਮ ਕੀਤੇ ਖੂਹੇ ਤਾਲਾਬ ਬਹੁਤ ਬਣਵਾਏ ਤੇ ਗੁਰੂ ਗ੍ਰੰਥ ਸਾਹਿਬ ਜੀ ਇਕਤ੍ਰ ਕੀਤਾ ਅਤੇ ਆਪ ਬਹੁਤ ਸਾਰੀ ਬਾਣੀ ਸ਼ਾਂਤੀ ਦਾਯਕ ਉਚਰੀ ॥ ੧੬੪੧ ਬਿਃਨੂੰ ਗੁਰੂ ਸਾਹਿਬ ਨੇ ਤਾਲਾਬ ਸੰਤੋਖਸਰ (ਅੰਮ੍ਰਿਤਸਰ)ਦੇ ਬਣਾਉਣ ਦਾ ਆਰੰਭ ਕੀਤਾ ਜੋ ਚਾਰ ਬਰਸ ਵਿਚ ਖਤਮ ਹੋਯਾ ਫੇਰ ੧ਮਾਘ ਸੰਮਤ ੧੬੪੫ ਬਿਃ ਨੂੰ ਸ੍ਰੀਦਰਬਾਰਸਾਹਿਬ ਅੰਮ੍ਰਿਤਸਰ ਦੀ ਨੀਉਂ ਰਖੀ ਪਰ ੧੭੧੭ ਬਿਃਨੂੰਅਹਿਮਦਸ਼ਾਹ ਦੁਰਾਨੀ ਏਸ ਮੰਦਰ ਨੂੰ ਬਾਰੂਦ ਨਾਲ ਉਡਾ ਗਿਆ ਸੀ ਜਿਸ ਕਰਕੇ ੧੧ ਬੈਸਾਖ ਸੰਮਤ ੧੫੨੧ ਬਿਃ ਨੂੰ ਫੇਰ ਬੁਢੇ ਦਲ ਅਰਥਾਤ ਖ਼ਾਲਸੇ ਜੀ ਦੇ ਪਹਿਲੇ ਟੋਲੇ ਨੇ ਨੀਉਂ ਰੱਖੀ ॥

ਸੰਮਤ ੧੬੪੭ ਬਿਃ ਨੂੰ ਜ਼ਮੀਨ ਖਰੀਦ ਕੇ ਤਰਨ ਤਾਰਨ ਬਨਾਯਾ ਤੇ ੧੬੫੧ ਬਿਃ ਨੂੰ ਕਸਬਾ ਕਰਤਾਰਪੁਰ ਬਸਾਯਾ ਤੇ ਏਸੇ ਸਾਲ ਡੱਬੀ ਬਜ਼ਾਰ ਲਾਹੌਰ ਵਾਲੀ ਬਾਉਲੀ ਬਣਵਾਈ ॥ ਏਸਦੇ ਬਾਦ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੀ ਦੀ ਕਾਰ ਕਢਾਈ ਜਿਥੋਂ ਵਜ਼ੀਰਖਾਨ ਨਾਇਬ ਵਜ਼ੀਰਦਾ ਜਲੋਧਰ ਹੱਟਿਆ ॥

ਇਸਦੀ ਬਾਬਤ ਇਸਪ੍ਰਕਾਰ ਲਿਖਿਆ ਹੈ ਕਿ ਜਬ ਗੁਰੂ ਸਾਹਿਬ ਕਾਰ ਕਢਾ ਰਹੇ ਸਨ ਤਾਂ ਬਾਬਾਬੁਢਾਜੀ ਆਦਿਕ ਸਿਰਪਰਟੋਕਰੀਆਂ ਚੁਕਕੇ ਕਾਰਕੱਢਦੇਸੇ ਜੋ ਵਜ਼ੀਰਖਾ

CC-0. Gurukul Kangri University Haridwar Collection. Digitized by

ਨਾਇਬ ਵਜ਼ੀਰ ਜਿਸ ਨੂੰ ਜਲੋਧਰ ਦੀ ਬੀਮਾਰੀ ਹੋਈ ਹੋਈ ਸੀ ਓਹ ਗੁਰੂ ਸਾਹਿਬ ਦੀ ਸ਼ਰਨ ਆਕੇ ਪ੍ਰਾਰਥਨਾ ਕਰਨ ਲੱਗਾ ਕਿ ਮੇਰੇ ਪਰ ਕ੍ਰਿਪਾ ਕਰੋ ॥ ਤਦ ਗੁਰੂ ਸਾਹਿਬ ਨੇ ਬਾਬੇ ਬੁੱਢੇ ਜੀ ਨੂੰ ਆਖਿਆ ਬਾਬਾਜੀ ਏਹਕੀ ਆਖਦਾ ਹੈ ਜਦ ਫੇਰ ਦੁਬਾਰਾ ਗੁਰੂਜੀ ਨੇ ਆਖਿਆ ਭਾਂਬਾਬੇ ਬੁਢੇਜੀ ਨੇ (ਜੋ ਓਸਵੇਲੇ ਸੁਖਮਨੀ ਪੜ੍ਹਦੇ ਸੇ) ਭਰੀ ਹੋਈ ਟੋਕਰੀ ਗਾਰੇ ਦੀ ਓਸਦੀ ਗੋਗੜ ਪਰ ਮਾਰੀ ਜਿਸ ਕਰਕੇ ਓਸਦਾ ਢਿੱਡ ਛੁਟਗਿਆ ਤੇ ਬਿਲਕੁਲਰਾਜੀ ਹੋਗਿਆ ॥ ਤਦ ਓਹ ਇਕ ਸਿੱਖ ਸੁਖਮਨੀ ਪੜ੍ਹਨੇ ਵਾਲਾ ਗੁਰੂ ਸਾਹਿਬ ਤੋਂ ਮੰਗਕੇ ਲੈ ਗਿਆ ਤੇ ਰੋਜ਼ ਸੁਖਮਨੀ ਦਾ ਪਾਠ ਸੁਣਕੇ ੧੫)ਦਾ ਕੜਾਹਪ੍ਰਸਾਦ ਕਰਾਉਂਦਾ ਰਿਹਾ॥

ਫੇਰ ਅੰਮ੍ਰਿਤਸਰ ਰਾਮਸਰ ਤਲਾਉ ਦੇ ਕਿਨਾਰੇ ਬੈਠਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਬੱਧੀ, ਅਰਥਾਤ ਪਿਛਲੇਚੌਹਾਂਗੁਰੂਆਂਦੀ ਬਾਣੀ ਇਕਤ੍ਰ ਕਰਕੇ ਮਰਯਾਦਾ ਅਨੁਸਾਰ ਰੱਖੀ ਤੇ ਆਪਭੀ ਬਾਣੀ ਉਚਰੀਏ ਏਹਕਾਰਜ ੨ ਸਾਲ ਵਿਚ ਸੰਮਤ੧੬੬੧ ਬਿਃ ਤਕ ਸੰਪੂਰਣ ਕੀਤਾ ॥ ਏਹ ਬਾਣੀ ਕੈਸੀ ਹੈ ਜਿਸ ਪਰ ਇਕ ਮਹਾਤਮਾ ਦਾ ਇਹ ਕਬਿੱਤਹੈ॥ ਕਬਿੱਤ॥ਤੇਜ ਭਰੀ ਸ਼ਾਂਤ ਭਰੀ ਵੇਦ ਗੁਨੀ ਕਾਂਤਿ ਭਰੀ ਆਛੀ ਬਹੁ ਭਾਂਤਿ ਭਰੀਗਿਆਨਕੇ ਸਮਾਜਕੀ ॥ ਈਹਾ ਗੁਣਾਵਾਦ ਭਰੀ ਸ਼ਕਤਿ ਅਹਿਲਾਦ ਭਰੀ ਅੰਮ੍ਰਿਤ ਸੋਂ ਸ੍ਵਾਦ ਭਰੀ ਫੱਛਕ ਹੈ ਲਾਜਕੀ ॥ ਓਜ ਭਰੀ ਸ਼ਕਤਿ ਭਰੀ ਭਾਉ ਭਰੀ ਭਕਤਿ ਭਰੀ ਭਾਰੀ ਅਨੁਰੱਕਤਿ ਭਰੀ ਧੁੰਸਨੀ ਕੁਪਾਜ ਕੀ॥ ਰਾਗ ਭਰੀ ਯੋਗਭਰੀ ਭਾਗਭਰੀ ਭੋਗਭਰੀ ਪੁੰਨਸੋਂ ਪ੍ਰਯੋਗਬਾਨੀ ਗ੍ਰੰਥ ਮਹਾਰਾਜਕੀ॥

ਗੁਰੂ ਅਰਜਨ ਸਾਹਿਬ ਜੀ ਦੀ ਨਿੰਮ੍ਰਤਾ

ਸੰਮਤ ੧੬੫੫ ਬਿਃ ਨੂੰ ਜਦ ਬਾਰਠ ਪਿੰਡ ਵਿਚ ਸ੍ਰੀਚੰਦ ਜੀ ਦੇ ਦਰਸ਼ਨ ਜਾ ਕੀਤੇ ਤਾਂ ਏਨ੍ਹਾਂਨੇ ਆਪਣੇਵੱਡੇ ਗੁਰੂਸਾਹਿਬਾਂ ਦਾ ਪੁਤ੍ਰ ਸਮਝਕੇ ਸ੍ਰੀਚੰਦਜੀ ਦੇ ਅਗੇ ਭੇਟਾ ਰੱਖੀ ॥ ਤਦ ਸ੍ਰੀਚੰਦਜੀਨੇ ਆਖਿਆ ਕਿ ਤੁਸਾਂ ਐਡੀ ਲੰਮੀ ੨ ਦਾੜ੍ਹੀ ਕਿਉਂਵਧਾਈਹੈ? ਤਾਂ ਸ੍ਰੀਗੁਰੂਜੀਨੇ ਨਿੰਮ੍ਰਤਾ ਸਹਿਤ ਆਖਿਆ ਕਿ ਮਹਾਰਾਜ ਆਪਦੇ ਚਰਨ ਝਾੜਨ ਵਾਸਤੇ

ਧੀਰਜ ਤੇ ਪ੍ਰਤੱਗਯਾ ਪਾਲਨ

ਚੰਦੂਸ਼ਾਹੀ ਦੀਵਾਨ ਜੋ ਦਿੱਲੀਵਿੱਚ ਰਹਿੰਦਾਸੀ ਜਦ ਓਸਦੀ ਲੜਕੀਦਾਨਾਤਾ ਲੈਣੋਂ ਸਿੱਖਾਂ ਦੇ ਕਹੇ ਅਨੁਸਾਰ ਗੁਰੂ ਸਾਹਿਬਾਂ ਨੇ ਇਨਕਾਰ ਕੀਤਾ ਤਦ ਓਸਨੇ ਹਜ਼ਾਰ ਪ੍ਰਕਾਰਦੇ ਫ਼ਰੇਬਧੋਖੇ ਤੇ ਡਰ ਗੁਰੂ ਸਾਹਿਬ ਨੂੰ ਦਿਤੇ ਅਤੇ ਬਾਦਸ਼ਾਹ ਤੋਂ ਦਿਵਾਏ ਪਰੰਤੂ ਜੋ ਸੱਤ ਪੁਰਖ ਹੁੰਦੇ ਹਨ ਓਹ ਕਦੇ ਬਚਨ ਨਹੀਂ ਪਲਟ ਚਾਹੇ ਆਪਣੀ ਜਾਨ ਚਲੀ ਜਾਵੇ ॥ ਗੁਰੂ ਸਾਹਿਬ ਨੇ ਭੀ ਦੇਹ ਤਿਆਗ ਦਿੱਤੀ ਪਰ ਬਚਨ ਨਹੀਂ ਤਿਆਗਿਆ ਜੋਦੁਖ ਚੰਦੂ ਦੁਸ਼ਟਨੇ ਗੁਰੂਸਾਹਿਬਾਂਨੂੰ ਦਿੱਤੇ ਓਨਾਂਦਾ ਵਰਨਨ ਹੋਨਾ ਮੁਸ਼ਕਿਲ ਹੈ ॥

CC-0. Gurukul Kangri University Haridwar Collection. Digitized by S3 Foundation USA

ਲਿਖਿਆ ਹੈ ਕਿ ਚੰਦੂ ਦੁਸ਼ਟ ਸੇਵਾ ਕਰਨ ਦੇ ਬਹਾਨੇ ਗੁਰੂ ਸਾਹਿਬ ਨੂੰ ਆਪਣੇ ਘਰ ਲੈਗਿਆ ਤੇ ਓਥੇ ਜਾਕੇ ਆਪਣਾ ਜ਼ੋਰ ਜਣਾਕੇ ਆਖਿਆਕਿ ਜੇਕਰ ਮੇਰਾ ਨਾਤਾ ਨਾ ਲਓਗੇ ਤਾਂ ਮੈਂ ਤੁਹਾਨੂੰ ਕਸ਼ਟ ਦੇਵਾਂਗਾ ਗੁਰੂ ਸਾਹਿਬ ਨੇ ਫੁਰਮਾਯਾ "ਸਿੰਘਸਪਰਸ਼ ਸਪੁਰਸ਼ ਬਚ ਕੇਲੇ ਫਲ ਇਕਵਾਰ ॥ ਤ੍ਰਿਯਾ ਤੇਲ ਹਮੀਰ ਹਠ ਚਢਤ ਨ ਦੂਜੀ ਵਾਰ" ਪੁਨਹਗੁਰੂ ਗ੍ਰੰਥਸਾਹਿਬਜੀਵਿਚਲਿਖਿਆਹੈ (ਨਿਸਬਾਸਰ ਨਖਜਤ੍ਰ ਬਿਨਾਸੀ ਰਵਿਸਸੀ ਅਰ ਬੇਨਾਧਾ ॥ ਗਿਰ ਬਸੁਧਾ ਜਲਪਵਨ ਜਾਇਗੋ ਇਕਸਾਧ ਬਚਨ ਅਟਲਾਧਾ॥ ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ ॥ ਚਾਰ ਬਿਨਾਸੀਖਟਹਿਬਿਨਾਸੀਇਕ ਸਾਧ ਬਚਨ ਨਿਹਚਲਾਧਾ) ॥ ਇਹ ਬਚਨਸੁਣਕੇ ਚੰਦੂਦੁਸ਼ਟਨੇ ਅਨੇਕ ਪ੍ਰਕਾਰਦੇ ਦੁਖ ਦੇਣੇ ਅਰੰਭ ਕੀਤੇ ਤੱਤੀ ਰੇਤ ਦੇ ਕੜਛੇ ਭਰਭਰਕੇ ਗੁਰੂਸਾਹਿਬਜੀਦੇਬਦਨਉਪਰਪਾਏ ਅਤੇ ਤਵੇਹੇਠਾਂ ਅੱਗਬਾਲਕੇ ਉੱਪਰ ਓਨਾਂ ਨੂੰ ਬਿਠਾਯਾ ਤੇ ਹੋਰਅਨੇਕ ਉਪੱਦਰ ਕੀਤੇ ਜੋ ਮੇਰੇ ਹੱਥੋਂ ਲਿਖੇਨਹੀਂ ਜਾਂਦੇ ਓੜਕਜਦਓਂਸਦੁਸ਼ਟ ਨੇ ਏਹ ਸਲਾਹ ਠਾਣਲਈਕਿ ਕੱਲ ਨੂੰ ਗਊਦੇ ਕੱਚੇ ਚਮੜੇਵਿਚ ਸੀਉਂ ਦਿਤਾਜਾਊ॥ਭਾਂਏਹ ਬਾਤ ਦੇਖ ਗੁਰੂਜੀ ਹਿੰਦੂ ਧਰਮਨੂੰ ਕਾਯਮਰੱਖਨਲਈ ਵਡੇ ਸਵੇਰੇਓਥੋਂਉਠੇ ਅਤੇ ਦਰੀਆ ਰਾਵੀਦੇ ਕਿਨਾਰੇ ਲਾਹੌਰ ਸ਼ਹਿਰ ਜਿਥੇ ਹੁਣ ਗੁਰਦ੍ਵਾਰਾ ਡੇਹਰਾ ਸਾਹਿਬ ਹੈ ਛਡੇ ਧੀਰਜ ਪੂਰਬਕ ਦੇਹ ਤਿਆਗ ਕੀਤਾ ॥ ਏਸ ਭਾਣਾ ਵਰਤਾਵਨ ਤੋਂ ਕੁਛ ਦਿਨ ਪਹਿਲੋਂ ਗੁਰੂ ਸਾਹਿਬਨੇ ਆਮ ਦਰਬਾਰ ਕਰਕੇ ਅੰਮ੍ਰਿਤਸਰਜੀ ਵਿਚ ਆਪਨੇ ਪੁਤ੍ਰ ਗੁਰੂ ਹਰਗੋਬਿੰਦਜੀ ਨੂੰ ਸਰਬਪ੍ਰਕਾਰ ਲਾਯਕ ਸਮਝ ਕੇ ਗੁਰਿਆਈ ਦੀ ਗੱਦੀਦੇ ਮਾਲਕ ਹੋਣ ਲਈ ਪ੍ਰਗਟ ਕਰ ਦਿੱਤਾ ਸੀ॥ ਏਹਗੁਰੂਸਾਹਿਬ ੧੭ ਬਰਸ ੪ ਮਹੀਨੇ ਦੀ ਉਮਰ ਵਿੱਚ ਤਖ਼ਤ ਪਰ ਬੈਠੇ ੨੫ ਬਰਸ ੯ ਮਹੀਨੇ ਗੁਰਿਆਈ ਕਰ ੪੩ ਬਰਸ੧ਮਹੀਨਾ ਉਮਰ ਭੋਗ ਕੇ ਜੇਠ ਸੁਦੀ ੪ ਸੰਮਤ੧੬੬੩ ਬਿਃ ਨੂੰ ਲਾਹੌਰ ਵਿੱਚ ਪ੍ਰਲੋਕ ਪਧਾਰੇ॥

ਸ੍ਰੀਗੁਰੂ ਹਰਗੋਬਿੰਦ ਸਾਹਿਬ ਜੀ ਪਾਤਸ਼ਾਹੀ ੬

ਇਨਾਂ ਗੁ੍ ਸਾਹਿਬਾਂ ਦਾ ਹਾਲ ਮੈਂ ਏਥੇ ਕੁਛਨਹੀਂ ਲਿਖਾਂਗਾ ਕਜੋਂਕੇ ਜੇਕਰ ਏਨਾਂਦਾ ਹਾਲ ਥੋੜਾ ਜਿਹਾਭੀ ਲਿਖਿਆ ਜਾਏ ਤਾਂ ਬਹੁਤ ਸਾਰਾ ਪੁਸਤਕ ਵਧ ਜਾਂਦਾਹੈ ਏਸਲਈ ਕੇਵਲ ਇਤਨਾ ਹੀ ਲਿਖਕੇ ਬੱਸ ਕਰਦਾ ਹਾਂ ਕਿ ਏਹ ਗੁਰੂ ਸਾਹਿਬ ਹਾੜ ਵਦੀ ੧ ਸੰਮਤ ੧੬੫੨ ਬਿਃ ਨੂੰ ਵਡਾਲੀ ਪਿੰਡ ਪ੍ਰਗਨਾ ਅੰਮ੍ਰਿਤਸਰਜੀ ਵਿਖੇ ਸ੍ਰੀ ਗੁਰੂ ਅਰਜਨ ਦੇਵਜੀ ਦੇ ਘਰ ਪ੍ਰਗਟ ਹੋਏ ਤੇ ਵੈਸਾਖ ਵਦੀ੭ ਸੰਮਤ੧੬੬੨ ਬਿਃਨੂੰ ਗੁਰਿਆਈ ਦੀ ਗੱਦੀ ਪਰ ਬਿਰਾਜੇ॥ਏਨਾਂਨੇ ਗੁਰਿਆਈਦੇ ਵਕਤਹੀ ਦੋਤਲਵਾਰਾਂ ਪਹਿਨੀਆਂ ਤੇਸੇਹਲ ਟੋਪੀਨੂੰ ਮੱਥਾਟੇਕਿਆ ਏਨਾਂਨੇਭਮ ਜੰਗੀਸਮਾਨ ਪੈਦਾਕੀਤੇਅਤੇਮੁਲਕਤੇਆਪਣੇਹਿੰਦੂ ਸਿੱਖਾਂ ਵਿੱਚ ਬਹਾਦਰੀ ਭਰ ਦਿੱਤੀ ਫੇਰ ਏਨਾਂ ਨੇ ਬਹੁਤ ਸਾਰੇ ਜੰਗ ਕੀਤੇ ਅਤੇ ਜ਼ਾਲਮ

CC-0. Gurukul Kangri University Haridwar Collection. Digitized by S3 Foundation USA

ਫੌਜ ਨਾਲ ਧੜੇਬੰਦੀ ਰਖੀ ਅਤੇ ਅਕਾਲਬੁੰਗਾ ਬਣਵਾਯਾ॥ ਸਿਧਾਂਤ ਏਹ ਕਿ ਏਨਾਂ ਨੇ ਇਕ ਰੂਹ ਪਲਟ ਦਿਤੀ ਤੇ ਧਰਮ ਦੇ ਰਖਨ ਵਾਸਤੇ ਲੋਕਾਂ ਨੂੰ ਤਤਪਰ ਕਰ ਲਿਅ ਏਹ ਭੀ ਗਲ ਏਨਾਂਦੀ ਯਾਦ ਰਖਣ ਵਾਲੀ ਹੈ ਕਿ ਲੋਹਗੜ ਦੇ ਜੰਗ ਵਿਚ ਏਨਾਂ ਨੇ ਲਕੜੀ ਦੀਆਂ ਤੋਪਾਂ ਬਣਵਾਕੇ ਕੰਮ ਲਿਆਸੀ ਹੋਰ ਅਨੇਕ ਅਦਭੁਤ ਕੰਮ ਕੀਤੇ ਜੋ ਏਥੇ ਲਿਖਣ ਦੀ ਜਗਾ ਨਹੀਂ ॥

ਏਹ ਗੁਰੂ ਸਾਹਿਬ ੧੧ ਬਰਸ ਦੀਉਮਰਵਿਚਗੱਦੀਪਰ ਬੈਠੇ ਸੇ ੩੭ ਬਰਸ ੧੦ ਮਹੀਨੇ ਗੁਰਿਆਈ ਕਰ ੪੯ ਬਰਸ ੯ ਮਹੀਨੇ ਦੀ ਉਮਰ ਵਿੱਚ ਚੇਤਸੁਦੀ ੫ ਸੰਮਤ ੧੭੯੫ ਬਿਃ ਨੂੰ ਕੀਰਤਪੁਰ ਵਿਚ ਦੇਹ ਤਜਾਗ ਗਏ॥ ਅਤੇ ਏਸਤੋਂ ਪਹਿਲਾਂ ਸਰਬ ਪ੍ਰਕਾਰ ਲਾਯਕ ਸਮਝਕੇ ਗੁਰਿਆਈਦੀ ਗੱਦੀਗੁਰੂ ਹਰਿਰਾਇਜੀਨੂੰ ਦੇ ਗਏ ॥੧੮੮ ॥

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਪਾਤਸ਼ਾਹੀ ੭

ਏਹ ਗੁਰੂ ਸਾਹਿਬਜੀ ਬਾਲਕ ਹੁੰਦੇਹੀ ਸਤੋਗੁਨੀ ਸੇ ਤੇ ਏਨਾਂਨੇਭੀਪਿਛਲੇਗੁਰੂਆਂਦੀ ਰੀਤੀ ਅਨੁਸਾਰ ਸਵਾ ਪਹਿਰ ਰਾਤ ਤੋਂ ਜਾਗਕੇ ਭਜਨ ਸਿਮਰਨ ਕਰਨਾਤੇਫੇਰ ਸੰਗਤ ਨੂੰ ਉਪਦੇਸ਼ ਦੇਣਾ ਲੰਗਰ ਵਰਤਾਣਾ ਆਦਿਕਜਾਰੀਰਖਿਆ॥ ਯਾਦਰਹੇਕਿ ਗੁਰੂ ਨਾਨਕ ਜੀ ਤੋਂ ਸ੍ਰੀਗੁਰੂਗੋਬਿੰਦਸਿੰਘਜੀ ਪ੍ਰਯੰਤ ਦਸਾਂ ਹੀ ਗੁਰੂਸਾਹਿਬਾਂਨੇ ਆਪਣਾ ਨਿਤ ਕਰਮ ਤੇ ਲੰਗਰ ਦਾ ਪੂਰਾ ਨਿਯਮ ਨਿਬਾਹਿਆ ਹੈ ॥

ਸ਼ਰਨਆਏਦੀ ਪ੍ਰਤਿਪਾਲਾ ਕਰਨੀ ਏਨਾਂਨੇਆਪਣਾ ਜਰੂਰੀਕੰਮ ਸਮਝਿਆਹੋਯਾ ਸੀ ਇਕ ਵਾਰੀ ਸੋਹਣੂਨਾਮੀ ਦੀਵਾਨ (ਰਾਜਾ ਤਾਰਾਚੰਦ ਦਾ) ਕਿਸੇਖੁਨਾਮੀਤੋਂਭਜਕੇ ਏਨਾਂ ਪਾਸ ਆਗਿਆ ਤਾਂ ਇਨਾਂਨੇ ਰਾਜਾ ਤਾਰਾਚੰਦ ਦੀ ਜਾਗੀਰ ਦੇਸ ਤਾਂ ਛਡਣਾ ਮਨਜ਼ੂਰ ਕੀਤਾ ਪਰ ਓਸਨੂੰ ਵਾਪਸ ਨਾ ਦਿੱਤਾ॥ ਏਸੇਗੁਰੂ ਸਾਹਿਬਦੀ ਬਖਸ਼ਿਸ਼ ਨਾਲ ਫੂਲਬੰਸ ਦੇ ਰਾਜਾ ਅਰਥਾਤ ਨਾਭਾ, ਪਟਿਆਲਾ, ਜੀਂਦ ਹੁਣ ਤਕ ਰਾਜ ਕਰ ਰਹੇ ਹਨ॥

ਏਸੇ ਸਮੇ ਔਰੰਗਜ਼ੇਬ ਨੇ ਗੁਰੂਸਾਹਿਬ ਨੂੰ ਦਿੱਲੀ ਬੁਲਾਯਾ ਤਾਂ ਏਨਾਂ ਨੇ ਆਪਣੇ ਪੁਤ੍ਰ ਰਾਮਰਾਇ ਜੀਨੂੰ ਭੇਜਿਆ ਜਿਸਨੇ੭੨ਕਰਾਮਾਤਾਂ ਸ਼ਾਹਨੂੰਦਿਖਾਈਆਂਤੇ ਓੜਕ ਲਿਹਾਜ਼ ਵਿਚ ਆਕੇ ਆਖਿਆ ਕਿ "ਮਿਟੀਮੁਸਲਮਾਨ" ਦੀਥਾਂ "ਮਿੱਟੀਬੇਈਮਾਨ" ਦੀ ਲਿਖਜਾ ਹੈ ਮੁਸਲਮਾਨ ਦੀ ਨਹੀਂ ਅਰਥਾਤ ਗੁਰੂਨਾਨਕਸਾਹਿਬਦਾ ਵਾਕ ਉਲਟਾਯਾ ਜਿਸ ਪਰ ਗੁਰੂਹਰਿਰਾਇ ਜੀਨੇ ਗੁੱਸੇ ਹੋਕੇ ਸ੍ਰਾਪ ਦਿੱਤਾ ਕਿ ਸਾਡੇ ਮੂੰਹ ਨਾ ਲਗੇ॥

ਫੇਰ ਜਦ ਏਨਾਂਨੇ ਆਪਣਾ ਅੰਤਸਮਾ ਨੇੜੇ ਦੇਖਿਆ ਤਾਂ ੧੭੧੮ ਬਿਃ ਨੂੰ ਆਪਣੇ ਛੋਟੇ ਬੇਟੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਿਆਈ ਦੀ ਗੱਦੀ ਦਿੱਤੀ॥

ਏਹ ਗੁਰੂਸਾਹਿਬਮਾਘਸੁਦੀ ੧੩ ਸੰਮਤ੧੭੮੭ਬਿਃ ਨੂੰ ਬਾਬਾਗੁਰਦਿਤਾਜੀਦੇਘਰ

CC-0. Gurukul Kangri University Haridwar Collection. Digitized by S3 Foundation USA

ਕੀਰਤਪੁਰ ਵਿਖੇ ਪੈਦਾ ਹੋਏ ੧੭੦੦ ਬਿਃ ਨੂੰ ਗੱਦੀ ਪਰ ਬੈਠੇ ੧੭ ਬਰਸ ੬ ਮਹੀਨੇ ੬ ਰਿਆਈ ਕਰ ੨੧ ਬਰਸ ੯ ਮਹੀਨੇ ਦੀ ਉਮਰ ਭੋਗ ਕਤਕ ਵਦੀ ੯ ਸੰਃ ੧੭੧੯ ਬਿਃ ਨੂੰ ਕੀਰਤਪੁਰ ਵਿਚ ਹੀ ਜੋਤੀ ਜੋਤਿ ਸਮਾਏ ॥ ੧੮੯ ॥

ਸ੍ਰੀਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਪਾਤਸ਼ਾਹੀ ੯

ਏਹ ਗੁਰੂ ਜੱਦਪਿ ਉਮਰ ਵਿਚ ਛੋਟੇ ਸੇ ਪਰੰਤੂ ਤੇਜ ਪ੍ਰਤਾਪ ਤੇ ਸ਼ਾਂਤੀ ਏਨਾਂਦੇ ਚੇਹਰੇ ਪਰ ਵਸਦੀ ਸੀ ॥

ਰਾਮਰਾਇ ਨੂੰ ਜੋ ਗੁਰੂ ਹਰਿਰਾਇ ਜੀ ਨੇ ਗੁਰੂ ਨਾਨਕ ਜੀ ਕਾ ਬਚਨ ਪਲਟਨ ਬਦਲੇ ਖਾਰਜ ਕੀਤਾ ਤਾਂ ਓਹ ਫੇਰ ਔਰੰਗਜ਼ੇਬ ਬਾਦਸ਼ਾਹ ਪਾਸ ਦਿੱਲੀ ਵਿੱਚ ਫਰਜਾਦੀ ਹੋਂਦਾ ਜਿਸਤੋਂ ਬਾਦਸ਼ਾਹ ਨੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਬੁਲਾਦਾ ਏਨਾਂਨੇ ਆਖਿਆ ਅਸੀਂ ਦਿੱਲੀ ਤਾਂ ਜਾਂਦੇਹਾਂ ਪਰ ਤੁਰਕ ਬਾਦਸ਼ਾਹ ਨੂੰ ਨਾ ਅਸਾਂ ਦਰਸ਼ਨ ਦੇਨਾਂ ਹੈ ਤੇ ਨਾ ਕਰਨਾ ਹੈ ਏਸ ਤੋਂ ਪਹਿਲੇ ਔਰੰਗਜ਼ੇਬ ਨੇ ਕਈ ਹਿੰਦੂ ਫ਼ਕੀਰ ਮਰਵਾਏ ਸੇ ਤੇ ਹਜ਼ਾਰਾਂ ਹਿੰਦੂਆਂ ਨੂੰ ਮੁਸਲਮਾਨ ਕਰ ਲਿਆ ਸੀ ਏਸ ਕਰਕੇ ਗੁਰੂ ਸਾਹਿਬ ਦਾ ਦਿੱਲੀ ਜਾਣਾ ਸੁਣਕੇ ਸੰਗਤ ਬੜਾਕਲ ਹੋ ਗਈ ਸੀ ਪਰ ਗੁਰੂ ਸਾਹਿਬ ਸਭਨੂੰ ਧੀਰਜ ਦੇਕੇ ਦਿੱਲੀ ਪਹੁੰਚ ਗਏ। ਦਿੱਲੀ ਦੇ ਬਾਦਸ਼ਾਹ ਨੇ ਏਹਨਾਂ ਦੀ ਖ਼ਾਤਰ ਕੀਤੀ ਅਤੇ ਰਾਜਾ ਜੈਸਿੰਘ ਏਹਨਾਂਦਾ ਸੇਵਕ ਬਣਿਆ ਓਸ ਸਮੇ ਦਿੱਲੀ ਵਿੱਚ ਬੁਖ਼ਾਰ ਦੀ ਬਮਾਰੀ ਬਹੁਤ ਸੀ ਅਤੇ ਜੋ ਕੋਈ ਗੁਰੂ ਸਾਹਿਬ ਦੇ ਚਰਨਧੋਕੇ ਪੀਂਦਾ ਸੀ ਓਹ ਰਾਜ਼ੀ ਹੋਜਾਂਦਾ ਸੀ ਗੁਰੂ ਸਾਹਿਬ ਨੇ ਆਪਣਾ ਅੰਤ ਸਮਾਂ ਨਿਕਟ ਸਮਝਕੇ ੧੧ ਸੌ ਰੁਪਏ ਦਾ ਕੜਾਹ ਪ੍ਰਸ਼ਾਦ ਵੰਡਿਆ ਤੇ ਪੰਜ ਪੈਸੇ ਨਾਲੀਯੇਰ ਰਖਕੇ ਮਥਾ ਟੇਕਿਆ ਤੇ ਮੁੱਹੋਂ ਏਹ ਆਖਿਆ ਜੋ "ਬਾਬਾ ਬਕਾਲੇ" ॥ ਅਰਥਾਤ ਗੁਰੂ ਤੇਗ ਬਹਾਦਰ ਜੀ ਜੋ ਬਕਾਲੇ ਪਿੰਡ ਵਿੱਚ ਸੇ ਓਨਾਂ ਨੂੰ ਗੱਦੀ ਦੇ ਵਾਰਸ ਹੋਣ ਦਾ ਇਸ਼ਾਰਾ ਕੀਤਾ ਤੇ ਆਪ ਦੇਹ ਤ੍ਯਾਗ ਗਏ ॥

ਏਹ ਗੁਰੂ ਸਾਹਿਬ ਸਾਉਣ ਵਦੀ ੯ ਸੰਮਤ ੧੭੧੩ ਬਿਃ ਨੂੰ ਕੀਰਤਪੁਰ ਵਿਖੇ ਗੁਰੂ ਹਰਿਰਾਇ ਜੀ ਦੇ ਘਰ ਪ੍ਰਗਟੇ ਅਤੇ ੧੭੧੮ ਬਿਃ ਨੂੰ ਗੱਦੀ ਪਰ ਬੈਠੇ ੩ ਬਰਸ ੫ ਮਹੀਨੇ ੧੧ ਦਿਨ ਗੁਰਿਆਈ ਕੀਤੀ ਸਾਰੀ ਉਮਰ ੮ ਬਰਸ ੮ ਮਹੀਨੇ ੧੯ ਦਿਨ ਭੋਗਕੇ ਚੇਤ ਸੁਦੀ ੧੪ ਸੰਮਤ ੧੭੨੧ ਬਿਃ ਨੂੰ ਦਿੱਲੀ ਵਿੱਚ ਜੋਤੀ ਜੋਤਿ ਸਮਾਏ ॥

ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ

ਪਾਤਸ਼ਾਹੀ ੯

ਜਿਸਵੇਲੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ (ਬਾਬਾ ਬਕਾਲੇ) ਕਹਿਕੇ ਪ੍ਰਲੋਕ ਗਮਨੇ ਤਾਂ ਸੰਗਤਾਂ ਬਿਆਕੁਲ ਹੋਈਆਂ ਹੋਈਆਂ ਬਾਬੇ ਬਕਾਲੇ ਆਈਆਂ ਪਰ ਓਸਵੇਲੇ ਏਥੇ ਘਰਘਰ ਗੁਰੂ

CC-0. Gurukul Kangri University Haridwar Collection. Digitized by S3 Foundation USA

ਬਣ ਬੈਠੇ ਸੇ ਤੇ ਗੁਰੂ ਤੇਗ਼ਬਹਾਦਰ ਜੀ ਹਮੇਸ਼ਾ ਲੁਕੇ ਰੈਂਹਦੇ ਸੇ ॥

ਓੜਕ ਬਹੁਤਸਾਰਾ ਰੌਲਾ ਪੈਜਾਣ ਦੇ ਮਗਰੋਂ ਮੱਖਣਸ਼ਾਹਲੁਬਾਣੇ ਨੇ ਗੁਰੂ ਸਾਹਿਬਨੂੰ ਢੂੰਡਕੇ ਲੱਧਾ ਏਸ ਦੀ ਕਥਾ ਲੰਬੀ ਹੈ ਪਰ ਸਿਧਾਂਤ ਏਤਨਾਂ ਹੀ ਹੈ ਕਿ ਓਸਨੇ ਪੰਜਸੌਮੁਹਰ ਸੁੱਖਣਾ ਸੁੱਖੀ ਸੀ ਸੋ ਬਹੁਤੇ ਗੁ॒ ਬਣੀ ਬੈਠੇ ਦੇਖਕੇ ਓਸਨੇ ਦੋਦੋਮੁਹਰਾਂਸਭਅੱਗੇਰੱਖੀਆਂ ਪਰ ਜਦ ਗੁਰੂ ਤੇਗ਼ਬਹਾਦਰ ਜੀ ਅੱਗੇ ਭੀ ਦੋ ਮੁਹਰਾਂ ਰਖਕੇ ਮਥਾ ਟੇਕਿਆ ਤਾਂ ਏਹਨਾਂ ਓਸਦੇ ਮਨ ਦੀ ਸਮਝ ਆਖਿਆ ੯੯੯ ਮੁਹਰਾਂ ਹੋਰ ਧਰ, ਬਸ ਏਹ ਸੁਣਕੇ ਮੱਖਣਸ਼ਾਹ ਨੇ ਸਾਹੇ ਹੋਕਾ ਦੇ ਦਿੱਤਾ ਤੇ ਸਭ ਸੰਗਤਾਂ ਨੇ ਮੱਥਾ ਆਣ ਟੇਕਿਆ ਤੇ ਬੈਸਾਖ ੧੭੨੧ ਬਿਃ ਨੂੰ ਗੁਰਿਯਾਈ ਦਾ ਤਿਲਕ ਭਾਈ ਗੁਰਦਿਤੇ ਨੇ ਅੱਗੇ ਰਖਕੇ ਗੁਰੂ ਹਰਕ੍ਰਿਸ਼ਨ ਜੀ ਵਲੋਂ ਮੱਥਾ ਟੇਕਿਆ ਫੇਰ ਗੁਰੂ ਸਾਹਿਬ ਗੁਰਿਆਈ ਦਾ ਕੰਮ ਚਲਾਉਣ ਲਗੇ ਤੇ੧੭੨੨ ਬਿਃ ੧੨ ਹਾੜ ਨੂੰ ਮਾਖੋ ਵਾਲ ਪਿੰਡ ਦਾ ਜ਼ਿਮੀਂਦਾਰਾ ਖਰੀਦ ਕੇ ਓਥੇ ਨਗਰ ਅਬਾਦ ਕਰਕੇ ਰਹਿਣ ਲਗੇ ਤੇ ਏਸ ਨਗਰ ਦਾ ਨਾਮ ਅਨੰਦਪੁਰ ਰਖਿਆ ॥

ਫੇਰਗੁਰੂਸਾਹਿਬ ਧਰਤੀ ਦਾ ਸੈਲਕਰਦੇਰਹੇ ਜਿਸਦਾ ਪ੍ਰਸੰਗਬਹੁਤਬਡਾ ਹੈ ਏਸਲਈ ਓਹ ਨਹੀਂ ਲਿਖਿਆ ਕੇਵਲ ਥੋੜਾ ਜਿਹਾ ਦਿਖਾਉਂਦੇ ਹਾਂ ਕਿ ਫਿਰ ਗੁਰੂਸਾਹਿਬ ਅਨੇਕ ਨਗਰਾਂ ਪਰਬਤਾਂ ਤੀਰਥਾਂ ਦਾ ਦੀਦਾਰ ਝਾਕਾ ਲੈਂ ਦੇ ਫਿਰੇ ਹਰ ਇਕਜਗਹਉਪਦੇਸ਼ ਦੇਕੇ ਲੋਕਾਂ ਨੂੰ ਸੁਮੱਤੇ ਲਾਧਾ ਪਰ ਏਸ ਸਮੇ ਜੋ ਤਕਲੀਫਾਂ ਹਿੰਦੂਆਂ ਨੂੰ ਮੁਸਲਮਾਨਾਂ ਵਲੋਂ ਹੋਂਦੀਆਂ ਸਨ ਸੋ ਗੁਰੂ ਸਾਹਿਬ ਨੇ ਅੱਖੀਂ ਦੇਖੀਆਂ ਤੇ ਆਪ ਭੀ ਬਹੁਤ ਦੁਖ ਉਠਾਏ ॥ ਗੁਰੂਸਾਹਿਬ ਜਦ ਆਸਾਮ ਮੁਲਕ ਨੂੰ ਗਏ ਤਾਂ ਓਥੇਂ ਦੇ ਰਾਜੇਰਾਮਰਾਇ ਨੇ ਏਨਾਂ ਪਾਸੋਂ ਉਪਦੇਸ਼ ਲਿਆ ਤੇ ਸਿੱਖ ਬਣਿਆ ਓਦੋਂ ਹੀ ਅਰਥਾਤ ਸੰਮਤ ੧੭੨੩ ਬਿਃ ਵਿਚਹੀ ਪਟਣੇ ਤੋਂ ਖ਼ਬਰ ਆਈ ਕਿ ਗੁਰੂ ਤੇਗ਼ਬਹਾਦਰ ਜੀ ਦੇ ਘਰ ਸ਼ਾਹਜ਼ਾਦਾ ਪੈਦਾ ਹੋਯਾ ਹੈ ਜਿਸਦੀ ਖ਼ੁਸ਼ੀ ਵਿੱਚ ਸ਼ਲਕ ਕਰਾਈ ਗਈ ਤੇ ਇਕ ਥੜਾ ਬਹੁਤ ਹੀ ਉੱਚਾ ਰਾਜੇ ਦੀ ਫੌਜ ਪਾਸੋਂ ਤਿਆਰ ਕਰਵਾਯਾ ਜਿਸਦਾ ਨਾਮ ਦਮਦਮਾ ਰੱਖਿਆ ੧੭੨੬ ਬਿਃ ਨੂੰ ਫੇਰ ਆਨੰਦਪੁਰ ਵਿਚ ਆ ਬਿਰਾਜੇ ਤੇ ਆਪਣੇ ਕੁਟੰਬ ਨੂੰ ਭੀ ਬੁਲਾਲਿਆ। ਏਸਵਕਤ ਗੁਰੂ ਸਾਹਿਬਦਾਪ੍ਰਤਾਪ ਬਹੁਤਬਢ਼ ਗਿਆ ਸੀ ਤੇ ਕਾਬੁਲ ਕੰਧਾਰ ਆਦਿਕ ਦੇਸਾਂ ਦੀਆਂ ਸੰਗਤਾਂ ਆ ਆ ਕੇ ਦਰਸ਼ਨ ਭੇਟਾ ਕਰਦੀਆਂ ਸਨ ਤੇ ਨਿਹਾਲ ਹੋਂਦੀਆਂ ਸਨ ॥

ਏਸ ਵੇਲੇ ਔਰੰਗਜ਼ੇਬ ਬਾਦਸ਼ਾਹ ਦਾ ਜ਼ੁਲਮ ਭੀ ਐਨ ਤੇਜ਼ੀ ਉੱਪਰ ਸੀ ਜਿਸਦੀ ਬਾਬਤ ਤਵਾਰੀਖ ਵਾਲਿਆਂ ਨੇ ਇਸ ਪ੍ਰਕਾਰ ਲਿਖਿਆ ਹੈ॥

ਔਰੰਗਜੇਬ ਨੇ ਤਖ਼ਤ ਪਰ ਬੈਠਕੇ ਦੀਨ ਇਸਲਾਮ ਦੀ ਬ੍ਰਿਧੀ ਕਰਨ ਵਾਸਤੇ ਹੁਕਮ ਲਿਖ ਦਿਤਾ ਕਿ ਕੋਈ ਹਿੰਦੂ ਕਿਸੇ ਉਹਦੇ ਪਰ ਨੌਕਰ ਨਾ ਰਖਿਆ ਜਾਵੇ ਸਭ ਕੰਮ ਦੀਨੀ ਭਾਈ ਕਰਨ ਤੇ ਅਨੇਕ ਤਰਾਂ ਦੇ ਜੇਜ਼ੀਏ (ਟਿਕਸ) ਹਿੰਦੂਆਂ ਪਰ ਲਗਾ

CC-0. Gurukul Kangri University Haridwar Collection. Digitized by S3 Foundation USA

ਦਿੱਤੇ ਹੋਰ ਅਨੇਕ ਪ੍ਰਕਾਰ ਦੇ ਟਿਕਸ ਜਾਤ੍ਰੀ ਹਿੰਦੂਆਂ ਪਰ ਲਗਾ ਦਿੱਤੇ ਜਿਨ੍ਹਾਂ ਤੋਂ ਤੰਗ ਹੋ ਕੇ ਸਭ ਹਿੰਦੂ ਆਪਣੇ ਆਪ ਮੁਸਲਮਾਨ ਬਨਣ ਲਗੇ ਸੰਖ ਬਜਾਉਣਾਂ ਪੂਜਾ ਪਾਠ ਕਰਨਾ ਬੰਦ ਕਰ ਦਿੱਤਾ ਮੰਦਰ ਗਿਰਾ ਗਿਰਾ ਕੇ ਮਸੀਤਾਂ ਰਚ ਦਿੱਤੀਆਂ ਕਿਸੇ ਨੂੰ ਲਾਲਚ ਕਿਸੇ ਨੂੰ ਜ਼ਰ ਦੇਕੇ ਜੋਰੋ ਜੋਰੀ ਮੁਸਲਮਾਨ ਕਰਨਾ ਸ਼ੁਰੂ ਕਰ ਦਿੱਤਾ ਅਨੇਕ ਸੰਤ ਭਗਤ ਦੋਹਾਂਦੀਨਾਂਦੇ ਸਰਮੱਦਭੇ ਅਘੋਰਨਾਥ ਜੈਸੇ ਸਤਪੁਰਖ ਮਰਵਾ ਸਿੱਟੇ ਬਾਦਸ਼ਾਹਦੀ ਮਰਜ਼ੀ ਦੇਖਕੇ ਨਿਰਦਈ ਜ਼ਾਲਮ ਬਾਦੀ ਮੁਸਲਮਾਨ ਹਾਕਮਾਂ ਨੇ ਹਿੰਦੂਆਂ ਉੱਤੇ ਬਹੁਤ ਕੈਹਰ ਕਰਨੇ ਸ਼ੁਰੂਕੀਤੇ ਕਲਮਾਂ ਯਾ ਕਤਲ ਏਹੋ ਅਵਾਜ਼ ਕਰ ਦਿਤੀ ਪਿੰਡਾਂ ਦੇ ਪਿੰਡ ਮੁਸਲਮਾਨ ਕਰ ਲਏ ਖੱਖੇ, ਖੋਜੇ, ਬੰਬੇ, ਕੱਕੇਜ਼ਈ, ਟੰਘੜ, ਜੱਟ, ਰਾਜਪੂਤ, ਰਾਈਂ, ਕੰਬੋ, ਗਖੜ, ਭੱਟੀ, ਮਲਵ, ਪਚਾਧੇ ਆਦਿਕ ਸਭ ਲੋਕ ਓਸੇ ਸਮੇ ਦੇ ਮੁਸਲਮਾਨਹੋਏਦੇਖੀਦੇਹਨਏਸੇਸਮੇਦੀਏਹ ਗੱਲਮਸ਼ਹੂਰ ਹੋਗਈਹੈ ਕਿ ਔਰੰਗਜ਼ੇਬ ਰੋਜ਼ ਸਵਾ ਮਣ ਜਨੇਊ ਉਤਾਰ ਕੇ ਖਾਣਾ ਖਾਂਦਾ ਸੀ ਸੋ ਏਸ ਸਮੇ ਕਸ਼ਮੀਰ ਦੇ ਬ੍ਰਹਮਣ ਤੇ ਹੋਰ ਸਭਖੱਤ੍ਰੀ ਬ੍ਰਹਮਣ ਦੁਖੀ ਹੋਕਰ ਗੁਰੂ ਸਾਹਿਬ ਦੇ ਸਿਖਾਂ ਸਮੇਤ ਇਕੱਠੇ ਹੋਕੇ ਡਕੋ ਡੋਲੇ ਖਾਂਦੇ ਆਨੰਦਪੁਰ ਗੁਰੂ ਤੇਗ਼ਬਹਾਦਰ ਜੀ ਪਾਸ ਆਏ ਤੇ ਨਿੰਮ੍ਰਤਾ ਸਹਿਤ ਬੇਨਤੀ ਕੀਤੀ ਕਿ ਮਹਾਰਾਜ ਔਰੰਗਜ਼ੇਬਦੇ ਜ਼ੁਲਮਾਂ ਦਾ ਹੜ ਹਿੰਦੂਧਰਮਦੀ ਖੇਤੀ ਨੂੰ ਬਰਬਾਦ ਕਰ ਰਿਹਾ ਹੈ ਜੇਹੜੇ ਜੁਲਮ ਤੇ ਪਾਪ ਕਦੇ ਸੁਣੇ ਭੀ ਨਹੀਂ ਸੇ ਓਹ ਹੁਣ ਅੱਖੀਂ ਦੇਖੀਦੇ ਹੈਨ ਜਿਸ ਬਾਦਸ਼ਾਹ ਦਾ ਧਰਮ ਸਾਰੀ ਪ੍ਰਜਾ ਨੂੰ ਇੱਕੋ ਜਿਹਾ ਦੇਖਣਾ ਸੀ ਸੋ ਪੱਖ ਪਾਤੀ ਜਿੱਦੀ ਬਾਦੀ ਹੋ ਰਿਹਾਹੈ ਭੈੜੇ ਤੋਂ ਭੈੜੇ ਮਹੰਮਦੀ ਨੂੰ ਚੰਗੇ ਤੋਂ ਚੰਗਾ ਤੇ ਸ੍ਰੇਸ਼ਟਤੋਂ ਸ੍ਰੇਸ਼ਟ ਹਿੰਦੂ ਨੂੰ ਮੰਦੇ ਤੋਂ ਮੰਦਾ ਸਮਝਦਾ ਹੈ ਠੌਰ ਠੌਰ ਗਊਆਂ ਦੇ ਘਾਤ ਹੁੰਦੇ ਹਨ ਫਿਰ ਜਦ ਕੋਈ ਗਊ ਬੈਲ ਬੀਮਾਰ ਹੁੰਦਾ ਹੈ ਤਾਂ ਸਾਡੇ ਘਰਾਂ ਵਿੱਚ ਆਕੇ ਸਾਡੇ ਰੂਬਰੂ ਹੀ ਹਲਾਲ ਕਰਕੇ ਕੱਟਕੇ ਵੱਢਕੇ ਨਹੀਂਬਲਕੇਸਾਡੇਸਿਰਾਂ ਉਪਰਚੁਕਾਕੇਲੈਜਾਂਦੇਹਨਜੇਕਰਨਾਂਦੱਸੀਏ ਤਾਂ ਅਸੀਂ ਮਾਰੀਦੇ ਹਾਂ ਸਾਨੂੰ ਬਹੁਤ ਭਾਰੀ ਕਲੇਸ਼ ਹੋ ਰਿਹਾ ਹੈ ॥

ਉਪਰਲੀ ਬੇਨਤੀਸੁਣਕੇ ਗੁਰੂਸਾਹਿਬਚੁਪਕਰਰਹੇ ਤੇਕੁਛ ਨਬੋਲੇ ਅਤੇ ਡਾਢੀਵਿਚਾਰ ਵਿੱਚ ਪੈਗਏ ਏਤਨੇਨੂੰ ਸ੍ਰੀਕਲਗੀਧਰਜੀਜਿਨ੍ਹਾਂਦੀਉਮਰ ਓਸਵੇਲੇ ੭ ਬਰਸਦੀਸੀ ਪਾਸ ਆਏ ਤੇ ਆਪਣੇਪਜਾਰੇਪਿਤਾਨੂੰਸੋਚਵਿਚਬੈਠੇ ਦੇਖਕਰ ਪੁਛਨ ਲਗੇ ਪਿਤਾਜੀ ਅੱਜ ਆਪ ਚਿਹਰਾਕੁਮਲਾਏਕਜੋਂਬੈਠੇਹੋਐਸੀਕੇਹੜੀਭੀੜਤੁਹਾਨੂੰਬਣੀਹੈਜੋਆਪਫ਼ਿਕਰਵਿਚ ਪਏ ਹੋ ਗੁਰੂ ਸਾਹਿਬ ਨੇ ਆਪਣੇ ਸਪੁਤਰ ਨੂੰ ਕਿਹਾ ਬੇਟਾ ਤੁਸੀਂ ਅਜੇ ਬੱਚੇਹੋ ਤੁਹਾਨੂੰਕੀਖਬਰਹੈ ਜੋ ਮੈਂ ਦੱਸਾਂ ॥ ਸ੍ਰੀ ਕਲਗੀਧਰ ਜੀ ਏਹ ਬਾਤ ਸੁਣਕੇ ਵਧੇਰੇ ਕਾਹਲੇ ਪਏ ਤੇ ਆਖਣ ਲਗੇ ਜਰੂਰ ਦੱਸੋ ਜਿਸ ਬਾਤ ਦਾ ਫ਼ਿਕਰਆਪਨੂੰਹੋਯਾ ਹੈ ਤਦ ਗੁਰੂਸਾਹਿਬ ਨੇ ਫੁਰਮਾਯਾ ਬੇਟਾ ਹੁਣ ਪ੍ਰਿਥਵੀ ਪਰ ਪਾਪ ਬਹੁਤ ਵਧਗਿਆ ਹੈ ਮੁਸਲਮਾਨ ਹਾਕਮਹਿੰਦੂ ਰੱਯਤ ਨੂੰ

CC-0. Gurukul Kangri University Haridwar Collection. Digitized by S3 Foundation USA

ਦੁਖ ਬਹੁਤ ਦੇ ਰਹੇ ਹੈਨ ਧਰਮ ਨਸ਼ਟ ਹੋਗਏ ਹਨ ਲੋਕਾਂਨੂੰਜਬਰਨ ਮੁਸਲਮਾਨਕੀਤਾ ਜਾਂਦਾਹੈ ਇਕ ਹੱਥ ਤਲਵਾਰਹੈ ਇਕ ਹੱਥ ਕੁਰਾਨਹੈ। ਇਹ ਜੋਹੜੀ ਸੰਗਤ ਸਾਡੇ ਪਾਸ ਆਈ ਬੈਠੀਹੈ ਤੁਰਕਾਂ ਦੇ ਜ਼ੁਲਮਦੀ ਸਤਾਈਹੋਈ ਸਾਡੇ ਪਾਸ ਫਰਿਯਾਦੀ ਆਈ ਹੈ ਸੋ ਜਦਤਕਕੋਈ ਸਤਪੁਰਖ ਬਲੀ ਨਾ ਹੋਵੇ ਤਦਤਾਈਂ ਏਸਪਾਪਦਾ ਨਸ਼ਟਨਹੀਂ ਹੋਸਕਦਾ ਅਸੀਂਹੁਣ ਏਹੋ ਸੋਚਦੇ ਹਾਂ ਕਿ ਕੀ ਤਦਬੀਰ ਕੀਤੀਜਾਏ ਤੇਕੌਣ ਮਹਾਤਮਾ ਸਿਰਦੇਵੇ॥ ਇਹਸੁਣਕੇ ਕਲਗੀਧਰਜੀ ਨੇ ਕਿਹਾ ਪਿਤਾ ਜੀ ! ਆਪ ਨਾਲੋਂ ਸਤਪੁਰਸ਼ ਤੇਮਹਾਤਮਾ ਹੋਰ ਕੌਣਹੈ ਆਪਹੀ ਬਲੀਦਾਨ ਹੋਕੇ ਸਾਡੇ ਹਿੰਦੂ ਭਾਈਆਂ ਅਰਥਾਤ ਭਾਰਤਵਰਸ਼ੀਆਂ ਨੂੰ ਸਦਾ ਦਾ ਜੀਵਨ ਦੇਓਇਸ ਉਪਰਦੇ ਕਾਰਜਵਾਸਤੇ ਸੋਚ ਕਾਹਦੀ ?

ਸ੍ਰੀਕਲਗੀਧਰਜੀਦਾ ਏਹਜਬਾਬ ਸੁਣਕੇ ਗੁਰੂਸਾਹਿਬ ਜਾਣ ਗਏ ਕਿ ਹੁਣ ਏਹ ਲਾਯਕ ਹੋਗਏਹਨ ਤੇ ਓਸੇਵੇਲੇ ਤੋਂ ਆਪਣੇ ਆਪਨੂੰ ਹਿੰਦੂਭਾਈਆਂ ਤੋਂ ਕੁਰਬਾਨ ਕਰਨ ਲਈ ਮਨ ਵਿਚ ਪੱਕ ਧਾਰ ਲਿਆ। ਓਸੇਵਕਤ ਓਨਾਂਲੋਗਾਂਨੂੰ ਜੋਹੜੇ ਕਸ਼ਮੀਰ ਆਦਿਕ ਥੀਂ ਆਏਸੇ ਕਹਿਦਿਤਾ ਕਿ ਜਾਓ ਬਾਦਸ਼ਾਹ ਨੂੰ ਕਹਿ ਦੇਓ ਕਿ ਹਿੰਦ ਦਾ ਪੀਰ "ਗੁਰੂ ਤੇਗ ਬਹਾਦਰ" ਜੇਕਰ ਮੁਸਲਮਾਨ ਹੋਜਾਵੇ ਤਾਂ ਅਸੀਂ ਸਾਰੇ ਮੁਲਕਦੇ ਹਿੰਦੂ ਆਪ ਤੋਂ ਆਪ ਮੁਸਲਮਾਨ ਬਨਜਾਵਾਂਗੇ, ਪੰਡਿਤਾਂ ਨੇ ਓਸੇਤਰਾਂ ਕੀਤਾ ਤਦ ਬਾਦਸ਼ਾਹਨੇ ਗੁਰੂਸਾਹਿਬ ਨੂੰ ਦਿੱਲੀਵਿੱਚਬੁਲਾਯਾ ਤੇ ਕੈਦਕਰਕੇ ਆਖਿਆ ਯਾ ਕਰਾਮਾਤ ਦੇਓ ਯਾ ਮੁਸਲਮਾਨ ਬਣੋ ਨਹੀਂ ਤਾਂ ਮਾਰੇ ਜਾਓਗੇ ਇਹਝਗੜਾ ਬਹੁਤ ਦਿਨ ਰਹਿਆ ॥ ਇਕ ਦਿਨ ਗੁਰੂ ਸਾਹਿਬ ਕਿਲੇ ਪਰਚਰ੍ਹੇ ਤਾਂਅਹਿਲਕਾਰਾਂ ਨੇ ਰਪੋਟ ਕੀਤੀ ਜੋ ਹਿੰਦੂਦਾ ਪੀਰ ਬਾਦਸ਼ਾਹ ਦੇ ਸਤਰ ਦੇਖਦਾਹੈ ਜਦਬਾਦਸ਼ਾਹਨੇ ਗੁਰੂਸਾਹਿਬਨੂੰ ਪੁਛਿਆ ਤਾਂ ਗੁਰੂ ਸਾਹਿਬਨੇ ਆਖਿਆ ਅਸੀ ਤੇਰੇਸਤਰਨਹੀਂ ਦੇਖਦੇ ਅਸੀਂਓਹਨੂੰ ਦੇਖਦੇ ਹਾਂ ਜੋ ਤੇਰੇ ਸਤਰਾਂਨੂੰ ਆਕੇ ਤੋੜੇਗਾ ॥

ਗੁਰੂਜੀ ਪਾਸ ਓਸਵੇਲੇ ਦੋ ਤਿੰਨ ਸਿੱਖ ਭੀ ਸੇ ਜਿਨ੍ਹਾਂ ਵਿਚੋਂ ਔਰੰਗਜ਼ੇਬ ਪਾਪੀ ਨੇ ਭਾਈ ਮਤੀਰਾਮਨੂੰ ਆਰੇ ਹੇਠ ਚਿਰਵਾ ਦਿਤਾ ਤੇ ਭਾਈ ਦਯਾਲਾ ਜੀ ਨੂੰ ਦੇਗਚੇ ਵਿਚ ਪਾਕੇ ਰਿੰਨ੍ਹਿਆ ਤੈਫੇਰ ਗੁਰੂਸਾਹਿਬਨੂੰ ਆਖਿਆ ਅਜੇ ਅੱਜਦਾ ਦਿਨ ਵੇਲਾ ਜੇਨਹੀਂਤਾਂਤੁਹਾਡਾ ਭੀ ਕੱਲ੍ਹ ਨੂੰ ਏਹੋ ਹਾਲ ਹੋਊ ॥

ਏਸ ਸਮੇ ਗੁਰੂ ਸਾਹਿਬਨੇ ਆਪਣਾ ਅੰਤ ਸਮਾ ਦੇਖਕੇ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਕਲਗੀਧਰ ਜੀ ਨੂੰ ਸ੍ਰੀ ਆਨੰਦਪੁਰ ਵਿਚ ਮੱਘਰ ਸੁਦੀ ੫ ਸੰਮਤ ੧੭੩੨ ਬਿਃ ਨੂੰ ਭੇਜ ਦਿਤਾ ਅਤੇਸ਼ਬਦ ਤੇ ਸ਼ਲੋਕ ਇਤਜਾਦਿਕ ਉਚਰੇਃ–

ਚਿੰਤਾ ਤਾਕੀ ਕੀਜੀਐ ਜੋ ਅਨਹੋਨੀ ਹੋਇ॥ ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀ ਕੋਇ ॥ ਪੁਨਹ ॥ ਚਿਤ ਚਰਨ ਕਵਲ ਕਾ ਆਸਰਾ ਚਿਤ ਚਰਨ ਕਵਲ ਸੰਗ ਜੋੜੀਏ॥ ਮਨ ਲੋਚੇ ਬੁਰਿਆਈਆਂ ਗੁਰ ਸਬਦੀ ਇਹ ਮਨ

CC-0. Gurukul Kangri University Haridwar Collection. Digitized by S3 Foundation USA

ਹੋੜੀਏ ॥ ਬਾਂਹ ਜਿਨਾਂ ਦੀ ਪਕੜੀਏ ਸਿਰ ਦੀਜੇ ਬਾਂਹ ਨ ਛੋੜੀਏ ॥ ਗੁਰ ਤੇਗ ਬਹਾਦਰ ਬੋਲਿਆ ਧਰ ਪਰੀਏ ਧਰਮ ਨ ਛੋੜੀਏ॥ ਉਚਾਰਨ ਕੀਤੇ ਜੋ ਗੁਰੂਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ ॥ ਅਗਲੇ ਦਿਨ ਜਿਸ ਵੇਲੇ ਹਮੇਸ਼ ਦੀ ਤਰਹ ਗੁਰੂ ਸਾਹਿਬ ਨਿੱਤ ਨੇਮ ਇਸ਼ਨਾਨ ਕਰ ਚੁਕੇ ਤੇ ਜਪਜੀ ਸਾਹਿਬ ਜੀ ਦਾ ਭੋਗ ਪਾਕੇ ਮੱਥਾ ਟੇਕਿਆ ਤਾਂਓਸਵੇਲੇਦੁਸ਼ਟ ਜਲਾਦਨੇ ਬਾਦਸ਼ਾਹ ਦੇ ਹੁਕਮ ਨਾਲ ਤਲਵਾਰ ਮਾਰਕੇ ਧੜ ਨਾਲੋਂ ਸਿਰ ਜੁਦਾਕੀਤਾ ਭਾਂ ਗੁਰੂ ਤੇਗਬਹਾਦਰਜੀ ਦੇ ਸੀਸ ਦੇਨ ਨਾਲ ਸਿੱਖਾਂ ਦੇ ਮਨ ਵਿਚ ਰੋਹੀ ਰੂਹ ਪੈਗਈ ਅਤੇ ਨਾਲ ਹਿੰਦੂਆਂ ਨੂੰ ਭੀ ਹਲ਼ ਜੁਲ ਪੈਗਈ ਤੇ ਸਿੱਖਾਂ ਨੂੰ ਏਸ ਦਾ ਦੂਣਾ ਅਸਰਹੋਇਆ ਇੱਕਤਾਂ ਬਦਲਾ ਲੈਣਦਾਜੋਸ਼ਦਰੀਆਦੇਠਾਠਾਂਮਾਰਨਦੀਤਰਹ ਹੋਯਾ ਦੂਸਰਾਮੌਤ ਤੋਂ ਨਿਡਰਹੋਕੇ ਆਪਣੇਗੁਰੂਦੀ ਤਰਾਂ ਧਰਮਦੀ ਰਖਿਆਵਾਸਤੇ ਜਾਨਾਂ ਦੇਣ ਨੂੰ ਤਿਆਰਹੋਏ ਤੇ ਅਕਾਲ ਅਕਾਲ ਉਚਾਰਦੇ ਹੋਏ ਗੁਰੂ ਤੇਗਬਹਾਦਰ ਜੀ ਦਾ ਨਾਮ ਲੈਂਦੇ ਹੋਏ ਨਜ਼ਰ ਆਵਣਲਗੇ।ਤੇਦਿਲੀਸ਼ਹਿਰ ਵਿਚ ਜਿੱਥੇ ਗੁਰੂ ਤੇਗਬਹਾਦਰਜੀ ਜੈਸੇ ਮਹਾਤਮਾ ਨੂੰ ਦੁਖ ਮਿਲਿਆ ਏਸਵੇਲੇ ਐਸੀ ਅੰਧੇਰੀਚੱਲੀ ਕਿ ਕੁਦਰਤ ਨੇ ਸਾਰੀ ਦਿਲੀ ਵੇ ਬਾਦਸ਼ਾਹ ਤੇ ਬਾਦਸ਼ਾਹਦੇ ਦਰਬਾਰਤੇ ਸਾਰੀ ਬਾਦਸ਼ਾਹੀ ਦੇ ਸਿਰ ਮਿੱਟੀ ਪਾਈ ਏਸ ਵੇਲੇ ਇਕ ਅੰਧੇਰਾ ਛਾ ਗਿਆ ਭੂੰਚਾਲ ਆਏ ਕੰਧਾਂ ਭੀ ਕੰਬ ਉੱਠੀਆਂ ਸਾਰੇ ਲੋਕ ਡਾਹ ਡਾਹ ਕਰਨ ਤੇ ਮਨਵਿਚ ਏਹੋ ਕਹਿਨ ਹੇ ਕਰਤਾਰ ਏਸ ਜੁਲਮ ਦੇ ਰਾਜ ਨੂੰ ਦੂਰ ਕਰ! ਦੂਰ ਕਰ!! ਦੂਰ ਕਰ !!!

ਏਹ ਗੁਰੂਸਾਹਿਬ ਵੈਸਾਖ ਵਦੀ ੫ ਸੰਮਤ ੧੭੨੯ ਬਿਃਨੂੰ ਸ੍ਰੀ ਅੰਮ੍ਰਿਤਸਰ ਜੀ ਵਿਖੇ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਘਰ ਪੈਦਾ ਹੋਏ ਚੇਤ ਸ਼ੁਦੀ ੧੪ ਸੰਮਤ ੧੭੨੧ ਬਿਃ ਨੂੰ ਗੱਦੀ ਪਰ ਬਿਰਾਜੇ ਅਤੇ ੨੦ ਬਰਸ ਪੰਜ ਮਹੀਨੇ ੨੨ ਦਿਨ ਗੁਰਿਆਈ ਕਰ ੫੪ ਬਰਸ ੪ ਦਿਨ ਸਾਰੀ ਉਮਰ ਭੋਗਕੇ ਸੰਮਤ ੧੭੩੨ਬਿਃਮਘਰਸੁਦੀ ੫ ਨੂੰ ਦਿੱਲੀ ਵਿੱਚ ਪ੍ਰਲੋਕ ਗਮਨ ਹੋਏ॥ ੧੯੨ ॥

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਲਗੀਧਰ

ਪਾਤਸ਼ਾਹੀ ੧੦

ਜਿਸ ਵਕਤ ਅਨੰਦਪੁਰ ਵਿਚ ਬੈਠਿਆਂ ਨੂੰ ਸਿੱਖਾਂ ਨੇ ਸ੍ਰੀ ਗੁਰੂ ਤੇਗਬਹਾਦਰ ਜੀ ਦਾ ਸਿਰ ਜਾਕੇ ਦਿੱਤਾ ਤਦ ਸ੍ਰੀ ਕਲਗੀਧਰ ਜੀ ਨੇ ਪਿਤਾ ਦਾ ਸਿਰ ਦੇਖ ਕਰ ਏਹ ਅਵਾਜ ਕੀਤੀ ॥

"ਤੇਗਬਹਾਦਰ ਕੇ ਚਲਤ ਭਯੋ ਜਗਤ ਮੈਂ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰਲੋਕ"

CC-0. Gurukul Kangri University Haridwar Collection. Digitized by S3 Foundation USA

ਪੁਨਹ

ਧਰਮ ਹੇਤ ਸਾਕਾ ਜਿਨ ਕੀਆ ॥ ਸੀਸ ਦੀਆ ਪਰ ਸਿਰਰੁ ਨ ਦੀਆ॥
ਸਾਧਨ ਹੇਤ ਇਤੀ ਜਿਨ ਕਰੀ ॥ ਸੀਸ ਦੀਆ ਪਰ ਸੀ ਨ ਉਚਰੀ ॥
ਇਤਜਾਦਿਕ ਵਾਕ ਕਹੇ ॥ਫੇਰ ਸੀਸ ਨੂੰ ਲੈਕਰ ਗੁਰੂ ਸਾਹਿਬ ਨੇ ਵਿਧਿ ਪੂਰਬਕ ਸਸਕਾਰ ਕੀਤਾ ਅਤੇ ਆਪ ਗੁਰਿਆਈ ਦਾ ਕਾਰ ਬਾਰ ਕਰਨ ਲੱਗੇ ॥

ਏਹ ਗੁਰੂ ਸਾਹਿਬ ਪੋਹ ਸੁਦੀ ੭ ਸੰਮਤ ੧੭੨੩ ਬਿਃ ਨੂੰ ਸ੍ਰੀ ਗੁਰੂਤੇਗਬਹਾਦਰ ਜੀ ਦੇ ਘਰ ਪਟਣੇ ਸ਼ਹਿਰ ਵਿਖੇ ਪ੍ਰਗਟ ਹੋਏ ਤੇ ਸੰਮਤ ੧੭੩੨ ਬਿਃ ਘਰ ਸੁਦੀ ੫ ਨੂੰ ਗੁਰਿਆਈ ਪਾਈ ਅਤੇ ਅਦਭੁਤ ਕੌਤਕ ਕਰਕੇ ਸਾਰੀਉਮਰ ੪੨ ਬਰਸ ੨ ਮਹੀਨੇ ਘਟ ਢੋਗਕੇ ਸੰਮਤ ੧੭੬੫ ਬਿਃ ਕੱਤਕ ਸੁਦੀ ੫ ਨੂੰ ਸ੍ਰੀ ਅਬਚਲ ਨਗਰ ਵਿਖੇ ਜੋਤੀਜੋਤਿ ਸਮਾਏ ॥ ੧੮੨ ॥

ਦੁਨੀਆਂ ਭਰ ਵਿੱਚ ਸ੍ਰੀਗੁਰੂ ਗੋਬਿੰਦਸਿੰਘ ਜੀ ਦੇ ਨਾਲਦੀਕੋਈ ਨਜ਼ੀਰਨਜਰ ਨਹੀਂ ਆਉਂਦੀ ਜੈਸੀਕਿ ਏਨਾਂਨੇ ਕਰ ਦਿਖਾਈ ਇਨ੍ਹਾਂ ਗੁਰੂਸਾਹਿਬਾਂਦਾ ਜੀਵਨ ਚਰਿਤ੍ਰ ਏਤਨਾ ਹੈ ਕਿ ਜੇਕਰ ਏਡੀ ਵਡੀ ਇਕ ਹੋਰਜਨਮਸਾਖੀ ਬਨ ਜਾਏ ਤਾਂ ਭੀਨਾ ਮੁੱਕੇ। ਏਸੇ ਲਈ ਏਨ੍ਹਾਂ ਦੇ ਜਨਮ ਤੋਂ ਲੈਕੇ ਸਾਰੇ ਦੇ ਸਾਰੇ ਪ੍ਰਸੰਗ ਛੱਡ ਦਿੱਤੇ ਹਨ ਪਰੰਤੁਇਕਪ੍ਰਸੰਗ ਚਮਕੌਰਵਾਲਾ ਮੇਰੇ ਪਾਸੋਂ ਛੱਡਿਆ ਨਹੀਂ ਜਾਂਦਾ ਤੇਓਹ ਬਾਰਬਾਰ ਯਾਦ ਆਂਵਦਾ ਹੈ ਏਸ ਲਈ ਕੇਵਲ ਓਹੋ ਪ੍ਰਸੰਗ ਵਿਖਾ ਕੇ ਏਸ ਪੁਸਤਕ ਨੂੰ ਸੰਪੂਰਨ ਕੀਤਾ ਜਾਏਗਾ ॥

ਏਸ ਤੋਂ ਪਹਿਲਾਂ ਕਿ ਮੈਂ ਚਮਕੌਰ ਦਾ ਪ੍ਰਸੰਗ ਦੱਸਾਂ ਏਹਭੀ ਆਖੇ ਬਗੈਰ ਨਹੀਂ ਰਹਿਸਕਦਾਂ ਕਿ ਜੈਸਾ ਪਿਆਰ ਗੁਰੂਸਾਹਿਬਨੂੰਹਿੰਦੂ ਧਰਮ ਦੀ ਰਖਿਆਦਾਸੀ ਵਸਾ ਹੋਰ ਕਿਸੇ ਨੂੰ ਅੱਜਤਕ ਨਹੀਂਹੋਯਾ। ਉਨ੍ਹਾਂ ਦੇ ਕੰਮ ਦੱਸ ਰਹੇ ਹਨ ਕਿ ਓਹ ਹਮੇਸ਼ਾ ਜ਼ਾਲਮਾਂਦੇ ਵਿਰੁਧ ਰਹੇ ਜੇਕਰ ਏਹ ਕਹੀਏ ਕਿ ਓਹ ਮੁਸਲਮਾਨ ਕੌਮ ਦੇ ਵਿਰੁਧ ਸੇ ਤਾਂ ਭੀ ਨਹੀਂ ਕਿਉਂਕਿ ਜੇਕਰ ਉਨ੍ਹਾਂਦੇਵਿਰੁਧਹੁੰਦੇਤਾਂਪੰਜ ਸੌ ਪਠਾਣ* ਦਾਮਲੇਦੇ (ਜੋਪੀਰਬੁਧੂਸ਼ਾਹਨੇ ਸੰਮਤ ੧੭੪੨ ਬਿਃ ਨੂੰ ਨੌਕਰ ਰਖਾਏ ਸੇ) ਨੌਕਰ ਨਾ ਰੱਖਦੇ ਅਤੇ ਜੇਕਰ ਹਿੰਦੂਆਂ ਦੇ ਨਿਰੇ ਪੱਖੀ ਹੁੰਦੇ ਤਾਂ ਮਸੰਦਾਂ ਨੂੰ ਤੇਲਦੇ ਕੜਾਹਿਆਂਵਿੱਚ ਪਾਕੇ ਕਿਉਂ ਸਾੜਦੇ ? ਏਸਤੋਂ ਏਹੋ ਸਿੱਧ ਹੋਯਾ ਕਿ ਓਹ ਜ਼ੁਲਮ ਨੂੰ ਦੂਰ ਕਰਨ ਵਾਸਤੇ ਪ੍ਰਿਥਵੀ ਪਰ ਆਏ ਸੇ ਤੇ ਸੱਤ ਧਰਮ ਦਾ ਪ੍ਰਚਾਰ ਕਰਨਾਂ ਉਨ੍ਹਾਂ ਦਾ ਅਸਲੀ ਅਸੂਲ ਸੀ ਜੈਸਾ ਕਿ ਉਨ੍ਹਾਂ ਦੇ ਵਾਕਾਂ ਤੋਂ ਭੀ ਸਾਬਤ ਹੈ ॥

---

* ਏਹ ਓਹ ਪਠਾਣ ਸੇ ਜੋ ਭੰਗਾਣੀ ਦੇ ਜੰਗ ਵਿੱਚ ਨਿਮੱਕਹਰਾਮ ਮੁਸਲਮਾਨਾਂ ਨਾਲ ਜਾ ਰਲੇ ਸੇ ॥

CC-0. Gurukul Kangri University Haridwar Collection. Digitized by S3 Foundation USA

ਯਥਾ ਸ੍ਰੀ ਮੁਖਵਾਕ ਬਚਿਤ੍ਰ ਨਾਟਕ ਵਿੱਚੋਂ ॥

ਹਮ ਇਹ ਕਾਜ ਜਗਤ ਮੋਂ ਆਏ। ਧਰਮ ਹੇਤ ਗੁਰ ਦੇਵ ਪਠਾਏ॥
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸਟ ਦੋਖੀਅਨ ਪਕਰ ਪਛਾੜੋ॥
ਇਹੈ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ॥

ਇੱਤਯਾਦਿਕ ॥ ਬੱਸ ਸ੍ਰੀਗੁਰੂਕਲਗੀਧਰ ਜੀ ਜਿਸਕੰਮਵਾਸਤੇ ਅਕਾਲਪੁਰਖ ਦੀ ਤਰਫ਼ੋਂ ਆਏ ਸੇ ਓਸੇਕੰਮ ਨੂੰ ਪੂਰਾ ਕਰਣ ਦੇ ਫਿਕਰਵਿੱਚ ਲੱਗ ਗਏ ਅਤੇ ਗੱਦੀਪਰ ਬੈਠਦਿਆਂਹੀ ਸਰਬ ਖਾਲਸੇਨੂੰ ਹੁਕਮ ਦੇ ਦਿੱਤਾ ਕਿ ਜੋ ਸਿੱਖ ਸਾਡੇ ਵਾਸਤੇ ਚੰਗਾਘੋੜਾਤੇ ਚੰਗਾ ਸ਼ਸਤ੍ਰ ਲਿਆਵੇਗਾ ਓਸ ਪਰ ਅਸੀਂ ਬਹੁਤ ਖ਼ੁਸ਼ ਹੋਵਾਂਗੇ॥

ਏਸ ਹੁਕਮ ਨੂੰ ਸੁਣਕੇ ਸਭ ਸੰਗਤਾਂ ਦੂਰੋਂ ਦੂਰੋਂ ਸ਼ਸਤ੍ਰ ਘੋੜੇ ਲਿਆਵਣ ਲੱਗੀਆਂ ਤੇ ਮਹਾਰਾਜ ਨੇ ਭੀ ਜੰਗਦੇ ਸਾਮਾਨਮੁਹੱਯਾਕਰਕੇ ਫੌਜਾਂ ਭਰਤੀਕਰਨੀਆਂਅਰੰਭਕੀਤੀਆਂ॥

ਏਸੇ ਹੁਕਮਨੂੰ ਸੁਣਕੇ ਸੰਮਤ ੧੭੩੭ ਬਿਃ ਵਿੱਚ ਆਸਾਮ ਦੇ ਰਾਜੇ ਰਾਮਰਾਇ ਦਾ ਪੁਤ੍ਰ ਰਤਨ ਰਾਇ (ਜੋਗੁਰੂਤੇਗਬਹਾਦਰ ਜੀਦਾ ਸਿੱਖਸੀ) ਸ੍ਰੀਕਲਗੀਧਰਜੀ ਪਾਸ ਅਨੰਦਪੁਰ ਵਿਖੇ ਇਕ ਪੰਚਕਲਾ ਸ਼ਸਤ੍ਰ ਜਿਸਦੀ ਕਲਾਦਬਾਉਣ ਨਾਲ ਬਰਛੀ, ਬੰਦੂਕ, ਪੇਸ਼ ਕਬਜ਼, ਪਸਤੌਲ, ਗੁਰਜ ਏਹ ਪੰਜ ਹਥਿਆਰ ਬਣ ਜਾਂਦੇ ਸੇ ਭੇਟਾ ਲਿਆਯਾ ਤੇ ਚੌਦਨ ਦੀ ਚੌਕੀ ਜਿਸ ਪਰ ਇਸ਼ਨਾਨ ਦੇ ਵਕਤ ਚਾਰ ਪੁਤਲੀਆਂ ਹਾਜ਼ਰ ਹੋਜਾਂਦੀਆਂਸੀ ਤੇ ਪੰਜ ਦਰਿਆਈ ਘੋੜੇ (ਜੋ ਸੌਸੌਕੋਹ ਦਾਦਮਰਖਦੇ ਸੇ) ਇਕਪ੍ਰਸਾਦੀਹਾਥੀਸਭਕੁਛ ਸਿਖਿਆ ਹੋਯਾ ਸੀ ਏਹ ਵੀਭੇਟਾ ਲਿਆਯਾ ਜੋ ਗੁਰੂ ਸਾਹਿਬ ਨੇ ਖ਼ੁਸ਼ੀ ਨਾਲ ਮਨਜ਼ੂਰ ਕੀਤੀ ॥ ਜਿਸ ਵਕਤ ਗੁਰੂ ਸਾਹਿਬ ਪਾਸ ਕਾਫ਼ੀ ਤਾਦਾਦ ਫੌਜ ਦੀ ਹੋਗਈ ਤਾਂ ਓਨਾਂ ਨੇ ਜ਼ਾਲਮਾਂ ਦੇ ਮੁਕਾਬਲੇ ਵਾਸਤੇ ਕਮਰ ਬਧੀ ॥ ਪਰੰਤੂ ਗੁਰੂ ਸਾਹਿਬਨੇ ਏਹ ਸੋਚਿਆ ਕਿ ਹਿੰਦੂ ਕੌਮ ਐਸੀ ਗਿਰ ਗਈ ਹੈ ਜੋ ਏਹ ਮੁਸਲਮਾਨਾਂ ਦਾ ਨਾਮ ਸੁਨ ਡਰਦੀ ਹੈ ਤੇ ਏਸ ਵਿੱਚ ਮੁਕਾਬਲੇ ਦੀ ਤਾਕਤ ਨਹੀਂ ਤਾਂਤੇ ਇਕ ਤੀਸਰਾ ਪੰਥ ਖ਼ਾਲਸਾ ਰਚਕੇ ਏਨਾਂ ਦੁਸ਼ਟਾਂ ਦ ਨਾਸ ਕਰੀਏ ਏਹੀ ਸੋਚਕੇ ਗੁਰੂ ਜੀ ਨੇ ਕੇਸਗੜ ਦਰਬਾਰ ਲਗਾਕੇ ਸੰਮਤ੧੭੫੬ ਬਿਃ ੧ ਬੈਸਾਖ ਨੂੰ ਖ਼ਾਲਸਾ ਰਚਿਆ ਸਾਰੀ ਫ਼ੌਜ ਵਿਚੋਂ ਪਹਿਲੇ ਦਿਨ ਪੰਜ ਸਿੰਘ ਹੀ ਤਲਵਾਰ ਦੇ ਹੇਠ ਸਿਰ ਦੇਣ ਵਾਸਤੇ ਨਿਤਰੇ॥

ਗੁਰੂ ਸਾਹਿਬ ਨੇ ਕਨਾਤਵਿਚ ਪੰਜ ਬੱਕਰੇ ਸਭ ਤੋਂ ਓਪਰੇ ਹੀ ਲਿਆ ਰੱਖੇ ਤੇ ਫੇਰ ਹੱਥ ਵਿਚ ਨੰਗੀ ਤਲਵਾਰ ਕਰਕੇ ਆਖਿਆ ਕੋਈ ਸਿੱਖ ਹੈ ਜੋ ਸਿਰ ਦੇਵੇ॥

ਚਮਕਦੀ ਤਲਵਾਰ ਤੇ ਲਾਲ ਅੱਖਾਂ ਨੂੰ ਦੇਖਕੇ ਬਹੁਤ ਲੋਗ ਖਿਸਕ ਗਏ ਪਰੰਤੂ ਸਭਤੋਂ ਪਹਿਲੇਭਾਈ ਦਯਾਸਿੰਘਜੀ ਖੱਤ੍ਰੀਨੇਉਠਕੇ ਆਖਿਆਹੇਭਗਵਾਨ! ਸਿਰਤਾਂ ਅਸੀਓਸੇਦਿਨ

CC-0. Gurukul Kangri University Haridwar Collection. Digitized by S3 Foundation USA

ਦੇ ਚੁਕੇ ਜਿਸ ਦਿਨ ਆਪਦੇ ਸਿੱਖ ਬਣੇ ਗੁਰੂ ਸਾਹਿਬ ਓਸਨੂੰ ਕਨਾਤ ਅੰਦਰ ਲੈ ਗਏ ਤੇ ਇਕ ਪਾਸੇ ਬਿਠਾਕੇ ਇਕ ਬੱਕਰਾ ਝਟਕਾ ਕੇ ਲੋਹੂ ਦੀ ਭਿੱਜੀ ਹੋਈ ਤਲਵਾਰ ਲੈਕੇ ਬਾਹਰ ਆਏ ਤੇ ਬਚਨ ਕੀਤਾ ਕੋਈ ਸਿੱਖ ਹੈ ਜੋ ਸਿਰ ਦੇਵੇ ॥

ਫਿਰ ਭਾਈ ਧਰਮਸਿੰਘ ਜੱਟ ਖੜਾ ਹੋਯਾ ਏਸੇਤਰਾਂ ਫੇਰ ਹਿੰਮਤਸਿੰਘ ਕਹਾਰ ਉਠਿਆ ਤੇ ਫੇਰ ਸਾਹਿਬਸਿੰਘ ਨਾਈ ਹਾਜ਼ਰ ਹੋਯਾ ਤੇ ਫੇਰ ਮੁਹਕਮਸਿੰਘ ਛੀਂਬਾ ਅਗੇ ਆਯਾ ਜਦ ਏਹ ਪੰਜ ਆ ਚੁਕੇ ਤਾਂ ਗੁਰੂ ਸਾਹਿਬ ਨੇ ਏਨਾਂ ਪੰਜਾਂ ਨੂੰ ਨਵੀਨ ਬਸਤ੍ਰ ਸਜਾਕੇ ਬਾਹਰ ਆਂਦਾ ਤੇ ਆਖਿਆ ਗੁਰੂ ਨਾਨਕ ਸਾਹਿਬ ਜੀ ਦੇ ਵੇਲੇ ਇਕ ਗੁਰੂ ਅੰਗਦ ਜੀ ਹੀ ਸਾਬਤ ਰਹੇ ਸੇ ਤੇ ਹੁਣ ਤਾਂ ਪੰਜ ਸਾਬਤਰਹੇ ਹਨ ਅਸੀਂ ਭਰੋਸਾ ਕਰਦੇ ਹਾਂ ਕਿ ਮਾਰਾਂਗੇ ਜ਼ਾਲਮਾਂ ਤੇ ਦੁਸ਼ਟਾਂਨੂੰ। ਏਹਕੈਹਕੇ ਆਪਆਪੇ ਅੰਮ੍ਰਿਤਛਕਾ ਤੇਫੇਰ ਓਨਾਂਨੂੰਅੰਮ੍ਰਿਤਛਕਾਯਾਤੇ ਰੈਹਤ ਦੱਸੀਤੇਫੇਰਓਨਾਂਤੋਂਆਪਅੰਮ੍ਰਿਤਛਕਣਾ ਤੇ ਬਚਨ ਕੀਤਾ ॥ "ਵਾਹਿ ਵਾਹਿ ਗੋਬਿੰਦ ਸਿੰਘ ਆਪੇਗੁਰੁਚੇਲਾ"॥ਪੁਨਹ ਏਸਆ ਨੂੰਲੈਕੇਭਾਈਗੁਰਦਾਸਜੀਨੇਇਸਪ੍ਰਕਾਰਲਿਖਿਆਹੈ॥

ਯਥਾ ਵਾਰ ਭਾਈ ਗੁਰਦਾਸ ਜੀ ਵਿੱਚੋਂ

ਗੁਰਬਰ ਅਕਾਲ ਕੇ ਹੁਕਮਸਿਉ ਉਪਜਿਓ ਬਿਗਿਆਨਾ ॥ ਤਬਸਹਿਜੇਰਚਿਓ ਖਾਲਸਾ ਸਾਬਤ ਮਰਦਾਨਾ॥ਇਉਂ ਉਠੇਸਿੰਘ ਭਭਕਾਰ ਕਰ ਸਭਜਗ ਭਰਪਾਨਾ ॥ਮੜੀ ਚੌਰ ਦੇਵਲ ਮਸੀਤ ਢਾਹਿ ਕੀਏ ਮੈਦਾਨਾ॥ ਬੇਦ ਪੁਰਾਨ ਖਟ ਸ਼ਾਸਤ੍ਰਾਂ ਫੁਨ ਮਿਟੇ ਕੁਰਾਨਾ॥ਬਾਂਗ ਸਲਾਹਤ ਹਟਾਇਕਰ ਮਾਰੇ ਸੁਲਤਾਨਾ ॥ ਮੀਰਪੀਰਸਭਛਪਗਏ ਸਭ ਮਜ਼ਹਬਉਲਟਾਨਾ ॥ ਮਲਵਾਨੇ ਕਾਜ਼ੀ ਪੜ ਥਕੇ ਕਛ ਮਰਮ ਨ ਜਾਨਾ॥ਲਖਪੰਡਤਬ੍ਰਹਮਨ ਜੋਤਕੀ ਬਿਖਸਜੋਂ ਉਰਝਾਨਾ ॥ ਫੁਨਪਾਥਰ ਦੇਵਲ ਪੂਜਕਰ ਅਤੀ ਹੀ ਭਰਮਾਨਾ॥ਇਉਂਦੋਨੋਂਫਿਰਕੇਕਪਟ ਮੇਂ ਰਚਰਹੇ ਨਿਦਾਨਾ ॥ ਤੀਸਰ ਮਜ਼ਹਬ ਖਾਲਸਾ ਉਪਜਿਓ ਪਰਧਾਨਾ ॥ ਜਿਨਿਗੁਰੁ ਗੋਬਿੰਦਕੇ ਹੁਕਮ ਸਿਉਂ ਗਹਿਖੜਗਦਿਖਾਨਾ॥ਤਿਹ ਸਭ ਦੁਸ਼ਟਨ ਕੋ ਛੇਦ ਕਰ ਅਕਾਲ ਜਪਾਨਾ ॥ ਫਿਰਐਸਾ ਹੁਕਮ ਅਕਾਲ ਕਾ ਜਗਮੇਂ ਪ੍ਰਗਟਾਨਾ ॥ ਤਬ ਸੁੰਨਤ ਕੋਇ ਨ ਕਰ ਸਕੇ ਕਾਂਪਤ ਭੁਰਕਾਨਾ॥ਇਉਂ ਉੱਮਤ ਸਭ ਮੁਹੰਮਦੀ ਖਪਗਈ ਨਿਦਾਂਨਾ॥ਤਬਫਤੇਫੀਕ ਜਗਮੇਂਘੁਰੇ ਦੁਖ ਦੁੰਦ ਮਿਟਾਨਾ ॥ ਤੀਸਰਪੰਥ ਚਲਾਇਅਨ ਵਡ਼ਸੂਰ ਗਹੇਲਾ ॥ ਵਾਹਿ ਵਾਹਿ ਗੋਬਿੰਦਸਿੰਘ ਆਪੇ ਗੁਰ ਚੇਲਾ ॥

ਪੁਨਹ

ਓਹ ਗੁਰਗੋਬਿੰਦਹੋਇਪ੍ਰਗਟਿਆ ਦਸਵੇਂ ਅਵਤਾਰਾ ॥ ਜਿਨ ਅਲਖ ਅਕਾਲੇ ਨਿਰੰਜਨਾ ਜਪਿਓ ਕਰਤਾਰਾ ॥ ਨਿਜ ਪੰਥ ਚਲਾਯੋ ਖਾਲਸਾ ਧਰ ਤੇਜ ਕਰਾਰਾ ॥ ਸਿਰ ਕੇਸ ਧਾਰ ਗਹਿ ਖੜਗਕੋ ਸਭ ਦੁਸ਼ਟ ਪਛਾਰਾ ॥ ਸੀਲ ਜੱਤ ਕੀ ਕਛ ਪਹਿਰ ਪਕੜੇ ਹਥਿਆਰਾ॥

CC-0. Gurukul Kangri University Haridwar Collection. Digitized by S3 Foundation USA

ਸਚ ਫਤੇ ਬੁਲਾਈ ਗੁਰੂਕੀ ਜੀਤਿਓ ਰਨ ਭਾਰਾ ॥ ਸਭ ਦੈਤ ਅਰਿਣ ਕੋ ਘੇਰ ਕਰ ਕੀਓ ਪਚਿਹਾਰਾ ॥ ਤਬ ਸਹਿਜੇ ਪ੍ਰਗਟਿਓ ਜਗਤ ਮੇਂ ਗੁਰ ਜਾਪ ਅਪਾਰਾ ॥ ਇਉਂ ਉਪਜੇ ਸਿੰਘ ਭੁਝੰਗੀਏ ਨੀਲ ਅੰਬਰ ਧਾਰਾ ॥ ਤੁਰਕ ਦੁਸ਼ਟ ਸਭ ਛੈ ਕੀਏ ਹਰਿਨਾਮ ਉਚਾਰਾ ॥ ਤਿਨ ਆਗੇ ਕੋਇ ਨ ਠਹਿਰਿਓ ਭਾਗੇ ਸਰਦਾਰਾ ॥ ਤਿਹ ਰਾਜੇ ਸ਼ਾਹ ਅਮੀਰੜੇ ਹੋਏ ਸਭ ਛਾਰਾ ॥ ਫਿਰਸੁਨਕਰ ਐਸੀ ਧਮਕ ਕੋ ਕਾਂਪੇ ਗਿਰ ਭਾਰਾ ॥ ਸਭ ਧਰਤੀ ਹਲ ਚਲ ਭਈ ਛਾਡੇ ਘਰਬਾਰਾ ॥ ਇਉਂ ਐਸੇ ਦੁੰਦ ਕਲੇਸ਼ ਮੇਂ ਖਪਿਓ ਸੰਸਾਰਾ ॥ ਤਹਿਬਿਨ ਸਤਿ ਗੁਰ ਕੋਈਹੈ ਨਹੀਂ ਭੈ ਕਾਟਨਹਾਰਾ ॥ ਗਹਿ ਐਸੇ ਖੜਗ ਦਿਖਾਈਐ ਕੋ ਸਕੈ ਨ ਝੇਲਾ ॥ ਵਾਹਿ ਵਾਹਿ ਗੋਬਿੰਦਸਿੰਘ ਆਪੇ ਗੁਰ ਚੇਲਾ ॥

ਪੰਥ ਰਚਕੇ ਗੁਰੂ ਸਾਹਿਬ ਨੂੰ ਐਸਾ ਭਰੋਸਾ ਹੋਗਿਆ ਜੈਸਾ ਕਿ ਇਹ ਵਾਕ ਹੈਃ—

ਸਵਾ ਲਾਖ ਸੇ ਏਕ ਲੜਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥
ਚਿੜੀਅਨ ਤੇ ਮੈਂ ਬਾਜ ਤੁੜਾਊਂ ॥ ਤਬੀਗੋਬਿੰਦਸਿੰਘ ਨਾਮ ਕਹਾਊਂ ॥

ਪੰਥ ਰਚਨਦੇ ਬਾਦ ਗੁਰੂਸਾਹਿਬ ਨੇ ਅਨੰਦਗੜ੍ਹ, ਲੋਹਗੜ੍ਹ, ਫਤੇਗੜ੍ਹ ਆਦਿਕ ਕਿਲੇ ਰਚੇ ਤੇ ਭੰਗਾਣੀ ਆਦਿਕ ਕਈ ਜੰਗ ਕੀਤੇ॥ ਖ਼ੈਰ ਏਹ ਦੂਸਰੀਗੱਲਹੈ ਜਿਸਦਾ ਬ੍ਰਿਤਾਂਤ ਏਥੇ ਨਹੀਂ ਲਿਖਣਾ ਮੈਂ ਕੇਵਲ ਏਹ ਦੱਸਣਾ ਹੈ ਕਿ ਗੁਰੂ ਸਾਹਿਬ ਨੇ ਕੈਸਾ ਉਪਕਾਰ ਭਾਰਤ ਵਰਸ਼ੀ ਹਿੰਦੂਆਂ ਉਪਰਕੀਤਾ॥ਮੈਂ ਏਹ ਗੱਲ ਜੋਰਨਾਲ ਕਹਿੰਦਾਹਾਂ ਕਿਜੇਕਰਗੁਰੂਗੋਬਿੰਦ ਸਿੰਘਜੀ ਨਾ ਹੁੰਦੇ ਤਾਂ ਅਜ ਇਕ ਭੀ ਹਿੰਦੂ ਨਜ਼ਰ ਨਾ ਆਉਂਦਾ ਪਰੰਤੂਅਫ਼ਸੋਸ! ਕਿਜਿਸ ਗੁਰੂਸਾਹਿਬ ਨੇ ਸਾਡੀ ਖਾਤਰ ਪਹਿਲੇ ਆਪਣੇਪਿਆਰੇ ਪਿਤਾਨੂੰ ਕੁਰਬਾਨ ਕਰਾਯਾ, ਫੇਰ ਸ਼ਾਹੀ ਸਾਮਾਨ ਸਾਰੇਦਾ ਸਾਰਾ ਲੁਟਾਦਿੱਤਾ, ਜਿਸਨੇਆਪਣੇ ਜਿਗਰ ਦੇ ਟੁਕੜੇ ਗੁਲਾਬਦੇ ਫੁੱਲ ਛੋਟੇ ੨ ਸਾਹਿਬਜ਼ਾਦੇ ਆਪਣੀਆਂਅੱਖਾਂਦੇਸਾਹਮਣੇਤਲਵਾਰਾਂਨਾਲਸ਼ਹੀਦ ਹੁੰਦੇਦੇਖੇ ਜਿਸਨੇ ਦੋ ਛੋਟੇ ੨ ਸਾਹਿਬਜ਼ਾਦੇ ਕੰਧ ਵਿਚ ਧਰਮਰੱਖਿਆਵਾਸਤੇਚਿਣੇਜਾਣਦਿਤੇ ਜਿਸ ਨੇ ਲੱਖਾਂ ਦਾ ਮੁਕਾਬਲਾ ਇਕ ੨ ਨਾਲ ਕਰਾਯਾ, ਜਿਸਨੇ ਆਪਨੇ ਪਯਾਰੇ ਸਿੱਖਾਂਦੇ ਲੱਖਾਂ ਸਿਰ ਧਰਮ ਰਖਣਾ ਵਾਸਤੇ ਬਲੀ ਕਰਾਏ, ਜਿਸਨੇ ਆਪਣੇ ਸਿਖਾਂਦੇ ਦਿਲ ਵਿਚ ਐਸਾ ਅੰਮ੍ਰਿਤਭਰਿਆ ਕਿ ਓਨਾਂ ਧਰਮ ਵਾਸਤੇ ਬੰਦ ਬੰਦ ਕਟਾਏ ਤੇ ਨੱਕ ਤਕ ਨਾ ਚੜ੍ਹਾਯਾ॥ ਜਿਸਨੇ ਮੁਰਦੇ ਹਿੰਦੂਆਂ ਨੂੰ ਪੰਜ ੨ ਚੁਲੇ ਅੰਮ੍ਰਿਤ ਦੇ ਪਿਆਕੇ ਮੁੜ ਹਰੇ ਕੀਤਾ, ਜਿਸਨੇ ਆਪਣੀ ਸਾਰੀਉਮਰ ਦੁਖ ਤੇ ਭੁਖਵਿਚ ਗੁਜ਼ਾਰੀ, ਸੋਸਾਡੇਲਈਨੰਗੀਪੈਰੀਂ ਝਾੜੀਆਂ ਤੇ ਪਹਾੜੀਆਂ ਵਿਚ ਫਿਰਦਾ ਰਿਹਾ, ਜਿਸ ਨੇ ਅਫ਼ੀਮ ਦੀ ਜਗਹ ਅੱਕ ਦੇ ਪੱਤ ਖਾਧੇ, ਜੋ ਲੋਹ ਤੁਲਾਈਆਂ ਛੱਡਕੇ ਬੀਯਾਬਾਣ ਜੰਗਲ ਵਿਚ ਸੁੱਤਾ, ਜੋ ਸਾਡੇ ਲਈ ਘਰ ਛੱਡਦੇ ਵਤਨੋਂ ਬੇਵਤਨ ਹੋਯਾ, ਜਿਸਨੇ ਸਿਵਾਇ ਇਕ ਅਕਾਲ ਦੇ ਹੋਰ ਕਿਸੇ ਨੂੰ ਨਾ ਪੁਜਾਯਾ, ਜਿਸਨੇ ਬੱਕਰੀਆਂ ਤੇ ਚਿੜੀਆਂ ਤੋਂ ਸ਼ੇਰਾਂ ਤੇ ਬਾਜਾਂ ਦਾ ਸ਼ਕਾਰ ਕਰਾਯਾ, ਜਿਸਨੇ ਬਿਚਾਰੇ

CC-0. Gurukul Kangri University Haridwar Collection. Digitized by S3 Foundation

ਜੱਦ ਗਰੀਬਾਂ ਨੂੰ ਰਾਜ ਦਿਵਾਯਾ, ਸਚ ਪੁਛੋ ਤਾਂ ਭਾਰਤ ਦੇ ਡੁੱਬੇਹੋਏ ਜਹਾਜ਼ਨੂੰ ਕਿਨਾਰੇ ਲਗਾਯਾ, ਦਸੋਖਾਂ ਅਸਾਂ ਤੇ ਤੁਸਾਂ ਓਸਦਾ ਕੀ ਕਦਰ ਪਾਯਾ ?

ਪਿਆਰੇ ਪਾਠਕਗਣ! ਗੁਰੂਸਾਹਿਬ ਦੇ ਉਪਕਾਰਾਂ ਤੇ ਦੁਖਾਂ ਦੀ ਇਕ ਲੰਮੀ ਕਹਾਣੀ ਹੈ ਜਿਸਦੇ ਲਿਖਣਦੀ ਮੈਂ ਤਾਕਤਨਹੀਂ ਰਖਦਾ ਤੇ ਨਾਹੀਂ ਏਥੇ ਗੁੰਜਾਇਸ਼ ਹੈ ਏਸਲਈ ਮੈਂ ਆਪਣੇ ਉਪਰਲੇ ਇਕਰਾਰ ਬਮੂਜਬ ਗੁਰੂਸਾਹਿਬਦਾ ਇਹਹੀ ਜੰਗ ਆਪਨੂੰ ਸੁਣਾਕੇਏਹ ਪ੍ਰਸੰਗਸੰਪੂਰਨਕਰਾਂਗਾ ਆਪਜ਼ਰਾ ਧਯਾਨਦੇਕੇ ਸੁਣੋ ਕਜੋਂਕਿ ਗੱਲ ਸੁਣਨ ਵਾਲੀਹੈ ॥

ਚਮਕੌਰ ਦਾ ਜੰਗ

ਇਸਜੰਗ ਤੋਂ ਪਹਿਲਾਂ ਕਈਜੰਗ ਹੋਚੁਕੇ ਸੇ ਤੇ ਕਈਵਾਰੀ ਪਹਾੜੀ ਰਾਜੇ ੨੨ ਧਾਰਾਂ ਦੇ ਇਕੱਠੇ ਹੋ ਕੇ ਭੀ ਗੁਰੂਜੀ ਨਾਲ ਮੁਕਾਬਲਾ ਕਰ ਮੁੜੇ ਸੇ ਤੇ ਬਹੁਤ ਸਾਰੀਆਂ ਫੌਜਾਂ ਔਰੰਗਜ਼ੇਬ ਦੀਆਂ ਭੀ ਗੁਰੂ ਸਾਹਿਬਦੇ ਹੱਥੋਂ ਘਾਇਲ ਚੁਕੀਆਂ ਸਨ, ਗੁਰੂ ਸਾਹਿਬ ਦਾ ਤੀਰ ਦੋ ਦੋ ਕੋਸ ਤਕ ਮਾਰ ਕਰਦਾ ਸੀ ਏਸੇ ਲਈ ਇਕ ਇਕ ਤੀਰ ਵੀਹ ਵੀਹ ਤੇ ਚਾਲੀ ਚਾਲੀ ਨੂੰ ਮਾਰਦਾ ਸੀ ॥

ਏਸਵਕਤ ਔਰੰਗਜ਼ੇਬਨੇ ਲਾਹੌਰ ਦੇ ਸੂਬੇ ਦਿਲਾਵਰਖਾਂ ਤੇ ਕਸ਼ਮੀਰਦੇ ਸੂਬੇ ਜ਼ਬਰਦਸਤ ਖਾਂ ਤੇ ਪਸ਼ਾਵਰਦੇ ਸੂਬੇ ਨਜ਼ਾਬਤ ਖਾਂ ਨੂੰ ਤਾਕੀਦੀ ਹੁਕਮ ਲਿਖਿਆ ਕਿ ਤੁਹਾਨੂੰ ਕਈ ਬਰਸ ਲੜਦਿਆਂ ਹੋਗਏ ਅਜੇ ਤਕ ਥੋੜੇ ਜੇਹੇ ਸਿੰਘ ਕਾਬੂ ਨਾ ਆਏ ਬਹੁਤ ਜਲਦ ਮੇਰੇ ਪਾਸ ਗੁਰੂ ਗੋਬਿੰਦਸਿੰਘ ਨੂੰ ਪਕੜਕੇ ਭੇਜੋ ਨਹੀਂ ਤਾਂ ਤੁਹਾਨੂੰ ਭੀ ਨੁਕਸਾਨ ਪਹੁੰਚੇਗਾ। ਏਸ ਹੁਕਮ ਨੂੰ ਸੁਣਕੇ ਸੂਬਿਆਂ ਨੇ ਫੌਜਾਂ ਤੇ ਪਿੰਡਾਂ ਦੇ ਪਿੰਡ ਇਕੱਠੇ ਕਰ ਲਏ, ਤੇ ਅਫਸੋਸ ! ਪਹਾੜੀ ਰਾਜੇ ਭੀ ਸਾਰੇ ਹੀ ਡਰਦੇ ਮਾਰੇ ਮੁਸਲਮਾਨੀ ਫੌਜਦੇ ਨਾਲ ਸ਼ਾਮਲ ਹੋਏ ॥ ਏਹ ਸਾਰੀ ਫੌਜ ਰਲਕੇ ੧੦ ਲਖ ਹੋਗਈ ਤੇ ਅਨੰਦਪੁਰ ਦੇ ਚਾਰੋਂ ਤਰਫ਼ ਆ ਉਤਰੀ ਤੇ ਦਸ ਦਸ ਕੋਸ ਤਕ ਘੇਰਾ ਘੱਤ ਲਿਆ। ਗੁਰੂ ਸਾਹਿਬ ਪਾਸ ਕੇਵਲ ੧੦ ਹਜ਼ਾਰ ਸਿੱਖ ਸੀ ਜੋ ਅੰਦਰਹੀ ਘੇਰੇ ਗਏ ॥

ਓੜਕ ੨੨ ਜੇਠ ਸੰਃ ੧੭੬੧ ਬਿਃ ਨੂੰ ਘਟਾਂ ਦੀ ਤਰਾਂ ਦੁਸ਼ਮਣਾਂ ਨੇ ਕਿਲੇ ਉਤੇ ਹੱਲਾ ਕਰਦਿੱਤਾ ਜਦ ਨੇੜੇ ਆਏ ਤਾਂ ਸਿੰਘਾਂ ਨੇ ਬਾੜ ਝਾੜਨੀ ਸ਼ੁਰੂ ਕਰ ਦਿਤੀ ॥ ਬੇ ਸ਼ੁਮਾਰ ਸ਼ਤ੍ਰੂ ਥਾਂਇ ਰਖੇ, ਏਸੇਤਰਾਂ ਬਹੁਤ ਹੱਲੇ ਕੀਤੇ ਪਰ ਕਿਲਾ ਨਾਂ ਟੁਟਿਆ, ਆਖਰ ਘੇਰਾ ਪਾਕੇ ਬੈਠਗਏਤੇ ਘਾਸਦਾਣਾ ਅੰਦਰ ਜਾਣਾ ਸਭ ਬੰਦਕਰਦਿੱਤਾ। ਯੱਦਪਿਕਿਲੇਦੇ ਅੰਦਰਬਹੁਤ ਸਾਮਾਨਜਮਾਂਸੀ ਪਰਪੰਜਮਹੀਨੇ ਤਕ ਘੇਰਾ ਘੱਤ ਰਖਣੇ ਕਰ ਸੇਭ ਜ਼ਖੀਰਾ ਮੁੱਕ ਗਿਆ ਮੁੱਠੀ੨ ਕੱਚੇਛੋਲੇ ਚੱਬਕੇ ਭੀ ਸਿਖ ਲੜਦੇ ਰਹੇ ਜਦ ਗੁਰੂ ਸਾਹਿਬ ਨੇ ਦੇਖਜਾ ਕਿ ਹੁਣ ਏਥੋਂ ਨਿਕਲਨਾ ਮੁਸ਼ਕਿਲਹੈ ਤਾਂਸਭੁਖਜ਼ਾਨੇ, ਬਰਤਨ, ਤੋਪਾਂ, ਜੰਬੂਰੇ, ਦਰੀਯਾ ਸਤਲੁਜ ਵਿਚ ਸਿਟਵਾ ਦਿਤੇ। ਹਾਥੀ ਘੋੜੇ ਬੈਲ ਉਂਟ ਬਹੁਤ ਤਾਂ ਭੁੱਖੇ ਹੀ ਮਰ ਚੁਕੇ ਸੇ

CC-0. Gurukul Kangri University Haridwar Collection. Digitized by S3 Foundation USA

ਬਾਕੀ ਜੋ ਮਰਣ ਵਾਲੇ ਦੇਖੇ ਸੋ ਦੂਣ ਕਹਿਲੂਰ ਦੀ ਤਰਫ ਤੋਰ ਦਿੱਤੇ ਗੁਰੂ ਸਾਹਿਬ ਹਰ ਇਕਦੇ ਮੋਰਚੇ ਵਿਚ ਜਾਕੇ ਹੌਸਲਾ ਦੇਦੇਕੇ ਲੜਾਉਂਦੇ ਰਹੇ ਤੇ ਸਿਖ ਭੀ ਜਾਨਾਂਤੋੜ ੨ ਲੜਦੇ ਰਹੇ ਪਰ ਭੁੱਖਨੇ ਸਭਨੂੰ ਬਿਆਕੁਲ ਕਰ ਰਖਿਆ ਸੀ ਓਧਰ ਸ਼ਾਹੀ ਅਫਸਰ ਤੇ ਰਾਜੇ ਭੀ ਲੜਦ ੨ ਬਹੁਤ ਤੰਗ ਆਗਏ ਦੇਸ ਬਰਬਾਦ ਹੋਗਿਆ ਦਾਣਾ ਘਾਸਨ ਮਿਲੇ ਇਕ ਪਲ ਭੀ ਅਰਾਮ ਦਾ ਨਾ ਗੁਜ਼ਾ ਹਰ ਵਕਤ ਚਿੰਤਾਲਗੀ ਰਹੇ ਏਸਕਰਕੇ ਓਨਾਂ ਨੇ ਫ਼ਰੇਬ ਏਸਤਰਾਂ ਕੀਤਾ ਕਿ ਇਕ ਪਤ੍ਰਕਾ ਇਸ ਮਜ਼ਮੂਨ ਦੀ ਲਿਖੀ ਜੋ "ਤੁਸੀ ਆਪਣੇ ਮਾਲ ਜਾਨਨੂੰ ਲੈਕੇ ਕਿਤੇ ਚਲੇਜਾਓ ਅਸੀਂ ਤੁਹਾਡੇ ਮਾਲ ਜਾਨ ਨੂੰ ਨਹੀਂ ਛੇੜਾਂਗੇ ਸਾਨੂੰ ਆਪਣੇ ਕੁਰਾਣ ਦੀ ਕਸਮ ਹੈ" ਏਹ ਪਤ੍ਰਕਾ ਵਕੀਲ ਦੇ ਹੱਥ ਗੁਰੂਸਾਹਿਬ ਪਾਸ ਭੇਜੀ ਜਦਪ ਗੁਰੂ ਸਾਹਿਬ ਨੇ ਓਨਾਂਦੀ ਕਸਮ ਪਰ ਇਤਬਾਰ ਤਾਂ ਨਾ ਕੀਤਾ ਪ੍ਰੰਤੂ ਮਸੰਦਾਂ ਦੇ ਸਿਖਾਉਂਣੇ ਤੋਂ ਮਾਤਾਸਾਹਿਬਤੇ ਸਿੱਖਾਂਨੇ ਬਹੁਤਹਠ ਕਰਕੇ ਆਖਿਆ ਜੇਕਰਤੁਸੀ ਕਿਲਾ ਨਹੀਂ ਛਡਦੇ ਤਾ ਅਸੀਂ ਆਪੇ ਚਲੇਜਾਵਾਂਗੇ ਹੁਣ ਸਾਥੋਂਭੁੱਖੇਮਰਕੇ ਲੜਿਆਨਹੀਂਜਾਂਦਾ ਫੇਰਗੁਰੂਸਾਹਿਬਨੇਆਖਿਆ ਕਿ ਪੰਜਦਿਨ ਤਕ ਤੁਸੀਂਹੋਰਔਖੇ ਸੌਖੇ ਹੋਕੇਲੜੋ ਸ਼ਾਹੀਫੌਜ ਆਪੇ ਚਲੀਜਾਏਗੀ ਜੇਹੁਣ ਬਾਹਰੁਨਿਕਲੋਗੇ ਤਾਂਏਹ ਤੁਹਾਨੂੰ ਦੁਰਦਿਸ਼ਾ ਕਰਕੇਮਾਰਣ ਗੇ ਇਨ੍ਹਾਂਦੀ ਕਸਮ ਸੌਂਹਦਾ ਕੁਛ ਇਤਬਾਰ ਨਹੀਂ ਜੇਤੁਸੀ ਨਹੀਂ ਮੱਨਦੇ ਤਾਂ ਅਜ਼ਮਾਕੇ ਦੇਖ ਲਵੋ ਏਹ ਕਹਿਕੇ ਗੁਰੂਜੀ ਨੇ ਬਾਹਰ ਕਹਿ ਭੇਜਿਆ ਭਾਰਬਰਦਾਰੀਵਾਸਤੇ ਊਠ ਖੱਚਰਗੱਡੇਭੇਜਦੇਵੋਅਸੀਂਕਿਲਾਛਡਦੇਂਦੇਹਾਂ ਓਨਾਂਨੇਬੜੀਖੁਸ਼ੀ ਮਨਾਈ ਤੇ ਬਹਿਲ ਗੱਡੇ ਭੇਜਦਿਤੇ ਗੁਰੂਸਾਹਿਬਨੇ ਦੁੱਦੇ ਫੁੱਦੇ ਤੋਬਰੇ ਕਾਠੀਆਂ ਠੀਕਰੇ ਪੱਥਰ ਬੋਰੀਆਂਵਿਚਭਰ ਕੇ ਬੈਲਾਂ ਉਪਰ ਲਦਵਾ ਕਰ ਰਾਤ ਦੇ ਸਮੇ ਮਸਾਲਾਂ ਜਗਾਇਕਰ ਤੋਰਦਿਤੇ ਅਜੇ ਦੋੜੀ ਹੀ ਦੂਰਗਏਸੀ ਕਿ ਦੁਸ਼ਮਨ ਲੁੱਟਣ ਆਪਏ ਤੇ ਸਭਕੁਛ ਲੈਗਏ ਜਦ ਖੋਲ੍ਹਣ ਤਾਂ ਦੇਖ ਦੇਖ ਸ਼ਰਮਿੰਦੇਹੋਨ ਤਦਗੁਰੂਜੀ ਨੇ ਸਿਖਾਂਨੂੰ ਏਹ ਦ੍ਰਿਸ਼ਟਾਂਤ ਦਿਖਾ ਕੇ ਧੀਰਜ ਦਿਤਾ ਤੇ ਬਹੁਤ ਸਮਝਾਯਾ ਜਿਸਕਰਕੇ ਹੋਰ ਦੋਦਿਨ ਤਕ ਸਿੱਖ ਲੜਦੇਰਹੇ ਪਰ ਭੁਖ ਤੇ ਜੰਗ ਦੁਖਾਂ ਨੇ ਸਿਖਾਂ ਨੂੰ ਠਹਿਰਣ ਨਾ ਦਿਤਾ ਐਸੇ ਲਾਚਾਰ ਹੋਏ ਜੋ ਆਪ ਤੋਂ ਆਪ ਕਿਲਾ ਛੱਡਨਨੂੰ ਤਯਾਰ ਹੋਗਏ। ਜਦਗੁਰੂਸਾਹਿਬਨੇ ਦੇਖਯਾ ਕਿ ਸਿਖਨਹੀਂਠੈਹਰਦੇਤਦਏਹ ਫੁਰਮਾਯਾ ਕਿ ਜੇਕਰ ਤੁਸੀ ਮੇਰੇ ਆਖੇ ਨਹੀਂ ਲਗਦੇਤਾਂਏਹ ਲਿਖਜਾਓ ਕਿ "ਅਸੀਗੁਰੂ ਕੇ ਸਿਖਨਹੀਂ" ਜੋ ਏਸਤਰਾਂ ਹੋਈ੨੦੦ ਸਿਖਬੇਦਾਵਾ ਲਿਖਕੇ ਚਲੇਗਏ॥ ਗੁਰੂਸਾਹਿਬ ਬੇਦਾਵੇ ਵਾਲਾ ਕਾਗ਼ਜ਼ ਤੇਨੇਮ ਕਸਮਵਾਲਾ ਕਾਗ਼ਜ਼ਦੇਵੋਂ ਆਪਣੀ ਜੇਬ ਵਿਚ ਪਾ ਲਏ ਤੇ ੧੫ ਮੱਘਰ ਸੰਃ ੧੭੬੧ ਬਿਃਨੂੰ ਪਹਿਲੇ ਦਿਨਦੇ ਵੇਲੇਤਾਂਮਾਈਆਂ ਦੇ ਡੋਲੇਤੇਪੋਥੀਆਂ ਦੇਗੱਡੇਭਰਕੇਭਾਈਧਰਮਸਿੰਘ,ਮੁਹਕਮਸਿੰਘ,ਈਸ਼ਰਸਿੰਘਮਿਲਖਾਸਿੰਘ ਜਵਾਹਰਸਿੰਘ ਆਦਿਕ ਸ੍ਰਦਾਰਾਂਨੂੰਦੋਸੌਸਿੰਘ ਨਾਲ ਦੇਕੇ ਸਿਰਮੌਰ ਰਾਜਾਦੇ ਰਾਜਦੀ ਤਰਫ਼ਤੋਰਦਿਤਾ

CC-0. Gurukul Kangri University Haridwar Collection. Digitized by S3 Foundation USA

S OF INTERNET // ABHINAV GAUR //

ਅਤੇ ਗੁਲਾਬ ਰਾਇ ਤੇ ਸਯਾਮ ਸਿੰਘ ਨੂੰ ਚਿੱਠੀ ਦੇਕੇ ਰਾਜੇ ਦੇ ਪਾਸ ਭੇਜਿਆ ॥

ਫੇਰ ਜਥਾ ਜੋਗ ਪ੍ਰਸ਼ਾਦ ਛਕਾਕੇ ਗੁਰੂਸਾਹਿਬਭੀ ਸਰਬਖਾਲਸੇਨੂੰ ਤੇ ਦੋਵੇਂ ਵਡੇਸ਼ਾਹਜ਼ਾਦਿਆਂ ਨੂੰ ਨਾਲ ਲੈਕੇ ਅੰਮ੍ਰਿਤ ਵੇਲੇ ਅਨੰਦਪੁਰੋਂ ਨਿਕਲ ਤੁਰੇ ਜਦਕੀਰਤਪੁਰ ਲੰਘੇ ਤਾਂ ਮੁਸੰਲਮਾਨਾਂ ਨੇ ਖ਼ਬਰ ਪਾਕੇ ਹੱਲਾ ਕਰ ਦਿੱਤਾ ਬਹੁਤ ਫੌਜ ਤਾਂ ਕਿਲੇ ਤੇ ਸ਼ਹਿਰ ਲੁੱਟਨ ਜਾ ਪਈ, ਬਾਕੀ ਦੀ ਸਭ ਫੌਜ ਗੁਰੂ ਸਾਹਿਬ ਦੇ ਪਿਛੇ ਧਾਈ। ਜਦ ਗੁਰੂਜੀ ਧਨੌਲਕਾ ਕੀਰਤਪੁਰ ਲੰਘਕੇ ਸਰਸਾ ਨਦੀ ਦੇ ਨਜ਼ਦੀਕਆਏ ਤਾਂ ਨਦੀ ਚੜ੍ਹੀਹੋਈ ਸੀ ਏਸਕਰਕੇ ਸਭ ਅਸਬਾਬ, ਡੋਲੇ, ਗੱਡੇ ਰੁਕਗਏ ਏਤਨੇ ਨੂੰ ਪਾਤਸ਼ਾਹੀ ਫੌਜ ਆਪਹੁੰਚੀ। ਗੁਰੂ ਸਾਹਿਬ ਨੇ ਸਾਹਿਬਜ਼ਾਦੇ ਅਜੀਤ ਸਿੰਘ ਸਮੇਤ ਕਈ ਜਗ੍ਹਾ ਸਿੰਘਾਂਨੂੰ ਲਵਾਕਰ ਵੈਰੀਆਂ ਨੂੰ ਬਹੁਤ ਦੇਰ ਤਕ ਰੋਕਿਆ ਪਰ ਨਦੀ ਨੇ ਕਿਸੇ ਨੂੰ ਪਾਰ ਨਾ ਹੋਨ ਦਿਤਾ ਅਨੇਕ ਸਿੰਘ ਭਲਵਾਰ ਤੇ ਨਦੀਦੀ ਧਾਰਵਿਚ ਬੈਹਗਏ ਅਸਬਾਬ ਦੇ ਭਰੇ ਹੋਏ ਗੱਡੇ ਲੁੱਟੇ ਗਏ ਮਾਤਾ ਸਾਹਿਬਾਂ ਦੇ ਰਥ ਡੋਲੇ ਓਥੇਹੀ ਰੈਹਗਏ॥ ਮਾਈਆਂ ਨੂੰ ਬੜੀ ਮੁਸ਼ਕਿਲ ਨਾਲ ਸਿੰਘਾਂਨੇ ਪਾਰ ਕੀਤਾ ਜਿਧਰ ਜਿਸਦਾ ਮੂੰਹ ਹੋਗਯਾ ਓਧਰਹੀ ਗਿਆ ਇਕਨੂੰ ਦੂਸਰੇ ਦੀ ਸੰਭਾਲਨਾਰਹੀ, ਬਡੀ ਮਾਤਾ ਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਤਾਂ ਇਕ ਖੱਚਰ ਪਰ ਚੜ੍ਹਾਕੇ ਘਰ ਦਾ ਨੌਕਰ ਰਸੋਈਆ ਬ੍ਰਾਹਮਣ ਆਪਣੇ ਪਿੰਡ ਖੇੜੀ ਜੋ ਮੋਰਿੰਡੇ ਦੇ ਪਾਸ ਹੈ ਲੈਗਿਆ, ਤੇ ਓਥੇ ਜਾਕੇ ਪਾਪੀ ਨੇ ਲਾਲਚ ਬਦਲੇ ਤੁਰਕਾਂਨੂੰ ਪਕੜਾਦਿੱਤਾ। ਗੁਰੂਜੀ ਦੀਆਂ ਦੋਵੇਂ ਸਵਾਣੀਆਂ ਨੂੰ ਮਰਦਾਵੇਂ ਭੇਸ ਕਰਾਕੇ ਜਵਾਹਰ ਸਿੰਘ ਧੰਨਾਸਿੰਘ ਆਦਿਕ ਦਿੱਲੀ ਵਿਚ ਆਪਣੇਘਰ ਲੈ ਗਏ। ਏਨ੍ਹਾਂ ਦੇ ਨਾਲ ਬੀਬੀ ਭਾਗੋ ਦੋਵੇਂ ਦੈਹਲਦਾਂ ਤੇ ਭਾਣੀ ਮਨੀਸਿੰਘਜੀ ਗਏ ॥

ਏਧਰਗੁਰੂਸਾਹਿਬਦੋਵੇਂਵਡੇਸਾਹਿਬਜ਼ਾਦਿਆਂਤੇਦਯਾਸਿੰਘਆਦਿਕਸੌਸਵਾਸੌਸਿੰਘਦੇ ਨਾਲਨਦੀਪਾਰਹੋਕੇਰੋਪੜਨੂੰਆਏ ਏਥੇਭੀਰੋਪੜੀਏ ਪਠਾਣਾਂਨੇ ਏਨਾਂਨੂੰ ਘੇਰਨਾ ਚਾਹਿਆ ਪਰਗੁਰੂ ਸਾਹਿਬ ਓਨਾਂਦਾ ਮੂੰਹ ਮੋੜਕੇ ਅਗੇ ਲੰਘਗਏ ਤੇ ਦੂਆਜਰੇ ਬਾਹਮਣ ਮਾਜਰੇਨੂੰ ਹੋਕੇ ਚਮਕੌਰ ਪਿੰਡ ਦੀ ਇਕ ਕੱਚੀ ਗੜ੍ਹੀ ਵਿਚ ਦਿਨਦੇ ਵਕਤਆਵੜੇ, ਪਰਏਥੇ ਪਹੁੰਚਣ ਤਕ ਗੁਰੂਸਾਹਿਬਦੇਪਾਸ ਸਿਰਫ਼੪੦ਸਿਖਤੇਂਦੋ ਸਾਹਿਬਜ਼ਾਦੇ ਹੀ ਰੈਹਗਏ ਸੇ ਬਾਕੀ ਦੇ ਸਿੱਖਾਂ ਸਮੇਤ ਇਕ ਪਹਾੜੀ ਦੀ ਆੜਵਿਚ ਭਾਈਉਦੇਸਿੰਘ ਬੜੀ ਦੇਰਤਕਲੜਕੇਸ਼ਹੀਦ ਹੋਯਾ ਏਸਕਰਕੇ ਗੁਰੂਸਾਹਿਬਦੇ ਪਿਛੇ ਫੌਜ ਨਾ ਗਈ ਪਰ ਜਦ ਸੂਬੇ ਸਰਹੰਦਨੇ ਉਦੇਸਿੰਘ ਦਾ ਸਿਰ ਦੇਖਿਆਤਾਂ ਆਖਿਆਏਹਗੁਰੂਨਹੀਂ ਹੈ। ਤਦ ਸ਼ਾਹੀਫੌਜਖ਼ਬਰਪਾਕੇ ਚਮਕੌਰ ਵੀ ਤਰਫ਼ ਆਈਤਦ ਗੁਰੂਸਾਹਿਬਨੇ ਇਸਤਰਾਂ ਲੜਾਈ ਕਰਨੀ ਸ਼ੁਰੂ ਕੀਤੀ ਕਿ ਇਕਸਿੰਘ ਨੂੰ ਬਾਹਰ ਨਿਕਾਲਨ ਅਤੇ ਓਹ ਕਈਆਂ ਨੂੰ ਮਾਰਕੇ ਜਦ ਸ਼ਹੀਦ ਹੋਜਾਵੇ ਤਾਂ ਓਸੇ ਤਰਾਂ ਦੂਸਰੇ ਨੂੰ ਮੈਦਾਨ ਜੰਗਵਿਚਭੇਜਨ। ਜਦ ਏਸੇਤਰਾਂਲੜਦਿਆਂ ੨ ਤੀਸਰਾ ਪੈਹਰ ਹੋਗਿਆ ਤੇ ਸਿੰਘਭੀ ਬਹੁਤ ਥੋੜੇ ਰੈਹਗਏ ਤਦ ਗੁਰੂ ਜੀਦੇਵਡੇਸਾਹਿਬਜ਼ਾਦੇ ਅਜੀਤਸਿੰਘਨੇ ਹੱਥ

CC-0. Gurukul Kangri University Haridwar Collection. Digitized by S3 Foundation USA

ਜੋੜਕੇ ਆਗਿਆ ਮੰਗੀ ਤਾਂ ਗੁਰੂ ਸਾਹਿਬ ਨੇ ਬੜੀ ਖ਼ੁਸ਼ੀ ਨਾਲ ਪਿੱਠ ਠੋਕ ਕੇ ਆਖਿਆ ਹੇ ਪੁਤ੍ਰ ਖੱਤ੍ਰੀ ਦਾ ਧਰਮ ਹੈ ਕਿ ਰਣ ਵਿਚ ਪਿੱਠ ਨਾ ਦਿਖਾਵਣੀ ਤੇ ਧਰਮ ਦੇ ਵਾਸਤੇ ਏਹ ਮਿਥਿਆ ਸਰੀਰ ਦੇਕਰ ਸੁਜਸ ਖੱਟਣਾ ॥

ਤਦ ਸਾਹਿਬਜ਼ਾਦੇ ਨੇ ਬੜੀ ਖੁਸ਼ੀ ਨਾਲ ਕਦਮ ਉਠਾਯਾ ਤੇ ਸਾਹਿਬ ਸਿੰਘ ਮੋਹਕਮ ਸਿੰਘ ਪਿਆਰੇ ਭੀ ਗੁਰੂ ਸਾਹਿਬ ਤੋਂ ਆਗਿਆ ਲੈਕੇ ਨਾਲ ਹੋਗਏ ਤੇ ਲਲਕਾਰੇ ਦੇਕਰ "ਸਤਿ ਸ੍ਰੀ ਅਕਾਲ ਸਤਿ ਸ੍ਰੀ ਅਕਾਲ" ਉਚਾਰਦੇ ਹੋਏ ਸ਼ੇਰ ਦੀ ਤਰਾਂ ਸ਼ੱਤ੍ਰੂਆਂ ਦੇ ਦਲ ਵਿਚਜਾ ਵੜੇ "ਮਿਰਜ਼ਾ ਤਾਹਰਬੇਗ ਤੇ ਜ਼ਾਫ਼ਰਅਲੀਖਾਂ ਤੇ ਨੂਰਖਾਂ" ਤਿੰਨੇ ਸਰਦਾਰ ਆ ਭਿੜੇ ਸਾਹਿਬਜ਼ਾਦੇ ਦਾ ਜੰਗ ਦੇਖਣ ਵਾਸਤੇ ਅੰਦਰੋਂ ਗੁਰੂ ਸਾਹਿਬ ਤੇ ਬਾਹਰੋਂ ਵਡੇ ੨ ਲੋਕ ਉਚੀ ਜਗਹ ਬੈਠਗਏ ਵਾਹਵਾਹ ਦੀ ਅਵਾਜ਼ "ਜੁਝਾਊ ਬਾਜੇ ਦੀ ਗਾਜ" ਤਲਵਾਰਾਂ ਦੀ ਚਮਕ ਬਿਜਲੀਆਂ ਦੀ ਤਰਾਂ ਦਿਖਾਈ ਦੇ ਰਹੀ ਸੀ, ਸੂਰਮੇ ਜਿਉਂ ਜਿਉਂ ਜ਼ਖ਼ਮ ਦਾ ਸ੍ਵਾਦ ਚੱਖਦੇ ਸੇ ਤਿਉਂ ਤਿਉਂ ਅਗੇ ਨੂੰ ਪੈਰ ਰਖਦੇ ਸੇ ਇਸ ਪ੍ਰਕਾਰ ਅਨੇਕਾਂ ਨੂੰ ਮਾਰਕੇ ਪੁਰਜ਼ੇ ੨ ਹੋਕਰ ਤਿੰਨੇ ਸ਼ਹੀਦੀ ਪਾ ਗਏ ਜਦ ਵੱਡਾ ਭਾਈ ਸ਼ਹੀਦ ਹੋਗਿਆ ਤਾਂ ਛੋਟੇ ਸਾਹਿਬਜ਼ਾਦੇ ਜੁਝਾਰ ਸਿੰਘ ਜੀ ਨੇ ਓਸਦੇ ਨਾਮ ਪਰ ਵਾਹ ਵਾਹ ਤੇ ਧੰਨ ਧੰਨ ਦੀ ਅਵਾਜ਼ ਹੁੰਦੀ ਸੁਣਕੇ ਜੰਗ ਵਿਚ ਜਾਣ ਲਈ ਗੁਰੂ ਸਾਹਿਬ ਦਾ ਇਸ਼ਾਰਾ ਚਾਹਜਾ, ਗੁਰੂ ਸਾਹਿਬ ਨੇ (ਜੋ ਬੜੇ ਹੌਸਲੇ ਵਾਲੇ ਪੁਰਸ਼ ਸੇ ਜਿਨ੍ਹਾਂ ਨੇ ਆਪਣਾ ਸਰਬੰਸਹੀ ਧਰਮ ਦੀ ਰੱਖਿਆ ਵਾਸਤੇ ਕੁਰਬਾਨ ਕਰ ਦੇਣਾ ਸਮਝ ਰੱਖਿਆਸੀ) ਉਸੇ ਵਕਤ ਸ਼ਾਹਜ਼ਾਦੇ ਦਾ ਮੂੰਹ ਧੋ, ਦਸਤਾਰ ਸਜਾਕਰ ਛੋਟੀਜੇਹੀ ਤਲਵਾਰ ਪਕੜਾਈ ਤੇ ਮੱਥਾ ਚੁੰਮਕੇ ਪਿੱਠ ਠੋਕਕਰ ਆਖਿਆ ਕਿ ਬੇਟਾ ਜਾਓ ਔਰ ਦੁਸ਼ਮਨਾਂ ਨੂੰ ਮਾਰਕੇ ਸ਼ਹੀਦ ਹੋਜਾਓ ! ਛੋਟਾ ਸਾਹਿਬਜ਼ਾਦਾ ਜਦ ਉਠਕੇ ਚਲਿਆ ਤਾਂ ਮੁਸਲਮਾਨੀ ਫੌਜ ਜੋ ਕਾਲੀਆਂ ਘਟਾਂ ਦੀ ਤਰਾਂ ਉਮਡ ਰਹੀ ਸੀ ਓਸਨੂੰ ਦੇਖਕੇ ਦਹਲ ਗਿਆ ਤੇ ਪਿਛੇ ਮੁੜਕੇ ਗੁਰੂ ਸਾਹਿਬ ਪਾਸੋਂ ਪਾਣੀ ਪੀਣ ਵਾਸਤੇ ਮੰਗਿਆ ਪਰ ਗੁਰੂ ਜੀ ਨੇ ਓਸਦਾ ਅਸਲ ਮਤਲਬ ਸਮਝਕੇ ਫੁਰਮਾਯਾ ਕਿ ਹੇ ਪੁਤ੍ਰ ! ਤੇਰੇ ਵਾਸਤੇ ਹੁਣ ਏਥੇ ਪਾਣੀ ਨਹੀਂ ਹੁਣ ਤੇਰਾ ਪਾਣੀ ਤੇਰੇ ਬੜੇ ਭਾਈ ਦੇ ਪਾਸ ਹੈ ਏਹ ਬਚਨ ਸੁਣਕੇ ਸ਼ਾਹਜ਼ਾਦਾ ਜੁਝਾਰ ਸਿੰਘ ਜੀ ਸ਼ੇਰ ਦੀ ਤਰਾਂ ਗਰਜ ਕੇ ਮੈਦਾਨ ਵਿਚ ਆਗਿਆ ਤੇ ਏਸੇ ਵਕਤ ਹਿੰਮਤ ਸਿੰਘ, ਨੰਦ ਸਿੰਘ, ਆਲਮ ਸਿੰਘ ਨੇ ਭੀ ਗੁਰੂ ਜੀ ਤੋਂ ਆਗਿਆ ਲੈਕੇ ਸ਼ਾਹਜ਼ਾਦੇ ਦਾ ਸਾਂਥ ਕੀਤਾ ਤੇ ਸੈਨਾ ਵਿਚ ਬਿਜਲੀ ਵਾਂਗੂੰ ਜਾ ਪਏ ਤੇ ਅਨੇਕ ਸਰਦਾਰ ਅਸਮਤਖਾਂ, ਬਹਾਦੁਰਖਾਂ, ਨਾਹਰਖਾਂ ਆਦਿਕ ਨੂੰ ਮਾਰਕੇ ਗੁਰੂ ਸਾਹਬ ਦੇ ਸਾਮ੍ਹਣੇ ਮੈਦਾਨ ਜੰਗ ਵਿਚ ਸ਼ਹੀਦੀ ਹਾਸਲ ਕੀਤੀ।

ਇਤਨੇ ਚਿਰ ਨੂੰ ਰਾਤ ਪੈ ਗਈ ਤਾਂ ਗੁਰੂ ਸਾਹਿਬ ਨੇ ਚਾਰ ਸਿੱਖਾਂ ਨੂੰ ਚੌਹੀਂ ਪਾਸੀਂ ਰਾਤ ਭਰ ਤੀਰ ਚਲਾਵਣ ਦਾ ਹੁਕਮ ਦਿਤਾ ਤੇ ਆਪਣੀ ਸਾਰੀ ਪੋਸ਼ਾਕ ਸੰਤ ਸਿੰਘ ਨੂੰ ਦੇਕੇ ਓਥੇ ਛੱਡਿਆ ਤੇ ਆਪ ਰਾਤਨੂੰ ਹੀ ਓਥੋਂ ਨੰਗੇ ਪੈਰੀਂ ਭੇਸ ਪਲਟ ਕੇ ਨਿਕਲ ਤੁਰੇ ਰਾਤ ਦੇ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਵਕਤ ਨੰਗੀ ਪੈਰੀਂ ਝਾੜੀਆਂ ਪਹਾੜੀਆਂ ਤੇ ਹਜ਼ਾਰਾਂ ਤਕਲੀਫਾਂ ਉਠਾਕੇ ਉਚ ਦੇ ਪੀਰ ਬਣਕੇ ਬੜੀ ਮੁਸ਼ਕਿਲ ਨਾਲ ਕਈਆਂ ਦਿਨਾਂ ਵਿਚ ਆਲਮਗੀਰ ਪਿੰਡ ਵਿਚ ਪਹੁੰਚੇ। ਏਥੇ ਭਾਈ ਮਨੀਸਿੰਘਜੀ ਦੇ ਸੱਕੇ ਭਾਈ ਨਗਾਹੀਆ ਸਿੰਘ ਨੇ ਸੇਵਾ ਕੀਤੀ ਤੇ ਇਕ ਘੋੜਾ ਨਜ਼ਰ ਕੀਤਾ ਜਿਸਪਰ ਸਵਾਰ ਹਕੇ ਸੀਲੋਆਣੀ ਪਿੰਡ ਆਏ ਤਾਂ ਰਾਇਕਲੇ ਦੇ ਆਦਮੀ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੀ ਖਬਰ ਮੰਗਾਈ ਜੋ ਓਸਨੇ ਆਕੇ ਇਸ ਤਰਾਂ ਸੁਨਾਈਃ—

ਛੋਟੇ ਸਾਹਿਬਜ਼ਾਦਿਆਂ ਦਾ ਬਲੀਦਾਨ

ਮਹਾਰਾਜ ਜੀ ਜਿਸ ਵਕਤ ਅਨੰਦਪੁਰੋਂ ਨਿਕਲੇ ਸੇ ਤਾਂ ਸ਼ਾਹਜ਼ਾਦਾ ਜ਼ੋਰਾਵਰਸਿੰਘ ਜੀ ਜੋ ਓਸ ਵਕਤ ਅੱਠ ਬਰਸ ਦੇ ਸੇ ਤੇ ਸ਼ਾਹਜ਼ਾਦਾ ਫਤੇਸਿੰਘ ਜੀ ਜੋ ੬ ਬਰਸ ਦੇ ਸੇ ਤੇ ਵਡੀ ਮਾਤਾ ਗੁਜਰੀ ਜੀ ਸਮੇਤ ਬਹੁਤ ਸਾਰੇ ਜੇਵਰਦੇ ਆਪਣੇ ਘਰਦੇ ਰਸੋਈਏ ਨਾਲ ਖੇੜੀ ਪਿੰਡ ਪੁੱਜ ਗਏ ॥ ਅਭੇਦੁਸ਼ ਬ੍ਰਾਹਮਣ ਨੇ ਧਨ ਤਾਂ ਲਾਲਚ ਕਰਕੇ ਆਪ ਰਖਲਿਆ ਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਨਾਜ਼ਮ ਸਰਹੰਦ ਦੇ ਪਕੜਵਾ ਦਿੱਤਾ ॥

ਨਾਜ਼ਮ ਦੁਸ਼ ਨੇ ਮਾਤਾ ਸਾਹਿਬ ਨੂੰ ਕਿਲੇ ਵਿਚ ਕੈਦ ਰਖਿਆ ਤੇ ਦੋਹਾਂ ਸਾਹਿਬਜ਼ਾਦਿਆਂ ਨੂੰ ਆਪਣੇ ਰੂਬਰੂ ਬੁਲਾਕੇ ਆਖਣ ਲਗਾ ਜੇਕਰ ਮੁਸਲਮਾਨ ਬਣਜਾਓ ਤਾਂ ਤੁਹਾਡਾ ਛੁਟਕਾਰਾ ਹੈ ਨਹੀਂ ਤਾਂ ਸਖਤ ਤਕਲੀਫਾਂ ਦੇਕੇ ਮਾਰੇ ਜਾਓਗੇ॥ ਏਹ ਸੁਣਕੇ ਦੋਹਾਂਨੇ ਆਖਿਆ ਪਾਪੀ ਅਸੀਂ ਓਸ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪੜਪੋਤ੍ਰੇ ਤੇ ਓਸ ਗੁਰੂ ਤੇਗਬਹਾਦਰਜੀ ਦੇ ਪੋਤ੍ਰੇ ਹੋਕੇ(ਜਿਨ੍ਹਾਂ ਨੇ ਧਰਮਰਖਿਆਵਾਸਤੇ ਜਾਨਾਂ ਦਿਤੀਆਂ) ਧਰਮ ਨੂੰ ਲਾਜਲਗਾਈਏ! ਤੇ ਥੋੜੇ ਚਿਰ ਜੀਵਨ ਵਾਸਤੇ ਅਧਰਮੀ ਹੋਕੇ ਮਰੀਏ ?

ਇਸ ਪ੍ਰਕਾਰ ਸਵਾਲ ਜਵਾਬ ਹੋਏ ਓਂਡਕ ਸਰਹੰਦ ਦੇ ਨਾਜ਼ਮ ਨੇ ਹੁਕਮ ਦਿੱਤਾ ਕਿ ਏਨ੍ਹਾਂ ਨੂੰ ਕੰਧ ਵਿਚ ਚੁਨ ਦੇਓ ਅਰਥਾਤ ਏਨਾਂਦੇ ਇਰਦ ਗਿਰਦ ਦੀਵਾਰ ਉਸਾਰ ਕੇ ਮੂੰਹ ਬੰਦ ਕਰ ਦੇਓ ॥

ਦੋਹਾਂ ਸਾਹਿਬਜ਼ਾਦਿਆਂ ਨੂੰ ਗਜ ੨ ਦੀ ਵਿੱਥ ਉਤੇ ਖੜੇ ਕੀਤਾ ਗਿਆ ਤੇ ਦੋਹਾਂ ਦੇ ਗਿਰਦੇ ਕੰਧ*ਚਿਣੀ ਜਾਣ ਲਗੀ ਜਦ ਗੋਡਿਆਂ ਤਕ ਕੰਧ ਚਿਣੀ ਗਈ ਤਾਂ ਨਾਜ਼ਮ ਨੇ ਫੇਰ ਆਖਿਆ ਅਜੇ ਭੀ ਵੇਲਾ ਹੈ ਜੇ ਮੁਸਲਮਾਨ ਬਣ ਜਾਓ ਪਰ ਸਾਹਿਬਜ਼ਾਦਿਆਂ ਨੇ ਫੇਰ ਭੀ ਓਹੋ ਜਵਾਬ ਦਿੱਤਾ ਜੋ ਪਹਿਲੇ ਦਿੱਤਾ ਸੀ ॥

ਨਾਜ਼ਮ ਪੱਥਰ ਵਰਗੇ ਦਿਲ ਨੇ ਫਿਰ ਕੰਧ ਉਸਾਰਨਦਾ ਹੁਕਮ ਦਿੱਤਾ ਜਦ ਓਹ ਦੀਵਾਰ ਚੱਡੀਆਂ ਪਸਲੀਆਂ ਤੋੜਦੀ ਹੋਈ ਓਨ੍ਹਾਂਦੇ ਮੋਢਿਆਂ ਤਕ ਆ ਗਈ ਤਾਂ ਫੇਰ ਨਾਜ਼ਮ ਨੇ ਕਿਹਾ ਦੇਖੋ ਮੈਂ ਫੇਰ ਕੈਂਹਦਾ ਹਾਂ ਕਿ ਅਜੇ ਭੀ ਵੇਲਾ ਹੈ ਮੁਸਲਮਾਨ ਬਣੋਂ ਤਾਂ ਛੁਟਕਾਰਾ ਹੁੰਦਾ ਹੈ। ਮਿਤ੍ਰੋ! ਆਪ ਜਾਣਦੇ ਹੋ ਕਿ ਜਿਸ ਵੇਲੇ ਸਾਹਿਬਜ਼ਾਦੇ ਕੰਧ ਵਿਚ ਦਿਤੇ ਜਾ ਰਹੇ ਸਨ ਕੀ ਓਨਾਂ

* ਕੰਧ ਵਿੱਚ ਚਿਣਨ ਦਾ ਪ੍ਰਸੰਗ ਸੂਰਜਪ੍ਰਕਾਸ਼ ਵਿਚ ਤਾਂ ਨਹੀਂ ਪਰ ਅਜ ਕਲ ਆਮ ਪ੍ਰਵਿਰਤ ਹੈ॥

CC-0. Gurukul Kangri University Haridwar Collection. Digitized by S3 Foundation USA

ਨੂੰ ਦੁਖਨਹੀਂ ਸੀਹੁੰਦਾ, ਦੇਖੋ, ਜਦ ਚੂੰਨੇਉਪਰਇੱਟ ਰੱਖਕੇ ਉਸਨੂੰ ਦਰੁਸਤ ਕਰਨ ਲਈ ਕਾਰੀਗਰ ਉੱਪਰੋਂ ਸੱਟਲਾਉਂਦਾਹੈ ਤਾਂਚੂੰਨਾਂਭੀ ਫੁੱਟਕੇ ਇੱਟ ਤੋਂ ਬਾਹਰ ਆ ਜਾਂਦਾਹੈ ਤੇ ਭਲਾ ਕੋਮਲ ਫੁੱਲਾਂ ਵਰਗੇ ਸਰੀਰ ਜਦ ਓਨ੍ਹਾਂਪਰਇੱਟਾਂ ਚਿਣੀਆਂ ਗਈਆਂ ਹੋਣਗੀਆਂ ਓਨ੍ਹਾਂਦੀਆਂ ਹੱਡੀਆਂਤੇਬਦਨਵਿੱਚੋਂਫੁੱਟਕੇ ਲਹੂ ਨਾ ਨਿਕਲਿਆਹੋਊ? ਜ਼ਰੂਰ ਨਿਕਲਿਆ ਜ਼ਰੂਰ ਅਤੀ ਕਸ਼ਟਹੋਯਾ ਪਰ ਕੀ ਓਹਨਾਜ਼ਮਦੀਗੱਲ ਮੰਨਗਏ? ਕਦੇਨਹੀਂ॥ ਤੇਓਸਵੇਲੇ ਬੰਦ ਹੋਜਾਣੇ ਤੇ ਮੁੰਹਵਿੱਚੋਂਏਹਆਵਾਜ਼ ਨਿਕਲੀ ਕਿ ਪਾਪੀ ਚਲਾਜਾਹ ਸਾਡੇ ਮੱਥੇ ਨਾਲੱਗ ਤੇ ਆਪਣੇ ਏਸ ਪਾਪ ਦੇ ਕੰਮ ਨੂੰ ਛੇਤੀ ਪੂਰਾ ਹੋਣ ਦੇਹ॥

ਗੁਰੂ ਜੀ! ਜਦ ਮਾਤਾ ਗੁਜਰੀ ਜੀ ਨੂੰ ਇਸ ਪ੍ਰਕਾਰ ਖਬਰ ਪੁੱਜੀ ਤਾਂ ਓਹ ਕਿਲੇ ਵਿੱਚੋਂ ਛਾਲ ਮਾਰ ਕੇ ਮਰ ਗਈ ॥ ਜਦ ਗੁਰੂਜੀ ਨੇ ਏਹ ਖਬਰ ਸੁਣੀ ਤਾਂ ਇਕ ਘੜੀ ਪ੍ਰਯੰਤ ਚੁਪਚਾਪਰਹੇ ਤੇ ਕੁਛ ਨਾ ਬੋਲੇ ਫੇਰਆਖਿਆ ਕਿ ਓਹ ਤਾਂ ਸਦਾ ਹੀ ਜੀਂਵਦੇ ਹਨ ਜਿਨ੍ਹਾਂਨੇ ਧਰਮ ਰੱਖਿਆ ਵਾਸ਼ਤੇ ਸਰੀਰ ਦਿੱਤੇ ਪਰੰਤੂ ਮਸੂਮਬੱਚਿਆਂ ਨੂੰ ਨਿਰਦੋਸਮਾਰਨਾ ਹਰ ਇਕ ਮਜ਼ਹਬ ਤੇ ਧਰਮ ਦੇਵਿਰੁਧ ਹੈ ਨਾਜ਼ਮਨੇ ਏਹ ਬਹੁਤ ਭਾਰੀ ਭੁੱਲ ਕੀਤੀ ਹੈ ਸੋ ਏਸਦਾ ਫਲ ਏਹ ਹੋਵੇਗਾ ਕਿ ਏਹ ਜ਼ੁਲਮ ਦਾ ਰਾਜ ਜਲਦੀ ਨਸ਼ਟ ਹੋ ਜਾਵੇਗਾ ਅਤੇ ਸ਼ਹਿਰ ਦੀਆਂ ਇੱਟਾਂ ਸਤਲੁਜੋਂ ਪਾਰ ਜਾਣਗੀਆਂ॥

ਸੋ ਸਭ ਸੱਚ ਹੋਯਾ ਰਾਜ ਭੀ ਜਾਂਦਾ ਰਿਹਾ ਤੇ ਸਿੱਖਾਂ ਨੇ ਸਰਹੰਦ ਨੂੰ ਭੀ ਬਰਬਾਦ ਕਰ ਦਿੱਤਾ ਅਤੇ ਅੰਗ੍ਰੇਜ਼ਾਂ ਨੇ ਓਥੋਂ ਦੇ ਢੱਠੇ ਹੋਏ ਮਕਾਨ ਖਰੀਦ ਕੇ ਸਤਲੁਜੋਂ ਪਾਰ ਇੱਟਾਂ ਪਹੁੰਚਾਈਆਂ॥

ਮਾਝੇਦੇ ਸਿੱਖਾਂ ਨੇ ਗੁਰੂਜੀਦੇ ਕਸ਼ਟਾਂ ਦਾ ਹਾਲ ਸੁਣਕੇ ਗੁਰੂਸਾਹਿਬ ਵਲ ਤਿੰਨ ਚਾਰ ਸੌ ਜੁਆਨ ਹਥਿਆਰ ਬੰਦ ਕਰਕੇ ਭੇਜੇ ਅਰ ਕਹਾ ਘੱਲਿਆ ਕਿ ਤੁਰਕਾਂ ਨਾਲ ਆਪਨੇ ਲੜਾਈ ਜੋ ਕੀਤੀ ਭਾਰੀ ਭੁੱਲ ਕੀਤੀ, ਹੁਣ ਆਪ ਕਿਹਾ ਮੰਨੋ ਤਾਂ ਪਾਤਸ਼ਾਹ ਨਾਲ ਆਪ ਦੀ ਸੁਲ੍ਹਾ ਕਰਾ ਦੇਈਏ॥ ਗੁਰੂਜੀ ਨੇ ਏਹ ਗੱਲ ਸੁਨ ਉੱਤਰ ਦਿਤਾ, ਕਿ ਮੈਂ ਜਗਤ ਦਾ ਰਾਜ ਭੋਗਣ ਲਈ ਨਹੀਂ ਆਇਆ ਜੋ ਤੁਹਾਡੇ ਪਿਛੇ ਲੱਗਾਂ ਮੈਂ ਤਾਂ ਪਿਤਾ ਦਾ ਹੁਕਮ ਮੰਨਣਾ ਹੈ, ਯਥਾਃ—

ਕਹਿਓ ਪ੍ਰਭੂ ਸੋ ਭਾਖ ਹੌਂ ॥ ਕਿਸੂ ਨਾ ਕਾਨ ਰਾਖ ਹੌਂ ॥ ੩੩ ॥
ਨ ਕਾਨ ਕਾਹੂ ਕੀ ਧਰੌਂ ॥ ਕਹਿਓ ਪ੍ਰਭੂ ਸੋ ਮੈਂ ਕਰੌਂ ॥ ੩੬ ॥

ਮਝੈਲ ਇਹ ਉੱਤਰ ਸੁਨ ਮੁੜ ਤੁਰੇ॥ ਰਸਤੇਵਿਚ ਇਨ੍ਹਾਂਨੂੰ ਪਤਾ ਲੱਗਾ ਕਿ ਨਵਾਬ ਸੋਚ-ਹਿੰਦ ਕਈ ਹਜ਼ਾਰ ਫੌਜ ਲੈ, ਗੁਰੂਜੀ ਦੇ ਨਾਲ ਲੜਨ ਨੂੰ ਆ ਰਿਹਾ ਹੈ॥ ਕੁਝ ਸਿੰਘਾਂ ਨੇ ਇਹੀ ਵਿਚਾਰਕੇ "ਕਿ ਸੂਰਾ ਸੋ ਪਹਿਚਾਨੀਏ ਜੋ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟ ਮਰੈ ਤਊ ਨ ਛਾਡੈ ਖੇਤ" ਆਪੋਵਿਚ ਸਲਾਹ ਕੀਤੀ ਕਿ ਜਦ ਇਕਦਿਨ ਜਰੂਰ ਮਰਨਾਂ

CC-0. Gurukul Kangri University Haridwar Collection. Digitized by S3 Foundation USA

INTERNET // ABHINAV GAUR //

ਹੈ,ਤਾਂ ਕਿਉਂ ਨਾ ਗੁਰੂ ਹੇਤ ਮਰੀਏ ॥ ਪਰ ਇਸ ਸੋਚਵਾਲੇ ਕੁੱਲ ਚਾਲੀ ਪੁਰਖ ਤੇ ਇੱਕ ਤੀਮੀਂ (ਮਾਈ ਭਾਗੋ ਨਾਮੇ) ਨਿਕਲੇ ॥ ਬਾਕੀ ਸਭ ਖਿਸਕਗਏ ॥ ਜਿੱਥੇ ਅਜ ਕਲ ਮੁਕਤਿ ਸਰਹੈ, ਇੱਥੇ ਮਲ੍ਹਿਆਂ ਤੇ ਕੰਡਾਲਿਆਂ ਦਾ ਇਕ ਭਾਰੀ ਬਨ ਸੀ ॥ ਇੱਥੇ ਮੋਰਚਾ ਬਣਾ, ਬ੍ਰਿਛਾਂ ਪੁਰ ਕਪੜੇਪਾ, ਏਹਚਾਲੀ ਲੁਕਬੈਠੇ ॥ ਜਦਫੌਜ ਕੋਲੋਂਦੀ ਲੰਘਨਲੱਗੀਤਾਂਬੰਦੂਕਾਂ ਚਲਾਈਆਂ ॥ ਤੁਰਕਸੈਨਾਂਡਾਢੀ ਘਾਬਰੀ, ਪਰਧਰਮੀ ਜੋਧਿਆਂਦੇ ਜੋਸ਼ਨੂੰ ਕੌਣਰੋਕੇ, ਸਿੱਖ ਜਾਨਾਂ ਤੋੜਕੇ ਲੜੇ, ਜਦਸਮਾਨ ਮੁਕਗਿਆ, ਤਦ ਤਲਵਾਰਾਂ ਲੈਕੇ ਜਾ ਘੁਸੇ, ਅਰ ਡਾਢੇ ਆਹੂ ਲਾਹੇ ॥ ਦੋਕੁ ਕੋਹ ਪਰੇ ਇਕ ਟਿੱਬੇ ਪੁਰ ਗੁਰੂਜੀ ਬੈਠੇ ਦੇਖ ਰਹੇ ਸੀ ਉਨ੍ਹਾਂਨੇ ਭੀ ਕੁਝ ਫੌਜ ਘੱਲੀ ਗੱਲਕੀ ਹਜ਼ਾਰਾਂ ਸਿਪਾਹੀ ਮਰਵਾਕੇ ਸੂਬਾ ਨੱਸ ਗਿਆ ॥ ਕਿਉਂਕਿ ਉਸ ਬਨ ਦੇ ਗਿਰਦੇ ਤੀਹ ਤੀਹ ਕੋਹ ਤੀਕ ਪਾਂਣੀ ਤੇ ਖਾਣਾ ਹੈਨਹੀਂਸੀਂ, ਤੇ ਫ਼ੌਜ ਫੁੱਟਗਈ ਸੀ ॥ ਅਰ ਇਕ ਛੰਭਜੋ ਸੀ ਸੋ ਗੁਰੂ ਕੇ ਹੱਥ ਸੀ। ਹੁਨ ਗੁਰੂਜੀ ਓਥੇ ਆਏ ਅਰ ਚਾਲ੍ਹੀ ਸਿੱਖਾਂ ਦੇ ਜੋ ਧਰਮ ਹੇਤ ਲੜ ਮੋਏ ਸੀ, ਮੂੰਹ ਪੂੰਝ ੨ ਅਸੀਸਾਂ ਦਿੱਤੀਆਂ, ਤੇ ਪੰਜ ਹਜ਼ਾਰੀ ਤੇ ਦਸਹਜ਼ਾਰੀਕਿਹਾ ॥ ਇਨਾਂਵਿਚੋਂ ਮਹਾਂਸਿੰਘ ਨਾਮੇ ਇਕ ਸਿੰਘ ਸਿਸਕ ਰਿਹਾ ਸੀ ॥ ਗੁਰੂਜੀ ਨੇ ਮੂੰਹ ਵਿਚ ਪਾਣੀ ਪਾਇਆ, ਭਾਂ ਜ਼ਰਾ ਹੋਸ਼ ਆਈ ॥ ਤਦ ਗੁਰੂ ਜੀ ਨੇ ਕਿਹਾਕਿ ਕੁਝ ਵਰ ਮੰਗ? ਉਸ ਪ੍ਰੇਮੀਨੇ ਕਿਹਾ,ਕਿ ਅਨੰਦਪੁਰ ਵਿਚ ਜੋਕਾਗਤ ਸਿੱਖਾਂਨੇ ਬੇਦਾਵੇਦਾ ਲਿਖ ਦਿੱਤਾਸੀ, ਉਹ ਪਾੜਕੇ ਟੁੱਟੀ ਗੰਢਲਓ ॥ ਸੋ ਗੁਰੂਜੀ ਨੇ ਧੰਨ ਸਿੱਖੀ ਕਹਿਕੇ ਕਾਗਜ਼ ਪਾੜਦਿੱਤਾ ॥ਇਥੋਂ ਅੱਗੇ ਘਾਇਲ ਇਸਤ੍ਰੀ ਪਾਸ ਪਹੁੰਚੇ ਜੋ ਜੰਗ ਵਿਚ ਲੜਦੀਰਹੀ, ਅਰ ਉਸਨੂੰ ਆ ਬਚਾਇਆ, ਅਰ ਨਾਲ ਲੈਗਏ ॥ ਦਿਨ ਚੜ੍ਹੇ ਇਨਾਂ ਦਾ ਸਸਕਾਰ ਕਰੰਕੇ ਮੁਕਤੇ ਖ਼ਿਤਾਬ ਦਿਤਾ ਅਰ ਥਾਉਂ ਦਾ ਨਾਉਂ ਮੁਕਤਸਰ ਧਰਿਆ। ਜਿੱਥੇ ਹੁਣ ਨਗਰ ਵੱਸਦਾ ਹੈ, ਤੇ ਮਾਘੀ ਨੂੰ ਮੇਲਾ ਲਗਦਾ ਹੈ ॥

ਫੇਰ ਏਥੋਂ ਗੁਰੂ ਸਾਹਿਬ ਜੀ ਨੇ ਪਿੰਡ ਆਦਿਕਾਂ ਵਿਚ ਹੁੰਦੇ ਤੇ ਕਈ ਪ੍ਰਕਾਰ ਦੇ ਕੌਤਕਕਰਦੇ ਸ੍ਰੀਅਬਿਚਲਾਨਗਰ (ਦੱਖਨ ਦੀ ਤਰਫ਼) ਚਲੇ ਗਏ ਤੇ ਓਥੇ ਸਤਸੰਗ ਦਾ ਪ੍ਰਚਾਰਕੀਤਾਇਕਦਿਨਗੁਦਾਵਰੀਓਂਪਾਰਇਕਮਾਨੋਦਾਸਨਾਮੇ ਬਰਾਗੀਦੇਸਥਾਨਵਿਚਜਾ ਉਸਦੇਜਾਦੂਦੇ ਪਲੰਘ ਪੁਰਬੈਠੇ॥ਅਰਸਿੰਘਾਂਨੇ ਉਸਦੇਬੱਕਰੇ ਝਟਕਾ, ਦੇਗਾਂਧਰਦਿਤੀਆਂ ਬੈਰਾਗੀ ਕਿਤੇ ਬਾਹਰ ਗਿਆ ਸੀ, ਖਬਰ ਸੁਣਕੇ ਲੱਗਾ ਪਲੰਘ ਨੂੰ ਉਲਟਾਉਨ ਤੇ ਜ਼ੋਰ ਲਾਉਣ ਪਰ ਕੋਈ ਵਾਹ ਨਾ ਗਈ ॥ ਤਦ ਹਥ ਜੋੜ ਹਾਜ਼ਰ ਆ ਹੋਇਆ। ਗੁਰੂ ਜੀ ਪੁਛਿਆ, ਕਿ ਤੂੰਕੌਣ?ਉੱਤਰਦਿੱਤਾ,ਬੰਦਾ ॥ ਗੁਰੂਜੀ ਕਿਹਾ ਜੇ ਬੰਦਾਹੈਂ ਤਾਂ ਸੇਵਾ ਕਰ॥ ਉੱਤਰਦਿੱਤਾ, ਸਿਰ ਭੀਕ ਆਪਦੇਹਾਜ਼ਰਹੈ ॥ ਸੋ ਕੁਛ ਦਿਨ ਮਗਰੋਂ ਗੁਰੂਜੀਨੇ ਬੰਦੇ ਨੂੰ ਖ਼ਾਲਸੇਦਾ ਫੌਜੀ ਜਰਨੈਲ ਥਾਪ ਦਿੱਤਾ ॥ ਅਰਪੰਜਤੀਰ ਤੇ ਇਕ ਤਲਵਾਰ ਦਿੱਤੀ ॥ਅਰ ਪੰਜਸਿੰਘ ਨਾਲ ਕਰਕੇ ਕਿਹਾ, ਕਿ ਜਾਹ ਧਰਮਜੁੱਧ ਕਰਕੇ ਦੇਸ ਨੂੰ ਛੁਟਕਾਰਾ ਬਖ਼ਸ਼ ॥

CC-0. Gurukul Kangri University Haridwar Collection. Digitized by S3 Foundation USA

ਪਰ ਦੇਖ, ਜਤੀ ਰਹੀਂ ਗੁਰੂ ਨਾ ਬਣੀਂ, ਸਚ ਬੋਲੀਂ, ਸਰਬ ਖ਼ਾਲਸੇ ਜੀ ਦੀ ਸਲਾਹ ਵਿਚ ਰਹੀਂ ॥ ਜੇਕਰ ਵਿਰੁਧ ਚਲਿਓਂ ਤਾਂ ਤੇਰੀ ਕੁਠਾਲੀ ਗਲ ਜਾਏਗੀ॥ ਸਤਬਚਨ ਕਰ, ਨੇਮ ਧਾਰ, ਸੀਸ ਨਿਵਾ, ਬੰਦਾ ਪੰਜਾਬ ਵਿਚ ਆਇਆ ॥ ਦੱਖਣ ਵਿਖੇ ਬੀ ਗੁਰੂਜੀ ਦੀ ਮਹਤ-ਤਾਈ ਦੀ ਧੁੰਮ ਪੈ ਗਈ, ਅਰ ਸਤਨਾਮ ਦੇ ਉਪਦੇਸ਼ ਨੂੰ ਦੂਰੋਂ ਦੂਰੋਂ ਲੋਕੀ ਸੁਨਣ ਆਉਣ ਲੱਗ ਗਏ ॥ ਲਿਖਿਆ ਹੈ ਕਿ ਬਹਾਦਰਸ਼ਾਹ ਨੈ ਗੋਲਕੰਡੇ ਜਾਂਦਿਆਂ ਗੁਰੂ ਕੀ ਫੇਰ ਹਾਜ਼ਰੀ ਭਰੀ ॥ ਜਦ ਇਕ ਹੀਰਾ ਗੁਰੂ ਕੀ ਨਜ਼ਰ ਕੀਤਾ ਜੋ ਗੁਰੂ ਜੀ ਨੇ ਨਦੀ ਵਿਚ ਸਿਟ ਦਿਤਾ ॥ ਜਦ ਪਾਤਸ਼ਾਹ ਕੁਝ ਉਦਾਸ ਹੋਇਆ, ਤਾਂ ਗੁਰੂ ਜੀ ਨੈ ਉਸਨੂੰ ਸਾਰਾ ਘਾਟ ਹੀਰੇ ਦਾ ਦਿਖਾਇਆ ॥ ਥਾਂ ਦਾ ਨਾਉਂ ਹੀਰਾਘਾਟ ਪੈ ਗਿਆ। ਇਕੁਰ ਹੀ ਨਗੀਨਾ ਘਾਟ ਆਦਿਕ ਨਾਉਂ ਹਨ। ਪੰਜਾਬ ਵਿਚੋਂ ਹੁਣ ਖਬਰ ਆਈ ਕਿ ਬੰਦੇ ਨੇ ਖ਼ਾਲਸਾ ਕੱਠਾ ਕਰ ਤੁਰਕ ਦਮਨ ਦੇ ਕੰਮ ਵਿਚ ਖੂਬ ਤਰੱਕੀ ਕਰ ਲਈ ਹੈ ॥

ਏਥੇ ਭੀ ਸ੍ਰੀ ਸਤਿਗੁਰੂ ਜੀ ਪਾਸ ਦੋ ਪਠਾਣ ਗੁਲਖਾਂ ਅਤਾਉਲਖਾਂ ਨੌਕਰ ਸੇ ਜਿਨ੍ਹਾਂ ਦੇ ਬਾਪ ਪੈਂਦੇਖਾਂ ਨੂੰ ਗੁਰੂ ਹਰਗੋਬਿੰਦ ਸਾਹਿਬਜੀ ਨੇ ਜੰਗ ਵਿਚ ਮਾਰਿਆ ਸੀ। ਏਹ ਦੋਵੇਂ ਪਠਾਨ (ਕਿਸੇ ਸ਼ਰੀਕ ਦੇ ਬੋਲੀ ਲਾਉਨ ਕਰਕੇ) ਹਮੇਸ਼ ਤਾਕ ਵਿਚ ਰਹਿੰਦੇ ਸੇ ਕਿ ਜਦ ਮੌਕਿਆ ਮਿਲੇ ਤਦ ਆਪਣੇ ਬਾਪ ਦਾ ਬਦਲਾ ਲਈਏ ॥

ਇਕ ਦਿਨ ਗੁਰੂ ਸਾਹਿਬ ਤੰਬੂ ਵਿਚ ਸੁੱਤੇ ਪਏ ਸੇ ਕਿ ਏਨ੍ਹਾਂ ਨੂੰ ਮੌਕਿਆ ਮਿਲ ਗਿਆ ਅਤੇ ਗੁਲਖਾਂ ਨਿਮਕਹਰਾਮਨੇ ਗੁਰੂ ਸਾਹਿਬਦੇ ਪੇਟ ਵਿਚ ਕਟਾਰੀ ਜਾ ਮਾਰੀ, ਜਿਸ ਕਰਕੇ ਜ਼ਖ਼ਮ ਆ ਗਿਆ, ਅਰ ਜ਼ਖ਼ਮ ਜਰਾਹਨੂੰ ਬੁਲਾਕੇ ਸਿਵਾਇਆ ਗਿਆ, ਪਰੰਤੂ ਅਜੇ ਜ਼ਖ਼ਮ ਕੱਚਾ ਹੀ ਸੀ ਕਿ ਬਾਦਸ਼ਾਹ ਨੇ ਦੋਧਨੁਖ ੯-੯ ਟਾਂਕਦੇ ਗੁਰੂ ਸਾਹਿਬ ਪਾਸ ਭੇਜੇ। ਗੁਰੂਸਾਹਿਬਨੇ ਜਦ ਓਨ੍ਹਾਂਨੂੰ ਜੋਰ ਨਾਲ ਖਿੱਚਿਆ ਤਾਂ ਜ਼ਖ਼ਮ ਫੇਰ ਖੁਲ੍ਹ ਗਿਆ, ਜਦਪਿ ਜਰਾਹ ਨੇ ਮੁੜਸੀਉਣਾ ਚਾਹਿਆ ਪਰ ਗੁਰੂਸਾਹਿਬਨੇ ਫੇਰ ਨਾ ਸਿਵਾਯਾ ਸੰਮਤ ੧੭੬੫ ਬਿਃਕੱਤਕ ਸੁਦੀ ੫ ਨੂੰ ਇਸ਼ਨਾਨ ਕਰਕੇ ਨਵੀਨ ਬਸਤ੍ਰ ਸਜਾਏ ਅਤੇ ਘੋੜੇਨੂੰ ਭੀ ਇਸ਼-ਨਾਨ ਕਰਾਕੇ ਜ਼ੇਵਰਪੁਵਾਏ ਆਪ ਸਬ ਬਸਤ੍ਰ ਸ਼ਸਤ੍ਰ ਪਹਿਨਕੇ ਦੀਵਾਨ ਲਗਾਯਾ ਅਤੇ ਸ੍ਰੀਗੁਰੂ ਗ੍ਰੰਥਸਾਹਿਬ ਜੀ ਦਾ ਪ੍ਰਕਾਸ਼ ਕਰਕੇ ਪੰਜ ਪੈਸੇ ਤੇ ਨਲੀਯੇਰ ਅੱਗੇ ਧਰਕੇ ਮੱਥਾ ਟੇਕ ਦਿੱਤਾ ॥ ਤੇ ਮੂੰਹੋਂ ਏਹ ਅਵਾਜ਼ ਕੀਤੀਃ—

ਦੋਹਰਾ

ਆਗਯਾ ਭਈ ਅਕਾਲ ਕੀ ਤਬੀ ਚਲਾਯੋ ਪੰਥ।
ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨੀਯੋ ਗ੍ਰੰਥ ॥

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਤੇ ਫੇਰ ਬਹੁਤ ਸਾਰਾ ਕੜਾਹ ਪ੍ਰਸਾਦ ਕਰਾ ਕੇ ਵਰਤਾਯਾ ਤੇ ਚੰਦਨ ਦੀ ਇਕ ਵੱਡੀ ਸਾਰੀ ਚਿਖਾ ਬਣਵਾ ਕੇ ਓਸਦੇ ਗਿਰਦ ੨ ਕਨਾਤ ਤਣਾ ਦਿੱਤੀ ਤੇ ਜਦ ਆਪ ਘੋੜੇ ਪਰ ਸਵਾਰ ਹੋਕੇ ਚਿਖਾਵਲ ਆਏ ਤਦ ਸਭਨਾਂ ਸਿੱਖਾਂ ਨੂੰ ਆਖਿਆ ਕਿ ਕਨਾਤ ਦੇ ਅੰਦਰ ਕੋਈ ਨਾ ਆਵੇ ਤੇ ਸਾਡੀ ਚਿਖਾ ਕੋਈ ਨਾ ਫੋਲੇ ਤੇ ਸਾਡੀ ਸਮਾਧ ਕੋਈ ਨਾ ਬਣਾਏ ਏਹ ਹੁਕਮ ਦੇਕੇ ਆਪ ਕਨਾਤ ਦੇ ਅੰਦਰ ਚਲੇ ਗਏ ਤੇ ਅੰਦਰੋਂ ਏਹ ਆਵਾਜ਼ ਆਈਃ—

'ਸ੍ਰੀ ਵਾਹਿਗੁਰੂਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਹ'

ਏਸਦੇ ਮਗਰੋਂ ਚਿਖਾ ਆਪਤੋਂ ਆਪ ਬਲਣ ਲਗ ਗਈ ਤੇ ਏਹ ਮਲੂਮ ਨਾ ਹੋਯਾ ਕਿ ਘੋੜੇ ਸਮੇਤ ਗੁਰੂ ਸਾਹਿਬ ਕਿਧਰ ਅਲੋਪ ਹੋ ਗਏ ॥

ਨਤੀਜਾ ਅਰਥਾਤ ਫਲ

ਉੱਪਰਲਿਖੇ ਗੁਰੂ ਸਾਹਿਬਾਂ ਨੇ ਜੋ ਆਪਣੇ ਉੱਪਰ ਅਨੇਕ ਪ੍ਰਕਾਰ ਦੇ ਕਸ਼ਟ ਸਹਾਰੇ ਓਨ੍ਹਾਂ ਦਾ ਫਲ ਏਹਹੋਯਾ ਕਿ ਅਜ ਸਾਰੇ ਸੰਸਾਰ ਪਰ ਾਲਸੇਦਾ ਪ੍ਰਚਾਰ ਹੋ ਰਿਹਾਹੈ ਜੈਸਾ ਕਿ ਅਫ਼ਰੀਕਾ,ਅਮਰੀਕਾ,ਆਸਟ੍ਰੇਲੀਆ,ਹਿਮਾਲਾ ਆਦਿਕ ਹਰਇਕ ਸਰਦ ਤੋਂ ਸਰਦ ਤੇ ਗਰਮ ਤੋਂ ਗਰਮ ਮੁਲਕਵਿਚ ਖ਼ਾਲਸੇ ਦਾ ਝੰਡਾ ਝੁਲ ਰਿਹਾਹੈ ਤੇ ਭਾਈ ਗੁਰਦਾਸ ਜੀ ਦਾ ਭੀ ਏਹਬਚਨ ਸੱਤਹੋਗਿਆ (ਘਰ ਘਰ ਅੰਦਰ ਧਰਮਸਾਲ) ਅਤੇ ਸਰਕਾਰ ਅੰਗ੍ਰੇਜ਼ੀ ਦਾ ਭੀ ਜੈਸਾ ਖ਼ਾਲਸਾ ਪੰਥ ਖੈਰਖ੍ਵਾਹ ਹੈ ਐਸਾ ਹੋਰ ਕੋਈ ਨਹੀਂ ॥

ਫੇਰ ਏਹ ਫਲ ਹੋਯਾ ਕਿ ਪਾਪੀਆਂ ਤੇ ਜ਼ਾਲਮਾਂ ਦਾ ਰਾਜ ਨਸ਼ਟ ਹੋਕੇ ਨਿਆਇਕਾਰੀ ਗਵਰਨਮਿੰਟਦਾ ਰਾਜ ਹੋਯਾ ਜਿਨ੍ਹਾਂਦੇ ਰਾਜਵਿਚ ਸ਼ੇਰ ਬੱਕਰੀ ਇਕ ਘਾਟ ਪਾਣੀ ਪੀਂਦੇ ਹਨ ਤੇ ਕਿਸੇਨੂੰ ਕੋਈ ਡਰ ਨਹੀਂ ਆਪਨੇ ਘਰ ਆਪਣੀ ਤਰੱਕੀ ਵਾਸਤੇ ਜੋ ਜੀ ਚਾਹੇ ਸੋ ਪਿਆ ਕਰੇ ਕੋਈ ਰੋਕ ਨਹੀਂ ॥ ਪਰਮੇਸ਼ੁਰ ਕਰੇ ਇਸ ਮਹਾਰਾਜੇ ਦਾ ਰਾਜ ਹਮੇਸ਼ ਕਾਯਮ ਰਹੇ ॥ ਅਤੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਓਹ ਗੱਲ ਭੀ ਸੱਚ ਹੋਈ ਕਿ ਜੋ ਹੜੀ ਓਨਾਂ ਔਰੰਗਜ਼ੇਬ ਨੂੰ ਕਹੀ ਸੀ ਕਿ "ਅਸੀ ਤੇਰੇ ਸਤਰ ਨਹੀਂ ਦੇਖਦੇ ਸਗੋਂ ਜਿਨਾਂ ਨੇ ਤੇਰੇ ਸਤਰ ਤੋੜਨੇ ਹਨ ਓਹਨਾਂ ਨੂੰ ਦੇਖਰਹੇ ਹਾਂ" ਸੋ ਸੱਤ ਹੋਯਾ ਸਿੰਘਾਂ ਨੇ ਜਦ ਦਿੱਲੀ ਲੁੱਟੀ ਤਾਂ ਸਭ ਸਤਰ ਤੋੜ ਦਿੱਤੇ ਅਤੇ ਓਦੋਂ ਦੀ ਇਕ ਇਹ ਕਹਾਵਤ ਮਸ਼ਹੂਰ ਹੈ "ਸਿੰਘਾਂ ਦਿੱਲੀ ਲੁੱਟੀ ਰਾਤੀ ਓਦੀਵੇ ਬਾਲਕੇ" ਹੁਨ ਮੈਂ ਏਸ ਪ੍ਰਸੰਗ ਨੂੰ ਸਮਾਪਤ ਕਰਦਾ ਹਾਂ ਤੇ ਸਰਬ ਕੇਸਾਂਧਾਰੀਆਂ ਤੇ ਸਹਜਧਾਰੀਆਂ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ ਓਹ ਜੇ ਕੋਈ ਇਸ ਲਿਖਤ ਵਿਚ ਦੂਖਨ ਦੇਖਨ ਤਾਂ

CC-0. Gurukul Kangri University Haridwar Collection. Digitized by S3 Foundation USA

ਬਾਲਕ ਜਾਣ ਕੈਂ ਖਿਮਾਂ ਕਰਨ ਅਤੇ ਗੁਰੂ ਸਾਹਿਬ ਅੱਗੇ ਪ੍ਰਾਰਥਨਾ ਕਰਦਾ ਹਾਂ ਕਿ **ਹੇਕਲਗੀਧਰ ਮਹਾਰਾਜ** ਜਿਸ ਪ੍ਰਕਾਰ ਆਪਨੇ ਕਸ਼ਟ ਸਹਾਰਕੇ ਏਹਪਥ ਰਚਿਆ ਹੈ ਓਸੇਤਰ੍ਹਾਂ ਆਪ ਏਸ ਦੇ ਹਮੇਸ਼ ਸਹਾਈ ਹੋਕੇ ਬ੍ਰਿਧੀ ਕਰਦੇ ਰਹੋ ਤੇ ਆਪਣਾਂ ਦ੍ਰਿੜ੍ਹ ਵਿਸ੍ਵਾਸ ਏਨਾਂ ਦੇ ਰਿਦੇ ਵਿਚ ਭਰ ਦੇਓ ਜਿਸ ਕਰਕੇ ਏਹ ਲੋਗ ਤੁਹਾਡੇ ਉਪਕਾਰਾਂ ਨੂੰ ਯਾਦ ਕਰਕੇ ਸੱਚੇ ਸਿੱਖ ਯਾ ਸਿੰਘ ਬਣਨ ਦੀ ਕੋਸ਼ਿਸ਼ ਤਨ ਮਨ ਤੇ ਧਨ ਥੀਂ ਕਰਦੇ ਰਹਿਨ ॥

॥ ਬੋਲੇ ਸੋ ਨਿਹਾਲ ॥

॥ ਸਤਿ ਸ੍ਰੀ ਅਕਾਲ ॥

CC-0. Gurukul Kangri University Haridwar Collection. Digitized by S3 Foundation USA

ਕਾਰਖ਼ਾਨੇ ਦੇ ਨਿਯਮ

੧—ਏਸ ਕਾਰਖਾਨੇ ਵਿੱਚੋਂ ਹਰ ਪ੍ਰਕਾਰ ਦੇ ਪੁਸਤਕ ਹਰ ਸਮੇਂ ਮਿਲ ਸਕਦੇ ਹਨ ॥

੨—ਖ਼ਰੀਦਾਰ ਦਾ ਖ਼ਤ ਜਿਸ ਦਿਨ ਪਹੁੰਚੇਗਾ ਉੱਸੇ ਵੇਲੇ ਮਾਲ ਭੇਜ ਦਿਤਾ ਜਾਵੇਗਾ ॥

੩—ਹਰਇਕ ਪੁਸਤਕ ਦੀ ਕੀਮਤ ਜੋਹੜੀ ਸੂਚੀ ਪੱਤ੍ਰ ਵਿਚ ਦਰਜ ਹੈ ਓਹ ਆਮ ਗਾਹਕਾਂ ਵਾਸਤੇ ਹੈ ਪੁਸਤਕਾਂ ਵਾਲੇ ਖ਼ਤ ਪਤ੍ਰ ਲਿਖਕੇ ਫ਼ੈਸਲਾ ਕਰ ਸਕਦੇ ਹਨ ॥

੪—ਸਾਰੇ ਮਨੀਆਰਡਰ, ਹੁੰਡੀਆਂ, ਚਿਕ ਅਤੇ ਖ਼ਤ **ਰਾਇ ਸਾਹਿਬ ਮੁਨਸ਼ੀ ਗੁਲਾਬਸਿੰਘ ਐਂਡ ਸਨਜ਼ ਗਵਰਨਮਿੰਟ ਪਬਲਿਸ਼ਰਜ਼, ਬੁਕਸੇਲਰਜ਼, ਮੈਨੇਜਰਜ਼, ਪੰਜਾਬ ਸੈਂਟਰਲ ਬੁਕਡਿਪੋ** ਦੇ ਨਾਮ ਭੇਜਨੇ ਚਾਹੀਦੇ ਹਨ ॥

੫—ਹਰ ਖ਼ਰੀਦਾਰ ਨੂੰ ਚਾਹੀਦਾ ਹੈ ਕਿ ਜੋਹੜੀਆਂ ਪੁਸਤਕਾਂ ਦੀ ਲੋੜ ਹੋਵੇ ਓਹਨਾਂ ਦਾ ਨਾਮ ਸਾਫ ਸਾਫ ਲਿਖਕੇ ਭੇਜਨ ਅਤੇ ਅਪਨਾ ਨਾਮ, ਰਹਿਣ ਦੀ ਜਗਹ, ਡਾਕਖ਼ਾਨਾ, ਜ਼ਿਲੇ ਦਾ ਨਾਮ ਸਾਫ਼ ਲਿਖਿਆ ਕਰਨ ॥

੬—ਬੁਕਡਿਪੋ ਵਿਚੋਂ ਜੋਹੜੀਆਂ ਪੁਸਤਕਾਂ ਮੰਗ ਆਉਣ ਤੇ ਇਕ ਵਾਰੀ ਭੇਜੀਆਂ ਜਾਣਗੀਆਂ, ਓਹ ਵਿਕੀਆਂ ਹੋਈਆਂ ਸਮਝਕੇ ਵਾਪਸ ਨਹੀਂ ਕੀਤੀਆਂ ਜਾਣਗੀਆਂ । ਦਫਤਰ ਵਿੱਚੋਂ ਬਾਹਰ ਮਾਲ ਭੇਜਿਆ ਜਾਨ ਦੇ ਪਿਛੋਂ ਕਾਰਖ਼ਾਨਾਂ ਨੁਕਸਾਨ ਦਾ ਜ਼ੁੱਮੇਵਾਰ ਨਹੀਂ ਹੋਵੇਗਾ, ਸਗੋਂ ਜੋਕੁਝਮਲੂਮ ਕਰਨਾਂ ਹੋਵੇ ਓਹ ਰੇਲ ਯਾ ਡਾਕਖ਼ਾਨੇ ਤੋਂ ਮਲੂਮਕਰਨਾ ਚਾਹੀਏ ਕਾਰਖ਼ਾਨਾ ਹਰ ਤਰਾਂ ਦੀ ਮਦਦ ਕਰੇਗਾ । ਹਾਂ ਜੇਕਰ ਬੁਕਡਿਪੋ ਦੀ ਕੋਈ ਅਜੇਹੀ ਭੁਲ ਹੋਗਈ ਹੋਵੇ ਜੋ ਕਿ ਇੱਕ ਕਿਤਾਬ ਦੀ ਥਾਂ ਦੂਸਰੀ ਕਿਤਾਬ ਭੇਜੀ ਗਈ ਹੋਵੇ ਤਾਂ ਇਕ ਹਫ਼ਤੇ ਦੇ ਅੰਦਰ ਅੰਦਰ ਖਬਰ ਦੇਣ ਪਰ ਬਦਲ ਦਿਤੀ ਜਾਵੇਗੀ ॥

੭—ਹਮੇਸ਼ਾਂ ਪੁਸਤਕਾਂ ਦੇ ਨਿਰਖ ਬਦਲਦੇ ਯਾਨੇ ਘਟ ਵਧ ਹੁੰਦੇ ਰਹਿੰਦੇ ਹਨ, ਹਰ ਸੂਰਤ ਬਜ਼ਾਰ ਨਾਲੋਂ ਰਿਆਇਤ ਰਹੇਗੀ ਅਤੇਜੋ ਸੱਜਣ ਜ਼ਿਆਦਾ ਖ਼ਰੀਦਨਗੇ ਓਨ੍ਹਾਂ ਨੂੰ ਹੋਰ ਭੀ ਰਿਆਇਤ ਦਿੱਤੀ ਜਾਵੇਗੀ ॥

੮—ਹਮੇਸ਼ਾਂ ਹਰ ਖਤਦਾ ਜਵਾਬਹਰ ਰੋਜ਼ ਦਿਤਾ ਜਾਂਦਾਹੈ । ਪਰ ਏਥੇਕੰਮ ਬਹੁਤ ਰਹਿੰਦਾ ਹੈ ਇਸ ਕਰਕੇ ਬੇਮਤਲਬੇ ਖਤ ਪੱਤ੍ਰ ਤੋਂ ਪ੍ਰੇਮੀ ਜਨ ਮੁਆਫ਼ ਰੱਖਨ ॥

੯—ਇਸਛਾਪੇਖਾਨੇ ਵਿਚ ਅੰਗ੍ਰੇਜ਼ੀ, ਫ਼ਾਰਸੀ, ਨਾਗਰੀ, ਗੁਰਮੁਖੀ, ਪਸ਼ਤੋ ਅਰਬੀ ਦਾ ਕੰਮ ਬਡੀ ਸਫਾਈ, ਸੁਧਾਈ ਨਾਲ ਛੇਤੀ ਛਪ ਸਕਦਾਹੈ । ਜੇਕਰ ਕਿਸੇ ਸਜਣ ਨੇ ਕੋਈ ਪੁਸਤਕ ਦੂਰੋਂ ਛਪਵਾਨੀ ਹੋਵੇ ਤਾਂ ਉਸਦੇ ਸਫ਼ੇ, ਤਖਤੀ, ਕਿਸਮ ਕਾਗ਼ਜ਼, ਸੰਖਯਾ ਲਿਖਕੇ ਘੱਲਣ ਤਾਕਿ ਉਸਦਾ ਪੂਰਾ ਪੂਰਾ ਹਿਸਾਬ ਲਾਕੇ ਭੇਜਿਆ ਜਾਵੇ ।

ਤੇ ਜੇਕਰ ਕੋਈ ਸੱਜਣ ਆਪਨੀ ਬਨਾਈ ਹੋਈ ਪੁਸਤਕ ਨੂੰ ਚਾਹਨ ਜੋ ਛਾਪਾਖਾਨਾ ਆਪ ਛਾਪੇ ਤਾਂ ਕਰਤਾ ਨੂੰ ਚਾਹੀਏ ਜੋ ਪੁਸਤਕ ਦਾ ਨਮੂਨਾ ਭੇਜ ਦੇਵੇ ਜੇਕਰ ਕਾਰਖਾਨੇ ਦੇ ਨਿਯਮ ਅਨੁਸਾਰ ਹੋਯਾ ਤਾਂ ਛਾਪ ਲਿਆ ਜਾਵੇਗਾ ਨਹੀਂ ਤਾਂ ਮੋੜ ਭੇਜਿਆ ਜਾਊ ॥

੧੦—ਪੁਸਤਕਾਂ ਦੀ ਕੀਮਤ ਨਕਦ ਆਉਨ ਤੇ ਯਾ ਵੈਲਯੂ ਪੇਏਬਲ ਭੇਜੀਆਂ ਜਾਨਗੀਆਂ ਤੇ ਕਰਾਯਾ ਖਰੀਦਨ ਵਾਲੇ ਦੇ ਜ਼ੁੱਮੇ ਹੋਵੇਗਾ ॥

ਲੇਖਕ—**ਰਾਇ ਸਾਹਿਬ ਮੁਨਸ਼ੀ ਗੁਲਾਬਸਿੰਘ ਐਂਡ ਸਨਜ਼**

ਪ੍ਰਿੰਟਰਜ਼, ਪਬਲਿਸ਼ਰਜ਼, ਬੁਕਸੇਲਰਜ਼, ਮਾਲਕਾਨ ਪੰਜਾਬ ਸੈਂਟਰਲ ਬੁਕਡਿਪੋ ਵ ਮੁਫ਼ੀਦਆਮ ਪ੍ਰੈਸ ਲਾਹੌਰ ॥

CC-0. Gurukul Kangri University Haridwar Collection. Digitized by S3 Foundation USA

ਸਭਤੋਂ ਪਹਿਲੇ ਇਸਨੂੰ ਪੜ੍ਹੋ

ਪ੍ਰਗਟ ਹੋਵੇ ਕਿ ਲਾਹੌਰ ਸ਼ਹਿਰ ਜੋ ਸਾਰੇ ਪੰਜਾਬ ਦੀ ਰਾਜਧਾਨੀ ਹੈ ਏਸੇ ਸ਼ਹਿਰ ਵਿਚੋਂ ਗੁਰਮੁਖੀ ਆਦਿਕ ਹਰਪ੍ਰਕਾਰਦੇ ਪੁਸਤਕ ਛਪਕੇਸਾਰੇਮੁਲਕ ਪੰਜਾਬ ਆਦਿਕਵਿਚ ਜਾਂਦੇ ਹਨ ਕਿਉਂਕਿ ਬਹੁਤੇ ਛਾਪੇਖ਼ਾਨੇ ਏਸੇ ਸ਼ਹਿਰ ਵਿਚ ਹਨ ਪਰ ਸਾਰਿਆਂ ਤੋਂ ਵਡਾ ਛਾਪੇਖ਼ਾਨਾ ਜਿਥੋਂ ਦੇ ਛਪੇ ਹੋਏ ਪੁਸਤਕ ਸਾਰੇ ਪੰਜਾਬਤੇ ਹਿੰਦੁਸਤਾਨਵਿਚ ਪ੍ਰਵਿਰਤਹਨ ਇੱਕਇਹੋ ਹੀ ਹੈ ਜਿਸਦਾ ਨਾਮ "ਮੁਫ਼ੀਦਆਮ ਪ੍ਰੈਸ ਲਾਹੌਰ" ਹੈ॥

ਦੁਕਾਨਦਾਰ ਤੇ ਛਾਪੇਖਾਨੇ ਵਾਲੇ ਅਕਸਰ ਏਸੇ ਛਾਪੇਖਾਨੇ ਦੀਆਂ ਛਪੀਆਂ ਹੋਈਆਂ ਪੁਸਤ਼ਕਾਂਖ਼ਰੀਦਕੇਬਾਹਰ ਆਪਣੇ ਗਾਹਕਾਂਵਲ ਭੇਜਦੇਹਨ ਜਿਸਦਾਸਬੂਤਇਹ ਹੈ ਕਿ ਕਿਤਾਬਾਂ ਉਪਰ ਨਾਮ ਏਸਛਾਪੇਖ਼ਾਨੇਦਾ ਹੈ ਜੋਕਿ ਤੁਸੀਂਆਪ ਭੀ ਦੇਖਦੇਹੋਵੋਗੇ ॥

ਇਸ ਕਾਰਖਾਨੇ ਵਿਚ ਮਸ਼ੀਨਾਂ ਦੀ ਛਪਾਈ ਹੁੰਦੀ ਹੈਅਰ ਮਸ਼ੀਨਾਂ ਅੰਜਨ ਨਾਲ ਚਲਦੀਆਂ ਹਨ ਇੱਸੇਕਰਕੇ ਏਥੋਂਦੀਆਂਪੁਸਤਕਾਂ ਸ਼ਭਨਾਲੋਂਸਸਤੀਆਂਵਿਕਦੀਆਂਹਨ॥

ਇਸ ਕਾਰਖ਼ਾਨੇ ਵਿਚ ਹਰ ਪ੍ਰਕਾਰ ਦੇ ਅੱਖਰ ਢਾਲੇ ਜਾਂਦੇ ਹਨ ਜਿਸਤਰਾਂ ਦਾ ਟਾਇਪ ਚਾਹੀਏ ਓਸੇ ਤਰਾਂ ਦਾ ਬਣਾ ਸਕਦੇ ਹਾਂ। ਏਸੇਕਰਕੇ ਸਾਡੇਕਾਰਖ਼ਾਨੇ ਵਿਚਕਈ ਪ੍ਰਕਾਰ ਦੇ ਕੇਵਲਗੁਰਮੁਖੀ ਟਾਇਪ ਹੀ ਹਨ ਜਿਨਾਂ ਵਿੱਚ ਪੁਸਤਕਾਂ ਛਪ ਚੁਕੀਆਂਹਨ, ਆਪ ਲੋਗਾਂ ਨੂੰ ਸਮਝਾਉਣਵਾਸਤੇ ਅਗੇ ਟਾਇਪ ਦੇ ਨਮੂਨੇ ਲਿਖੇ ਜਾਂਦੇ ਹਨਇਸਲਈ ਕਿ ਜਦ ਕੋਈ ਪੁਰਸ਼ ਪੁਸਤਕ ਮੰਗਵੇ ਤਦ ਟਾਇਪ ਦਾ ਵੇਰਵਾ ਅਰਥਾਤ ਟਾਇਪ ਦਾ ਨੰਬਰ ਤੇ ਨਾਮ ਲਿਖ ਭੇਜਿਆ ਕਰੇ ॥

ਇਕ ਗੱਲ ਇਹ ਭੀ ਯਾਦ ਰੱਖਣਵਾਲੀ ਹੈ ਕਿ ਜਿਸ ਪੁਸਤਕ ਦੇ ਅਗੇ ਕਿਸੇ ਟਾਇਪ ਦਾ ਨਾਮ ਨਹੀਂ ਲਿਖਿਆ ਓਸਨੂੰ ਨੰਬਰ ੪ ਅਰਥਾਤ ਟੂਲਾਇਨ ਇੰਗਲਿਸ਼ (ਜਿਸਵਿੱਚ ਏਹ ਜਨਮਸਾਖੀ ਛਪੀਹੋਈ ਹੈ) ਸਮਝਣਾਚਾਹੀਏਕਿਉਂਕਿਬਹੁਤਪੁਸਤਕ ਇਸੇ ਟਾਇਪ ਵਿਚ ਛਪਦੇ ਹਨ॥

ਏਹ ਭੀ ਯਾਦ ਰਹੇ ਕਿ ਏਹ ਸੂਚੀਪਤ੍ਰ ਕੇਵਲ ਥੋੜੇ ਜਿਹੇ ਨਾਮੀ ਨਾਮੀ ਗੁਰਮੁਖੀ ਪੁਸਤਕਾਂ ਦਾ ਹੀਹੈ ਜੇਕਰ ਸਾਰੇ ਪੁਸਤਕਾਂ ਦੇ ਨਾਮ ਲਿਖੀਏ ਤਾਂ ਇਕ ਵਡੀ ਪੁਸਤਕ ਬਣਦੀ ਹੈ॥

ਅਰ ਬ ਕੀ ਉਰਦੂ, ਅੰਗ੍ਰੇਜ਼ੀ, ਸ਼ਾਸਤ੍ਰੀ ਫਾਰਸੀ ਦੀਆਂ ਕਿਤਾਬਾਂ ਤੇ ਸਟਕਾਰੀ ਸਕੂਲਾਂ, ਕਾਲਜਾਂ ਦੀ ਪੜ੍ਹਾਈ ਦੀਆਂ ਪੁਸਤਕਾਂ ਅਤੇ ਨਕਸ਼ਿਆਂ ਦੀ ਫ਼ੈਹਰਿਸਤ ਉਰਦੂ ਵਿਚ ਵਖਰੀ ਛਪੀ ਹੋਈ ਸਾਡੇ ਕਾਰਖ਼ਾਨੇਵਿਚੋਂ ਮੁਫਤਮੰਗਵਾਕੇਵੇਖਸਕਦੇ ਹੋ॥

ਲੇਖਕ— **ਰਾਇ ਸਾਹਿਬ ਮੁਨਸ਼ੀ ਗੁਲਾਬਸਿੰਘ ਐਂਡ ਸਨਜ਼**
ਪ੍ਰਿੰਟਰਜ਼, ਪਬਲਿਸ਼ਰਜ਼, ਬੁਕਸੇਲਰਜ਼, ਮਾਲਕਾਨ ਪੰਜਾਬ ਸੈਂਟਰਲ ਬੁਕਡਿਪੋ
ਵਮੁਫ਼ੀਦਆਮ ਪ੍ਰੈਸ ਲਾਹੌਰ ॥

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR

ਟਾਇਪਾਂ ਦੇ ਨਮੂਨੇ ਏਹ ਹਨਃ—

ਨਮੂਨਾ ਟਾਇਪ ਨੰਬਰ ੧,ਅਰਥਾਤ ਫੋਰ--ਲਾਈਨ ਗ੍ਰੇਟਪ੍ਰਾਈਮਰ

ਸਤਿ ਸ੍ਰੀ ਅਕਾਲ

ਏਹ ਟਾਇਪ ਪੁਸ੍ਤਕਾਂ ਦੇ ਨਾਮ ਲਿਖਣ ਦੇ ਕੰਮ ਆਉਂਦਾ ਹੈ

ਨਮੂਨਾ ਟਾਇਪ ਨੰਬਰ ੨,ਅਰਥਾਤ ਥ੍ਰੀ-ਲਾਈਨ ਗ੍ਰੇਟ ਪ੍ਰਾਈਮਰ

ਇਸ ਟਾਇਪ ਵਿਚ ਪੰਜਗ੍ਰੰਥੀ ਅਰ ਸੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਛਪ ਚੁਕੇ ਹਨ ॥

ਨਮੂਨਾ ਟਾਇਪ ਨੰਬਰ ੩, ਅਰਥਾਤ ਟੂ-ਲਾਈਨ ਗ੍ਰੇਟ ਪ੍ਰਾਈਮਰ

ਇਸ ਟਾਇਪ ਨੂੰ ਮੋਟਾ ਟਾਇਪ ਭੀ ਕਹਿੰਦੇ ਹਨ। ਇਸ ਵਿਚ ਸ੍ਰੀਗੁ ਗ੍ਰੰਥ ਸਾਹਿਬ ਜੀ ਨੌਵੀਂ ਵਾਰ ਛਪਕੇ ਹੁਣੇ ਹੀ ਤਿਆਰ ਹੋਇਆ ਹੈ ਅਰ ਬਹੁਤ ਸੁੰਦਰ ਟਾਇਪ ਹੈ ॥

ਨਮੂਨਾ ਟਾਇਪ ਨੰਬਰ ੪, ਅਰਥਾਤ ਟੂ-ਲਾਈਨ ਇੰਗਲਿਸ਼

ਏਹ ਟਾਇਪ ਆਮ ਪ੍ਰਚਿਤ ਹੋ ਰਿਹਾ ਹੈ, ਅਰ ਸਭ ਕਿੱਸੇ ਏਸੇ ਵਿਚ ਬਹੁਤ ਛਪਦੇ ਹਨ। ਭਾਈ ਬਾਲੇ ਵਾਲੀ ਜਨਮਸਾਖੀ ਏਸੇ ਟਾਇਪ ਵਿਚ ਛਪੀ ਹੋਈ ਹੈ ।।

ਨਮੂਨਾ ਟਾਇਪ ਨੰਬਰ ੫, ਅਰਥਾਤ ਟੂ-ਲਾਈਨ ਸਮਾਲ ਪੈਕਾ

ਏਹ ਟਾਇਪ ਹੁਣੇ ਹੀ ਬਣਾਇਆ ਗਿਆ ਹੈ, ਅਰ ਇਸ ਵਿੱਚ ਸੋਹਣੀ ਪਾਲਸਿੰਘ ਆਦਿਕ ਕਈ ਹੋਰ ਪੁਸਤਕ ਭੀ ਛਪੇ ਹਨ ॥

ਨਮੂਨਾ ਟਾਇਪ ਨੰਬਰ ੬, ਅਰਥਾਤ ਗ੍ਰੇਟ ਪ੍ਰਾਈਮਰ

ਇਸ ਟਾਇਪ ਵਿੱਚ ਰੁਟਕਾ ਗੁਰਉਪਦੇਸ਼ ਵੱਡਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਛਪ ਚੁਕੇ ਹਨ । ਇਸੇ ਨੂੰ ਬਰੀਕ ਟਾਇਪ ਕਰਕੇ ਆਖਦੇ ਹਨ ॥

ਨਮੂਨਾ ਟਾਇਪ ਨੰਬਰ ੭, ਅਰਥਾਤ ਪੈਕਾ

ਏਹ ਟਾਇਪ ਸਭਤੋਂ ਬਰੀਕ ਹੈ ਇਸਤੋਂ ਬਰੀਕ ਹੋਰ ਕੋਈ ਨਹੀਂ । ਇਸ ਵਿੱਚ ਅਜੇ ਤਕ ਕੋਈ ਪੁਸਤਕ ਭੀ ਨਹੀਂ ਛਪਿਆ, ਅਰ ਬਾਹਣੇ ਏਹ ਨੋਟਾਂ ਅਰ ਪਤ੍ਰੀਆਂ ਛਾਪਣ ਦੇ ਕੰਮ ਆਉਂਦਾ ਹੈ ॥

॥ ਸਤਿ ਸ੍ਰੀ ਅਕਾਲ ॥

CC-0. Gurukul Kangri University Haridwar Collection. Digitized by S3 Foundation USA

ਸ੍ਰੀ ਗ਼ਰੁ ਗ੍ਰੰਥ ਸਾਹਿਬ ਜੀ ਆਦਿ

ਟਾਇਪ ਨੰਬਰ ੨

ਇਸਦੇ ਵਾਸਤੇ ਦੇਖੋ ਜਨਮਸਾਖੀ ਦਾ ਪਿਛਲਾ ਪੰਨਾ

ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਆਦਿ

ਟਾਇਪ ਨੰਬਰ ੩

ਏਸ ਟਾਇਪ ਵਿੱਚ ਜੇਹੜਾ ਆਪ ਪੜ੍ਹ ਰਹੇ ਹੋ ਅਸਾਂ ਹੁਣ ਫੇਰ ਸ੍ਰੀ ਗੁਰੂ ਗ੍ਰੰਥਸਾਹਿਬ ਜੀ ਛਪਾਏ ਹਨ ਅਰ ਐਤਕਾਂ ਕਾਗ਼ਜ ਬਹੁਤ ਹੀ ਵਧੀਆ ਲਗਾਇਆ ਗਿਆ ਹੈ । ਅਰ ਸੁਧਾਈ ਭੀ ਬਹੁਤ ਦਰਬ ਖਰਚ ਕਰਕੇ ਐਸੀ ਕਰਾਈ ਗਈ ਹੈ ਕਿ ਹੋਰ ਕੋਈ ਅਜੇਹਾ ਸੁੱਧ ਨਹੀਂ ਹੈ ॥ ਆਪਣੇ ਮੂੰਹੋਂ ਆਪਣੀ ਚੀਜ਼ ਦੀ ਉਪਮਾ ਕਰਨੀ ਚੰਗੀ ਤਾਂ ਨਹੀਂ ਹੁੰਦੀ ਪਰ ਜੇਕਰ ਸਚਮੁਚ ਚੀਜ਼ ਉਪਮਾ ਦੇ ਯੋਗ ਹੋਵੇ ਤਾਂ ਕਹਿਣ ਦਾ ਡਰ ਭੀ ਨਹੀਂ। ਅਜ ਤਕ ਜਿਤਨੇ ਸ੍ਰੀਗੁਰੂਗ੍ਰੰਥ ਸਾਹਿਬਜੀ ਛਪੇ ਹਨ ਜਿਨ੍ਹਾਂ ਦਾ ਮੋਖ ੩੨) ੩੦) ੨੮) ੨੫) ਰੁਪਏ ਤਕ ਰਿਹਾ ਹੈ । ਓਹਨਾਂ ਸਾਰਿਆਂ ਨਾਲੋਂ ਏਨਾਂ ਦੇ ਕਾਗਤ ਸੁਧਾਈ ਤੇ ਅੱਖਰ ਚੰਗੇ ਹਨ। ਸਾਡੀ ਲਾਗਤ ਹੋਰ ਲੋਕਾਂ ਨਾਲੋਂ ਵਧ ਆਈ ਹੈ ਪਰ ਫੇਰ ਭੀ ਪ੍ਰਚਾਰ ਲਈ ਮੋਖ ਥੋੜਾ ਹੀ ਰਖਿਆ ਹੈ॥ ਪੰਨੇ ੧੪੩੦ ਮੋਖ ਦਾ ਵੇਰਵਾ— ਵਲੈਤੀ ਕੱਪੜੇ ਦੀ ਸੁਨਹਿਰੀਜਿਲਦਮੋਖ ੮)

ਵਲੈਤੀ ਕਪੜੇ ਦੀ ਜਿਲਦ ੭)

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR

ਸ੍ਰੀਗੁਰੂਗ੍ਰੰਥਸਾਹਬਜੀ ਦਸਮ ਪਾਤਿਸ਼ਾਹੀ

ਟਾਇਪ ਨੰਬਰ ੩

ਏਹ ਸ੍ਰੀਗੁਰੂ ਗ੍ਰੰਥਸਾਹਿਬਜੀ ਅਜਤਕ ਏਸ ਟਾਇਪ ਵਿੱਚ ਨਹੀਂ ਸੀ ਛਪਿਆ। ਇਹ ਅਸਵਾਰਾ ਸਾਹਿਬ ਸ੍ਰੀ ਅੰਮ੍ਰਿਤਸਰ ਤਥਾ ਤਖਤ ਅਕਾਲਬੁੰਗਾਸਾਹਿਬਜੀਵਿਖੇ੩ਅਸਵਾਰੇ ਸਾਹਿਬ ਪ੍ਰਕਾਸ਼ ਕਰਕੇ ਬੜੇ ਯਤਨ ਨਾਲ ਗ੍ਰੰਥ ਸੋਧਿਕ ਕਮੇਟੀ ਨੇ ਸੁੱਧ ਕੀਤਾ ਹੈ ਬੜਾ ਸੁੱਧ ਤੇ ਵਧੀਆ ਕਾਗਤ ਚੰਗੀ ਸਜਾਹੀ ਤੇ ਪੰਨੇ ੧੪੦੦ ਹਨ ਮੋਖ ਸੁਨੈਹਰੀ ਵਲੈਤੀ ਕੱਪੜੇ ਦੀ ਜਿਲਦ ੧੨)

ਟੀਕਾ ਸਿਰੀ ਰਾਗ

ਇਹ ਟੀਕਾ ਸ੍ਰੀਮਾਨ ਪੰਡਿਤ ਤਾਰਾਸਿੰਘ ਜੀ ਨਰੋਤਮ ਨੇ ਕੀਤਾ ਹੈ ਤੇ ਬਾਣੀ ਭਗਤਾਂ ਦੇ ਟੀਕੇ ਵਾਂਗੂੰ ਉਪਰ ਮੋਟੇ ਟੈਪ ਵਿਚ ਮੂਲ ਹੈ ਅਤੇ ਹੇਠਾਂ ਅਰਥ ਹਨ। ਇਹ ਅਰਥ ਭੀ ਐਸੇ ਸੁਖਾਲੇ ਹਨ ਕਿ ਹਰ ਇਕ ਇਆਣਸਿਆਣ ਸਮਝ ਸਕਦਾਹੈ॥ ਕੀਮਤ ॥) ਆਮ ਦੇ ਛਾਇਦੇ ਵਾਸਤੇ ਰਖੀ ਗਈ ਹੈ॥

ਸ੍ਰੀ ਗੁਰੂ ਨਾਨਕ ਪ੍ਰਕਾਸ਼

ਅਰਥਾਤ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਸੰਪੂਰਣ ਜੀਵਨ ਚਰਿਤ੍ਰ

ਏਹ ਕਵਿਤਾ ਭਾਈ ਸੰਤੋਖਸਿੰਘ ਜੀ ਨੇ ਅਤਿ ਪ੍ਰੇਮ ਨਾਲ ਛੰਦਾਬੰਦੀ ਵਿਚ ਕੀਤੀ ਹੈ ਅਰ ਇਸਦੇ ਦੋ ਭਾਗ ਹਨ ਪਹਿਲਾ ਉਤ੍ਰਾਰਧ ਤੇ ਦੂਜਾ ਪੁਰਬਾਰਧ । ਕਵਿਤਾ ਇਸਦੀ ਐਸੀ ਸੁੰਦਰ ਤੇ ਮਨਮੋਹਨ ਹੈ ਜੋ ਪ੍ਰੇਮੀ ਜਨਾਂ ਨੂੰ ਕਥਾ ਵਾਰਤਾ ਸੁਣਦੇ ਸੁਣਾਉਂਦਿਆਂ ਬਿਨਾਂ ਗੁਰੂ ਕੇ ਜਸ ਤੋਂ ਹੋਰ ਕੁਝ ਨਹੀਂ ਭਾਉਂਦਾ। ਸੋ ਗੁਰਮੁਖੀ ਟੈਪ ਦੇ ਅੱਖਰਾਂ ਵਿਚ ਛਪਕੇ ਤਿਆਰ ਹੈ। ਮੋਖ ੧॥)

ਬਾਣੀ ਭਗਤਾਂ ਸਟੀਕ

ਇਸ ਭਗਤਾਂ ਦੀ ਬਾਣੀ ਦਾ ਟੀਕਾ ਸ੍ਰੀ ਮਹੰਤ ਪੰਡਿਤ ਤਾਰਾਸਿੰਘ ਜੀ ਮਸ਼ਹੂਰ ਗਜਾਨੀ ਸੁਰਗਵਾਸੀ ਪਟਿਆਲਾ ਨੇ ਕੀਤਾ ਹੈ ਅਰ ਇਸ ਦੇ ਦੋ ਭਾਗ ਹਨ । ਪਹਿਲੇ ਮੋਟੇ ਅੱਖਰਾਂ ਵਿਚ ਮੂਲ ਸ਼ਬਦ ਰੱਖੇ ਹਨ ਅਤੇ ਹੇਠਾਂ ਓਸਤੋਂ ਜ਼ਰਾ ਬਰੀਕ ਟੈਪ ਵਿਚ ਸਪਸ਼ਟ ਅਰਥ ਜਿਨ੍ਹਾਂ ਨੂੰ ਅਨਜਾਂਨ ਭੀ ਸਮਝ ਲਵੇ ਲਿਖੇ ਹਨ। ਏਸਦਾ ਅਕਾਰ ਵਡੀ ਜਨਮਸਾਖੀ ਨਾਲੋਂ ਡੇਉਢਾ ਹੈ ਕਾਗਜ਼ ਭੀ ਚੰਗਾ ਹੈ, ਕੀਮਤ ੨)

CC-0. Gurukul Kangri University Haridwar Collection. Digitized by S3 Foundation USA

੧ ਓਸਤਿਗੁਰਪ੍ਰਸਾਦਿ ॥

ਮੁਫ਼ੀਦਆਮ ਪ੍ਰੈਸ ਲਾਹੌਰ ਦੇ ਟਾਇਪ ਵਿਚ ਛਪੇ ਹੋਏ ਗੁਰਮੁਖੀ ਪੁਸਤਕਾਂ ਦਾ ਸੂਚੀਪੱਤ੍ਰ

ਇਹ ਪੁਸਤਕ ਅਖਰਾਂ ਦੀ ਪੱਟੀਵਾਰ ਲਿਖੇ ਗਏ ਹਨ ਜੋ ਨਾਮ ਲੱਭਣ ਵੇਲੇ ਦੇਰ ਨਾ ਹੋਵੇ

[ਓ]

ਓਥਾਨਕਾਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਜਿਸ ਵਿਚ ਹਰ ਇਕਸ਼ਬਦ ਦੇ ਉਚਾਰਣ ਦਾ ਸਮਾ ਲਿਖਿਆ ਹੈ ।)
ਓਸਤਤਿਦਰਬਾਰਸਾਹਿਬ ।)
ਓਧਾਰਨਾਮਾ ।)

[ਅ]

ਅੰਮ੍ਰਿਤ ਸਾਗਰ, ਅਰਥਾਤ ਅੰਮ੍ਰਿਤ ਰੂਪੀ ਔਸ਼ਧੀਆਂ ਦਾ ਸਾਗਰ ਇਸਦੇ ਪੜ੍ਹਨ ਨਾਲ ਤਮਾਮ ਹਕੀਮੀ ਸੁਖੈਨ ਹੀ ਆ ਜਾਂਦੀ ਹੈ ।।।=)
ਅਲਫ਼ਲੈਲਾਅਰਥਾਤ ਹਜ਼ਾਰ ਕਹਾਣੀ ੧।।।)
ਅਕਾਲ ਉਸਤਤਿ =)
ਅਕਾਲ ਮੂਰਤੀ ਪ੍ਦਰਸਨ ਪੰਡਿਤ ਤਾਰਾ ਸਿੰਘ ਜੀ ਕ੍ਰਿਤ =)
ਅਕਾਦਸ਼ੀ ਮਹਾਤਮ =)
ਅਸਪ ਨਾਮਾ =)
ਆਸਾ ਦੀ ਵਾਰ(ਟੈਪ ਨੰਃ੩) =)
ਆਸਾ ਦੀ ਵਾਰ ਸ਼ਟੀਕ ਕ੍ਰਿਤ ਭਾਈ ਭਗਵਾਨ ਸਿੰਘ ਜੀ ਅੰਮ੍ਰਿਸਰੀਏ (ਟੈਃਨੰਃ੫) ।।।)
ਆਰਿਫ਼ ਬਿਲਾਸ ਪਾਲਸਿੰਘ ਆਰਿਫ਼ ਕ੍ਰਿਤ =।।
ਅੰਮ੍ਰਿਤਬਾਨੀ ਕ੍ਰਿਤ ਗਰੀਬ ਦਾਸ)।।
ਅਨੁਭਵ ਹੁਲਾਸ ਕ੍ਰਿਤ ਦੇਸ ਰਾਜ ।।)
ਅਮੀਰ ਪ੍ਰਕਾਸ਼ =)
ਅਰਸੁਨ ਗੀਤਾ =।।
ਅਧਨਾਤਮ ਰਾਮੈਣ ।=)
ਅੰਮ੍ਰਿਤ ਪ੍ਰਕਾਸ਼, ਅਰਥਾਤ ਅੰਮ੍ਰਿਤ ਛਕੌਣ ਦਾ ਤ੍ਰੀਕਾ (ਟੈਪ ਨੰਃ ੬) =)
ਅਠਾਰਵਾਂ ਧਨਾਇ ਗੀਤਾ)।।।
ਅਕਾਂਤ ਸੇਵਨ ਧਾਮਹਾਰਿਖੀ ਬਾਲਮੀਕ)।
ਅਸਤੋਤ੍ ਹਰੀਹਰਿ)।
ਅਫ਼ੀਮ ਦੀ ਸਿੱਠ)।
ਅਧਨਾਤਮ ਪ੍ਰਕਾਸ਼ =)
ਅੰਗ ਫੁਰਨਾ)।
ਅਕਲ ਪ੍ਰੇਮ ਦਾ ਝਗੜਾ)।
ਅਰਜੁਨਗੀਤਾਦੇਹਰਜੋਮੇਂ =)।।
ਆਸਾਵਰੀਆਂ ਕ੍ਰਿਤ ਸਵਾਮੀ ਸੇਵਾਦਾਸ ਜੀ ੧)
ਅਜੀਰਨ ਮੰਜਰੀ)।।
ਆਰਧ ਸੰਗੀਤ ਪੁਸ਼ਪਾਵਲੀ ਜਿਲਦਦਾਰ ।।।)
ਅਸਤੋਤ੍ਹਰੀਹਰਿ ਵਡਾ)।।
ਅੰਗ੍ਰੇਜ਼ੀ ਗੁਰਮੁਖੀ ਦੀਡਿਕਸ਼ ਨਰੀ ਇਸ ਵਿਚ ੨੪ ਹਜ਼ਾਰ ਅੰਗ੍ਰੇਜ਼ੀ ਲਫ਼ਜ਼ਦੇ ਗੁਰਮੁਖੀਵਿਚ ਅਰਥਦਸੇ ਹੋਏ ਹਨ (ਟੈਪ ਨੰਃ੬) ੨)

[ਇ]

ਇੰਦਰ ਜਾਲ =।।।
ਇਨਸ਼ਾਇ ਗੁਰਮੁਖੀ =)
ਇਸ਼ਕ ਮਿਜ਼ਾਜੀ =)
ਇੰਦਰ ਸਭਾ ਇਮਾਨਤ =)
ਏਕਾਦਸ਼ ਸਕੰਧ ਸ੍ਰੀ ਮਤ੍ ਭਾਗਵਤ ਕਾ ।=)
ਇਸਤ੍ਰੀ ਰਤਨ, ਇਸ ਵਿਚ ਇਸਤ੍ਰੀਦੇਗਰਭਵਤੀਹੋਨ ਦੇ ਵਲੇ ਤੋਂ ਲੈਕੇ ਉਸਦੇ ਬਾਲਕਦੇਦੁਧਛੱਡਨਵੇਲੇ ਤੀਕੁ ਜੋ ਜੋ ਗੱਲਾਂ ਲੋੜੀਦੀਆਂ ਹਨ ਲਿਖੀਆਂ ਹੋਈਆਂ ਹਨ(ਟੈਪ ਨੰਃ ੬) ।=)
ਇਸਤ੍ਰੀ ਦਸ਼ਾਧਾ ਸੋਲਾਂਸਹੇਲੀਆਂ(ਟੈਪ ਨੰਃ ੬) =)

[ਸ]

ਸ੍ਰੀ ਮਦ ਭਾਗਵਤ ਛਮਈ ਬਾਰਾਂ ਸਕੰਧ ਮੁਜਿਲਦ ੨)
ਸ੍ਰੀ ਮਦ ਭਾਗਵਤ ਛਮਈ ਬਿਨਾ ਜਿਲਦ ੧।।)
ਸਿਰੀਰਾਗੁ ਸਟੀਕ ਪੰਡਿਤ ਤਾਰਾਸਿੰਘ ਜੀ ਕ੍ਰਿਤ ੧।।)
ਸਰਧਾ ਪੂਰਨ ਵੱਡਾ ।।=)
ਸ਼ਬਦ ਸ਼ਲੋਕ ਭਗਤਾਂ ਦੇ ੧।।)
ਸੰਖੇਪ ਇਤਿਹਾਸ ਭਾਰਤ ੧)
ਸ੍ਰੀਮਤੀ ਸੁੰਦਰੀ, ਇਕ ਇਸਤ੍ਰੀ ਦੀ ਬਹਾਦਰੀ ਤੇ ਖ਼ਾਲਸਾ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਧਰਮਵੀਰਵਿਸ਼ੇਸ਼ਭਤਾ (ਟੈਪ ਨੰਃ੬) ।)
ਸੋਖ ।-
ਸਾਰੰਗ ਧਰ ।-)
ਸੁਖਮਨੀ ਸਟੀਕ ੧।।
ਸੁਖਮਨੀ ਭਮਈ (ਟੈਪਨੰਃ੩) ।=)
" ਸਰਾਮਪੁਰੀ " ।=)
" ਲੰਮੀਤਖਤੀ (ਟੈਪਨੰਃ੨) ।)
ਸੂਰਜਪ੍ਰਕਾਸ਼ ਪੂਰਾ ੧੨ ਰਾਸਾਂ ਛੇ ਰੁਤਾਂ ਦੇ ਐਨ ਜਿਃ ੨੦)
ਸੂਰਜਪ੍ਰਕਾਸ਼ਦੀਆਂ ਕੇਵਲ ਛੇ ਰੁਤਾਂ ਦੇ ਐਨ ੫)
ਸਾਰੁਕਤਾਵਲੀ ਸਟੀਕ ਮੂਲ (ਟੈਪਨੰਃ੩) ਟੀਕਾ (ਟੈਃਨੰਃ੪) ।=)
ਸਾਰੁਕਤਾਵਲੀ ।।।)
ਸਾਰੀਰਕ ਸਟੀਕ ।।=)
ਸੁੰਦਰ ਬਿਲਾਸ ।)
ਸਮੁੰਦਰੀਕ ।।।)
ਸਾਰ ਗੀਤਾ ।)
ਸਾਖੀ ਭਾਈ ਲਾਲੋ ।।)
ਸੰਖੇਪ ਵਿਵੇਕ ਬਿਦਾਂਤ ਦਾ ਉੱਤਮ ਗ੍ਰੰਥ ।=)
ਸਿੰਘਮਤ ਸੰਸਕਾਰ ।।।)
ਸ਼ਬਦ ਨਾਵਾਂ ਮਹਿਲ -)
ਸ਼ਲੋਕ ਭਗਤ ਕਬੀਰਜੀ ।)
ਸ਼ਲੋਕ ਸ਼ੇਖ ਫ਼ਰੀਦਜੀ ।)
ਸ਼ਲੋਕ ਵਜੀਦ ਦੇ ।)
ਸ਼ਤਕਕੁੰਡਲੀਏ ਆਰਿਫ਼ ।)
ਸ਼ਲੋਕ ਉਧੋ ।)
ਸ਼ਲੋਕ ਸ੍ਵਾਮੀ -)
ਸ਼ਾਂਤਿ ਸਰੋਵਰ ਸੁਆਮੀ ਹੇਮ ਰਾਜ ਕ੍ਰਿਤ -)
ਸ਼ੀਰੀਂ ਫ਼ਰਿਹਾਦ ਵੱਡਾ -)
" ਛੋਟਾ -)
ਸ਼ਾਹ ਬਹਿਰਾਮ -)
ਸ਼ੀਘਰ ਬੋਧ =)
ਸ਼ਾਹ ਮੁਹੰਮਦ ।)
ਸੱਸੀ ਪੁੰਨੂੰ ਲੱਖਸ਼ਾਹ -)
ਸੱਸੀ ਪੁੰਨੂੰ ਹਾਸ਼ਮ ।)
ਸੱਸੀ ਪੁੰਨੂੰ ਗੁਲਾਮ ਰਸੂਲ ।)
ਸੱਸੀ ਫ਼ਜ਼ਲਸ਼ਾਹ =)
ਸੋਹਨੀ ਫ਼ਜ਼ਲਸ਼ਾਹ =)
ਸੋਹਨੀ ਜੋਧ ਸਿੰਘ ਕਵਿੱਤਾਂ ਵਿੱਚ =)
ਸੋਹਨੀ ਭਗਵਾਨ ਸਿੰਘ =)
ਸੋਹਨੀ ਜੀਵਾਸਿੰਘ ਕ੍ਰਿਤ =)
ਸੋਹਣੀ ਕਾਦਰਯਾਰ)
ਸੋਹਣੀ ਗੰਗਾਰਾਮ)
ਸੋਹਣੀ ਸਾਧੂ ਸਦਾਰਾਮ =)
ਸੋਹਣੀ ਪਾਲਸਿੰਘ =)
ਸੰਗੀਤ ਰਾਜਾ ਹਰੀਚੰਦ)
ਸੰਗੀਤ ਗੋਪੀਚੰਦ)
ਸੁਫੀ ਤੇ ਸ਼ਰਾਬੀ ਦਾ ਕਿੱਸਾ)।
ਸਤੀ ਸਿੰਗਾਰ ਕ੍ਰਿਤ ਕਿਸ਼ਨ ਸਿੰਘ ਆਰਿਫ਼)।
ਸਿੰਘਾਸਨ ਬਤੀਸੀ ਰਾਜੇਬਿਕ੍ਰਮਾਜੀਤ ਦੀਆਂ ੩੨ ਕਹਾਣੀਆਂ =)
ਸੈਫ਼ਲਮਲੂਕ -)
ਸਰਧਾਪੂਰਨ -)
ਸ਼ਹੀਦ ਹੁਲਾਸ ਸਾਹਿਬ ਜ਼ਾਦਿਆਂ ਦਾਹਾਲ (ਟੈਪ ਨੰਃ੬) -)
ਸਤਵਾਰਾ ਕਿਸ਼ਨ ਸਿਘ)
ਸਿਹਰਫੀ ਬਲਵੰਤਸਿੰਘ)
ਸਿਹਰਫੀ ਪੀਰ ਬਖਸ਼)
ਸਿਹਰਫੀ ਬਰਦਾ)
ਸਿਹਰਫੀ ਗੋਪਾਲਸਿੰਘ)
ਸਿਹਰਫੀ ਖੁਲਦੀ)
ਸਿਹਰਫ਼ੀ ਸਾਈਂਦਾਸ)
ਸਿਹਰਫ਼ੀ ਗੋਪੀਚੰਦ)
ਸਿਹਰਫ਼ੀ ਮਹਿਰਮਸ਼ਾਹ)
ਸਿਹਰਫ਼ੀ ਹਿਦਾਇਤਲਾ)
ਸਿਹਰਫ਼ੀ ਕੰਸ ਲੀਲਾ)
ਸਿਹਰਫ਼ੀ ਗੋਬਿੰਦ ਪ੍ਰਕਾਸ਼)।
ਸਿਹਰਫੀ ਮਨ ਮਸਤਾਨ)।
ਸਿਹਰਫ਼ੀ ਪਾਲ ਸਿੰਘ)।
ਸਿਹਰਫ਼ੀ ਸਾਵਣ ਲਾਲ)।
ਸਿਹਰਫ਼ੀ ਦੀਦਾਰ ਬਖਸ਼)।
ਸਿਹਰਫ਼ੀ ਖੁਸ਼ਾਲ ਸਿੰਘ)।
ਸਿਹਰਫ਼ੀ ਸਦਾਨੰਦ)।
ਸਿਹਰਫ਼ੀ ਸਾਧੂ ਜ੍ਵਾਲਾਦਾਸ)।
ਸਿਹਰਫ਼ੀ ਰਾਮਜੀ ਦਾਸ)।
ਸਿਹਰਫ਼ੀ ਦਯਾਲਸਿੰਘ)।
ਸਿਃ ਰਤਨਗੁਲਾਬਦੇਈ)
ਸਿਹਰਫ਼ੀ ਫ਼ਰੀਦ ਬਖਸ਼)
ਸਿਹਰਫ਼ੀ ਬਾਵਾ ਫ਼ਰੀਦ)
ਸਿਹਰਫ਼ੀ ਹਰੀ ਸਿੰਘ)
ਸਿਹਰਫ਼ੀ ਬਾਬਾਕ੍ਰਤਾਰਸਿੰਘ ਵਸਨੀਕ ਭੁਪਾਲੀ)।
ਸਿਹਰਫ਼ੀ ਕੇਵਲ ਸਿਧਾਂਤ)
ਸਿਹਰਫ਼ੀ ਭਗਤ ਭੋਗਰਰਾਮ ਕਕਰੇਜਾ ਕ੍ਰਿਤ)।

[ਹ]

ਹਨੂਮਾਨਨਾਟਕਲੰਮੀਤਖਤੀ ਸੋਖ ।=)
ਹਨੂਮਾਨ ਨਾਟਕ ਮੁਜਿਲਦ ਸੋਖ ।।)
ਹਨੂਮਾਨ ਨਾਟਕ ।-)
ਹਨੂਮਾਨ ਨਾਟਕ ਸਟੀਕ ਜੋਗੀ ਸ਼ਿਵਨਾਥ ਵਿਸਾਰਦ ਕ੍ਰਿਤ (ਟੈਃਨੰਃ੪ਤੇ੬) ੩)
ਹਕੀਮ ਦਰਵੇਸ਼ =)
ਹਾਤਮਤਾਈ ।=)
ਹੋੜਾ ਚੱਕਰ)।
ਹੁੱਕੇ ਨਾਮਾ)।
ਹੁੰਡੀ ਨਰਸੀ ਭਗਤ)।
ਹਾਲ ਭੀਆਂ ਈਸ਼ਰ ਦਾਸ ਕ੍ਰਿਤ)।
ਹਾਰਫੁੱਲਾਂ ਦੇ)।

CC-0. Gurukul Kangri University Haridwar Collection. Digitized by S3 Foundation USA

ਹਰੀਚੰਦ ਲੀਲਾ ।।।।
ਹਕੀਕਤਰਾਇ ਕਾਲੀਦਾਸ।।
ਹਕੀਕਤਰਾਇਅਗਰਾ ।।
ਹਕੀਕਤਰਾਇ ਗੰਗਾਰਾਮ ।।
ਹੀਰ ਵਾਰਸਸ਼ਾਹ ਵਡੀ ।।
ਹੀਰਵਾਰਸਸ਼ਾਹ ਛੋਟੀ ।।
ਹੀਰਫਜ਼ਲਸ਼ਾਹ ।।
ਹੀਰ ਮੁਕਬਲ ।।
ਹੀਰ ਹੁਸੈਨ ।।
ਹੀਰ ਰੋਸ਼ਨ ।।
ਹੀਰ ਕਾਹਨ ਸਿੰਘ ।।
ਹੀਰਭਗਵਾਨਸਿੰਘ ਵਡੀ ।।
ਹੀਰਭਗਵਾਨ ਸਿੰਘ ਛੋਟੀ ।।
ਹੀਰ ਜੋਗ ਸਿੰਘ ।।
ਹੀਰ ਬੰਸੀਵਾਲ ।।

[ਕ]

ਕਲਗੀਧਰ ਹੁਲਾਸ—ਇਸ ਵਿਚ ਬੈਂਤਾਂਦੀ ਧਾਰਨਾ ਵਿਖੇ ਸ੍ਰੀ ਗੁਰੂ ਦਸਮ ਜੀ ਦਾ ਸਬ ਪ੍ਰਸੰਗ ਲਿਖਿਆ ਹੈ ।।।।
ਕਬਿੱਤ ਭਾਈ ਗੁਰਦਾਸ ।।।।
ਕਾਫੀਆਂ ਈਸ਼ਰਦਾਸ ।।
ਕਾਫੀਆਂ ਸ਼ਾਹ ਹੁਸੈਨ ।।
ਕਾਫੀਆਂ ਪਾਲਸਿੰਘ ।।
ਕਥਾ ਨਾਸਕੇਤ ।।
ਕਥਾ ਪੁਰਨਮਾਸ਼ੀ ਵੱਡੀ ।
ਕਥਾ ਪੁਰਨ ਮਾਸ਼ੀ ਛੋਟੀ ।।
ਕਾਫੀਆਂ ਬੁਲੇ ਸ਼ਾਹ ।।
ਕਾਫੀਆਂ ਕਿਸ਼ਨ ਸਿੰਘ ਆਰਫ ।।
ਕਥਾ ਗਊ ਸਿੰਘ ।
ਕੁੰਡਲੀਏ ਪਾਲਸਿੰਘ ।।
ਕੰਨਿਆ ਬੋਧਨੀ ੧ ਭਾਗ (ਬੁਧਵੰਤੀ ਤੇ ਸੁਖਵੰਤੀ ਦੋ ਕਾਂਕੀਆਂ ਦੇ ਪ੍ਰਸ਼ਨਉੱਤ੍ਰ ।।।।
ਕੁੰਡਲੀ ਗਿਰਧਰ ਰਾਏ ਵਡੇ ਇਸ ਵਿਚ ੪੦੦ ਕੁੰਡਲੀਏ ਹੈਂ ਚੰਗਾ ਛਾਪਾ ।
ਕਿੱਸਾ ਚਿੱਤ੍ਰ ਮਿੱਤ੍ਰ ਧਾੜਵੀ ।।
ਕਿੱਸਾ ਚੰਦ੍ ਬਦਨ ਆਧਾਰ ਕ੍ਰਿਤ ਪਾਲਸਿੰਘਆਰਫ ।।।
ਕਿੱਸਾ ਕੱਚੀ ਨਾਰ ਦਾ ।।
ਕਿੱਸਾ ਬੁੱਢੇਦੀ ਨਾਰਦਾ ।।
ਕਿੱਸਾ ਜੱਟੀ ਖਤ੍ਰਾਣੀ ।।
ਕ੍ਰਿਸ਼ਨ ਕਟਾਰ ।।
ਕਿੱਸਾ ਕਾਮਰੂਪ ।।।
ਕਿੱਸਾ ਕਲਜੁਗ ।।
ਕਿੱਸਾ ਨੂੰਹ ਸੱਸ . ।।
ਕਿੱਸਾ ਰਾਜਾ ਰਸਾਲੂ ।।
ਕਿੱਸਾ ਆਸ਼ਕ ਮਸ਼ੂਕ ।।
ਕਿੱਸਾ ਮਹਬੂਬ ਜਾਨੀ ।।
ਕਿੱਸਾ ਸੋਲਾਂ ਸਹੇਲੀਆਂ ।।
ਕਿੱਸਾ ਮਿਰਜ਼ਾ ਸਾਹਿਬਾਂਸੁਰਾਂ ਵਾਲਾ ।।।।
ਕਿੱਸਾਮਿਰਜ਼ਾ ਸਾਹਿਬਾਂਕ੍ਰਿਤ ਸਰਜੂ ਰਾਮ ।।।।
ਕਿੱਸਾਮਿਰਜ਼ਾਸਾਹਿਬਾਂ ਕ੍ਰਿਤ ਜੀਵਾ ਸਿੰਘ ।।।
ਕਿੱਸਾ ਮਿਰਜ਼ਾ ਸਾਹਿਬਾਂ ।।
ਕਿੱਸਾ ਸ਼ੇਖ ਚਿਲੀ ਦਾ ।।
ਕਿੱਸਾ ਬਾਜੀਗਰਨੀ ।।
ਕਿੱਸਾ ਧੰਨੀ ਤੇ ਸ਼ਿਵ ਸਿੰਘ ਜ਼ਲਦਾਰ ।
ਕਿੱਸਾਰੇਲਗੱਡੀਈਸ਼ਰਦਾਸ ਕ੍ਰਿਤ ।।
ਕਿਸਾ ਪ੍ਰਤਾਪੀ ਗੋਕਲ ਚੰਦ ਕ੍ਰਿਤ ।।।
ਕਿੱਸਾ ਕਾਮਸੈਨ (ਟੈਪਨੰਃਏ) ।
ਕਿੱਸਾਗੋਪੀਚੰਦ ਦੇਸਰਾਜ ।।।

[ਖ]

ਖਾਲਸਾ ਧਰਮ ਸ਼ਾਸਤ੍ ਸੰਸਕਾਰ ਭਾਗ ਭਾਈ ਅਵਤਾਰ ਸਿੰਘ ਕ੍ਰਿਤ ।।
ਖਾਲਸਾ ਧਰਮ ਪਤਤਪਾਵਨ ਭਾਗ, ਸ਼ੁਧ ਕਰਨਦੀ ਰੀਤਿ (ਟੈਪਨੰਃਏ) ।
ਖੜਗਧਾਰੀ ਹੁਲਾਸ—ਇਸ ਵਿਚ ਛੇਵੇਂ ਗੁਰੂਸਾਹਿਬ ਦਾ ਸੰਪੂਰਣ ਬ੍ਰਿਤਾਂਤ ਬੈਂਤਾਂ ਵਿਚ ਦਰਜ ਹੈ ।੧।
ਖੈਰ ਮਨੁਖ ।।।।

[ਗ]

ਗੁਰੂ ਗ੍ਰੰਥ ਸਾਹਿਬ ਆਦ ਸਭ ਤੋਂ ਮੋਟਾ ਜਿਲਦ ਚਮੜਾ (ਟੈਪਨੰਃ੨) ੧੮।
ਜਿਲਦ ਕਪੜਾ ੧੬।
ਗੁਰੂ ਗ੍ਰੰਥ ਸਾਹਿਬ ਜੀ ਆਦ ਜਿਲਦ ਸੁਨਹਿਰੀ ਕਪੜਾ (ਟੈਪ ਨੰਃ ੩) ੯।
ਕੋਨਾ ਪੁਸ਼ਤਾ ਚਮੜਾ ੮।
ਜਿਲਦ ਵਲੈਤੀ ਕਪੜਾ ੭।
ਗੁਰੂ ਗ੍ਰੰਥ ਸਾਹਿਬ ਜੀ ਆਦ ਜਿਲਦ ਸੁਨਹਿਰੀ ਲਾਇਕ ਸਫਰ (ਟੈਪਨੰਃਏ) ਮੋਖ ੨।।
ਗੁਰੂਗ੍ਰੰਥ ਸਾਹਿਬ ਜੀ ਦਸਮ ਪਾਤਸ਼ਾਹੀ (ਟੈਪ ਨੰਃ ੩) ੧੩।।
ਗੁਰੂ ਗ੍ਰੰਥ ਸਾਹਿਬਜੀ ਦਸਮ ਪਾਤਸ਼ਾਹੀ ਖੁਰਦ ਲਾਇਕ ਸਫਰ (ਟੈਪਨੰਃਏ) ਮੋਖ ੨।।
ਗੁਰਬਿਲਾਸਛੇਵੀਪਾਤਸ਼ਾਹੀ ਮੋਖ ੧
ਗੁਰ ਬਿਲਾਸ ਦਸਮੀ ਪਾਤ ਸ਼ਾਹੀ ੧।।
ਗੁਰਮਤ ਹੁਲਾਸ (ਟੈਪ ਨੰਃਏ) ।
ਗੁਟਕਾ ਪੰਜ ਗ੍ਰੰਥੀ ਮੁਜਿਲਦ (ਟੈਪ ਨੰਃ ੬) ਮੋਖ ।
ਗੁਟਕਾ ਭਗਵਤ ਗੀਤਾ ਮੁਜਿਲਦ (ਟੈਪ ਨੰਃ ੬) ।।
ਗੁਟਕਾ ਦਸਗ੍ਰੰਥੀ ਮੁਜਿਲਦ (ਟੈਪ ਨੰਃ ੬) ਮੋਖ ।
ਗੁਟਕਾ ਗੁਰ ਉਪਦੇਸ਼ ਵਡਾ

CC-0. Gurukul Kangri University Haridwar Collection. Digitized by S3 Foundation USA

OF INTERNET // ABHINAV GAUR //

ਦਰਜਾ ਅੱਵਲ ਵੇਲਦਾਰ (ਟੈਃਨੰਃ੬) ਮੋਖ ।=)
ਗੁਟਕਾ ਗੁਰ ਉਪਦੇਸ਼ ਵੱਡਾ ਦਰਜਾ ਦੋਮ (ਟੈਃਨੰਃ੬) ੩॥
ਗੁਟਕਾ ਗੁਰ ਉਪਦੇਸ਼ ਛੋਟਾ (ਟੈਃਨੰਃ੬) ਮੋਖ -)।
ਗੁਟਕਾ ਜਪਜੀ (ਟੈਃਨੰਃ੬))।
ਗੁਟਕਾ ਰਹਿਰਾਸ (ਟੈਃਨੰਃ੬))॥
ਗੁਟਕਾ ਆਸਾਦੀਵਾਰ)॥
ਗਉੜੀ ਰਾਗ ਸਟੀਕ ਸੰਭ ਦਲ ਸਿੰਘ ਕ੍ਰਿਤ ੩॥)
ਗੁਰਮਤਿ ਸੁਧਾਕਰ ਸਰਦਾਰ ਕਾਹਨ ਸਿੰਘ ਕ੍ਰਿਤ ੩॥)
ਗੁਰਮਤਿ ਪ੍ਰਭਾਕਰ ਸਰਦਾਰ ਕਾਹਨ ਸਿੰਘ ਜੀ ਕ੍ਰਿਤ ੨)
ਗੁਰਸਿਖਜਾ ਗਜਾਨ ਮੰਜਰੀ ਇਸ ਵਿਚ ਮੰਗਲ ਸਮੈ ਦੇ ਸ਼ਬਦ ਹਨ (ਟੈਃਨੰਃ੬) ।-)
ਗੁਰਪੁਰਬਕਰਨਦੀਵਿਧੀ -)
ਗੁਰਉਪਮਾਤੇ ਸਤਿਸੰਗਲਾਭ ਕ੍ਰਿਤ ਕਿਸ਼ਨਸਿੰਘ -)
ਗਜਾਨ ਸੋਹਨੀ -)॥
ਗਜਾਨ ਮ੍ਹਾਲਾ -)
ਗੁਟਕਾ ਸੁਖਮਨੀ -)
ਗੁਟਕਾ ਜਾਪ ਜੀ)॥
ਰੰਗ ਜਤੀ ਨਿਦਾਨ)॥
ਗੁਲਾਬ ਚਮਨ -)।
ਗੁਲ ਬਕਾਉਲੀ ੩)
ਗਰਭ ਗੀਤਾ)।
ਗਜਾਨ ਚਰਖਾ)।
ਗਜਾਨ ਸਰੋਦਾ)॥
ਗਜਾਨ ਪ੍ਰਕਾਸ਼)॥
ਗੁਰਉਪਮਾਭਾਈਹਰਕ੍ਰਿਸ਼ਨ ਕ੍ਰਿਤ -)
ਗਜਾਨ ਸਿੱਖਿਆ ।)
ਗਣਤ ਚੰਦ੍ਰੋਦਯ (ਟੈਃਨੰਃ੬) ।-)
ਗਣਤ ਮੁਕ੍ਹਾਵਲੀ ।)
ਗਣਤ ਸਾਰ ਹਿੱਸਾ ਪੈਹਲਾ (ਟੈਪਨੰਃ੬) ।-)
ਗੁਰਮਤਨ੍ਹਿਨਧਸਾਗਰਕ੍ਰਿਤ ਪੰਡਿਤ ਤਾਰਾ ਸਿੰਘ ਜੀ ਪਟਿਆਲਾ ਨਿਵਾਸੀ ੧॥=)
ਗੋਬਿੰਦ ਗੀਤਾ ਦਾ ੧੮ ਵਾਂ ਧਜਾ ਮਹਾਤਮ ਸਮੇਤ -)
ਗੋਬਿੰਦ ਗੀਤਾ੧੮ ਧਜਾ ਪੂਰੀ ਮੂਲ ਛੰਦਾ ਬੰਦੀ ਵਿਚ ਅਤੇ ਮਹਾਤਮ ਵਾਰਤਕ ਜਿਲਦ ਦਾਰ ॥=) ਬਿਨਾ ਜਿਲਦ ॥=)

(ਚ)

ਚਰਿਤਾਵਲੀ ਸੀਤਾ, ਦਮਧੰਤੀ, ਦਰੋਪਦੀ ਆਦਕਾਂ ਦਾ ਹਾਲ ਇਸਤ੍ਰੀਆਂਲਈ ਏਹ ਪੋਥੀ ਅਤਿ ਉੱਤਮ ਹੈ ॥)
ਚੰਡੀ ਦੀ ਵਾਰ)॥
ਚਨਾਕਾ ਰਾਜਨੀਤ)॥
ਚੂਹੇ ਬਿੱਲੀ ਦਾ ਕਿੱਸਾ)।
ਚਰਖਾ ਰੰਗੀਲਾ)।

(ਛ)

ਛੱਕੇ ਦੇਵੀ ਪਾਤਸ਼ਾਹੀ ੧੦)॥
ਛਪੈ ਕ੍ਰਿਤ ਰੱਜਬ ਜੀ)॥
ਛੰਦਨਾਮਾ)।
ਛੰਦਨਾਮਾ ਵਿਵਾਹ ਦੇ ਸਮੇ ਦੇ ਛੰਦ)।

[ਜ]

ਜਨਮਸਾਖੀ ਭਾਃ ਬਾਲੇਵਾਲੀ ਵਡੀਜਿਸ ਵਿਚ ਮੱਕੇਮਦੀਨੇ ਤੇ ਅਜਿੱਤੇਰੰਧਾਵੇ ਦੀ ਸਾਰੀ ਗੋਸ਼ਟ ਹੈ ਮੁਜਿਲਦ ੧॥)
ਜਨਮਸਾਖੀਭਾਈਬਾਲੇਵਾਲੀ ਥਿਨਾ ਜਿਲਦ ੧)
ਜਨਮਸਾਖੀਭਾਈਮਨੀਸਿੰਘ ਮੁਜਿਲਦ ੧॥)
ਜਨਮਸਾਖੀਭਾਈਮਨੀਸਿੰਘ ਥਿਨਾ ਜਿਲਦ ੧=)
ਜਨਮ ਸਾਖੀ ਛੋਟੀ ॥)
ਜਨਮਸਾਖੀ ਦਸਮੇਪਾਤਸ਼ਾਹ ਜੀ ਕੀ ਵਾਰਤਕ ਮੁਜਿਃ ੩)
ਜਪੁਜੀ ਸਟੀਕ ਮੁਜਿਲਦ =)
ਜਪੁਜੀਸਟੀਕ-ਸਰਦਾਰਗੁਰ ਦਿਆਲ ਸਿੰਘ ਸਾਹਿਬ ਡਵੀਯਨਲਜਜਸ੍ਮੀ ਪ੍ਰਮਾਣਾਂ ਸਹਿਤ (ਟੈਪ ਨੰਃ ੩, ੪) ੧)
ਜਾਪਸਾਹਿਬ ਸਟੀਕ ਸ੍ਦਾਰ ਗੁਰਦਿਆਲ ਸਿੰਘ ਸਾਹਿਬ ਮਾਨ ਡਵੀਯਨਲ ਜਜ । ਇਸਜਾਪਸਾਹਿਬਦੇ ਅਰਥ ਸਰਦਾਰ ਸਾਹਿਬ ਨੇ ਬਹੁਤ ਹੀ ਅਛੇ ਔਰ ਪ੍ਰਮਾਣਾਂ ਸੰਜੁਗਤ ਕੀਤੇਹਨ (ਟੈਪਨੰਃ੪) ॥=)
ਜਰਾਹੀਪ੍ਰਕਾਸ਼ ਕਲਾਂ =)
ਜਰਾਹੀਪ੍ਰਕਾਸ਼ ਹਿੱਸਾਅੱਵਲ ਮੋਖ -॥
ਜਰਾਹੀ ਪ੍ਰਕਾਸ਼ ਤੀਸਰਾ ਹਿਸ੍ਹਾ -)॥
ਜਾਦੂ ਕੀ ਪਹਿਲੀ -)
ਜਾਦੂ ਕੀ ਦੂਸਰੀ -)
ਜਿਉਣਾਮੌੜ ਕਿਸ਼ਨਸਿੰਘ ।)
ਜਿਉਣਾਮੌੜਨੱਥਾ ਸਿੰਘ -)
ਜਿਉਣਾਮੌੜ ਕੋਹਰਸਿੰਘ -।
ਜਿਉਣਾ ਮੌੜ ਭਗਵਾਨਸਿੰਘ ਮੂਲ -)
ਜੰਦ ਜੀਵਾ ਸਿੰਘ)।
ਜੰਦ ਹਜ਼ੂਰਾ ਸਿੰਘ)।
ਜੰਦ ਸ਼ਿਵਜੀ)।
ਜੰਦ ਭਗਵਾਨ ਸਿੰਘ)।
ਜੰਦ ਨੱਥਾ ਸਿੰਘ)।
ਜੰਦ ਗੁਰਬਖ਼ਸ਼ਾ ਸਿੰਘ)।

CC-0. Gurukul Kangri University Haridwar Collection. Digitized by S3 Foundation USA

ਜੰਞ ਹਰਨਾਮ ਸਿੰਘ)।
ਜੰਗਨਾਮਾਗੁਰੂਗੋਬਿੰਦ ਸਿੰਘ ਜੀ)॥
ਜੰਞ ਵਸਾਖਾ ਸਿੰਘ)।
ਜੀਵ ਸਿਆਪਾ ਕਿਸ਼ਨ ਸਿੰਘ ਆਰਫ਼ ਕ੍ਰਿਤ)।
ਜੰਞ ਰਾਮ ਚੰਦਰ ਦਾ ਬਾਰਾਂ ਮਾਂਹ ਰਾਧਾ ਕ੍ਰਿਸ਼ਨ)।
ਜੰਞ ਰਾਧਾ ਰਾਮ)॥
ਜੰਞ ਸ਼ੇਰ ਸਿੰਘ)।
ਜੰਞ ਬੀਰ ਸਿੰਘ ਕਬਿੱਤਾਂ ਵਿੱਚ ।
ਜੰਞ ਕਾਹਨ ਸਿੰਘ)।
ਜੰਗਨਾਮਾ ਮਾਲਾਕਾਂਡ ⅓
ਜੰਗਨਾਮਾ ਚਤਰਾਲ ⅓
ਜੰਗ ਨਾਮਾ ਤੀਰਾਹ ⅓
ਜੰਗ ਕਾਬਲ)॥।
ਜ਼ਫ਼ਰ ਨਾਮਾ ਟੀਕਾ ਸਹਿਤ ਉਤਮਕਾਗ਼ਜ਼ (ਟੈਪਨੰਃ੪,੬) ।⅓)
ਜਪੁਜੀਸਟੀਕਸੰਤਦੇਵਾ ਸਿੰਘ ਜੀ ਨੇ ਬੜੀ ਮੇਹਨਤ ਨਾਲ ਇਸਦਾ ਟੀਕਾ ਕੀਤਾ ਹੈ ॥।)
ਜਪੁਜੀ ਲੰਮੀ ਤਖ਼ਤੀਸਭ ਤੋਂ ਮੋਟੀ ਵੇਲਦਾਰ ਜੋ ਚੰਦ ਦੇ ਚਾਨਣੇ ਪੜ੍ਹਨ ਵਾਲੀ ਹੈ (ਟੈਪ ਨੰਃ ੨) ⅓)
ਜਪੁਜੀ (ਟੈਪ ਨੰਃ ੩) ⅓)
ਜਨਮਸਾਖੀ ਗੁਰੂਨਾਨਕ ਜੀ ਭਾਈ ਦਿਤ ਸਿੰਘ ਗਿਆਨੀ ਕ੍ਰਿਤ (ਟੈਪ ਨੰਃ ੬) ॥)
ਜਨਮਸਾਖੀ ਗੁਰੂਅੰਗਦ ਜੀ ਭਾਈ ਦਿਤ ਸਿੰਘ ਗਿਆਨੀ ਕ੍ਰਿਤ (ਟੈਪ ਨੰਃ ੬) ⅓)
ਜਨਮਸਾਖੀ ਗੁਰੂ ਅਮਰਦਾਸ ਜੀ ਕ੍ਰਿਤ ਭਾਈ ਦਿਤ ਸਿੰਘ ਗਿਆਨੀ (ਟੈਪ ਨੰਃ ੬) ।⅓)
ਜਨਮਸਾਖੀ ਗੁਰੂ ਹਰਿਰਾਇ ਜੀ ਕ੍ਰਿਤ ਭਾਈ ਦਿਤ ਸਿੰਘ ਗਿਆਨੀ (ਟੈਪਨੰਃ੬) ⅓)
ਜਨਮਸਾਖੀਗੁਰੂਹਰਿਕ੍ਰਿਸ਼ਨ ਜੀਕ੍ਰਿਃਭਾਃਦਿਤਸਿੰਘਟੈਃਨੰਃ੬) ⅓)
ਜਨਮਸਾਖੀਭਗਤ ਕਬੀਰ ੧॥।
ਜਪ ਪਰਮਾਰਥਲਾਃ ਬਿਹਾਰੀ ਲਾਲ ਕ੍ਰਿਤ (ਟੈਪਨੰਃ੬) ।)
ਜੀਵਨ ਚਰਿਤ੍ ਦਸਮ ਗੁਰੂ ਅਰਥਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਲਬੁਧਿ, ਦਯਾਲਤਾ, ਜਤ ਸਤ, ਨਿਆਇ, ਕੌਮੀ ਮੁਹੱਬਤ, ਤੇਜ ਪ੍ਰਤਾਪ, ਬਖ਼ਸ਼ਸ਼, ਉਦਾਰਤਾ, ਆਤਮ ਸ਼ਕਤੀ, ਵਾਕ ਸ਼ਕਤੀ, ਸੂਰਬੀਰਤਾ, ਸ਼ਾਂਤਿ, ਉਪਦੇਸ਼, ਧੀਰਜ ਤੇ ਬ੍ਰਹਮ ਗਿਆਨ ਦਾ ਨਮੂਨਾ (ਟੈਪ ਨੰਃ ੬) ⅓)
ਜਪੁਜੀ ਸਟੀਕ-ਪ੍ਰਸਿਧ ਗੁਰੂ ਢੰਡੋਰਾ ਭਾਃ ਅਵਤਾਰ ਸਿੰਘ ਜੀ ਨੇ ਬੜੀ ਉਤਮ ਰੀਤੀ ਨਾਲ ਟੀਕਾ ਕੀਤਾ ਹੋਯਾ ਹੈ (ਟੈਪ ਨੰਃ ੬) ਮੋਖ ੧)
ਜਪੁ ਸਟੀਕ ਸੰਤ ਗੁਰਮੁਖ ਸਿੰਘ ਜੀ ਕ੍ਰਿਤ ।⅓)

(ਝ)

ਝਗੜਾ ਸੋਨਾ ਚਾਂਦੀ)।

(ਡ)

ਡਿਉਢਾਂ ਕਾਂਸ਼ੀਰਾਮ)।
ਡਿਉਢਾਂਪਾਲਸਿੰਘ ਆਰਫ਼)॥।

(ਤ)

ਤਵਾਰੀਖ਼ਖ਼ਾਲਸਾਕ੍ਰਿਤ ਭਾਈ ਗਯਾਨਸਿੰਘ ਗਯਾਨੀ ਹਿੱਸਾ ਪੈਹਲਾ ਨੰਃ੧ (ਟੈਪ ਨੰਃ੫) ੧।)
ਹਿੱਸਾ ਪੈਹਲਾ ਨੰਃ੨ ,, ੧।)
ਹਿੱਸਾ ਪੈਹਲਾ ਨੰਃ ੩,, ੨॥)
ਤੁਲਸੀ ਰਾਮਾਯਨ ਮੂਲ ॥)
ਤੁਲਸੀ ਰਾਮਾਯਨ ਸਟੀਕ ੯)
ਤੋਭਾ ਕਹਾਨੀ ⅓)॥
ਤਿੱਬ ਫੁਸ੍ਹੀ ⅓)
ਤਿਬ ਅਹਿਸਾਨੀ ⅓)।
ਮੀਜ਼ਾਨ ਤਿਬ ।)
ਤਨਖ਼ਾਹ ਨਾਮਾਂ ਸਿਖੀ ਧਰਮ ਕੇ ਨਿਯਮ ।)

(ਦ)

ਦਸਗ੍ਰੰਥੀ ਦਰਜਾ ਅੱਵਲ (ਟੈਪ ਨੰਃ ੬) ਮੋਖ ।॥)
ਦਸਗ੍ਰੰਥੀਮੁਜਿਲਦ(ਟੈਃਨੰਃ੩) ॥।-)
ਦਾਰੁਲਸ਼ਫ਼ਾ ।-)
ਦੇਵੀ ਪਰਕਾਸ਼)॥
ਦ੍ਰੌਪਤੀ ਲੀਲਾ)॥
ਦੁਲਹਨ ਦਰਪਨ ।
ਦਾਨ ਲੀਲਾ)॥
ਦੁਲਾ ਭੱਟੀ ⅓)॥

(ਧ)

ਧਾਤੁ ਪਰਕਾਸ਼ —)
ਧਰਮ ਪਾਲਨ ਗੁਰਤੇਗਬਹਾਦਰ ਜੀ)॥

(ਨ)

ਨਾਨਕ ਪਰਕਾਸ਼ ਉਤ੍ਰਾਰਧਤੇ ਪੂਰਬਾਰਧ ਦੋਨੋਂ ਭਾਗ ਭਾਈ ਸੰਤੋਖ ਸਿੰਘਜੀ ਕ੍ਰਿਤਮੋਖ ੧॥)
ਨਾਨਕਪ੍ਰਕਾਸ਼ ਬੇਜਿਲਦ੧।⅓)
ਨਾੜੀ ਪ੍ਰਕਾਸ਼ —)
ਨਸੀਹਤਨਾਮਾ ਗੁਰੂ ਨਾਨਕ ਜੀ ਦਾ)।
ਨਕਲੀ ਸਿਖ ਪ੍ਰਬੋਧ ਭਾਈ ਦਿਤਸਿੰਘ ਗਯਾਨੀ ਕ੍ਰਿਤ (ਟੈਪ ਨੰਃ ੬) ।⅓)
ਨਾਨਕ ਪ੍ਰਬੋਧ[ਜਨਮਸਾਖੀ] ਛੰਦਾ ਬੰਦੀ ਵਿਚ ॥)
ਨਿਰਘੰਟ ਵੱਡਾ ।⅓)
ਨਿਰਘੰਟ ਛੋਟਾ ।)

(ਪ)

ਪ੍ਰਬੋਧ ਚੰਦ੍ ਨਾਟਿਕ ।-)

CC-0. Gurukul Kangri University Haridwar Collection. Digitized by S3 Foundation USA

INTERNET // ABHINAV GAUR //

ਪ੍ਰਹਲਾਦ ਲੀਲਾ ਰਾਮ ਲਾਲ ਕ੍ਰਿਤ =॥
ਪ੍ਰੇਮ ਸਾਗਰ ॥)
ਪਾਰਸ ਭਾਗ ॥)
ਪਰੀਛਾ)।
ਪੰਜਗ੍ਰੰਥੀ ਮੁਜਿਲਦ ਸਰਾਮ ਪੁਰੀ (ਟੈਪ ਨੰਃ ੩) ।=)
ਪੰਜਗ੍ਰੰਥੀ ਮੁਜਿਲਦ ਭਮਈ ਬੇਲਦਾਰ (ਟੈਪ ਨੰ: ੩) ॥)
ਪੰਜਗ੍ਰੰਥੀ ਮੁਜਿਲਦ ਬਿਲਾ ਵੇਲ (ਟੈਪ ਨੰਃ ੩) ।=)॥
ਪੰਜਗ੍ਰੰਥੀ ਸਤਸਤਰੀਸਭ ਤੋਂ ਮੋਟੇ ਅੱਖਰ ਜੋ ਚੰਦ ਦੇ ਛੋਨਣੇ ਬੜੀ ਮੁਖਾਲੀ ਪੜ੍ਹੀ ਜਾ ਸਕਦੀ ਹੈ ਅਰ ਚੁਪਾਸੇਲਾਲ ਰੰਗ ਦੀ ਵੇਲ ਹੈ (ਟੈਪਨੰਃ੨) ਮੋਖ ੧॥) ੧।=) ੧।)
ਪੰਥ ਪ੍ਰਕਾਸ਼ ਭਾਈ ਗਿਆਨ ਸਿੰਘ ਗਿਆਨੀ ਕ੍ਰਿਤ ਜਿਸ ਵਿਚ ਦਸਾਂ ਗੁਰੂਆਂ ਦਾਤੇਪੰਥ ਦਾ ਅਜ ਤਕ ਹਾਲ ਹੈ ੨॥)
ਪੰਜਾਬੀ ਵਿਆਕਰਣ(ਟੈਪਨੰਃ੬) ਮੋਖ ॥)
ਪ੍ਰੀਛਾ ਛੇਵੀਂ ਪਾਤਸ਼ਾਹੀ)॥
ਪ੍ਰਾਨ ਸੰਗਲੀ ਗੁਰੂ ਨਾਨਕ ਜੀ ਦੀ ॥)
ਪੈਂਤੀ ਅਖਰੀ)।
ਪ੍ਰਭਗਜਾ ਪਾਲਨ)॥
ਪੰਜਾਬੀ ਬੁਝਾਰਤਾਂ =)
ਪੁਰਨਭਗਤ ਕਾਲੀਦਾਸ !=)
ਪੁਰਨਭਗਤ ਬਾਲਕਰਾਮ !=)
ਪੂਰਨ ਭਗਤ ਨੰਦ ਸਿੰਘ =)॥
ਪੁਰਨ ਭਗਤ ਕਾਦਰਯਾਰ)॥
ਪੂਰਨ ਭਗਤ ਕਿਸ਼ਨ ਸਿੰਘ ਆਰਫ਼ ।)
ਪੂਰਨਭਗਤ ਕਲਿਆਨ ਦਾਸ)॥

ਪੂਰਨ ਸ਼ਾਹਿਬ ਸਿੰਘ ।)
ਪੂਰਨ ਭਗਤ ਲੱਧੂਰਾਮ =)॥
ਪੈਂਤੀ ਅੱਖਰੀ ਸਾਧੂ ਜੁਆਲਾ ਦਾਸ)॥
ਪੰਜਾਬੀ ਬਾਤਚੀਤ =)

[ਫ]

ਫੁਟਕਲ ਦੋਹਰੇ)॥

[ਬ]

ਬਾਂਣੀ ਭਗਤਾਂ ਸਟੀਕ-ਕ੍ਰਿਤ ਕਵਿ ਪੰਡਿਤ ਤਾਰਾ ਸਿੰਘ ਜੀ ਪਟਿਆਲੇ ਵਾਲੇ ਇਸ ਦੇ ਅਰਥ ਐਸੇ ਸਾਫ ਲਿਖੇ ਹਨ ਕਿ ਹਰ ਇਕ ਸੁਖਾਲਾ ਹੀ ਸਮਝ ਸਕਦਾ ਹੈ ਮੂਲ (ਟੈਪ ਨੰਃ ੩) ਅਰ ਟੀਕਾ (ਟੈਪ ਨੰਃ ੪) ਵਿਚ ਛਪਾਹੈ ੩)
ਬਾਰੋ ਬਹਾਰ ।=)
ਬੁਝਾਰਤਾਂ ਕਿਸ਼ਨ ਸਿੰਘ =)
ਬਿਨਯ ਪਤ੍ਰਿਕਾ ਲਾਃ ਬਿਹਾਰੀ ਲਾਲ ਚਾਰੋਂ ਭਾਗ ।=)
ਬੀਰਬਲ ਨਾਮਾ ਮੁਲਾਂ ਨਾਮਾ ਹਿੱਸਾ ਅੱਵਲ =)
ਬੀਰਬਲ ਨਾਮਾ ਮੁਲਾ ਨਾਮਾ ਹਿੱਸਾ ਦੋਮ =)
ਬਾਰਾਂ ਮਾਹ ਚਿੰਤਾ ਕਾ)।
ਬਾਰਾਂਮਾਹ ਹਦਾਇਤੁੱਲਾ)।
ਬਾਰਾਂਮਾਹ ਮੋਤੀਰਾਮ)।
ਬਿਵਾਹ ਸ਼ਿਵਜੀ)।
ਬਾਰਾਂਮਾਹ ਹਸਨ ਸ਼ਾਮ)।
ਬਾਰਾਂਮਾਹ ਭਾਬੀ ਦੇਵਰ)।
ਬਾਰਾਂਮਾਹ ਕ੍ਰਿਸ਼ਨ ਗੋਪੀ)।
ਬਾਰਾਂਮਾਹ ਮਾਝ ਮਹਲਾ ੫)।
ਬਾਰਾਂਮਾਹ ਗਜਾਨ ਸਾਗਰ)।
ਬਾਰਾਂਮਾਹ ਫਰਦ ਫਕੀਰ)॥
ਬਾਰਾਂਮਾਹ ਕਰਮਚੰਦ)।
ਬਾਰਾਂਮਾਹ ਸ੍ਰੀਰਾਮਚੰਦ)।

ਬਾਰਾਂਮਾਹ ਗੁਰੂ ਗੋਬਿੰਦ ਸਿੰਘ ਜੀ ਮੋਖ)॥
ਬਾਰਾਂਮਾਹ ਰਾਮਚੌਤਰਾ)॥
ਬਾਰਾਂਮਾਹ ਮੂਲਸਿੰਘ)।
ਬਾਰਾਂਮਾਹ ਮਾਲੀ ਬੁਲਬੁਲ)।
ਬਾਰਾਂਮਾਹ ਬੇਨੀ ਮਾਧੋ)।
ਬਾਰਾਂਮਾਹ ਹੀਰਵਾਰਸਸ਼ਾਹ)।
ਬਾਰਾਂਮਾਹਗੋਪੀਚੰਦਮੈਨਾਵੰਤੀ ਵੱਡਾ ।)
ਬਾਰਾਂਮਾਹ ਪਾਲਸਿੰਘ)।
ਬਾਰਾਂਮਾਹ ਵਿਯੋਗ)।
ਬਾਰਾਂਮਾਹ ਪ੍ਰਹਲਾਦ)।
ਬਾਰਾਂਮਾਹ ਮਟਕ)।
ਬਾਰਾਂਮਾਹ ਗੋਪੀਚੰਦ)।
ਬਬੇਕ ਤਤ ਬੋਧ)।
ਬਬੇਕ ਬਾਣ)॥
ਬਿਆਕਰਣ ਲਾਲਾ ਬਿਹਾਰੀ ਲਾਲ ਕ੍ਰਿਤ (ਟੈਪ ਨੰਃ ੬ ।)
ਬਾਲਉਪਦੇਸ਼ਵੱਡਾ ਇਕਜੁਜ਼ ।)
ਬਾਲਉਪਦੇਸ਼ਅੱਧੀਜੁਜ਼)।
ਬੁੱਧਾਮਲ ਦਾ ਕਿੱਸਾ)॥
ਬਿਸ਼ਨਪਦੇ ਰਾਮਾਇਣ ।=)
ਬਾਲਮੀਕੀ ਰਮੈਣ-ਇਹਬੜੀ ਮੇਹਨਤ ਨਾਲ ਗੁਰਮੁਖੀ ਅੱਖਰ ਅਰ ਠੇਠ ਪੰਜਾਬੀ ਬੋਲੀ ਵਿਚ ਤਰਜਮਾ ਕਰਾਕ ਛਪਾਯਾ ਗਿਆ ਹੈ ੨।)
ਬਾਈਵਾਰਾਂ ।)॥
ਬੈਤਾਲ ਪਚੀਸੀ ।=)॥
ਬਾਰ ਦੀ ਅਬਾਦੀ =)
ਬਾਲ ਚਕਿਸਤਾ =)
ਬੋਸਤਾਂ ਪੰਜਾਬੀ ।)
ਬਾਬੇ ਅਟਲ ਜੀ ਦਾ ਜੀਵਨ ਬ੍ਰਿਤਾਂਤ (ਟੈਪ ਨੰਃ ੬) =)
ਬਿਨੈ ਪਤ੍ਰਿਕਾ ਭਾਈ ਠਾਕਰ ਸਿੰਘ ਕ੍ਰਿਤ (ਟੈਪ ਨੰਃ ੬))।

CC-0. Gurukul Kangri University Haridwar Collection. Digitized by S3 Foundation USA

ਬ੍ਰਹਮ ਦਰਪਨ ੧)
ਬ੍ਰਹਮ ਸਮੁੰਦ ਭਾਈ ਦੇਸਾ ਸਿੰਘ ਕ੍ਰਿਤ ੩)
ਬਿਸ਼ਨ ਪੁਰਾਣ ॥=)
ਬਿਸ਼ਨ ਸਹਸ੍ਰ ਨਾਮ)॥
ਬਿਜੈਮੁਕਤ ਗੁਰੂਗੋਬਿੰਦਸਿੰਘ ਜੀ ਦੀਆਂ ਸਾਖੀਆਂ ੧)
ਬੋਸਤਾਂ ਨਜ਼ਮ ਭਾਈ ਹਜ਼ਾਰਾ ਸਿੰਘ ਜੀ ਗਯਾਨੀ ਕ੍ਰਿਤ ॥॥)

[ਭ]

ਭਗਤ ਮਾਲ ਨਾਭਾ ਜੀ ਦੀ ਟੀਕਾ ਸਮੇਤ ਭਮਈ ਕਾਗਜ਼ ਮੋਖ ॥॥)
ਭਜਨ ਕ੍ਰਿਤ ਭਾਈ ਬਿਸ਼ਨ ਸਿੰਘ)।
ਭਜਨ ਮਾਈ ਭਗਵਤੀ ੩)
ਭਜਨਦੁਖਨਿਵਾਸ੨ਭਾਗ ੨।
ਭਜਨਦੁਖਨਿਵਾਸ੨ਭਾਗ ੩) ਦੋਨੋਂ ਹੀ (ਟੈਪ ਨੰਃ ੬)
ਭਾਵਰਸਾਂਮ੍ਰਿਤ ਸਟੀਕ ੨)
ਭਾਵਰਸਾਂਮ੍ਰਿਤ ਮੂਲ ਭਮਈ ੨)
ਭਗਤਾਂ ਦੀਆਂ ਪਰਚੀਆਂ ਜਿਲਦਦਾਰ ॥੩)
ਭਗਵਤ ਗੀਤਾ ਮੁਜਿਲਦ ਸਿਰਾਮਪੁਰੀ (ਟੈਪਨੰਃ੩) ॥੩)
ਭਗਵਤਗੀਤਾਭਮਈਦਰਜਾ ਅੱਵਲ (ਟੈਪ ਨੰਃ ੩) ॥॥੩)
ਭਗਤਾਂ ਦੀ ਬਾਣੀ ਮੁਜਿਃ ।-)
ਭਗਤਾਂ ਦੀ ਬਾਣੀ ਲੰਬੀਤਃ।)
ਭਡਲੀ ਮੇਘ ਮਾਲਾ ੨।

[ਮ]

ਮੁੰਦਰੀ ਰਾਮਦਾਸ)।
ਮਾਝਾਂ ਸੰਤ ਦਾਸ)।
ਮਦਾਹ ਬੁੱਢੀ)।
ਮਿਠੜੇ ਕ੍ਰਿਤ ਸੋਧਾ ਰਾਮ)।
ਮੱਕੜੀ ਨਾਮਾ ਕ੍ਰਿਤ ਭਾਨਾ ਮੱਲ)।
ਮੇਘ ਵਿਨੋਦ ੧)
ਮੰਡ੍ ਗੁਰੂ ਨਾਨਕ ਸਾਹਿਬ)।
ਮਹਾਤਮ ਸੁਧਾਸਰ–ਇਹਸ੍ਰੀ ਅੰਮ੍ਰਿਤਸਰਦਰਬਾਰਸਾਹਿਬ ਜੀ ਦੇਇਸ਼ਨਾਨਤੇਦਰਸ਼ਨ ਦਾ ਫਲ ਸੰਤਦਾਸ ਜੀ ਨੇ ਛੰਦਾਬੰਦੀ ਵਿਚ ਰਚਿਆ ਹੈ ਜੋ ਸ਼ਿਵ ਪਾਰਬਤੀ ਦੇ ਪ੍ਰਸ਼ਨ ਉੱਤਰ ਕੈਲਾਸ ਪਰਬਤ ਪਰ ਹੋਏ ਸਨ ਮੋਖ ੨॥

[ਯ]

ਯੋਗਵਸਿਸ਼ਟ, ਪੂਰੇ ਛੇ ਪ੍ਰਕਰਣ ਇਸਦੇ ਪੜ੍ਹਨ ਨਾਲ ਪੁਰਖ ਨੂੰ ਸੁਖੈਨ ਹੀ ਗਯਾਨ ਪ੍ਰਾਪਤ ਹੁੰਦਾਹੈ ਮੁਜਿਲਦਃ੩॥)

[ਰ]

ਰਹਤਨਾਮਾਬਾਃਸੁਮੇਰਸਿੰਘ ॥
ਰਾਮਬਿਲਾਸ ਕੋਸ਼ ਸਹਿਤ ।-)
ਲੋਲਮ ਰਾਜ ੨)
ਰਾਮ ਗੀਤਾ ॥॥
ਰਾਮ ਬਿਨੋਦ ੩॥
ਰਹਿਰਾਸ (ਟੈਪ ਨੰਃ ੨) ੨॥
ਰਹਿਰਾਸ (ਟੈਪ ਨੰਃ ੩) ੨)
ਰਸਾਲਾ ਭਪ ੩)
ਰਸਾਲਾ ਕਰੂਰਾ ੨।
ਰਸਾਲਾ ਆਤਸ਼ਕ ੨)
ਰਸਾਲਾ ਸ਼ਰਬਤੋਂ ਕੇ ਬਨਾਨੇ ਕੀ ਤਰਕੀਬ ੨)
ਰਾਮ ਬਿਨੋਦ ਸੰਸਕ੍ਰਿਤ ਤੋਂ ਤਰਜਮਾ ਕੀਤਾ ਹੋਯਾ ॥)
ਰੂਪ ਬਸੰਤ ॥॥
ਰਾਜਾਰਸਾਲੂ ਵੱਡਾ ਖ਼ੁਸ਼ੀਰਾਮ ਆਰਿਫ਼ ਕ੍ਰਿਤ ੨।
ਰੂਪ ਦੀਪ ਪਿੰਗਲ ॥॥
ਰੇਖਤੇ ਵਲੀ ਰਾਮ ॥॥
ਰਾਸ ਮੰਡਲ ॥॥
ਰਤਨ ਮਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ॥।

[ਲ]

ਲੋਲੀ ਮਜਨੂੰ ॥।
ਲੀਲ੍ਹਾ ਧੰਨਾ ਭਗਤ ॥।
ਲਾਉਨੀ ਬ੍ਰਹਮ ਗਿਆਨ ੨॥
ਲਾਉਨੀਆਂ ਗੁਰੋਪਕਾਰ ॥।

[ਵ]

ਵਿਚਾਰ ਸਾਗਰ ਸਟੀਕ ਸ੍ਵਾਮੀ ਨਿਸ਼ਚਲ ਦਾਸ ਜੀ ਕ੍ਰਿਤ ੭ ਤਰੰਗ ਪੂਰੇਮੁਜਿਲਦ ੧)
ਵਿਚਾਰ ਮਾਲਾ ਸਟੀਕ ।॥
ਵਿਚਾਰਮਾਲਾ ਮੂਲ ॥।
ਵਾਰਾਂਭਾ ਈਗੁਰਦਾਸਜੀ ।॥॥
ਵਿਅੰਜਨਪੂਕਾਸ਼ ਚਾਰੋਂ ਭਾਗ ਜਿਸਵਿੱਚਕੱਚੀ ਪੱਕੀਰਸੋਈ ਲੱਡੂ ਪੇੜਾ ਮਿਠਿਆਈ ਆਦਿਕ ਬਨਾਨ ਦੀ ਵਿਧੀ ਲਿਖੀ ਹੈ ੩॥
ਵੈਰਾਗਸ਼ਤਕ ।)
ਵੈਰਾਗਸ਼ਤਕ ਸਟੀਕ ॥)

ਅੰਮ੍ਰਿਤਸਰ

ਸ੍ਰੀ ਦਰਬਾਰ ਸਾਹਿਬ ਜੀ ਦੀ ਮੂਰਤੀ ਵੱਡੇ ਅਕਾਰ ਦੀ ਬੜੇ ਰੰਗੋਰੰਗਾਂਵਿੱਚ ਤੇ ਉਮਦਾਕਾਗਦ ਪੁਰਛਪੀਹੋਈਸਾਡੇ ਪਾਸ ਤਿਆਰਹੈਜੋ ਸੱਜਨ ਲੋੜਵੰਦ ਹੋਣ ਸੋ ਕੇਵਲ ਦੋ ਆਨੇ ਕੀਮਤ ਦੇਕੇ ਲੈ ਸਕਦੇ ਹਨ

ਵਿਗਯਾਪਕਃ–
ਰਾਇਸਾਹਿਬਮੁਨਸ਼ੀ ਗੁਲਾਬਸਿੰਘ ਐਂਡ ਸਨਜ਼, ਪ੍ਰਿੰਟਰਜ਼, ਪਬਲਿਸਰਜ਼, ਬੁਕਸੇਲਰਜ਼, ਮਾਲਕਾਨ ਪੰਜਾਬ ਸੈਂਟਰਲ ਬੁਕ ਡਿਪੋ ਵ ਮੁਫੀਦਆਮ ਪ੍ਰੈਸ ਲਾਹੌਰ।

CC-0. Gurukul Kangri University Haridwar Collection. Digitized by S3 Foundation USA

NTERNET // ARHINAV GAUR //

CC-0. Gurukul Kangri University Haridwar Collection. Digitized by S3 Foundation USA

PSYCHOLOGICAL CORRELA

ਸਭ ਤੋਂ ਮੋਟੇ ਟੈਪ ਦਾ

ਸ੍ਰੀ ਗੁਰੂ ਗ੍ਰੰਥਸਾਹਿਬ ਜੀ ਆਦਿ

ਵਿਦਿਤ ਹੋਵੇ ਜੋ ਸਰਬੱਤ ਗੁਰ ਘਰ ਦੇ ਪ੍ਰੇਮੀ ਜਨਾਂ ਦੇ ਲਾਭ ਲਈ ਉੱਪਰ ਲਿਖੇ ਨਾਮ ਵਾਲਾ ਟਾਇਪ ਅਸਾਂ ਬੜੀ ਮਿਹਨਤ ਨਾਲ ਬਨਵਾਯਾ ਹੈ ਅਰ ਏਸੇ ਟਾਇਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਦਿ ਬਹੁਤ ਚੰਗੇ ਤੇ ਮੋਟੇ ਕਾਗਦ ਪਰ ਪੰਜਵੀਂ ਵਾਰ ਛਪਕੇ ਤਿਆਰ ਹੋ ਗਿਆ ਹੈ ਮੋਖ ਜਿਲਦ ਸੁਨੈਹਰੀ ਕਮੜਾ ੧੬) ਅਰ ਕਪੜਾ ੧੬) ਹੈ ਅੱਗੇ ਅੱਜ ਤਾਈਂ ਏਡਾ ਮੋਟਾ ਤੇ ਸੁੰਦਰ ਗੁਰੂ ਗ੍ਰੰਥ ਸਾਹਿਬ ਕਿਸੇ ਜਗਾ ਪੁਰ ਨਹੀਂ ਛਪਿਆ ॥

ਸੋ ਆਪ ਨੂੰ ਲੋੜੀਦਾ ਹੈ ਜੋ ਮਹਾਰਾਜ ਦਾ ਦਰਸ਼ਨ ਅਰ ਪਾਠ ਕਰੋ ਤੇ ਲਾਭ ਉਠਾਓ ॥

ਵਿਗਯਾਪਕ-

ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼

ਮਾਲਕਾਨ ਮੁਫ਼ੀਦਆਮ ਪ੍ਰੈਸ ਲਾਹੌਰ

CC-0. Gurukul Kangri University Haridwar Collection. Digitized by S3 Foundation USA

ES OF INTERNET // ABHINAV GAUR //

CC-0. Gurukul Kangri University Haridwar Collection. Digitized by S3 Foundation USA

CC-0. Gurukul Kangri University Haridwar Collection. Digitized by S3 Foundation USA

CC-0. Gurukul Kangri University Haridwar Collection. Digitized by S3 Foundation USA

७६ प
6

पुस्तकालय

गुरुकुल कांगड़ी विश्वविद्यालय, हरिद्वार

पुस्तक-वितरण की तिथि नीचे अंकित है। इस तिथि सहित १५ वें दिन तक यह पुस्तक पुस्तकालय में वापिस आ जानी चाहिए। अन्यथा ५ पैसे प्रतिदिन के हिसाब से विलम्ब दण्ड लगेगा।

CC-0. Gurukul Kangri University Haridwar Collection. Digitized by S3 Foundation USA

पुस्तकालय, गुरुकुल कांगड़ी विश्वविद्यालय,
हरिद्वार।

CC-0. Gurukul Kangri University Haridwar Collection. Digitized by S3 Foundation USA

CC-0. Gurukul Kangri University Haridwar Collection. Digitized by S3 Foundation USA